੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ"

# ਮਾਲਵਾ ਇਤਿਹਾਸ

( ਜਿਲਦ ੨ )

ਖਾਲਸੇ ਦੀ ਚੜ੍ਹਦੀ ਕਲਾ

ਕਰਤਾ:-


ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ

ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

"ਜੇ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਉ"

# ਮਾਲਵਾ ਇਤਿਹਾਸ

॥ ਦੂਜੀ ਜਿਲਦ ॥

## ਖਾਲਸੇ ਦੀ ਚੜ੍ਹਦੀ ਕਲਾ

ਪ੍ਰਕਾਸ਼ਕ:-

ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਦਫ਼ਤਰ ਗੁਰਦੁਆਰਾ ਸਾਹਿਬ ਕਿਸ਼ਨ ਪੁਰਾ ਕਲਾਂ,

ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ (ਪੰਜਾਬ)

ਕਰਤਾ:-

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ,

ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਪਹਿਲੀ ਵਾਰ ੧੧੦੦

ਮੁਲ ਤਿੰਨ ਜਿਲਦਾਂ ੩੦)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

## ਸੋਰਠ ਮਹੱਲਾ ੫ ॥

ਸੋਈ ਕਰਾਇ ਜੋ ਤੁਧੁ ਭਾਵੈ । ਮੋਹਿ ਸਿਆਣਪ ਕਛੂ ਨ ਆਵੈ ॥ ਹਮ ਬਾਰਿਕ ਤਉ ਸਰਣਾਈ ਪ੍ਰਭਿ ਆਪੇ ਪੈਜ ਰਖਾਈ ॥ ੧ ॥ ਮੇਰਾ ਮਾਤ ਪਿਤਾ ਹਰਿ ਰਾਇਆ । ਕਰਿ ਕਿਰਪਾ ਪ੍ਰਤਿ ਪਾਲਣ ਲਾਗਾ ਕਰੀ ਤੇਰਾ ਕਰਾਇਆ ॥ ਰਹਾਉ ॥ ਜੀਅ ਜੰਤ ਤੇਰੇ ਧਾਰੇ ਪ੍ਰਭ ਡੋਰੀ ਹਾਥਿ ਤੁਮਾਰੇ ॥ ਜਿ ਕਰਾਵੈ ਸੋ ਕਰਣਾ ਨਾਨਕ ਦਾਸ ਤੇਰੀ ਸਰਣਾ ॥

## "ਕੀਤਾ ਲੋੜੀਐ ਕੰਮ ਸੋ ਹਰਿ ਪਹਿ ਆਖੀਐ"

ਦੇ ਅਨੁਸਾਰ ਸਭ ਤੋਂ ਪਹਿਲਾਂ ਦਾਸ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਨਮਸਕਾਰ ਕਰਦਾ ਹੈ, ਜਿਸ ਨੇ ਸ੍ਰਿਸ਼ਟੀ ਸਾਜ ਕੇ ਚਾਰ ਜੁਗ ਬਣਾਏ ਤੇ ਜੁਗਾਂ ਦੇ ਅਵਤਾਰ (ਰਹਿਬਰ) ਭੇਜੇ, ਪਰ:-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ॥
ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ ॥

ਦੇ ਅਨੁਸਾਰ:—

## "ਗੁਰੂ ਨਾਨਕ ਜਗ ਮਾਂਹਿ ਪਠਾਇਆ"

ਜਿਨ੍ਹਾਂ ਨੇ ਦਸ ਸਰੂਪਾਂ ਰਾਹੀਂ ਇਕ ਅਦੁੱਤੀ (ਏਕਾਇਣ) ਤੱਤੁ ਪਰਮ-ਪੁਰਖ ਅਕਾਲ-ਪੁਰਖ ਦੇ ਪੰਥ ਦਾ ਪ੍ਰਚਾਰ ਕੀਤਾ, ਜਿਸ ਨੂੰ ਧਾਰਨ ਕਰਨ ਵਾਲੇ ਗੁਰੂ-ਪਿਆਰਿਆਂ ਦਾ ਇਤਿਹਾਸ ਲਿਖਣ ਲੱਗਾ ਦਾਸ ਗੁਰੂ ਗਰੰਥ ਤੇ ਗੁਰੂ ਪੰਥ ਤਾਈਂ ਬਾਰਮ-ਬਾਰ ਨਮਸਕਾਰ ਕਰਦਾ ਹੈ ।

## ਚੇਤਾਵਨੀ

ਪਿਆਰੇ ਪਾਠਕ ਜਨੋ !

ਜਿਥੇ ਕੋਈ ਅਸ਼ੁੱਧ ਸ਼ਬਦ ਹੋਵੇ, ਸ਼ੁਦੀ ਪੱਤ੍ਰ ਰਾਹੀਂ ਸ਼ੁੱਧ ਕਰਨ ਦੀ ਖੇਚਲ ਕਰਨੀ, ਕਿਉਂਕਿ ਪ੍ਰੈਸ ਦੇ ਵੇਲੇ ਦੇ ਮੈਨੇਜਰ ਹਰਭਜਨ ਸਿੰਘ ਦੀ ਲਾ-ਪ੍ਰਵਾਹੀ ਦੇ ਕਾਰਨ ਪੂਰੀਆਂ ਗਲਤੀਆਂ ਨਹੀਂ ਲੱਗ ਸਕੀਆਂ ।

ਗੁਰੂ ਸੰਗਤਾਂ ਦਾ ਦਾਸ:-

**ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ।**

Digitized by Panjab Digital Library | www.panjabdigilib.org

# ਸੁੱਧੀ ਪੱਤਰ

| ਪੰਨਾ | ਸੁਧ | ਅਸ਼ੁੱਧ |
|---|---|---|
| ਅ | ਵੀਹ | ਵੀਰ |
| ਹ | ਮਧੇਨੀ | ਮਥੇਨੀ |
| ਹ | ਫੀਰੋਜ਼ਪੁਤ | ਫੀਰਜਪੁਰ |
| ਹ | ਨਰਤੋਮ | ਕਹੋਤਮ |
| ਹ | ਮੈਂ | ਮੱ |
| ਹ | ਪੰਛੀ | ਪੰਥੀ |
| ੭ | ਬੰਦੇ ਸਿੰਘ ਨੇ | ਬੰਦੇ ਨੇ |
| | ਨਾ | ਨਾਂਹ |
| ੪੭ | ਅਸਵਾਰ | ਅਸੁਵਰ |
| ੫੩ | ਜਾਨ | ਜਾਣ |
| ੫੪ | ਭਰਾ | ਭਾਗ |
| ੬੦ | ਪੋਤੀ | ਪੌਤੀ |
| ੬੧ | ਕਰਤਾਰਪੁਰ | ਤਾਰਪੁਰ |
| ੬੫ | ਰਾਮਗੜ੍ਹੀਆ | ਰਾਮਗੜ੍ਹਿਆ |
| ੬੬ | ਜਿਨੇ | ਜਿਨ |
| ੬੮ | ਲਟਕੇ | ਲਝਕੇ |
| ੬੯ | ਚਾਚੇ | ਚਚੇ |
| ੭੦ | ਖਾਨਦਾਨ | ਖਾਣਦਾਨ |
| ੭੦ | ਸੌ | ਸੋ |
| ੭੧ | ਭਿਸ਼ਤ | ਬਿਸਤ |
| ੭੫ | ਜੀਓਂਦਾ | ਜਊਦਾ |
| ੭੮ | ਮਹਲਾ | ਮੁਹਲਾ |
| ੭੮ | ਤੇਲੀ | ਤੋਲੀ |
| ੭੯ | ਦੇਣ ਲਈ | ਦਣ |
| ੮੦ | ਆਹਲੂਵਾਲੀਆਂ | ਆਹਲੂਵਾਲੀਆ |
| ੮੨ | ਸਿੰਘਾ | ਸਿੰਘ |

| ਪੰਨਾ | ਸ਼ੁੱਧ | ਅਸ਼ੁੱਧ |
|---|---|---|
| ਕ | ਮੁਹਦਤ | ਮੁਹਵਤ |
| ਕ | ਸਨਿਆਲ | ਸਨੇਵਾਲ |
| ਕ | ਗਜਰਵਾਲ | ਗੁਜਰ ਖਾਂ ਵ ਲਾ |
| ਝ | ਸਰਦਾਰਾ ਸਿੰਘ | ਸਰਦਾਰ ਸਿੰਘ |
| ਚ | ਕਾਇਮੀ | ਕਾਇ |
| ਚ | ਬਣਨਾ | ਣ |
| ੮੩ | ਸਾਹਿਬ | ਸਾਸਿਬ |
| ੮੩ | ਬੜੇ | ਬੜੀ |
| ੮੩ | ਫੇਰ | ਫੇਫ |
| ੮੫ | ਵਾਕ | ਵਕ |
| ੮੮ | ਆ ਜਾਂਦੇ | ਆਜ਼ਦੇ |
| ੯੦ | ਰਾਮਗੋਲ ਅਕਾਲ | ਕਮਗੋਲ ਅਭਲਰ |
| | ਰਜਮੈਂਟ | ਜਮਟ |
| ੯੪ | ਹੁਕਮ | ਹੁਕਜ |
| ੯੫ | ਬੈਰਾੜ | ਬੈਗੜ |
| ੯੮ | ਪਿਆਰ | ਪਿਰ |
| ੯੮ | ਹਲਾ | ਹੋਲਾ |
| ੧੦੩ | ਸੂਰਬੀਰ | ਸਰਬੀਰ |
| ੧੦੩ | ਦਾਇਆ | ਦਇਆ |
| ੧੦੪ | ਸਿੰਘ | ਸੁਣਕੇ ਤੁਰੇ |
| ੧੦੫ | ਲਾਉਂਦਾ | ਲਾਉਂਦ |
| ੧੦੫ | ਟੋਲਾ | ਟਲਾ |
| ੧੦੭ | ੧੯੦੩ ਤਕ | ੧੪੦੩ ਤਕ |
| ੧੦੯ | ਸੀਸ ਡਿਗਣਵਾਲੀ | ਸੀਸ ਡਿਗਣਵਾਲਿ |
| ੧੧੦ | ਸਿੰਘਾ | ਸਿੰਘ |
| ੧੧੬ | ਪੌਦਿਆਂ | ਪਦਿਆ |

Digitized by Panjab Digital Library | www.panjabdigilib.org

| ਸਫਾ | ਸ਼ੁੱਧ | ਅਸ਼ੁੱਧ |
|---|---|---|
| ੧੧੯ | ਮੁਹਿੰਮਾਂ | ਮਹਿਮਾਂ |
| ੧੨੦ | ਵੈਰੀ | ਵਰੀ |
| ੧੨੧ | ਮੀਲਾਂ | ਮੀਲ |
| ੧੨੧ | ਆਗੂ | ਆਗੁ |
| ੧੨੫ | ਗੁਰੂ | ਗੁਰ |
| ੧੨੫ | ਕਿਹਾ | ਕਿ ਤੂੰ |
| ੧੨੫ | ਛੁਡਾ | ਛੁਕਾ |
| ੧੨੫ | ਬਾੜਿਆ | ਰਟਰਾਰਿਆਂ |
| ੧੨੬ | ਇਕੱਠੇ | ਇਕਠੇ |
| ੧੨੬ | ਤੀਹ | ਤੀਰ |
| ੧੨੯ | ਸਮੇਂ | ਸਸ |
| ੧੩੦ | ਮੋਰ ਨਾ | ਮਹੋਨਾ |
| ੧੩੧ | ਕਛ | ਕੰਠ |
| ੧੩੫ | ਗਸ਼ਤੀ | ਗਸਦੀ |
| ੧੩੫ | ਕਾਜ਼ੀ | ਕਜ਼ੀ |
| ੧੩੭ | ਗੌਰਾ | ਗਰ |
| ੧੪੦ | ਘਾਟਾ | ਘਟ |
| ੧੪੨ | ਦਿੱਤੀ | ਦਿਤ |
| ੧੫੮ | ਸ਼ੇਰ ਸਿੰਘ | ਸਰ ਸਿੰਘ |
| | ਸੋਲਾ ਲਖ | ਪੰਦਰ ਲਖ |
| | ਦੋ ਹਜ਼ਾਰ ਬੇਕਾਰ | |
| ੧੬੧ | ਈਸਵੀ | ਦੀਸਵੀ |
| ੧੬੧ | ਨਾਮਧਾਰੀਆਂ | ਨਾਮਬਾਰੀਆਂ |
| ੨੨੫ | ਕਠ | ਕਰ |
| ੨੩੫ | ੧੧੬ | ੩੮ |

| ਸਫਾ | ਸ਼ੁੱਧ | ਅਸ਼ੁੱਧ |
|---|---|---|
| ੨੪੩ | ਨਿਗਾਸ | ਨਿਗ੍ਹਾਸ |
| ੨੪੩ | ਸੂਰਜ | ਸਰਜ |
| ੨੪੬ | ਦੀਵਾਨ ਸੋਢਾ ਸਿੰਘ | ਦੀਵਾਨ ਸੋਢ ਸਿੰਘ |
| ੨੪੬ | ਲਿਖਾਰੀ | ਲਿਆਰੀ |
| ੨੪੮ | ਗੂੜੇ | ਗੁੜ |
| ੨੪੯ | ਬੜੇ | ਤਤੇ |
| ੨੫੦ | ਲਿਖਾਰੀ | ਲਿਆਰੀ |
| ੨੫੬ | ਖੁਰਦ | ਖਧਦ |
| ੨੫੬ | ਗੋਰੇ | ਗੋਰੇ |
| ੨੫੬ | ਬਿਕ੍ਰਮ ਸਿੰਘ | ਬਕ੍ਰਮ ਸਿੰਘ |
| ੨੯੧ | (ਟਿਪਨੀ) ਹਰਦਿਤ ਸਿੰਘ ਜੀ | ਹਰਦਿਤ ਜੀ |
| ੨੯੧ | ਕਨਾਂ | ਨਾ |
| ੩੨੩ | ਹਰੀ ਸਿੰਘ ਪਿਤਾ ਮੁਰਮਖ ਸਿੰਘ | ਹਰੀ ਸਿੰਘ ਪਿਤਾ ਭਿਖਾ ਸਿੰਘ |
| ੩੪੫ | ਕਰਤਾਰ ਸਿੰਘ | ਕਰਤਾ ਸਿੰਘ |
| ੩੮੪ | ਸੋਹਨ ਲਾਲ | ਸੋਹੇ ਵਲਾਲ |
| | ਪਾਠਕ | ਪਾਠਕ |
| ੪੫੩ | ਗਿ: ਸਰਦਾਰਾ ਸਿੰਘ | ਗਿ: ਸਰਦਾਰ |
| ੪੭੮ | ਮਿੰਟਗੁਮਰੀ | ਮਕਿੰਟਗੁਮਰੀ |
| ੫੦੭ | ਦਾਸ ਵਿਸਾਖਾ ਸਿੰਘ ਸੰਤ ਸਿਪਾਹੀ | ਜਵੰਦ ਸਿੰਘ |
| ੫੫੪ | ਅਟਕ | ਆਕੇ |
| ੫੭੭ | ਮਨਸੀਹਾਬਾਜ਼ਨ | ਗਿਦੜ ਵਿੰਡੀ |

Digitized by Panjab Digital Library | www.panjabdigilib.org

# ਤਸਵੀਰਾਂ ਦਾ ਤਤਕਰਾ


| ਨੰਬਰ | ਨਾਮ | ਸਫਾ |
|---|---|---|
| ੧ | ਕਰਤਾ ਦਾਸ: ਵਸਾਖਾ ਸਿੰਘ ਸੰਤ ਸਪਾਹੀ । | |
| ੨ | ਖਾਲਸੇ ਦੀ ਚੜ੍ਹਦੀ ਕਲਾ । ਬਾਬਾ ਬੰਦਾ ਸਿੰਘ ਬਹਾਦਰ । | ੨ |
| ੩ | ਭਾਈ ਤਾਰੂ ਸਿੰਘ ਜੀ ਸ਼ਹੀਦ । | ੧੦੬ |
| ੪ | ਮਨਮੋਹਣਾ ਸਰੋਵਰ ਗੁਰਦਵਾਰਾ ਗੰਗਸਰ (ਨਾਭਾ) । | ,, |
| ੫ | ਗੁਰੂ ਕੇ ਬਾਗ ਦੀ ਯਾਦ । | ,, |
| ੬ | ,, ,, ,, | ,, |
| ੭ | ਸਿਖ ਜਥੇ ਦੀ ਸ਼ਹੀਦੀ ਬਾਬਾ ਬੰਦਾ ਸਿੰਘ ਨਾਲ । | ੧੦੭ |
| ੮ | ਭਾਈ ਤਾਰਾ ਸਿੰਘ ਜੀ ਸ਼ਹੀਦ, ਪਿੰਡ ਵਾਂ ਵਾਲਾ । | ,, |
| ੯ | ਪੰਥ ਪ੍ਰਸਿੱਧ ਗਿ: ਗਿਆਨ ਸਿੰਘ ਜੀ । | ੧੮੪ |
| ੧੦ | ਸ੍ਰੀ ਮਾਨ ਬਾਬਾ ਖੇਮ ਸਿੰਘ ਜੀ । | ,, |
| ੧੧ | ਬਾਬਾ ਸਮੇਰ ਸਿੰਘ ਜੀ, ਪਟਨੇ ਵਾਲੇ । | ,, |


## ਨਰੰਕਾਰੀ ਲਹਿਰ ਦੇ ਬਾਨੀ


| ਨੰਬਰ | ਨਾਮ | ਸਫਾ |
|---|---|---|
| ੧੨ | ਬਾਬਾ ਰੱਤਾ ਸਿੰਘ ਜੀ । | ੧੮੫ |
| ੧੩ | ਬਾਬਾ ਹਰਾ ਸਿੰਘ ਜੀ । | ,, |
| ੧੪ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ । | ,, |
| ੧੫ | ਡਾ: ਹਰਦਿਤ ਸਿੰਘ ਜੀ ਢਿਲੋਂ | ,, |
| ੧੬ | ਸ: ਮਾਨ ਸਿੰਘ ਜੀ ਜੱਜ ਅੰਬਾਲਾ । | ੨੫੨ |
| ੧੭ | ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ । | ,, |
| ੧੮ | ਸ: ਜਵਾਹਰ ਸਿੰਘ ਜੀ । | ੨੫੩ |
| ੧੯ | ਭਾਈ ਕ੍ਹਾਨ ਸਿੰਘ ਜੀ ਨਾਭਾ । | ,, |
| ੨੦ | ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨਾਰੰਗ ਵਾਲ । | ੩੩੦ |
| ੨੧ | ਗਿ: ਨਾਹਰ ਸਿੰਘ ਜੀ ਗੁਜਰਵਾਲ। | ੩੩੧ |
| ੨੨ | ਗਿ: ਹਰਭਜਨ ਸਿੰਘ ਜੀ ਚਮਿੰਡਾ । | ,, |
| ੨੩ | ਗੁਰੂ ਕੇ ਬਾਗ ਦੇ ਮੋਰਚੇ ਦਾ ਦ੍ਰਿਸ਼ । | ੫੨੪ |
| ੨੪ | ਗੁਰਦਵਾਰਾ ਗੰਗਸਰ ਦਾ ਨਸ਼ਾਨ ਸਾਹਿਬ । | ,, |
| ੨੫ | ਗੁਰਦਵਾਰ ਟਿਬੀ ਸਾਹਿਬ । | ,, |


## ਗੁਰਦਵਾਰਾ ਸੁਧਾਰ ਲਹਿਰ


| ਨੰਬਰ | ਨਾਮ | ਸਫਾ |
|---|---|---|
| ੨੬ | ਭਾਈ ਹਜ਼ਾਰਾ ਸਿੰਘ ਜੀ ਫਟੜ । | ੫੨੫ |
| ੨੭ | ਭਾਈ ਹੁਕਮ ਸਿੰਘ ਜੀ ਫਟੜ । | ,, |
| ੨੮ | ਭਾਈ ਤਾਰਾ ਸਿੰਘ ਜੀ ,, | ,, |
| ੨੯ | , , , , ਹਸਪਤਾਲ ਵਿਚ । | ,, |


## ਸਾਕਾ ਨਨਕਾਣਾ ਸਾਹਿਬ


| ਨੰਬਰ | ਨਾਮ | ਸਫਾ |
|---|---|---|
| ੩੦ | ਸਾਕਾ ਨਨਕਾਣਾ ਸਾਹਿਬ ਦਾ ਦ੍ਰਿਸ਼ । | ੫੨੮ |
| ੩੧ | ਸਾਕਾ ਨਨਕਾਣਾ ਸਾਹਿਬ ਸ਼ਹੀਦੀ ਬੀੜ । | (ਅ)੫੨੮ |
| ੩੨ | , , , ਦਰਸ਼ਨੀ ਡਿਉਡੀ ਦਾ ਦਰਵਾਜਾ ਬਾਹਰਲੇ ਬੰਨਿਓਂ । | ,, |
| ੩੩ | ਦਰਸ਼ਨੀ ਡਿਉਡੀ ਦਾ ਦਰਵਾਫਾ ਅੰਦਰਲੇ ਬੰਨਿਉਂ । | ਅ੫੨੮ |
| ੩੪ | ਗੁਰਦਵਾਰਾ ਜਨਮ ਅਸਥਾਨ ਦੀ ਦਰਸ਼ਨੀ ਡਿਉਡੀ । | ,, |
| ੩੫ | ਚੁਖੰਡੀ ਦਾ ਬੂਹਾ ਤੋੜਨਾ । | ,, |
| ੩੬ | ਸ਼ਹੀਦੀ ਦਰਵਾਜ਼ਾ । | ,, |
| ੩੭ | ਸ਼ਹੀਦੀ ਬਰਾਂਡਾ । | ,, |
| ੩੮ | ਸ਼ਹੀਦੀ ਚੁਬੱਚਾ । | ,, |
| ੩੯ | ਮੰਜੀ ਸਾਹਿਬ । | ,, |
| ੪੦ | ਦਿਲ ਕੰਬਾਊ ਦ੍ਰਿਸ਼ । | ,, |
| ੪੧ | ਸ਼ਹੀਦੀ ਅੰਗੀਠਾ । | ,, |


Digitized by Panjab Digital Library | www.panjabdigilib.org

| ਨੰਬਰ | ਨਾਮ | ਸਫ਼ਾ |
|---|---|---|
| ੪੨ | ਸ਼ਹੀਦ ਗੰਜ ਦਾ ਕੁੰਢ। | (ਅ)੫੨੮ |
| ੪੩ | ਭਿਆਨਕ ਦ੍ਰਿਸ਼ਯ। | ,, |
| ੪੪ | ਨਸ਼ਾਨ ਸਾਹਿਬ ਦੀ ਬਾਹੀ ਦਾ ਨਜ਼ਾਰਾ ਵਰ੍ਹਦੀਆਂ ਗੋਲੀਆਂ ਦੇ ਨਿਸ਼ਾਨ। | ,, |
| ੪੫ | ਜਨਮ ਅਸਥਾਨ ਦੇ ਇਕ ਪਾਸੇ ਦਾ ਦ੍ਰਿਸ਼। | ,, |
| ੪੬ | ਸ਼ਹੀਦਾਂ ਦੇ ਖ਼ੂਨ ਦੇ ਵਹਣ ਦਾ ਨਜ਼ਾਰਾ। | (ੲ)੫੨੮ |
| ੪੭ | ਸ਼ਹੀਦੀ ਜੰਡ (ਲਛਮਣ ਸਿੰਘ ਜੀ) | ,, |
| ੪੮ | ਬਾਬਾ ਗੁਰਦਿਤ ਸਿੰਘ ਜੀ ਕਾਮਾ ਗਾਟਾ ਮਾਰੂ। | ,, |
| ੪੯ | ਸ: ਕਰਤਾਰ ਸਿੰਘ ਜੀ ਸਰਾਬਾ (ਸਾਜ਼ਸ਼ ੧੯੧੪ ਦੇ ਹੀਰੇ) | ,, |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ


| ਨੰ: | ਨਾਮ ਲੇਖ | ਸਫਾ |
|---|---|---|
| ੧. | ਸੁਭਾਗਾ ਨਗਰ ਸਿੱਖ ਦੌਲਤ | ੧ |
| ੨. | ਬਚਨਾਰੰਭ | ੨ |
| | **ਬਾਬਾ ਬੰਦਾ ਸਿੰਘ** | |
| ੩. | ਮੁਢਲੇ ਸਮਾਚਾਰ | ੩ |
| ੪. | ਸਿੰਘਾਂ ਦਾ ਬਾਬੇ ਬੰਦਾ ਸਿੰਘ ਪਾਸ ਇੱਕਠੇ ਹੋਣਾ। | ੪ |
| ੫. | ਸਮਾਣੇ ਦੀ ਫਤੇ। | ੬ |
| ੬. | ਸਢੌਰੇ ਦੀ ਸੋਧ। | ੮ |
| ੭. | ਛਤ ਬਨੂੜ ਪਰ ਹਮਲਾ | ੧੦ |
| ੮. | ਸਰਹੰਦ ਦੀ ਫਤੇ। | ੧੧ |
| ੯. | ਮਸੰਦਾ ਦੀ ਸ਼ਰਾਰਤ ਤੇ ਸਜਾ। | ੧੫ |
| ੧੦. | ਕਿਲ੍ਹਾ ਲੋਹਗੜ ਦੀ ਮੁਰੰਮਤ। | ੧੫ |
| ੧੧. | ਹੋਰ ਲੜਾਈਆਂ। | ੧੬ |
| ੧੨. | ਦਿਲੀ ਦੀ ਸ਼ਾਹੀ ਫੌਜ ਨਾਲ ਟਾਕਰਾ। | ੧੯ |
| ੧੩. | ਲੋਹਗੜ ਦਾ ਜੰਗ। | ੨੦ |
| [੧੪, | ਬਾਦਸ਼ਾਹ ਬਹਾਦਰ ਸ਼ਾਹ ਦੀ ਚੜਾਈ | |
| [੧੫. | ਤੇ ਇਸ ਦੀ ਮੌਤ। | ੨੧ |
| ੧੬. | ਦੁਆਬੇ ਦੀ ਸੋਧ ਸੁਧਾਈ। | ੨੨ |
| ੧੭. | ਕਲਾ ਨੌਰ ਤੇ ਚੰਬੀ ਵਾਲ ਜਾਣਾ। | ੨੪ |
| ੧੮. | ਜਲਾਲ ਖਾਨ ਪਰ ਚੜ੍ਹਾਈ। | ੨੪ |
| ੧੯. | ਅਮੀਨ ਗੜ੍ਹ ਦਾ ਜੁਧ। | ੨੬ |
| ੨੦. | ਲੋਹਗੜ ਦਾ ਦੂਜ਼ਾ ਜੁਧ। | ੨੭ |
| ੨੧. | ਬਾਬਾ ਬੰਦਾ ਸਿੰਘ ਦੀਆਂ ਢਹਿੰਦੀ ਕਲਾਂ ਦਾ ਅਰੰਭ। | ੨੯ |
| ੨੨. | ਬਾਬਾ ਬੰਦਾ ਸਿੰਘ ਸਬੰਧੀ ਕੁਝ ਜਰੂਰੀ ਗੱਲਾਂ। | ੩੩ |
| ੨੩. | ਬਾਬਾ ਬੰਦਾ ਸਿੰਘ ਦੀ ਸ਼ਹੀਦੀ। | ੩੬ |
| ੨੪. | ਬਾਬੇ ਬੰਦੇ ਸਿੰਘ ਤੋਂ ਪਿਛੋਂ। | ੩੭ |
| ੨੫. | ਪੰਜਾਬ ਨੂੰ ਹੁਕਮ ਨਾਮੇਂ ਭੇਜੇ। | ੩੯ |
| ੨੬. | ਬਾਬੇ ਬੰਦਾ ਸਿੰਘ ਵੇਲੇ ਦੇ ਸਿੰਘਾਂ ਦੇ ਨਾਮ। | ੪੦ |
| | **ਬਾਰਾਂ ਮਿਸਲਾਂ** | |
| ੨੭. | 1 ਮਿਸਲ ਭੰਗੀ ਸਰਦਾਰਾਂ ਦੀ। | ੫੧ |
| ੨੮. | 2 ਮਿਸਲ ਰਾਮਗੜੀਏ ਸਰਦਾਰ। | ੫੭ ਤੋਂ ੬੪ |
| ੨੯. | 3 ਘਨਈਆਂ ਦੀ ਮਿਸਲ। | ੬੫ ਤੋਂ ੬੮ |
| ੩੦. | 4 ਮਿਸਲ ਨਕਈ, ਸਰਦਾਰਾਂ ਦੀ। | ੬੯ ਤੋਂ ੭੦ |
| ੩੧. | 5 ਮਿਸਲ ਡਲੇਵਾਲੇ ਸਰਦਾਰਾਂ ਦੀ। | ੭੧ ਤੋਂ ੭੪ |
| ੩੨. | 6 ਮਿਸਲ ਕਰੋੜੀਏ ਸਰਦਾਰ। | ੭੫ ਤੋਂ ੧੯ |
| ੩੩. | 7 ਮਿਸਲ ਸ਼ਹੀਦਾਂ ਦੀ। | ੮੦ ਤੋਂ ੮੩ |
| ੩੪. | 8 ਮਿਸਲ ਫੈਜ਼ ਪੁਰੀਏ ਸਰਦਾਰਾਂ। | ੮੪ ਤੋਂ ੮੬ |
| ੩੫. | 9 ਮਿਸਲ ਨਿਸ਼ਾਨਾਂ ਵਾਲੀ। | ੮੭ |
| ੩੬. | 10 ਮਿਸਲ ਸੁਕਰ ਚਕੀਆਂ। | ੮੮ ਤੋਂ ੮੯ |
| ੩੭. | ਆਮਦਨੀ। | ੯੦ |
| ੩੮. | ਫੌਜ ਦੀ ਗਿਣਤੀ। | ੯੦ |
| ੩੯. | ਰਸਾਲੇ। | ੯੧ |
| ੪੦. | ਤੋਪਖਾਨਾ। | ੯੧ |
| ੪੧. | 11 ਮਿਸਲ ਫੂਲਕਿਆਂ | ੯੨ ਤੋਂ ੯੬ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੪੨. | 12 ਮਿਸਲ ਆਹਲੂ ਵਾਲੀਆ । | ੯੭ ਤੋਂ ੧੦੦ |
| ੪੩. | ਗੁਰ ਸਿਖ ਜੋਗੀ ਤੇ ਸ਼ਹੀਦਾਂ ਦੇ ਅੰਗੀਠੇ । | ੧੦੧ ਤੋਂ ੧੦੨ |
| ੪੪. | ਭਾ: ਬਾਜ਼ ਸਿੰਘ ਸ਼ਹੀਦ । | ੧੦੩ |
| ੪੫. | ਭਾਈ ਤਾਰਾ ਸਿੰਘ ਸ਼ਹੀਦ । | ੧੦੩ |
| ੪੬. | ਭਾਈ ਮਨੀ ਸਿੰਘ ਸ਼ਹੀਦ । | ੧੦੪ |
| ੪੭. | ਭਾਈ ਬੋਤਾ ਸਿੰਘ ਸ਼ਹੀਦ । | ੧੦੪ |
| ੪੮. | ਭਾਈ ਮਤਾਬ ਸਿੰਘ ਜੀ । | ੧੦੪ |
| ੪੯. | ਭਾਈ ਸਬੇਗ ਸਿੰਘ ਜੀ । | ੧੦੪ |
| ੫੦. | ਭਾਈ ਸ਼ਾਹਬਾਜ ਸਿੰਘ ਜ਼ੀ । | ੧੦੬ |
| ੫੧. | ਭਾਈ ਤਾਰੂ ਸਿੰਘ ਜੀ । | ੧੦੬ |
| ੫੨. | ਹੋਰੁ ਨਾਲ ਦੇ ਸ਼ਹੀਦ । | ੧੦੭ |
| ੫੩. | ਭਾਈ ਸੁਖਾ ਸਿੰਘ ਜੀ । | ੧੦੮ |
| ੫੪. | ਬਾਬਾ ਦੀਪ ਸਿੰਘ ਜੀ । | ੧੦੮ |
| ੫੫. | ਬਾਬਾ ਗੁਰਬਖਸ਼ ਸਿੰਘ ਜੀ । | ੧੦੯ |
| ੫੬. | ਵੀਰ ਪ੍ਰਕਾਰ ਦੀ ਮੌਤ । | ੧੧੦ |


## ਘਲੂ ਘਾਰਿਆਂ ਦਾ ਇਤਿਹਾਸ

੧੧੧ ਤੋਂ ੧੧੯


| ਨੰ: | ਨਾਮ ਲੇਖ | ਸਫਾ |
|---|---|---|
| ੫੭. | ਵਡਾ ਘਲੂ ਘਾਰਾ । | ੧੧੭ ਤੋਂ ੧੨੩ |
| ੫੮. | ਜੰਗ ਦਾ ਨਕਸ਼ਾ । | ੧੨੫ ਤੋਂ ੧੨੭ |
| ੫੯. | ਸਿਖ ਰਾਜ ਦਾ ਆਦਿ ਅੰਤੁ । | ੧੨੯ ਤੋਂ ੧੩੨ |
| ੬੦. | ਸਿਖ ਰਾਜ ਤੇ ਆਪਾਂਵਾਰਨ ਵਾਲੇ ਭਾਈ ਉਦੇ ਸਿੰਘ । | ੧੩੪ |
| ੬੧. | ਮਹਾਰਾਜਾ ਅਮਰ ਸਿੰਘ । | ੧੩੪ |
| ੬੨. | ਬਾਬਾ ਅਜਾ ਪਾਲ ਸਿੰਘ ਜੀ । | ੧੩੫ |
| ੬੩. | ਸਰਦਾਰ ਅਗੜ ਸਿੰਘ ਜੀ । | ੧੩੫ |
| ੬੪. | ਸਰਦਾਰ ਅਤਰ ਸਿੰਘ । | ੧੩੬ |
| ੬੫. | ਸਰਦਾਰ ਈਸ਼ਰ ਸਿੰਘ । | ੧੩੬ |
| ੬੬. | ਸਰਦਾਰ ਸ਼ਾਮ ਸਿੰਘ ਅਟਾਰੀ । | ੧੩੯ ਤੋਂ ੧੪੦ |
| ੬੭. | ਪਰਾਇਆਂ ਦੇ ਮੂਹੋਂ ਵਡਿਆਈ । | ੧੪੦ |
| ੬੮. | ਸੋਟੀ ਵਾਲੇ ਸਰਦਾਰ । | ੧੪੧ |
| ੬੯. | ਬਾਬਾ ਸ੍ਾਹਿਬ ਸਿੰਘ ਬੇਦੀ । | ੧੪੧ |
| ੭੦. | ਭਾਈ ਸਹਜਾ ਸਿੰਘ ਜੀ ਮਸਤਾਨਾ । | |
| ੭੧. | ਅੰਗ੍ਰੇਜ਼ੀ ਸਰਕਾਰ ! | ੧੪੨ |
| ੭੨. | ਮੁਦਕੀ ਦੀ ਲੜਾਈ । | ੧੪੬ |
| ੭੩. | ਫੇਰੂ ਸ਼ਹਿਰ ਦੀ ਲੜਾਈ | ੧੪੭ |
| ੭੪. | ਬਦੋਵਾਲ ਦੀ ਲੜਾਈ | ੧੪੯ |
| ੭੫. | ਅਲੀਵਾਲ ਦੀ ਲੜਾਈ | ੧੫੦ |
| ੭੬. | **ਹਰੀ ਸਿੰਘ ਨਲੂਆ** | ੧੫੧ |
| ੭੭. | ਕਰਮ ਸਿੰਘ ਸ਼ਹੀਦ | ੧੫੪ |
| ੭੮. | ਖਾਲਸਾ ਰਾਜ ਦੇ ਹਮੈਤੀ | ੧੫੫ |
| ੭੯. | ਮਾਈ ਰਜੀ ਕਕਰਾਲੇ ਵਾਲੀ | ੧੫੫ |
| ੮੦. | ਸੰਤ ਖੁਦਾ ਸਿੰਘ ਜੀ | ੧੫੬ |
| ੮੧. | ਦੈਂਹੂ ਲਾਲ | ੧੫੭ |
| ੮੨. | ਜਗਤ ਸਿੰਘ ਲੁਹਾਰਾ | ੧੫੭ |
| ੮੩. | ਸਰਦਾਰ ਜੋਧ ਸਿੰਘ | ੧੫੮ |
| ੮੪. | ਠੇਠਰ ਵਾਲੇ ਸਰਦਾਰ | ੧੫੮ |
| ੮੫. | ਸਰਦਾਰ ਦਿਆ ਸਿੰਘ ਸਿਧੂ | ੧੫੮ |
| ੮੬. | ਨਿਰ ਭੈ ਚਿਮਨਾ | ੧੫੯ |
| ੮੭. | ਸਰਦਾਰ ਨਿਧਾਨ ਸਿੰਘ | ੧੬੯ |
| ੮੮. | ਸਰਦਾਰ ਧੰਨਾ ਸਿੰਘ ਮਲਵਈ | ੧੬੦ |
| ੮੯. | ਸਰਦਾਰ ਨਛੱਤ੍ਰ ਸਿੰਘ ਮਲਵਈ | ੧੬੧ |
| ੯੦. | ਸਰਦਾਰ ਮੋਹਰ ਸਿੰਘ ਨਿਸ਼ਾਨਾ ਵਾਲੀ ਮਿਸਲ । | ੧੬੨ |
| ੯੧. | ਭੜਾਣੀਏ ਸਰਦਾਰਾਂ ਦਾ ਘਰਾਣਾ | ੧੬੨ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੯੨. | ਮਹਾਰਾਜਾ ਰਣਜੀਤ ਸਿੰਘ ਦੀ ਬਾਲੜੀ ਉਮਰ । | ੧੬੨ |
| ੯੩. | ਖਾਲਸਾ ਰਾਜ ਦਾ ਮੁਢ | ੧੬੩ |
| ੯੪. | ਖਾਲਸਾ ਰਾਜ ਵਾਸਤੇ ਹੋਰ ਕੁਰਬਾਨੀਆਂ । | ੧੬੩ |
| ੯੫. | ਮਹਾਂਦਾਨੀ ਸ: ਜੁਆਲਾ ਸਿੰਘ ਜੀ | ੧੬੪ |
| ੯੬. | ਸ: ਪ੍ਰੇਮ ਸਿੰਘ ਜਨੇਤ ਪੁਰਾ | ੧੬੫ |
| ੯੭. | ਪਰਗਣਿਆਂ ਦੇ ਰਖਵਾਲੇ | ੧੬੬ |
| ੯੮. | ਫੂਲਾ ਸਿੰਘ ਜੀ ਅਕਾਲੀ | ੧੬੭ |
| ੯੯. | ਪੁੜੈਣ ਦੇ ਬਿਰਧਾਂ ਦੇ ਬਿਆਨ | ੧੬੬ |
| ੧੦੦. | ਭੂੰਦੜੀ ਅਥਵਾ ਅਲੀਵਾਲ ਦੀ ਲੜਾਈ ਬਾਰੇ ਬਿਰਧਾਂ ਦੇ ਬਿਆਨ । | ੧੭੧ |
| ੧੦੧. | ਖਾਲਸਾ ਰਾਜ ਨੂੰ ਸਹੀ ਸਲਾਮਤ ਰਖਣ ਵਾਲੇ ਮਾਨ ਸਰਦਾਰ | ੧੭੧ |
| ੧੦੨. | ਬਾਬਾ ਮਹਾਰਾਜਾ ਸਿੰਘ ਜ਼ਿੰਦਾ ਸ਼ਹੀਦ । | ੧੭੩ |
| ੧੦੩. | ਭਾਈ ਮੋਹਰ ਸਿੰਘ ਜੀ ਮਹਿਮਾ ਸ਼ਾਹੀ । | ੧੭੫ |
| ੧੦੪. | ਰਾਮ ਸਿੰਘ ਸੇਖੋਂ | ੧੭੬ |
| ੧੦੫. | ਰਸੂਲ ਪੁਰੀਏ | ੧੭੮ |
| ੧੦੬. | ਰਾਮ ਗੜ੍ਹੀਏ ਸੂਰਿਆਂ ਦਾ ਘਰਾਣਾ । | ੧੭੯ |
| ੧੦੭. | ਭਾਈ ਲਾਲ ਸਿੰਘ ਜੀ ਕੈਥਲ | ੧੭੯ |
| ੧੦੮. | ਸਿਖ ਰਾਜ ਦਾ ਖਾਤਮਾ ਕਰਨ ਵਾਲੇ । | ੧੮੦ |
| ੧੦੯. | ਫਿਟਿਆ ਢਿਡ | ੧੮੧ |
| ੧੧੦. | ਜਿਸ ਕਾ ਰਾਜ ਤਿਸੇ ਦਾ ਤੇਜ਼ | ੧੮੨ |
| ੧੧੧. | **ਗੁਰ ਸਾਗਰ ਲਹਿਰਾਂ ਦੇ ਸਿਟੇ** | ੧੮੩ |
| ੧੧੨. | ਨਿਰੰਕਾਰੀ ਲਹਿਰ ਨਾਮਧਾਰੀ ਸ਼ਹੀਦ ਸਾਜ਼ਸ਼ ਮਾਲੇਰ ਕੋਟਲਾ | ੧੮੪ |
| ੧੧੩. | ਸ੍ਰੀ ਗੁਰੂ ਸਿੰਘ ਸਭਾ ਦੀ ਲਹਿਰ | ੧੮੪ |
| ੧੧੪. | ਚੀਫ ਖਾਲਸਾ ਦੀਵਾਨ ਦੇ ਕੀਤੇ ਕੰਮ । | ੧੮੪ |
| ੧੧੫. | ਅਕਾਲੀ ਲਹਿਰ | ੧੮੪ |
| ੧੧੬. | ਨਿਰੰਕਾਰੀ ਲਹਿਰ | ੧੮੫ |
| ੧੧੭. | ਨਾਮਧਾਰੀ ਲਹਿਰ | ੧੮੯ |
| ੧੧੮. | ਬਾਬਾ ਬਾਲਕ ਸਿੰਘ ਜੀ ਦਾ ਮਿਲਾਪ । | ੧੮੯ |
| ੧੧੯. | ਤੋਪਾਂ ਨਾਲ ਉਡਾਏ ਗਏ ਤੇ ਫਾਂਸੀ ਲਟਕਣ ਵਾਲੇ ਸਿਖ ਸੂਰਬੀਰਾਂ ਦੇ ਨਾਮ । | ੧੯੨ |
| ੧੨੦. | ਰਿਆਸਤ ਨਾਭਾ | ੧੯੨ |
| ੧੨੧. | ਰਿਆਸਤ ਪਟਿਆਲਾ | ੧੯੨ |
| ੧੨੨. | ਹਿਆਸਤ ਸੰਗਰੂਰ | ੧੯੨ |
| ੧੨੩. | ਜ਼ਿਲਾ ਫੀਰੋਜ਼ਪੁਰ | ੧੯੩ |
| ੧੨੪. | ਜ਼ਿਲਾ ਅੰਮ੍ਰਿਤਸਰ | ੧੯੪ |
| ੧੨੫. | ਕੂਕਾ ਕੁਫਰ ਤੋੜ ਲਹਰ ਦਾ ਸੰਖੇਪ ਹਾਲ, ਨਾਮ ਧਾਰੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜ ਕੇ ਪਤਰਾ ਪਾਠ ਕਰਨ ਦੀ ਬੇ-ਅਦਬੀ ਤੋਂ ਆਰੰਭ ਹੋਣੀ । | ੧੯੧ |
| ੧੨੬. | ਚੀਫ ਖਾਲਸਾ ਦੀਵਾਨ ਦਾ ਫੈਸਲਾ । | ੨੦੩ |
| ੧੨੭. | ਗੁਰੂ ਮਤਿਆਂ ਦਾ ਸੰਖੇਪ ਭਾਵ ਜੋ ਕੂਕਾ ਕੁਫਰ ਤੋੜ ਕਾਨਫਰੰਸ ਮੁਲਾਂ ਪੁਰ ਵਿਖੇ ਪਾਸ ਹੋਏ । | ੨੦੭ |
| ੧੨੮. | ਦੂਜੀ ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ ਧਾਂਦਰਾਂ | |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| | ਦੇ ਮਤੇ। | ੨੦੮ |
| ੧੨੯. | ਤੀਜੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫਰੰਸ ਬੀਜਾ ਵਿਖੇ ਪਾਸ ਹੋਏ ਗੁਰਮਤੇ। | ੨੦੮ |
| ੧੩੦. | ਚੌਥੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫ੍ਰੰਸ ਸੇਖਾ ਵਿਖੇ ਪਾਸ ਹੋਏ ਗੁਰਮਤੇ। | ੨੦੮ |
| ੧੩੧. | **ਸਿੰਘ ਸਭਾ ਲਹਿਰ** | ੨੦੯ |
| ੧੩੨. | ਮੌਕਾ ਤਾੜੂ ਲੋਕ | ੨੧੦ |
| ੧੩੩. | ਸ੍ਰੀ ਗੁਰੂ ਸਿੰਘ ਸਭਾ ਲਾਹੌਰ | ੨੧੪ |
| ੧੩੪. | ਇਕ ਤੋਂ ਦੋ ਸਭਾਵਾਂ | ੨੧੯ |
| ੧੩੫. | ਖਾਲਸਾ ਦੀਵਾਨ ਲਾਹੌਰ | ੨੧੯ |
| ੧੩੬. | ਖਾਲਸਾ ਦੀਵਾਨ ਦੇ ਮਨਸ਼ੇ | ੨੨੦ |
| ੧੩੭. | ਆਪੋ ਆਪਣੇ ਕਰ | ੨੨੫ |
| ੧੩੮. | ਜਿਸ ਹਥ ਜ਼ੋਰ ਕਰ ਵੇਖੇ ਸੋਇ | ੨੨੬ |
| ੧੩੯. | ਸਚਿਆਈ ਸੌ ਪੜਦਾ ਪਾੜ ਕੇ ਨਿਕਲਦੀ ਹੈ। | ੨੨੭ |
| ੧੪੦. | ਮੈਕਾਲਫ ਸਾਹਿਬ ਦਾ ਇਤਿਹਾਸ | ੨੨੯ |
| ੧੪੧. | ਕੁਰਬਾਨੀ ਦੀ ਕਦਰ ਕਰਨਾ ਹਰ ਸਿਖ ਦਾ ਫਰਜ਼ ਹੈ। | ੨੩੦ |
| ੧੪੨. | ਚੀਫ ਖਾਲਸਾ ਦੀਵਾਨ ਦੀ ਸੇਵਾ | ੨੩੧ |
| ੧੪੩. | ਖਾਲਸਾ ਕਾਲਜ ਅੰਮ੍ਰਿਤਸਰ | ੨੩੩ |
| ੧੪੪. | ਸਿੰਘ ਸਭਾ ਲਹਿਰ ਦੇ ਨਤੀਜੇ | ੨੩੭ |
| ੧੪੫. | ਸਿੰਘ ਸਭਾ ਲਹਿਰ ਦੇ ਹੀਰੇ | ੨੩੯ |
| ੧੪੬. | ਸ: ਅਤਰ ਸਿੰਘ ਜੀ ਭਦੌੜ। | ੨੪੧ |
| ੧੪੭. | ਗਿ: ਇੰਦ੍ਰ ਸਿੰਘ ਜੀ। | ੨੪੧ |
| ੧੪੮. | ਗਿ: ਇੰਦ੍ਰ ਜੀ ਛੀਨੀਵਾਲ। | ੨੪੨ |
| ੧੪੯. | ਈਸ਼ਰ ਸਿੰਘ ਜੀ। | ੨੪੨ |
| ੧੫੦. | ਸ: ਇਕਬਾਲ ਸਿੰਘ ਬੋਪਾਰਾਏ ਪ੍ਰਿੰਸੀਪਲ। | ੨੪੨ |
| ੧੫੧. | ਸੰਤੋਖ ਸਿੰਘ ਜੀ। | ੨੪੨ |
| ੧੫੨. | ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ (ਬਿਹਾਰ)। | ੨੪੩ |
| ੧੫੩. | ਸ: ਸਰੂਪ ਸਿੰਘ ਜੈਲਦਾਰ ਕਿਸ਼ਨ ਪੁਰਾ। | ੨੪੪ |
| ੧੫੪. | ਸ਼ਾਮ ਸਿੰਘ ਨਿਹੰਗ | ੨੪੪ |
| ੧੫੫. | ਭਾਈ ਸੁੰਦਰ ਸਿਘ ਇੰਦ ਗੜ੍ਹ। | ੨੪੫ |
| ੧੫੬. | ਸੋਢੀ ਸੁਜਾਨ ਸਿੰਘ ਜੀ ਬੀ.ਏ. ਪਟਿਆਲਾ। | ੨੪੫ |
| ੧੫੭. | ਦੀਵਾਨ ਸੋ ਸਿੰਘ ਜੀ ਕੌਲਗੜ੍ਹ | ੨੪੬ |
| ੧੫੮. | ਸ਼ਮਸ਼ੇਰ ਸਿੰਘ ਜੀ ਅਸੋਕ | ੨੪੬ |
| ੧੫੯. | ਭਾਈ ਸੁਖਾ ਸਿੰਘ ਜੀ। | ੨੪੭ |
| ੧੬੦. | ਸਰਦੂਲ ਸਿੰਘ ਜੀ ਕਵੀਸ਼ਰ | ੨੪੭ |
| ੧੬੧. | ਸਜਣ ਸਿੰਘ ਜੀ ਰੁੜਕਾ | ੨੪੮ |
| ੧੬੨. | ਡਾਕਟਰ ਸ਼ੇਰ ਸਿੰਘ ਜੀ। | ੨੪੯ |
| ੧੬੩. | ਪ੍ਰੋਫੈਸਰ ਸੰਤ ਸਿੰਘ ਜੀ ਸੇਖੋਂ। | ੨੪੯ |
| ੧੬੪. | ਬਾਬਾ ਹੈਬਾ ਜੀ। | ੨੪੯ |
| ੧੬੫. | ਸ: ਹਾਕਮ ਸਿੰਘ ਕਟਾਣੀ। | ੨੫੦ |
| ੧੬੬. | ਭਾ: ਹਾਕਮ ਸਿੰਘ ਜੀ ਨਾਬਪੁਰਾ। | ੨੫੦ |
| ੧੬੭. | ਡਾਕਟਰ ਹਰਿਦਿਤ ਸਿੰਘ ਢਿਲੋਂ। | ੨੫੦ |
| ੧੬੮. | ਸੰਤ ਹੀਰਾ ਦਾਸ ਜੀ ਚਿੱਟੀ ਵਾਲੇ | ੨੫੨ |
| ੧੬੯. | ਕਾਹਨ ਸਿੰਘ ਸ:ਬ: ਨਾਭਾ। | ੨੫੩ |
| ੧੭੦. | ਕਰਤਾਰ ਸਿੰਘ ਦਾਖਾ। | ੨੫੪ |
| ੧੭੧. | ਗਿ: ਕਰਤਾਰ ਸਿੰਘ ਰਸੂਲ ਪੁਰ। | ੨੫੬ |
| ੧੭੨. | ਕਪੂਰ ਸਿੰਘ ਮਲਕ। | ੨੫੬ |
| ੧੭੩. | ਬਾਬੂ ਕਿਸ਼ਨ ਸਿੰਘ ਜੀ ਰਾਏਪੁਰ। | ੨੫੭ |
| ੧੭੪. | ਭਾ: ਕੇਹਰ ਸਿੰਘ ਜੀ ਰਾਏਪੁਰੀ। | ੨੫੮ |
| ੧੭੫. | ਪੰਡਤ ਕ੍ਰਿਸ਼ਨਾਂ ਚੰਦ ਜੀ ਮਾਲੀਵਾਲੇ। | ੨੫੮ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੧੭੬. | ਗਿ: ਕਿਸ਼ਨ ਸਿੰਘ ਜੀ ਮਬੇਨੀ। | ੨੫੯ |
| ੧੭੬. | (ੳ) ਸਨਮਾਨ ਯੋਗ–ਬਾਬ ਖੇਮ ਸਿੰਘ ਜੀ ਬੇਦੀ। | ੨੫੯ |
| ੧੭੭. | ਭਾਈ ਗੁਰਦਾਸ ਜੀ। | ੨੫੯ |
| ੧੭੮. | ਭਾਈ ਗੁਰਮੁਖ ਸਿੰਘ ਜੀ। | ੨੬੦ |
| ੧੭੯. | ਸੰਤ ਗੁਰਬਖਸ਼ ਸਿੰਘ ਜੀ। ਉਪਦੇਸ਼ਕ ਕਮੇਟੀ ਪਟਿਆਲਾ। | ੨੬੨ |
| ੧੮੦. | ਸ: ਗੁਰਬਖਸ਼ ਸਿੰਘ ਕੇਸਰੀ। | ੨੬੩ |
| ੧੮੧. | ਗੁਰਦਿਤ ਸਿੰਘ ਜੀ ਕਪਤਾਨ ਰਾਏਪੁਰ। | ੨੬੩ |
| ੧੮੨. | ਗਿ: ਗਿਆਨ ਸਿੰਘ ਜੀ। | ੨੬੪ |
| ੧੮੩. | ਗਾਲਬ ਕਲਾਂ ਗਾਲਬ ਕਿਹਰ ਸਿੰਘ ਤੇ ਗਾਲਬ ਖੁਰਦ ਦੇ ਸਿੰਘ ਸਭੀਏ। | ੨੬੫ |
| ੧੮੪. | ਘਨਈਆ ਸਿੰਘ ਬਾਬੂ ਢੋਲੇ। | ੨੬੬ |
| ੧੮੫. | ਸ:ਚਨਣ ਸਿੰਘ ਜੀ ਜਨਤੇਪੁਰਾ। | ੨੬੬ |
| ੧੮੬. | ਚੰਨਣ ਸਿੰਘਗਿਆਨੀ | ੨੬੮ |
| ੧੮੭. | ਚੰਨਣ ਸਿੰਘ ਗੁਰਕੇ। | ੨੬੮ |
| ੧੮੮. | ਸ: ਚੰਨਣ ਸਿੰਘ ਜੀ ਜੀਰ। | ੨੬੮ |
| ੧੮੯. | ਚੰਨਣ ਸਿੰਘ ਜੀ ਚੂਹੜ ਚਕ। | ੨੬੮ |
| ੧੯੦. | ਪਿੰਡ ਚੀਮਨਾ ਦੇ ਸਿੰਘ ਸਭੀਏ। | ੨੬੮ |
| ੧੯੧. | ਸ:ਗਜਣ ਸਿੰਘ ਚੀਮਨਾ। | ੨੬੯ |
| ੧੯੨. | ਭਾ: ਮੁੰਦੂ ਸਿੰਘ ਚੀਮਨਾ। | ੨੭੦ |
| ੧੯੩. | ਚੰਦਾ ਸਿੰਘ ਜੀ ਵਕੀਲ ਫੀਰਜਪੁਰ। | ੨੭੧ |
| ੧੯੪. | ਜੈ ਸਿੰਘ ਫਿਲਾਸਫਰ। | ੨੭੨ |
| ੧੯੫. | ਸ: ਜਸਵੰਤ ਸਿੰਘ ਜੀ ਕੰਵਲ। | ੨੭੩ |
| ੧੯੬. | ਤਾਰਾ ਸਿੰਘ ਜੀ ਕਹੋਤਮ ਪਟਿਆਲਾ। | ੨੭੩ |
| ੧੯੭. | ਤੇਜਾ ਸਿੰਘ ਬਾਬੂ ਭਸੌੜ। | ੨੭੩ |
| ੧੯੮. | ਹੁਕਮ ਨਾਂਮਾਂ– ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ। | ੨੭੪ |
| ੧੯੯. | ਸ: ਗਹਿਲ ਸਿੰਘ ਜੀ ਤਲਵੰਡੀ ਮਲ੍ਹੀਆਂ ਤੇ ਹੋਰ ਸਿੰਘ। | ੨੭੪ |
| ੨੦੦. | ਸ: ਮੱਗਲ ਸਿੰਘ ਜੀ ਤਲਵੰਡੀ ਮਲ੍ਹੀਆ। | ੨੭੬ |
| ੨੦੧. | ਮਾਸਟਰ ਅਨੋਖ ਸਿੰਘ ਜੀ ਤਲਵੰਡੀ ਮਲ੍ਹੀਆਂ। | ੨੭੬ |
| ੨੦੨. | ਮਝੈਕ ਭਗਤ ਸਿੰਘ ਜੀ ਤਲਵੰਡੀ ਮੋਲ੍ਹਆਂ। | ੨੭੭ |
| ੨੦੩. | ਭਾਈ ਬਿਸ਼ਨ ਸਿੰਘ ਜੀ ਤਲਵੰਡੀ ਮੱਲ੍ਹੀਅ। | ੨੭੭ |
| ੨੦੪. | ਸੁੰਦੂ ਸਿੰਘ ਜੀ ਤਲਵੰਡੀ ਮੱਲ੍ਹੀਆ। | ੨੭੮ |
| ੨੦੫. | ਪਾਲ ਸਿੰਘ ਪੰਥੀ। | ੨੨੯ |
| ੨੦੬. | ਠੁਲਾ ਸਿੰਘ ਲਹਾਰ ਮੁਹਦਤ। | ੨੭੯ |
| ੨੦੭. | ਜਨੇਤ ਪੁਰਾ ਵਿਖੇ ਸਿੰਘ ਸਭਾ ਦਾ ਅਰੰਭਕ ਅਸਥਾਨ। | ੨੭੯ |
| ੨੦੮. | ਗਿ: ਦਿਤ ਸਿੰਘ ਜੀ। | ੨੮੦ |
| ੨੦੯. | ਜਨੇਤ ਪੁਰਾ। | ੨੮੦ |
| ੨੧੦. | ਧਰਮ ਸਿੰਘ ਹੈਡਮਾਸਟਰ। | ੨੮੨ |
| ੨੧੧. | ਗਿ: ਜਨਮੇਜਾ ਸਿੰਘ ਜੀ ਗੁਲਾਬ ਗੜ੍ਹ। | ੨੮੩ |
| ੨੧੨. | ਸ: ਨਦਿੰਦੂ ਸਿੰਘ ਜੀ ਜਨੇਤ ਪੁਰਾ। | ੨੮੩ |
| ੨੧੩. | ਨਾਨਕ ਸਿੰਘ ਰਈਸ ਭਦੌੜ। | ੨੮੪ |
| ੨੧੪. | ਜਮਾਦਾਰ ਨੰਦ ਸਿੰਘ ਸੈਂਪਲੀ। | ੨੮੪ |
| ੨੧੫. | ਭਾਈ ਨਰੈਣ ਸਿੰਘ ਜੀ। | ੨੮੫ |
| ੨੧੬. | ਨਬਾ ਸਿੰਘ ਜੀ ਡਾਕਟਰ ਗੁਜਰਵਾਲ। | ੨੮੫ |
| ੨੧੭. | ਨੰਬ੍ਰਦਾਰ ਨਿਧਾਨ ਸਿੰਘ ਜੀ। | ੨੮੫ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੨੧੮. | ਗੁਰੂ ਪੰਥ ਦੇ ਪਹਿਲੇ ਲਿਖਾਰੀ। | ੨੮੬ |
| ੨੧੯. | ਗੁਰੂ ਪੰਥ ਦੇ ਤੀਜੇ ਲਿਖਾਰੀ। | ੨੮੬ |
| ੨੨੦. | ਪੰਡਤ ਪ੍ਰਮੇਸ੍ਰਾ ਨੰਦ ਮੁਲਾਂਪੁਰ | ੨੮੭ |
| ੨੨੧. | ਬਲਵੰਤ ਸਿੰਘ ਜੀ ਗਿਆਨੀ ਕੋਠਾਗੁਰੂ | ੨੮੭ |
| ੨੨੨. | ਮਾਨ ਸਿੰਘ ਜੀ ਜਜ ਅੰਬਾਲਾ | ੨੮੮ |
| ੨੨੩. | ਗਿਆਨੀ ਮਹਿੰਦ੍ਰ ਸਿੰਘ ਘਨਟੌਰ ਜ਼ਿਲਾ ਅੰਬਾਲਾ | ੨੮੯ |
| ੨੨੪. | ਸ: ਮਹਿਲ ਸਿੰਘ ਬਾਹੀਆ | ੨੮੬ |
| ੨੨੫. | ਰਾਮ ਸਿੰਘ ਜੀ ਸਮੋਟ ਪਟਿਆਲਾ | ੨੯੦ |
| ੨੨੬. | ਮੱਘਰ ਸਿੰਘ ਰਜੀਵਾਲ | ੨੯੦ |
| ੨੨੭. | ਸ: ਰਾਮ ਸਿੰਘ ਜੀ ਬੁਟਰ | ੨੯੦ |
| ੨੨੮. | ਰੁੜ ਸਿੰਘ ਸੂਬੇਦਾਰ ਦਾਸਿਆਛੋਟਾ | ੨੯੧ |
| ੨੨੯. | ਸ: ਲਛਮਣ ਸਿੰਘ ਦਿਆਲਪੁਰਾ ਮਿਰਜੇਕੇ | ੨੯੨ |
| ੨੩੦. | ਲਛਮਣ ਸਿੰਘ ਭਾਈ | ੨੯੨ |
| ੨੩੧. | ਪੰਡਤ ਲਛਮਣ ਸਿੰਘ | ੨੯੨ |
| ੨੩੨. | ਲਾਲ ਸਿੰਘ ਜੀ ਸੰਗਰੂਰ | ੨੯੨ |
| ੨੩੩. | ਲਾਲ ਸਿੰਘ ਲਲਤੋ ਛੋਟੀ | ੨੯੩ |
| ੨੩੪. | ਸ: ਲਾਲ ਸਿੰਘ ਜੀ ਕਮਲਾ ਅਕਾਲੀ | ੨੯੩ |


## ਮੌਜੂਦਾ ਆਜ਼ਾਦੀ ਦੇ ਮੋਢੀ ਕੌਣ


| ਨੰ: | ਨਾਮ ਲੇਖ | ਸਫਾ |
|---|---|---|
| ੨੩੫. | ੧੯੧੪-੧੫ ਵਾਲੇ ਨੌਜਵਾਨ | ੨੯੭ |


## ਗਦਰ ਪਾਰਟੀ


| ਨੰ: | ਨਾਮ ਲੇਖ | ਸਫਾ |
|---|---|---|
| ੨੩੬. | ਗਦਰ ਪਾਰਟੀ ਦਾ ਸੰਖੇਪ ਇਤਿਹਾਸ | ੨੯੯ |
| ੨੩੭. | ਦੁਨਿਆਂ ਦੀ ਪਹਿਲੀ ਲੜਾਈ ਤੋਂ ਬਾਦ | ੩੦੩ |


## ਪਹਿਲਾ ਮੁਕਦਮਾ ਸਾਜ਼ਿਸ਼ ਲਾਹੌਰ


| ਨੰ: | ਨਾਮ ਲੇਖ | ਸਫਾ |
|---|---|---|
| ੨੩੮. | ਆਜ਼ਾਦੀ ਦੇ ਮੋਢੀ ਸ਼ਹੀਦ ਕਰਤਾਰ ਸਿੰਘ ਸਰਾਭਾ। | ੩੦੫ |
| ੨੩੯. | ਗਦਰ ਪਾਰਟੀ ਦਾ ਮੁਢ ਬਨ੍ਹਣਾ | ੩੦੭ |
| ੨੪੦. | ਸਿਖ ਬਹਾਦਰ | ੩੧੨ |
| ੨੪੧. | ਜਤਿੰਦਰ ਨਾਥ ਸਾਨ੍ਹੇਵਾਲ | ੩੧੩ |
| ੨੪੨. | ਰਾਜਿ ਬਿਹਾਰੀ ਬੋਸ | ੩੧੩ |
| ੨੪੩. | ਬਾਬਾ ਗੁਰਮੁਖ ਸਿੰਘ | ੩੧੪ |
| ੨੪੪. | ਸ: ਰੁਲੀਆ ਸਿੰਘ ਦੇਸ਼ ਭਗਤ ਸਰਾਭਾ। | ੩੧੫ |
| ੨੪੫. | ਕਾਂਸ਼ੀ ਰਾਮ ਸ਼ਹੀਦ | ੩੧੫ |
| ੨੪੬. | ਸ: ਜਗਤ ਸਿੰਘ ਵਿੰਝਲ ਸ਼ਹੀਦ ਗਦਰ ਪਾਰਟੀ | ੩੧੬ |
| ੨੪੭ | ਬਾਬਾ ਚੂਹੜ ਸਿੰਘ ਜੀ ਲੀਲਾਂ | |
| ੨੪੮ | ਭਾਈ ਬਸੰਤ ਕੁਮਾਰ ਜੀ | ੩੧੭ |
| ੨੪੯ | ਭਾਨ ਸਿੰਘ ਜੀ ਸ਼ਹੀਦ | ੩੧੮ |
| ੨੫੦ | ਬਾਬਾ ਨੰਦ ਸਿੰਘ ਜੀ | ੩੧੯ |
| ੨੫੧ | ਬਾਬਾ ਵਿਸਾਖਾ ਸਿੰਘ ਜੀ ਦਦਹੇਰ | ੩੧੯ |
| ੨੫੨ | ਇਸ ਤੋਂ ਅਗੇ ਕੁਰਬਾਨੀ ਦੇ ਪੁੰਜ ਗੁਰੂ ਪਿਆਰੇ ੧੯੧੪–੧੫ ਵਾਲੇ ਆਜ਼ਾਦੀ ਦੇ ਹਵਨ ਕੁੰਡ ਵਿਚ ਤਨ ਮਨ ਧਨ ਦੀ ਅਹੁਤੀ ਪੌਣ ਵਾਲੇ ਅਮਰ ਸ਼ਹੀਦਾਂ ਦੇ ਜੀਵਨ ਮੁਕੰਮਲ ਨਾ ਮਿਲਣ ਤੇ ਸੰਖੇਪ ਹਾਲ ਦਿਤਾ ਜਾਂਦਾ ਹੈ। | ੩੨੦ |
| ੨੫੩ | ਪਹਿਲਾ ਮੁਕਦਮਾਂ ਸਾਜ਼ਸ਼ ਲਾਹੌਰ ਦੇ ਕੁਝ ਕੁ ਹੋਰ ਬਹਾਦਰ | ੩੨੧ |
| ੨੫੪ | ਦੂਜਾ ਮੁਕਦਮਾਂ ਸਾਜ਼ਸ਼ ਲਾਹੌਰ ਫਾਂਸੀ ਵਾਲੇ ਸ਼ਹੀਦਾਂ ਦੇ ਜੀਵਰ | ੩੨੫ |
| ੨੫੫ | ਭਾਈ ਉਤਮ ਸਿੰਘ ਜੀ | ੩੨੫ |
| ੨੫੬ | ਭਾਈ ਈਸ਼ਰ ਸਿੰਘ ਸ਼ਹੀਦ ਢੁਡੀਕੇ | ੩੨੭ |
| ੨੫੭ | ਭਾਈ ਰੂੜ ਸਿੰਘ | ੩੨੯ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੨੫੮ | ਭਾਈ ਵੀਰ ਸਿੰਘ ਜੀ ਸ਼ਹੀਦ ਗਦਰ ਪਾਰਟੀ | ੩੩੦ |
| ੨੫੯ | ਭਾਈ ਰੰਗਾ ਸਿੰਘ ਜੀ ਸ਼ਹੀਦ | ੩੩੦ |
| ੨੬੦ | ਕੈਦ ਹੋਏ-ਗੁਰਮੁਖ ਪਿਆਰੇ ਸੰਤ ਰਣਧੀਰ ਸਿੰਘ ਜੀ | ੩੩੧ |
| ੨੬੧ | ਗਿ: ਹਰਭਜਨ ਸਿੰਘ | ੩੩੨ |
| ੨੬੨ | ਬਾਬਾ ਰਾਮ ਸਿੰਘ | ੩੩੨ |
| ੨੬੩ | ਬਾਬਾ ਸੁਰਜਨ ਸਿੰਘ | ੩੩੨ |
| ੨੬੪ | ਬਾਬਾ ਹਰਨਾਮ ਸਿੰਘ ਗੁਜਰ ਖਾਂ ਵਾਲਾ | ੩੩੩ |
| ੨੬੫ | ਗਿ: ਸਜਣ ਸਿੰਘ ਨਾਰੰਗਵਾਲ | ੩੩੩ |
| ੨੬੬ | ਗਿ: ਨਾਹਰ ਸਿੰਘ ਜੀ ਗੁਜਰਵਾਲ | ੩੩੭ |
| ੨੬੭ | ਭਾ: ਇੰਦਰ ਸਿੰਘ ਦੇਸ਼ ਭਗਤ | ੩੩੮ |
| ੨੬੮ | ਲਾਲ ਸਿੰਘ ਨਾਰੰਗਵਾਲ | ੩੩੯ |
| ੨੬੯ | ਦਲੀਪ ਸਿੰਘ ਫੁਲਾਂਵਾਲ | ੩੩੯ |
| ੨੭੦ | ਕਾਹਨ ਸਿੰਘ ਹਸਨਪੁਰ | ੩੪੦ |
| ੨੭੧ | ਭਾ: ਜਗਤ ਸਿੰਘ ਗੁਜਰਵਾਲ | ੩੪੦ |
| ੨੭੨ | ਭਾਈ ਅਰਜਨ ਸਿੰਘ ਈਨਾ | ੩੪੧ |
| ੨੭੩ | ਬਾਬਾ ਮਸਤਾਨ ਸਿੰਘ ਜੀ | ੩੪੨ |
| ੨੭੪ | ਸ: ਲਾਲ ਸਿੰਘ | ੩੪੨ |
| ੨੭੫ | ਸ: ਮਹਿੰਦਰ ਸਿੰਘ ਢੁਡੀਕੇ | ੩੪੨ |
| ੨੭੬ | ਸ਼ਾਮ ਸਿੰਘ ਢੁਡੀਏ | ੩੪੨ |
| ੨੭੭ | ਸ: ਪਾਲਾ ਸਿੰਘ ਢੁਡੀਕੇ | ੩੪੨ |
| ੨੭੮ | ਪਾਲਾ ਸਿੰਘ | ੩੪੩ |
| ੨੭੯ | ਪਾਖਰ ਸਿੰਘ | ੩੪੩ |
| ੨੮੦ | ਸ: ਬੂੜ ਸਿੰਘ ਜੀ ਵਿੰਝਲ ਗਦਰੀ ਦੇਸ਼ ਭਗਤ | ੩੪੩ |
| ੨੮੧ | ਸ: ਬੂਟਾ ਸਿੰਘ ਜੀ ਸ਼ਹੀਦ ਗਦਰੀ ਦੇਸ਼ ਭਗਤ | ੩੪੪ |
| ੨੮੨ | ਸ: ਕਿਸ਼ਨ ਸਿੰਘ ਜੀ ਗਦਰੀ ਦੇਸ਼ ਭਗਤ ਝੋਰੜ | ੩੪੪ |
| ੨੮੩ | ਭਾ: ਕਰਤਾ ਸਿੰਘ ਲਤਾਲਾ ਗਦਰੀ ਦੇਸ਼ ਭਗਤ | ੩੪੫ |
| ੨੮੪ | ਬਾਬਾ ਮਿਤ ਸਿੰਘ ਜੀ | ੩੪੫ |
| ੨੮੫ | ਭਾਈ ਨਾਹਰ ਸਿੰਘ ਜੀ ਰਤੋਵਾਲ | ੩੪੫ |
| ੨੮੬ | ਬਾਬਾ ਕਿਸ਼ਨ ਸਿੰਘ ਹਾਂਸ | ੩੪੬ |
| ੨੮੭ | ਦਫੇਦਾਰ ਪਿਆਰਾ ਸਿੰਘ ਸਰਾਭਾ | ੩੪੬ |
| ੨੮੮ | ਭਾ: ਜਗਤ ਸਿੰਘ ਜੀ ਐਤੀਆਣਾ | ੩੪੬ |
| ੨੮੯ | ਸ਼ਹੀਦ ਅਰਜਨ ਸਿੰਘ ਜੀ ਖੁਖਰਾਨਾ | ੩੪੭ |
| ੨੯੦ | ਭਾ: ਦਲੀਪ ਸਿੰਘ ਉਰਫ ਈਸ਼ਰਸਿੰਘ | ੩੪੮ |
| ੨੯੧ | ਹਰੀ ਸਿੰਘ ਉਸਮਾਨ | ੩੪੯ |
| ੨੯੨ | ਭਾਈ ਜਵੰਦ ਸਿੰਘ ਜੀ ਸ਼ਹੀਦ | ੩੪੯ |
| ੨੯੩ | ਸ: ਰੋਡਾ ਸਿੰਘ | ੩੫੧ |
| ੨੯੪ | ਬਾਬਾ ਮਿਤ ਸਿੰਘ ਕੈਨੇਡੀਅਨ ਪੰਡੋਰੀ | ੩੫੧ |
| ੨੯੫ | ਬਾਬਾ ਕਿਸ਼ਨ ਸਿੰਘ ਹੁਸਨਰ | ੩੫੧ |
| ੨੯੬ | ਤੀਜਾ ਮੁਕਦਮਾ ਸਾਜ਼ਸ਼ ਲਾਹੌਰ ਭਾਈ ਹਰੀ ਸਿੰਘ ਚੋਟੀਆ | ੩੫੨ |
| ੨੯੭ | ਭਾਈ ਕਰਤਾਰ ਸਿੰਘ ਜੀ ਗਦਰੀ ਦੇਸ਼ ਭਗਤ | ੩੫੨ |
| ੨੯੮ | ਦੂਜਾ ਮੁਕਦਮਾਂ ਸਾਜ਼ਸ਼ ਲਾਹੌਰ ਦੇ ਸੂਰਬੀਰਾਂ ਦੇ ਨਾਮ | ੩੫੪ |
| ੨੯੯ | ਤੀਜਾ ਮੁਕਦਮਾਂ ਸਾਜ਼ਸ਼ ਲਾਹੌਰ ਦੇ ਸੂਰਬੀਰ ੫ ਜਨਵਰੀ ੧੯੧੭ | ੩੫੬ |
| ੩੦੦ | ਸ: ਸੁੰਦਰ ਸਿੰਘ ਜੀ ਬੈਹਣੀਵਾਲ | ੩੫੭ |
| ੩੦੧ | ਬਾਬਾ ਬਚਨ ਸਿੰਘ ਜੀ ਘੋਲੀਆ ਐਮ. ਐਲ. ਏ | ੩੫੭ |
| ੩੦੨ | ਬਾਬਾ ਗੇਂਦਾ ਸਿੰਘ ਜੀ ਦੋਹਦਰ | ੩੫੯ |
| ੩੦੩ | ਮੁਕਦਮਾ ਪਧਰੀ | ੩੬੦ |
| ੩੦੪ | ਜਗਤ ਪੁਰ ਦੇ ਸ਼ਹੀਦ | ੩੬੦ |


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੩੦੫ | ਪੰਜਵਾਂ ਮੁਕਦਮਾਂ ਸਾਜ਼ਸ਼ ਮੰਡੀ ਰਿਆਸਤ | ੩੬੦ |
| ੩੦੬ | ਮੀਆਂ ਜਵਾਹਰ ਸਿੰਘ ਜੀ | ੩੬੦ |
| ੩੦੭ | ਬਾਬਾ ਨਿਧਾਨ ਸਿੰਘ ਚੁਘਾ | ੩੬੧ |
| ੩੦੮ | ਬਾਬਾ ਰੂੜ ਸਿੰਘ ਜੀ ਚੂਹੜ ਚੱਕ | ੩੬੨ |
| ੩੦੯ | ਤੀਜਾ ਮੁਕਦਮਾ ਸਾਜ਼ਸ ਲਾਹੌਰ ਦੇ ਸੂਰਬੀਰ | ੩੬੫ |
| ੩੧੦ | ਸ: ਭਾਗ ਸਿੰਘ ਜੀ ਸ਼ਹੀਦ | ੩੬੮ |
| ੩੧੧ | ਸ: ਅਰਜਨ ਸਿੰਘ ਢੰਦ | ੩੭੦ |
| ੩੧੨ | ਮਾਸਟਰ ਊਧਮ ਸਿੰਘ ਜੀ ਸ਼ਹੀਦ | ੬੭੧ |
| ੩੧੩ | ਸ: ਪ੍ਰਿਥੀ ਸਿੰਘ ਜੀ | ੩੭੧ |
| ੩੧੪ | ਸੰਤ ਸੁੰਦਰ ਸਿੰਘ ਜੀ ਕੈਨੇਡੀਅਨ (ਸੰਤ ਸਿਪਾਹੀ) | ੩੭੨ |
| ੩੧੫ | ਸ: ਸਜਣ ਸਿੰਘ ਜੀ ਬੋਹਲਾ ਦੇਸ਼ ਭਗਤ | ੩੭੩ |
| ੩੧੬ | ਭਾਈ ਬੰਤਾ ਸਿੰਘ ਜੀ ਸ਼ਹੀਦ | ੩੭੩ |
| ੩੧੭ | ਸ: ਰਲਾ ਸਿੰਘ ਲੀਲਾਂ | ੩੭੫ |
| ੩੧੮ | ਕਾਮਰੇਡ ਹਜ਼ਾਰਾ ਸਿੰਘ ਜੀ ਹਮ ਦਮ | ੩੭੫ |
| ੩੧੯ | ਸ੍ਰੀ ਰਾਮ ਨਾਥ ਮੋਗਾ ਨੌਜਵਾਨ ਭਾਰਤ ਸਭਾ ਦੇ ਦੇਸ਼ ਭਗਤ | ੩੭੬ |
| ੩੨੦ | ਭਾਈ ਪ੍ਰੇਮ ਸਿੰਘ ਜੀ ਸਰਾਭਾ | ੩੭੭ |
| ੩੨੧ | ਸ: ਤੇਜਾ ਹਿੰਘ ਜੀ ਸਫਰੀ ਸਰਾਭਾ | ੩੭੮ |
| ੩੨੨. | ਬਾਬਾ ਨਿਧਾਨ ਸਿੰਘ ਜੀ ਮਟੇਸਰੀ ਐਮ. ਐਲ਼. ਏ | ੩੭੯ |
| ੩੨੩. | ਪਹਿਲਾ ਮੁਕਦਮਾ ਸਾਜ਼ਸ਼ ਲਾਹੌਰ ਦੇ ਉਹ ਦੇਸ਼ ਭਗਤ ਜੋ ੧੭ ਨਵੰਬਰ ੧੯੧੫ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਲਗੇ । | ੩੮੧ |
| ੩੨੪. | ਕੇਸ ਮਾਂਡਲਾ ਸਿੰਘਾ ਪੁਰ ਗਦਰ ਦਾ ਮੋਢੀ ਬਾਦਸ਼ਾਹ ਦੇ ਖਿਲਾਫ | ੩੮੨ |
| ੩੨੫. | ਮਾਂਡਲੇ ਸਾਜ਼ਸ਼ ਕੇਸ | ੩੮੩ |
| ੩੨੬. | ਇਸ ਕੇਸ ਵਿਚੋਂ ਹੇਠ ਲਿਖੇ ਸਜਣ ਭਗੌੜੇ ਹੋਏ | ੩੮੫ |
| ੩੨੭. | ਬਾਬੂ ਅਮਰ ਸਿੰਘ ਜੀ ਦੇਸ਼ ਭਗਤ | ੩੮੭ |
| ੩੨੮. | ੭ ਸਾਲ ਲਗਾਤਾਰ ਪਿੰਜਰੇ ਵਿਚ ਬੰਦ ਰਹੇ | ੩੮੭ |
| ੩੨੯. | ਬਾਬਾ ਅਮਰ ਸਿੰਘ ਜੀ ਦੀਆਂ ਕਵਿਤਾਵਾਂ | ੩੯੨ |
| ੩੩੦. | ਸ: ਹਰਿਦਿਤ ਸਿੰਘ ਜੀ | ੩੯੪ |
| ੩੩੧. | ਸ: ਨਰੈਣ ਸਿੰਘ ਜੀ ਸ਼ਹੀਦ | ੩੯੭ |
| ੩੩੨. | ਬਾਬਾ ਗੋਬਿੰਦ ਸਿੰਘ ਜੀ ਦੇਸ਼ ਭਗਤ | ੩੯੮ |
| ੩੩੩. | ਬਾਬੂ ਹਰਨਾਮ ਸਿੰਘ ਜੀ ਸਾਹਰੀ ਹੁਸ਼ਿਆਰ ਪੁਰ | ੩੯੮ |
| ੩੩੪. | ਸ੍ਰੀ ਸੋਹਨ ਲਾਲ ਪਾਠਕ | ੪੦੦ |
| ੩੩੫. | ਮਿ: ਅਲੀ ਅਹਿਮਦ ਸਦੀਕੀ ਸ਼ਹੀਦ ਮਾਂਡਲੇ ਸਾਜ਼ਸ਼ ਕੇਸ | ੪੦੨ |
| ੩੩੬. | ਮਿ: ਮੁਸਤਫਾ ਹੁਸੈਨ (ਮਾਂਡਲੇ ਸਾਜਸ਼ ਕੇਸ) | ੪੦੩ |
| ੩੩੭. | ਸ: ਨਿਰੰਜਨ ਸਿੰਘ ਜੀ ਸ਼ਹੀਦ | ੪੦੩ |
| ੩੩੮. | ਸ: ਪਾਲ ਸਿੰਘ ਜੀ ਸ਼ਹੀਦ (ਦੇਸ਼ ਭਗਤ) | ੪੦੪ |
| ੩੩੯. | ਭਾ: ਬਾਬੂ ਸਿੰਘ ਜੀ ਚੀਮਨਾ | ੪੦੫ |
| ੩੪੦. | ਸ: ਢੰਡਾ ਸਿੰਘ ਤੇ ਸ: ਰਤਨ ਸਿੰਘ ਮਲਕ | ੪੦੫ |
| ੩੪੧. | ਭਾਈ ਈਸ਼ਰ ਸਿੰਘ | ੪੦੮ |
| ੩੪੨. | ਬਾਗੀ ਇਨਕਲਾਬੀ | ੪੦੯ |


Digitized by Panjab Digital Library | www.panjabdigilib.org

ਨੰ: ਨਾਮ ਲੇਖ ਸਫਾ

## ਫਾਂਸੀ ਲਗਣ ਵਾਲੇ ਬਹਾਦਰ ਸੂਰਬੀਰ

੩੪੩. ਸ: ਆਸਾ ਸਿੰਘ ਸ਼ਹੀਦ ੪੧੧
੩੪੪. ਜਗੀਰ ਸਿੰਘ ਰਸਾਲਦਾਰ ਮੇਜਰ ੪੧੧
੩੪੫. ਦਫੇਦਾਰ ਪਿਆਰਾ ਸਿੰਘ ਜੀ ੪੧੧
੩੪੬. ਭਗਵਾਨ ਸਿੰਘ ਤੇ ਸ: ਜਗਮੇਲ ਸਿੰਘ ੪੧੧
੩੪੭. ਦਲੀਪ ਸਿੰਘ ਪਿੰਡ ਚਮਿੰਡੇ ੪੧੧
੩੪੮. ਕਰਨੈਲ ਸਿੰਘ ਜੀ ਵਿੰਝਲ ੪੧੧
੩੪੯. ਉਦੇ ਸਿੰਘ ਸਾਹਨੀ ੪੧੧
੩੫੦. ਭਾਈ ਵਜ਼ੀਰ ਸਿੰਘ ੪੧੨
੩੫੧. ਨਰਿੰਦਰ ਸਿੰਘ ਜੀ ੪੧੨
੩੫੨. ਸ: ਹਰਭਜਨ ਸਿੰਘ ਜੀ ੪੧੨
੩੫੩. ਸ: ਅਜਾਇਬ ਸਿੰਘ ਨੰਗਲ ਛੋਟੇ ੪੧੨
੩੫੪. ਸ: ਜੁਗਿੰਦਰ ਸਿੰਘ ਜੀ ਪਿੰਡ ਰੋੜੇ ਭੈਣੀ ੪੧੨
੩੫੫. ਸ: ਗੁਰਬਖ਼ਸ਼ ਸਿੰਘ ਜੀ ਪਿੰਡ ਵੱਡੀ ਬੇਰ ੪੧੨
੩੫੬. ਭਾਈ ਅਜੀਤ ਸਿੰਘ ਜੀ ਕੂਹਲੀ ਕਲਾਂ ੪੧੨
੩੫੭. ੨੧ ਨੰਬਰ ਰਸਾਲੇ ਦੇ ਫਾਂਸੀ ਲਗਣ ਵਾਲੇ ਬਹਾਦਰ ਸੂਰਬੀਰਾਂ ਵਿਚੋਂ ਜ਼ਿਲਾ ਅੰਮ੍ਰਿਤਸਰ। ੪੧੩
੩੫੮. ਸੁਦਾਗਰ ਸਿੰਘ ਦੂਹੜ ਚੱਕ ਜ਼ਿਲਾ ਫੀਰੋਜ਼ਪੁਰ ੪੧੩
੩੫੯. ਸ: ਫੂਲਾ ਸਿੰਘ ਜੀ ਦੂਹੜ ਚੱਕ ਜ਼ਿਲਾ ਫੀਰੋਜ਼ਪੁਰ ੪੧੩
੩੬੦. ੨੩ਵੇਂ ਰਸਾਲੇ ਵਿਚ ਫੌਜੀਆਂ ਨੂੰ ਇਨਕਲਾਬੀ ਲਹਿਰ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ। ੪੧੩
੩੬੧. ਭਾ: ਹਰਨਾਮ ਸਿੰਘ ਕਾਲਾ ਸਿੰਘ ਰਿ: ਕਪੂਰਥਲਾ। ੪੧੪
੩੬੨. ਅਣਖੀਲਾ ਫੌਜੀ ਇੰਦਰ ਸਿੰਘ ੪੧੪

## ਗੁਰੂ ਨਾਨਕ ਜਹਾਜ਼

੩੬੩. ਗੁਰੂ ਨਾਨਕ ਜਹਾਜ਼ ਕੈਨੇਡਾ ਦੀ ਵਿਥਿਆ ੪੧੭
੩੬੪. ਭਾਰਤ ਦੇ ਬਹੁਮੁੱਲੇ ਹੀਰੇ ੪੩੧

## ਗੁਰੂ ਨਾਨਕ ਜਹਾਜ਼ ਦੇ ਬਾਨੀ

੩੬੫. ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ੪੩੧
੩੬੬. ਬਾਬਾ ਜੀ ਦਾ ਉਜ਼ਰ ੪੩੨
੩੬੭. ਬਾਬਾ ਜੀ ਤੇ ਮੁਕੱਦਮਾ ਅਦਾਲਤ ਅੰਮ੍ਰਿਤਸਰ ਵਿਚ ੪੩੪
੩੬੮. ਬਾਬਾ ਜੀ ਦੇ ਖਿਲਾਫ ਗਵਾਹ ਅਦਾਲਤ ਅੰਮ੍ਰਿਤਸਰ ਵਿਖੇ ੨੬-੬-੧੯੨੨ ੪੩੪
੩੬੯. ਜ਼ਿਮੇਵਾਰ ਸ੍ਰਕਾਰ ਹਿੰਦ ਪਾਰਲੀਮੈਂਟ ਇੰਗਲੈਂਡ ਅਤੇ ਸਰਕਾਰ ਕੈਨੇਡਾ ਨੇ ਇਹ ਸਖਤ ਭੁੱਲਾਂ ਕੀਤੀਆਂ ਹਨ। ੪੩੪
੩੭੦. ਭਾ: ਮੇਵਾ ਸਿੰਘ ਜੀ ਸ਼ਹੀਦ ਦੀ ਜੀਵਨ ਵਿਥਿਆ। ੪੩੫
੩੭੧. ਜ਼ਿਲ੍ਹਾ ਅੰਮ੍ਰਿਤਸਰ-ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਲਿਸਟ। ੪੩੮

Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੩੭੨. | ਜ਼ਿਲ੍ਹਾ ਲੁਧਿਆਨਾ ਪੂਰਨ ਸਿੰਘ । | ੪੪੦ |
| ੩੭੩. | ਰਲਾ ਸਿੰਘ । | ੪੪੧ |
| ੩੭੪. | ਸ਼ੇਰ ਸਿੰਘ । | ੪੪੧ |
| ੩੭੫. | ਬਲਦੇਵ ਸਿੰਘ ਗਰੇਵਾਲ । | ੪੪੧ |
| ੩੭੬. | ਭਾ: ਮਸਤੂ ਸਿੰਘ ਜੀ (ਸ਼ਹੀਦ) ਲੀਲਾਂ ਮੇਘੋਦੀਆਂ । | ੪੪੨ |
| ੩੭੭. | ਭਾ, ਵੀਰ ਸਿੰਘ ਜੀ । | ੪੪੨ |
| ੩੭੮. | ਸ: ਪਹੌਲਾ ਸਿੰਘ ਬਰਸਾਲ ਦੇਸ਼ ਭਗਤ) । | ੪੪੨ |

(ਜ਼ਿਲ੍ਹਾ ਲੁਧਿਆਨਾ)

| ਨੰ: | ਨਾਮ ਲੇਖ | ਸਫਾ |
|---|---|---|
| ੩੭੯. | ਗੁਰੂ ਨਾਨਕ ਜਹਾਜ ਦੇ ਮੁਸਾਫਰਾਂ ਦੀ ਲਿਸਟ । | ੪੪੩ |

ਜ਼ਿਲ੍ਹਾ ਫੀਰੋਜ਼ਪੁਰ

| ਨੰ: | ਨਾਮ ਲੇਖ | ਸਫਾ |
|---|---|---|
| ੩੮੦. | ਸ: ਰਾਇ ਸਿੰਘ ਉਰਫ ਦਲਜੀਤ ਸਿੰਘ ਜੀ ਕੋਣੀ ਗੁਰੂ ਨਾਨਕ ਜਹਾਜ ਦੇ ਸਕੱਤ੍ਰ। | ੪੪੫ |
| ੩੮੧. | ਸ: ਮੱਲਾ ਸਿੰਘ (ਦੇਸ਼ ਭਗਤ) ਸੇਖਾ । | ੪੪੬ |
| ੩੮੨. | ਸ: ਜੈਮਲ ਸਿੰਘ (ਦੇਸ਼ ਭਗਤ) ਸੇਖਾ । | ੪੪੭ |
| ੩੮੩. | ਦਰਬਾਰ ਸਿੰਘ ਜੀ ਮਲਣ (ਦੇਸ਼ ਭਗਤ) । | ੪੪੭ |

ਜ਼ਿਲ੍ਹਾ ਫੀਰੋਜ਼ ਪੁਰ

| ਨੰ: | ਨਾਮ ਲੇਖ | ਸਫਾ |
|---|---|---|
| ੩੮੪. | ਗੁਰੂ ਨਾਨਕ ਜਹਾਜ ਦੇ ਮੁਸਾਫਰਾਂ ਦੀ ਲਿਸਟ । | ੪੪੮ |
| ੩੮੫. | ਭਾ: ਅਮਰ ਸਿੰਘ ਗਦਰੀ ਦੇਸ਼ ਭਗਤ । | ੪੫੦ |
| ੩੮੬. | ਸੁਰਜਨ ਸਿੰਘ ਜੀ ਸ਼ਹੀਦ। | ੪੫੧ |
| ੩੮੭. | ਜ਼ਿਲਾ ਅੰਬਾਲਾ ਦੇ ਮੁਸਾਫਰ ਗੁਰੂ ਨਾਨਕ ਜਹਾਜ। | ੪੫੧ |
| ੩੮੮. | ਰਿਆਸਤ ਨਾਭਾ ਦੇ ਮੁਸਾਫਰ ਗੁਰੂ ਨਾਨਕ ਜਹਾਜ਼। | ੪੫੧ |
| ੩੮੯. | ਕੌਮੀ ਸ਼ਹੀਦ ਸ਼: ਬਦਨ ਸਿੰਘ ਜੀ । | ੪੫੨ |
| ੩੯੦. | ਗਿ: ਸਰਦਾਰ ਸਿੰਘ ਜੀ "ਜ਼ੁਬਪ" । | ੪੫੩ |
| ੩੯੧. | ਸੰਸਾਰ ਸਿਨੇਮਾ | ੪੫੫ |
| ੩੯੨. | ਰਿਆਸਤ ਪਟਿਆਲਾ । | ੪੫੭ |

ਰਿਆਸਤ ਪਟਿਆਲਾ

| ਨੰ: | ਨਾਮ ਲੇਖ | ਸਫਾ |
|---|---|---|
| ੩੯੩. | ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਲਿਸਟ । | ੪੫੭ |
| ੩੯੪. | ਤਸੀਲ ਪੈਲ (ਰਿ: ਪਟਿਆਲਾ) । | ੪੫੯ |

ਜ਼ਿਲਾ ਜਾਲੰਧਰ

| ਨੰ: | ਨਾਮ ਲੇਖ | ਸਫਾ |
|---|---|---|
| ੩੯੫. | ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ | ੪੫੯ |

ਜ਼ਿਲਾ ਹਿਸਾਰ

| ਨੰ: | ਨਾਮ ਲੇਖ | ਸਫਾ |
|---|---|---|
| ੩੯੬. | ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਲਿਸਟ | ੪੬੦ |

ਜ਼ਿਲਾ ਹੁਸ਼ਿਆਰਪੁਰ

| ਨੰ: | ਨਾਮ ਲੇਖ | ਸਫਾ |
|---|---|---|
| ੩੯੭. | ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ | ੪੬੧ |

ਜ਼ਿਲਾ ਲਾਹੌਰ

| ਨੰ: | ਨਾਮ ਲੇਖ | ਸਫਾ |
|---|---|---|
| ੩੯੮. | ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ | ੪੬੧ |

ਜ਼ਿਲਾ ਲਾਇਲਪੁਰ


Digitized by Panjab Digital Library | www.panjabdigilib.org

| ਨੰ: | ਨਾਮ ਲੇਖ | ਸਫਾ |
|---|---|---|
| ੩੯੯. | ਗੁਰੂ ਨਾਨਕ ਜਰਾਜ਼ ਦੇ ਮੁਸਾਫਰਾਂ ਦੀ ਲਿਸਟ | ੪੬੨ |
| ੪੦੦. | ਜ਼ਿਲਾ ਗੁਜਰਾਂ ਵਾਲਾ | ੪੬੨ |
| | **ਜ਼ਿਲਾ ਗੁਰਦਾਸਪੁਰ** | |
| ੪੦੧. | ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ | ੪੬੩ |
| | **ਜ਼ਿਲਾ ਸ਼ਾਹਪੁਰ** | |
| ੪੦੨. | ਜੀਵਨ ਸ੍ਰੀ ਪਰਮਾਂ ਨੰਦ ਜੀ ਝਾਂਸੀ | ੪੬੪ |
| ੪੦੩. | ਕੌਮੀ ਗਦਾਰ ਬੇਲਾ ਸਿੰਘ | ੪੬੬ |
| ੪੦੪. | ੧੯੧੪–੧੫ ਦੀ ਦੇਸ਼ ਭਗਤ ਲਹਿਰ ਦਾ ਇਤਿਹਾਸ | ੪੬੮ |
| ੪੦੫. | ਕਾਮਾ ਗਾਟਾ ਮਾਰੂ ਜਹਾਜ਼ | ੪੭੬ |
| ੪੦੬. | ਗਦਰ ਪਾਰਟੀ ਦੀ ਕਾਇਮੀ | ੪੭੭ |
| ੪੦੭. | ੧੯੧੪–੧੫ ਵਾਲੇ ਦੇਸ਼ ਭਗਤ | ੪੭੮ |
| ੪੦੮. | ਸਾਰਾ ਗੜ੍ਹੀ ਦਾ ਜੰਗ | ੪੭੯ |
| ੪੦੯. | ਸਿਖ ਇਤਿਹਾਸ ਨੂੰ ਚਮਕੌਣ ਵਾਲੇ ਸਾਰਾ ਗੜ੍ਹੀ ਦੇ ਸਿਖ ਸ਼ਹੀਦਾਂ ਦੇ ਨਾਮ | ੪੮੦ |
| ੪੧੦. | ਕਾਂਗਰਸ ਲਹਿਰ | ੪੮੨ |
| ੪੧੧. | ਕਾਂਗਰਸ ਦੀ ਲਹਿਰ | ੪੮੩ |
| ੪੧੨. | ਲਾਲਾ ਲਾਜਪਤ ਰਾਏ ਦੇਸ਼ ਭਗਤ | ੪੮੫ |
| ੪੧੩. | ਸਾਈਮਨ ਕਮਿਸ਼ਨ ਦਾ ਬਾਈਕਾਟ | ੪੮੬ |
| ੪੧੪. | ਕਾਂਗਰਸ ਲਹਿਰ ਦੇ ਸਿਖ ਕਾਰਕੁਨ | ੪੮੯ |
| ੪੧੫. | ਗੁਰਦੁਆਰਾ ਨਾਤੂੰ ਕਿਤੂੰ । | ੪੯੧ |
| ੪੧੬. | ਗੁਰਦੁਆਰੇ ਕਿਵੇਂ ਬਣੇ । | ੪੯੨ |
| ੪੧੭. | ਗੁਰਦੁਆਰਾ ਗੁਰ ਦਰਬਾਰ । | ੪੯੨ |
| ੪੧੮. | ਸਿਖ ਵਿਚ ਗੁਰੂ ਤੋਂ ਕੁਰਬਾਨ ਹੋਣ ਦਾ ਮਾਦਾ । | ੪੯੭ |
| ੪੧੯. | ਅਕਾਲੀ ਲਹਿਰ ਦਾ ਮੁਢ । | ੫੦੦ |
| ੪੨੦. | ਬਬਰ ਅਕਾਲੀ ਲਹਿਰ ਦਾ ਆਦਿ ਅੰਤ । | ੫੦੩ |
| ੪੨੧. | ਅਕਾਲੀ ਲਹਿਰ ਤੇ ਝਾਕੀ । | ੫੦੫ |
| ੪੨੨. | ਕ੍ਰਿਪਾਨ ਤੇ ਪਾਬੰਦੀ | ੫੦੭ |
| ੪੨੩. | ਸਮਰਪਣ । | ੫੦੯ |
| | **ਅਕਾਲੀ ਲਹਿਰ** | |
| ੪੨੪. | ਅਕਾਲੀ ਲਹਿਰ ਦਾ ਆਰੰਭ | ੫੧੪ |
| ੪੨੫. | ਸ੍ਰੀ ਅਕਾਲ ਤਖਤ ਸਾਹਿਬ ਪੁਰ ਕਬਜ਼ਾ । | ੫੧੫ |
| ੪੨੬. | ਸ੍ਰੋ: ਕਮੇਟੀ ਦੀ ਕਾਇਮੀ । | ੫੨੦ |
| ੪੨੭. | ਸ੍ਰੋ: ਅਕਾਲੀ ਦਲ । | ੫੨੧ |
| ੪੨੮. | ਗੁ: ਪੰਜਾ ਸਾਹਿਬ । | ੫੨੨ |
| ੪੨੯. | ਸ੍ਰੀ ਤਰਨ ਤਾਰਨ ਦੇ ਮੋਰਚਾ ਦਾ ਕਾਰਨ । | ੫੨੨ |
| ੪੩੦. | ਗੁ: ਤਰਨ ਤਾਰਨ ਸਾਹਿਬ ਦਾ ਸਾਕਾ । | ੫੨੨ |
| ੪੩੧. | ਉਦਾਸੀ ਤੇ ਨਿਰਮਲਿਆਂ ਦੇ ਹਥ ਕਦ ਆਇਆ । | ੫੨੪ |
| ੪੩੨. | ਅਕਾਲੀ ਲਹਿਰ ਦੇ ਜੇਠੇ ਸ਼ਹੀਦ ਸ੍ਰੀ ਤਰਨ ਤਾਰਨ ਦੇ ਸ਼ਹੀਦਾਂ ਦਾ ਜੀਵਨ ਭਾ: ਹਜਾਰਾ ਸਿੰਘ । | ੫੨੫ |
| ੪੩੩. | ਸ: ਹੁਕਮ ਸਿੰਘ ਜੀ ਸ਼ਹੀਦ । | ੫੨੭ |
| ੪੩੪. | ਸ੍ਰੀ ਨਨਕਾਣੇ ਸਹਿਬ ਦੀਆਂ ਸ਼ਹੀਦੀਆਂ । | ੫੨੮ |
| ੪੩੫. | ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਦੇ ਜਥੇਦਾਰ ਭਾਈ ਲਛਮਣ ਸਿੰਘ । | ੫੩੧ |
| ੪੩੬. | ਧਾਰੋ ਵਾਲੀ ਚੱਕ ਨੰ: ੩੩ ਜ਼ਿਲ੍ਹਾ ਸ਼ੇਖੂ ਪੁਰਾ ਦੇ ਬਾਕੀ ਸ਼ਹੀਦ । | ੫੩੬ |
| ੪੩੭. | ੮੭ ਭਾਈ ਜੇਠਾ ਸਿੰਘ ਜੀ । | ੫੪੨ |
| ੪੩੮. | ਕਾਲੇ ਦਸਤਾਰੇ ਸਜਾਉਣੇ । | ੫੪੩ |
| ੪੩੯. | ਚਾਬੀਆਂ ਦਾ ਮੋਰਚਾ । | ੫੪੩ |


Digitized by Panjab Digital Library | www.panjabdigilib.org

ਨੰ: ਨਾਮ ਲੇਖ ਸਫਾ

੪੪੦. ਹੋਰ ਗੁਰਦੁਆਰਿਆਂ ਪਰ ਕਬਜ਼ਾ । ੫੪੫
੪੪੧. ਗੁਰੂ ਕੇ ਬਾਂਗ ਦਾ ਮੋਰਚਾ । ੫੪੬
੪੪੨. ਪੰ: ਮਦਨ ਮੋਹਨ ਮਾਲਵੀਆ ਜੀ ਦੀ ਆਮਦ । ੫੪੯
੪੪੩. ਗੁਰੂ ਕੇ ਬਾਗ ਦੇ ਕੁਝ ਸੂਰ ਬੀਰਾਂ ਦੀ ਸੂਚੀ ਪਤ੍ਰ । ੫੫੫
੪੪੪. ਜ਼ਿਲਾ ਅੰਮ੍ਰਿਤਸਰ ਦੇ ਗੁਰੂ ਕੇ ਬਾਗ ਦੇ ਸਿੰਘਾਂ ਦੇ ਨਾਮ । ੫੫੫


## ਜ਼ਿਲਾ ਫੀਰੋਜ਼ਪੁਰ

੪੪੫. ਤਸੀਲ ਫੀਰੋਜ਼ਪੁਰ ਗੁਰੂ ਕੇ ਬਾਗ ਵਾਲੇ ਸਿੰਘ। ੫੬੦
੪੪੬. ਤਹਿਸੀਲ ਫਾਜਲਕਾ ਜਿਲ੍ਹਾ ਫੀਰੋਜ ਪੁਰ ਗੁਰੂ ਕੇ ਬਾਗ ਵਾਲੇ ਸਿੰਘ । ੫੬੧
੪੪੭. ਤਹਸੀਲ ਜੀਰਾ ਜ਼ਿਲ੍ਹਾ ਫੀਰੋਜ਼ ਪੁਰ । ੫੬੨
੪੪੮. ਤਹਿਸੀਲ ਮੁਕਤਸਰ ਮੋਰਚਾ ਮੋਰਚਾ ਗੁਰੂ ਕੇ ਬਾਗਵਾਲੇ ਸਿੰਘ ।੫੬੩
੪੪੯. ਤਹਿਸੀਲ ਮੋਗਾ ਮੋਰਚਾ ਗੁਰੂ ਕੇ ਬਾਗ਼ ਵਾਲੇ ਸਿੰਘ । ੪੬੩
੪੫੦. ਜ਼ਿਲਾ ਲੁਧਿਆਨਾ ਤਹਿਸਾਲ ਜਗਰਾਓਂ ਦੇ ਗੁਰੂ ਕੇ ਬਾਗ਼ ਵਾਲੇ ਸਿੰਘ । ੫੬੯
੪੫੧. ਤਹਿਸੀਲ ਸਮਰਾਲਾ ਦੇ ਸਿੰਘ । ੫੭੩

ਨੰ: ਨਾਮ ਲੇਖ ਸਫਾ

੪੫੨. ਤਹਿਸੀਲ ਲੁਧਿਆਨਾ ਗੁਰੂ ਕੇ ਬਾਗ਼ ਵਾਲੇ ਸਿੰਘ । ੫੭੩
੪੫੩. ਜ਼ਿਲ੍ਹਾ ਲੁਧਿਆਨਾ ਦੇ ਕੁਝ ਹੋਰ ਸਿੰਘ । ੫੭੮
੪੫੪. ਫਰੀਦ ਕੋਟ ਗੁਰੂ ਕੇ ਬਾਗ਼ ਵਾਲੇ ਸਿੰਘ । ੫੭੯
੪੫੫. ਪਟਿਆਲਾ ਗੁਰੂ ਕੇ ਬਾਗ਼ ਵਾਲੇ ਸਿੰਘ । ੫੭੯
੪੫੬. ਨਾਭਾ ਗੁਰੂ ਕੇ ਬਾਗ਼ ਵਾਲੇ ਸਿੰਘ ।
੪੫੭. ਜ਼ਿਲ੍ਹਾ ਅੰਬਾਲਾ ਮੋਰਚਾ ਗੁਰੂ ਕਾ ਬਾਗ਼ ਤਹਿਸੀਲ ਖਰੜ । ੫੮੧
੪੫੮. ਜ਼ਿਲ੍ਹਾ ਲਾਹੌਰ ਗੁਰੂ ਕੇ ਬਾਗ਼ ਵਾਲੇ ਸਿੰਘ । ੫੮੨
੪੫੯. ਜ਼ਿਲ੍ਹਾ ਜਲੰਧਰ ਗੁਰੂ ਕੇ ਬਾਗ਼ ਵਾਲੇ ਸਿੰਘ । ੫੮੭
੪੬੦. ਜ਼ਿਲ੍ਹਾ ਲਾਇਲ ਪੁਰ ਗੁਰੂ ਕੇ ਬਾਗ਼ ਵਾਲੇ ਸਿੰਘ । ੫੯੦
੪੬੧. ਜ਼ਿਲ੍ਹਾ ਗੁਰਦਾਸ ਪੁਰ ਮੋਰਚਾ ਗੁਰੂ ਕੇ ਬਾਗ਼ ਵਾਲੇ ਸਿੰਘ । ੫੯੩
੪੬੨. ਜ਼ਿਲ੍ਹਾ ਹੁਸ਼ਿਆਰ ਪੁਰ ਮੋਰਚਾ ਗੁਰੂ ਕੇ ਬਾਗ਼ ਵਾਲੇ ਸਿੰਘ । ੫੯੬
੪੬੩. ਜ਼ਿਲ੍ਹਾ ਕਪੂਰ ਥਲਾ ਮੋਰਚਾ ਗੁਰੂ ਕੇ ਬਾਗ਼ ਵਾਲੇ ਸਿੰਘ । ੫੯੯
੪੬੪. ਵਖ ੨ ਜਿਲ੍ਹਿਆਂ ਦੇ ਗੁਰੂ ਕੇ ਬਾਗ਼ ਵਾਲੇ ਸਿੰਘ । ੬੦੦

Digitized by Panjab Digital Library | www.panjabdigilib.org



ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜੰਨੇਤਪੁਰਾ

ਜਿਸ ਤੋਂ ਸ੍ਰੀ ਗੁਰੂ ਜੀ ਨੇ ਇਤਿਹਾਸ ਦੀ ਸੇਵਾ ਲਈ ਹੈ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਸ੍ਰੀ ਅਕਾਲ ਪੁਰਖ ਜੀ ਦੇ, "ਗੁਰੂ ਨਾਨਕ ਦੇਵ ਗੋਬਿੰਦ ਰੂਪ" ਨੇ ਦਸ ਅਵਤਾਰ ਧਾਰਕੇ ਸੰਸਾਰ ਵਿਚ ਸੱਚ ਦਾ ਪ੍ਰਕਾਸ਼ ਕੀਤਾ, ਗੁਰੂ ਗ੍ਰੰਥ ਸਾਹਿਬ ਯਾਰਵੇਂ ਸਰੂਪ, ਤੇ ਖਾਲਸਾ ਪੰਥ ਸਾਜਿਆ, ਗੁਰ ਮਾਰਗ ਚਲਣ ਵਾਲੇ ਗੁਰਸਿਖਾਂ ਨੂੰ ਚੌਰਾਸੀ ਦੇ ਦੁਖਾਂ ਤੋਂ ਛਡਾਕੇ "ਰਾਜ ਮੈਂ ਰਾਜ, ਜੋਗ ਮੈਂ ਜੋਗੀ," ਮੁਕਤ ਭੁਗਤ ਦੇ ਦਾਤੇ ਬਣਾਕੇ ਭਾਵ ਜੀਵਨ ਮੁਕਤੀ ਤੇ ਉਸ ਤੋਂ ਵੱਧ ਪ੍ਰੇਮਾ ਭਗਤੀ ਦੇ ਸੁਖ ਭੁਗਾਏ ।"

ਦੁਨੀਆਂ ਵਿਚ ਹਰ ਇਕ ਪੰਥ ਦੀ ਬੁਨਿਆਦਿ ਸੱਚਾ ਅਤੇ ਪੂਰਨ ਇਤਿਹਾਸ ਸਮਝਿਆ ਜਾਂਦਾ ਹੈ । ਪਰ ਸ੍ਰੀ ਗੁਰੂ ਸਾਹਿਬਾਂ ਨੇ ਗੁਰੂ ਪੰਥ ਦੀ ਟੇਕ ਅਕਾਲੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਰੱਖੀ । ਆਪਨੇ ਧਰਮ, ਆਦਰਸ਼ ਤੇ ਗੁਰੂ ਪੰਥ ਨੂੰ ਇਤਿਹਾਸ ਅਤੇ ਕੇਵਲ ਇਤਿਹਾਸ ਤੇ ਨਹੀਂ ਟਿਕਾਇਆ । ਪਰੰਤੂ "ਛੈਲ ਲੰਘਦੇ ਪਾਰ ਗੋਰੀ ਮਨ ਧੀਰਿਆ" ਦੇ ਅਸੂਲ ਅਨੁਸਾਰ ਗੁਰ ਸਿੱਖ ਦੇ ਪੰਥ (ਰਸਤੇ) ਵਿੱਚ ਇਤਿਹਾਸ ਰੂਪ ਦੀਪ ਦੇ ਚਾਨਣੇ (ਸੱਚ) ਦੀ ਲੋੜ ਕਦੇ ਘਟ ਨਹੀਂ ਹੋ ਸਕਦੀ । ਚਾਨਣਾ ਮੁਨਾਰ ਸਿਧ ਤ ਇਤਿਹਾਸ ਦੇ ਸਮਝਣ ਤੇ ਉਸਤੋਂ ਸੁਖ ਲੈਣ ਲਈ ਪੂਰਨਿਆ ਦਾ ਕੰਮ ਦਿੰਦਾ ਹੈ ਸਥੂਲ ਨਮੂਨੇ ਅੱਖਾਂ ਅਗੇ ਲਿਆਕੇ ਸੂਖਮ ਭਾਵਾਂ ਦਾ ਨਕਸ਼ਾ ਬੰਨਕੇ ਦਿਲ ਤੇ ਬਿਠਾਂਦਾ ਹੈ ਇਸ ਲਈ ਸੱਚਾ ਇਤਿਹਾਸ ਬੁਨਯਾਦੀ ਪੱਥਰਾਂ ਵਿਚੋਂ ਇਕ ਸੁਚੱਜੀ ਥਾਂ ਮਲਦਾ ਹੈ ।

ਸਿਖ ਕੌਮ ਅੰਦਰ ਇਤਹਾਸਕ ਸੋਮੇ ਹੇਠ ਲਿਖੇ ਹਨ ।

(੧) ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸੰਮਤ ਸ੍ਰੀ ਗੁਰੂ ਨਾਨਕ ਸ਼ਾਹੀ ੭੧ ਵਿਖੇ ਭਾਈ ਬਾਲੇ ਜੀ ਤੋਂ ਸੁਣਿਆ ਤੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਜਨਮ ਸਾਖੀ ਨੂੰ ਇਤਹਾਸਕ ਰੂਪ ਵਿਚ ਪ੍ਰਕਾਸ਼ਤ ਕੀਤਾ । (ਜਿਸ ਦੇ ਲਿਖਾਰੀ ਭਾਈ ਪੈੜਾ ਮੋਖਾ ਜੀ ਸਨ)

(੨) ਫੇਰ ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਸੰ: ੧੪੨ ਵਿਖੇ ਛੇਵੀਂ ਪਾਤਸ਼ਾਹੀ ਤੱਕ ਵਾਰਾਂ ਵਿਖੇ ਪ੍ਰਕਾਸ਼ਤ ਕੀਤਾ ।

(੩) ਸ੍ਰੀ ਮਾਨ ਬ੍ਰਹਮ ਗਿਆਨੀ ਭਾ. ਸਾ. ਮਨੀ ਸਿੰਘ ਜੀ ਨੇ ਸੰ. ੨੫੦ ਵਿਖੇ ਜਨਮ ਸਾਖੀ ਆਦਿ ਲਿਖੀ, ਅਤੇ ਭਾਈ ਭਗਤ ਸਿੰਘ ਜੀ ਨੇ ਗੁਰ ਬਿਲਾਸ ਪਾਤਸ਼ਾਹੀ, ਛੇਵੀਂ ਪ੍ਰਕਾਸ਼ਤ ਕੀਤਾ ।

(੪) ਸ੍ਰੀ ਮਾਨ ਭਾਈ ਸੁਖਾ ਸਿੰਘ ਜੀ ਨੇ ੩੩੦ ਵਿਖੇ ਗੁਰ ਬਿਲਾਸ ਪਾਤਸ਼ਾਹੀ ੧੦ ਪ੍ਰਕਾਸ਼ ਕੀਤਾ ।

(੫) ਸ੍ਰੀਮਾਨ ਯੋਗ ਵਿਦਿਆ ਸਾਗਰ ਭਾਈ ਸੰਤੋਖ ਸਿੰਘ ਜੀ ਕਵੀ ਚੂੜਮਣਿ ਨੇ ਸੰ. ੧੮੮੦ ਵਿਖੇ ਗਰੰਥਾਂ (੧) ਅਮਰ ਕੋਸ਼ (੨) ਗੁਰੂ ਨਾਨਕ ਪ੍ਰਕਾਸ਼ ਸੰਮਤ ੧੮੮੦ (੩) ਜਪ ਜੀ ਸਾਹਿਬ ਦਾ ਗਰਬ ਗੰਜਨੀ, ਟੀਕਾ ਜੋ ਸੰਮਤ ੧੮੮੬ ਵਿਚ ਸਮਾਪਤ ਕੀਤਾ (੪) ਆਤਮ ਪੁਰਾਣ ਦਾ ਉਲਥਾ (੫) ਵਾਲਮੀਕ ਰਾਮਾਯਣ ਦਾ ਉਲਥਾ ੧੮੯੧ (੬) ਗੁਰ ਪ੍ਰਤਾਪ ਸਰਬ (ਸੂਰਜ ਪ੍ਰਕਾਸ਼ ਸੰਮਤ ੧੯੦੦ ਦੇ ਖਰੜੇ ਤਿਆਰ ਕੀਤੇ ਪਰੰਤੂ* ਸ਼ੋਕ ਹੈ ਅਤੇ ਪ੍ਰਕਾਸ਼ਤ ਹੋਣ ਤੋਂ ਪਹਿਲੇ

*ਭਾਈ ਸਾਃ ਸੰਤੋਖ ਜੀ ਦੇ ਸਰੀਰ ਸ਼ਾਂਤ ਹੋਣ ਪਿਛੋਂ ।

Digitized by Panjab Digital Library | www.panjabdigilib.org

ਹੀ ਇਹ ਖਰੜਾ ਗੁਰਮਤ ਵਿਰੋਧੀਆਂ ਦੇ ਹੱਥ ਆਕੇ ਅਨੇਕ ਗੁਰਮਤ ਪ੍ਰਤਕੂਲ ਪ੍ਰਸੰਗ ਸਹਿਤ ਪ੍ਰਕਾਸ਼ਤ ਹੋਯਾ ਪਰੰਤੂ ਸਤਿ ਪੁਰਸ਼ ਜੋ ਬੀਜ ਬੀਜਦੇ ਹਨ ਓਹੋ ਨਿਸਫਲ ਕਦੀ ਨਹੀਂ ਜਾਂਦਾ। ਗੁਰ ਇਤਿਹਾਸ ਵਿਖੇ ਇਸ ਤਰ੍ਹਾਂ ਦੀ ਮਿਲਾਵਟ ਹੋ ਜਾਨ ਤੇ ਭੀ ਜੋ ਗੁਰਮਤ ਪਿਆਰੇ ਭਰੋਸੇ ਵਾਲੇ ਗੁਰ ਸਿਖ ਸਨ ਉਹ ਸਦਾ ਹੀ ਗੁਰ ਬਾਣੀ ਦੇ ਆਸਰੇ ਹੋ ਕਰ ਆਪਣੇ ਸ੍ਰੀ ਗੁਰਪੁਰ ਦੇ ਅਨੰਦ ਨੂੰ ਮਾਣਦੇ ਰਹੇ।

(੬) ਸ੍ਰੀ ਮਾਨ ਗਿ. ਗਿਆਨ ਸਿੰਘ ਜੀ ਨੇ ਸੰਃ ੧੯੩੭ ਵਿਖੇ ਤਵਾਰੀਖ ਗੁਰ ਖਾਲਸਾ ਤੇ ਪੰਥ ਪ੍ਰਕਾਸ਼ ਇਤ ਆਦਿ ਲਿਖ ਕਰਕੇ ਗੁਰੂ ਪੰਥ ਦੀ ਬੇਮਸਾਲ ਸੇਵਾ ਕੀਤੀ ਹੈ।

(੭) ਸ੍ਰੀ ਮਾਨ ਭਾ: ਧੰਨਾ ਸਿੰਘ ਜੀ ਨੇ ਲਿਖਣ ਦਾ ਉਪਰਾਲਾ ਕੀਤਾ ਜੋ ਸਰੀਰ ਸ਼ਾਂਤ ਹੋਣ ਤੇ ਸਿਰੇ ਨਾ ਚੜ੍ਹ ਸਕਿਆ।

(੮) ਸ੍ਰੀ ਮਾਨ ਸ. ਕਰਮ ਸਿੰਘ ਜੀ ਝਬਾਲ ਹਿਸਟੋਰੀਅਨ ਨੇ ਬੜਾ ਹੀ ਪੁਰਸ਼ਾਰਥ ਕੀਤਾ ਜੋ ਸ੍ਰੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰਪੁਰੀ ਸੁਧਾਰ ਗਏ ਜੋ ਅਨਗਿਨਤ ਮਿਹਨਤ ਕੀਤੀ ਸੀ ਸੋ ਸਿਰੇ ਨਾ ਚੜ ਸਕੀ। ਜੋ ਇਤਿਹਾਸ ਮਸਾਲਾ ਇਕਤ੍ਰ ਕੀਤਾ ਸੀ ਉਹੋ ਕਿਸੇ ਗੁਰੂ ਪਿਆਰੇ ਕੋਲ ਪਿਆ ਹੋਣਾ ਹੈ।

(੯) ਦਾਸ ਨੂੰ ਇਤਿਹਾਸ ਲਿਖਣ ਦਾ ਖਿਆਲ ਕਿਉਂ ਪੈਦਾ ਹੋਇਆ ਜਦ ੧੯੨੧ ਨਵੰਬਰ ਨੂੰ ਗੁਰਦਵਾਰਾ ਜਾਗਰਤ ਸਰ* ਸ਼ੇਰ ਪੁਰਾ ਕਲਾਂ ਤਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਗੁਰੂ

---

*ਏਹ ਜਗਾ ਛਪੜ ਕਨਾਰੇ ਸ਼ਾਮਲਾਟ ਵਿਚ ਰਵਿਦਾਸ ਉਦਾਸੀ ਸਾਧੂ ਆ ਕੇ ਟਿਕ ਗਿਆ, ਜਿਸ ਨੇ ਆਪ ਹੀ ਛਪੜ ਵਿਚੋਂ ਇਟਾਂ (ਗੁਮੇ ਰੋੜੇ) ਚਕ ੨ ਕੇ ਜਗ੍ਹਾ ਬਣਾ ਲਈ ਅਰ ਨਾਲ ਹੀ ਨਿਵਾਣ ਵਿਚ ਭਰਤ ਪਾਕੇ ਜਗ੍ਹਾ ਪਾਣੀ ਤੋਂ ਉਚੀ ਕਰ ਲਈ ਉਸ ਦੇ ਸਰੀਰ ਛਡ ਜਾਣ ਪਿਛੋਂ ਸੰਤ ਪ੍ਰਿਆ ਦਾਸ ਨਿਰੰਕਾਰੀ ਆਇਆ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਛੋਟੀ ਜਿਹੀ ਕੋਠੜੀ ਪਕੀ ਬਣਾ ਲਈ ਸੰ: ਪ੍ਰਿਆ ਦਾਸ ਦੇ ਉਠ ਜਾਣ ਤੋਂ ਪਿਛੋਂ ਕੋਈ ਸੇਵਾਦਾਰ ਨਾ ਹੋਣ ਕਰਕੇ ਨਗਰ ਵਾਲਿਆਂ ਨੇ ਇਕ ਮਹਾਂ ਦਲਿੱਦਰੀ ਘੋਗੀ ਜਿਹਾ ਅਲੜ ਖਾਣ ਪੀਣ ਵਾਲਾ ਹਰਚੰਦ ਸਿੰਘ ਮਾਣੂਕੇ ਗਿਲਾਦਾ ਟਿਕਾ ਲਿਆ ਜਿਸ ਦੀ ਮਜੂਦਗੀ ਤੇ ਅਨਗਾਹਲੀ ਨਾਲ ੧੬-੧੭ ਨਵੰਬਰ ੧੯੨੭ ਦੀ ਦਰਮਿਆਨੀ ਰਾਤ ਨੂੰ ਕਿਸੇ ਅਧਮ ਪਾਪੀ ਨੇ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਤਲ ਕਰਕੇ ਸਮੂੰਹ ਗੁਰੂ ਨਾਨਕ ਨਾਮ ਲੇਵੇ ਪੰਥ ਦੇ ਹਿਰਦੇ ਤੇ ਸਖਤ ਚੋਟ ਮਾਰੀ ਤੇ ਸੂਬਾ ਤੇਤਾ ਸਿੰਘ ਮਜ਼ਹਬੀ ਸਿੰਘ ਨੇ ਆਕੇ ਜਦ ਸਤਿਗੁਰੂ ਜੀ ਦੇ ਸਰੂਪ ਨੂੰ ਦੇਖਿਆ ਤਾਂ ਮਹੰਤ ਨੂੰ ਬਹੋੜੀ ਪੈਂਦੇ ਪਾਕੇ ਦੁਹਾਈ ਦਿੰਦੇ ਨੇ ਜਗਾਇਆ ਪਰ ਮਹੰਤ ਪਛਤਾਵਾ ਕਰਨ ਦੀ ਥਾਂ ਆਪਣੇ ਨਿਤਾ ਪ੍ਰਤੀ ਅਮਲ ਚਾਹ ਪਾਣੀ ਛਕਣ ਦੇ ਆਹਰ ਵਿਚ ਲਗਾ ਰਿਹਾ। ਪਰ ਪਿੰਡ ਵਾਲੀ ਸੰਗਤ ਨੇ ਖੋਜੀ ਲੈਕੇ ਪੈੜ ਕਢਾਉਣ ਦਾ ਜਤਨ ਕੀਤਾ ਪਰ ਉਹ ਨਿਸਫਲ ਰਹੇ। ਓਨਹੀ ਦਿਨੀ ਬਾਬਾ ਖੜਕ ਸਿੰਘ ਪੰਥ ਦੇ ਬੇਤਾਜ ਬਾਦਸ਼ਾਹ ਨੇ ਪੰਜ ਸਾਲਾ ਨਗਨੇ ਜਿਹਲ ਕਟਕੇ ਪੰਜਾਬ ਦਾ ਦੌਰਾ ਅਰੰਭਿਆ ਉਸ ਅਨੁਸਾਰ ਜ਼ਿਲਾ ਲੁਧਿਆਣਾ ਪਿੰਡ ਰੂਮੀ ਤਸੀਲ ਜਗਰਾਉਂ ਵਿਖੇ ਬਾਬਾ ਜੀ ਦਾ ਸੁਆਗਤ ਹੋਣਾ ਸੀ। ਜਿਸ ਦੀ ਸੁਆਗਤੀ ਕਮੇਟੀ ਵਿਚ ਦਾਸ ਨੂੰ ਸੰਗਤ ਨੇ ਸ਼ਾਮਲ ਕੀਤਾ। ਬਾਬਾ ਜੀ ਦਾ ਦੌਰਾ ੧੬–੧੭ ਨਵੰਬਰ ੧੯੨੭ ਦਾ ਸੀ। ਬਾਬਾ ਜੀ ਦਾ ਸੁਆਗਤ ਤੇਦੀਵਾਨ

[ਬਾਕੀ ਅਗਲੇ ਸਫੇ ਤੇ]

Digitized by Panjab Digital Library | www.panjabdigilib.org

ਪੰਥ ਸਾਹਿਬ ਜੀ ਨੇ ਦਾਸ ਦੀ ਸੇਵਾ ਲਾਈ ਤਾਂ ਦਾਸ ਨੇ ਧੰਨ ਭਾਗ ਸਮਝਕੇ ਸੇਵਾ ਪ੍ਰਵਾਨ ਕੀਤੀ ਜਦ ਕੁਝ ਚਿਰ ਰਹਿੰਦਿਆਂ ਹੋਇ ਤਾਂ ਪਿੰਡ ਦੀ ਸੰਗਤ ਨਾਲ ਮਿਲ ਕੇ ਅੱਖਬਾਰਾਂ ਦਾ ਇੰਤਜ਼ਾਮ ਕੀਤਾ ਤੇ ਅਖਬਾਰਾਂ ਤੋਂ ਪਤਾ ਲਗਾ ਕਿ 'ਸ: ਭਗਤ ਸਿੰਘ ਜੀ ਨੂੰ ਫਾਂਸੀ ਦਿਤਾ ਗਿਆ' ਪੜ੍ਹਿਆ ਤਾਂ ਚਿਤ ਵਿਚ ਖਿਆਲ ਫੁਰਿਆ ਕਿ ਮੈਂ ਏਹਨਾਂ ਸ਼ਹੀਦਾਂ ਦੀ ਕੀ ਸੇਵਾ ਕਰਾਂ ਸਰਬ ਬਿਆਪੀ ਗੁਰੂ ਜੀ ਨੇ ਪ੍ਰੇਰਨਾ ਇਸ ਪਰਕਾਰ ਕੀਤੀ ਕਿ ਦੋ ਮੰਜ਼ਲਾ ਗੋਲ ਮਕਾਨ ਬਨਾਇਆ ਜਾਵੇ ਜਿਸ ਦੀ ਇਕ ਛਤ ਤੇ ਦੇਸ਼ ਭਗਤਾਂ ਦੇ ਫੋਟੋ ਚਿਤਰੇ ਜਾਣ ਦੂਜੇ ਚੁ ਨਾਮ ਅਭਿਆਸੀ ਸੰਤ ਮਹਾਂਤਮਾ ਦੇ ਫੋਟੋ ਚਿਤਰੇ ਜਾਣ ਤੇ ਸਾਲ ਦੇ ਸਾਲ ਸ਼ਹੀਦਾਂ ਦੀ ਯਾਦ ਵਿਚ ਮੇਲਾ ਹੋਵੇ ਉਸ ਵਕਤ ਸ਼ਰਧਾਲੂਆਂ ਨੂੰ ਦਰਸ਼ਨ ਕਰਾਇ ਜਾਇਆ ਕਰਨ। ਇਸ ਖਿਆਲ ਨਾਲ ਮੈਂ ਬੇਅੰਤ ਸੰਤ ਮਹਾਤਮਾ ਤੇ ਕੁਰਬਾਨੀ ਪੁੰਜ ਸ਼ਹੀਦਾਂ ਦੇ ਫੋਟੋ ਇਕਤ੍ਰ ਕੀਤੇ ਜੋ ਬੜੇ ਪ੍ਰੇਮ ਨਾਲ ਸਾਂਭ ਕੇ ਰਖੇ ਜਦ ਨੂੰ ਗੁਰੂ ਸੰਗਤ ਜੀ ਨੇ ਦਾਸ ਨੂੰ ਗੁਰਦੁਵਾਰਾ ਗੁਰੂ ਨਾਨਕ ਹਰਿ ਗੋਬਿੰਦ ਸਰ, ਸੋਢੀ ਵਾਲ ਸੇਵਾ ਲਈ ਬਦਲ ਕੇ ਲਿਆਂਦਾ। ਇਤਿਹਾਸਕ ਮਸਾਲਾ ਗੁ: ਸਾ: ਜਾਗਰਤਸਰ ਸ਼ੇਰ ਪੁਰਾ ਦੇ ਪ੍ਰਬੰਧਕਾਂ ਦੇ ਸਪੁਰਦ ਕਰਕੇ ਗੁ: ਬੌਲੀ ਸਾਹਿਬ ਜੀ ਆ ਗਿਆ। ਜਦ ਕੁਝ ਚਿਰ ਤੋਂ ਬਾਦ ਦਾਸ ਗੁ: ਸ: ਜਾਗਰਤ ਸਰ ਸ਼ੇਰ ਪੁਰਾ ਕਲਾਂ ਵਿਖੇ ਦਰਸ਼ਨ

---

[ਪਿਛਲੇ ਸਫੇ ਦੀ ਬਾਕੀ]

ਦੀ ਸਮਾਪਤੀ ਤੋਂ ਪਿਛੋਂ ਭਾ; ਮਹਿੰਗਾ ਸਿੰਘ ਜੀ ਜਨੇਤ ਪੁਰ, ਭਾ: ਗੁਰਮੁਖ ਸਿੰਘ ਮਨਸੀਹਾ ਬਾਜ ਤੇ ਦਾਸ ਜਗਰਾਉਂ ਤੇ ਸ਼ੇਰ ਪੁਰਾ ਦੇ ਅਧ ਵਿਚ ਆਏ ਤਾਂ ਸ: ਰੋਡਾ ਸਿੰਘ ਜਥੇਦਾਰ ਰਾਮਗੜ੍ਹੀਆ ਸ਼ੇਰ ਪੁਰਾ ਵਾਲੇ ਨੇ ਇਸ ਘੋਰ ਬੇਅਦਬੀ ਦਾ ਹਾਲ ਸੁਣਾਇਆ ਤਾਂ ਅਸੀਂ ਤਿੰਨੇ ਸਿੰਘ ਗੁਰਦੁਆਰਾ ਸਾਹਿਬ ਜੀ ਆਏ ਤੇ ਹਾਲਤ ਦੇਖਕੇ ਸਾਰਿਆਂ ਦੇ ਸਾਨ ਮਾਰੇ ਗਏ। ਪੜਤਾਲ ਲਈ ਗਲ ਬਾਤ ਕਰਦਿਆਂ ਦਿਨ ਛਿਪ ਗਿਆ। ਦਾਸ ਨੇ ਪੈੜ ਦਬਾਕੇ ਭਾ: ਤੋਤਾ ਸਿੰਘ ਮਜ਼ਹਬੀ ਨੂੰ ਨਿਗਾਬਾਨੀ ਛਡ ਕੇ ਚੌਫੇਰੇ ਦੇ ਪਿੰਡੀ ਰਾਤੋ ਰਾਤ ਏਹ ਦੁਖਦਾਈ ਘਟਨਾ ਸੁਣਾ ਕੇ ਅੰਮ੍ਰਿਤ ਵੇਲੇ ਮੁੜ ਕੇ ਗੁਰਦੁਆਰਾ ਸ਼ੇਰ ਪੁਰਾ ਕਲਾਂ ਵਿਖੇ ਆ ਦਰਸ਼ਨ ਕੀਤੇ। ਥੋੜੇ ਹੀ ਅਰਸੇ ਦੇ ਅੰਦਰ ਗੁਰੂ ਪਿਆਰੀਆਂ ਸੰਗਤਾਂ ਸ਼ੇਰ ਪੁਰੇ ਦੇ ਚੋਗਿਰਦ ਪਿੰਡਾਂ ਤੋਂ ਔਣ ਲਗੀਆਂ ਅਤੇ ੧੯ ਨਵੰਬਰ ੧੯੨੭ ਨੂੰ ਸੁਬਾ ੧੨ ਬਜੇ ਪੰਜ ਹਜ਼ਾਰ ਦੇ ਲਗ ਭਗ ਜਨਰਲ ਇਕਤ੍ਰਤਾ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਵੈਸਰਾਇ ਹਿੰਦ, ਸ਼ਿਮਲਾ, ਗਵਰਨਰ ਪੰਜਾਬ ਲਾਹੌਰ, ਡਿਪਟੀ ਕਮਿਸ਼ਨਰ ਜਲੰਧਰ, ਡਿਪਟੀ ਪੁਲੀਸ ਕਪਤਾਨ ਜ਼ਿਲਾ ਲੁਧਿਆਣਾ ਤੇ ਥਾਣਾ ਜਗਰਾਉਂ ਸ਼੍ਰੋ: ਗੁ: ਪ੍ਰ: ਕਮੇਟੀ ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਪ੍ਰਤੀਨਿਧ ਖਾਲਸਾ ਮਾਲਵਾ ਦੀਵਾਨ ਇਤ ਆਦਿ ਥਾਵਾਂ ਨੂੰ ਤਾਰਾਂ ਤੇ ਫੋਨ ਕੀਤੇ ਜਾਣ। ਪ੍ਰਾਸਚਿਤ ਵਜੋਂ ੧੦੧ ਅਖੰਡ ਪਾਠ ਗੁਰੂ ਪੰਥ ਵਲੋਂ ਕੀਤੇ ਜਾਣ। ਅਰ ਪਾਠ ਪ੍ਰਬੰਧਕ ਦਾਸ ਨੂੰ ਜਥੇਦਾਰ ਥਾਪਕੇ ੧੦੧ ਅਖੰਡ ਪਾਠ ਅਰੰਭ ਕਰ ਦਿਤੇ ਜਿਨ੍ਹਾਂ ਦੀ ਸੰਪੂਰਨਤਾਈ ੨੭ ਮਈ ੧੯੨੮ ਨੂੰ ਹੋਣ ਤੇ ਇਸ ਹਾਦਸੇ ਦੀ ਯਾਦ ਵਿਚ ਗੁ: ਜਾਗਰਤਸਰ ਸਾਹਿਬ ਜੀ ਦੀ ਪੰਥ ਵਲੋਂ ਬੁਨਿਆਦ ਰਖੀ ਗਈ ਅਤੇ ਬਹੁਤ ਸੁੰਦਰ ਗੁਰਅਸਥਾਨ ਬਣਾਇਆ ਜਿਸ ਵਿਚ ਲੰਗਰ ਤੇ ਰਿਹੈਸ਼ ਦੀ ਇਮਾਰਤ ਵੀ ਤਿਆਰ ਕੀਤੀ ਗਈ। ਇਸ ਯਾਦ ਵਿਚ ਸਾਲਾਨਾ ਦੀਵਾਨ ਸਜਾਇਆ ਜਾਂਦਾ ਹੈ। ਸ: ਸਰਵਣ ਸਿੰਘ ਪਿਤਾ ਭਜਨ ਸਿੰਘ ਮਾਤਾ ਬਿਸ਼ਨ ਕੌਰ ਦੇ ਸਪੁਤ੍ਰ ਸ਼ੇਰ ਪੁਰ ਕਲਾਂ ਨੇ ਗੁਰਦੁਆਰੇ ਅੰਦਰ ਫਰਸ਼ ਤੇ ਨਗਾਰੇ ਦੀ ਸੇਵਾ ਕਰਾਈ! ਇਸ ਵਕਤ ਸੰਤ ਤ੍ਰਲੋਕ ਸਿੰਘ ਜੀ ਜੋਗ ਉਦਮੀ ਸੇਵਾ ਕਰਦੇ ਹਨ।

Digitized by Panjab Digital Library | www.panjabdigilib.org

ਕਰਨ ਵਾਸਤੇ ਗਿਆ ਤਾਂ ਮੈਂ ਪੇਟੀ ਚੋ ਫੋਟੋ ਦੇਖੇ ਤਾਂ ਕੁਝ ਟੁਟੇ ਕੁਝ ਮਰੋੜੇ, ਕੁਝ ਹੈ ਹੀ ਨਹੀਂ ਸਨ ਕਿਉਂਕਿ "ਲਗਣ ਬਿਨ ਰੈਣ ਨਾ ਜਾਗੇ ਕੋਈ" ਦੇ ਭਾਵ ਅਨੁਸਾਰ ਇਸ ਗਲ ਦੀ ਦਿਲੀ ਲਗਨ ਨਾ ਹੋਣ ਤੇ ਸਾਰਾ ਮਸਾਲਾ ਖੁਰਦ ਬੁਰਦ ਕੀਤਾ ਦੇਖ ਕੇ ਦਾਸ ਦੇ ਦਿਲ ਵਿਚ ਬਹੁਤ ਹੀ ਅਫਸੋਸ ਹੋਇਆ ਪਰ ਹੁਣ ਕੀਤਾ ਕੀ ਜਾਵੇ ਦਾਸ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋ ਅਰਦਾਸ ਕੀਤੀ ਕਿ "ਅਬ ਹਮ ਚਲੀ ਠਾਕਰ ਪਹਿ ਹਾਰ" ਇਤ ਆਦਿ ਬੇਨਤੀਆਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕੀਤਾ ਹਜ਼ੂਰ ਦਾ ਮੁਖ ਵਾਕ ਆਇਆ । "ਹਰਿ ਕੀਆਂ ਕਥਾ ਕਹਾਣੀਆ ਗੁਰਮੀਤ ਸੁਣਾਈਆ ।" ਆਸਾ ਮਃ ੪ ॥

ਫੁਰਨਾ ਫੁਰਿਆ ਕਿ ਏਹ ਜੀਵਨ ਲਿਖਤ ਵਿਚ ਲਿਆਂਦੇ ਜਾਣ ਤਾਂ ਹੁਣ ਏਸ ਸੋਚ ਅਨੁਸਾਰ ਦਾਸ ਖਿਆਲ ਕਰਦਾ ਹੀ ਸੀ ਤਾਂ ਪਿੰਡ ਕਿਸ਼ਨ ਪੁਰਾ ਕਲਾਂ ਦੀ ਸੰਗਤ ਸਾਹਿਬ ਸ੍ਰੀ ਮਾਨ ਪ੍ਰਉਪਕਾਰੀ ਮਲ ਸਿੰਘ ਹੌਲਦਾਰ ਜੀ ਦੀ ਪ੍ਰੇਰਤ ਕੀਤੀ ਹੋਈ ਮਿਲ ਕਰਕੇ ਦਾਸ ਨੂੰ ਹੁਕਮੀਆ ਕਿਸ਼ਨ ਪੁਰਾ ਕਲਾਂ ਤਸੀਲ ਜੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਲਿਆਕੇ ਇਕ ਟਿਬੇ ਤੇ ਬਠਾ ਤਾਂ ਹੁਣ ਦਾਸ ਹੁਕਮ ਮੰਨਿਆ ਹੋਵਾ ਪ੍ਰਮਾਣ ਦੇ ਭਾਵ ਅਨੁਸਾਰ ਬੈਠ ਤਾਂ ਗਿਆ । ਪਰ ਚਿਤ ਉਦਾਸ ਕਿਉਂ ਕਿ "ਜਿਉਂ ਮਛਲੀ ਬਿਨ ਪਾਣੀਆਂ ਕਿਉਂ ਜੀਵਨ ਪਾਵੇ" ॥ ਪੁਨਾ ॥ "ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉਂ ਸਿਖ ਗੁਰੂ ਬਿਨ ਮਰਿ ਜਾਈ" ਏਥੇ ਗੁਰਦਰਬਾਰ ਨਾ ਹੋਣ ਕਰਕੇ, ਤੇ ਸਾਰੇ ਪਿੰਡ ਵਾਸੀ ਮਨਮਤ ਦੇ ਹੜ ਦੀ ਮੰਝਧਾਰ ਵਿਚ ਰੁੜੇ ਜਾਂਦੇ ਦੇਖ ਕੇ ਦਾਸ ਬਹੁਤ ਉਦਾਸ । ਰਿਹਾ ਮੇਰੀ ਉਦਾਸੀ ਨੂੰ ਦੇਖ ਕੇ ਹੋਲਦਾਰ ਮਲ ਸਿੰਘ ਸ: ਅਮਰ ਸਿੰਘ ਬਾਬਾ ਲਾਲ ਸਿੰਘ, ਸ: ਦੇਵਾ ਸਿੰਘ ਸ: ਭਾਗ ਸਿੰਘ, ਪੰਚੈਤੀ ਆਫ਼ੀਸਰ, ਸ: ਹਰਨਾਮ ਸਿੰਘ, ਸ. ਸਦਾ ਸਿੰਘ ਸ. ਚਾਨਣ ਸਿੰਘ ਸ. ਭਗਵਾਨ ਸਿੰਘ ਸ. ਬੁਧ ਸਿੰਘ ਨੰ. ਸ. ਜੋਗਿੰਦਰ ਸਿੰਘ ਨੰਬਰਦਾਰ, ਸ. ਜਸਵੰਤ ਸਿੰਘ ਸ. ਬੰਤ ਸਿੰਘ ਸ. ਗਜਣ ਸਿੰਘ ਸ. ਸਰਦਾਰਾ ਸਿੰਘ ਸ. ਕੇਹਰ ਸਿੰਘ ਸ. ਸ਼ੇਰ ਸਿੰਘ ਸ. ਕਰਤਾਰ ਸਿੰਘ ਸ. ਨਿਰੰਜਨ ਸਿੰਘ ਸ. ਨਰਾਇਣ ਸਿੰਘ ਸ: ਜੀਊਣ ਸਿੰਘ ਸ: ਹਰਬੰਸ ਸਿੰਘ ਜ਼ੈਲਦਾਰ, ਸ: ਪਾਲ ਸਿੰਘ ਸ਼ੇਰ, ਸ. ਲਾਲ ਸਿੰਘ, ਖੁਸ਼ੀ ਮੁਹੰਮਦ, ਦੇਵੀ ਚੰਦ, ਪੰਡਤ ਹਰੀ ਰਾਮ, ਕਸੋਰੀ ਲਾਲ, ਸ. ਜਗਤ ਸਿੰਘ, ਸ. ਮੋਹਨ ਸਿੰਘ, ਬਾਬਾ ਕਾਹਨ ਸਿੰਘ ਬਾਬਾ ਨਰਾਇਣ ਸਿੰਘ ਸ. ਸ਼ੇਰ ਸਿੰਘ ਕਲੇਰ, ਸ. ਸੰਤਾ ਸਿੰਘ ਲਾਬਾ, ਸ. ਰਤਨ ਸਿੰਘ ਸ. ਚਤਰ ਸਿੰਘ ਸ. ਬੇਲਾ ਸਿੰਘ, ਸ. ਜਾਗੀਰ ਸਿੰਘ,ਸ. ਗੰਗਾ ਸਿੰਘ ਸ: ਭਗਤ ਸਿੰਘ ਇਤਆਦਿ ਹੋਰ ਸੰਗਤਾਂ ਪਾਸ ਗੁਰਦੁਆਰਾ ਬਨੌਣ ਲਈ ਬੇਨਤੀ ਕੀਤੀ ਜੋ ਸਰਬ ਸੰਮਤੀ ਨਾਲ ਪ੍ਰਵਾਨ ਹੋਣ ਤੇ ਗੁਰੂ ਰੂਪ ਸੰਗਤ ਜੀ ਨੇ ਸ੍ਰੀ ਹਜ਼ੂਰ ਦਾ ਅਖੰਡ ਪਾਠ ਪ੍ਰਕਾਸ਼ ਕਰਕੇ ਅਰਦਾਸ ਕੀਤੀ ਤੇ ਦੀਵਾਨ ਸਜਾਇਆ ਤਾਂ ਨਗਰ ਨਿਵਾਸੀ ਸੰਗਤ ਸਾਹਿਬ ਜੀ ਨੇ ਬੇਨਤੀ ਪ੍ਰਵਾਨ ਕਰਕੇ ਗੁਰਦੁਵਾਰਾ ਸਾਹਿਬ ਜੀ ਦੀ ਬੁਨਿਆਦਿ ਰਖਕੇ ਥੋੜੇ ਦਿਨ ਚੁ ਮੁਕੰਮਲ ਕਰਕੇ ਬੜੀ ਸਜ ਧਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ । ਹੁਣ ਸੇਵਾ ਸੰਪੂਰਨ ਹੋਣ ਤੋਂ ਬਾਦ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੇਗ ਲਿਆ ਕੇ ਹੇਠ ਲਿਖੇ ਗੁਰੂ ਪਿਆਰੇ ਪੰਜਾ ਸਿੰਘਾ ਨੂੰ ਸ਼ਾਮਲ ਕਰਕੇ ਤਖਤ ਚੌਰ ਦੇ ਮਾਲਕ ਦੇ ਦਰਬਾਰ ਵਿਖੇ ਹਾਜ਼ਰ ਹੋਏ ।

(੧) ਬਾਬਾ ਲਾਲ ਸਿੰਘ ਜੀ ਕਿਸ਼ਨ ਪੁਰਾ

(੨) ਭਾਈ ਅਮਰ ਸਿੰਘ ਜੀ ,, ,,

Digitized by Panjab Digital Library | www.panjabdigilib.org

(੩) ਹੌਲਦਾਰ ਮਲ ਸਿੰਘ ਜੀ ,, ,,
(੪) ਜ: ਜਾਗੀਰ ਸਿੰਘ ਜੀ ,, ,,
(੫) ਦਾਸ ਵਿਸਾਖਾ ਸਿੰਘ ਨ ਇਤਿਹਾਸ ਦਾ ਕੰਮ ਅਰੰਭ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਕੀਤੀ ਅਤੇ ਸ੍ਰੀ ਹਜ਼ੂਰ ਜੀ ਨੇ ਉਸ ਵਕਤ ਜੋ ਮੁਖ ਵਾਕ ਬਖਸਸ ਕੀਤਾ। ॥ ਸੋਰਠ ਮ: ੩ ॥ "ਭਗਤਾ ਦੀ ਸਦਾ ਤੂੰ ਰਖਦਾ ਹਰਿ ਜੀਉ ਧੁਰਤੂ ਰਖਦਾ ਆਇਆ।"

ਬਸ ਫੇਰ ਕੀ ਸ਼ੀ "ਤੇਰੇ ਭਰੋਸੈ ਪਿਆਰੇ ਲਾਡ ਲਡਾਇਆ" ਅਤੇ ਇਤਹਾਸ ਦਾ ਕਾਰਜ ਅਰੰਭ ਕਰ ਲਿਆ। ਅਰ ਭਰੋਸਾ ਸੀ ਕਿ ਸ਼੍ਰੋ. ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਿਤਸਰ ਤੋਂ ਬਹੁਤ ਸਾਰਾ ਮਸਾਲਾ ਮਿਲੇਗਾ ਜੋ ਅਕਾਲੀ ਲਹਿਰ ਦਾ ਸੀ ਜੋ ਕਈ ਵਾਰੀ ਸ਼੍ਰੋਃ ਗੁਃ ਕਃ ਤੋਂ ਮੰਗ ਕਰਨ ਤੋਂ ਭੀ ਕੁਝ ਹਥ ਨਾ ਆਇਆ। ਹਾਰਕੇ ਇਕ ੨ ਜ਼ਿਲੇ ਚੋਂ ਇਕ ਜੈਲ ਦਾ ਪਿੰਡ ਪਿੰਡ ਫਿਰਕੇ ਥਾਣਾ ਪੂਰਾ ਕੀਤਾ ਏਸੇ ਤਰ੍ਹਾਂ ਤਸੀਲ ਦੇ ਸਾਰੇ ਥਾਣੇ ਫਿਰਕੇ ਸਾਰੀਆਂ ਤਸੀਲਾਂ ਫਿਰਕੇ ਜ਼ਿਲਾ ਪੂਰਾ ਕਰਨਾ ਇਸ ਪਰਕਾਰ ਜ਼ਿਲਾ ਫੀਰੋਜ਼ਪੁਰ ਜ਼ਿਲਾ ਲੁਧਿਆਣਾ ਅੰਬਾਲਾ, ਰਿਃ ਜੀਂਦ, ਰਿਃ ਪਟਿਆਲਾ ਰਿਃ ਨਾਭਾ, ਰਿ. ਫਰੀ-ਕੋਟ, ਰਿ. ਮਲੇਰ ਕੋਟਲਾ ਜ਼ਿਲਾ ਪਾਨੀਪਤ ਆਦਿ ਤੁਰਨ ਫਿਰਨ ਤੇ ਚਾਰ ਹਜ਼ਾਰ ਪੰਜ ਸੋ ਖਰਚ ਆਇਆ ਹੁਨ ਸੋਚੋ ਮਾਝਾ ਦੋਆਬਾ ਫਿਰਨ ਤੇ ਕਿਨਾ ਕੁ ਹੋਰ ਖਰਚ ਔਣਾ ਚਾਹੀਦਾ ਹੈ। ਇਸ ਪਰਕਾਰ ਸ੍ਰੀ ਸਤਿ ਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ ਰਾਤ ਦਿਨ ਦੀ ਅਥਕ ਮਿਹਨਤ ਨਾਲ ੧੨ ਸਾਲਾਂ ਵਿਖੇ ਇਸ ਗ੍ਰੰਥ ਦਾ ਖਰੜਾ ਤਿਆਰ ਹੋਇਆ ਹੈ ਤਦ ਗੁਃ ਪ੍ਰਃ ਸਿੰਘ ਸਭਾ ਤੇ ਇਤਹਾਸ ਕਮੇਟੀ ਦੇ ਪ੍ਰੇਮੀਆਂ ਨਾਲ ਮਿਲ ਕੇ ਮਾਲਵਾ ਇਤਿਹਾਸ ਦੀ ਸਧਾਈ ਵਾਸਤੇ ਇਕ ਇਤਿਹਾਸ ਸੋਧਕ ਦੀਵਾਨ ਕਰਨ ਦਾ ਪ੍ਰਬੰਧ ਹੇਠ ਲਿਖੀਆਂ ਤਾਰੀਖਾਂ ਤੇ ੧-੨-੩ ਕਤਕ ੨੦੧੦ ਮੁਤਾਬਕ ੧੭-੧੮-੧੯ ਅਕਤੂਬਰ ੧੯੫੩ ਨੂੰ ਪੰਥਕ ਗੁਃ ਸਾਃ ਕਿਸ਼ਨ ਪੁਰਾ ਕਲਾਂ ਵਿਖੇ ਪੰਜ ਗੁਰੂ ਸਿਖ ਵਿਅਕਤੀਆਂ ਸ਼ਕਤੀਆਂ ਦੀ ਪ੍ਰਧਾਨਗੀ ਹੇਠ ਕੀਤਾ ਜਾਏ। ਇਸ ਦੀਵਾਨ ਵਾਸਤੇ ਪੰਥਕ ਤੇ ਇਸ਼ਤਿਹਾਰਾਂ ਅਖਬਾਰਾਂ ਰਾਹੀਂ ਕਈ ਦਫਾ ਪ੍ਰੇਰਨਾ ਕੀਤੀ ਅਖਰਾਂ ਵਿਖੇ ਇਉਂ ਹੈ।

ਪ੍ਰਃ ਗੁ: ਸ: ਕਿ: ਕਲਾਂ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।

ਸਰਬੱਤ ਗੁਰੂ ਪੰਥ ਪ੍ਰਤਿ ਵਿਦਿਤ ਹੋਵੇ ਕਿ ਅਸਾਡੇ ਇਤਿਹਾਸ ਦੇ ਬੇਅੰਤ ਹੀਰੇ ਜੋ ਸਾਡੀ ਅਨੁਗਹਿਲੀ ਅਨੁਸਾਰ ਗੁਪਤ ਪਏ ਸਨ, ਜਿਨ੍ਹਾਂ ਨੂੰ ਸ੍ਰੀ ਅਕਾਲ ਪੁਰਖ ਦੀ ਤੇ ਗੁਰੂ ਪੰਥ ਦੀ ਅਪਾਰ ਕ੍ਰਿਪਾ ਦਾ ਸਦਕਾ ਇਕਤ੍ਰ ਕਰਕੇ ਲੜੀ ਵਿਚ ਜੋੜਨ ਦਾ ਜਤਨ ਕੀਤਾ ਗਿਆ ਹੈ। ਇਹ ਸਾਰੇ ਗੁਰੂ ਪੰਥ ਦਾ ਖਾਸ ਦੀਵਾਨ ਇਸ ਦੀ ਸੁਧਾਈ ਵਾਸਤੇ ਸਦਿਆ ਗਿਆ ਹੈ। ਕਿਉਂਕਿ ਇਹ ਇਤਹਾਸ ਗੁਰੂ ਪੰਥ ਦਾ ਸਾਂਝਾ ਹੈ ਸਰਬਤ ਪੰਥ ਸਿਰੋਮਣ ਇਤਿਹਾਸ ਗਜਾਤਾ ਗੁਰਮਤ ਪ੍ਰੇਮੀ ਗੁਣੀ ਗਿਆਨੀ ਦਰਸ਼ਨ ਦੇ ਕੇ ਸਾਂਝੇ ਬਲ ਨਾਲ ਇਸ ਕਾਰਜ ਨੂੰ ਸਿਰੇ ਚੜ੍ਹਾਵਣ ਤਾਂ ਜੋ ਕਿਸੀ ਪਰਕਾਰ ਦੀ ਊਣਤਾ ਨਾ ਰਹੇ।

Digitized by Panjab Digital Library | www.panjabdigilib.org

ਸੋ ਏਹ ਡਾਕ ਸਭ ਤੋਂ ਪਹਿਲੇ ਪੰਜੇ ਤਖਤ ਸਾਹਿਬਾਨਾਂ ਦੇ ਜਥੇਦਰਾਨਾਂ ਨੂੰ ਫੇਰ ਅਮਰੀਕਾ, ਅਫਰੀਕਾ, ਕਨੇਡਾ, ਇੰਗਲੈਂਡ, ਚੀਨ, ਮਲਾਇਆ ਸਿੰਘਾ ਪੁਰ ਆਦਿ ਸਾਰੇ ਹਿੰਦਸਤਾਨ ਦੇ ਕੋਨੇ ਕੋਨੇ ਮਦਰਾਸ, ਬੰਬਈ, ਕਲਕਤਾ, ਦਿਲੀ ਆਦਿ ਫੇਰ ਪੰਜਾਬ, ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਿਤਸਰ ਤਰਨਾ ਦਲ ਤੇ ਬੁਢਾ ਦਲ ਚੀਫ ਖਾਲਸਾ ਦੀਵਾਨ, ਉਦਾਸੀਨ ਮਹਾਂ ਮੰਡਲ, ਪੰਚ ਖੰਡ ਭਸੌੜ ਦੀਵਾਨ ਨਿਰਮਲ ਭੇਖ ਤੇ ਸ੍ਰੀ ਮਹੰਤ ਇਤ ਆਦਿ ਸਰਬ ਸੰਪਰਦਾਵਾਂ ਨੂੰ ਤੇ ਰਾਜੇ ਮਹਾਰਾਜਿਆਂ ਨੂੰ ਸੰਦੇਸ ਭੇਜੇ ਗਏ ਅਰ ਪ੍ਰਬੰਧਕ ਤੇ ਨਗਰ ਨਿਵਾਸ਼ੀ ਮਾਈ ਭਾਈ ਚਾਈ ੨ ਵਿਦਿਵਾਨਾਂ ਦੀ ਰਹਿਸ਼ ਤੇ ਬੈਠਕ ਵਾਸਤੇ ਤਿਆਰੀਆਂ ਵਿਚ ਰੁੱਝ ਗਏ । ਆਏ ਵਿਦਿਵਾਨਾਂ ਨੇ ਕਈ ਦਿਨ ਅਗੋ ਔਣਾ ਅਰੰਭ ਦਿਤਾ ਅਤੇ ਦੇਸ ਪ੍ਰਦੇਸ ਤੋਂ ਡਾ: ਤੇ ਹਵਾਈ ਜਹਾਜ਼ਾ ਰਾਹੀਂ ਪ੍ਰੇਮ ਸੰਦੇਸ਼ ਤੇ ਰੇਲ ਮੋਟਰਾਂ ਰਾਹੀਂ ਪੰਥਕ ਪਿਆਰੇ ਗੁਣੀ, ਗਿਆਨੀ ਵਿਦਿਵਾਨ ਆਉਣ ਲਗ ਪਏ ਜੈਸੇ ਸੂਰਜ ਚੜਾਉ ਨਾਲ ਖਿੜੀ ਹੋਈ ਫੁਲਾਂ ਦੀ ਬਿਗੀਚੀ ਨੂੰ ਭੰਵਰੇ ਗੂੰਜਾ ਪਾਉਂਦੇ ਆਉਂਦੇ ਹਨ । ਪੁਨਾ !। ਮਾਨ ਸਰੋਵਰ ਤੇ ਹੰਸ ਮੋਤੀਆਂ ਦਾ ਚੋਗ ਨੂੰ ਕੋਈ ਤੇਜ ਤੇ ਕੋਈ ਧੀਮੀ ਉਡਾਰੀ ਨਾਲ ਔਂਦੇ ਹਨ ਸੋ ਇਸ ਪ੍ਰਕਾਰ ਆ ਦਰਸ਼ਨ ਦਿਤੇ ਪ੍ਰਬੰਧਕਾਂ ਨੂੰ ਤਕਦਿਆ, ਤਕਦਿਆਂ, ੧ ਕਤਕ ੨੦੧੦, ੧੭ ਅਕਤੂਬਰ ੧੯੫੩ ਦਾ ਦਿਨ ਆਇਆ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਣ ਤੇ ਇਸ ਸੁਮਾਗਮ ਦੇ ਨਿਮਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖੇ ਹੋਏ ਸਹਜ ਪਾਠਾਂ ਦੇ ਭੋਗ ਪਾਕੇ ਹੇਠ ਲਿਖੇ ਪੰਜਾਂ ਸਿੰਘ ਸਾਹਿਬਾਂ ਨੇ ਸਮੇਤ ਗੁਰੂ ਸੰਗਤ ਸਾਹਿਬ ਜੀ ਦੇ ਅਰਦਾਸਾ ਸੋਧਿਆ ।

(੧) ਮੋਹਨ ਸਿੰਘ ਅਕਾਲੀ ਕਿਸ਼ਨ ਪੁਰਾ ।

(੨) ਵਧਾਵਾ ਸਿੰਘ ਭਾਈਕੇ ਭਠਲ ਜਿਲਾ ਅੰਮ੍ਰਿਤਸਰ

(੩) ਰਾਗੀ ਬਲਵੰਤ ਸਿੰਘ ਕਿਲਾ ਰਾਏਪੁਰ

(੪) ਗਿ: ਬਦਨ ਸਿੰਘ ਚੁਗਾ ਕਲਾਂ ਫੀਰੋਜ਼ਪੁਰ

(੫) ਦਾਸ ਵਿਸਾਖਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਰਦਾਸਾ ਸੋਧਿਆ ਤਾਂ ਸ੍ਰੀ ਹਜ਼ੂਰ ਜੀ ਨੇ ਮੁਖ ਵਾਕ ਦੀ ਬਖਸ਼ਸ਼ਿ ਕਰਦਿਆਂ ਫਰਮਾਇਆ । ਜੈਤਸਰੀ ਮ: ੫ ।। "ਕੋਈ ਜਨ ਹਰਿ ਸਿਉ ਦੇਵਾ ਜੋਰ"

ਹੁਣ ਸ੍ਰੀ ਗੁਰੂ ਜੀ ਦਾ ਮੁਖ ਵਾਕ ਸੁਣ ਸਰਬਤ ਸੰਗਤ ਨਿਹਾਲ ਹੋਈ ਸੰਗਤ ਵਿਚ ਕੜਾਹ ਪ੍ਰਸਾਦਿ ਦੀ ਦੇਗ ਵਰਤਾ ਕੇ ਸ੍ਰੀ ਹਜ਼ੂਰ ਦੇ ਸੱਚ ਖੰਡ ਦਰਬਾਰ ਵਿਚ ਸਜੀ ਹੋਈ ਸੰਗਤ ਸਾਹਿਬ ਜੀ ਨੂੰ ਪ੍ਰੇਮ ਭਿੰਨੇ ਲਹਿਜੇ ਨਾਲ ਸਕਤੂ ਬਦਨ ਸਿੰਘ ਜੀ ਨੇ ਮਿਠ ਰਸ ਭਿੰਨੇ ਸ਼ਬਦਾਂ ਵਿਚ ਬਿਨਾ ਕੀਤੀ ਸਮੂੰਹ ਵਿਦਵਾਨ ਸਾਹਿਬ ਇਤਿਹਾਸਕ ਪੰਡਾਲ ਵਿਚ ਦਰਸ਼ਨ ਦੇਣ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਇ ਗੁਰਮੁਖ ਸਜਨ ਸੰਤ ਜਨ ਕਵਿ ਚੂੜ ਮਣ ਸੰਤੋਖ ਸਿੰਘ ਜੀ ਗੇਟ [ਦਰਵਾਜ਼ੇ] ਰਾਹੀਂ ਪੰਡਾਲ ਵਿਚ ਸ਼ਾਮਲ ਹੋਏ ਜੋ ਕਿ ਸ਼ਹਾਨਾ ਤਰੀਕੇ ਨਾਲ ਸਜਾਇਆ ਹੋਇਆ ਸੀ ਅਰ ਸੇਵਾਦਾਰਾਂ ਦੀ ਬੇਨਤੀ ਅਨੁਸਾਰ ਸਰਬਤ ਆਪੋ ਆਪਣੇ ਨੰਬਰ ਪਰ ਸ਼ਸ਼ੋਭਤ ਹੋ ਗਏ ਕਿ ਐਸ ਵਕਤ ਰਬੀ ਬਾਣੀ ਦਾ ਇਕ ਸ਼ਬਦ "ਕੀਤਾ ਲੋੜੀਐ ਕੰਮ ਸੁਹਰ ਪਹਿ ਆਖੀਐ" ਸਭਨੇ ਇਕਠਿਆਂ ਗਾਇਆ ।

ਸ੍ਰੀ ਅਕਾਲ ਪੁਰਖ ਦੇ ਸ੍ਵਰੂਪ ਸ੍ਰੀ ਦਸੋ ਪਾਤਸ਼ਾਹੀਆਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰਕੇ ਅਰਦਾਸਾ ਸੋਧਿਆ ਗਿਆ ਤੇ ਜੈਕਾਰਿਆਂ ਦੀ ਗੂੰਜ ਵਿਚ ਸਰਬਤ ਵਿਦਿਵਾਨ

Digitized by Panjab Digital Library | www.panjabdigilib.org

ਸਾਹਿਬ ਆਪੋ ਆਪਣੀ ਥਾਂ ਪਰ ਸ਼ਸ਼ੋਭਤ ਹੋ ਗਏ ਹੁਣ ਸੈਕ੍ਰਟਰੀ ਸਾਹਿਬ ਜੀ ਦੇ ਹੁਕਮ ਅਨਸਾਰ ਪੰਜ ਪਧਾਨ ਚੁਣਨ ਦਾ ਮਤਾ ਪੇਸ਼ ਹੋਇਆ ਜਿਸ ਦੇ ਅਨਸਾਰ ਹੇਠ ਲਿਖੇ ਪੰਜ ਪ੍ਰਧਾਨ ਸਰਬ ਸੰਮਤੀ ਨਾਲ ਚੁਣੇ ਗਏ।

# ਪੰਜ ਪ੍ਰਧਾਨ ਸਾਹਿਬਾਨ

੧. ਸ੍ਰੀ ਮਾਨ ਪੰਡਤ ਕਰਤਾਰ ਸਿੰਘ ਜੀ ਸਾਹਿਤੱਯਚਾਰ ਦਾਖਾ, ਲੁਧਿਆਣਾ।
੨. ,, ,, ਸ: ਹਰਦਿਤ ਸਿੰਘ ਜੀ ਜੰਡੀ ਐਲ. ਐਲ. ਬੀ. ਐਡਵੋਕੇਟ, ਲੁਧਿਆਣਾ।
੩. ,, ,, ਡਿਪਟੀ ਅਣੋਖ ਸਿੰਘ ਜੀ ਲੰਡੇਕੇ,
੪. ,, ,, ਸ: ਸੁਚਾ ਸਿੰਘ ਕਿਸ਼ਨ ਪੁਰਾ ਪ੍ਰਧਾਨ ਫਾਰਵਰਡ ਬਲਾਕ ਜ਼ਿਲਾ ਫੀਰੋਜ਼ਪੁਰ।
੫. ਦਾਸਨ ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ ਪਰਧਾਨ ਗੁ. ਪ੍ਰ. ਸਿੰਘ ਸਭਾ ਇਲਾਕਾ ਤਿਹਾੜਾ, ਲੁਧਿਆਣਾ।

ਇਤਿਹਾਸਕ ਕਾਰਵਾਈ ਅਰੰਭ ਹੋਣ ਸਮੇਂ ਗੁਰੂ ਰੂਪ ਸੰਗਤ ਸਾਹਿਬ ਜੀ ਨੂੰ ਪੰਜ ਪ੍ਰਧਾਨ ਹਥ ਜੋੜ ਪ੍ਰੇਮ ਨਾਲ ਫਤਹ ਬੁਲਾਕੇ ਆਪਣੀ ੨ ਜਗਾ ਸਜ ਗਏ ਪ੍ਰਧਾਨਾਂ ਬਾਰੇ ਸਭ ਤੋਂ ਉਚੀ ਸਟੇਜ ਬਣਾਈ ਹੋਈ ਸੀ ਦਾਸ ਨੇ ਆਈਆਂ ਹੋਈਆਂ ਸੰਗਤਾਂ ਨੂੰ ਮਾਲਵਾ ਇਤਿਹਾਸ ਲਿਖਣ ਤੇ ਸਦਣ ਦਾ ਕਾਰਣ ਅਤੇ ਜਾਣ ਪਛਾਣ ਕਰਾਉਂਦਿਆ ਹੋਇਆ ਜੀਅ ਆਇਆ ਕਿਹਾ। ਜਿਸ ਦੇ ਜਵਾਬ ਵਿੱਚ ਯੋਗ ਉਪਰਾਲੇ ਦੀ ਪ੍ਰਸੰਸਾ ਸ੍ਰੀ ਮਾਨ ੧੦੮ ਪੰ: ਕਰਤਾਰ ਸਿੰਘ ਜੀ ਸਾਹਿਤਚਾਰਯ (ਦਾਖਾ ਸ. ਸਾ: ਅਣੋਖ ਸਿੰਘ ਜੀ ਡਿਪਟੀ ਲੰਢੇਕੇ ਸ: ਮਿਤ ਸਿੰਘ ਜੀ ਸਿਧਵਾਂ ਖੁਰਦ ਗਿ: ਵੀਰ ਸਿੰਘ ਜੀ ਸਵੱਦੀ ਨੇਣਾ ਆਦਿ ਸਜਣਾ ਨੇ ਸਚੇ ਦਿਲ ਸੇ ਕੀਤੀ ਫੇਰ ਸਟੇਜ ਸਕਤ੍ਰ ਗਿ. ਬਦਨ ਸਿੰਘ ਜੀ ਸਾਇਲ ਨੇ ਬਾਹਰੋਂ ਆਇ ਹੋਏ ਚਿਠੀ ਪੱਤ੍ਰ ਸੁਣਾਇ ਕੇ ਫੇਰ ਸਮੂਹ ਵਿਦਿਵਾਨਾਂ ਅਗੇ ਕਾਗਜ ਪਿਨਸਲ ਇਤਿਹਾਸ ਦੇ ਖਰੜੇ ਬੈਂਚਾ ਤੇ ਰਖੇ ਗਏ ਜਦ ਇਸ ਪਰਕਾਰ ਖਰੜੇ ਦੇਖਿਆ ਨੂੰ ਕੁਝ ਚਿਰ ਹੋਇਆ ਤਾਂ ਸ: ਗਜਨ ਸਿੰਘ ਜੀ ਚੀਮਨਾ ਸ: ਜਗਤ ਸਿੰਘ ਜੀ ਅਮਰੀਕਨ (ਕੁਮਾਲ ਪੁਰਾ)। ਸ: ਮਿਤ ਸਿੰਘ ਜੀ ਸਿਧਵਾ।

ਸੋਢੀ ਗੁਰਚਰਨ ਸਿੰਘ ਜੀ ਮੋਗਾ ਆਦਿ ਨੇ ਖਿਆਲ ਪੇਸ਼ ਕੀਤੇ ਕਿ ਮਾਲਵਾ ਇਤਿਹਾਸ ਦੇ ਖਰੜੇ ਦੇਖਣ ਵਾਸਤੇ ਇਕ ਕਮੇਟੀ ਚੁਣੀ ਜਾਇ ਜਿਸ ਦੇ ਦੇਖਣ ਤੇ ਸਾਰਿਆਂ ਨੂੰ ਪ੍ਰਵਾਨਗੀ ਹੈ ਅਤੇ ਫੇਰ ਪ੍ਰੈਸ ਨੂੰ ਦਿਤਾ ਜਾਵੇ ਇਹ ਫੈਸਲਾ ਸਰਬਤ ਸੰਗਤ ਨੇ ਪ੍ਰਵਾਨ ਕਰ ਲਿਆ ਅਤੇ ਇਤਿਹਾਸਕ ਸੋਧਕ ਕਮੇਟੀ ਦੀ ਚੋਣ ਦਾ ਮਤਾ ਪੇਸ਼ ਹੋਕੇ-ਪਾਸ ਹੋਇਆ ਅਤੇ ਹੇਠ ਲਿਖੇ ਸਜਣ ਸਰਬ ਸੰਮਤੀ ਨਾਲ ਚੁਣੇ ਗਏ।

ਪੰਡਤ ਕਰਤਾਰਸਿੰਘ ਜੀ ਸਾਹਿਤਯ ਚਾਰਜ (ਦਾਖਾ) ਇਸ ਕਮੇਟੀ ਦੇ ਪ੍ਰਧਾਨ ਚੁਣੇ ਗਏ।
ਡਾ: ਗੰਡਾ ਸਿੰਘ ਜੀ ਡਾਇਰੈਕਟਰ ਆਰਕਾਈਜ ਪੈਪਸੂ।
ਡਾ: ਹਰਦਿਤ ਸਿੰਘ ਜੀ ਢਿਲੋਂ ਪੀ. ਐਚ. ਡੀ. ਡਾਇਰੈਕਟਰ ਵਿਦਿਅਕ ਵਿਭਾਗ ਪੈਪਸੂ
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪਟਿਆਲਾ।

Digitized by Panjab Digital Library | www.panjabdigilib.org

ਸ. ਲਾਲ ਸਿੰਘ ਜੀ ਡਿ. ਡਰਾਇਕਟਰ ਪੰਜਾਬੀ ਵਿਭਾਗ ਪਟਿਆਲਾ।
ਸ: ਨਾਹਰ ਸਿੰਘ ਜੀ ਗਿਆਨੀ।
ਸ: ਪਿਆਰਾ ਸਿੰਘ ਜੀ ਪਦਮ
ਸ. ਰਣਧੀਰ ਸਿੰਘ ਜੀ ਰੀਸਰਚ ਕਾਲਜ
ਡਾ. ਸ਼ੇਰ ਸਿੰਘ ਜੀ ਪਸਰੂਰ
ਗਿ. ਜੰਗ ਸਿੰਘ ਜੀ ਐਡੀਟਰ ਖਾਲਸਾ ਸੇਵਕ
ਸ. ਬਦਨ ਸਿੰਘ ਜੀ ਚੁਗਾ ਏਡੀ ਹਾਈ ਸਕੂਲ ਧਰਮ ਕੋਟ
ਦਾਸ ਨੂੰ ਭੀ ਨਾਲ ਮਿਲਾਇਆ ਗਿਆ।

ਇਹ ਇਤਿਹਾਸਕ ਇਕਤਰਤਾ ਲਗਾਤਾਰ ਤਿੰਨ ਦਿਨ ਹੁੰਦੀ ਰਹੀ। ਅੰਤਲੇ ਦਿਨ ਸੇਵਕਾਂ ਵਲੋਂ ਆਏ ਵਿਦਵਾਨਾ ਦਾ ਅਤਿਯੰਤ ਧਨਵਾਦ ਕੀਤਾ ਗਿਆ ਅਤੇ ਇਸ ਭਾਰੀ ਸੇਵਾ ਨੂੰ ਛੇਤੀ ਹੀ ਤੋੜ ਨਿਭੌਣ ਲਈ ਸਿਰਤੋੜ ਕੋਸ਼ਿਸ਼ਾ ਹੋਣ ਲਗ ਪਈਆਂ ਸਭ ਵਿਦਵਾਨਾਂ ਨੇ ਗੁਰਮਤ ਪ੍ਰਚਾਰਕ ਸਭਾ ਦਾ ਤੇ ਇਸ ਦੇ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ। ਹੁਣ ਇਹ ਸਭਾ ਜਗਤਗੁਰੂ ਸਾਹਿਬਾਨ ਤੇ ਉਹਨਾਂ ਦੀਆਂ ਨਿਪਜੀਆਂ ਉਹਨਾਂ ਮਹਾਨ ਵਿਅਕਤੀਆਂ ਤੇ ਸ਼ਹੀਦਾਂ ਦੇ ਚਰਨਾਂ ਵਿਚ ਭੇਟ ਕਰਦਾ ਹਾਂ ਜਿਨਾਂ ਦੀ ਯਾਦ ਹਮੇਸ਼ਾ ਦਾਸਾਂ ਨੂੰ ਦੇਸ਼ ਤੇ ਕੌਮ ਦੇ ਪਿਆਰ ਤੇ ਕੁਰਬਾਨੀ ਲਈ ਉਤਸ਼ਾਹ ਕਰਦੀ ਰਹੀ ਹੈ।

## ਛਪਣ ਵਿਚ ਦੇਰ ਕਿਉਂ

ਪੰ: ਕਰਤਾਰ ਸਿੰਘ ਜੀ ਪ੍ਰਧਾਨ ਨੇ ਉਪਰ ਲਿਖੇ ਵਿਦਵਾਨਾ ਨੂੰ ਦਖਾਉਣ ਦੀ ਸੇਵਾ ਆਪ ਦੇ ਜੁਮੇ ਲਈ ਅਤੇ ਵੈਦਾ ੩ ਕਤਕ ੨੦੧੦ ਮੁਤਾਬਕ ੧੯ ਅਕਤੂਬਰ ਤੋਂ ੫ ਦਸੰਬਰ (ਭਾਵ ਡੇਡ ਮਹੀਨਾ ਦੇ ਅੰਦਰ ੨) ਦਾ ਸੀ ਜੋ ੧੯੫੩ ਕੁਝ ਸੁਭਾਵ ਤੇ ਬੀਮਾਰੀ ਦੇ ਕਾਰਨ ਅਜ ੧ ਜਨਵਰੀ ੧੯੫੬ ਹੈ।

## ਇਤਹਾਸ ਬਾਰੇ ਵਿਦਵਾਨਾ ਦੀ ਇਕੱਤ੍ਰਤਾ ਵਿਚ ਆਏ ਵਿਦਵਾਨ ਸਜਣਾ ਦਾ ਵੇਰਵਾ

੧੮-੧੦-੧੯੫੩
ਕਿਸ਼ਨ ਪੁਰਾ ਕਲਾਂ

ਗਿਆਨੀ ਜੰਗ ਸਿੰਘ ਸਾਬਕ ਐਡੀਟਰ ਅਕਾਲੀ ਪਤਰਕਾ
ਸ: ਰੂੜ ਸਿੰਘ ਜੀ ਦਾਇਆ ਕਲਾ ਖਜ਼ਾਨਚੀ ਇਤਿਹਾਸ ਕਮੇਟੀ
ਰਾਗੀ ਬਲਵੰਤ ਸਿੰਘ ਜੀ ਕਿਲਾ ਰਾਏ ਪੁਰ
ਸਿੰਘ ਸਾਹਿਬ ਫੌਜਾ ਸਿੰਘ ਗਿਆਨੀ ਜਥੇਦਾਰ ਕੇਸ ਗੜ ਸਾਹਿਬ ਅਨੰਦ ਪੁਰ ਸਾਹਿਬ
ਗਿ. ਬਦਨ ਸਿੰਘ ਜੀ ਚੁੱਘਾ ਕਲਾਂ (ਏ. ਡੀ ਹਾਈ ਸਕੂਲ ਧਰਮਕੋਟ)
ਸ. ਰਤਨ ਸਿੰਘ ਜੀ ਮਦੋਕੇ
ਸ. ਜਗਤ ਸਿੰਘ ਜੀ ਲੈਂਡ ਲਾਰਡ ਕਿਸ਼ਨ ਪੁਰਾ ਕਲਾਂ

Digitized by Panjab Digital Library | www.panjabdigilib.org

ਸ. ਕਪੂਰ ਸਿੰਘ ਜੀ ਜਥੇਦਾਰ ਸਿਖ ਦੌਲਤ
ਸ. ਅਮਰ ਸਿੰਘ ਜੀ ਸਿਖ ਦੌਲਤ ਸਰਪੰਚ ਪੰਚੈਤ ਕਮੇਟੀ ਜਗਰਾਉਂ
ਸ, ਨਰੈਣ ਸਿੰਘ ਜੀ ਮਲਕ ਨੰਬਰਦਾਰ, ਤਹਿਸੀਲ ਜ਼ੀਰਾ
ਸ. ਪ੍ਰੀਤਮ ਸਿੰਘ ਜੀ ਮਲਕ ,,
ਸ. ਕੁੰਦਨ ਸਿੰਘ ਜੀ ਦਾਨੂਵਾਲ ,,
ਸ: ਪ੍ਰੀਤਮ ਸਿੰਘ ਜੀ ,, ,,
ਸ੍ਰੀ ਮਾਨ ਮਹੰਤ ਅਰਜਨ ਸਿੰਘ ਜੀ ਜਨੇਤ ਪੁਰਾ ਜਗਰਾਉਂ
ਸ੍ਰੀ ਮਾਨ ਪ੍ਰੀਤਮ ਸਿੰਘ ਜੀ ਪਟਿਆਲਾ
ਸ. ਲਾਲ ਸਿੰਘ ਜੀ ਅਕਾਲੀਆਂ ਵਾਲਾ ਜੀਰਾ
ਸ. ਅਮਰ ਸਿੰਘ ਕਿਸ਼ਨ ਪੁਰਾ
ਸ. ਪ੍ਰੀਤਮ ਸਿੰਘ ਜੀ ਦਾਇਆ ਛੋਟਾ
ਹੌ. ਖੇਮ ਸਿੰਘ ਜੀ ਦਾਇਆ ਵਡਾ ਪ੍ਰਧਾਨ ਗੁ: ਅਕਾਲ ਗੜ
ਭਾ: ਸਾ: ਭਾ: ਕਪੂਰ ਸਿੰਘ ਜਥੇਦਾਰ ਮਲਕ
ਸ: ਮੁਖਤਿਆਰ ਸਿੰਘ ਜੀ ਦਾਇਆ
ਸ: ਬਿਹਾਰਾ ਸਿੰਘ ਸਿਖਦੌਲਤ ਸਕਤ੍ਰ ਗੁਃ ਸਾ:
ਸੰਤ ਪ੍ਰੇਮ ਸਿੰਘ ਜੀ ਮਲਕ
ਸਃ ਅਮਰ ਸਿੰਘ ਸਿਖ ਦੌਲਤ
ਸ: ਮਿੱਤ ਸਿੰਘ ਸਿਖ ਦੌਲਤ
ਸ: ਨਰਿੰਦਰ ਸਿੰਘ ਜੀ ਜਨੇਤ ਪੁਰਾ ਖਜ਼ਾਨਚੀ ਗੁਃ ਪ੍ਰ: ਸਿੰਘ ਸਭਾ
ਗਿਃ ਸਪੂਰਨ ਸਿੰਘ ਜੀ ਖਾਨ ਪੁਰ ਜ਼ੈਲਦਾਰ
ਬਾਬੂ ਗੁਲਜ਼ਾਰਾ ਸਿੰਘ ਜੀ ਵਹਿਣੀ ਵਾਲ ਸਕਤ੍ਰ ਇਤਿਹਾਸ ਕਮੇਟੀ
ਸ: ਬਦਨ ਸਿੰਘ ਜੀ ਪਿੰਡ ਭਿੰਡਰ
ਸਃ ਚੰਨਣ ਸਿੰਘ ਜੀ ਜਮਾਦਾਰ ਜਨੇਤ ਪੁਰਾ, ਖਜ਼ਾਨਚੀ ਗੁਰਮਤ ਪ੍ਰਚਾਰ ਸਿੰਘ ਸਭਾ
ਸਃ ਈਸ਼ਰ ਸਿੰਘ ਜੀ ਫਤਹਿ ਗੜ੍ਹ ਸਿਵੀਆਂ
ਸ: ਮੋਹਣ ਸਿੰਘ ਜੀ ਅਕਾਲੀ ਕਿਸ਼ਨ ਪੁਰਾ
ਸਃ ਭਗਤ ਸਿੰਘ ਜੀ ਇੰਨਸਪੈਕਟਰ ਕਿਸ਼ਨ ਪੁਰਾ ਕਲਾਂ
ਸਃ ਜਾਗੀਰ ਸਿੰਘ ਜੀ ਜਥੇਦਾਰ ਅਕਾਲੀ ਜਥਾ ਕਿਸ਼ਨ ਪੁਰਾ
ਸ: ਜੋਗਿੰਦਰ ਸਿੰਘ ਜੀ ਨੰਬਰਦਾਰ ਪ੍ਰੰ ਗੁਃ ਪ੍ਰਬੰਧ ਕਮੇਟੀ
ਸ: ਕੇਹਰ ਸਿੰਘ ਜੀ ਕਿਸ਼ਨ ਪੁਰਾ ਮੈ ਬਰ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਿਤਸਰ
ਸ: ਜਗਤ ਸਿੰਘ ਜੀ ਕਮਾਲ ਪੁਰਾ ਅਮਰੀਕਨ
ਬੀਬੇ ਅਮਰ ਕੌਰ ਗਿਃ ਮੋਗਾ
ਸਃ ਪਾਲ ਸਿੰਘ ਜੀ ਕਿਸ਼ਨ ਪੁਰਾ

Digitized by Panjab Digital Library | www.panjabdigilib.org

ਸ: ਸ਼ੇਰ ਸਿੰਘ ਜੀ ਕਲੇਰ ,,
ਚੌਃ ਮਲ ਸਿੰਘ ਜੀ ਜਥੇਦਾਰ ਅਕਾਲੀ ਜਥਾ ਕਿਸ਼ਨ ਪੁਰਾ
ਸ: ਗੁਰਮੁਖ ਸਿੰਘ ਜੀ ,,ਮਨਸੀਰਾਂ ਬਾਜਨ, ਲੁਧਿਆਣਾ
ਸ: ਨਿਕਾ ਸਿੰਘ ਦਾਇਆ ਕਲਾਂ
ਸਃ ਦੀਵਾਨ ਸਿੰਘ ,, ,,
ਸ: ਜਰਨੈਲ ਸਿੰਘ ਦਾਇਆ ਕਲਾਂ
ਸਃ ਕਰਤਾਰ ਸਿੰਘ ,, ,,
ਸ: ਸਰਦਾਰਾ ਸਿੰਘ ,, ,,
ਅਜੈਬ ਸਿੰਘ ,, ,,
ਸ: ਪੂਰਨ ਸਿੰਘ ਜੀ ਗਿਦੜ ਵਿੰਡੀ
ਸ: ਲਾਭ ਸਿੰਘ ਜੀ ,, ,,
ਸ: ਮਿਲਖਾ ਸਿੰਘ ਜੀ ,, ,,
ਸ: ਨਾਰੈਣ ਸਿੰਘ ਜੀ ,, ,,
ਸ੍ਰੀ ਮਾਨ ਮਹੰਤ ਫੌਗਾ ਸਿੰਘ ਜੀ ਇੰਦਰ ਗੜ੍ਹ ਫੀਰੋਜ਼ਪੁਰ
ਸ੍ਰੀ ਮਾਨ ਚੰਨਣ ਸਿੰਘ ਜੀ ,, ,, ,, ਸਕਤ੍ਰ ਗੁਃ ਪ੍ਰ: ਕਮੇਟੀ ਇੰਦ੍ਰ ਗੜ੍ਹ
ਸ੍ਰੀ ਮਾਨ ਹਰਨਾਮ ਸਿੰਘ ਖਜ਼ਾਨਚੀ ,, ,, ,, ,,
ਸ੍ਰੀ ਮਾਨ ਪਾਲਾ ਸਿੰਘ ਨੰਬਰਦਾਰ ,, ਮੈਂਬਰ ,, ,,
,, ,, ਨਾਜਰ ਸਿੰਘ ਸਰਪੰਚ ਪੰਚਾਇਤ ਇੰਦਰ ਗੜ੍ਹ
ਸ: ਚੇਤ ਸਿੰਘ ਜੀ ਗੁੰਥੀ ਇੰਦਰ ਗੜ੍ਹ
ਸ੍ਰੀ ਮਾਨ ਸਃ ਸੁਰਜਨ ਸਿੰਘ ਜੀ ਇੰਦਰ ਗੜ੍ਹ ਨੰਬਰਦਾਰ ਮੈਂਬਰ ਪੰਚੈਤ ਕਮੇਟੀ
,, ,, ਸ: ਲਾਲ ਸਿੰਘ ਜੀ ,, ਮੈਂਬਰ ਗੁ: ਪ੍ਰਬੰਧ ਕਮੇਟੀ
,, ,, ਸਃ ਸੰਤਾ ਸਿੰਘ ਜੀ ,, ,, ,,
,, ,, ਸੂਬੇਦਾਰ ਮੋਹਣ ਸਿੰਘ ਜੀ ,, ਖਜ਼ਾਨਚੀ ਸਕੂਲ ਕਮੇਟੀ
,, ,, ਪ੍ਰੀਤਮ ਸਿੰਘ ਜੀ ,,
,, ,, ਸਃ ਬਦਨ ਸਿੰਘਜੀ
,, ,, ਸ: ਸੁਚਾ ਸਿੰਘਜੀ ,,
,, ,, ਸਃ ਦੇਵਾ ਸਿੰਘ ਜੀ ਕਿਸ਼ਨ ਪੁਰਾ
ਗਿਃ ਵੀਰ ਸਿੰਘ ਜੀ ਸਵਦੀ ਜਗਰਾਉਂ
ਸ੍ਰੀ ਮਾਨ ਜੋਗਿੰਦਰ ਸਿੰਘ ਜੀ ਅੰਤ੍ਰਗ ਮੈਂਬਰ ਗੁਰਮਤਪ੍ਰ: ਸਿੰਘ ਸਭਾ
ਸ੍ਰੀ ਮਾਨ ਬਾਬਾ ਲਾਲ ਸਿੰਘ ਗੁੰਥੀ ਪੰਥਕ ਗੁ: ਸਾ: ਕਿਸ਼ਨ ਪੁਰਾ
,, ,, ਵਸਾਵਾ ਸਿੰਘ ਜੀ ਜਨੇਤ ਪੁਰਾ
,, ,, ਮਲਕੀਤ ਸਿੰਘ ਜੀ ਕਿਸ਼ਨ ਪੁਰਾ

Digitized by Panjab Digital Library | www.panjabdigilib.org

,, ,, ਸ: ਭਗਵਾਨ ਸਿੰਘ ਜੀ ਕਿਸ਼ਨ ਪੁਰਾ ਮੀਤ ਪ੍ਰਧਾਨ
,, ,, ਸਰਵਣ ਸਿੰਘ ਧਰਮ ਕੋਟ
,, ,, ਮਲ ਸਿੰਘ
,, ,, ਮਸਾ ਸਿੰਘ ਇੰਦਰ ਗੜ੍ਹ
,, ,, ਹਜ਼ਾਰਾ ਸਿੰਘ (ਲੱਖਾ ਸਿੰਘ) ਕਿਸ਼ਨ ਪੁਰਾ ਜ: ਲੰਗਰ
,, ,, ਈਸ਼ਰ ਸਿੰਘ ,,
,, ,, ਮੋਹਣ ਸਿੰਘ ,,
,, ,, ਸ਼ੇਰ ਸਿੰਘ ਜੀ, ,,
ਸ: ਜਗਤ ਸਿੰਘ ,,
ਸ: ਪਾਲ ਸਿੰਘ ,,
ਸ: ਗੁਰਚਰਨ ਸਿੰਘ ਸੋਢੀ ਸਾਹਿਬ ਬੁਟਰ (ਮੋਗਾ)
ਸ: ਗੁਰਬਖਸ਼ ਸਿੰਘ ਜੀ ਲਾਂਬਾ
ਬੀਬੀ ਜੁਆਲਾ ਕੋਰ ਕਿਸ਼ਨ ਪੁਰਾ, ਸੁਪਤਨੀ ਸ: ਅਰਜਨ ਸਿੰਘ ਜੀ ਸਾਬਕ ਮੈਨੇਜਰ ਦਸਮੇਸ਼ ਪ੍ਰੈਸ ਪ੍ਰਧਾਨ ਇਸਤ੍ਰੀ ਸਤ ਸੰਗ ਸਭਾ ਕਿਸ਼ਨ ਪੁਰਾ
ਬੀਬੀ ਬਚਨ ਕੌਰ ,, ਸੁਪਤ੍ਰੀ ਸ: ਬਿਸ਼ਨ ਸਿੰਘ ਮਿਸਤ੍ਰੀ, ਸਕਤ੍ਰ ਇਸਤ੍ਰੀ ਸਤ ਸੰਗ ਸਭਾ ਕਿਸ਼ਨ ਪੁਰਾ
ਬੀਬੀ ਬਸੰਤ ਕੌਰ ਸੁਪਤਨੀ ਮਾ: ਭਗਤ ਸਿੰਘ ਖਜ਼ਾਨਚੀ ਇ: ਸਤ ਸੰਗ ਸਭਾ
ਬੀਬੀ ਸਦਾ ਕੌਰ ,,
ਬੀਬੀ ਨਿਕੀ ,,
ਬੀਬੀ ਜੈ ਕੌਰ ਮਹਿਣਾ
ਧੰਨ ਕੌਰ
ਰਾਮ ਕੌਰ
ਸੰਤ ਕੌਰ
ਮਾਤਾ ਲਾਜਵੰਤ ਕੌਰ ਜੀ, ਧਰਮ ਪਤਨੀ ਸੋਢੀ ਗੁਰਚਰਨ ਸਿੰਘ ਜੀ ਬੁਟਰ (ਮੋਗਾ)
ਸ਼ਰਨ ਕੌਰ ਹੈਡਮਿਸਟ, ਪਤੋ ਹੀਰਾ ਸਿੰਘ ਵਾਲੀ ਮੋਗਾ

# ਅਸ਼ੀਰ ਬਾਦ

ਮਾਲਵਾ ਇਤਿਹਾਸ ਸੁਧਾਈ ਸਮਾਗਮ ਇਹਨਾਂ ਹੀ ਤਾਰੀਖਾਂ ਤੇ ੩੭ ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਕਾਨਪੁਰ ਤੇ ਜੋੜ ਮੇਲਾ ਸ੍ਰੀ ਹਜ਼ੂਰ ਸਾਹਿਬ ( ਸਚ ਖੰਡ ) ਹੋਣ ਕਰਕੇ ਜੋ ਸਜਣ ਮਾਲਵਾ ਇਤਿਹਾਸ ਸੁਧਾਈ ਸਮਾਗਮ ਤੇ ਨਹੀਂ ਪੁਜ ਸਕੇ ਉਹਨਾਂ ਵਲੋਂ ਪ੍ਰੇਮ ਪਤ੍ਰਾਂ ਦੁਆਰਾ ਅਸ਼ੀਰ ਵਾਦ ਤੇ ਮਜਬੂਰੀਆਂ ਜ਼ਾਹਰ ਕੀਤੀਆਂ। ਉਹਨਾਂ ਗੁਰੂ ਸਵਾਰਿਆਂ ਦੇ ਹੇਠ ਨਾਮ ਲਿਖੇ ਜਾਂਦੇ ਹਨ।

ਸ੍ਰੀ ੧੦੮ ਸਿੰਘ ਸਾਹਿਬ ਗਿ: ਪ੍ਰਤਾਪ ਸਿੰਘ ਜੀ ਜਥੇਦਾਰ, ਅਕਾਲ ਤਖਤ ਸਾ: ਸ੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org

ਯੋਗ ਸ੍ਰੀ ਹਜ਼ੂਰ ਮਹਾਰਾਜਾ–ਅਧੀਰਾਜ ਪਟਿਆਲਾ
ਸ੍ਰੀ ਮਾਨ ਗਿ: ਕਰਤਾਰ ਸਿੰਘ ਜੀ ਵਜ਼ੀਰ ਪੰਜਾਬ
ਸਃ ਬः ਸਃ ਮੰਗਲ ਸਿੰਘ ਜੀ ਮਾਨ ਪ੍ਰਧਾਨ ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ
ਸਃ ਸਾ: ਸ: ਮਹਿੰਦਰ ਸਿੰਘ ਸਿਧਮ ਮੋਢੀ ਅਕਾਲੀ ਲਹਿਰ
ਬਾਬਾ ਮਿਤ ਸਿੰਘ ਜੀ ਪੰਡੋਰੀ ਕਨੇਡੀਅਨ ਜਗਰਾਉਂ ਲੁਧਿਆਣਾ।
ਸ: ਮੇਹਰ ਸਿੰਘ ਜੀ ਗਿ: ਐਡੀਟਰ ਖਾਲਸਾ ਐਡਵੋਕੇਟ ਸ੍ਰੀ ਅੰਮ੍ਰਿਤਸਰ
ਪ੍ਰਃ ਸ਼ਮਸ਼ੇਰ ਸਿੰਘ ਜੀ, ਅਸ਼ੋਰ ਹਿਸਟੋਰੀਅਨ ਪੰਜਾਬੀ ਵਿਭਾਗ ਪਟਿਆਲਾ
ਸ: ਮਹਿੰਦ੍ਰ ਸਿੰਘ ਜੀ ਬਿੰਦ ਮੋਹੀ ਜਨਰਲ ਸਕਤ੍ਰ ਜ਼ਿਮੀਦਾਰਾ ਲੀਗ
ਸ੍ਰੀ ਮਾਨ ਮਹੰਤ ਮਹਾਣਾ ਸਿੰਘ ਜੀ ਗੁ: ਸਾ[ ਪੰਜ ਗਰਾਈ ਫਰੀਦ ਕੋਟ
ਡਾ: ਦਇਆ ਸਿੰਘ ਜੀ ਜਗਰਾਉਂ
ਸ: ਨਾਹਰ ਸਿੰਘ ਜੀ ਕੇਪਟਨ ਅਜ਼ਾਦ ਹਿੰਦ ਫੌਜ ਜਗਰਾਉਂ
ਸਃ ਲਾਲ ਸਿੰਘ ਜੀ ਐਮ. ਏ. ਗਿਆਨੀ ਸਹਾਇਕ ਡਾਇਰੈਕਟਰ ਮਹਿਕਮਾ ਪੰਜਾਬੀ ਪਟਿਆਲ
ਸਃ ਸਾਃ ਰਤਨ ਸਿੰਘ ਜੀ ਲੋਹਗੜ, ਐਮ. ਐਲ. ਏ ਫੀਰੋਜ਼ਪੁਰ
ਸ੍ਰੀ ੧੦੮ ਗ੍ਰਿਃ ਗੁਰਬਚਨ ਜੀ ਖਾਲਸਾ ਅਖਾੜਾ ਜਗਰਾਓਂ
ਸਃ ਪ੍ਰੇਮ ਸਿੰਘ ਜੀ ਗਾਲਬ ਕਲਾਂ ਜਗਰਾਉਂ
ਸ: ਅਜਮੇਰ ਸਿੰਘ ਜੀ ਐਮ. ਏ. ਲੋਹਗੜ ਲੁਧਿਆਣਾ
ਸ੍ਰੀ ਮਾਨ ਗਿ: ਮਹਾਂ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ ਸ੍ਰੀ ਅੰਮਿਤਸਰ
,, ,, ਸ: ਚੰਦਾ ਸਿੰਘ ਜੀ ਸਕਤ੍ਰ ਪੰਚ ਖੰਡ ਭਦੌੜ ਪਟਿਆਲਾ
,, ,, ਗਿਃ ਕਰਤਾਰ ਸਿੰਘ ਜੀ ਰਸੂਲ ਪੁਰ ਜਗਰਾਉਂ ਲੁਧਿਆਣਾ
ਡਾਃ ਹਰਦਿਤ ਸਿੰਘ ਜੀ ਢਿਲੋਂ ਪੀ. ਐਚ. ਡੀ. ਡਾਇਰੈਕਟਰ ਵਿਦਿਅਕ ਵਿਭਾਗ ਪੈਪਸੂ

# ਸਹਾਇਕ ਸਜਣ

(੧) ਜਿਨਾਂ ਗੁਰੂ ਪਿਆਰੇ ਉਪਕਾਰੀ ਤੇ ਹਿਤਕਾਰੀ ਗਰਮੁਖਾਂ ਨੇ ਇਸ ਇਤਿਹਾਸ ਵਿਚ ਦਾਸ ਨੂੰ ਕਿਸੇ ਕਿਸਮ ਦੀ ਸਹਾਇਤਾ ਦਿਤੀ ਹੈ ਦਾਸ ਉਹਨਾਂ ਦਾ ਅਤਅੰਤ ਰਿਣੀ ਹੋਕੇ ਧੰਨਵਾਦੀ ਹੈ ਖਾਸ ਕਰਕੇ ਸਃ ਸੁੱਚਾ ਸਿੰਘ ਮਲਾਈ ਪਿੰਡ ਤੇ ਡਾਃ ਕਿਸ਼ਨ ਪੁਰਾ ਕਲਾਂ ਫੀਰੋਜ਼ਪੁਰ ਦਾ।

(੨) ਗਿਆਨੀ ਬਦਨ ਸਿੰਘ ਜੀ ਸਾਇਲ ਚੁਘਾ ਕਲਾ ਡਾਃ ਧਰਮ ਕੋਟ, ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਜਿਹੜੇ ਮਾਲਵੇ ਵਿਚੋਂ ਇਤਿਹਾਸੀ ਮਸਾਲਾ ਕਠਾ ਕਰਨ ਤੇ ਕੁਝ ਪਰੂਫ ਦੇਖਣ ਵਿਚ ਸਮੇਂ ੨ ਖੇਚਲ ਕਰਦੇ ਰਹੇ।

(੩) ਵੇਦੰਤੀ ਗਿ: ਬਿਸ਼ਨ ਸਿੰਘ ਜੀ ਭਰੋਵਾਲ, ਡਾ. ਸਬਦੀ ਕਲਾਂ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ।

(੪) ਜੋਗਿੰਦਰ ਸਿੰਘ ਜੀ ਕਪੂਰੇ, ਡਾਃ ਕੋਕਰੀ ਕਲਾਂ, ਤਹਿਸੀਲ ਮੋਗਾ, ਜ਼ਿਲਾ ਫੀਰੋਜ਼ਪੁਰ ਜੋ ਮਸਾਲਾ ਇਕਤ੍ਰ ਕਰਨ ਵਿਚ ਨਿਰਭੈਤਾ ਨਾਲ ਦਾਸ ਦੇ ਹਮਦਰਦ ਸਹਾਈ ਹੋਏ ਛਾਤੀ ਨਾਲ ਦੁਨਾਲ

Digitized by Panjab Digital Library | www.panjabdigilib.org

ਲਾਕੇ ਕਿਉਂਕੇ ਇਨਾਂ ਤੇ ਕਈ ਮਹਾਂ ਉਪਕਾਰੀਆਂ ਵਲੋਂ ਸ਼ੂਟ ਕਰਨ ਦੇ ਭੈ ਭੀ ਦਿਤੇ ਗਏ ਪਰ ਆਪ ਨੇ ਉਸੇ ਧੁਨ ਵਿਚ ਹੀ ਪ੍ਰੋਗਰਾਮ ਜਾਰੀ ਰਖਿਆ।

(੫) ਸ: ਕਰਤਾਰ ਸਿੰਘ ਜੀ ਢੈਪਈ ਡਾਃ ਤਹਿਸੀਲ ਤੇ ਜ਼ਿਲਾ ਲੁਧਿਆਣਾ, ਇਨ੍ਹਾਂ ਨੇ ਭੀ ਮਸਾਲਾ ਇਕਤ੍ਰ ਕਰਨ ਵਿਚ ਅਥਕ ਮੇਹਨਤ ਕੀਤੀ।

(੬) ਸਃ ਸਾਧੂ ਸਿੰਘ ਜੀ ਹੌਲਦਾਰ ਪਿੰਨਸ਼ਨਰ, ਸਪੁਤ੍ਰ ਸਃ ਬਖਤਾਵਰ ਸਿੰਘ ਜੀ ਪਿੰਡ ਤੇ ਡਾ ਸਠਿਆਲਾ, ਜ਼ਿਲਾ ਅੰਮ੍ਰਿਤਸਰ।

(੭) ਗਿ: ਜੰਗ ਸਿੰਘ ਜੀ ਡਾਃ ਤੇ ਪਿੰਡ ਸੁਖਾਨਾ, ਜ਼ਿਲਾ ਫੀਰੋਜ਼ਪੁਰ

(੮) ਗਿਃ ਅਜਮੇਰ ਜੀ ਲੋਹਗੜ ਡਾ; ਕਿਲਾ ਰਾਏ ਪੁਰ, ਤਹਿਸੀਲ ਤੇ ਜ਼ਿਲਾ ਲੁਧਿਆਣਾ।

(੯) ਹੈਡ ਮਾਃ ਧਿਆਨ ਸਿੰਘ ਜੀ ਐਮ. ਏ. ਕਲਿਆਣ ਮਲੱਕੀ ਤਹਿਸੀਲ ਨਥਾਣਾ, ਜ਼ਿਲਾ ਫੀਰੋਜ਼ਪੁਰ

(੧੦) ਗਿਃ ਧਰਮ ਸਿੰਘ ਜੀ ਪ੍ਰਧਾਨ ਗੁਰੂ ਨਾਨਕ ਸੋਸ਼ਲ ਸਰਵਸ

(੧੧) ਗਿਃ ਜੀਵਾ ਸਿੰਘ ਜੀ ਡਾ: ਤੇ ਪਿੰਡ ਗਾਲਬ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ।

(੧੨) ਗਿ: ਨਰਿੰਦਰ ਸਿੰਘ ਜੀ ਜਨੇਤ ਪੁਰਾ, ਡਾ: ਸ਼ੇਰ ਪੁਰਾ ਕਲਾਂ ,, ,,

(੧੩) ਜਮਾਦਾਰ ਚੰਨਣ ਸਿੰਘ ਜੀ ,, ,, ,, ,,

(੧੪) ਸਃ ਇੰਦਰ ਸਿੰਘ ਜੀ ਸਿਧੂ ,, ਜਗਰਾਉਂ

(੧੫) ਗਿ: ਬਲਵੰਤ ਸਿੰਘ ਜੀ ਕਿਲਾ ਰਾਏਪੁਰ

(੧੬) ਰਾਇ ਗੰਧ੍ਰਵ ਲਛਮਣ ਸਿੰਘ ਜੀ ਗਿਃ ਮਹਮੂਦ ਪੁਰਾ

(੧੭) ਗਿਃ ਅਵਤਾਰ ਸਿੰਘ ਜੀ ਬਰਸਾਲ ਜਗਰਾਉਂ

(੧੮) ਭਾ: ਸਾ: ਕਪੂਰ ਸਿੰਘ ਜੀ ਡਾ: ਤੇ ਪਿੰਡ ਮਲਕ ,,

(੧੯) ਸਃ ਸਰੂਪ ਸਿੰਘ ਜੀ ,, ,, ,,

(੨੦) ਸਃ ਉਤਮ ਸਿੰਘ ਜੀ ਵੈਦ ਰਾਜ ,, ,, ,,

(੨੧) ਹੌਲਦਾਰ ਚੰਨਣ ਸਿੰਘ ਜੀ ਸ਼ੇਰ ਪੁਰਾ ਖੁਰਦ ਡਾ: ਸ਼ੇਰ ਪੁਰਾ ਕਲਾਂ ਤਹਿਸੀਲ ਜਗਰਾਉਂ ਲੁਧਿਆਣਾ

ਸ: ਸਰਬਣ ਸਿੰਘ ਜੀ ਓਵਰ ਸੀਅਰ ਲੁਧਿਆਣਾ

(੨੨) ਮੋਟਰ ਕੰਪਨੀ ਜਗਰਾਉਂ ਤੇ ਲੁਧਿਆਣਾ ਦੇ ਡਰਾਇਵਰ

(੨੩) ਗਿ: ਜਸਵੰਤ ਸਿੰਘ ਜੀ ਡਾ: ਤੇ ਪਿੰਡ ਬਦੋਵਾਲ ਲੁਧਿਆਣਾ

(੨੪) ਸਃ ਜਰਨੈਲ ਸਿੰਘ ਜੀ ਪਿੰਡ ਸਨੇਤ ,,

(੨੫) ਸ: ਇੰਦਰ ਸਿੰਘ ਜੀ ਪਿੰਡ ਕੁਰੜ ਡਾ: ਸ਼ੇਰ ਪੁਰ. ਜ਼ਿਲਾ ਬਰਨਾਲਾ ਪਟਿਆਲਾ

(੨੬) ਹੌਲਦਾਰ ਬਖਸ਼ੀਸ਼ ਸਿੰਘ ਜੀ ਡਾ. ਤੇ ਪਿੰਡ ਕਿਸ਼ਨ ਪੁਰਾ ਕਲਾਂ ਤਹਿਸੀਲ ਜ਼ੀਰਾ ਫੀਰੋਜ਼ਪੁਰ

(੨੭) ਸਃ ਗੁਰਦਿਆਲ ਸਿੰਘ ਜੀ ,, ,, ,, ,,

Digitized by Panjab Digital Library | www.panjabdigilib.org

(੨੮) ਸਃ ਗੁਲਜ਼ਾਰਾ ਸਿੰਘ ਜੀ ਡਾਃ ਤੇ ਪਿੰਡ ਵਹਿਣੀਵਾਲ ,, ,,
(੨੯) ਜਥੇਦਾਰ ਜਾਗੀਰ ਸਿੰਘ ਜੀ ,, ,, ਕਿਸ਼ਨ ਪੁਰਾ ਕਲਾਂ ,, ,,
(੩੦) ਭਾਃ ਸਾਃ ਸੁੰਦਰ ਸਿੰਘ ਜੀ ਡਾ: ਤੇ ਪਿੰਡ ਤਲਵੰਡੀ ਮਲੋਆਂ ,, ,,
(੩੧) ਸ: ਬਿਸ਼ਨ ਸਿੰਘ ਜੀ ,, ,, ,,
(੩੨) ਮਾਃ ਅਣੋਖ ਸਿੰਘ ਜੀ ,, ,, ,,
(੩੩) ਸਰਜਨ ਮੇਜਰ ਭਗਤ ਸਿੰਘ ਜੀ ,, ,,
(੩੪) ਸਃ ਸਾ: ਗਹਲ ਸਿੰਘ ਜੀ ਨਾਜਮ ,, ,;
(੩੫) ਸਃ ਜੇਠਾ ਸਿੰਘ ਜੀ ,, ,, ,,
(੩੬) ਸੰਤ ਕਰਮ ਸਿੰਘ ਜੀ ਮਹੰਤ ਦਾਇਆ ਖੁਰਦ
(੩੭) ਸੂਬੇਦਾਰ ਰੂੜ ਸਿੰਘ ਜੀ ,, ,, ,,
(੩੮) ਸਃ ਗੁਰਦੇਵ ਸਿੰਘ ਜੀ ਪੰਛੀ ਜਲਾਲਾਬਾਦ
(੩੯) ਕਰਨੈਲ ਸਿਘ ਜੀ ਹਸਮੁਖ ਪਿਤਾ ਬਗਾ ਸਿੰਘ ਜਲਾਲਾਬਾਦ
(੪੦) ਸਃ ਧਰਮ ਸਿੰਘ ਜੀ ਬੀਰ ਡਾਃ ਜਲਾਲਾਬਾਦ
(੪੧) ਸਃ ਪ੍ਰੀਤਮ ਸਿੰਘ ਜੀ ਅਨੰਦ ਸਪੁਤ੍ਰ ਬਸੰਤ ਸਿੰਘ ਨੂਰ ਪੁਰਾ
(੪੨) ,, ਇੰਦਰ ਪਾਲ ਸੁਪਤ੍ਰ ਅਰਜਣ ਸਿੰਘ ,, ,,
(੪੩) ,, ਸੋਹਣ ਸਿੰਘ ਪਿਤਾ ਮੇਹਰ ਸਿੰਘ ਬੜੂਵਾਲ
(੪੪) ,, ਸਰਦੂਲ ਸਿੰਘ (ਸੰਧੂ) ਪਿਤਾ ਦਲੀਪ ਸਿੰਘ
(੪੫) ਹਰਦਿਤ ਸਿੰਘ ਜੀ ਢਿਲੋਂ ਪੀ. ਐਚ. ਡੀ. ਡਾਇਰੈਕਟਰ ਵਿਦਿਅਕ ਵਿਭਾਗ (ਪੈਪਸੂ)
(੪੬) ਪੰਡਤ ਕਰਤਾਰ ਸਿੰਘ ਜੀ ਸਾਹਿਤਚਾਰਜ (ਦਾਖਾ)
(੪੭) ਸੰਤ ਗਰਬਚਨ ਸਿੰਘ ਜੀ ਖਾਲਸਾ ਅਖਾੜਾ
(੪੮) ਗਿਃ ਨਾਹਰ ਸਿੰਘ ਜੀ ਗੁਜਰ ਵਾਲ ਲੁਧਿਆਣਾ।
ਗਿਃ ਦਿਆਲ ਸਿੰਘ ਜੀ ਪ੍ਰਵਾਨਾ, ਪੰਜ ਗਰਾਈ ਕਲਾਂ

## ਬਲਾਕਾਂ ਦੀ ਇਮਦਾਦ ਦੇਣ ਵਾਲੇ

ਗਿਆਨੀ ਮਹਾਂ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ ਸ੍ਰੀ ਅੰਮ੍ਰਿਤਸਰ
ਸੰਤ ਬਿਸ਼ਨ ਸਿੰਘ ਜੀ ਕਾਰਸੇਵਾ ਵਾਲੇ ,, ,,
ਸਃ ਸ਼ਮਸ਼ੇਰ ਸਿੰਘ ਜੀ ਅਸ਼ੋਕ ਪਟਿਆਲਾ
,, ਅਮਰ ਸਿੰਘ ਜੀ ਦੁਸਾਂਝ ਐਡੀਟਰ ਅਕਾਲੀ ਜਲੰਧਰ
,, ਭਜਨ ਸਿੰਘ ਪੰਜਾਬ ਗਿਆਨੀ ਪ੍ਰੈਸ ਲੁਧਿਆਣਾ
ਆਦਿ ਸਜਨਾ ਦਾ ਭੀ ਧੰਨਵਾਦ ਹੈ ਜਿਹਨਾਂ ਨੇ ਬੁਲਾਕਾਂ ਦੁਆਰਾ ਦਾਸ ਨਾਲ ਪੂਰਾ ਹਥ ਵਟਾਇਆ ਹੈ।

Digitized by Panjab Digital Library | www.panjabdigilib.org

# ਜੋ ਗ੍ਰੰਥ ਦੇਖੇ ਗਏ

ਇਸ ਇਤਿਹਾਸ ਵਾਸਤੇ ਜਿਨਾਂ ੨ ਗ੍ਰੰਥਾਂ ਦੀ ਸਹਾਇਤਾ ਲਈ ਗਈ ਹੈ ਉਹਨਾਂ ਦੀ ਅਖੀਰ ਜਾਕੇ ਫਿਰਸਤ ਦਿਤੀ ਜਾਇਗੀ।

ਇਸ ਇਤਿਹਾਸ ਦੇ ਪੂਰਨ ਕਰਨ ਅਤੇ ਛਾਪਣ ਵਿਚ ਜੋ ਔਕੜਾਂ ਖਾਸ ਹਮਦਰਦ ਮੰਨੇ ਜਾਂਦੇ ਗਿਆਨੀ, ਸੰਤਾ, ਗੁਰਸਿੱਖਾਂ ਪਾਰਟੀ ਦੇ ਜ਼ੁਮੇਵਾਰੀ, ਗ੍ਰੰਥੀ ਸਾਹਿਬਾਂ ਗੁਰਦੁਆਰੀਆਂ ਆਦ ਵਲੋ ਜੋ ਤਨੁ ਧਨੁ ਵਿਚ ਵਿਘਨ ਕਾਰੀ ਹੋਏ ਹਨ। ਉਹਨਾਂ ਦਾ ਪੂਰਾ ਪੂਰਾ ਹਾਲ ਲਿਖਾਰੀ ਤੇ ਵਿਚਾਰੀ ਸਜਣਾ ਦਾ ਹਉਸਲਾ ਤੋੜਨ ਦਾ ਕਾਰਣ ਹੈ। ਪਰ ਥੋੜੇ ਅਖਰਾਂ ਵਿਚ ਦਸਣਾ ਭੀ ਜ਼ਰੂਰੀ ਹੈ। ਕਿਉਂਕਿ ਬਹੁਤ ਸਾਰੇ ਅਸਾਡੀ ਕੌਮ ਦੇ ਸਜਣਾਂ ਨੂੰ ਆਪ ਦੇ ਤਖਲਸ ਦਾ ਹੀ ਪਤਾ ਨਾ ਹੋਣ ਤੇ ਸਾਕਤਾ ਵਾਲੇ ਕਰਮ ਹਜ਼ੂਰੀ ਦੀ ਤਾਬਿਆ ਬੈਠੇ ਨਿਧੜਕ, ਹੌਸਲੇ ਨਾਲ ਅਣ ਹੋਇਆ ਚਿਕੜ ਸਿਟਦੇ ਹੋਏ ਸ਼ੁਭ ਕਰਮ ਵਿਚ ਰੋੜੇ ਦਾ ਕਾਰਨ ਬਣਦੇ ਰਹੇ ਬਹੁਤ ਐਸੇ ਭੀ ਸਜਣ ਹਨ ਜਿਨਾਂ ਨੂੰ ਆਪ ਦੀ ਐਸ਼ ਤੋਂ ਬਿਨਾ ਪਤਾ ਹੀ ਨਹੀਂ ਕਿ ਕੌਮੀ ਸੇਵਾ ਕਿਸ ਕਿਸ ਕਿਸਮ ਦੀ ਹੁੰਦੀ ਹੈ ਅਤੇ ਤਵਾਰੀਖਾਂ ਤੇ ਗ੍ਰੰਥ ਕਿਵੇਂ ਲਿਖੇ ਜਾਂਦੇ ਹਨ। ਇਨਾਂ ਤੋਂ ਕੀ ਕੀ ਲਾਭ ਪ੍ਰਾਪਤ ਹੁੰਦੇ ਹਨ।

# ਮਾਇਕ ਸਹਾਇਤਾ

ਜਿਨਾਂ ਗੁਰੂ ਪਿਆਰਿਆਂ ਦਾਨੀ ਸਜਣਾ ਨੇ ਇਤਿਹਾਸ ਲਈ ਮਾਇਕ ਸਹਾਇਤਾ ਕੀਤੀ ਉਹਨਾਂ ਦਾ ਸਾਰੀ ਸਭਾ ਵਲੋਂ ਬਹੁਤ ਬਹੁਤਧੰਨਵਾਦ ਤੇ ਹੇਠ ਵੇਰਵੇ ਨਾਲ, ਨਾਮ ਅਤੇ ਰਕਮ ਅੰਕਤ ਕੀਤੀ ਜਾਂਦੀ ਹੈ।

੧੦੦੦) ਇਕ ਹਜ਼ਾਰ ਸੰਗਤ ਕਿਸ਼ਨਪੁਰਾ ਕਲਾਂ ਵਲੋਂ ਨਕਦ ਤੇ ਹਰ ਕਿਸਮ ਦੀ ਸੇਵਾ

੧੦੦੦) ਇਕ ਹਜ਼ਾਰ ਸ੍ਰੀ ਮਾਨ ਯੋਗ ਸੰਗਤ ਸ਼ੇਖ ਦੌਲਤ ਵਲੋਂ ਜਿਸ ਵਿਚ ਜਥੇਦਾਰ ਕਪੂਰ ਸਿੰਘ ਸ਼ੇਖ ਦੌਲਤ ਵਲੋਂ ੫੦੦) ਸ਼ਾਮਲ ਹੈ।

੧੦੦੦) ਸਰਦਾਰ ਜੋਗਿੰਦਰ ਸਿੰਘ ਜੀ ਏ. ਐਸ. ਪੀ ਮਲਾਇਆ, ਪਿੰਡ ਕਿਸ਼ਨ ਪੁਰਾ ਕਲਾਂ

੧੦੦੦) ਸਰਦਾਰ ਜਗਤ ਸਿੰਘ ਜੀ ਸਪੁਤ੍ਰ ਕਾਹਨ ਸਿੰਘ ਕਿਸ਼ਨ ਪੁਰਾ ਕਲਾਂ ਪ੍ਰਧਾਨ ਪੰਥਕ ਗੁ: ਸਾਃ ਕਿਸ਼ਨ ਪੁਰਾ ਨੇ ਸਹਾਇਤਾ ਕੀਤੀ।

ਸ; ਵਸਾਵਾ ਸਿੰਘ ਹੈਲਥ ਇਨਸਪੈਕਟਰ ਮਲਾਕਾ ੩੦੦)

,, ਅਮਰ ਸਿੰਘ ਮਹਿਣਾ ਸਰੰਬਨ ਮੋਟਰ ਕੰਪਨੀ ੧੫੦)

,, ਸਃ ਸੁਦਾਗਰ ਸਿੰਘ ਬੁਘੀ ਪੁਰਾ ,, ,, ੧੦੦)

ਸੰਤ ਸੋਹਣ ਸਿੰਘ ਜੀ ਲਮਕ ੧੦੫)

ਸ: ਜਗਤ ਸਿੰਘ ਜੀ ਕਮਾਲ ਪੁਰਾ ੫੦)

ਸੋਢੀ ਗੁਰਚਰਨ ਸਿੰਘ ਜੀ ਮੋਗਾ ੧੦੧)

ਬੀਬੀ ਨਸੀਬ ਕੌਰ ਧਰਮ ਸਪਤਨੀ ਸ: ਮੇਜਰ ਸਿੰਘ ਜੀ ਓਵਰਸੀਅਰ ਬੁਟਰ ਵਾਲੇ ੫੦)

ਭਾ: ਸਾ: ਕਪੂਰ ਸਿੰਘ ਜੀ ਮਲਕ ੫੦)

Digitized by Panjab Digital Library | www.panjabdigilib.org

ਬੀਬੀ ਦਯਾ ਕੌਰ ਜਥੇਦਾਰ ਜਾਗੀਰ ਸਿੰਘ ਭੈਣ ੧੦੦)
ਬੀਬੀ ਕਰਤਾਰ ਕੌਰ, ਰੋੜੀ, ਕਪੂਰਾ, ਫਰੀਦ ਕੋਟ ੪੦)
ਬੀਬੀ ਬਸੰਤ ਕੌਰ ਰੋੜੀ ਕਪੂਰਾ ,, ੪੦)
ਸ: ਕਰਨੈਲ ਸਿੰਘ ਹੌਲਦਾਰ ਰੁੜਕਾ ਲੁਧਿਆਣਾ ੫੦)
ਸ: ਬਚਨ ਸਿੰਘ ਕਨੇਡੀਅਨ, ਜਗਰਾਉਂ ੧੧੦)
ਸਾਧੂ ਦੂਧਾ ਧਾਰੀ, ਭਾਈ ਕੇ ਭਠਲ, ਅੰਮ੍ਰਿਤਸਰ ੬੦)
ਸੰਤ ਮੋਹਣ ਸਿੰਘ ਜੀ ਬੌਲੀ ਸਾਹਿਬ ਜੀ ੫੦)
ਸੰਤ ਨਿਹਾਲ ਸਿੰਘ ੧੧੦)
ਮਾਈ ਧੰਨ ਕੌਰ ੧੦੦)
ਸੰਤ ਪ੍ਰੇਮ ਸਿੰਘ ਜੀ ਮਲਕ ੧੦੦)
ਸ. ਸਰੂਪ ਸਿੰਘ ਜੀ ਮਲਕ ੨੦੦)
ਬੀਬੀ ਹਰਸਰਨ ਕੌਰ ਹੈਡ ਮਿਸਟਰੈਸ ਪਤੇ ਹੀਰਾ ਸਿੰਘ ੫੦)

# ਧੰਨਵਾਦ

ਦੀ ਗੁਰਦਸਮੇਸ਼ ਪ੍ਰੈਸ ਸਟਾਫ ਦਾ ਬਾਰ ਬਾਰ ਧੰਨਵਾਦ ਕਰਦਾ ਹਾਂ ਜਿਨਾਂ ਨੇ ਦਾਸ ਨਾਲ ਹਰ ਤਰਾਂ ਦੀ ਮਿਲਵਰਤਨ ਤੇ ਚੰਗੇ ਤੋਂ ਚੰਗਾ ਟਾਈਪ ਲਾਕੇ ਇਤਿਹਾਸ ਨੂੰ ਸ਼ਾਨਦਾਰ ਬਣਾਇਆ।

ਦੀ ਗੁਰਦਸਮੇਸ਼ ਪ੍ਰੈਸ ਸੋਸੈਟੀ ਨੇ ਤਾਂ ਦਾਸ ਨੂੰ ਆਪਣਾ ਅਤ ਰਿਣੀ ਬਣਾ ਛਡਿਆ ਹੈ। ਜਿਸ ਨੇ ਸਿਰਫ ਇਤਿਹਾਸ ਦੀ ਛਪਾਈ ਨੂੰ ਮੁਖ ਰਖਕੇ, ਇਹ ਪ੍ਰੈਸ ਚਾਲੂ ਕੀਤਾ। ਅਤੇ ਟਾਈਪ ਦਾਸ ਦੀ ਅਭਿਲਾਖਾ ਅਨੁਸਾਰ, ਮਾਲਵਾ ਇਤਿਹਾਸ ਛਾਪਣ ਵਿਚ ਅਤ ਹੀ ਸਹਾਈ ਹੋਣ ਤੇ ਇਹ ਇਤਿਹਾਸ ਪਾਠਕਾਂ ਦੇ ਹਥਾਂ ਦੀ ਛੋਹ ਪ੍ਰਾਪਤ ਕਰ ਰਿਹਾ ਹੈ।

ਭੁਲ ਨਾਲ ਤੇ ਅਣਜਾਣ ਹੋਣ ਤੇ ਇਸ ਵਿਚ ਜੋ ਸੁਤੇ ਗਲਤੀਆਂ ਹੋਣ ਗੀਆਂ। ਉਹਨਾਂ ਨੂੰ ਪਾਠਕ ਜਨ ਦਸਣ ਦੀ ਕ੍ਰਿਪਾਲਤਾ ਕਰਨ ਤਾਂ ਤੇ ਅਗਲੀ ਐਡੀਸ਼ਨ ਵਿੱਚ ਧੰਨਵਾਦ ਸਹਿਤ ਪ੍ਰਵਾਨ ਕਰਕੇ ਦਿਤੀਆਂ ਜਾਣਗੀਆਂ

ਦਫਤਰ ਪੰਥਕ
ਗੁਰਦੁਆਰਾ ਸਾਃ
ਕਿਸ਼ਨ ਪੁਰਾ ਕਲਾਂ, ਫੀਰੋਜ਼ ਪੁਰ
ਸੰਮਤ ੧੪-੯-੧੯੫੪
ਸਨ ੩੧ ਭਾਦੋਂ ੨੦੧੦
ਖਾਲਸਾ ਪੰਥ ਸੰਨ ੨੫੫

ਸ੍ਰੀ ਗੁਰੂ ਪੰਥ ਤੇ
ਇਤਿਹਾਸ ਖੋਜੀਆਂ ਦਾ
ਚਰਨ ਸੇਵਕ ਦਾਸ
ਵਿਸਾਖਾ ਸਿੰਘ ਸੰਤ ਸਿਪਾਹੀ
ਜਨੇਤ ਪੁਰਾ

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

# ਸੁਭਾਗ ਨਗਰ ਸਿੱਖ ਦੌਲਤ

ਸੋਹਣਾ ਨਗਰ ਸਿੱਖ ਦੌਲਤ ਦਾ ਭਾਗ ਭਰਿਆ, ਲੋਕੀ ਨਾਲ ਪਿਆਰ ਦੇ ਵਸਦੇ ਨੇਂ।
ਦੌਲਤ ਸਿੱਖਾਂ ਨੇ ਗੁਠਾਂ ਬਣਾਈ ਏਥੇ, ਕਾਰਨਾਮੇਂ ਪਏ ਇਸ ਤਰ੍ਹਾਂ ਦਸਦੇ ਨੇ।
ਸਭੇ ਮਿਲਕੇ ਪੰਥ ਦੀ ਕਰਨ ਸੇਵਾ, ਕਮਰ ਕਸੇ ਇਹ ਕੌਮ ਲਈ ਕਸਦੇ ਨੇ।
ਕਰੀ ਸੇਵਾ ਇਤਿਹਾਸ ਦੇ ਕਾਂਡ ਵਾਲੀ, ਸਤਿ ਗੁਰ ਦੇਖ ਪ੍ਰੀਤ ਨੂੰ ਹਸਦੇ ਨੇ।

ਸੁਭਾਗ ਨਗਰ ਸਿੱਖ ਦੌਲਤ, ਡਾਕਖਾਨਾ ਸ਼ੇਰ ਪੁਰਾ ਕਲਾਂ ਥਾਣਾ ਸਿਧਵਾਂ ਬੇਟ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਦਾ ਇਕ ਧੁਗ ਤੇ ਸੁਖ ਵਸਦਾ ਨਗਰ ਹੈ। ਇਸ ਪਿੰਡ ਦੇ ਹਰ ਇਕ ਘਰ ਮਗਰ ਦੋ ਆਦਮੀ ਔਸਤਨ ਸਫਰ ਮੈਨਾ ਰੁੜਕੀ ਵਿਚ ਭਰਤੀ ਹਨ, ਅਤੇ ਹੌਲਦਾਰੀ ਤੋਂ ਲੈਕੇ ਲੇਫਟੀਨੈਂਟ ਤੱਕ ਅਹੁਦੇਦਾਰ ਹਨ, ਜਿਸ ਕਰਕੇ ਗੁਰ ਇਤਿਹਾਸ ਤੇ ਗੁਰੂ ਘਰ ਦੀ ਸੂਝ ਬੂਝ ਰਖਣ ਵਾਲੇ ਹੋਣ ਕਰਕੇ ਗੁਰਦੁਆਰਾ ਰਾਮ ਗੜ੍ਹ ਗੁਰਦੁਆਰਾ ਜਾਗਰਤਸਰ ਸ਼ੇਰ ਪੁਰਾ ਕਲਾਂ, ਗੁਰ ਨਾਨਕ ਹਰਿ ਗੋਬਿੰਦ ਸਰ ਸੋਢੀਆਂ ਵਾਲਾ ਅਤੇ ਖਾਸ ਪਿੰਡ ਦੇ ਗੁਰਦੁਆਰਾ ਸਾਹਿਬ ਆਦਿ ਦੀ ਸੇਵਾ ਵਧ ਚੜ ਕੇ ਤਨ ਮਨ ਧਨ ਨਾਲ ਕੀਤੀ ਹੈ। ਇਸ ਨਗਰ ਦੇ ਇਰਦ ਗਿਰਦ ਜਿਨੇ ਵੀ ਗੁਰਦੁਆਰਾ ਅਸਥਾਨ ਸਾਹਿਬਾਨ ਵਿਚ ਨਿਸ਼ਾਨ ਸਾਹਿਬ ਝੁਲ ਰਹੇ ਹਨ ਇਨਾਂ ਦੇ ਝਲਾਉਨ ਦੀ ਸੇਵਾ ਇਸੇ ਪਿੰਡ ਦੇ ਸਫਰ ਮੈਨਾਂ ਦੇ ਹਿੱਸੇ ਵਿਚ ਆਈ ਹੈ।

ਜਿਥੇ ਨਗਰ ਨਿਵਾਸੀਆਂ ਗੁਰੂ ਘਰ ਦੀ ਗੁਰ ਅਸਥਾਨਾਂ ਦੀ ਵਧ ਚੜਕੇ ਸੇਵਾ ਕੀਤੀ ਹੈ ਓਥੇ ੧੯੧੪-੧੫ ਦੇਸ਼ ਭਗਤਾਂ, ੧੯੨੨ ਦੀ ਅਕਾਲੀ ਲਹਿਰ, ੧੯੪੨ ਦੀ ਆਜ਼ਾਦ ਹਿੰਦ ਫੌਜ ਤੇ ੧੯੪੭ ਦੇ ਘਲੂ ਘਾਰੇ ਵਿਚ ਵੀ ਬਹੁਤ ਸੇਵਾ ਕੀਤੀ ਹੈ ਜੋ ਸੁਨਹਿਰੀ ਅਖਰਾਂ ਵਿਚ ਲਿਖਿਣ ਜਾਣ ਯੋਗ ਹੈ।

ਉਪ੍ਰੋਕਤ ਸੇਵਾ ਤੋਂ ਬਿਨਾ ਇਸ ਨਗਰ ਨੇ ਇਲਾਕੇ ਦੀ ਭਾਈਚਾਰਕ, ਸਮਾਜਕ ਤੇ ਧਾਰਮਿਕ ਸੇਵਾ ਵੀ ਬਹੁਤ ਕੀਤੀ ਹੈ, ਇਸ ਇਲਾਕੇ ਵਿਚ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਕਾਫੀ ਅਰਸੇ ਤੋਂ ਇਥੇ ਸੇਵਾ ਕਰ ਰਹੀ ਹੈ ਜਿਸ ਵਿਚ ਇਸ ਨਗਰ ਦੇ ਵਸਨੀਕ ਵਧ ਚੜ ਕੇ ਹਿਸਾ ਲੈ ਰਹੇ ਹਨ ਸਭਾ ਦੇ ਮੈਂਬਰ ਅਹੁਦੇਦਾਰ ਆਦਿ ਬਹੁਸਮਤੀ ਕਰਕੇ ਇਸੇ ਨਗਰ ਦੇ ਹੁੰਦੇ ਹਨ। ਇਸੇ ਕਰਕੇ ਹੀ ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੀ ਦੂਸਰੀ ਗੁਰਮਤ ਕਾਨਫਰੰਸ ਇਸ ਨਗਰ ਵਿਚ ਹੀ ਹੋਈ ਸੀ ਜਿਸ ਦਾ ਸਾਰਾ ਲੰਗਰ ਦਾ ਖਰਚ, ਇਕ ਹਜ਼ਾਰ ਰੁਪੈ ਸਭਾ ਦੇ ਫੰਡ ਲਈ, * ਇਕ ਹਜ਼ਾਰ ਮਾਲਵਾ ਇਤਿਹਾਸ ਵਾਸਤੇ ਤੇ ਇਕ ਪੰਜ ਸੌ ਰੁਪਈਆ ਕਾਨਫਰੰਸ ਦੇ ਪ੍ਰਧਾਨ ਸ੍ਰੀਮਾਨ ੧੦੮ ਸੰਤ ਵਿਸਾਖਾ ਸਿੰਘ ਜੀ ਸੰਤ ਸਪਾਹੀ ਜਨੇਤ ਪੁਰਾ ਨੂੰ ਨਕਦ ਭੇਟ ਕੀਤਾ। ਇਸ ਕਰਕੇ ਗੁਰਮਤ ਪ੍ਰਚਾਰਕ ਸਿੰਘ ਸਭਾ ਵਲੋਂ ਪ੍ਰਸੰਸਾ ਨਾਲ ਇਸ ਕਾਂਡ ਦੇ ਆਦਿ ਵਿਚ ਇਸ ਸੁਭਾਗ ਨਗਰ ਦਾ ਸੰਖੇਪ ਸਮਾਚਾਰ ਦਿਤਾ ਜਾਂਦਾ ਹੈ।

ਬਦਨ ਸਿੰਘ ਗਿਆਨੀ,
ਜਨਰਲ ਸਕੱਤਰ
ਗੁਰਮਤਿ ਪ੍ਰਚਾਰ ਸਿੰਘ ਸਭਾ, ਇਲਾਕਾ ਤਿਹਾੜਾ

---

*ਜਿਸ ਵਿਚੋਂ ੫੦੦) ਸ: ਕਪੂਰ ਸਿੰਘ ਸੂਬੇਦਾਰ ਜੀ ਸਿੱਖ ਦੌਲਤ ਵਲੋਂ ਸੀ।

Digitized by Panjab Digital Library | www.panjabdigilib.org

# ਵਚਨਾਰੰਭ

ਬੰਦਾ ਸਿੰਘ ਬਹਾਦਰ ਤੇ ਮਿਸਲਾਂ ਦਾ ਸਮਾਂ ਖਾਲਸੇ ਦੀਆਂ ਚੜ੍ਹਦੀਆਂ ਕਲਾਂ ਦਾ ਸਮਾਂ ਸੀ। ਮੁਗਲ ਰਾਜ ਦੀਆਂ ਜੜਾਂ ਖੋਖਲੀਆ ਹੋ ਚੁਕੀਆਂ ਸਨ। ਔਰੰਗਜ਼ੇਬ ਦੇ ਅਤਿਆ ਚਾਰਾ ਨੇ ਪ੍ਰਜਾ ਵਿਚ ਅਥਾਹ ਰੋਸ ਪੈਦਾ ਕਰ ਦਿੱਤਾ ਸੀ। ਦਖਣ ਵਿਚ ਮਰਹਟੇ ਤੇ ਪੰਜਾਬ ਵਿਚ ਸਿੱਖ ਮੁਗਲ ਰਾਜ ਨੂੰ ਖਤਮ ਕਰਨ ਲਈ ਫੈਸਲਾ ਕੁਨ ਲੜਾਈਆਂ ਲੜਨ ਦੀਆਂ ਤਿਆਰੀਆਂ ਕਰ ਰਹੇ ਸਨ। ਇਨ੍ਹਾਂ ਹਾਲਤਾਂ ਤੋਂ ਲਾਭ ਉਠਾਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਰਹਟਿਆਂ ਵਿਚ ਭੀ ਨਵੀਂ ਰੂਹ ਫੂਕਣ ਵਾਸਤੇ ਜੈਸੇ ਚਿੜੀਆਂ ਕੋਲੋਂ ਬਾਜ ਤੜਾਊਂ, ਕੀੜੀ ਕੋਲੋਂ ਫੀਲ ਮਰਵਾਊਂ ਦੇ ਅਨੁਸਾਰ ਸ੍ਰੀ ਕਲਗੀ ਰ ਪਾਤਸ਼ਾਹ ਨੇ ਬਾਬਾ ਬੰਦਾ ਸਿੰਘ ਦੇ ਸਿਰ ਪਰ ਬਖ਼ਸ਼ਸ਼ ਦਾ ਹੱਥ ਰੱਖਿਆ ਤੇ ਉਨ੍ਹਾਂ ਨੂੰ ਖਾਸ ਹਦਾਇਤਾਂ ਦੇਕੇ ਪੰਜਾਂ ਸਿੰਘਾਂ ਦੀ ਸਰਪਰਸਤੀ ਹੇਠ ਪੰਜਾਬ ਵੱਲ ਤੋਰਿਆ।

ਸ੍ਰੀ ਗੁਰੂ ਤੇਗਬਹਾਦਰ ਜੀ ਮਹਾਰਾਜ ਦੀ ਕੁਰਬਾਨੀ ਤੇ ਸਾਹਿਬਜ਼ਾਦਿਆਂ ਦੇ ਬਲੀਦਾਨ ਨੇ ਸਿਖਾਂ ਦੇ ਦਿਲਾਂ ਵਿਚ ਮੁਗਲਰਾਜ ਵਿਰਧ ਰੋਸ ਦੇ ਭਾਂਬੜ ਬਾਲ ਦਿੱਤੇ ਸਨ। ਉਸ ਸਮੇ ਦੇ ਸਿਖ ਕਿਹਾ ਕਰਦੇ ਸਨ ਕਿ ਜਦੋਂ ਤਕ ਅਸੀਂ ਗੁਰੂ ਮਰੀ ਸਰਹਿੰਦ ਦੀ ਇਟ ਨਾਲ ਇਟ ਨਹੀਂ ਵਜਾ ਦਿੰਦੇ ਸਾਨੂੰ ਅੰਨ ਜਲ ਛਕਣਾ ਭਾਉਂਦਾ ਨਹੀਂ। ਜਿਸ ਸਮੇਂ ਸਿੰਘਾਂ ਪਾਸ ਗੁਰੂ ਜੀ ਦੇ ਇਹ ਹੁਕਮ ਨਾਮੇ ਪੁਜੇ ਕਿ ਸਰਹਿੰਦ ਨੂੰ ਫਤਹਿ ਕਰਨ ਲਈ ਬੰਦਾ ਬਹਾਦਰ ਸਿੰਘ ਆ ਰਿਹਾ ਹੈ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹਦ ਨਾ ਰਹੀ। ਰਣ ਦੇਖ ਸੂਰੇ ਚਿੱਤਉਲ੍ਹਾਸ ਦੇ ਮਹਾਂ ਵਾਕ ਅਨੁਸਾਰ ਸਿੰਘਾਂ ਦੇ ਚੇਹਰਿਆਂ ਪਰ ਲਾਲੀਆਂ ਚੜ੍ਹ ਗਈਆਂ। ਬਾਬਾ ਬੰਦਾ ਸਿੰਘ ਜੀ ਦੀ ਕਮਾਨ ਹੇਠ ਇਕਠੇ ਹੋਕੇ ਸਿੰਘਾਂ ਨੇ ਸਰਹਿੰਦ ਹੀ ਫਤੇ ਨਹੀਂ ਕੀਤੀ ਸਗੋਂ ਹਰਿਦੁਆਰ ਤੋਂ ਲੈ ਕੇ ਜੇਹਲਮ ਤਕ ਦੇ ਇਲਾਕੇ ਵਿਚ ਜੋ ਭੀ ਖਾਲਸੇ ਦਾ ਵਿਰੋਧੀ ਸੀ ਉਸ ਨੂੰ ਚੰਗੀ ਤ੍ਰਾਂ ਸੋਧਿਆ।

ਸਾਰੇ ਦੇਸ਼ ਵਿੱਚ ਸਿੰਘਾਂ ਦੀ ਤੇਗ ਦੀ ਧਾਕ ਬੈਠ ਗਈ ਤੇ ਮੁਗਲਾਂ ਦੇ ਹੌਸਲੇ ਟੁਟ ਗਏ। ਕਿਤਨੀ ਵੇਰ ਮਾਣ ਮੱਤੀ ਮੁਗਲ ਸੈਨਾਂ ਸਿੰਘਾਂ ਤੋਂ ਭਾਜ ਖਾਕੇ ਭੱਜ ਉਠੀ ਤੇ ਫਤਹਿ ਖਾਲਸੇ ਦੇ ਚਰਨ ਚੁੰਮਦੀ ਰਹੀ। ਇਸ ਸਮੇ ਹੀ ਮਾਲਵੇ ਦੀਆਂ ਸਿੱਖ ਰਿਆਸਤਾਂ ਦਾ ਮੁਢ ਬਝਿਆ ਤੇ ਇਸ ਸਮੇਂ ਹੀ ਖਾਲਸੇ ਨੇ ਸਿੱਖ ਰਾਜ ਦਾ ਉਹ ਨਕਸ਼ਾ ਉਲੀਕਿਆ ਜਿਸ ਵਿੱਚ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਰੰਗ ਭਰਿਆ। ਇਸ ਕਰਕੇ ਇਸ ਸਮੇਂ ਨੂੰ ਖਾਲਸੇ ਦੀ ਚੜਦੀਕਲਾਂ ਦਾ ਸਮਾ ਕਿਹਾ ਗਿਆ ਹੈ। ਕਿ ਇਤਹਾਸ ਦੇ ਇਸ ਭਾਗ ਨੂੰ ਵਿਚਾਰ ਨਾਲ ਪੜਨ ਤੋਂ ਪਤਾ ਲਗਦਾ ਹੈ ਕਿ ਜਦੋਂ ਕਿਸ ਕੌਮ ਦੀਆਂ ਚੜ੍ਹਦੀਆਂ ਕਲਾਂ ਦਾ ਸਮਾਂ ਆਉਂਦਾ ਹੈ ਤਾਂ ਉਸ ਵਿੱਚ ਕੁਰਬਾਨੀ ਦਾ ਮਾਦਾ ਪੈਦਾ ਹੋ ਜਾਂਦਾ ਹੈ ਅਤੇ ਜਦੋਂ ਉਸ ਨੇ ਢਹਿੰਦੀਆਂ ਕਲਾਂ ਵੱਲ ਜਾਣਾ ਹੋਵੇ ਤਾਂ ਉਸਦਾ ਰੁਝਾਨ ਐਸ਼ ਇਸ਼ਰਤ ਵਲ ਹੋ ਜਾਂਦਾ ਹੈ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਓਸ ਸਮੇਂ ਸਿੰਘਾਂ ਵਿੱਚ ਕੁਰਬਾਨੀ ਦਾ ਜਜ਼ਬਾ ਠਾਠਾਂ ਮਾਰਦਾ ਸੀ ਇਸ ਕਰਕੇ ਜਿਧਰ ਨੂੰ ਉਨ੍ਹਾਂ ਨੇ ਮੂੰਹ ਕੀਤਾ ਫਤਹਿ ਹੀ ਹੁੰਦੀ ਚਲੀ ਗਈ।

ਦਾਸ

ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ ॥

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

"ਸੋਇ ਕਰਾਇ ਜੋ ਤੁਧ ਭਾਵੈ, ਮੋਹਿ ਸਿਆਣਪ ਕਛੂ ਨ ਆਵੈ ।"

ਸੋਰਠ ਮ: ੫ ॥

# ਖਾਲਸੇ ਦੀ ਚੜ੍ਹਦੀ ਕਲਾ

ਗੋਬਿੰਦ ਸਿੰਘ ਗੁਰ ਨੇ ਹਿੰਦੂ ਧਰਮ ਬਚਾਯਾ ।
ਕਲਗੀ ਸਜਾ ਕੇ ਸਿਰ ਪਰ ਮਤ (ਖਾਲਸਾ) ਰਚਾਯਾ ।

"ਰਣ ਦੇਖਿ ਸੂਰੇ ਚਿਤ ਉਲਾਸ"

"ਮੈਂ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ ।"

ਲਖ ਜਾਨ ਤਲੀ ਪਰ ਧਰਦੇ ਵਿਚ ਰਾਹ ਸੱਜਣ ਦੇ ਖੜਦੇ ॥
ਜਿਨ੍ਹਾਂ ਤਕੀਆਂ ਪ੍ਰੇਮ ਸੰਭਾਲਾ ॥
(ਭਾ: ਨੰਦ ਲਾਲ ਜੀ)



ਪ੍ਰੇਮ ਮਾਹੀ ਦੀ ਔਖੀ ਗਲੀ ਸਿਰ ਦੇ ਭਾਰ ਚਲੀਏ ॥
ਬੇਖੁਦ ਹੋ ਮਨਸੂਰ ਦੇ ਵਾਂਗਰ ਸੂਲੀ ਪਰ ਧਰੀਏ ॥
(ਭਾ: ਨੰਦ ਲਾਲ ਜੀ)

ਪਿਛੇ ਦੇਖੋ

Digitized by Panjab Digital Library | www.panjabdigilib.org

# * ਖਾਲਸੇ ਦੀ ਚੜ੍ਹਦੀ ਕਲਾਂ *

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਖਨ ਹੈਦਰਾਬਾਦ ਜਾ ਕੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਪੰਜਾਂ ਸਿੰਘਾਂ ਦੀ ਜਥੇਦਾਰੀ ਹੇਠ ਹੋਰ ਵੀਹ ਸਿੰਘਾਂ ਸਮੇਤ ਪੰਜ ਤੀਰ, ਨਿਸ਼ਾਨ ਸਾਹਿਬ ਤੇ ਨਗਾਰਾ ਬਖਸ਼ ਕੇ ਪੰਜਾਬ ਨੂੰ ਘਲਣਾ ਅਤੇ ਸ੍ਰੀ ਗੁਰੂ ਦਸਮੇਸ਼ ਜੀ ਵਲੋਂ ਪੰਜਾਬ ਦੇ ਸਿੰਘਾਂ ਨੂੰ ਹੁਕਮ ਨਾਮੇ ਭੇਜਣੇ ਕਿ ਬੰਦਾ ਬਹਾਦਰ ਸਿੰਘ ਆਦਿ ਸਿੰਘਾਂ ਨਾਲ ਜਥੇਬੰਦ ਹੋ ਕੇ ਦੇਸ਼ ਰਖਿਆ ਦੇ ਵਾਸਤੇ ਦੁਸਟ ਪਾਮਰਾਂ ਦੀ ਖੂਬ ਸੋਧ ਸੁਧਾਈ ਕਰਕੇ ਖਾਲਸੇ ਦਾ ਝੰਡਾ ਝੁਲਾ ਕੇ ਧਰਮ ਦਾ ਰਾਜ ਕਾਇਮ ਕਰਨਾ, ਇਸ ਵਿਚ ਬਾਬਾ ਬੰਦਾ ਬਹਾਦਰ ਸਿੰਘ ਜੀ ਤੇ ਉਸ ਵੇਲੇ ਦੇ ਸਿੰਘ ॥ ਘਲੂ ਘਾਰੇ ॥ ਬਾਰਾਂ ਮਿਸਲਾਂ ॥ ਸਿੱਖ ਰਾਜ ਦੇ ਰਖਵਾਲੇ ਅਤੇ ਖਾਲਸਾ ਰਾਜ ਦਾ ਆਦਿ ਅੰਤ :

ਕਰਤਾਃ—

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ,

ਪ੍ਰਧਾਨ ਗੁਰਮਤ ਪ੍ਰ: ਸਿੰਘ ਸਭਾ.

ਪ੍ਰਕਾਸ਼ਤਃ— ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ, ਦਫਤਰ ਪੰਥਕ ਗਰਦੁਆਰਾ ਕਿਸ਼ਨ ਪੁਰਾ ਕਲਾਂ, ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ (ਪੰਜਾਬ)

## ਬਾਬਾ ਬੰਦਾ ਸਿੰਘ ਬਹਾਦਰ ਦਾ ਸਿਜਰਾ

ਬੰਦਾ ਸਿੰਘ ਜੀ
|
ਰਣਜੀਤ ਸਿੰਘ ਜੀ
|
ਜ਼ੋਰਾਵਰ ਸਿੰਘ ਜੀ
|
ਅਰਜਣ ਸਿੰਘ ਜੀ
|
ਖੜਕ ਸਿੰਘ ਜੀ
|
ਦਯਾ ਸਿੰਘ ਜੀ
|
ਅਤਰ ਸਿੰਘ — ਸੁਜਾਨ ਸਿੰਘ
|
ਸਰਦੂਲ ਸਿੰਘ (ਸੁਜਾਨ ਸਿੰਘ ਦਾ)

Digitized by Panjab Digital Library | www.panjabdigilib.org

## ਸੰਖੇਪ ਜੀਵਨ—

# ਬਾਬਾ ਬੰਦਾ ਸਿੰਘ (ਬੰਦਾ ਬਹਾਦਰ)

## ਮੁਢਲੇ ਸਮਾਚਾਰ

ਬੰਦਾ ਬਹਾਦਰ ਦਾ ਜਨਮ ੨੭ ਅਕਤੂਬਰ ੧੬੭੦ ਈਸਵੀ ਮੁਤਾਬਿਕ ਕਤਕ ਸੁਦੀ ੧੩ ਸੰਮਤ ੧੭੨੭ ਨੂੰ *ਪਿੰਡ ਰਾਜੌਰੀ, ਜ਼ਿਲਾ ਪੁਣਛ (ਰਿਆਸਤ ਕਸ਼ਮੀਰ) ਰਾਜਪੂਤ ਘਰਾਣੇ ਵਿਚ ਹੋਇਆ। ਆਪ ਵੈਰਾਗੀ ਹੋ ਕੇ ਗੁਦਾਵਰੀ ਦੇ ਕੰਢੇ ਦੱਖਣ ਦੇਸ਼ ਵਿਚ ਇਕ ਆਸ਼ਰਮ ਬਣਾ ਕੇ ਰਹਿੰਦੇ ਸਨ ਅਤੇ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਆਪਣੇ ਸ਼ਰਧਾਲੂ ਬਣਾ ਲੈਂਦੇ ਸਨ। ਦਸਮੇਸ਼ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਚਰਨਾਂ ਦੀ ਛੋਹ ਪਰਾਪਤ ਕਰਕੇ ਆਪ ਸਚ ਮੁਚ ਬੰਦਾ (ਸੇਵਕ) ਬਣ ਗਏ ਅਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜ਼ਾਲਮਾਂ ਦਾ ਸੁਧਾਰ ਕਰਨ ਲਈ ਪੰਜਾਬ ਵਿਚ ਆ ਕੇ ਉਹ ਜਿਤਾਂ ਪ੍ਰਾਪਤ ਕੀਤੀਆਂ ਕਿ ਦੁਨੀਆਂ ਦੇਖ ਕੇ ਹੈਰਾਨ ਰਹਿ ਗਈ। ਆਪ ਦਾ ਨਾਮ ਗੁਰੂ ਦਸਮ ਪਾਤਿਸ਼ਾਹ ਨੇ ਬੰਦਾ ਸਿੰਘ ਰਖਿਆ ਸੀ।

ਬੰਦਾ ਬਹਾਦਰ ਸਿੰਘ ਦੇ ਇਤਿਹਾਸ ਦਾ ਪੰਜਾਬ ਤੇ ਪੰਥ ਖਾਲਸੇ ਨਾਲ ਗੂੜ੍ਹਾ ਸਬੰਧ ਹੈ। ਇਸ ਲਈ ਉਨ੍ਹਾਂ ਦੇ ਜੀਵਨ ਦਾ ਸੰਖੇਪ ਵਰਨਣ ਕਰਨਾ ਅਤੇ ਜਿਨ੍ਹਾਂ ਸਿੰਘਾਂ ਨੇ ਸਭ ਤੋਂ ਪਹਿਲਾਂ ਬੰਦੇ ਸਿੰਘ ਦਾ ਸਾਥ ਦਿਤਾ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੇ ਸਿੰਘ ਨੂੰ ਪੰਜਾਬ ਵਲ ਤੋਰਨ ਸਮੇਂ ਇਹ ਹਦਾਇਤਾਂ ਕੀਤੀਆਂ ਸਨ :—(੧) ਗੁਰੂ ਨਹੀਂ ਬਣਨਾ। (੨) ਖਾਲਸੇ ਦਾ ਅਨੁਸਾਰੀ ਹੋ ਕੇ ਰਹਿਣਾ। (੩) ਵਿਆਹ† ਨਹੀਂ ਕਰਾਉਣਾ। (੪) ਵੰਡ ਕੇ ਛਕਣਾ ਤੇ ਖਾਲਸੇ ਨਾਲ ਦਵੈਤ ਨਹੀਂ ਰਖਣੀ। (੫) ਗੁਰੂ ਗਰੰਥ ਸਾਹਿਬ ਜੀ ਦੇ ਸਾਹਮਣੇ ਗੱਦੀ ਲਗਾ ਕੇ ਨਹੀਂ ਬੈਠਣਾ। ਦਸਮੇਸ਼ ਜੀ ਲਈ ਬੰਦੇ ਦੀ ਸ਼ਰਧਾ ਦਾ ਅਨੁਮਾਨ ਏਥੋਂ ਲਗਦਾ ਹੈ ਕਿ ਉਸਦੀ ਗ੍ਰਿਫਤਾਰੀ ਸਮੇਂ ਵਜ਼ੀਰ ਨੇ ਕਿਹਾ, 'ਆਪ ਤਾਂ ਬੜੇ ਸਿਆਣੇ ਤੇ ਦਾਨੇ ਹੋ। ਫਿਰ ਆਪ ਨੇ ਮੁਸਲਮਾਨਾਂ ਵਿਰੁਧ ਜੰਗ ਕਰਕੇ ਉਨ੍ਹਾਂ ਨੂੰ ਇਤਨਾ ਸਖਤ ਦੰਡ ਕਿਉਂ ਦਿਤਾ ਹੈ।' ਆਪ ਨੇ ਕਿਹਾ— 'ਮੇਰੀ ਵਾਗ ਡੋਰ ਕਿਸੇ ਗੈਬੀ ਤਾਕਤ ਦੇ ਹਥ ਵਿਚ ਸੀ, ਉਸ ਨੇ ਜਿਧਰ ਮੈਨੂੰ ਚਲਾਇਆ, ਮੈਂ ਚਲਦਾ ਰਿਹਾ।' ਇਸ ਤੋਂ ਸਾਫ ਸਿਧ ਹੋ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸ਼ਕਤੀ ਨਾਲ ਹੀ ਬੰਦੇ ਪਾਸੋਂ ਜਨਤਾ ਦੇ ਦੋਖੀਆਂ ਦਾ ਸਰਵ ਨਾਸ਼ ਕਰਾਇਆ ਅਤੇ ਆਪ ਜੀ ਨੇ ਪੰਜ ਤੀਰ ਬਖਸ਼ੇ ਸਨ। ਉਹਨਾਂ ਸੰਬੰਧੀ ਫਰਮਾਇਆ ਸੀ ਕਿ ਜਿਸ ਸਮੇਂ ਅਤਿ ਮੁਸ਼ਕਲ ਬਣੇ ਤਾਂ ਇਨ੍ਹਾਂ ਤੀਰਾਂ ਨੂੰ ਗੁਰੂ ਦਾ ਨਾਮ ਲੈਕੇ ਚਲਾਉਣਾ। ਸੋ ਬੰਦੇ ਦਾ ਜੀਵਣ ਪੜ੍ਹਨ ਤੋਂ ਪਤਾ ਲਗਦਾ ਹੈਕਿ ਜਦ ਭੀ ਬੰਦੇ ਸਿੰਘ ਪਰ ਭੀੜ ਬਣੀ ਤਾਂ ਉਹ ਗੁਰੂ ਜੀ ਦੇ ਬਖਸ਼ੇ ਹੋਏ ਤੀਰਾਂ ਦੀ ਸਹਾਇਤਾ ਨਾਲ ਉਸ ਵਿਚੋਂ ਨਿਕਲਦਾ ਰਿਹਾ। ਪਰੰਤੂ ਜਦ ਉਹ ਗੁਰੂ ਜੀ ਦੇ ਬਚਨਾਂ ਤੋਂ ਬੇਮੁਖ ਹੋ ਗਿਆ ਤਾਂ ਉਸਦਾ ਡਿਗਣਾ

*ਗਿਆਨੀ ਗਿਆਨ ਸਿੰਘ 'ਸ਼ਮਸ਼ੇਰ ਖਾਲਸਾ' ਸਫਾ ੧

† ਏਕਾ ਨਾਰੀ ਜਤੀ ਹੋਏ ਪਰ ਨਾਰੀ ਧੀ ਭੈਣ ਬਖਾਣਾ

Digitized by Panjab Digital Library | www.panjabdigilib.org

ਸ਼ੁਰੂ ਹੋਇਆ ਅਤੇ ਉਸ ਨੇ ਬਹੁਤ ਤਸੀਹੇ ਝੱਲੇ। ਉਸ ਦਾ ਦਰਸ਼ਨੀ ਫਤਹ ਜਾਰੀ ਕਰਨਾ ਦਸਦਾ ਹੈ ਕਿ ਉਸ ਨੂੰ ਗੁਰੂ ਬਣਨ ਦੀ ਲਾਲਸਾ ਲਗ ਗਈ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬੇ ਬੰਦੇ ਸਿੰਘ ਦੀ ਸਹਾਇਤਾ ਕਰਨ ਵਾਸਤੇ ਜਿਨ੍ਹਾਂ ਸਿੰਘਾਂ ਦੇ ਨਾਮ ਹੁਕਮਨਾਮੇ ਭੇਜੇ† ਉਹਨਾਂ ਵਿਚੋਂ ਬਹੁਤੇ ਮਾਲਵੇ ਦੇ ਸਨ। ਫੂਲਕੀਆਂ ਬੰਸ ਦੇ ਰਤਨ ਬਾਬਾ ਰਾਮ ਸਿੰਘ ਤੇ ਤ੍ਰਿਲੋਕ ਸਿੰਘ ਨੇ ਬਹੁਤ ਸਾਰੇ ਸਿੰਘ ਤੇ ਸ਼ਸਤਰ, ਬਸਤਰ ਅਤੇ ਮਾਇਆ ਆਦਿ ਬੰਦਾ ਸਿੰਘ ਬਹਾਦਰ ਦੇ ਪਾਸ ਭੇਜੇ। ਇਸੇ ਤਰ੍ਹਾਂ ਉਸ ਸਮੇਂ ਮਾਲਵੇ ਵਿਚ ਜਿਨੇ ਸੂਰਬੀਰ, ਬਹਾਦਰ ਗੁਰੂ ਜੀ ਦੇ ਸਿੰਘ ਸਨ ਉਨ੍ਹਾਂ ਨੂੰ ਇਹ ਗੱਲ ਸੁਣਕੇ ਲਾਲੀਆਂ ਚੜ੍ਹ ਗਈਆਂ ਕਿ ਗੁਰੂ ਜੀ ਦੇ ਹੁਕਮ ਅਨੁਸਾਰ ਬੰਦਾ ਸਿੰਘ ਬਹਾਦਰ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਲਈ ਆਇਆ ਹੈ। ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਸ ਸਮੇਂ ਦੇ ਸਭ ਧਾੜਵੀ ਤੇ ਲੁਟੇਰੇ ਬੰਦਾ ਸਿੰਘ ਦੇ ਪਾਸ ਇਕਠੇ ਹੋ ਗਏ ਸਨ।

ਇਸ ਲਈ ਇਹ ਪਰਗਟ ਕਰਨਾ ਜ਼ਰੂਰੀ ਹੋ ਗਿਆ ਹੈ ਕਿ ਬਾਬਾ ਬੰਦੇ ਪਾਸ ਧਾੜਵੀ ਇਕਠੇ ਨਹੀਂ ਸਨ ਹੋਏ ਬਲਕਿ ਐਸੇ ਗੁਰਸਿਖ ਭਾਰੀ ਗਿਣਤੀ ਵਿਚ ਇਕਤਰ ਹੋਏ ਜਿਨ੍ਹਾਂ ਦੇ ਜੀਵਨ ਦਾ ਮਨੋਰਥ ਜ਼ੁਲਮ ਦਾ ਟਾਕਰਾ ਕਰਨਾ ਅਤੇ ਗਰੀਬ ਪਰਜਾ ਨੂੰ ਜ਼ਾਲਮ ਹਾਕਮਾਂ ਦੇ ਪੰਜੇ ਵਿਚੋਂ ਆਜ਼ਾਦ ਕਰਾਉਣਾ ਸੀ। ਇਸ ਗਲ ਨੂੰ ਇਕ ਹੋਰ ਦਲੀਲ ਦੇਕੇ ਭੀ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਲੁਟੇਰੇ ਕਦੇ ਭੀ ਉਸ ਥਾਂ ਪਰ ਹਮਲਾ ਨਹੀਂ ਕਰਦੇ ਜਿਥੇ ਅਗੋਂ ਸਖਤ ਮੁਕਾਬਲਾ ਹੋਣ ਦੀ ਸੰਭਾਵਨਾ ਹੋਵੇ। ਪ੍ਰੰਤੂ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹੰਦ ਦੇ ਸੂਹੀਆਂ ਨੂੰ ਫੜਕੇ ਛਡ ਦਿਤਾ ਸੀ ਅਤੇ ਇਹ ਕਹਿਕੇ ਭੇਜਿਆ ਸੀ ਕਿ ਜਾਓ, ਸੂਬਾ ਸਰਹੰਦ ਨੂੰ ਕਹਿ ਦਿਓ ਕਿ ਉਹ ਆਪਣੀ ਤਿਆਰੀ ਕਰ ਲਵੇ, ਖਾਲਸਾ ਉਸ ਦੀ ਖਬਰ ਲੈਣ ਲਈ ਆ ਰਿਹਾ ਹੈ। ਇਹ ਸੁਨੇਹਾ ਸੁਣਕੇ ਸੂਬਾ ਸਰਹੰਦ ਨੇ ਮੁਕਾਬਲੇ ਦੀਆਂ ਖੂਬ ਤਿਆਰੀਆਂ ਕਰ ਲਈਆਂ ਸਨ। ਇਸ ਲਈ ਉਹ ਸਮਝਦਾ ਸੀ ਕਿ ਮੈਨੂੰ ਵਡੀ ਤੋਂ ਵਡੀ ਤਾਕਤ ਭੀ ਜਿੱਤ ਨਹੀਂ ਸਕਦੀ। ਮਾਲਵੇ ਦੇ ਜਿਨ੍ਹਾਂ ਜਿਨ੍ਹਾਂ ਸ਼ਹਿਰਾਂ ਪੁਰ ਉਸ ਵੇਲੇ ਖਾਲਸੇ ਨੇ ਹਮਲੇ ਕੀਤੇ ਉਨ੍ਹਾਂ ਸ਼ਹਿਰਾਂ ਵਿਚ ਐਸੇ ਮੁਸਲਮਾਨ ਹਾਕਮ ਰਹਿੰਦੇ ਸਨ ਜਿਨ੍ਹਾਂ ਨੇ ਪਰਜਾ ਨੂੰ ਬਹੁਤ ਦੁਖੀ ਕੀਤਾ ਸੀ ਅਤੇ ਕਿਸੇ ਨਾ ਕਿਸੇ ਸਮੇਂ ਗੁਰੂ ਘਰ ਨਾਲ ਧ੍ਰੋਹ ਕਮਾਇਆ ਸੀ। ਇਸ ਕਰਕੇ ਖਾਲਸੇ ਨੇ ਉਨ੍ਹਾਂ ਦੀ ਸੋਧ ਕਰਨ ਦਾ ਪਰੋਗਰਾਮ ਬਣਾਇਆ। ਜਿਨ੍ਹਾਂ ਕਸਬਿਆਂ ਅਤੇ ਸ਼ਹਿਰਾਂ ਵਿਚ ਗੁਰੂ ਘਰ ਦੇ ਵਡੇ ਦੋਖੀ ਅਤੇ ਪ੍ਰਸਿਧ ਜ਼ਾਲਮ ਹਾਕਮ ਨਹੀਂ ਸਨ ਉਨ੍ਹਾਂ ਨੂੰ ਨਹੀਂ ਛੇੜਿਆ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਖਾਲਸੇ ਦਾ ਮਨੋਰਥ ਜ਼ਾਲਮਾਂ ਦੀ ਸੋਧ ਕਰਨਾ ਸੀ, ਲੁਟ ਮਾਰ ਕਰਨਾ ਨਹੀਂ ਸੀ।

## ਸਿੰਘਾਂ ਦਾ ਬਾਬੇ ਬੰਦੇ ਸਿੰਘ ਪਾਸ ਇਕੱਠੇ ਹੋਣਾ

ਜਿਸ ਸਮੇਂ ਬੰਦਾ ਸਿੰਘ ਬਹਾਦਰ ਪਾਸ ਮਾਲਵੇ ਦੇ ਚੋਣਵੇਂ ਸੂਰਬੀਰ ਬਹਾਦਰ ਪੁਜ ਗਏ ਤਾਂ ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਹੁਣ ਅਸੀਂ ਜ਼ਾਲਮਾਂ ਨੂੰ ਦੰਡ ਦੇਣ ਲਈ ਸਮਰਥ ਹੋ ਗਏ ਹਾਂ। ਸਭ ਤੋਂ ਪਹਿਲਾਂ ਭਾਈ ਭਗਤੂ ਦਾ ਪੋਤਰਾ ਸ: ਫਤਹਿ ਸਿੰਘ ਬਹੁਤ ਸਾਰੇ ਸਵਾਰ ਨਾਲ ਲੈ ਕੇ ਪਹੁੰਚ

---

†ਇਹ ਵਾਕਿਆ ਸੰਮਤ ੧੭੬੪ ਈ: ਦਾ ਹੈ। (ਸ਼ਮਸ਼ੇਰ ਖਾਲਸਾ)

Digitized by Panjab Digital Library | www.panjabdigilib.org

ਗਿਆ ਅਤੇ ਬਾਬੇ ਬੰਦੇ ਸਿੰਘ ਨੂੰ ਕਿਹਾ ਕਿ ਮਾਲਵੇ ਦੇ ਹੋਰ ਬਹੁਤ ਸਾਰੇ ਸਿੰਘ ਆਪ ਜੀ ਪਾਸ ਆਉਣ ਦੀਆਂ ਤਿਆਰੀਆਂ ਕਰ ਰਹੇ ਸਨ। ਭਾਈ ਰੂਪ ਦੇ ਪੋਤਰੇ ਕਰਮ ਸਿੰਘ ਤੇ ਧਰਮ ਸਿੰਘ ਭੀ ਪੁਜ ਗਏ। ਮਰਾੜਕੇ ਜੋ ਉਸ ਸਮੇਂ ਬੜੇ ਬਹਾਦਰ ਗਿਣੇ ਜਾਂਦੇ ਸਨ ਉਹ ਭੀ ਬੰਦੇ ਸਿੰਘ ਦੇ ਪਾਸ ਪਹੁੰਚ ਗਏ। ਬੈਰਾੜ ਭਾਰੀ ਗਿਣਤੀ ਵਿਚ ਆ ਗਏ। ਇਨ੍ਹਾਂ ਤੋਂ ਇਲਾਵਾ ਗਰੇਵਾਲ, ਮਾਨ, ਧਾਲੀਵਾਲ, ਚਾਹਿਲ, ਭੁਲਰ, ਜੋ ਭੀ ਜੰਗ ਜੁਧ ਕਰਨ ਦੇ ਚਾਹਵਾਨ ਸਨ ਸਾਰੇ ਇਕੱਠੇ ਹੋ ਗਏ। ਜੀਉਣ ਸਿੰਘ ਰੰਧਾਵਾ, ਨਿਗਾਹਾ ਸਿੰਘ, ਚੂਹੜ ਸਿੰਘ ਦੁਲਟ, ਆਦਿ ਉਸ ਵੇਲੇ ਦੇ ਪ੍ਰਸਿਧ ਲੜਾਕੇ ਸਭ ਆ ਗਏ।

ਸਲੌਦੀ ਵਾਲੇ ਆਲੀ ਸਿੰਘ, ਮਾਲੀ ਸਿੰਘ ਸੂਬਾ ਸਰਹੰਦ ਦੇ ਨੌਕਰ ਸਨ। ਸੂਬੇ ਨੇ ਉਨ੍ਹਾਂ ਨੂੰ ਬੋਲੀ ਮਾਰੀ ਕਿ ਹੁਣ ਤੁਹਾਡਾ ਇਕ ਹੋਰ ਗੁਰੂ ਬੰਦਾ ਸਿੰਘ ਸਰਹਿੰਦ ਫਤਿਹ ਕਰਨ ਲਈ ਆ ਰਿਹਾ ਹੈ। ਅਗੇ ਤੁਹਾਡੇ ਗੁਰੂ ਨੂੰ ਤਾਂ ਮੈਂ ਦੇਸ਼ ਵਿਚੋਂ ਕਢ ਦਿਤਾ ਹੈ। ਹੁਣ ਇਹ ਆਇਆ ਹੈ ਵੇਖਣਾ ਇਸ ਦੇ ਨਾਲ ਭੀ ਕਿਵੇਂ ਬੀਤਦੀ ਹੈ। ਇਸ ਤਰਾਂ ਦੀਆਂ ਹੋਰ ਬਹੁਤ ਸਾਰੀਆਂ ਗਲਾਂ ਕਰਕੇ ਉਹ ਸਿੰਘਾਂ ਨੂੰ ਚਿੜਾਉਂਦਾ ਰਹਿੰਦਾ ਸੀ। ਉਸ ਦੀਆਂ ਇਹ ਬੋਲੀਆਂ ਸਿੰਘ ਨਾ ਸਹਾਰ ਸਕੇ। ਉਨ੍ਹਾਂ ਨੇ ਨੌਕਰੀ ਛਡ ਦਿਤੀ। ਸੂਬੇ ਨੇ ਗੁਸੇ ਹੋ ਕੇ ਉਨ੍ਹਾਂ ਨੂੰ ਕੈਦ ਕਰ ਦਿਤਾ। ਇਨ੍ਹਾਂ ਸਿੰਘਾਂ ਨੇ ਜੇਹਲ ਵਿਚ ਪ੍ਰਾਰਥਨਾ ਕੀਤੀ ਕਿ ਜੇ ਤੂੰ ਸਚ ਮੁੱਚ ਗੁਰੂ ਜੀ ਦਾ ਬੰਦਾ ਹੈਂ ਤਾਂ ਸਾਡੀ ਬੰਦ ਖਲਾਸ ਕਰ। ਇਤਿਹਾਸ ਵਿਚ ਲਿਖਿਆ ਹੈ ਕਿ ਸਿੰਘ ਹਥਕੜੀਆਂ ਬੇੜੀਆਂ ਖੁਲ੍ਹਾ ਕੇ ਆਜ਼ਾਦ ਹੋ ਗਏ। ਉਹਨਾਂ ਨੇ ਪਹਿਰੇਦਾਰ ਸਭ ਸੁਤੇ ਪਏ ਵੇਖੇ। ਇਹ ਅਦਭੁਤ ਕਰਾਮਾਤ ਵੇਖ ਕੇ ਸਿੰਘ ਜੇਹਲ ਵਿਚੋਂ ਨਿਕਲਕੇ ਬੰਦੇ ਵੱਲ ਚਲ ਪਏ ਅਤੇ ਜਾ ਫਤਿਹ ਗਜਾਈ। ਬੰਦਾ ਬਹਾਦਰ ਨੂੰ ਇਨ੍ਹਾਂ ਪਾਸੋਂ ਸਾਰੇ ਹਾਲਾਤ ਸੁਣ ਕੇ ਬਹੁਤ ਖੁਸ਼ੀ ਹੋਈ ਕਿਉਂਕਿ ਇਹ ਸਰਹੰਦ ਦੇ ਪੂਰੀ ਤਰਾਂ ਵਾਕਫ ਸਨ ਅਤੇ ਸੂਬੇ ਦੀ ਤਾਕਤ ਦਾ ਭੀ ਇਨ੍ਹਾਂ ਨੂੰ ਪੂਰਾ ਭੇਦ ਸੀ॥

ਇਨ੍ਹਾਂ ਸਿੰਘਾਂ ਨੇ ਦਸਿਆ ਕਿ ਸੂਬਾ ਸਰਹੰਦ ਬੇ ਖ਼ਬਰ ਨਹੀਂ ਉਸ ਨੇ ਜ਼ਬਰਦਸਤ ਤਿਆਰੀ ਕਰ ਰਖੀ ਹੈ, ਇਸ ਕਰ ਕੇ ਉਸ ਪਰ ਹਮਲਾ ਕਰਨ ਤੋਂ ਪਹਿਲਾਂ ਆਪਣੀ ਤਾਕਤ ਦਾ ਚੰਗੀ ਤਰਾਂ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਅਤੇ ਜਦੋਂ ਤੱਕ ਮਾਝੇ ਆਦਿਕ ਦੇ ਸਿੰਘ ਨਾ ਆ ਮਿਲਣ ਉਦੋਂ ਤੱਕ ਛੋਟੇ ਮੋਟੇ ਕਸਬਿਆਂ ਦੀ ਸੋਧ ਸੁਧਾਈ ਕਰਕੇ ਆਪਣੀ ਤਾਕਤ ਵਧਾ ਲੈਣੀ ਚਾਹੀਦੀ ਹੈ। ਬਾਬੇ ਬੰਦੇ ਸਿੰਘ ਇਹ ਸਲਾਹ ਠੀਕ ਜਾਪੀ ਇਸ ਕਰ ਕੇ ਇਕ ਦਿਨ ਆਪ ਨੇ ਆਪਣੀ ਸਾਰੀ ਫੌਜ ਦੀ ਪ੍ਰੇਡ ਕਰਾਈ। ਇਕ ਉਚੇ ਅਸਥਾਨ ਪਰ ਬੈਠ ਕੇ ਅਤੇ ਸਿਪਾਹ ਸਾਲਾਰ ਦੀ ਵਰਦੀ ਪਹਿਣ ਕੇ ਆਪ ਨੇ ਸਾਰੀ ਤਾਕਤ ਦਾ ਅੰਦਾਜ਼ਾ ਲਗਾਇਆ। ਖਾਲਸੇ ਦੀ ਚੜ੍ਹਤ ਤੇ ਸਿੰਘਾਂ ਦੇ ਸਜੇ ਹੋਏ ਸ਼ਸ਼ਤ੍ਰ ਬਸਤ੍ਰ ਵੇਖ ਕੇ ਬੰਦੇ ਸਿੰਘ ਦਾ ਚਿੱਤ ਬਹੁਤ ਪ੍ਰਸੰਨ ਹੋਇਆ।

ਇਕ ਦਿਨ ਸਿੰਘਾਂ ਨੇ ਬਾਬੇ ਬੰਦੇ ਸਿੰਘ ਨੂੰ ਖਬਰ ਦਿਤੀ ਕਿ ਲਾਹੌਰ ਵਲੋਂ ਦਿਲੀ ਨੂੰ ਬਾਦਸ਼ਾਹੀ ਖਜ਼ਾਨਾ ਜਾ ਰਿਹਾ ਹੈ। ਖਜ਼ਾਨੇ ਦੇ ਨਾਲ ਉਸ ਦੀ ਰਾਖੀ ਕਰਨ ਵਾਲੀ ਥੋੜੀ ਜਿਹੀ ਫੌਜ ਭੀ ਹੈ। ਬਾਬਾ ਬੰਦਾ ਸਿੰਘ ਜੀ ਨੇ ਇਹ ਖਜ਼ਾਨਾ ਖੋਹ ਲੈਣ ਦਾ ਹੁਕਮ ਦੇ ਦਿਤਾ। ਸਿੰਘਾਂ ਨੇ ਬਹੋਨੇ ਪਿੰਡ ਦੇ ਪਾਸ ਹਮਲਾ ਕਰ ਕੇ ਸ਼ਾਹੀ ਖਜ਼ਾਨਾ ਖੋਹ ਲਿਆ। ਭਾਵੇਂ ਥੋੜਾ ਜਿਹਾ ਮੁਕਾਬਲਾ

Digitized by Panjab Digital Library | www.panjabdigilib.org

ਭੀ ਹੋਇਆ ਪਰ ਸਿੰਘ ਸਾਰਾ ਖਜ਼ਾਨਾ ਖੋਹ ਕੇ ਲੇ ਆਏ ਅਤੇ ਬਾਬਾ ਜੀ ਦੇ ਅੱਗੇ ਲਿਆ ਰਖਿਆ। ਬਾਬਾ ਜੀ ਨੇ ਸਭ ਨੂੰ ਇਕੋ ਜਿਹਾ ਧਨ ਵੰਡ ਦਿਤਾ। ਆਪਣੇ ਪਾਸ ਕੁਝ ਨਾ ਰਖਿਆ। ਇਹ ਵੇਖ ਕੇ ਸਿੰਘ ਬਹੁਤ ਖੁਸ਼ ਹੋਏ ਕਿ ਬਾਬਾ ਬੰਦਾ ਸਿੰਘ ਨਿਰਲੋਭ ਹੈ ਅਤੇ ਉਹ ਆਪਣੇ ਸਾਰੇ ਸੇਵਕਾਂ ਨੂੰ ਇਕੋ ਜਿਹੇ ਸਮਝਦਾ ਹੈ।

## ਸਮਾਣੇ ਦੀ ਫਤਿਹ

ਇਸ ਫਤਹਿ ਨੂੰ ਚੰਗਾ ਸ਼ਗਨ ਸਮਝ ਕੇ ਭੀ ਸਿੰਘਾਂ ਨੇ ਖੁਸ਼ੀ ਮਨਾਈ ਅਤੇ ਇਸ ਤੋਂ ਪਿਛੋਂ ੨੬ ਨਵੰਬਰ ਸੰਨ ੧੭੦੯ ਈ: ਨੂੰ ਸਮਾਣੇ ਪਰ ਚੜ੍ਹਾਈ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਕੈਂਥਲ ਪਰਗਣੇ ਦੇ ਚੌਧਰੀਆਂ ਨੇ ਥੋੜੀ ਜਿਹੀ ਫੌਜ ਇਕੱਠੀ ਕਰਕੇ ਬੰਦੇ ਸਿੰਘ ਪਰ ਹਮਲਾ ਕੀਤਾ ਪਰ ਉਹ ਬਹੁਤ ਛੇਤੀ ਮੂੰਹ ਦੀ ਖਾ ਕੇ ਨਸ ਗਏ ਅਤੇ ਸਿੰਘਾਂ ਦੇ ਹੌਸਲੇ ਹੋਰ ਭੀ ਵਧ ਗਏ। ਇਸ ਕਰ ਕੇ ਜਿਧਰ ਉਹ ਧਾਵਾ ਬੋਲਦੇ ਫਤਿਹ ਸਿੰਘਾਂ ਦੇ ਚਰਨ ਚੁੰਮਦੀ ਸੀ।

ਉਸ ਸਮੇਂ ਸੂਬਾ ਸਰਹੰਦ ਵਿਚ ਚਾਰ ਦਸਤੂਰ ਸਨ-(੧) ਹਵੇਲੀ, (੨) ਤਿਹਾੜਾ, (੩) ਧਨੇਸਰ, (੪) ਸਮਾਣਾ। ਇਸ ਕਰਕੇ ਇਲਾਕੇ ਦੇ ਮੁਖੀ ਹਾਕਮ ਇਨ੍ਹਾਂ ਥਾਵਾਂ ਤੇ ਰਹਿੰਦੇ ਸਨ। ਇਲਾਕੇ ਦੀ ਪਰਜਾ ਨੂੰ ਲੁਟ ਕੇ ਇਹ ਕੁਝ ਰਕਮ ਤਾਂ ਬਾਦਸ਼ਾਹੀ ਖਜ਼ਾਨੇ ਵਿਚ ਦਾਖਲ ਕਰਾ ਦਿੰਦੇ ਅਤੇ ਬਾਕੀ ਆਪਣੇ ਪਾਸ ਰਖਦੇ। ਦੁਖੀ ਪਰਜਾ ਇਨ੍ਹਾਂ ਦੇ ਹਥੋਂ ਬਹੁਤ ਤੰਗ ਸੀ। ਇਹ ਲੋਕਾਂ ਪਰ ਮਨ ਮੰਨਿਆਂ ਅਤਿਆਚਾਰ ਕਰਦੇ ਇਨ੍ਹਾਂ ਵਿਰੁਧ ਕੋਈ ਪੁਕਾਰ ਸੁਣਨ ਵਾਲਾ ਨਹੀਂ ਸੀ। ਸਮਾਣੇ ਸ਼ਹਿਰ ਦੇ ਹਾਕਮਾਂ ਦੇ ਜ਼ੁਲਮ ਦਾ ਬਹੁਤ ਚਰਚਾ ਸੀ ਪਰ ਸਿੰਘਾਂ ਨੂੰ ਇਸ ਸ਼ਹਿਰ ਪਰ ਇਸ ਕਰ ਕੇ ਬਹੁਤ ਗੁਸਾ ਸੀ ਕਿ ਇਥੋਂ ਦੇ ਰਹਿਣ ਵਾਲੇ ਜਲਾਦ ਜਲਾਲਦੀਨ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਪਵਿਤਰ ਸੀਸ ਨੂੰ ਕੱਟਣ ਲਈ ਤਲਵਾਰ ਚਲਾਈ ਸੀ। ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਦੇ ਹੀ ਸਨ। ਇਸ ਕਰਕੇ ਸਿੰਘ ਐਸੇ ਸ਼ਹਿਰ ਨੂੰ ਤਬਾਹ ਕਰਨਾ ਚਾਹੁੰਦੇ ਸਨ ਜਿਥੇ ਇਹੋ ਜਿਹੇ ਜਲਾਦ ਰਹਿੰਦੇ ਹੋਣ। ਜਲਾਲ ਦੀਨ ਦੇ ਕਿਲੇ ਦੇ ਨਿਸ਼ਾਨ ਅਜੇ ਭੀ ਖੜੇ ਹਨ। ਭਾਵੇਂ ਸਮਾਣੇ ਪਰ ਸਿੰਘਾਂ ਦੀ ਚੜ੍ਹਾਈ ਦੀ ਆਮ ਅਫਵਾਹ ਫੈਲੀ ਹੋਈ ਸੀ ਪਰ ਹਕੂਮਤ ਦੇ ਨਸ਼ੇ ਵਿਚ ਮਸਤ ਹੋਏ ਹਾਕਮਾਂ ਨੇ ਕੋਈ ਪਰਵਾਹ ਨਾ ਕੀਤੀ। ਉਦੋਂ ਹੀ ਪਤਾ ਲਗਿਆ ਜਦੋਂ ਕਈ ਪਿੰਡਾਂ ਨੂੰ ਸੋਧ ਕੇ ਖਾਲਸਾ ਦਲ ਸਮਾਣੇ ਦੇ ਪਾਸ ਨਵੰਬਰ ੧੭੦੯ ਈ: ਨੂੰ ਪੁਜ ਗਿਆ।

ਮਾਮੂਲੀ ਜਿਹਾ ਮੁਕਾਬਲਾ ਹੋਣ ਪਿਛੋਂ ਸਿੰਘ ਦਲ ਸ਼ਹਿਰ ਵਿਚ ਦਾਖਲ ਹੋ ਗਿਆ ਅਤੇ ਜ਼ਾਲਮਾਂ ਨੂੰ ਹਵੇਲੀਆਂ ਵਿਚੋਂ ਕਢ ਕਢ ਕੇ ਲੋਕਾਂ ਦੇ ਸਾਹਮਣੇ ਲਿਆ ਕੇ ਉਨ੍ਹਾਂ ਦੇ ਜ਼ੁਲਮ ਦਾ ਦੰਡ ਦਿਤਾ। ਸਮਾਣੇ ਇਕ ਮਕਾਨ ਖੜਾ ਹੈ ਜਿਥੇ ਸਿਖ ਫੌਜਾਂ ਨੇ ੧੦,੦੦੦ ਮੁਸਲਮਾਨ ਵੱਢਿਆ ਦਸਿਆ ਜਾਂਦਾ ਹੈ। ਜਦ ਸ਼ਹਿਰ ਦੇ ਫਤਹਿ ਹੋਣ ਦੀ ਖਬਰ ਪੁਜੀ ਤਾਂ ਰਾਤੋ ਰਾਤ ਲੁਟੇਰੇ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਸ਼ਹਿਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਉਸ ਸਮੇਂ ਦੇ ਹਾਲਾਤ ਅਨੁਸਾਰ ਜਿਨ੍ਹਾਂ ਜ਼ਾਲਮ ਹਾਕਮਾਂ ਨੇ ਜੰਨਤਾ ਦਾ ਖ਼ੂਨ ਚੂਸਿਆ ਸੀ ਉਨ੍ਹਾਂ ਨੂੰ ਲੁਟਣਾ ਤੇ "ਸੌ ਦਿਨ ਚੋਰ ਦਾ

Digitized by Panjab Digital Library | www.panjabdigilib.org

ਇਕ ਦਿਨ ਸਾਧ ਦਾ" ਅਨਤਾਰ ਉਨ੍ਹਾਂ ਦੇ ਕੀਤੇ ਕਰਮਾਂ ਦਾ ਫਲ ਭੁਗਤਾਉਣਾ ਅਯੋਗ ਨਹੀਂ ਸਮਝਿਆ ਜਾਂਦਾ ਸੀ। ਭਾਵੇਂ ਇਹੋ ਜਿਹੀ ਖੁਲੀ ਲੁਟ ਮਾਰ ਵਿਚ ਕੁਝ ਲੋਕਾਂ ਨਾਲ ਬੇ ਇਨਸਾਫੀ ਤੇ ਧੱਕਾ ਭੀ ਹੁੰਦਾ ਹੋਵੇਗਾ ਪ੍ਰੰਤੂ ਸਭ ਨੂੰ ਇਹੋ ਖਿਆਲ ਰਹਿੰਦਾ ਸੀ ਕਿ ਜਿਹੜੇ ਹਾਕਮਾਂ ਨੇ ਬੇਦੋਸ਼ਿਆਂ ਪਰ ਮਨਭਾਉਂਦੇ ਅਤਿਆਚਾਰ ਕੀਤੇ ਅਤੇ ਕਿਸੇ ਦਾ ਸਤਿ ਧਰਮ ਕਾਇਮ ਨਹੀਂ ਰਹਿਣ ਦਿਤਾ ਉਨ੍ਹਾਂ ਨਾਲ ਜਿਤਨੀ ਭੀ ਹੋਵੇ ਥੋੜੀ ਹੈ। ਸਮਾਣੇ ਸ਼ਹਿਰ ਪਰ ਸਿੰਘਾਂ ਦੇ ਹਮਲੇ ਦਾ ਹਾਲ ਕਈ ਇਤਿਹਾਸਕ ਪੁਸਤਕਾਂ ਵਿਚ ਬੜੇ ਦਰਦ ਭਰੇ ਸ਼ਬਦਾਂ ਵਿਚ ਲਿਖਿਆ ਹੈ ਤੇ ਦਸਿਆ ਹੈ ਕਿ ਜਿਨ੍ਹਾਂ ਇਸਤ੍ਰੀਆਂ ਨੇ ਕਦੇ ਪਲੰਘ ਤੋਂ ਪੈਰ ਹੇਠਾਂ ਨਹੀਂ ਸੀ ਲਾਹਿਆ ਉਹ ਨੰਗੇ ਪੈਰੀਂ ਭਜੀਆਂ ਜਾਂਦੀਆਂ ਸਨ ਪ੍ਰੰਤੂ ਇਥੇ ਵਿਸਥਾਰ ਦੇ ਡਰ ਤੋਂ ਕੇਵਲ ਇਤਨਾ ਪ੍ਰਗਟ ਕਰਨਾ ਹੀ ਜ਼ਰੂਰੀ ਹੈ ਕਿ ਸਮਾਣੇ ਦੇ ਹਾਕਮਾਂ ਨੇ ਆਪਣੀਆਂ ਕੀਤੀਆਂ ਦਾ ਚੰਗਾ ਫਲ ਭੁਗਤਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਬਹੁਤ ਖੁਸ਼ੀ ਪ੍ਰਗਟ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਦਵਾਰੇ ਪੁਜ ਕੇ ਬਹੁਤ ਸਾਰਾ ਕੜਾਹ ਪ੍ਰਸ਼ਾਦ ਕਰਵਾਇਆ ਅਤੇ ਅਠ ਦਿਨ ਇਥੇ ਡੇਰਾ ਰਖਿਆ। ਜੰਗ ਵਿਚ ਕੰਮ ਆਉਣ ਵਾਲਾ ਸਾਮਾਨ ਆਪਣੇ ਪਾਸ ਇਕਠਾ ਕਰ ਲਿਆ। ਸਮਾਣੇ ਦੀ ਹਾਰ ਵੇਖ ਕੇ ਮੁਸਲਮਾਨ ਹਾਕਮਾਂ ਨੂੰ ਪਤਾ ਲਗ ਗਿਆ ਕਿ ਹੁਣ ਲੈਣੇ ਦੇ ਦੇਣੇ ਪੈ ਗਏ।

ਇਕ ਦਿਨ ਸਿੰਘਾਂ ਨੇ ਵਜੀਰਖਾਂ ਸੂਬਾ ਸਹਿੰਦ ਦੇ ਭੇਜੇ ਹੋਇ ਚਾਰ ਭੇਦੀਏ ਫੜ ਲਿਆਂਦੇ ਅਤੇ ਬਦੇ ਸਿੰਘ ਦੇ ਪੇਸ਼ ਕੀਤੇ। ਨੀਤੀ ਨਿਪੁਨ ਬੰਦੇ ਨੇ ਉਨ੍ਹਾਂ ਵਿਚੋਂ ਕਈਆਂ ਦੇ ਨੱਕ ਅਤੇ ਕੰਨ ਕਟਕੇ ਛਡ ਦਿਤੇ ਅਤੇ ਕਿਹਾ ਕਿ ਜਾ ਕੇ ਸੂਬਾ ਸਹਿੰਦ ਨੂੰ ਕਹਿ ਦਿਓ ਕਿ ਖਾਲਸਾ ਉਸ ਜ਼ੁਲਮ ਦਾ ਫਲ ਭੁਗਤਾਏਗਾ ਤੇ ਉਸ ਦਾ ਹਾਲ ਭੀ ਸਮਾਣੇ ਦੇ ਹਾਕਮਾਂ ਵਰਗਾ ਹੋਵੇਗਾ। ਜਦ ਇੰਨ੍ਹਾਂ ਭੇਦੀਆਂ ਨੇ ਸਾਰਾ ਹਾਲ ਵਜੀਦੇ ਨੂੰ ਸੁਣਾਇਆ ਤਾਂ ਉਹ ਬਹੁਤ ਤੜਫਿਆ ਅਤੇ ਜੰਗ ਦੀਆਂ ਜ਼ੋਰਦਾਰ ਤਿਆਰੀਆਂ ਕਰਨ ਲਗ ਪਿਆ। ਮੰਨ ਵਿਚ ਝੂਰੇ ਕਿ ਮੈਂ ਮਾੜਾ ਕੀਤਾ ਜੋ ਸਿੰਘਾਂ ਨੂੰ ਆਪਣੇ ਵੈਰ ਪਾ ਲਿਆ।

ਉਧਰ ਮਾਝੇ ਦੇ ਸਿੰਘਾਂ ਦਾ ਇਕ ਜਥਾ ਪਹਾੜਾਂ ਦੇ ਰਸਤੇ ਬੰਦਾ ਸਿੰਘ ਬਹਦਰ ਨੂੰ ਮਿਲਣ ਲਈ ਕੀਰਤ ਪੁਰ ਵਲੋਂ ਦੀ ਹੋਕੇ ਆ ਰਿਹਾ ਸੀ। ਵਜੀਦੇ ਨੂੰ ਇਸ ਗਲ ਦਾ ਪਤਾ ਲਗ ਗਿਆ ਉਸ ਨੇ ਰੋਪੜੀਏ ਬਹਿਲੋਲ ਪੁਰੀਏ ਤੇ ਬਸੀ ਦੇ ਜਾਗੀਰਦਾਰ ਨੂੰ ਲਿਖਿਆ ਕਿ ਜੇਹੜੇ ਸਿੰਘਾਂ ਦਾ ਜਥਾ ਕੀਰਤ ਪੁਰ ਠਹਿਰਿਆ ਹੋਇਆ ਹੈ ਉਨ੍ਹਾਂ ਪਰ ਹਮਲਾ ਕਰਕੇ ਉਨ੍ਹਾਂ ਨੂੰ ਉਧਰ ਹੀ ਖਪਤ ਕਰ ਦਿਉ ਜਾਂ ਪਿਛੇ ਨੂੰ ਭਜਾ ਦਿਓ। ਮਝੈਲ ਸਿੰਘ ਭੀ ਬੰਦੇ ਨਾਲ ਮਿਲਣ ਲਈ ਉਤਾਵਲੇ ਸਨ।

ਬੰਦਾ ਬਹਾਦਰ ਨੇ ਸਭ ਸਿੰਘਾਂ ਨੂੰ ਇਕਠੇ ਕਰਕੇ ਫਿਰ ਉਨ੍ਹਾਂ ਦੀ ਤਾਕਤ ਦਾ ਅੰਦਾਜ਼ਾ ਲਗਾਇਆ ਅਤੇ ਘੜਾਮ ਪਰ ਹਮਲਾ ਕਰਨ ਦੀ ਤਿਆਰੀ ਕਰਵਾ ਦਿਤੀ। ਇਸ ਕਸਬੇ ਪਰ ਹਮਲਾ ਕਰਨ ਦਾ ਕਾਰਨ ਇਹ ਸੀ ਕਿ ਇਥੋਂ ਦੇ ਵਸਨੀਕ ਪਠਾਣ ਸ਼ਾਹੀ ਫੌਜ ਵਿੱਚ ਬੜੀ ਨਾਮਵਰੀ ਪਾ ਚੁਕੇ ਸਨ। ਇਸ ਲਈ ਬੰਦੇ ਨੂੰ ਖਿਆਲ ਸੀ ਕਿ ਉਨ੍ਹਾਂ ਪਾਸੋਂ ਚੰਗੇ ਸ਼ਸਤਰ ਤੇ ਘੋੜੇ ਮਿਲ ਜਾਣਗੇ। ਇਸ ਤੋਂ ਅਗੇ ਕਸਬਾ ਸਨੌਰ ਤੇ ਡਸਕਾ ਜਾ ਘੇਰਿਆ। ਇਥੇ ਮੁਸਲਮਾਨਾਂ ਦੇ ਬਹੁਤ ਸਾਰੇ ਪੀਰ ਰਹਿੰਦੇ ਸਨ। ਇਸ ਕਰਕੇ ਮੁਸਲਮਾਨਾਂ ਨੂੰ ਖਿਆਲ ਸੀ ਕਿ ਪੀਰ ਆਪਣੀਆਂ ਕਰਾਮਾਤਾਂ ਨਾਲ ਬੰਦੇ ਸਿੰਘ ਦਾ

Digitized by Panjab Digital Library | www.panjabdigilib.org

ਮੂੰਹ ਭੁਆ ਦੇਣਗੇ। ਪੀਰਾਂ ਦੀ ਕੋਈ ਪੀਰੀ ਨ ਚਲੀ। ਉਹ ਮੂੰਹ 'ਵਿਚ ਘਾਹ ਲੈਕੇ ਹਥ ਬੰਨ ਕੇ ਬੰਦੇ ਸਿੰਘ ਦੇ ਪੇਸ਼ ਹੋ ਗਏ ਤੇ ਪੀਰ ਭੀਖਨ ਸ਼ਾਹ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਹੋਣ ਦੀ ਘਟਨਾ ਦਾ ਵਾਸਤਾ ਪਾਕੇ ਬੇਨਤੀਆਂ ਕਰਨ ਲਗੇ। ਬਾਬੇ ਬੰਦੇ ਸਿੰਘ ਨੇ ਡਸਕੇ ਨੂੰ ਮਾਫ ਕਰਕੇ ਲੁਟ ਤੋਂ ਬਚਾ ਦਿੱਤਾ

ਹੁਣ ਥਾਨੇਸਰ ਵਲ ਧਾਵਾ ਕਰਨ ਦਾ ਖ਼ਿਆਲ ਸੀ। ਪਰ ਬੰਦਾ ਬਹਾਦਰ ਨੇ ਇਹ ਅਸਥਾਨ ਤੀਰਥ ਹੋਣ ਕਰਕੇ ਉਸ ਪਰ ਹਮਲਾ ਨਾ ਕੀਤਾ। ਸ਼ਾਹਬਾਦ ਵਿਚ ਉਸ ਸਮੇਂ ਬੜੇ ਯੋਧੇ ਰਹਿੰਦੇ ਸਨ ਜਿਸ ਕਰ ਕੇ ਸਿੰਘਾਂ ਨੇ ਉਸ ਨੂੰ ਸੋਧਣ ਦਾ ਇਰਾਦਾ ਕੀਤਾ। ਏਥੋਂ ਦੇ ਲੜਾਕੇ ਸਭ ਡਰਦੇ ਮਾਰੇ ਸ਼ਹਿਰ ਖਾਲੀ ਛਡ ਗਏ ਇਥੋਂ ਦਾ ਫੌਜ ਦਾਰ ਟਬਰ ਸਮੇਤ ਦਿਲੀ ਭੱਜ ਗਿਆ। ਇਥੋਂ ਨੇੜੇ ਹੀ ਪਿੰਡ ਕੁਜ ਪੁਰਾ ਜੋ ਸੂਬਾ ਸਰਹੰਦ ਦਾ ਜਨਮ ਪਿੰਡ ਸੀ ਇਸ ਕਰਕੇ ਸਿੰਘਾਂ ਨੇ ਇਸ ਪਰ ਹਮਲਾ ਕਰਨ ਦੀ ਸਲਾਹ ਦਿਤੀ ਜੋ ਮੰਨ ਲਈ ਗਈ। ਸੂਬੇ ਨੇ ਆਪਣੇ ਪਿੰਡ ਦੀ ਰਾਖੀ ਲਈ ਫ਼ੌਜ ਭੇਜੀ ਸੀ ਜਿਸ ਵਿਚ ਪੰਜ ਕੁ ਸੌ ਸਵਾਰ ਸਨ। ਇਨ੍ਹਾਂ ਦੇ ਪੁਜਣ ਤੋਂ ਪਹਿਲਾਂ ਹੀ ਸਿੰਘਾਂ ਨੇ ਪਿੰਡ ਸੋਧ ਦਿਤਾ। ਜਦ ਸਿੰਘਾ ਨੂੰ ਫੌਜ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਮਸਤਫਾ ਬਾਦ ਦੇ ਨੇੜੇ ਹੀ ਉਸ ਫੌਜੀ ਦਸਤੇ ਨੂੰ ਜਾ ਘੇਰਿਆ ਦੋ ਤੋਪਾਂ ਤੇ ਕੁਝ ਹੋਰ ਜੰਗੀ ਸਮਾਨ ਫੌਜ ਪਾਸੋਂ ਖੋਹ ਲਿਆ ਇਥੇ ਨੇੜੇ ਹੀ ਇਕ ਪਿੰਡ ਟੋਹਾ ਸੀ ਉਥੇ ਮੁਸਲਮਾਨਾਂ ਨੇ ਗਊਆਂ ਬਕਰੀਦ ਦੀ ਕੁਰਬਾਨੀ ਲਈ ਇਕਠੀਆਂ ਕਰ ਰਖੀਆਂ ਸਨ। ਪੰਜ ਸਿੰਘ ਸਨ ਉਨ੍ਹਾਂ ਨੇ ਕਸਾਈਆਂ ਪਰ ਹਮਲਾ ਕਰ ਦਿਤਾ ਉਨ੍ਹਾਂ ਵਿਚੋਂ ਤਿੰਨ ਸਿੰਘ ਤਾਂ ਸ਼ਹੀਦ ਹੋ ਗਏ ਦੋ ਘੇਰੇ ਵਿੱਚ ਆ ਗਏ। ਜਦ ਸਿੰਘਾਂ ਦੇ ਦਲ ਨੂੰ ਪਤਾ ਲਗਿਆ ਤਾਂ ਸਿੰਘਾਂ ਨੇ ਬਹੁਤ ਸਾਰੇ ਕਸਾਈ ਸੋਧ ਦਿਤੇ ਅਤੇ ਗਊਆਂ ਛੁਡਾ ਦਿਤੀਆਂ। ਇਹ ਵੇਖ ਕੇ ਬਹੁਤ ਸਾਰੇ ਹਿੰਦੂ ਬੰਦੇ ਦੇ ਲਸ਼ਕਰ ਵਿਚ ਸ਼ਾਮਲ ਹੋ ਗਏ।

## ਸਢੌਰੇ ਦੀ ਸੋਧ

ਇਥੇ ਕਸਬਾ ਸਢੌਰਾ ਦੇ ਬ੍ਰਾਹਮਣਾਂ ਤੇ ਬਾਣੀਏ ਆਏ ਤੇ ਫਰਿਆਦ ਕੀਤੀ ਕਿ ਸਢੌਰੇ ਦੇ ਜ਼ਾਲਮ ਹਾਕਮਾਂ ਨੇ ਸਾਡੇ ਪਰ ਬਹੁਤ ਅਤਿਆਚਾਰ ਕੀਤੇ ਹਨ ਅਤੇ ਇਥੋਂ ਦੇ ਹਾਕਮਾਂ ਨੇ ਸੱਯਦ ਬੁਧੂ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕਰਨ ਦੇ ਅਪ੍ਰਾਧ ਵਿਚ ਕਤਲ ਕਰ ਦਿਤਾ ਸੀ। ਇਥੋਂ ਦੇ ਹਾਕਮ ਹਿੰਦੂਆਂ ਪਾਸੋਂ ਚਾਰ ਗੁਣਾ ਮਾਮਲਾ ਲੈਂਦੇ ਹਨ ਅਤੇ ਗਊ ਮਾਸ ਗਲੀਆਂ ਵਿਚ ਹਿੰਦੂਆਂ ਦੇ ਘਰਾਂ ਅਗੇ ਸੁਟ ਦਿੰਦੇ ਹਨ। ਇਹ ਗੱਲਾਂ ਸੁਣਕੇ ਬੰਦੇ ਸਿੰਘ ਨੂੰ ਰੋਹ ਚੜ੍ਹ ਗਿਆ। ਅਖਾਂ ਲਾਲ ਹੋ ਗਈਆਂ ਭਵਾਂ ਤਣ ਗਈਆਂ ਅਤੇ ਸਿੰਘਾਂ ਨੂੰ ਸਢੌਰੇ ਪਰ ਹਮਲਾ ਕਰਨ ਦਾ ਹੁਕਮ ਦਿਤਾ।

ਉਸ ਸਮੇਂ ਮੁਸਲਮਾਨਾਂ ਵਿਚ ਬਾਬੇ ਬੰਦੇ ਸਿੰਘ ਸਬੰਧੀ ਬੜੀਆਂ ਅਫਵਾਹਾਂ ਫੈਲੀਆਂ ਹੋਈਆਂ ਸਨ ਕਿ ਉਹ ਤੁਰਦੇ ਵਗਦੇ ਦਰਿਆ ਉਤੋਂ ਦੀ ਲੰਘ ਜਾਂਦਾ ਹੈ। ਦੁਸ਼ਮਨਾਂ ਨੂੰ ਬੀਰਾਂ ਪਾਸੋਂ ਮਰਵਾ ਦਿੰਦਾ ਹੈ। ਕਈ ਪਰਕਾਰ ਦੀਆਂ ਦੇਹਾਂ ਧਾਰ ਲੈਂਦਾ ਹੈ। ਕਦੇ ਗੁਪਤ ਕਦੇ ਪਰਗਟ ਹੋ ਜਾਂਦਾ ਹੈ। ਜਿਸ ਨੂੰ ਚਾਹੇ ਅਸਾਧ ਰੋਗ ਲਾ ਦਿੰਦਾ ਹੈ। ਭੂਤ ਪ੍ਰੇਤ, ਜਿੰਨ ਤੇ ਚੁੜੇਲਾਂ ਉਸ ਨੇ ਵਸ ਕਰ ਰਖੀਆਂ ਹਨ। ਇਸ ਦੇ ਕੋਲ ਪਾਰਸ ਦੀ ਵੱਟੀ ਹੈ, ਜਿਤਨਾ ਧਨ ਚਾਹੇ ਪੈਦਾ ਕਰ ਸਕਦਾ ਹੈ ਆਦਿ। ਇਹਨਾਂ ਅਫ਼ਵਾਹਵਾਂ ਦਾ ਦੁਸ਼ਮਨ ਪਰ ਬਹੁਤ ਬੁਰਾ ਅਸਰ ਪੈਂਦਾ ਸੀ। ਉਹ ਬੰਦੇ ਨਾਲ ਲੜਨ ਦ ਹੌਸਲਾ ਨਹੀਂ ਸਨ ਕਰਦੇ। ਪਰਗਨਾ ਸਢੌਰਾ ਸਰਹੰਦ ਦੇ ਬਾਈ ਪਰਗਨਿਆਂ ਵਿਚੋਂ ਸੀ ਤੇ ਤੂਸੀ ਪਠਾਣਾਂ ਦੀ ਬਸਤੀ ਸੀ। ਇਥੋਂ ਦਾ ਹਾਕਮ ਨਵਾਬ ਉਸਮਾਨ ਖਾਂ ਬੜਾ ਜ਼ਾਲਮ ਸੀ ਜਿਸ ਨੇ ਪਰਜਾ ਨੂੰ ਬਹੁਤ

Digitized by Panjab Digital Library | www.panjabdigilib.org

ਦੁਖੀ ਕੀਤਾ ਹੋਇਆ ਸੀ ਇਸ ਕਰਕੇ ਦੁਖੀ ਪਰਜਾ ਦੀ ਪੁਕਾਰ ਸੁਣ ਕੇ ਸਿੰਘਾਂ ਨੇ ਸਢੌਰੇ ਪਰ ਹਮਲਾ ਕਰਨ ਦਾ ਫੈਸਲਾ ਕੀਤਾ। ਸਢੌਰੇ ਦੇ ਪਠਾਨਾਂ ਨੇ ਅਗੋਂ ਮੁਕਾਬਲੇ ਦੀਆਂ ਜ਼ਬਰਦਸਤ ਤਿਆਰੀਆਂ ਕੀਤੀਆਂ ਹੋਈਆਂ ਸਨ

ਸਿੰਘਾਂ ਦਾ ਕਾਫੀ ਨੁਕਸਾਨ ਹੋਇਆ ਪਰ ਸਢੌਰੇ ਦਾ ਕੋਟ ਫਤਹਿ ਨਾ ਹੋਇਆ। ਜਦ ਮੁਕਾਬਲਾ ਸਖਤ ਹੋ ਗਿਆ ਤਾਂ ਭਾਈ ਭਗਤੂ ਦੇ ਪੁਤਰ ਫਤਹਿ ਸਿੰਘ ਜੀ ਨੇ ਬੰਦੇ ਨੂੰ ਕਿਹਾ ਕਿ ਆਪ ਦੂਰ ਬੈਠੇ ਤਮਾਸ਼ਾ ਦੇਖ ਰਹੇ ਹੋ, ਉਧਰ ਸਿੰਘਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਤਿੰਨਾਂ ਪਹਿਰਾਂ ਤੋਂ ਦੋਹਾਂ ਪਾਸਿਆਂ ਦੀਆਂ ਫੌਜਾਂ ਸਖਤ ਮੁਕਾਬਲੇ ਪਰ ਤੁਲੀਆਂ ਹੋਈਆਂ ਹਨ। ਬਾਬਾ ਬੰਦਾ ਸਿੰਘ ਨੇ ਇਹ ਗੱਲ ਸੁਣਕੇ ਪੰਜਾਵੇ ਪਰ ਖੜੇ ਹੋ ਕੇ ਤੀਰ ਚਲਾਏ, ਜਿਸ ਦੇ ਚਲਦੇ ਹੀ ਸਖਤ ਅੰਧੇਰੀ ਆਈ ਤੇ ਪਿਛੋਂ ਮੀਂਹ ਪਿਆ। ਦੁਸ਼ਮਨ ਦੀਆਂ ਫੌਜਾਂ ਵਿਚ ਹਲ ਚਲ ਮਚ ਗਈ। ਇਧਰੋਂ ਬੰਦੇ ਨੇ ਸਖਤ ਹੱਲਾ ਕਰਾ ਦਿਤਾ, ਜਿਸ ਕਰਕੇ ਦੁਸ਼ਮਨ ਦੀਆਂ ਫੌਜਾਂ ਦੇ ਪੈਰ ਉਖੜ ਗਏ ਅਤੇ ਸਿੰਘ ਹੱਲਾ ਕਰਕੇ ਗੜ੍ਹੀ ਵਿਚ ਜਾ ਵੜੇ।

ਇਸ ਤੋਂ ਪਿਛੋਂ ਸ਼ਹਿਰ ਪਰ ਲੁਟ ਮਾਰ ਮਚ ਗਈ। ਬਾਬਾ ਬੰਦਾ ਸਿੰਘ ਜੀ ਨੇ ਇਥੋਂ ਦੇ ਪ੍ਰਸਿਧ ਪੀਰ ਕੁਤਬਦੀਨ ਤੇ ਸ਼ਾਹ ਕੁਮੇਤ ਆਦਿ ਦੀਆਂ ਹਡੀਆਂ ਕਬਰਾਂ ਵਿਚੋਂ ਕਢ ਕੇ ਅੱਗ ਵਿਚ ਸਾੜੀਆਂ ਤਾਂਕਿ ਮੁਸਲਮਾਨਾਂ ਦਾ ਇਹ ਭੁਲੇਖਾ ਨਿਕਲ ਜਾਵੇ ਕਿ ਪੀਰ ਫਕੀਰ ਉਹਨਾਂ ਦੀ ਸਹਾਇਤਾ ਕਰਨਗੇ। ਇਥੋਂ ਦੇ ਸਭ ਜ਼ਾਲਮਾਂ ਨੂੰ ਸੱਯਦ ਬੁਧੂ ਸ਼ਾਹ ਵਾਲੀ ਹਵੇਲੀ ਵਿਚ ਇਕਠੇ ਕਰ ਕੇ ਮਰਵਾ ਦਿਤਾ ਗਿਆ। ਜਿਸ ਤੋਂ ਇਲਾਕੇ ਵਿਚ ਸਖਤ ਡਰ ਫੈਲ ਗਿਆ। ਸਹਵਾਨੀ ਸਯਦਾਂ ਦੇ ਮਹਲੇ ਵਿਚ ਇਹ ਹਵੇਲੀ ਹੁਣ ਤਕ ਕਤਲਗੜ੍ਹੀ ਦੇ ਨਾਮ ਨਾਲ ਮਸ਼ਹੂਰ ਹੈ।

ਸਢੌਰੇ ਤੋਂ ਨੇੜੇ ਇਕ ਪਿੰਡ ਕਪੂਰੀ ਸੀ। ਇਥੋਂ ਦਾ ਇਕ ਸੱਯਦ ਅਮਾਨ ਉਲਾ ਔਰੰਗਜ਼ੇਬ ਦੇ ਵੇਲੇ ਦਖਣ ਦਾ ਸੂਬਾ ਬਣ ਗਿਆ ਸੀ। ਉਸ ਨੇ ਆਪਣੇ ਪਿੰਡ ਵਿਚ ਬਹੁਤ ਦੌਲਤ ਲੁਟ ਕੇ ਭੇਜੀ ਅਤੇ ਇਸ ਨੂੰ ਬਹਿਸ਼ਤ ਦਾ ਨਮੂਨਾ ਬਣਾਇਆ। ਇਹ ਜਿਤਨਾ ਲੋਭੀ ਸੀ ਉਸ ਤੋਂ ਕਈ ਗੁਣਾ ਕਾਮੀ ਸੀ। ਹਿੰਦੂਆਂ ਦੀਆਂ ਲੜਕੀਆਂ ਦੇ ਡੋਲੇ ਆਪਣੇ ਪਾਸ ਰਖ ਕੇ ਫਿਰ ਅਗੇ ਜਾਣ ਦਿੰਦਾ ਸੀ। ਇਸ ਦਾ ਲੜਕਾ ਇਸ ਨਾਲੋਂ ਭੀ ਕਈ ਗੁਣਾਂ ਵਧ ਬਦਮਾਸ਼ ਨਿਕਲਿਆ। ਉਸ ਨੇ ਇਲਾਕੇ ਵਿਚ ਕੋਈ ਸੁੰਦਰ ਇਸਤ੍ਰੀ ਕਲੰਕਤ ਕੀਤੇ ਬਿਨਾਂ ਨਾ ਛੱਡੀ ਅਤੇ ਲੋਕਾਂ ਪਰ ਬਹੁਤ ਜ਼ੁਲਮ ਕੀਤੇ। ਇਸ ਲਈ ਇਸ ਪਿੰਡ ਨੂੰ ਸੋਧਣ ਲਈ ਬਾਬਾ ਜੀ ਨੇ ਸ: ਤਖਤਾ ਸਿੰਘ ਦੁਲਟ ਦੀ ਜਥੇਦਾਰੀ ਹੇਠ ਇਕ ਜਥਾ ਭੇਜਿਆ ਜਿਸ ਨੇ ਉਸ ਦੇ ਬਹੁਤ ਸਾਰੇ ਸਬੰਧੀ ਮੁਸ਼ਕਾਂ ਬੰਨ ਕੇ ਲੈ ਆਂਦੇ ਅਤੇ ਬੰਦੇ ਦੇ ਪੇਸ਼ ਕੀਤੇ। ਬੰਦੇ ਨੇ ਇਨ੍ਹਾਂ ਨੂੰ ਕੀਤੀ ਦਾ ਫਲ ਭੁਗਤਾਇਆ। ਇਸ ਕਸਬੇ ਦਾ ਹਾਕਮ ਸਿੰਘਾਂ ਨੇ ਤਿੰਨ ਦਿਨ ਇਕੋ ਕੋਠੜੀ ਵਿਚ ਬੰਦ ਰਖਿਆ ਜਿਸ ਕਰਕੇ ਉਹ ਤੜਫ ਤੜਫ ਕੇ ਮਰ ਗਿਆ। ਇਸ ਵਿਚੋਂ ਜੋ ਧਨ ਸਿੰਘਾਂ ਦੇ ਹੱਥ ਆਇਆ ਉਨ੍ਹਾਂ ਨੇ ਸਭ ਬੰਦੇ ਸਿੰਘ ਅਗੇ ਲਿਆ ਰਖਿਆ ਜੋ ਆਪ ਨੇ ਸਭ ਸਿੰਘਾਂ ਵਿਚ ਹੀ ਵੰਡ ਦਿਤਾ।

ਇਸ ਸਮੇਂ ਸਾਰੇ ਇਲਾਕੇ ਵਿਚ ਬਾਬਾ ਬੰਦਾ ਸਿੰਘ ਦੀ ਧਾਂਕ ਬੈਠ ਗਈ। ਔਰੰਗਜ਼ੇਬ ਦੇ ਮਰਨ ਕਰ ਕੇ ਦਿਲੀ ਦਾ ਤਖਤ ਡਾਵਾਂ ਡੋਲ ਸੀ। ਉਸ ਦੇ ਪੁਤਰ ਆਪੋ ਵਿਚ ਲੜ ਰਹੇ ਸਨ।

Digitized by Panjab Digital Library | www.panjabdigilib.org

ਇਹੋ ਜਿਹੀ ਹਾਲਤ ਵਿਚ ਸਿੰਘਾਂ ਨੂੰ ਜ਼ਾਲਮਾਂ ਨੂੰ ਸੋਧਣ ਦਾ ਚੰਗਾ ਮੌਕਾ ਮਿਲਿਆ । ਇਸ ਸਮੇਂ ਜੇ ਸਿੰਘ ਦਿਲੀ ਪਰ ਧਾਵਾ ਬੋਲ ਦਿੰਦੇ ਤਾਂ ਆਸਾਨੀ ਨਾਲ ਦਿਲੀ ਪਰ ਕਬਜ਼ਾ ਕਰ ਸਕਦੇ ਸਨ । ਬਾਦਸ਼ਾਹੀ ਰੋਅਬ ਖਤਮ ਹੋ ਚੁਕਿਆ ਸੀ । ਘਰ ਦੀ ਫੁਟ ਨੇ ਸ਼ਾਹੀ ਖਾਨਦਾਨ ਨਿਕੰਮਾ ਕਰ ਦਿਤਾ ਸੀ । ਉਧਰ ਮਰਹੱਟੇ ਜ਼ੋਰ ਪਾ ਰਹੇ ਸਨ ਤੇ ਬਹਾਦਰ ਸ਼ਾਹ ਮਰਹਟਿਆਂ ਨਾਲ ਲੜਨ ਦਖਣ ਵੱਲ ਗਿਆ ਹੋਇਆ ਸੀ ।

## ਛਤ ਬਨੂੜ ਪਰ ਹਮਲਾ

ਇਸ ਦੌਰਾਨ ਵਿਚ ਛੱਤ ਬਨੂੜ ਦੇ ਹਿੰਦੂਆਂ ਨੇ ਬੰਦੇ ਸਿੰਘ ਬਹਾਦਰ ਪਾਸ ਫਰਿਆਦ ਕੀਤੀ ਕਿ ਸਾਡੇ ਸ਼ਹਿਰ ਦੇ ਮੁਸਲਮਾਨ ਹਾਕਮ ਸਾਡੀਆਂ ਬਹੂ-ਬੇਟੀਆਂ ਦੀ ਇਜ਼ਤ ਕਾਇਮ ਨਹੀਂ ਰਹਿਣ ਦਿੰਦੇ । ਆਪਣੇ ਦੀਨ ਵਿਚ ਲਿਆਉਣ ਲਈ ਹਿੰਦੂ ਪਰਜਾ ਪਰ ਬਹੁਤ ਸਾਰੇ ਅਤਿਆਚਾਰ ਕਰਦੇ ਹਨ । ਕਹਿੰਦੇ ਹਨ ਹਿੰਦੂਆਂ ਨੂੰ ਖੁਦਾ ਨੇ ਮੁਸਲਮਾਨਾਂ ਦੀ ਤਾਬਿਆਦਾਰੀ ਵਾਸਤੇ ਹੀ ਪੈਦਾ ਕੀਤਾ ਹੈ । ਇਹੋ ਜਿਹੀਆਂ ਸ਼ਕਾਇਤਾਂ ਸੁਣ ਕੇ ਬੰਦਾ ਸਿੰਘ ਬਹਾਦਰ ਨੇ ਛੱਤ ਬਨੂੜ ਪਰ ਧਾਵਾ ਬੋਲ ਦਿਤਾ । ਪਹਿਲੇ ਬਨੂੜ ਨੂੰ ਸੋਧਿਆ ਫਿਰ ਛਤ ਪਰ ਹੱਲਾ ਕੀਤਾ । ਦਿਨ ਛੁਪਣ ਤੋਂ ਪਹਿਲਾਂ ਪਹਿਲਾਂ ਦੋਹਾਂ ਕਸਬਿਆਂ ਨੂੰ ਫਤਹਿ ਕਰ ਲਿਆ ।

ਉਧਰ ਮਝੈਲ ਸਿੰਘ ਦਾ ਜਥਾ ਕੀਰਤਪੁਰ ਤੋਂ ਚਲਿਆ ਤਾਂ ਰੋਪੜੀਏ ਤੇ ਬਹਿਲੋਲ ਪੁਰੀਏ ਜਾਗੀਰਦਾਰਾਂ ਨੇ ਸੂਬੇ ਦੇ ਹੁਕਮ ਅਨਸਾਰ ਉਨ੍ਹਾਂ ਪਰ ਹਮਲਾ ਕਰ ਦਿਤਾ । ਰੋਪੜ ਦੇ ਪਾਸ ਘਮਸਾਣ ਦਾ ਜੰਗ ਹੋਇਆ ਜਿਸ ਵਿਚ ਸਿੰਘਾਂ ਨੇ ਬਹਾਦਰੀ ਦੇ ਅਦਭੁਤ ਕਾਰਨਾਮੇ ਵਿਖਾਏ । ਇਧਰੋਂ ਬਾਬਾ ਬੰਦਾ ਸਿੰਘ ਜੀ ਨੇ ਇਸ ਜਥੇ ਵੱਲ ਸੁਨੇਹਾ ਭੇਜਿਆ ਕਿ ਤੁਸੀਂ ਖਰੜ ਵਲ ਆਉ ਅਸੀਂ ਛੱਤ ਬਨੂੜ ਵਲੋਂ ਆਉਂਦੇ ਹਾਂ ਤੇ ਤੁਹਾਨੂੰ ਨਾਲ ਲੈ ਕੇ ਸਰਹੰਦ ਪਰ ਹਮਲਾ ਕਰਾਂਗੇ । ਰੋਪੜ ਦੀ ਲੜਾਈ ਵਿਚ ਦੁਸ਼ਮਨ ਫੌਜ ਦਾ ਵਡਾ ਸਿਪਾਹ ਸਲਾਰ ਨਸ਼ਤ੍ਰ ਖਾਨ ਮਲੇਰੀਆ ਮਾਰਿਆ ਗਿਆ । ਇਸ ਦਾ ਨਤੀਜਾ ਇਹ ਨਿਕਲਿਆ ਕਿ ਦੁਸ਼ਮਨ ਫੌਜਾਂ ਵਿਚ ਭਾਜੜਾਂ ਪੈ ਗਈਆਂ । ਸ਼ੇਰ ਮੁਹੰਮਦ ਖਾਨ ਨੇ ਨਸਤ੍ਰ ਖਾਨ ਦੀ ਲੋਥ ਚੁਕਣ ਲਈ ਬੜੇ ਹਮਲੇ ਕੀਤੇ ਪਰ ਸਿੰਘਾਂ ਨੇ ਉਨ੍ਹਾਂ ਦੀ ਇਕ ਨਾ ਚਲਣ ਦਿਤੀ । ਕੁਝ ਸਿੰਘ ਜੋ ਪਿਛੇ ਪਹਾੜਾਂ ਵਿਚ ਸਨ ਓਹ ਭੀ ਰਣ ਤੱਤੇ ਵਿਚ ਆ ਗਏ । ਇਸ ਦਾ ਫਲ ਇਹ ਹੋਇਆ ਕਿ ਸਿੰਘਾਂ ਨੂੰ ਭਾਰੀ ਫਤਹਿ ਪ੍ਰਾਪਤ ਹੋਈ । ਸਿੰਘਾਂ ਨੇ "ਗੁਰ ਪੂਰੇ ਮੇਰੀ ਰਾਖ ਲਈ" ਦਾ ਸ਼ਬਦ ਪੜ੍ਹਦੇ ਹੋਏ ਸ੍ਰੀ ਚਮਕੌਰ ਸਾਹਿਬ ਜੀ ਦੀ ਯਾਤਰਾ ਕੀਤੀ ਅਤੇ ਬਹੁਤ ਸਾਰਾ ਕੜਾਹ ਪ੍ਰਸ਼ਾਦ ਕਰਾਕੇ ਫਤਹਿ ਦੀ ਖੁਸ਼ੀ ਮਨਾਈ ।

ਜਦ ਨਵਾਬ ਸਰਹੰਦ ਨੇ ਰੋਪੜ ਵਾਲੀ ਲੜਾਈ ਦਾ ਹਾਲ ਸੁਣਿਆ ਤਾਂ ਜਮਾਲ ਖਾਨ ਬਹਿਲੋਲ ਪੁਰੀਏ, ਸ਼ਮਸ਼ ਖਾਂ ਕਿਤੀ ਵਾਲੇ, ਖਿੰਜ਼ਰ ਖਾਂ ਮਲੇਰੀਏ ਆਦਿ ਨੂੰ ਬਹੁਤ ਸਾਰੀਆਂ ਫੌਜਾਂ ਤੇ ਚਾਰ ਤੋਪਾਂ ਦੇ ਕੇ ਹਮਲਾ ਕਰਨ ਲਈ ਭੇਜਿਆ । ਇਸ ਫੌਜ ਨੇ ਸੰਘੋਲ ਪਿੰਡ ਦੇ ਪਾਸ ਜਿਥੇ ਖੁਮਾਣੋ ਦਾ ਬੇਹ ਹੈ ਸਿੰਘਾਂ ਨਾਲ ਜਾ ਮੁਠ ਭੇੜ ਕੀਤੀ । ਖਿੰਜਰ ਖਾਂ ਨੂੰ ਆਪਣੇ ਭਰਾ ਨਸ਼ਤ੍ਰ ਖਾਨ ਦੇ ਮਰਨ ਦਾ ਬਹੁਤ ਗੁਸਾ ਸੀ ਇਸ ਕਰਕੇ ਉਹ ਸਿੰਘਾਂ ਪਰ ਬੜੇ ਕਰੋਧ ਨਾਲ ਟੁਟ ਕੇ ਪਿਆ ਅਤੇ ਵੰਗਾਰਿਆ । ਸਿੰਘਾਂ ਨੇ ਭੀ ਅਗੋਂ ਜਵਾਬ ਦਿਤਾ ਕਿ ਸਿੰਘ ਭੀ ਤੇਰੇ ਜੈਸੇ ਜ਼ਾਲਮਾਂ ਦੀ ਸੋਧ ਕਰਨ ਲਈ ਆਏ

Digitized by Panjab Digital Library | www.panjabdigilib.org

ਹਨ, ਵੇਖ ਹੁਣੇ ਹੀ ਤੈਨੂੰ ਭੀ ਨਸ਼ਤ੍ਰ ਖਾਨ ਨਾਲ ਹੀ ਭੇਜਦੇ ਹਾਂ । ਦੋਹਾਂ ਪਾਸਿਆਂ ਦੀਆਂ ਫੌਜਾਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ । ਦੋਪਹਿਰ ਤਕ ਤੁਲਵੀਂ ਲੜਾਈ ਹੁੰਦੀ ਰਹੀ ਸਿੰਘਾਂ ਨੇ ਇਕ ਹਵੇਲੀ ਪਰ ਕਬਜ਼ਾ ਕਰ ਰਖਿਆ ਸੀ । ਦੁਸ਼ਮਨ ਫੌਜ ਮੈਦਾਨ ਵਿਚ ਸੀ ਇਸ ਕਰ ਕੇ ਦੁਸ਼ਮਨ ਫੌਜਾਂ ਦਾ ਭਾਰੀ ਨੁਕਸਾਨ ਹੋਇਆ । ਖਿਜ਼ਰ ਖਾਨ ਤੇ ਹੋਰ ਕਈ ਫੌਜੀ ਆਗੂ ਖੇਤ ਰਹੇ ਜਿਸ ਕਰ ਕੇ ਦੁਸ਼ਮਨ ਦੀਆਂ ਫੌਜਾਂ ਵਿਚ ਭਾਜੜਾਂ ਪੈ ਗਈਆਂ । ਬਾਬਾ ਬੰਦਾ ਸਿੰਘ ਨੂੰ ਜਦ ਸਿੰਘਾਂ ਦੀ ਫਤਹਿ ਦੀ ਖਬਰ ਪੁਜੀ ਤਾਂ ਉਨ੍ਹਾਂ ਨੇ ਵਾਜੇ ਗਾਜੇ ਨਾਲ ਸਿੰਘਾਂ ਦਾ ਸਵਾਗਤ ਕੀਤਾ ਅਤੇ ਇਸ ਤਰਾਂ ਸਰਹੰਦ ਪਰ ਚੜ੍ਹਾਈ ਕਰਨ ਤੋਂ ਪਹਿਲਾਂ ਮਾਝੇ ਦੇ ਸਿੰਘ ਭੀ ਮਾਲਵੇ ਦੇ ਬਹਾਦਰਾਂ ਨਾਲ ਆ ਰਲੇ ਅਤੇ ਇਸ ਤਰਾਂ ਖਾਲਸਾ ਜੀ ਦੀ ਤਾਕਤ ਬਹੁਤ ਵਧ ਗਈ । ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਜੀ ਨੇ ਜਿਤਨੀਆਂ ਜਿੱਤਾਂ ਪ੍ਰਾਪਤ ਕੀਤੀਆਂ ਉਨ੍ਹਾਂ ਵਿਚ ਮਾਲਵੇ ਦੇ ਸਿੰਘਾਂ ਦੀਆਂ ਕੁਰਬਾਨੀਆਂ ਦਾ ਹੀ ਹਿੱਸਾ ਸੀ । ਇਸ ਸਮੇਂ ਤਕ ਬਾਬਾ ਬੰਦਾ ਸਿੰਘ ਦਾ ਦਬਦਬਾ ਮੁਸਲਮਾਨ ਹਾਕਮਾਂ ਦੇ ਦਿਲਾਂ ਪਰ ਬਹੁਤ ਬੈਠ ਚੁਕਿਆ ਸੀ ਇਸ ਕਰ ਕੇ ਬਾਵਜੂਦ ਬਹੁਤ ਤਿਆਰੀਆਂ ਦੇ ਸੂਬਾ ਸਰਹੰਦ ਅੰਦਰੋਂ ਥਰ ਥਰ ਕੰਬਦਾ ਸੀ ।

## ਸਰਹੰਦ ਦੀ ਫਤਿਹ

ਬਾਬਾ ਬੰਦਾ ਸਿੰਘ ਬਹਾਦਰ ਨੇ ਸਾਰੇ ਇਲਾਕੇ ਵਿਚ ਖਬਰਾਂ ਭੇਜ ਦਿਤੀਆਂ ਕਿ ਖਾਲਸਾ ਗੁਰੂ ਮਾਰੀ ਸਰਹੰਦ ਨੂੰ ਫਤਹਿ ਕਰਨ ਲਈ ਹਮਲਾ ਕਰਨ ਲਈ ਤਿਆਰ ਹੈ ਜਿਸ ਨੂੰ ਗੁਰੂ ਜੀ ਦੇ ਸ਼ਬਦਾਂ ਪਰ ਪ੍ਰਤੀਤ ਹੈ ਅਤੇ ਜੋ ਸਾਹਿਬਜ਼ਾਦਿਆਂ ਦਾ ਵੈਰ ਲੈਣਾ ਚਾਹੁੰਦਾ ਹੈ ਉਹ ਪਿਛੇ ਨਾ ਰਹੇ । ਇਹ ਖਬਰਾਂ ਪੁਜਣ ਦੀ ਦੇਰ ਹੀ ਸੀ ਕਿ ਮਲਵਈ ਸ਼ੇਰ ਭਾਰੀ ਗਿਣਤੀ ਵਿਚ ਸਰਹੰਦ ਵਲ ਰਵਾਨਾ ਹੋ ਗਏ ਅਤੇ ਉਸ ਸਰਹੰਦ ਦੀ ਇਟ ਨਾਲ ਇਟ ਖੜਕਾਉਣ ਦਾ ਦ੍ਰਿੜ ਇਰਾਦਾ ਕਰ ਲਿਆ ਜੋ ਸਿੰਘਾਂ ਦੀਆਂ ਅਖਾਂ ਵਿਚ ਕੰਡੇ ਵਾਂਗ ਰੜਕਦੀ ਸੀ । ਜਦ ਬੰਦਾ ਸਿੰਘ ਬਹਾਦਰ ਜੀ ਪਾਸ ਭਾਰੀ ਲਸ਼ਕਰ ਇਕੱਠਾ ਹੋ ਗਿਆ ਤਾਂ ਆਪ ਨੇ ਸਰਹੰਦ ਵਲ ਕੂਚ ਕੀਤਾ । ਉਧਰ ਸੂਬਾ ਸਰਹੰਦ ਨੇ ਬਾਬਾ ਜੀ ਨੂੰ ਲਿਖਿਆ ਕਿ ਸਾਰਾ ਦੇਸ਼ ਲੁਟ ਕੇ ਭੀ ਤੈਨੂੰ ਅਜੇ ਚੈਨ ਨਹੀਂ ਆਈ, ਮੇਰੀ ਤਾਕਤ ਨੂੰ ਤੂੰ ਜਾਣਦਾ ਨਹੀਂ । ਜਾਹ ਮੁੜ ਜਾ ਕਿਤੇ ਦਹੀਂ ਦੇ ਭੁਲੇਖੇ ਕਪਾਹ ਨਾ ਖਾ ਬੈਠੀਂ । ਪਰ ਬੰਦਾ ਸਿੰਘ ਗੁਰੂ ਮਾਰੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੁਰੂ ਜੀ ਦਾ ਵਾਕ ਪੂਰਾ ਕਰਨਾ ਚਾਹੁੰਦਾ ਸੀ ਅਤੇ ਸੂਬਾ ਸਰਹੰਦ ਨੂੰ ਉਸ ਦੇ ਪਾਪਾਂ ਦਾ ਫਲ ਭੁਗਤਾਉਣ ਲਈ ਆਇਆ ਸੀ । ਇਸ ਕਰਕੇ ਆਪ ਨੇ ਉਤਰ ਦਿਤਾ– ਖਾਲਸਾ ਮਾਇਆ ਦਾ ਲੋਭੀ ਨਹੀਂ । ਇਸ ਦਾ ਕੰਮ ਤਾਂ ਦੁਸ਼ਟਾਂ ਨੂੰ ਦੰਡ ਦੇਣਾ ਹੈ ਇਸ ਲਈ ਤੂੰ ਤਿਆਰੀ ਕਰ ਲੈ, ਸਿੰਘ ਤਾਂ ਹੁਣ ਆ ਗਏ ਹਨ ਅਤੇ ਪਿਛੇ ਹਟਣ ਵਾਲੇ ਨਹੀਂ । ਹੋਣਾ ਤਾਂ ਉਹੀ ਹੈ ਜੋ ਗੁਰੂ ਨੂੰ ਭਾਵੇਗਾ ਪਰ ਖਾਲਸੇ ਦਾ ਕੰਮ ਮੈਦਾਨ ਵਿਚੋਂ ਪਿਛੇ ਹਟਣਾ ਨਹੀਂ । ਬਾਬਾ ਬੰਦਾ ਸਿੰਘ ਜੀ ਨੇ ਵਜੀਰ ਖਾਨ ਨੂੰ ਜੋ ਉਤਰ ਲਿਖਿਆ ਉਸ ਦੀ ਖਬਰ ਸੁਣ ਕੇ ਸਿੰਘਾਂ ਦੇ ਹੌਂਸਲੇ ਹੋਰ ਭੀ ਵਧ ਗਏ ਅਤੇ ਉਹ ਸਿਰ ਹਥੇਲੀਆਂ ਤੇ ਧਰਕੇ ਲੜਨ ਲਈ ਤਿਆਰ ਹੋ ਗਏ ।

Digitized by Panjab Digital Library | www.panjabdigilib.org

ਸੂਬਾ ਵਜ਼ੀਰ ਖਾਨ ਨੇ ਸ਼ਹਿਰ ਤੋਂ ਦੂਰ ਕਈ ਕੋਹ ਪਰ ਚਮਕ ਚਿੜੀ ਦੇ ਮੈਦਾਨ ਵਿਚ ਮੋਰਚੇ ਬਣਾਏ। ਫੌਜਾਂ ਨੂੰ ਬੜੀ ਤਰਤੀਬ ਨਾਲ ਵੰਡਿਆ। ਤੋਪਾਂ ਦੀ ਇਕ ਲੰਬੀ ਕਤਾਰ ਬੀੜ ਕੇ ਐਸੀ ਕਿਲੇ ਬੰਦੀ ਕੀਤੀ ਕਿ ਇਕੋ ਹਮਲੇ ਨਾਲ ਸਿੰਘਾਂ ਦਾ ਸਫਾਇਆ ਕਰ ਦਿਤਾ ਜਾਵੇ। ਉਸ ਦਾ ਖਿਆਲ ਸੀ ਕਿ ਸਿੰਘਾਂ ਪਾਸ ਤੋਪਾਂ ਨਹੀਂ। ਹਥਿਆਰ ਭੀ ਘਟੀਆ ਦਰਜੇ ਦੇ ਹਨ। ਫ਼ੌਜ ਭੀ ਸਿੱਖੀ ਹੋਈ ਨਹੀਂ, ਸਗੋਂ ਐਵੇਂ ਇਧਰੋਂ ਉਧਰੋਂ ਛੋਟੀਆਂ ਛੋਟੀਆਂ ਜਾਤਾਂ ਦੇ ਲੋਕ ਇਕੱਠੇ ਕੀਤੇ ਹਨ ਜਿੰਨਾਂ ਨੂੰ ਜੰਗ ਦਾ ਕੋਈ ਪਤਾ ਨਹੀਂ। ਮੇਰੇ ਪਾਸ ਐਸੇ ਸੂਰਮੇ ਹਨ ਜਿਨ੍ਹਾਂ ਦਾ ਪੁਸ਼ਤਾਂ ਤੋਂ ਪੇਸ਼ਾ ਸਿਪਾਹਗੀਰੀ ਹੈ ਅਤੇ ਜੋ ਜਗ ਦੇ ਦਾਉ ਪੇਚ ਚੰਗੀ ਤਰਾਂ ਜਾਣਦੇ ਹਨ। ਇੰਨਾਂ ਸਾਰੀਆਂ ਗਲਾਂ ਦੀ ਮੌਜੂਦਗੀ ਵਿਚ ਸਿੰਘ ਕਿਵੇਂ ਜਿੱਤ ਸਕਦੇ ਹਨ। ਵਜੀਰ ਖਾਨ ਇਕ ਉਚੇ ਹਾਥੀ ਪਰ ਚੜ੍ਹ ਕੇ ਜਦ ਆਪਣੀਆਂ ਸਾਰੀਆਂ ਤਿਆਰੀਆਂ ਵੇਖ ਰਿਹਾ ਸੀ ਤਾਂ ਬਹੁਤ ਖੁਸ਼ ਹੋ ਰਿਹਾ ਸੀ। ਮਨ ਹੀ ਮਨ ਵਿਚ ਖਿਆਲ ਕਰਦਾ ਸੀ ਕਿ ਮੇਰੀ ਤਾਕਤ ਅਜਿੱਤ ਹੈ। ਸਿੰਘਾਂ ਦੇ ਮਨ ਵਿਚ ਸਰਹੰਦ ਪਰ ਫਤਹਿ ਪ੍ਰਾਪਤ ਕਰਨ ਦੀਆਂ ਇਛਾਵਾਂ ਚਟਕੀਆਂ ਲੈ ਰਹੀਆਂ ਸਨ ਉਹ ਇਸ ਜੰਗ ਵਿਚ ਆਪਣਾ ਸਭ ਕਝ ਕੁਰਬਾਨ ਕਰਨ ਲਈ ਤਿਆਰ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਇਕ ਭਾਰੀ ਦੀਵਾਨ ਸਜਾ ਕੇ ਸਿੰਘਾਂ ਨੂੰ ਸਾਹਿਬ ਜ਼ਾਦਿਆਂ ਦੀ ਕੁਰਬਾਨੀ ਦਾ ਪ੍ਰਸੰਗ ਸੁਣਾਇਆ ਅਤੇ ਦਸਿਆ ਕਿ ਸਰਹਿੰਦ ਦੀ ਜੰਗ ਵਿਚ ਜੇਹੜੇ ਸਿੰਘ ਸ਼ਹੀਦ ਹੋਣਗੇ ਉਹ ਗੁਰੂ ਜੀ ਦੇ ਬਚਨਾਂ ਪਰ ਅਮਲ ਕਰਦੇ ਹੋਏ ਮੁਕਤੀ ਪ੍ਰਾਪਤ ਕਰਨਗੇ। ਸਿੰਘਾਂ ਦੇ ਦਿਲਾਂ ਵਿਚ ਸਾਹਿਬ ਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣਕੇ ਸਿੱਖੀ ਜੋਸ਼ ਠਾਠਾ ਮਾਰਨ ਲਗ ਪਿਆ। ਹਰ ਇਕ ਸਿੰਘ ਅੱਜ ਫਤਹਿ ਜਾਂ ਸ਼ਹੀਦੀ ਦੋਹਾਂ ਵਿਚੋਂ ਇਕ ਪ੍ਰਾਪਤ ਕਰਨ ਲਈ ਤਿਆਰ ਸਨ। ਇਕ ਪਾਸੇ ਤੋਪਾਂ ਸਿਖੀ ਹੋਈ ਫ਼ੌਜ, ਵਧੀਆ ਸਾਮਾਨ ਜੰਗੀ ਹਾਥੀ ਘੋੜੇ ਜੰਬੂਰ ਤੇ ਰਹਿਕਲੇ ਸਨ ਅਤੇ ਦੂਜੇ ਪਾਸੇ ਸਿੰਘਾਂ ਦੇ ਪਾਸ ਕੇਵਲ ਸਿੱਖੀ ਦੀ ਖਾਤਰ ਮਰ ਮਿਟਣ ਦਾ ਜਜ਼ਬਾ ਅਤੇ ਜਾਲਮਾਂ ਨੂੰ ਦੰਡ ਦੇਣ ਵਾਲਾ ਸੀ।

ਦੋਹਾਂ ਪਾਸਿਆਂ ਦੀਆਂ ਸੈਨਾਂ ਦਾ ੨੨ ਮਈ ੧੭੧੦ ਈ: ਨੂੰ ਮੁਕਾਬਲਾ ਸ਼ੁਰੂ ਹੋ ਗਿਆ। ਵਜੀਰ ਖਾਨ ਦੀਆਂ ਤੋਪਾਂ ਨੇ ਅੱਗ ਉਗਲਣੀ ਸ਼ੁਰੂ ਕੀਤੀ। ਅਕਾਸ਼ ਮੰਡਲ ਧੂੰਏ ਨਾਲ ਭਰ ਗਿਆ ਸਤਿ ਸ੍ਰੀ ਅਕਾਲ ਅਤੇ ਅਲੀ ਅਲੀ ਦੇ ਨਾਹਰਿਆਂ ਨਾਲ ਆਕਾਸ਼ ਗੂੰਜ ਉਠਿਆ।

ਪਹਿਲੇ ਹੱਲੇ ਵਿਚ ਸਿੰਘਾਂ ਦਾ ਕਾਫੀ ਨੁਕਸਾਨ ਹੋਇਆ। ਤੋਪਾਂ ਦੇ ਪਹਿਲੇ ਵਾਰ ਨੇ ਹੀ ਸਿੰਘਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਬੜੇ ਸਖਤ ਦੁਸ਼ਮਨ ਨਾਲ ਟਾਕਰਾ ਹੈ। ਹੁਣ ਸਿੰਘਾਂ ਨੇ ਵਿਚਾਰ ਕੀਤੀ ਕਿ ਤੋਪਾਂ ਵਾਲੀ ਬਾਹੀ ਛਡ ਕੇ ਪਾਸਿਆਂ ਤੋਂ ਹਮਲਾ ਕਰਨਾ ਚਾਹੀਦਾ ਹੈ। ਬਾਬਾ ਬੰਦਾ ਸਿੰਘ ਜੀ ਨੇ ਹੁਣ ਸਿੰਘਾਂ ਨੂੰ ਅੱਡ ਅੱਡ ਜੱਥਿਆਂ ਵਿਚ ਬੜੀ ਤਰਤੀਬ ਨਾਲ ਵੰਡਿਆ ਅਤੇ ਯੁਧ ਵਿਦਿਆ ਦੇ ਗੁਰ ਸਮਝਾਏ। ਆਪ ਇਕ ਉਚੀ ਥਾਂ ਪਰ ਬੈਠ ਕੇ ਜੰਗ ਦਾ ਰੰਗ ਵੇਖਣ ਲਗੇ। ਦੁਸ਼ਮਨ ਨੇ ਸਿੰਘਾਂ ਪਰ ਸਖਤ ਹਮਲੇ ਕੀਤੇ।

ਸਿੰਘਾਂ ਪਾਸ ਭਾਵੇਂ ਤੋਪਾਂ ਨਹੀਂ ਸਨ। ਪਰ ਉਹ ਤਲਵਾਰਾਂ ਸੂਤ ਕੇ ਐਸੇ ਟੁਟਕੇ ਪਏ ਕਿ ਹਾਥੀਆਂ ਤੇ ਤੋਪਾਂ ਦੀ ਲੈਣ ਤੋੜ ਦਿਤੀ। ਇਸ ਦਾ ਵੈਰੀਆਂ ਪਰ ਇਹ ਅਸਰ ਹੋਇਆ ਕਿ ਉਨ੍ਹਾਂ ਨੇ ਇਸਨੂੰ ਬੰਦੇ ਸਿੰਘ ਦੀ ਕਰਾਮਾਤ ਸਮਝਿਆ। ਮੁਸਲਮਾਨਾਂ ਦੇ ਦਿਲ ਵਿਚ ਬੰਦੇ ਸਿੰਘ ਦੀਆਂ ਕਰਾਮਾਤਾਂ ਦਾ ਬਹੁਤ ਡਰ ਬੈਠਾ ਹੋਇਆ ਸੀ ਇਸ ਕਰਕੇ ਜਦੋਂ ਕੁਝ ਤੋਪਾਂ ਨਿਕੰਮੀਆਂ ਹੋ ਗਈਆਂ ਤਾਂ ਉਨ੍ਹਾਂ

Digitized by Panjab Digital Library | www.panjabdigilib.org

ਦੇ ਦਿਲ ਡੋਲ ਗਏ । ਜਦੋਂ ਬੁਰੇ ਦਿਨ ਆਉਂਦੇ ਹਨ ਤਾਂ ਅਕਲ ਭੀ ਜਵਾਬ ਦੇ ਜਾਂਦੀ ਹੈ ਇਹੋ ਹਾਲ ਉਸ ਸਮੇਂ ਮੁਸਲਮਾਨ ਹਾਕਮਾਂ ਦਾ ਸੀ । ਉਨ੍ਹਾਂ ਦੀ ਅਕਲ ਜਵਾਬ ਦੇ ਚੁਕੀ ਸੀ ਅਤੇ ਦਿਲ ਡਰਿਆ ਹੋਇਆ ਸੀ ਇਸ ਕਰਕੇ ਜੇਹੜੀ ਗਲ ਭੀ ਉਨ੍ਹਾਂ ਦੇ ਉਲਟ ਹੋ ਜਾਂਦੀ ਉਸ ਨੂੰ ਉਹ ਬੰਦੇ ਸਿੰਘ ਬਹਾਦਰ ਦੀਆਂ ਕਰਾਮਾਤਾਂ ਵਿਚ ਸ਼ਾਮਲ ਕਰ ਦਿੰਦੇ ਅਤੇ ਮੁਸਲਮਾਨ ਲਸ਼ਕਰ ਵਿਚ ਭਾਂਤ ਭਾਂਤ ਦੀਆਂ ਅਫਵਾਹਾਂ ਫੈਲ ਜਾਂਦੀਆਂ । ਦੂਜੇ ਪਾਸੇ ਸਿੰਘ ਗੁਰੂ ਪਰ ਭਰੋਸਾ ਅਤੇ ਜਿੱਤ ਦਾ ਕਾਮਲ ਯਕੀਨ ਦਿਲ ਵਿਚ ਰਖਕੇ ਲੜਦੇ ਸਨ । ਉਨ੍ਹਾਂ ਪਰ ਝੂਠੀਆਂ ਅਫਵਾਹਾਂ ਕੋਈ ਅਸਰ ਨਹੀਂ ਕਰਦੀਆਂ ਸਨ ਅਤੇ ਦੁਸ਼ਮਨ ਦੀ ਤਾਕਤ ਦਾ ਅੰਦਾਜ਼ਾ ਲਗਾਉਣ ਵਿਚ ਭੀ ਉਹਨਾਂ ਦੀ ਬੁਧੀ ਠੀਕ ਕੰਮ ਕਰਦੀ ਸੀ । ਇਨ੍ਹਾਂ ਗਲਾਂ ਦੇ ਕਾਰਨ ਸਿੰਘ ਕਦੇ ਭੀ ਢਹਿੰਦੀਆਂ ਕਲਾਂ ਵੱਲ ਨਹੀਂ ਜਾਂਦੇ ਸਨ । ਢਹਿੰਦੀਆਂ ਕਲਾਂ ਵਲ ਜਾਣਾ ਤਾਂ ਉਨ੍ਹਾਂ ਨੇ ਸਿਖਿਆ ਹੀ ਨਹੀਂ ਸੀ । ਹਮੇਸ਼ਾਂ ਚੜ੍ਹਦੀ ਕਲਾ ਵਿਚ ਹੀ ਰਹਿੰਦੇ ਸਨ । ਸਾਡਾ ਭਾਵ ਇਹ ਪ੍ਰਗਟ ਕਰਨਾ ਹੈ ਕਿ ਜਦ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਲੜ ਰਹੀਆਂ ਹੋਣ ਤਾਂ ਜਿਸ ਫੌਜ ਦਾ (ਹੌਸਲਾ) ਉਚਾ ਹੋਵੇਗਾ ਉਸ ਦਾ ਪਲੜਾ ਭਾਰੀ ਰਹੇਗਾ ਅਤੇ ਜਿਸ ਦਾ ਹੌਸਲਾ ਗਿਰ ਗਿਆ ਉਹ ਹਾਰ ਖਾ ਜਾਵੇਗੀ ।

ਅਕਾਲ ਪੁਰਖ ਨੂੰ ਇਹੋ ਮਨਜ਼ੂਰ ਸੀ ਕਿ ਸਰਹੰਦ ਦੇ ਹਾਕਮਾਂ ਨੂੰ ਉਹਨਾਂ ਦੇ ਪਾਪ ਦਾ ਫਲ ਭੁਗਤਾਇਆ ਜਾਵੇ ਇਸ ਕਰਕੇ ਮੁਸਲਮਾਨ ਫੌਜਾਂ ਦਾ ਹੌਸਲਾ ਗਿਰ ਗਿਆ । ਉਨ੍ਹਾਂ ਵਿਚ ਬੰਦੇ ਸਿੰਘ ਬਹਾਦਰ ਦੀਆਂ ਕਰਾਮਾਤਾਂ ਦਾ ਇਤਨਾ ਡਰ ਫੈਲ ਗਿਆ ਕਿ ਉਹ ਸਭ ਕੁਝ ਹੁੰਦੇ ਸੁੰਦੇ ਦਿਲ ਹਾਰ ਬੈਠੇ । ਉਧਰ ਸਿੰਘਾਂ ਨੇ ਜਦ ਵੇਖਿਆ ਕਿ ਦੁਸ਼ਮਨ ਦੀਆਂ ਕੁਝ ਤੋਪਾਂ ਦੇ ਮੂੰਹ ਬੰਦ ਹੋ ਗਏ ਹਨ ਤਾਂ ਉਹਨਾਂ ਨੇ ਦੁਸ਼ਮਨ ਪਰ ਇਕ ਜ਼ੋਰਦਾਰ ਹੱਲਾ ਬੋਲਣ ਦਾ ਫੈਸਲਾ ਕੀਤਾ । ਮਲੇਰੀਆ ਦੀ ਬਾਹੀ ਵਲ ਸਿੰਘਾਂ ਨੇ ਇਤਨੇ ਜ਼ੋਰ ਦਾ ਹੱਲਾ ਬੋਲਿਆ ਕਿ ਮੁਸਲਮਾਨ ਫ਼ੌਜ ਦੇ ਪੈਰ ਉਖੜ ਗਏ । ਇਕ ਵੇਰ ਭਾਜੜ ਪੈਣ ਦੀ ਦੇਰ ਸੀ ਫ਼ਿਰ ਤਾਂ ਪਲਾਂ ਵਿੱਚ ਹੀ ਮੈਦਾਨ ਖਾਲੀ ਹੋ ਗਿਆ ਤੇ ਦੁਸ਼ਮਨ ਸਭ ਭਜ ਕੇ ਸ਼ਹਿਰ ਵਿੱਚ ਜਾ ਵੜੇ । ਏਹ ਜੰਗ ਸਰਹੰਦ ਤੋਂ ਦਸ ਬਾਰਾਂ ਕੋਹ ਚੜ੍ਹਦੇ ਤੇ ਦਖਣ ਦੀ ਗੁੱਠ ਪਿੰਡ ਚਪੜ ਚਿੱੜੀ ਦੇ ਮੈਦਾਨ ਵਿੱਚ ਹੋਇਆ ।

ਇਸ ਹਲੇ ਵਿੱਚ ਇਕ ਹੋਰ ਬਹੁਤ ਅਹਿਮ ਘਟਨਾ ਇਹ ਹੋਈ ਕਿ ਸੂਬਾ ਸਰਹੰਦ ਵਜੀਰ ਖਾਨ ਨੂੰ ਸ: ਬਾਜ ਸਿੰਘ ਤੇ ਭਾਈ ਫਤਹ ਸਿੰਘ ਜੀ ਨਾਲ ਲੜਦਾ ਹੋਇਆ ਭਾਈ ਫਤਹ ਸਿੰਘ ਦੀ ਤਲਵਾਰ ਨਾਲ ਮਾਰਿਆ ਗਿਆ, ਕੁਝ ਇਤਹਾਸਕਾਰਾਂ ਨੇ ਹਾਥੀ ਤੋਂ ਡਿਗਣਾ ਲਿਖਿਆ ਹੈ ਕਿ ਹਾਥੀ ਦਾ ਪੈਰ ਕਬਰ ਵਿਚ ਪੈਜਾਣ ਕਰਕੇ ਸੂਬਾ ਡਿਗ ਪਿਆ । ਸਿੰਘਾਂ ਨੇ ਸੂਬੇ ਨੂੰ ਜਿਉਂਦਿਆਂ ਹੀ ਫੜ ਲਿਆ ਅਤੇ ਮੁਸ਼ਕਾਂ ਬੰਨ ਕੇ ਬੰਦੇ ਸਿੰਘ ਬਹਾਦਰ ਦੇ ਪੇਸ਼ ਕਰ ਦਿਤਾ । ਸੂਬੇ ਦਾ ਵਡਾ ਪੁਤ੍ਰ ਪਹਿਲਾਂ ਹੀ ਆਪਣਾ ਟਬਰ ਲੈਕੇ ਦਿਲੀ ਨੂੰ ਭਜ ਗਿਆ ਸੀ । ਹੁਣ ਸ਼ਹਿਰ ਦੀ ਰਾਖੀ ਕੌਣ ਕਰਦਾ । ਸਿੰਘਾਂ ਨੂੰ ਸ਼ਹਿਰ ਫਤਹਿ ਕਰਨ ਵਿੱਚ ਕੋਈ ਦੇਰ ਨਾ ਲਗੀ । ਦੀਵਾਨ ਸੁਚਾ ਨੰਦ (ਝੂਠਾ ਨੰਦ) ਦਾ ਸਾਰਾ ਪ੍ਰਵਾਰ ਫੜ ਲਿਆ ਗਿਆ ਇਸੇ ਤਰ੍ਹਾਂ ਗੁਰੂ ਘਰ ਦੇ ਸਭ ਦੋਖੀਆਂ ਨੂੰ ਗ੍ਰਿਫਤਾਰ ਕਰ ਲਿਆ । ਸ਼ਹਿਰ ਵਿਚ ਲੁਟ ਮਾਰ ਮਚ ਗਈ । ਕੁਝ ਚਿਰ ਪਹਿਲਾਂ ਸਰਹਿੰਦ ਪਰ ਜੋ ਇਸਲਾਮੀ ਝੰਡਾ ਲਹਿਰਾ ਰਿਹਾ ਸੀ ਉਹ ਡਿੱਗ ਪਿਆ ਉਸ ਦੀ ਥਾਂ ਸਿੰਘਾਂ ਦਾ ਕੇਸਰੀ ਨਿਸ਼ਾਨ ਝੂਲਣ ਲਗਾ । ਇਸ ਜੰਗ ਵਿੱਚ ਮੁਸਲਮਾਨ ਫ਼ੌਜ

Digitized by Panjab Digital Library | www.panjabdigilib.org

ਦਾ ਮਲੇਰੀਆ ਸਿਪਾਹ ਸਲਾਰ ਸ਼ੇਰ ਮਹੰਮਦ ਖਾਨ ਅਤੇ ਖ੍ਵਾਜਾ ਅਲੀ ਮੁਹੰਮਦ ਖਾਨ ਆਦਿਕ ਮਾਰੇ ਗਏ, ਇਸ ਦਾ ਨਤੀਜਾ ਇਹ ਹੋਇਆ ਕਿ ਦੁਸਮਨਾਂ ਦੇ ਦਿਲ ਟੁਟ ਗਏ। ਸਰਹਿੰਦ ਦੀ ਫਤਹਿ ਨੇ ਸਾਰੇ ਦੇਸ਼ ਵਿੱਚ ਸਿੰਘਾਂ ਦਾ ਬੋਲ ਬਾਲਾ ਕਰ ਦਿਤਾ ਅਤੇ ਮੁਗਲ ਸ਼ਾਹਿਨ ਸ਼ਾਹੀਅਤ ਦਾ ਰੋਅਬ ਲੋਕਾਂ ਦੇ ਦਿਲਾਂ ਤੋਂ ਉਠ ਗਿਆ।

ਸੁਚਾ ਨੰਦ ਦੀਵਾਨ ਨੇ ਸੂਬੇ ਨੂੰ ਇਹ ਸਲਾਹ ਦਿਤੀ ਸੀ ਕਿ ਸਾਹਿਬਜ਼ਾਦਿਆਂ ਨੂੰ ਹੁਣੇ ਹੀ ਤਸੀਹੇ ਦੇ ਕੇ ਮਾਰਨਾ ਚਾਹੀਦਾ ਹੈ ਨਹੀਂ ਤਾਂ ਇਹ ਵਡੇ ਹੋ ਕੇ ਆਪਣੇ ਪਿਤਾ ਨਾਲੋਂ ਭੀ ਵਧਕੇ ਹੋਣਗੇ। ਸੱਪਾਂ ਦੇ ਪੁਤ ਮਿੱਤ ਨਹੀਂ ਹੁੰਦੇ ਅਤੇ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ ਜਦ ਸੂਬਾ ਸ਼ੇਰ ਮੁਹੰਮਦ ਖਾਂ ਦੇ ਕਹਿਣ ਪਰ ਸਾਹਿਬਜ਼ਾਦਿਆਂ ਨੂੰ ਛਡਣ ਦਾ ਖਿਆਲ ਕਰਨ ਲਗਾ ਤਾਂ ਸੁਚਾ ਨੰਦ ਨੇ ਇਹ ਕਿਹਾ ਸੀ "ਕਾਲੇ ਨਾਗ ਨੂੰ ਮਾਰਨਾ ਤੇ ਉਸ ਦੇ ਬਚਿਆਂ ਨੂੰ ਪਾਲਣਾ ਤੇ ਉਨ੍ਹਾਂ ਦੀ ਰਾਖੀ ਕਰਨਾ ਸਿਆਣਿਆਂ ਦਾ ਕੰਮ ਨਹੀਂ" ਆਦਿਕ ਸ਼ਬਦ ਵਰਤ ਕੇ ਉਸ ਨੇ ਸੂਬੇ ਨੂੰ ਜ਼ੁਲਮ ਕਰਨ ਲਈ ਉਭਾਰਿਆ ਇਸ ਕਰਕੇ ਸਿੰਘਾਂ ਨੇ ਇਸ ਦਾ ਨਾਮ ਝੂਠਾ ਨੰਦ ਰਖਿਆ ਹੋਇਆ ਸੀ। ਵਜ਼ੀਰ ਖਾਨ ਤੋਂ ਪਿਛੋਂ ਇਸ ਨੂੰ ਤੇ ਇਸ ਦੇ ਪ੍ਰਵਾਰ ਨੂੰ ਸਖਤ ਸਜ਼ਾ ਦਿਤੀ ਗਈ। ਦੀਵਾਨ ਸੁਚਾ ਨੰਦ ਨੂੰ ਕੋਰੜਿਆਂ ਦੀ ਸਖਤ ਮਾਰ ਮਾਰੀ ਗਈ ਤੇ ਸਾਰੇ ਸ਼ਹਿਰ ਵਿਚ ਉਸ ਨੂੰ ਹੱਟੀ ਹੱਟੀ ਫੇਰ ਕੇ ਭੀਖ ਮੰਗਾਈ ਗਈ ਅਤੇ ਅੰਤ ਵਿਚ ਕਤਲ ਕਰ ਦਿਤਾ ਗਿਆ। ਇਸੇ ਤਰਾਂ ਜਿਨਾਂ ਹੋਰ ਲੋਕਾਂ ਨੇ ਜ਼ੁਲਮ ਕੀਤੇ ਸਨ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਗਈਆਂ।

ਸ਼ਹਿਰ ਵਿਚ ਤਿੰਨ ਦਿਨ ਤੱਕ ਲੁਟ ਮਾਰ ਹੁੰਦੀ ਰਹੀ। ਉਸ ਸਮੇਂ ਜ਼ਾਲਮ ਹਾਕਮਾਂ ਦੇ ਘਰਾਂ ਦੀ ਜੋ ਹਾਲਤ ਹੋਈ ਉਹ ਲਿਖਣ ਤੋਂ ਬਾਹਰ ਹੈ। ਸ਼ਹਿਰ ਦੀ ਆਬਾਦੀ ਜਿਧਰ ਕਿਸੇ ਦਾ ਮੂੰਹ ਆਇਆ ਭੱਜ ਨਿਕਲੀ। ਮਾਂ ਨੇ ਪੁਤ ਨੂੰ ਨਾ ਪਛਾਣਿਆ। ਸਿੰਘਾਂ ਦਾ ਲੋਕਾਂ ਦੇ ਦਿਲਾਂ ਪਰ ਬਹੁਤ ਜ਼ਿਆਦਾ ਡਰ ਛਾਇਆ ਹੋਇਆ ਸੀ। ਸਰਹੰਦ ਸ਼ਹਿਰ ਸੰਬੰਧੀ ਤਵਾਰੀਖਾਂ ਵਿਚ ਲਿਖਿਆ ਹੈ ਕਿ ਇਸ ਦੀ ਆਬਾਦੀ ਪੰਦਰਾਂ ਸੋਲਾਂ ਕੋਹ ਦੇ ਘੇਰ ਵਿਚ ਫੈਲੀ ਹੋਈ ਸੀ। ਉਸ ਸਮੇਂ ਪੰਜਾਬ ਵਿਚ ਇਹ ਸਭ ਤੋਂ ਵਡਾ ਸ਼ਹਿਰ ਸੀ। ਲਾਹੌਰ ਭੀ ਇਸ ਦਾ ਮੁਕਾਬਲਾ ਨਹੀਂ ਸੀ ਕਰਦਾ। ਬਵੰਜਾ ਲਖ ਰੁਪਏ ਦੀ ਮਾਲ ਗੁਜ਼ਾਰੀ ਇਸ ਸੂਬੇ ਵਲੋਂ ਸ਼ਾਹੀ ਖਜ਼ਾਨੇ ਵਿਚ ਹਰ ਸਾਲ ਜਾਂਦੀ ਸੀ। ਮੁਗਲ ਬਾਦਸ਼ਾਹ ਕਸ਼ਮੀਰ ਨੂੰ ਜਾਂਦੇ ਹੋਏ ਇਥੇ ਪੜਾ ਭਰਿਆ ਕਰਦੇ ਸਨ ਇਸ ਕਰਕੇ ਇਹ ਸ਼ਹਿਰ ਬਹੁਤ ਵਧ ਗਿਆ ਸੀ ਤੇ ਪੰਜਾਬ ਦੇ ਸਭ ਅਮੀਰ ਲੋਕ ਇਥੇ ਆ ਵਸੇ ਸਨ। ਜਦ ਸਭ ਜ਼ਾਲਮਾਂ ਨੂੰ ਖਾਲਸੇ ਨੇ ਦੰਡ ਦਿਤਾ ਅਤੇ ਵਡੀਆਂ ਵਡੀਆਂ ਸਰਕਾਰੀ ਇਮਾਰਤਾਂ ਪਰ ਖਾਲਸਾਈ ਨਿਸ਼ਾਨ ਝੂਲਾ ਦਿਤੇ ਤਾਂ ਬਾਬਾ ਬੰਦਾ ਸਿੰਘ ਨੇ ਕਿਹਾ ਕਿ ਕਿਸੇ ਸਿੰਘ ਨੂੰ ਇਥੋਂ ਦਾ ਸੂਬਾ ਬਣਾਇਆ ਜਾਵੇ ਜੋ ਸਾਰੇ ਇਲਾਕੇ ਦਾ ਰਾਜ ਪ੍ਰਬੰਧ ਚਲਾਵੇ। ਸਾਰੇ ਸਿੰਘਾਂ ਨੇ ਸਰਬ ਸੰਮਤੀ ਨਾਲ ਸ: ਬਾਜ ਸਿੰਘ, ਸੂਬਾ ਥਾਪ ਦਿਤਾ ਅਤੇ ਭਾਈ ਭਗਤੂ ਦੇ ਪੋਤਰੇ ਫਤਹਿ ਸਿੰਘ ਨੂੰ ਨਾਇਬ ਨਾਜ਼ਮ ਬਣਾਇਆ ਤਾਕਿ ਇਹ ਦੋਵੇਂ ਸਿੰਘ ਮਿਲ ਕੇ ਰਾਜ ਪ੍ਰਬੰਧ ਚਲਾਉਣ। ਇਸ ਤੋਂ ਉਪਰੰਤ ਜਿਹੜੇ ਪ੍ਰਗਣਿਆ ਦੇ ਹਾਕਮ ਆਕੀ ਹੋਇ ਬੈਠੇ ਸਨ ਉਨ੍ਹਾਂ ਵਲ ਫੌਜਾਂ ਭੇਜ ਕੇ ਉਨ੍ਹਾਂ ਪਾਸੋਂ ਖਰਾਜ ਲੈਣਾ ਸ਼ੁਰੂ ਕੀਤਾ।

ਸਰਹੰਦ ਦੀ ਫਤਿਹ ਤੋਂ ਪਿਛੋਂ ਬਾਬਾ ਬੰਦਾ ਸਿੰਘ ਦਾ ਦਬਦਬਾ ਬਹੁਤ ਵਧ ਗਿਆ। ਇਸ ਸਮੇਂ ਤੱਕ ਬਾਬਾ ਜੀ ਦਾ ਦਿਲ ਧਨ ਜਾਂ ਹਕੂਮਤ ਕਰਨ ਦਾ ਕੋਈ ਲਾਲਚ ਨਹੀਂ ਸੀ ਇਸ

Digitized by Panjab Digital Library | www.panjabdigilib.org

ਕਰਕੇ ਸਰਹੰਦ ਨੂੰ ਫਤਿਹ ਕਰ ਕੇ ਭੀ ਖਾਲਸੇ ਦੀ ਮਰਜ਼ੀ ਨਾਲ ਸਿੰਘਾਂ ਦੇ ਹਵਾਲੇ ਕਰ ਦਿਤਾ ਆਪ ਫਕੀਰ ਦਾ ਫਕੀਰ ਬਣਿਆ ਰਿਹਾ। ਇਸ ਸਮੇਂ ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਰੋਜ਼ ਹਜ਼ਾਰਾਂ ਲੋਕ ਸਿੰਘ ਸਜ ਰਹੇ ਸਨ ਤੇ ਹਰ ਪਾਸੇ ਖਾਲਸੇ ਦਾ ਬੋਲ ਬਾਲਾ ਹੋ ਰਿਹਾ ਸੀ।

## ਮਸੰਦਾ ਦੀ ਸ਼ਰਾਰਤ ਤੇ ਉਨ੍ਹਾਂ ਨੂੰ ਸਜ਼ਾ

ਇਸ ਸਮੇਂ ਇਕ ਰਾਗੀ ਸਿੰਘ ਜਿਸ ਦਾ ਨਾਮ ਬਲਾਕੀ ਸਿੰਘ ਸੀ ਬੰਦੇ ਸਿੰਘ ਪਾਸ ਫਰਿਆਦੀ ਹੋਇਆ ਕਿ ਮੈਂ ਪਿੰਡ ਘੁੜਾਣੀ ਵਡੀ ਵਿਚ ਆਕੇ ਪਤਾ ਕੀਤਾ ਜਦ ਮੈਂ ਰਹਿਰਾਸ ਦਾ ਪਾਠ ਕਰਕੇ ਦਸਵੇਂ ਪਾਤ ਸ਼ਾਹ ਦੀ ਚੌਪਈ ਪੜ੍ਹੀ ਤੇ ਅਰਦਾਸ ਵਿਚ ਦਸਵੇਂ ਪਾਤਸ਼ਾਹ ਦਾ ਨਾਂ ਲਿਆ ਤਾਂ ਰਾਮ ਰਾਏ ਦੇ ਮਸੰਦਾਂ ਨੇ ਮੈਨੂੰ ਮਾਰਿਆ ਕੁਟਿਆ ਅਤੇ ਗਾਲੀਆਂ ਦਿਤੀਆਂ ਇਹ ਗੱਲ ਸੁਣ ਕੇ ਬੰਦੇ ਸਿੰਘ ਨੇ ਘੁੜਾਣੀ ਦੇ ਮਸੰਦਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਅਤੇ ਪਾਇਲ ਪਰ ਚੜ੍ਹਾਈ ਕਰ ਦਿਤੀ ਪਾਇਲ ਨੂੰ ਸੋਧਕੇ ਮਲੇਰਕੋਟਲਾ ਜਾ ਘੇਰਿਆ ਕਿਉਂ ਕਿ ਇਥੋ ਦਾ ਇਕ ਹਾਕਮ ਗੁਰੂ ਗੋਬਿੰਦਸਿੰਘ ਜੀ ਦੀ ਸੇਵਕ ਅਨੂਪ ਕੌਰ ਨੂੰ ਜਬਰਦਸਤੀ ਉਠਾ ਲਿਆਇਆ ਸੀ ਤੇ ਉਸ ਨੂੰ ਦੀਨ ਵਿਚ ਲਿਆਉਣ ਲਈ ਤੇ ਸ਼ਾਦੀ ਕਰਨ ਲਈ ਯਤਨ ਕਰਦਾ ਸੀ। ਪ੍ਰੰਤੂ ਉਹ ਸਤਵੰਤੀ ਕਟਾਰੀ ਮਾਰ ਕੇ ਮਰ ਗਈ। ਇਸ ਨੇ ਉਸ ਦੀ ਕਬਰ ਬਣਵਾ ਦਿਤੀ ਮਲੇਰ ਕੋਟਲੇ ਦੇ ਹਾਕਮ ਨੇ ੧੦੦੦੦ ਦਸ ਹਜ਼ਾਰ ਰੁਪਇਆ ਨਜ਼ਰਾਨਾ ਦੇ ਕੇ ਸਰਹੰਦ ਨੂੰ ਲੁਟ ਮਾਰ ਤੋਂ ਬਚਾ ਲਿਆ ਅਤੇ ਬੰਦੇ ਸਿੰਘ ਨੇ ਅਨੂਪ ਕੌਰ ਦੀਆਂ ਅਸਥੀਆਂ ਕਬਰ ਵਿਚੋਂ ਕਢ ਕੇ ਉਨ੍ਹਾਂ ਦਾ ਸਸਕਾਰ ਕੀਤਾ ਇਸ ਤੋਂ ਪਿਛੋ ਰਾਏਕੋਟ ਦੇ ਰਾਇ ਕਲੇ ਨੇ ਪੰਜ ਹਜ਼ਾਰ ਨਜ਼ਰਾਨਾ ਅਤੇ ਪੰਜ ਘੋੜੇ ਨਜ਼ਰ ਭੇਟ ਕਰ ਕੇ ਗੁਰੂ ਘਰ ਦਾ ਸ਼ਰਧਾਲੂ ਹੋਣ ਦਾ ਵਾਸਤਾ ਪਾ ਕੇ ਆਪਣਾ ਮੁਲਕ ਬਚਾ ਲੀਤਾ। ਇਸ ਸਮੇਂ ਤਕ ਅਠਾਈ ਪਰਗਣੇ ਸਿੰਘਾਂ ਦੇ ਅਧੀਨ ਹੋ ਚੁਕੇ ਸਨ ਅਤੇ ਬੰਦੇ ਸਿੰਘ ਬਹਾਦਰ ਦੀ ਹਰ ਪਾਸੇ ਧਾਂਕ ਬੈਠੀ ਹੋਈ ਸੀ।

## ਕਿਲਾ ਲੋਹ ਗੜ੍ਹ ਦੀ ਮੁਰੰਮਤ

ਬੁਧਨੀਤੀ ਦਾ ਪੂਰੀ ਤਰ੍ਹਾਂ ਜਾਣੂ ਬਾਬਾ ਬੰਦਾ ਸਿੰਘ ਬਹਾਦਰ ਇਹ ਗਲ ਚੰਗੀ ਤਰ੍ਹਾਂ ਸਮਝਦਾ ਸੀ ਕਿ ਬਾਦਸ਼ਾਹੀ ਸੈਨਾ ਦਾ ਮੁਕਾਬਲਾ ਕਰਨ ਲਈ ਕਿਸੇ ਸਮੇਂ ਕਿਲੇ ਦੀ ਲੋੜ ਪਵੇਗੀ ਇਸ ਕਰਕੇ ਉਸਨੇ ਸਢੌਰੇਤੋਂ ਵੀਹ ਕੋਹ ਪਹਾੜ ਵਲ ਕਿਲਾ ਮੁਖਲਸ ਗੜ੍ਹ ਜਿਸ ਦਾ ਨਾਮ ਆਪ ਨੇ ਲੋਹਗੜ੍ਹ ਰਖਿਆ ਉਸ ਦੀ ਮੁਰੰਮਤ ਕਰਨੀ ਸ਼ੁਰੂ ਕਰ ਦਿਤੀ। ਇਸ ਕਿਲ੍ਹੇ ਨੂੰ ਠੀਕ ਕਰਕੇ ਬਹੁਤ ਸਾਰਾ ਸਾਮਾਨ ਜੰਗ ਲਈ ਇਕੱਠਾ ਕਰਕੇ ਇਸ ਵਿਚ ਰਖਿਆ ਗਿਆ ਸਹਾਰਨਪੁਰ ਨੂੰ ਸਿੰਘ ਪਹਿਲੇ ਹੀ ਫਤਹਿ ਕਰ ਚੁਕੇ ਸਨ। ਜਦ ਇਹ ਸਾਰਾ ਇਲਾਕਾ ਫਤਹਿ ਹੋ ਗਿਆ ਤਾਂ ਬਾਬਾ ਬਿਨੋਦ ਸਿੰਘ ਤੇ ਰਾਮਸਿੰਘ ਜੀ ਨੂੰ ਚਾਰ ਹਜ਼ਾਰ ਜਵਾਨ ਦੇ ਕੇ ਪਾਨੀਪਤ ਦਾ ਇਲਾਕਾ ਸੌਂਪ ਦਿਤਾ ਅਤੇ ਭਾਈ ਫਤਹਿਸਿੰਘ ਗੁਰਬਖ਼ਸ਼ਸਿੰਘ ਭਾਈਭਗਤੂ ਕੇ ਅਤੇ ਰਾਮ ਸਿੰਘ ਤਰਲੋਕ ਸਿੰਘ ਫੂਲ ਕੇ ਤੇ ਪ੍ਰੇਮ ਸਿੰਘ ਤੇ ਧਰਮ ਸਿੰਘ ਭਾਈ ਰੂਪੇ ਕਿਆਂ ਨੂੰ ਸਾਰੇ ਮਾਲਵੇ ਦਾ ਪ੍ਰਬੰਧ ਸੰਭਾਲ ਕੇ ਬਾਬਾ ਬੰਦਾ ਸਿੰਘ ਬਹਾਦੁਰ ਪਹਾੜਾਂ ਵਿਚ ਚਲਿਆ ਗਿਆ।

Digitized by Panjab Digital Library | www.panjabdigilib.org

# ਹੋਰ ਲੜਾਈਆਂ

ਜਦ ਇਹ ਖਬਰਾਂ ਦਿਲੀ ਪੁਜੀਆਂ ਤਾਂ ਬਾਦਸ਼ਾਹ ਨੇ ਹਾਜੀ ਮੁਹੰਮਦ ਯਾਰ ਬੇਗ ਖਾਂਨ ਸ਼ਾਹ ਅਨਾਇਤੁਲਾ ਤੇ ਮੁਨੀਰ ਮੁਹੰਮਦਖਾਨ ਆਦਿਕ ਫੌਜਦਾਰਾਂ ਨੂੰ ਪੰਜ ਹਜ਼ਾਰ ਅਸਵਾਰ ਤੇ ਇਤਨੀ ਹੀ ਪਿਆਦਾ ਫੌਜ ਦੇ ਕੇ ਸਰਹੰਦ ਵਲ ਨੂੰ ਭੇਜਿਆ ਤਿਰਾਵੜੀ ਦੇ ਪਾਸ ਬਾਬਾ ਬਿਨੋਦ ਸਿੰਘ ਜੀ ਨੇ ਇਸ ਫੌਜ ਦਾ ਮੁਕਾਬਲਾ ਕੀਤਾ ਪਰ ਹਾਰ ਖਾ ਕੇ ਸਰਹੰਦ ਵਲ ਆ ਕੇ ਸਿੰਘਾਂ ਨਾਲ ਆ ਮਿਲਿਆ ਬਾਦਸ਼ਾਹ ਹੁਕਮ ਨਾਲ ਲਾਹੌਰ ਤੋਂ ਵੀ ਕਾਫ਼ੀ ਮੁਸਲਮਾਨ ਸੈਨਾ ਆਗਈ ਭਾਵੇਂ ਸਿੰਘਾਂ ਨੇ ਮੁਕਾਬਲਾ ਸਖ਼ਤ ਕੀਤਾ ਪ੍ਰੰਤੂ ਹਾਰ ਖਾ ਕੇ ਲੋਹਗੜ੍ਹ ਕਿਲੇ ਵਲ ਚਲੇ ਗਏ। ਦੂਜੀ ਲੜਾਈ ਖਰੜ ਦੇ ਪਾਸ ਹੋਈ ਪਰ ਇਥੇ ਭੀ ਸਿੰਘਾਂ ਨੂੰ ਹਾਰ ਖਾਣੀ ਪਈ ਸਰਹੰਦ ਪਰ ਇਕ ਵੇਰ ਫਿਰ ਸ਼ਾਹੀ ਫੌਜ ਦਾ ਕਬਜ਼ਾ ਹੋ ਗਿਆ ਅਤੇ ਉਹ ਸਿੰਘਾਂ ਦੇ ਹਥੋਂ ਖੁਸ ਗਈ। ਕੀ ਮੁਹੰਮਦ ਖਾਂ ਤੇ ਮੁਹੰਮਦਜਾਨ ਖਾਂ ਕਸੂਰੀ ਪਠਾਨ ਇਸ ਵੇਲੇ ਸ਼ਾਹੀ ਫੌਜ ਵਿਚ ਬੜੇ ਲੜਾਕੇ ਸਨ ਇਨ੍ਹਾਂ ਨੇ ਅਗੇ ਵਧਕੇ ਬੜੈਲ ਪਿੰਡ ਪਾਸ ਸਿੰਘਾਂ ਨੂੰ ਫਿਰ ਜਾ ਘੇਰਾ ਪਾਇਆ। ਜਦ ਲੜਾਈ ਹੋਣ ਲਗੀ ਤਾਂ ਅਚਾਨਕ ਹੀ ਪਹਾੜਾਂ ਵਿਚੋਂ ਬੰਦਾ ਸਿੰਘ ਬਹਾਦੁਰ ਆ ਗਿਆ। ਫਿਰ ਕੀ ਸੀ ਇਕ ਇਕ ਸਿੰਘ ਦਸਾਂ ਦਸਾਂ ਵਰਗਾ ਹੋ ਗਿਆ ਅਤੇ ਤੁਰਕਾਂ ਦਾ ਉਹ ਡੱਟ ਕੇ ਮੁਕਾਬਲਾ ਕੀਤਾ ਕਿ ਤੋਬਾ ਤੋਬਾ ਕਰਾ ਦਿੱਤੀ।

ਬੰਦਾ ਸਿੰਘ ਦਾ ਆਉਣਾ ਸੁਣ ਕੇ ਸਿੰਘਾਂ ਦੇ ਹੌਸਲੇ ਵਧ ਗਏ ਤੇ ਦੁਸ਼ਮਨਾਂ ਦੀਆਂ ਫੌਜਾਂ ਦੇ ਹੌਸਲੇ ਟੁਟ ਗਏ। ਬੜੈਲ ਦੀ ਲੜਾਈ ਵਿੱਚ ਭੀ ਬੰਦੇ ਸਿੰਘ ਦਾ ਆਉਣਾ ਸੁਣਕੇ ਮੁਸਲਮਾਨ ਭਜ ਨਿਕਲੇ। ਸਿੰਘਾਂ ਨੇ ਦਸ ਦਸ ਕੋਹ ਤੱਕ ਉਨ੍ਹਾਂ ਦਾ ਪਿਛਾ ਕੀਤਾ ਅਤੇ ਸਖਤ ਨੁਕਸਾਨ ਪਹੁੰਚਾਇਆ। ਤੱਕੀ ਮਹੁੰਮਦ ਖਾਨ ਮੁਨੀਰ ਮਹੁੰਮਦ ਖਾਨ ਤੇ ਅਨਾਇਤੁਲਾ ਆਦਿਕ ਕਈ ਮੁਸਲਮਾਨ ਸਰਦਾਰ ਮਾਰੇ ਗਏ ਅਤੇ ਬਾਬੇ ਬੰਦੇ ਸਿੰਘ ਬਹਾਦਰ ਨੇ ਇਕ ਵੇਰ ਫਿਰ ਸਰਹੰਦ ਦੇ ਇਲਾਕੇ ਪਰ ਸਿੰਘਾਂ ਦਾ ਦਖਲ ਕਰਵਾ ਦਿਤਾ।

ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਨੇ ਆਪਣੇ ਲਸ਼ਕਰ ਦੇ ਚਾਰ ਹਿਸੇ ਕਰ ਦਿਤੇ ਇਕ ਨੂੰ ਪਾਣੀਪਤ ਵਲ ਉਤਾਰ ਦਿੱਤਾ। ਦੂਜਾ ਕਿਲੇ ਲੋਹਗੜ੍ਹ ਦੀ ਰਖਿਆ ਲਈ ਛਡ ਦਿਤਾ। ਤੀਜਾ ਸਰਹਿੰਦ ਵਿਚ ਰਖਿਆ ਅਤੇ ਚੌਥੇ ਨੂੰ ਆਪਣੇ ਨਾਲ ਰਖਕੇ ਜ਼ਾਲਮਾਂ ਦੇ ਸੁਧਾਰ ਦਾ ਪ੍ਰੋਗ੍ਰਾਮ ਜਾਰੀ ਰਖਿਆ। ਸਰਹਿੰਦ ਤੋਂ ਕੂਚ ਕਰਕੇ ਕਸਬਾ ਬਾਗਾਂ ਵਾਲਾ ਮੋਰਿੰਡਾ ਜਾ ਸੋਧਿਆ। ਇਥੋਂ ਦੇ ਜਾਨੀ ਖਾਂ ਮਾਨੀ ਖਾਂ ਥਾਨੇਦਾਰਾਂ ਨੇ ਛੋਟੇ ਸਾਹਿਬ ਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਕੇ ਪਿੰਡ ਧਹੇੜੀ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਸੂਬਾ ਸਰਹਿੰਦ ਦੇ ਪੇਸ਼ ਕੀਤੇ ਸਨ। ਇਹ ਸਿਘਾਂ ਪਰ ਹੋਰ ਭੀ ਬਹੁਤ ਸਾਰੇ ਜੁਲਮ ਕਰਿਆ ਕਰਦੇ ਸਨ। ਹੰਕਾਰ ਵਿੱਚ ਆ ਕੇ ਕਹਿੰਦੇ ਅਸੀ ਸਿਖਾਂ ਦੇ ਕੇਸਾਂ ਦੇ ਰਸੇ ਬਣਾ ਕੇ ਆਪਣੇ ਘੋੜੇ ਬੰਨ੍ਹਾਂਗੇ। ਬੰਦਾ ਸਿੰਘ ਨੇ ਇੰਨ੍ਹਾਂ ਹੰਕਾਰੀਆਂ ਦੀ ਭੀ ਚੰਗੀ ਤਰਾਂ ਖਬਰ ਲਈ ਅਤੇ ਉਨ੍ਹਾਂਦੇ ਕੁਕਰਮਾਂ ਫਲ ਭੁਗਤਾਇਆ।

ਇਸ ਤੋਂ ਉਪ੍ਰੰਤ ਉਨ੍ਹਾਂ ਤੋਂ ਸਿੰਘਾਂ ਨੇ ਫਿਰ ਸਹਾਰਨਪੁਰ ਹਮਲਾ ਕਰਨ ਦੀ ਤਿਆਰੀ ਕੀਤੀ। ਥੋਹੜੇ ਜਿਹੇ ਮੁਕਾਬਲੇ ਤੋਂ ਪਿਛੋਂ ਸਹਾਰਨਪੁਰ ਫਤਹਿ ਹੋ ਗਿਆ ਅਤੇ ਬੰਦਾ ਸਿੰਘ ਯੂ.ਪੀ. ਵਲ ਵਧਦਾ ਚਲਾ ਗਿਆ। ਹਰਦੁਆਰ ਪੁਜਕੇ ਸਿੰਘਾਂ ਨੇ ਡੇਰਾ ਕੀਤਾ, ਇਥੋਂ ਆਕੇ ਨਜੀਬਾਬਾਦ ਨੂੰ ਆ ਘੇਰਿਆ।

Digitized by Panjab Digital Library | www.panjabdigilib.org

ਇਥੋਂ ਦੇ ਨਵਾਬ ਦੂਦੇ ਖਾਂ ਨੇ ਨਜ਼ਰਾਨਾ ਦੇ ਕੇ ਅਤੇ ਮਿੰਨਤਾਂ ਤਰਲੇ ਕਰਕੇ ਸ਼ਹਿਰ ਨੂੰ ਤਬਾਹੀ ਤੋਂ ਬਚਾ ਲਿਆ। ਖਾਫੀ ਖਾਂ ਅ ਦਿਕ ਮੁਸਲਮਾਨ ਲਿਖਾਰੀਆਂ ਨੇ ਲਿਖਿਆ ਹੈ ਕਿ ਉਹ ਹਰ ਰੋਜ਼ ਪੰਜਾਹ ਸਠ ਮੁਸਲਮਾਨ ਮਾਰੇ ਤੋਂ ਬਿਨਾਂ ਅਨ ਜਲ ਗ੍ਰਹਿਣ ਨਹੀਂ ਸੀ ਕਰਦਾ ਇਸ ਕਰਕੇ ਮੁਸਲਮਾਨਾਂ ਪਰ ਉਸ ਦਾ ਬਹੁਤ ਡਰ ਬਹਿ ਗਿਆ ਸੀ। ਇਸ ਤੋਂ ਪਿਛੋਂ ਜਲਾਲਾਬਾਦ ਪਰ ਹਮਲਾ ਕਰਨ ਦੀ ਸਲਾਹ ਹੋਈ ਇਸ ਸ਼ਹਿਰ ਵਿਚੋਂ ਕਾਫ਼ੀ ਰੁਹੇਲੇ ਤੇ ਪਠਾਨ ਇਕੱਠੇ ਹੋਏ ਸਨ ਜੋ ਦੋ ਮਹੀਨੇ ਸਿੰਘਾਂ ਦਾ ਮੁਕਾਬਲਾ ਕਰਦੇ ਰਹੇ। ਕਦੇ ਇਸ ਪਾਸੇ ਦਾ ਪਲੜਾ ਭਾਰੀ ਹੋ ਜਾਂਦਾ ਸੀ ਕਦੇ ਉਸ ਪਾਸੇ ਦਾ। ਇਕ ਵੇਰ ਸਿੰਘਾਂ ਨੇ ਦਿਲ ਛਡ ਦਿੱਤਾ ਪਰ ਬੰਦਾ ਸਿੰਘ ਨੇ ਮਾਲਵੇ ਵਿੱਚੋਂ ਹੋਰ ਬਹੁਤ ਸਾਰੇ ਸਿੰਘ ਮੰਗਵਾ ਲਏ ਤੇ ਵਡਾ ਹਮਲਾ ਕਰਵਾ ਦਿੱਤਾ ਜਿਸ ਦਾ ਫਲ ਇਹ ਹੋਇਆ ਕਿ ਕਿਲਾ ਟੁਟ ਗਿਆ। ਸਿੰਘ ਪੌੜੀਆਂ ਲਗਾਕੇ ਕਿਲੇ ਵਿੱਚ ਵੜਨ ਲਗੇ ਤਾਂ ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ ਜਦ ਸਿੰਘਾਂ ਪੌੜੀਆਂ ਤੇ ਚੜਕੇ ਸਿਰ ਉਚਾ ਕਰਦੇ ਤਾਂ ਰੁਹੇਲੇ ਉਨ੍ਹਾਂ ਨੂੰ ਬੰਦੂਕ ਦਾ ਨਿਸ਼ਾਨਾ ਮਾਰ ਕੇ ਹੇਠਾਂ ਸੁਟ ਦਿੰਦੇ। ਉਹ ਡਿਗ ਪੈਂਦੇ ਤਾਂ ਹੋਰ ਚੜ੍ਹ ਜਾਂਦੇ। ਮੌਤ ਦੀ ਪਰਵਾਹ ਨਾ ਕਰਦੇ ਹੋਏ ਸਿੰਘ ਕਿਤਨੀ ਦੇਰ ਤੱਕ ਇਹ ਖੇਡ ਖੇਲਦੇ ਰਹੇ ਅਤੇ ਅੰਤ ਨੂੰ ਕਿਲੇ ਵਿੱਚ ਦਾਖਲ ਹੋ ਹੀ ਗਏ। ਜਲਾਲਾਬਾਦ ਨੂੰ ਫਤਹਿ ਕਰਕੇ ਸਿੰਘ ਕਿਲਾ ਲੋਹਗੜ੍ਹ ਵਲ ਆ ਗਏ ਅਤੇ ਇਕ ਹਜ਼ਾਰ ਸਿੰਘਾਂ ਨੂੰ ਕਿਲੇ ਦੀ ਰਾਖੀ ਲਈ ਛਡ ਕੇ ਬੰਦਾ ਸਿੰਘ ਫਿਰ ਪਹਾੜਾਂ ਵਿਚ ਜਾ ਵੜਿਆ। ਇਤਹਾਸ ਵਿੱਚ ਲਿਖਿਆ ਹੈ ਕਿ ਇਸ ਦੌਰੇ ਵਿੱਚ ਬੰਦੇ ਸਿੰਘ ਨੇ ੯੦ ਹਜ਼ਾਰ ਨਵੇਂ ਸਿੰਘ ਸਜਾਏ ਇਕ ਪਿੰਡ ਉਨਾਰਸਾ ਦੇ ਸਾਰੇ ਰਾਜਪੁਤ ਸਿੰਘ ਸਜ ਗਏ ਸਨ। ਸਿਖਾਂ ਦੀਆਂ ਜਿਤਾ ਨੇ ਸਭ ਦੇ ਹੌਸਲ ਬਹੁਤ ਵਧਾ ਦਿਤੇ।

ਨਵਾਬ ਜਲਾਲ ਖਾਂ ਨੇ ਜਦ ਉਨਾਰਸਾ ਦੇ ਰਾਜਪੂਤਾਂ ਦੇ ਸਿੰਘ ਬਣਨ ਦੀ ਖਬਰ ਸੁਣੀ ਤਾਂ ਉਹ ਬਹੁਤ ਗੁਸੇ ਵਿਚ ਆਇਆ। ਉਸ ਨੇ ਫੌਜ ਭੇਜ ਕੇ ਸਾਰੇ ਰਾਜਪੂਤਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿਚੋਂ ਇਕ ਸ੍ਰ: ਕਪੂਰ ਸਿੰਘ ਸੀ ਉਸਨੇ ਕਿਸੇ ਤ੍ਰੀਕੇ ਨਾਲ ਸਾਰਾ ਹਾਲ ਲਿਖ ਕੇ ਬੰਦੇ ਸਿੰਘ ਪਾਸ ਭੇਜ ਦਿਤਾ ਉਸ ਸਮੇਂ ਭਾਵੇਂ ਬੰਦਾ ਸਿੰਘ ਦੁਆਬੇ ਵਲ ਵਧਣਾ ਚਾਹੁੰਦਾ ਸੀ ਪ੍ਰੰਤੂ ਸਿੰਘਾਂ ਦੀ ਪੁਕਾਰ ਸੁਣ ਕੇ ਫਿਰ ਸਹਾਰਨਪੁਰ ਵਲ ਕੂਚ ਕਰ ਦਿਤਾ। ਇਥੇ ਸਯੱਦ ਅਲੀਮੁਹੈਦੂਖਾਨ ਨਵਾਂ ਸੂਬਾ ਬਣਕੇ ਆਇਆਂ ਸੀ। ਬੰਦੇ ਸਿੰਘ ਨੇ ਉਸ ਨੂੰ ਲਿਖ ਭੇਜਿਆ ਕਿ ਤਾਬੇਦਾਰੀ ਮਨ ਜਾਂ ਲੜਾਈ ਲਈ ਤਿਆਰ ਹੋ ਜਾ। ਉਹ ਆਪਣ ਟਬਰ ਕਬੀਲੇ ਨੂੰ ਲੈ ਕੇ ਦਿਲੀ ਵਲ ਨਸ ਗਿਆ ਅਤੇ ਸਿੰਘਾਂ ਨੇ ਇਕ ਵਾਰ ਫਿਰ ਸਹਾਰਨਪੁਰ ਸ਼ਹਿਰ ਫਤਹਿ ਕਰ ਲਿਆ। ਸ਼ਹਿਰ ਤੋਂ ਬਾਹਰ ਡੇਰਾ ਲੱਗਾ ਹੋਇਆ ਸੀ। ਸਿੰਘਾਂ ਨੂੰ ਖਬਰ ਮਿਲੀ ਕਿ ਬਹੁਤੇ ਪਿੰਡ ਦੇ ਪੀਰ ਜ਼ਾਦੇ ਜਿਵੇਂ ਪੀਰੀ ਮੁਰੀਦੀ ਕਰਕੇ ਪ੍ਰਸਿੱਧ ਹਨ ਇਸੇ ਤਰ੍ਹਾਂ ਬਦਮਾਸ਼ੀ ਤੇ ਜ਼ੁਲਮ ਕਰਨ ਵਿਚ ਭੀ ਸਭ ਜਾਗੀਰਦਾਰਾਂ ਨੂੰ ਪਿਛੇ ਛਡ ਗਏ ਹਨ। ਸਿੰਘਾਂ ਨੇ ਇਸ ਪਿੰਡ ਨੂੰ ਘੇਰਾ ਜਾ ਪਾਇਆ ਸਭ ਨੂੰ ਫੜਕੇ ਉਨ੍ਹਾਂ ਕਰਮਾਂ ਅਨੁਸਾਰ ਦੰਡ ਦਿਤਾ ਗਿਆ। ਸਿੰਘਾਂ ਨੇ ਇਥੇ ਇਕ ਨਵੀਂ ਮਿਸਾਲ ਕਾਇਮ ਕੀਤੀ। ਲੋਕਾਂ ਦਾ ਆਮ ਦਰਬਾਰ ਲਾਇਆ ਉਨ੍ਹਾਂ ਦੇ ਸਾਹਣੇ ਇਕ ਇਕ ਦੋਸ਼ੀ ਨੂੰ ਖੜਾ ਕਰਕੇ ਤੇ ਲੋਕਾਂ ਪਾਸੋਂ ਉਸ ਦੇ ਜ਼ੁਲਮਾਂ ਦੀ ਸਾਰੀ ਕਹਾਣੀ ਸੁਣ ਕੇ ਉਸ ਨੂੰ ਜੋ ਸਜ਼ਾ ਲੋਕਾਂ ਨੇ ਕਹੀ ਉਹ ਦਿੱਤੀ। ਕਿਹਾ ਜਾਂਦਾ ਹੈ ਕਿ ਚੀਨ ਪਰ ਕਮਿਊਨਿਸਟਾਂ ਦਾ ਕਬਜ਼ਾ ਹੋਣ ਤੋਂ ਪਿਛੋਂ ਉਨ੍ਹਾਂ ਨੇ ਇਨਸਾਫ਼ ਦਾ ਇਹ ਨਵਾਂ ਢੰਗ ਕਢਿਆ ਕਿ ਜਿਨ੍ਹਾਂ ਜਾਗੀਰ ਦਾਰਾਂ ਨੇ ਪਿੰਡਾਂ ਦੇ ਲੋਕਾਂ ਨੂੰ ਸਤਾਇਆ ਸੀ ਉਨ੍ਹਾਂ ਉਸ ਪਿੰਡ ਦੇ ਲੋਕਾਂ ਦੇ ਸਾਹਣੇ ਖੜੇ ਕਰਕੇ ਤੇ ਉਨ੍ਹਾਂ ਪਾਸੋਂ ਪੁਛ ਕੇ ਸਜ਼ਾਵਾਂ ਦਿਤੀਆਂ ਪਰ ਸਿਖਾਂ ਨੂੰ ਇਹ ਫ਼ਖ਼ਰ ਹਾਸਿਲ ਹੈ ਕਿ ਸਿੰਘਾਂ

Digitized by Panjab Digital Library | www.panjabdigilib.org

ਨੇ ਉਸ ਗਏ ਗੁਜ਼ਰੇ ਜ਼ਮਾਨੇ ਵਿਚ ਭੀ ਜਿਸ ਢੰਗ ਨੂੰ ਚੀਨ ਦਾ ਇਕ ਨਵਾਂ ਤੇ ਅਨੋਖਾ ਢੰਗ ਦਸਿਆ ਜਾਂਦਾ ਹੈ ਉਸ ਨੂੰ ਅਮਲ ਵਿਚ ਲਿਆਂਦਾ ਅਤੇ ਦੋਸ਼ੀਆਂ ਨੂੰ ਲੋਕ ਕਚਹਿਰੀ ਵਿਚ ਖੜੇ ਕਰਕੇ ਉਨ੍ਹਾਂ ਦੇ ਕਰਮਾਂ ਦੇ ਅਨੁਸਾਰ ਅਤੇ ਲੋਕਾਂ ਦੀ ਮਰਜ਼ੀ ਅਨੁਸਾਰ ਸਜ਼ਾਵਾਂ ਦਿਤੀਆਂ ਉਸ ਸਮੇਂ ਖਾਲਸੇ ਦੇ ਇਨਸਾਫ਼ ਦਾ ਹਰ ਪਾਸੇ ਡੰਕਾ ਵਜ ਗਿਆ ਅਤੇ ਲੋਕ ਕਹਿਣ ਲਗੇ ਕਿ ਗ਼ਰੀਬਾਂ ਦਾ ਪਾਲਕ ਖਾਲਸਾ ਸਚ ਮੁਚ ਹੀ ਦੁਸ਼ਟਾਂ ਨੂੰ ਦੰਡ ਦੇਣ ਲਈ ਪੈਦਾ ਕੀਤਾ ਗਿਆ ਹੈ। ਸਿੰਘਾਂ ਦੇ ਇਸ ਤੇਜ ਪ੍ਰਤਾਪ ਨੂੰ ਵੇਖ ਕੇ ਸਾਰਿਆਂ ਮੁਸਲਮਾਨ ਇਸਤ੍ਰੀਆਂ ਨੇ ਸਿਖ ਧਰਮ ਵਿਚ ਪ੍ਰਵਿਸ਼ ਦੀ ਇਛਾ ਪ੍ਰਗਟ ਕੀਤੀ ਜਿਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਨੇ ਅਨੰਦ ਕਾਰਜ ਕਰਾ ਲਏ।

ਜਲਾਲਾਬਾਦ ਦੇ ਨਵਾਬ ਜਲਾਲ ਖਾਨ ਨੂੰ ਬੰਦੇ ਸਿੰਘ ਨੇ ਲਿਖਿਆ ਕਿ ਜਾਂ ਉਨਾਰਸੇ ਦੇ ਸਿੰਘ ਨੂੰ ਰਿਹਾ ਕਰ ਦੇ ਨਹੀਂ ਤਾਂ ਜੰਗ ਲਈ ਤਿਆਰ ਹੋ ਜਾ। ਉਸ ਨੇ ਅਗੋਂ ਜਵਾਬ ਦਿੱਤਾ ਕਿ ਮੈਂ ਸਹਾਰਨ ਪੁਰ ਤੇ ਸਢੌਰੇ ਦੇ ਨਵਾਬ ਜੈਸਾ ਨਹੀਂ, ਜੋ ਹਮਲੇ ਦੀ ਖਬਰ ਸੁਣ ਕੇ ਹੀ ਦਿਲ ਛਡ ਬੈਠਾਂ ਗਾ। ਮੈਂ ਔਰੰਗਜ਼ੇਬ ਦੀਆਂ ਫੌਜਾਂ ਦੀ ਅਗਵਾਈ ਕਰਕੇ ਮਰਹੱਟਿਆਂ ਦੇ ਵਡੇ ਵਡੇ ਕਿਲੇ ਫਤਹਿ ਕਰਕੇ ਆਇਆ ਹਾਂ। ਤੇਰੀ ਮਾਂਗਵੀ ਧਾੜ ਮੇਰਾ ਕੁਝ ਨਹੀਂ ਵਿਗਾੜ ਸਕਦੀ। ਤੂੰ ਤਕੜਾ ਹੋ ਕੇ ਆ, ਤੇ ਆਪਣਾ ਅਰਮਾਨ ਪੂਰਾ ਕਰ ਲੈ। ਜਦ ਇਹ ਜਵਾਬ ਬੰਦੇ ਸਿੰਘ ਪਾਸ ਪੁਜਾ ਤਾਂ ਉਹ ਅੱਗ ਬਗੋਲਾ ਹੋ ਗਿਆ। ਸਿੰਘ ਪਹਿਲਾਂ ਹੀ ਜਲਾਲਾ ਬਾਦ ਵਲ ਵਧ ਰਹੇ ਸਨ। ਪਹਿਲੇ ਸਿੰਘਾਂ ਨੇ ਪਠਾਣਾਂ ਦਾ ਪ੍ਰਸਿਧ ਕਸਬਾ ਅੰਬੇਟਾ ਜਾ ਘੇਰਿਆ। ਅਗੋਂ ਕਿਸੇ ਨੇ ਮੁਕਾਬਲਾ ਨਾ ਕੀਤਾ। ਇਸ ਤੋਂ ਪਿਛੋਂ ਨਨੌਤੇ ਦੇ ਸਯਦਾਂ ਨੂੰ ਜੋ ਕਰੋੜਪਤੀ ਸਨ ਜਾ ਦਬਾਇਆ ਇਲਾਕੇ ਦੇ ਗੁਜਰਾਂ ਨੇ ਆਪ ਨੂੰ ਸਹਿਜਧਾਰੀ ਸਿੱਖ ਦਸ ਕੇ ਬੰਦੇ ਸਿੰਘ ਦਾ ਬਹੁਤ ਸਾਥ ਦਿੱਤਾ ਤੇ ਆਪਣੇ ਦੁਸ਼ਮਨਾਂ ਨੂੰ ਸਿੰਘਾਂ ਦੀ ਸਹਾਇਤਾ ਨਾਲ ਜੀ ਭਰਕੇ ਤਬਾਹ ਕੀਤਾ। ੧੭੬੭ ਵਿੱਚ ਸਿੰਘਾਂ ਨੇ ਨਨੌਤਾ ਫਤਹਿ ਕੀਤਾ। ਇਕ ਮੁਸਲਮਾਨ ਲਿਖਾਰੀ ਮੁਹੰਮਦ ਜ਼ਫਰ ਦੀਨ ਨੇ ਜੋ ਇਸ ਸਮੇਂ ਨਨੌਤੇ ਵਿੱਚ ਮੌਜੂਦ ਸੀ ਇਸ ਸ਼ਹਿਰ ਦੀ ਤਬਾਹੀ ਬਾਰੇ ਬਹੁਤ ਕੁਝ ਲਿਖਿਆ ਹੈ। ਉਹ ਲਿਖਦਾ ਹੈ ਕਿ ਸ਼ਹਿਰ ਦੇ ਚੌਕਾਂ ਵਿੱਚ ਲੋਥਾਂ ਦੇ ਢੇਰ ਲਗੇ ਹੋਏ ਮੈਂ ਆਪ ਵੇਖੇ ਹਨ। ਸਿੰਘਾਂ ਨੇ ਤੇ ਗੁਜਰਾਂ ਨੇ ਰਲ ਕੇ ਇਸ ਸ਼ਹਿਰ ਦਾ ਇਤਨਾ ਬੁਰਾ ਹਾਲ ਕੀਤਾ ਕਿ ਇਕ ਭੀ ਘਰ ਉਹਨਾਂ ਦੀ ਤਬਾਹੀ ਤੋਂ ਨਹੀਂ ਬਚ ਸਕਿਆ। ਇਸ ਦਿਨ ਤੋਂ ਇਸ ਸ਼ਹਿਰ ਦਾ ਨਾਮ ਹੀ ਫੂਟਾ ਸ਼ਹਿਰ ਪੈ ਗਿਆ।

ਜਲਾਲਾ ਬਾਦ ਇਥੋਂ ਪੰਜ ਕੋਹ ਸੀ। ਨਵਾਬ ਜਲਾਲ ਦੀਨ ਪਾਸ ਸਾਰੀਆਂ ਖਬਰਾਂ ਪੁਜ ਗਈਆਂ ਸਨ। ਨਨੌਤੇ ਤੋਂ ਜਦ ਸਿੰਘ ਜਲਾਲਾਬਾਦ ਵਲ ਵੱਧੇ ਤਾਂ ਇਕ ਹੋਰ ਬੜੀ ਬਿਪਤਾ ਆ ਪਈ ਰਾਹ ਵਿਚ ਇਕ ਢੱਕ (ਛਿਛਰੇ)ਦਾ ਜੰਗਲ ਸੀ ਜੋ ਪਾਣੀ ਨਾਲ ਭਰਿਆ ਪਿਆ ਸੀ ਤੇ ਇਸ ਵਿਚ ਮਛਰ ਬਿਹੁਤ ਮੋਟਾ ਸੀ। ਇਕ ਪਹਾੜ ਦੇ ਨੇੜੇ ਹੋਣ ਕਰਕੇ ਪਾਣੀ ਦੇ ਹੜ੍ਹ ਖੜੋਣ ਨਹੀਂ ਸੀ ਦਿੰਦੇ ਭਾਵੇਂ ਸਿੰਘਾਂ ਪਾਸ ਉਸ ਸਮੇਂ ਬਾਈ ਤੇਈ ਹਜ਼ਾਰ ਫੌਜ ਸੀ ਅਤੇ ਉਹ ਜਲਾਲਾਬਾਦ ਨੂੰ ਫਤਹਿ ਕਰਨ ਦਾ ਪੱਕਾ ਭਰੋਸਾ ਰਖਦੇ ਸਨ ਪ੍ਰੰਤੂ ਕੁਦਰਤੀ ਔਕੜਾਂ ਕਰਕੇ ਸਿੰਘਾਂ ਨੇ ਲੜਾਈ ਅਰੰਭ ਕਰਨੀ ਮੁਨਾਸਿਬ ਨਾ ਸਮਝੀ ਅਤੇ ਪਿਛੇ ਮੁੜਆਏ। ਜਲਾਲ ਦੀਨ ਨੂੰ ਲਿਖ ਭੇਜਿਆ ਕਿ ਹੁਣ ਅਸੀਂ ਖਾਸ ਕਾਰਣ ਕਰਕੇ ਵਾਪਸ ਜਾ ਰਹੇ ਹਾਂ ਤੇਰੀ ਫਿਰ ਕਿਸੇ ਸਮੇਂ ਆ ਕੇ ਖਬਰ ਲਵਾਂ ਗੇ। ਉਸ ਇਲਾਕੇ ਦੇ ਸਿੰਘ ਤਾਂ ਆਪਣੇ ਪਿੰਡਾਂ ਨੂੰ ਚਲੇ ਗਏ ਅਤੇ ਮਾਲਵੇ ਦੇ ਸਿਖ ਜਮਨਾ ਟਪ ਕੇ ਕਰਨਾਲ ਵਲ ਆ ਗਏ ਕਰਨਾਲ ਦਾ ਫੌਜਦਾਰ ਡਰਦਾ ਦਿਲੀ ਨੂੰ ਭੱਜ ਗਿਆ ਤੇ ਕਰਨਾਲ ਦਾ ਪਰਗਣਾ ਭੀ ਫਤਹਿ ਕਰਕੇ ਬੰਦੇ ਸਿੰਘ ਨੇ ਸਿੰਘਾਂ ਨੂੰ ਸੌਂਪ ਦਿੱਤਾ।

Digitized by Panjab Digital Library | www.panjabdigilib.org

ਇਸ ਸਮੇਂ ਖਾਲਸਾ ਦਿਲੀ ਦੇ ਆਸ ਪਾਸ ਫਿਰਦਾ ਸੀ ਪ੍ਰੰਤੂ ਕਿਸੇ ਸਰਕਾਰੀ ਹਾਕਮ ਨੂੰ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਸੀ ਪੈਂਦੀ। ਜੇਕਰ ਬਾਬਾ ਬੰਦਾ ਸਿੰਘ ਇਸ ਸਮੇਂ ਦਿਲੀ ਪਰ ਹਮਲਾ ਕਰਕੇ ਕਬਜ਼ਾ ਕਰ ਲੈਂਦਾ ਤਾਂ ਕੋਈ ਉਸ ਨੂੰ ਰੋਕ ਨਹੀਂ ਸਕਦਾ ਸੀ। ਉਸ ਸਮੇਂ ਦੇ ਸਿੰਘਾਂ ਵਿੱਚ ਏਕਤਾ, ਬੀਰਤਾ ਤੇ ਭ੍ਰਾਤ੍ਰੀ ਭਾਵ ਦੀਆਂ ਐਸੀਆਂ ਸਿਫਤਾਂ ਸਨ ਕਿ ਉਨ੍ਹਾਂ ਨੂੰ ਪੜ੍ਹ ਸੁਣ ਕੇ ਦੁਸ਼ਮਨ ਭੀ ਅਸ਼ ਅਸ਼ ਕਰ ਉਠਦੇ ਸਨ। ਸਿੰਘਾਂ ਦੇ ਦਲ ਵਿੱਚ ਖੁਰਜੀਆਂ ਧਨ ਦੀਆਂ ਭਰੀਆਂ ਰਹਿੰਦੀਆਂ, ਕੋਈ ਕਿਸੇ ਦੀ ਚੀਜ਼ ਨਹੀਂ ਉਠਾਉਂਦਾ ਸੀ। "ਸਿੰਘ ਸਿੰਘ ਪਰਵਾਰਤ ਪ੍ਰਾਣ" ਦਾ ਅਮਲ ਵਰਤ ਰਿਹਾ ਸੀ। ਜਿਥੇ ਇੱਕ ਸਿੰਘ ਦਾ ਪਸੀਨਾ ਡੁਲ੍ਹਦਾ ਦੂਜਾ ਉਥੇ ਖ਼ੂਨ ਡੋਹਲਣ ਲਈ ਤਿਆਰ ਰਹਿੰਦਾ ਸੀ। ਕੋਈ ਲੜਾਈ ਝਗੜਾ ਨਹੀਂ ਸੀ। ਮਾਨੋ ਸਤਿਜੁਗ ਵਰਤ ਰਿਹਾ ਸੀ।

## ਦਿਲੀ ਦੀ ਸ਼ਾਹੀ ਫੌਜ ਨਾਲ ਟਾਕਰਾ

ਬਹਾਦਰ ਸ਼ਾਹ ਉਸ ਸਮੇਂ ਦਖਣ ਵਿੱਚ ਮਰਹੱਟਿਆਂ ਨਾਲ ਲੜ ਰਿਹਾ ਸੀ। ਜਦ ਉਸ ਨੂੰ ਸਿੰਘਾਂ ਦੀਆਂ ਜਿੱਤਾਂ ਦੀ ਖਬਰ ਪੁਜੀ ਤਾਂ ਉਹ ਬਹੁਤ ਗੁਸੇ ਹੋਇਆ। ਉਸ ਨੇ ਅਖਗੱਰ ਖਾਨ ਨੂੰ ਲਿਖਿਆ ਕਿ ਬਾਰਾਂ ਹਜ਼ਾਰ ਫੌਜ ਦਿਲੀਓਂ ਲੈ ਜਾ ਕੇ ਸਿੰਘਾਂ ਦਾ ਸਫਾਇਆ ਕਰ ਦਿਓ ਤੇ ਬੰਦੇ ਸਿੰਘ ਨੂੰ ਫੜਕੇ ਮੇਰੇ ਪਾਸ ਭੇਜ ਦਿਉ। ਸ਼ਾਹੀ ਹੁਕਮ ਸੁਣ ਕੇ ਅਖਗੱਰ ਖਾਨ ਨੇ ਭਾਰੀ ਲਸ਼ਕਰ ਲੈ ਕੇ ਦਿਲੀ ਤੋਂ ਸਰਹੰਦ ਵਲ ਚੜ੍ਹਾਈ ਕੀਤੀ। ਮਾਲਵੇ ਦੇ ਪ੍ਰਸਿੱਧ ਚੌਧਰੀ ਬਾਬਾ ਆਲਾ ਸਿੰਘ, ਗੁਰਬਖਸ਼ ਸਿੰਘ ਤੇ ਫਤਹਿ ਸਿੰਘ ਆਦਿਕ ਆਪਣੀਆਂ ਫੌਜਾਂ ਲੈ ਕੇ ਬਾਬਾ ਬਨੋਦ ਸਿੰਘ ਤੇ ਰਾਮ ਸਿੰਘ ਨੂੰ ਥਨੇਸਰ ਪਾਸ ਜਾ ਮਿਲੇ। ਮਝੈਲ ਸਿੰਘ ਭੀ ਭਾਈ ਬੁਢਾ ਸਿੰਘ ਦੇਸੀ, ਭੋਮਾ ਸਿੰਘ, ਧਰਮ ਸਿੰਘ ਆਦਿਕ ਦੀ ਅਗਵਾਈ ਹੇਠ ਜਥਾ ਲੈ ਕੇ ਆ ਗਏ। ਕਸਬੇ ਲਾਛਵੇ ਦੇ ਪਾਸ ਸਿੰਘਾਂ ਨੇ ਸ਼ਾਹੀ ਫੌਜ ਦਾ ਟਾਕਰਾ ਕੀਤਾ ਪਰ ਥੋਹੜੇ ਹੋਣ ਕਰਕੇ ਹਾਰ ਗਏ। ਦੂਜਾ ਮੁਕਾਬਲਾ ਸ਼ਾਹਬਾਦ ਪਾਸ ਹੋਇਆ ਉਸ ਵਿੱਚ ਭੀ ਸਿੰਘ ਹਾਰ ਗਏ ਤੇ ਸਰਹੰਦ ਵਲ ਆ ਗਏ। ਸਰਹੰਦ ਵਿੱਚ ਭੀ ਦੁਸ਼ਮਨ ਦੀਆਂ ਫੌਜਾਂ ਦਾ ਪਲੜਾ ਭਾਰੀ ਰਿਹਾ ਤੇ ਸਿੰਘ ਇਧਰ ਉਧਰ ਖਿਲਰ ਗਏ। ਇਸ ਵੇਰ ਸ਼ਾਹੀ ਫੌਜ ਨੇ ਲੋਕਾਂ ਪਰ ਬਹੁਤ ਜ਼ੁਲਮ ਕੀਤਾ ਜਿਨ੍ਹਾਂ ਨੇ ਬੰਦੇ ਸਿੰਘ ਦੀ ਸਹਾਇਤਾ ਕੀਤੀ ਸੀ ਉਹ ਸਭ ਫੜ ਕੇ ਕਤਲ ਕੀਤੇ ਗਏ। ਖੂਹਾਂ ਵਿੱਚ ਗਊ ਮਾਸ ਸੁਟਿਆ ਅਤੇ ਹਿੰਦੂਆਂ ਸਿੱਖਾਂ ਪਰ ਇਤਨੇ ਅਤਿਆਚਾਰ ਹੋਏ ਕਿ ਦੁਨੀਆਂ ਤ੍ਰਾਹ ਤ੍ਰਾਹ ਕਰ ਉਠੀ। ਲੋਹਗੜ੍ਹ ਵਾਲੇ ਸਿੰਘਾਂ ਨੇ ਬੰਦੇ ਸਿੰਘ ਨੂੰ ਖਬਰ ਦਿਤੀ। ਉਹ ਸਿੰਘਾਂ ਨੂੰ ਇਕਠੇ ਕਰਕੇ ਬੇਧੜਕ ਸਰਹੰਦ ਵੱਲ ਦਲਾ ਆਇਆ। ਬੰਦੇ ਸਿੰਘ ਦੇ ਆਉਣ ਦਾ ਨਾਮ ਸੁਣਕੇ ਹੀ ਮੁਸਲਮਾਨ ਦਹਿਲ ਗਏ। ਹਰ ਪਾਸੇ "ਬੰਦਾ ਆਇਆ, ਬੰਦਾ ਆਇਆ" ਦੀ ਪੁਕਾਰ ਉਠੀ। ਮੁਸਲਮਾਨ ਫੌਜ ਵਿਚ ਫਿਰ ਬੇਦਿਲੀ ਫੈਲ ਗਈ। ਭਾਵੇਂ ਰੋਪੜ ਦੇ ਪਾਸ ਸ਼ਾਹੀ ਫੌਜ ਨਾਲ ਮੁਠ ਭੇੜ ਹੋਈ ਪਰ ਉਹ ਸਿੰਘਾਂ ਦਾ ਰਾਹ ਨਾ ਰੋਕ ਸਕੀ ਤੇ ਸਭ ਹਾਕਮ ਤੇ ਫੌਜ ਦਿਲੀ ਵੱਲ ਭਜ ਗਏ।

ਬਾਬੇ ਬੰਦੇ ਸਿੰਘ ਨੇ ਫ਼ਿਰ ਉਹ ਸਾਰਾ ਇਲਾਕਾ ਸਿੰਘਾਂ ਦੇ ਕਬਜ਼ੇ ਵਿਚ ਲੈ ਆਂਦਾ ਜੋ ਸ਼ਾਹੀ ਫੌਜ ਦੇ ਆਉਣ ਤੋਂ ਪਹਿਲਾਂ ਸਿੰਘਾਂ ਪਾਸ ਸੀ। ਇਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਅਜਮੇਰ ਪੁਜ ਗਿਆ ਸੀ ਬੰਦੇ ਸਿੰਘ ਦੇ ਹਥੋਂ ਤੰਗ ਆਏ ਅਤੇ ਡਰ ਕੇ ਭਜੇ ਸਭ ਹਾਕਮਾਂ ਨੇ ਇਕੱਠੇ ਹੋ ਕੇ ਅਜਮੇਰ ਵਿਚ ਬਾਦਸ਼ਾਹ

Digitized by Panjab Digital Library | www.panjabdigilib.org

ਨੂੰ ਸਾਰੇ ਹਾਲਾਤ ਦਸੇ ਅਤੇ ਬਹੁਤ ਸਾਰੀਆਂ ਅਰਜ਼ੀਆਂ ਭੀ ਪੇਸ਼ ਹੋਈਆਂ । ਬਾਦਸ਼ਾਹ ਨੇ ਉਥੇ ਕੁਝ ਫੌਜ ਆਪਣੀ ਤੇ ਕੁਝ ਰਾਜਿਆਂ ਦੀ ਸਿੰਘਾਂ ਨਾਲ ਲੜਨ ਵਾਸਤੇ ਭੇਜ ਦਿੱਤੀ । ਦਿਲੀ ਪੁਜ ਕੇ ਕੁਝ ਹੋਰ ਫੌਜ ਰਵਾਨਾ ਕੀਤੀ । ਬੰਦਾ ਸਿੰਘ ਪਾਸ ਭੀ ਉਸ ਵੇਲੇ ੪੦ ਹਜ਼ਾਰ ਫੌਜ ਸੀ । ਸ਼ਾਹਬਾਦ ਦੇ ਪਾਸ ਘਮਸਾਣ ਦਾ ਜੰਗ ਹੋਇਆ । ਕਹਿੰਦੇ ਹਨ ਇਸ ਸਮੇਂ ਬੰਦਾ ਸਿੰਘ ਨੇ ਐਸੀ ਕਲਾ ਵਰਤਾਈ ਕਿ ਉਹ ਹਰ ਇਕ ਸਿੰਘ ਨੂੰ ਆਪਣੇ ਪਾਸ ਖੜਾ ਨਜ਼ਰ ਆਇਆ । ਇਹ ਵੇਖ ਕੇ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ । ਉਹ ਦੁਸ਼ਮਣ ਦੀਆਂ ਫੌਜਾਂ ਨੂੰ ਕੱਲਿਆਂ ਦੇ ਜੰਗਲ ਵਾਂਗ ਵਢ ਵਢ ਕੇ ਸੁਟਣ ਲਗੇ । ਸਿੰਘਾਂ ਦੀ ਸ਼ਮਸ਼ੀਰ ਚਲਦੀ ਵੇਖ ਕੇ ਮੁਸਲਮਾਨ ਤੋਬਾ ਤੋਬਾ ਕਰ ਉਠੇ ਤੇ ਉਹ ਦਿਲੀ ਵਲ ਭੱਜ ਉਠੇ । ਇਸ ਵੇਰ ਮੈਦਾਨ ਫਿਰ ਖਾਲਸੇ ਦੇ ਹਥ ਰਿਹਾ ਅਤੇ ਫਤਹਿ ਰਾਣੀ ਨੇ ਸਿੰਘਾਂ ਦਾ ਖਿੜੇ ਮਥੇ ਸੁਆਗਤ ਕੀਤਾ ।

## ਲੋਹ ਗੜ੍ਹ ਦਾ ਜੰਗ

ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਤਾਂ ਲੋਹ ਗੜ੍ਹ ਕਿਲੇ ਵਿਚ ਚਲੇ ਗਏ ਤੇ ਸਿੰਘ ਸੈਨਾ ਆਰਾਮ ਕਰਨ ਲਗੀ । ਇਤਨੀ ਦੇਰ ਨੂੰ ਇਕ ਲਾਹੌਰ ਵਲੋਂ ਸ਼ਾਹੀ ਲਸ਼ਕਰ ਆਇਆ ਅਤੇ ਕੁਝ ਰਾਜਿਆਂ ਵਾਲੀ ਫੌਜ ਨੇ ਮਿਲ ਕੇ ਪਿੰਡ ਰੰਭੇ ਤੇ ਸੀਕਰੀ ਦੇ ਪਾਸ ਫਿਰ ਸਿੰਘਾਂ ਪਰ ਹਮਲਾ ਕਰ ਦਿੱਤਾ । ਦੋਹਾਂ ਪਾਸਿਆਂ ਦਾ ਕਾਫੀ ਨੁਕਸਾਨ ਹੋਇਆ । ਦੂਜਾ ਜੰਗ ਫਿਰ ਲਾਡਵੇ ਦੇ ਪਾਸ ਜਾ ਹੋਇਆ, ਹੁਣ ਝੜੀ ਲਗ ਗਈ ਜੋ ਪੰਦਰਾਂ ਦਿਨ ਤਕ ਲਗੀ ਰਹੀ । ਸ਼ਾਹੀ ਫੌਜ ਦਾ ਬਹੁਤ ਨੁਕਸਾਨ ਹੋਇਆ । ਖਾਣ ਪੀਣ ਨੂੰ ਕੁਝ ਨਾ ਮਿਲੇ । ਹਾਰ ਕੇ ਸ਼ਾਹੀ ਸੈਨਾ ਤਿੱਤਰ ਬਿਤਰ ਹੋ ਗਈ । ਇਸ ਜੰਗ ਵਿਚ ਸ਼ਾਹੀ ਫੌਜ ਦੇ ਸਯਦ-ਅਹਿਮਦ ਖਾਨ, ਹੁਸੈਨ ਖਾਨ, ਗੈਰਤ ਖਾਨ, ਵਜ਼ੀਦ ਖਾਨ ਆਦਿਕ ਕਈ ਨਾਮਵਰ ਫੌਜਦਾਰ ਮਾਰੇ ਗਏ ਅਤੇ ਸਿੰਘ ਫਤਿਹ ਦੇ ਡੰਕੇ ਵਜਾਉਂਦੇ ਹੋਏ ਕਿਲਾ ਲੋਹ ਗੜ੍ਹ ਵਲ ਆ ਗਏ ।

ਬਹਾਦਰ ਸ਼ਾਹ ਨੂੰ ਇਹ ਹਾਰ ਸੁਣ ਕੇ ਬਹੁਤ ਅਫ਼ਸੋਸ ਹੋਇਆ । ਉਹ ਕਚੀਚੀਆਂ ਵਟਣ ਲੱਗਾ । ਖਤਰਾ ਦੋ ਪਾਸਿਆਂ ਤੋਂ ਵਧ ਰਿਹਾ ਸੀ । ਦਖਣ ਵਿਚ ਮਰਹੱਟੇ ਅਤੇ ਪੰਜਾਬ ਵਿਚ ਸਿੰਘ ਸ਼ਾਹੀ ਫੌਜਾਂ ਦਾ ਗ਼ਰੂਰ ਮਿੱਟੀ ਵਿਚ ਮਿਲਾ ਰਹੇ ਸਨ । ਦਖਣ ਤਾਂ ਦਿਲੀ ਤੋਂ ਬਹੁਤ ਦੂਰ ਸੀ ਪਰ ਪੰਜਾਬ ਬਹੁਤ ਨੇੜੇ ਸੀ ਇਸ ਕਰ ਕੇ ਬਾਦਸ਼ਾਹ ਦਾ ਸਾਰਾ ਗੁਸਾ ਪੰਜਾਬ ਪਰ ਹੀ ਨਿਕਲਣਾ ਸੀ । ਇਸ ਵੇਰ ਬਾਦਸ਼ਾਹ ਨੇ ਅਸਦ ਖਾਨ ਨਾਇਬ ਬਖਸ਼ੀ ਤੇ ਸ਼ਹਾਬ ਦੀਨ ਫੌਜਦਾਰ ਨੂੰ ਆਪਣੇ ਸਾਹਿਬਜ਼ਾਦੇ ਰਫੀਉਲ ਮੁਅੱਜ਼ਮ ਦੇ ਨਾਲ ਭੇਜਿਆ । ਬੂੜੀਏ ਦੇ ਪਾਸ ਸਖਤ ਲੜਾਈ ਹੋਈ । ਇਥੋਂ ਕੁਝ ਸਿੰਘ ਤਾਂ ਪਹਾੜਾਂ ਵਲ ਚਲੇ ਗਏ ਅਤੇ ਕੁਝ ਲੋਹ ਗੜ੍ਹ ਕਿਲੇ ਵਿਚ ਆ ਗਏ । ਮੁਸਲਮਾਨ ਫੌਜ ਨੇ ਕਿਲਾ ਲੋਹ ਗੜ੍ਹ ਨੂੰ ਜਾ ਘੇਰਿਆ । ਕਈ ਦਿਨ ਤਕ ਸਖਤ ਮੁਕਾਬਲਾ ਹੁੰਦਾ ਰਿਹਾ । ਸਿੰਘਾਂ ਪਾਸ ਦਾਰੂ ਸਿੱਕਾ ਤੇ ਰਸਦਾਂ ਮੁਕ ਗਈਆਂ । ਸਿੰਘ ਕਿਲਾ ਛਡਣ ਲਈ ਮਜਬੂਰ ਹੋ ਗਏ ਸਨ ਪਰੰਤੂ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਕੁਮਕ ਪੁਜ ਗਈ । ਸਿੰਘਾਂ ਦਾ ਇਕ ਜਥਾ ਦਾਰੂ ਸਿੱਕਾ ਤੇ ਰਸਦ ਲੈ ਕੇ ਆ ਪਹੁੰਚਿਆ ।

ਦੀਵਾਨ ਹਰਦਿਆਲ ਆਗਰੇ ਵਾਲਾ ਜੋ ਸ਼ਾਹੀ ਫੌਜ ਦੇ ਨਾਲ ਸੀ ਬਾਬੇ ਬੰਦਾ ਸਿੰਘ ਨੂੰ ਹਿੰਦੂ ਧਰਮ ਦੀ ਰਖਿਆ ਲਈ ਆਇਆ ਸਮਝ ਕੇ ਸ਼ਾਹੀ ਸੈਨਾ ਦਾ ਭੇਦ ਦੇਣ ਲਗ ਪਿਆ । ਕੁਝ ਦਿਨਾਂ ਪਿਛੋਂ ਉਹ ਇਕ ਮੇਗਜ਼ੀਨ ਤੇ ਰਸਦਾਂ ਆਦਿ ਲੈ ਕੇ ਸਿੰਘਾਂ ਨਾਲ ਆ ਮਿਲਿਆ ਤੇ ਸ਼ਾਹੀ ਫੌਜ

Digitized by Panjab Digital Library | www.panjabdigilib.org

ਨਾਲ ਲੜਦਾ ਰਿਹਾ। ਇਤਨੇ ਨੂੰ ਚਮਕੌਰ ਸਾਹਿਬ ਦਾ ਪੁਰਬ ਆ ਗਿਆ। ਬਾਬਾ ਬੰਦਾ ਸਿੰਘ ਨੇ ਸਿੰਘਾਂ ਨੂੰ ਕਿਹਾ ਅੱਜ ਵਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਹੈ। ਅੱਜ ਦੇ ਦਿਨ ਜਿਹੜਾ ਸਿੰਘ ਸ਼ਹੀਦੀ ਪਾਵੇਗਾ ਉਹ ਗੁਰੂ ਜੀ ਦੀ ਗੋਦ ਵਿਚ ਜਾ ਬਿਰਾਜੇਗਾ। ਇਹ ਸੁਣ ਕੇ ਸਿੰਘਾਂ ਨੂੰ ਰੋਹ ਚੜ੍ਹ ਗਿਆ ਅਤੇ ਉਹ ਭੁਖੇ ਸ਼ੇਰ ਵਾਂਗ ਵੈਰੀ ਦਲ ਵਿਚ ਜਾ ਵੜੇ। ਖਾਫੀ ਖਾਂ ਲਿਖਦਾ ਹੈ ਕਿ ਇਸ ਦਿਨ ਸਿੰਘਾਂ ਨੇ ਐਸੀ ਤਲਵਾਰ ਵਾਹੀ ਕਿ ਕਿਆਮਤ ਯਾਦ ਕਰਾ ਦਿਤੀ। ਅਗੋਂ ਮੁਸਲਮਾਨ ਫੌਜਦਾਰਾਂ ਨੇ ਭੀ ਕੁਰਾਨ ਪਰ ਹੱਥ ਰਖਵਾ ਕੇ ਤੇ ਕਸਮਾਂ ਖੁਆ ਕੇ ਫੌਜਾਂ ਪਾਸੋਂ ਜ਼ੋਰਦਾਰ ਹੱਲਾ ਕਰਾਇਆ। ਹੁਣ ਸਿੰਘਾਂ ਪਾਸੋਂ ਫਿਰ ਰਸਦ ਅਤੇ ਦਾਰੂ ਸਿੱਕਾ ਮੁਕ ਚੁਕਾ ਸੀ। ਦੁਸ਼ਮਨ ਦੀਆਂ ਫੌਜਾਂ ਕਿਲੇ ਦੇ ਪਾਸ ਪੁਜ ਗਈਆਂ। ਬਾਬੇ ਬੰਦਾ ਸਿੰਘ ਨੇ ਆਪਣੇ ਵਰਗਾ ਇਕ ਸਿੰਘ ਗੁਲਾਬ ਸਿੰਘ ਵੇਖ ਕੇ ਉਸ ਦੇ ਨਾਲ ਕੁਝ ਸਿੰਘ ਕਿਲੇ ਵਿਚ ਛਡ ਕੇ ਆਪ ਗੁਪਤ ਰਸਤੇ ਥਾਣੀ ਕਿਲਾ ਛਡ ਕੇ ਪਹਾੜਾਂ ਵੱਲ ਕੂਚ ਕਰ ਦਿਤਾ। ਸਿੰਘਾਂ ਨੂੰ ਸਮਝਾਇਆ ਕਿ ਜਦ ਦੁਸ਼ਮਨ ਅੰਦਰ ਆਵੇ ਤੁਸੀਂ ਗੁਪਤ ਰਸਤੇ ਥਾਣੀ ਨਿਕਲ ਆਉਣਾ। ਦੁਸ਼ਮਨ ਦੀਆਂ ਫੌਜਾਂ ਕਿਲ੍ਹੇ ਅੰਦਰ ਦਾਖਲ ਹੋ ਗਈਆਂ ਤੇ ਉਨ੍ਹਾਂ ਨੇ ਗੁਲਾਬ ਸਿੰਘ ਆਦਿਕ ਸਿੰਘਾਂ ਨੂੰ ਫੜ ਲਿਆ ਤੇ ਅਸਦ ਖਾਨ ਦੇ ਪੇਸ਼ ਕੀਤਾ। ਉਨ੍ਹਾਂ ਨੂੰ ਦਿਲੀ ਲਿਆਕੇ ਬਾਦਸ਼ਾਹ ਨੂੰ ਦਸਿਆ ਗਿਆ ਕਿ ਬੰਦਾ ਸਿੰਘ ਫੜ ਲਿਆਂਦਾ ਹੈ, ਸਿੰਘ ਸਭ ਖਤਮ ਕਰ ਦਿਤੇ ਹਨ। ਫੌਜਦਾਰ ਨੇ ਇਹ ਝੂਠ ਬੋਲ ਕੇ ਬਾਦਸ਼ਾਹ ਪਾਸੋਂ ਬਹੁਤ ਸਾਰੇ ਇਨਾਮ ਆਦਿਕ ਲਏ। ਥੋਹੜੇ ਚਿਰ ਪਿਛੋਂ ਬਹਾਦਰ ਸ਼ਾਹ ਨੂੰ ਪਤਾ ਲਗ ਗਿਆ ਕਿ ਬੰਦਾ ਸਿੰਘ ਅਜੇ ਨਹੀਂ ਫੜਿਆ ਗਿਆ ਤਾਂ ਬਦਸ਼ਾਹ ਨੇ ਫੌਜਦਾਰ ਨੂੰ ਬਹੁਤ ਲਾਨ੍ਹਤ ਪਾਈ।

ਖਾਨ ਖਾਨਾ ਤੇ ਅਸਦ ਖਾਨ ਨੇ ਸ਼ਰਮਿੰਦੇ ਹੋਕੇ ਬਾਬਾ ਬੰਦਾ ਸਿੰਘ ਦੀ ਬਹੁਤ ਭਾਲ ਕੀਤੀ ਅਤੇ ਕਈ ਮਹੀਨੇ ਲੋਹ ਗੜ੍ਹ ਕਿਲ੍ਹੇ ਵਿਚ ਠਹਿਰ ਕੇ ਆਸ ਪਾਸ ਤੋਂ ਬਹੁਤ ਸਾਰੇ ਸਿੰਘ ਗ੍ਰਿਫਤਾਰ ਕੀਤੇ ਜਿਨ੍ਹਾਂ ਪਰ ਬਹੁਤ ਜ਼ਿਆਦਾ ਜ਼ੁਲਮ ਕੀਤਾ ਗਿਆ। ਇਸ ਫੜੋ ਫੜੀ ਵਿਚ ਬਹੁਤ ਸਿੰਘਾਂ ਨੇ ਜਾਨਾਂ ਦੇ ਦਿਤੀਆਂ। ਹੁਣ ਸਿੰਘਾਂ ਨੇ ਜੱਥੇ ਬਣਾ ਕੇ ਸ਼ਾਹੀ ਫੌਜ ਪਰ ਵੇਲੇ ਕੁਵੇਲੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਫੌਜ ਨੂੰ ਬਹੁਤ ਤੰਗ ਕੀਤਾ। ਇਹ ਵੇਖ ਕੇ ਅਹਿਮਦ ਖਾਂ ਵਾਪਸ ਚਲਾ ਗਿਆ ਤੇ ਕਿਲ੍ਹਾ ਲੋਹ ਗੜ੍ਹ ਵਿਚ ਰੁਸਤਮ ਖਾਨ, ਦਿਲ ਖਾਨ ਆਦਿ ਫੌਜਦਾਰਾਂ ਨੂੰ ਛੱਡ ਗਿਆ। ਇਸ ਸਮੇਂ ਬੰਦਾ ਸਿੰਘ ਨੇ ਪਹਾੜਾਂ ਤੋਂ ਵਾਪਸ ਆ ਕੇ ਫਿਰ ਸਿੰਘਾਂ ਨੂੰ ਇਕੱਠੇ ਕਰ ਲਿਆ ਤੇ ਸਰਹੰਦ ਪਰ ਫਿਰ ਹਮਲਾ ਕਰਕੇ ਕਬਜ਼ਾ ਕਰ ਲਿਆ।

## ਬਾਦਸ਼ਾਹ ਬਹਾਦਰ ਸ਼ਾਹ ਦੀ ਚੜ੍ਹਾਈ ਤੇ ਇਸ ਦੀ ਮੌਤ

ਇਸ ਤੋਂ ਉਪ੍ਰੰਤ ਜਦ ਬਾਦਸ਼ਾਹ ਨੂੰ ਫਿਰ ਸਰਹੰਦ ਖੁਸਣ ਦਾ ਪਤਾ ਲਗਿਆ ਤਾਂ ਉਹ ਬਹੁਤ ਸਾਰੀ ਫੌਜ ਲੈ ਕੇ ਆਪ ਚੜ੍ਹ ਆਇਆ। ਬੰਦਾ ਸਿੰਘ ਫਿਰ ਪਹਾੜਾਂ ਵਿਚ ਜਾ ਵੜਿਆ ਤੇ ਸਿੰਘ ਇਧਰ ਉਧਰ ਖਿਲੱਰ ਗਏ। ਬਹਾਦਰ ਸ਼ਾਹ ਸਰਹੰਦ ਪਰ ਫਿਰ ਕਬਜ਼ਾ ਕਰਕੇ ਆਪ ਤਾਂ ਵਾਪਸ ਚਲਿਆ ਗਿਆ ਪਰ ਸਰਹੰਦ ਦਾ ਪ੍ਰਬੰਧ ਮੁਹੰਮਦ ਅਮੀਨ ਖਾਨ, ਅਮੀਰ ਮਹਾਵਤ ਖਾਨ ਮੇਵਾਤੀ ਦੇ ਹਵਾਲੇ ਕਰਕੇ ਕਾਫ਼ੀ ਫੌਜ ਉਨ੍ਹਾਂ ਦੀ ਰਾਖੀ ਲਈ ਰਹਿਣ ਦਿੱਤੀ।

Digitized by Panjab Digital Library | www.panjabdigilib.org

ਉਧਰ ਗਾਜੀ ਦੀਨ ਖਾਂ ਹਾਕਮ ਗੁਜਰਾਤ ਦਾ ਮਰਨਾ ਸੁਣ ਕੇ ਬੰਦਾ ਸਿੰਘ ਬਹਾਦਰ ਨੇ ਪਹਾੜਾਂ ਵਿਚੋਂ ਦੀ ਉਸ ਇਲਾਕੇ ਵਿਚ ਜਾ ਧੂੰਮ ਮਚਾਈ ਅਤੇ ਬਹੁਤ ਸਾਰਾ ਇਲਾਕ ਸੋਧਿਆ। ਇਥੋਂ ਤੱਕ ਬੰਦਾ ਸਿੰਘ ਬਹਾਦਰ ਜ਼ਾਲਮਾਂ ਦੀ ਸੋਧ ਕਰਦਾ ਸਿੰਧ ਤੱਕ ਚਲਿਆ ਗਿਆ ਅਤੇ ਉਥੇ ਬਹੁਤ ਸਾਰੇ ਸਿੱਖ ਬਣਾਏ। ਬਾਦਸ਼ਾਹ ਬਹਾਦਰ ਸ਼ਾਹ ਨੇ ਸਰਹੰਦ ਦੇ ਇਸ ਦਰੇ ਵਿੱਚ ਬਹੁਤ ਸਾਰੇ ਹਿੰਦੂਆਂ ਨੂੰ ਬੰਦੇ ਸਿੰਘ ਦੇ ਮਦਦਗਾਰ ਹੋਣ ਦੇ ਸ਼ੱਕ ਵਿੱਚ ਕਤਲ ਕਰਵਾਇਆ! ਮੁਸਲਮਾਨ ਲਿਖਾਰੀਆਂ ਖਾਫ਼ੀ ਖਾਂ ਆਦਿਕ ਨੇ ਮੰਨਿਆ ਹੈ ਕਿ ਬਹਾਦਰ ਸ਼ਾਹ ਨੇ ਇਸ ਸਮੇਂ ਇਤਨੇ ਹਿੰਦੂਆਂ ਨੂੰ ਮਰਵਾਇਆ ਕਿ ਪਿਛਲੀਆਂ ਸਾਰੀਆਂ ਕਤਲਾਮਾਂ ਮਾਤ ਪੈ ਗਈਆਂ। ਇਤਨਾ ਅਤਿਆਚਾਰ ਕਰਨ ਦੇ ਬਾਵਜੂਦ ਪੰਜਾਬ ਵਿੱਚ ਬਦਅਮਨੀ ਨਾ ਰੁਕੀ ਸਿੰਘ ਲਾਹੌਰ ਦੇ ਬਾਜ਼ਾਰਾਂ ਵਿੱਚ ਜਾ ਵੜਦੇ ਤੇ ਅਤਿਆ-ਚਾਰੀ ਹਾਕਮਾਂ ਨੂੰ ਮਾਰ ਕੇ ਜੰਗਲਾਂ ਨੂੰ ਦੌੜ ਜਾਂਦੇ। ਸਾਰੇ ਪੰਜਾਬ ਵਿਚ ਹੁਣ ਸਿਖਾਂ ਤੇ ਸ਼ਾਹੀ ਤਾਕਤ ਵਿਚ ਮੁਕਾਬਲੇ ਹੁੰਦੇ ਰਹਿੰਦੇ ਕਦੇ ਸਿਖਾਂ ਦਾ ਪਲੜਾ ਭਾਰੀ ਹੋ ਜਾਂਦਾ ਕਦੇ ਸ਼ਾਹੀ ਫੌਜ ਦਾ। ਇਨ੍ਹਾਂ ਹਾਲਾਤਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਇਹ ਭਰੋਸਾ ਹੋ ਗਿਆ ਕਿ ਮੁਗਲ ਸ਼ਾਹੀ ਨਾਲ ਟੱਕਰ ਲੈਣ ਵਾਲੀ ਸ਼ਕਤੀ ਖਾਲਸਾ ਪ੍ਰਗਟ ਹੋ ਗਿਆ ਹੈ ਇਸ ਲਈ ਮੁਸਲਮ ਰਾਜ ਤੋਂ ਤੰਗ ਆਏ ਹੋਏ ਲੋਕ ਹਰ ਤ੍ਰੀਕੇ ਨਾਲ ਸਿੰਘਾਂ ਦੀ ਸਹਾਇਤਾ ਕਰਦੇ ਅਤੇ ਆਪਣੇ ਪੁਤਾਂ ਨੂੰ ਸਿੰਘ ਬਣਨ ਦੀ ਪ੍ਰੇਰਨਾ ਕਰਦੇ ਰਹਿੰਦੇ।

ਆਖਰ ਸੰਨ ੧੭੧੨ ਈ: ਵਿੱਚ ਬਾਦਸ਼ਾਹ ਬਹਾਦਰ ਸ਼ਾਹ ਪੰਜਾਬ ਵਿਚ ਬਾਬੇ ਬੰਦੇ ਸਿੰਘ ਬਹਾਦਰ ਤੇ ਸਿੰਘਾਂ ਦੀ ਲਹਿਰ ਨੂੰ ਦਬਾਉਣ ਲਈ ਆਇਆ ਹੋਇਆ ਲਾਹੌਰ ਵਿਚ ਮਰ ਗਿਆ ਅਤੇਉਸ ਦੇ ਪੁਤਾਂ ਵਿਚ ਤਖ਼ਤ ਲਈ ਝਗੜਾ ਹੋਣ ਲੱਗਾ। ਇਸ ਸਮੇਂ ਸ਼ਾਹੀ ਫੌਜਾਂ ਨੇ ਸਿੰਘਾਂ ਦਾ ਪਿਛਾ ਕੀ ਕਰਨਾ ਸੀ। ਉਹ ਸਭ ਦਿਲੀ ਵਲ ਪਿਛੇ ਹਟ ਗਈਆਂ। ਇਸ ਸਮੇਂ ਨੂੰ ਗ਼ਨੀਮਤ ਸਮਝ ਕੇ ਬੰਦਾ ਸਿੰਘ ਨੇ ਸਰਹੰਦ ਦਾ ਸੂਬਾ ਫਿਰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਪਰਗਣੇਦਾਰਾਂ ਪਾਸੋਂ ਮਾਲਗੁਜ਼ਾਰੀ ਉਗ੍ਰਾਹੁਣ ਲੱਗਾ। ਸਿੰਘਾਂ ਦੀਆਂ ਦੇਗਾਂ ਫਿਰ ਤਿਆਰ ਹੋਣ ਲਗੀਆਂ ਅਤੇ ਤੇਗਾਂ ਨੇ ਮਿਆਨਾਂ ਵਿਚ ਪੈਕੇ ਆਰਾਮ ਕੀਤਾ। ਸਰਹੰਦ ਦਾ ਪ੍ਰਬੰਧ ਠੀਕ ਕਰਕੇ ਬਾਬੇ ਬੰਦੇ ਸਿੰਘ ਨੇ ਪਹਾੜੀ ਰਾਜਿਆਂ ਨੂੰ ਲਿਖਿਆ ਕਿ ਖਾਲਸੇ ਦੇ ਅਧੀਨ ਹੋਣਾ ਪ੍ਰਵਾਨ ਕਰੋ,ਨਹੀਂ ਤਾਂ ਹਮਲਾ ਝੱਲੋ। ਬੰਦੇਸਿੰਘ ਦੀ ਧਾਂਕ ਸੁਣਕੇ ਪਹਾੜੀਆਂ ਦੇ ਦਿੱਲ ਪਹਿਲਾਂ ਹੀ ਡਰੇ ਹੋਇ ਸਨ ਤੇ ਉਹ ਅਨੇਕਾਂ ਵਾਰੀ ਸਿੰਘਾਂ ਦੇ ਹਥ ਵੇਖ ਚੁਕੇ ਸਨ ਇਸ ਲਈ ਸਭ ਨੇ ਈਨ ਮੰਨ ਲਈ। ਰਾਜਾ ਕੀਰਤ ਪਰਕਾਸ਼ ਨਾਹਣ, ਰਾਜਾ ਗੱਜਾ ਸਿੰਘ ਨਾਲਾ ਗੜ੍ਹ, ਰਾਜਾ ਅਜਮੇਰ ਚੰਦ ਬਿਲਾਸ ਪੁਰੀਆ ਅਤੇ ਹੋਰ ਕਈ ਰਾਜੇ ਨਜ਼ਰਾਨੇ ਲੈ ਕੇ ਬਾਬੇ ਬੰਦੇ ਸਿੰਘ ਨੂੰ ਆ ਮਿਲੇ ਅਤੇ ਖਾਲਸੇ ਨਾਲ ਮੇਲ ਕਰਨ ਵਿਚ ਹੀ ਭਲਾਈ ਸਮਝੀ। ਇਸ ਤੋਂ ਪਿਛੋਂ ਬੰਦੇ ਸਿੰਘ ਨੇ ਰੋਪੜ, ਬੱਸੀ, ਕੋਟਲਾ ਕਿੜੀ, ਬਹਿਲੋਲ ਪੁਰ, ਮਾਛੀਵਾੜਾ ਆਦਿਕ ਨਾਮੀ ਮੁਸਲਮਾਨ ਜਾਗੀਰਦਾਰਾਂ ਪਾਸੋਂ ਨਜ਼ਰਾਨੇ ਲਏ ਅਤੇ ਲੁਧਿਆਣੇ ਆ ਡੇਰਾ ਲਗਾਇਆ।

## ਦੁਆਬੇ ਦੀ ਸੋਧ ਸੁਧਾਈ

ਇਸ ਸਮੇਂ ਬਹੁਤ ਸਾਰੇ ਸਿੰਘ ਪਿੰਡਾਂ ਵਿਚ ਬਾਲ ਬਚਿਆਂ ਨੂੰ ਮਿਲਣ ਲਈ ਚਲੇ ਗਏ ਸਨ ਅਤੇ ਬਾਬਾ ਜੀ ਪਾਸ ਕੇਵਲ ਪੰਜ ਛੇ ਹਜ਼ਾਰ ਹੀ ਸਿੰਘ ਸਨ। _ਣ ਬਾਬਾ ਬੰਦਾ ਸਿੰਘ ਨੇ ਸਭ ਥਾਂ ਖਬਰਾਂ ਭੇਜ ਦਿਤੀਆਂ ਕਿ ਸਿੰਘ ਤਿਆਰ ਬਰ ਤਿਆਰ ਹੋ ਕੇ ਆਉਣ,ਦੁਆਬੇ ਦੇਸ਼ ਦੀ ਸੁਧਾਈ ਕਰਨੀ ਹੈ। ਇਹ ਖਬਰ ਸੁਣ ਕੇ ਸਿੰਘ ਭਾਰੀ ਗਿਣਤੀ ਵਿਚ ਇਕੱਠੇ ਹੋ ਗਏ।

Digitized by Panjab Digital Library | www.panjabdigilib.org

ਬਾਬਾ ਬੰਦਾ ਸਿੰਘ ਨੇ ਆਪਣੇ ਲਸ਼ਕਰ ਦਾ ਅੰਦਾਜ਼ਾ ਲਗਾਇਆ। ਮਾਲਵਾ, ਮਾਝਾ ਆਦਿਕ ਸਭ ਇਲਾਕਿਆਂ ਵਿਚੋਂ ਭਾਰੀ ਗਿਣਤੀ ਵਿਚ ਸਿੰਘ ਇਕਠੇ ਹੋਏ ਪ੍ਰੰਤੂ ਸਭ ਤੋਂ ਜ਼ਿਆਦਾ ਮਾਲਵੇ ਦੇ ਸਿੰਘ ਆਏ ਕਿਉਂਕਿ ਉਹ ਬੰਦਾ ਸਿੰਘ ਬਹਾਦਰ ਦੀਆਂ ਬਹਾਦਰੀਆਂ ਤੇ ਜਿੱਤਾਂ ਨਾਲ ਰਹਿ ਕੇ ਵੇਖ ਚੁਕੇ ਸਨ ਅਤੇ ਉਨ੍ਹਾਂ ਨੂੰ ਪੱਕਾ ਭਰੋਸਾ ਸੀ ਕਿ ਜਿੱਧਰ ਬਾਬਾ ਬੰਦਾ ਸਿੰਘ ਚੜ੍ਹਾਈ ਕਰੇਗਾ ਫਤਹਿ ਖਾਲਸੇ ਦੀ ਹੋਵੇਗੀ। ਜਦ ਲੁਧਿਆਣੇ ਵਿਚ ਕਾਫੀ ਸਿੰਘ ਇਕਠੇ ਹੋ ਗਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਦੁਆਬੇ ਵਿਚ ਖਬਰਾਂ ਭੇਜੀਆਂ ਕਿ ਜਿਨ੍ਹਾਂ ਨੇ ਜ਼ਾਲਮ ਹਾਕਮਾਂ ਨੂੰ ਸੋਧਣਾ ਹੈ ਉਹ ਖਾਲਸਾ ਦਲ ਨਾਲ ਆ ਮਿਲੇ। ਇਹ ਸੁਣ ਕੇ ਬਹੁਤ ਸਾਰੇ ਸਿੰਘ ਆ ਮਿਲੇ ਅਤੇ ਬਾਬਾ ਬੰਦਾ ਸਿੰਘ ਨੇ ਫਲੌਰ ਅਤੇ ਫਗਵਾੜਾ ਆਦਿ ਕਸਬੇ ਕਬਜ਼ੇ ਵਿਚ ਕਰ ਲਏ।

ਇਥੋਂ ਅਗੇ ਰਾਹੋਂ ਵੱਲ ਕੂਚ ਕੀਤਾ ਤੇ ਅਨਾਇਤ ਖਾਂ ਨੂੰ ਜਾ ਫੜਿਆ। ਰਾਹੋਂ ਪਰ ਸਿੰਘਾਂ ਨੇ ਫਤਿਹ ਪਾ ਲਈ। ਇਸ ਸਮੇਂ ਜਲੰਧਰ ਦਾ ਹਾਕਮ ਸ਼ੰਮਸ ਖਾਨ ਸਾਰੇ ਦੁਆਬੇ ਦਾ ਮਾਲਕ ਸੀ ਪਰ ਉਹ ਸਿੰਘਾਂ ਨੂੰ ਹੜ ਦਾ ਪਾਣੀ ਸਮਝ ਕੇ ਅਗੇ ਨਾ ਆਇਆ। ਬੰਦਾ ਸਿੰਘ ਨੇ ਭੀ ਪਹਿਲੇ ਛੋਟੇ ਛੋਟੇ ਜਾਗੀਰਦਾਰਾਂ ਨੂੰ ਸੋਧਣਾਂ ਠੀਕ ਸਮਝਿਆ। ਇਸ ਤਰਾਂ ਸਾਰੇ ਇਲਾਕੇ ਨੂੰ ਫਤਹਿ ਕਰਕੇ ਆਪਣੇ ਠਾਣੇ ਬਠਾਉਂਦੇ ਹੋਏ ਸਿੰਘ ਵੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਜਾ ਪੁਜੇ। ਬਾਬਾ ਬੰਦਾ ਸਿੰਘ ਨੂੰ ਹੁਣ ਹੰਕਾਰ ਹੋ ਗਿਆ। ਗੁਰੂ ਬਣ ਕੇ ਗਦੇਲਾ ਲਾ ਕੇ ਗੱਦੀ ਪਰ ਬੈਠਣ ਲੱਗ ਪਿਆ ਤੇ ਮਥੇ ਟਿਕਾਉਣ ਲਗਾ। ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਗਦੇਲਾ ਲਗਾ ਕੇ ਬੈਠਣ ਲਗਾ ਤਾਂ ਬਾਬਾ ਦੀਪ ਸਿੰਘ ਜੀ ਨੇ ਗਦੇਲਾ ਆਦਿ ਉਠਾ ਕੇ ਸਰੋਵਰ ਵਿਚ ਸੁਟ ਦਿਤਾ ਤੇ ਬੰਦਾ ਸਿੰਘ ਨੂੰ ਕਿਹਾ ਕਿ ਗੁਰੂ ਜੀ ਦੇ ਹੁਕਮ ਅਨੁਸਾਰ ਵਰਤੋਂ ਕਰੋ, ਹੰਕਾਰ ਵਿਚ ਨਾ ਆਉ। ਇਸ ਸਮੇਂ ਬੰਦਈਆਂ ਅਤੇ ਤੱਤ ਖਾਲਸੇ ਵਿਚ ਝਗੜਾ ਹੋਣ ਦਾ ਡਰ ਸੀ ਪਰ ਸਿਆਣੇ ਸਿੰਘਾਂ ਨੇ ਵਿਚ ਪੈ ਕੇ ਝਗੜਾ ਨਾ ਵਧਣ ਦਿਤਾ। ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਨੇ ਮਾਝੇ ਦਾ ਬਹੁਤ ਸਾਰਾ ਇਲਾਕਾ ਫਤਹਿ ਕੀਤਾ। ਮਾਝੇ ਦੇ ਸਿੰਘ ਚਿਰਾਂ ਤੋਂ ਇਹੋ ਜਿਹੇ ਸਮੇਂ ਦੀ ਉਡੀਕ ਵਿਚ ਸਨ। ਉਨ੍ਹਾਂ ਨੇ ਜ਼ਾਲਮ ਹਾਕਮਾ ਦੀ ਚੰਗੀ ਤਰਾਂ ਸੁਧਾਈ ਕੀਤੀ। ਲਾਹੌਰ ਦੇ ਇਰਦ ਗਿਰਦ ਦਾ ਸਭ ਇਲਾਕਾ ਗਾਹ ਸੁਟਿਆ ਪਰ ਸੂਬਾ ਲਾਹੌਰ ਦੜ ਵਟੀ ਬੈਠਾ ਰਿਹਾ। ਸਿੰਘਾਂ ਦੇ ਮੁਕਾਬਲੇ ਵਿਚ ਨਾ ਆਇਆ ਇਥੋਂ ਤੱਕ ਕਿ ਇਕ ਦਿਨ ਸਿੰਘ ਸ਼ਾਲਾਮਾਰ ਬਾਗ ਵਿਚ ਜਾ ਉਤਰੇ ਅਤੇ ਕਈ ਬਾਜ਼ਾਰਾਂ ਵਿਚ ਚਕਰ ਲਗਾ ਆਏ।

ਬਹਾਦਰ ਸ਼ਾਹ ਤੋਂ ਪਿਛੋਂ ਉਸਦਾ ਲੜਕਾ ਜਹਾਂਨਦਾਰ ਸ਼ਾਹ ਤਖਤ ਪਰ ਬੈਠਾ। ਇਹ ਰੰਗ ਰਾਗ ਦਾ ਬਹੁਤ ਸ਼ੌਕੀਨ ਸੀ ਪਰ ਸੂਬਾ ਲਾਹੌਰ ਦੀਆਂ ਸ਼ਕਾਇਤਾਂ ਸੁਣਕੇ ਫੌਜ ਲੈ ਕੇ ਲਾਹੌਰ ਵਲ ਚੜ੍ਹ ਆਇਆ। ਸੂਬੇ ਨੇ ਸਿੰਘਾਂ ਦੇ ਹਮਲਿਆਂ ਦਾ ਸਾਰਾ ਹਾਲ ਦਸਿਆ ਪਰ ਉਸਨੇ ਕਿਹਾ ਮੈਂ ਅਖੀਂ ਵੇਖਾਂ ਗਾ ਤਾਂ ਸਿੰਘਾਂ ਨੂੰ ਸਜ਼ਾ ਦਾ ਹੁਕਮ ਦੇਵਾਂਗਾ। ਇਸ ਨੂੰ ਤਖਤ ਪਰ ਬੈਠਿਆਂ ਇਕ ਮਹੀਨਾ ਨਹੀਂ ਸੀ ਹੋਇਆ ਕਿ ਇਸ ਦੇ ਭਤੀਜੇ ਫਰਖਸੀਅਰ ਨੇ ਜੋ ਉਸ ਸਮੇਂ ਬੰਗਾਲ ਦਾ ਸੂਬਾ ਸੀ, ਬਗਾਵਤ ਕਰ ਦਿਤੀ।

ਬਾਦਸ਼ਾਹ ਦੇ ਇਰਦ ਗਿਰਦ ਰਾਗ ਰੰਗ ਕਰਨ ਵਾਲਿਆਂ ਦਾ ਹੀ ਮੇਲਾ ਲਗਾ ਰਹਿੰਦਾ। ਬਹਾਦਰਾਂ ਤੇ ਵਿਦਵਾਨਾਂ ਦੀ ਕਦਰ ਘੱਟ ਗਈ। ਨਾਚਿਆਂ ਤੇ ਕੰਜਰੀਆਂ ਡੂਮਾ ਨੂੰ ਇਨਾਮ ਮਿਲਣ

Digitized by Panjab Digital Library | www.panjabdigilib.org

ਲਗੇ ਜਿਸ ਤੋਂ ਸਭ ਪੁਰਾਣੇ ਅਹਿਲਕਾਰ ਇਸ ਦੇ ਵਿਰੁਧ ਹੋ ਗਏ ਤੇ ਫਰਖਸੀਅਰ ਨੂੰ ਸਦ ਲਿਆ। ਉਸ ਨੇ ੧੭੭੧ ਸੰਮਤ ਬਿ: ਵਿਚ ਦਿਲੀ ਦਾ ਤਖਤ ਆ ਸੰਭਾਲਿਆ। ਇਸ ਸਾਲ ਦੇਸ਼ ਵਿਚ ਬੜਾ ਭਿਆਨਕ ਕਾਲ ਪਿਆ ਜਿਸ ਨਾਲ ਬਹੁਤ ਸਾਰੇ ਲੋਕ ਭੁਖ ਦਾ ਸ਼ਿਕਾਰ ਹੋ ਗਏ।

## ਕਲਾਨੌਰ ਤੇ ਚੰਬੀਵਾਲ ਜਾਣਾ

ਇਸ ਅਦਲਾ ਬਦਲੀ ਸਮੇਂ ਬਾਬਾ ਬੰਦਾ ਸਿੰਘ ਨੇ ਕਲਾਨੌਰ ਤੇ ਵਟਾਲਾ ਫਤਹਿ ਕਰ ਲਿਆ ਅਤੇ ਫਿਰ ਚੰਬੇ ਵਿਚ ਵਿਆਹ ਕਰਕੇ ਆਪਣੀ ਇਸਤ੍ਰੀ ਪਾਸ ਜਾ ਕੇ ਰਹਿਣ ਲੱਗਾ ਤੇ ਇਸ ਸਮੇਂ ਆਪ ਦੇ ਘਰ ਵਾਹਿਗੁਰੂ ਨੇ ਇਕ ਸਪੁਤ੍ਰ ਦੀ ਦਾਤ ਬਖਸ਼ੀ। ਜਦ ਫਰਖਸੀਅਰ ਤਖਤ ਪਰ ਬੈਠਾ ਤਾਂ ਉਸ ਨੇ ਇਕ ਭਾਰੀ ਲਸ਼ਕਰ ਬੰਦਾ ਸਿੰਘ ਬਹਾਦਰ ਨੂੰ ਫੜਨ ਲਈ ਭੇਜਿਆ, ਜੋ ਸਿੰਘਾਂ ਪਾਸੋਂ ਦੰਦ ਖਟੇ ਕਰਾ ਕੇ ਵਾਪਸ ਮੁੜ ਆਇਆ। ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਦਾ ਦਬਦਬਾ ਹੋਰ ਵਧ ਗਿਆ ਉਸ ਨੇ ਸਭ ਜ਼ਾਲਮ ਹਾਕਮਾਂ ਦੀ ਸੋਧ ਕਰਨੀ ਸ਼ੁਰੂ ਕਰ ਦਿਤੀ ਅਤੇ ਕਲਾਨੌਰ ਅਤੇ ਵਟਾਲੇ ਪਰ ਚੰਗੀ ਤਰਾਂ ਕਬਜ਼ਾ ਕਰ ਲਿਆ।

ਵਟਾਲੇ ਵਿਚ ਇਕ ਵਡਾ ਭਾਰਾ ਬੁਚੜ ਖਾਨਾ ਸੀ ਜਿਥੇ ਗਊਆਂ ਬਧ ਹੁੰਦੀਆਂ ਸਨ। ਬੰਦਾ ਸਿੰਘ ਨੇ ਇਸ ਮਹੱਲੇ ਦੇ ਕਸਾਈਆਂ ਨੂੰ ਚੰਗੀ ਤਰ੍ਹਾਂ ਸੋਧਿਆ ਅਤੇ ਸਖਤ ਸਜ਼ਾਵਾਂ ਦਿਤੀਆਂ ਤੇ ਗਊਆਂ ਛੁਡਾ ਦਿਤੀਆਂ। ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਨੇ ਗੁਰਦਾਸਪੁਰ ਤੇ ਕੋਹੀ ਆਦਿਕ ਨੂੰ ਫਤਹਿ ਕਰ ਲਿਆ ਅਤੇ ਪਹਾੜਾਂ ਵਿਚ ਕਈ ਕਿਲੇ ਸਰ ਕਰ ਲਏ। ਬਿਲਾਸ ਪੁਰ ਦੇ ਰਾਜੇ ਨੂੰ ਫਤਹਿ ਕਰਕੇ ਚੰਬੇ ਚਲਾ ਗਿਆ। ਇਥੇ ਇਕ ਰਾਜਪੂਤ ਦੀ ਲੜਕੀ ਨਾਲ ਦੂਜੀ ਸ਼ਾਦੀ ਕਰ ਲਈ।

ਇਥੇ ਕਈ ਇਤਹਾਸਕਾਰਾਂ ਨੇ ਲਿਖਿਆ ਹੈ ਕਿ ਬੰਦਾ ਸਿੰਘ ਨੂੰ ਲੈਣ ਵਾਸਤੇ ਚੰਬੇ ਦੇ ਰਾਜੇ ਨੇ ਆਪਣਾ ਵਜ਼ੀਰ ਭੇਜਿਆ ਪਰ ਕਿਸ਼ਤੀ ਕੋਈ ਨਾ ਭੇਜੀ। ਉਹ ਬੰਦੇ ਦੀ ਕਰਾਮਾਤ ਵੇਖਣੀ ਚਾਹੁੰਦਾ ਸੀ। ਬੰਦੇ ਨੇ ਇਕ ਪੱਥਰ ਦੀ ਸਿਲ ਪਾਣੀ ਵਿਚ ਸੁਟ ਕੇ ਉਸ ਉਪਰ ਆਪ ਭੀ ਬੈਠ ਗਿਆ ਤੇ ਵਜ਼ੀਰ ਨੂੰ ਭੀ ਬਿਠਾ ਲਿਆ ਤੇ ਇਸ ਤਰ੍ਹਾਂ ਦਰਿਆ ਪਾਰ ਕੀਤਾ। ਇਸ ਕੌਤਕ ਨੂੰ ਸਾਰੀ ਖਲਕਤ ਨੇ ਵੇਖਿਆ ਅਤੇ ਹੈਰਾਨ ਰਹਿ ਗਈ। ਉਹ ਪੱਥਰ ਦੀ ਕਾਲੀ ਸਿਲ ਜੋ ੯ ਗਜ਼ ਲੰਬੀ ਤੇ ੭ ਗਜ਼ ਚੌੜੀ ਹੈ ਅਜ ਤਕ ਚੰਬੇ ਵਿਚ ਪਈ ਹੈ, ਜਿਸ ਦੀ ਬੰਦਈ ਸਿਖ ਪੂਜਾ ਕਰਦੇ ਸਨ। ਇਸ ਤੋਂ ਪਿਛੋਂ ਬਾਬਾ ਬੰਦਾ ਸਿੰਘ ਬਹਾਦਰ ਕੁਲੂ ਗਿਆ ਅਤੇ ਕੁਲੂ ਦੇ ਰਾਜੇ ਨੇ ਧੋਖੇ ਨਾਲ ਆਪ ਨੂੰ ਕੈਦ ਕਰ ਲਿਆ। ਜਦ ਸਿੰਘਾਂ ਨੂੰ ਖਬਰ ਮਿਲੀ ਤਾਂ ਉਹਨਾਂ ਨੇ ਕੁਲੂ ਪਰ ਚੜ੍ਹਾਈ ਕਰ ਦਿਤੀ ਅਤੇ ਕੁਲੂ ਦੀ ਰਿਆਸਤ ਵਿਚ ਲੁਟ ਮਾਰ ਕਰਨ ਲਗੇ। ਤੰਗ ਆ ਕੇ ਰਾਜੇ ਨੇ ਬੰਦਾ ਸਿੰਘ ਨੂੰ ਰਿਹਾ ਕਰ ਦਿਤਾ। ਇਸ ਸਮੇਂ ਪੰਜਾਬ ਦੇ ਹਾਕਮਾਂ ਨੇ ਸੁਖ ਦਾ ਸਾਹ ਲਿਆ ਅਤੇ ਪੰਜ ਛੇ ਮਹੀਨੇ ਅਮਨ ਚੈਨ ਰਿਹਾ।

## ਜਲਾਲ ਖਾਨ ਪਰ ਚੜ੍ਹਾਈ

ਇਧਰ ਜਲਾਲਾਬਾਦ ਦਾ ਨਵਾਬ ਜਲਾਲ ਖਾਨ ਨਵੇਂ ਬਣੇ ਰਾਜਪੂਤ ਸਿੰਘਾਂ ਨੂੰ ਕਤਲ ਕਰਵਾ ਰਿਹਾ ਸੀ। ਬਹੁਤ ਸਾਰੇ ਰਾਜਪੂਤ ਤਾਂ ਉਸ ਨੇ ਧੋਖਾ ਦੇ ਕੇ ਆਪਣੇ ਲੜਕੇ ਦੀ ਸ਼ਾਦੀ

Digitized by Panjab Digital Library | www.panjabdigilib.org

ਦੀ ਦਾਹਵਤ ਦੇ ਬਹਾਨੇ ਬੁਲਾ ਕੇ ਜ਼ਹਿਰ ਦੇ ਕੇ ਮਾਰ ਦਿਤੇ। ਡੇਢ ਸੌ ਦੇ ਲਗ ਭਗ ਸਿੰਘ ਉਸ ਦੇ ਕਿਲੇ ਵਿਚ ਕੈਦ ਸਨ। ਸਿੰਘਾਂ ਨੇ ਅਗੇ ਭੀ ਇਕ ਵੇਰ ਇਸ ਪਰ ਹਮਲਾ ਕਰਨ ਦਾ ਗੁਰਮਤਾ ਕੀਤਾ ਸੀ, ਪ੍ਰੰਤੂ ਕਈ ਕਾਰਨਾਂ ਕਰ ਕੇ ਵਾਪਸ ਆ ਗਏ ਸਨ। ਹੁਣ ਸਭ ਸਿੰਘ ਇਸ ਦੇ ਜ਼ੁਲਮ ਦੀਆਂ ਕਹਾਣੀਆਂ ਸੁਣ ਕੇ ਕਚੀਚੀਆਂ ਵੱਟ ਰਹੇ ਸਨ ਅਤੇ ਇਕ ਦੂਜੇ ਨੂੰ ਖਬਰਾਂ ਭੇਜ ਰਹੇ ਸਨ ਕਿ ਇਕੱਠੇ ਹੋ ਕੇ ਜਲਾਲ ਦੀਨ ਦਾ ਦਿਮਾਗ ਦਰੁਸਤ ਕਰੀਏ।

ਜਿਹੜੇ ਸਿੰਘ ਤਿਰਾਵੜੀ ਵਿਚ ਰਹਿੰਦੇ ਸਨ ਉਨ੍ਹਾਂ ਨੂੰ ਖਬਰ ਮਿਲੀ ਕਿ ਜਲਾਲ ਖਾਂ ਨੇ ੧੩੫ ਸਿੰਘ ਨੁਨਾਰਸੇ ਦੇ ਬੇਦੋਸ਼ੇ ਕਤਲ ਕਰਵਾ ਦਿਤੇ ਹਨ। ਇਹ ਸੁਣ ਕੇ ਸਿੰਘਾਂ ਨੂੰ ਬਹੁਤ ਗੁਸਾ ਆਇਆ। ਉਹ ਧੌਂਸੇ ਪਰ ਚੋਟ ਮਾਰਕੇ ਜਲਾਲਾਬਾਦ ਵੱਲ ਚੜ੍ਹ ਪਏ। ਸਿੰਘ ਜਥੇ ਬੰਨ੍ਹ ਕੇ ਇਧਰ ਨੂੰ ਆਉਣ ਲਗ ਪਏ। ਥਨੇਸਰ ਦੇ ਮੁਕਾਮ ਪਰ ਸਿੰਘਾਂ ਦਾ ਭਾਰੀ ਇਕੱਠ ਹੋ ਗਿਆ ਅਤੇ ਬਾਬਾ ਬੰਦਾ ਸਿੰਘ ਨੂੰ ਭੀ ਸੁਨੇਹਾ ਭੇਜ ਦਿਤਾ ਗਿਆ।

ਜਦ ਬੰਦਾ ਸਿੰਘ ਬਹਾਦਰ ਨੂੰ ਖਬਰ ਮਿਲੀ ਤਾਂ ਉਹ ਭੀ ਜਲਾਲਾਬਾਦ ਵੱਲ ਰਵਾਨਾ ਹੋ ਪਿਆ। ਹੁਣ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ ਅਤੇ ਉਨ੍ਹਾਂ ਨੇ ਅਗੇ ਵਧ ਕੇ ਜਲਾਲਾਬਾਦ ਨੂੰ ਜਾ ਘੇਰਿਆ। ਜਲਾਲ ਖਾਂ ਨੇ ਭੀ ਅਗੋਂ ਜ਼ਬਰਦਸਤ ਤਿਆਰੀਆਂ ਕਰ ਰਖੀਆਂ ਸਨ। ਜਲਾਲ ਖਾਂ ਨੇ ਦੀਨਦਾਰ ਖਾਨ ਨੂੰ ਫੌਜ ਦੇ ਕੇ ਕਿਲੇ ਤੋਂ ਬਾਹਰ ਮੁਕਾਬਲਾ ਕਰਨ ਲਈ ਭੇਜਿਆ। ਅਤੇ ਆਪ ਕਿਲੇ ਦੀ ਤਕੜਾਈ ਕਰਨ ਲਗਾ। ਥੋਹੜੀ ਦੇਰ ਸਿੰਘਾਂ ਨਾਲ ਮੁਕਾਬਲਾ ਕਰ ਕੇ ਦੀਨਦਾਰ ਖਾਨ ਖੇਤ ਰਿਹਾ ਤੇ ਉਸ ਦੀ ਫ਼ੌਜ ਭਜ ਕੇ ਕਿਲੇ ਵਿਚ ਜਾ ਵੜੀ। ਸਿੰਘ ਸ਼ੇਰਾਂ ਵਾਂਗ ਗਰਜ ਕੇ ਕਿਲੇ ਵਿਚ ਜਾ ਵੜੇ। ਜਲਾਲ ਖਾਂ ਦੇ ਪੁਤਰ ਪੋਤਰੇ ਫੜਕੇ ਕਤਲ ਕੀਤੇ ਗਏ ਅਤੇ ਉਹ ਭਜ ਕੇ ਬਚ ਗਿਆ। ਪਠਾਣਾਂ ਦਾ ਜੰਗੀ ਸਮਾਨ ਕਬਜ਼ੇ ਵਿਚ ਕਰਕੇ ਸਿੰਘਾਂ ਨੇ ਅਠ ਕੋਹ ਵਾਪਸ ਮੁੜਕੇ ਪੜਾਉ ਆ ਕੀਤਾ।

ਜਲਾਲਾਬਾਦ ਦੇ ਜੰਗ ਵਿਚ ਬੰਦਾ ਸਿੰਘ ਬਹਾਦਰ ਸ਼ਾਮਲ ਨਹੀਂ ਸੀ ਪਰ ਉਹ ਨੇੜੇ ਤੇੜੇ ਰਹਿ ਕੇ ਇਹ ਵੇਖ ਰਿਹਾ ਸੀ ਕਿ ਜੇ ਸਿੰਘਾਂ ਤੋਂ ਇਹ ਮੋਰਚਾ ਅੜ ਗਿਆ ਤਾਂ ਮੈਂ ਕੁਮਕ ਲੈ ਕੇ ਪਹੁੰਚ ਜਾਵਾਂਗਾ। ਉਸ ਦੇ ਇਸ ਨੇੜੇ ਹੋਣ ਤੋਂ ਲਾਭ ਉਠਾ ਕੇ ਸਿੰਘਾਂ ਨੇ ਜਲਾਲਾਬਾਦ ਫਤਹਿ ਕਰ ਲਿਆ। ਅਤੇ ਫਤਹਿ ਦੇ ਡੰਕੇ ਵਜਾਉਂਦੇ ਹੋਏ ਕਰਨਾਲ ਵੱਲ ਵਾਪਸ ਮੁੜ ਆਏ। ਇਸ ਇਲਾਕੇ ਦੇ ਮੁਸਲਮਾਨਾਂ ਪਰ ਬੰਦਾ ਸਿੰਘ ਦਾ ਬਹੁਤ ਡਰ ਬੈਠਾ ਹੋਇਆ ਸੀ। ਕੋਈ ਉਸ ਨੂੰ ਇਮਾਮ ਮਹਿੰਦੀ ਆਖਦਾ ਕੋਈ ਕਰਾਮਾਤੀ ਸਿੱਧ ਪੁਰਸ਼ ਤੇ ਕੋਈ ਕਲਕੀ ਅਵਤਾਰ। ਇਸ ਕਰਕੇ ਜਦ ਪਤਾ ਲਗਦਾ ਕਿ ਬੰਦਾ ਸਿੰਘ ਆ ਗਿਆ ਹੈ ਦੁਸ਼ਮਨ ਦੀਆਂ ਫੌਜਾਂ ਉਸੇ ਸਮੇਂ ਬੇਦਿਲ ਹੋ ਜਾਂਦੀਆਂ ਸਨ। ਇਸ ਗਲ ਦਾ ਲਾਭ ਉਠਾ ਕੇ ਹੀ ਸਿੰਘਾਂ ਨੇ ਜਲਾਲਾਬਾਦ ਫਤਹਿ ਕਰ ਲਿਆ।

ਸਿੰਘਾਂ ਦੇ ਜਲਾਲਾਬਾਦ ਵੱਲ ਜਾਣ ਪਿਛੋਂ ਤਰਾਵੜੀ ਪਰ ਮੁਸਲਮਾਨਾਂ ਨੇ ਫਿਰ ਕਬਜ਼ਾ ਕਰ ਲਿਆ। ਜਦ ਸਿੰਘ ਵਾਪਸ ਆਏ ਤਾਂ ਤਰਾਵੜੀ ਨੂੰ ਮੁੜ ਵਾਪਸ ਲੈਣ ਲਈ ਹਮਲਾ ਕਰ ਦਿੱਤਾ। ਸ਼ਾਹੀ ਫੌਜ ਵੀ ਅਗੋਂ ਤਿਆਰ ਬੈਠੀ ਸੀ। ਕੈਰਵਾਂ ਪਾਡਵਾਂ ਦੇ ਥੇਹ ਪਰ ਸਿੰਘਾਂ ਤੇ ਸ਼ਾਹੀ ਫੌਜ

Digitized by Panjab Digital Library | www.panjabdigilib.org

ਦਾ ਘਮਸਾਣ ਦਾ ਜੰਗ ਹੋਇਆ ਅਤੇ ਇਸ ਧਰਤੀ ਨੇ ਜੋ ਕਈ ਵੇਰ ਯੋਧਿਆਂ ਦਾ ਖੂਨ ਪੀ ਕੇ ਆਪਣੀ ਪਿਆਸ ਬੁਝਾ ਚੁਕੀ ਹੈ ਇਕ ਵੇਰ ਫਿਰ ਸੂਹਾ ਸਾਲੂ ਪਹਿਨਿਆ ਅਤੇ ਪਿਛਲੀਆਂ ਲੜਾਈਆਂ ਦੀ ਯਾਦ ਤਾਜ਼ਾ ਹੋ ਗਈ ।

## ਅਮੀਨ ਗੜ੍ਹ ਦਾ ਯੁਧ

ਇਸ ਵੇਲੇ ਸ਼ਾਹੀ ਫੌਜ ਨੇ ਦਿਲੀ ਤੋਂ ਹੋਰ ਕੁਮਕ ਮੰਗਵਾ ਲਈ ਅਤੇ ਆਪਣੇ ਬਹੁਤ ਸਾਰੇ ਵਾਹਰੂ ਭੀ ਇਕਠੇ ਕਰ ਲਏ । ਸਿੰਘਾਂ ਨੇ ਇਕ ਗਸ਼ਤੀ ਦਸਤਾ ਖਬਰ ਲੈਣ ਲਈ ਭੇਜਿਆ ਜਿਸ ਦੀ ਮੁਠ ਭੇੜ ਸ਼ਾਹੀ ਸੈਨਾ ਨਾਲ ਹੋ ਗਈ । ਬਾਕੀ ਸਿੰਘ ਭੀ ਉਨ੍ਹਾਂ ਦੀ ਮਦਦ ਲਈ ਪੁਜ ਗਏ । ਦਿਲੀ ਵਲੋਂ ਜੋ ਫੌਜ ਆ ਰਹੀ ਸੀ ਸਿੰਘਾਂ ਨੇ ਉਸ ਨੂੰ ਰਾਹ ਵਿਚ ਹੀ ਜਾ ਘੇਰਿਆ ਅਤੇ ਉਹ ਤਲਵਾਰ ਚਲਾਈ ਕਿ ਦੁਸ਼ਮਨ ਦੇ ਦਲਾਂ ਵਿਚ ਹਾਹਾਕਾਰ ਮਚ ਗਈ । ਇਹ ਵੇਖ ਕੇ ਫੀਰੋਜ਼ ਖਾਂ ਮੇਵਾਤੀ ਨੂੰ ਬਹੁਤ ਗੁਸਾ ਚੜ੍ਹਿਆ । ਉਸ ਨੇ ਸਿੰਘਾਂ ਪਰ ਇਤਨੇ ਜ਼ੋਰ ਦਾ ਹਮਲਾ ਕਰਾਇਆ ਕਿ ਇਕ ਇਕ ਸਿੰਘ ਪਰ ਦਸ ਦਸ ਸਿਪਾਹੀ ਟੁਟ ਕੇ ਪੈ ਗਏ । ਦੁਸ਼ਮਨ ਦੀਆਂ ਫੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਇਸ ਕਰਕੇ ਸਿੰਘਾਂ ਦੀ ਕੋਈ ਪੇਸ਼ ਨਾ ਗਈ । ਜਥੇ ਬਣਾ ਕੇ ਮੁਕਾਬਲਾ ਕਰਦੇ ਹੋਏ ਪਿਛੇ ਨੂੰ ਹਟਣ ਲਗੇ । ਕੁਝ ਤਾਂ ਗੋਲ ਬਣਾ ਕੇ ਕਰਨਾਲ ਵੰਨੀ ਮੁੜ ਆਏ ਤੇ ਜੋ ਫੜੇ ਗਏ ਉਹ ਸ਼ਾਹੀ ਫੌਜ ਨੇ ਮਾਰ ਕੇ ਦਰਖਤਾਂ ਨਾਲ ਲਟਕਾ ਦਿਤੇ । ਇਤਿਹਾਸਕ ਪੁਸਤਕਾਂ ਵਿਚ ਲਿਖਿਆ ਹੈ ਕਿ ਜੋ ਸਿੰਘ ਜਾਂ ਉਨ੍ਹਾਂ ਦੇ ਸਹਾਇਕ ਪਿੰਡਾਂ ਵਿਚੋਂ ਮਿਲੇ ਉਨ੍ਹਾਂ ਸਭ ਨੂੰ ਮਾਰ ਕੇ ਸ਼ਾਹੀ ਫੌਜ ਨੇ ਦਰਖਤਾਂ ਨਾਲ ਟੰਗਵਾ ਦਿਤਾ ਤਾਕਿ ਲੋਕਾਂ ਵਿਚ ਡਰ ਫੈਲ ਜਾਵੇ ਅਤੇ ਉਹ ਕਦੇ ਭੀ ਸ਼ਾਹੀ ਫੌਜ ਦਾ ਮੁਕਾਬਲਾ ਨਾ ਕਰਨ । ਇਸ ਜੰਗ ਦਾ ਹਾਲ ਖਾਫੀ ਖਾਂ ਆਦਿ ਲਿਖਾਰੀਆਂ ਨੇ ਬੜੇ ਵਿਸਥਾਰ ਨਾਲ ਲਿਖਿਆ ਪਰ ਵਿਸਥਾਰ ਦੇ ਡਰ ਤੋਂ ਅਸੀਂ ਇਥੇ ਹੀ ਸੰਕੋਚ ਕਰਦੇ ਹਾਂ ।

ਅਮੀਨ ਗੜ੍ਹ ਦਾ ਜੰਗ ਜਿੱਤ ਕੇ ਫੀਰੋਜ਼ ਖਾਂ ਮੇਵਾਤੀ ਨੂੰ ਬਹੁਤ ਹੰਕਾਰ ਹੋ ਗਿਆ ਅਤੇ ਉਹ ਸਰਹੰਦ ਵੰਨੀ ਰਵਾਨਾ ਹੋ ਪਿਆ । ਹੁਣ ਜੇਹੜੇ ਮੁਸਲਮਾਨ ਹਾਕਮ ਸਿੰਘਾਂ ਤੋਂ ਡਰਦੇ ਦੜ ਗਏ ਸਨ ਸਭ ਨੇ ਸਿਰ ਚੁਕ ਲਏ । ਅਤੇ ਜਿਵੇਂ ਮੀਂਹ ਪਏ ਤੋਂ ਡਡੂ ਬੋਲਣ ਲੱਗ ਪੈਂਦੇ ਹਨ ਹਰ ਪਾਸੇ ਤੋਂ ਸਿੰਘਾਂ ਨੂੰ ਮਾਰ ਲਉ ਮਾਰ ਲਉ, ਦੀਆਂ ਆਵਾਜ਼ਾਂ ਆਉਣ ਲਗੀਆਂ । ਪਰਗਣਿਆ ਦੇ ਮੁਸਲਮਾਨ ਜਾਗੀਰਦਾਰ ਭੀ ਆਪਣੀਆਂ ਫੌਜਾਂ ਲੈ ਕੇ ਸਰਹਦ ਵਲ ਰਵਾਨਾ ਹੋ ਗਏ । ਸਰਹੰਦ ਦੇ ਸੂਬੇ ਸਰਦਾਰ ਬਾਜ ਸਿੰਘ, ਸ਼ਾਮ ਸਿੰਘ, ਲਖਾ ਸਿੰਘ ਆਦਿ ਬਹਾਦਰਾਂ ਨੇ ਫੌਜਾਂ ਇਕਠੀਆਂ ਕਰਕੇ ਮੁਕਾਬਲੇ ਦੀਆਂ ਤਿਆਰੀਆਂ ਕੀਤੀਆਂ । ਅਮੀਨ ਗੜ੍ਹ ਤੋਂ ਬਚ ਕੇ ਆਏ ਸਿੰਘ ਭੀ ਆ ਗਏ । ਬਾਗਾਂ ਵਿਚ ਮੋਰਚੇ ਬਣਾਏ ਗਏ । ਤਿੰਨ ਦਿਨ ਤਕ ਸਿੰਘਾਂ ਨੇ ਦੁਸ਼ਮਨ ਦਾ ਡਟ ਕੇ ਮੁਕਾਬਲਾ ਕੀਤਾ ਪਰ ਜਦ ਕਿਸੇ ਪਾਸੇ ਤੋਂ ਸਹਾਇਤਾ ਨਾ ਪੁਜੀ ਤਾਂ ਜ਼ਰੂਰੀ ਸਮਾਨ ਲੈ ਕੇ ਕਿਲਾ ਲੋਹਗੜ੍ਹ ਵੰਨੀ ਚਲ ਪਏ । ਮੁਸਲਮਾਨਾਂ ਨੇ ਸਰਹੰਦ ਪਰ ਫਿਰ ਕਬਜ਼ਾ ਕਰ ਲਿਆ । ਸ਼ੰਮਸ਼ ਖਾਨ ਫੌਜਦਾਰ ਨੇ ਖਾਲੀ ਪਈ ਸਰਹੰਦ ਪਰ ਕਬਜ਼ਾ ਕਰ ਲਿਆ ।

Digitized by Panjab Digital Library | www.panjabdigilib.org

ਸੰਨ ੧੭੧੫ ਮੁਤਾਬਿਕ ਸੰਮਤ ੧੭੭੨ ਨੂੰ ਸਿੰਘਾਂ ਨੂੰ ਖਬਰ ਮਿਲੀ ਕਿ ਬਾਦਸ਼ਾਹ ਖੁਦ ਬਹੁਤ ਸਾਰੀ ਫੌਜ ਲੈ ਕੇ ਲੋਹਗੜ੍ਹ ਪਰ ਚੜ੍ਹਾਈ ਕਰਨ ਲਈ ਆ ਰਿਹਾ ਹੈ। ਫਿਰ ਤਾਂ ਬੰਦਾ ਸਿੰਘ ਬਹਾਦਰ ਭੀ ਲੋਹਗੜ੍ਹ ਵਿਚ ਆ ਗਿਆ ਤੇ ਸਿੰਘਾਂ ਨੇ ਮੁਕਾਬਲੇ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਸਿੰਘਾਂ ਨੇ ਬਹੁਤ ਸਾਰੇ ਛੋਟੇ ਛੋਟੇ ਜਾਗੀਰਦਾਰਾਂ ਪਾਸੋਂ ਖੋਹ ਕੇ ਸਾਮਾਨ ਜੰਗ ਇਕੱਠਾ ਕਰਨਾ ਸ਼ੁਰੂ ਕੀਤਾ।

## ਲੋਹਗੜ੍ਹ ਦਾ ਦੂਜਾ ਯੁੱਧ

( ਬਾਬਾ ਬੰਦਾ ਸਿੰਘ ਦਾ ਫੜੇ ਜਾਣਾ ਤੇ ਆਜ਼ਾਦ ਹੋਣਾ )

ਸਿੰਘਾਂ ਨੇ ਜਦ ਸਭ ਭਾਂਤ ਦੀਆਂ ਤਿਆਰੀਆਂ ਕਰ ਲਈਆਂ ਤਾਂ ਸ਼ਾਹੀ ਫੌਜਾਂ ਭੀ ਕਿਲੇ ਦੇ ਨੇੜੇ ਪੁਜ ਗਈਆਂ। ਸ਼ਾਹੀ ਫੌਜ ਨੇ ਕਿਲੇ ਨੂੰ ਘੇਰ ਲਿਆ। ਇਹ ਕਿਲਾ ਪਹਾੜਾਂ ਦੇ ਨੇੜੇ ਸੀ। ਨਜ਼ਦੀਕ ਹੀ ਦੋ ਪਾਣੀ ਦੇ ਨਾਲੇ ਵਗਦੇ ਸਨ ਅਤੇ ਇਕ ਪਾਸੇ ਖੁਲਾ ਸ਼ਿਕਾਰ ਦਾ ਮੈਦਾਨ ਪਿਆ ਸੀ। ਸ਼ਾਹੀ ਫੌਜਾਂ ਦੇ ਅਫਸਰਾਂ ਨੇ ਸਲਾਹਾਂ ਕਰਨੀਆਂ ਸ਼ੁਰੂ ਕੀਤੀਆਂ। ਕੋਈ ਕਹੇ ਕਿਲੇ ਪਰ ਇਕੋ ਵਾਰ ਹਲਾ ਬੋਲ ਦਿਉ। ਕੋਈ ਕਹੇ ਹੌਲੀ ਹੌਲੀ ਅਗੇ ਵਧੋ। ਕੋਈ ਕਹੇ ਦਾਣਾ ਪਾਣੀ ਅੰਦਰ ਨਾ ਜਾਣ ਦਿਉ ਘੇਰਾ ਪਾ ਕੇ ਬੈਠੇ ਰਹੋ ਆਪੇ ਸਿੱਖ ਭੁਖ ਨਾਲ ਮਰ ਜਾਣਗੇ। ਇਸ ਪ੍ਰਕਾਰ ਭਾਂਤ ਭਾਂਤ ਦੀਆਂ ਸਲਾਹਾਂ ਦੇਣ ਲਗੇ ਤੇ ਡੇਰੇ ਪਾ ਕੇ ਬੈਠ ਗਏ। ਸਿੰਘਾਂ ਨੇ ਕਿਲੇ ਵਿਚੋਂ ਨਿਕਲ ਕੇ ਇਕੋ ਵਾਰ ਅਚਾਨਕ ਹਮਲਾ ਕਰ ਦਿਤਾ ਅਤੇ ਦੁਸ਼ਮਨ ਦੀਆਂ ਫੌਜਾਂ ਵਿਚ ਹਲ ਚਲ ਮਚ ਗਈ। ਸਭ ਲੁਕਦੇ ਫਿਰਨ। ਸਿੰਘ ਬਹੁਤ ਸਾਰੀ ਰਸਦ ਕਪੜੇ ਤੇ ਸਾਮਾਨ ਜੰਗ ਲੈ ਕੇ ਕਿਲੇ ਵਿਚ ਵਾਪਸ ਮੁੜ ਆਏ ਪਰ ਦੁਸ਼ਮਨ ਨੂੰ ਇਸ ਦਾ ਬਹੁਤ ਅਫਸੋਸ ਹੋਇਆ। ਹੁਣ ਪੋਹ ਦਾ ਮਹੀਨਾ ਸ਼ੁਰੂ ਹੋ ਗਿਆ ਝੜੀ ਲਗ ਗਈ ਤੇ ਠੱਕਾ ਵਗਣ ਲਗ ਪਿਆ। ਦੁਸ਼ਮਨ ਦੀਆਂ ਫੌਜਾਂ ਖੁਲੇ ਮੈਦਾਨ ਵਿਚ ਖਿਲਰੀਆਂ ਹੋਈਆਂ ਸਨ ਇਸ ਕਰਕੇ ਘੋੜੇ ਤੇ ਸਿਪਾਹੀ ਸਰਦੀ ਨਾਲ ਠਿਠਰ ਕੇ ਮਰਨ ਲਗੇ। ਹੜ੍ਹ ਦਾ ਪਾਣੀ ਆ ਗਿਆ। ਬੀਮਾਰੀ ਫੈਲ ਗਈ। ਭਾਵੇਂ ਇਹ ਸਭ ਕੁਝ ਕੁਦਰਤ ਵਲੋਂ ਸੀ ਪਰ ਦੁਸ਼ਮਨ ਦੀਆਂ ਫੌਜਾਂ ਵਿਚ ਇਹ ਗੱਲ ਧੁੰਮ ਗਈ ਕਿ ਇਹ ਸਭ ਕੁਝ ਬੰਦਾ ਸਿੰਘ ਬਹਾਦਰ ਨੇ ਜਾਦੂ ਨਾਲ ਕੀਤਾ ਹੈ।

ਇਕ ਦਿਨ ਸਿੰਘ ਕਈ ਦਿਨਾਂ ਦੇ ਥੱਕੇ ਸੌਂ ਗਏ। ਬਾਬਾ ਬੰਦਾ ਸਿੰਘ ਬਹਾਦਰ ਭੀ ਇਕ ਦਰਖਤ ਹੇਠ ਸੁਤਾ ਪਿਆ ਸੀ। ਦੁਸ਼ਮਨਾਂ ਨੇ ਜੋ ਸੂਹੀਏ ਛੱਡੇ ਹੋਏ ਸਨ ਉਨ੍ਹਾਂ ਨੇ ਖਬਰ ਦੇ ਦਿਤੀ। ਸ਼ਰੀਫ ਖਾਨ ਦੋ ਹਜ਼ਾਰ ਜਵਾਨ ਲੈ ਕੇ ਅਚਾਨਕ ਸਿੰਘਾਂ ਪਰ ਰਾਤ ਨੂੰ ਟੁਟ ਕੇ ਪੈ ਗਿਆ। ਪਹਿਰੂਆਂ ਨੇ ਬਹੁਤ ਆਵਾਜ਼ਾਂ ਦਿਤੀਆਂ ਪਰ ਕਿਸੇ ਨਾ ਸੁਣੀਆਂ। ਬਾਬਾ ਬੰਦਾ ਸਿੰਘ ਫੜਿਆ ਗਿਆ। ਸਿੰਘਾਂ ਦਾ ਕਾਫੀ ਨੁਕਸਾਨ ਹੋਇਆ। ਸਵੇਰ ਹੋਈ ਤਾਂ ਸਿੰਘਾਂ ਦੀਆਂ ਅਖਾਂ ਖੁਲੀਆਂ। ਮੁਸਲਮਾਨ ਫੌਜ ਬੰਦਾ ਸਿੰਘ ਬਹਾਦਰ ਦਾ ਪਿੰਜਰਾ ਲੈ ਕੇ ਦਿਲੀ ਨੂੰ ਤੁਰ ਪਈ। ਰਸਤੇ ਵਿਚ ਪੜਾ ਕੀਤਾ। ਜਿੱਤ ਦੀਆਂ ਖੁਸ਼ੀਆਂ ਮਨਾਉਣ ਲਗੇ। ਨਾਚ ਗਾਣੇ ਦੀਆਂ ਮਹਿਫਲਾਂ ਗਰਮ ਹੋਈਆਂ। ਨਸ਼ੇ ਪੀਤੇ ਗਏ। ਜਿੱਤ ਦੀ ਖੁਸ਼ੀ ਵਿਚ ਇਤਨੇ ਮਸਤ ਹੋ ਗਏ ਕਿ ਸਿੰਘਾਂ ਦਾ ਕੋਈ

Digitized by Panjab Digital Library | www.panjabdigilib.org

ਡਰ ਹੀ ਨਾ ਰਿਹਾ । ਉਧਰ ਸਿੰਘ ਬਾਜ਼ੀ ਪੁਠੀ ਵੇਖ ਕੇ ਬਹੁਤ ਖਿਝੇ ਹੋਏ ਸਨ । ਉਨ੍ਹਾਂ ਦਾ ਤਾਂ ਸਭ ਕੁਝ ਲੁਟਿਆ ਗਿਆ। ਨੀਂਦ ਨੇ ਸਾਰੇ ਸੁਫਨੇ 'ਖਾਕ ਵਿਚ ਮਿਲਾ ਦਿਤੇ । ਸਭ ਸਿੰਘਾਂ ਨੇ ਮਤਾ ਪਕਾ ਕੇ ਜਿਸ ਵੇਲੇ ਤੁਰਕ ਜਿਤ ਦੀਆਂ ਖੁਸ਼ੀਆਂ ਮਨਾ ਰਹੇ ਸਨ ਤੇ ਨਾਚ ਗਾਣੇ ਦੀਆਂ ਮਹਿਫਲਾਂ ਗਰਮ ਸਨ ਐਸਾ ਹਮਲਾ ਕੀਤਾ ਕਿ ਬਾਬਾ ਬੰਦਾ ਸਿੰਘ ਦਾ ਪਿੰਜਰਾ ਖੋਹ ਲਿਆਏ ਤੇ ਦੁਸ਼ਮਨਾਂ ਨੂੰ ਸਖਤ ਨੁਕਸਾਨ ਪਹੁੰਚਾਇਆ। ਕਿਲੇ ਵਿਚ ਵਾਪਸ ਆ ਕੇ ਉਸ ਨੂੰ ਆਜ਼ਾਦ ਕੀਤਾ ਅਤੇ ਲੜਾਈ ਦੀਆਂ ਫਿਰ ਤਿਆਰੀਆਂ ਕਰਨ ਲਗੇ ।

ਸਿੰਘਾਂ ਦੀ ਇਸ ਫੁਰਤੀ ਨੂੰ ਵੇਖ ਕੇ ਦੁਸ਼ਮਨ ਦੀਆਂ ਫੌਜਾਂ ਹੈਰਾਨ ਰਹਿ ਗਈਆਂ। ਉਨ੍ਹਾਂ ਦੀਆਂ ਸਾਰੀਆਂ ਖੁਸ਼ੀਆਂ ਗ਼ਮ ਵਿਚ ਬਦਲ ਗਈਆਂ ਅਤੇ ਉਹ ਮੱਥੇ ਪਰ ਹੱਥ ਮਾਰਕੇ ਅਫਸੋਸ ਕਰਨ ਲਗੇ। ਸਿੰਘਾਂ ਨੇ ਕਿਲੇ ਵਿਚ ਆ ਕੇ ਬਹੁਤ ਖੁਸ਼ੀਆਂ ਮਨਾਈਆਂ ਅਤੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਹੁਣ ਸਿੰਘਾਂ ਨੂੰ ਖਬਰ ਸੀ ਕਿ ਖਿਝੇ ਹੋਏ ਦੁਸ਼ਮਨ ਫਿਰ ਆ ਕੇ ਗਲ ਪੈਣਗੇ ਇਸ ਕਰਕੇ ਜੰਗ ਦੀਆਂ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ ।

ਜਦ ਬਾਦਸ਼ਾਹ ਫਰੁਖਸੀਅਰ ਨੂੰ ਇਸ ਗਲ ਦਾ ਪਤਾ ਲਗਿਆ ਕਿ ਸਿੰਘ ਫਿਰ ਜਿੱਤ ਗਏ ਹਨ ਅਤੇ ਸ਼ਾਹੀ ਫੌਜਾਂ ਦੇ ਅਫਸਰਾਂ ਦੀ ਅਣਗਹਿਲੀ ਨਾਲ ਬਣਿਆ ਹੋਇਆ ਕੰਮ ਵਿਗੜ ਗਿਆ ਹੈ। ਤਾਂ ਉਹ ਬਹੁਤ ਤੜਫਿਆ। ਉਸ ਦੀ ਬੇਚੈਨੀ ਦੀ ਕੋਈ ਹਦ ਨਹੀਂ ਸੀ। ਸੁਸਤੀ ਕਰਨ ਵਾਲੇ ਅਫਸਰਾਂ ਨੂੰ ਸਜਾਵਾਂ ਦਿਤੀਆਂ ਅਤੇ ਨਵੇਂ ਸਿਰੇ ਸਿੰਘਾਂ ਪਰ ਹਮਲਾ ਕਰਨ ਦੀਆਂ ਤਿਆਰੀਆਂ ਕਰਨ ਲੱਗਾ। ਬਾਦਸ਼ਾਹ ਨੇ ਹੁਣ ਮੁਹੰਮਦ ਅਮੀਨ ਖਾਨ ਫੌਜਦਾਰ ਗੁਜਰਾਤੀ, ਜਬਰਦਸਤ ਖਾਨ ਸੂਬੇਦਾਰ ਕਸ਼ਮੀਰ ਅਬਦੁਲ ਸਮਦ ਖਾਨ ਨਾਜ਼ਮ ਲਾਹੌਰ, ਮੋਮਨ ਖ਼ਾਨ ਤੇ ਸਫਦਰ ਜੰਗ ਆਦਿਕ ਮਸ਼ਹੂਰ ਫੌਜਦਾਰ ਨੂੰ ਕਿਹਾ ਕਿ ਬਦਾ ਸਿੰਘ ਬਹਾਦਰ ਪਰ ਆਖਰੀ ਹਮਲਾ ਕਰਕੇ ਉਸ ਨੂੰ ਗ੍ਰਿਫਦਾਰ ਕਰਕੇ ਮੇਰੇ ਹਵਾਲੇ ਕਰੋ ਅਤੇ ਸਿੰਘਾਂ ਦਾ ਸਫਾਇਆ ਕਰ ਦਿਉ। ਤੁਹਾਨੂੰ ਮੂੰਹ ਮੰਗੇ ਇਨਾਮ ਤੇ ਜਾਗੀਰਾਂ ਦਿਤੀਆਂ ਜਾਣਗੀਆਂ । ਬਾਦਸ਼ਾਹ ਨੇ ਇਸ ਸਮੇਂ ਇਕ ਹੋਰ ਬਹੁਤ ਵਡਾ ਧੋਖਾ ਕੀਤਾ ਮੁਸਲਮਾਨ ਫੌਜ ਦਾ ਹੌਸਲਾ ਕਾਇਮ ਰਖਣ ਲਈ ਇਹ ਅਫਵਾਹ ਫੈਲਾ ਦਿਤੀ ਕਿ ਬੰਦਾ ਸਿੰਘ ਤਾਂ ਕੁਲੂ ਦੇ ਵਿਚ ਕੈਦ ਰਹਿਕੇ ਮਰ ਗਿਆ ਹੈ ਹੁਣ ਤਾਂ ਸਿੰਘ ਐਵੇਂ ਉਸ ਦਾ ਨਾਮ ਵਰਤ ਕੇ ਹੀ ਲੁਟ ਲਚਾਉਂਦੇ ਹਨ ਅਤੇ ਝੂਠ ਮੂਠ 'ਬੰਦਾ ਸਿੰਘ ਆਇਆ' 'ਬੰਦਾ ਸਿੰਘ ਆਇਆ' ਦਾ ਸ਼ੋਰ ਮਚਾ ਦਿੰਦੇ ਹਨ। ਇਸ ਨਾਲ ਮੁਸਲਮਾਨਾਂ ਦੇ ਕੁਝ ਹੌਸਲੇ ਵਧ ਗਏ ਅਤੇ ਸਭ ਛੋਟੇ ਵਡੇ ਜਾਗੀਰਦਾਰ ਜੋ ਸਿੰਘਾਂ ਦੇ ਡਰ ਕਰਕੇ ਸਹਿਮੇ ਬੈਠੇ ਸਨ ਫਿਰ ਸ਼ਾਹੀ ਫੌਜ ਦੀ ਸਹਾਇਤਾ ਲਈ ਇਕਠੇ ਹੋਣੇ ਸ਼ੁਰੂ ਹੋ ਗਏ ।

ਮੁਸਲਮਾਨੀ ਦਲ ਸਾਵਣ ਦੀਆਂ ਕਾਲੀਆਂ ਘਟਾਂ ਵਾਂਗ ਲੋਹਗੜ ਕਿਲੇ ਪਰ ਉਮਡ ਪਿਆ ਅਤੇ ਕੁਝ ਦੇਰ ਪਿੰਡਾਂ ਵਿਚ ਦੂਰ ਦੂਰ ਰਹਿਣ ਵਾਲੇ ਸਿੰਘਾਂ ਪਰ ਭੀ ਸ਼ਾਹੀ ਫੌਜ ਦੇ ਇਸ ਪ੍ਰਾਪੇਗੰਡੇ ਦਾ ਅਸਰ ਹੋਇਆ ਕਿ ਬੰਦਾ ਸਿੰਘ ਬਹਾਦਰ ਮੌਜੂਦ ਨਹੀਂ। ਪ੍ਰੰਤੂ ਜਦ ਸਿੰਘਾਂ ਨੇ ਪੜਤਾਲ ਕਰਕੇ ਪਤਾ ਲਗਾਇਆ ਕਿ ਬੰਦਾ ਸਿੰਘ ਮੌਜੂਦ ਹੈ ਤਾਂ ਉਨ੍ਹਾਂ ਦੇ ਹੌਸਲੇ ਫਿਰ ਵਧ ਗਏ ਸਿੰਘ ਜਥੇ ਬਣਾ ਬਣਾਕੇ ਰਾਹ ਵਿਚ ਹੀ ਸ਼ਾਹੀ ਫੌਜ ਦੇ ਦਸਤਿਆਂ ਪਰ ਹਮਲੇ ਕਰਨ ਲਗ ਪਏ ਅਤੇ ਉਨ੍ਹਾਂ ਨੂੰ ਸਖਤ ਪ੍ਰੇਸ਼ਾਨ ਕੀਤਾ। ਜਦ ਸ਼ਾਹੀ ਲਸ਼ਕਰ ਲੋਹਗੜ ਦੇ ਨੇੜੇ ਪੁਜਿਆ ਤਾਂ ਬੰਦਾ ਸਿੰਘ ਨੇ ਲਗਦੇ ਹੱਥ ਹੀ ਇਕੋ ਜ਼ੋਰ

Digitized by Panjab Digital Library | www.panjabdigilib.org

ਦਾ ਹੱਲਾ ਕਰਵਾ ਦਿੰਦਾ। ਸਿੰਘਾਂ ਦਾ ਹੱਲਾ ਤੇ ਅੱਲਾ ਦਾ ਕਹਿਰ ਕੌਣ ਝਲੇ। ਸ਼ਾਹੀ ਫੌਜਾਂ ਵਿਚ ਭਾਜੜ ਪੈ ਗਈ। ਹਰ ਪਾਸੇ ਬੰਦਾ ਸਿੰਘ ਆਇਆ ਬੰਦਾ ਸਿੰਘ ਆਇਆ ਦਾ ਸ਼ੋਰ ਮੱਚ ਗਿਆ ਸ਼ਾਹੀ ਫੌਜ ਦੇ ਸਿਪਾਹੀ ਆਪਣੇ ਅਫਸਰਾਂ ਨੂੰ ਕੋਸਣ ਲੱਗੇ ਕਿ ਉਨ੍ਹਾਂ ਨੇ ਸਾਨੂੰ ਧੋਖਾ ਦਿੱਤਾ ਹੈ। ਇਸ ਵੇਰ ਮੈਦਾਨ ਫਿਰ ਸਿੰਘਾਂ ਦੇ ਹੱਥ ਆਇਆ।

ਉਧਰ ਜੰਮੂ ਦਾ ਸੂਬਾ ਵਜੀਰ ਖਾਂ ਚਾਰ ਕੁ ਹਜ਼ਾਰ ਫੌਜ ਲੈ ਕੇ ਦੁਆਬੇ ਵਿਚ ਆ ਵੜਿਆ ਤੇ ਸਿੰਘਾਂ ਦੀ ਕਤਲਾਮ ਸ਼ੁਰੂ ਕਰ ਦਿਤੀ। ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ। ਇਹ ਖਬਰਾਂ ਲੋਹਗੜ੍ਹ ਵਿਚ ਸਿੰਘਾਂ ਪਾਸ ਪੁਜੀਆਂ ਤੇ ਬੰਦਾ ਬਹਾਦਰ ਨੂੰ ਭੀ ਪਤਾ ਲਗਾ ਤਾਂ ਉਹ ਝੱਟ ਪਟ ਦੁਆਬੇ ਵਲ ਕੂਚ ਕਰ ਦਿਤਾ। ਪਹਿਲੇ ਹੱਲੇ ਵਿਚ ਹੀ ਵਜ਼ੀਰ ਖਾਂ ਸੂਬਾ ਜੰਮੂ ਮਾਰਿਆ ਗਿਆ ਅਤੇ ਸਿੰਘਾਂ ਨੇ ਦੁਆਬੇ ਦਾ ਜੰਗ ਜਿਤ ਲਿਆ। ਹੁਣ ਕੋਈ ਹਾਕਮ ਸਿੰਘਾਂ ਦਾ ਟਾਕਰਾ ਕਰਨ ਦੀ ਹਿੰਮਤ ਨਹੀਂ ਸੀ ਕਰਦਾ। ਸਿੰਘ ਭੀ ਵੇਹਲਾ ਸਮਾਂ ਵੇਖ ਕੇ ਖਿਲਰ ਗਏ ਤੇ ਘਰਾਂ ਵਿਚ ਜਾ ਕੇ ਬਾਲ ਬਚਿਆਂ ਦੀ ਖਬਰ ਲੈਣ ਲਗੇ। ਬੰਦਾ ਬਹਾਦਰ ਪਾਸ ਥੋੜੇ ਜਿਹੇ ਸਿੰਘ ਰਹਿ ਗਏ। ਇਹ ਵੇਖ ਕੇ ਸ਼ਮਸ ਦੀਨ ਕਸੂਰੀਏ ਨੇ ਜੋ ਚੜ੍ਹਦੀ ਜਵਾਨੀ ਅਤੇ ਤੇਜ਼ ਸੁਭਾ ਦਾ ਨੌਜਵਾਨ ਅਫਸਰ ਸੀ, ਆਪਣੇ ਲੜਕੇ ਕੁਤਬਦੀਨ ਖਾਨ ਤੇ ਚਰੇਰੇ ਭਾਈ ਸ਼ਾਹਦਾਦ ਖਾਨ ਜੋ ਪਹਾੜਾਂ ਵਿਚ ਜਾਗੀਰਦਾਰ ਸਨ ਤੇ ਰਾਇਪੁਰ ਰਹਿੰਦੇ ਸਨ ਨੂੰ ਲਿਖਿਆ ਕਿ ਆਪਾਂ ਬੰਦੇ ਨੂੰ ਫੜ ਕੇ ਬਹਾਦਰ ਸ਼ਾਹ ਪਾਸੋਂ ਹੋਰ ਵਡੇ ਅਹੁਦੇ ਲਈਏ। ਇਸ ਵੇਲੇ ਬੰਦੇ ਦੇ ਨਾਲ ਸਿੰਘ ਬਹੁਤ ਥੋੜੇ ਹਨ ਇਹ ਸੁਣ ਕੇ ਉਹ ਤਿਆਰ ਹੋ ਗਏ। ਇਹ ਤਿੰਨੇ ਫੌਜਾਂ ਲੈ ਕੇ ਸਿੰਘਾਂ ਜਾ ਪਿਛਾ ਕਰਨ ਲਗੇ। ਸਿੰਘ ਦਾਉ ਬਚਾ ਕੇ ਪਿਛੇ ਹਟਦੇ ਗਏ। ਜਦ ਇਹ ਐਨ ਮਾਰ ਹੇਠ ਆ ਗਏ ਤਾਂ ਇਤਨੇ ਜ਼ੋਰ ਦਾ ਹਮਲਾ ਕੀਤਾ ਕਿ ਦੁਸ਼ਮਨ ਦੀਆਂ ਸਤੇ ਸੁੱਧਾਂ ਭੁਲਾ ਦਿਤੀਆਂ। ਸ਼ੁਮਸ ਦੀਨ ਤੇ ਕੁਤਬ ਦੀਨ ਮਾਰੇ ਗਏ। ਮੁਸਲਮਾਨ ਫੌਜ ਉਹਨਾਂ ਦੀਆਂ ਲੋਥਾਂ ਚੁਕਣ ਲਈ ਲੜ ਰਹੀ ਸੀ ਕਿ ਸ਼ਾਹਦਾਦ ਖਾਨ ਫੌਜ ਲੈ ਕੇ ਆ ਗਿਆ। ਉਹ ਹੋਰ ਤਾਂ ਕੁਝ ਨਾ ਕਰ ਸਕਿਆ ਪਰ ਲੋਥਾਂ ਚੁਕ ਕੇ ਰਾਇਪੁਰ ਵਲ ਵਾਪਸ ਮੁੜ ਗਿਆ। ਇਸ ਲੜਾਈ ਦੀ ਜਦ ਦਿਲੀ ਦਰਬਾਰ ਵਿਚ ਖਬਰ ਪੁਜੀ ਤਾਂ ਸਭ ਨੇ ਇਹੋ ਕਿਹਾ ਕਿ ਸਿੰਘ ਬੁਰੀ ਬਲਾ ਹਨ। ਇਹਨਾਂ ਨਾਲ ਮੁਕਾਬਲਾ ਕਰਨਾ ਬਹੁਤ ਮੁਸ਼ਕਲ ਹੈ।

## ਬਾਬਾ ਬੰਦਾ ਸਿੰਘ ਢਹਿੰਦੀਆਂ ਕਲਾਂ ਦਾ ਆਰੰਭ

### (ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ)

ਇਸ ਤਰਾਂ ਹਰ ਮੈਦਾਨ ਫਤਹਿ ਹੁੰਦੀ ਵੇਖ ਕੇ ਬਾਬਾ ਬੰਦਾ ਸਿੰਘ ਨੂੰ ਹੰਕਾਰ ਹੋ ਗਿਆ। ਉਸ ਦਾ ਨਾਮ ਸਚ ਮੁਚ ਹੀ ਉਸ ਵੇਲੇ ਮੁਸਲਮਾਨਾਂ ਲਈ ਹਊਆ ਬਣ ਰਿਹਾ ਸੀ। ਇਸ ਕਰ ਕੇ ਉਸ ਨੇ ਇਹ ਸਮਝਿਆ ਕਿ ਇਹ ਸਭ ਮੇਰੀ ਹੀ ਕਰਾਮਾਤ ਹੈ। ਸਿੰਘ ਭੀ ਜਿਥੇ ਕਿਥੇ ਮੇਰਾ ਨਾਮ ਲੈ ਕੇ ਹੀ ਫਤਹਿ ਪਾਉਂਦੇ ਹਨ। ਦਿਲ ਵਿਚ ਹੰਕਾਰ ਦਾ ਡੇਰਾ ਜੰਮ ਗਿਆ। ਹੁਣ ਉਸ ਨੇ ਸਿੰਘਾਂ ਨੂੰ ਗੱਲੀਂ ਗੱਲੀਂ ਇਹ ਜਤਾਉਣਾ ਸ਼ੁਰੂ ਕਰ ਦਿਤਾ ਕਿ ਮੇਰੇ ਬਿਨਾਂ ਤੁਸੀਂ ਕੀ ਕਰ ਸਕਦੇ ਹੋ। ਬੰਦਾ ਸਿੰਘ ਬਹਾਦਰ ਨੇ ਸਭ ਵੱਡੀ ਗਲਤੀ ਇਹ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਪੰਜ ਗਲਾਂ ਨਾ ਕਰਨ ਦਾ ਹੁਕਮ ਦਿਤਾ ਸੀ ਉਹ ਕਰਨੀਆਂ ਸ਼ੁਰੂ ਕਰ ਦਿਤੀਆਂ। ਉਸ ਨੇ ਵਿਆਹ ਕਰਾ ਲਏ। ਗੱਦੀ ਲਾ ਕੇ ਗੁਰੂ ਬਣ ਬੈਠਾ ਅਤੇ ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ

Digitized by Panjab Digital Library | www.panjabdigilib.org

ਫਤਹਿ ਦੀ ਥਾਂ ਦਰਸ਼ਨੀ ਖਾਲਸਾ ਤੇ ਦਰਸ਼ਨੀ ਫਤਹਿ ਬੁਲਾਉਣ ਲਗ ਪਿਆ। ਇਨ੍ਹਾਂ ਸਾਰੀਆਂ ਗਲਾਂ ਦਾ ਸਿੰਘਾਂ ਦੇ ਮਨ ਪਰ ਬਹੁਤ ਬੁਰਾ ਅਸਰ ਹੋਇਆ। ਉਹ ਹੋਰ ਸਭ ਕੁਝ ਬਰਦਾਸ਼ਤ ਕਰ ਸਕਦੇ ਸਨ ਪ੍ਰੰਤੂ ਬੁਨਿਆਦੀ ਸਿੱਖ ਅਸੂਲਾਂ ਨੂੰ ਤੋੜਨਾ ਗਵਾਰਾ ਨਹੀਂ ਸੀ ਕਰ ਸਕਦੇ।

ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਉਸ ਨੂੰ ਇਕ ਵੇਰ ਫਿਰ ਚਿਤਾਵਨੀ ਕਰਾਈ ਜਾਵੇ ਕਿ ਉਹ ਗੁਰੂ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਨਾ ਕਰੇ ਅਤੇ ਖਾਲਸੇ ਦੇ ਭਰੇ ਦੀਵਾਨ ਵਿਚ ਅਗੇ ਤੋਂ ਠੀਕ ਚਲਣ ਦਾ ਭਰੋਸਾ ਦਿਵਾਵੇ। ਬਾਬਾ ਕਾਹਨ ਸਿੰਘ ਭੱਲਾ, ਬਾਬਾ ਬਿਨੋਦ ਸਿੰਘ, ਸ: ਫਤਹਿ ਸਿੰਘ ਭਗਤੂ ਕਾ, ਭਾ: ਰਾਮ ਸਿੰਘ, ਤ੍ਰਲੋਕ ਸਿੰਘ ਫੂਲ ਕੇ, ਭਾ: ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇ ਕੇ ਆਦਿਕ ਮੁਖੀਆਂ ਨੇ ਬਾਬਾ ਬੰਦਾ ਸਿੰਘ ਦੀ ਦਰਸ਼ਨੀ ਫਤਹਿ ਆਦਿ ਵਾਲੀਆਂ ਮਨਮੁਖਤਾ ਦੀ ਵਿਰੋਧਤਾ ਕੀਤੀ।

ਬਾਬਾ ਬੰਦਾ ਸਿੰਘ ਆਪਣੇ ਦਲ ਸਮੇਤ ਮੈਦਾਨੀ ਇਲਾਕੇ ਤੋਂ ਹਟ ਕੇ ਪਹਾੜਾਂ ਵਲ ਚਲਿਆ ਗਿਆ। ਉਸ ਨੇ ਕਲਾਨੌਰ ਫ਼ਤਹ ਕੀਤਾ। ਉਧਰੋਂ ਬਾਦਸ਼ਾਹ ਫਰੁਖਸੀਅਰ ਨੇ ਬੰਦੇ ਦੀ ਵਡਿਆਈ ਵੇਖਕੇ ਹੋਰ ਅਫਸਰ ਤੇ ਫੌਜ ਭੇਜੀ। ਬੰਦੇ ਨਾਲ ਲੜਾਈਆਂ ਹੋਈਆਂ।

ਉਧਰ ਬੰਦੇ ਨੇ ਕੋਟ ਨੈਣੇ ਦਾ ਜੰਗ ਜਿੱਤ ਕੇ ਨਵਾਂ ਕਿਲਾ ਬਨਾਉਣਾ ਸ਼ੁਰੂ ਕੀਤਾ। ਇਤਨੇ ਵਿਚ ਸ਼ਾਹੀ ਲਸ਼ਕਰ ਨੇੜੇ ਆ ਗਿਆ ਤਾਂ ਬਾਬਾ ਬੰਦਾ ਸਿੰਘ ਕਿਲਾ ਬਣਾਉਣਾ ਵਿਚੇ ਛਡ ਕੇ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਜਾ ਵੜਿਆ। ਇਹ ਘਟਨਾ ਅਪਰੈਲ ਸੰਨ ੧੭੧੫ ਈ: ਦੀ ਹੈ।* ਸ਼ਾਹੀ ਲਸ਼ਕਰ ਨੇ ਹਵੇਲੀ ਨੂੰ ਘੇਰਾ ਪਾ ਲਿਆ। ਸਿੰਘਾਂ ਦਾ ਇਕ ਜੱਥਾ ਬਾਹਰੋਂ ਲਕੜਾਂ ਤੇ ਰਸਦ ਆਦਿ ਲੈਣ ਗਿਆ ਤਾਂ ਉਸ ਦੀ ਫੌਜ ਨਾਲ ਮੁੱਠ ਭੇੜ ਹੋ ਗਈ। ਚੰਗੀ ਕਟਾ ਵਢੀ ਹੋਈ ਪਰ ਇਤਨੀ ਦੇਰ ਵਿਚ ਚਾਰ ਕੁ ਸੌ ਸਿੰਘ ਹੋਰ ਆ ਗਏ ਜੋ ਬਿਸਮੇਂ ਹੋਏ ਸਨ ਉਨ੍ਹਾਂ ਨੇ ਹੱਲਾ ਕਰ ਕੇ ਤੁਰਕਾਂ ਨੂੰ ਪਿੱਛੇ ਹਟਾ ਦਿਤਾ ਅਤੇ ਸਿੰਘ ਰਸਦ ਲੈ ਕੇ ਗੜ੍ਹੀ ਵਿਚ ਜਾ ਵੜੇ। ਹੁਣ ਸ਼ਾਹੀ ਫੌਜ ਨੂੰ ਪਤਾ ਲਗ ਗਿਆ ਕਿ ਬੰਦੇ ਪਾਸ ਰਸਦ ਨਹੀਂ ਉਨ੍ਹਾਂ ਨੇ ਘੇਰਾ ਹੋਰ ਸਖਤ ਕਰ ਦਿਤਾ ਤੇ ਕੋਈ ਚੀਜ਼ ਅੰਦਰ ਨਾ ਜਾਣ ਦਿਤੀ। ਗੜ੍ਹੀ ਵਿਚ ਭੁਖ ਦੇ ਦੁਖੋਂ ਹਾਹਾਕਾਰ ਮਚ ਗਈ। ਚਾਰ ਮਹੀਨੇ ਘੇਰਾ ਪਿਆ ਰਿਹਾ ਇਸ ਕਰ ਕੇ ਭੁਖ ਦੇ ਮਾਰੇ ਸਿੰਘਾਂ ਨੇ ਖਚਰਾਂ ਤੇ ਘੋੜੇ ਆਦਿਕ ਭੀ ਮਾਰਕੇ ਖਾ ਲਏ। ਸ਼ਾਹੀ ਲਸ਼ਕਰ ਨੇ ਇਕ ਚਾਲ ਚਲੀ ਇਕ ਰਹਿਮਾਨੀ ਝੰਡਾ ਖੜਾ ਕਰ ਕੇ ਕਿਹਾ ਜੋ ਇਸ ਦੇ ਹੇਠ ਆ ਜਾਵੇਗਾ ਤੇ ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ ਕਰਕੇ ਬਹੁਤ ਸਾਰੇ ਭੁਖ ਦੇ ਮਾਰੇ ਲੋਕ ਇਸ ਝੰਡੇ ਹੇਠ ਆ ਗਏ ਜਿਨ੍ਹਾਂ ਨੂੰ ਪਹਿਲੇ ਦੀਨ ਮਨਾਉਣਾ ਚਾਹਿਆ ਪਿਛੋਂ ਸਭ ਕਤਲ ਕਰ ਦਿਤੇ। ਇਸ ਝੰਡੇ ਨੂੰ ਲੋਕ ਰਹਿਮਾਨੀ ਨਹੀਂ ਕਹਿਰਾਨੀ ਝੰਡਾ ਕਹਿਣ ਲਗ ਪਏ। ਭਾਈ ਮੀਰੀ ਸਿੰਘ ਨੇ ਕਿਹਾ ਸੀ ਕਿ ਲੜਦੇ ਹੋਏ ਕਿਲਾ ਛੱਡ ਚਲੋ। ਪਰ ਇਹ ਗੱਲ ਬਾਕੀ ਸਿੰਘਾਂ ਨੇ ਨਾ ਮੰਨੀ ਤੇ ਮੀਰੀ ਸਿੰਘ ਹੋਰੀ ਉਥੋਂ ਨਿਕਲ ਗਏ।

ਇਤਿਹਾਸ ਕਾਰਾਂ ਦਾ ਖਿਆਲ ਹੈ ਕਿ ਜੇ ਬੰਦਾ ਸਿੰਘ ਬਹਾਦਰ ਬਾਹਰ ਨਿਕਲ ਕੇ ਲੜਦਾ

*William Irvine Later Mughols I P. 312,

Digitized by Panjab Digital Library | www.panjabdigilib.org

ਤਾਂ ਉਸ ਦੀ ਫ਼ਤਹਿ ਜ਼ਰੂਰ ਹੁੰਦੀ। ਸ਼ਾਹੀ ਸੈਨਾ ਵਿਚ ਬੰਦਾ ਸਿੰਘ ਦਾ ਡਰ ਤੇ ਉਸ ਦੇ ਜਾਦੂ ਦਾ ਭੈ ਬਹੁਤ ਸੀ ਜਿਸ ਕਰਕੇ ਕੋਈ ਉਸ ਦੇ ਨੇੜੇ ਢੁਕਣ ਦੀ ਹਿੰਮਤ ਨਹੀਂ ਸੀ ਕਰਦਾ। ਜਦ ਸਿੰਘ ਭੁਖ ਨਾਲ ਬਹੁਤ ਕਮਜ਼ੋਰ ਹੋਣ ਲਗੇ ਤਾਂ ਉਹ ਬਾਹਰ ਨਿਕਲ ਕੇ ਸ਼ਾਹੀ ਸੈਨਾ ਨਾਲ ਲੜ ਕੇ ਸ਼ਹੀਦ ਹੋ ਜਾਂਦੇ। ਇਸ ਤਰਾਂ ਬੰਦਾ ਸਿੰਘ ਦਾ ਸਾਥ ਘਟਣ ਲਗ ਪਿਆ ਤੇ ਉਸ ਦੀ ਤਾਕਤ ਦਿਨੋ ਦਿਨ ਕਮਜ਼ੋਰ ਹੁੰਦੀ ਗਈ। ਜਦ ਚਾਰ ਕੁ ਹਜ਼ਾਰ ਸਿੰਘ ਬੰਦਾ ਸਿੰਘ ਨਾਲ ਰਹਿ ਗਏ ਤਾਂ ਉਸ ਨੇ ਬਾਹਰ ਨਿਕਲ ਕੇ ਹੱਲਾ ਕਰਵਾ ਦਿਤਾ। ਸਿੰਘ ਹੁਣ ਥੋਹੜੇ ਸਨ ਤੇ ਭੁਖ ਦੇ ਕਮਜ਼ੋਰ ਕੀਤੇ ਹੋਏ। ਇਸ ਕਰਕੇ ਕੁਝ ਲੜ ਕੇ ਸ਼ਹੀਦ ਹੋ ਗਏ ਤੇ ਬਾਕੀ ਫੜ ਲਏ ਗਏ।

ਅਠ ਮਹੀਨੇ ਦੇ ਘੇਰੇ ਪਿਛੋਂ ਜਦੋਂ ਸਿੰਘ ਭੁਖ ਨਾਲ ਕਮਜ਼ੋਰ ਹੋ ਗਏ ਤਾਂ ੧੭ ਦਸੰਬਰ ੧੭੧੫ ਨੂੰ ਗੜ੍ਹੀ ਪਰ ਸ਼ਾਹੀ ਫੌਜ ਦਾ ਕਬਜ਼ਾ ਹੋ ਗਿਆ। ਤੇ ਬਾਬਾ ਬੰਦਾ ਸਿੰਘ ਦੋਹੀਂ ਸਿੰਘਾਂ ਸਮੇਤ ਫੜੇ ਗਏ। ਜ਼ਿਕਰੀਆ ਖਾਂ ਆਦਿਕ ਨੇ ਸਿੰਘਾਂ ਪਰ ਬਹੁਤ ਅਤਿਆਚਾਰ ਕੀਤੇ। ਗੁਰਦਾਸ ਪੁਰ ਦੀ ਗੜ੍ਹੀ ਵਿਚੋਂ ਫੜੇ ਗਏ ਸਿੰਘਾਂ ਨੂੰ ਪਹਿਲੇ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਾਇਆ ਗਿਆ ਤੇ ਫਿਰ ਹਥਕੜੀਆਂ ਬੇੜੀਆਂ ਲਾ ਕੇ ਤੇ ਊਠਾਂ ਪਰ ਲੱਦ ਕੇ ਦਿਲੀ ਵੱਲ ਤੋਰ ਦਿਤਾ।* ਜਦ ਦਿਲੀ ਪਾਸ ਪਹੁੰਚੇ ਤਾਂ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਨ੍ਹਾਂ ਕਾਫਰਾਂ ਨੂੰ ਇਸ ਤਰਾਂ ਸ਼ਹਿਰ ਵਿਚੋਂ ਲੰਘਾਉ ਕਿ ਸਭ ਨੂੰ ਇਬਰਤ ਮਿਲੇ। ਇਹ ਸੁਣ ਕੇ ਮੁਸਲਮਾਨ ਹਾਕਮਾਂ ਨੇ ਸਿੰਘਾਂ ਦੇ ਸਿਰ ਕਟ ਕੇ ਨੇਜ਼ਿਆਂ ਪਰ ਟੰਗ ਲਏ ਅਤੇ ਜੋ ਗਡਿਆਂ ਪਰ ਸਨ ਉਨ੍ਹਾਂ ਦੇ ਮੂੰਹ ਕਾਲੇ ਕਰ ਦਿਤੇ। ਸਭ ਨੂੰ ਕਤਾਰ ਦੀ ਕਤਾਰ ਇਕ ਇਕ ਕਰ ਕੇ ਤੋਰਿਆ। ਦਿਲੀ ਦੇ ਨਰ ਨਾਰੀ ਵੇਖਣ ਲਈ ਕੋਠਿਆਂ ਪਰ ਚੜ੍ਹ ਗਏ ਅਤੇ ਇਉਂ ਪ੍ਰਤੀਤ ਹੋਣ ਲਗਾ ਜਿਵੇਂ ਇਕ ਦਿਲੀ ਦੀਆਂ ਦਸ ਦਿਲੀਆਂ ਬਣ ਗਈਆਂ ਹਨ। ਦਿਲੀ ਵਿਚ ਲੋਕ ਸਿੰਘਾਂ ਦੀ ਡੀਲ ਡੌਲ ਅਤੇ ਸਰੂਪ ਦੇਖ ਕੇ ਹੈਰਾਨ ਹੋ ਰਹੇ ਸਨ। ਚਾਂਦਨੀ ਚੌਕ ਵਿਚ ਲਿਆ ਕੇ ਸਭ ਨੂੰ ਇਕ ਹਵੇਲੀ ਵਿਚ ਕੈਦ ਕਰ ਦਿਤਾ ਅਤੇ ਬੰਦਾ ਸਿੰਘ ਬਹਾਦਰ ਤੇ ਹੋਰ ਮੁਖੀ ਸਰਦਾਰਾਂ ਨੂੰ ਕਿਲ੍ਹੇ ਵਿਚ ਕੈਦ ਕੀਤਾ ਗਿਆ। ਅਗਲੀ ਸਵੇਰ ਬਾਦਸ਼ਾਹ ਨੇ ਸਭ ਕੈਦੀਆਂ ਦਾ ਮੁਆਇਨਾਂ ਕਰਨਾ ਸੀ। ਸਭ ਨੂੰ ਇਕ ਕਤਾਰ ਵਿਚ ਖੜੇ ਕੀਤਾ ਗਿਆ। ਜਿਸ ਵੇਲੇ ਬਾਦਸ਼ਾਹ ਸਾਹਮਣੇ ਆਇਆ ਤਾਂ ਸਭ ਨੇ ਗੱਜ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਇਸ ਤੋਂ ਫ਼ਰਖਸੀਅਰ ਬਹੁਤ ਚਿੜਿਆ ਅਤੇ ਹੁਕਮ ਦੇ ਗਿਆ ਕਿ ਜੋ ਦੀਨ ਮੰਨੇ ਉਸ ਨੂੰ ਛਡ ਦਿਉ ਬਾਕੀ ਸਭ ਨੂੰ ਕਤਲ ਕਰ ਦਿਉ। ਰੋਜ਼ਾਨਾ ਚਾਂਦਨੀ ਚੌਂਕ ਵਿਚ ਇਕ ਇਕ ਸੌ ਸਿੰਘਾਂ ਨੂੰ ਖੜੇ ਕਰ ਕੇ ਪੁਛਿਆ ਜਾਂਦਾ ਕਿ ਦੀਨ ਕਬੂਲ ਕਰਦੇ ਹੋ ਜਾਂ ਮੌਤ। ਕਾਜ਼ੀ ਦਰਬਾਰ ਲਗਾਉਂਦੇ ਸਭ ਸਿੰਘ ਸ਼ਹੀਦ ਹੋਣ ਲਈ ਤਿਆਰ ਰਹਿੰਦੇ ਇਸ ਕਰਕੇ ਪਬਲਿਕ ਦੇ ਸਾਹਮਣੇ ਸਭ ਨੂੰ ਕਤਲ ਕਰ ਦਿਤਾ ਜਾਂਦਾ। ਖਾਫੀ ਖਾਨ ਆਦਿਕ ਮੁਸਲਮਾਨ ਲਿਖਾਰੀਆਂ ਨੇ ਭੀ ਮੰਨਿਆ ਹੈ ਕਿ ਸਿੰਘਾਂ ਦਾ ਸਿਦਕ ਤੇ ਭਰੋਸਾ ਵੇਖ ਕੇ ਦੁਨੀਆਂ ਹੈਰਾਨ ਰਹਿ ਜਾਂਦੀ ਸੀ। ਦੁਨੀਆਂ ਦਾ ਕੋਈ ਲਾਲਚ ਭੀ ਸਿੰਘਾਂ ਨੂੰ ਆਪਣੇ ਧਰਮ ਤੋਂ ਵਿਮੁਖ ਨਹੀਂ ਸੀ ਕਰ ਸਕਦਾ। ਗੁਰਬਾਣੀ ਦਾ ਪਾਠ ਕਰਦੇ ਹੋਏ ਸ਼ਹੀਦ ਹੋਣ ਨੂੰ ਹਰ ਸਮੇਂ ਤਿਆਰ ਰਹਿਦੇ ਸਨ।

---

* ਸੈਰੁਲਮੁਤਾਖ਼ਰੀਨ, ਜਿਲਦ ਦੂਜੀ, ਸਫ਼ਾ ੪੦੩, Irvine, Later Mughals, I, P.316

† Irvine, Later Mughals, I, P.317, ਸੈਰੁਲਮੁਤਾਖ਼ਰੀਨ, ਜਿਲਦ ਦੂਜੀ, ਸਫ਼ਾ ੪੦੩।

Digitized by Panjab Digital Library | www.panjabdigilib.org

ਇਕ ਦਿਨ ਇਕ ਮਾਈ ਜਿਸ ਦੇ ਪੁਤ੍ਰ ਨੂੰ ਕਤਲ ਕੀਤਾ ਜਾਣਾ ਸੀ ਭਜ ਕੇ ਬਾਦਸ਼ਾਹ ਦੇ ਹਾਥੀ ਅਗੇ ਲੇਟ ਗਈ। ਬਾਦਸ਼ਾਹ ਨੇ ਕਾਰਨ ਪੁਛਿਆ ਤਾਂ ਉਸ ਨੇ ਕਿਹਾ ਮੈਂ ਨਿਮਾਣੀ ਦਾ ਇਕਲੌਤਾ ਬੇਟਾ ਭੁਲੇਖੇ ਨਾਲ ਫੜਕੇ ਸਿੰਘਾਂ ਵਿਚ ਸ਼ਾਮਲ ਕਰ ਦਿਤਾ ਗਿਆ ਹੈ। ਜੇ ਮੇਰੇ ਪੁਤਰ ਨੂੰ ਮਾਰ ਦਿਤਾ ਗਿਆ ਤਾਂ ਮੈਂ ਕੁਝ ਖਾ ਕੇ ਮਰ ਜਾਵਾਂਗੀ। ਬਾਦਸ਼ਾਹ ਨੇ ਉਸ ਦੇ ਪੁਤਰ ਦੀ ਰਿਹਾਈ ਦਾ ਪ੍ਰਵਾਨਾ ਲਿਖ ਦਿਤਾ ਜਿਸ ਵਿਚ ਇਹ ਲਿਖਿਆ ਸੀ ਕਿ ਜੇ ਉਹ ਇਕਰਾਰ ਕਰੇ ਕਿ ਮੈਂ ਸਿੱਖ ਨਹੀਂ, ਤਾਂ ਉਸ ਨੂੰ ਫੌਰਨ ਰਿਹਾ ਕਰ ਦਿਤਾ ਜਾਵੇ। ਮੋਹ ਮਾਰੀ ਮਾਤਾ ਜਦ ਪ੍ਰਵਾਨਗੀ ਲੈ ਕੇ ਚੌਂਕ ਵਿਚ ਪੁਜੀ ਤਾਂ ਜਲਾਦ ਉਸ ਦੇ ਪੁਤ੍ਰ ਨੂੰ ਕਤਲ ਕਰਨ ਵਾਲਾ ਹੀ ਸੀ। ਉਸ ਨੇ ਪੁਕਾਰ ਕੇ ਕਿਹਾ ਮੇਰਾ ਪੁਤਰ ਸਿਖ ਨਹੀਂ ਇਸ ਨੂੰ ਛੱਡ ਦਿਉ ਪਰ ਜਦ ਸਿੱਖ ਲੜਕੇ ਨੂੰ ਪਤਾ ਲਗਿਆ ਤਾਂ ਉਸ ਨੇ ਜਵਾਬ ਦਿਤਾ ਕਿ ਮੈਂ ਪੱਕਾ ਸਿੱਖ ਹਾਂ ਇਹ ਬੁਢੀ ਐਵੇਂ ਝੂਠ ਬੋਲਦੀ ਹੈ। ਮੈਨੂੰ ਛੇਤੀ ਕਤਲ ਕਰੋ ਤਾਕਿ ਮੈਂ ਆਪਣੇ ਸ਼ਹੀਦ ਭਰਾਵਾਂ ਨਾਲ ਜਾ ਕੇ ਰਲਾਂ। ਮਮਤਾ ਦੀ ਮਾਰੀ ਮਾਂ ਨੇ ਬਹੁਤ ਰੌਲਾ ਪਾਇਆ ਬਹੁਤ ਰੋਈ ਪਿੱਟੀ ਪ੍ਰੰਤੂ ਲੜਕੇ ਨੇ ਕਿਹਾ ਇਹ ਮੇਰੀ ਮਾਂ ਨਹੀਂ ਵੈਰਨ ਹੈ ਜੋ ਮੈਨੂੰ ਧਰਮ ਤੋਂ ਗਿਰਨ ਲਈ ਆਖਦੀ ਹੈ। ਖਾਫੀ ਖਾਂ ਆਦਿਕ ਮੁਸਲਮਾਨ ਲਿਖਾਰੀਆਂ ਨੇ ਇਸ ਘਟਨਾ ਨੂੰ ਬੜੇ ਸੋਹਣੇ ਸ਼ਬਦਾਂ ਵਿਚ ਲਿਖਿਆ ਹੈ ਅਤੇ ਕਿਹਾ ਹੈ ਕਿ ਇਸ ਨੌਜਵਾਨ ਮੁੰਡੇ ਦਾ ਧਰਮ ਨਾਲ ਅਟੁਟ ਪਿਆਰ ਵੇਖ ਕੇ ਲੋਕ ਦੰਗ ਰਹਿ ਗਏ ਅਤੇ ਸਭ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ! ਖਲਕਤ ਇਸ ਚੰਦ ਵਰਗੇ ਮਸਫੁਟੇ ਨੌਜਵਾਨ ਨੂੰ ਵੇਖ ਕੇ ਜ਼ਾਰ ਜ਼ਾਰ ਰੋ ਰਹੀ ਸੀ। ਜਦ ਉਹ ਲੜਕਾ ਆਪਣੇ ਧਰਮ ਤੋਂ ਵਿਮੁਖ ਨਾਂ ਹੋਇਆ ਤਾਂ ਉਸ ਨੂੰ ਕਤਲ ਕਰ ਦਿਤਾ ਗਿਆ। ( Later Mughals, I, P. 318 ) ਹੋਰ ਇਤਿਹਾਸਕ ਪੁਸਤਕਾਂ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਬਾਦਸ਼ਾਹ ਦੀ ਜ਼ੁਲਮ ਦੀ ਪਿਆਸ ਅਜੇ ਬੁਝੀ ਨਹੀਂ ਸੀ। ਉਸ ਨੇ ਦਿਲੀ ਵਿਚ ਫੜ ਕੇ ਆਏ ਸਾਰੇ ਸਿੰਘਾਂ ਨੂੰ ਕਤਲ ਕਰ ਕੇ ਹੀ ਬਸ ਨਹੀਂ ਕੀਤੀ ਸਗੋਂ ਪੰਜਾਬ ਵਿਚ ਸਭ ਜਗ੍ਹਾ ਫੁਰਮਾਨ ਜਾਰੀ ਕਰ ਦਿਤੇ ਕਿ ਜਿਥੇ ਕੋਈ ਸਿੰਘ ਮਿਲੇ ਕਤਲ ਕਰ ਦਿਤਾ ਜਾਵੇ।

ਇਤਮਾਦੁਦੌਲਾ ਮੁਹੰਮਦ ਅਮੀਨ ਖਾਨ ਨੇ ਬੰਦਾ ਬਹਾਦਰ ਨਾਲ ਕਾਫੀ ਚਿਰ ਉੱਤਰ ਪ੍ਰਸ਼ਨ ਕੀਤੇ ਬੰਦੇ ਨੇ ਕਿਹਾ 'ਤੁਹਾਡੀ ਕੀ ਤਾਕਤ ਹੈ, ਸਚੇ ਪਾਤਿਸ਼ਾਹ ਦੇ ਹੁਕਮ ਦੇ ਉਲੰਘਣ ਦੀ ਸਜ਼ਾ ਭੁਗਤ ਰਿਹਾ ਹਾਂ।' ਪਰ ਇਹ ਅਸਰ ਹੋਇਆ ਕਿ ਇਹ ਬੜਾ ਬ੍ਰਹਮ ਗਿਆਨੀ ਹੈ। ਜਦ ਉਸ ਨੇ ਬਾਦਸ਼ਾਹ ਨੂੰ ਦਸਿਆ ਤਾਂ ਉਸ ਨੇ ਕਿਹਾ ਐਸੇ ਸਿੱਧ ਪੁਰਸ਼ ਨੂੰ ਇਸਲਾਮ ਵਿਚ ਲੈ ਆਉਣਾ ਚਾਹੀਦਾ ਹੈ। ਜਦ ਬੰਦੇ ਪਾਸੋਂ ਪੁਛਿਆ ਗਿਆ ਤਾਂ ਉਸ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿਤਾ। ਬਾਦਸ਼ਾਹ ਦੇ ਹੁਕਮ ਨਾਲ ਬੰਦੇ ਨੂੰ ਅਜਮੇਰੀ ਦਰਵਾਜ਼ੇ ਪੀਰ ਕੁਤਬਦੀਨ ਦੀ ਦਰਗਾਹ ਦੇ ਅਗੇ ਕਤਲ ਕਰਨ ਦਾ ਹੁਕਮ ਦਿਤਾ ਗਿਆ। ਖਲਕਤ ਭਾਰੀ ਗਿਣਤੀ ਵਿਚ ਇਕੱਠੀ ਹੋ ਗਈ ਤੇ ਬੰਦਾ ਸਿੰਘ ਨੂੰ ਇਸਲਾਮ ਕਬੂਲਣ ਲਈ ਕਿਹਾ ਗਿਆ ਪਰ ਉਸ ਨੇ ਨਾ ਮੰਨਿਆ। ਬੰਦਾ ਸਿੰਘ ਦਾ ਤਿੰਨ ਸਾਲ ਦੇ ਸਪੁਤਰ ਅਜੇ ਸਿੰਘ ਨੂੰ ਕਤਲ ਕਰਕੇ ਉਸ ਦੀ ਕਲੇਜੀ ਕਢ ਕੇ ਬੰਦਾ ਸਿੰਘ ਦੇ ਮੂੰਹ ਪਰ ਮਾਰੀ ਗਈ। ਇਤਨਾ ਕਹਿਰ ਬੰਦੇ ਨੇ ਬੜੇ ਸਬਰ ਨਾਲ ਝੱਲਿਆ। ਇਹ ਅਤਿਆਚਾਰ ਸਹਿ ਕੇ ਬੰਦਾ ਸਿੰਘ ਚੁੱਪ ਰਿਹਾ। ਫਿਰ ਬਾਬਾ ਬੰਦਾ ਸਿੰਘ ਨੂੰ ਕਤਲ ਕਰ ਦਿਤਾ ਗਿਆ। ਬਾਬਾ ਬੰਦਾ ਸਿੰਘ ੧੯ ਜੂਨ ੧੭੧੬ ਨੂੰ ਸ਼ਹੀਦ ਹੋ ਗਿਆ। ਉਹਨਾਂ ਦੇ ਨਾਲ ਹੀ ਸ: ਬਾਜ ਸਿੰਘ, ਸ: ਰਾਮ ਸਿੰਘ, ਭਾਈ ਫਤਹਿ ਸਿੰਘ, ਭਾਈ ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਆਦਿ ਸਿੰਘ ਭੀ ਸ਼ਹੀਦ ਹੋ ਗਏ।

Digitized by Panjab Digital Library | www.panjabdigilib.org

# ਬਾਬਾ ਬੰਦਾ ਸਿੰਘ ਸਬੰਧੀ ਕੁਝ ਜ਼ਰੂਰੀ ਗੱਲਾਂ

ਗੁਰੂ ਦਸਮ ਪਾਤਿਸ਼ਾਹ ਦੇ ਬਲ ਦਾ ਇਹ ਚਮਤਕਾਰ ਹੈ ਕਿ ਇਹ ਬੈਰਾਗੀ ਸਾਧ ਸਿੰਘ ਸਜ ਕੇ ਫੌਜੀ ਜਰਨੈਲ ਬਣ ਗਿਆ। ਬੰਦਾ ਸਿੰਘ ਬਹਾਦਰ ਪਰ ਗੁਰੂ ਸਾਹਿਬ ਦੇ ਦਰਸ਼ਨ ਦਾ ਜਾਦੂ ਵਰਗਾ ਅਸਰ ਹੋਇਆ। ਇਸ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਪੇਸ਼ ਕਰਦਿਆਂ ਕਿਹਾ ਕਿ ਮੈਂ ਆਪ ਦਾ ਬੰਦਾ ਹਾਂ। ਇਸ ਕਰਕੇ ਗੁਰੂ ਦਸਮ ਪਾਤਿਸ਼ਾਹ ਨੇ ਉਸ ਦਾ ਨਾਮ ਬੰਦਾ ਸਿੰਘ ਰਖਿਆ ਤੇ ਅੰਮ੍ਰਿਤ ਛਕਾ ਕੇ ਉਸ ਨੂੰ ਸਿੰਘ ਸਜਾਇਆ। ਇਹ ਖਿਆਲ ਗਲਤ ਹੈ ਕਿ ਬਾਬਾ ਬੰਦਾ ਸਿੰਘ ਦਾ ਨਾਮ ਗੁਰਬਖਸ਼ ਸਿੰਘ ਸੀ।

ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਨਗਾਰਾ ਬਖਸ਼ ਕੇ ਪੰਜ ਸਿੰਘ ਉਸਦੀ ਸੁਪਰਤੀ ਲਈ ਨੀਯਤ ਕੀਤੇ ਜਿਨ੍ਹਾਂ ਦੇ ਨਾਮ ਇਹ ਹਨ :—

੧. ਬਾਬਾ ਬਿਨੋਦ ਸਿੰਘ
੨. ਸ: ਕਾਹਨ ਸਿੰਘ
੩. ਸ: ਬਾਜ ਸਿੰਘ
੪. ਸ: ਦਿਆ ਸਿੰਘ
੫. ਸ: ਰਣ ਸਿੰਘ।

ਕਈਆਂ ਨੇ ਪਿਛਲੇ ਦੋ ਨਾਵਾਂ ਦੀ ਥਾਂ ਬਿਜੇ ਸਿੰਘ ਤੇ ਰਾਮ ਸਿੰਘ ਲਿਖੇ ਹਨ।

ਵੀਹ ਸਿੰਘ ਗੁਰੂ ਸਾਹਿਬ ਨੇ ਹੋਰ ਨਾਲ ਨੀਯਤ ਕੀਤੇ। ਇਸ ਜੱਥੇ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਪੰਜਾਬ ਦੇ ਦੁਸ਼ਟਾਂ ਦੀ ਸੁਧਾਈ ਲਈ ਗੁਰੂ ਦਸਮ ਪਾਤਿਸ਼ਾਹ ਦੀ ਥਾਪਨਾ ਲੈ ਕੇ ਹਜ਼ੂਰ ਸਾਹਿਬ ਤੋਂ ਚੜ੍ਹਿਆ। ਬਾਬਾ ਬੰਦਾ ਸਿੰਘ ਦੀਆਂ ਜਿਤਾਂ ਤੇ ਜੰਗ ਯੁਧਾਂ ਦਾ ਹਾਲ ਪਿਛੇ ਆਪ ਪੜ੍ਹ ਚੁਕੇ ਹੋ। ਬਾਬਾ ਬੰਦਾ ਸਿੰਘ ਦੀ ਸ਼ਾਨਦਾਰ ਜਿਤ ਗੁਰੂ ਸਾਹਿਬ ਦੇ ਚਰਨਾਂ ਦਾ ਸਦਕਾ ਸੀ ਜਿਨਾਂ ਚਿਰ ਬੰਦਾ ਸਿੰਘ ਗੁਰੂ ਸਾਹਿਬ ਦੇ ਹੁਕਮਾਂ ਪਰ ਕਾਇਮ ਰਿਹਾ ਉਸਦੀ ਹਰ ਮੈਦਾਨ ਫਤਹਿ ਹੁੰਦੀ ਰਹੀ। ਇਤਹਾਸਾਂ ਵਿਚ ਲਿਖਿਆ ਹੈ ਕਿ ਬਹਾਦਰ ਸ਼ਾਹ ਪਾਸੋਂ ਗੁਰੂ ਸਾਹਿਬਾਂ ਨੇ ਸਤਾਰਾਂ ਦੋਸ਼ੀ ਮੰਗੇ ਸਨ ਜੋ ਹੇਠ ਲਿਖੇ ਸੂਬੇ ਤੇ ਰਾਜੇ ਆਦਿ ਸ਼ਾਮਲ ਸਨ। ਜਿਨ੍ਹਾਂ ਵਿਚੋਂ ਕੁਝ ਦੇ ਨਾਮ ਇਹ ਹਨ:—

(੧) ਵਜ਼ੀਰ ਖਾਨ ਸੂਬਾ ਸਰਹੰਦ
(੨) ਜ਼ਬਰਦਸਤ ਖਾਨ ਸੂਬਾ ਕਸ਼ਮੀਰ
(੩) ਸੂਬੇਦਾਰ ਲਾਹੌਰ
(੪) ਰਾਜਾ ਅਜਮੇਰ ਚੰਦ ਕਹਲੂਰ
(੫) ਰਾਜਾ ਰਾਮ ਸਰਨ ਹੰਡੂਰ
(੬) ਚੌਧਰੀ ਸੋਭਾ ਚੰਦ ਫਗਵਾੜਾ
(੭) ਸਮਾਣੇ ਦਾ ਜਲਾਲ ਦੀਨ (ਜਿਸ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ
(੮) ਸੀ) ਸ਼ਾਸ਼ਨ ਬੇਗ (੯) ਬਾਸ਼ਨ ਬੇਗ

Digitized by Panjab Digital Library | www.panjabdigilib.org

ਜੋ ਦੋਨੋਂ ਜਲਾਦ ਸਕੇ ਭਾਈ ਸਮਾਣੇ ਦੇ ਰਹਿਣ ਵਾਲੇ (ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਚ ਸ਼ਹੀਦ ਕੀਤਾ ਸੀ) ਤੇ ਅੱਠ ਹੋਰ। ਬਹਾਦਰ ਸ਼ਾਹ ਨੇ ਇਨ੍ਹਾਂ ਨੂੰ ਹਵਾਲੇ ਕਰਨ ਤੋਂ ਟਾਲਾ ਕੀਤਾ ਕਿ ਮੇਰਾ ਅਜੇ ਰਾਜ ਪ੍ਰਬੰਧ ਪੂਰਾ ਨਹੀਂ ਹੋਇਆ। ਜਦ ਟਿਕ ਟਿਕਾਓ ਹੋ ਜਾਵੇਗਾ ਤਾਂ ਮੈਂ ਹਵਾਲੇ ਕਰ ਦਿਆਂਗਾ। ਗੁਰੂ ਸਾਹਿਬ ਨੇ ਕਿਹਾ ਕਿ ਤੁਹਾਨੂੰ ਇਹ ਕੰਮ ਤੁਰਤ ਫੁਰਤ ਕਰ ਦੇਣਾ ਚਾਹੀਦਾ ਹੈ, ਨਹੀਂ ਤਾਂ ਅਸੀਂ ਇਹ ਸਭ ਕੁਝ ਆਪਣੇ ਇਕ ਸਿੱਖ ਤੋਂ ਕਰਵਾ ਲਵਾਂਗੇ। ਸੋ ਬਾਬਾ ਬੰਦਾ ਸਿੰਘ ਨੇ ਦੁਸ਼ਟਾਂ ਦੀ ਸੋਧ ਸੁਧਾਈ ਦਾ ਸਾਰਾ ਕੰਮ ਦੋ ਤਿੰਨ ਸਾਲ ਦੇ ਸਮੇਂ ਵਿਚ ਹੀ ਪੂਰਾ ਕਰ ਦਿਤਾ। ੨੨ ਮਈ ੧੭੧੦ ਨੂੰ ਸਰਹੰਦ ਦੀ ਫਤਹਿ ਤੋਂ ਪਿਛੋਂ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਜੋ ਨਾਹਣ ਅਰ ਸਢੌਰੇ ਦੇ ਵਿਚਾਲੇ ਸੀ ਤੇ ਸਢੌਰੇ ਤੋਂ ਨੌਂ ਕੋਹ ਸੀ, ਜਿਸ ਦਾ ਪਹਿਲਾ ਨਾਂਵ ਮੁਖਲਸ ਗੜ੍ਹ ਸੀ। ਬੰਦਾ ਸਿੰਘ ਨੇ ਖਾਲਸਈ ਸਿਕਾ ਜਾਰੀ ਕੀਤਾ, ਤੇ ਆਪਣਾ ਬਾਦਸ਼ਾਹੀ ਸੰਨ ਜਾਰੀ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾ ਸਿੰਘ ਹੋਇਆ ਹੈ ਜਿਸ ਨੇ ਖਾਲਸਾ ਰਾਜ ਦਾ ਮੁਢ ਬੰਨ੍ਹਿਆਂ। ਆਪਦੀ ਦੂਜੀ ਕਾਮਯਾਬੀ ਇਹ ਹੈ ਕਿ ਆਪ ਨੇ ਜਾਗੀਰਦਾਰੀ ਤੇ ਤਲੱਕੇਦਾਰੀ ਸਿਸਟਮ ਨੂੰ ਦੂਰ ਕੀਤਾ ਤੇ ਰਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ।

ਜਦ ਬਾਬਾ ਬੰਦਾ ਸਿੰਘ ਬਹਾਦਰ ਦੀ ਪੂਰੀ ਚੜ੍ਹਦੀ ਕਲਾ ਸੀ ਤਦ ਉਸ ਨੂੰ ਮਾਣ ਹੋ ਗਿਆ ਤੇ ਉਸ ਨੇ ਆਪਣੀ ਫਤਹਿ ਜਾਰੀ ਕੀਤੀ, ਜਿਸ ਨੂੰ 'ਫਤਹਿ ਦਰਸ਼ਨ ਕੀ' ਕਹਿੰਦੇ ਹਨ। ਦੂਸਰਾ ਉਸ ਨੇ ਵਿਆਹ ਕਰਵਾ ਲਿਆ। ਗੁਰੂ ਸਾਹਿਬ ਨੇ ਉਸ ਨੂੰ ਦੋ ਗੱਲਾਂ ਆਖੀਆਂ ਸਨ ਕਿ ਇਕ ਵਿਆਹ ਨਹੀਂ ਕਰਾਣਾ, ਦੂਜੇ ਗੁਰੂ ਨਹੀਂ ਬਣਨਾ, ਖਾਲਸੇ ਦੇ ਅਨੁਸਾਰੀ ਹੋ ਕੇ ਰਹਿਣਾ। ਜਦ ਬੰਦਾ ਸਿੰਘ ਨੇ ਇਹਨਾਂ ਹੁਕਮਾਂ ਤੋਂ ਬੇਪਰਵਾਹੀ ਕੀਤੀ ਤਦ ਉਸ ਦੀ ਢਹਿੰਦੀ ਕਲਾ ਸ਼ੁਰੂ ਹੋ ਗਈ। ਓੜਕ ਜ਼ਿਲਾ ਗੁਰਦਾਸ ਪੁਰ ਦੇ ਗੁਰਦਾਸ ਨੰਗਲ ਨਾਮੇ ਕਿਲ੍ਹੇ ਵਿਚ ਬਾਬਾ ਬੰਦਾ ਸਿੰਘ ਘਿਰ ਗਿਆ। ਕਈ ਵੇਰ ਸਖਤ ਲੜਾਈ ਹੋਈ, ਓੜਕ ਘੇਰੇ ਦੇ ਕਾਰਨ ਅੰਦਰ ਰਸਦ ਪਾਣੀ ਮੁੱਕ ਗਿਆ ਤੇ ਸਿੰਘ ਭੁੱਖ ਨੇ ਤੰਗ ਕਰ ਮਾਰੇ। ਸਿੰਘ ਕਈ ਵਾਰ ਛਾਪਾ ਮਾਰ ਕੇ ਦੁਸ਼ਮਣਾਂ ਕੋਲੋਂ ਰਸਦ ਪਾਣੀ ਖੋਹ ਕੇ ਲੈ ਜਾਂਦੇ। ਇਸੇ ਸਮੇਂ ਵਿਚ ਬਾਬਾ ਬਿਨੋਦ ਸਿੰਘ ਤੇ ਬਾਬਾ ਬੰਦਾ ਸਿੰਘ ਵਿਚ ਝਗੜਾ ਹੋ ਗਿਆ ਜੋ ਸ਼ਾਇਦ ਕਿਲਾ ਛਡਣ ਸੰਬੰਧੀ ਹੋਇਆ।

ਓੜਕ ਫੈਸਲਾ ਹੋਇਆ ਕਿ ਦੋਹਾਂ ਵਿਚੋਂ ਇਕ ਏਥੋਂ ਚਲਿਆ ਜਾਵੇ। ਇਸ ਪਰ ਆਪਣੇ ਸਪੁਤਰ ਕਾਹਨ ਸਿੰਘ ਦੇ ਕਹਿਣ ਪਰ ਬਾਬਾ ਬਿਨੋਦ ਸਿੰਘ ਜੀ ਕਿਲ੍ਹਾ ਛਡ ਕੇ ਚਲੇ ਗਏ ਅਤੇ ਘੇਰੇ ਵਾਲੀ ਫੌਜ ਨੂੰ ਚੀਰ ਕੇ ਗੋਇੰਦਵਾਲ ਜਾ ਪਹੁੰਚੇ। ਭੁਖ ਦੇ ਦੁਖ ਤੋਂ ਸਿੰਘ ਐਨੇ ਤੰਗ ਆ ਗਏ ਕਿ ਉਨ੍ਹਾਂ ਨੇ ਡੰਗਰ ਮਾਰ ਕੇ ਖਾਧੇ। ਕਈਆਂ ਨੇ ਆਪਣੇ ਪੱਟਾਂ ਦਾ ਮਾਸ ਵੱਢ ਕੇ ਭੁੰਨ ਕੇ ਖਾਧਾ, ਪਰ ਫੇਰ ਵੀ ਸਿੰਘ ਬੜੀ ਬਹਾਦਰੀ ਨਾਲ ਡਟੇ ਰਹੇ। ਉਹਨਾਂ ਕੋਲੋਂ ਜੰਗ ਦਾ ਸਮਾਨ ਭੀ ਮੁਕ ਗਿਆ। ਜਦ ਇਹ ਹਾਲਤ ਹੋ ਗਈ ਤਾਂ ਅਬਦੁਲ ਸਮੰਦ ਖਾਨ ਜੋ ਸਾਰੀ ਫੌਜ ਦਾ ਜਰਨੈਲ ਸੀ, ਉਸਨੇ ਬਾਬਾ ਬੰਦਾ ਸਿੰਘ ਤੇ ਸਿੰਘਾਂ ਨਾਲ ਵਾਅਦਾ ਕੀਤਾ ਕਿ ਮੈਂ ਬਾਦਸ਼ਾਹ ਨੂੰ ਕਹਿ ਕੇ ਤੁਹਾਨੂੰ ਸਾਰਿਆਂ ਨੂੰ ਮੁਆਫ ਕਰਵਾ ਦਿਆਂਗਾ, ਤੁਹਾਨੂੰ ਕੋਈ ਤਕਲੀਫ ਨਹੀਂ ਦਿਤੀ ਜਾਵੇਗੀ ਤੇ ਤੁਹਾਡੇ ਰਹਿਣ ਬਹਿਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਤੁਸੀਂ ਦਰਵਾਜ਼ੇ ਖੋਹਲ ਦਿਓ ਭੁਖੇ ਨਾ ਮਰੋ ਪਰ ਜਦ ਦਰਵਾਜ਼ੇ ਖੋਹਲੇ ਗਏ

Digitized by Panjab Digital Library | www.panjabdigilib.org

ਤਾਂ ਸ਼ਾਹੀ ਫੌਜ ਇਹਨਾਂ ਪੁਰ ਭੁਖੇ ਬਘਿਆੜਾਂ ਵਾਂਗ ਆ ਪਏ। ਬੰਦਾ ਸਿੰਘ ਤੇ ਹੋਰ ਸਿੰਘਾਂ ਨੂੰ ਕੈਦ ਕਰ ਲਿਆ ਦੋ ਤਿੰਨ ਸੌ ਸਿੰਘਾਂ ਨੂੰ ਕਤਲ ਭੀ ਕਰ ਦਿਤਾ ਮੁਗਲ ਫੌਜੀਆਂ ਨੇ ਸਿੰਘਾਂ ਦੇ ਸਿਰਾਂ ਨੂੰ ਨੇਜਿਆਂ ਤੇ ਟੰਗ ਲਿਆ ਤੇ ਕਈਆਂ ਸਿੰਘਾਂ ਦੇ ਢਿੱਡ ਪਾੜ ਕੇ ਵੇਖੇ ਕਿ ਇਹਨਾਂ ਵਿਚ ਮੋਹਰਾਂ ਤਾਂ ਨਹੀਂ ਜੋ ਸਿੰਘਾਂ ਨੇ ਨਿਗਲ ਲਈਆਂ ਹੋਣ ਇਹ ਘਟਨਾ ੧੭ ਦਸੰਬਰ ੧੭੧੫ ਈਸਵੀ ਦੀ ਹੈ।

ਜਿਸ ਵਕਤ ਸਿੰਘ ਫੜੇ ਗਏ ਉਸੇ ਵੇਲੇ ਮਾਰੇ ਗਏ ਸਿੰਘਾਂ ਦੀ ਗਿਣਤੀ ਤੋਂ ਵਖਰੇ ਦੋ ਸੌ ਸਿੰਘ ਫੜਕੇ ਲਾਹੌਰ ਲਿਆਂਦੇ ਗਏ। ਬਾਬਾ ਬੰਦਾ ਸਿੰਘ ਨੂੰ ਪਿੰਜਰੇ ਵਿਚ ਬੇੜੀਆਂ ਤੇ ਸੰਗਲ ਪਾ ਕੇ ਬੰਨਿਆ ਗਿਆ ਤੇ ਉਸ ਦੇ ਨਾਲ ਦੋ ਮੁਗਲ ਅਫਸਰ ਭੀ ਪਿੰਜਰੇ ਦੇ ਦੋਹੀਂ ਪਾਸੀਂ ਬੰਨ੍ਹੇ ਗਏ ਤਾ ਕਿ ਜੇ ਬੰਦਾ ਸਿੰਘ ਭਜਣ ਲਗੇ ਤਾਂ ਉਸ ਨੂੰ ਉਸੇ ਵੇਲੇ ਕਤਲ ਕਰ ਦਿਤਾ ਜਾਏ।

ਲਾਹੌਰ ਵਿਚ ਸਿੰਘਾਂ ਦਾ ਜਲੂਸ ਕਢਿਆ ਗਿਆ ਏਥੇ ਸੂਬੇ ਨੇ ਖਿਆਲ ਕੀਤਾ ਕਿ ਸਿੰਘਾਂ ਦੀ ਗਿਣਤੀ ਬੜੀ ਥੋੜੀ ਹੈ। ਬਾਦਸ਼ਾਹ ਦੇ ਪੇਸ਼ ਕਰਨ ਲਈ ਗਿਣਤੀ ਵਧੇਰੇ ਹੋਣੀ ਚਾਹੀਦੀ ਹੈ ਸੋ ਪਿੰਡਾਂ ਵਿਚੋਂ ਹਜ਼ਾਰਾਂ ਸਿੰਘ ਬੇਗੁਨਾਹੇ ਫੜਕੇ ਲਿਆਂਦੇ ਗਏ ਤੇ ਸਤ ਸੌ ਗਡੇ ਸਿੱਖ ਕੈਦੀਆਂ ਦੇ ਭਰ ਕੇ ਦਿਲੀ ਨੂੰ ਤੋਰੇ ਗਏ। ਸਰਹੰਦ ਲੈ ਜਾ ਕੇ ਇਹਨਾਂ ਦਾ ਜਲੂਸ ਕਢਿਆ ਗਿਆ ਲੋਕ ਸਿੰਘਾਂ ਨੂੰ ਤੇ ਬਾਬਾ ਬੰਦਾ ਸਿੰਘ ਨੂੰ ਬੁਰਾ ਭਲਾ ਕਹਿੰਦੇ ਸਨ। ੨੭ ਫਰਵਰੀ ੧੭੧੬ ਨੂੰ ਬਾਬਾ ਬੰਦਾ ਸਿੰਘ ਬਾਕੀ ਸਿੰਘਾਂ ਸਮੇਤ ਦਿਲੀ ਲਿਆਂਦਾ ਗਿਆ ਇਸ ਵੇਲੇ ਮੁਗਲ ਫੌਜੀਆਂ ਨੇ ਦੋ ਹਜ਼ਾਰ ਸਿੰਘਾਂ ਦੇ ਸਿਰ ਨੇਜਿਆਂ ਤੇ ਟੰਗੇ ਹੋਏ ਸਨ।

ਇਕ ਬਾਂਸ ਪਰ ਬਿੱਲੀ ਮਾਰ ਕੇ ਟੰਗੀ ਹੋਈ ਸੀ, ਜਿਸ ਦਾ ਭਾਵ ਇਹ ਸੀ ਕਿ ਗੁਰਦਾਸ ਨੰਗਲ ਵਿਚ ਸਿਖ ਬਿਲੀਆਂ ਤੇ ਕੁੱਤਿਆਂ ਵਾਂਗ ਮਾਰੇ ਗਏ ਹਨ। ਬਾਬਾ ਬੰਦਾ ਸਿੰਘ ਲੋਹੇ ਦੇ ਪਿੰਜਰੇ ਵਿਚ ਹਾਥੀ ਪਰ ਬਿਠਾਇਆ ਹੋਇਆ ਸੀ। ਬਾਬਾ ਬੰਦਾ ਸਿੰਘ ਦੇ ਸਿਰ ਪਰ ਸੁਨਹਿਰੀ ਤਿੱਲੇ ਵਾਲੀ ਪੱਗ ਬਨ੍ਹਾਈ ਹੋਈ ਸੀ। ਇਕ ਮੁਗਲ ਹਥ ਵਿਚ ਤਲਵਾਰ ਲਈ ਪਿੱਛੇ ਖੜੋਤ ਸੀ। ਬਾਬੇ ਦੇ ਹਾਥੀ ਦੇ ਪਿੱਛੇ ਉਲਾਣੇਂ ਉਠਾਂ ਪਰ ਸਵਾਰ ਸਿੰਘ ਦੋ ਦੋ ਕਰਕੇ ਬਿਠਾਏ ਹੋਏ ਸਨ। ਕੁਲ ਗਿਣਤੀ ੭੪੦ ਸਿੰਘਾਂ ਦੀ ਸੀ। ਸਿੰਘਾਂ ਦੇ ਭੇਡਾਂ ਦੀਆਂ ਖੱਲਾਂ ਪਹਿਨਾਈਆਂ ਹੋਈਆਂ ਸਨ, ਤੇ ਹੋਰ ਵੀ ਭੈੜੀਆਂ ੨ ਸ਼ਕਲਾਂ ਬਣਾਉਣ ਵਾਲੀਆਂ ਚੀਜ਼ਾਂ ਪਹਿਨਾਈਆਂ ਹੋਈਆਂ ਸਨ। ਜਦ ਜਲੂਸ ਦਿਲੀ ਸ਼ਹਿਰ ਵਿਚ ਦੀ ਨਿਕਲਿਆ ਤਦ ਲੋਕ ਸੜਕ ਦੇ ਦੋਹੀਂ ਪਾਸੀਂ ਖੜੇ ਬੰਦਾ ਸਿੰਘ ਨੂੰ ਮਖੌਲ ਕਰਦੇ ਸਨ। ਸਿੰਘ ਸ਼ਬਦ ਪੜ੍ਹਦੇ ਜਾ ਰਹੇ ਸਨ। ਉਨਾਂ ਦੇ ਚਿਹਰੇ ਪਰ ਕੋਈ ਰੰਜ ਨਹੀਂ ਸੀ। ਉਹ ਚੜ੍ਹਦੀ ਕਲਾ ਵਿਚ ਹੀ ਸਨ। ਕਈਆਂ ਨੇ ਉਨਾਂ ਨੂੰ ਪੁਛਿਆ ਕਿ ਇਹ ਤੁਹਾਡੀ ਕਰਨੀ ਦਾ ਫਲ ਹੈ, ਤਦ ਸਿੰਘ ਉਤਰ ਦਿੰਦੇ ਇਹ ਭਾਣੇ ਦੀ ਖੰਡ ਹੈ। ਨਹੀਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਤੁਹਾਡੇ ਨਾਲ ਕਿਤਨੇ ਜੰਗ ਕੀਤੇ ਹਨ ਤੇ ਅਸੀਂ ਕੀ ਕੁਝ ਕਰਨ ਯੋਗ ਹਾਂ ਤੇ ਕੀ ਕੀ ਕਾਰਨਾਮੇ ਅਸੀਂ ਕੀਤੇ ਹਨ। ਜਦ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਹੁਣ ਕਤਲ ਕੀਤੇ ਜਾਓਗੇ ਤਾਂ ਉਹ ਕਹਿੰਦੇ ਕਿ ਅਸੀਂ ਕਦ ਡਰਦੇ ਹਾਂ, ਸਾਨੂੰ ਮਾਰੋ। ਅਸੀਂ ਭੁਖ ਦੇ ਮਾਰੇ ਤੁਹਾਡੇ ਕਾਬੂ ਆ ਗਏ ਹਾਂ। ਤੇ ਇਹ ਸਾਡੀ ਕਿਸਮਤ ਦੀ ਗੱਲ ਹੈ। ਜੋ ਸਾਡੇ ਹੰਕਾਰ ਦਾ ਨਤੀਜਾ

Digitized by Panjab Digital Library | www.panjabdigilib.org

ਹੈ। ਜਦ ਇਸ ਤਰਾਂ ਸਿੰਘ ਦਿਲੀ ਪਹੁੰਚ ਗਏ। ਤਾਂ ਬਾਬਾ ਬੰਦਾ ਸਿੰਘ, ਬਾਜ ਸਿੰਘ, ਭਾਈ ਫਤਿਹ ਸਿੰਘ ਤੇ ਕੁਝ ਹੋਰ ਸਿੰਘ ਵਖਰੇ ਕੀਤੇ ਗਏ। ਬਾਬਾ ਬੰਦਾ ਸਿੰਘ ਦੇ ਘਰ ਵਾਲੀ ਤੇ ਉਸ ਦਾ ੪ ਸਾਲ ਦਾ ਪਤਰ ਅਜੈ ਸਿੰਘ ਤੇ ਉਸ ਦੀ ਖਿਡਾਣੀ ਵਖਰੇ ਰਖੇ ਗਏ। ਬਾਕੀ ੬੯੪ ਸਿੰਘ ਕਤਲ ਕਰਨ ਲਈ ਸਰਬ ਰਾਹ ਖਾਨ ਕੋਤਵਾਲ ਦੇ ਹਵਾਲੇ ਕੀਤੇ ਗਏ।

ਗੁਰਦਾਸ ਨੰਗਲ ਦੇ ਕਿਲੇ ਤੋਂ ਸਿੰਘਾਂ ਪਾਸੋਂ ਜੋ ਹਥਿਆਰ ਤੇ ਸਮਾਨ ਮਿਲਿਆ, ਉਹ ਦਿੱਲੀ ਦੇ ਕਿਲੇ ਵਿਚ ਜਮ੍ਹਾ ਕਰਾਇਆ ਗਿਆ, ਜਿਸ ਦੀ ਗਿਣਤੀ ਇਸ ਤਰਾਂ ਹੈ:- ਤਲਵਾਰਾਂ ੧੦੦੦, ਢਾਲਾਂ ੨੭੮, ਕਮਾਣਾਂ ੧੭੩, ਬੰਦੂਕਾਂ ੧੮੦, ਜਮਸਰ ੧੧੪, ਕਰਦਾਂ ੨੧੭, ਸੋਨੇ ਦੀਆਂ ਮੁਹਰਾਂ ੨੨੩, ਨਕਦ ਰੁਪਏ ਛੇ ਸੌ ਤੋਂ ਕੁਝ ਉਪਰ, ਕੁਝ ਗਹਿਣੇ।

ਪੰਜ ਮਾਰਚ ੧੭੧੬ ਨੂੰ ਸਿੰਘਾਂ ਦੀ ਕਤਲਾਮ ਕੁਤਵਾਲੀ ਦੇ ਸਾਹਮਣੇ ਸ਼ੁਰੂ ਕੀਤੀ ਗਈ। ਹਰ ਰੋਜ਼ ਸੌ ਸੌ ਸਿੰਘ ਕਤਾਰ ਵਿਚ ਬੈਠਾ ਕੇ ਕਤਲ ਕੀਤਾ ਜਾਂਦਾ। ਕਤਲ ਵੇਲੇ ਇਹ ਕਿਹਾ ਜਾਂਦਾ ਕਿ ਜੋ ਕੋਈ ਸਿੱਖ ਧਰਮ ਛੱਡ ਦੇਵੇਗਾ ਉਸ ਨੂੰ ਰਿਹਾ ਕਰ ਦਿਤਾ ਜਾਵੇਗਾ। ਪਰ ਕਿਸੇ ਸਿੰਘ ਨੇ ਵੀ ਧਰਮ ਨਾ ਤਿਆਗਿਆ, ਵਧ ਚੜ੍ਹ ਕੇ ਸ਼ਹੀਦੀਆਂ ਪਾਈਆਂ। ਉਸ ਵੇਲੇ ਵੇਖਣ ਵਾਲੇ ਕੀ ਮੁਸਲਮਾਨ ਤੇ ਕੀ ਯੂਰਪੀਨ ਸਭ ਕਹਿੰਦੇ ਹਨ ਕਿ ਸਿੰਘ 'ਵਾਹਿਗੁਰੂ ਵਾਹਿਗੁਰੂ' ਜਪਦੇ ਸਨ। ਤੇ ਇਕ ਦੂਜੇ ਤੋਂ ਅਗੇ ਹੋ ਕੇ ਸਿਰ ਅਗੇ ਕਰਦੇ ਸਨ ਤੇ ਜਲਾਦ ਨੂੰ ਮੁਕਤਾ (ਮੁਕਤੀ ਦੇਣ ਵਾਲਾ) ਕਹਿਕੇ ਪੁਕਾਰਦੇ ਸਨ। ਇਸ ਸ਼ਹੀਦੀ ਸਾਕੇ ਦਾ ਹਾਲ ਮਿ: ਸਰਮਨ ਤੇ ਸਦੀਵਨਸਨ ਦੋ ਅੰਗਰੇਜ਼ਾਂ ਨੇ ਅਖੀਂ ਵੇਖਕੇ ੧੦ ਮਾਰਚ ੧੭੧੬ ਦੀ ਚਿਠੀ ਰਾਹੀਂ ਸਾਰਾ ਹਾਲ ਕਲਕਤੇ ਦੇ ਕਿਲੇ ਫੋਰਟ ਵਿਲੀਅਮ ਦੇ ਗਵਰਨਰ ਨੂੰ ਭੇਜਿਆ ਹੈ। ਤੇ ਹੋਰ ਇਤਿਹਾਸਕਾਰਾਂ ਨੇ ਵੀ ਲਿਖਿਆ ਹੈ। ਸਿੱਖ ਬੱਚੇ ਦੀ ਸ਼ਹੀਦੀ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ। ਇਹ ਸਾਰੇ ਹਾਲਾਤ ਸਿੰਘਾਂ ਦੀ ਸਿੱਖੀ ਸਿਦਕ ਤੇ ਨਿਰਭੈਤਾ ਦੀ ਗਵਾਹੀ ਦਿੰਦੇ ਹਨ ਕਿ ਸਿੰਘ ਇਸ ਤਰਾਂ ਸ਼ਹੀਦ ਹੋਣ ਨੂੰ ਮੁਕਤ ਹੋਣਾ ਤੇ ਗੁਰੂ ਕਾ ਭਾਣਾ ਵਰਤਾਇਆ ਸਮਝਦੇ ਸਨ।

ਰਾਤ ਨੂੰ ਕਤਲ ਹੋਏ ਸਿੰਘਾਂ ਦੇ ਸਿਰ ਤੇ ਧੜ ਗੱਡਿਆਂ ਵਿਚ ਪਾ ਕੇ ਬਾਹਰ ਲੈ ਜਾਕੇ ਦਰਖਤਾਂ ਪਰ ਲਟਕਾਏ ਜਾਂਦੇ ਸਨ। ਇਕ ਹਫਤਾ ਭਰ ਇਹ ਕਤਲ ਦਾ ਸਿਲਸਲਾ ਚਲਦਾ ਰਿਹਾ।

ਬਾਬਾ ਬੰਦਾ ਸਿੰਘ ਤੇ ਹੋਰ ੧੭ ਸਿੰਘ ਜੋ ਬੰਦਾ ਸਿੰਘ ਦੇ ਅਹਿਲਕਾਰ ਸਨ, ਉਹ ਕਤਲ ਨਹੀਂ ਕੀਤੇ ਗਏ ਸਨ, ਉਨਾਂਨੂੰ ਤਿੰਨ ਮਹੀਨੇ ਤਕ ਇਸ ਲਈ ਰਖ ਲਿਆ ਗਿਆ ਸੀ ਕਿ ਉਨਾਂ ਪਾਸੋਂ ਲੁਕਵੇਂ ਖਜ਼ਾਨੇ ਤੇ ਹੋਰ ਗਲਾਂ ਦਾ ਭੇਤ ਲਿਆ ਜਾਵੇ।

## ਬਾਬਾ ਬੰਦਾ ਸਿੰਘ ਦੀ ਸ਼ਹੀਦੀ

੧੯ ਮਾਰਚ ੧੭੧੬ ਨੂੰ ਬਾਬਾ ਬੰਦਾ ਸਿੰਘ ਤੇ ਉਨਾਂ ਦੇ ਹੋਰ ਸਾਥੀ ਬਾਜ ਸਿੰਘ, ਰਾਮ ਸਿੰਘ, ਭਾਈ ਫਤਹਿ ਸਿੰਘ, ਅਲੀ ਸਿੰਘ, ਗੁਲਾਬ ਸਿੰਘ ਬਖਸ਼ੀ ਇਹ ੨੬ ਸਿੰਘ ਕਿਲੇ ਵਿਚੋਂ ਬਾਹਰ ਕਢੇ ਗਏ। ਬਾਬਾ ਬੰਦਾ ਸਿੰਘ ਹਾਥੀ ਪਰ ਬਿਠਾਇਆ ਹੋਇਆ ਸੀ ਤੇ ਬਾਕੀ ਸਿੰਘ ਪਿਛੇ ਤੋਰੇ ਜਾ ਰਹੇ ਸਨ। ਬਾਬਾ ਬੰਦਾ ਸਿੰਘਨੂੰ ਬਾਹਰ ਲੈ ਜਾਕੇ ਪਹਿਲਾਂ ਬਾਦਸ਼ਾਹ ਬਹਾਦਰ ਸ਼ਾਹ ਦੀ ਕਬਰ ਉਦਾਲੇ ਫੇਰਿਆ

Digitized by Panjab Digital Library | www.panjabdigilib.org

ਗਿਆ, ਫਿਰ ਉਸ ਦੇ ਚਾਰ ਸਾਲ ਦੇ ਬੱਚੇ ਨੂੰ ਉਸ ਦੀ ਗੋਦੀ ਵਿੱਚ ਬਿਠਾਕੇ ਕਿਹਾ ਗਿਆ ਕਿ ਤੂੰ ਇਸ ਨੂੰ ਕਤਲ ਕਰ। ਪਰ ਕਦੇ ਪਿਤਾ ਪੁੱਤਰ ਨੂੰ ਕਤਲ ਕਰ ਸਕਦਾ ਹੈ, ਉਸ ਨੇ ਨਾਂਹ ਕਰ ਦਿਤੀ। ਇਸ ਪਰ ਉਸ ਬੱਚੇ ਨੂੰ ਜਲਾਦ ਨੇ ਟੁਕੜੇ ੨ ਕਰ ਦਿਤਾ ਤੇ ਉਸ ਦਾ ਤੜਫਦਾ ਹੋਇਆ ਦਿਲ ਕਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾ ਦਿਤਾ। ਬੰਦਾ ਸਿੰਘ ਨੇ ਸਬਰ ਤੇ ਸ਼ਾਂਤੀ ਨਾਲ ਇਹ ਕਸ਼ਟ ਸਹਾਰਿਆ। ਉਸ ਵੇਲੇ ਇਤਮਾਦੁ-ਦੌਲਾ ਮੁਹੰਮਦ ਅਜਾਮ ਖਾਂਨ ਨਾਮੇ ਇਕ ਮੁਗਲ ਅਫਸਰ ਉਥੇ ਆਇਆ, ਉਸ ਨੇ ਬਾਬਾ ਬੰਦਾ ਸਿੰਘ ਦੀ ਇਸ ਦ੍ਰਿੜਤਾ ਤੇ ਸਬਰ ਨੂੰ ਦੇਖ ਕੇ ਪੁਛਿਆ, "ਤੁਸੀਂ ਇਤਨੇ ਸ਼ਰੀਫ ਤੇ ਦਾਨੇ ਹੋ, ਤੁਹਾਡੇ ਪਾਸੋਂ ਇਸ ਤਰਾਂ ਦੇ ਜ਼ੁਲਮ ਕਿਵੇਂ ਹੋਏ? ਅਰਥਾਤ ਤੁਸੀਂ ਮੁਸਲਮਾਨਾਂ ਵਿਰੁਧ ਇਤਨੀਆਂ ਸਖਤੀਆਂ ਕਿਵੇਂ ਕੀਤੀਆਂ।" ਬਾਬਾ ਬੰਦਾ ਸਿੰਘ ਨੇ ਉਤਰ ਦਿਤਾ, "ਜਦ ਹਾਕਮ ਲੋਕ ਜ਼ੁਲਮ ਕਰਦੇ ਹਨ ਤੇ ਇਨਸਾਫ ਦਾ ਰਾਹ ਛੱਡ ਦਿੰਦੇ ਹਨ ਤੇ ਹਦੋਂ ਵਧ ਜਾਂਦੇ ਹਨ ਤਾਂ ਅਕਾਲ ਪੁਰਖ ਮੇਰੇ ਵਰਗਿਆਂ ਨੂੰ ਉਨ੍ਹਾਂ ਦੀ ਸੁਧਾਈ ਕਰਨ ਲਈ ਭੇਜ ਦਿੰਦਾ ਹੈ।" ਫਿਰ ਕਿਹਾ:- "ਕਿਸੀ ਕਾ ਕਿਆ ਮਕਦੂਰ ਥਾ ਜੋ ਮੁਝ ਕੋ ਮਾਰਤਾ, ਪਰ ਸਤਿਗੁਰੂ ਕੀ ਆ ਗਆ ਮੁਝ ਸੇ ਭੰਗ ਹੂਈ, ਉਸ ਕੀ ਸਜ਼ਾਇ ਯੇਹ ਮੁਝ ਪਰ ਹੈ।"

ਬਾਬਾ ਬੰਦਾ ਸਿੰਘ ਦੀ ਪਹਿਲਾਂ ਸੱਜੀ ਅੱਖ ਤੇ ਫੇਰ ਖੱਬੀ ਅੱਖ ਕੱਢੀ ਗਈ। ਪਿਛੋਂ ਖੱਬਾ ਪੈਰ ਤੇ ਫੇਰ ਸੱਜਾ ਪੈਰ ਵਢਿਆ ਗਿਆ। ਉਸ ਦਾ ਮਾਸ ਜ਼ੰਬੂਰਾਂ ਨਾਲ ਤੋੜਿਆ ਗਿਆ। ਇਹ ਸ਼ਹੀਦੀ ਸਾਕਾ ੧੯ ਜੂਨ ੧੭੧੬ ਨੂੰ ਹੋਇਆ।

## ਬਾਬੇ ਬੰਦਾ ਸਿੰਘ ਤੋਂ ਪਿਛੋਂ

ਬਾਬਾ ਬੰਦਾ ਸਿੰਘ ਦੀ ਸ਼ਹੀਦੀ ਪਿਛੋਂ ਪੰਜਾਬ 'ਚ ਸ਼ਾਹੀ ਫੁਰਮਾਨ ਜਾਰੀ ਕੀਤਾ ਗਿਆ ਕਿ ਸਿੰਘਾਂ ਦਾ ਨਾਸ਼ ਕੀਤਾ ਜਾਵੇ। ਸੋ ਸਿੰਘਾਂ ਦੇ ਫੜਨ ਤੇ ਮਾਰਨ ਲਈ ਅਬਦਲ ਖਾਨ ਸੂਬਾ ਲਾਹੌਰ ਨੇ ਗਸ਼ਤੀ ਫੌਜ ਪਿੰਡਾਂ ਵਿਚ ਭੇਜ ਦਿੱਤੀ। ਏਹ ਦਿਨ ਸਿੰਘਾਂ ਪਰ ਬੜੀ ਬਿਪਤਾ ਦੇ ਸਨ। ਸੈਂਕੜੇ ਸਿੰਘ ਸ਼ਹੀਦ ਕੀਤੇ ਗਏ। ਏਹ ਸਿਲਸਿਲਾ ਕੁਝ ਸਾਲ ਚਲਦਾ ਰਿਹਾ। ਫੇਰ ਸੂਬਾ ਹੋਰ ਕੰਮਾਂ ਵਿਚ ਰੁਝ ਗਿਆ। ਤੇ ਸਿੰਘਾਂ ਨੂੰ ਕੁਝ ਸੁਖ ਦਾ ਸਾਹ ਮਿਲਿਆ। ਸਿੰਘ ਜੋ ਜੰਗਲਾਂ ਪਹਾੜਾਂ ਵਿਚ ਚਲੇ ਗਏ ਸਨ, ਮੁੜ ਪਿੰਡਾਂ ਵਿਚ ਵਾਪਸ ਆ ਗਏ। ਇਸ ਤਰ੍ਹਾਂ ਗੁਰਦੁਆਰਿਆਂ ਵਿਚ ਬੀ ਤੇ ਖਾਸ ਕਰ ਦਰਬਾਰ ਸਾਹਿਬ ਅੰਮ੍ਰਿਤਸਰ ਵੀ ਰੌਣਕ ਹੋਣ ਲਗ ਪਈ।

ਸਿੰਘਾਂ ਵਿਚੋਂ ਬਹੁਤ ਕੁਝ ਸਿੰਘ ਐਸੇ ਭੀ ਸਨ ਜੋ ਬਾਬਾ ਬੰਦਾ ਸਿੰਘ ਨੂੰ ਗੁਰੂ ਭਾਵਨਾ ਨਾਲ ਮੰਨ ਦੇ ਸਨ। "ਉਹ ਫਤਹ ਦਰਸ਼ਨ ਕੀ" ਬੋਲ ਦੇ ਸਨ। ਉਨ੍ਹਾਂ ਬੰਦਈ ਸਿੰਘਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਆਮਦਨ ਦਾ ਅੱਧਾ ਹਿੱਸਾ ਲੈਣ ਦਾ ਯਤਨ ਕੀਤਾ। ਇਸ ਝਗੜੇ ਨੂੰ ਸੁਣ ਕੇ ਮਾਤਾ ਸੁੰਦਰੀ ਜੀ ਨੇ ਦਿੱਲੀ ਤੋਂ ਭਾਈ ਮਨੀ ਸਿੰਘ ਜੀ ਤੇ ਛੇ ਹੋਰ ਸਿੰਘ ਭੇਜੇ ਤਾਕਿ ਇਸ ਝਗੜੇ ਨੂੰ ਨਿਬੇੜ ਦਿਤਾ ਜਾਵੇ। ਏਹ ਵਾਕਿਆ ਸੰਮਤ ਬਿਕ੍ਰਮੀ ੧੭੭੮ ਮੁਤਾਬਿਕ ੧੭੨੧ ਈ! ਦੀ ਬੈਸਾਖੀ ਦਾ ਹੈ।

ਗੁਰੂ ਸਾਹਿਬਾਨ ਦੀ ਮੌਜੂਦਗੀ ਵਿਚ ਦਰਬਾਰ ਸਾਹਿਬ ਦੀ ਆਮਦਨ ਗੁਰੂ ਸਾਹਿਬਾਨ ਪਾਸ ਜਿਥੇ ਭੀ ਉਹ ਹੋਣ ਪਹੁੰਚਾ ਦਿੱਤੀ ਜਾਂਦੀ ਸੀ। ਦਸਮ ਪਾਤਸ਼ਾਹ ਤੋਂ ਪਿਛੋਂ ਏਹ ਮਾਇਆ ਮਾਤਾ

Digitized by Panjab Digital Library | www.panjabdigilib.org

ਸੁੰਦਰੀ ਜੀ ਪਾਸ ਦਿਲੀ ਪਹੁੰਚਾ ਦਿੱਤੀ ਜਾਂਦੀ ਸੀ। ਹੁਣ ਮਾਤਾ ਜੀ ਨੇ ਹੁਕਮ ਦੇ ਦਿਤਾ ਸੀ ਕਿ ਏਹ ਮਾਇਆ ਗੁਰੂ ਕੇ ਲੰਗਰ ਵਾਸਤੇ ਵਰਤੀ ਜਾਇਆ ਕਰੇ, ਸਾਡੇ ਪਾਸ ਦਿਲੀ ਭੇਜੀ ਜਾਇਆ ਕਰੇ।

ਵੈਸਾਖੀ ਦਾ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਤੱਤ ਖਾਲਸਾ ਸ੍ਰੀ ਅਕਾਲ ਤਖਤ ਸਾਹਿਬ ਪਰ ਦੀਵਾਨ ਲਾਈ ਬੈਠਾ ਸੀ ਤੇ ਬੰਦਈ ਖਾਲਸਾ ਝੰਡੇ ਬੁੰਗੇ ਲਾਗੇ ਇਕ ਵਲਗਣ ਵਿਚ ਬੈਠਾ ਸੀ। ਉਨ੍ਹਾਂ ਦਾ ਲੀਡਰ ਮਹੰਤਾ ਸਿੰਘ ਗੱਦੀ ਪਰ ਬੈਠਾ ਸੀ। ਮਹੰਤਾ ਸਿੰਘ ਦਾ ਪਿੰਡ ਖੇਮਕਰਨ ਸੀ। ਬਾਬਾ ਕਾਹਨ ਸਿੰਘ ਦੀ ਕੋਸ਼ਿਸ਼ ਨਾਲ ਮੇਲਾ ਸੁਖ ਸਾਂਦ ਨਾਲ ਨਿਭ ਗਿਆ ਪਰ ਮੇਲੇ ਤੋਂ ਪਿਛੋਂ ਆਮਦਨ ਵੰਡਣ ਦਾ ਫੇਰ ਸੁਵਾਲ ਖੜਾ ਹੋ ਗਿਆ। ਇਸ ਪਰ ਭਾਈ ਮਨੀ ਸਿੰਘ ਜੀ ਨੇ ਹਰਿ ਕੀ ਪਉੜੀ ਤੇ ਜਾ ਕੇ ਦੋ ਪਰਚੀਆਂ ਪਾਈਆਂ। ਇਕ ਪਰ "ਵਾਹਿਗੁਰੂ ਜੀ ਕੀ ਫਤਹ" ਤੇ ਦੂਜੀ ਪਰ 'ਫਤਹ ਦਰਸ਼ਨ' ਲਿਖ ਦਿਤਾ ਤੇ ਏਹ ਗਲ ਦੋਹਾਂ ਧਿਰਾਂ ਨੇ ਮੰਨ ਲਈ ਕਿ ਜਿਸ ਦੀ ਪਰਚੀ ਨਿਕਲ ਆਵੇ, ਉਹ ਆਮਦਨ ਦਾ ਹੱਕਦਾਰ ਹੈ। ਦੋਨੋਂ ਪਰਚੀਆਂ ਸਰੋਵਰ ਵਿਚ ਛਡੀਆਂ ਗਈਆਂ। ਕੁਝ ਚਿਰ ਪਿਛੋਂ 'ਵਾਹਿਗੁਰੂ ਜੀ ਫ਼ਤਹ' ਵਾਲੀ ਪਰਚੀ ਤਰਕੇ ਉਪਰ ਆ ਗਈ ਤੇ ਫੈਸਲਾ ਤੱਤ ਖਾਲਸੇ ਦੇ ਹੱਕ ਵਿਚ ਹੋ ਗਿਆ। ਬਹੁਤ ਸਾਰੇ ਬੰਦਈਆਂ ਨੇ ਏਹ ਫੈਸਲਾ ਮੰਨ ਲਿਆ। ਪਰ ਮਹੰਤਾ ਸਿੰਘ ਚਿੜ ਗਿਆ ਤੇ ਉਸ ਇਹ ਫੈਸਲਾ ਮੰਨਣੋ ਨਾਹ ਕਰਦਿਤੀ ਉਸ ਨੇ ਆਪਣਾ ਨਾ-ਮੰਨਣ ਦੇ ਫੈਸਲੇ ਦਾ ਸੁਨੇਹਾ ਲਾਹੌਰਾ ਸਿੰਘ ਕਲਾਲ ਦੇ ਹਥ ਤੱਤ ਖਾਲਸੇ ਨੂੰ ਭੇਜਿਆਂ ਕਿ ਭੁਚੇਗੀ ਖਾਲਸਾ (ਨੌਂ ਜੁਆਨ ਤੱਤ ਖਾਲਸਾ) ਬੰਦਈਆ ਪਰ ਹਮਲਾ ਕਰ ਦੇਵੇ। ਇਸ ਲਈ ਉਸ ਨੇ ਲਾਹੌਰਾ ਸਿੰਘ ਨੂੰ ਕਿਹਾ ਕਿ ਤੁਹਾਡੇ ਲੜਕੇ ਸੰਗਤ ਸਿੰਘ ਦੀ ਕੁਸ਼ਤੀ ਮੇਰੇ ਲੜਕੇ ਸੰਗਤ ਮੀਰੀ ਸਿੰਘ ਨਾਲ ਹੋ ਜਾਵੇ ਜੇਹੜਾ ਜਿਤ ਜਾਵੇ ਉਹ ਜਿਤਿਆ ਹੋਇਆ ਸਮਝਿਆ ਜਾਵੇ ਤੇ ਜੇਹੜੀ ਧਿਰ ਹਾਰ ਜਾਵੇ ਉਹ ਦੂਜ ਦਾ ਕਹਿਣਾ ਮੰਨੇ, ਏਹ ਗਲ ਦੋਹਾਂ ਧਿਰਾਂ ਨੇ ਮੰਨ ਲਈ। ਅਕਾਲ ਤਖਤ ਦੇ ਸਾਮਣੇ ਕੁਸ਼ਤੀ ਹੋਣ ਲਗ ਪਈ। ਓੜਕ ਲਾਹੌਰਾ ਸਿੰਘ ਦਾ ਲੜਕਾ ਸੰਗਤ ਸਿੰਘ ਢੈਹ ਗਿਆ ਤੇ ਚੁਫਾਲ ਡਿਗ ਪਿਆ ਲਾਹੌਰਾ ਸਿੰਘ ਨੇ ਦੋਨੋ ਹੱਥ ਜੋੜ ਕੇ ਮਾਫੀ ਮੰਗੀ ਤੇ ਤੱਤ ਖਾਲਸੇ ਨਾਲ ਆ ਰਲਿਆ। ਤੱਤ ਖਾਲਸੇ ਨੇ ਮੁਦਈਆਂ ਨੂੰ ਕਿਹਾ ਕਿ ਤੁਸੀਂ ਵਲਗਣ ਛਡ ਕੇ ਏਥੋਂ ਚਲੇ ਜਾਵੋ। ਓਥੇ ਆਪਸ ਵਿਚ ਕੌੜੇ ਫਿਕੇ ਬਚਨ ਬੋਲੇ ਗਏ ਤੇ ਗੱਲ ਵੱਧਦੀ ਵਧ ਗਈ ਓੜਕ ਤਲਵਾਰ ਦਲ ਪਈ। ਤੱਤ ਖਾਲਸੇ ਨੇ ਬੰਦਈਆਂ ਪਰ ਹਮਲਾ ਕਰ ਦਿਤਾ ਕਈ ਬੰਦਈ ਮਾਰੇ ਗਏ ਤੇ ਆਖਰ ਬੰਦਈ ਓਥੋਂ ਚਲੇ ਗਏ ਮਹੰਤਾ ਸਿੰਘ ਬਾਰੇ ਪਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਗਿਆ ਕਿ ਓਹ ਭੀ ਓਥੋਂ ਮਾਰਿਆ ਗਿਆ। ਭਾਈ ਮਨੀ ਸਿੰਘ ਮਹੰਤਾ ਸਿੰਘ ਵਾਲੀ ਥਾਂ ਆ ਬੈਠੇ ਬਹੁਤ ਸਾਰੇ ਬੰਦਈ ਆਪਦੇ ਪਾਸ ਹਾਜ਼ਰ ਹੋਏ ਤੇ ਉਹਨਾਂ ਕਿਹਾ ਕਿ ਸਾਨੂੰ ਤੱਤ ਖਾਲਸੇ ਨਾਲ ਰਲਾ ਲਵੋ ਕਿਉਂਕਿ ਬੰਦਈ ਗੰਢਾ ਤੇ ਝਟਕਾ ਨਹੀਂ ਛਕਦੇ ਸਨ ਤੇ ਵੈਸ਼ਨੋ। ਉਸ ਵੇਲੇ ਨਾਲ ਰਲਾਉਣ ਦਾ ਇਹ ਤਰੀਕਾ ਅਖਤਿਆਰ ਕੀਤਾ ਗਿਆ ਕਿ ਉਹਨਾਂ ਨੂੰ ਝਟਕੇ ਦੀ ਤਰੀ ਛਕਾਕੇ ਤੱਤ ਖਾਲਸੇ ਵਿਚ ਸ਼ਾਮਲ ਕੀਤਾ ਗਿਆ।

ਓਸ ਵੇਲੇ ਜੋ ਪ੍ਰਸਿਧ ਬੰਦਈ ਤੱਤ ਖਾਲਸੇ ਨਾਲ ਸ਼ਾਮਲ ਹੋਏ ਉਹਨਾਂ ਦੇ ਨਾਮ ਇਹ ਹਨ, ਨਾਨੂੰ ਸਿੰਘ ਦੇਸੀਆਂ ਵਾਲਾ, ਕਸ਼ੋਰਾ ਸਿੰਘ ਤੇ ਸ਼ਾਮ ਸਿੰਘ ਕਲਾਲ, ਬਖਸ਼ੀਸ਼ ਸਿੰਘ ਪਿੰਡ ਚੱਮਿਆਰੀ (ਜ਼ਿਲਾ ਅੰਮ੍ਰਿਤਸਰ) ਤੇ ਭਾਈ ਭਗਤੂ ਦੇ ਪੋਤਰੇ ਇਸ ਘਟਨਾ ਤੋਂ ਪਿਛੋਂ ਬੰਦਈ ਸਿੰਘ ਖਤਮ ਹੋ ਗਏ।

Digitized by Panjab Digital Library | www.panjabdigilib.org

ਯਾਦ ਰਖਣਾ ਚਾਹੀਦਾ ਹੈ ਕਿ ਬਾਬਾ ਬੰਦਾ ਸਿੰਘ ਦੇ ਜਿਉਂਦਿਆਂ ਬੰਦਈਆਂ ਤੇ ਤੱਤ ਖਾਲਸੇ ਵਿਚਕਾਰ ਕੋਈ ਝਗੜਾ ਨਹੀਂ ਹੋਇਆ। ਇਹ ਝਗੜਾ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਪੰਜ ਸਾਲ ਪਿਛੋਂ ਹੋਇਆ ਹੈ।

੧੭੨੧ ਈਸਵੀ ਦੀ ਵੈਸਾਖੀ ਤੋਂ ਹੀ ਭਾਈ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਗੰਥੀ ਆਦਿ ਦੀ ਸੇਵਾ ਸੰਭਾਲੀ। ਬਾਬਾ ਕਾਹਨ ਸਿੰਘ ਬਾਰੇ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ, ਇਹ ਗੁਰਦਾਸ ਨੰਗਲ ਦੇ ਕਿਲੇ ਵਿਚ ਆਪ ਬੰਦਾ ਸਿੰਘ ਬਹਾਦਰ ਦੇ ਨਾਲ ਸਨ ਪਰ ਗ੍ਰਿਫਤਾਰੀ ਸਮੇਂ ਜਾਂ ਰਸਤੇ ਵਿਚ ਆਪ ਦੇ ਥਾਂ ਕਿਸੇ ਹੋਰ ਸਿੰਘ ਨੂੰ ਪਾ ਕੇ ਬਚਾ ਲਿਆ ਗਿਆ।

## ਪੰਜਾਬ ਨੂੰ ਹੁਕਮਨਾਮੇ ਭੇਜੇ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਕੌਤਕਾਂ ਨੂੰ ਕੌਣ ਲਿਖ ਸਕੇ। ਕਿਸੇ ਨੂੰ ਕੀ ਪਤਾ ਸੀ ਪੰਜਾਬੋਂ ਦਖਣ ਜਾ ਕੇ ਫੇਰ ਜ਼ਾਲਮ ਰਾਜ ਦੀ ਸਫਾ ਵਲੇਟਨਗੇ, ਜਦੋਂ ਪੰਜ ਪਿਆਰਿਆਂ ਦੇ ਮਤਹਿਤ ੨੦ ਸਿੰਘ ਤੇ ਬਾਬਾ ਬੰਦਾ ਸਿੰਘ ਪੰਜਾਬ ਨੂੰ ਤੋਰਿਆ ਤਾਂ ਸ੍ਰੀ ਗੁਰੂ ਜੀ ਨੇ ਸਾਰੇ ਪੰਜਾਬੀ ਸਿੰਘਾਂ ਨੂੰ ਹੁਕਮਨਾਮੇ ਭੇਜੇ, ਜਿਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਬੰਦਾ ਸਿੰਘ ਬਹਾਦਰ ਜੀ ਦੇ ਸਾਥੀ ਬਣ ਕੇ ਜਿਨ੍ਹਾਂ ਜ਼ਾਲਮਾਂ ਮਨ ਆਏ ਜ਼ੁਲਮ ਕੀਤੇ ਹਨ ਉਨ੍ਹਾਂ ਨੂੰ ਡੰਡ ਦਿਓ।

ਬਸ ਹੁਣ ਹੁਕਮਨਾਮੇ ਸੁਣਨ ਸਾਰ ਦੂਰ ਨੇੜ ਤੋਂ ਮਾਝੇ ਤੇ ਮਾਲਵੇ ਦੇ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਾਥੀ ਬਣੇ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜੋ ਕੁਝ ਪੰਜਾਬ ਵਿਚ ਜਾ ਕੇ ਕੀਤਾ ਹੈ। ਸੋ ਅਗੇ ਅਤੇ ਖਾਲਸਾ ਤਵਾਰੀਖ, ਬਾਬਾ ਬੰਦਾ ਸਿੰਘ ਬਹਾਦਰ, ਪੰਥ ਪ੍ਰਕਾਸ਼ ਆਦਿ ਵਿਚ ਪੜ੍ਹੋ। ਬਾਬਾ ਬੰਦਾ ਸਿੰਘ ਬਹਾਦਰ ਸ੍ਰੀ ਗੁਰੂ ਜੀ ਦਾ ਪੂਰਨ ਸਿਦਕੀ ਸਿੱਖ ਸੀ ਅਤੇ ਅੰਤ ਤਕ ਪੂਰਨ ਸਿਖ ਹੀ ਰਿਹਾ ਹੈ। ਮੌਕੇ ਦੀ ਹਕੂਮਤ ਦੇ ਖੁਸ਼ਾਮਦੀ ਲੋਕਾਂ ਨੇ ਬਾਬਾ ਜੀ ਨੂੰ ਰੱਜ ਕੇ ਬਦਨਾਮ ਕੀਤਾ। ਤਤ ਖਾਲਸਾ ਮੁਸਲਮਾਨੀ ਹਕੂਮਤ ਦੇ ਅਸਰ ਹੇਠ ਆ ਕੇ ਛੇ ਸਾਲ (ਹਕੂਮਤ ਦੇ ਹਾਮੀ ਹੋ ਕੇ) ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਲੜਿਆ। ਬਾਬਾ ਜੀ ਨੇ ਚਾਹੇ ਬਹੁਤ ਸਮਝਾਉਣ ਦਾ ਜਤਨ ਕੀਤਾ ਕਿ ਗੁਰੂ ਖਾਲਸਾ ਜੀ ਆਪਾਂ ਆਪਸ ਵਿਚ ਫੁਟ ਦਾ ਸ਼ਿਕਾਰ ਨਾ ਬਣੀਏ। ਹਕੂਮਤ ਨੇ ਇਹ ਫੁਟ ਰੂਪੀ ਸੱਪ ਆਪਣੀ ਛਾਤੀ ਨਾਲ ਮਾਰਿਆ ਹੈ। ਤੁਸੀਂ ਸਾਨੂੰ ਆਪਣੇ ਭਾਈ ਸਮਝਕੇ ਸਾਡੇ ਨਾਲ ਨਾ ਲੜੋ। ਆਪ ਨੂੰ ਆਪਸ ਵਿਚ ਲੜਨਾ ਨਹੀਂ ਚਾਹੀਦਾ। ਆਪ ਬੈਠ ਕੇ ਗੁਰਮਤਾ ਸੋਧੋ ਜਿਵੇਂ ਆਪ ਜੀ ਸਾਨੂੰ ਸਾਰੇ ਆਖੋਗੇ ਉਵੇਂ ਅਸੀਂ ਮੰਨ ਲਵਾਂਗੇ। ਪਰ ਫੂਟੀ ਦਾ ਡੰਗ ਬੜਾ ਜ਼ਹਿਰ ਵਾਲਾ ਹੁੰਦਾ ਹੈ ਉਸ ਦੇ ਅੱਧ ਵਾਲੇ ਤਤ ਖਾਲਸੇ ਨੇ ਬਾਬਾ ਜੀ ਦੀ ਇਕ ਗਲ ਨਾ ਮੰਨੀ ਬਲਕੇ 'ਬੰਦਈ ਬੰਦਈ' ਕਹਿ ਕੇ ਬਦਨਾਮ ਕਰ ਕੇ ਸਦਾ ਲਈ ਆਪਣੀ ਸੱਜੀ ਬਾਂਹ ਤੋੜ ਕੇ ਖਾਲਸਾ ਪੰਥ ਨੂੰ ਮੁਸੀਬਤਾਂ ਵਿਚ ਪਾ ਲਿਆ।

ਤੱਤ ਖਾਲਸੇ ਤੇ ਬੰਦਾ ਸਿੰਘ ਦੀ ਫੁਟ ਦਾ ਅਖੀਰ ਸਿਟਾ ਕੀ ਨਿਕਲਿਆ। ਬਹੁਤ ਸਾਰੇ ਜੰਗ ਕਰਨ ਪਿਛੋਂ ਗੁਰਦਾਸ ਪੁਰ ਨੰਗਲ ਕਿਲੇ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਇਸ ਦੇ ਨਾਲ ਦੇ

Digitized by Panjab Digital Library | www.panjabdigilib.org

ਸਿੰਘਾਂ ਨੂੰ ਧੋਖੇ ਨਾਲ ਫੜਕੇ ਲੋਹੇ ਦੇ ਪਿੰਜਰੇ ਵਿਚ ਪਾਕੇ ਤੇ ਸਿੰਘਾਂ ਨੂੰ ਗਡਿਆਂ ਤੇ ਚਾੜ੍ਹ ਕੇ ਸਰਹੰਦ ਦੇ ਰਸਤੇ ਦਿਲੀ ਲਿਆ ਕੇ ਫਰਖ਼ਸੀਅਰ ਬਾਦਸ਼ਾਹ ਨੇ ਚਾਂਦਨੀ ਚੌਕ ਵਿਚ ੧੯ ਜੂਨ ੧੭੧੬ ਈ: ਮੁਤਾਬਿਕ ੧੧ ਹਾੜ ੧੭੭੩ ਬਿ: ਨੂੰ ਅਤੇ ਅਨੇਕ ਪਰਕਾਰ ਦੇ ਹੋਰ ਤਸੀਹੇ ਦੇ ਕੇ ਬਜ਼ਾਰਾਂ ਵਿਚ ਫੇਰ ਕੇ ਸ਼ਹੀਦ ਕੀਤਾ। ਤੇ ਲਾਸ਼ ਨੂੰ ਜਮਨਾ ਵਿਚ ਸੁੱਟ ਦਿਤਾ ਗਿਆ। ਨਾਲ ਦੇ ਪਹਿਲੇ ਹੀ ਪੰਝੀ ਪੰਝੀ ਕਰ ਕੇ ਕਤਲ ਕਰ ਦਿਤੇ ਗਏ ਸਨ। ਬਾਬਾ ਬੰਦਾ ਸਿੰਘ ਜੀ ਦੇ ਉਪਕਾਰ ਜੰਗ ਯੁਧ ਕੋਈ ਲੁਕੇ ਛਿਪੇ ਨਹੀਂ। ਇਸ ਤੋਂ ਛੇ ਮਹੀਨੇ ਬਾਅਦ ਤੱਤ ਖਾਲਸੇ ਨੂੰ ਖਤਮ ਕਰਨ ਵਾਸਤੇ ਸਿਰ ਤੋੜ ਜਤਨ ਕਰਕੇ ਸੰਕਟ ਦਿਤੇ। ਜਿਸ ਤੇ ਤਤ ਖਾਲਸੇ ਨੂੰ ਪਸਚਾਤਾਪ ਕਰਨਾ ਪਿਆ ਕਿ ਅਸਾਂ ਜੋ ਕੁਝ ਦੁਸ਼ਮਣ ਦੇ ਇਸ਼ਾਰੇ ਤੇ ਲੱਗ ਕੇ ਬਾਬਾ ਜੀ ਨੂੰ ਮਰਵਾਇਆ ਹੈ। ਉਹ ਅਸਾਂ ਆਪਣੀ ਬਾਂਹ ਆਪ ਕਟੀ ਹੈ ਫੇਰ ਕੀ '(ਕਰ ਅਵਗੁਣ ਪਛੋਤਾਵਣਾ)।'

## ਬੰਦਾ ਸਿੰਘ ਬਹਾਦਰ ਵੇਲੇ ਦੇ ਸਿੰਘਾਂ ਦੇ ਅੱਖਰ ਕ੍ਰਮ ਅਨੁਸਾਰ ਨਾਮ

( ੳ )

ਉਸਨਾਕ ਸਿੰਘ।

( ਅ )

ਆਲਮ ਸਿੰਘ
ਆਲੀ ਸਿੰਘ
ਅਲੀ ਸਿੰਘ
ਅਮਰ ਸਿੰਘ ਅਗੜ ਸਿੰਘ
ਅਜਾਪਾਲ ਸਿੰਘ

( ੲ )

ਈਸ਼ਰ ਸਿੰਘ
ਈਸ਼ਰ ਸਿੰਘ

( ਸ )

ਸੁਖਾ ਸਿੰਘ
ਸੂਬਾ ਸਿੰਘ
ਸ਼ਾਮ ਸਿੰਘ

( ਕ )

ਕਰਮ ਸਿੰਘ ਧਰਮ ਸਿੰਘ

( ਗ )

ਗੁਦੜ ਸਿੰਘ
ਗੁਰਦਿਆਲ ਸਿੰਘ
ਗੁਰਦਿਆਲ ਸਿੰਘ

( ਤ )

ਤਿਲੋਕ ਸਿੰਘ
ਤਖਤਾ ਸਿੰਘ

( ਫ )

ਫ਼ਤਿਹ ਸਿੰਘ
ਫ਼ਤੇ ਸਿੰਘ

( ਬ )

ਬੁਲਾਕੀ ਸਿੰਘ
ਬਾਜ ਸਿੰਘ
ਬਨੋਦ ਸਿੰਘ
ਬਿਜੈ ਸਿੰਘ
ਬੀਰ ਸਿੰਘ ਧੀਰ ਸਿੰਘ

( ਰ )

ਰਤਨ ਸਿੰਘ
ਰਾਮ ਸਿੰਘ

( ਲ )

ਲਾਲ ਸਿੰਘ

Digitized by Panjab Digital Library | www.panjabdigilib.org

# ਆਲਮ ਸਿੰਘ

ਇਹ ਰਿਆਸਤ ਜੀਂਦ ਦੇ ਰਾਜੇ ਸੁਖਚੈਨ ਦਾ ਪੁਤਰ ਸੀ ਜੋ ਮਾਈਂ ਆਗਾਂ ਤੋਂ ਪੈਦਾ ਹੋਇਆ। ਇਸ ਦੀ ਸ਼ਾਦੀ ਪਿੰਡ ਘੋੜੀਏ ਜ਼ਿਲਾ ਫ਼ੀਰੋਜ਼ਪੁਰ ਵਿੱਚ ਗਿੱਲ ਸਰਦਾਰਾਂ ਦੇ ਘਰ ਹੋਈ। ਪਿੰਡ ਮੌੜ ਤੇ ਮਰਦਾਨ ਹੇੜੀ ਵਿੱਚ ਦੋ ਸ਼ਾਦੀਆਂ ਹੋਰ ਕਰਵਾਈਆਂ।

ਇਹ ਬੜਾ ਬਹਾਦਰ ਆਦਮੀ ਸੀ। ਇਸ ਨੇ ਪਿੰਡ ਬਾਲਿਆਂ ਵਾਲੀ ਆਬਾਦ ਕੀਤਾ। ਸੰਨ ੧੮੬੫ ਵਿੱਚ ਸਰਹੰਦ ਫਤਹਿ ਕਰਕੇ ਤਿੰਨ ਦਿਨ ਇਸ ਉਪਰ ਆਪਣਾ ਕਬਜ਼ਾ ਰੱਖਿਆ।

ਇਕ ਦਿਨ ਮਾਘ ਦੇ ਮਹੀਨੇ ਬਾਲਿਆਂ ਵਾਲੀ ਦੇ ਨੇੜੇ ਘੋੜੇ ਤੋਂ ਡਿਗ ਕੇ ਮਰ ਗਿਆ।

# ਆਲੀ ਸਿੰਘ

ਆਲੀ ਸਿੰਘ, ਮਾਲੀ ਸਿੰਘ, ਗੁਰਦਿਆਲ ਸਿੰਘ, ਸੂਬਾ ਸਿੰਘ ਆਦਿਕ ਮਾਨਸਾਹੀਏ ਜ਼ਿਮੀਂਦਾਰ ਸੂਬਾ ਸਰਹੰਦ ਦੇ ਕੋਲ ਨੌਕਰ ਸਨ। ਹੁਣ ਇਨ੍ਹਾਂ ਦੀ ਉਲਾਦ ਖੰਨੇ ਦੇ ਨੇੜੇ ਪਿੰਡ ਸਿੰਘਾਂ ਦੀ ਸਲੌਦੀ ਵਿਚ ਵਸਦੀ ਹੈ।

ਇਕ ਦਿਨ ਵਜ਼ੀਦ ਖਾਂ ਸੂਬਾ ਸਰਹੰਦ ਨੇ ਇਨ੍ਹਾਂ ਨੂੰ ਬੰਦੇ ਬਹਾਦਰ ਸਿੰਘ ਦੀਆਂ ਗੱਲਾਂ ਕਰਦਿਆਂ ਸੁਣ ਲਿਆ, ਜਦੋਂ ਕਿ ਉਹ ਪੰਜਾਬ ਵੱਲ ਨੂੰ ਵਧਿਆ ਆ ਰਿਹਾ ਸੀ।

ਸੂਬੇ ਨੇ ਇਨ੍ਹਾਂ ਸਿੱਖ ਸਰਦਾਰਾਂ ਦੀ ਅਜ਼ਮਾਇਸ਼ ਕਰਨ ਲਈ ਤੇ ਇਨ੍ਹਾਂ ਨੂੰ ਚਿੜਾਉਣ ਲਈ ਕਿਹਾ, "ਸੁਣਿਆ ਹੈ ਕਿ ਬੰਦਾ ਸਿੰਘ ਦਸਮੇਂ ਗੁਰਾਂ ਦੇ ਪੁਤਰਾਂ ਦਾ ਵੈਰ ਲੈਣ ਆਇਆ ਹੈ। ਅਸੀਂ ਤੁਹਾਡੇ ਗੁਰੂ ਨੂੰ ਤਾਂ ਦੇਸੋਂ ਹੀ ਕੱਢਿਆ ਹੈ ਪਰ ਬੰਦਾ ਸਿੰਘ ਨਾਲ ਐਸੀ ਕਰਾਂਗੇ ਕਿ ਉਹ ਦੀਨ ਤੇ ਦੁਨੀਆਂ ਦੋਨਾਂ ਵਿਚ ਹੀ ਨਾ ਰਹਿ ਸਕੇਗਾ। ਤੁਸੀਂ ਜਾਣਾ ਹੈ ਤਾਂ ਜਾਓ ਤੇ ਉਸ ਨੂੰ ਲੈ ਆਓ।"

ਇਹ ਦੁਰਬਚਨ ਸੁਣਕੇ ਸਿੰਘਾਂ ਨੂੰ ਗੁੱਸਾ ਆਇਆ। ਤਾਂ ਉਨ੍ਹਾਂ ਨੇ ਉਸੇ ਵੇਲੇ ਤਨਖਾਹਾਂ ਦਾ ਬਕਾਇਆ ਦੇਣ ਲਈ ਕਿਹਾ। ਸੂਬੇ ਨੇ ਉਲਟਾ ਕੈਦ ਕਰ ਲਏ। ਪਰ ਇਹ ਸੂਰਬੀਰ ਵਰਿਆਮ ਜੇਲ੍ਹ ਦੀਆਂ ਬੇੜੀਆਂ ਤੇ ਹੱਥਕੜੀਆਂ ਨੂੰ ਤੋੜ ਕੇ, ਰਾਤੋ ਰਾਤ ਬੰਦਾ ਸਿੰਘ ਦੀਆਂ ਫੌਜਾਂ ਨਾਲ ਜਾ ਰਲੇ। ਬੰਦਾ ਸਿੰਘ ਬਹਾਦਰ ਇਨ੍ਹਾਂ ਉੱਪਰ ਬਹੁਤ ਖੁਸ਼ ਹੋਇਆ ਤੇ ਵਰ ਦਿੱਤਾ।

# ਸਰਹੰਦ ਪਰ ਹਮਲੇ ਸਬੰਧੀ ਇਕ ਰਵਾਇਤ

ਸਿੰਘਾਂ ਦੀਆਂ ਅਖਾਂ ਵਿੱਚ ਸਰਹੰਦ ਕਿਵੇਂ ਕੰਡੇ ਵਾਂਗ ਰੜਕਦੀ ਸੀ ਅਤੇ ਸਰਹੰਦ ਦੇ ਹਾਕਮ ਕਿਤਨੇ ਜ਼ਾਲਮ ਸਨ ਇਸ ਸਬੰਧੀ ਪਿੰਡ ਧਮੋਟ ਦੇ ਕੁਝ ਸਿਆਣੇ ਸਜਨਾਂ ਪਾਸੋਂ ਇਕ ਇਤਿਹਾਸਕ ਰਵਾਇਤ ਸੁਣਨ ਵਿੱਚ ਆਈ ਹੈ ਜਿਸ ਤੋਂ ਸਿੰਘਾਂ ਦੀ ਬਹਾਦਰੀ ਦਾ ਪਤਾ ਲਗਦਾ ਹੈ। ਇਸ ਨਗਰ ਵਿੱਚ ਬਾਬਾ ਸੁਖਾ ਸਿੰਘ ਤੇ ਮਲ ਸਿੰਘ ਸ਼ਹੀਦਾਂ ਦੀਆਂ ਸਮਾਧਾਂ ਹਨ ਇਨ੍ਹਾਂ ਦੀਆਂ ਸ਼ਹੀਦੀਆਂ ਸਬੰਧੀ ਹੇਠ ਲਿਖੇ ਹਾਲਾਤ ਮਿਲੇ ਹਨ।

Digitized by Panjab Digital Library | www.panjabdigilib.org

ਵਜ਼ੀਦ ਖਾਨ ਸੂਬਾ ਸਰਹੰਦ ਦੇ ਮਰਨ ਪਿਛੋਂ ਸੂਬਾ ਜੋਨ ਖਾਨ ਸਰਹੰਦ ਦਾ ਨਵਾਬ ਬਣ ਕੇ ਆਇਆ। ਉਸ ਨੇ ਸਿੰਘਾਂ ਪਰ ਹੋਰ ਭੀ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਅਤੇ ਆਪਣੇ ਮਤਹਿਤ ਅਫਸਰਾਂ ਨੂੰ ਹੁਕਮ ਦਿੱਤਾ ਕਿ ਸਿੱਖਾਂ ਦੇ ਸਿਰ ਵਡ ਕੇ ਗੱਡੇ ਭਰ ਕੇ ਮੇਰੇ ਪਾਸ ਭੇਜੋ ਤਾ ਕਿ ਮੈਂ ਦੀਪਮਾਲਾ ਵਾਲੇ ਦਿਨ ਉਨਾਂ ਦੇ ਸਿਰਾਂ ਪਰ ਦੀਵੇ ਰੱਖ ਕੇ ਨਵੀਂ ਕਿਸਮ ਦੀ ਦੀਪਮਾਲਾ ਕੀਤੀ ਜਾਵੇ। ਸੂਬਾ ਜੋਨ ਖਾਂ ਨੇ ਇਕ ਬ੍ਰਾਹਮਣ ਦੀ ਬ੍ਰਾਹਮਣੀ ਸਾਵਿੱਤ੍ਰੀ ਖੋਹ ਲਈ ਸੀ। ਇਸ ਬ੍ਰਾਹਮਣ ਨੇ ਸ੍ਰੀ ਅੰਮ੍ਰਿਤਸਰ ਜਾ ਕੇ ਸਿੰਘਾਂ ਪਾਸ ਫਰਿਆਦ ਕੀਤੀ ਉਥੇ ਜਥੇਦਾਰ ਬਾਬਾ ਸੁਖਾ ਸਿੰਘ ਜੀ ਸਨ ਆਪ ਨੇ ਪੰਜ ਹਜ਼ਾਰ ਸਿੰਘ ਨੂੰ ਨਾਲ ਲੈ ਕੇ ਸਰਹੰਦ ਪਰ ਹਮਲਾ ਕਰਨ ਲਈ ਕੂਚ ਕਰ ਦਿੱਤਾ। ਇਨ੍ਹਾਂ ਸਿੰਘਾਂ ਦਾ ਪੜਾਉ ਸੱਦਦੀ ਜ਼ਿਲਾ ਲੁਧਿਆਣਾ ਵਿਚ ਸੀ ਤਾਂ ਉਥੋਂ ਬਾਬਾ ਮਲਾ ਸਿੰਘ ਜੀ ਨੇ ਦਸਿਆ ਕਿ ਸੂਬਾ ਸਰਹੰਦ ਦੀਆਂ ਫੌਜਾਂ ਪਿੰਡਾਂ ਵਿਚ ਫਿਰਕੇ ਨੌਜਵਾਨ ਸਿੰਘਾਂ ਤੇ ਬੀਬੀਆਂ ਦੇ ਸਿਰ ਵਢਕੇ ਗਡੇ ਭਰ ਰਹੀਆਂ ਹਨ। ਇਸ ਕਰਕੇ ਇਨ੍ਹਾਂ ਗਡਿਆਂ ਨੂੰ ਉਨ੍ਹਾਂ ਪਾਸੋਂ ਖੋਹ ਕੇ ਸਿੰਘਾਂ ਦੇ ਸਿਰਾਂ ਦਾ ਸਸਕਾਰ ਕਰਨਾ ਚਾਹੀਦਾ ਹੈ। ਬਾਬਾ ਸੁਖਾ ਸਿੰਘ ਜੀ ਜਿਸ ਮਨੋਰਥ ਨੂੰ ਨਾਲ ਲੈਕੇ ਆਏ ਸਨ। ਉਸ ਨੂੰ ਲਾਂਭੇ ਨਾ ਕਰਨ ਪਰ ਜ਼ੋਰ ਦਿਤਾ ਅਤੇ ਇਹ ਫੈਸਲਾ ਹੋਇਆ ਕਿ ਦੋਵੇਂ ਦਲ ਸਰਹੰਦ ਪਰ ਦੋ ਪਾਸਿਆਂ ਤੋਂ ਹਮਲਾ ਕਰਨ। ਇਨ੍ਹਾਂ ਬਹਾਦਰਾਂ ਨੇ ਜੋਨ ਖਾਂ ਨੂੰ ਮਾਰਿਆ ਤੇ ਇਸ ਜੰਗ ਵਿਚ ਇਹ ਦੋਵੇਂ ਬਜ਼ੁਰਗ ਸ਼ਹੀਦ ਹੋ ਗਏ।

## ਭਾਈ ਕਰਮ ਸਿੰਘ ਭਾਈ ਧਰਮ ਸਿੰਘ ਜੀ ਰੂਪਾ

ਸ: ਕਰਮ ਸਿੰਘ ਤੇ ਸ: ਧਰਮ ਸਿੰਘ ਜੀ ਭਾਈ ਰੂਪ ਚੰਦ ਦੇ ਪੋਤਰੇ ਸਨ। ਜਦ ਬੰਦਾ ਸਿੰਘ ਸਰਹਿੰਦ ਤੇ ਚੜ੍ਹਾਈ ਕਰਨ ਦੀ ਤਿਆਰੀ ਕੀਤੀ, ਤਾਂ ਆਪ ਜੀ ਨੂੰ ਸ੍ਰੀ ਗੁਰੂ ਦਸਮੇਸ਼ ਜੀ ਦੇ ਸ਼ਰਧਾਲੂ ਸਿੱਖ ਸਮਝ ਕੇ ਸੱਦਾ ਪੱਤਰ ਘਲਿਆ ਗਿਆ, ਆਪ ਨੇ ਆਇਆ ਸਦਾ ਪਤਰ ਸਿਰ ਮਥੇ ਪ੍ਰਵਾਨ ਕੀਤਾ ਤੇ ਦੋਵੇ ਭਾਈ (ਕਰਮ ਸਿੰਘ ਤੇ ਧਰਮ ਸਿੰਘ) ਮਲਵਈ ਸੂਰਮਿਆਂ ਨੂੰ ਇਕਠਾ ਕਰਕੈ ਬੰਦਾ ਸਿੰਘ ਦੀ ਕਮਾਂਡ ਤੇ ਖਾਲਸੇ ਦੇ ਕੇਸਰੀ ਨਿਸ਼ਾਨ ਹੇਠ ਜਾ ਜੈਕਾਰੇ ਛਡੇ, ਅਤੇ ਸਰਹੰਦ ਦੀ ਇਟ ਨਾਲ ਇਟ ਖੜਕਾਉਣ ਅਤੇ ਸ੍ਰੀ ਦਸ਼ਮੇਸ ਦੇ ਦੁਲਾਰਿਆਂ ਦੀ ਵੈਰ ਲੈਣ ਲਈ ਵਧ ਚੜਕੇ ਖਾਲਸਈ ਜੋਹਰ ਦਿਖਾਏ।

## ਸ: ਤਿਲੋਕ ਸਿੰਘ ਸ: ਰਾਮ ਸਿੰਘ ਜੀ ਫੂਲ ਵੰਸੀ

ਆਪ ਜੀ ਬਾਬਾ ਫੂਲ ਦੇ ਘਰ ਵਿਚ ਪੈਦਾ ਹੋਏ, ਆਪ ਨੇ ਅਤੇ ਆਪ ਦੇ ਭਾਈ ਰਾਮ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸਾਬੋ ਕੀ ਤਲਵੰਡੀ (ਸ੍ਰੀ ਦਮਦਮਾ ਸਾਹਿਬ) ਵਿਚ ਸ੍ਰੀ ਹਜ਼ੂਰ ਦੇ ਦਸਤ ਕੰਮਲਾ ਤੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜੇ, ਸ੍ਰੀ ਦਸਮੇਸ਼ ਜੀ ਨੇ ਪ੍ਰਸੰਨ ਹੋ ਕੇ 'ਹੁਕਮ ਨਾਮਾ' ਬਖ਼ਸਿਆ (ਦੇਖੋ ਗੁਰੂ ਵਸਤੂ

ਆਪ ਜੀ ਸਾਬੋ ਪ੍ਰਗਣੇ ਦੇ ਚੋਧਰੀ ਸਨ। ਆਪ ਤਾਂ ਬੰਦਾ ਸਿੰਘ ਦੀ ਚਿਠੀ ਆਈ ਤੋਂ ਨਾਂਹ ਗਏ ਕਿ ਕਿਤੇ ਚੋਧਰ ਨ ਖੁਸ ਜਾਵੇ, ਤੇ ਬਹੁਤ ਸਾਰੇ ਮਲਵਈ ਸਿੰਘ ਭਰਤੀ ਕਰਕੇ ਭੇਜ ਦਿਤੇ। ਆਪ ਨੇ ਚਮਕੋਰ ਸਾਹਿਬ ਜੀ ਦੇ ਸ਼ਹੀਦ ਦੇ ਸਰੀਰਾਂ ਦਾ ਸਸਕਾਰ ਕੀਤਾ।

Digitized by Panjab Digital Library | www.panjabdigilib.org

# ਸ: ਤਖਤਾ ਸਿੰਘ ਦੁਲਟ

ਆਪ ਜੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਬੰਸ ਵਿਚੋਂ ਬੜੇ ਸੂਰਬੀਰ ਜੋਧੇ ਹੋਏ ਹਨ। ਜਿਨ੍ਹਾਂ ਨੇ ਬੰਦਾ ਸਿੰਘ ਦੇ ਪੰਜਾਬ ਵਿਚ ਆਉਣ ਪਰ ਉਸ ਨਾਲ ਗੁਰਮਤਾ ਕਰਕੇ ਮਾਝੇ ਮਾਲਵੇ ਦੇ ਸਿੰਘਾਂ ਨੂੰ ਪਤਰਕਾਂ ਲਿਖੀਆਂ "ਕਿ ਸ੍ਰੀ ਗੁਰੂ ਦਸਮੇਸ਼ ਜੀ ਦਾ ਭੇਜਿਆ ਹੋਇਆ ਬੰਦਾ ਸਿੰਘ ਸਾਹਿਬਜ਼ਾਦਿਆਂ ਦਾ ਵੈਰ ਲੈਣ ਲਈ ਦਖਣ ਤੋਂ ਆ ਗਿਆ ਹੈ"।

ਸੋ ਆਪ ਦੀਆਂ ਭੇਜੀਆਂ ਪਤਰਕਾਂ ਪਰ ਅਮਲ ਕਰਦੇ ਹੋਏ ਮਲਵਈ ਸੂਰਮੇ ਹਜ਼ਾਰਾਂ ਦੀ ਗਿਣਤੀ ਵਿਚ ਬੰਦਾ ਸਿੰਘ ਬਹਾਦਰ ਨਾਲ ਰਲਕੇ ਖਾਲਸਾ ਜੀ ਦੇ ਕੇਸਰੀ ਝੰਡੇ ਦੇ ਹੇਠ ਇਕਤਰ ਹੋ ਗਏ।

ਸ: ਤਖਤਾ ਸਿੰਘ ਜੀ ਨੇ ਬੰਦਾ ਸਿੰਘ ਨਾਲ ਮਿਲ ਕੇ ਬਹੁਤ ਸਾਰੇ ਜੰਗ ਲੜੇ ਅਤੇ ਸਾਹਿਬਜ਼ਾਦਿਆਂ ਦਾ ਵੈਰ ਲਿਆ ਅਤੇ ਸਰਹੰਦ ਦੀ ਤਬਾਹੀ ਕਰਕੇ ਉਸ ਦਾ ਨਾਂ ਸਾਹਿਬਜ਼ਾਦਿਆਂ ਦੀ ਯਾਦ ਵਿਚ ਫਤਹਿ ਗੜ੍ਹ ਸਾਹਿਬ ਰਖਿਆ।

# ਫਤਹਿ ਸਿੰਘ

ਭਾਈ ਭਗਤੂ ਦਾ ਪੋਤਾ ਰਿਆਸਤ ਫਰੀਟ ਕੋਟ ਦਾ ਵਸਨੀਕ ਸੀ। ਜਿਸ ਵੇਲੇ ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਦਾ ਬਦਲਾ ਲੈਣ ਲਈ ਪੰਜਾਬ ਉਪਰ ਧਾਵਾ ਬੋਲਿਆ ਤੇ ਬੰਦਾ ਸਿੰਘ ਨੇ ਮਾਲਵੇ ਦੇ ਸਿੰਘਾਂ ਨੂੰ ਲੜਾਈ ਵਿੱਚ ਸ਼ਾਮਲ ਹੋਣ ਲਈ ਸੱਦਾ* ਭੇਜਿਆ ਸੀ, ਤਾਂ ਸਭ ਤੋਂ ਪਹਿਲੇ ਭਾਈ ਫ਼ਤਿਹ ਸਿੰਘ ਵੀਹ ਅਸਵਾਰਾਂ ਸਮੇਤ, ਸਾਰਾ ਖਰਚ ਪੱਠਾ ਲੈ ਕੇ ਸੇਵਾ ਲਈ ਹਾਜ਼ਰ ਹੋਇਆ ਸੀ। ਇਸ ਮੌਕੇ ਭਾਈ ਰੂਪੇ ਦੇ ਪੋਤਰੇ ਕਰਮ ਸਿੰਘ ਤੇ ਧਰਮ ਸਿੰਘ ਵੀ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ। ਰਾਮ ਸਿੰਘ, ਤਿਲੋਕ ਸਿੰਘ ਜਿਹੜੇ ਕਿ ਭਾਈ ਫੂਲ ਦੀ ਔਲਾਦ ਸਨ, ਉਹ ਖੁਦ ਤਾਂ ਨਾ ਗਏ ਪ੍ਰੰਤੂ ਆਪਣੇ ਆਦਮੀ ਭੇਜ ਦਿਤੇ। ਭਾਈ ਬਾਜ ਸਿੰਘ, ਭਾਈ ਰਾਮ ਸਿੰਘ ਬਲ, ਦੇਸਾ ਸਿੰਘ ਗਰੇਵਾਲ, ਜਿਉਣ ਸਿੰਘ ਰੰਧਾਵਾ, ਨਿਗਾਹਾ ਸਿੰਘ, ਚੂਹੜ ਸਿੰਘ ਮਲਵਈ, ਭਾਈ ਬਿਨੋਦ ਸਿੰਘ, ਕਾਹਨ ਸਿੰਘ, ਤਖਤਾ ਸਿੰਘ, ਬਖਤਾ ਸਿੰਘ ਕੰਬੋ (ਬਾਂਗਤ) ਬਹੁਤ ਸਾਰੇ ਧਾਲੀਵਾਲ, ਭੁੱਲਰ, ਸੇਖੋਂ, ਚਾਹਿਲ, ਗਰੇਵਾਲ, ਬਰਾੜ, ਸਿਧੂ, ਮਾਨ, ਮਲੀ, ਗਿਲ, ਜੌਹਲ, ਮਟੂ, ਦਿਔਲ,

---

*ਬੰਦਾ ਸਿੰਘ ਬਹਾਦਰ ਦੇ ਇਸ ਸੱਦੇ ਨੂੰ ਗਿਆਨੀ ਗਯਾਨ ਸਿੰਘ ਜੀ ਕਵਿਤਾ ਦੁਆਰਾ ਇਉਂ ਲਿਖਦੇ ਹਨ:–

ਗੁਰ ਸਿੱਖ ਆਵੇ ਦੇਰ ਨਾ ਲਾਵੇ। ਤੁਰਕਨ ਕੀ ਜੜ੍ਹ ਮੂਲ ਉਠਾਵੇ।
ਮੈਨੂੰ ਭੇਜਿਉ ਕਾਰਜ ਏਸ। ਜਗਤ ਗੁਰੂ ਸਾਹਿਬ ਦਸਮੇਸ਼।
ਹਾਲ ਕਰੋ ਵੈਰਨ ਕਾ ਮੰਦਾ। ਤਬੈ ਪਛਾਨਿਉਂ ਮੁਹਿ ਗੁਰ ਬੰਦਾ।
ਇਸ ਮੇਂ ਜ਼ਰਾ ਕੂਰ ਨਾ ਥੇ ਹੈ। ਮਿਲੈ ਹਮ ਸੰਗ ਅਬੈ ਹੈ।

Digitized by Panjab Digital Library | www.panjabdigilib.org

ਗਰੇਵਾਲ, ਢਿਲੋਂ, ਬੁਟਰ; ਆਦਿ ਸੂਰਬੀਰ ਬੰਦਾ ਸਿੰਘ ਬਹਾਦਰ ਦੀ ਫੌਜਾਂ† ਵਿਚ ਸ਼ਾਮਲ ਹੋਣ ਲਈ ਇਕੱਠੇ ਹੋ ਗਏ।

ਭਾਈ ਫਤਿਹ ਸਿੰਘ ਸਾਰੇ ਹਮਲਿਆਂ ਵਿਚ ਬੰਦਾ ਸਿੰਘ ਦੇ ਨਾਲ ਰਿਹਾ ਤੇ ਬਹਾਦਰੀ ਨਾਲ ਲੜਦਾ ਰਿਹਾ।

## ਬੁਲਾਕੀ ਸਿੰਘ

ਪਿੰਡ ਘੁਡਾਣੀ (ਪਾਇਲ ਦੇ ਨੇੜੇ) ਦਾ ਰਹਿਣ ਵਾਲਾ ਪ੍ਰਸਿੱਧ ਰਾਗੀ, ਜੋ ਬਹੁਤ ਅੱਛੀ ਲਯ ਨਾਲ ਗਾਉਂਦਾ ਹੁੰਦਾ ਸੀ। ਇਕ ਦਿਨ ਜਦੋਂ ਇਹ ਰਹਿਰਾਸ ਸਾਹਿਬ ਦਾ ਪਾਠ ਕਰਕੇ ਹਟਿਆ ਤਾਂ ਪਿੰਡ ਦੇ ਰਾਮ ਰਾਈਆਂ ਨੇ ਭਾਈ ਬੁਲਾਕੀ ਸਿੰਘ ਨੂੰ ਗਾਲ੍ਹਾਂ ਕੱਢੀਆਂ ਤੇ ਇਸ ਦਾ ਸਰੰਦਾ ਤੋੜ ਦਿਤਾ।

ਭਾਈ ਬਲਾਕੀ ਸਿੰਘ ਇਹ ਸ਼ਕਾਇਤ ਲੈ ਕੇ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹਾਜ਼ਰ ਹੋਇਆ ਤੇ ਆਪਣਾ ਸਾਰਾ ਦੁਖ ਰੋਇਆ।

ਇਸ ਬ੍ਰਿਤਾਂਤ ਨੂੰ ਸੁਣ ਕੇ ਬੰਦਾ ਸਿੰਘ ਬਹਾਦਰ ਨੇ ਉਸੇ ਵੇਲੇ ਫੌਜਾਂ ਨੂੰ ਕੂਚ ਦਾ ਹੁਕਮ ਦਿਤਾ। ਸਭ ਤੋਂ ਪਹਿਲਾਂ ਪਾਇਲ ਦੇ ਰਾਮ ਰਾਈਆਂ ਨੂੰ ਸਜ਼ਾ ਦਿਤੀ ਤੇ ਖੂਬ ਲੁੱਟ ਮਾਰ ਕੀਤੀ। ਘੁਡਾਣੀ ਦੇ ਸਭ ਰਾਮ ਰਾਈਏ ਕਤਲ ਕਰ ਦਿਤੇ।

ਬੰਦਾ ਸਿੰਘ ਬਹਾਦਰ ਨੇ ਰਾਗੀ ਬੁਲਾਕੀ ਸਿੰਘ ਨੂੰ ਪਾਇਲ ਦਾ ਠਾਣੇਦਾਰ ਬਣਾ ਦਿਤਾ ਤੇ ਆਪ ਘਲੋਟੀ, ਧੰਮੋਟ ਆਦਿ ਪਿੰਡਾਂ ਕੋਲੋਂ ਨਜ਼ਰਾਨੇ ਲੈਂਦਾ‡ ਮਲੇਰ ਕੋਟਲੇ ਚਲਿਆ ਗਿਆ।

---

†ਖਾਸ ਵੇਖਣ ਯੋਗ ਗੱਲ ਇਹ ਹੈ ਕਿ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਲ ਹੋਣ ਵਾਲੇ ਇਹ ਮਲਵਈ ਸੂਰਬੀਰ ਤਨਖਾਹ ਲੈ ਕੇ ਜਾਂ ਕਿਸੇ ਹੋਰ ਲਾਲਚ ਨਾਲ ਨਹੀਂ ਗਏ ਸਨ। ਸਗੋਂ ਘੋੜੇ, ਹਥਿਆਰ ਤੇ ਰਾਸ਼ਨ ਪਾਣੀ ਦਾ ਸਾਰਾ ਖਰਚ ਵੀ ਆਪਣੇ ਕੋਲੋਂ ਕੀਤਾ ਸੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ, "ਭਏ ਤਯਾਗ ਆਵਣ ਕੇ ਤਾਈਂ। ਲਏ ਸੰਭਾਲ ਹਥਿਆਰ ਤਦਾਈਂ। ਗਊ, ਭੈਂਸ, ਘਰ ਵੇਚ ਜ਼ਮੀਨ। ਬਹੁ ਸਿੰਘੋਂ ਨੇ ਘੋੜੇ ਲੀਨ।"

‡ਮਲੇਰ ਕੋਟਲੇ ਦਾ ਨਵਾਬ ਗੁਲਸ਼ੇਰ ਮੁਹੰਮਦ ਖਾਂ, ਅਨੰਦ ਪੁਰ ਦੀ ਹਫੜਾ ਤਫੜੀ ਵੇਲੇ, ਅਨੂਪ ਕੌਰ ਨੂੰ ਫੜ ਕੇ ਲੈ ਆਇਆ ਸੀ ਤੇ ਉਸ ਨੂੰ ਮੁਸਲਮਾਨੀ ਕਰਨਾ ਚਾਹੁੰਦਾ ਸੀ, ਪਰ ਇਸ ਸਿੱਖੀ ਸਿਦਕ ਵਾਲੀ ਦੇਵੀ ਨੇ ਜ਼ਾਲਮ ਦੇ ਕਸ਼ਟਾਂ ਤੋਂ ਬਚਣ ਲਈ ਖੁਦ ਹੀ ਆਪਣੀ ਜਾਨ ਖਤਮ ਕਰ ਲਈ। ਨਵਾਬ ਨੇ ਇਸ ਨੂੰ ਦਫਨਾ ਕੇ ਕਬਰ ਬਣਾ ਰੱਖੀ ਸੀ। ਬੰਦਾ ਸਿੰਘ ਬਹਾਦਰ ਨੇ ਗੁਲਸ਼ੇਰ ਮੁਹੰਮਦ ਖਾਂ ਨੂੰ ਦਸ ਹਜ਼ਾਰ ਰੁਪਇਆ ਦੰਡ ਲਾਇਆ ਤੇ ਅਨੂਪ ਕੌਰ ਦੀਆਂ ਹੱਡੀਆਂ ਨੂੰ ਕਬਰ ਵਿਚੋਂ ਕਢਾ ਕੇ ਸਸਕਾਰ ਕੀਤਾ।

ਮਲੇਰ ਕੋਟਲੇ ਦਾ ਇਕ ਸ਼ਾਹੂਕਾਰ ਬੰਦਾ ਸਿੰਘ ਬਹਾਦਰ ਦਾ ਪੁਰਾਣਾ ਵਾਕਿਫ ਸੀ।

( ਬਾਕੀ ਟਿਪਣੀ ਅਗਲੇ ਸਫੇ ਤੇ ਦੇਖੋ )

Digitized by Panjab Digital Library | www.panjabdigilib.org

## ਬੀਰ ਸਿੰਘ ਧੀਰ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀਏ ਮਲਵਈ ਸਿੰਘ ਸਦਾ ਤਿਆਰ ਬਰ ਤਿਆਰ ਗੁਰੂ ਪਿਆਰ ਅਤੇ ਸਰਹੰਦ ਨੂੰ ਸਤਿਕਾਰ ਤੇ ਤਿਰਸਕਾਰ ਨਾਲ ਸਦਾ ਤਕਦੇ ਰਹਿੰਦੇ ਸਨ। ਜਦ ਬੰਦਾ ਸਿੰਘ ਬਹਾਦਰ ਸਰਹੰਦ ਨੂੰ ਤਬਾਹ ਕਰਨ ਆਇਆ ਸੁਣਿਆ ਤਾਂ ਇਹ ਦੋਨੋਂ ਧਰਮ ਬੀਰ, ਦਲ ਵਿਚ ਜਾ ਸ਼ਾਮਲ ਹੋਏ ਅਤੇ ਫਤਹਿ ਪਾ ਕੇ ਮਨ ਨੂੰ ਸ਼ਾਂਤੀ ਆਈ।

## ਸਃ ਬਾਜ ਸਿੰਘ (ਸਰਹੰਦ ਦਾ ਸੂਬਾ)

ਸ: ਬਾਜ ਸਿੰਘ ਜੀ ਦਾ ਜਨਮ ਨਗਰ ਮੀਰ ਪੁਰ ਪੱਟੀ ਵਿਚ ਹੋਇਆ। ਜਵਾਨ ਹੁੰਦੇ ਹੀ ਆਪ ਕਲਗੀਧਰ ਜੀ ਪਾਸੋਂ ਅੰਮ੍ਰਿਤ ਪਾਨ ਕਰਕੇ ਸੰਤ ਸਿਪਾਹੀਆਂ ਦੀ ਫੌਜ ਵਿਚ ਭਰਤੀ ਹੋ ਗਏ। ਮੁਕਤਸਰ ਸਾਹਿਬ ਦੇ ਜੰਗ ਵਿਚ ਆਪ ਦਸ਼ਮੇਸ਼ ਜੀ ਦੇ ਨਾਲ ਸਨ ਅਤੇ ਜਦ ਸਚੇ ਪਾਤਸ਼ਾਹ ਦਖਣ ਦੇਸ਼ ਦਾ ਦੌਰਾ ਕਰਨ ਗਏ ਤਾਂ ਉਸ ਸਮੇਂ ਭੀ ਆਪ ਨਾਲ ਸਨ।

ਗੁਰੂ ਜੀ ਨੇ ਬਾਬਾ ਬੰਦਾ ਸਿੰਘ ਨੂੰ ਪੰਜਾਬ ਵਿਚੋਂ ਜ਼ੁਲਮ ਦਾ ਖਾਤਮਾ ਕਰਨ ਲਈ ਭੇਜਿਆ ਤਾਂ ਜੇਹੜੇ ੨੫ ਸਿੰਘ ਬਾਬਾ ਜੀ ਦੇ ਨਾਲ ਭੇਜੇ ਗਏ ਸਨ ਸਃ ਬਾਜ ਸਿੰਘ ਜੀ ਭੀ ਉਨ੍ਹਾਂ ਵਿਚੋਂ ਸਿੰਘ ਸਨ। ਆਪ ਦੇ ਵਡੇ ਭਰਾਤਾ ਸ: ਰਾਮ ਸਿੰਘ ਜੀ ਭੀ ਬੜੇ ਪ੍ਰਸਿੱਧ ਯੋਧੇ ਸਨ। ਤੇ ਬਾਬਾ ਬੰਦਾ ਸਿੰਘ ਬਹਾਦਰ ਉਨ੍ਹਾਂ ਨੂੰ ਆਪਣੀ ਸੱਜੀ ਬਾਂਹ ਸਮਝਦੇ ਸਨ। ਗੁਰੂ ਜੀ ਦੇ ਹੁਕਮ ਨਾਮੇ ਸਃ ਬਾਜ ਸਿੰਘ ਜੀ ਨੇ ਹੀ ਸਿੰਘਾਂ ਤੱਕ ਪਹੁਚਾਏ।

ਗੁਰੂ ਜੀ ਦੇ ਹੁਕਮ ਅਨਸਾਰ ਸਿੰਘਾਂ ਨੇ ਸਰਹੰਦ ਦੀ ਇਟ ਨਾਲ ਇਟ ਵਜਾ ਦਿਤੀ। ਸਰਹੰਦ ਫ਼ਤਹਿ ਕਰਨ ਤੋਂ ਪਹਿਲਾਂ ਸਿੰਘਾਂ ਨੇ ਸਮਾਣਾ ਤੇ ਸਢੌਰੇ ਆਦਿਕ ਕਈ ਕਸਬੇ ਸੋਧੇ ਸਨ। ਛੋਟੇ ਸਾਹਿਬ ਜ਼ਾਦਿਆਂ ਨੂੰ ਕੰਧਾਂ ਵਿਚ ਚਿਨਾਉਣ ਵਾਲਾ ਵਜ਼ੀਰ ਖਾਨ ਸੂਬਾ ਸਰਹੰਦ ਸਿੰਘਾਂ ਦੀਆਂ ਅਖਾਂ ਵਿਚ ਕੰਡੇ ਵਾਂਗ ਰੜਕ ਦਾ ਸੀ ਗੁਰੂ ਸਾਹਿਬ ਦੀ ਕਿਰਪਾ ਨਾਲ ਸਿੰਘਾਂ ਨੇ ਸਰਹੰਦ ਨੂੰ ਫਤਹਿ ਕਰਕੇ ਬਵੰਜਾ ਲਖ ਰੁਪਏ ਦੇ ਮਾਲੀਏ ਵਾਲੇ ਸੂਬੇ ਪਰ ਕਬਜ਼ਾ ਕਰ ਲਿਆ। ਮੁਗਲ ਰਾਜ ਦੀ ਸਿੰਘਾਂ ਹਥੋਂ ਸਭ ਤੋਂ ਵਡੀ ਹਾਰ ਸੀ ਤੇ ਸਿੰਘਾਂ ਦੀ ਇਹ ਸਭ ਤੋਂ ਪਹਿਲੀ ਫਤਹਿ ਸੀ। ਸਰਹੰਦ ਪਰ ਕਬਜ਼ਾ ਕਰਕੇ ਸਿੰਘਾਂ ਨੇ ਵਿਚਾਰ ਕੀਤੀ ਕਿ ਸੂਬਾ ਕਿਸ ਨੂੰ ਬਣਾਇਆ ਜਾਵੇ ਸਾਰੇ ਸਿੰਘਾਂ ਦੀ ਸੰਮਤੀ ਨਾਲ ਸਃ ਬਾਜ ਸਿੰਘ ਬਲੋ ਗੋਤ ਦੇ ਜੱਟ ਨੂੰ ਸਰਹੰਦ ਦਾ ਸੂਬਾ ਚੁਣਿਆ ਗਿਆ। ਭਾਰਤ ਦੇ ਇਤਹਾਸ ਵਿਚ ਇਹ ਪਹਿਲਾ ਅਵਸਰ ਸੀ ਜਦੋਂ ਇਕ ਸਧਾਰਨ ਜੱਟ ਨੂੰ ਉਸਦੀਆਂ ਕੁਰਬਾਨੀਆਂ ਨੂੰ ਮੁਖ ਰਖ ਕੇ

---

ਇਸ ਨੂੰ ਜਦੋਂ ਪਤਾ ਲਗਾ ਕਿ ਬੰਦਾ ਸਿੰਘ ਬਹਾਦਰ ਮਲੇਰ ਕੋਟਲੇ ਵਲ ਆ ਰਿਹਾ ਹੈ ਤਾਂ ਇਹ ਚਾਰ ਹਜ਼ਾਰ ਰੁਪਇਆ ਨਜ਼ਰਾਨਾ ਲੈ ਕੇ ਸ਼ਹਿਰ ਤੋਂ ਬਾਹਿਰ ਹੀ ਜਾ ਮਿਲਿਆ। ਆਤਮਾ ਰਾਮ ਵੈਰਾਗੀ ਸਾਧੂ ਵੀ ਇਸ ਸ਼ਾਹੂਕਾਰ ਦੇ ਨਾਲ ਗਿਆ। ਆਤਮਾ ਰਾਮ ਬੜਾ ਮਸ਼ਹੂਰ ਤੇ ਕਰਾਮਾਤੀ ਹੋਇਆ ਹੈ। ਹੁਣ ਭੀ ਇਸ ਦੇ ਨਾਮ ਦਾ ਮੇਲਾ ਮਲੇਰ ਕੋਟਲੇ ਲੱਗਦਾ ਹੈ। ਏਸੇ ਸਾਧੂ ਦਾ ਲਿਹਾਜ਼ ਕਰਕੇ, ਬੰਦਾ ਸਿੰਘ ਨੇ ਮਲੇਰ ਕੋਟਲੇ ਨੂੰ ਬਰਬਾਦ ਕਰਨੋਂ ਛੱਡ ਦਿਤਾ ਸੀ।

Digitized by Panjab Digital Library | www.panjabdigilib.org

ਖਾਲਸਾ ਪੰਥ ਨੇ ਚੁਣ ਕੇ ਬਵੰਜਾ ਲੱਖ ਦੇ ਸੂਬੇ ਦਾ ਮੁਖੀ ਪ੍ਰਬੰਧਕ ਬਣਾ ਦਿਤਾ। ਸਃ ਬਾਜ ਸਿੰਘ ਦੇ ਅਧੀਨ ਜਿਤਨੇ ਪਰਗਨੇ ਸਨ ਸਭ ਦੇ ਮੁਖੀ ਸਿੰਘ ਥਾਪੇ ਗਏ ਤੇ ਖਾਲਸੇ ਨੇ ਮਾਮਲਾ ਉਗਰਾਹੁਣਾ ਅਰੰਭ ਕਰ ਦਿਤਾ। ਇਹ ਸਿੰਘਾਂ ਦੀਆਂ ਚੜ੍ਹਦੀਆਂ ਕਲਾ ਦਾ ਉਹ ਸਮਾ ਸੀ ਜਿਸ ਵੱਲ ਸਾਈਂ ਬੁਲ੍ਹੇਸ਼ਾਹ ਨੇ ਇਸ਼ਾਰਾ ਕਰਦਿਆਂ ਹੋਇਆਂ ਫੁਰਮਾਇਆ:— 'ਭੂਰਿਆਂ ਵਾਲੇ ਰਾਜੇ ਕੀਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ' ਸਭ ਮੁਰ ਇਹ ਕਿ ਇਤਨਾ ਵਡਾ ਇਨਕਲਾਬ ਸੀ ਕਿ ਜਿਸ ਆਦਮੀ ਪਾਸ ਦੋ ਪਾਟੇ ਹੋਇ ਕੰਬਲਾਂ, ਇਕ ਲਿਸੇ ਜਿਹੇ ਟਟੂ ਤੋਂ ਬਿਨ੍ਹਾਂ ਕੁਝ ਨਹੀਂ ਸੀ। ਖਾਲਸਾ ਪੰਥ ਦੀ ਕ੍ਰਿਪਾ ਨਾਲ ਉਹ ਬਾਵਨੀ ਸਰਹੰਦ ਦਾ ਸੂਬਾ ਥਾਪਿਆ ਗਿਆ। ਉਸ ਸਮੇਂ ਦੇ ਸਿੰਘ ਨਵਾਬੀਆਂ ਤੇ ਔਹੇਦਾਰੀਆਂ ਨੂੰ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਦੇ ਦਿਲਾਂ ਵਿਚ ਧਰਮ ਦੀ ਖਾਤਰ ਕੁਰਬਾਨ ਹੋਣਾ ਹੀ ਸਭ ਤੋਂ ਵਡੀ ਲਾਲਸਾ ਸੀ। ਸਃ ਬਾਜ ਸਿੰਘ ਜੀ ਇਤਨਾ ਵਡਾ ਔਹਦਾ ਪ੍ਰਾਪਤ ਕਰਕੇ ਸੁਖ ਰਹਿਣੇ ਨਹੀਂ ਬਣੇਂ ਸਗੋਂ ਪੰਥ ਦੀ ਹਰ ਔਕੜ ਸਮੇਂ ਪਹਿਲਾਂ ਵਾਂਗ ਹੀ ਕੁਰਬਾਨੀਆਂ ਕਰਨ ਲਈ ਤਿਆਰ ਰਹਿੰਦੇ ਸਨ।

ਇਤਿਹਾਸ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਜਦ ਬਾਬਾ ਬੰਦਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਫੜ ਕੇ ਦਿੱਲੀ ਲਿਆਂਦਾ ਗਿਆ ਤਾਂ ਬਾਬਾ ਬਿਨੋਦ ਸਿੰਘ, ਸ: ਬਾਜ ਸਿੰਘ ਤੇ ਸ: ਰਾਮ ਸਿੰਘ (ਜੋ ਆਪ ਦੇ ਵਡੇ ਭਰਾਤਾ ਸਨ) ਆਦਿਕ ਮੁਖੀ ਸਿੱਖਾਂ ਨੂੰ ਚਾਂਦਨੀ ਚੌਂਕ ਵਿਚ ਲਿਆ ਕੇ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਗੁਰੂ ਮਹਾਰਾਜ ਦਾ ਇਹ ਸੱਚਾ ਸਿੱਖ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪੂਰਨਿਆਂ ਪਰ ਚਲਦਾ ਹੋਇਆ ਚਾਂਦਨੀ ਚੌਂਕ ਵਿਚ ਬੜੀ ਦ੍ਰਿੜ੍ਹਤਾ ਤੇ ਹੌਸਲੇ ਨਾਲ ਸ਼ਹੀਦ ਹੋਇਆ। ਸ: ਬਾਜ ਸਿੰਘ ਜੀ ਸਿਖ ਇਤਿਹਾਸ ਦੇ ਅਨਮੋਲ ਰਤਨ ਹਨ ਅਤੇ ਜਦੋਂ ਤੱਕ ਸਿੱਖ ਇਤਿਹਾਸ ਮੌਜੂਦ ਹੈ ਆਪ ਦਾ ਨਾਮ ਸਦਾ ਹੀ ਚਮਕਦਾ ਰਹੇਗਾ!

## ਰਤਨ ਸਿੰਘ ਮਾਹਿਲ

ਰਤਨ ਸਿੰਘ ਮਾਹਿਲ (ਬਰਨਾਲਾ) ਜਿਹੇ ਅਣਖੀਲੇ ਸੂਰਮਿਆਂ ਉਪਰ ਮਾਲਵੇ ਦੇ ਲੋਕ ਸਦੀਆਂ ਤੱਕ ਮਾਣ ਕਰਦੇ ਰਹਿਣਗੇ। ਇਸ ਸ਼ੇਰ ਦਿਲ ਸੂਰਬੀਰ ਦੇ ਕਈ ਕਾਰਨਾਮੇ ਸਿੱਖ ਇਤਿਹਾਸ ਵਿਚ ਸੂਰਜ ਵਤ ਚਮਕ ਰਹੇ ਹਨ।

ਸਰਹੰਦ ਦੇ ਸੂਬੇਦਾਰ ਵਜ਼ੀਦ ਖਾਂ ਨੇ ਆਪਣੀ ਹਾਰ ਵੇਖ ਕੇ ਜਮਾਲ ਖਾਂ ਬਹਿਲੋਲ ਪੁਰ, ਸ਼ਮਸ ਖਾਂ ਕਿਲ੍ਹੀ ਤੇ ਖਿਜਰ ਖਾਂ ਮਲੇਰੀਏ ਨੂੰ ਸਿੱਖ ਫੌਜਾਂ ਦਾ ਮੁਕਾਬਲਾ ਕਰਨ ਲਈ ਭੇਜਿਆ। ਖਿਜ਼ਰ ਖਾਂ ਨੂੰ ਆਪਣੇ ਆਪ ਉਤੇ ਬੜਾ ਗੁਮਾਨ ਸੀ ਤੇ ਖੁਮਾਣੋਂ ਦੇ ਨੇੜੇ ਪਿੰਡ ਸੰਗੋਲ ਦੀ ਜੂਹ ਵਿਚ ਸ: ਰਤਨ ਸਿੰਘ ਮਾਹਿਲ ਦੇ* ਸਾਥੀਆਂ ਨੇ ਖਿਜਰ ਖਾਂ ਦੇ ਸਾਰੇ ਗੁਮਾਨ ਨੂੰ ਚਕਨਾ ਚੂਰ ਕਰ ਦਿਤਾ। ਖਿਜਰ ਖਾਂ ਦੇ ਸਕੇ ਭਾਈ ਨਸ਼ਰੂ ਖਾਂ ਤੇ ਵਲੀ ਮੁਹੰਮਦ ਖਾਂ ਮੈਦਾਨ ਵਿਚ ਹੀ ਚਿੱਤ ਕਰ ਦਿਤੇ। ਖਿਜ਼ਰ ਖਾਂ ਨੂੰ ਵੀ ਪਾਰ ਬੁਲਾਇਆ।

---

*ਇਸ ਮੁਕਾਬਲੇ ਸਮੇਂ ਦੇਵਾ ਸਿੰਘ ਜਲੰਧਰੀ, ਬਹਾਦਰ ਸਿੰਘ ਖੇਮਕਰਨ ਤੇ ਵਜ਼ੀਰ ਸਿੰਘ ਖੋਖਰੀ ਆਦਿ ਸ: ਰਤਨ ਸਿੰਘ ਦੇ ਨਾਲ ਸਨ।

Digitized by Panjab Digital Library | www.panjabdigilib.org

ਬੰਦਾ ਸਿੰਘ ਬਹਾਦਰ ਸਰਦਾਰ ਰਤਨ ਸਿੰਘ ਮਾਹਿਲ ਦੀ ਬਹੁਤ ਇੱਜ਼ਤ ਕਰਦਾ ਹੁੰਦਾ ਸੀ ।

# ਮਦਦ ਤੇ ਮਦਦ

੧. ਫਤੇ ਸਿੰਘ ਭਾਈ ਭਗਤੂ ਦਾ ਪੋਤਾ ਦੋ ਸੌ ਅਸਵਰ ਲੈ ਕੇ ਹਾਜ਼ਰ ਹੋਇਆ । ਕਰਮ ਸਿੰਘ ਧਰਮ ਸਿੰਘ ਭਾਈ ਰੂਪੇ ਦੇ ਪੋਤੇ ਅਪਣੇ ਸਾਥੀਆਂ ਸਮੇਤ ਪੁਜੇ । ਰਾਮ ਸਿੰਘ ਤਲੋਕ ਸਿੰਘ ਫੂਲਕੇ ਆਪ ਤਾਂ ਨਹੀਂ ਗਏ । ਆਪ ਦੀ ਫੌਜ ਭਰਤੀ ਕੀਤੀ ਹੋਈ ਬਹੁਤ ਘਲੀ ।

ਬੈਰਾੜ ਆਲਾ ਸਿੰਘ, ਹਮੀਰ ਸਿੰਘ, ਗੁਰਦਿਤ ਸਿੰਘ, ਸੁਖਚੈਨ ਸਿੰਘ ਆਦ ਨੇ ਵੀ ਆਪੋ ਆਪਣੇ ਆਦਮੀ ਘਲੇ ।

ਭਾਈ ਬੇਲੇ ਕੇ ਦੇਸ ਰਾਜ, ਗਰੇਵਾਲ, ਧਾਲੀਵਾਲ, ਚਾਹਿਲ, ਭੁਲਰ, ਮਾਹਿਲ ਗਿਲ, ਜੌਹਲ, ਭਟੀ, ਬੁਟਰ, ਮਾਨ ਆਦਿ ਅਤੇ

ਜੀਊਣ ਸਿੰਘ ਰੰਧਾਵਾਂ, ਨਗਾਰਾ ਸਿੰਘ, ਚੂਹੜ ਸਿੰਘ ਦੁਲਟ ਸਲੌਦੀ ਵਾਲੇ ਸਿੰਘ, ਆਏ, ਆਲੀ ਸਿੰਘ, ਮਾਲੀ ਸਿੰਘ, ਗੁਰਦਿਆਲ ਸਿੰਘ ਸੂਬਾ ਸਿੰਘ ਆਦਿਕ ।

ਮਨਸਾਹੀਏ ਜ਼ਿਮੀਦਾਰ ਜੋ ਸੂਬੇ ਸਰਹੰਦ ਦੇ ਪਾਸ ਨੌਕਰ ਸਨ । ਜਿਨਾਂ ਦੀ ਸਨਤਾਨ ਹੁਣ ਪਰਗਨੇ ਖੰਨੇ ਸਲੌਦੀ ਪਿੰਡ ਵਿਚ ਹੈ ।

# ਤਰਨਾ ਦੱਲ ਤੇ ਬੁਢਾ ਦਲ

ਤਰਨਾ ਦੱਲ ਨੌਜਵਾਨ ਸਿੰਘਾਂ ਦੀ ਫੌਜ ਲੋੜ ਅਨੁਸਾਰ ਸਾਰੇ ਚਕਰ ਲੌਂਦਾ ਤੇ ਸੋਧ ਸਧਾਈ ਕਰਦਾ ਹੁੰਦਾ ਸੀ ।

ਬੁਢਾ ਦਲ, ਬੁਢੇ ਸਿੰਘ ਦੀ ਫੌਜ ਜੋ ਖਾਸ ਅੰਮ੍ਰਿਤਸਰ ਦਾ ਹੀ ਪ੍ਰਬੰਧ ਰਖਦਾ ਸੀ ਜਿਸ ਦੇ ਪ੍ਰਬੰਧਕ ਸਃ ਜਸਾ ਸਿੰਘ ਜੀ, ਬਾਬਾ ਨੋਦ ਸਿੰਘ ਜੀ, ਸ: ਭੋਮਾ ਸਿੰਘ ਜੀ, ਸ: ਰਾਮ ਜੀ, ਸ: ਗੁਰਬਖਸ਼ ਸਿੰਘ ਜੀ, ਸ: ਕੁਵਰ ਸਿੰਘ ਜੀ, ਸ: ਬਾਘ ਸਿੰਘ ਜੀ, ਸ: ਬੁਧ ਸਿੰਘ ਜੀ, ਸ: ਚੜ੍ਹਤ ਸਿੰਘ ਜੀ, ਸ ਗੁਰਦਿਆਲ ਸਿੰਘ ਡਲੇਵਾਲ ਆਦਿ ।

ਪੰਜ ਜਥੇ ਤਰਨੇ ਦਲ ਦੇ ਬਣੇ ਪਹਿਲਾ ਜਥਾ ਮਲਵਈਆਂ ਦਾ :-

੧. ਪਹਿਲੇ ਜਥੇ ਦੇ ਮੋਢੀ ਬਾਬਾ ਦੀਪ ਸਿੰਘ ਜੀ ਸ਼ਹੀਦ ਪਿੰਡ ਗੁਰਮ (ਲੁਧਿਆਣਾ) ਮਲਵਈ ਸ: ਨਥਾ ਸਿੰਘ ਜੀ, ਸ: ਕਰਮ ਸਿੰਘ ਜੀ, ਸੁਧ ਸਿੰਘ ਜੀ, ਸ: ਧਰਮ ਸਿੰਘ ਜੀ, ਸ: ਨਗਾਹਾ ਸਿੰਘ ਜੀ, ਸ: ਤਖਤਾ ਸਿੰਘ ਜੀ, ਸ: ਆਲੀ ਸਿੰਘ ਜੀ, ਸ: ਮਾਲੀ ਸਿੰਘ ਜੀ, ਸ: ਬਖਤਾ ਸਿੰਘ ਜੀ ਕੈਂਬੋ ਵਾਲੀਆਏ ਮਾਲਵਈ ਆਦਿ ਮੁਖੀ ਸਨ ।

੨. ਦੂਜਾ ਜਥਾ ਮਝੈਲਾ ਦਾ— ਸ: ਕਾਹਨ ਸਿੰਘ ਭਲਾ, ਬਾਬਾ ਬਿਨੋਦ ਸਿੰਘ ਤੇਹੜ, ਸ: ਬਾਜ ਸਿੰਘ ਜੀ, ਸ: ਰਾਮ ਸਿੰਘ ਮੀਰਪੁਰੀ ਪਟੀ ਵਾਲੇ ਬਲ ਜੱਟ ਸ: ਬੁਢਾ ਸਿੰਘ ਜੀ ਸ: ਭੋਮਾ ਸਿੰਘ ਜੀ, ਸ: ਧਾਰਾ ਸਿੰਘ ਜੀ, ਸ: ਸ਼ਾਮ ਸਿੰਘ ਜੀ, ਸ: ਪ੍ਰੇਮ ਸਿੰਘ ਜੀ, ਸ: ਧਰਮ ਸਿੰਘ ਜੀ, ਅੰਮ੍ਰਿਤਸਰ ਆਦਿ ਮੁਖੀ ਸਨ ।

Digitized by Panjab Digital Library | www.panjabdigilib.org

੩. ਤੀਜਾ ਜੱਥਾ:-ਸ: ਕਰਮ ਸਿੰਘ ਜੀ, ਬਾਬਾ ਕਾਹਨ ਸਿੰਘ ਜੀ, ਸ: ਗੁਰਦਿਆਲ ਸਿੰਘ ਜੀ ਸ: ਮੀਰੀ ਸਿੰਘ ਜੀ, ਸ: ਹਰਦਿਆਲ ਸਿੰਘ ਖਤ੍ਰੀ ਡਲੇ ਵਾਲੇ, ਸ: ਫਤੇ ਸਿੰਘ ਭਗਤੂ ਦਾ, ਦੁਸੌਂਧਾ ਸਿੰਘ ਗਿਲ ਆਦਿ ਮੁਖੀ ਸਨ।

੪. ਚੌਥਾ ਜੱਥਾ:-- ਸ: ਕਾਹਨ ਸਿੰਘ ਜੀ ਬਨੋਦ ਸਿੰਘ ਜੀ, ਸ: ਮੀਰੀ ਸਿੰਘ ਜੀ ਭਲੇ ਸ: ਦੀਪ ਸਿੰਘ ਜੀ ਬਾਵੇ ਆਦਿ ਮੁਖੀ ਸਨ ਸ: ਹਰੀ ਸਿੰਘ ਢਿਲੋਂ, ਸ: ਬਾਘ ਸਿੰਘ ਜੀ ਹਲੋ ਵਾਲੀਆ।

੫. ਪੰਜਵਾਂ ਜਥਾਃ-ਮਜ਼ਬੀ ਤੇ ਰਮਦਾਸੀਏ ਸਿੱਖਾਂ ਦਾ ਸੀ ਜਿਨਾਂ ਦੇ ਮੁਖੀ ਭਾਈ ਬੀਰ ਸਿੰਘ ਜੀ, ਸ: ਜੀਊਣ ਸਿੰਘ ਜੀ ਸ: ਮਦਨ ਸਿੰਘ ਜੀ ਅਮਰ ਸਿੰਘ ਜੀ, ਭ: ਕਰਮ ਸਿੰਘ ਜੀ, ਸ: ਰਣ ਸਿੰਘ ਜੀ ਆਦਿ ਸਨ।

## ਪੰਥ ਦੇ ਮੁਖੀ ਸਜਣਾਂ ਦੇ ਨਾਮ

ਸ: ਦਰਬਾਰਾ ਸਿੰਘ ਦੀਵਾਨ, ਨਵਾਬ ਕਪੂਰ ਸਿੰਘ ਜੀ, ਸ: ਹਰੀ ਸਿੰਘ ਹਜ਼ੂਰੀਆ ਬਾਬਾ ਦੀਪ ਸਿੰਘ ਸ਼ਹੀਦ ਹਜ਼ੂਰੀਆ ਸ: ਧਿਰਾਜ ਸਿੰਘ ਹਜ਼ੂਰੀਆ ਸਃ ਹਰੀ ਸਿੰਘ ਲਾਂਗਰੀ ਸ: ਜਸਾ ਸਿੰਘ ਰਾਮਗੜ੍ਹੀਆਂ, ਸ: ਕਰਮ ਸਿੰਘ ਸੁਕਰ ਚਕੀਆ, ਸ: ਬੁਢਾ ਸਿੰਘ, ਅਤਰ ਸਿੰਘ ਕਲਾਦੇ, ਸ: ਬਦਨ ਸਿੰਘ ਕਲਾਦੇ, ਸ: ਪਾਖਰ ਸਿੰਘ ਕਲਾਦੇ, ਸਃ ਸ਼ੇਰ ਸਿੰਘ ਕਲਾਦੇ, ਸ: ਰਾਮ ਸਿੰਘ ਕਲਾਦੇ ਸ: ਗੁਰਬਖਸ ਸਿੰਘ ਕਲਾਦੇ, ਸ: ਭੋਮਾਂ ਸਿੰਘ ਕਲਾਦੇ, ਸ: ਨੌਦ ਸਿੰਘ ਜੀ, ਸਿਆਮ ਸਿੰਘ ਜੀ ਸ: ਬਾਘ ਸਿੰਘ ਜੀ, ਸ: ਚਤਰ ਸਿੰਘ ਜੀ, ਸ: ਚੰਦਾ ਸਿੰਘ ਜੀ, ਸ: ਦੇਵਾ ਸਿੰਘ ਜੀ, ਸਿੰਘ ਸਾਹਿਬ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ, ਸ: ਸੰਗਤ ਸਿੰਘ ਖਜ਼ਾਨਚੀ, ਸ: ਭਗਤ ਸਿੰਘ ਮੋਦੀ, ਸ: ਬੁਢਾ ਸਿੰਘ ਦਸੀ, ਸ: ਹਰਦਿਤ ਸਿੰਘ ਜੀ, ਸ: ਗਰਜਾ ਸਿੰਘ ਜੀ, ਸਜਨ ਸਿੰਘ ਜੀ, ਸ: ਈਸ਼ਰ ਸਿੰਘ ਜੀ, ਸ: ਗਿਆਨ ਸਿੰਘ ਜੀ, ਸਾਧੂ ਸਿੰਘ ਜੀ, ਸ: ਦੇਵਾ ਸਿੰਘ ਜੀ, ਸ: ਹਰੀ ਸਿੰਘ ਸੁਖਈ, ਸ: ਗੁਰਬਖਸ ਸਿੰਘ ਸ਼ਹੀਦ, ਸ: ਸੋਹਾਂ ਸਿੰਘ ਜੀ, ਸ: ਬਦਨ ਸਿੰਘ ਜੀ, ਸ: ਕੇਹਰ ਸਿੰਘ ਜੀ ਸ: ਬੱਜੂ ਸਿੰਘ ਜੀ, ਘਨਘੋਰ ਸਿੰਘ ਜੀ, ਸ: ਅਮਰ ਸਿੰਘ ਜੀ, ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਜੀ ਦੇ ਗ੍ਰਥੀ, ਆਦਿਕ ਪੰਥ ਦੇ ਮੁਖੀਏ ਸਨ।

(ਨੋਟ) ਜਿਨਾਂ ਦੇ ਅਗੇ ਹਜ਼ੂਰੀ ਪਦ ਹੈ ਓਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀਏ ਹਨ। *

---

* ਵਡਾ ਖਾਲਸਾ ਸਿਦਕ ਸਫਾ ੧੫੫

Digitized by Panjab Digital Library | www.panjabdigilib.org

# ਸਮਰਪਣ

ਇਹ ਇਤਿਹਾਸ ਉਨ੍ਹਾਂ ਗੁਪਤ ਰੂਹਾਂ ਦੀ ਭੇਟ ਕਰਦਾ ਹਾਂ

ਜਿਨ੍ਹਾਂ ਨੇ

ਬਾਰਾਂ ਮਿਸਲਾਂ ਵਿਚ ਸ਼ਾਮਲ ਹੋ ਕੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ

—ਦਾ—

ਪਰਚਾਰ ਅਤੇ ਕੇਸਰੀ ਝੰਡੇ

—ਨੂੰ—

ਸਹੀ ਸਲਾਮਤ ਰਖਦਿਆਂ ਖਾਲਸਾ ਰਾਜ

ਕਾਇਮ ਕੀਤਾ

—ਪਰ—

ਅਜ ਉਹਨਾਂ ਸੂਰਬੀਰਾਂ ਦੇ ਨਾਵਾਂ ਨੂੰ

ਕੋਈ ਨਹੀਂ ਜਾਣਦਾ

— ਮੈਂ ਹਾਂ ਅਮਰ ਸ਼ਹੀਦਾਂ ਦਾ —

ਦਾਸ ਵਿਸਾਖਾ ਸਿੰਘ ਸੰਤ ਸਪਾਹੀ

ਜਨੇਤ ਪੁਰਾ (ਪੰਜਾਬ)

Digitized by Panjab Digital Library | www.panjabdigilib.org

# ਸਿੰਘ ਸਾਹਿਬਾਂ ਦੀਆਂ ਬਾਰਾਂ ਮਿਸਲਾਂ

## (੧) ਮਿਸਲ ਭੰਗੀ ਸਰਦਾਰਾਂ

ਮਾਲਕ ਸ: ਹਰੀ ਸਿੰਘ ਜੀ ਪਿੰਡ ਬਦਨੀ, ਤਹਿਸੀਲ ਮੋਗਾ ਜ਼ਿ:ਫੀਰੋਜ਼ਪੁਰ ਸੀ।

## (੨) ਮਿਸਲ ਰਾਮਗੜ੍ਹੀਆ ਸਰਦਾਰਾਂ

ਜੱਸਾ ਸਿੰਘ ਜੀ, ਸੁਰ ਸਿੰਘ ਜੀ ਮੋਢੀ ਸਨ।

## (੩) ਮਿਸਲ ਘਨੱਈਆ ਸਰਦਾਰਾਂ

ਸ: ਜੈ ਸਿੰਘ ਜੀ ਕਾਹਨਾ ਜ਼ਿਲਾ ਲਾਹੌਰ

## (੪) ਮਿਸਲ ਨਕਈ ਸਰਦਾਰਾਂ

ਸ: ਹਰੀ ਸਿੰਘ ਜੀ ਭੜਵਾਲ ਚੂਣੀਆਂ।

## (੫) ਮਿਸਲ ਡਲੇ ਵਾਲੇ ਸਰਦਾਰਾਂ

ਸ: ਗੁਲਾਬ ਸਿੰਘ ਜੀ ਡਲੇਵਾਲੀ, ਇਲਾਕਾ ਸੁਲਤਾਨ ਪੁਰ

## (੬) ਮਿਸਲ ਕਰੋੜੀਆਂ ਦੇ ਸਰਦਾਰਾਂ

ਸ: ਕਰਮ ਸਿੰਘ ਜੀ ਤੇ ਸ: ਸ਼ਾਮ ਸਿੰਘ ਜੀ।

## (੭) ਮਿਸਲ ਬਾਬਾ ਦੀਪ ਸਿੰਘ ਜੀ ਸ਼ਹੀਦ

## (੮) ਮਿਸਲ ਫਜ਼ਲਾ ਪੁਰੀਆ ਸਰਦਾਰਾਂ

ਇਸ ਦੇ ਬਾਨੀ ਸ: ਕਪੂਰ ਸਿੰਘ ਜੀ।

## (੯) ਮਿਸਲ ਨਿਸਾਨਾ ਵਾਲੀ

ਇਸ ਦੇ ਮੁਖੀ ਸ: ਦਸੌਂਦਾ ਸਿੰਘ ਜੀ ਮਨਸੂਰ ਫੀਰੋਜ਼ਪੁਰ

## (੧੦) ਮਿਸਲ ਸੁਕਰਚਕੀਆਂ

ਇਸ ਦਾ ਮੁਢ ਸ: ਬੁਢਾ ਸਿੰਘ ਜੀ ਨੇ ਬੰਨ੍ਹਿਆ।

## (੧੧) ਮਿਸਲ ਫੂਲਕੀਆਂ

ਇਸ ਦਾ ਕਰਤਾ ਚੌਧਰੀ ਫੂਲ ਹੋਇਆ।

## (੧੨) ਮਿਸਲ ਆਹਲੂ ਵਾਲੀਆਂ

Digitized by Panjab Digital Library | www.panjabdigilib.org

# ਮਿਸਲ ਭੰਗੀ ਸਰਦਾਰਾਂ ਦੀ

ਸਿਖ ਸਰਦਾਰਾਂ ਵਿਚ ਭੰਗੀਆਂ ਦੀ ਮਿਸਲ ਇਕ ਬੜੀ ਪ੍ਰਸਿਧ ਤੇ ਸ਼ਕਤੀਵਾਨ ਮਿਸਲ ਹੋਈ ਹੈ। ਸਾਰਿਆਂ ਤੋਂ ਪਹਿਲਾਂ ਸਿਖਾਂ ਦੇ ਇਸੇ ਜਥੇ ਨੂੰ ਆਪਣੀ ਹਕੂਮਤ ਕਾਇਮ ਕਰਨ ਲਈ ਦੇਸ ਵਾਸੀਆਂ ਵਲੋਂ ਪ੍ਰੇਰਨਾ ਕੀਤੀ ਗਈ ਤੇ ਇਨ੍ਹਾਂ ਹਕੂਮਤ ਕਾਇਮ ਕੀਤੀ। ੧੫ ਹਜ਼ਾਰ ਸਵਾਰ ਇਸ ਦੇ ਅਧੀਨ ਸਨ, ਲਗ ਪਗ ਪੰਜਾਬ ਦੇ ਸਾਰੇ ਹਿਸੇ ਜਿਹਾ ਕਿ ਗੁਜਰਾਤ, ਸਿਆਲ ਕੋਟ, ਝੰਗ, ਮੁਲਤਾਨ, ਡੇਰਾ ਜਾਤ ਆਦਿਕ ਤੇ ਖਾਸ ਕਰ ਲਾਹੌਰ ਭੀ ਇਨ੍ਹਾਂ ਦੇ ਕਬਜ਼ੇ ਵਿਚ ਸੀ।

ਭਾਵੇਂ ਅੰਮ੍ਰਿਤਸਰ ਉਂਞ ਸਿਖਾਂ ਦਾ ਕੇਂਦਰੀ ਅਸਥਾਨ ਹੈ, ਪਰ ਇਸ ਸ਼ਹਿਰ ਦਾ ਪ੍ਰਬੰਧ ਇਸੇ ਮਿਸਲ ਦੇ ਹੱਥ ਵਿਚ ਹੋਣ ਕਰਕੇ ਇਸ ਘਰਾਣੇ ਦੀ ਰਾਜਧਾਨੀ ਵੀ ਇਹੀ ਸ਼ਹਿਰ ਸੀ। ਚੌਧਰੀ ਭੂਮਾ ਸਿੰਘ ਦਾ ਪੁਤਰ ਇਸ ਮਿਸਲ ਦਾ ਮਾਲਕ ਸੀ। ਸ: ਹਰੀ ਸਿੰਘ ਅਸਲ ਵਿਚ ਪਿੰਡ ਹੋਠਾ ਪ੍ਰਗਨਾ ਬਧਨੀ (ਫੀਰੋਜ਼ਪੁਰ) ਇਲਾਕਾ ਮਾਲਵਾ ਦਾ ਰਹਿਣ ਵਾਲਾ ਸੀ। ਪ੍ਰੰਤੂ ਮੁਸਲਮਾਨ ਹਾਕਮਾਂ ਦੇ ਅਤਿਆਚਾਰ ਤੇ ਅਨੀਤ ਦੇ ਕਾਰਣ ਇਹ ਪਿੰਡ ਨੱਥੂ ਜ਼ਿਲਾ ਝੰਗ ਵਿਚ ਜਾ ਵਸੇ। ਇਸ ਸ: ਨੇ ਬਾਬਾ ਦੀਪਸਿੰਘ ਜੀ ਸ਼ਹੀਦ ਦੇ ਹਥੋਂ ਅੰਮ੍ਰਿਤ ਛਕਿਆ ਸੀ। ਤੇ ਸ: ਹਰੀ ਸਿੰਘ ਦੇ ਪਿਤਾ ਭੂਮਾ ਸਿੰਘ ਨੇ ਖਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਥੋਂ ਅੰਮ੍ਰਿਤ ਛਕਿਆ ਸੀ।

ਸ: ਹਰੀ ਸਿੰਘ ਬੜਾ ਬਹਾਦਰ ਸੀ ਤੇ ਇਸ ਦਾ ਜਥਾ ਸਾਰੇ ਖਾਲਸੇ ਵਿਚ ਮੁਹਰੀ ਸਮਝਿਆ ਜਾਂਦਾ ਸੀ।

ਪਹਿਲਾਂ ਖਾਲਸਾ ਸਿਰਫ਼ ਸੋਧ ਦਾ ਕੰਮ ਕਰਦਾ ਸੀ। ਜਿਥੇ ਕਿਧਰੇ ਹਾਕਮਾਂ ਵਲੋਂ ਅਤਿਆਚਾਰ ਤੇ ਅਨੀਤੀ ਹੋਣ ਦੀ ਸੂਹ ਲਗਦੀ ਸੀ ਉਹ ਉਥੇ ਹੀ ਪੁਜਦਾ। ਇਸ ਕਰਕੇ ਦਿਨ ਕਿਤੇ ਰਾਤ ਕਿਤੇ ਰਹਿਣਾ ਪੈਂਦਾ ਪ੍ਰੰਤੂ ਹਾਕਮਾਂ ਦੇ ਜ਼ੁਲਮ ਤੇ ਅਤਿਆਚਾਰ ਤੋਂ ਤੰਗ ਆਈ ਪਰਜਾ ਨੇ ਇਸ ਸਰਦਾਰ ਨੂੰ ਜੋਰ ਨਾਲ ਪ੍ਰੇਰਨਾ ਕੀਤੀ ਕਿ ਜਦ ਤਕ ਤੁਸੀਂ ਆਪ ਇਲਾਕੇ ਤੇ ਕਬਜ਼ਾ ਨਹੀਂ ਕਰੋਗੇ ਤਦ ਤਕ ਪਰਜਾ ਸੁਖੀ ਨਹੀਂ ਹੋ ਸਕਦੀ। ਤੇ ਨਾ ਹੀ ਜ਼ੁਲਮ ਤੇ ਅਤਿਆਚਾਰ ਤੋਂ ਲੋਕੀ ਬਚ ਸਕਦੇ ਹਨ। ਇਸ ਵਾਸਤੇ ਖ਼ਾਸ ਦੋ ਹਾਕਮਾਂ ਜਿਨ੍ਹਾਂ ਘੋਰ ਅਤਿਆਚਾਰ ਕਰਨੇ ਆਰੰਭ ਕਰ ਰਖੇ ਹਨ। ਉਨ੍ਹਾਂ ਨੂੰ ਸੋਧ ਕੇ ਉਨ੍ਹਾਂ ਦੇ ਇਲਾਕੇ ਦਾ ਪ੍ਰਬੰਧ ਆਪਣੇ ਹਥ ਵਿਚ ਲੈ ਲਵੋ। ਤਾਂ ਜੋ ਪਰਜਾ ਨਿਤ ਦੇ ਕਸ਼ਟਾਂ ਦੇ ਹਥੋਂ ਛੁਟਕਾਰਾ ਪਾ ਜਾਵੇ। ਇਹ ਪਰਜਾ ਦੀ ਯਾਚਨਾ ਇਸ ਸਰਦਾਰ ਨੇ ਪਰਵਾਨ ਕਰ ਲਈ ਗੋਇਆ ਕਿ ਇਹ ਪਹਿਲਾਂ ਸਰਦਾਰ ਸਨ ਜਿਨ੍ਹਾਂ ਰਾਜ ਪ੍ਰਬੰਧ ਆਪਣੇ ਹਥ ਵਿਚ ਲਿਆ ਇਸ ਮਿਸਲ ਵਿਚ ਫੌਜਾ ਸਿੰਘ ਵਸਨੀਕ ਪੰਜਵੜ ਤੈਹਸੀਲ ਤਰਨਤਾਰਨ ਮੀਹਾ ਸਿੰਘ,ਨੱਥਾ ਸਿੰਘ, ਜਗਤ ਸਿੰਘ ਵਸਨੀਕ ਬਧਨੀ, ਗੁਲਾਬ ਸਿੰਘ ਖੀਹ ਵਾਲਾ ਗੁਰਬਖ਼ਸ਼ ਸਿੰਘ ਰੋੜਾ ਵਾਲਾ, ਅਘੜ ਸਿੰਘ ਖੰਗੂੜਾ, ਸਾਵਲ ਸਿੰਘ, ਗੁਰਬਖ਼ਸ਼ ਸਿੰਘ ਸ਼ਾਕਨੀ ਕਲਸੀ ਵਾਲਾ, ਠਾਕਰ ਸਿੰਘ ਰੋਸ ਵਾਲਾ, ਗੁੱਜਰ ਸਿੰਘ ਤੇ ਲਹਿਣਾ ਸਿੰਘ ਆਦਿਕ ਸਰਦਾਰਾਂ ਵਿਚੋਂ ਸਾਰੇ ਇਕ ਦੂਜੇ ਨਾਲੋਂ ਵਧ ਕੇ ਸੂਰਬੀਰ ਜਵਾਂਮਰਦ ਤੇ ਬਹਾਦਰ ਸਨ, ਤੇ ਇਨ੍ਹਾਂ ਸਾਰਿਆਂ ਦਾ ਜਥੇਦਾਰ ਸ: ਹਰੀ ਸਿੰਘ ਸੀ ਇਹ ਸਰਦਾਰ ਆਪਣੇ ਜਥੇ ਦੇ ਨਾਲ ਸਾਰੇ ਪੂਰਬੀ ਇਲਾਕੇ ਦੇ ਰਾਜਪੂਤਾਨਾ

Digitized by Panjab Digital Library | www.panjabdigilib.org

ਆਦਿਕ ਦੀ ਸੋਧ ਦੇ ਸਾਰੇ ਹਲਿਆਂ ਵਿਚ ਸ਼ਾਮਲ ਰਿਹਾ। ਇਸ ਤੋਂ ਛੁਟ ਕਸੂਰ ਤੇ ਸਰਹੰਦ ਆਦਿਕ ਸਹਿਰਾਂ ਦੀ ਸੋਧ ਕਰਨ ਤੇ ਸ਼ਾਹੀ ਫ਼ੌਜਾਂ ਵਲੋਂ ਸਿਖਾਂ ਤੇ ਹੋਣ ਵਾਲੇ ਹਮਲਿਆਂ ਦੀ ਰੋਕ ਵੇਲੇ ਇਹ ਸਰਦਾਰ ਆਪਣੇ ਜਥੇ ਸਮੇਤ ਸਭ ਤੋਂ ਪਹਿਲਾਂ ਮੈਦਾਨ ਵਿਚ ਉਤਰਦਾ ਸੀ।

ਜਦ ਖਾਲਸੇ ਨੇ ੧੨ ਮਿਸਲਾਂ ਵਿਚ ਸਾਰੇ ਪੰਜਾਬ ਨੂੰ ਵੰਡਿਆ ਤਦ ਗੁਜਰਾਤ, ਚਨਿਓਟ ਝੰਗ ਅੰਮ੍ਰਿਤਸਰ ਤੇ ਖਾਸ ਕਰਕੇ ਲਾਹੌਰ ਤੇ ਕਬਜ਼ਾ ਕਰਕੇ ਅੰਮ੍ਰਿਤਸਰ ਨੂੰ ਇਸ ਨੇ ਆਪਣੀ ਰਾਜਧਾਨੀ ਬਣਾਇਆ।

ਇਹ ਸਰਦਾਰ ਆਪਣੇ ਵੇਲੇ ਦਾ ਬੜਾ ਸਿਆਣਾ ਤੇ ਦੂਰ ਦਰਸ਼ੀ ਹੋ ਬੀਤਿਆ ਹੈ, ਸੰ: ੧੮੦੩ ਨੂੰ ਸ਼ਹਿਰ ਅੰਮ੍ਰਿਤਸਰ ਵਿਚ ਇਸ ਨੇ ਆਪਣੇ ਨਾਮ ਦਾ ਇਕ ਕਟੜਾ ਵਸਾਇਆ ਸੁਹਣੇ ਤੇ ਬਹੁਮੁਲੇ ਘੋੜੇ ਰਖਣ ਦਾ ਇਹਨੂੰ ਬਹੁਤ ਸ਼ੌਕ ਸੀ। ਮੁਸਲਮਾਨ ਹਾਕਮਾਂ ਦੀ ਸੋਧ ਦੇ ਕੰਮ ਵਿਚ ਇਹ ਇਨ੍ਹਾਂ ਪ੍ਰਬੀਨ ਸੀ ਕਿ ਸੌ ਸੌ ਕੋਹ ਤਕ ਇਹ ਧਾਵਾ ਕਰਕੇ ਬਿਜਲੀ ਦੀ ਤਰ੍ਹਾਂ ਵੈਰੀਆਂ ਤੇ ਜਾ ਪੈਂਦਾ। ਕਈ ਵਾਰ ਇਸ ਨੇ ਲਾਹੌਰ ਸ਼ਹਿਰ ਦੇ ਹਾਕਮਾਂ ਦੇ ਛਕੇ ਛੁੜਾਏ, ਆਪਣੇ ਜਥੇ ਵਿਚ ਜਵਾਨ ਤੇ ਸੁੰਦਰ ਸ਼ਕਲ ਵਾਲੇ ਸਿੰਘ ਰਖਦਾ ਸੀ ਦੁਆਬਾ ਬਾਰੀ ਦੇ ਵਿਚ ਇਸ ਦੇ ਪਲੇ ਦਾ ਕੋਈ ਸਰਦਾਰ ਨਹੀਂ ਸੀ।

ਮੁਲਤਾਨ ਤੇ ਚੜ੍ਹਾਈ ਕਰਕੇ ਇਸ ਨੇ ਫਤਹਿ ਪਾਈ, ਡੇਰਾਜਾਤ ਤੋਂ ਇਸ ਨੇ ਮਾਲੀਆ ਲਿਆ। ਅਬਦੁਲਮਹਦੀਦ ਖਾਂ ਦੇ ਮੇਗਜ਼ੀਨ ਨੂੰ ਇਸ ਨੇ ਲੁਟਿਆ ਸਿਆਲਕੋਟ ਚਨਿਯੋਟ ਕਰਯਾਲਾ ਮੇਰੋ ਵਾਲਾ, ਝੰਗ, ਮੁਲਤਾਨ ਆਦਿਕ ਅਠ ਲਖ ਦੇ ਮਾਲੀਏ ਵਾਲੇ ਮੁਲਕ ਤੇ ਇਸ ਨੇ ਆਪਣਾ ਕਬਜ਼ਾ ਕਰ ਲਿਆ ਤੇ ਸਾਰੇ ਵਿਚ ਇਸ ਦੀ ਦੋਹੀ ਫਿਰਨ ਲਗੀ।

੧੮੧੮ ਨੂੰ ਕਸੂਰ ਫ਼ਤਹਿ ਕਰਨ ਵਾਸਤੇ ਵੀ ਸਭ ਤੋਂ ਪਹਿਲਾਂ ਇਸੇ ਸਰਦਾਰ ਦੀ ਸੈਨਾ ਨਿਕਲੀ ਸੀ ਫਿਰ ਭਰਤ ਪੁਰ ਦੇ ਰਾਜੇ ਦੀ ਪੁਕਾਰ ਸੁਣ ਓਹਦੀ ਸਹਾਇਤਾ ਲਈ ਦਿਲੀ ਤੇ ਚੜ੍ਹਾਈ ਕੀਤੀ। ਸਰਹੰਦ ਡੇਰਾਜਾਤ ਦਾ ਇਲਾਕਾ ਸਹਾਰਨ ਪੁਰ ਚੰਦੋਸੀ ਖੁਰਜਾ ਦੇ ਸੋਧਨ ਵਿਚ ਇਸ ਨੇ ਬੜੀ ਸੂਰਮਤਾ ਦਿਖਾਈ ਇਨ੍ਹਾਂ ਦਾ ਪਹਿਲਾ ਵਿਆਹਪੰਜਵੜ ਵਿਚ ਹੋਇਆ ਇਸ ਤੋਂ ਦੋ ਪੁਤਰ ਗੰਡਾ ਸਿੰਘ ਤੇ ਝੰਡਾ ਸਿੰਘ ਹੋਏ, ਇਸ ਸਿੰਘਣੀ ਦੇ ਚਲਾਣਾ ਕਰ ਜਾਣ ਤੋਂ ਦੂਜੀ ਵੇਰ ਵਿਆਹ ਕਰਨ ਤੇ ਚੜ੍ਹਤ ਸਿੰਘ ਦੀਵਾਨ ਸਿੰਘ ਤੇ ਦੇਸੂ ਸਿੰਘ ਪੰਜ ਲੜਕੇ ਹੋਏ ਸੰਮਤ ੧੮੨੭ ਬਿਕ੍ਰਮੀ ਨੂੰ ਸ: ਹਰੀ ਸਿੰਘ ਨੇ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਦੀ ਸਹਾਇਤਾ ਲਈ ਹਾਂਸੀ ਹਿਸਾਰ ਦੇ ਲਾਗੇ ਭਟੀਆਂ ਤੇ ਚੜ੍ਹਾਈ ਕੀਤੀ ਇਸੇ ਰਣ ਵਿਚ ਆਪ ਸ਼ਹੀਦ ਹੋ ਗਏ।

ਸ੍ਰ: ਹਰੀ ਸਿੰਘ ਦੇ ਲੜਕਿਆਂ ਵਿਚੋਂ ਸ੍ਰ: ਝੰਡਾ ਸਿੰਘ ਬੜਾ ਹੋਣਹਾਰ ਸੂਰਬੀਰ ਤੇ ਅਕਲਮੰਦ ਸੀ। ਮਿਸਲ ਦੇ ਸਾਰੇ ਸਿੰਘਾਂ ਨੇ ਇਨ੍ਹਾਂ ਨੂੰ ਆਪਣਾ ਜਥੇਦਾਰ ਬਣਾ ਲਿਆ, ਇਸ ਨੇ ਆਪਣੀ ਦਾਨਾਈ ਤੇ ਬਹਾਦਰੀ ਨਾਲ ਆਪਣੀ ਮਿਸਲ ਦੇ ਨਾਂ ਨੂੰ ਰੋਸ਼ਨ ਕੀਤਾ।

ਸ੍ਰ: ਝੰਡਾ ਸਿੰਘ ਨੂੰ ਦੂਜੀ ਵਾਰ ਮੁਲਤਾਨ ਤੇ ਚੜ੍ਹਾਈ ਕਰਨੀ ਪਈ। ਇਸ ਚੜ੍ਹਾਈ ਵਿਚ ਹੇਠ ਲਿਖੇ ਸਰਦਾਰ ਆਪ ਦੇ ਨਾਲ ਸਨ, ਬਾਘ ਸਿੰਘ ਜਲਾਲ ਵਾਲੀਆ, ਭਾਗ ਸਿੰਘ ਚੈਨ ਪੁਰੀਆ, ਕਰਮ ਸਿੰਘ ਖੋਸਾ ਰਾਏ ਸਿੰਘ ਤੇ ਸ਼ੇਰ ਸਿੰਘ ਬੂੜੀਆਂ ਵਾਲੇ, ਰਾਏ ਸਿੰਘ ਸਰਾਏ ਵਾਲਾ, ਕਰਮ ਸਿੰਘ ਛੀਨਾ

Digitized by Panjab Digital Library | www.panjabdigilib.org

ਈਸ਼ਰ ਸਿੰਘ ਗੋੜੀਆਂ ਵਾਲਾ, ਸਿਧ ਸਿੰਘ ਦੋਸਾ, ਸਾਹਿਬ ਸਿੰਘ, ਤਾਰਾ ਸਿੰਘ, ਸਿਆਲਕੋਟੀਏ, ਸਾਵਲ ਸਿੰਘ ਰੰਧਾਵਾ, ਗੁਜਰ ਸਿੰਘ, ਲਾਹਿਣਾ ਸਿੰਘ ਰਤੱਨਗੜ੍ਹੀਆ ਸੰਤਾ ਸਿੰਘ ਨਿਆਜ਼ ਬੇਗ ਵਾਲਾ ।

ਮੁਲਤਾ ਦੇ ਸੂਬੇ ਨੇ ਸ੍ਰ: ਝੰਡਾ ਸਿੰਘ ਨੂੰ ੫੦ ਹਜ਼ਾਰ ਨਜ਼ਰਾਨਾ ਦੇ ਕੇ ਵਾਪਸ ਕਰਨਾ ਚਾਹਿਆ, ਕਿੰਤੂ ਓਥੋਂ ਦੀ ਪਰਜਾ ਦੇ ਦੁਖ ਵੇਖ ਕੇ ਇਨ੍ਹਾਂ ਨੂੰ ਸ਼ਹਿਰ ਤੇ ਕਬਜ਼ਾ ਕਰਨ ਵਿਚ ਭਲਿਆਈ ਮਲੂਮ ਹੋਈ ।

ਪਹਿਲਾਂ ਤਾਂ ਮੁਲਤਾਨ ਦੇ ਹਾਕਮ ਨੂੰ ਕੈਦ ਕਰ ਲਿਆ ਪਰ ਜਦ ਉਹਨੇ ਅਗੇ ਨੂੰ ਸਿਧੇ ਰਾਹ ਤੁਰਨ ਦਾ ਪ੍ਰਣ ਕੀਤਾ ਤਦ ਓਨੂੰ ਕੁਝ ਇਲਾਕਾ ਵਾਪਸ ਦੇ ਦਿਤਾ, ਕੁਝ ਮਹੀਨਿਆਂ ਪਿਛੋਂ ਸ੍ਰ: ਝੰਡਾ ਸਿੰਘ ਨੇ ਸ੍ਰ: ਜਮੀਤ ਸਿੰਘ ਤੇ ਦੀਵਾਨ ਸਿੰਘ ਨੂੰ ਮੁਲਤਾਨ ਦਾ ਪ੍ਰਬੰਧ ਸੌਂਪ ਕ ਅਗੇ ਚੜ੍ਹਾਈ ਕੀਤੀ ਤੇ ਇਲਾਕੇ ਨੂੰ ਚੰਗੀ ਤਰਾਂ ਸੋਧਿਆ, ਅਹਿਮਦਾਬਾਦ ਨਵਾਬ ਅਹਿਮਦ ਖਾਂ ੨੦ ਹਜ਼ਾਰ ਰੁਪਿਆ ਨਜ਼ਰਾਨਾ ਲੈ ਕੇ ਅਗੋਂ ਜਾ ਮਿਲਿਆ ।

ਸ੍ਰ: ਝੰਡਾ ਸਿੰਘ ਨੇ ੨੦ ਹਜ਼ਾਰ ਜਵਾਨ ਲੈ ਕੇ ਬਹਾਵਲ ਪੁਰ ਤੇ ਹਲੱਾ ਬੋਲਿਆ ਨਵਾਬ ਨੇ ਅਗੋਂ ਨਿਆਉਂ ਕਰਨ ਦਾ ਪ੍ਰਣ ਕੀਤਾ ਤੇ ਇਕ ਲਖ ਰੁਪਿਆ ਜੁਰਮਾਨੇ ਵਜੋਂ ਪੇਸ਼ ਕੀਤਾ ਤੇ ਅਗੇ ਨੂੰ ਅਧੀਨ ਰਹਿਣਾ ਪਰਵਾਨ ਕੀਤਾ । ਇਸ ਤਰ੍ਹਾਂ ਨਾਲ ਇਹ ਸਾਰਾ ਇਲਾਕਾ ਤੇ ਡੇਰਾਜਾਤ ਆਦਿਕ ਜੋ ਕਿ ਦੁਰਾਨੀਆਂ ਦੇ ਕਬਜ਼ੇ ਵਿਚ ਸਨ ਆਪਣੇ ਅਧੀਨ ਕਰਕੇ ਵਾਪਸ ਅੰਮ੍ਰਿਤਸਰ ਆ ਗਿਆ । ਸ੍ਰੀ ਹਰਮੰਦਰ ਸਾਹਿਬ ਜੀ ਹਜ਼ੂਰ ਹੋ ਕੇ ਬੜੀ ਤਕੜੀ ਰਕਮ ਭੇਂਟ ਚੜ੍ਹਾਈ ਤੇ ਦੀਵਾਲੀ ਦੇ ਮੇਲੇ ਨੂੰ ਰੌਣਕ ਦਿਤੀ, ਇਸ ਤਰਾਂ ਨਾਲ ਇਸ ਮਿਸਲ ਦੀ ਆਮਦਿਨ ਇਕ ਕਰੋੜ ਦੇ ਕਰੀਬ ਹ ਗਈ ।

ਇਸੇ ਸਾਲ ਤੈਮੂਰ ਸ਼ਾਹ ਨੇ ਇਹ ਹਾਲ ਸੁਣ ਕੇ ਮੁਲਤਾਨ ਤੇ ਚੜ੍ਹਾਈ ਕਰ ਦਿਤੀ । ਸਿਖਾਂ ਦੀ ਫੌਜ ਉਥੇ ਨਾ ਹੋਣ ਦੇ ਕਾਰਣ ਮੁਲਤਾਨ ਤੇ ਕਬਜ਼ਾ ਕਰਕੇ ਮੁਜ਼ਫਰ ਖਾਂ ਨੂੰ ਉਥੇ ਦਾ ਹਾਕਮ ਬਣਾ ਦਿਤਾ । ਪਰ ਇਹ ਹਾਲ ਸੁਣ ਕੇ ਸ੍ਰ: ਝੰਡਾ ਸਿੰਘ ਤੇ ਸ੍ਰ: ਜਸੱਾ ਸਿੰਘ ਰਾਮਗੜ੍ਹੀਆ ਨੇ ਮੁਲਤਾਨ ਤੇ ਚੜ੍ਹਾਈ ਕਰ ਦਿਤੀ ਸਤ ਦਿਨ ਭਿਆਨਕ ਜੰਗ ਹੋਣ ਤੋਂ ਮਗਰੋਂ ਖਾਲਸੇ ਨੇ ਫਤਹਿ ਪਾਈ । ਅਤੇ ਸ: ਝੰਡਾ ਸਿੰਘ ਨੇ ਸ੍ਰ: ਮੰਡਾ ਸਿੰਘ ਨੂੰ ਇਸ ਇਲਾਕੇ ਦਾ ਹਾਕਮ ਨੀਯਤ ਕਰ ਦਿਤਾ, ਤੇ ਆਪ ਸ੍ਰੀ ਅੰਮ੍ਰਿਤਸਰ ਮੁੜ ਕ ਵਾਪਸ ਆ ਗਿਆ ।

ਕੁਝ ਮੁਦਤ ਪਿਛੋਂ ਸ੍ਰ: ਝੰਡਾ ਸਿੰਘ ੧੨ ਹਜ਼ਾਰ ਜਵਾਨਾਂ ਨੂੰ ਨਾਲ ਲੈ ਕੇ ਜਮੂੰ ਦੇ ਇਲਕੇ ਤੇ ਚੜ੍ਹਾਈ ਕਰ ਦਿਤੀ ।

ਰਣਜੀਤ ਸਿੰਘ ਨਾਮੀ ਰਾਜਾ ਜਮੂੰ ਦਾ ਟਾਕਰੇ ਵਾਸਤੇ ਨਿਕਲਿਆ ਦੋਹਾਂ ਧਿਰਾਂ ਵਲੋ ਜਾਣ ਹੂਲਣੀ ਲੜਾਈ ਹੋਈ ਫਤਹਿ ਖਾਲਸੇ ਦੇ ਹਥ ਰਹੀ । ਜਮੂੰ ਦੇ ਇਲਾਕੇ ਤੋਂ ਇਕ ਲਖ ਰੁਪਿਆ ਸਾਲਾਨਾ ਲੈਣਾ ਕਰਕੇ ਸ੍ਰ: ਝੰਡਾ ਸਿੰਘ ਵਾਪਸ ਮੁੜ ਆਇਆ, ਫਿਰ ਆਪਣੇ ਮਿਤ੍ਰ ਸ੍ਰ: ਜਸਾ ਸਿੰਘ ਰਾਮਗੜ੍ਹੀਏ ਨੂੰ ਨਾਲ ਲੈ ਕੇ ਦਰਿਆ ਅਟਕ ਤੋਂ ਪਾਰ ਡੇਰਾ ਇਸਮਾਈਲ ਖਾਂ ਪੁਜਾ ਤੇ ਉਥੋਂ ਆਪਣੇ ਪਿਤਾ ਸਰਦਾਰ ਹਰੀ ਸਿੰਘ ਦੇ ਵੇਲੇ ਦਾ ਨੀਯਤ ਕੀਤਾ ਹੋਇਆ ਮਾਮਲਾ ਵਸੂਲ ਕਰਕੇ ਆਪਣੇ ਅਧੀਨ ਬਣਾ ਕੇ ਵਾਪਸ ਆ ਗਿਆ ।

Digitized by Panjab Digital Library | www.panjabdigilib.org

ਫਿਰ ਕਿਲਾ ਭਰਤ ਪੁਰ ਨੂੰ ਫਤਹਿ ਕਰਕੇ ਆਪਣੇ ਮਿਤ੍ਰ ਸ੍ਰ: ਗੁਰਬਖਸ਼ ਸਿੰਘ ਨੂੰ ਉਥੇ ਦਾ ਮਾਲਕ ਬਣਾਇਆ ਤੇ ਫਿਰ ਖ੍ਵਾਜਾ ਹਮੀਦ ਖਾਂ ਦੀ ਸਰਾਂ ਵਿਚ ਜਹਾਨ ਖਾਂ ਨੂੰ ਸ਼ਿਕਸਤ ਦੇ ਕੇ ਉਹਦੇ ਪਾਸੋਂ ਤੋਪਾਂ ਆਦ ਲੁਟ ਲਈਆਂ। ਜ਼ਮਜ਼ਮ ਨਾਮ ਦੀ ਜਿਹੜੀ ਤੋਪ ਲਾਹੌਰ ਦੇ ਅਜਾਇਬ ਘਰ ਵਿਚ ਰਖੀ ਹੋਈ ਹੈ ਤੇ ਭੰਗੀਆਂ ਦੀ ਤੋਪ ਦੇ ਨਾਂ ਤੇ ਪ੍ਰਸਿਧ ਹੈ, ਇਸੇ ਲੜਾਈ ਵਿਚ ਇਨ੍ਹਾਂ ਦੇ ਹਥ ਆਈ ਸੀ ਸੰਮਤ ੧੮੨੮ ਵਿਚ ਇਨ੍ਹਾਂ ਅੰਮ੍ਰਿਤਸਰ ਵਿਚ ਇਕ ਬੜਾ ਪੱਕਾ ਕਿਲਾ ਬਣਾਇਆ ਇਸ ਵਿਚ ਹਰ ਤਰ੍ਹਾਂ ਦਾ ਲੜਾਈ ਦਾ ਸਾਮਾਨ ਤੇ ਖ਼ਜ਼ਾਨਾ ਇਕਠਾ ਕਰਕੇ ਰਹਿਣ ਲੱਗ ਪਏ।

੧੮੩੦ ਬਿਕ੍ਰਮੀ ਨੂੰ ਇਨ੍ਹਾਂ ਕਸੂਰ ਤੇ ਚੜ੍ਹਾਈ ਕੀਤੀ। ਸ: ਜੱਸਾ ਸਿੰਘ ਰਾਮਗੜ੍ਹੀਆ ਜਿਸ ਦਾ ਸ: ਝੰਡਾ ਸਿੰਘ ਨਾਲ ਬੜਾ ਹਿਤ ਸੀ ਉਹ ਵੀ ਨਾਲ ਸੀ। ਤਿੰਨ ਮਹੀਨੇ ਤਕ ਲੜਾਇ ਹੁੰਦੀ ਰਹੀ, ਅੰਤ ਨੂੰ ਕਸੂਰੀਏ ਖਾਲਸਾ ਦੀ ਤਲਵਾਰ ਅਗੇ ਨਾ ਠਹਿਰ ਸਕੇ।

ਸ: ਝੰਡਾ ਸਿੰਘ ਨੇ ਕਸੂਰ ਤੇ ਫਤਹਿ ਪਾਈ ਤੇ ਉਥੇ ਦੇ ਕਿਲ੍ਹੇ ਵਿਚ ਆਪਣੀ ਛੌਣੀ ਬਣਾ ਕੇ ਇਲਾਕੇ ਦੇ ਪਠਾਨਾਂ ਤੋਂ ਇਕ ਲਖ ਰੁਪਿਆ ਸਾਲਾਨਾ ਲੈਣਾ ਕਰਕੇ ਅੰਮ੍ਰਿਤਸਰ ਮੁੜ ਆਇਆ।

ਸੰਮਤ ੧੮੩੧ ਨੂੰ ਜਮੂੰ ਦੇ ਰਾਜਾ ਰੰਜੀਤ ਦੇਵ ਦੇ ਆਪਣੇ ਪੁਤ੍ਰ ਬ੍ਰਿਜ ਦੇਵ ਨਾਲ ਫਸਾਦ ਹੋ ਗਿਆ, ਤਦ ਉਹਨੇ ਸ੍ਰਦਾਰ ਝੰਡਾ ਸਿੰਘ ਨੂੰ ਆਪਣੀ ਸਹਾਇਤਾ ਵਾਸਤੇ ਬੁਲਾਇਆ, ਉਧੋ ਚੱਕ ਦੇ ਪਾਸ ਲੜਾਈ ਹੋਈ, ਸ੍ਰਦਾਰ ਚੜ੍ਹਤ ਸਿੰਘ ਸੁਕਰਚਕੀਆ ਸ੍ਰਦਾਰ ਝੰਡਾ ਸਿੰਘ ਨਾਲ ਖੁਣਸਿਆ ਹੋਇਆ ਸੀ। ਉਹ ਬ੍ਰਿਜ ਰਾਜ ਦੇਵ ਸਿੰਘ ਵਲੋਂ ਹੋ ਕੇ ਲੜਨ ਆਇਆ, ਪਰ ਬੰਦੂਕ ਦੇ ਫੱਟ ਜਾਣ ਨਾਲ ਮਰ ਗਿਆ।

੧੮੩੨ ਵਿਚ ਸ੍ਰਦਾਰ ਝੰਡਾ ਸਿੰਘ ਸ਼ਿਕਾਰ ਗਏ ਹੋਏ ਸਨ, ਇਕ ਦਿਨ ਅਚੱਣਚੇਤ ਕਿਸੇ ਦੁਸ਼ਮਨ ਦੇ ਵਾਰ ਨਾਲ ਮਾਰੇ ਗਏ।

ਸ੍ਰਦਾਰ ਝੰਡਾ ਸਿੰਘ ਦੇ ਮਗਰੋਂ ਉਨ੍ਹਾਂ ਦੇ ਭਰਾ ਗੰਡਾ ਸਿੰਘ ਮਿਸਲ ਦਾ ਜੱਥੇਦਾਰ ਬਣਿਆ, ਜਮੂੰ ਵਾਲੇ ਰਾਜੇ ਦੀ ਲੜਾਈ ਅਜੇ ਖ਼ਤਮ ਨਹੀਂ ਹੋਈ ਸੀ, ਦੋਹੀਂ ਪਾਸੀਂ ਸਿੰਘਾਂ ਦੇ ਜਥੇ ਹੋਣੇ ਕਰਕੇ ਕੁਝ ਸ੍ਰਦਾਰ ਜੋ ਦੋਹਾਂ ਧਿਰਾਂ ਦੇ ਖ਼ੈਰਖ਼ਾਹ ਸਨ , ਵਿਚ ਪੈ ਗਏ ਤੇ ਮੈਦਾਨ ਜੰਗ ਵਿਚੋਂ ਮੋੜ ਲਿਆਂਦਾ ਅੰਮ੍ਰਿਤਸਰ ਪੁਜ ਕੇ ਫੈਸਲਾ ਹੋਣਾ ਸੀ, ਪ੍ਰੰਤੂ ਆਪਸ ਵਿਚ ਕੋਈ ਸਮਝੌਤਾ ਨਾ ਹੋ ਸਕਿਆ, ਕਿਉਂਕਿ ਗੰਡਾ ਸਿੰਘ ਨੂੰ ਦਸਿਆ ਗਿਆ ਸੀ ਕਿ ਸਰਦਾਰ ਝੰਡਾ ਸਿੰਘ ਨੂੰ ਘਨੱਯਾ ਨੇ ਮਰਵਾਇਆ ਹੈ, ਸਰਦਾਰ ਗੰਡਾ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਨਾਲ ਲੈ ਕੇ ਘਨੱਯਾਂ ਨੂੰ ਸੋਧਨ ਲਈ ਕੂਚ ਬੋਲ ਦਿਤਾ। ਘਨੱਜਾਂ ਨੂੰ ਕੁਝ ਨੁਕਸਾਨ ਪੁਜਾ। ਇਨ੍ਹਾਂ ਦਾ ਕੁਝ ਇਲਾਕਾ ਜਸਾ ਸਿੰਘ ਰਾਮਗੜ੍ਹੀਆ ਤੇ ਕੁਝ ਗੰਡਾ ਸਿੰਘ ਨੇ ਆਪਣੇ ਅਧਿਕਾਰ ਵਿਚ ਕਰ ਲਿਆ, ਫਿਰ ਏਸੇ ਤਰਾਂ ਕੁਝ ਚਿਰ ਲੜਾਈ ਹੁੰਦੀ ਰਹੀ, ਏਸੇ ਸਮੇਂ ਵਿਚ ਸਰਦਾਰ ਮਨਸਾ ਸਿੰਘ ਸਿਆਲ ਕੋਟ ਵਾਲੇ ਚਲਾਣਾ ਕਰ ਗਏ ਇਨ੍ਹਾਂ ਦੇ ਸੰਤਾਨ ਨਹੀਂ ਸੀ, ਮਨਸਾ ਸਿੰਘ ਦੀ ਸਿੰਘਣੀ ਨੇ ਹਕੀਕਤ ਸਿੰਘ ਦੇ ਭਰਾ ਤਾਰਾ ਸਿੰਘ ਨਾਲ ਅਨੰਦ ਪੜ੍ਹਾ ਲਏ।

ਪਠਾਨਕੋਟ ਨਾਮੀਂ ਪਿੰਡ ਤੇ ਘਨੱਯਾਂ ਦਾ ਤੇ ਭੰਗੀ ਸਰਦਾਰਾਂ ਦਾ ਫਿਰ ਟਾਕਰਾ ਹੋ ਗਿਆ ੨੮ ਦਿਨ ਤਕ ਲੜਾਈ ਹੁੰਦੀ ਰਹੀ ਸ: ਗੰਡਾ ਸਿੰਘ ਗੋਲੀ ਨਾਲ ਮਾਰਿਆ ਗਿਆ,

Digitized by Panjab Digital Library | www.panjabdigilib.org

ਇਸ ਸਰਦਾਰ ਦੇ ਮਾਰੇ ਜਾਨ ਨਾਲ ਇਹ ਮਿਸਲ ਕਮਜ਼ੋਰ ਹੋ ਗਈ।

ਸਰਦਾਰ ਝੰਡਾ ਸਿੰਘ ਤੋਂ ਪਿਛੋਂ ਇਸ ਦਾ ਸਕਾ ਭਰਾ ਸਰਦਾਰ ਚੜ੍ਹਤ ਸਿੰਘ ਇਸ ਮਿਸਲ ਦਾ ਆਗੂ ਬਣਿਆ, ਇਸ ਨੇ ਅੰਮ੍ਰਿਤਸਰ ਵਿਚ ਇਕ ਆਪਣੇ ਨਾਮ ਦਾ ਕਟੜਾ ਵਸਾਇਆ ਇਸ ਦੇ ਸਮੇਂ ਵਿਚ ਜਮਾਨ ਸ਼ਾਹ ਕਾਬਲ ਦਾ ਬਾਦਸ਼ਾਹ ਪੰਜਾਬ ਵਿਚ ਆਇਆ। ਲਾਹੌਰ ਤੇ ਕਬਜ਼ਾ ਕਰਕੇ ਸਾਰੇ ਦੇਸ਼ ਵਿਚ ਆਪਣਾ ਸਿਕਾ ਬਿਠਾ ਦਿਤਾ, ਪ੍ਰੰਤੂ ਸਿਖਾਂ ਨੂੰ ਕਾਬੂ ਕਰਨਾ ਕੋਈ ਆਸਾਨ ਕੰਮ ਨਹੀਂ ਸੀ, ਇਸ ਲਈ ਉਹ ਕਾਬਲ ਵਾਪਸ ਚਲਾ ਗਿਆ ਤਦ ਉਹਦੇ ਪਿਛੋਂ ੧੮੩੪ ਬਿਕ੍ਰਮੀ ਨੂੰ ਸਰਦਾਰ ਮਹਾਂ ਸਿੰਘ ਸੁਕਰ ਚਕੀਆਂ ਦੇ ਨਾਲ ਲੜਾਈ ਵਿਚ ਸਰਦਾਰ ਚੜ੍ਹਤ ਸਿੰਘ ਮਾਰਿਆ ਗਿਆ ਤੇ ਬਹੁਤ ਸਾਰਾ ਇਲਾਕਾ ਉਹਦੇ ਕਬਜ਼ੇ ਵਿਚੋਂ ਨਿਕਲ ਗਿਆ।

ਚੜ੍ਹਤ ਸਿੰਘ ਪਿਛੋਂ ਉਹਦਾ ਨਿਕਾ ਭਾਈ ਦੇਸੂ ਸਿੰਘ ਆਗੂ ਬਣਿਆ ਪਰ ਇਹ ਕਮਜ਼ੋਰ ਦਿਲ ਹੋਣ ਕਰਕੇ ਪ੍ਰਬੰਧ ਅਛੀ ਤਰਾਂ ਨਾ ਕਰ ਸਕਿਆ, ਜਿਸ ਤੋਂ ਇਹਨਾਂ ਦੇ ਇਲਾਕੇ ਵਿਚ ਆਪਾ ਧਾਪੀ ਪੈ ਗਈ, ਜੋ ਜਿਥੇ ਸੀ ਉਥੇ ਹੀ ਮਾਲਕ ਬਣ ਬੈਠਾ, ਮੁਲਤਾਨ ਦੇ ਦੁਰਾਨੀਆਂ ਨੇ ਕਬਜ਼ਾ ਕਰ ਲਿਆ, ਕੇਵਲ ਚਨਯੋਟ ਤੇ ਸਿਆਲਕੋਟ ਵਿਚੋਂ ਪੰਜਾਹ ਹਜ਼ਾਰ ਰੁਪਿਆ ਵਸੂਲ ਹੋ ਕੇ ਉਹ ਦੇ ਖ਼ਜ਼ਾਨੇ ਵਿਚ ਆਉਂਦਾ ਰਿਹਾ। ਸਰਦਾਰ ਮਹਾਂ ਸਿੰਘ ਸੁਕਰ ਚਕੀਆਂ ਨਾਲ ਸਦਾ ਹੀ ਉਹ ਦੀ ਅਣ ਬਣ ਰਹੀ। ਕਦੇ ਉਹ ਜ਼ੋਰ ਫੜ ਜਾਂਦਾ ਰਿਹਾ, ਕਦੇ ਇਹ ੧੮੪੬ ਬਿਕ੍ਰਮੀ ਨੂੰ ਇਕ ਲੜਾਈ ਵਿਚ ਦੇਸੂ ਸਿੰਘ ਵੀ ਮਾਰਿਆ ਗਿਆ ਤੇ ਕਰਮ ਸਿੰਘ ਜਿਸ ਨੂੰ ਲੋਕੀਂ ਉਸ ਦੇ ਚੰਗੇ ਗੁਣਾਂ ਦੇ ਕਾਰਨ ਦੂਲਾ ਸਰਦਾਰ ਕਿਹਾ ਕਰਦੇ ਸੀ ਜਥੇਦਾਰ ਬਣਿਆ, ਇਹ ਇਕ ਬੜਾ ਦਾਨਾ, ਸਿਆਣਾ ਤੇ ਦੂਰ ਦਰਸ਼ੀ ਸੀ ਇਸ ਨੇ ਵੀ ਆਪਣੇ ਸਮੇਂ ਤੇ ਸ੍ਰੀ ਅੰਮ੍ਰਿਤਸਰ ਵਿਚ ਇਕ ਕਟੜਾ ਜੋ ਹੁਣ ਦੂਲੋ ਦੇ ਨਾਮ ਤੇ ਪ੍ਰਸਿਧ ਹੈ ਵਸਾਇਆ। ਕਈ ਵੇਰ ਸਰਦਾਰ ਮਹਾਂ ਸਿੰਘ ਸੁਕਰ ਚਕੀਆਂ ਜਿਸ ਦੇ ਨਾਲ ਇਸ ਖਾਨਦਾਨ ਦੀ ਮੁਦਤ ਤੋਂ ਅਣ ਬਣ ਚਲੀ ਆਉਂਦੀ ਸੀ, ਇਸ ਦੀ ਲੜਾਈ ਹੋਈ, ਪਰ ੧੮੪੯ ਬਿਕ੍ਰਮੀ ਨੂੰ ਇਹ ਵੀ ਲੜਾਈ ਵਿਚ ਮਾਰਿਆ ਗਿਆ। ਸਰਦਾਰ ਕਰਮ ਸਿੰਘ ਦੇ ਚਲਾਣਾ ਕਰਨ ਸਮੇਂ ਉਹਦਾ ਲੜਕਾ ਚਨਯੋਟ ਵਿਚ ਸੀ। ਇਹ ਹੀ ਕਾਰਨ ਸੀ ਕਿ ਦੂਰ ਹੋਣ ਦੇ ਕਾਰਨ ਉਹ ਆਪਣੇ ਪਿਤਾ ਜੀ ਦੀ ਜਗ੍ਹਾ ਨਾ ਲੈ ਸਕਿਆ, ਦੇਸੂ ਸਿੰਘ ਦਾ ਲੜਕਾ ਗੁਲਾਬ ਸਿੰਘ ਜੋ ਉਸ ਵੇਲੇ ਮਾਝ ਦੇ ਇਲਾਕੇ ਵਿਚ ਹੋਣ ਕਰਕੇ ਸ੍ਰੀ ਅੰਮ੍ਰਿਤਸਰ ਤੋਂ ਨੇੜੇ ਸੀ, ਅੰਮ੍ਰਿਤਸਰ ਵਿਚ ਪੁਜ ਕੇ ਉਹਦੀ ਗਦੀ ਤੇ ਬੈਠ ਗਿਆ, ਪਰ ਇਹ ਵੀ ਅਜੇਹਾ ਪ੍ਰਬੰਧ ਨਾ ਕਰ ਸਕਿਆ ਜੇਹਾ ਕਿ ਕਰਨਾ ਚਾਹੀਦਾ ਸੀ, ਜਿਸ ਤੋਂ ਕਈ ਇਲਾਕੇ ਇਸ ਦੇ ਕਬਜ਼ੇ ਤੋਂ ਨਿਕਲ ਗਏ, ਸਿਆਲਕੋਟ ਦੇ ਇਲਾਕੇ ਦਾ ਮਾਮਲਾ ਵੀ ਬੰਦ ਹੋ ਗਿਆ, ਕੇਵਲ ਸ਼ਹਿਰ ਅੰਮ੍ਰਿਤਸਰ ਤੇ ਕੋਟਾਲੀ, ਮਜੀਠਾ ਨੁਸ਼ੈਹਰਾ, ਸਰਹਾਲੀ ਆਦਿਕ ਇਲਾਕੇ ਇਕ ਲਖ ਦੀ ਆਮਦਨ ਦੇ ਇਸ ਦੇ ਅਧੀਨ ਰਹੇ, ਬਾਕੀ ਦਾ ਸਾਰਾ ਇਲਾਕਾ ਜੋ ਇਸ ਦੇ ਅਧੀਨ ਜੇਹੜੇ ਸਰਦਾਰ ਸਨ ਉਹਨਾਂ ਨੇ ਆਪਣੇ ਵਸ ਵਿਚ ਕਰ ਲਿਆ।

ਇਸ ਤੋਂ ਪਿਛੋਂ ਜਦ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਤਦ ਗੁਲਾਬ ਸਿੰਘ ਨੇ ਖੁਣਸ ਖਾ ਕੇ ਚੜ੍ਹਾਈ ਕਰ ਦਿਤੀ, ਓਧਰੋਂ ਮਹਾਰਾਜਾ ਰਣਜੀਤ ਸਿੰਘ ਵੀ ਆਪਣੀ

Digitized by Panjab Digital Library | www.panjabdigilib.org

ਫੌਜ ਲੈ ਕੇ ਟਾਕਰੇ ਲਈ ਲਾਹੌਰ ਤੋਂ ਬਾਹਰ ਨਿਕਲ ਆਇਆ। ਸੰਮਤ ੧੮੫੬ ਬਿਕਰਮੀ ਨੂੰ ਭਸੀਨ ਦੇ ਮਕਾਮ ਤੇ ਦੋਨੋਂ ਫੌਜਾਂ ਆਮੋ ਸਾਹਮਣੇ ਹੋਈਆਂ। ਅਜ ਦੋਹਾਂ ਧਿਰਾਂ ਵਿਚ ਇਕ ਮਾਮੂਲੀ ਜਿਹੀ ਲੜਾਈ ਹੋਈ ਸੀ ਕਿ ਇਕ ਦਿਨ ਗੁਲਾਬ ਸਿੰਘ ਰਾਤ ਨੂੰ ਐਸਾ ਸੁਤਾ ਕਿ ਮੁੜ ਕੇ ਉਠਿਆ ਹੀ ਨਹੀਂ, ਸੁਤੇ ਦਾ ਹੀ ਦਮ ਨਿਕਲ ਗਿਆ।

ਗੁਲਾਬ ਸਿੰਘ ਦੇ ਇੰਜ ਚਲਾਣਾ ਕਰ ਜਾਣ ਤੇ ਉਸ ਦੇ ਸਾਰੇ ਸਾਥੀ ਹੌਸਲਾ ਛਡ ਬੈਠੇ ਤੇ ਚੁਪ ਚਾਪ ਆਪਣੇ ਘਰਾਂ ਨੂੰ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਜਿਤ ਦਾ ਨਗਾਰਾ ਵਜਾ ਕੇ ਲਾਹੌਰ ਵਿਚ ਆ ਵੜਿਆ।

ਗੁਲਾਬ ਸਿੰਘ ਦਾ ਪੁਤਰ ਗੁਰਦਿਤ ਸਿੰਘ ਉਸ ਵੇਲੇ ਕੇਵਲ ਦਸਾਂ ਹੀ ਵਰਿਆਂ ਦਾ ਸੀ। ਗੁਲਾਬ ਸਿੰਘ ਦੇ ਚਲਾਣੇ ਦੀ ਖਬਰ ਸੁਣ ਕੇ ਉਹਦੇ ਨੌਕਰਾਂ ਨੇ ਕੋਹਾਲੀ ਦਾ ਇਲਾਕਾ ਦਬਾ ਲਿਆ ਤੇ ਕਹਿ ਦਿਤਾ ਕਿ ਅਸਾਂ ਜੋ ਤਨਖਾਹ ਲੈਣੀ ਹੈ ਉਸ ਦੇ ਬਦਲੇ ਇਹ ਇਲਾਕਾ ਸਾਂਭ ਲਿਆ ਹੈ। ਕੇਵਲ ਸ਼ਹਿਰ ਅੰਮ੍ਰਿਤਸਰ ਦੀ ਆਮਦਨੀ ਨਾਲ ਉਸਦੀ ਮਾਤਾ ਜਿਸ ਦਾ ਨਾਮ ਸੁੱਖਾਂ ਸੀ ਘਰ ਦਾ ਪ੍ਰਬੰਧ ਕਰਦੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰਨੀ ਸੁਖਾਂ ਤੋਂ ਜ਼ਮਜ਼ਮਾ ਨਾਮ ਦੀ ਤੋਪ ਮੰਗੀ, ਇਹਨੇ ਤੋਪ ਦੇਣ ਤੋਂ ਨਾਂਹ ਕਰ ਦਿਤੀ ਅਤੇ ਲੜਾਈ ਲਈ ਤਿਆਰ ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਪੁਜ ਕੇ ਕਿਲੇ ਦੇ ਦੋਹੀਂ ਪਾਸੀਂ ਘੇਰਾ ਪਾ ਲਿਆ। ਪੰਜ ਘੰਟੇ ਤਕ ਲੜਾਈ ਹੁੰਦੀ ਰਹੀ। ਪਰ ਜਦ ਸਰਦਾਰਨੀ ਸੁਖਾਂ ਨੇ ਕੋਈ ਵਾਹ ਨਾ ਚਲਦੀ ਵੇਖੀ ਤਦ ਕਿਲ੍ਹਾ ਖਾਲੀ ਕਰਕੇ ਆਪਣੇ ਪੁਤਰ ਗੁਰਦਿਤ ਸਿੰਘ ਸਮੇਤ ਕਿਲਾ ਰਾਮਗੜ੍ਹੀਆਂ ਦੇ ਵਿਚ ਚਲੀ ਗਈ। ਇਸ ਤਰ੍ਹਾਂ ੧੮੬੦ ਬਿਕਰਮੀ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਸ੍ਰੀ ਅੰਮ੍ਰਿਤਸਰ ਤੇ ਹੋ ਗਿਆ। ਇਸ ਤਰ੍ਹਾਂ ਭੰਗੀਆਂ ਦੀ ਮਿਸਲ ਲਾਹੌਰ ਦਰਬਾਰ ਨਾਲ ਮਿਲ ਗਈ। ਗੁਰਦਿਤ ਸਿੰਘ ਆਪਣੀ ਮਾਤਾ ਸਮੇਤ ਬੜੀ ਮੁਦਤ ਤਕ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੇ ਆਸਰੇ ਬੈਠਾ ਰਿਹਾ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਾਹੋਵਾਲ ਦੇ ਇਲਾਕੇ ਦੀ ਜਾਗੀਰ ਦੇ ਦਿਤੀ, ਪਰ ਇਹ ਉਥੇ ਜਾ ਕੇ ਜਾਗੀਰ ਦਾ ਪ੍ਰਬੰਧ ਨਾ ਕਰ ਸਕਿਆ ਜਿਸਤੋਂ ਇਸ ਨੇ ਕੁਝ ਨਕਦ ਸਹਾਇਤਾ ਲੈ ਕੇ ਜਾਗੀਰ ਛਡ ਦਿਤੀ।

ਗੁਰਦਿਤ ਸਿੰਘ ਸਾਹੋਵਾਲ ਦੀ ਜਾਗੀਰ ਛਡ ਕੇ ਆਪਣੇ ਸਹੁਰੇ ਘਰ ਆ ਰਿਹਾ ਜਿਥੇ ੧੮੮੪ ਬਿਕਰਮੀ ਨੂੰ ਮਰ ਗਿਆ। ਪਰ ਇਹ ਦੇ ਪੁਤਰ ਅਜੀਤ ਸਿੰਘ (ਇਹ ਨੇਤਰ ਹੀਣ ਸੀ) ਤੇ ਮੂਲ ਸਿੰਘ ਖੰਜਵੜ ਅਦਿਕ ਪੁਰਾਣੇ ਪਿੰਡ ਜੋ ਇਹਨਾਂ ਦੀ ਖਾਸ ਮਾਲਕੀ ਸਨ, ਆਬਾਦ ਰਖੇ। ਸੋ ਅਜੀਤ ਸਿੰਘ ਦੇ ਪੁਤਰ ਠਾਕੁਰ ਸਿੰਘ ਤੇ ਹੁਕਮ ਸਿੰਘ ਹੁਣ ਤਕ ਇਸ ਪਿੰਡ ਵਿਚ ਆਬਾਦ ਤੇ ਮੌਜੂਦ ਹਨ, ਪਹਿਲਾਂ ਜ਼ੈਲਦਾਰ ਤੇ ਕੁਰਸੀਨਸ਼ੀਨ ਹੋ ਗਏ। ੧੯੦) ਰੁਪਏ ਸਰਕਾਰ ਵਲੋਂ ਜਗੀਰ ਮਾਫੀ ਹੈ। ਦੋ ਹਜ਼ਾਰ ਵਿਘਾ ਜ਼ਮੀਨ ਦੇ ਮਾਲਕ ਤੇ ਜ਼ਿਮੀਦਾਰ ਹਨ। ਅਰਥਾਤ ਪੰਜ ਖੂਹ ਅਜੇ ਤਕ ਉਨਾਂ ਦੇ ਨਾਮ ਮਾਫੀ ਹਨ ਤੇ ਸਰਦਾਰ ਝੰਡਾ ਸਿੰਘ ਵੇਲੇ ਦੇ ਬੜੇ ਆਲੀਸ਼ਾਨ ਮਕਾਨ ਮੌਜੂਦ ਹਨ। ਸ: ਝੰਡਾ ਸਿੰਘ ਦੇ ਸਮੇਂ ਇਸ ਮਿਸਲ ਦੀ ਫੌਜ ੨੦ ਹਜ਼ਾਰ ਸੀ।

Digitized by Panjab Digital Library | www.panjabdigilib.org

# ਦੂਜੀ ਮਿਸਲ ਰਾਮਗੜ੍ਹੀਏ ਸਰਦਾਰ

ਇਸ ਮਿਸਲ ਦਾ ਅਸਲ ਬਾਨੀ ਸ: ਨੰਦ ਸਿੰਘ ਜ਼ਿਮੀਦਾਰ ਪਿੰਡ ਸਾਂਘਣਾ ਜ਼ਿਲਾ ਅੰਮ੍ਰਿਤਸਰ ਸੀ ਫੇਰ ਇਸ ਮਿਸਲ ਦਾ ਕਰਤਾ ਧਰਤਾ ਸਰਦਾਰ ਜਸਾ ਸਿੰਘ ਰਾਮਗੜ੍ਹੀਆ ਹੋਇਆ।

ਇਨ੍ਹਾਂ ਦੇ ਵਡੇ ਤਰਖਾਨ ਸਨ ਜੋ ਕਿ ਸੁਰ ਸਿੰਘ ਦੇ ਰਹਿਣ ਵਾਲੇ ਸਨ, ਪਰ ੧੭੭੨ ਵਿਚ ਇਹਦੇ ਦਾਦਾ ਹਰਦਾਸ ਸਿੰਘ ਦੇ ਚਲਾਣਾ ਕਰ ਜਾਣ ਤੇ ਇਨਾਂ ਦੇ ਪਿਤਾ ਸਰਦਾਰ ਭਗਵਾਨ ਸਿੰਘ ਨੇ ਆਪਣੀ ਵਸੋਂ ਈਚੋਂ ਗਲ ਪ੍ਰਗਣਾ ਲਾਹੌਰ ਵਿਚ ਕਰ ਲਈ। ਗਿਆਨੀ ਗਿਆਨ ਸਿੰਘ ਹਰਦਾਸ ਸਿੰਘ ਦਾ ਪਿੰਡ ਸੈਦਬੇਧ ਲਿਖਦਾ ਹੈ।

ਸਰਦਾਰ ਜਸਾ ਸਿੰਘ ਦਾ ਦਾਦਾ ਸਰਦਾਰ ਹਰਦਾਸ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਵਿਚੋਂ ਸੀ, ਪਰ ਜਦ ਸਤਿਗੁਰ ਮੁਲਕ ਦਖਣ ਵਲ ਚਲੇ ਗਏ ਤਦ ਇਹ ਆਪਣੇ ਘਰ ਚਲਾ ਆਇਆ, ਪਰ ਜਦ ਬਾਬਾ ਬੰਦਾ ਸਿੰਘ ਖਾਲਸੇ ਦੇ ਨਾਲ ਮਿਲ ਕੇ ਜ਼ਾਲਮਾਂ ਦੀ ਸੋਧ ਲਈ ਸਤਿਗੁਰਾਂ ਦਾ ਹੁਕਮ ਲੈ ਕੇ ਪੰਜਾਬ ਵਲ ਆਇਆ ਤਦ ਕਾਫੀ ਚਿਰ ਤਕ ਸਰਦਾਰ ਹਰਦਾਸ ਸਿੰਘ ਹਰ ਲੜਾਈ ਵਿਚ ਉਹਦੇ ਨਾਲ ਰਿਹਾ ਤੇ ੧੭੭੨ ਬਿਕਰਮੀ ਨੂੰ ਬਜਵਾੜੇ ਦੀ ਲੜਾਈ ਵਿਚ ਸ਼ਹੀਦ ਹੋਇਆ। ਸਰਦਾਰ ਹਰਦਾਸ ਸਿੰਘ ਦੀ ਤਰਾਂ ਉਹਨਾਂ ਦਾ ਬੇਟਾ ਭਗਵਾਨ ਸਿੰਘ ਵੀ ਬੜਾ ਬਲਵਾਨ ਤੇ ਕੌਮੀ ਪਿਆਰ ਵਾਲਾ ਸੀ, ਇਹ ਵੀ ਅਨੇਕਾਂ ਜੰਗਾਂ ਵਿਚ ਸ਼ਾਮਲ ਰਿਹਾ, ਇਸ ਦੇ ਚਾਰ ਲੜਕੇ ਸਨ, ਜੱਸਾ ਸਿੰਘ, ਮਾਲੀ ਸਿੰਘ, ਖੁਸ਼ਹਾਲ ਸਿੰਘ, ਤਾਰਾ ਸਿੰਘ ਜਿਸ ਸਮੇਂ ਵਿਚ ਲਾਹੌਰ ਦੇ ਸੂਬੇ ਨੇ ਬੜੀ ਔਕੜ ਵਿਚ ਪਿਆ ਵੇਖ ਕੇ ਸਿੰਘਾਂ ਦਾ ਇਕ ਜਥਾ ਆਪਣੇ ਪਾਸ ਰਹਿਣ ਲਈ ਖਾਲਸੇ ਅਗੇ ਦਰਖਾਸਤ ਦਿਤੀ ਸੀ ਉਸ ਵੇਲੇ ਸਰਦਾਰ ਭਗਵਾਨ ਸਿੰਘ ਸਵਾਰਾਂ ਦੇ ਨਾਲ ਲਾਹੌਰ ਸੀ ਤੇ ਆਪਣੇ ਗੁਣਾਂ ਦੇ ਨਾਲ ੧੦੦ ਸਵਾਰਾਂ ਦਾ ਸਰਦਾਰ ਬਣ ਗਿਆ। ਜਦ ੧੭੯੭ ਬਿਕਰਮੀ ਵਿਚ ਨਾਦਰ ਸ਼ਾਹ ਨੇ ਹਮਲਾ ਕੀਤਾ ਤਦ ਇਸ ਲੜਾਈ ਵਿਚ ਇਕ ਮੌਕੇ ਤੇ ਸਰਦਾਰ ਭਗਵਾਨ ਸਿੰਘ ਨੇ ਆਪਣੇ ਆਪ ਨੂੰ ਜੋਖੋਂ ਵਿਚ ਪਾ ਕੇ ਸੂਬਾ ਲਾਹੌਰ ਦੀ ਜਾਨ ਬਚਾਈ ਜਿਸ ਤੇ ਖੁਸ਼ ਹੋ ਕੇ ਇਨ੍ਹਾਂ ਦੇ ਪੰਜੇ ਲੜਕਿਆਂ ਨੂੰ ਪੰਜ ਪਿੰਡ ੧ ਵਲਾ ੨ ਵੇਰਕਾ ੩ ਸੁਲਤਾਨ ਵਿੰਡ ੪ ਤੁੰਗ ੫ ਚੱਬਾ ਦੇ ਕੇ ਸਿੰਘਾਂ ਦੀ ਥਾਂ ਰਸਾਲਦਾਰ ਕਰ ਦਿਤਾ।

ਜਦ ਆਦੀਨਾ ਬੇਗ ਦੁਆਬਾ ਬਿਸਤ ਜਾਲੰਧਰ ਦੇ ਹਾਕਮ ਨੇ ਜ਼ੋਰ ਫੜਿਆ ਤੇ ਨਿਤਾ ਪ੍ਰਤ ਉਹਦਾ ਸਿੰਘਾਂ ਦੇ ਨਾਲ ਭੇੜ ਰਹਿਣ ਲਗਾ ਤਦ ਸਿਖਾਂ ਨੇ ਸਰਦਾਰ ਜਸਾ ਸਿੰਘ ਨੂੰ ਆਪਣਾ ਵਕੀਲ ਬਣਾ ਕੇ ਆਦੀਨਾ ਬੇਗ ਪਾਸ ਭੇਜਿਆ, ਸਰਦਾਰ ਜਸਾ ਸਿੰਘ ਦੀ ਹੁਸ਼ਿਆਰੀ, ਦਾਨਾਈ ਤੇ ਸੁਜੀਲੀ ਫਬੀਲੀ ਸ਼ਕਲ ਵੇਖ ਆਦੀਨਾ ਬੇਗ ਇਤਨਾਂ ਪ੍ਰਸੰਨ ਹੋਇਆ ਕਿ ਇਕ ਵਡੇ ਇਲਾਕੇ ਦਾ ਸਰਦਾਰ ਬਣਾ ਦਿਤਾ, ਮੁਦਤ ਤਕ ਇਹ ਉਥੇ ਰਿਹਾ (ਪਰ ਜਿਹਾ ਕਿ ਦੂਜੇ ਹਿਸੇ ਵਿਚ ਵਰਨਣ ਹੋ ਚੁਕਾ ਹੈ) ਜਦ ਰਾਮ ਗੜ੍ਹ (ਅੰਮ੍ਰਿਤਸਰ) ਵਿਚ ਸਿਖਾਂ ਦਾ ਮੀਰ ਮੁਅੱਜਮੁਲ ਮੁਲਕ (ਮੀਰ ਮੰਨੂੰ) ਦੇ ਨਾਲ ਟਾਕਰਾ ਹੋਇਆ ਤਦ ਸਰਦਾਰ ਜਸਾ ਸਿੰਘ ਆਦੀਨਾ ਬੇਗ ਤੋਂ ਅਡ ਹੋ ਕੇ ਝਟ ਖਾਲਸੇ

Digitized by Panjab Digital Library | www.panjabdigilib.org

ਨਾਲ ਆ ਮਿਲਿਆ । ਤੇ ਜਦ ਫੇਰ ਸਿਖਾਂ ਨੇ ਕੌੜਾ ਮਲ ਨੂੰ ਨਾਲ ਲੈ ਕੇ ਮੁਲਤਾਨ ਵਿਚ ਸ਼ਾਹ ਨਿਵਾਜ਼ ਖਾਂ ਨੂੰ ਬੇ-ਦਖਲ ਕਰਨ ਵਾਸਤੇ ਕੂਚ ਕੀਤਾ ਤਦ ਕਿਲਾ ਰਾਮ ਗੜ੍ਹ ਸਰਦਾਰ ਜਸਾ ਸਿੰਘ ਦੇ ਹਵਾਲੇ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਕਾਫੀ ਮੁਦਤ ਤਕ ਇਹ ਕਿਲਾ ਸਰਦਾਰ ਜਸਾ ਸਿੰਘ ਦੇ ਕਬਜ਼ੇ ਵਿਚ ਰਹਿਣ ਦੇ ਕਾਰਨ ਇਨਾਂ ਦਾ ਨਾਮ ਹੀ ਸਰਦਾਰ ਜਸਾ ਸਿੰਘ ਰਾਮ-ਗੜ੍ਹੀਆ ਮਸ਼ਹੂਰ ਹੋ ਗਿਆ । ਐਥੋਂ ਤਕ ਕਿ ਹੁਣ ਉਨਾਂ ਦੀ ਕੌਮ ਦੇ ਸਾਰੇ ਆਦਮੀ ਆਪਣੇ ਆਪ ਨੂੰ ਰਾਮਗੜ੍ਹੀਆ ਅਖਵਾਂਦੇ ਹਨ । ਹਾਲਾਂ ਕਿ ਰਾਮਗੜ੍ਹੀਆ ਮਿਸਲ ਵਿਚ ਹੋਰ ਕੌਮਾਂ ਵਿਚੋਂ ਸਜੇ ਸਿੰਘ ਵੀ ਸ਼ਾਮਲ ਸਨ ।

ਫਿਰ ਜਦੋਂ ਆਦੀਨਾ ਬੇਗ ਮਰ ਗਿਆ ਤਦ ਜਿਤਨੇ ਇਲਾਕੇ ਤੇ ਸ: ਜੱਸਾ ਸਿੰਘ ਸਰਦਾਰ ਸੀ, ਉਹ ਸਾਰਾ ਇਲਾਕਾ ਸਰਦਾਰ ਜੱਸਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਸਰਦਾਰ ਜੱਸਾ ਸਿੰਘ ਦੀ ਫੌਜ ਹਮੇਸ਼ਾ ਕਿਲਾ ਰਾਮਗੜ੍ਹੀਆਂ ਵਿਚ ਰਹਿੰਦੀ ਸੀ । ਦੁਰਾਨੀ ਅਹਿਮਦ ਸ਼ਾਹ ਦੇ ਨਾਲ ਖਾਲਸੇ ਵਲੋਂ ਸਦਾ ਹੀ ਲੜਦਾ ਰਿਹਾ । ਇਹ ਜਦੋਂ ਸਿਖਾਂ ਨੇ (ਜਿਹਾ ਕਿ ਦੂਜੇ ਹਿਸੇ ਵਿਚ ਦਸਿਆ ਹੈ) ਕਸੂਰ ਸ਼ਹਿਰ ਜਿਤਿਆ ਤਦ ਉਸ ਵੇਲੇ ਵੀ ਉਹ ਨਾਲ ਸੀ; ਜਿਸ ਤੋਂ ਇਹ ਸਰਦਾਰ ਬੜਾ ਪ੍ਰਸਿਧ ਹੋ ਗਿਆ, ਇਸ ਨੇ ਆਪਣੇ ਤਿੰਨ ਭਰਾ ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਨਾਲ ਸਲਾਹ ਕਰਕੇ ੩੦੦੦ ਜਵਾਨ ਆਪਣੇ ਪਾਸ ਰਖ ਲਏ ਤੇ ਸਾਰੇ ਪੰਜਾਬ ਵਿਚ ਅਮਨ ਕਾਇਮੀ ਪਰਜਾ ਦੀ ਰਖਯਾ ਤੇ ਜ਼ਾਲਮ ਹਾਕਮਾਂ ਦੀ ਸੋਧ ਲਈ ਦੌਰਾ ਸ਼ੁਰੂ ਕਰ ਦਿਤਾ ।

ਅਨਿਆਈ ਹਾਕਮਾਂ ਤੋਂ ਜੋ ਕੁਝ ਜੁਰਮਾਨਾ ਵਸੂਲ ਹੁੰਦਾ ਰਿਹਾ ਕਿਲਾ ਰਾਮਗੜ੍ਹੀਆਂ ਵਿਚ ਇਕੱਠਾ ਹੁੰਦਾ ਰਹਿੰਦਾ ਸੀ ।

ਫਿਰ ਜਦੋਂ ਇਹਨੇ ਖਾਲਸਾ ਪੰਥ ਦੇ ਨਾਲ ਸ਼ਾਮਲ ਹੋ ਕੇ ਅਹਿਮਦ ਸ਼ਾਹ ਦੁਰਾਨੀ ਨੂੰ ਆਖਰੀ ਹਮਲੇ ਤੇ ਸਖਤ ਸ਼ਿਕਸਤ ਦਿਤੀ ਤੇ ਕੁਲ ਮੁਸਲਮਾਨ ਹਾਕਮਾਂ ਨੂੰ ਪੰਜਾਬ ਵਿਚੋਂ ਕੱਢ ਦਿਤਾ ਤਦ ਇਸ ਨੇ ੭ ਲਖ ਰੁਪਏ ਦੇ ਇਲਾਕੇ ਬਟਾਲਾ ਕਲਾਨੌਰ ਤੇ ਸ੍ਰੀ ਹਰਿ ਗੋਬਿੰਦ ਪੁਰ ਤੇ ਆਪਣਾ ਕਬਜ਼ਾ ਕਰ ਲਿਆ ਤੇ ਆਪਣੀ ਵਸੋਂ ਸ੍ਰੀ ਹਰਿ ਗੋਬਿੰਦ ਪੁਰ ਹੀ ਕਰ ਲਈ ਮੁਕਦੀ ਗਲ ਇਹ ਹੈ ਕਿ ਜਿਨੀਆਂ ਵੀ ਲੜਾਈਆਂ ਖਾਲਸੇ ਦੀਆਂ ਮੁਸਲਮਾਨਾਂ ਨਾਲ ਹੋਈਆਂ, ਇਹਨਾਂ ਸਾਰੀਆਂ ਵਿਚ ਇਹ ਪੰਥ ਵਲੋਂ ਹੋ ਕੇ ਬੜੀ ਬਹਾਦਰੀ ਤੇ ਜਵਾਂ ਮਰਦੀ ਨਾਲ ਲੜਦਾ ਰਿਹਾ, ਸਰਹੰਦ ਦੀ ਆਖਰੀ ਤਬਾਹੀ ਵੇਲੇ ਜਦੋਂ ਜੈਨ ਖਾਂ ਨੂੰ ਸ਼ਿਕਸਤ ਦਿਤੀ ਸੀ, ਸਰਦਾਰ ਜਸਾ ਸਿੰਘ ਨੇ ਆਪਣੀ ਸੂਰਮਤਾਈ ਵਿਖਾਈ ਸੀ, ਇਨ੍ਹਾਂ ਦੀ ਵਧੀ ਹੋਈ ਤਾਕਤ ਤੇ ਬਲੰਦ ਹੌਂਸਲੇ ਦੇ ਸਾਹਮਣੇ ਕੋਈ ਬੋਲ ਨਹੀਂ ਸਕਿਆ, ਜਿਸ ਤੋਂ ਦੁਆਬੇ ਦੇ ਇਲਾਕੇ ਜਲੰਧਰ ਦੇ ਅਗੇ ਪਿਛੇ ਜਿਥੋਂ ਕਿ ਦਸ ਲਖ ਦਾ ਸਾਲਾਨਾ ਮਾਮਲਾ ਆਉਂਦਾ ਸੀ, ਕਬਜ਼ਾ ਕਰ ਲਿਆ ਤੇ ਦਸ ਹਜ਼ਾਰ ਸਵਾਰ ਆਪਣੇ ਪਾਸ ਰਖਣ ਲਗਾ । ਮਨੀ ਵਾਲ, ਕਲਾਨੌਰ, ਝੰਗ, ਮਕਨਾ ਪੁਰ, ਮੇਘ ਵਾਲ, ਉੜਮਰ ਟਾਂਡਾ, ਸਰੀਹਾਂ ਮਿਆਣੀ ਆਦਿਕ ਸਾਰੇ ਇਲਾਕੇ ਇਨ੍ਹਾਂ ਦੇ ਅਧੀਨ ਸੀ, ਫਿਰ ਇਸ ਨੇ ਜਸਵਾਲਾ ਅਸ ਰ ਪੁਰ ਦੀਪਾਲ ਪੁਰ, ਚੰਬਾ ਹਰੀ ਪੁਰ ਕਟੋਚੀ ਆਦਿਕ ਦੇ ਪਹਾੜੀ ਇਲਾਕਿਆਂ ਦੀ ਸੋਧ ਸ਼ੁਰੂ ਕੀਤੀ

Digitized by Panjab Digital Library | www.panjabdigilib.org

ਸਾਰਿਆਂ ਨੂੰ ਆਪਣੇ ਅਧੀਨ ਕਰਕੇ ਦੋ ਲਖ ਰੁਪਯਾ ਸਾਲਾਨਾ ਖਰਾਜ ਲੈਣਾ ਪ੍ਰਵਾਨ ਕਰਕੇ ਚਲਾ ਆਇਆ, ਤੇ ਹਲਵਾਰੇ ਵਿਚ ਜੋ ਕਿ ਰਾਵੀ ਦੇ ਕੰਢੇ ਤੇ ਹੈ ਇਕ ਕਿਲਾ ਬਣਾ ਕੇ ਉਸ ਵਿਚ ਆਪਣੇ ਭਾਈ ਮਾਲੀ ਸਿੰਘ ਨੂੰ ਅੱਠ ਹਜ਼ਾਰ ਸਵਾਰ ਸਮੇਤ ਛਡ ਆਇਆ ਤਾਂ ਜੋ ਪਹਾੜੀ ਰਾਜਿਆਂ ਦੀ ਚੋਖ ਭਾਲ ਰਖਣ, ਏਸੇ ਤਰਾਂ ਆਪਣੇ ਦੂਜੇ ਭਰਾਵਾਂ ਵਿਚੋਂ ਹਰ ਇਕ ਨੂੰ ਦੂਜਿਆਂ ਇਲਾਕਿਆਂ ਵਿਚ ਕਾਫੀ ਜਾਗੀਰਾਂ ਦੇ ਕੇ ਮੁਲਕ ਦਾ ਪ੍ਰਬੰਧ ਸੌਂਪ ਦਿਤਾ ।

ਥੋੜੇ ਹੀ ਚਿਰ ਵਿਚ ਇਹ ਸਰਦਾਰ ਇਨਾਂ ਪ੍ਰਸਿਧ ਹੋ ਗਿਆ ਕਿ ਇਸ ਦੀ ਮਿਸਲ ਭੰਗੀਆਂ ਦੀ ਮਿਸਲ ਨਾਲੋਂ ਭੀ ਪ੍ਰਤਾਪਵਾਨ ਹੋ ਗਈ, ਸਰਦਾਰ ਜੱਸਾ ਸਿੰਘ ਆਹਲੂਵਾਲਿਆ ਨਾਲ ਇਸ ਦੀ ਅਣ ਬਣ ਰਿਹਾ ਕਰਦੀ ਸੀ, ਕਿੰਤੂ ਇਹ ਇਨਾਂ ਬਹਾਦਰ ਸੀ, ਕਿ ਉਹਨੂੰ ਕਦੇ ਇਹਦੇ ਸਾਹਮਣੇ ਕਾਮਯਾਬੀ ਨਹੀਂ ਹੋਈ । ਇਕ ਵੇਰ ਸਰਦਾਰ ਜੱਸਾ ਸਿੰਘ ਰਾਮ ਗੜ੍ਹੀਆ ਦੇ ਭਾਈਆਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਫੜ ਲਿਆ, ਕਿੰਤੂ ਬਾਕੀ ਸਰਦਾਰਾਂ ਦੇ ਕਹਿਣ ਤੇ ਬਹੁਮੁਲਾ ਸਰੋਪਾਓ ਦੇ ਕੇ ਛੱਡ ਦਿਤਾ, ਉਸ ਵੇਲੇ ਇਹ ਸਰਦਾਰ ਇੰਨੀਆ ਚੜ੍ਹਦੀਆਂ ਕਲਾਂ ਵਿਚ ਸੀ ਕਿ ਸਾਰੇ ਪਾਸੇ ਇਹਦੀ ਮਨੀਂਦੀ ਸੀ । ਲਗਾਤਾਰ ਤਿੰਨ ਵੇਰ ਕਟੋਚੀ ਦੇ ਰਾਜੇ ਨੇ ਜੈ ਸਿੰਘ ਘਨ੍ਹੀਆ ਮਿਸਲ ਵਾਲੇ ਨੂੰ ਨਾਲ ਲੈ ਕੇ ਇਸ ਤੇ ਚੜ੍ਹਾਈ ਕੀਤੀ ਕਿੰਤੂ ਹਰ ਵਾਰ ਭਾਂਜ ਖਾ ਕੇ ਚਲਾ ਗਿਆ । ਇਸ ਤਰਾਂ ਅੰਸੂਰ ਜਵਾਨ ਤੇਜਸਵੀ ਤੇ ਪ੍ਰਤਾਪੀ ਸੀ ਇਸ ਦੇ ਗਿਰਦ ਕੁਝ ਅਜੇਹੇ ਆਦਮੀ ਇਕੱਠੇ ਹੋ ਗਏ । ਜਿਸ ਤੋਂ ਆਮ ਸਿੰਘਾਂ ਨੂੰ ਇਸ ਤੇ ਨੋਟਸ ਲੈਣਾ ਪਿਆ । ਸਰਦਾਰ ਮਹਾਂ ਸਿੰਘ ਸਰਦਾਰ ਜਸਾ ਸਿੰਘ ਆਹਲੂਵਾਲੀਆ ਸਰਦਾਰ ਜੈ ਸਿੰਘ ਘਨ੍ਹੀਆ ਆਦਿਕ ਨੇ ਮਿਲ ਕੇ ੧੮੩੧ ਬਿ: ਨੂੰ ਇਸ ਦੀ ਸੋਧ ਦੀ ਤਿਆਰੀ ਕਰ ਦਿਤੀ । ਅਠ ਸਾਲ ਤਕ ਆਪਸ ਵਿਚ ਲੜਾਈ ਰਹੀ । ਇਸ ਦਾ ਭਰਾ ਤਾਰਾ ਸਿੰਘ ਇਸ ਲੜਾਈ ਵਿਚ ਮਾਰਿਆ ਗਿਆ, ਦੂਜਾ ਭਰਾ ਖੁਸ਼ਹਾਲ ਸਿੰਘ ਫਟੜ ਹੋ ਗਿਆ, ਜਿਸ ਤੋਂ ਇਹਨੂੰ ਬਹੁਤ ਨੁਕਸਾਨ ਪੁਜਾ ਅਤੇ ਹਰ ਹਾਲਤ ਜਸਾ ਸਿੰਘ ਨੂੰ ਮੁਲਕ ਛਡਨਾ ਪਿਆ ੧੮੩੫ ਬਿ: ਨੂੰ ਇਹ ਪੰਜਾਬ ਛਡ ਕੇ ਮਾਲਵੇ ਦੇ ਪਾਸੇ ਚਲਿਆ ਗਿਆ । ਪਰ ਇਹ ਬੜਾ ਦਲੇਰ ਤੇ ਸਿਆਣਾ ਸੀ ਇਸ ਕਰਕੇ ਇਹਨੇ ਕੁਝ ਪਰਵਾਹ ਨਾ ਕੀਤੀ ਤੇ ਹਿੰਮਤ ਨਾ ਹਾਰੀ ਉਥੇ ਜਾ ਕੇ ਵੀ ਅਠ ਹਜ਼ਾਰ ਆਦਮੀ ਆਪਣੇ ਪਾਸ ਰਖ ਕੇ ਸੋਧ ਦਾ ਕੰਮ ਨਾ ਛਡਿਆ । ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਪ੍ਰਸੰਨ ਹੋ ਕੇ ਇਹਨੂੰ ਜਾਗੀਰ ਦਿਤੀ ਤੇ ਇਹਦੇ ਲੜਕੇ ਜੋਧ ਸਿੰਘ ਨੂੰ ਆਪਣੇ ਪਾਸ ਰਖ ਲਿਆ ।

ਜਿਨ੍ਹਾਂ ਦਿਨਾਂ ਵਿਚ ਜੱਸਾ ਸਿੰਘ ਹਾਂਸੀ ਹਿਸਾਰ ਦੇ ਇਲਾਕੇ ਦਾ ਦੌਰਾ ਕਰ ਰਿਹਾ ਸੀ । ਇਕ ਦਿਨ ਹਿਸਾਰ ਦਾ ਇਕ ਬ੍ਰਾਹਮਣ ਆਇਆ ਤੇ ਫਰਿਆਦ ਕੀਤੀ ਕਿ ਮੇਰੇ ਘਰ ਵਾਲੀ ਨੂੰ ਇਥੋਂ ਦੇ ਹਾਕਮ ਨੇ ਧਕੇ ਨਾਲ ਆਪਣੇ ਘਰ ਪਾ ਲਿਆ ਹੈ । ਸਰਦਾਰ ਜੱਸਾ ਸਿੰਘ ਉਸੇ ਵੇਲੇ ਚਾਰ ਹਜਾਰ ਸਵਾਰ ਲੈ ਕੇ ਉਥੇ ਪੁਜਾ । ਸਰਦਾਰ ਜੱਸਾ ਸਿੰਘ ਦਾ ਆਉਣਾ ਸੁਣ ਕੇ ਹਾਕਮ ਸ਼ਹਿਰੋਂ ਫੌਜ ਲੈ ਕੇ ਬਾਹਰ ਨਿਕਲ ਆਇਆ । ਘਮਸਾਨ ਦਾ ਜੰਗ ਮਚ ਗਿਆ । ਖਾਲਸੇ ਨੇ ਅਨੇਕਾਂ ਬਹੁਮੁਲੀਆਂ ਜਾਨਾਂ ਹੂਲ ਕੇ ਬ੍ਰਾਹਮਣੀ ਨੂੰ ਹਾਕਮ ਦੇ ਘਰੋਂ ਕਢ ਲਿਆਂਦਾ ਤੇ ਹਾਕਮ ਨੂੰ ਫੜ ਲਿਆ । ਹਾਕਮ ਦੇ ਇਸ ਅਨਿਆਇ ਦੀ ਪੜਤਾਲ ਹੋਈ । ਦੋਸ਼ੀ ਸਾਬਤ ਹੋਣ ਤੇ ਪ੍ਰਾਣ ਦੰਡ ਦਿਤਾ ਗਿਆ । ਬ੍ਰਾਹਮਣੀ ਬ੍ਰਾਹਮਣ ਦੇ ਹਵਾਲੇ

Digitized by Panjab Digital Library | www.panjabdigilib.org

ਕੀਤੀ ਗਈ, ਬ੍ਰਾਹਮਣ ਦੀ ਬਰਾਦਰੀ ਨੇ ਨਾਲ ਮਿਲਣੋ ਇਨਕਾਰ ਕਰ ਦਿਤਾ ਪਰ ਸਰਦਾਰ ਜੱਸਾ ਸਿੰਘ ਦੇ ਜਤਨ ਨਾਲ ਫਿਰ ਉਹਨਾਂ ਨੇ ਸ਼ਾਮਲ ਕਰ ਲਿਆ। ਸਾਰੇ ਇਲਾਕੇ ਵਿਚ ਦੌਰਾ ਕਰਕੇ ਰਈਸਾਂ ਤੋਂ ਨਜ਼ਰਾਨੇ ਲਏ। ਇਸ ਸੋਧ ਵਿਚ ਸਰਦਾਰ ਜੱਸਾ ਸਿੰਘ ਦੇ ਹਥ ਮਾਲ ਦੌਲਤ ਨਹੀਂ ਆਉਣੀ ਸੀ, ਉਹ ਤਾਂ ਕੇਵਲ ਪਾਪੀਆਂ ਨੂੰ ਦੰਡ ਦੇਂਦਾ ਤੇ ਦੀਨਾਂ ਦੀ ਸਹਾਇਤਾ ਕਰ ਰਿਹਾ ਸੀ। ਇਸ ਕਰਕੇ ਖਰਚ ਵਲੋਂ ਬਹੁਤ ਤੰਗ ਹੋਇਆ। ਇਕ ਜਗ੍ਹਾ ਬੈਠਾ ਅੰਤਰ ਧਿਆਨ ਹੋ ਵਾਹਿਗੁਰੂ ਜੀ ਅਗੇ ਅਰਦਾਸ ਕੀਤੀ ਕਿ 'ਹੇ ਸਚੇ ਪਾਤਸ਼ਾਹ ਪ੍ਰਦੇਸ ਦਾ ਮਾਮਲਾ ਹੈ, ਇਸ ਵੇਲੇ ਸਹਾਇਤਾ ਕਰੋ।' ਅਰਦਾਸ ਕਰ ਚੁਕਣ ਤੇ ਪਿਆਸ ਲਗੀ, ਇਕ ਆਦਮੀ ਨੂੰ ਖੂਹ ਤੋਂ ਪਾਣੀ ਲੈਣ ਲਈ ਭੇਜਿਆ, ਪਾਣੀ ਕੱਢਣ ਲਗਿਆਂ ਗੜਵੀ ਖੂਹ ਵਿਚ ਡਿਗ ਪਈ। ਗੜਵੀ ਕੱਢਣ ਲਈ ਜਦ ਆਦਮੀ ਖੂਹ ਵਿਚ ਵੜਿਆ ਤਦ ਉਹਨੂੰ ਚਾਰ ਸੰਦੂਕ ਖੂਹ ਵਿਚੋਂ ਮਿਲੇ ਜੋ ਬਾਹਰ ਕਢਣ ਤੇ ਖੋਲ੍ਹੇ ਗਏ, ਜਿਨ੍ਹਾਂ ਵਿਚੋਂ ਚਾਰ ਲਖ ਮੋਹਰਾਂ ਨਿਕਲੀਆਂ ਇਹ ਉਸ ਨੂੰ ਮੂੰਹ ਮੰਗੀ ਮੁਰਾਦ ਮਿਲੀ। ਅਚਨਚੇਤ ਏਨਾ ਧਨ ਹਥ ਆ ਜਾਣ ਤੋਂ ਜਸਾ ਸਿੰਘ ਬੜਾ ਖੁਸ਼ ਹੋਇਆ। ਉਹਨੇ ਅਕਾਲ ਪੁਰਖ ਦਾ ਧੰਨਵਾਦ ਕਰਕੇ ਸਾਰੀਆਂ ਮੋਹਰਾਂ ਫੌਜ ਵਿਚ ਵੰਡ ਦਿਤੀਆ। ਫਿਰ ਉਹਨੇ ਪੂਰਬੀ ਇਲਾਕੇ ਵਲ ਕੂਚ ਕੀਤਾ। ਪਾਣੀ ਪਤ ਕਰਨਾਲ ਹੁੰਦਾ ਹੋਇਆ ਮੇਰਠ ਪੁਜਾ। ਉਥੋਂ ਦੇ ਰਈਸਾਂ ਪਾਸੋਂ ਦਸ ਹਜ਼ਾਰ ਰੁਪਿਆ ਨਜ਼ਰਾਨੇ ਦਾ ਲੈ ਕੇ ਅਗੋਂ ਵਾਸਤੇ ਪੰਜ ਹਜ਼ਾਰ ਸਾਲਾਨਾ ਲੈਣ ਦਾ ਇਕਰਾਰ ਕਰ ਕੇ ਅਗੇ ਵਧਿਆ। ਇਸੇ ਤਰ੍ਹਾਂ ਸੋਧ ਕਰਦਾ ਹੋਇਆ ਮਥਰਾ ਤੇ ਆਗਰੇ ਤਕ ਅਪੜ ਗਿਆ। ਕੋਈ ਇਹਦੇ ਸਾਹਮਣੇ ਖੜਾ ਨਾ ਹੋਇਆ। ਫਿਰ ਇਧਰੋਂ ਮੁੜਦਾ ਹੋਇਆ ਦਿਲੀ ਜਾ ਵੜਿਆ ਕਿਸੇ ਨੂੰ ਇਸਦੇ ਟਾਕਰੇ ਦੀ ਹਿੰਮਤ ਨਾ ਪਈ। ੯ ਤੋਪਾਂ ਤੇ ਬਹੁਤ ਸਾਰਾ ਸ਼ਾਹੀ ਸਮਾਨ ਕਿਲੇ ਵਿਚੋਂ ਲੈ ਆਇਆ। ਕਿਸੇ ਨੇ ਇਹਦੇ ਵਲ ਅਖ ਪਟ ਕੇ ਨਾ ਵੇਖਿਆ, ਇਨ੍ਹਾਂ ਹੀ ਦਿਨਾਂ ਵਿਚ ਦਿਲੀ ਦੇ ਗੁਰਦਵਾਰਿਆਂ ਦੀ ਸੇਵਾ ਵਾਸਤੇ ਸ: ਸ਼ੇਰ ਸਿੰਘ ਬੂੜੀਏ ਵਾਲੇ ਗੁਰਦਿਤ ਸਿੰਘ ਲਾਡੋ ਵਾਲੀਏ ਬਘੇਲ ਸਿੰਘ ਛਲੋਦੀ ਵਾਲੇ, ਕਰਮ ਸਿੰਘ ਸ਼ਾਹ ਆਬਾਦੀਆ ਗੁਰਬਖਸ਼ ਸਿੰਘ ਅੰਬਾਲਵੀ ਆਦਿਕ ਸਾਰੇ ਰਈਸ ਉਸ ਇਲਾਕੇ ਵਿਚ ਅਪੜ ਕੇ ਖਾਲਸਾ ਸੈਨਾ ਸਮੇਤ ਸੇਵਾ ਵਿਚ ਲਗੇ ਹੋਏ ਸਨ!

ਸ: ਜਸਾ ਸਿੰਘ ਨੇ ਵੀ ਉਨ੍ਹਾਂ ਦੇ ਨਾਲ ਸੇਵਾ ਵਿਚ ਸ਼ਾਮਲ ਹੋ ਕੇ ਹਥ ਵਟਾਇਆ ਇਸੇ ਤਰਾਂ ਇਸ ਪੰਜ ਸਾਲ ਤੱਕ ਰਾਜ ਪੂਤਾਨਾ ਤੇ ਪੂਰਬੀ ਇਲਾਕੇ ਵਿਚ ਸੋਧ ਕਰਦਾ ਰਿਹਾ। ਕਿਧਰੇ ਇਕ ਥਾਂ ਜੰਮ ਕੇ ਨਹੀਂ ਬੈਠਾ। ਪਿਛੋਂ ਸਮੇਂ ਨੇ ਫੇਰ ਪਲਟਾ ਖਾਧਾ, ਘਨੱਈਏ ਸਰਦਾਰ ਤੇ ਰਾਜਾ ਸੰਸਾਰ ਚੰਦ ਵਿਚ ਅਣਬਣ ਹੋ ਗਈ, ਓਧਰ ਮਹਾ ਸਿੰਘ ਸੁਕ੍ਰਚਕੀਏ ਨੇ ਜੈ ਸਿੰਘ ਘਨਈਏ ਕੋਲੋਂ ਬਦਲਾ ਲੈਣ ਵਾਸਤੇ ਸਰਦਾਰ ਜਸਾ ਸਿੰਘ ਨੂੰ ਇਸ ਸੂਰਤ ਤੇ ਪੰਜਾਬ ਵਿਚ ਆਪਣੀ ਮਦਦ ਲਈ ਸਦਿਆਂ ਕਿ ਜੈ ਸਿੰਘ ਨੂੰ ਜਿਤ ਲਿਆ ਤਦ ਤੁਹਾਨੂੰ ਸਾਰਾ ਇਲਾਕਾ ਆਪਣਾ ਮਿਲ ਜਾਵੇਗਾ, ਜਸਾ ਸਿੰਘ ਰਾਮਗੜੀਏ ਨੇ ਜੋ ਬੜਾ ਹੀ ਸਿਆਣਾ ਆਦਮੀ ਸੀ। ਮਹਾਂ ਸਿੰਘ ਨੂੰ ਲਿਖਿਆ ਮੈਨੂੰ ਤੁਹਾਡੀ ਮਦਦ ਕਰਨ ਵਿਚ ਕੋਈ ਸੰਕੋਚ ਨਹੀਂ ਪਰ ਇਜੇਹਾ ਨਾ ਹੋਵੇ ਕਿ ਜੈ ਸਿੰਘ ਆਪਣੀ ਪੋਤੀ (ਗੁਰਬਖਸ਼ ਸਿੰਘ ਦੀ ਲੜਕੀ) ਦਾ ਨਾਤਾ ਤੇਰੇ ਲੜਕੇ ਨਾਲ ਕਰਕੇ ਤੇ ਕਟੋਚੀ ਦੇ ਰਾਜੇ ਨੂੰ ਕਾਂਗੜੇ ਦਾ ਕਿਲਾ ਵਾਪਸ ਦੇਕੇ ਸੁਲਾ ਕਰ ਲਵੇ ਤੇ ਮੈਂ ਜੈਸਾ ਹੁਣ ਹਾਂ, ਤੈਸਾਂ ਹੀ ਰਹਿ ਜਾਵਾਂ ਇਸ ਕਰਕੇ ਚੰਗਾ ਹੋਵੇ ਕਿ ਤੁਸੀ ਆਪ ਫੈਸਲਾ

Digitized by Panjab Digital Library | www.panjabdigilib.org

ਕਰ ਲਵੇ ਤੇ ਮੈਨੂੰ ਮਲਾਉਣ ਦੀ ਕੋਈ ਲੋੜ ਨਹੀਂ ਪਰ ਮਹਾ ਸਿੰਘ ਸੁਕਰਦਕੀਆਂ ਇਹ ਗਲ ਚੰਗੀ ਤਰਾਂ ਸਮਝ ਬੈਠਾ ਸੀ, ਕਿ ਜੈ ਸਿੰਘ ਨੂੰ ਜਿਤ ਲੈਣਾ ਮੇਰੇ ਵਸ ਦੀ ਗਲ ਨਹੀਂ। ਇਸ ਕਰਕੇ ਉਹਨੇ ਜਸਾ ਸਿੰਘ ਨੂੰ ਦੂਜੀ ਵਾਰ ਉਹ ਸਨੇਹਾ ਭੇਜਿਆ ਕਿ ਜੇ ਕਦੀ ਜੈ ਸਿੰਘ ਅਜੇਹਾ ਕਰ ਭੀ ਦੇਵੇ ਜਿਹਾ ਕਿ ਤੁਹਾਨੂੰ ਸ਼ਕ ਹੈ ਤਦ ਵੀ ਅਸੀਂ ਜੋ ਬਚਨ ਤੁਹਾਡੇ ਨਾਲ ਕੀਤਾ ਹੈ। ਉਸ ਤੋਂ ਪਿਛੇ ਨਾ ਹਟਾਂਗੇ ਸੋ ਇਸ ਦੂਜੀ ਵਾਰ ਦੀ ਲਿਖਤੀ ਦਿਠੀ ਤੇ ਸੰਮਤ ੧੮੪੨ ਨੂੰ ਜਦ ਸਰਦਾਰ ਜਸਾ ਸਿੰਘ ਪੰਜਾਬ ਵਿਚ ਦਾਖਲ ਹੋਇਆ ਅਤੇ ਸ: ਮਹਾਂ ਸਿੰਘ ਸੁਕ੍ਰਚਕੀਆ ਅਮਰ ਸਿੰਘ ਨਕੱਈ, ਦਲ ਸਿੰਘ ਤ ਬਾਲਾ ਸਿੰਘ ਆਦਿਕ ਆਪਣੇ ਸਾਥੀਆਂ ਨੂੰ ਸਾਥ ਲੈ ਕੇ ਬਟਾਲੇ ਵਲ ਜੋ ਜੈ ਸਿੰਘ ਦੀ ਰਾਜਧਾਨੀ ਸੀ ਮੂੰਹ ਕੀਤਾ ਓਧਰੋਂ ਜੈ ਸਿੰਘ ਭੀ ਆਪਣੀ ਫ਼ੌਜ ਲੈ ਕੇ ਮੈਦਾਨਿ ਜੰਗ ਵਿਚ ਨਿਕਲਿਆ ਦੁਹ ਪਾਸਿਆ ਤੋਂ ਲੜਾਈ ਸ਼ੁਰੂ ਹੋ ਗਈ ਸਵੇਰ ਤੋਂ ਸੰਧਿਆ ਤਕ ਲੜਾਈ ਦਾ ਮੈਦਾਨ ਗਰਮ ਰਿਹਾ ਪਰ ਸੰਧਿਆ ਵੇਲੇ ਜੈ ਸਿੰਘ ਦਾ ਲੜਕਾ ਗੁਰਬਖਸ਼ ਸਿੰਘ ਲੜਾਈ ਦੇ ਮੈਦਾਨ ਵਿਚ ਜਸਾ ਸਿੰਘ ਰਾਮ ਗੜੀਆ ਦੇ ਤੀਰ ਦਾ ਨਸ਼ਾਨਾ ਬਣਿਆ ਤੇ ਉਹਦੇ ਮਰਦੇ ਹੀ ਜੈ ਸਿੰਘ ਦਾ ਹੌਸਲਾ ਟੁਟ ਗਿਆ। ਅੰਤ ਨੂੰ ਸਿਟਾ ਇਹ ਹੋਇਆ ਕਿ ਜੈ ਸਿੰਘ ਭਾਂਜ ਖਾ ਗਿਆ। ਲੜਾਈ ਬੰਦ ਹੋ ਗਈ ਸ; ਜਸਾ ਸਿੰਘ ਨੇ ਫਤਿਹ ਪਾਕੇ ਬਟਾਲਾ ਕਲਾ ਨੌਰ ਰਾਜੀਪੁਰ ਕਾਦੀਆਂ ਦਾ ਤਾਰਪੁਰ ਤੇ ਹਰ ਗੋਬਿੰਦ ਦੇ ਪੁਰ ਆਦਿਕ ਅਪਣੇ ਪਰਾਣੇ ਮੁਲਕ ਤੇ ਕਬਜਾ ਕਰ ਲਿਆ।

ਜੈ ਸਿੰਘ ਘੱਨੀਆ ਨੇ ਵੇਖਿਆ ਕਿ ਓਹਦੀ ਕੋਈ ਪੇਸ਼ ਨਹੀਂ ਜਾਂਦੀ ਤਦ ਉਹਨੇ ਮਹਾਂ ਸਿੰਘ ਸੁਕ੍ਰਚਕੀਏ ਦੇ ਲੜਕੇ ਰਣਜੀਤ ਸਿੰਘ ਨਾਲ ਆਪਣੀ ਪੋਤਰੀ ਜੋ ਪਰਲੋਕ ਵਾਸੀ ਗੁਰਬਖਸ਼ ਸਿੰਘ ਦੀ ਲੜਕੀ ਸੀ ਦਾ ਨਾਤਾ ਕਰ ਦਿਤਾ ਤੇ ਜਿਹਾ ਕਿ ਸ: ਜਸਾ ਸਿੰਘ ਨੇ ਲਿਖਿਆ ਸੀ ਕਟੋਚੀ ਦੇ ਰਾਜੇ ਨੂੰ ਕਾਂਗੜੇ ਦਾ ਕਿਲਾ ਵਾਪਸ ਦੇਕੇ ਸੁਲਾਹ ਕਰ ਲਈ। ਪਰ ਸਰਦਾਰ ਮਹਾਂ ਸਿੰਘ ਬਚਨ ਦੇ ਚੁਕਾ ਸੀ ਇਸ ਕਰਕੇ ਇਸ ਨੇ ਤਾਂ ਜਸਾ ਸਿੰਘ ਦੇ ਰਾਹ ਵਿਚ ਰੁਕਾਵਟ ਪਾਉਣੀ ਚੰਗੀ ਨ ਸਮਝੀ ਤੇ ਜੈ ਸਿੰਘ ਦੇ ਅਥਰੂ ਇਸ ਤਰਾਂ ਪੂੰਜੇ ਕਿ ਉਹਦਾ ਖਾਸ ਇਲਾਕਾ ਉਹਨੂੰ ਦਿਵਾ ਦਿਤਾ। ਜਦ ਮਹਾਰਾਜਾ ਰਣਜੀਤ ਸਿੰਘ ਦਾ ਸਤਾਰਾ ਚਮਕ ਰਿਹਾ ਸੀ ਤਾ ਸਦਾ ਕੌਰ ਨੇ ਰਣਜੀਤ ਸਿੰਘ ਦੀ ਮਦਦ ਤੇ ਸਿੰਘ ਸਾਹਿਬ ਤੇ ਚੜ੍ਹਾਈ ਕਰ ਤੇ ਬਿਆਸ ਦੇ ਕੰਢੇ ਮਿਆਨੀ ਦੇ ਕਿਲੇ ਨੂੰ ਘੇਰ ਲਿਆ। ਦੋਹਾਂ ਪਾਸਿਆਂ ਤੋਂ ਲੜਾਈ ਸ਼ੁਰੂ ਹੋ ਗਈ। ਬੇਦੀ ਸਾਹਿਬ ਸਿੰਘ ਨੇ ਬੜੀ ਕੋਸ਼ਸ਼ ਕੀਤੀ ਕਿ ਸੁਲਾਹ ਹੋ ਜਾਵੇ ਲੜਾਈ ਨਾਂ ਹੋਵੇ ਪ੍ਰੰਤੂ ਸਦਾ ਕੌਰ ਨੇ ਨਾ ਮਨਿਆ ਇਨੇ ਨੂੰ ਦਿਰਆਏ ਬਿਆਸ ਦੇ ਹੜ ਨੇ ਸਦਾ ਕੋਰ ਦੀ ਸੈਨਾ ਦਾ ਬੜਾ ਨੁਕਸਾਨ ਕੀਤਾ। ਬਹੁਤ ਸਾਰੇ ਊਠ ਘੋੜੇ ਤੰਬੂ ਤੇ ਸਿਪਾਹੀ ਰੁੜ ਗਏ ਬੜੀ ਮੁਸ਼ਕਲ ਨਾਲ ਆਪਣੀ ਜਾਣ ਬਚਾ ਕੇ ਆਪਣੀ ਰਾਜਧਾਨੀ ਵਿਚ ਪਿੰਡ ਸੋਹੀਆ ਵਿਚ ਪੁਜੀ।

੧੮੬੦ ਬਿ: ਨੂੰ ਸ: ਜਸਾ ਸਿੰਘ ਰਾਮਗੜ੍ਹੀਆ ਬੜੇ ਇਲਾਕੇ ਜਿਤ ਕੇ ਪ੍ਰਸਿਧਤਾ ਪ੍ਰਾਪਤ ਕਰ ੮੦ ਵਰ੍ਹਿਆਂ ਦੀ ਆਯੁ ਵਿਚ ਚਲਾਣਾ ਕਰ ਗਿਆ ਤੇ ਉਹਦਾ ਲੜਕਾ ਜੋਧ ਸਿੰਘ ਉਹ ਦੀ ਜਗ੍ਹਾ ਤੇ ਗੱਦੀ ਤੇ ਬੈਠਾ, ਸ: ਜਸਾ ਸਿੰਘ ਇਕ ਬੜਾ ਹੀ ਲਾਇਕ ਦਾਨਾ ਤੇ ਬਹਾਦਰ ਆਦਮੀ ਸੀ ਇਸ ਕਰਕੇ ਉਹਨੇ ਆਪਣੇ ਸਮੇਂ ਦੇ ਸਰਦਾਰਾਂ ਦੀ ਕਦੇ ਪ੍ਰਵਾਹ ਨਹੀਂ ਕੀਤੀ ਸੀ। ਇਸ ਦਾ

Digitized by Panjab Digital Library | www.panjabdigilib.org

ਇਨਾਂ ਦਬਦਬਾ ਤੇ ਰੁਅਬ ਸੀ ਕਿ ਦੂਜੇ ਸਰਦਾਰ ਇਹਦਾ ਨਾਂ ਸੁਣ ਕੇ ਡਰ ਜਾਂਦੇ ਸਨ ਹੌਂਸਲੇ ਵਾਲਾ ਤੇ ਇਨਾਂ ਸੂਰਮਾ ਸੀ ਕਿ ਜਿਥੇ ਤੋਪਾਂ ਤੇ ਬੰਦੂਕਾਂ ਦੀਆਂ ਗੋਲੀਆਂ ਮੀਂਹ ਵਾਂਗੂੰ ਵਸਦੀਆਂ ਹੁੰਦੀਆਂ ਸਨ ਉਥੇ ਨਿਡਰ ਹੋ ਕੇ ਉਪੜ ਜਾਂਦਾ ਸੀ। ਦਾਨੀ ਤੇ ਧਰਮਪਾਲ ਇਨਾਂ ਸੀ ਕਿ ਜੇ ਕੋਈ ਇਹ ਦੀ ਸ਼ਰਨ ਆ ਜਾਏ ਤਦ ਇਹ ਉਹਦੀ ਰਖਿਆ ਲਈ ਆਪਣੀ ਜਾਨ ਤਕ ਵੀ ਦੇਣ ਲਈ ਤਿਆਰ ਹੋ ਜਾਂਦਾ ਸੀ। ਨਵਾਬ ਭੰਬੂ ਖਾਂ ਗੁਲਾਮ ਕਾਦਰ ਖਾਂ ਦਾ ਭਰਾ ਸ਼ਾਹ ਆਲਮ ਦਿਲੀ ਦੇ ਬਾਦਸ਼ਾਹ ਨੂੰ ਮਾਰ ਕੇ ਇਹਦੀ ਸ਼ਰਨ ਵਿਚ ਆ ਗਿਆ, ਇਸ ਨੇ ਮਾਝੇ ਦੇ ਇਲਾਕੇ ਵਿਚ ਇਕ ਪਿੰਡ ਜਾਗੀਰ ਦੇ ਕੇ ਇਸ ਨੂੰ ਉਥੇ ਰਖਿਆ। ਉਹਦਾ ਵਾਲ ਵਿੰਗਾ ਨਹੀਂ ਹੋਣ ਦਿਤਾ। ਸਰਦਾਰ ਦਾ ਇਕ ਬ੍ਰਾਹਮਣ ਜੋ ਮਹਾਰਾਜਾ ਰਣਜੀਤ ਸਿੰਘ ਦਾ ਦੋਸ਼ੀ ਸੀ, ਜਦ ਨੱਸ ਕ ਉਹਦੇ ਪਾਸ ਆਇਆ ਤਦ ਇਹਨੇ ਚਾਰ ਮਹੀਨੇ ਤਕ ਉਹਦੇ ਵਾਸਤੇ ਲੜਾਈ ਜਾਰੀ ਰਖੀ ਪਰ ਉਹਨੂੰ ਵਾਪਸ ਨਾ ਦਿਤਾ। ਇਹਦਾ ਲੜਕਾ ਜੋਧ ਸਿੰਘ ਬੜਾ ਸਿਆਣਾ ਤੇ ਦੂਰ ਅੰਦੇਸ਼ ਨਿਕਲਿਆ ਇਸ ਨੇ ਆਪਣੇ ਬਾਪ ਦੀ ਜਗ੍ਹਾ ਬਹਿੰਦਿਆਂ ਹੀ ਸੰਸਾਰ ਚੰਦ ਨਾਲ ਦੋਸਤੀ ਪਾ ਲਈ। ਗੜ੍ਹੇ ਮਾਲਾ ਭੰਗ ਤੇ ਹੁਸ਼ਿਆਰਪੁਰ ਆਦਿਕ ਪ੍ਰਗਣਿਆਂ ਨੂੰ ਆਹਲੂਵਾਲੀਏ ਸਰਦਾਰਾਂ ਨਾਲ ਜੰਗ ਕਰਕੇ ਛਡਾ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਫਿਰ ਹੁਸ਼ਿਆਰ ਪੁਰ ਰਾਜਾ ਦੇ ਕਬਜ਼ੇ ਵਿਚ ਸੀ। ਕਬਜ਼ਾ ਦੁਵਾਰਾ ਨਵਾਬ ਭੰਬੂ ਖਾਂ ਨੂੰ ਜਾਗੀਰ ਵਿਚ ਦਿਤਾ ਤੇ ਮਿਹਰ ਸਿੰਘ, ਠਾਕਰ ਸਿੰਘ, ਹਜ਼ਾਰਾ ਸਿੰਘ ਆਦਿਕ ਸਰਦਾਰ ਨੂੰ ਜਿਨ੍ਹਾਂ ਵਿਚ ਫੌਜੀ ਸਰਦਾਰ ਵੀ ਸਨ। ਜਿਨ੍ਹਾਂ ਨੂੰ ਫਤਿਹ ਸਿੰਘ ਆਹਲੂਵਾਲੀਆ ਨੇ ਆਪਣੀ ਰਿਆਸਤ ਵਿਚੋਂ ਕੱਢ ਦਿਤਾ ਸੀ ਪੰਜ ਪੰਜ ਪਿੰਡ ਜਾਗੀਰ ਦੇ ਕੇ ਆਪਣੇ ਪਾਸ ਰਖ ਲਿਆ। ਸ: ਗੁਰਦਿਤ ਸਿੰਘ ਭੰਗੀ ਤੇ ਲਛਮੀ ਫਗਵਾੜੇ ਵਾਲੀ ਨੂੰ ਜੋ ਮਹਾਰਾਜਾ ਰਣਜੀਤ ਸਿੰਘ ਤੋਂ ਹਾਰ ਕੇ ਇਹਦੀ ਪਨਾਹ ਵਿਚ ਆਏ ਸੀ ਤੇ ਮਹਾਰਾਜ ਦੀ ਕੁਝ ਪ੍ਰਵਾਹ ਨਾ ਕੀਤੀ ੧੮੬੨ ਬਿ: ਨੂੰ ਉਹਦਾ ਚਾਚਾ ਤਾਰਾ ਸਿੰਘ ਮਰ ਗਿਆ ਤਦ ਉਹਦੇ ਪੁਤਰ ਦੀਵਾਨ ਸਿੰਘ ਨੇ ਜੋਧ ਸਿੰਘ ਨਾਲ ਲੜ ਕੇ ਆਪਣੀ ਜਾਇਦਾਦ ਵੰਡ ਲਈ ਤੇ ਕਾਦੀਆਂ ਤੇ ਤੱਅਲਕੇ ਦੇ ਚੁਰਾਸੀ ਪਿੰਡ ਜਿਨ੍ਹਾਂ ਦੀ ਆਮਦਨੀ ਅਠ ਲਖ ਸਾਲਾਨਾ ਸੀ ਕਬਜ਼ਾ ਕਰ ਲਿਆ। ਇਨ੍ਹਾਂ ਹੀ ਦਿਨਾਂ ਵਿਚ ਸ: ਫਤਿਹ ਸਿੰਘ ਆਹਲੂਵਾਲੀਆ ਨੇ ਤਾਰਾ ਸਿੰਘ ਘਨੀਆ ਦੀ ਮਦਦ ਨਾਲ ਤੇ ਸਰਦਾਰ ਬਘੇਲ ਸਿੰਘ ਆਦਿਕਾਂ ਦਾ ੨੦ ਹਜ਼ਾਰ ਲਸ਼ਕਰ ਇਕੱਠਾ ਕਰਕੇ ਸ: ਜੋਧ ਸਿੰਘ ਦੇ ਇਲਾਕੇ ਵਿਚ ਦੱਖਲ ਦੇਣਾ ਸ਼ੁਰੂ ਕਰ ਦਿਤਾ। ਇਧਰੋਂ ਇਹ ਵੀ ਸ: ਨਿਧਾਨ ਸਿੰਘ ਆਦਿਕ ਦੀ ਮਦਦ ਲੈ ਕੇ ਮੁਕਾਬਲੇ ਵਾਸਤੇ ਅਪੜ ਗਿਆ ਤੇ ਕਨਾਲਾਂ ਕਿਲੇ ਤੇ ਮੋਰਚਾ ਲਗਿਆ ਪਰ ਸਰਦਾਰ ਜੋਧ ਸਿੰਘ ਦੀ ਹਿੰਮਤ ਤੇ ਜਵਾਂਮਰਦੀ ਨੇ ਸ: ਫਤਿਹ ਸਿੰਘ ਦੀ ਕੋਈ ਪੇਸ਼ ਨਾ ਜਾਣ ਦਿਤੀ ਤੇ ਉਹਨੂੰ ਹਾਰ ਕੇ ਵਾਪਸ ਮੁੜਨਾ ਪਿਆ।

ਮਹਾਰਾਜਾ ਰਣਜੀਤ ਸਿੰਘ ਨੇ ਇਹ ਸਮਝ ਕੇ ਸਰਦਾਰ ਜੋਧ ਸਿੰਘ ਬੜਾ ਬਹਾਦਰ ਤੇ ਸਿਆਣਾ ਹੈ ਆਪਸ ਵਿਚ ਮਿਲਣ ਸੰਬੰਧ ਵਧਾਣ ਲਈ ਅੰਮ੍ਰਿਤਸਰ ਉਪੜ ਕੇ ਸ੍ਰੀ ਦਰਬਾਰ ਸਾਹਿਬ ਵਿਚ ਮੁਲਾਕਾਤ ਕੀਤੀ ਤੇ ਦੋਹਾਂ ਨੇ ਆਪਸ ਵਿਚ ਹਮੇਸ਼ਾ ਸੁਲਾਹ ਰਖਣ ਲਈ ਸ੍ਰੀ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਪ੍ਰਤਗਿਆ ਕੀਤੀ, ਇਹੋ ਕਾਰਨ ਹੈ ਕਿ ਸ: ਜੋਧ ਸਿੰਘ ਹਮੇਸ਼ਾ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਤੇ ਕਸੂਰ ਆਦਿ ਲੜਾਈਆਂ ਵਿਚ ਸ਼ਾਮਲ ਹੋ ਕੇ ਮਦਦ ਦਿੰਦਾ ਰਿਹਾ

Digitized by Panjab Digital Library | www.panjabdigilib.org

ਬਲਕਿ ਇਹਨਾਂ ਦੀ ਭਾਰੀ ਸਹਾਇਤਾ ਨੂੰ ਮੁਖ ਰਖਕੇ ਮਹਾਰਾਜਾ ਰਣਜੀਤ ਸਿੰਘ ਨੇ ੨੫੦੦੦) ਰੁਪਏ ਦੀ ਸਾਲਾਨਾ ਆਮਦਨੀ ਦੇ ਪਰਗਨੇ ਘੁੰਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸ: ਜੋਧ ਸਿੰਘ ਨੂੰ ਦੇ ਦਿਤਾ। ਫਿਰ ੧੮੬੮ ਬਿਕਰਮੀ ਨੂੰ ਗਿਆਰਾਂ ਪਿੰਡ ਸ਼ੇਖੂਪੁਰੇ ਦੇ ਇਲਾਕੇ ਦੇ ਜਿਨ੍ਹਾਂ ਦੀ ਆਮਦਨੀ ਬਾਰਾਂ ਹਜ਼ਾਰ ਰੁਪਿਆ ਸਾਲਾਨਾ ਸੀ ਬਖਸ਼ੇ ਮਹਾਰਾਜਾ ਰਣਜੀਤ ਸਿੰਘ ਇਸ ਸਰਦਾਰ ਦੀ ਏਨੀ ਇਜ਼ਤ ਕਰਦਾ ਸੀ ਕਿ ਦਰਬਾਰ ਵਿਚ ਬਾਬਾ ਜੀ ਕਹਿ ਕੇ ਆਪਣੇ ਪਾਸ ਬਿਠਾ ਲੈਂਦਾ। ੧੮੭੩ ਬਿ: ਨੂੰ ਸਰਦਾਰ ਚਲਾਣਾ ਕਰ ਗਿਆ। ਜਾਇਦਾਦ ਦੀ ਵੰਡ ਬਾਬਤ ਇਹਦੇ ਖ਼ਾਨਦਾਨ ਵਿਚ ਝਗੜਾ ਹੋ ਗਿਆ। ਹੁਣ ਇਹ ਮੌਕਾ ਤਕ ਉਸਨੇ ਦੀਵਾਨ ਸਿੰਘ, ਵੀਰ ਸਿੰਘ ਤੇ ਮਹਿਤਾਬ ਸਿੰਘ ਤਿੰਨਾਂ ਭਰਾਵਾਂ ਨੂੰ ਨਾਦਾਨ ਦੇ ਮਕਾਮ ਤੇ ਫੈਸਲੇ ਲਈ ਸਦਿਆ ਪਰ ਇਨ੍ਹਾਂ ਨੇ ਉਥੇ ਆ ਕੇ ਜੋ ਸਲੂਕ ਕੀਤਾ ਉਸ ਤੋਂ ਤੰਗ ਪੈ ਕੇ ਮਹਾਰਾਜਾ ਨੇ ਉਹਨਾਂ ਨੂੰ ਕੈਦ ਕਰ ਦਿਤਾ ਤੇ ਇਹਨਾਂ ਦੇ ਮੁਲਕ ਪਰ ਕਬਜ਼ਾ ਕਰ ਲਿਆ। ਛੇ ਮਹੀਨੇ ਪਿਛੋਂ ਚੰਦਾ ਸਿੰਘ ਸਰਦਾਰ ਦੀ ਸਫਾਰਸ਼ ਨੇ ਇਨ੍ਹਾਂ ਨੂੰ ਜੇਲ੍ਹ ਵਿਚੋਂ ਕਢ ਕੇ ੩੫੦੦੦ ਰੁਪੈ ਦੀ ਜਾਗੀਰ ਬਖਸ਼ੀ। ਦੀਵਾਨ ਸਿੰਘ ਨਾ ਮੰਨਿਆ, ਉਹ ਨੱਸ ਕੇ ਪਟਿਆਲੇ ਤੁਰ ਗਿਆ ਪਰ ਮਹਾਰਾਜਾ ਨੇ ਦੇਸਾ ਸਿੰਘ ਮਜੀਠਾ ਤੇ ਹਿੰਮਤ ਸਿੰਘ ਦੀ ਰਾਹੀਂ ਇਕ ਸਾਲ ਮਗਰੋਂ ਦੀਵਾਨ ਸਿੰਘ ਨੂੰ ਇਕ ਤਕੜੀ ਜਾਗੀਰ ਦਾ ਬਚਨ ਕਰਕੇ ਲਾਹੌਰ ਬੁਲਾ ਲਿਆ ਤੇ ਬੜੀ ਇਜ਼ਤ ਨਾਲ ਇਕ ਫੌਜ ਦਾ ਅਫਸਰ ਨੀਅਤ ਕਰਕੇ ਬਾਰਾਂ ਮੂਲਾ ਦੀ ਲੜਾਈ ਵਾਸਤੇ ਭੇਜ ਦਿਤਾ, ਜਿਥੇ ਉਹ ਬੜਾ ਹੀ ਪ੍ਰਸੰਸਾ ਯੋਗ ਕੰਮ ਕਰ ਕੇ ੧੮੯੧ ਵਿਚ ਮਰ ਗਿਆ। ਉਹਦਾ ਲੜਕਾ ਮੰਗਲ ਸਿੰਘ ਖਾਸ ਸਵਾਰਾਂ ਦਾ ਅਫ਼ਸਰ ਸੀ। ਧਰਮਕੋਟ, ਆਹਲੂਵਾਲ ਪਤਰਾ ਕਡੇਲਾ ਨੌ ਹਜ਼ਾਰ ਦੀ ਜਾਗੀਰ ਵਿਚ ਉਹਨੂੰ ਮਿਲਿਆ। ਫਿਰ ੮ ਹਜ਼ਾਰ ਸਿਪਾਹੀਆਂ ਦਾ ਅਫਸਰ ਬਣਾ ਕੇ ਪਸ਼ਾਵਰ ਭੇਜਿਆ ਗਿਆ। ੧੮੯੪ ਬਿਕਰਮੀ ਨੂੰ ਜਮਰੋਦ ਦੀ ਲੜਾਈ ਵਿਚ ਜਿਸ ਵਿਚ ਹਰੀ ਸਿੰਘ ਨਲਵਾ ਮਾਰਿਆ ਗਿਆ ਸੀ, ਇਹ ਭੀ ਸ਼ਾਮਲ ਸਨ। ਫਿਰ ਮੁਲਕ ਕੋਹਸਤਾਨ ਦਾ ਇਲਾਕਾ ਤੇ ਸਕੇਤ ਮੰਡੀ ਆਦਿਕ ਵਿਚ ਫਿਰਦਾ ਰਿਹਾ। ਇਥੋਂ ਦਾ ਪ੍ਰਬੰਧ ਵੀ ਉਹਨੇ ਚੰਗਾ ਕੀਤਾ ਅਤੇ ਸਤਲੁਜ ਦੀ ਲੜਾਈ ਤਕ ਉਥੇ ਰਿਹਾ।

ਫਿਰ ਦੂਜੀ ਲੜਾਈ ਵੇਲੇ ਅੰਮ੍ਰਿਤਸਰ ਤੇ ਗੁਰਦਾਸਪੁਰ ਦੀ ਸੜਕ ਦਾ ਇੰਤਜਾਮ ਰਖਣ ਵਿਚ ਸ. ਮੰਗਲ ਸਿੰਘ ਨੇ ਅੰਗ੍ਰੇਜ਼ਾਂ ਨੂੰ ਬਹੁਤ ਮਦਦ ਦਿਤੀ ਤੇ ਹਰੀ ਸਿੰਘ ਆਦਿਕ ਮਸਹੂਰ ਡਾਕੂਆਂ ਨੂੰ ਫੜਵਾਇਆ ਜਿਸਦੇ ਬਦਲੇ ਵਿਚ ਸਾਗਰਖੂ ਆਦਿਕ ਤਿਨ ਹਜਾਰ ਸਤ ਸੌ ਨਕਦ ਦੀ ਜਾਗੀਰ ਮਿਲੀ ਜਿਸ ਤੋਂ ਕੁਲ ਆਮਦਨੀ ੯੦੦੦ ਹੋ ਗਈ ਜਿਸ ਵਿਚ ੩੬੦੦੦) ਰੁਪਯੇ ਦੀ ਇਨਾਂ ਦੀ ਜ਼ਿੰਦਗੀ ਤਕ ਦੀ ਸੀ ਸੋ ਮੰਗਲ ਸਿੰਘ ਦੇ ਚਲਾਨੇ ਕਰਨ ਤੋਂ ਬੰਦ ਹੋ ਗਈ, ਇਹ ਸਰਦਾਰ ਅੰਗ੍ਰੇਜ਼ਾਂ ਦਾ ਬੜਾ ਸ਼ੁਭ ਚਿੰਤਕ ਸੀ ਸੰਮਤ ੧੯੧੮ ਬਿਕ੍ਰਮੀ ਨੂੰ ਜੋਧ ਸਿੰਘ ਮਾਨ ਦੇ ਮਰਨ ਦੇ ਪਿਛੋਂ ਸ੍ਰੀ ਦਰਬਾਰ ਸਾਹਿਬ ਦ ਪ੍ਰਬੰਧ ਵੀ ਇਹਦੇ ਸਪੁਰਦ ਕਰ ਦਿਤਾ ਗਿਆ। ਜੋ ਇਸਨੇ ਬੜੀ ਚੰਗੀ ਤਰਾਂ ਕੀਤਾ, ਇਸਨੂੰ ਆਨਰੇਰੀ ਮੇਜਸਟ੍ਰੇਟੀ ਅਖਤਿਆਰਾਤ ਮਿਲੇ ਹੋਏ ਸਨ ਸੰਮਤ ੧੯੩੩ ਨੂੰ ਪ੍ਰਿੰਸ ਆਫ ਵੇਲਜ਼ ਦੇ ਹਿੰਦ ਵਿਚ ਆਉਣ ਤੇ ਇਸ ਸਰਦਾਰ ਨੂੰ ਸਤਾਰਾਏ ਹਿੰਦ ਦਾ ਖਤਾਬ ਮਿਲਿਆ ਤੇ ਸੰਮਤ ੧੯੩੩ ਵਿਚ ਚਲਾਣਾ ਕਰ ਗਿਆ।

ਇਹ ਸਰਦਾਰ ਬੜਾ ਸਚਾ ਤੇ ਧਰਮ ਵਾਲਾ ਸੀ, ਇਸ ਦੇ ਤਿੰਨ ਪੁਤਰ ਸਨ, ਸ:

Digitized by Panjab Digital Library | www.panjabdigilib.org

ਗੁਰਦਿਤ ਸਿੰਘ ੧੯੧੪ ਬਿ: ਨੂੰ ਰਸਾਲਦਾਰ ਬਣਾ ਕੇ ਅਵਧ ਵਲ ਭੇਜਿਆ, ਜਿਥੇ ਉਹਨੇ ਬਹੁਤ ਚੰਗਾ ਕੰਮ ਕੀਤਾ, ਫਿਰ ਪੁਲਸ ਵਿਚ ਅੱਵਲ ਦਰਜੇ ਦਾ ਇਨਸਪੈਕਟਰ ਹੋ ਗਿਆ, ੧੯੪੪ ਤੋਂ ਉਹਨੂੰ ੧੨੦੦) ਰੁਪਏ ਸਾਲਾਨਾ ਦੀ ਪਿਨਸ਼ਨ ਮਿਲ ਗਈ ਤੇ ਅੰਮ੍ਰਿਤਸਰ ਆ ਕੇ ਰਹਿਣ ਲਗਾ।

ਦੂਜਾ ਸੁਚੇਤ ਸਿੰਘ ਮੁਨਸਫ ਸੀ ੧੯੩੬ ਬਿਕ੍ਰਮੀ ਨੂੰ ਮਰ ਗਿਆ, ਇਸ ਦਾ ਪੁਤਰ ਬਿਸ਼ਨ ਸਿੰਘ ਪੁਲਸ ਵਿਚ ਨੌਕਰ ਹੈ, ਤੀਜਾ ਸ਼ੇਰ ਸਿੰਘ ਵੀ ਪੁਲਸ ਵਿਚ ਨੌਕਰ ਸੀ, ਜੋ ੧੯੪੫ ਵਿਚ ਮਰ ਗਿਆ, ਇਕ ਵਡਾ ਪੁਤਰ ਸੰਤ ਸਿੰਘ ਵੀ ਇਹ ਪਾਸ ਕਰ ਕੇ ਮਰ ਗਿਆ।

ਸੁੰਦਰ ਸਿੰਘ ਤਾਲੀਮ ਪਾ ਰਿਹਾ ਹੈ। ਅਜ ਕਲ ਆਨਰੇਰੀ ਮੈਜਿਸਟਰੇਟ ਹੈ ਤਿੰਨ ਹਜ਼ਾਰ ਦੀ ਜਾਗੀਰ ਸਾਲਾਨਾ ਹਮੇਸ਼ਾਂ ਦੀ ਇਸ ਖਾਨਦਾਨ ਵਾਸਤੇ ਸਰਕਾਰ ਵਲੋਂ ਮਾਫ ਹੈ, ਰਾਮ ਗੜ੍ਹੀਆਂ ਦਾ ਬੁੰਗਾ ਜਿਕਨ ਦੂਜਿਆਂ ਬੁੰਗਿਆਂ ਨਾਲੋਂ ਵਡਾ ਹੈ। ਰਾਮ ਗੜ੍ਹੀਆਂ ਦਾ ਕਟੜਾ ਵੀ ਬਾਕੀ ਸਾਰਿਆਂ ਕਟੜਿਆਂ ਨਾਲੋਂ ਵੱਡਾ ਹੈ।

Digitized by Panjab Digital Library | www.panjabdigilib.org

# ਤੀਜੀ ਮਿਸਲ ਘਨੱਈਆਂ ਦੀ

ਇਸ ਮਿਸਲ ਦਾ ਮੋਢੀ ਸ੍ਰ: ਜੈ ਸਿੰਘ ਸੰਧੂ ਜੱਟ ਜੋ ਕਾਹਨਾ ਜ਼ਿਲਾ ਲਾਹੌਰ ਦਾ ਰਹਿਣ ਵਾਲਾ ਸੀ ਇਹੀ ਕਾਰਨ ਹੈ ਕਿ ਇਸਨੂੰ ਘਨਈਆ ਸ: ਸਦਦੇ ਸਨ । ਕਈ ਇਹ ਭੀ ਕਹਿੰਦੇ ਹਨ ਕਿ ਸ: ਬੜਾ ਹੀ ਸੁੰਦਰ ਜਵਾਨ ਸੀ ਇਸ ਕਰਕੇ ਵੀ ਲੋਕੀਂ ਇਹਨੂੰ ਘਨਈਆ (ਕ੍ਰਿਸ਼ਨ) ਦੇ ਨਾਮ ਤੋਂ ਪੁਕਾਰਦੇ ਸਨ। ਇਸਦਾ ਪਿਤਾ ਖੁਸ਼ਹਾਲ ਸਿੰਘ ਇਕ ਸਧਾਰਨ ਆਦਮੀ ਸੀ। ਜਦ ਖਾਲਸੇ ਦਾ ਡੰਕਾ ਮੁਲਕ ਵਿਚ ਵਜਣ ਲਗਾ ਤੇ ਜ਼ਾਲਮ ਤੁਰਕਾਂ ਨੇ ਸਖਤੀਆਂ ਕਰਨ ਵਿਚ ਅਤ ਕਰ ਦਿਤੀ। ਤਦ ਸ੍ਰ. ਜੈ ਸਿੰਘ ਜੋ ਅਪਣੀ ਬੀਰਤਾ ਤੇ ਗੰਭੀਰਤਾ ਦੇ ਕਾਰਨ ਪ੍ਰਸਿਧ ਸੀ। ਨਵਾਬ ਕਪੂਰ ਸਿੰਘ ਪਾਸ ਜਾਕੇ ਅਮ੍ਰਿਤ ਛਕ ਸਿੰਘ ਸਜ ਗਿਆ। ਹਕੀਕਤ ਸਿੰਘ ਮਹਤਾਬ ਸਿੰਘ ਤਾਰਾ ਸਿੰਘ ਜੀਵਨ ਸਿੰਘ ਬਹੁਤ ਸਾਰੇ ਭਾਈ ਬੰਦਾ ਸਿੰਘ ਨੂੰ ਆਪਣੇ ਨਾਲ ਸ਼ਾਮਲ ਕਰਕੇ ਤੁਰਕਾਂ ਦੀ ਸੋਧ ਕਰਨ ਵਿਚ ਪ੍ਰਸਿਧ ਹੋ ਗਿਆ। ਤਦ ਇਨੇ ਭੀ ੪੦੦੦ ਸਵਾਰ ਨਾਲ ਰਖਕੇ ਪਿੰਡ ਸੋਹੀਆਂ ਜੋ ਕਿ ਅਮ੍ਰਿਤਸਰ ਤੋਂ ੯ ਮੀਲ ਤੇ ਹੈ ਅਪਣੇ ਸਹੁਰੇ ਪਿੰਡ ਜਾ ਕੇ ਅਡਰਾ ਜਥਾ ਬਣਾ ਲਿਆ। ਤੇ ਇਸ ਇਲਾਕੇ ਦੇ ਜ਼ਾਲਮ ਤੁਰਕ ਹਾਕਮਾਂ ਦੀ ਸੋਧ ਕਰਕੇ ਕਬਜ਼ਾ ਕਰ ਲਿਆ। ਹਕੀਕਤ ਸਿੰਘ ਤੇ ਮਹਿਤਾਬ ਸਿੰਘ ਨੂੰ ਸੰਗਤ ਪੁਰੇ ਦੀ ਹਕੂਮਤ ਸਪੁਰਦ ਕੀਤੀ।

ਇਸ ਦਾ ਭਰਾ ਝੰਡਾ ਸਿੰਘ ਰਾਵਲ ਕੋਟ ਦੀ ਲੜਾਈ ਵਿਚ ਜੋ ਨਿਧਾਨ ਸਿੰਘ ਰੰਧਾਵੇ ਨਾਲ ਹੋਈ ਸੀ ਮਾਰਿਆ ਗਿਆ। ਇਸ ਦੀ ਸਿੰਘਣੀ ਨਾਲ ਜੈ ਸਿੰਘ ਨੇ ਅਨੰਦ ਪੜਾ ਲਿਆ। ਜਿਸ ਦੇ ਕਾਰਨ ਪਿੰਡ ਨਾਗ ਮੁਕੇਰੀਆ ਹਾਜੀ ਪੁਰ ਦਾਤਾਰ ਪੁਰ ਕਰਵਾਠ ਅੱਡੀਆ ਅਦਿਕ ਪਿੰਡਾਂ ਤੇ ਵੀ ਇਹਦਾ ਕਬਜ਼ਾ ਹੋ ਗਿਆ।

ਅਮਰ ਸਿੰਘ ਬੱਨਾ ਝੰਡਾ ਸਿੰਘ ਬਾਕਰ ਪੁਰੀ ਅਲਖ ਸਿੰਘ ਕਾਨ੍ਹੂੰਵਾਲ ਅਮਰ ਸਿੰਘ ਖੋਖਰਾ ਬੁਧ ਸਿੰਘ ਧਰਮ ਕੋਟੀਆ ਝੰਡਾ ਸਿੰਘ ਕਰੋਹ ਆਦਿਕ ਵਡੇ ੨ ਸ੍ਰ: ਇਹਦੇ ਨਾਲ ਸਨ। ੧੮੧੭ ਬਿ: ਨੂੰ ਇਹਦੇ ਘਰ ਲੜਕਾ ਉਤਪੰਨ ਹੋਇਆ ਜਿਸਦਾ ਨਾਮ ਗੁਰਬਖਸ਼ ਸਿੰਘ ਸੀ।

ਉਹਦਾ ਵਿਆਹ ਸਦਾ ਕੌਰ ਦੇ ਨਾਲ ਹੋਇਆ ਇਸ ਤੋਂ ਪਿਛੇ ਹੋਲੀ ੨ ਪਠਾਨਕੋਟ ਕਰੋਹਾ ਹਾਜੀਪੁਰ ਸੁਜਾਨ ਪੁਰ ਦੀਨਾ ਨਗਰ ਗੜ੍ਹਸ਼ੰਕਰ ਆਦਿਕ ਬਹੁਤ ਸਾਰੇ ਇਲਾਕੇ ਜੈ ਸਿੰਘ ਦੇ ਕਬਜੇ ਵਿਚ ਆ ਗਏ। ਸਰਹੰਦ ਤੇ ਪੂਰਬੀ ਇਲਾਕੇ ਜਿਨਾਂ ਦਾ ਵਰਨਣ ਦੂਜੇ ਹਿਸੇ ਵਿਚ ਹੋ ਚੁਕਾ ਹੈ ਜੋ ਜੰਗ ਵਿਚ ਆਪਣੀ ਕੌਮ ਦੇ ਨਾਲ ਰਿਹਾ। ਪਹਿਲਾਂ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਦੇ ਨਾਲ ਇਹਦੀ ਬਹੁਤ ਦੋਸਤੀ ਸੀ। ਪਰ ਸ਼ਹਿਰ ਕਸੂਰ ਦੀ ਚੜ੍ਹਾਈ ਸਮੇਂ ਇਨ੍ਹਾਂ ਦੀ ਕਿਸੇ ਗਲੇ ਅਜੋੜ ਹੋ ਗਈ ੧੮੩੧ ਬਿ: ਨੂੰ ਜਦ ਰਾਜਾ ਰਣਜੀਤ ਦੇਵ ਜੰਮੂ ਵਾਲੇ ਨੇ ਝੰਡਾ ਸਿੰਘ ਨੂੰ ਆਪਣੀ ਮਦਦ ਵਾਸਤੇ ਬਲਾਇਆ ਤਦ ਇਹ ਸ੍ਰਦਾਰ ਸੁਕ੍ਰਚਕੀਆ ਵਿਲੋਂ ਬ੍ਰਿਜ ਰਾਜ ਦੇਵ ਦੇ ਵਲੋਂ ਹੋ ਗਿਆ। ਵੇਖੋ ਭੰਗੀਆ ਦੀ ਮਿਸਲ ਦਾ ਹਾਲ)

Digitized by Panjab Digital Library | www.panjabdigilib.org

ਸੰ: ੧੮੩੪ ਬਿ: ਨੂੰ ਜੈ ਸਿੰਘ ਤੇ ਹਕੀਕਤ ਸਿੰਘ ਨੇ ਆਪਣੇ ਖਾਨਦਾਨ ਦੇ ਨਾਂ ਤੇ ਇਕ ਕਟੜਾ ਸ਼ਹਿਰ ਅਮ੍ਰਿਤਸਰ ਵਿਚ ਵਸਾਇਆ। ਫਿਰ ਜਦ ਆਪਣੇ ਵੈਰੀ ਸ: ਜਸਾ ਸਿੰਘ ਰਾਮਗੜ੍ਹੀਆ ਆਹਲੂਵਾਲੀਏ ਤੇ ਸੁਕਰਚਕੀਆ ਦੀ ਮਦਦ ਨਾਲ ਪੰਜਾਬ ਵਿਚੋਂ ਬਾਹਰ ਚਲੇ ਜਾਣ ਵਾਸਤੇ ਮਜਬੂਰ ਕੀਤਾ ਤਦ ਇਹ ਲਗਪਗ ਉਹਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਬੈਠਾ ਤੇ ਇਸ ਦਾ ਪ੍ਰਤਾਪ ਵਧ ਗਿਆ। ਇਹ ਆਪਣੇ ਆਪ ਨੂੰ ਦੂਜਿਆ ਨਾਲੋਂ ਬੜਾ ਬਹਾਦਰ ਸਮਝਦਾ ਸੀ। ਇਨ੍ਹਾਂ ਹੀ ਦਿਨ ਵਿਚ ਕਟੋਚੀਏ ਰਾਜਾ ਸੰਸਾਰ ਚੰਦ ਨੇ ਆਪਣਾ ਕਾਂਗੜੇ ਦਾ ਕਿਲਾ ਜੋ ਪਹਿਲਾਂ ਸੈਫ ਅਲੀ ਖਾਂ ਸ਼ਾਹੀ ਗਵਰਨਰ ਦੇ ਅਧੀਨ ਸੀ। ਉਸ ਦੇ ਮਰਨ ਪਿਛੋਂ ਉਸਦੇ ਲੜਕੇ ਜੀਵਨ ਖਾਂ ਪਾਸੋਂ ਕਿਲਾ ਖਾਲੀ ਕਰਾਣ ਲਈ ਸ: ਜੈ ਸਿੰਘ ਨੂੰ ਸਦਿਆ ਰਾਜਾ ਸੰਸਾਰ ਚੰਦ ਦੀ ਮਦਤ ਲਈ ਸ: ਜੈ ਸਿੰਘ ਨੇ ਆਪਣੇ ਲੜਕੇ ਗੁਰਬਖਸ਼ ਸਿੰਘ ਤੇ ਬਘੇਲ ਸਿੰਘ ਨੂੰ ਫੌਜ ਦੇਕੇ ਭੇਜਿਆ। ਤਾਂ ਜੋ ਇਹ ਜਾਂਦੇ ਕਿਲੇ ਨੂੰ ਘੇਰਾ ਪਾ ਲੈਣ। ਜਿਥੇ ਪੁਜਦੇ ਹੀ ਇਨ੍ਹਾਂ ਨੇ ਕਬਜ਼ਾ ਕਰ ਲਿਆ।

ਰਾਜਾ ਸੰਸਾਰ ਚੰਦ ਇਹ ਵੇਖ ਕੇ ਇਸ ਕਿਲੇ ਦਾ ਪ੍ਰਬੰਧ ਮੇਰੇ ਹਥ ਵਿਚ ਮੁਸਲਮਾਨ ਨਹੀਂ ਰਹਿਣ ਦੇਣਗੇ ਕਿਲੇ ਦਾ ਪ੍ਰਬੰਧ ਇਨ੍ਹਾਂ ਸਿੰਘ ਦੇ ਹਥ ਹੀ ਰਹਿਣ ਦਿਤਾ। ਇਸ ਮਿਸਲ ਦਾ ਜੋਟ ਦੇਖ ਕੇ ਹੋਰ ਵੀ ਜਿਨ ਪਹਾੜੀ ਰਾਜੇ ਸਨ। ਸਾਰਿਆਂ ਨੇ ਜੈ ਸਿੰਘ ਦੀ ਅਧੀਨਤਾ ਪ੍ਰਵਾਨ ਕਰ ਲਈ।

੧੮੩੪ ਬਿ: ਜਦ ਜੰਮੂ ਦਾ ਰਾਜਾ ਰਣਜੀਤ ਦੇਵ ਮਰ ਗਿਆ ਤੇ ਉਹਦਾ ਵਡਾ ਲੜਕਾ ਜੈ ਰਾਜ ਦੇਵ ਗੱਦੀ ਤੇ ਬੈਠਾ। ਤਦ ਉਸ ਨੇ ਭੰਗੀ ਸਰਦਾਰਾਂ ਤੋਂ ਆਪਣੇ ਉਸ ਮੁਲਕ ਦਾ ਹਿਸਾ ਜੋ ਉਨ੍ਹਾਂ ਨੇ ਕਬਜ਼ੇ ਵਿਚ ਕਰ ਲਿਆ ਸੀ ਛਡਾਨ ਵਾਸਤੇ ਹਕੀਕਤ ਸਿੰਘ ਨੂੰ ਆਪਣੀ ਮਦਦ ਵਾਸਤੇ ਬੁਲਾ ਭੇਜਿਆ। ਜਦ ਇਹ ਆਪਣੇ ਲਸ਼ਕਰ ਨੂੰ ਲੈ ਕੇ ਕੜੀਆਂ ਵਾਲੇ ਜਾ ਉਤਰਿਆ ਤਦ ਉਹਦੇ ਕਹਿਣ ਤੇ ੩੪੦੦੦ ਰੁਪਿਆਂ ਦੇ ਬਦਲੇ ਉਸ ਦਾ ਇਲਾਕਾ ਦੇ ਦਿਤਾ ਗਿਆ। ਪਰ ਇਲਾਕਾ ਲੈ ਕੇ ਬਿਰਜ ਰਾਜ ਦੇਵ ਨੇ ਰੁਪਿਆ ਨਾ ਦਿਤਾ। ਇਹ ਗਲ ਘਨਈਏ ਸਰਦਾਰਾਂ ਨੂੰ ਬੜੀ ਅਯੋਗ ਪ੍ਰਤੀਤ ਹੋਈ। ਉਨ੍ਹਾਂ ਭੰਗੀ ਸ: ਗੁਜਰ ਸਿੰਘ ਤੇ ਭਾਗ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਕੜੀਆਂ ਵਾਲਾ ਇਲਾਕਾ ਰਾਜਾ ਪਾਸੋਂ ਲੈ ਲਿਆ। ਤੇ ਉਹਦੇ ਬਚਨ ਭੰਗ ਕਰਨ ਦੀ ਸਜਾ ਦੇਣ ਲਈ ਖਾਸ ਜੰਮੂ ਤੇ ਚੜ੍ਹਾਈ ਕਰ ਦਿਤੀ। ਅੰਤ ਨੂੰ ਜਦ ਰਾਜੇ ਨੇ ਵੇਖਿਆ ਕਿ ਸਿੰਘ ਸਰਦਾਰਾਂ ਨੂੰ ਜਿਤਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਤਦ ਉਹਨੇ ੩੦੦੦੦ ਰੁਪਿਆ ਦੇਣਾ ਕਰਕੇ ਹਕੀਕਤ ਸਿੰਘ ਨੂੰ ਵਾਪਸ ਕਰ ਦਿਤਾ। ਪਰ ਜਦ ਇਕ ਸਾਲ ਤਕ ਨੀਅਤ ਰਕਮ ਹਕੀਕਤ ਸਿੰਘ ਤਕ ਨਾ ਪੁਜੀ। ਤਦ ਉਹਨੇ ਸਰਦਾਰ ਮਹਾਂ ਸਿੰਘ ਨੂੰ ਨਾਲ ਲੈ ਕੇ ਜੰਮੂ ਤੇ ਫਿਰ ਚੜ੍ਹਾਈ ਕਰ ਦਿਤੀ। ਮਹਾਂ ਸਿੰਘ ਨੇ ਚਪਗੜ ਵਲ ਕੂਚ ਕੀਤਾ। ਉਧਰੋ ਹਕੀਕਤ ਸਿੰਘ ਜਫਰਵਾਲ ਵਾਲੇ ਰਾਹ ਆਇਆ। ਰਾਖਾ ਬ੍ਰਿਜ ਦੇਵ ਇਹਨਾਂ ਦੀ ਚੜ੍ਹਾਈ ਸੁਣਕੇ ਜੰਮੂ ਛਡ ਨਸ ਕੇ ਗਿਆ ਪਰ ਜਦ ਮਹਾਂ ਸਿੰਘ ਨੇ ਇਹ ਖਬਰ ਸੁਣੀ ਤਦ ਜੰਮੂ ਸ਼ਹਿਰ ਵਿਚ ਦਾਖਲ ਹੋ ਗਿਆ। ਸ਼ਹਿਰ ਵਾਲਿਆਂ ਬੜੀ ਸਖਤ ਵਿਰੋਧਤਾ ਕੀਤੀ ਤੇ ਲੜਾਈ ਸ਼ੁਰੂ ਕਰ ਦਿਤੀ। ਜਿਸ ਤੋਂ ਸ਼ਹਿਰ ਨੂੰ ਅਗ ਲਗ ਗਈ। ਸ: ਮਹਾਂ ਸਿੰਘ ਕਬਜ਼ਾ ਕਰਕੇ ਕੁਝ ਦਿਨਾਂ ਪਿਛੋਂ ਵਾਪਸ ਚਲਾ ਆਇਆ। ਥੋੜੇ ਚਿਰ ਪਿਛੋਂ ਹਕੀਕਤ ਸਿੰਘ

Digitized by Panjab Digital Library | www.panjabdigilib.org

ਚਲਾਣਾ ਕਰ ਗਿਆ, ਹਕੀਕਤ ਸਿੰਘ ਦੇ ਮਰਨ ਦੀ ਖਬਰ ਸੁਣ ਕੇ ਜੈ ਸਿੰਘ ਘਨਈਏ ਨੇ ਉਹਦੇ ਪੁਤਰ ਨੂੰ ਆਪਣੇ ਪਾਸ ਸਦਿਆ ਉਹਨੂੰ ਬੜੀ ਤਸੱਲੀ ਦਿਤੀ।

ਬ੍ਰਿਜ ਰਾਜ ਦੇਵ ਜੰਮੂ ਦੇ ਵਾਲੀ ਨੇ ਸ: ਮਹਾਂ ਸਿੰਘ ਪਾਸੋਂ ਜੋ ਹਾਰ ਖਾਧੀ ਸੀ ਉਹਦਾ ਬਦਲਾ ਲੈਣ ਲਈ ਜੈ ਸਿੰਘ ਤੇ ਮਹਾਂ ਸਿੰਘ ਵਿਚ ਅਣ ਬਣ ਕਰਾ ਦਿਤੀ। ਜੈ ਸਿੰਘ ਨੇ ੧੮੪੦ ਬਿ: ਨੂੰ ਮਹਾਂ ਸਿੰਘ ਦੇ ਇਲਾਕੇ ਵਿਚ ਜਾ ਡੇਰਾ ਜਮਾਇਆ। ਰਸੂਲ ਪੁਰਾ ਮੰਡਿਆਲਾ ਆਦਿਕ ਤੇ ਹਥ ਸਾਫ ਕਰਦੇ ਨਕਈ ਸਿੰਘ ਜੋ ਸ: ਮਹਾਂ ਸਿੰਘ ਦੇ ਸਬੰਧੀ ਸੀ ਉਨ੍ਹਾਂ ਦੇ ਇਲਾਕੇ ਵਿਚ ਵੀ ਦਖਲ ਦੇ ਦਿਤਾ। ੧੮੪੧ ਨੂੰ ਦੀਪਮਾਲਾ ਤੇ ਮਹਾਂ ਸਿੰਘ ਨੇ ਅੰਮ੍ਰਿਤਸਰ ਪੁਜ ਕੇ ਜੈ ਸਿੰਘ ਨਾਲ ਸੁਲ੍ਹਾ ਕਰਨ ਦੀ ਬਹੁਤ ਸਾਰੀ ਕੋਸ਼ਸ਼ ਕੀਤੀ। ਪਰ ਉਹਨੇ ਬ੍ਰਿਜ ਰਾਜ ਦੇਵ ਦੇ ਹਥ ਚੜ੍ਹ ਕੇ ਇਕ ਨਾ ਮੰਨੀ। ਮਹਾਂ ਸਿੰਘ ਨੇ ਜਸਾ ਸਿੰਘ ਰਾਮਗੜ੍ਹੀਆ ਨੂੰ ਉਹਦਾ ਮੁਲਕ ਵਾਪਸ ਦਿਵਾਉਣ ਦੇ ਇਕਰਾਰ ਤੇ ਪੰਜਾਬ ਵਿਚ ਸਦਿਆ ਕਟੋਚੀ ਦਾ ਰਾਜਾ ਸੰਸਾਰ ਚੰਦ ਵੀ ਇਨ੍ਹਾਂ ਦੇ ਵਲ ਹੋ ਗਿਆ ਜਦ ਸ: ਜੈ ਸਿੰਘ ਨੂੰ ਪਤਾ ਲਗਾ ਕਿ ਜਸਾ ਸਿੰਘ ਰਾਮਗੜ੍ਹੀਆ ਆ ਰਿਹਾ ਹੈ। ਤਦ ਪਹਿਲਾਂ ਉਹਨੇ ਗੁਰਬਖਸ਼ ਸਿੰਘ ਦੋਦੀਆਂ ਨੂੰ ਕੁਝ ਫੌਜ ਦੇ ਕੇ ਭੇਜਿਆ ਤਾਂ ਜੋ ਬਿਆਸ ਤੋਂ ਪਾਰ ਹੀ ਉਹਦੇ ਨਾਲ ਹੀ ਲੜਾਈ ਸ਼ੁਰੂ ਕਰ ਦੇਵੇ ਤੇ ਉਨ੍ਹਾਂ ਨੂੰ ਉਥੇ ਹੀ ਰੋਕ ਦੇਵੇ। ਬੰਡਾਲੇ ਦੇ ਨੇੜੇ ਲੜਾਈ ਹੋਈ ਜਸਾ ਸਿੰਘ ਫਤਿਹ ਯਾਬ ਹੋ ਕੇ ਅਗੇ ਵਧਿਆ, ਇਨੇ ਨੂੰ ਹੀ ਮਹਾਂ ਸਿੰਘ ਤੇ ਸੰਸਾਰ ਚੰਦ ਵੀ ਉਹਨੂੰ ਜਾ ਮਿਲੇ। ਜਸਾ ਸਿੰਘ ਰਾਮਗੜ੍ਹੀਆ ਦਾ ਦੂਜਾ ਟਾਕਰਾ ਘਨੀਈਏ ਸਰਦਾਰਾਂ ਨਾਲ ਵਟਾਲੇ ਦੇ ਪਾਸ ਹੋਇਆ। ਛੇ ਘੰਟੇ ਦੋਹਾਂ ਪਾਸਿਆਂ ਤੋਂ ਲੜਾਈ ਦਾ ਮੈਦਾਨ ਗਰਮ ਰਿਹਾ। ਤੀਰ ਤੇ ਗੋਲੀਆਂ ਮੀਂਹ ਵਾਂਗ ਵਰਸਦੀਆਂ ਰਹੀਆਂ। ਸ: ਗੁਰਬਖਸ਼ ਸਿੰਘ ਤੀਰ ਲਗਨ ਨਾਲ ਮਰ ਗਿਆ। ਲੜਕੇ ਦੀ ਮੌਤ ਨੇ ਜੈ ਸਿੰਘ ਦਾ ਲਕ ਤੋੜ ਦਿਤਾ। ਘਨੀਈਆਂ ਦੀ ਫੌਜ ਨਰਾਸ ਹੋ ਕੇ ਪਿਛੇ ਹਟ ਗਈ। ਜਦ ਜੈ ਸਿੰਘ ਨੇ ਵੇਖਿਆ ਕਿ ਮੇਰੀ ਕੁਝ ਪੇਸ਼ ਨਹੀਂ ਜਾਂਦੀ ਤਦ ਉਹਨੇ ਆਪਣੀ ਪੋਤਰੀ ਮਹਿਤਾਬ ਕੌਰ ਜੋ ਸ: ਗੁਰਬਖਸ਼ ਸਿੰਘ ਦੀ ਲੜਕੀ ਸੀ ਦਾ ਨਾਤਾ ਸ: ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰਕੇ ਸੁਲ੍ਹਾ ਕਰ ਲਈ ਤੇ ਕਾਂਗੜੇ ਦਾ ਕਿਲਾ ਸੰਸਾਰ ਚੰਦ ਦੇ ਹਵਾਲੇ ਕਰ ਦਿਤਾ।

ਇਸ ਤੋਂ ਇਕ ਸਾਲ ਪਿਛੋਂ ਸ: ਜੈ ਸਿੰਘ ਨੇ ਆਪਣੀ ਪੋਤੀ ਮਹਿਤਾਬ ਕੌਰ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਕਰ ਦਿਤੀ। ਪਰ ਇਸ ਵਿਆਹ ਤੋਂ ਥੋੜੇ ਚਿਰ ਪਿਛੋਂ ੧੮੫੦ ਬਿਕਰਮੀ ਵਿਚ ਚਲਾਣਾ ਕਰ ਗਿਆ। ਇਸ ਦੇ ਦੋ ਪੁਤਰ ਨਿਧਾਨ ਸਿੰਘ ਤੇ ਭਾਗ ਸਿੰਘ ਸਨ। ਸਰਦਾਰਨੀ ਸਦਾ ਕੌਰ ਜੋ ਇਹਦੇ ਲੜਕੇ ਗੁਰਬਖਸ਼ ਸਿੰਘ ਦੀ ਸਿੰਘਣੀ ਸੀ, ਮਿਸਲ ਦੀ ਮਾਲਕ ਬਣੀ। ਇਹ ਸਰਦਾਰਨੀ ਬੜੀ ਦਾਨਾ ਤੇ ਬਹਾਦਰ ਸਿੰਘਣੀ ਸੀ ਤੇ ਇਸ ਨੇ ਆਪਣੇ ਜਵਾਈ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਮੇਲ ਕਰਕੇ ਹਰ ਮੌਕੇ ਤੇ ਆਪਣੀ ਫੌਜ ਨਾਲ ਮਦਦ ਦੇ ਕੇ ਇਹਨਾਂ ਦੀ ਤਾਕਤ ਨੂੰ ਵਧਾਇਆ। ਇਕ ਵੇਰ ਇਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਨਾਲ ਫੌਜ ਲੈ ਕੇ ਸ: ਜੱਸਾ ਸਿੰਘ ਰਾਮਗੜ੍ਹੀਆ ਨੂੰ ਮਿਆਨੀ ਦੇ ਕਿਲੇ ਵਿਚ ਜਾ ਘੇਰਿਆ, ਤੇ ਮੁਦਤ ਤਕ ਉਹਦੇ ਨਾਲ ਲੜਦੀ ਰਹੀ। ਪਰ ਦਰਿਆ ਬਿਆਸ ਵਿਚ ਆਏ ਹੜ੍ਹ ਨੇ ਇਹਨੂੰ ਤੰਗ ਕਰ ਦਿਤਾ ਜਿਸ ਤੋਂ ਇਹ ਵਾਪਸ ਮੁੜ ਆਈ। ਪਰ ਦੂਜੇ ਸਾਲ ਹੀ ਫਿਰ ਸਦਾ ਕੌਰ ਨੇ ਰਾਮਗੜ੍ਹੀਆਂ ਨੂੰ ਹਾਰ ਦੇ ਕੇ

Digitized by Panjab Digital Library | www.panjabdigilib.org

ਬਟਾਲਾ, ਕਲਾਨੌਰ ਤੇ ਕਾਦੀਆਂ ਦੇ ਪਰਗਣੇ ਰਾਮਗੜ੍ਹੀਆਂ ਤੋਂ ਛੁਡਾ ਲਏ। ੧੮੭੧ ਬਿਕਰਮੀ ਤਕ ਇਸ ਅਕਲਮੰਦ ਤੇ ਦੂਰ ਦਰਸੀ ਸਿੰਘਣੀ ਨੇ ਆਪਣੀ ਮਿਸਲ ਨੂੰ ਵੀ ਕਾਇਮ ਰਖਿਆ ਤੇ ਆਪਣੇ ਜਵਾਈ ਨੂੰ ਵੀ ਮਦਦ ਦੇ ਕੇ ਉਹਦੀ ਉਨਤੀ ਵਿਚ ਸਹਾਇਤਾ ਕਰਦੀ ਰਹੀ। ੧੮੫੭ ਵਿਚ ਝੰਡਾ, ਕਲਾਨੌਰ, ਦੀਨ ਨਗਰ ਦੇ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਲਤਨਤ ਵਿਚ ਸ਼ਾਮਲ ਕਰ ਲਏ ਤੇ ਸਦਾ ਕੌਰ ਨੇ ਇਕ ਪ੍ਰਗਨਾ ਤੇ ਕਿਲਾ ਅਟਲ ਗੜ ਆਪਣੇ ਦੋਹਤੇ ਸ਼ੇਰ ਸਿੰਘ ਤੇ ਤਾਰਾ ਸਿੰਘ ਨੂੰ ਜੋ ਮਹਾਰਾਜਾ ਰਣਜੀਤ ਸਿੰਘ ਦੇ ਲੜਕੇ ਸਨ ਦੇ ਦਿਤਾ। ਕੁਝ ਦਿਨਾਂ ਮਗਰੋਂ ਸਦਾ ਕੌਰ ਚਲਾਣਾ ਕਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਹੇਮ ਸਿੰਘ ਨੂੰ ਜੋ ਸ: ਜੈ ਸਿੰਘ ਘਨਈਆ ਦਾ ਭਤੀਜਾ ਸੀ, ੪੦੦੦ ਦਾ ਇਲਾਕਾ ਦੇ ਕੇ ਆਪਣੇ ਅਧੀਨ ਕਰ ਲਿਆ। ਫਿਰ ਜਦੋਂ ਮਹਾਰਾਜਾ ਸਾਹਿਬ ਨੇ ਕਸੂਰ ਫਤਹਿ ਕੀਤਾ ਤਦ ਉਹਨੂੰ ਖੁਡੀਆਂ ਦਾ ੧੦੦੦੦ ਦਾ ਇਲਾਕਾ ਹੋਰ ਬਖਸ਼ਿਆ। ਹੇਮ ਸਿੰਘ ਦੇ ਮਰਨ ਮਗਰੋਂ ਉਹਦਾ ਲੜਕਾ ਅਮਰ ਸਿੰਘ ਗੱਦੀ ਤੇ ਬੈਠਾ। ਉਹਨੂੰ ਮਹਾਰਾਜਾ ਨੇ ਮੁਲਤਾਨ ਤੇ ਕਸ਼ਮੀਰ ਦੀ ਲੜਾਈ ਤੇ ਭੇਜਿਆ। ਉਥੋਂ ਮੁੜਨ ਤੇ ਉਹਨੂੰ ਕੰਜਰੀ ਦੇ ਪੁਲ ਦਾ ਕੰਮ ਸੌਂਪਿਆ ਗਿਆ ਜਿਥੇ ੧੮੮੩ ਬਿ: ਨੂੰ ਉਹ ਮਰ ਗਿਆ।

ਉਸ ਤੋਂ ਪਿਛੋਂ ਸਰੂਪ ਸਿੰਘ, ਅਨੂਪ ਸਿੰਘ ਤੇ ਅਤਰ ਸਿੰਘ ਤਿੰਨੇ ਲੜਕੇ ੩੦੦੦੦ ਦੀ ਜਾਗੀਰ ਦੇ ਮਾਲਕ ਬਨੇ। ੧੮੯੧ ਵਿਚ ਸਰੂਪ ਸਿੰਘ ਦੇ ਮਰਨ ਪਿਛੋਂ ਲਾਹੌਰ ਦੀ ਸਰਕਾਰ ਨੇ ਉਨ੍ਹਾਂ ਦੀ ਜਾਗੀਰ ਜ਼ਬਤ ਕਰ ਲਈ। ਹੁਣ ਉਨ੍ਹਾਂ ਦੀ ਔਲਾਦ ਦੇ ਅਧੀਨ ਕੇਵਲ ਇਕ ਪਿੰਡ ਰੁਖਾਂ ਵਾਲਾ ਰਹਿ ਗਿਆ ਹੈ। ਅਤਰ ਸਿੰਘ ਦਾ ਪੁਤਰ ਮੇਘ ਸਿੰਘ ਸਰਕਾਰੀ ਰਸਾਲੇ ਵਿਚ ਨੌਕਰ ਹੋ ਗਿਆ। ਉਹਦੇ ਪਾਸ ਦੋ ਪਿੰਡ ਸਨ ਜੋ ਹੁਣ ਤਕ ਹਨ। ੬੦੦ ਰੁਪਿਆ ਸਾਲਾਨਾ ਹਮੇਸ਼ਾ ਦੀ ਮਾਫੀ ਹੈ। ਇਸ ਖਾਨਦਾਨ ਵਿਚੋਂ ਸਭ ਤੋਂ ਵਡੇ ਸਰਦਾਰ ਜਗਤ ਸਿੰਘ ਪਾਸ ੧੧੨੫ ਏਕੜ ਜ਼ਮੀਨ ਦਾ ਇਲਾਕਾ ਹੈ। ਇਸ ਮਿਸਲ ਦੀ ਵਧ ਤੋਂ ਵਧ ਆਮਦਨੀ ਤੀਹ ਲਖ ਰੁਪਏ ਸਾਲਾਨਾ ਦੀ ਸੀ।

——o——

Digitized by Panjab Digital Library | www.panjabdigilib.org

# ਚੌਥੀ ਮਿਸਲ ਨਕਈ ਸਰਦਾਰਾਂ

ਸਰਦਾਰ ਹੀਰਾ ਸਿੰਘ ਜਿਨ੍ਹਾਂ ਦੇ ਪਿਤਾ ਦਾ ਨਾਮ ਚੌਧਰੀ ਹੇਮਰਾਜ ਪਿੰਡ ਤੜਵਾਲ ਪ੍ਰਗਣਾ ਚੂਣੀਆਂ ਦੇ ਵਸਨੀਕ ਏਸ ਮਿਸਲ ਦੇ ਮਾਲਕ ਸਨ। ਇਹਨਾਂ ਦਾ ਜਨਮ ੧੭੬੩ ਬਿ: ਵਿਚ ਹੋਇਆ। ਜਦ ਜਵਾਨ ਹੋਏ ਤਦ ਸਿਖ ਮਜ਼ਬ ਗ੍ਰਹਿਣ ਕੀਤਾ ਤੇ ਸਿੰਘਾਂ ਦੇ ਜਥਿਆਂ ਵਿਚ ਭਰਤੀ ਹੋ ਕੇ ਦੇਸ਼ ਤੇ ਕੌਮ ਦੀ ਸੇਵਾ ਵਿਚ ਲਗ ਪਏ। ਬੜੇ ਹੌਸਲੇ ਵਾਲੇ ਤੇ ਜਵਾਂਮਰਦ ਸੀ। ਸਰਹਦ ਕਸੂਰ ਦੀਆਂ ਲੜਾਈਆਂ ਵਿਚ ਇਨ੍ਹਾਂ ਬੜਾ ਨਾਮਨਾ ਪਾਇਆ। ਹੋਰ ਸਰਦਾਰਾਂ ਵਾਂਗ ਇਕ ਜਥਾ ਆਪਣਾ ਬਣਾ ਕੇ ਜ਼ਾਲਮ ਹਾਕਮਾਂ ਨੂੰ ਸੋਧਣਾ ਸ਼ੁਰੂ ਕਰ ਦਿਤਾ। ਪਹਿਲੇ ਆਪਣੇ ਇਲਾਕੇ ਦੇ ਕਚੇ ਪਿੱਲੇ ਸੋਧ ਕੇ ਕਬਜ਼ੇ ਵਿਚ ਲਿਆਂਦੇ। ਫਿਰ ਆਪਣਾ ਜਥਾ ਤਕੜਾ ਬਣਾ ਕੇ ਦੂਜਿਆਂ ਇਲਾਕਿਆਂ ਵਿਚ ਫਿਰਨ ਲਗੇ। ਦ੍ਰਿੜ ਇਰਾਦੇ ਵਾਲੇ ਬਹਾਦਰ ਹੋਣ ਕਰਕੇ ਜਿਧਰ ਕਦਮ ਵਧਾਏ ਫਤਹ ਨੇ ਪੈਰ ਚੁੰਮੇਂ। ੧੮੧੬ ਬਿ: ਵਿਚ ਕਲਕਤੇ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਕਰਮ ਸਿੰਘ ਚੀਮਾ, ਲਾਲ ਸਿੰਘ, ਰੂਪਾ ਸਿੰਘ ਗੱਲਾ, ਲੈਲ ਸਿੰਘ ਵੈੜਾ, ਲਾਲ ਸਿੰਘ ਧਬੀ, ਨਥਾ ਸਿੰਘ ਧਲੋ, ਸਦਾ ਸਿੰਘ ਹਾੜਾ ਨਿਕਾਏ ਇਲਾਕੇ ਦੇ ਸਾਰੇ ਸਰਦਾਰ ਇਹਨਾਂ ਦੇ ਨਾਲ ਹੋ ਗਏ। ਇਸ ਕਰਕੇ ਇਸ ਮਿਸਲ ਦਾ ਨਾਮ ਨਕੇਈ ਮਿਸਲ ਹੋ ਗਿਆ। ੮ ਹਜ਼ਾਰ ਸਵਾਰ ਹੀਰਾ ਸਿੰਘ ਦੇ ਨਾਲ ਰਹਿਣ ਲਗਾ ਤੇ ਤੜਵਾਲ, ਚੂਨੀਆਂ, ਦੀਪਾਲ ਪੁਰ, ਕੰਗਪੁਰ, ਜੇਠੂ ਪੁਰਾ, ਖੁਡੀਆਂ, ਮੁਸਤਫਾ ਬਾਦ, ਸ਼ੇਰ ਗੜ੍ਹ, ਦੇਵ ਸਾਲ, ਫ਼ਰੀਦਾ ਆਬਾਦ, ਮੰਦਰ ਜਮੇਰ ਮਾਂਗਾ ਆਦਿਕ ੪੫ ਲਖ ਦੇ ਮੁਲਕ ਪਰ ਕਬਜ਼ਾ ਕਰ ਲਿਆ।

ਇਨ੍ਹਾਂ ਦਿਨਾਂ ਵਿਚ ਸ਼ੇਖ ਸ਼ੁਬਹਾਨ ਖਾਂ ਕੁਰੈਸ਼ੀ ਰਈਸ ਪਾਕਪਟਨ ਗਊ ਹਤਿਆ ਤੇ ਬੜਾ ਜ਼ੋਰ ਦਿੰਦਾ ਸੀ ਤੇ ਉਹਦੀ ਹਿੰਦੂ ਪਰਜਾ ਬੜੇ ਦੁਖਾਂ ਵਿਚ ਸੀ। ਹਿੰਦੂਆਂ ਦੇ ਫਰਿਆਦੀ ਹੋਣ ਤੇ ਕਈ ਵੇਰ ਹੀਰਾ ਸਿੰਘ ਨੇ ਇਹਨੂੰ ਇਸ ਗੱਲ ਤੋਂ ਰੋਕਿਆ ਕਿ ਪਰਜਾ ਦੇ ਮਜ਼ਬੀ ਜਜ਼ਬਾਤ ਤੇ ਸਟ ਨਾ ਮਾਰੇ, ਪਰ ਜਦ ਉਸ ਨੇ ਨਾ ਮੰਨੀ ਤਦ ੧੮੨੬ ਬਿ: ਵਿਚ ਹੀਰਾ ਸਿੰਘ ਨੇ ਉਸ ਤੇ ਚੜ੍ਹਾਈ ਕਰ ਦਿਤੀ। ਓਧਰ ਸਾਰੇ ਮੁਸਲਮਾਨ ਇਕੱਠੇ ਹੋ ਗਏ ਪਰ ਅਚਨਚੇਤ ਹੀ ਲੜਾਈ ਦੇ ਵਿਚ ਹੀਰਾ ਸਿੰਘ ਗੋਲੀ ਨਾਲ ਮਰ ਗਿਆ। ਇਹਦੀ ਲਾਦਾਰ ਫੌਜ ਨੂੰ ਵਾਪਸ ਮੁੜਨਾ ਪਿਆ। ਉਸ ਵੇਲੇ ਹੀਰਾ ਸਿੰਘ ਦਾ ਪੁਤਰ ਦਲ ਸਿੰਘ ਅਨਜਾਣ ਸੀ। ਇਸ ਕਰਕੇ ਉਹਦੇ ਚਾਚੇ ਦਾ ਪੁਤ ਭਰਾ ਨਾਹਰ ਸਿੰਘ ਉਹਦੀ ਜਗ੍ਹਾ ਤੇ ਬੈਠਾ। ਇਹ ਵੀ ਥੋੜੇ ਦਿਨ ਜੀਵਿਆ ਫਿਰ ਤਪਦਿਕ ਦੀ ਬੀਮਾਰੀ ਨਾਲ ਕੁਝ ਮਹੀਨਿਆਂ ਪਿਛੋਂ ਚਲਾਣਾ ਕਰ ਗਿਆ।

ਇਸ ਤੋਂ ਪਿਛੋਂ ਇਹਦਾ ਨਿਕਾ ਭਰਾ ਰਣ ਸਿੰਘ ਮਿਸਲ ਦਾ ਮਾਲਕ ਬਣਿਆ ਇਹ ਬੜਾ ਹੋਸ਼ਿਆਰ ਤੇ ਲਾਇਕ ਆਦਮੀ ਸੀ, ਇਸ ਨੇ ਮਿਸਲ ਨੂੰ ਬਹੁਤ ਰੌਣਕ ਦਿਤੀ, ਤੇ ਇਲਾਕਾ ਨੱਕੇ ਦੇ ਬਹੁਤ ਸੋਹਣੇ ੨ ਜਵਾਨ ੨੦ ਹਜ਼ਾਰ ਆਦਮੀ ਆਪਣੇ ਨਾਲ ਕਰ ਲਏ। ਉਨ੍ਹਾਂ ਨੂੰ ਕਈ ਤਰਾਂ ਦੇ ਜੰਬੂਰਾਂ ਅਤੇ ਹਥਿਆਰਾਂ ਨਾਲ ਸਨਸਬਧ ਕਰਕੇ ਸਦਾ ਆਪਣੇ ਨਾਲ ਰਖਣ ਲਗਾ। ਪਿੰਡ ਕੋਟ ਕਮਾਲੀਆ ਗਲਗੀਰ ਖਰਲ ਤੇ ਕੁਝ ਹਿਸਾ ਤਹਿਸੀਲ ਸ਼ਕਰ ਪੁਰ ਦਾ ਇਸ ਨੇ ਆਪਣੇ ਮਾਤਹਿਤ ਕਰ ਲਿਆ। ਸਈਦ ਵਾਲੇ ਦੇ ਕਪੂਰ ਸਿੰਘ ਦੀ ਜਦ ਇਸ ਦੇ ਨਾਲ ਲੜਾਈ ਹੋਈ

Digitized by Panjab Digital Library | www.panjabdigilib.org

ਤਦ ਇਹਨੇ ਉਹਨੂੰ ਸ਼ਿਕਸਤ ਦੇ ਕੇ ਉਹਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ, ੧੮੩੬ ਨੂੰ ਇਹ ਸਰਦਾਰ ਚਲਾਣਾ ਕਰ ਗਿਆ। ਇਸ ਦੇ ਤਿੰਨ ਬੇਟੇ ਭਗਵਾਨ ਸਿੰਘ, ਖਜ਼ਾਨ ਸਿੰਘ ਤੇ ਗਿਆਨ ਸਿੰਘ ਸਨ। ਭਗਵਾਨ ਸਿੰਘ ਆਪਣੇ ਬਾਪ ਦੀ ਜਗ੍ਹਾ ਬੈਠਾ ਪਰ ਇਹ ਆਪਣੀ ਜਾਇਦਾਦ ਨੂੰ ਸੰਭਾਲ ਨਾ ਸਕਿਆ ਤੇ ਵਜ਼ੀਰ ਸਿੰਘ, ਕੰਵਰ ਸਿੰਘ ਦੇ ਭਰਾ ਨੇ ਉਹਦਾ ਬਹੁਤ ਸਾਰਾ ਇਲਾਕਾ ਦਬਾ ਲਿਆ। ਭਗਵਾਨ ਸਿੰਘ ਨੇ ਆਪਣੀ ਭੈਣ ਦਾ ਨਾਤਾ ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਦਿਤਾ। ਜਿਸ ਤੇ ਮਹਾਰਾਜਾ ਰਣਜੀਤ ਸਿੰਘ ਉਹਦੀ ਮਦਦ ਤੇ ਹੋ ਗਿਆ,ਤੇ ਜਿਹੜਾ ਇਲਾਕਾ ਉਹਦਾ ਵਜ਼ੀਰ ਸਿੰਘ ਨੇ ਦਬਾਇਆ ਸੀ ਛਡਾ ਲਿਆ। ਫਿਰ ੧੮੪੫ ਬਿ: ਵਿਚ ਮਹਾਂ ਸਿੰਘ ਨੇ ਭਗਵਾਨ ਸਿੰਘ ਤੇ ਵਜ਼ੀਰ ਸਿੰਘ ਨੂੰ ਅੰਮ੍ਰਿਤਸਰ ਬੁਲਾ ਕੇ ਪਹਿਲਾਂ ਤਾਂ ਇਨ੍ਹਾਂ ਦੀ ਆਪਸ ਵਿਚ ਸੁਲ੍ਹਾ ਕਰਾਈ ਫਿਰ ਜੈ ਸਿੰਘ ਘਨੀਆ ਦੇ ਟਾਕਰੇ ਤੇ ਇਹਨੂੰ ਖੜਾ ਕਰ ਦਿਤਾ। ਇਸ ਲੜਾਈ ਵਿਚ ਜੈ ਸਿੰਘ ਨੂੰ ਹਾਰ ਹੋਈ। ਪ੍ਰੰਤੂ ਇਸ ਤੋਂ ਪਿਛੋਂ ਭਗਵਾਨ ਸਿੰਘ ਤੇ ਵਜ਼ੀਰ ਸਿੰਘ ਦੀ ਆਪਸ ਵਿਚ ਫਿਰ ਲੜਾਈ ਹੋ ਗਈ, ੧੮੪੬ ਨੂੰ ਵਜ਼ੀਰ ਸਿੰਘ ਦੇ ਹਥੋਂ ਭਗਵਾਨ ਸਿੰਘ ਮਾਰਿਆ ਗਿਆ ਤੇ ਉਹ ਦੀ ਜਗ੍ਹਾ ਉਹਦਾ ਛੋਟਾ ਭਾਈ ਗਿਆਨ ਸਿੰਘ ਸਰਦਾਰ ਬਣਿਆ।

ਇਸ ਦੇ ਪਿਛੋਂ ਸ: ਹੀਰਾ ਸਿੰਘ ਮਿਸਲ ਦੇ ਅਸਲ ਬਾਨੀ ਦੇ ਪੁਤਰ ਦਲ ਸਿੰਘ ਤੇ ਵਜ਼ੀਰ ਸਿੰਘ ਵਿਚ ਲੜਾਈ ਸ਼ੁਰੂ ਹੋ ਗਈ ਦਲ ਸਿੰਘ ਚੁਪ ਸੀ ਕਿ ਵਜ਼ੀਰ ਸਿੰਘ ਨੂੰ ਕਤਲ ਕਰਕੇ ਨਿਕਲ ਜਾਵੇ ਪਰ ਉਹਦੇ ਨੌਕਰ ਨੇ ਉਸ ਦਾ ਕੰਮ ਵੀ ਪੂਰਾ ਕਰ ਦਿਤਾ ੧੮੪੯ ਬਿ: ਨੂੰ ਮਹਾਂ ਸਿੰਘ ਦੇ ਮਰਨੇ ਮਗਰੋਂ ਭਗਵਾਨ ਸਿੰਘ ਨੇ ਆਪਣੀ ਭੈਣ ਦਾਤਾਰ ਕੌਰ ਦਾ ਵਿਆਹ ਮਹਾਰ ਜਾ ਰਣਜੀਤ ਸਿੰਘ ਨਾਲ ਕਰ ਦਿਤਾ ਜਿਸ ਦੇ ਘਰ ੧੮੫੯ ਬਿ: ਵਿਚ ਮਹਾਰਾਜਾ ਖੜਕ ਸਿੰਘ ਉਤਪੰਨ ਹੋਇਆ। ਮਹਾਰਾਜ ਰਣਜੀਤ ਸਿੰਘ ਦੇ ਐਸ਼ਵਰਜ਼ ਤੇ ਪ੍ਰਤਾਪ ਵਧਨ ਦੇ ਨਾਲ ਜਿਕਨ ਹੇਠ ਇਲਾਕੇ ਇਨ੍ਹਾਂ ਦੀ ਸਲਤਨਤ ਵਿਚ ਭੇਦ ਹੋ ਗਏ। ਨਕਈ ਖਾਨਦਾਨ ਨੇ ਵੀ ਆਪਣੀ ਜਾਇਦਾਦ ਖਾਲਸਾ ਸਲਤਨਤ ਵਿਚ ਮਿਲਾ ਦਿਤੀ। ੧੮੬੪ ਵਿਚ ਜਦ ਗਿਆਨ ਸਿੰਘ ਮਰ ਗਿਆ ਜਦ ਉਹਦੇ ਲੜਕੇ ਕਾਹਨ ਸਿੰਘ ਨੂੰ ਭੜਕ ਵਿਚ ੧੫ ਹਜ਼ਾਰ ਦੀ ਜਾਗੀਰ ਦਿਤੀ, ਤੇ ਖਜ਼ਾਨ ਸਿੰਘ ਨੂੰ ਨਾਨਕੋਟ ਇਲਾਕਾ ਬਖਸ਼ਿਆ ਭਾਵੇ ਕਾਹਨ ਸਿੰਘ ਦਾ ਲੜਕਾ ਮੁਲਤਾਨ ਦੀ ਲੜਾਈ ਵਿਚ ਦੁਸ਼ਮਨ ਨਾਲ ਜਾ ਮਿਲਿਆ, ਪਰ ਕਾਹਨ ਸਿੰਘ ਦੇ ਬੁਢੇਪੇ ਨੂੰ ਵੇਖ ਕੇ ੨੪੩) ਦੀ ਪਿਨਸ਼ਨ ਜਿਉਂਦਿਆ ਰਹਿਣ ਤਕ ਤੇ ੧੧੮੯੦ ਦੀ ਜਾਗੀਰ ਤੇ ਪ੍ਰਗਣਾ ਬੜਵਾਲ ਦਾ ਆਨਰੇਰੀ ਮਜਸਟ੍ਰੇਟ ਕੀਤਾ। ਸੰ: ੧੯੩੧ ਵਿਚ ਕਾਹਨ ਸਿੰਘ ਮਰ ਗਿਆ। ਹੁਣ ਰਣਜੋਧ ਸਿੰਘ ਜਿਲਾ ਮਿੰਟਗੁਮਰੀ ਵਿਚ ਖਾਣਦਾਨ ਦਾ ਵਾਰਸ਼ ਹੋਇਆ। ਪਰ ੭੪੦੦ ਦੀ ਜਾਗੀਰ ਤੇ ੧੪੦੦ ਘੁਮਾਂ ਜਮੀਨ ਦੀ ਮਾਲਕੀ ਜੋ ਅਖੀਰ ਵਿਚ ਰਹਿ ਗਈ ਇੰਜ ਵੰਡੀ ਗਈ। ਰਣਜੋਧ ਸਿੰਘ ਨੂੰ ੨੦੦੦ ਦੀ ਜਾਗੀਰ ਹਮੇਸ਼ਾ ਵਾਸਤੇ ਤੇ ਈਸ਼ਰ ਸਿੰਘ ਨੂੰ ੧੨੦੦ ਅਤਰ ਸਿੰਘ ਨੂੰ ਉਮਰ ਭਰ ਲਈ ੨੮੦) ਠਾਕਰ ਸਿੰਘ ਪ੍ਰਤਾਪ ਸਿੰਘ ਲਹਿਣਾ ਸਿੰਘ ਤੇ ਕਾਹਨ ਸਿੰਘ ਦੀ ਸਿੰਘਣੀ ਨੂੰ ਉਮਰ ਭਰ ਲਈ ਛੇ ੨ ਸੋ ਜੋ ਇਸ ਦੇ ਮਰੇ ਪਿਛੋਂ ਸਲਤਨਤ ਵਿਚ ਸ਼ਾਮਲ ਹੋਇਆ। ਅਤਰ ਸਿੰਘ ਦਾ ਪੁਤਰ ਲਾਭ ਸਿੰਘ ਦੋ ਹਜ਼ਾਰ ਘੁਮਾਂ ਜ਼ਮੀਨ ਦਾ ਮਾਲਕ ਤੇ ਜੈਲਦਾਰ ਹੈ, ਈਸ਼ਰ ਸਿੰਘ ਤੇ ਲਹਿਣਾ ਸਿੰਘ ਦੋਵੇ ਮੁਸਲਮਾਨ ਹੋ ਗਏ, ਲਹਿਣਾ ਸਿੰਘ ਦਰਿਆਏ ਰਾਵੀ ਦੇ ਕੰਢੇ ੪੦੦੦ ਘੁਮਾਂ ਜ਼ਮੀਨ ਦਾ ਮਾਲਕ ਸੀ।

Digitized by Panjab Digital Library | www.panjabdigilib.org

# ਪੰਜਵੀਂ ਮਿਸਲ ਡਲੇ ਵਾਲੇ ਸਰਦਾਰਾਂ ਦੀ

ਡਲੇ ਵਾਲੀ ਮਿਸਲ ਦਾ ਕਰਤਾ ਸ; ਗੁਲਾਬ ਸਿੰਘ ਡਲੇ ਵਾਲੀ ਇਲਾਕਾ ਸੁਲਤਾਨ ਪੁਰ ਦੁਆਬਾ ਬਿਸਤ ਜਾਲੰਧਰ ਦਾ ਵਸਨੀਕ ਸੀ। ਇਸ ਦਾ ਬਾਪ ਸਰਧਾ ਰਾਮ ਖਤਰੀ ਦੁਕਾਨਦਾਰ ਸੀ। ੧੭੯੩ ਵਿਚ ਇਸ ਨੇ ਸਿਖ ਧਰਮ ਵਿਚ ਪ੍ਰਵੇਸ਼ ਕੀਤਾ ਅਤੇ ਦੇਸ਼ ਕੌਮ ਦੀ ਸੇਵਾ ਵਾਸਤੇ ਅਮਲ ਦੇ ਮੈਦਾਨ ਵਿਚ ਕੁਦ ਪਿਆ। ਆਦਮੀ ਦਿਲ ਵਾਲਾ ਸੀ ਥੋੜੇ ਹੀ ਦਿਨਾਂ ਵਿਚ ਇਸ ਨੇ ਸਿਖਾਂ ਦੇ ਜਥਿਆਂ ਵਿਚ ਸ਼ਾਮਲ ਹੋ ਕੇ ਲਾਹੌਰ, ਕਸੂਰ ਤੇ ਜਲੰਧਰ ਆਦਿਕ ਇਲਾਕਿਆਂ ਦੀ ਸੋਧ ਵਿਚ ਵਧ ਚੜ੍ਹ ਕੇ ਹਿਸਾ ਲਿਆ ਅਤੇ ਬੜੀ ਬਹਾਦਰੀ ਵਿਖਾਈ। ਇਸ ਤੋਂ ਪਿਛੋਂ ਥੋੜੇ ਜਿਹੇ ਸਰਦਾਰਾਂ ਨੂੰ ਨਾਲ ਲੈ ਕੇ ਆਪਣਾ ਵਖ਼ਰਾ ਜਥਾ ਬਣਾ ਲਿਆ। ਇਹ ਸਰਦਾਰ ਬੜਾ ਮਿਲਣਸਾਰ ਅਤੇ ਮਿਠਬੋਲਾ ਸੀ। ਇਸ ਕਰ ਕੇ ਇਸ ਦੇ ਮਿੱਤ੍ਰਾਂ ਦਾ ਘੇਰਾ ਚੌੜਾ ਹੁੰਦਾ ਗਿਆ ਅਤੇ ਸਿਖ ਦਲਾਂ ਵਿਚ ਇਸ ਨੂੰ ਬੜੀ ਇਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ।

ਜਵਾਨ ਮਰਦ ਤੇ ਦਲੇਰ ਇਤਨਾ ਸੀ ਕਿ ਇਕ ਵੇਰ ਕੇਵਲ ਡੇਢ ਸੌ ਸਵਾਰਾਂ ਨੂੰ ਨਾਲ ਲੈ ਕੇ ਜਲੰਧਰ ਵਿਚ ਜਾ ਵੜਿਆ। ਅਗੋਂ ਮੁਸਲਮਾਨ ਹਾਕਮਾਂ ਨੇ ਲੜਾਈ ਆਰੰਭ ਦਿਤੀ। ਉਨ੍ਹਾਂ ਵਿਚੋਂ ਬਹੁਤ ਸਾਰੇ ਆਦਮੀਆਂ ਨੂੰ ਮਾਰ ਕੇ ਖਾਲਸਾ ਦਲ ਵਿਚ ਜੋ ਕਰਤਾਰ ਪੁਰ ਉਤਰਿਆ ਹੋਇਆ ਸੀ ਜਾ ਮਿਲਿਆ। ਉਸ ਦਿਨ ਤੋਂ ਖਾਲਸਾ ਦਲ ਵਿਚ ਇਸ ਦੀ ਬਹਾਦਰੀ ਦਾ ਚਰਚਾ ਹੋ ਗਿਆ। ਇਸ ਦੀ ਦਿਨੋਂ ਦਿਨ ਚੜ੍ਹਦੀ ਕਲਾ ਵੇਖ ਕੇ ਉਸ ਦੇ ਭਰਾ ਹਰਦਿਆਲ ਸਿੰਘ, ਗਰਦਿਆਲ ਸਿੰਘ, ਜੇ ਪਾਲ ਸਿੰਘ ਆਦਿਕ ਨੇ ਭੀ ਅੰਮ੍ਰਿਤ ਛਕ ਲਿਆ ਤੇ ਸਿੰਘ ਸਜ ਕੇ ਦੇਸ਼ ਦੀ ਰਖਿਆ ਵਿਚ ਹਥ ਵਟਾਉਣ ਲਗੇ।

ਸੰਮਤ ੧੮੦੮ ਬਿਕ੍ਰਮੀ ਨੂੰ ਸ: ਗੁਲਾਬ ਸਿੰਘ ਨੇ ਇਕ ਦਿਨ ਅਚਾਨਕ ਏਮਨਾਬਾਦ ਪਰ ਛਾਪਾ ਮਾਰਿਆ। ਜਸਪਤ ਰਾਏ ਨੇ ਪਿਛਾ ਕੀਤਾ ਪਰ ਬੜੀ ਬਹਾਦਰੀ ਨਾਲ ਨਿਕਲ ਆਇਆ। ਓਪ੍ਰੰਤ ੧੮੧੦ ਨੂੰ ਜਦ ਉਥੇ ਰੋੜੀ ਸਾਹਿਬ ਦਾ ਮੇਲਾ ਲਗਾ ਤੇ ਬਹੁਤ ਸਾਰੇ ਸਿੰਘ ਇਕੱਠੇ ਹੋਏ ਤਾਂ ਜਸਪਤ ਨੇ ਉਨ੍ਹਾਂ ਨੂੰ ਉਥੋਂ ਉਠਾਣਾ ਚਾਹਿਆ। ਸਿੰਘਾਂ ਨੇ ਕਿਹਾ ਅਸੀਂ ਮੇਲਾ ਕਰਕੇ ਜਾਵਾਂਗੇ ਪਰ ਉਹ ਨਾ ਹਟਿਆ। ਇਸ ,ਪਰ ਲੜਾਈ ਹੋ ਪਈ। ਸ: ਗੁਲਾਬ ਸਿੰਘ ਨੇ ਜਸਪਤ ਦੇ ਗੋਲੀ ਮਾਰ ਕੇ ਮਾਰ ਦਿਤਾ। ਸ: ਕਰੋੜਾ ਸਿੰਘ ਤੇ ਸ: ਗੁਲਾਬ ਸਿੰਘ ਆਪੋ ਵਿਚ ਧਰਮ ਨੂੰ ਭਰਾ ਬਣੇ ਹੋਏ ਸਨ ਇਸ ਕਰਕੇ ਦੋਹਾਂ ਨੇ ਏਕਾ ਕਰਕੇ ੧੮੧੩ ਵਿਚ ਹਰਦੁਆਰ ਵਲ ਕੂਚ ਕੀਤਾ। ਪਹਿਲਾਂ ਗੰਗਾ ਦੇ ਪਾਂਡਿਆਂ ਨੂੰ ਸੋਧਿਆ ਅਤੇ ਫਿਰ ਨਜੀਬਾਬਾਦ ਨਜੀਬ ਖਾਂ ਰੁਹੇਲੇ ਨੂੰ ਜਾ ਘੇਰਿਆ। ਭਾਵੇਂ ਨਵਾਬ ਦੋਦੇ ਖਾਨ ਨੇ ਅਗੋਂ ਸਖਤ ਮੁਕਾਬਲਾ ਕੀਤਾ ਪਰ ਛੇਤੀ ਮੈਦਾਨ ਛਡ ਕੇ ਭਜ ਗਿਆ। ਨਜੀਬਾਬਾਦ ਫਤਹਿ ਕਰਕੇ ਮੇਰਠ ਦੇ ਨਵਾਬ ਜ਼ਾਬਤਾ ਖਾਨ ਦੀ ਆਕੜ ਭਨੀ। ਮੁਜ਼ਫਰ ਪੁਰ, ਦੇਵ ਬੰਦ, ਮੀਰਾ ਪੁਰ ਆਦਿਕ ਥਾਵਾਂ ਦੇ ਹਾਕਮ ਮੁਕਾਬਲੇ ਦੀ ਸ਼ਕਤੀ ਨਾਂ ਵੇਖ ਕੇ ਨਜ਼ਰਾਂ ਲੈ ਕੇ ਮਿਲੇ ਅਤੇ ਅਧੀਨਗੀ ਪ੍ਰਵਾਨ ਕਰ ਲਈ। ਸਹਾਰਨ ਪੁਰ ਨੂੰ ਫਤਹਿ ਕਰਕੇ ਇਹ ਪੰਜਾਬ ਵੱਲ ਮੁੜ ਆਏ।

Digitized by Panjab Digital Library | www.panjabdigilib.org

੧੮੧੫ ਬਿਕ੍ਰਮੀ ਨੂੰ ਜਦ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨ ਵਿਚੋਂ ਬਹੁਤ ਸਾਰੀ ਦੌਲਤ ਲੁਟ ਕੇ ਅਤੇ ਬਹੁਤ ਸਾਰੀਆਂ ਹਿੰਦੂ ਲੜਕੀਆਂ ਨੂੰ ਫੜ ਕੇ ਲੈ ਚਲਿਆ ਤਾਂ ਰਾਵੀ ਦੇ ਨੇੜੇ ਸਿੰਘਾਂ ਨੇ ਉਸ ਨੂੰ ਘੇਰ ਲਿਆ। ਇਸ ਲੜਾਈ ਵਿਚ ਭੀ ਉਕਤ ਦੋਵੇਂ ਸਰਦਾਰ ਮੌਜੂਦ ਸਨ ਅਤੇ ਇਨ੍ਹਾਂ ਨੂੰ ਬਹੁਤ ਸਾਰਾ ਲੁਟ ਦਾ ਮਾਲ ਹੱਥ ਲੱਗਾ। ਹਿੰਦੂ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਇਆ ਗਿਆ। ਇਸ ਸਾਲ ਕਿਸੇ ਮੁਖਵਰ ਨੇ ਖਬਰ ਦਿਤੀ ਕਿ ਇਲਾਕਾ ਰਾਵਲ ਪਿੰਡੀ ਤੇ ਰੋਹਤਾਸ ਆਦਿਕ ਵਿਚੋਂ ਪੰਜ ਲੱਖ ਰੁਪਇਆ ਇਕੱਠਾ ਹੋ ਕੇ ਸ਼ਾਹੀ ਖਜ਼ਾਨਾ ਦਿਲੀ ਵਿਚ ਦਾਖਲ ਹੋਣ ਲਈ ਜਾ ਰਿਹਾ ਹੈ। ਸ: ਗੁਲਾਬ ਸਿੰਘ ਤੇ ਕਰੋੜਾ ਸਿੰਘ ਨੇ ਇਹ ਖਜ਼ਾਨਾ ਲੁਟਣ ਦਾ ਫੈਸਲਾ ਕਰ ਲਿਆ ਕਿਉਂਕਿ ਦਲਾਂ ਵਿਚ ਰਸਦ ਆਦਿ ਨਾ ਮਿਲਣ ਕਰਕੇ ਕਈ ਵੇਰ ਸਿੰਘਾਂ ਨੂੰ ਕੜਾਕੇ ਹੀ ਕਟਣੇ ਪੈਂਦੇ ਸਨ। ਜੇਹਲਮ ਦੇ ਪਾਸ ਇਨ੍ਹਾਂ ਨੇ ਖਜ਼ਾਨਾ ਜਾ ਲੁਟਿਆ। ਖਜ਼ਾਨੇ ਦੀ ਰਾਖੀ ਕਰਨ ਵਾਲੇ ਫੌਜੀ ਦਸਤੇ ਨਾਲ ਮਾਮੂਲੀ ਜਿਹੀ ਮੁਠ ਭੇੜ ਹੋਈ ਪਰ ਉਹ ਛਡ ਕੇ ਭਜ ਗਏ। ਸਿੰਘਾਂ ਨੇ ਇਹ ਰੁਪਇਆ ਲਿਆ ਕੇ ਦਲ ਵਿਚ ਰਸਦਾਂ ਖਰੀਦ ਕੇ ਵੰਡ ਦਿਤੀਆਂ।

ਸ: ਗੁਲਾਬ ਸਿੰਘ ਜੀ ਦੀਆਂ ਇਹੋ ਜਿਹੀਆਂ ਬਹਾਦਰੀਆਂ ਅਤੇ ਵੰਡ ਛਕਣ ਦੇ ਸੁਭਾ ਕਰਕੇ ਸਿੰਘਾਂ ਵਿਚ ਉਸ ਦਾ ਸਤਿਕਾਰ ਬਹੁਤ ਵਧ ਗਿਆ ਅਤੇ ਉਸ ਦੇ ਨਾਲ ਰਹਿਣਾ ਸਿੱਖ ਫਖਰ ਦੀ ਗੱਲ ਸਮਝਣ ਲਗ ਪਏ। ਇਸ ਤਰਾਂ ਹੌਲੀ ਹੌਲੀ ਗੁਲਾਬ ਸਿੰਘ ਪਾਸ ੬ ਹਜ਼ਾਰ ਸਵਾਰ ਹੋ ਗਿਆ। ਸੰਮਤ ੧੮੧੬ ਵਿਚ ਸ: ਗੁਲਾਬ ਸਿੰਘ ਕਲਾਨੌਰ ਦੇ ਜੰਗ ਵਿਚ ਸ਼ਹੀਦ ਹੋ ਗਿਆ। ਇਸ ਦੇ ਪੁਤਰ ਨਿਕੇ ਘਲੂਘਾਰੇ ਵਿਚ ਬਸੌਲੀ ਸ਼ਹੀਦ ਹੋ ਚੁਕੇ ਸਨ ਇਸ ਕਰਕੇ ਇਨ੍ਹਾਂ ਦੇ ਮੁਸਾਹਿਬ ਸ: ਗੁਰਦਿਆਲ ਸਿੰਘ ਜੀ ਨੂੰ ਪੰਥ ਖਾਲਸਾ ਨੇ ਮਿਸਲ ਦਾ ਜਥੇਦਾਰ ਬਣਾਇਆ। ਪ੍ਰੰਤੂ ਇਕ ਸਾਲ ਪਿਛੋਂ ਇਹ ਭੀ ਦੁਆਬੇ ਦੇ ਜੰਗ ਵਿਚ ਸ਼ਹੀਦ ਹੋ ਗਿਆ ਇਸ ਕਰਕੇ ਇਸ ਦੀ ਥਾਂ ਸ: ਤਾਰਾ ਸਿੰਘ ਜੀ ਨੂੰ ਮਿਸਲ ਦਾ ਜਥੇਦਾਰ ਥਾਪਿਆ। ਇਹ ਤੋੜਾ ਵਾਲੀ ਦਾ ਰਹਿਣ ਵਾਲਾ ਸੀ। ਪਹਿਲੇ ਇਹ ਬਕਰੀਆਂ ਚਾਰਿਆ ਕਰਦਾ ਸੀ ਪ੍ਰੰਤੂ ਜਦ ਇਸ ਨੇ ਸਿੱਖ ਪੰਥ ਦੀਆਂ ਚੜ੍ਹਦੀਆਂ ਕਲਾਂ ਵੇਖੀਆਂ ਤਾਂ ਬਕਰੀਆਂ ਵੇਚ ਕੇ ਸਿੰਘ ਬਣ ਗਿਆ ਅਤੇ ਡਲੇਵਾਲੀ ਮਿਸਲ ਵਿਚ ਰਹਿ ਕੇ ਬੜੀ ਬਹਾਦਰੀ ਵਖਾਈ। ਸ: ਤਾਰਾ ਸਿੰਘ ਬੜਾ ਸਿਆਣਾ ਸੀ ਅਤੇ ਸੁਭਾਉ ਦਾ ਬਹੁਤ ਮਿੱਠਾ ਸੀ ਇਸ ਕਰਕੇ ਸ: ਗੁਲਾਬ ਸਿੰਘ ਦੇ ਜਿਉਂਦਿਆਂ ਹੀ ਖਾਸ ਆਦਮੀਆਂ ਵਿਚੋਂ ਗਿਣਿਆਂ ਜਾਂਦਾਂ ਸੀ।

ਆਪਣੀ ਸਿਆਣਪ ਤੇ ਹਿੰਮਤ ਦਾ ਸਦਕਾ ਆਪ ਮਿਸਲ ਦੇ ਜਥੇਦਾਰ ਬਣ ਗਏ। ਥੋਹੜੇ ਦਿਨਾਂ ਤੋਂ ਪਿਛੋਂ ਆਪ ਦਾ ਸਤਾਰਾ ਖੂਬ ਚਮਕਿਆ ਤੇ ਆਪ ਨੇ ਸ: ਹਰੀ ਸਿੰਘ ਜੀ ਭੰਗੀ ਨਾਲ ਮਿਲਕੇ ਕਈ ਲੜਾਈਆਂ ਵਿਚ ਬਹਾਦਰੀ ਦੇ ਜੌਹਰ ਦਿਖਾਏ। ਅਦੀਨਾਬੇਗ ਦੁਆਬੇ ਦੇ ਹਾਕਮ ਦੇ ਦੀਵਾਨ ਬਿਸ਼ੰਭਰ ਦਿਆਲ ਨੂੰ ਇਕ ਲੜਾਈ ਵਿਚ ਮਾਰਕੇ ਉਸ ਦੇ ਤਿੰਨ ਲੱਖ ਰੁਪਏ ਦੇ ਇਲਾਕੇ ਪਰ ਕਬਜ਼ਾ ਕਰ ਲਿਆ। ਆਪਣੀ ਬਹਾਦਰੀ ਦੇ ਬਹੁਤ ਸਾਰੇ ਲੋਕਾਂ ਨੂੰ ਗੁਰੂ ਘਰ ਦੀ ਮਹਿਮਾ ਦਸਕੇ ਸਿੰਘ ਸਜਾਇਆ। ਆਪ ਦੇ ਉਚੇ ਆਚਰਨ ਤੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਚੋਧਰੀ ਗੌਹਰ ਦਾਸ ਕੰਗ ਭੀ ਸਿੰਘ ਸਜ ਗਿਆ। ਚੋਧਰੀ ਦੇ ਸਿੰਘ ਬਣਦੇ ਹੀ ਉਸਦਾ ਸਾਰਾ ਪਿੰਡ ਸਜ ਗਿਆ। ਇਹ ਸਭ ਸਿੰਘ ਤਾਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ ਤੇ ਇਸ ਤ੍ਰਾਂ ਉਸ ਪਾਸ ਹੁਣ ੧੦ ਹਜ਼ਾਰ ਸਿੰਘ ਹੋ ਗਏ।

Digitized by Panjab Digital Library | www.panjabdigilib.org

ਮਹੀਨਾ ਜੇਠ ਸੰਮਤ ੧੮੨੦ ਬਿਕ੍ਰਮੀ ਨੂੰ ਇਸਨੇ ਹੋਰ ਸਿੱਖ ਜਥਿਆ ਨਾਲ ਸ਼ਾਮਲ ਹੋਕੇ ਸਰਹਿੰਦ ਪਰ ਹਮਲਾ ਕੀਤਾ। ਜੈਨ ਖਾਂ ਸਰਹਿੰਦ ਦਾ ਨਵਾਬ ਮਾਰਿਆ ਗਿਆ। ਇਸ ਨੇ ਧਰਮਕੋਟ, ਘੁੰਗਰਾਣਾ, ਬਦੋਵਾਲ ਆਦਿਕ ਪਰ ਕਬਜ਼ਾ ਕਰ ਲਿਆ। ਕਸਬਾ ਰਾਹੋਂ ਨੂੰ ਆਪਣਾ ਕੇਂਦਰੀ ਸਥਾਨ ਬਣਾਕੇ ੮ ਲਖ ਦੇ ਇਲਾਕੇ ਪਰ ਹਕੂਮਤ ਕਰਨ ਲੱਗਾ। ਥਾਨੇਸਰ, ਰੋਪੜ, ਸਿਆਲੀਆਂ, ਖੇੜੀ ਖੁਮਾਣੇ ਆਦਿਕ ਦੇ ਰਈਸ ਇਸ ਦੇ ਆਧੀਨ ਹੋ ਗਏ। ਇਕ ਵੇਰ ਸੰਸਾਰ ਚੰਦ ਨੇ ਸ: ਜੋਧ ਸਿੰਘ ਰਾਮਗੜੀਏ ਨੂੰ ਟਪਲਾ ਦੇਕੇ ਸ: ਤਾਰਾ ਸਿੰਘ ਪਰ ਚੜਾਈ ਕਰਵਾ ਦਿਤੀ। ਕਿਲਾ ਦਖਣੀ ਪਰ ੨੦ ਦਿਨ ਲੜਾਈ ਹੁੰਦੀ ਰਹੀ। ਸ. ਤਾਰਾ ਸਿੰਘ ਦੀ ਬਹਾਦਰੀ ਦਾ ਸਦਕਾ ਸਭ ਹਾਰ ਕੇ ਪਿਛੇ ਮੁੜ ਗਏ। ਸੰਮਤ ੧੮੫੯ ਬਿਕ੍ਰਮੀ ਨੂੰ ਇਸ ਨੇ ਇਕ ਵੇਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਨੂੰ ਭੀ ਹਾਰ ਦਿਤੀ। ਇਹ ਸਰਦਾਰ ਬੜਾ ਦਾਨੀ ਸੀ। ਹਰ ਪਿੰਡ ਵਿਚ ਲੰਗਰ ਲਗਾ ਰਖੇ ਸਨ। ਪ੍ਰਜਾ ਨੂੰ ਬਹੁਤ ਖੁਸ਼ ਰਖਦਾ ਸੀ ਇਸ ਕਰਕੇ ਜਦੋਂ ਭੀ ਕੋਈ ਇਸ ਪਰ ਹਮਲਾ ਕਰਦਾ ਤਾਂ ਪ੍ਰਜਾ ਇਸ ਦੇ ਨਾਲ ਹੋਕੇ ਮੁਕਾਬਲਾ ਕਰਦੀ ਜਿਸ ਕਰਕੇ ਇਸ ਨੂੰ ਜਿਤਣਾ ਕਠਨ ਸੀ। ਇਕ ਵੇਰ ਇਹ ੩੦ ਮੀਲ ਦਾ ਧਾਵਾ ਕਰਕੇ ਦਾਦਾਪੁਰ ਪਰ ਅਚਨਚੇਤ ਜਾਪਿਆ ਅਤੇ ਉਥੋਂ ਦੇ ਅਨਿਆਈ ਹਾਕਮ ਨੂੰ ਪਾਰ ਬੁਲਾਇਆ।

ਇਸਦੇ ਤਿੰਨ ਪੁਤ੍ਰ ਸਨ। ਗੁਜਰ ਸਿੰਘ ਨੂੰ ਪ੍ਰਗਣਾ ਤੇ ਕਿਲਾ ਘੁੰਗਰਾਣਾ, ਧਰਮਕੋਟ, ਤੇ ਦਸੌਧਾ ਸਿੰਘ ਨੂੰ ਕਿਲਾ ਦਖਣੀ ਬਦੋਵਾਲ ਸਤਿਲੁਜ ਦੇ ਖਬੇ ਪਾਸੇ ਅਤੇ ਤੀਜੇ ਸ: ਝੰਡਾ ਸਿੰਘ ਨੂੰ ਦੁਆਬਾ ਬਿਸਤ ਜਾਲੰਧਰ ਨਕੋਦਰ, ਮਾਲਪੁਰ ਬਲੋਕੀ, ਆਦਿ ਤੀਹ ਤੀਹ ਹਜ਼ਾਰ ਦੀਆਂ ਜਾਗੀਰਾਂ ਦੇਕੇ ਅੱਡ ਅੱਡ ਕਰ ਦਿੱਤਾ। ਬਾਕੀ ਮੁਲਕ ਜੋ ਪੰਜ ਲਖ ਆਮਦਨ ਦਾ ਸੀ ਆਪਣੇ ਪਾਸ ਰਖਿਆ ਜੋ ਸੰਮਤ ੧੮੬੪ ਨੂੰ ਭਾਗ ਸਿੰਘ ਦੇ ਚਲਾਣਾ ਕਰ ਜਾਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਮਿਲਾ ਲਿਆ।

ਸ: ਤਾਰਾ ਸਿੰਘ ਦੀ ਸਿੰਘਣੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮਾਤਮ ਪਰਸੀ ਪਰ ਆਉਣ ਸਮੇਂ ਹਾਥੀ ਦਾ ਇਕ ਜੰਜ਼ੀਰ, ਛੇ ਲੱਖ ਰੁਪਇਆ, ਤੇ ਪੰਜ ਘੋੜੇ ਭੇਟਾ ਕੀਤੇ ਸਨ।

ਮਹਾਰਾਜਾ ਕਿਲੇ ਦੇ ਅੰਦਰ ਜਾਣਾ ਚਾਹੁੰਦਾ ਸੀ ਪਰ ਸਰਦਾਰਨੀ ਤਾਰਾ ਸਿੰਘ ਨੇ ਉਸ ਨੂੰ ਅੰਦਰ ਜਾਣ ਦੀ ਆਗਿਆ ਨਾ ਦਿੱਤੀ। ਮਹਾਰਾਜੇ ਦੀਆਂ ਫੌਜਾਂ ਨੇ ਕਿਲੇ ਪਰ ਗੋਲਾ ਬਾਰੀ ਸ਼ੁਰੂ ਕਰ ਦਿਤੀ ਅਗੋਂ ਸਰਦਾਰਨੀ ਨੇ ਭੀ ਮੁਕਾਬਲਾ ਕਰਨ ਦਾ ਹੁਕਮ ਦੇ ਦਿਤਾ। ਇਤਨੀ ਸਖਤ ਲੜਾਈ ਹੋਈ ਕਿ ਮਹਾਰਾਜੇ ਦੀਆਂ ਫੌਜਾਂ ਵਿਚ ਖਲਬਲੀ ਮਚ ਗਈ ਪਰ ਇਤਨੇ ਵਿਚ ਹੀ ਕਿਲੇ ਦੇ ਨੌਕਰਾਂ ਨੇ ਕਿਲੇ ਦਾ ਦਰਬਾਜ਼ਾ ਖੋਹਲ ਦਿੱਤਾ ਜਿਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਫਤਹਿ ਹੋਈ। ਪੰਜ ਸਤ ਪਿੰਡ ਝੰਡਾ ਸਿੰਘ ਪਾਸ ਰਹਿਣ ਦਿਤੇ। ਦੋ ਪਿੰਡ ਸਰਦਾਰਨੀ ਰਤਨ ਕੌਰ ਨੂੰ ਦਿਤੇ ਪਰ ਸਰਦਾਰਨੀ ਸੁਖਾਂ ਦੇ ਪੁਤਰ ਰੋਟੀ ਤੋਂ ਭੀ ਆਤੁਰ ਹੋ ਗਏ।

ਕਿਲਾ ਦਖਣੀ ਤਾਂ ਪਹਿਲਾਂ ਹੀ ਦਸੌਧਾ ਸਿੰਘ ਪਾਸੋਂ ਬੇਦੀ ਸਾਹਿਬ ਸਿੰਘ ਨੇ ਲੈ ਲਿਆ ਸੀ। ਸੋ ਜਦ ੧੮੬੪-੬੫ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਲੰਘ ਕੇ ਰਾਜਪੁਤਾਨਾ

Digitized by Panjab Digital Library | www.panjabdigilib.org

ਰਾਇਕੋਟਾ ਦਾ ਮੁਲਕ ਆਪਣੇ ਕਬਜ਼ੇ ਵਿਚ ਕਰਕੇ ਆਪਣੇ ਮਿੱਤ੍ਰਾਂ ਵਿਚ ਵੰਡ ਦਿੱਤਾ ਉਸੇ ਵੇਲੇ ਗੁਜਰ ਸਿੰਘ ਤੇ ਦਸੌਧਾ ਸਿੰਘ ਪਾਸੋਂ ਘੁੰਗਰਾਣਾ ਤੇ ਬਦੋਵਾਲ ਦਾ ਇਲਾਕਾ ਲੈਕੇ ਸ: ਗੁਰਦਿੱਤ ਸਿੰਘ ਡਲੇਵਾਲੇ ਨੂੰ ਦੇ ਦਿੱਤਾ। ਉਨਾਂ ਨੇ ਬਹਤ ਵਾਵੇਲਾ ਕੀਤਾ ਪਰ ਕੋਈ ਸੁਣਾਈ ਨਾ ਹੋਈ ਜਿਸ ਕਰਕੇ ਦਸੌਧਾ ਸਿੰਘ ਤਾਂ ਆਪਣੇ ਸੰਹਰੇ ਪਿੰਡ ਰਹਿਣ ਲਗ ਪਿਆ। ਉਸਦੇ ਕੋਈ ਸੰਤਾਨ ਨਹੀਂ ਸੀ। ਗੁਜਰ ਸਿੰਘ ਤੇ ਝੰਡਾ ਸਿੰਘ ਨੂੰ ਬਲੂੰ ਦੇ ਪਿੰਡਾਂ ਵਿਚੋਂ ਅੱਧ ਮਿੱਲ ਗਿਆ। ਇਹ ਪਿੰਡ ਸ: ਤਾਰਾ ਸਿੰਘ ਨੇ ਉਦਾਸੀ ਸਾਧਾਂ ਨੂੰ ਦੇ ਰਖੇ ਸਨ। ਰਤਨ ਕੌਰ ਦੀ ਮਹਾਰਾਜਾ ਰਣਜੀਤ ਸਿੰਘ ਨੇ ਇਕ ਹਜ਼ਾਰ ਅਠ ਸੌ ਰੁਪਿਆ ਮਹਾਵਾਰ ਪੈਨਸ਼ਨ ਨੀਯਤ ਕਰ ਦਿਤੀ ਜੋ ਉਹ ਉਮਰ ਭਰ ੧੯੦੬ ਤੱਕ ਖਾਂਦੀ ਰਹੀ। ਇਸ ਦੇ ਗੁਜ਼ਰ ਜਾਨ ਪਿਛੋਂ ੨੦੦ ਰੁਪਏ ਸਾਲਾਨਾ ਪੈਨਸ਼ਨ ਨਾਰਲ ਸਿੰਘ ਨੂੰ ਮਿਲੀ ਬਖਤਾਵਰ ਸਿੰਘ ਤੇ ਨਾਰਲ ਸਿੰਘ ਪਾਸ ਪਿੰਡ ਬਲੋਕੀ ਤੇ ਸ਼ਰਕ ਪੁਰ ਦਾ ਅਧਾ ਜ਼ਿਮੀਦਾਰਾ ਸੀ ਅਤੇ ੨੮੦ ਰੁਪਏ ਦੀ ਜਾਗੀਰ ਮਿਲੀ। ਨਾਰਲ ਸਿੰਘ ਨੇ ਅੰਗ੍ਰੇਜ਼ੀ ਫੌਜ ਵਿਚ ਰਹਿਕੇ ਸੂਬੇਦਾਰੀ ਲਈ ਤੇ ੬੮੫ ਰੁਪਏ ਸਾਲਾਨਾ ਪੈਨਸ਼ਨ ਪ੍ਰਾਪਤ ਕੀਤੀ। ਇਹਨਾਂ ਦੀ ਸੰਤਾਨ ਪਿੰਡ ਬਲੋਕੀ ਜ਼ਿਲਾ ਜਾਲੰਧਰ ਵਿਚ ਆਬਾਦ ਹੈ। ਅਰੁ ਮਾਲਵੇ ਵਿਚ ਬੁਟਰ, ਦਾਇਆ ਪੁਰਾਣਾ, ਕੋਕਰੀ ਬੁਟਰਾਂ ਭੀ ਏਸੇ ਦੀ ਔਲਾਦ ਬੱਸਦੀ ਹੈ। ਸ: ਤਾਰਾ ਸਿੰਘ ਨੂੰ ਤਾਰਾ ਸਿੰਘ ਗੈਬਾ ਕਹਿ ਕੇ ਪੁਕਾਰਿਆ ਜਾਂਦਾ ਸੀ। ਕਿਉਂਕਿ ਏਹ ਵੈਰੀ ਪਰ ਅਚਾਨਕ ਛਾਪਾ ਮਾਰਿਆ ਕਰਦਾ ਸੀ। ਏਹ ਬੜਾ ਹੀ ਦੂਰ ਦੀ ਸੋਝੀ ਵਾਲਾ ਸੀ। ਇਕ ਵਾਰ ਇਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਭਰੇ ਦੀਵਾਨ ਵਿਚ ਸਾਰੇ ਮਿਸਲਦਾਰਾਂ ਸਰਦਾਰਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਲ ਇਸ਼ਾਰਾਂ ਕਰਕੇ ਕਿਹਾ ਸੀ ਕਿ ਏਸ ਕਾਣੇ ਜੇਹੇ ਮੁੰਡੇ ਨੇ ਤੁਹਾਡਾ ਸਭ ਦਾ ਰਾਜ ਖੋਹ ਲੈਣਾ ਹੈ। ਤੁਸੀਂ ਜੋ ਮੈਨੂੰ ਦਾਨ ਕਰਨਾ ਹੈ, ਉਹ ਕਰ ਲਵੋ। ਤੇ ਏਹ ਭੀ ਕਿਹਾ ਕਰਦਾ ਸੀ ਕਿ ਜੱਟ ਦਾ ਨੱਕ ਮੁਲਤਾਨ ਤਕ ਲੰਮਾ ਹੈ, ਏਹ ਕਦੇ ਕੱਟਿਆ ਹੀ ਨਹੀਂ ਜਾ ਸਕਦਾ।

Digitized by Panjab Digital Library | www.panjabdigilib.org

# ਛੇਵੀਂ ਮਿਸਲ ਕਰੋੜੀਆ ਦੇ ਸਰਦਾਰ

ਇਸ ਮਿਸਲ ਦੇ ਬਣਾਨ ਵਾਲੇ ਸਰਦਾਰ ਕਰਮ ਸਿੰਘ ਤੇ ਸ਼ਾਮ ਸਿੰਘ ਵਸਨੀਕ ਪੇਚਗੜ੍ਹਾ ਸਨ। ਪ੍ਰੰਤੂ ਪਿਛੋਂ ਇਸ ਮਿਸਲ ਦਾ ਆਗੂ ਸ੍ਰ: ਕਰੋੜਾ ਸਿੰਘ ਪਿੰਡ ਬਰਕੀਆਂ ਬਣ ਗਿਆ। ਉਸਨੇ ਆਪਣੀ ਦਾਨਾਈ ਤੇ ਹਿੰਮਤ ਨਾਲ ਇਸ ਮਿਸਲ ਨੂੰ ਬਹੁਤ ਉਨਤੀ ਦਿਤੀ ਜਿਸ ਕਰਕੇ ਇਸ ਦਾ ਨਾਮ ਭੀ ਸ: ਕਰੋੜਾ ਸਿੰਘ ਦੇ ਨਾਮ ਪਰ ਹੀ ਪ੍ਰਸਿੱਧ ਹੋ ਗਿਆ। ਇੰਨ੍ਹਾਂ ਦੇ ਨਾਲ ੯੨ ਹਜ਼ਾਰ ਜਵਾਨ ਹੁੰਦਾ ਸੀ ਅਤੇ ਇੰਨ੍ਹਾਂ ਦੇ ਅਧੀਨ ੯,੧੦ ਲੱਖ ਰੁਪੈ ਦਾ ਇਲਾਕਾ ਹੋ ਗਿਆ। ਸ੍ਰ: ਕਰਮ ਸਿੰਘ ਤੇ ਸ਼ਾਮ ਸਿੰਘ ਦੇ ਬਹੁਤ ਸਾਰੇ ਸਬੰਧੀਆਂ ਨੂੰ ਖਾਨ ਬਹਾਦਰ ਸੂਬਾ ਲਾਹੌਰ ਨੇ ਧੱਕੇ ਨਾਲ ਮੁਸਲਮਾਨ ਕਰ ਲਿਆ ਸੀ। ਦੀਵਾਨ ਦਰਬਾਰਾ ਸਿੰਘ ਪਾਸੋਂ ਦੁਬਾਰਾ ਅੰਮ੍ਰਿਤ ਛਕਕੇ ਸ੍ਰ: ਕਰਮ ਸਿੰਘ, ਸਿੰਘ ਸਜ ਗਏ ਅਤੇ ਸਿੰਘ ਦਲ ਵਿਚ ਸ਼ਾਮਲ ਹੋਕੇ ਦੁਸ਼ਮਨਾਂ ਪਾਸੋਂ ਆਪਣੇ ਸਬੰਧੀਆਂ ਪਰ ਜ਼ੁਲਮ ਕਰਨ ਦਾ ਚੰਗੀ ਤਰ੍ਹਾਂ ਬਦਲਾ ਲਿਆ। ਇਹ ਸਿੰਘ ਬੜਾ ਮਿਲਣਸਾਰ ਤੇ ਸਮਝਦਾਰ ਸੀ। ਇਸਨੇ ਆਪਣਾ ਇਕ ਵਖਰਾ ਜੱਥਾ ਬਣਾ ਲਿਆ ਅਤੇ ਜ਼ਾਲਮਾਂ ਦੀ ਸੋਧ ਕਰਦਾ ਰਿਹਾ। ਸੰਮਤ ੧੭੯੭ ਬਿ: ਵਿਚ ਨਾਦਰਸ਼ਾਹ ਦੇ ਵੇਲੇ ਇਹ ਸ਼ਹੀਦ ਹੋ ਗਿਆ। ਇਸ ਤੋਂ ਉਪ੍ਰੰਤ ਇਸਦਾ'ਸਾਥੀ ਸ੍ਰ: ਸ਼ਾਮ ਸਿੰਘ ਮਿਸਲ ਦਾ ਜਥੇਦਾਰ ਬਣਿਆ। ਜਦ ਤਕ ਜਊਂਦਾ ਰਿਹਾ ਇਸਨੇ ਭੀ ਬੜੀ ਬਹਾਦਰੀ ਦੇ ਕੰਮ ਕੀਤੇ। ਜਾਲੰਧਰ ਦੀ ਇਕ ਲੜਾਈ ਵਿਚ ਜੋ ਨਾਸਰਉਦੀਨ, ਨਵਾਬ ਜਲੰਧਰ ਅਦੀਨਾ ਬੇਗ ਤੇ ਸੋਢੀ ਵਡਭਾਗ ਸਿੰਘ ਦੇ ਵਿਚਕਾਰ ਹੋਈ। ਸ਼ੇਰ ਸ਼ਾਹ ਸਿਪਾਹ ਸਾਲਾਰ ਦਾ ਸਿਰ ਵੱਢ ਕੇ ਇਸਨੇ ਆਦੀਨਾ ਬੇਗ ਦੇ ਅਗੇ ਲਿਆ ਰਖਿਆ ਅਤੇ ਇਸ ਤਰ੍ਹਾਂ ਨਾਸਰਉਦੀਨ ਪਰ ਫਤਿਹ ਪ੍ਰਾਪਤ ਕਰਕੇ ਜਲੰਧਰ ਵਿਚ ਆਪਣਾ ਦਬਦਬਾ ਬਿਠਾ ਦਿਤਾ। ਸ੍ਰ: ਸ਼ਾਮ ਸਿੰਘ ੧੮੦੩ ਵਿਚ ਦੁਰਾਨੀਆਂ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਇਸਦੀ ਥਾਂ ਸ੍ਰ: ਕਰੋੜਾ ਸਿੰਘ ਬਰਕੀਆਂ ਜੋ ਆਰੰਭ ਤੋਂ ਹੀ ਇਨ੍ਹਾਂ ਦਾ ਸਾਥੀ ਸੀ ਮਿਸਲ ਦਾ ਜਥੇਦਾਰ ਥਾਪਿਆ ਗਿਆ।

ਇਹ ਬਹੁਤ ਸਿਆਣਾ ਤੇ ਸਾਹਿਬ ਇਕਬਾਲ ਸੀ। ਇਸਨੇ ਇਸ ਮਿਸਲ ਦਾ ਨਾਮ ਬਹੁਤ ਚਮਕਾਇਆ। ਮਹਾਰਾਜਾ ਭਰਤਪੁਰ ਭੀ ਇਨ੍ਹਾਂ ਦੇ ਮਿਤਰ ਬਣ ਗਏ ਅਤੇ ਉਨ੍ਹਾਂ ਨੇ ਇਨ੍ਹਾਂ ਦੇ ਨਾਲ ਮਿਲਕੇ ਕਈ ਜੰਗ ਜਿਤੇ। ਇਹ ਫਰੁਖਾਬਾਦ ਤਕ ਵਧਦੇ ਚਲੇ ਗਏ। ਇਨ੍ਹਾਂ ਦੇ ਸਾਹਮਣੇ ਕੋਈ ਨਾ ਅੜਿਆ। ੧੮੧੬ ਬਿ: ਨੂੰ ਇਸ ਨੇ ਸ਼ਾਮ ਚੌਰਾਸੀ ਅਤੇ ਹਰਯਾਨਾ ਜ਼ਿਲਾ ਹੁਸ਼ਿਆਰ ਪੁਰ ਵਿਚ ਅਪਣੀ ਬਹਾਦਰੀ ਦੇ ਜੌਹਰ ਦਿਖਾਏ ਅਤੇ ਇਹ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ।

ਬਟਾਲੇ ਦੇ ਪਾਸ ਇਕ ਵੇਰ ਦੁਰਾਨੀਆਂ ਦੇ ਲਸ਼ਕਰ ਨਾਲ ਸਿੰਘਾਂ ਦਾ ਭਾਰੀ ਜੰਗ ਹੋਇਆ। ਸ੍ਰ: ਕਰੋੜਾ ਸਿੰਘ ਭੀ ਇਸ ਵਿਚ ਸ਼ਾਮਲ ਸੀ। ਦੁਰਾਨੀਆਂ ਦਾ ਸਿਪਾਹ ਸਾਲਾਰ ਬੁਲੰਦ ਖਾਨ ਹਾਰ ਖਾ ਕੇ ਭਜ ਗਿਆ ਅਤੇ ਉਸਦਾ ਖਜ਼ਾਨਾ ਸ੍ਰ: ਕਰੋੜਾ ਸਿੰਘ ਨੇ ਲੁਟ ਲਿਆ। ਇਹ ਸਾਰੀ ਰਕਮ ਆਪ ਨੇ ਉਸੇ ਵੇਲੇ ਜਥਿਆਂ ਵਿਚ ਵੰਡ ਦਿਤੀ। ਸੰਮਤ ੧੮੧੮ ਨੂੰ ਗੁਲਾਮ ਕਾਦਰ ਰੁਹੇਲੇ ਨਾਲ ਤਿਰਾਵੜੀ ਦੇ ਮੁਕਾਮ ਪਰ ਹੋਈ। ਜੰਗ ਵਿਚ ਸ੍ਰ: ਕਰੋੜਾ ਸਿੰਘ ਜੀ ਸ਼ਹੀਦ ਹੋ ਗਏ। ਇਨ੍ਹਾਂ ਦੀ ਥਾਂ ਤੇ ਸ: ਬਘੇਲ ਸਿੰਘ ਧਾਲੀਵਾਲ ਦੇ ਵਸਨੀਕ ਜੋ ਇਨ੍ਹਾਂ ਦੇ ਭਰੋਸੇ ਯੋਗ ਸਾਥੀ ਸਨ ਮਿਸਲ ਦੇ ਜਥੇਦਾਰ ਬਣੇ।

Digitized by Panjab Digital Library | www.panjabdigilib.org

ਬਘੇਲ ਸਿੰਘ ਬੜਾ ਬਹਾਦਰ ਤੇ ਹਿੰਮਤ ਵਾਲਾ ਸਿੰਘ ਸੀ। ਇਸਨੇ ਖੁਰੰਦੀਨ, ਛੇਵਰੀ ਫਲੌਂਦੀ ਤੇ ਜਮੀਅਤ ਗੜ੍ਹ ਦਾ ਤਿੰਨ ਲੱਖ ਦਾ ਇਲਾਕਾ ਕਬਜ਼ੇ ਵਿਚ ਕਰ ਲਿਆ ਤੇ ਛਲੌਂਦੀ ਰਹਿਣ ਲਗ ਪਏ। ਇਸ ਤੋਂ ਇਲਾਵਾ ਇਲਾਕਾ ਦੁਆਬਾ ਭਿਸਤ ਤੇ ਹੁਸ਼ਿਆਰਪੁਰ ਦਾ ਦੋ ਲਖ ਦਾ ਇਲਾਕਾ ਪਹਿਲਾਂ ਹੀ ਇਸ ਮਿਸਲ ਦੇ ਅਧੀਨ ਸੀ।

ਸੰਮਤ ੧੮੨੫ ਬਿ: ਨੂੰ ਹਿੰਦੋਸਤਾਨ ਦੇ ਹਾਕਮਾਂ ਵਲੋਂ ਅਨਿਆਇ ਹੁੰਦਾ ਸੁਣ ਕੇ ੩੦ ਹਜ਼ਾਰ ਸਿੰਘਾਂ ਦਾ ਦਲ ਲੈਕੇ ਆਪ ਨੇ ਪੂਰਬ ਵਲ ਚੜ੍ਹਾਈ ਕੀਤੀ। ਜਲਾਲਾ ਬਾਦ ਦੇ ਹਾਕਮ ਨੇ ਇਕ ਬ੍ਰਿਹਮਣ ਦੀ ਲੜਕੀ ਨੂੰ ਜ਼ਬਰਦਸਤੀ ਆਪਣੇ ਘਰ ਪਾ ਲਿਆ ਸੀ ਤੇ ਇਸ ਨੇ ਸਿੰਘਾਂ ਪਾਸ ਫਰਿਆਦ ਕੀਤੀ ਸੀ ਇਸ ਲਈ ਸਭ ਤੋਂ ਪਹਿਲਾਂ ਸਿੰਘਾਂ ਨੇ ਜਲਾਲਾਬਾਦ ਪਰ ਧਾਵਾ ਕੀਤਾ। ਇਥੋਂ ਦੇ ਹਾਕਮ ਨੂੰ ਉਸਦੀ ਕੀਤੀ ਦਾ ਫਲ ਭੁਗਤਾਇਆ। ਇਸ ਤੋਂ ਪਿਛੋਂ ਖੁਰਜਾ, ਅਲੀਗੜ੍ਹ, ਚੰਦੋਸੀ ਤੇ ਹਾਥਰਸ ਆਦਿਕ ਸ਼ਹਿਰ ਫਤਹਿ ਕੀਤੇ। ਇਥੋਂ ਫਿਰ ਫਰਖਾਬਾਦ ਪੁਜੇ .ਇਥੋਂ ਦਾ ਨਵਾਬ ਈਸਾ ਖਾਨ ਖੂਬ ਲੜਿਆਂ। ਤਿੰਨ ਦਿਨ ਤੱਕ ਘਮਸਾਣ ਦਾ ਯੁਧ ਹੁੰਦਾ ਰਿਹਾ ਪਰ ਆਖਰਕਾਰ ਈਸੇ ਖਾਨ ਨੂੰ ਹਾਰ ਹੋਈ। ਇਥੋਂ ਖਾਲਸਾਈ ਸੈਨਾਂ ਅਗੇ ਵਧੀ ਤੇ ਕਈ ਸ਼ਹਿਰਾਂ ਨੂੰ ਫਤਹਿ ਕਰਕੇ ਮੁਰਾਦਾਬਾਦ, ਅਨੂਪ ਸ਼ਹਿਰ, ਬੁਲੰਦ ਸ਼ਹਿਰ ਅਤੇ ਬਿਜਨੌਰ ਆਦਿਕ ਸ਼ਹਿਰਾਂ ਨੂੰ ਸੋਧਿਆ। ਇਨ੍ਹਾਂ ਲੜਾਈਆਂ ਵਿਚ ਸ: ਜਸਾ ਸਿੰਘ ਆਹਲੂਵਾਲੀਆ ਆਦਿਕ ਕਈ ਸਰਦਾਰ ਫਟੜ ਹੋਏ ਇਸ ਕਰਕੇ ਖਾਲਸਾ ਦਲ ਪੰਜਾਬ ਵਲ ਮੁੜ ਆਇਆ।

ਇਧਰੋ ਵਾਪਸ ਆਕੇ ਸ: ਬਘੇਲ ਸਿੰਘ ਨੇ ਤਲਬਣ ਦੇ ਰਈਸ ਨੂੰ ਜਿਸ ਨੇ ਕੁਝ ਚਿਰ ਤੋਂ ਖਰਾਜ ਦੇਣਾ ਬੰਦ ਕਰ ਰਖਿਆ ਸੀ ਜਾਗੀਰ ਤੋਂ ਬੇਦਖਲ ਕਰ ਦਿਤਾ ਅਤੇ ਇਥੇ ਆਪਣਾ ਇਕ ਕਿਲਾ ਬਣਵਾਇਆ। ਇਸੇ ਤ੍ਰਾਂ ਦੀਵਾਨ ਸਿੰਘ ਨੂਰ ਮਹਿਲ ਵਾਲੇ ਪਾਸੋਂ ਉਸ ਦਾ ਇਲਾਕਾ ਲੈ ਲਿਆ। ਸੰਮਤ ੧੮੩੪ ਵਿਚ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਇਨ੍ਹਾ ਦੇ ਇਲਾਕੇ ਵਿਚ ਦਖਲ ਦੇਣਾ ਸ਼ੁਰੂ ਕੀਤਾ ਤਦ ਸ: ਬਘੇਲ ਸਿੰਘ ਨੇ ੨੦ ਹਜ਼ਾਰ ਫੌਜ਼ ਲੈਕੇ ਪਟਿਆਲੇ ਪਰ ਚੜ੍ਹਾਈ ਕਰ ਦਿੱਤੀ। ਘੁੜਾਮ ਦੇ ਪਾਸ ਦੋਹਾਂ ਪਾਸਿਆਂ ਵਿਚ ਮੁਠ ਭੇੜ ਹੋਈ ਪ੍ਰੰਤੂ ਅੰਤ ਸੁਲਾਹ ਹੋ ਗਈ ਅਤੇ ਮਹਾਰਾਜਾ ਅਮਰ ਸਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਸ: ਬਘੇਲ ਸਿੰਘ ਪਾਸੋਂ ਅੰਮ੍ਰਿਤ ਛਕਾਕੇ ਮਿੱਤ੍ਰਤਾ ਗੰਢ ਲਈ। ਇਸਦਾ ਫਲ ਇਹ ਹੋਇਆ ਕਿ ਇਸ ਤੋਂ ਪਿਛੋਂ ਹਰ ਇਕ ਲੜਾਈ ਵਿਚ ਸ: ਬਘੇਲ ਸਿੰਘ ਪਟਿਆਲੇ ਦੀ ਮਦਦ ਕਰਦੇ ਰਹੇ।

ਸ: ਬਘੇਲ ਸਿੰਘ ਬੜਾ ਦੂਰ ਅੰਦੇਸ਼ ਅਤੇ ਅਕਲਮੰਦ ਸੀ। ੧੮੩੧ ਬਿ: ਵਿਚ ਨਵਾਬ ਅਬਦੁਲਾ ਖਾਨ ਤੇ ਦਿਲੀ ਦੇ ਵਜ਼ੀਰ ਆਜ਼ਮ ਨੇ ਸਲਾਹ ਕਰਕੇ ਸਿੱਖਾਂ ਪਾਸੋਂ ਇਲਾਕਾ ਖਾਲੀ ਕਰਾਉਣ ਲਈ ਸ਼ਾਹਜ਼ਾਦਾ ਫਰਖੁੰਦਾ ਵਖਤ ਦੇ ਨਾਲ ਅਨਗਿਣਤ ਸੈਨਾਂ ਭੇਜੀ। ਇਸ ਨੇ ਸਭ ਤੋਂ ਪਹਿਲਾ ਸ: ਬਘੇਲ ਸਿੰਘ ਦੇ ਇਲਾਕੇ ਵਿਚੋਂ ਲੰਘਣਾ ਸੀ। ਇਸਨੇ ਉਨ੍ਹਾਂ ਨੂੰ ਕੁਝ ਨਾ ਆਖਿਆ ਅਤੇ ਇਸ ਇਲਾਕੇ ਦੇ ਕਈ ਸਿੰਘ ਸਰਦਾਰਾਂ ਨਾਲ ਸ਼ਾਹਜ਼ਾਦੇ ਨੇ ਬੜੀ ਮਿਲਤ ਰਖੀ। ਜਦ ਸ਼ਾਹਜ਼ਾਦਾ ਫੌਜ ਲੈਕੇ ਪਟਿਆਲੇ ਦੇ ਨੇੜੇ ਆਪੜਿਆ ਤਾਂ ਤਦ ਬਘੇਲ ਸਿੰਘ ਨੇ ਸਮਝ ਲਿਆ ਕਿ

Digitized by Panjab Digital Library | www.panjabdigilib.org

ਹੁਣ ਸ਼ਾਹੀ ਸੈਨਾ ਪਰ ਟੁਟ ਕੇ ਪੈਣ ਦਾ ਵਕਤ ਆ ਗਿਆ ਹੈ। ਉਸ ਨੇ ਮਹਾਰਾਜਾ ਪਟਿਆਲਾ ਨੂੰ ਖਬਰ ਭੇਜ ਦਿੱਤੀ ਕਿ ਤਕੜੇ ਰਹਿਣਾ ਅਸੀਂ ਆ ਰਹੇ ਹਾਂ। ਮਹਾਰਾਜਾ ਪਟਿਆਲਾ ਨੇ ਸ਼ਾਹੀ ਫੌਜ ਨੂੰ ਨਜ਼ਰਾਨਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਪੰਜਾਬ ਵਲੋਂ ੫੦ ਹਜ਼ਾਰ ਸਿੰਘਾਂ ਦੇ ਜੱਥੇ ਸੱਦ ਲਏ। ਹੁਣ ਸ਼ਾਹਜ਼ਾਦੇ ਨੂੰ ਪਤਾ ਲਗਿਆ ਕਿ ਮੈਂ ਤਾਂ ਚੌਹਾਂ ਪਾਸਿਆਂ ਤੋਂ ਸਿੰਘਾਂ ਵਿਚ ਘਿਰ ਗਿਆ ਹਾਂ। ਬਚਾਉ ਦੀ ਕੋਈ ਸੂਰਤ ਨਾ ਵੇਖਕੇ ਸ: ਬਘੇਲ ਸਿੰਘ ਨੂੰ ਵਿਚ ਪਾਕੇ ਸੁਲਾਹ ਦੀ ਗੱਲਬਾਤ ਚਲਾਈ। ਸ: ਜੀ ਨੇ ਕਿਹਾ ਪੰਜਾਹ ਹਜ਼ਾਰ ਸਿੰਘਾਂ ਦੇ ਆਉਣ ਜਾਣ ਦਾ ਖਰਚ ਦਿਤੇ ਬਿਨਾ ਤਾਂ ਵਾਪਸ ਮੁੜਨਾ ਬਹੁਤ ਕਠਨ ਹੈ। ਵਜ਼ੀਰ ਨੇ ਬਹੁਤ ਸਾਰਾ ਰੁਪਇਆ ਦਿਲੀ ਤੋਂ ਮੰਗਵਾ ਕੇ ਸਿੰਘਾਂ ਪਾਸੋਂ ਖਲਾਸੀ ਪਾਈ ਤੇ "ਜਾਨ ਬਚੀ ਔਰ ਲਾਖੋਂ ਪਾਇ ਲੌਟ ਕੇ ਬੁਧੂ ਘਰ ਕੋ ਆਇ" ਦੇ ਕਥਨ ਅਨੁਸਾਰ ਦਿੱਲੀ ਪੁਜ ਕੇ ਸ਼ੁਕਰ ਕੀਤਾ।

ਸੰਮਤ ੧੮੪੫ ਬਿਕਰਮੀ ਨੂੰ ਰਾਨਾ ਰਾਓ ਮਰਹਟਾ ਨੇ ਪੰਜਾਬ ਪਰ ਹਮਲਾ ਕੀਤਾ ਤਦ ਉਸ ਸਮੇਂ ਭੀ ਸ: ਬਘੇਲ ਸਿੰਘ ਨੇ ਇਹੋ ਚਾਲ ਚਲੀ। ਇਸੇ ਤਰਾ ਜਦ ਕੋਈ ਦਿਲੀ ਵਲੋਂ ਪੰਜਾਬ ਵਲ ਵਧਿਆ ਤਾਂ ਸ: ਬਘੇਲ ਸਿੰਘ ਐਸੀ ਸਿਆਣਪ ਤੋਂ ਕੰਮ ਲੈਂਦਾ ਰਿਹਾ ਕਿ ਜਦ ਉਸਨੇ ਸਿੰਘਾਂ ਵਿਚ ਘਿਰ ਜਾਣਾ ਤਾਂ ਵਿਚ ਪੈ ਕੇ ਸੁਲਾਹ ਕਰਵਾ ਦੇਣੀ ਅਤੇ ਖਾਲਸੇ ਨੂੰ ਨਜ਼ਰਾਨਾ ਦਵਾ ਦੇਣਾ। ਇਸ ਸਮੇਂ ਦਿਲੀ ਦਾ ਤਖਤ ਆਖਰੀ ਦਮ ਤੇ ਸੀ। ਦਿਲੀ ਦੀਆਂ ਕੰਧਾਂ ਦੇ ਅੰਦਰ ਬਰਾਏ ਨਾਮ ਹਕੂਮਤ ਰਹਿ ਗਈ ਸੀ। ਦੱਖਣ ਵਲੋਂ ਮਰਹਟੇ ਅਗੇ ਵਧ ਰਹੇ ਸਨ ਤੇ ਪੰਜਾਬ ਸਾਰਾ ਸਿਖਾਂ ਨੇ ਕਬਜ਼ੇ ਵਿਚ ਕਰ ਰਖਿਆ ਸੀ। ਇਹੋ ਜਿਹੀ ਹਾਲਤ ਵਿਚ ਸ: ਬਘੇਲ ਸਿੰਘ ਨੇ ਸੋਚਿਆ ਕਿ ਦਿਲੀ ਨੂੰ ਫਤਹਿ ਕਰਕੇ ਖਾਲਸੇ ਦਾ ਝੰਡਾ ਝੁਲਾ ਦਿਤਾ ਜਾਵੇ। ਇਹ ਸੋਚ ਕੇ ਉਹ ਨੇ ਸਾਰੇ ਸਿਖ ਰਾਜਿਆਂ ਨੂੰ ਤੇ ਜਥੇਦਾਰਾਂ ਨੂੰ ਖਬਰਾਂ ਭੇਜ ਦਿਤੀਆਂ। ਸਿੰਘ ਸਰਦਾਰ ਜੱਥੇ ਲੈ ਕੇ ਪੁਜ ਗਏ।

## ਖਾਲਸੇ ਦਾ ਦਿੱਲੀ ਪਰ ਕਬਜ਼ਾ

ਸੰਮਤ ੧੮੪੬ ਵਿਚ ਖਾਲਸਾ ਦਲ ਨੇ ੪੦ ਹਜ਼ਾਰ ਸਿੰਘਾਂ ਦਾ ਲਸ਼ਕਰ ਲੈ ਕੇ ਦਿਲੀ ਪਰ ਚੜ੍ਹਾਈ ਕਰ ਦਿਤੀ। ਰਾਹ ਦੇ ਸਾਰੇ ਇਲਾਕੇ ਨੂੰ ਫਤਹਿ ਕਰਕੇ ਖਾਲਸਾ ਦਲ ਮਜਨੂੰ ਦੇ ਟਿਲੇ ਪਾਸ ਜਾ ਉਤਰਿਆ। ਅਜਮੇਰੀ ਦਰਵਾਜ਼ੇ ਵਲੋਂ ਸ਼ਹਿਰ ਵਿਚ ਦਾਖਲ ਹੋਕੇ ਸ਼ਹਿਰ ਦੇ ਕਈ ਬਾਜ਼ਾਰਾਂ ਪਰ ਕਬਜ਼ਾ ਕਰ ਲਿਆ। ਕਟੜਾ ਨੀਲਾ ਤੇ ਮੁਗਲਾ ਮਹੱਲੇ ਪਰ ਭੀ ਖਾਲਸਾ ਦਲ ਦਾ ਅਧਿਕਾਰ ਹੋ ਗਿਆ ਤਾਂ ਸ਼ਹਿਰ ਦੇ ਲੋਕੀ ਨਸ ਪਏ। ਮੁਗ਼ਲ ਸਿੰਘਾਂ ਦਾ ਟਾਕਰਾ ਨਾ ਕਰ ਸਕੇ। ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਕਿਲੇ ਅੰਦਰ ਦਾਖਲ ਹੋ ਗਏ। ਸਾਰੇ ਸਿੰਘਾਂ ਨੇ ਸਲਾਹ ਕਰਕੇ ਸ: ਜੱਸਾ ਸਿੰਘ ਆਹਲੂ ਵਾਲੀਆ ਨੂੰ ਤਖਤ ਪਰ ਬਿਠਾ ਦਿਤਾ ਤੇ ਇਸ ਦਿਨ ਤੋਂ ਇਹ ਸਿੰਘਾਂ ਵਿਚ ਬਾਦਸ਼ਾਹ ਦੇ ਨਾਮ ਤੋਂ ਪ੍ਰਸਿੱਧ ਹੋ ਗਿਆ।

ਮਿਰਜ਼ਾ ਗੌਹਰ ਅਲੀ ਸ਼ਾਹ ਆਲਮ ਸਾਨੀ ਨੇ ਵਜ਼ੀਰ ਆਜ਼ਮ ਨੂੰ ਸਦ ਕੇ ਆਖਿਆ ਕਿ ਜਿਵੇਂ ਹੋ ਸਕੇ ਸਿੰਘਾਂ ਤੋਂ ਪਿਛਾ ਛੁਡਾਉ। ਦੋਹਾਂ ਨੇ ਸਲਾਹ ਕਰਕੇ ਸ: ਬਘੇਲ ਸਿੰਘ ਨੂੰ ਸਦਿਆ। ਆਪਨੇ

Digitized by Panjab Digital Library | www.panjabdigilib.org

ਸਾਫ ਕਹਿ ਦਿਤਾ ਕਿ ਖਾਲਸਾ ਤੁਹਾਡਾ ਮੁਲਕ ਖੋਹਣਾ ਨਹੀਂ ਚਾਹੁੰਦਾ, ਤੁਸੀਂ ਜ਼ੁਲਮ ਅਤੇ ਅਨਿਆਇ ਕਰਨਾ ਛਡ ਦਿਉ। ਇਸ ਸ਼ਹਿਰ ਵਿਚ ਸਿੰਘਾਂ ਦੇ ਜੋ ਗੁਰਦਵਾਰੇ ਹਨ ਉਨ੍ਹਾਂ ਨੂੰ ਬਣਵਾ ਦਿਉ ਅਤੇ ਸਿੰਘਾਂ ਨੂੰ ਹਰਜਾਨਾ ਦੇ ਦਿਉ ਇਹ ਵਾਪਸ ਚਲੇ ਜਾਣਗੇ। ਸਿਮਰੂ ਬੇਗਮ ਦਾ ਬਾਦਸ਼ਾਹ ਨਾਲ ਬਹੁਤ ਰਸੂਖ ਸੀ ਤੇ ਇਸ ਨੂੰ ਇਕ ਵੇਰ ਸ: ਬਘੇਲ ਸਿੰਘ ਨੇ ਬਚਾਇਆ ਸੀ। ਇਸ ਨੇ ਵਿਚ ਪੈ ਕੇ ਫੈਸਲਾ ਕਰਵਾ ਦਿਤਾ। ਹੇਠ ਲਿਖੀਆਂ ਸ਼ਰਤਾਂ ਤੇ ਹੋਈਆਂ।

(੧) ਖਾਲਸੇ ਨੂੰ ਤਿੰਨ ਲੱਖ ਰੁਪਇਆ ਹਰਜਾਨਾ ਦਿਤਾ ਜਾਵੇ।

(੨) ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਸ: ਬਘੇਲ ਸਿੰਘ ਦੇ ਸਪੁਰਦ ਕਰ ਦਿਤਾ ਜਾਵੇ।

(੩) ਜਦ ਤੱਕ ਗੁਰਦਵਾਰਿਆ ਦੀ ਸੇਵਾ ਨਾ ਹੋਵੇ ਸ: ਬਘੇਲ ਸਿੰਘ ਜੀ ੪੦੦੦ ਸਿੰਘਾਂ ਸਮੇਤ ਦਿੱਲੀ ਵਿੱਚ ਰਹਿਣਗੇ।

ਸ: ਬਘੇਲ ਸਿੰਘ ਜੀ ਦੀ ਨਿਗਰਾਨੀ ਵਿਚ ਹੇਠ ਲਿਖੇ ਗੁਰਦਵਾਰਿਆਂ ਦੀ ਸੇਵਾ ਕਰਵਾਈ ਗਈ।

ਤੇਲੀ ਵਾੜਾ ਵਿਚ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੇ ਰਹਿਣ ਵਾਲੀ ਥਾਂ ਪਰ ਗੁਰਦਵਾਰਾ ਬਣਵਾਇਆ ਗਿਆ।

ਮੁਹਲਾ ਜੈ ਪੁਰ ਵਿਚ ਗੁਰਦਵਾਰਾ ਬੰਗਲਾ ਸਾਹਿਬ ਬਣਵਾਇਆ ਗਿਆ। ਇਥੇ ਗੁਰੂ ਹਰ ਕ੍ਰਿਸ਼ਨ ਜੀ ਜੋਤੀ ਜੋਤ ਸਮਾਏ ਸਨ।

ਜਮਨਾ ਦੇ ਕੰਢੇ ਪਰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ, ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਦੀਆਂ ਅੰਤਮ ਯਾਦਗਾਰਾਂ ਬਣਵਾਈਆਂ ਗਈਆਂ।

ਗੁਰਦਵਾਰਾ ਰਕਾਬ ਗੰਜ ਉਸ ਅਸਥਾਨ ਪਰ ਬਣਾਇਆ ਗਿਆ ਜਿਥੇ ਲੱਖੀ ਨਾਮ ਦੇ ਵਣਜਾਰੇ ਸਿਖ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਦੇਹ ਦਾ ਅਪਣੇ ਘਰ ਨੂੰ ਅੱਗ ਲਾਕੇ ਸਸਕਾਰ ਕੀਤਾ ਸੀ।

ਇਸ ਤੋਂ ਉਪ੍ਰੰਤ ਉਸ ਪਵਿੱਤ੍ਰ ਅਸਥਾਨ ਦੀ ਭਾਲ ਸ਼ੁਰੂ ਹੋਈ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਇਕ ਬਿਰਧ ਇਸਤ੍ਰੀ ਨੇ ਦਸਿਆ ਕਿ ਬੋਹੜ ਦੇ ਦਰਖਤ ਦੇ ਪਾਸ ਜਿਥੇ ਮਸਜਦ ਬਣੀ ਹੋਈ ਹੈ ਉਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਮੇਰਾ ਮਾਲਕ ਉਸ ਸਮੇਂ ਮਸ਼ਕ ਲਈ ਪਾਸ ਖੜਾ ਸੀ। ਸ: ਬਘੇਲ ਸਿੰਘ ਜੀ ਨੇ ਇਸ ਥਾਂ ਥੜਾ ਬਣਵਾ ਦਿਤਾ। ਮੁਸਲਮਾਨ ਤਲਵਾਰਾਂ ਧੂਹ ਕੇ ਆ ਗਏ। ਦੋਹਾਂ ਪਾਸਿਆਂ ਵਿਚ ਲੜਾਈ ਹੋਈ। ਵਜ਼ੀਰ ਸਾਹਿਬ ਨੇ ਵਿਚ ਪੈ ਕੇ ਸਮਝੋਤਾ ਕਰਵਾ ਦਿਤਾ। ਦੋਹਾਂ ਪਾਸਿਆਂ ਤੋਂ ਥੋੜੀ ਜਿਹੀ ਥਾਂ ਛਡ ਕੇ ਥੜਾ ਕਾਇਮ ਰਖਿਆ ਤੇ ਪਾਸ ਹੀ ਮਸਜਦ ਭੀ ਬਣਵਾ ਦਿਤੀ। ਸਿਖਾਂ ਨੂੰ ਖੁਸ਼ ਕਰਨ ਲਈ ਕੁਝ ਜ਼ਮੀਨ ਕੋਤਵਾਲੀ ਤੇ ਬਾਜ਼ਾਰ ਵਲ ਛਡ ਕੇ ਬਾਰਾਂ ਦਰੀ ਬਣਵਾ ਦਿਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਦਿਤਾ। ਇਸ ਗੁਰਦਵਾਰੇ ਦਾ ਨਾਮ ਸੀਸ ਗੰਜ ਰਖਿਆ ਗਿਆ। ਸੰਮਤ ੧੯੧੪ ਬਿ: ਨੂੰ ਜਦ ਗਦਰ ਵਿਚ ਅੰਗਰੇਜ਼ਾਂ ਨੇ

Digitized by Panjab Digital Library | www.panjabdigilib.org

ਦਿਲੀ ਫਤਹਿ ਕੀਤੀ ਤਾਂ ਸਿੱਖ ਸਰਦਾਰਾਂ ਦੇ ਜ਼ੋਰ ਦੇਣ ਪਰ ਮਸਜਦ ਵਲੋਂ ਹੋਰ ਥਾਂ ਲੈਕੇ ਗੁਰਦਵਾਰੇ ਦੀ ਥਾਂ ਖੁਲੀ ਕਰਵਾ ਦਿਤੀ ।

ਮੁਸਲਮਾਨਾਂ ਨੇ ਕਲਕਤੇ ਅਪੀਲ ਕਰਕੇ ਮਸਜਦ ਫਿਰ ਬਣਵਾ ਲਈ ਉਪ੍ਰੰਤ ਮਹਾਰਾਜਾ ਰਘਬੀਰ ਸਿੰਘ ਜੀਂਦ ਪਤੀ ਨੇ ਵਲਾਇਤ ਤੋਂ ਆਗਿਆ ਲੈ ਕੇ ਮਸਜਦ ਦੀ ਥਾਂ ਵਡਾ ਗੁਰਦੁਆਰਾ ਬਣਵਾਇਆ । ਜਦ ਗੁਰਦੁਆਰੇ ਮੁਕੰਮਲ ਹੋ ਗਏ ਤਾਂ ਸਃ ਬਘੇਲ ਸਿੰਘ ਨੇ ਬਾਦਸ਼ਾਹ ਨੂੰ ਕਿਹਾ ਹੁਣ ਮੈਂ ਪੰਜਾਬ ਜਾਣਾ ਚਾਹੁੰਦਾ ਹਾਂ । ਬਾਦਸ਼ਾਹ ਨੇ ਗਲਾਨ ਵਿਚ ਪੁਛਿਆ ਕਿ ਹੁਣ ਜਦ ਖਾਲਸੇ ਦੀ ਧਾਂਕ ਸਾਰੇ ਦੇਸ਼ ਵਿਚ ਬੈਠ ਗਈ ਹੈ ਅਤੇ ਹਰ ਇਕ ਇਨ੍ਹਾਂ ਦਾ ਲੋਹਾ ਮੰਨਦਾ ਹੈ ਤਾਂ ਆਪੋ ਵਿਚ ਅੱਡ ਅੱਡ ਜਥੇ ਬਣਾ ਕੇ ਕਿਉਂ ਰਹਿੰਦੇ ਹਨ ਤਾਂ ਸਃ ਬਘੇਲ ਸਿੰਘ ਜੀ ਨੇ ਕਿਹਾ ਰਾਇ ਦਾ ਅੱਡ ਅੱਡ ਹੋਣਾ ਕੁਦਰਤੀ ਗਲ ਹੈ ਪ੍ਰੰਤੂ ਜਦੋਂ ਕਿਸੇ ਸਾਂਝੇ ਦੁਸ਼ਮਨ ਨਾਲ ਟਾਕਰਾ ਹੋਵੇ ਤਾਂ ਖਾਲਸਾ ਇਕੱਠਾ ਹੈ । ਬਾਦਸ਼ਾਹ ਸ: ਜੀ ਦਾ ਇਹ ਉਤਰ ਸੁਣਕੇ ਸਮਝ ਗਿਆ ਕਿ ਸਿੱਖ ਕਿਤਨੇ ਸਮਝਦਾਰ ਹਨ । ਇਸ ਸਮੇਂ ਸ: ਬਘੇਲ ਸਿੰਘ ਜੀ ਨੂੰ ੫੦੦੦ ਰੁਪਿਆ ਕੜਾਹ ਪ੍ਰਸ਼ਾਦ ਲਈ ਦਿਤਾ । ੧੮੫੭ ਬਿਃ ਵਿਚ ਸ: ਬਘੇਲ ਸਿੰਘ ਅੰਮ੍ਰਿਤਸਰ ਪੁਜਿਆ । ਇਥੋਂ ਤਰਨ ਤਾਰਨ ਇਸ਼ਨਾਨ ਕਰਕੇ ਆਪਣੇ ਇਲਾਕਿਆਂ ਦਾ ਪ੍ਰਬੰਧ ਕਰਨ ਲਗਾ ਅਤੇ ਸੰਮਤ ੧੮੫੯ ਬਿ: ਵਿਚ ਚੜਾਈ ਕਰ ਗਿਆ । ਮਗਰੋਂ ਇਨ੍ਹਾਂ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਹੌਲੀ ਹੌਲੀ ਆਪਣੇ ਰਾਜ ਵਿਚ ਮਿਲਾ ਲਿਆ ਤੇ ਸਤਲੁਜ ਤੋਂ ਪੂਰਬ ਦਾ ਇਲਾਕਾ ਅੰਗਰੇਜ਼ਾਂ ਨੇ ਮਲ ਲਿਆ ।

ਸ: ਬਘੇਲ ਸਿੰਘ ਦੇ ਘਰ ਕੋਈ ਪੁਤਰ ਨਹੀਂ ਸੀ । ਇਨ੍ਹਾਂ ਦੀਆਂ ਦੋ ਸ਼ਾਦੀਆਂ ਸਨ । ਜਦ ਅੰਗਰੇਜ਼ਾਂ ਨੇ ਛਲੌਦੀ ਦੇ ਕਿਲੇ ਪਰ ਕਬਜ਼ਾ ਕੀਤਾ ਤਾਂ ਸਰਦਾਰਨੀ ਰਤਨ ਕੌਰ ਪਾਸੋਂ ੭੫ ਲਖ ਨਕਦ ਰੁਪਿਆ ਤੇ ਗਹਿਣੇ ਆਦਿਕ ਨਿਕਲੇ ਅਤੇ ਹੋਰ ਇਤਨਾ ਕੀਮਤੀ ਸਾਮਾਨ ਨਿਕਲਿਆ ਕਿ ਅੰਗਰੇਜ਼ ਹੈਰਾਨ ਰਹਿ ਗਏ । ਇਸ ਤੋਂ ਦੁਨੀਆਂ ਨੂੰ ਇਹ ਸਬਕ ਸਿਖਣਾ ਚਾਹੀਦਾ ਹੈ ਕਿ ਜੋ ਧਨ ਦੌਲਤ ਹੋਵੇ ਧਰਮ ਅਰਥ ਖਰਚ ਕਰ ਦਣ ਸੰਭਾਲ ਕੇ ਰਖੀ ਹੋਈ ਮਾਇਆ ਕਿਥੇ ਅਰਥ ਨਹੀਂ ਆਉਂਦੀ ।

# ਸਤਵੀਂ ਮਿਸਲ ਸ਼ਹੀਦਾਂ ਦੀ

ਇਸ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਸ਼ਹੀਦ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਸਨ। ਬਾਬਾ ਦੀਪ ਸਿੰਘ ਤੋਂ ਬੁੜ੍ਹਾ ਸਿੰਘ ਜੀ ਆਦਿਕ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਰਹੇ ਸਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਖਣ ਵਲ ਚਲੇ ਗਏ ਤਾਂ ਬਾਬਾ ਜੀ ਦੇ ਸਪੁਰਦ ਤਖਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਕੀਤਾ ਗਿਆ। ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਵਲ ਗੁਰੂ ਜੀ ਦੇ ਹੁਕਮ ਅਨੁਸਾਰ ਆਏ ਤਾਂ ਬਾਬਾ ਦੀਪ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ ਅਤੇ ਸਢੌਰਾ ਆਦਿਕ ਫਤਹਿ ਕਰਨ ਸਮੇਂ ਇਸ ਮਿਸਲ ਦੇ ਸਿੰਘਾਂ ਨੇ ਸਭ ਤੋਂ ਅਗੇ ਹੋਕੇ ਲੜਾਈਆਂ ਕੀਤੀਆਂ ਕਿਉਂਕਿ ਇਸ ਮਿਸਲ ਦੇ ਆਗੂ ਸਭ ਤੋਂ ਮੂਹਰੇ ਹੋਕੇ ਲੜਦੇ ਸਨ ਅਤੇ ਸ਼ਹੀਦ ਹੋਣ ਦੀ ਪ੍ਰਵਾਹ ਨਹੀਂ ਕਰਦੇ ਸਨ ਇਸ ਕਰਕੇ ਇਸ ਮਿਸਲ ਦਾ ਨਾਮ ਹੀ ਸ਼ਹੀਦਾਂ ਦੀ ਮਿਸਲ ਪੈ ਗਿਆ।

ਬਾਬਾ ਦੀਪ ਸਿੰਘ ਜੀ ਨੇ ਜਿਹੜੀ ਬੀੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਵਾਈ ਸੀ। ਉਸ ਤੋਂ ਚਾਰ ਉਤਾਰੇ ਕਰਵਾਏ। ਇਕ ਅਕਾਲ ਤਖਤ ਅੰਮ੍ਰਿਤਸਰ ਭੇਜਿਆ। ਇਕ ਸ੍ਰੀ ਅਨੰਦ ਪੁਰ ਸਾਹਿਬ, ਇਕ ਪਟਨਾ ਸਾਹਿਬ ਦਖਨ ਹੈਦਰਾਬਾਦ ਨੂੰ ਨਾਲ ਲੈ ਕੇ ਗਏ ਤੇ ਇਕ ਦਮਦਮਾ ਸਾਹਿਬ ਰਖਿਆ *। ਸੰਮਤ ੧੮੧੬ ਬਿ: ਨੂੰ ਜਦ ਅਦੀਨਾ ਬੇਗ ਦੇ ਮਰਨ ਸਮੇਂ ਜਲੰਧਰ ਦਾ ਇਲਾਕਾ ਸਿਖਾਂ ਦੇ ਕਬਜ਼ੇ ਵਿਚ ਆ ਗਿਆ ਤਾਂ ਸਿਆਲਕੋਟ ਦਾ ਇਲਾਕਾ ਫਤਹਿ ਕਰਕੇ ਆਪਣੇ ਸਾਥੀ ਦਿਆਲ ਸਿੰਘ ਤੇ ਨਥਾ ਸਿੰਘ ਦੇ ਹਵਾਲੇ ਕਰ ਦਿਤਾ। ਉਹ ਸ਼ਹੀਦ ਕਰਮ ਸਿੰਘ ਦੇ ਸਮੇਂ ਤਕ ਤਾਂ ਕੁਝ ਨਾ ਕੁਝ ਭੇਜ ਦਿੰਦੇ ਰਹੇ ਪ੍ਰੰਤੂ ਜਦ ਸ: ਗੁਲਾਬ ਸਿੰਘ ਨੇ ਜ਼ਿਦ ਬਾਜ਼ੀ ਰਖੀ ਤਾਂ ਉਨ੍ਹਾਂ ਨੇ ਸਾਰੀ ਜਾਗੀਰ ਗੁ: ਬੇਰ ਸਾਹਿਬ ਦੇ ਨਾਮ ਲਗਵਾ ਦਿਤੀ।

ਸੰਮਤ ੧੮੧੭ ਬਿ: ਨੂੰ ਬਾਬਾ ਦੀਪ ਸਿੰਘ ਜੀ ਨੇ ਕਰਤਾਰਪੁਰ ਵਿਚ ੬ ਮਹੀਨੇ ਠਹਿਰਕੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਨੂੰ ਕਰਤਾਰਪੁਰ ਵਾਲੀ ਬੀੜ ਨਾਲ ਸੋਧਿਆ। ਪ੍ਰਸ਼ਾਦਿ ਸ: ਜੱਸਾ ਸਿੰਘ ਆਹਲੂਵਾਲੀਆ ਦੇ ਲੰਗਰ ਵਿਚੋਂ ਛਕਦੇ ਰਹੇ। ੧੮੧੮ ਵਿਚ ਦੁਰਾਨੀਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਬੇਅਦਬੀ ਕੀਤੀ। ਇਹ ਸੁਣਕੇ ਸਿੰਘਾਂ ਵਿਚ ਸਖਤ ਰੋਸ ਫੈਲ ਗਿਆ ਅਤੇ ਬਾਬਾ ਦੀਪ ਸਿੰਘ ਜੀ ਪਾਸੋਂ ਨਾ ਰਿਹਾ ਗਿਆ। ਆਪ ਨੇ ਮਾਲਵੇ ਵਿਚ ਦੌਰਾ ਕਰਕੇ ਅਤੇ ਕਈ ਥਾਈਂ ਭਾਰੀ ਦੀਵਾਨ ਸੁਣਾਕੇ ਸਿੰਘਾਂ ਨੂੰ ਬੇਅਦਬੀ ਰੋਕਣ ਲਈ ਪ੍ਰੇਰਨਾ ਕਰਕੇ ਤਿਆਰ ਕੀਤਾ। ਲੱਖੀ ਜੰਗਲ ਅਤੇ ਹੋਰ ਕਈ ਥਾਈਂ ਭਾਰੀ ਦੀਵਾਨ ਕੀਤੇ ਅਤੇ ਜਦ ਕਾਫੀ ਗਿਣਤੀ ਵਿਚ ਸਿੰਘ ਤਿਆਰ ਹੋ ਗਏ ਤਾਂ ਬਾਬਾ ਦੀਪ ਸਿੰਘ ਜੀ

---

* ਬਾਬਾ ਜੀ ਨੇ ਇਸ ਬੀੜ ਦੇ ਪੰਜਾਂ ਬੋਲੀਆਂ ਵਿਚ ਪੰਜ ਉਤਾਰੇ ਕੀਤੇ ਜੋ ਉਨ੍ਹਾਂ ਬੋਲੀਆਂ ਵਾਲੇ ਮੁਲਕਾਂ ਵਿਚ ਭੇਜੇ ਗਏ।

ਦੇਖੋ ਚਿਠੀ ਭਾਈ ਈਸ਼ਰ ਸਿੰਘ ਜੀ ਦੀ। ਮਾਲਵੇ ਦੇ ਚਮਕਦੇ ਗੁਰ ਅਸਥਾਨ

Digitized by Panjab Digital Library | www.panjabdigilib.org

ਭਾਈ ਨਥਾ ਸਿੰਘ ਨੂੰ ਤਖਤ ਸਾਹਿਬ ਦਾ ਪ੍ਰਬੰਧ ਸੌਂਪ ਕੇ ਅੰਮ੍ਰਿਤਸਰ ਵਲ ਕੂਚ ਕੀਤਾ। ਬਾਬਾ ਜੀ ਨੇ ਫੂਲ, ਮਰਾੜ, ਬਰਾਜ, ਭੁਚੋ, ਗੋਬਿੰਦਪੁਰਾ ਕੋਟਕਪੂਰੇ ਆਦਿਕ ਵਿਚ ਦੀਵਾਨ ਸਜਾਏ ਅਤੇ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਦਾ ਹਿਰਦੇ ਵੇਧਕ ਵਰਣਨ ਕਰਕੇ ਸਿੰਘਾਂ ਵਿਚ ਰੋਸ ਪ੍ਰਗਟ ਕੀਤਾ। ਆਪਦੇ ਨਾਲ ਦਸ ਹਜ਼ਾਰ ਸਿੰਘ ਤਿਆਰ ਹੋ ਗਏ।

ਜਦ ਦੁਰਾਨੀਆਂ ਨੂੰ ਪਤਾ ਲਗਿਆ ਤਾਂ ਉਹ ਭੀ ਅਗੋਂ ਸਿੰਘਾਂ ਦਾ ਟਾਕਰਾ ਕਰਨ ਲਈ ਤਿਆਰ ਹੋ ਗਏ। ਗੋਹਲਵੜ ਦੇ ਪਾਸ ਲੜਾਈ ਸ਼ੁਰੂ ਹੋ ਗਈ। ਦੋਹਾਂ ਪਾਸਿਆਂ ਤੋਂ ਸਖਤ ਮੁਕਾਬਲਾ ਹੋਇਆ। ਇਤਹਾਸਕ ਪੁਸਤਕਾਂ ਵਿਚ ਲਿਖਿਆ ਹੈ ਕਿ ਸਿੰਘਾਂ ਨੇ ਐਸੀ ਤੇਗ ਵਾਹੀ ਕਿ ਪੰਜ ਛੇ ਮੀਲ ਵਿਚ ਲੋਥ ਤੇ ਲੋਥ ਚਾੜ ਦਿੱਤੀ। ਧਰਤੀ ਨੇ ਸ਼ਹੀਦਾ ਦੇ ਖੂਨ ਨਾਲ ਰੰਗਕੇ ਸੂਹਾ ਸਾਲੂ ਪਹਿਨਿਆ। ਚਬੇ ਦੇ ਨੇੜੇ ਸ਼ਾਹ ਜਮਾਲ ਖਾਨ ਤੇ ਬਾਬਾ ਦੀਪ ਸਿੰਘ ਜੀ ਵਿਚਕਾਰ ਆਹਮੋ ਸਾਹਮਣੇ ਮੁਕਾਬਲਾ ਹੋ ਗਿਆ। ਦੋਹਾਂ ਯੋਧਿਆ ਦੇ ਐਸੇ ਤੁਲਵੇਂ ਵਾਰ ਹੋਏ ਕਿ ਇਕੋ ਸਮੇਂ ਦੋਹਾਂ ਦੇ ਸਿਰ ਧੜਾਂ ਤੋਂ ਅੱਡ ਹੋ ਕੇ ਜਾ ਪਏ। ਬਾਬਾ ਦੀਪ ਸਿੰਘ ਜੀ ਨੇ ਸੀਸ ਇਕ ਹੱਥ ਪਰ ਰਖ ਕੇ ਖੰਡਾ ਖੜਕਾਇਆ ਅਤੇ ਆਪਣੇ ਕੀਤੇ ਪ੍ਰਣ ਅਨਸਾਰ ਸੀਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਜਾ ਸੁਟਿਆ। ਇਸ ਜੰਗ ਵਿਚ ਸ: ਰਾਮ ਸਿੰਘ, ਸਜਣ ਸਿੰਘ, ਬਹਾਦਰ ਸਿੰਘ, ਅਗੜ ਸਿੰਘ, ਹੀਰਾ ਸਿੰਘ ਆਦਿਕ ਕਈ ਨਾਮੀ ਸਿੰਘ ਸ਼ਹੀਦ ਹੋਇ। ਜਿਨ੍ਹਾਂ ਦੇ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਵਿਚ ਮੌਜੂਦ ਹਨ। ਦੁਰਾਨੀਆ ਨੂੰ ਹਾਰ ਹੋਈ। ਉਹ ਭਜ ਨਿਕਲੇ। ਸਿੰਘਾਂ ਨੇ ਜਿਸ ਵੇਲੇ ਸ੍ਰੀ ਦਰਬਾਰ ਸਾਹਿਬ ਦੀ ਹਾਲਤ ਵੇਖੀ ਤਾਂ ਉਨ੍ਹਾਂ ਨੂੰ ਬਹੁਤ ਦੁਖ ਹੋਇਆ। ਉਨ੍ਹਾਂ ਨੇ ਫੈਸਲਾ ਕਰ ਕੇ ਇਕੋ ਰਾਤ ਵਿਚ ਦੁਸ਼ਮਨਾਂ ਦੇ ਬਹੁਤ ਸਾਰੇ ਥਾਨੇ ਤੇ ਤਹਿਸੀਲਾਂ ਸਾੜ ਦਿਤੀਆਂ।

ਜਦ ਦੁਰਾਨੀ ਬਾਦਸ਼ਾਹ ਨੂੰ ਇਸ ਗਲ ਦਾ ਪਤਾ ਲਗਿਆ ਤਾਂ ਉਸ ਨੇ ਹੋਰ ਬਹੁਤ ਸਾਰੀ ਫੌਜ ਇਕੱਠੀ ਕਰਕੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦਾ ਹੁਕਮ ਦਿਤਾ। ਸ਼ਾਹ ਨਜ਼ਾਮ ਦੀਨ, ਅਰ ਬੁਲੰਦ ਖਾਨ, ਜਾਬਰ ਖਾਨ, ਜ਼ਾਲਮ ਖਾਨ ਆਦਿਕ ਫੌਜਦਾਰ ੨੦ ਹਜ਼ਾਰ ਫੌਜ ਲੈ ਕੇ ਅੰਮ੍ਰਿਤਸਰ ਵਲ ਵਧ ਆਏ। ਸ: ਗੁਰਬਖਸ਼ ਸਿੰਘ ਸ਼ਹੀਦ ਸ੍ਰੀ ਅਨੰਦ ਪੁਰ ਤੋਂ ਸਿੰਘਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪੁਜ ਗਏ। ਇਹ ਸਿੰਘ ਸ਼ਹੀਦ ਹੋਣ ਦੇ ਅਰਦਾਸੇ ਸੋਧ ਕੇ ਆਇ ਸਨ। ਅੰਮ੍ਰਿਤਸਰ ਦੇ ਨੇੜੇ ਖੂਬ ਲੜਾਈ ਹੋਈ ਜਿਸ ਵਿਚ ਬਾਬਾ ਗੁਰਬਖਸ਼ ਸਿੰਘ, ਸ: ਬਸੰਤ ਸਿੰਘ, ਸ: ਨਿਹਾਲ ਸਿੰਘ ਆਦਿਕ ਵਡੇ ਵਡੇ ਸਿੰਘ ਸ਼ਹੀਦ ਹੋ ਗਏ। ਤੇ ਜੋ ਸਿੰਘ ਬਾਕੀ ਬਚੇ ਉਹ ਬਾਸਰਕੇ ਦੀ ਬੀੜ ਵਿਚ ਜਾ ਵੜੇ। ਬਾਬਾ ਗੁਰਬਖਸ਼ ਸਿੰਘ ਸ਼ਹੀਦ ਦਾ ਅਸਥਾਨ ਅਕਾਲ ਤਖਤ ਬੁੰਗੇ ਦੇ ਪਿਛੇ ਅਤੇ ਨਿਹਾਲ ਸਿੰਘ ਜੀ ਦਾ ਚੁਰਸਤੀ ਅਟਾਰੀ ਦੇ ਪਾਸ ਬਣਿਆ ਹੋਇਆ ਹੈ।

ਬਾਬਾ ਦੀਪ ਸਿੰਘ ਜੀ ਦੇ ਥਾਂ ਸਰਦਾਰ ਸੁਧ ਸਿੰਘ। ਬਾਬਾ ਗੁਰਬਖਸ਼ ਸਿੰਘ ਦੇ ਥਾਂ ਸੂਬਾ ਸਿੰਘ ਤੇ ਸ਼ਹੀਦ ਬਸੰਤ ਸਿੰਘ ਦੀ ਥਾਂ ਸਰਦਾਰ ਪ੍ਰੇਮ ਸਿੰਘ ਜੀ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਥਾਪੇ ਗਏ ਸਰਦਾਰ ਸੁਧ ਸਿੰਘ ੧੮੧੬ ਬਿਕ੍ਰਮੀ ਨੂੰ ਦੋ ਕੋਹੇ ਦੇ ਪਾਸ ਹੋਈ ਇਕ ਲੜਾਈ ਵਿਚ ਸ਼ਹੀਦ ਹੋ ਗਏ।

Digitized by Panjab Digital Library | www.panjabdigilib.org

ਸ੍ਰੀ ਦਮਦਮਾਂ ਸਾਹਿਬ ਦੇ ਪਾਸ ਰਾਣੀਆਂ ਵਾਲੇ ਜਾਬਤਾ ਖਾਨ ਦੀ ਹਮੇਸ਼ਾ ਸਿੰਘ ਨਾਲ ਛੇੜਾ ਛਾੜੀ ਰਹਿੰਦੀ ਸੀ ਇਕ ਬੇਰ ਸਿੰਘਾਂ ਨੇ ਇਸ ਨੂੰ ਇਤਨੇ ਕਰੜੇ ਹਥ ਵਿਖਾਏ ਕਿ ਇਸ ਨੇ ੧੨ ਪਿੰਡ ਸਿੰਘਾਂ ਨੂੰ ਦੇਕੇ ਖੈਹੜਾ ਛੁਡਾਇਆ ਜਿਨਾਂ ਪਿੰਡਾਂ ਵਿਚੋਂ ਸਤਾਂ ਪਿੰਡਾਂ ਦੀ ਆਮਦਨ ੩੬੦੦ ਛਤੀ ਸੌ ਰੁਪਆ ਹੁਣ ਤਕ ਗੁਰਦੁਆਰੇ ਦਮਦਮਾਂ ਸਾਹਿਬ ਦੇ ਨਾਮੇ ਮਾਫੀ ਹੈ। "ਸ੍ਰੀ ਦਮਦਮਾਂ ਸਾਹਿਬ ਵਿਚ ੪੦੪ ਸਿੰਘ ੧੦ ਜੰਬੂਰੇ ੨ ਤੋਪਾਂ ਰਹਿੰਦੀਆਂ ਸਨ ਸਃ ਕਰਮ ਸਿੰਘ ਨੇ ਬਾਬਾ ਨਥਾ ਸਿੰਘ ਨੂੰ ਬਦਲਕੇ ਆਪਣੀ ਜਾਗੀਰ ਵਿਚ ਭੇਜ ਦਿਤਾ ਅਤੇ ਸ: ਰਣਿ ਸਿੰਘ ਨੂੰ ਇਹਨਾਂ ਦੀ ਥਾਂ ਤਖਤ ਦਾ ਪ੍ਰਬੰਧਕ ਥਾਪ ਦਿਤਾ ਜਿਸ ਨੇ ਤੀਹਵਾਂ ਪਿੰਡ ਦਬਾ ਲਿਆ ਜੋ ਹੁਣ ਤਕ ਏਹਨਾਂ ਦੀ ਸੰਤਾਨ ਦੇ ਪਾਸ ਹੈ।

ਸ: ਕਰਮ ਸਿੰਘ ਨੇ ਸਹਾਰਨਪੁਰ ਵਿਚ ਰਣਖੰਡੀ ਤੇ ਬੜਥਾ ਦਾ ਇਕ ਲਖ ਦਾ ਇਲ ਕਾ ਕਬਜੇ ਵਿਚ ਕਰ ਲਿਆ ਜੋ ੩੦ ਸਾਲ ਤਕ ਇਸ ਦੇ ਅਧੀਨ ਰਿਹਾ ਇਸ ਦੇ ਪਿਛੇ ਇਸਦੇ ਪੁਤ੍ਰ ਗੁਲਾਬ ਸਿੰਘ ਦੀ ਨਾਲਾਇਕੀ ਕਰਕੇ ਇਹ ਇਲਾਕੇ ਖੁਸ ਗਏ।

ਸ: ਗੁਲਾਬ ਸਿੰਘ ਪਿਛੋਂ ਸ: ਸ਼ਿਵ ਕ੍ਰਿਪਾਲ ਸਿੰਘ ਗਦੀ ਪਰ ਬੈਠਾ ਇਸ ਤੋਂ ਪਿਛੋਂ ਇਸਦਾ ਪੁਤ੍ਰ ਸ: ਜੀਵਨ ਸਿੰਘ ਗਦੀ ਪਰ ਬੈਠਾ ਜਿਸਦਾ ਵਿਆਹ ਮਹਾਰਾਜਾ ਪਟਿਆਲਾ ਦੀ ਲੜਕੀ ਬੀਬੀ ਬਚਿਤ੍ਰਕੌਰ ਨਾਲ ਹੋਇਆ ਸ਼ਹੀਦਾਂ ਦੀ ਮਿਸਲ ਦੀ ਜਾਇਦਾਦ ਸ੍ਰੀ ਅੰਮ੍ਰਿਤਸਰ ਵਿਚ ਭੀ ਹੈ ਤੇ ਸਹੀਦ ਬੁੰਗਾ ਭੀ ਹੈ।

ਇਸ ਪ੍ਰਕਾਰ ਇਸ ਮਿਸਲ ਦਾ ਮਾਲਵੇ ਦੇ ਇਤਿਹਾਸ ਨਾਲ ਗੂਹੜਾ ਸਬੰਧ ਰਿਹਾ ਹੈ। ਅਤੇ ਮਾਲਵੇ ਦੇ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਨੇ ਹੀ ਇਸ ਮਿਸਲ ਦਾ ਨਾਮ ਸਾਰੇ ਪੰਥ ਵਿਚ ਰੋਸ਼ਨ ਕੀਤਾ ਬਾਬਾ ਨਥਾ ਸਿੰਘ ਦਿਆਲ ਸਿੰਘ ਦੋਵੇ ਭਰਾ ਸਿਆਲਕੋਟ ਬਾਬੇ ਦੀ ਬੇਰ ਗੁਰਦੁਆਰੇ ਰਹੇ ਤੇ ਲੰਗਰ ਚਲਾਉਂਦੇ ਰਹੇ ਜਦ ਦਸਵੀ ਵਾਰ ਅਹਿਮਦਿ ਸ਼ਾਹ ਦੁਰਾਨੀ ਨੇ ੧੮੧੯ ਈ: ਵਿਚ ਹਮਲਾ ਕੀਤਾ ਚੁਗਲਾਂ ਨੇ ਭੇਤ ਦੇਕੇ ਬਹੁਤ ਸਾਰੇ ਸਿੰਘ ਨੂੰ ਕਤਲ ਕਰਵਾ ਦਿਤਾ ਤੇ ਬਹੁਤ ਸਾਰੇ ਹਿੰਦੂ ਲੋਕ ਬਿਗਾਰ ਵਿਚ ਫੜੇ ਗਏ ਇਸ ਵੇਲੇ ਬਾਦਸ਼ਾਹ ਦੀ ਫ਼ੌਜ ਸ਼ਾਹਬਾਦ ਵਿਚ ਬੀਮਾਰ ਹੋ ਗਈ। ਤੇ ਬਹੁਤ ਸਾਰਿਆਂ ਨੂੰ ਜ਼ਬਰਦਸਤੀ ਮੁਸਲਮਾਨ ਕੀਤਾ ਗਿਆ ਉਸ ਵੇਲੇ ਬਾਬਾ ਨੰਧਾ ਸਿੰਘ ਦਿਆਲ ਸਿੰਘ ਨੇ ਹੋਰ ਸਰਦਾਰਾਂ ਰਣਜੀਤ ਸਿੰਘ ਦੀਵਾਨ ਸਿੰਘ ਆਦਿ ਨੂੰ ਨਾਲ ਲੈਕੇ ਅੱਠ ਹਜ਼ਾਰ ਫੌਜ ਲੈਕੇ ਦੁਰਾਨੀਆਂ ਪਰ ਹਮਲਾ ਕੀਤਾ । ਤੇ ਸੱਤ ਹਜ਼ਾਰ ਫੜੇ ਹੋਏ ਹਿੰਦੂ ਛੁਡਾਏ। ਜੋ ਹਮਲਾ ਹੋਣ ਪਰ ਦੁਰਾਨੀਆਂ ਦਾ ਮਾਲ ਅਸਬਾਬ ਲੈਕੇ ਸਿੰਘਾਂ ਦੇ ਕੈਂਮ ਵਿਚ ਆ ਗਏ। ਅਹਿਮਦ ਸ਼ਾਹ ਪਸ਼ੌਰ ਪਹੁੰਚ ਚੁਕਾ ਸੀ। ਤੇ ਸਿੰਘਾਂ ਨੇ ਦਰਿਆ ਝਨਾ ਦੇ ਪਾਸ ਦੁਰਾਨੀਆਂ ਪਰ ਹਮਲਾ ਕੀਤਾ ਸੀ। ਅੱਲਾ ਯਾਰਖਾਂ ਦੁਰਾਨੀ ਹਾਕਮ ਫੌਜ ਲੈਕੇ ਆਇਆ। ਸ: ਦਿਆਲ ਸਿੰਘ ਸ਼ਹੀਦ ਨੇ ਝਨਾ ਦਾ ਪੁਲ ਤੁੜਵਾ ਦਿਤਾ ਤੇ ਉਸ ਨੂੰ ਪਰੇ ਹੀ ਰੋਕ ਦਿੱਤਾ ਤੇ ਸਿੰਘਾਂ ਨੇ ਦੁਰਾਣੀਆਂਦੇ ਕਈ ਸਰਦਾਰ ਤੇ ਬਹੁਤ ਸਾਰੀ ਫੌਜ ਤਬਾਹ ਕੀਤੀ। ਫਤਹ ਪਾਕੇ ਸਿਆਲਕੋਟ ਆਏ ਤੇ ਜੋ ਹਿੰਦੂ ਛੁਡਾਏ ਸਨ ਸਭ ਨੂੰ ਖਰਚ ਦੇਕੇ ਘਰੀ ਪਹੁੰਚਾਇਆ।

Digitized by Panjab Digital Library | www.panjabdigilib.org

ਜਦੋਂ ਦੁਰਾਨੀਆਂ ਦੇ ਹਮਲੇ ਬੰਦ ਹੋਏ ਤਾਂ ਦੀਪਮਾਲਾ ਦੇ ਮੇਲੇ ਪਰ ਦੀਵਾਨ ਵਿਚ ਦੋਹਾਂ ਭਾਈਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਪੰਥ ਅਗੇ ਬੇਨਤੀ ਕੀਤੀ ਕਿ ਜਿਨਾਂ ਚੌਧਰੀਆਂ ਚੁਗਲਾਂ ਨੇ ਦੁਰਾਨੀਆਂ ਪਾਸੋਂ ਚੁਗਲੀ ਕਰਕੇ ਸਿੰਘ ਮਰਵਾਏ ਤੇ ਇਨਾਮ ਲਏ ਹਨ। ਉਨ੍ਹਾਂ ਨੂੰ ਸੋਧਣਾ ਚਾਹੀਦਾ ਹੈ। ਇਹ ਤਜਵੀਜ਼ ਪਾਸ ਹੋਈ ਤੇ ਅਰਦਾਸਾ ਕਰਕੇ ਦੋਨੋਂ ਭਾਈ ਹੋਰ ਸਰਦਾਰਾਂ ਸਮੇਤ ਫੌਜ ਲੈ ਕੇ ਚੜ੍ਹ ਪਏ। ਮੱਸੇ ਰੰਘੜ ਦਾ ਖਾਨਦਾਨ ਨਿਬੇੜਿਆ। ਗੁਰੂ ਕੇ ਜੰਡਿਆਲੇ ਦੇ ਮਹੰਤ ਆਕਲ ਦਾਸ ਨੂੰ ਅਕਲ ਦਿਤੀ। ਫੇਰ ਸਠਿਆਲੇ, ਬੁਡਾਲੇ ਦੇ ਚੌਧਰੀਆਂ ਨੂੰ ਸੋਧਿਆ। ਝੰਡਾ, ਭਾਨਾ, ਕਰਮਾ, ਲਾਜੂ ਇਨਾਂ ਚੋਹਾਂ ਨੇ ਦੁਰਾਨੀਆਂ ਨੂੰ ਕਹਿ ਕੇ ਦਰਬਾਰ ਸਾਹਿਬ ਢੁਹਾਇਆ ਸੀ। ਚੌਹਾਂ ਨੂੰ ਧਰਤੀ ਵਿਚ ਗਡ ਕੇ ਜੋਧੇ ਤੀਰਾਂ ਦੀ ਮਾਰ ਨਾਲ ਮਾਰਿਆ, ਇਸੇ ਤਰਾਂ ਢੀਨੇ, ਘਣੀਆ, ਡਫਰਵਾਲ, ਕਲਾ ਨੌਰ ਆਦਿ ਥਾਵਾਂ ਦੇ ਸਭ ਚੌਧਰੀਆਂ ਨੂੰ ਸਜ਼ਾਵਾਂ ਦਿਤੀਆਂ। ਏਹ ਸੋਧ ਸੁਧਾਈ ਦਾ ਕੰਮ ਕਰਕੇ ਦੋਵੇਂ ਭਾਈ ਸਿਆਲ ਕੋਟ ਜਾ ਟਿਕੇ। ਦਿਆਲ ਸਿੰਘ ਤਾਂ ਇਕ ਜੰਗ ਵਿਚ ਸ਼ਹੀਦ ਹੋ ਗਿਆ ਸੀ। ਏਨਾਂ ਦੋਹਾਂ ਭਾਈਆਂ ਨੇ ਵਿਆਹ ਨਹੀਂ ਕਰਾਇਆ ਸੀ। ਸਦਾ ਭਜਨ ਕੀਰਤਨ ਕਰਦੇ ਧਰਮ ਯੁਧ ਵਿਚ ਸ਼ਾਮਲ ਹੋ ਕੇ ਪੰਥ ਦੀ ਸੇਵਾ ਕਰਦੇ ਰਹੇ। ਬੜੀ ਜਤੀ ਸਤੀ ਪ੍ਰਕਰਮੀ ਸਨ। ਬਾਬਾ ਨੱਥਾ ਸਿੰਘ ਬਹੁਤ ਚਿਰ ਤਕ ਜਿਉਂਦੇ ਰਹੇ। ਬਾਬੇ ਕੀ ਬੇਰ ਹੀ ਟਿਕਦੇ ਰਹੇ। ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਦਾ ਦਰਸ਼ਨ ਕਰਨ ਜਾਂਦੇ ਤੇ ਸਦਾ ਉਨ੍ਹਾਂ ਦਾ ਮਾਣ ਸਤਕਾਰ ਕਰਦੇ ਰਹੇ। ਬਾਬਾ ਨੱਥਾ ਸਿੰਘ ਦੇ ਚਲਾਣਾ ਕਰ ਜਾਣ ਪਿਛੋਂ ਮਹਾਂ ਸਿੰਘ ਗੁਰਦਵਾਰੇ ਦੀ ਸੇਵਾ ਕਰਦਾ ਰਿਹਾ, ਫੇਰ ਨਿਹਾਲ ਸਿੰਘ ਮਹੰਤ ਹੋਇਆ, ਫੇਰ ਪ੍ਰੇਮ ਸਿੰਘ ਦੇ ਵੇਲੇ ਚੰਗੀ ਰੌਣਕ ਹੋਈ। ਅਕਾਲੀ ਲਹਿਰ ਵਿਚ ਇਹ ਗੁਰਦੁਆਰਾ ਸ: ਖੜਕ ਸਿੰਘ ਜੀ ਦੀ ਹਿੰਮਤ ਨਾਲ ਪੰਥਕ ਪ੍ਰਬੰਧ ਵਿਚ ਆਇਆ। ਅੰਗਰੇਜ਼ਾਂ ਦੇ ਆਉਣ ਪਰ ਬਹੁਤ ਸਾਰੀ ਜਾਗੀਰ ਜਬਤ ਹੋ ਕੇ ਸਤ ਹਜ਼ਾਰ ਹੀ ਬਾਕੀ ਰਹਿ ਗਈ ਸੀ, ਹੁਣ ਗੁਰਦੁਆਰਾ ਪਾਕਿਸਤਾਨ ਵਿਚ ਹੈ। ਦੇਖੋ ਕਦੋਂ ਫੇਰ ਆਜ਼ਾਦ ਹੁੰਦਾ ਹੈ।

ਏਸ ਮਿਸਲ ਦੇ ਵਡੇ ਵਡੇ ਨਾਮੀ ਸਿੰਘ ਬਹੁਤੇ ਜੰਗਾਂ ਵਿਚ ਜਾ ਸ਼ਹੀਦ ਹੋਏ ਸਨ। ਏਹ ਸਿੰਘ ਸ਼ਹੀਦੀ ਗਾਨੇ ਬੰਨ ਕੇ ਜੰਗ ਲੜਿਆ ਕਰਦੇ ਸਨ। ਬਾਬਾ ਰਾਮ ਸਿੰਘ ਬੇਦੀ ਸਾਹ ਦੀ ਦੁਰਾਨੀ ਫੌਜਦਾਰ ਨਾਲ ਸਿਹਰੇ ਬੰਨ ਕੇ ਜੰਗ ਵਿਚ ਗਿਆ ਸੀ ਤੇ ਸਿਰ ਲਹਿ ਜਾਣ ਪਿਛੋਂ ਬਾਬਾ ਦੀਪ ਸਿੰਘ ਵਾਂਗ ਉਨ੍ਹਾਂ ਦਾ ਧੜ ਹੀ ਲੜਦਾ ਰਿਹਾ।

Digitized by Panjab Digital Library | www.panjabdigilib.org

# † ਅਠਵੀਂ ਮਿਸਲ ਫੈਜ਼ਲ ਪੁਰੀਆ ਸਰਦਾਰਾਂ †

† † † † † † †

ਇਸ ਮਿਸਲ ਨੂੰ ਫੈਜ਼ਲ ਪੁਰੀਆ ਦੀ ਮਿਸਲ ਕਹਿੰਦੇ ਹਨ। ਇਸ ਦਾ ਕਾਰਨ ਇਹ ਕਿ, ਜਦ ਸ: ਕਪੂਰ ਸਿੰਘ ਨੇ ਜੋ ਇਸ ਮਿਸਲ ਦਾ ਬਾਨੀ ਤੇ ਪਿੰਡ ਫੈਜ਼ਲ ਪੁਰ ਦਾ ਰਹਿਣ ਵਾਲਾ ਸੀ। ਆਪਣੇ ਇਲਾਕੇ ਤੇ ਕਬਜ਼ਾ ਕੀਤਾ, ਤਦ ਇਹਨਾਂ ਦਾ ਨਾਮ ਫੈਜ਼ਲ ਪੁਰੀਆ ਪੈ ਗਿਆ। ਫੈਜ਼ਲ ਪੁਰੀ ਮੁਸਲਮਾਨੀ ਨਾਂ ਹੋਣ ਕਰਕੇ ਇਸ ਪਿੰਡ ਦਾ ਇਹਨਾਂ ਨੇ ਨਾਮ ਸਿੰਘ ਪੁਰ ਰਖ ਦਿਤਾ ਤੇ ਮਸ਼ਹੂਰ ਹੋ ਗਿਆ ਤੇ ਮਿਸਲ ਹਾ ਨਾਮ ਭੀ ਸਿੰਘ ਪੁਰੀਏ ਪੈ ਗਿਆ।

ਕਪੂਰ ਸਿੰਘ ਦਾ ਪੂਰਾ ਵਰਤਾਂਤ ਇਸ ਤਰਾਂ ਹੈ ਕਿ ਸੰ: ੧੭੮੩ ਬਿਕਰਮੀ ਨੂੰ ਜਦ ਇਹਨਾਂ ਵੇਖਿਆ ਕਿ ਮੁਸਲਮਾਨ ਹਿੰਦੂਆਂ ਤੇ ਜ਼ੁਲਮ ਕਰ ਰਹੇ ਹਨ ਤੇ ਸਿਖਾਂ ਦੀ ਇਕ ਖੜੀ ਬਹਾਦਰ ਕੌਮ ਉਤਪਨ ਹੋਈ ਹੈ, ਜੋ ਮੁਸਲਮਾਨਾਂ ਨੂੰ ਉਹਨਾਂ ਦੀ ਕਰਨੀ ਦਾ ਬਦਲਾ ਦੇਣ ਲਈ ਤਤਪਰ ਹੋਈ ਹੈ। ਤਦ ਇਹ ਵੀ ਆਪਣੀ ਖੁਸ਼ੀ ਨਾਲ ਅੰਮ੍ਰਿਤਸਰ ਪੁਜ ਕੇ ਆਪਣੇ ਸਕੇ ਭਰਾ ਦੀਵਾਨ ਸਿੰਘ ਤੇ ਹੋਰ ਬਹੁਤ ਸਾਰੇ ਜ਼ਿਮੀਂਦਾਰਾਂ ਨੂੰ ਨਾਲ ਲੈ ਕੇ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਦੀਵਾਨ ਸਿੰਘ ਦਰਬਾਰਾ ਸਿੰਘ ਨਾਲ ਲੈ ਕੇ ਮੁਸਲਮਾਨਾਂ ਦੀ ਸੋਧ ਕਰਨ ਲਗ ਪਿਆ। ਸੰ: ੧੭੯੦ ਬਿ: ਵਿਚ ਜਦੋਂ ਕਿ ਦਿਲੀ ਦੇ ਬਾਦਸ਼ਾਹ ਨੇ ਸਿਖਾਂ ਵਾਸਤੇ ਸਵਾ ਲਖ ਦੀ ਜਾਗੀਰ ਤੇ ਨਵਾਬੀ ਦਾ ਖਤਾਬ ਮਨਜ਼ੂਰ ਕੀਤਾ। ਤਦ ਇਹ ਖਿਤਾਬ ਸ: ਕਪੂਰ ਸਿੰਘ ਨੂੰ ਦਿਤਾ ਗਿਆ। ਨਵਾਬ ਕਪੂਰ ਸਿੰਘ ਆਪਣੇ ਆਪ ਵਿਚ ਬੜੇ ਹੌਸਲੇ ਵਾਲਾ ਸੀ। ਲੜਾਈ ਵਿਚ ਇਹ ਮਸਤ ਹਾਥੀ ਦੀ ਤਰ੍ਹਾਂ ਜਾਨ ਦੀ ਪਰਵਾਹ ਨਹੀਂ ਕਰਦਾ ਸੀ। ਇਸ ਨੂੰ ਫਖਰ ਸੀ ਕਿ ਇਹਦਾ ਸਰੀਰ ਲੜਾਈ ਦੇ ਫੱਟਾਂ ਨਾਲ ਛਾਨਣੀ ਹੋ ਗਿਆ ਸੀ ਪਰ ਇਹ ਪਿਛੇ ਨਹੀਂ ਹਟਿਆ। ਇਸ ਨੇ ਹਜ਼ਾਰਾਂ ਹੀ ਆਦਮੀਆਂ ਨੂੰ ਅੰਮ੍ਰਿਤ ਛਕਾਇਆ ਤੇ ਸਿੰਘ ਬਣਾਇਆ। ਚੂੰਕਿ ਖਾਲਸੇ ਵਿਚ ਇਹਨੂੰ ਸਤਕਾਰਿਆ ਜਾਂਦਾ ਸੀ ਇਸ ਲਈ ਲੋਕੀਂ ਇਸ ਪਾਸੋਂ ਅੰਮ੍ਰਿਤ ਛਕਣਾ ਚੰਗਾ ਸਮਝਦੇ ਸਨ। ਠੀਕਰੀ ਵਾਲੇ ਵਿਚ ਪਿੰਡ ਵਾਲਾ ਖੂਹ ਮਹਾਰਾਜਾ ਆਲਾ ਸਿੰਘ ਪਟਿਆਲੇ ਵਾਲੇ ਨੇ ਅੰਮ੍ਰਿਤ ਛਕ ਕੇ ਲਗਵਾਇਆ ਸੀ, ਇਹ ਹੁਣ ਤਕ ਮੌਜੂਦ ਹੈ। ਇਹਨਾਂ ਦੇ ਡੇਰੇ ਵਾਲੇ ਦਰਖਤ ਹੇਠਾਂ ਹਿੰਦੂ ਮੁਸਲਮਾਨ ਸੁਖਣਾਂ ਸੁਖਦੇ ਹਨ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵੰਡਦੇ ਹਨ। ਇਹ ਇਨ੍ਹਾਂ ਦੀ ਲੋਕਾਂ ਵਿਚ ਹਮਦਰਦੀ ਸੀ। ਇਹਨਾਂ ਦੇ ਨਾਲ ਤਿੰਨ ਹਜ਼ਾਰ ਸਿਪਾਹੀ ਰਹਿੰਦੇ ਸਨ ਜੋ ਬੜੇ ਦਲੇਰ ਅਤੇ ਬਹਾਦਰ ਸਨ।

ਨਵਾਬ ਕਪੂਰ ਸਿੰਘ ਨੇ ਦਿਲੀ ਦੀਆਂ ਦੀਵਾਰਾਂ ਤਕ ਹਥ ਮਾਰਿਆ ਤੇ ਸੈਂਕੜੇ ਮੁਸਲਮਾਨਾਂ ਅਤੇ ਰਈਸਾਂ ਨੂੰ ਸੋਧਿਆ। ਦਰਿਆ ਸਤਲੁਜ ਦੇ ਲਹਿੰਦੇ ਤੇ ਚੜਦੇ ਦੇ ੬ ਲੱਖ ਦੇ ਮੁਲਕ ਤੇ ਕਬਜ਼ਾ ਕਰ ਲਿਆ। ਇਸ ਵਿਚ ਸੰਦੇਹ ਨਹੀਂ ਕਿ ਧਨ ਤੇ ਦੌਲਤ ਦੇ ਕਾਰਨ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਤੋਂ ਵਦੀਆਂ ਸਨ। ਪਰ ਸਾਰੀਆਂ ਮਿਸਲਾਂ ਹੀ ਇਸਨੂੰ ਸਤਕਾਰਦੀਆਂ ਸਨ। ਮੌਲਵੀ ਬੂਟੇ ਸ਼ਾਹ ਨਵਾਬ ਕਪੂਰ ਸਿੰਘ ਦੀ ਬਾਬਤ ਇਉਂ ਲਿਖਦਾ ਹੈ।

Digitized by Panjab Digital Library | www.panjabdigilib.org

"ਨਵਾਬ ਕਪੂਰ ਸਿੰਘ ਪਰਤਾਪੀ ਉਚੇ ਕਦ ਚੌੜੀ ਛਾਤੀ ਤੇ ਬੜਾ ਤਾਕਤਵਰ ਤੇ ਵਡਾ ਦਾਨੀ ਸੀ। ਇਹਦੇ ਲੰਗਰ ਵਿਚੋਂ ਹਰ ਵੇਲੇ ਗਰੀਬਾਂ ਨੂੰ ਪ੍ਰਸ਼ਾਦਿ ਮਿਲਦਾ ਰਹਿੰਦਾ ਸੀ। ਜਿਹੜਾ ਇਸ ਨੂੰ ਇਕ ਵੇਰੀ ਮਿਲ ਪੈਂਦਾ ਉਹਦਾ ਦਿਲ ਵਿਛੜਨ ਨੂੰ ਨਹੀਂ ਕਰਦਾ ਸੀ। ਫਤਿਹ ਨੇ ਇਨ੍ਹਾਂ ਦੇ ਕਦਮ ਚੁੰਮੇ।

੧੮੧੭ ਬਿ: ਨੂੰ ਨਵਾਬ ਕਪੂਰ ਸਿੰਘ ਨੇ ਪੰਥ ਖਾਲਸੇ ਨੂੰ ਅੰਮ੍ਰਿਤਸਰ ਇਕੱਠਾ ਕਰਕੇ ਆਪਣੀ ਮਿਸਲ ਦੀ ਸਰਪ੍ਰਸਤੀ ਆਪਣੇ ਭਰਾ ਖੁਸ਼ਹਾਲ ਸਿੰਘ ਨੂੰ ਤੇ ਜਥੇਦਾਰੀ ਦੀ ਦਸਤਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਦਿਤੀ ਤੇ ਆਪ ਅਸੂ ਸ਼ੁਦੀ ਇਕਾਦਸ਼ੀ ਨੂੰ ਚਲਾਣਾ ਕਰ ਗਏ। ਆਪ ਦੀ ਸਮਾਧ ਮਹਾਰਾਜਾ ਰਣਧੀਰ ਸਿੰਘ ਕਪੂਰਥਲੇ ਵਾਲੇ ਨੇ ਬਣਵਾਈ।

ਖੁਸ਼ਹਾਲ ਸਿੰਘ ਨੇ ਵੀ ਅਨੇਕਾਂ ਆਦਮੀਆਂ ਨੂੰ ਅੰਮ੍ਰਿਤ ਛਕਾਇਆ ਤੇ ਗਰੀਬਾਂ ਦੀ ਮਦਦ ਕੀਤੀ। ੧੮੨੦ ਬਿ: ਨੂੰ ਜੈਨ ਖਾਂ ਦੇ ਮਰਨ ਤੇ ਖਾਲਸੇ ਨੇ ਸਰਹੰਦ ਦੇ ੫੨ ਲਖ ਦੇ ਮੁਲਕ ਉਤੇ ਕਬਜ਼ਾ ਕਰ ਲਿਆ। ੧੮੨੫ ਨੂੰ ਸ਼ੇਖ ਨਜਾਮ ਦੀਨ ਜਾਲੰਧਰੀ ਦੀ ਹਾਰ ਪਿਛੋਂ ਇਲਾਕਾ ਖੁਸ਼ਹਾਲ ਸਿੰਘ ਦੇ ਕਬਜ਼ੇ ਵਿਚ ਆਇਆ। ਜਾਲੰਧਰ ਬਲੰਦ ਗੜ੍ਹ ਪਟੀ ਨੂਰਪੁਰ ਦਾ ੩ ਲੱਖ ਦਾ ਇਲਾਕਾ ਇਸ ਦੇ ਬੇਟੇ ਬੁਧ ਸਿੰਘ ਦੇ ਕਬਜ਼ੇ ਵਿਚ ਆਇਆ ਬਹੁਤ ਸਾਰੇ ਪਿੰਡ ਛਤ ਬਨੂੜ ਤੇ ਮਹਾਰਾਜਾ ਪਟਿਆਲਾ ਦੀ ਮਦਦ ਨਾਲ ਰਾਏਕੋਟ ਦੇ ਰਈਸ ਤੋਂ ਜਿਤ ਲਏ। ੨੩ ਚੇਤ ੧੮੫੨ ਨੂੰ ਖੁਸ਼ਹਾਲ ਸਿੰਘ ਦੇ ਮਰਨ ਪਿਛੋਂ ਇਸ ਨੇ ਆਪਣੇ ਵਡਿਆਂ ਵਾਂਗੂ ਬੜਾ ਯਸ਼ ਖਟਿਆ।

ਇਕ ਲਖ ਰੁਪਿਆ ਖਰਚ ਕਰਕੇ ਨੂਰ ਦੀਨ ਦੇ ਮਕਾਨ ਢੁਆ ਕੇ ਤਰਨ ਤਾਰਨ ਦਾ ਤਾਲਬਾ ਬਣਵਾ ਕੇ ਗੁਰੂ ਅਰਜਣ ਦੇਵ ਜੀ ਦੇ ਵਾਕ ਪੂਰੇ ਕੀਤੇ। ਬੁਧ ਸਿੰਘ ਨੇ ਕਸੂਰ ਤੇ ਮੁਲਤਾਨ ਦੀਆਂ ਜੰਗਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕੀਤੀ ਪਰ ਅਣ ਬਣ ਦੇ ਕਾਰਨ ਇਹ ਸਤਲੁਜ ਤੋਂ ਪਾਰ ਚਲਾ ਗਿਆ। ੧੮੧੩ ਵਿਚ ਚਲਾਣਾ ਕਰ ਗਿਆ ਤੇ ਇਹਦਾ ਇਲਾਕਾ ਖਾਲਸਾ ਰਾਜ ਨਾਲ ਮਿਲਾ ਲਿਆ ਗਿਆ।

ਇਨ੍ਹਾਂ ਦੇ ਸਤ ਲੜਕੇ ਸਨ ਜਿਨ੍ਹਾਂ ਵਿਚੋਂ ਅਮਰ ਸਿੰਘ ਸਾਰਿਆਂ ਤੋਂ ਵਡਾ ਸੀ। ਜੋ ਆਪਣੇ ਪਿਤਾ ਦੀ ਜਗਾਹ ਖਾਨਦਾਨ ਦਾ ਮਾਲਕ ਬਣਿਆ। ਇਸ ਵੇਲੇ ਇਨ੍ਹਾਂ ਦੇ ਕਬਜ਼ੇ ਵਿਚ ਕੇਵਲ ਡੇਢ ਲਖ ਦਾ ਇਲਾਕਾ ਸੀ। ਸ: ਅਮਰ ਸਿੰਘ ਨੇ ਆਪਣੇ ਭਾਈ ਭੂਪਾਲ ਸਿੰਘ ਨੂੰ ਘਣੌਲੀ ਗੁਪਾਲ ਸਿੰਘ ਨੂੰ ਮਨੌਲੀ ਲਾਲ ਸਿੰਘ ਬੰਗਾ ਹਰਦਿਆਲ ਸਿੰਘ ਨੂੰ ਬੇਲਾ ਗੁਰਦਿਆਲ ਸਿੰਘ ਨੂੰ ਅਟੱਲ ਗੜ੍ਹ ਦਿਆਲ ਸਿੰਘ ਨੂੰ ਕੰਬੋਲਾ ਦੇਕੇ ਆਪਣੇ ਪਾਸ ਭਰਤ ਗੜ੍ਹ ਦਾ ਇਲਾਕਾ ਰਖਿਆ। ਪਰ ਅਮਰ ਸਿੰਘ ਆਪਣੇ ਪੁਤਰ ਦੀ ਮੌਤ ਤੋਂ ਜਲਦੀ ਹੀ ਪਿਛੋਂ ੧੯੦੪ ਵਿਚ ਮਰ ਗਿਆ।

ਅਮਰ ਸਿੰਘ ਦੇ ਸੰਤਾਨ ਹੀਨ ਮਰਨ ਤੇ ਉਹਨਾਂ ਦੀ ਜਾਗੀਰ ਘਨੌਲੀ ਤੇ ਮਧੌਲੀ ਦੇ ਸਰਦਾਰਾਂ ਵਿਚ ਝਗੜਾ ਹੋ ਗਿਆ ਜਿਸਦਾ ਜਲਦੀ ਫੈਸਲਾ ਹੋ ਗਿਆ ਕਿ ਕਿਸੇ ਸੰਤਾਨਹੀਨ ਦੇ ਮਰਨ ਤੇ ਅਧੀ ਜਾਇਦਾਦ ਵੰਡੀ ਜਾਵੇ ਅਤੇ ਅਧੀ ਗੱਦੀ ਜਾਨਸ਼ੀਨ ਨੂੰ ਦਿਤੀ ਜਾਵੇ।

Digitized by Panjab Digital Library | www.panjabdigilib.org

੧੯੩੪ ਨੂੰ ਸ: ਜੈ ਸਿੰਘ ਦੇ ਮਰਨ ਤੇ ਉਹਦਾ ਇਕੋ ਇਕ ਨੇਤ੍ਰਹੀਨ ਲੜਕਾ ਗਦੀ ਤੇ ਬੈਠਾ, ਇਨ੍ਹਾਂ ਦੇ ਪਾਸ ਪਹਿਲਾਂ ੬੯੬੬੫੬ ਰੁਪੈ ੯ ਆਨੇ ਜਾਗੀਰ ਸੀ। ਹੁਣ ੧੫੧੦੨ ਰੁਪੈ ੧੨ ਆਨੇ ਹੈ ਜਿਸਦਾ ਇਨੀ ਤਰਕੀ ਦਾ ਕਾਰਨ ਮੁਨਸ਼ੀ ਚੜ੍ਹਤ ਸਿੰਘ ਹੈ। ੧੭ ਹਜ਼ਾਰ ਦੀ ਜਾਗੀਰ ੯੮੦੦੦ ਦੀ ਆਮਦਨੀ ਲਗਾਤਾਰ ਘਟੌਲੀ ਤੋਂ ਉਤਮ ਸਿੰਘ ਪ੍ਰਤਾਪ ਸਿੰਘ ਦੀ ਹੈ, ਬਾਕੀ ਫੂਲਾ ਸਿੰਘ ਹਰਬੰਸ ਸਿੰਘ ਸ਼ਮਸ਼ੇਰ ਸਿੰਘ ਕਥੋਲੇ ਦੇ ਸਰਦਾਰ ਪਾਸ ਛੇ ਛੇ ਹਜ਼ਾਰ ਦੀ ਜਾਗੀਰ ਇਕ ੨ ਹਜ਼ਾਰ ਬਾਰਾਂ ਦੀ ਆਮਦਨ ਹੈ ਇਸ ੭੫੧੦੨ ਦੀ ਜਾਗੀਰ ਵਿਚੋਂ ੮੫੨੧ ਕਮਿਸ਼ਨ ਵਜੋਂ ਸਰਕਾਰੀ ਖਜ਼ਾਨੇ ਵਿਚ ਜਮਾਂ ਕਰਾਉਣਾ ਪੈਂਦਾ ਹੈ।

ਨਵਾਬ ਕਪੂਰ ਸਿੰਘ ਤੇ ਦਾਨ ਸਿੰਘ ਦੋਵੇਂ ਭਰਾ ਸਨ। ਇਨ੍ਹਾਂ ਦੇ ਪਿਤਾ ਦਲੀਪ ਸਿੰਘ ਬਿਰਕ ਗੋਤ ਦਾ ਜ਼ਿਮੀਦਾਰ ਤੁਰਕਾਂ ਦਾ ਤੰਗ ਕੀਤਾ ਹੋਇਆ ਆਪਣੇ ਦੋਹਾਂ ਪੁਤ੍ਰਾਂ ਸਮੇਤ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਪੰਥ ਖਾਲਸੇ ਵਿਚ ਸ਼ਾਮਲ ਹੋਇਆ ਸੀ।

ਨਵਾਬ ਕਪੂਰ ਸਿੰਘ ਦੇ ਸਮੇਂ ਵਿਚ ਹੀ ਬੁਢਾ ਦਲ ਤੇ ਤਰਨਾ ਦਲ ਬਣੇ ਤੇ ਫੇਰ ਪੰਜ ਜਥੇ ਹੋਏ। ਨਵਾਬ ਕਪੂਰ ਸਿੰਘ ਇਤਨਾ ਨਿਰਭੈ ਸੀ ਕਿ ਇਕ ਵਾਰ ਥੋੜੇ ਜਿਹੇ ਸਿੰਘਾਂ ਨੂੰ ਨਾਲ ਲੈਕੇ ਦਿਨੇ ਸ਼ਹਿਰ ਲਾਹੌਰ ਦੀ ਕੋਤਵਾਲੀ ਵਿਚ ਜਾ ਵੜਿਆ ਉਥੋਂ ਦੇ ਕੋਤਵਾਲ ਤੋਂ ਸਭ ਮਿਸਲਾਂ ਮੰਗਵਾ ਕੇ ਉਹਨਾਂ ਪਰ ਹੁਕਮ ਲਿਖ ਕੇ ਜਿਤਨੇ ਆਦਮੀ ਕੋਤਵਾਲੀ ਵਿਚ ਗ੍ਰਿਫਤਾਰ ਸਨ ਸਭ ਨੂੰ ਰਿਹਾ ਕਰ ਦਿਤਾ ਤੇ ਕੋਤਵਾਲ ਨੂੰ ਹੁਕਮ ਦਿਤਾ ਕਿ ਜੋ ਨਕਦ ਰੁਪੈ ਇਸ ਵੇਲੇ ਹਾਜ਼ਰ ਹਨ ਸੋ ਲਿਆਓ ਜਦ ਰੁਪੈ ਆ ਗਏ ਤਾਂ ਆਪਣੇ ਕਬਜ਼ੇ ਕਰਕੇ ਕੋਤਵਾਲ ਨੂੰ ਕਿਹਾ ਕਿ ਜੇ ਤੇਰਾ ਸੂਬੇਦਾਰ ਜਾਂ ਕੋਈ ਹੋਰ ਹਾਕਮ ਪੁਛੇ ਤਾਂ ਕਹਿਣਾ ਕਿ ਸਚੇ ਪਾਤਸ਼ਾਹ ਦਾ ਕੋਤਵਾਲ ਆਇਆ ਸੀ ਉਸਨੂੰ ਲੋੜ ਸੀ ਤੇ ਉਹ ਰੁਪਯਾ ਲੈ ਗਿਆ ਹੈ। ਆਪ ਇਹ ਸਭ ਕਾਰਵਾਈ ਭੁਗਤਾ ਕੇ ਰਵਾ ਰਵੀ ਸ਼ਹਿਰ ਲਾਹੌਰ ਤੋਂ ਵਾਪਸ ਆ ਗਏ। ਕਿਸੇ ਹਾਕਮ ਦੀ ਆਪ ਨੂੰ ਰੋਕਣ ਦੀ ਹਿੰਮਤ ਨਾ ਪਈ।

Digitized by Panjab Digital Library | www.panjabdigilib.org

# ਨਾਵੀਂ ਮਿਸਲ ਨਿਸਾਨਾ ਵਾਲੀ

ਜਿਸ ਜ਼ਮਾਨੇ ਵਿਚ ਖਾਲਸੇ ਦਾ ਦਲ ਕਾਇਮ ਹੋਇਆ ਤੇ ਖਾਲਸਾ ਜ਼ਾਲਮ ਦੀ ਸੋਧ ਲਈ ਦੂਰ ੨ ਤਕ ਚੜ੍ਹਾਈ ਕਰਨ ਲਗਾ । ਉਸ ਸਮੇਂ ਖਾਲਸਾ ਪੰਥ ਦੇ ਅਗੇ ਇਸ ਮਿਸਲ ਦੇ ਬਾਨੀ ਨਿਸ਼ਾਨ ਸਾਹਿਬ ਲੈ ਕੇ ਚਲਦੇ ਸਨ ਇਸ ਲਈ ਇਸ ਮਿਸਲ ਦਾ ਨਾਂ ਨਿਸਾਨਾ ਵਾਲੀ ਮਿਸਲ ਹੋ ਗਿਆ ।

ਇਸ ਮਿਸਲ ਦੇ ਬਾਨੀ ਸ: ਦਸੌਂਧਾ ਸਿੰਘ ਤੇ ਸੰਗਤ ਸਿੰਘ ਸੀ । ਇਨ੍ਹਾਂ ਦੇ ਪਿਤਾ ਚੌਧਰੀ ਸਾਹਿਬ ਰਾਏ ਤੇ ਪਿੰਡ ਮਨਸੂਰ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਸਨ । ਜੈ ਸਿੰਘ, ਕੌਰ ਸਿੰਘ, ਮਾਨ ਸਿੰਘ ਵੀ ਇਨ੍ਹਾਂ ਦੇ ਨਾਲ ਸਨ । ਇਨ੍ਹਾਂ ਸਰਦਾਰਾਂ ਨੇ ਸ: ਦੀਵਾਨ ਸਿੰਘ ਤੋਂ ਅੰਮ੍ਰਿਤ ਛਕ ਸਿਖ ਧਰਮ ਦੀ ਤਰਕੀ ਤੇ ਜ਼ਾਲਮਾਂ ਦੀ ਸੋਧ ਵਿਚ ਕੋਈ ਕਸਰ ਨਾ ਛਡੀ । ਹੋਲੀ ੨ ਇਨ੍ਹਾਂ ਨੇ ਅੱਠ ਹਜ਼ਾਰ ਦਾ ਜਥਾ ਬਣਾ ਲਿਆ; ਸਿੰਘਾ ਵਾਲਾ, ਸਾਹਨੇ ਵਾਲ, ਸਰਾਏ ਲਸ਼ਕਰੀ ਲਧੜ, ਦੋਰਾਹਾ, ਸੌਂਟੀ, ਅਮਲੋਹ, ਜ਼ੀਰਾ, ਅੰਬਾਲਾ, ਸ਼ਾਹ ਅਬਾਦ ਆਦਿਕ ਇਲਾਕਿਆਂ ਨੂੰ ਫਤਿਹ ਕਰਕੇ ਆਪਣੇ ਕਬਜ਼ੇ ਵਿਚ ਕਰ ਲਿਆ । ਏਸ ਮਿਸਲ ਵਾਲੇ ਜੋ ਮਾਲ ਲਿਆਉਂਦੇ ਉਸ ਦਾ ਦਸਵਾਂ ਹਿਸਾ ਨਿਸ਼ਾਨ ਸਾਹਿਬ ਅਗੇ ਭੇਟਾ ਕਰ ਦਿੰਦੇ ਸਨ ।

੧੮੨੨ ਬਿ: ਵਿਚ ਦਸੌਂਧਾ ਸਿੰਘ ਦੇ ਮਰਨ ਪਿਛੋਂ ਸੰਗਤ ਸਿੰਘ ਮਿਸਲ ਦਾ ਮਾਲਕ ਬਣਿਆ । ਅੰਬਾਲੇ ਦਾ ਕਾਰੋ ਬਾਰ ਆਪਣੇ ਸਬੰਧੀਆਂ ਨੂੰ ਦੇ ਕੇ ਇਹ ਸਿੰਘਾ ਵਾਲੇ ਜ਼ੀਰੇ ਦੇ ਪਾਸ ਜਾ ਵਸਿਆ । ਜਿਥੇ ੧੮ਵੀਂ ਸਦੀ ਵਿਚ ਚਲਾਣਾ ਕੀਤਾ । ਇਹਦੇ ਤਿੰਨ ਪੁਤ ਸਨ, ਕਪੂਰ ਸਿੰਘ ਮਿਹਰ ਸਿੰਘ, ਅਨੂਪ ਸਿੰਘ ਇਹ ਤਿੰਨੇ ਅਨਜਾਣ ਸਨ ਇਸ ਲਈ ਧਿਆਨ ਸਿੰਘ ਇਲਾਕੇ ਦਾ ਸਰਪਰਸਤ ਨੀਯਤ ਹੋਇਆ ੧੮੩੬ ਵਿਚ ਮਿਹਰ ਸਿੰਘ ਦੇ ਬਾਲਗ ਹੋਣ ਤੇ ਧਿਆਨ ਸਿੰਘ ਨੇ ਕੰਮ ਇਹਦੇ ਸਪੁਰਦ ਕੀਤਾ । ਪਰ ਜਲਦੀ ਹੀ ਗੁਰਬਖਸ਼ ਸਿੰਘ ਨੇ ਹਮਲਾ ਕਰਕੇ ਮਿਹਰ ਸਿੰਘ ਨੂੰ ਮਰਵਾ ਕੇ ਇਲਾਕੇ ਤੇ ਕਬਜ਼ਾ ਕਰ ਲਿਆ । ਧਿਆਨ ਸਿੰਘ ਨੇ ਗੁਰਬਖਸ਼ ਸਿੰਘ ਤੇ ਹਮਲਾ ਕੀਤਾ ਪਰ ਨਾਕਾਮਯਾਬ ਰਿਹਾ ।

ਕਪੂਰ ਸਿੰਘ ਆਪਣੇ ਮੁੰਡੇ ਸਣੇ ਦਿਆਲ ਸਿੰਘ ਦੀ ਲੜਾਈ ਵਿਚ ਮਰ ਗਿਆ । ਅਨੂਪ ਸਿੰਘ ਕਾਫੀ ਚਿਰ ਹਕੂਮਤ ਕਰਦਾ ਰਿਹਾ ੧੮੫੪ ਨੂੰ ਸੰਤਾਨ ਹੀਨ ਮਰ ਜਾਣ ਕਰਕੇ ਮਹਾਰਾਜੇ ਰਣਜੀਤ ਸਿੰਘ ਨੇ ਇਹਦਾ ਇਲਾਕਾ ੧੮੬੪ ਬਿ: ਵਿਚ ਇਹਦੀ ਸਿੰਘਣੀ ਤੋਂ ਲੈ ਲਿਆ । ਇਸੇ ਤਰਾਂ ਹੀ ਗੁਰਬਖਸ਼ ਸਿੰਘ ਦੇ ਮਰਨ ਉਪਰੰਤ ਉਹਦਾ ਇਲਾਕਾ ਭੀ ਲੈ ਲਿਆ ।

ਜਦੋਂ ਇਸ ਮੁਲਕ ਤੇ ਅੰਗਰੇਜ਼ ਦਾ ਅਧਿਕਾਰ ਹੋਇਆ ਤਦ ੧੮੮੭ ਬਿ: ਵਿਚ ਸਾਰਾ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ ਵਿਚ ਆਇਆ । ਸੰਗਤ ਸਿੰਘ ਦੀ ਉਲਾਦ ਸਿੰਘਾਂ ਵੇਲੇ ਵਸਦੀ ਹੈ ।

——o——

Digitized by Panjab Digital Library | www.panjabdigilib.org

# ਦਸਵੀ ਮਿਸਲ ਸੁਕਰ ਚਕੀਆਂ

ਇਹ ਮਿਸਲ ਬਹੁਤ ਪ੍ਰਸਿੱਧ ਹੈ। ਕਿਸੇ ਸਮੇਂ ਇਹ ਭੀ ਬਾਰਾ ਮਿਸਲਾਂ ਵਿਚੋਂ ਇਕ ਮਿਸਲ ਸੀ ਪਤੂ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੇਜ ਪ੍ਰਤਾਪ ਦਾ ਸਦਕਾ ਇਸਦੇ ਸਾਹਮਣੇ ਬਾਕੀ ਦੀਆਂ ਮਿਸਲ ਇਸਤ੍ਹਾਂ ਅਲੋਪ ਹੋ ਗਈਆਂ ਜਿਵੇਂ ਸੂਰਜ ਦੇ ਨਿਕਲਣ ਸਮੇਂ ਤਾਰੇ ਅਲੋਪ ਹੋ ਜਾਂਦੇ ਹਨ। ਇਸ ਮਿਸਲਾ ਦਾ ਮੁਢ ਸ: ਬੁਢਾ ਸਿੰਘ ਨੇ ਬੰਨ੍ਹਿਆ ਜਿੰਨਾਂ ਨੇ ਸ੍ਰੀ ਦਸ਼ਮੇਸ਼ ਜੀ ਪਾਸੋਂ ਅੰਮ੍ਰਿਤ ਛੱਕਿਆ ਸੀ। ਸ: ਬੁਢਾ ਸਿੰਘ ਦੇ ਖਾਨਦਾਨ ਦਾ ਕੁਰਸੀਨਾਮਾ ਰਾਜਾ ਸਾਲਬਾਹਨ ਨਾਲ ਮਿਲਦਾ ਹੈ। ਸੰਮਤ ੧੭੩੫ ਬਿ: ਨੂੰ ਚੋਧਰੀ ਭਾਗਮੱਲ ਦੇ ਘਰ ਬੁਢਾ ਸਿੰਘ ਦਾ ਜਨਮ ਹੋਇਆ। ਸ੍ਰੀ ਦਸ਼ਮੇਸ਼ ਜੀ ਪਾਸੋਂ ਅੰਮ੍ਰਿਤਪਾਨ ਕਰਕੇ ਸ: ਬੁਢਾ ਸਿੰਘ ਨੇ ਪੰਥ ਵਿਚ ਬੜੀ ਮਸ਼ਹੂਰੀ ਪ੍ਰਾਪਤ ਕੀਤੀ। ਸ੍ਰੀ ਦਸ਼ਮੇਸ਼ ਜੀ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀਆਂ ਲੜਾਈਆਂ ਵਿੱਚ ਆਪ ਮੂਹਰਲੀ ਕਤਾਰ ਵਿੱਚ ਹੋਕੇ ਲੜਦੇ ਰਹੇ। ਆਪਦੇ ਪਾਸ ਇਕ ਬਹੁਤ ਵਧੀਆ ਘੋੜਾ ਸੀ ਜਿਸਦਾ ਨਾਮ ਦੇਸੀ ਸੀ। ਇਸ ਪਰ ਚੜਕੇ ਆਪ ੫੦-੬੦ ਮੀਲ ਦਾ ਚਕਰ ਕਟਕੇ ਵਾਪਸ ਆ ਜਾਦੇ ਸਨ ਤੇ ਕੋਈ ਸਵਾਰ ਆਪਦਾ ਪਿਛਾ ਨਹੀਂ ਕਰ ਸਕਦਾ ਸੀ। ਇਸ ਕਰਕੇ ਆਪ ਦਾ ਨਾਮ "ਬੁਢਾ ਸਿੰਘ ਦੇਸੀ ਪ੍ਰਸਿੱਧ ਹੋ ਗਿਆ। ਇਸ ਦੇ ਦੋ ਪੁਤ੍ਰ ਸਨ ਚੰਦਾ ਸਿੰਘ ਤੇ ਨੌਧ ਸਿੰਘ ਇੰਨਾ ਨੇ ਰਸੂਲ ਨਗਰ ਨੂੰ ਫਤਹਿ ਕੀਤਾ ਅਤੇ ਆਪਣੇ ਨਾਲ ੪੦-੫੦ ਹਜ਼ਾਰ ਜਵਾਨ ਰਖਕੇ ਪੰਜਾਬ ਵਿਚੋਂ ਜਾਲਮਾ ਦੀ ਸੋਧ ਕਰਦੇ ਰਹੇ। ਚੰਦਾ ਸਿੰਘ ਤੇ ਨੌਧ ਸਿੰਘ ਗੁਜਰਾਂ ਵਾਲੇ ਦੇ ਪਾਸ ਸ਼ੁਕਰ ਚੱਕ ਪਿੰਡ ਨੂੰ ਅਬਾਦ ਕਰਕੇ ਰਹਿਣ ਲੱਗ ਪਏ ਇਸ ਕਰਕੇ ਇੰਨਾ ਦੀ ਮਿਸਲ ਦਾ ਨਾਮ ਭੀ ਸ਼ੁਕਰ ਚੁਕੀਆ ਮਿਸਲ ਪ੍ਰਸਿੱਧ ਹੋ ਗਿਆ।

ਸ: ਬੁਢਾ ਸਿੰਘ ਆਪਣੇ ਪੁਤ੍ਰ ਨੌਧ ਸਿੰਘ ਸਮੇਤ ਮਜੀਠੇ ਦੇ ਨੇੜੇ ਪਠਾਨਾ ਨਾਲ ਹੋਈ ਇਕ ਲੜਾਈ ਵਿਚ ਸ਼ਹੀਦ ਹੋ ਗਿਆ। ਇਹ ਜੰਗ ਵਿੱਚ ਮਸਤ ਹਾਥੀ ਵਾਗ ਸਿੱਧਾ ਜਾਂਦਾ ਸੀ।

ਨੌਧ ਸਿੰਘ ਦਾ ਪੁਤਰ ਚੜ੍ਹਤ ਸਿੰਘ ੧੭੭੦ ਬਿ; ਨੂੰ ਪੈਦਾ ਹੋਇਆ। ਖਾਲਸਾ ਦਲ ਵਿਚ ਰਲ ਕੇ ਆਪ ਨੇ ਬਹੁਤ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਅਤੇ ਬਹਾਦਰੀ ਦੀ ਧਾਕ ਬੈਠਾ ਦਿੱਤੀ। ਫਿਰ ਇਸ ਨੇ ਆਪਣਾ ਅੱਡ ਜੱਥਾ ਬਣਾ ਲਿਆ ਤੇ ਹਮੀਦ ਖਾਂ ਹਾਕਮ ਗੁਜਰਾਂਵਾਲਾਂ ਨੂੰ ਮਾਰਕੇ ਉਸ ਦੇ ਇਲਾਕੇ ਪਰ ਕਬਜ਼ਾ ਕਰ ਲਿਆ। ਸੰਮਤ ੧੮੧੧ ਬਿ: ਵਿੱਚ ਇੰਨਾ ਨੇ ਗੁਜਰਾਵਾਲੇ ਕਿਲਾ ਬਣਵਾਇਆ ਤੇ ਜੰਗੀ ਸਾਮਾਨ ਇਕਠਾ ਕਰਨਾ ਸ਼ੁਰੂ ਕਰ ਦਿੱਤਾ ਦੂਜੇ ਸਿੱਖ ਸਰਦਾਰਾਂ ਨੂੰ ਨਾਲ ਲੈਕੇ ਸ: ਚੜ੍ਹਤ ਸਿੰਘ ਨੇ ਲਾਹੌਰ ਦੇ ਸੂਬੇ ਨੂੰ ਫਤਹਿ ਕਰ ਲਿਆ। ਸਿਆਲਕੋਟ ਦੇ ਹਾਕਮ ਨੂਰਦੀਨ ਪਰ ਚੜਾਈ ਕਰਕੇ ਉਸ ਦਾ ਬਹੁਤ ਸਾਰਾ ਸਾਮਾਨ ਜੰਗ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਇਥੇ ਦੀ ਹਕੂਮਤ ਆਪਣੇ ਛੋਟੇ ਭਰਾ ਦਲ ਸਿੰਘ ਨੂੰ ਸੌਂਪ ਕੇ ਆਪ ਗੁਜਰਾਂਵਾਲੇ ਆ ਗਏ।

ਸੰਮਤ ੧੮੧੭ ਬਿ: ਨੂੰ ਤੈਮੂਰ ਸ਼ਾਹ ਨੇ ਗੁਜਰਾਵਾਲੇ ਪਰ ਬਹੁਤ ਸਾਰੀ ਫੌਜ ਲੈਕੇ ਹਲਾ

Digitized by Panjab Digital Library | www.panjabdigilib.org

ਹਲਾ ਬੋਲ ਦਿੱਤਾ। ਸ: ਚੜ੍ਹਤ ਸਿੰਘ ਕਿਲੇ ਵਿੱਚ ਬਹਿਕੇ ਇਕ ਮਹੀਨਾ ਮੁਕਾਬਲਾ ਕਰਦਾ ਰਿਹਾ। ਇਤਨੇ ਨੂੰ ਸ. ਜਸਾ ਸਿੰਘ ਆਹਲੂਵਾਲੀਆ ਤੇ ਸ: ਝੰਡਾ ਸਿੰਘ ਭੰਗੀ ਆਦਿਕ ਫੌਜਾਂ ਲੈਕ ਪੁਜ ਗਏ। ਇਹ ਖਬਰ ਸੁਣ ਕੇ ਸਃ ਚੜ੍ਹਤ ਸਿੰਘ ਭੀ ਕਿਲੇ ਵਿਚੋਂ ਬਾਹਰ ਨਿਕਲ ਆਇਆ ਤੇ ਸਿੰਘਾ ਨੇ ਮਿਲਕੇ ਤੈਮੂਰ ਦੀਆਂ ਫੌਜ਼ਾਂ ਪਰ ਜ਼ੋਰ ਦਾ ਹਮਲਾ ਕੀਤਾ ਤੇ ਉਨ੍ਹਾਂ ਵਿਚ ਭਾਜੜਾਂ ਪੈ ਗਈਆਂ ਹੁਣ ਸਃ ਚੜ੍ਹਤ ਸਿੰਘ ਦਾ ਹੌਸਲਾ ਬਹੁਤ ਵਧ ਗਿਆ। ਇਸ ਤੋਂ ਪਿਛੋਂ ਸ: ਚੜ੍ਹਤ ਸਿੰਘ ਨੇ ਰੋਹਤਾਸ ਤੇ ਜੇਹਲਮ ਆਦਿਕ ਦੇ ਬਹੁਤ ਸਾਰੇ ਇਲਾਕੇ ਪਰ ਕਬਜ਼ਾ ਕਰ ਲਿਆ। ਏਨਾਂ ਤੋਂ ਪਿਛੋਂ ਸ: ਮਹਾਂ ਸਿੰਘ ਜੀ ਗੱਦੀ ਪਰ ਬੈਠੇ।

ਸ: ਮਹਾਂ ਸਿੰਘ ਜੀ ਦਾ ਅਨੰਦ ਕਾਰਜ ਰਾਜਾ ਗਜਪਤ ਸਿੰਘ ਜੀ ਦੇ ਪੁਤਰ ਦੀ ਲੜਕੀ ਰਾਜ ਕੋਰ ਨਾਲ ਹੋਇਆ ਜਿਸਦੀ ਕੁਖ ਤੋਂ ੨ ਮਘਰ ਸੰਮਤ ੧੮੩੭ ਬਿ: ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਹੋਇਆ ਉਸ ਸਮੇਂ ਇਨ੍ਹਾਂ ਦੇ ਪਿਤਾ ਨੂੰ ਜੰਗ ਵਿਚ ਫਤਹਿ ਹੋਈ ਸੀ ਇਸ ਕਰਕੇ ਇਹਨਾਂ ਦਾ ਨਾਮ ਰਣਜੀਤ ਸਿੰਘ ਰਖਿਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਦਾਨਾਈ ਪ੍ਰਬੰਧ ਕਰਨ ਦੀ ਖੂਬੀ ਬਹਾਦਰੀ ਤੇ ਚਤਰਾਈ ਨਾਲ ਬਾਰਾਂ ਮਿਸਲਾਂ ਨੂੰ ਇਕਠਿਆਂ ਕਰਕੇ ਇਕ ਬਿਸ਼ਾਲ ਖਾਲਸਾ ਰਾਜ ਦੀ ਬੁਨਿਆਦ ਰੱਖੀ ਜਿਸ ਦੀਆਂ ਸਰਹੱਦਾਂ ਕਿਸੇ ਸਮੇਂ ਜਮਨਾ ਅਤੇ ਜਮਰੌਦ ਨਾਲ ਲਗਦੀਆਂ ਸਨ।

ਮਹਾਰਾਜਾ ਸਾਹਿਬ ਦਾ ਇਤਹਾਸ ਵਿਸਥਾਰ ਦਾ ਮੁਥਾਜ ਹੈ ਅਤੇ ਬਹੁਤ ਸਾਰੀਆਂ ਹੋਰਨਾ ਇਤਿਹਾਸਕ ਪੁਸਤਕਾਂ ਵਿਚੋਂ ਪੜਿਆ ਜਾ ਸਕਦਾ ਹੈ। ਇਸ ਲਈ ਅਸੀਂ ਏਥੇ ਇਸ ਮਿਸਲ ਦਾ ਹਾਲ ਬਹੁਤ ਹੀ ਸੰਖੇਪ ਕਰਕੇ ਲਿਖਿਆ ਹੈ। ਉਸ ਸਮੇਂ ਜਿਹੜੇ ਬਦੇਸ਼ੀ ਯਾਤਰੂ ਭਾਰਤ ਵਿਚ ਆਏ ਅਤੇ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਵੇਖਿਆ ਉਹਨਾਂ ਨੇ ਇਕ ਰਾਏ ਹੋਕੇ ਇਸ ਗਲ ਨੂੰ ਪ੍ਰਵਾਨ ਕੀਤਾ ਹੈ ਕਿ ਉਸ ਸਮੇਂ ਸਾਰੇ ਏਸ਼ੀਆ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਦਾ ਜਬੇ ਵਾਲਾਂ ਕੋਈ ਹੋਰ ਰਾਜਾ ਨਹੀਂ ਸੀ ਅਤੇ ਉਸਦੀ ਹਿੰਮਤ, ਦ੍ਰਿੜਤਾ, ਬਹਾਦਰੀ, ਤੇ ਉਤਰ ਪ੍ਰਸ਼ਨ ਕਰਨ ਦੀ ਅਨੋਖੀ ਸ਼ਕਤੀ ਦਾ ਚਮਤਕਾਰ ਵੇਖ ਕੇ ਦੰਗ ਰਹਿ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਚਾਰ ਸੂਬੇ ਪਸ਼ੌਰ, ਮੁਲਤਾਨ, ਕਸ਼ਮੀਰ ਤੇ ਲਾਹੌਰ ਸਨ। ਆਪ ਤੋਂ ਪਿਛੋਂ ਵਾਰੀ ਵਾਰੀ ਮਹਾਰਾਜਾ ਖੜਕ ਸਿੰਘ ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ ਗਦੀ ਪਰ ਬੈਠੇ ਪਰ ਇਹ ਸਭ ਡੋਗਰਾ ਗਰਦੀ ਦਾ ਸ਼ਿਕਾਰ ਹੋਕੇ ਮਾਰੇ ਗਏ।

ਮਹਾਰਾਜਾ ਖੜਕ ਸਿੰਘ ਜੀ ਨੂੰ ਜ਼ਹਿਰ ਦਿਤੀ ਗਈ, ਕੰਵਰ ਨੌਨਿਹਾਲ ਸਿੰਘ ਉਪਰ ਛੱਜਾ ਸਿਟਿਆ ਗਿਆ, ਮਹਾਰਾਜਾ ਸ਼ੇਰ ਸਿੰਘ ਨੂੰ ਸੰਧਾਂਵਾਲੀਆਂ ਨੇ ਗੋਲੀ ਨਾਲ ਮਾਰਿਆ ਤੇ ਉਸੇ ਦਿਨ ਬੇਈਮਾਨ ਵਜ਼ੀਰ ਧਿਆਨ ਸਿੰਘ ਭੀ ਉਹਨਾਂ ਨੇ ਸੋਧ ਦਿਤਾ। ਪਿਛੋਂ ਮਹਾਰਾਜਾ ਦਲੀਪ ਸਿੰਘ ਤਖਤ ਪਰ ਬੈਠਾ। ਇਹਨਾਂ ਦੇ ਸਮੇਂ ਵਿਚ ਅੰਗਰੇਜ਼ਾਂ ਨਾਲ ਦੋ ਲੜਾਈਆਂ ਹੋਈਆਂ। ਰਾਜਾ ਤੇਜਾ ਸਿੰਘ ਤੇ ਲਾਲ ਸਿੰਘ ਦੀ ਬੇਈਮਾਨੀ ਨਾਲ ਸਿੰਘ ਹਾਰਦੇ ਗਏ ਓੜਕ ੨੯ ਮਾਰਚ ੧੮੪੯ ਈ: ਨੂੰ ਪੰਜਾਬ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਗਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਇੰਗਲੈਂਡ ਲੈ ਗਏ।

Digitized by Panjab Digital Library | www.panjabdigilib.org

ਇਸ ਤੋਂ ਪਿਛੋਂ ਮਹਾਰਾਣੀ ਜਿੰਦ ਕੌਰ ਮਹਾਰਾਜੇ ਦੀ ਮਾਤਾ ਵੀ ਵਲੈਤ ਚਲੀ ਗਈ ਤੇ ਉਥੇ ਹੀ ਚਲਾਣਾ ਕਰ ਗਈ। ਮਹਾਰਾਜਾ ਦਲੀਪ ਸਿੰਘ ਨੇ ਮੁਕਦਮਾ ਵੀ ਕੀਤਾ। ਆਪ ਨੂੰ ਉਟਾਕਮੰਡ ਰਹਿਣ ਦੀ ਇਜਾਜ਼ਤ ਹੋ ਗਈ ਸੀ। ਜਦ ਆਪ ਵਲੈਤ ਤੋਂ ਬੰਬਈ ਨੂੰ ਆ ਰਹੇ ਸਨ ਤਦ ਪੰਜਾਬ ਤੋਂ ਸਿੰਘ ਪੈਦਲ ਹੀ ਬੰਬਈ ਮਹਾਰਾਜੇ ਦੇ ਸੁਆਗਤ ਲਈ ਪਹੁੰਚ ਗਏ। ਜਿਸ ਕਰਕੇ ਅੰਗਰੇਜ਼ਾਂ ਨੇ ਮਹਾਰਾਜੇ ਨੂੰ ਵਾਪਸ ਜਾਣ ਦਾ ਹੁਕਮ ਦਿਤਾ। ਮਹਾਰਾਜਾ ਸਾਹਿਬ ਨੇ ਅਦਨ ਵਿਚ ਇਕ ਸਿੱਖ ਪਲਟਣ ਦੇ ਸਿੰਘਾਂ ਤੋਂ ਅੰਮ੍ਰਿਤ ਛਕਿਆ। ਤੇ ਦੁਬਾਰਾ ਸਿੰਘ ਸਜ ਗਏ। ਏਹ ਪਲਟਣ ਐਬੇਸ਼ੀਨੀਆ ਨੂੰ ਜਾ ਰਹੀ ਸੀ। ਮਹਾਰਾਜਾ ਸਾਹਿਬ ਨਿਰਾਸ ਹੋ ਕੇ ਰੂਸ ਆਦਿ ਦੇਸਾਂ ਵਿਚ ਫਿਰ ਕੇ ਫੇਰ ਸਰਕਾਰ ਅੰਗਰੇਜ਼ੀ ਨਾਲ ਸੁਲ੍ਹਾ ਕਰਕੇ ਵਲੈਤ ਜਾ ਰਹੇ ਤੇ ੧੮੯੩ ਵਿਚ ਪੈਰਿਸ ਦੇ ਇਕ ਹੋਟਲ ਵਿੱਚ ਤੰਗ ਦਸਤੀ ਦੀ ਹਾਲਤ ਵਿਚ ਚਲਾਣਾ ਕਰ ਗਏ। ਆਪ ਦੀ ਉਲਾਦ ਵਿਚੋਂ ਇਕ ਲੜਕੀ ਸ਼ਹਿਜ਼ਾਦੀ ਦੀ ਬੰਬਾ ਰਹਿੰਦੀ ਸੀ, ਜੋ ਉਹ ਵੀ ਚਲਾਣਾ ਕਰ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਆਮਦਨੀ ਤੇ ਫੌਜ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:-

## ਆਮਦਨੀ

| | | |
|---|---|---|
| ਹਾਲਾ ਜ਼ਮੀਨ ਦਾ | — | ੧੭੯-੮੫੦੦੦ |
| ਰਾਜਿਆਂ ਤੇ ਨਵਾਬਾਂ ਪਾਸੋਂ ਜੋ ਖਿਰਾਜ ਲਿਆ ਜਾਂਦਾ ਸੀ | — | ੫੬੫੦੦੦ |
| ਚੁੰਗੀ ਦਾ ਮਸੂਲ | — | ੨੪੦੦੦੦੦ |
| ਜਗੀਰ ਧਰਮ ਅਰਥ | — | ੨੦੦੦੦੦ |
| ਜਾਗੀਰਾਂ ਸਰਦਾਰਾਂ ਦੀਆਂ | — | ੯੫੨੫੦੦੦ |
| ਕੁਲ ਜੋੜ ਆਮਦਨੀ | — | ੩੦੬੭੫੦੦੦ |

## ਫੌਜ ਦੀ ਗਿਣਤੀ

| | | |
|---|---|---|
| ਪੈਦਲ ਫੌਜ, ਸੱਠ ਪਲਟਣਾ ਆਈਨੀ | — | ੪੨੦੦੦ |
| ਕ ਮ ਗੋਲ ਅਕਾਲਰ ਜਮਟ ਦੇ ਅਕਾਲੀ | — | ੫੦੦੦ |
| ਪੈਦਲ ਫੌਜ ਖੁਲੀ | — | ੪੫੦੦੦ |
| | ਸਾਰੀ ਪੈਦਲ ਫੌਜ | ੯੨੦੦੦ |

Digitized by Panjab Digital Library | www.panjabdigilib.org

## ਰਸਾਲੇ

| | | |
|---|---|---|
| ਕਵਾਇਦ ਸਿਖੇ ਹੋਏ ਸਵਾਰਾਂ ਦੇ ਰਸਾਲੇ | — | ੪੮੦੦ |
| ਖੁੱਲ੍ਹੇ ਘੋੜ ਚੜ੍ਹੇ ਸਵਾਰ | — | ੧੨੦੦੦ |
| ਜਗੀਰਦਾਰ ਸਰਦਾਰਾਂ ਦੇ ਸਵਾਰ ਜੋ ਸਰਕਾਰ ਵਿਚ ਕੰਮ ਦਿੰਦੇ ਸਨ | — | ੧੫੦੦੦ |
| | ਕੁਲ ਸਵਾਰ | ੩੧੮੦੦ |

## ਤੋਪਖਾਨਾ

| | | |
|---|---|---|
| ਮੈਦਾਨ ਜੰਗ ਵਿਚ ਜਾਣ ਵਾਲੀਆਂ ਛੋਟੀਆਂ ਤੋਪਾਂ | — | ੪੨੮ |
| ਜਿਨਸੀ ਤੋਪਾਂ ਜੰਗ ਵਿਚ ਜਾਣ ਵਾਲੀਆਂ | — | ੧੫੬ |
| ਕਿਲਿਆਂ ਵਿਚ ਰਹਿਣ ਵਾਲੀਆਂ ਤੋਪਾਂ | — | ੧੭੮ |
| | ਕੁਲ ਤੋਪਾਂ | ੭੬੨ |

Digitized by Panjab Digital Library | www.panjabdigilib.org

# ੧੧ਵੀਂ ਫੂਲਕੀਆਂ ਮਿਸਲ

ਫੂਲਕੀਆਂ ਮਿਸਲ ਦਾ ਮਾਲਵੇ ਦੇ ਇਤਹਾਸ ਨਾਲ ਬਹੁਤ ਗੂਹੜਾ ਸਬੰਧ ਹੈ ਕਿਉਂਕਿ ਇਹ ਮਿਸਲ ਮਾਲਵੇ ਵਿਚ ਕਾਇਮ ਹੋਈ, ਇਸਨੇ ਪੰਥ ਦੀ ਬੜੀ ਸ਼ਾਨਦਾਰ ਤੇ ਸੁਨਹਿਰੀ ਅਖਰਾਂ ਵਿਚ ਲਿਖੀ ਜਾਣ ਯੋਗ ਸੇਵਾ ਕੀਤੀ। ਇਸ ਮਿਸਲ ਦੀ ਯਾਦਗਾਰ ਪਟਿਆਲਾ, ਨਾਭਾ ਤੇ ਜੀਂਦ ਦੀਆਂ ਪ੍ਰਸਿਧ ਰਿਆਸਤਾਂ ਹਨ। ਇਸ ਮਿਸਲ ਦਾ ਬਾਨੀ ਚੌਧਰੀ ਫੂਲ ਸਿੱਧੂ ਜਟ ਹੋਇਆ ਹੈ ਜਿਸਨੂੰ ਸਤਿਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਇਹ ਵਰਦਾਨ ਦਿਤਾ ਸੀ ਕਿ ਇਸਦੀ ਸੰਤਾਨ ਰਾਜ ਕਰੇਗੀ। ਇਸ ਖਾਨਦਾਨ ਦਾ ਨਿਕਾਸ ਜੈਸਲਮੇਰ ਤੋਂ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਬੰਸਾਵਲੀ ਸ੍ਰੀ ਰਾਮ ਚੰਦਰ ਜੀ ਨਾਲ ਜਾ ਮਿਲਦੀ ਹੈ।

ਇਤਿਹਾਸਕ ਪੁਸਤਕਾਂ ਦੀ ਖੋਜ ਤੋਂ ਪਤਾ ਚਲਦਾ ਹੈ ਕਿ ਰਾਜਾ ਜੈ ਮਲ ਦਾ ਬੇਟਾ ਭੀਮ ਰਾਓ ਆਪਣੇ ਭਰਾ ਨਾਲ ਜੋ ਗਦੀ ਪਰ ਬੈਠਾ ਸੀ ਲੜ ਕੇ ਪੰਜਾਬ ਵਲ ਚਲਾ ਆਇਆ। ਜਦ ਮੁਹੰਮਦ ਗੌਰੀ ਨੇ ਦਿਲੀ ਪਰ ਹਮਲਾ ਕੀਤਾ ਤਾਂ ਭੀਮ ਰਾਓ ਨੇ ਉਸਨੂੰ ਕਾਫੀ ਸਹਾਇਤਾ ਦਿਤੀ ਜਿਸ ਕਰਕੇ ਮੁਹੰਮਦ ਗੌਰੀ ਨੇ ਆਪ ਨੂੰ ਹਿਸਾਰ, ਸਰਸਾ ਤੇ ਭਟਨੇਰ ਦਾ ਇਲਾਕਾ ਦੇ ਦਿਤਾ। ਸੰਮਤ ੧੨੫੩ ਨੂੰ ਉਨ੍ਹਾਂ ਨੇ ਹਿਸਾਰ ਵਿਚ ਬੜਾ ਮਜ਼ਬੂਤ ਕਿਲਾ ਬਣਵਾਇਆ। ਭੀਮ ਰਾਓ ਦੇ ਗੁਜ਼ਰ ਜਾਣ ਪਿਛੋਂ ਇਸ ਦਾ ਲੜਕਾ ਜੋਧ ਰਾਓ ਗੱਦੀ ਪਰ ਬੈਠਾ। ਇਸਦੇ ੨੧ ਪੁਤ੍ਰ ਹੋਏ ਜਿਨਾਂ ਤੋਂ ਵਖ ਵਖ ਗੋਤ ਪਰਚਲਤ ਹੋਏ। ਇਸਨੂੰ ਜੁੰਧਰ ਭੀ ਕਹਿੰਦੇ ਸਨ। ਇਨ੍ਹਾਂ ਤੋਂ ਪਿਛੋਂ ਮੰਗਲ ਰਾਓ, ਆਨੰਦ ਰਾਓ ਅਤੇ ਖੀਵਾ ਰਾਓ ਵਾਰੀ ਵਾਰੀ ਗੱਦੀ ਪਰ ਬੈਠੇ। ਖੀਵਾ ਰਾਓ ਦੀਆਂ ਰਾਜਪੂਤ ਪਤਨੀਆਂ ਵਿਚੋਂ ਕੋਈ ਸੰਤਾਨ ਨਾ ਹੋਈ। ਇਸ ਕਰਕੇ ਇਸਨੇ ਚੌਧਰੀ ਬਸੇਰਾ ਜੱਟ ਸਰਾਂ ਦਾ ਪਿੰਡ ਲਦੂ ਕੋਟ ਦੀ ਲੜਕੀ ਨਾਲ ਵਿਆਹ ਕਰ ਲਿਆ। ਇਸ ਅਪ੍ਰਾਧ ਵਿਚ ਰਾਜਪੂਤਾਂ ਨੇ ਉਸਨੂੰ ਬਰਾਦਰੀ ਵਿਚੋਂ ਅੱਡ ਕਰ ਦਿਤਾ ਅਤੇ ਇਨ੍ਹਾਂ ਦੇ ਰਿਸ਼ਤੇ ਨਾਤੇ ਜੱਟਾਂ ਵਿਚ ਹੋਣ ਲਗ ਪਏ।

ਖੀਵੇ ਦੇ ਘਰ ਨਵੀਂ ਵਿਆਹਤਾ ਪਤਨੀ ਦੇ ਪੇਟੋਂ ਪੁਤਰ ਉਤਪਨ ਹੋਇਆ ਜਿਸਦਾ ਨਾਮ ਉਨ੍ਹਾਂ ਨੇ ਸਿੱਧੂ ਰਖਿਆ। ਇਸ ਨਾਮ ਤੋਂ ਸਿੱਧੂ ਗੋਤ ਪ੍ਰਚਲਤ ਹੋ ਗਿਆ। ਇਸ ਖਾਨਦਾਨ ਦਾ ਚੌਧਰੀ ਸੀ ਪਰ ਕਾਫੀ ਫੌਜ ਨਾਲ ਲੇਕੇ ਬਾਬਰ ਨੂੰ ਲਾਹੌਰ ਜਾ ਮਿਲਿਆ ਤੇ ਉਸਦੀ ਦਿਲੀ ਫਤਹਿ ਕਰਨ ਵਿਚ ਸਹਾਇਤਾ ਕੀਤੀ। ਇਸ ਸੇਵਾ ਦੇ ਬਦਲੇ ਬਾਬਰ ਨੇ ਉਸਦੇ ਪੁਤਰ ਬੀਰਮ ਨੂੰ ਮੁਲਕ ਮਾਲਵੇ ਦਾ ਚੌਧਰੀ ਬਣਾ ਦਿਤਾ ਤੇ ਪਟਾ ਲਿਖ ਦਿਤੇ।

ਅਗੇ ਚਲ ਕੇ ਇਸ ਖਾਨਦਾਨ ਦਾ ਚੌਧਰੀ ਮੋਹਣ ਹੋਇਆ। ਭਟੀਆਂ ਨਾਲ ਇਸ ਖਾਨਦਾਨ ਦੀਆਂ ਨਿਤ ਲੜਾਈਆਂ ਹੁੰਦੀਆਂ ਰਹਿੰਦੀਆਂ ਕਿਉਂਕਿ ਭਟੀ ਨਵੇਂ ਮੁਸਲਮਾਨ ਹੋਏ ਕਰਕੇ ਮੁਸਲਮਾਨ ਬਾਦਸ਼ਾਹਾਂ ਦੀ ਸ਼ਹਿ ਨਾਲ ਹਿੰਦੂ ਜੰਤਾ ਪਰ ਬੜੇ ਅਤਿਆਚਾਰ ਕਰਿਆ ਕਰਦੇ ਸਨ। ਭਟੀਆਂ ਦਾ ਜ਼ੋਰ ਵਧ ਜਾਣ ਕਰਕੇ ਚੌਧਰੀ ਮੋਹਣ ਆਪਣਾ ਇਲਾਕਾ ਛਡਕੇ ਬੀਦੋਵਾਲੀ ਤੋਂ ਨਥਾਣੇ ਵਲ ਚਲਾ ਆਇਆ।

Digitized by Panjab Digital Library | www.panjabdigilib.org

ਦੇਵਨੇਤ ਨਾਲ ਇਸ ਸਮੇਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ ਦੇ ਇਲਾਕੇ ਨੂੰ ਤਾਰ ਰਹੇ ਸਨ ਅਤੇ ਜੱਟਾਂ ਦੀਆਂ ਸਾਰੀਆਂ ਮੂੰਹੀਆਂ ਆਪਦੀਆਂ ਸ਼ਰਧਾਲੂ ਬਣ ਚੁਕੀਆਂ ਸਨ। ਚੌਧਰੀ ਮੋਹਣ ਨੇ ਸ੍ਰੀ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਾਨ ਭੁਲਰ ਤੇ ਕੌੜੇ ਸਾਨੂੰ ਆਪਣੀਆਂ ਹੱਦਾਂ ਵਿਚ ਬਹਿਣ ਨਹੀਂ ਦੇਂਦੇ ਅਤੇ ਆਪਣੇ ਖੂਹਾਂ ਤੋਂ ਪਾਣੀ ਨਹੀਂ ਭਰਨ ਦਿੰਦੇ ਇਸ ਕਰਕੇ ਆਪ ਇਨ੍ਹਾਂ ਨੂੰ ਕਹਿਕੇ ਸਾਨੂੰ ਇਕ ਪਿੰਡ ਵਸਾਉਣ ਜੋਗੀ ਜ਼ਮੀਨ ਲੈ ਦਿਉ ਤੇ ਇਨ੍ਹਾਂ ਨੂੰ ਸਾਡੇ ਨਾਲ ਰਿਸ਼ਤੇ ਨਾਤੇ ਕਰਨ ਦੀ ਭੀ ਪਰੇਰਣਾ ਕਰੋ। ਗੁਰੂ ਮਹਾਰਾਜ ਨੇ ਅਗਲੇ ਦਿਨ ਚੌਧਰੀ ਜੋਧ ਰਾਓ ਤੇ ਲਾਲਾ ਨੂੰ ਕਿਹਾ ਕਿ ਇਨ੍ਹਾਂ ਨੂੰ ਇਕ ਪਿੰਡ ਦੀ ਜ਼ਮੀਨ ਦੇ ਦਿਉ। ਉਨ੍ਹਾਂ ਨੇ ਅਗੋਂ ਉਤਰ ਦਿਤਾ ਕਿ ਹੋਰ ਜੋ ਸੇਵਾ ਆਪ ਕਹੋ ਅਸੀਂ ਕਰਨ ਲਈ ਤਿਆਰ ਹਾਂ ਪ੍ਰੰਤੂ ਇਨ੍ਹਾਂ ਨੂੰ ਜ਼ਮੀਨ ਨਹੀਂ ਦੇਣੀ। ਬਾਕੀ ਰਿਹਾ ਇਨ੍ਹਾਂ ਨਾਲ ਰਿਸ਼ਤੇ ਨਾਤੇ ਕਰਨ ਦਾ ਸਵਾਲ ਉਹ ਤਾਂ ਹੋ ਹੀ ਨਹੀਂ ਸਕਦੇ ਕਿਉਂਕਿ ਇਨਾਂ ਦਾ ਘਰ ਦਰ ਕੋਈ ਨਹੀਂ। 'ਹਰ ਜੀਓ ਹੰਕਾਰ ਨਾ ਭਾਵਈ' ਦੇ ਗੁਰਵਾਕ ਅਨੁਸਾਰ ਗੁਰੂ ਜੀ ਨੇ ਇਨ੍ਹਾਂ ਚੌਧਰੀਆਂ ਦੀਆਂ ਹੰਕਾਰ ਭਰੀਆਂ ਗਲਾਂ ਸੁਣ ਕੇ ਫੁਰਮਾਇਆ ਅੱਜ ਤੁਸੀਂ ਇਨ੍ਹਾਂ ਨੂੰ ਇਕ ਪਿੰਡ ਦੀ ਜ਼ਮੀਨ ਨਹੀ ਦਿੰਦੇ ਪਰ ਕਿਸੇ ਦਿਨ ਨੂੰ ਇਹ ਇਸ ਇਲਾਕੇ ਦੇ ਰਾਜੇ ਹੋਣਗੇ ਅਤੇ ਤੁਸੀਂ ਇਨ੍ਹਾਂ ਨਾਲ ਰਿਸ਼ਤੇ ਨਾਤੇ ਕਰਨ ਲਈ ਤਰਲੇ ਲੈਂਦੇ ਫਿਰਿਆ ਕਰੋਗੇ।

ਸਤਿਗੁਰੂ ਜੀ ਦੇ ਵਾਕ ਅਟੱਲ ਸਨ ਭਾਵੇਂ ਉਸ ਸਮੇਂ ਹੰਕਾਰ ਵਿਚ ਮਤੇ ਚੌਧਰੀਆਂ ਨੇ ਇਸ ਪਾਸੇ ਧਿਆਨ ਨਾ ਦਿਤਾ ਪ੍ਰੰਤੂ ਸਤਿਗੁਰੂ ਜਾਣੀ ਜਾਣ ਸਨ। ਉਨਾਂ ਨੇ ਵੇਖ ਲਿਆ ਸੀ ਕਿ ਭਾਈ ਮੋਹਣ ਦੇ ਖਾਨਦਾਨ ਦਾ ਸਤਾਰਾ ਚਮਕਣ ਵਾਲਾ ਹੈ। ਇਸ ਦਿਨ ਤੋਂ ਚੌਧਰੀ ਮੋਹਣ ਦਾ ਖਾਨਦਾਨ ਗੁਰੂ ਜੀ ਦਾ ਸੇਵਕ ਬਣ ਗਿਆ। ਮੋਹਣ ਨੇ ਬੇਨਤੀ ਕੀਤੀ ਮਹਾਰਾਜ ਜੇ ਆਪਦੀ ਆਗਿਆ ਹੋਵੇ ਤਾਂ ਅਸੀਂ ਕਿਸੇ ਗੈਰ ਆਬਾਦ ਥਾਂ ਵਿਚ ਮੋਹੜੀ ਗਡ ਕੇ ਪਿੰਡ ਬੰਨ੍ਹ ਲਈਏ। ਗੁਰੂ ਜੀ ਨੇ ਹੁਕਮ ਕੀਤਾ ਜਾਉ ਜਿਥੇ ਦਿਨ ਛੁਪ ਜਾਵੇ ਉਥੇ ਮੋਹੜੀ ਗਡ ਲੈਣੀ।

ਚੌਧਰੀ ਮੋਹਨ ਤੇ ਉਨਾ ਦਾ ਪ੍ਰਵਾਰ ਇਹ ਸੁਣਕੇ ਬਹੁਤ ਖੁਸ਼ ਹੋਇ ਤੇ ਉਨਾਂ ਨੇ ਤਿੰਨ ਕੁ ਮੀਲ ਜਾਕੇ ਜਿਥੇ ਪਿੰਡ ਮਹਾਰਾਜ (ਪੁਰਾਣੀ) ਢਾਬ ਦੇ ਕਿਨਾਰੇ ਮੋਹੜੀ ਗੱਡ ਦਿਤੀ। ਜਦ ਮਾਨਾਂ ਤੇ ਭੁਲਰਾ ਨੂੰ ਪਤਾ ਲਗਿਆ ਤਾਂ ਉਨਾਂ ਨੇ ਅਗਲੇ ਪਲਕ ਮੋਹੜੀ ਪੁਟਕੇ ਛਪੜ ਦੇ ਇਕ ਡੂੰਘੇ ਟੋਇ ਵਿੱਚ ਸੁਟ ਦਿੱਤੀ ਅਤੇ ਇੰਨਾ ਨੂੰ ਇਥੋ ਓਠਾ ਦਿਤਾ। ਚੋਧਰੀ ਮੋਹਨ ਫਿਰ ਗੁਰੂ ਜੀ ਪਾਸ ਆਕੇ ਫਰਿਆਦੀ ਹੋਇਆ ਤਾਂ ਗੁਰੂ ਜੀ ਨੇ ਮੁਸਕਰਾਂਦੇ ਹੋਇ ਫਰਮਾਇਆ ਫਿਕਰ ਨਾ ਕਰੋਂ ਤੁਹਾਡੀਆਂ ਜੜਾਂ ਹੋਰ ਗਹਿਰੀਆਂ ਲਗ ਗਈਆਂ ਹਨ। ਜਾਉ ਉਥੇ ਜਾਕੇ ਪਿੰਡ ਵਸਾ ਲਉ। ਇੰਨਾ ਨੇ ਫਿਰ ਪਿੰਡ ਵਸਾ ਲਿਆ ਹੁਣ ਗੁਰੂ ਜੀ ਦੀ ਸਹਾਇਤਾ ਪ੍ਰਾਪਤ ਸੀ ਇਸ ਲਈ ਇਨ੍ਹਾਂ ਨੂੰ ਕੋਈ ਉਠਾ ਨਾ ਸਕਿਆ।

ਮਾਨ ਤੇ ਭੁਲਰਾਂ ਨੇ ਚੌਧਰੀ ਜੈਦ ਪੁਰਾਣੇ ਨੂੰ ਜੋ ਗੋਤ ਦਾ ਸਿੱਧੂ ਤੇ ਉਨਾ ਦਾ ਰਿਸ਼ਤੇਦਾਰ ਸੀ ਮਹਿਰਾਜ ਪਰ ਚੜ੍ਹਾ ਲਿਆਂਦਾ। ਇਹ ਬਹੁਤ ਬਲਵਾਨ ਆਦਮੀ ਸੀ। ਸਾਰੇ ਇਲਾਕੇ ਵਿਚ ਇਸ ਦੀ ਧਾਕ ਬੈਠੀ ਹੋਈ ਸੀ ਇਸ ਕਰਕੇ ਮੋਹਨ ਬੜਾ ਘਬਰਾਇਆ ਅਤੇ ਫਿਰ ਗੁਰੂ ਜੀ ਪਾਸ ਆਕੇ ਫਰਿਆਦ ਕੀਤੀ। ਗੁਰੂ ਜੀ ਨੇ ਮੋਹਨ ਦੇ ਪੁਤਰ ਕਾਲੇ ਨੂੰ ਥਾਪੜਾ ਦੇਕੇ ਕਿਹਾ ਜਾਉ ਤੁਸੀ

Digitized by Panjab Digital Library | www.panjabdigilib.org

ਜਿੱਤ ਪ੍ਰਾਪਤ ਕਰਕੇ ਆਉਗੇ । ਵਾਹਿ ਗੁਰੂ ਦਾ ਭਾਣਾ ਐਸਾ ਹੋਇਆ ਕਿ ਜੈਦ ਪਰਾਣਾ ਸਚਮੁਚ ਹੀ ਕਾਲੇ ਦੇ ਹਥੋਂ ਮਾਰਿਆ ਗਿਆ ਤੇ ਜਿੱਤ ਮਹਾਰਾਜਕਿਆ ਦੀ ਹੋਈ । ਇਸ ਤੋਂ ਉਪ੍ਰੰਤ ਮਾਨ ਤੇ ਭੁਲਰਾ ਨੂੰ ਇੰਨਾ ਵਿਰੁਧ ਕਦੇ ਭੀ ਲੜਨ ਦਾ ਹੌਸਲਾ ਨਾ ਹੋਇਆ ।

ਸੰਮਤ ੧੬੯੭ ਬਿ. ਨੂੰ ਚੌਧਰੀ ਮੋਹਣ ਨੇ ਆਪਣੀ ਬ੍ਰਾਦਰੀ ਦੇ ਲੋਕਾਂ ਨੂੰ ਇਕਠੇ ਕਰਕੇ ਆਪਣਾ ਪੁਰਾਣਾ ਪਿੰਡ ਬੀਦੋਵਾਲੀ ਲੈਣ ਲਈ ਭੱਟੀਆ ਤੇ ਹਮਲਾ ਕੀਤਾ। ਇਸ ਲੜਾਈ ਵਿਚ ਚੋਧਰੀ ਮੋਹਣ ਤੇ ਉਸਦੇ ਪੁਤ੍ਰ ਕੁਲਚੰਦ ਤੇ ਰੂਪ ਚੰਦ ਮਾਰੇ ਗਏ। ਮਹਿਰਾਝ ਦੀ ਚੌਧਰਾਇਤ ਫੂਲ ਦੇ ਸਪੁਰਦ ਸੀ ਤੇ ਉਨ੍ਹਾਂ ਦਾ ਸਰਪ੍ਰਸਤ ਚੌਧਰੀ ਕਾਲਾ ਸੀ ।

ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਮਾਲਵੇ ਨੂੰ ਭਾਗ ਲਾਉਂਦੇ ਤੇ ਲਖਾਂ ਪ੍ਰਾਣੀਆਂ ਦਾ ਨਾਮ ਬਾਣੀ ਦਵਾਰਾ ਉਧਾਰ ਕਕਦੇ ਹੋਇ ਮਹਿਰਾਝ ਦੇ ਨੇੜੇ ਪੁਜੇ ਤਾ ਚੌਧਰੀ ਕਾਲਾ ਨੇ ਆਪ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ। ਗੁਰ ਜੀ ਨੂੰ ਇਕ ਦਿਨ ਆਪਣੀ ਸੇਵਾ ਪਰ ਬਹੁਤ ਪ੍ਰਸੰਨ ਵੇਖਕੇ ਚੌਧਰੀ ਕਾਲਾ ਨੇ ਆਪਣੇ ਭਤੀਜੇ ਫੂਲ ਤੇ ਸੰਦਲੀ ਨੂੰ ਜੋ ਛੋਟੀ ਉਮਰ ਵਿੱਚ ਸਨ ਗੁਰੂ ਜੀ ਦੇ ਹਜ਼ੂਰ ਲੈ ਆਦਾ ਅਤੇ ਉਨਾਂ ਨੂੰ ਢਿੱਡ ਵਜਾਉਣ ਲਈ ਆਖਿਆ ਜਦ ਗੁਰੂ ਜੀ ਨੇ ਇਸਦਾ ਕਾਰਣ ਪੁਛਿਆ ਤਾਂ ਚੌਧਰੀ ਕਾਲਾ ਨੇ ਬੜੀ ਨਿੰਮ੍ਰਤਾ ਨਾਲ ਕਿਹਾ ਕਿ ਇਹ ਭੁਖੇ ਹਨ ਗੁਰੂ ਜੀ ਦੇ ਲੰਗਰ ਵਿਚੋ ਪ੍ਰਸ਼ਾਦ ਮੰਗਦੇ ਹਨ। ਗੁਰੂ ਜੀ ਨੇ ਫਰਮਾਇਆ ਇਹ ਭੁਖੇ ਨਹੀਂ ਇਹ ਤਾਂ ਇਸ ਦੇਸ਼ ਦੇ ਰਾਜੇ ਹੋਣਗੇ । ਇੰਨਾਂ ਦੇ ਲੰਗਰ ਚਲਣਗੇ ਤੇ ਘੋੜੇ ਜ਼ਮਨਾ ਵਿੱਚ ਪਾਣੀ ਪੀਆ ਕਰਨਗੇ ।

ਗੁਰੂ ਜੀ ਦੇ ਇਸ ਵਰਦਾਨ ਦਾ ਸਦਕਾ ਚੋਧਰੀ ਫੂਲ ਦਾ ਸਤਾਰਾ ਖੂਬ ਚਮਕਿਆ। ਆਪ ਨੇ ਫੂਲਕੀਆਂ ਮਿਸਲ ਦਾ ਮੁਢ ਬੰਨਿਆ। ਚੌਧਰੀ ਫੂਲ ਨੇ ਨਵਾਂ ਨਗਰ ਫੂਲ ਵਸਾਇਆ। ਫੂਲ ਦੇ ਪੁਤ੍ਰ ਰਾਮਾ ਤੇ ਤ੍ਰ ਲੋਕਾ ਨੇ ਪਹਾੜੀ ਰਾਜਿਆਂ ਨਾਲ ਲੜਾਈਆਂ ਹੋਣ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫੀ ਸਹਾਇਤਾ ਦਿਤੀ ਜਿਸ ਕਰਕੇ ਗੁਰੂ ਜੀ ਨੇ ਇੰਨਾ ਨੂੰ ਸਿਰੋ ਪਾਉ ਤੇ ਹੁਕਮ ਨਾਮਾ ਬਖਸਿਆ ਜਿਸ ਵਿਚ "ਤੇਰਾ ਘਰ ਸੋ ਮੇਰਾ ਅਸੈ" ਦਾ ਵਰਦਾਨ ਸੀ । ਜਿਸ ਸਮੇਂ ਸ੍ਰੀ ਦਸ਼ਮੇਸ਼ ਜੀ ਸ੍ਰੀ ਦਮਦਮੇ ਸਾਹਿਬ ਪੁਜੇ ਤਾ ਰਾਮਾ ਅਤੇ ਤਲੋਕਾ ਬਹੁਤ ਸਾਰੀਆ ਨਜ਼ਰਾ ਤੇ ਦਸ ਵੰਧ ਲਕੇ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਇ ਅਤੇ ਕਲਗੀਧਰ ਪਾਸੋਂ ਖੰਡੇ ਦਾ ਅੰਮ੍ਰਿਤਪਾਨ ਕਰਕੇ ਖਾਲਸਾ ਪੰਥ ਵਿੱਚ ਸ਼ਾਮਲ ਹੋ ਗਏ । ਇੰਨਾ ਦੋਹਾ ਭਰਾਵਾ ਨੇ ਸ੍ਰੀ ਚਮਕੌਰ ਦੀ ਰਣਭੂਮੀ ਵਿਚ ਪੁਜਕੇ ਵਡੇ ਸਾਹਿਬ ਜ਼ਾਦਿਆ ਦਾ ਅਤੇ ਸ਼ਹੀਦ ਹੋਇ ਹੋਰ ਸਿੰਘਾਂ ਦਾਂ ਅੰਤਮ ਸਸਕਾਰ ਕੀਤਾ ਸੀ ਅਤੇ ਦਸਿਆ ਸੀ ਕਿ ਜਿਸ ਵੇਲੇ ਅਸੀ ਉਥੇ ਪੁਜੇ ਤਾਂ ਇਕ ਅਧਸੜਿਆ ਅੰਗੀਠਾ ਅਤੇ ਇਕ ਬੀਬੀ ਦੀ ਲਾਸ਼ ਪਾਸ ਪਈ ਸੀ। ਇਹ ਬੀਬੀ ਹਰ ਸਰਨ ਕੌਰ ਸੀ ।

ਸ: ਰਾਮ ਸਿੰਘ ਤੇ ਤ੍ਰਲੋਕ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਸਨ। ਇੰਨਾ ਨੇ ਗੁਰੂ ਜੀ ਦੇ ਹੁਕਮ ਨੂੰ ਸਿਰਮਥੇ ਪਰ ਮੰਨਦੇ ਹੋਇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਵਿੱਚ ਪੰਥ ਦੀ ਬੜੀ ਸਹਾਇਤਾ ਕੀਤੀ ਅਤੇ ਹਰ ਔਖੇ ਸਮੇਂ ਪੰਥ ਦੇ ਹੁਕਮ ਪਰ ਫ਼ੂਲ ਚੜ੍ਹਾਉਂਦੇ ਰਹੇ। ਸ: ਰਾਮ

Digitized by Panjab Digital Library | www.panjabdigilib.org

ਸਿੰਘ ਤੇ ਰਿਆਸਤ ਪਟਿਆਲਾ ਦਾ ਮੁਢ ਬੱਝਿਆ ਅਤੇ ਤੁਲੋਕ ਸਿੰਘ ਤੋਂ ਨਾਭਾ ਤੇ ਜੀਂਦ ਦਾ। ਭਾਵੇ ਤੁਲੋਕ ਸਿੰਘ ਵਡਾ ਭਰਾ ਸੀ ਪ੍ਰੰਤੂ ਸ: ਰਾਮ ਸਿੰਘ ਦਾ ਪੁਤ੍ਰ ਮਹਾਰਾਜਾ ਆਲਾ ਸਿੰਘ ਬੜਾ ਪ੍ਰਤਾਪੀ ਅਤੇ ਬਹਾਦੁਰ ਹੋਇਆ ਇਸ ਕਰਕੇ ਵਿਸਥਾਰ ਦੇ ਲਿਹਾਜ਼ ਨਾਲ ਰਿਆਸਤ ਪਟਿਆਲਾ ਵਡੀ ਹੋ ਗਈ ਅਤੇ ਅੱਗੇ ਚਲਕੇ ਉਸ ਨੂੰ ਹੀ ਪਹਿਲਾ ਦਰਜਾ ਪ੍ਰਾਪਤ ਹੋਇਆ। ਇਸ ਗਲ ਤੋਂ ਕਿ ਨਾਭੇ ਦਾ ਰਾਜ ਘਰਾਣ ਵਡੇ ਭਾਈ ਦੀ ਸੰਤਾਨ ਵਿਚੋ ਹੈ ਇਸ ਕਰਕੇ ਉਹ ਵਡੇ ਹਨ ਨਾਭਾ ਤੇ ਪਟਿਆਲਾ ਦੇ ਖਾਨਦਾਨ ਵਿਚ ਕਾਫੀ ਕਸ਼ਮਕਸ਼ ਰਹੀ ਹੈ। ਜਿਸਦਾ ਵਿਸਥਾਰ ਕਰਨ ਤੋਂ ਸੰਕੋਚ ਕਰਨਾ ਹੀ ਉਚਤ ਸਮਝਿਆ ਗਿਆ ਹੈ। ਭਾਵੇ ਇੰਨਾ ਤਿੰਨਾ ਰਿਆਸਤਾ ਵਿੱਚ ਕਈ ਰਾਜੇ ਮਹਾਰਾਜੇ ਐਸੇ ਹੋਇ ਜਿੰਨਾਂ ਨੇ ਆਪਣੇ ਆਪਣੇ ਸਮੇਂ ਦੇ ਹਾਲਾਤ ਅਨੁਸਾਰ ਪੰਥ ਦੀ ਨਿੱਗਰ ਸੇਵਾ ਕੀਤੀ ਪ੍ਰੰਤੂ ਪੰਥ ਦੀ ਉਨਤੀ ਵਿਚ ਮਹਾਰਾਜਾ ਆਲਾ ਸਿੰਘ ਨੇ ਬਹੁਤ ਹਿੱਸਾ ਪਾਇਆ।

ਆਪ ਨੇ ਠਾਕਰੀ ਵਾਲਾ ਦੇ ਮੁਕਾਮ ਪਰ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਹਰ ਔਕੜ ਸਮੇਂ ਪੰਥ ਦਾ ਸਾਥ ਦਿਤਾ। ਜਿਸ ਬਹਾਦਰੀ ਨਾਲ ਮਾਲਵੇ ਵਿਚ ਮਹਾਰਾਜਾ ਆਲਾ ਸਿੰਘ ਨ ਮੁਸਲਮਾਨ ਰਈਸਾਂ ਦੇ ਫੈਲੇ ਹੋਇ ਜਾਲ ਨੂੰ ਤਾਰ ਤਾਰ ਕੀਤਾ ਅਤੇ ਭਟੀਆ ਦਾ ਜ਼ੋਰ ਖਤਮ ਕਰਕੇ ਇਸ ਇਲਾਕੇ ਵਿਚ ਸਿਖਾਂ ਦਾ ਬੋਲ ਬਾਲਾ ਕੀਤਾ ਉਹ ਸੁਨਹਿਰੀ ਅਖਰਾਂ ਵਿਚ ਲਿਖਣ ਯੋਗ ਹੈ। ਮਹਾਰਾਜਾ ਆਲਾ ਸਿੰਘ ਬਹੁਤ ਸਿਆਣਾ ਰਾਜਸੀ ਜੀਵਨ ਇਤਨਾ ਸਾਦਾ ਸੀ ਕਿ ਤੇੜ ਕਛਹਿਰਾ, ਮੋਟਾ ਖਦਰ ਦਾ ਕੁੜਤਾ, ਦਸਤਕਾਰ ਤੇ ਕੰਬਲ ਆਪਣੇ ਪਾਸ ਰਖਦਾ ਸੀ। ਉਸ ਸਮੇਂ ਹਰ ਇਕ ਸਿੱਖ ਸਰਦਾਰ ਆਪਣੇ ਪਾਸ ਕੰਬਲ ਰਖਿਆ ਕਰਦੇ ਸਨ ਜੋ ਉਨ੍ਹਾਂ ਨੂੰ ਹੇਠ ਵਛਾਉਣ ਉਤੇ ਲੈਣ ਤੇ ਸਰਦੀ ਤੋਂ ਬਚਾਉ ਕਰਨ ਵਿਚ ਬੜੀ ਮਦਦ ਦਿੰਦਾ ਸੀ। ਇਸ ਕਰਕੇ ਜਦ ਸਿੱਖਾਂ ਦੇ ਹੱਥ ਵਿਚ ਸਾਰੇ ਪੰਜਾਬ ਦਾ ਰਾਜ ਆ ਗਿਆ ਤਾਂ ਫਕੀਰ ਬੁਲੇਸ਼ਾਹ ਨੇ ਕਿਹਾ ਸੀ, "ਭੂਰਿਆਂ ਵਾਲੇ ਰਾਜੇ ਕੀਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ।"

ਫੂਲਕੀਆ ਮਿਸਲ ਦਾ ਇਤਹਾਸ ਬਹੁਤ ਵਿਸਥਾਰ ਵਿਚ ਹੈ ਤੇ ਉਸ ਸਬੰਧੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਜਾ ਚੁਕੀਆਂ ਸਨ ਇਸ ਲਈ ਅਸੀਂ ਇਥੇ ਬਹੁਤ ਸੰਖੇਪ ਕਰਕੇ ਲਿਖਿਆ ਹੈ। ਇਥੇ ਇਹ ਪ੍ਰਗਟ ਕਰਨਾ ਅਤਿਅੰਤ ਜ਼ਰੂਰੀ ਹੈ ਕਿ ਸਿੱਧੂ ਬੈਗੜ ਖਾਨਦਾਨ ਨੂੰ ਮਾਲਵੇ ਦੇ ਇਤਹਾਸ ਵਿਚ ਜੋ ਇਤਨੀ ਅਹਿਮੀਅਤ ਮਿਲੀ ਹੈ ਇਸ ਦੇ ਦੋ ਵਡੇ ਕਾਰਨ ਸਨ। ਇਕ ਇਸ ਖਾਨਦਾਨ ਦਾ ਸਿਖ ਧਰਮ ਨਾਲ ਪਿਆਰ ਅਤੇ ਦੂਜਾ ਮਾਲਵੇ ਵਿਚ ਸਿਖ ਰਿਆਸਤਾਂ ਕਾਇਮ ਹੋਣੀਆਂ।

ਫੁਟ ਦਾ ਸ਼ਿਕਾਰ ਹੋਣ ਕਰਕੇ ਖਾਲਸਾ ਪੰਥ ਨੇ ਆਪਣਾ ਵਿਸ਼ਾਲ ਸਿਖ ਰਾਜ ਹਥੋਂ ਗਵਾ ਲਿਆ ਤੇ ਸਿਖਾਂ ਦੇ ਮਨ ਇਤਨੇ ਡੋਲ ਗਏ ਕਿ ਸਿਖੀ ਨੂੰ ਸਖਤ ਖਤਰਾ ਭਾਸਣ ਲਗ ਪਿਆ। ਇਹੋ ਜਿਹੇ ਸਮੇਂ ਵਿਚ ਸਿਖ ਰਿਆਸਤਾਂ ਹੀ ਰੌਸ਼ਨੀ ਦੀਆਂ ਉਹ ਕਿਰਨਾਂ ਸਾਬਤ ਹੋਈਆਂ ਜਿਨ੍ਹਾਂ ਦੇ ਆਸਰੇ ਖਾਲਸਾ ਪੰਥ ਨੂੰ ਆਪਣਾ ਭਵਿਖਤ ਰੋਸ਼ਨ ਦਿਸਦਾ ਰਿਹਾ। ਮਾਲਵੇ ਦੀਆਂ ਸਿਖ ਰਿਆਸਤਾਂ ਦੇ ਵਾਲੀ ਬੜੇ ਨੀਤੀ ਨਿਪੁੰਨ ਸਨ। ਉਹਨਾਂ ਨੇ ਜਿਥੇ ਵਡੀਆਂ ਤਾਕਤਾਂ ਪਾਸੋਂ ਆਪਣੀ ਹੋਂਦ ਨੂੰ ਬਚਾਇਆ ਉਥੇ

Digitized by Panjab Digital Library | www.panjabdigilib.org

ਕਈ ਤਰੀਕਿਆਂ ਨਾਲ ਪੰਥ ਦੀ ਉਹ ਨਿਗਰ ਸੇਵਾ ਕੀਤੀ ਜਿਸ ਦੀ ਇਤਿਹਾਸ ਦੇ ਪਾਠਕ ਪ੍ਰਸੰਸਾ ਕੀਤੇ ਤੋਂ ਬਿਨਾ ਨਹੀਂ ਰਹਿ ਸਕਦੇ। ਗੁਰਦਵਾਰਿਆਂ ਦੀਆਂ ਇਮਾਰਤਾਂ ਬਣਾਉਣਾ, ਉਹਨਾਂ ਦੇ ਨਾਮ ਜਾਗੀਰਾਂ ਤੇ ਜ਼ਮੀਨਾਂ ਲਾਉਣੀਆਂ, ਵਿਦਿਅਕ ਸੰਸਥਾਵਾਂ ਖੋਲ੍ਹ ਕੇ ਵਿਦਿਆ ਦਾ ਪਰਚਾਰ ਕਰਨਾ ਆਦਿ ਕਈ ਪਹਿਲੂਆਂ ਤੋਂ ਸਿਖ ਰਿਆਸਤਾਂ ਨੇ ਪੰਥਕ ਉਨਤੀ ਵਿਚ ਸ਼ਲਾਘਾ ਯੋਗ ਹਿਸਾ ਪਾਇਆ। ਇਸ ਪਰਕਾਰ ਗੁਰੂ ਘਰ ਤੋਂ ਵਰਸਾਇ ਹੋਏ ਬਾਬਾ ਫੂਲ ਨੇ ਜਿਸ ਮਿਸਲ ਦੀ ਬੁਨਿਆਦ ਰਖੀ ਸੀ ਉਹ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਲਈ ਸਭ ਤੋਂ ਵਧ ਹਿਸਾ ਪਾਉਂਦੀ ਰਹੀ।

ਸਮਾਂ ਪਲਟਿਆ ਅੰਗਰੇਜ਼ੀ ਸਰਕਾਰ ਦੀ ਕੁਟਲ ਨੀਤੀ ਨੇ ਸਿਖ ਰਿਆਸਤਾਂ ਨੂੰ ਕਈ ਤਰਾਂ ਨਾਲ ਜਰਜਰਾ ਕੀਤਾ, ਐਸੇ ਹਾਲਾਤ ਪੈਦਾ ਕੀਤੇ ਜਾਂਦੇ ਰਹੇ ਕਿ ਸਿਖ ਰਿਆਸਤਾਂ ਸਿੱਖੀ ਮਰਯਾਦਾ ਵਲੋਂ ਢਿਲੀਆਂ ਹੁੰਦੀਆਂ ਗਈਆਂ ਤੇ ਕਾਜ ਸਾਜ ਦਾ ਕੰਮ ਵੀ ਕਈ ਪੇਚੀਦਗੀਆਂ ਨਾਲ ਅਲਿਹਦਾ ਰਹਿਣ ਲਗਾ। ਓੜਕ ਅੰਗਰੇਜ਼ ਦੇ ਜਾਣ ਪਿਛੋਂ ਕਾਂਗਰਸ ਰਾਜ ਦੀ ਨੀਤੀ ਨੇ ਇਨ੍ਹਾਂ ਰਿਆਸਤਾਂ ਨੂੰ ਉਕਾ ਹੀ ਮਲੀਆ ਮੇਟ ਕਰ ਦਿਤਾ। ਇਉਂ ਏਹ ਸਿਖ ਪੰਥ ਤੇ ਗੁਰੂ ਕੀਆਂ ਬਖਸ਼ਿਸ਼ਾਂ ਦੀ ਨਿਸ਼ਾਨੀ ਦੁਨੀਆਂ ਤੋਂ ਮਿਟ ਗਈ। ਅਗੇ ਦੇਖੋ ਕਰਤਾਰ ਦੇ ਰੰਗ, ਗੁਰੂ ਕੇ ਬਚਨ ਤਾਂ ਅਟੱਲ ਰਹਿੰਦੇ ਹਨ, ਪਰ ਕੁਝ ਨੇਮਾਂ ਤੇ ਸ਼ਰਤਾਂ ਅਨੁਸਾਰ। ਪਤਾ ਨਹੀਂ ਅਗੇ ਨੂੰ ਕੀ ਤਬਦੀਲੀ ਆਵੇ ਤੇ ਗੁਰੂ ਦੀ ਕਲਾ ਕੀ ਚਮਤਕਾਰ ਵਿਖਾਵੇ। ਖਾਲਸਾ ਇਕ ਵਾਰ ਫੇਰ ਚਮਕੇਗਾ। ਦੇਖੋ ਜੇਹੜੀ ਕਰੇ ਗੁਰੂ ਕਰਤਾਰ ਸਿੰਘ ਜੀ।

Digitized by Panjab Digital Library | www.panjabdigilib.org

# ੧੨ਵੀਂ ਮਿਸਲ ਆਹਲੂਵਾਲੀਆਂ

ਇਹ ਮਿਸਲ ਭੀ ਪੰਥ ਵਿਚ ਬਹੁਤ ਪ੍ਰਸਿੱਧ ਰਹੀ ਹੈ ਕਿਉਂਕਿ ਇਸ ਵਿਚ ਕਈ ਐਸੀਆਂ ਪਰਸਿਧ ਹਸਤੀਆਂ ਸ਼ਾਮਲ ਸਨ ਜਿਨ੍ਹਾਂ ਨੇ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਲਈ ਬੜੇ ਸ਼ਾਨ-ਦਾਰ ਕਾਰਨਾਮੇ ਕੀਤੇ। ਇਸ ਮਿਸਲ ਦੀ ਯਾਦਗਾਰ ਕਪੂਰਥਲਾ ਰਿਆਸਤ ਜਿਸਨੂੰ ਥੋੜਾ ਅਰਸਾ ਹੋਇਆ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ ਵਿਚ ਮਿਲਾ ਦਿਤਾ ਗਿਆ ਤੇ ਹੁਣ ਪੈਪਸੂ ਵੀ ੧ ਨਵੰਬਰ ੧੯੫੬ ਤੋਂ ਖਤਮ ਕਰ ਦਿਤਾ ਗਿਆ ਹੈ।

ਪੁਰਾਤਨ ਇਤਹਾਸਕ ਪੁਸਤਕਾਂ ਪੜਨ ਤੋਂ ਪਤਾ ਲਗਦਾ ਹੈ ਕਿ ਇਸ ਖਾਨਦਾਨ ਦਾ ਸਬੰਧ ਵੀ ਰਾਜਪੂਤਾਂ ਨਾਲ ਹੈ। ਇਨ੍ਹਾਂ ਦੇ ਪਿਛੇ ਵਡੇ ਹਰ ਰਾਉ ਨੇ ਅਕਬਰ ਨੂੰ ਨਾਤਾ ਦੇਣ ਤੋਂ ਇਨਕਾਰ ਕਰ ਦਿਤਾ ਸੀ ਜਿਸ ਕਰਕੇ ਉਸ ਨੂੰ ਆਪਣਾ ਵਤਨ ਰਾਜਪੂਤਾਨਾ ਛਡਕੇ ਪੰਜਾਬ ਆਉਣਾ ਪਿਆ। ਇਸ ਖਾਨਦਾਨ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿਖੀ ਵਿਚ ਪ੍ਰਵੇਸ਼ ਕੀਤਾ ਅਤੇ ਇਨ੍ਹਾਂ ਦੇ ਵੱਡੇ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਫੌਜ ਲੈਕੇ ਰਹਿੰਦੇ ਰਹੇ। ਇਨ੍ਹਾਂ ਦੇ ਕਲਾਲ ਬਣਨ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਸ: ਵਧਾਵਾ ਸਿੰਘ ਇਕ ਕਲਾਲ ਦੀ ਸੁੰਦਰ ਲੜਕੀ ਵੇਖ ਕੇ ਉਸ ਪਰ ਮੋਹਤ ਹੋ ਗਿਆ। ਉਸਨੇ ਆਪਣੀ ਲੜਕੀ ਦਾ ਨਾਤਾ ਇਸ ਸ਼ਰਤ ਪਰ ਦੇਣਾ ਮੰਨ ਲਿਆ ਕਿ ਇਨ੍ਹਾਂ ਦੀ ਜੋ ਸੰਤਾਨ ਹੋਵੇ ਉਸਦੇ ਰਿਸ਼ਤੇ ਨਾਤੇ ਅਗੋਂ ਤੋਂ ਕਲਾਲਾਂ ਵਿਚ ਹੀ ਕੀਤੇ ਜਾਣ। ਵਧਾਵਾ ਸਿੰਘ ਨੇ ਇਹ ਸ਼ਰਤ ਮੰਨ ਲਈ। ਇਸ ਤਰ੍ਹਾਂ ਇਨ੍ਹਾਂ ਨੂੰ ਭੀ ਲੋਕ ਕਲਾਲ ਹੀ ਕਹਿਣ ਲਗ ਪਏ।

ਸ: ਜਸਾ ਸਿੰਘ ਆਹਲੂਵਾਲੀਆ ਦੇ ਪਿਤਾ ਬਦਰ ਸਿੰਘ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਉਸਨੇ ਗੁਰੂ ਘਰ ਦੀ ਸ਼ਰਨ ਲਈ ਤੇ ਗੁਰਮਤਿ ਅਨਸਾਰ ਪਾਠ ਆਦਿ ਕਰਾਏ ਤਾਂ ਸ: ਜਸਾ ਸਿੰਘ ਦਾ ਜਨਮ ਹੋਇਆ। ਇਸਦੀ ਮਾਤਾ ਨੂੰ ਡਰ ਸੀ ਕਿ ਉਸਦੀ ਸੰਤਾਨ ਬਚਦੀ ਨਹੀਂ ਇਸ ਕਰਕੇ ਉਹ ਅਪਣੇ ਸਪੁਤ੍ਰ ਨੂੰ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਪਾਸ ਦਿਲੀ ਚਲੀ ਗਈ। ਮਾਤਾ ਸੁੰਦਰੀ ਨੇ ਜਸਾ ਸਿਘ ਨੂੰ ਬੜੇ ਪਿਆਰ ਨਾਲ ਆਪਣੇ ਪਾਸ ਰਖਿਆ ਤੇ ਗੋਦੀ ਚੁਕਕੇ ਖਿਡਾਇਆ ਲੜਕਾ ਸੁੰਦਰ ਸੀ ਸਭ ਨੂੰ ਪਿਆਰਾ ਲਗਦਾ ਸੀ। ਸ: ਜਸਾ ਸਿੰਘ ਜੀ ਦੀ ਮਾਤਾ ਦੁਤਾਰੇ ਨਾਲ ਬੜੀ ਮਿਠੀ ਸੁਰ ਵਿਚ ਆਸਾ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਸਨ। ਮਾਤਾ ਸੁੰਦਰੀ ਜੀ ਦਾ ਇਨ੍ਹਾਂ ਨਾਲ ਬਹੁਤ ਪਰੇਮ ਹੋ ਗਿਆ। ਜਦ ਸ: ਜਸਾ ਸਿੰਘ ਥੋੜੇ ਜਿਹੇ ਵਡੇ ਹੋਏ ਤਾਂ ਮਾਤਾ ਜੀ ਨਾਲ ਮਿਲ ਕੇ ਆਪ ਭੀ ਕੀਰਤਨ ਕਰਨ ਲਗੇ। ਆਪਨੇ ਗੁਰਮੁਖੀ ਅਖਰ ਮਾਤਾ ਸੁੰਦਰੀ ਜੀ ਪਾਸੋਂ ਸਿਖੇ ਤੇ ਦਿਲੀ ਵਿਚ ਰਹਿਣ ਕਰਕੇ ਉਰਦੂ ਵੀ ਲਿਖਣਾ ਪੜਨਾ ਸਿਖ ਲਿਆ।

ਸੰਮਤ ੧੭੮੬ ਬਿ: ਨੂੰ ਸ: ਬਾਘ ਸਿੰਘ ਦਿਲੀ ਗਏ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਪਾਸ ਬਿਨੈ ਕੀਤੀ ਕਿ ਮੇਰੇ ਘਰ ਕੋਈ ਸੰਤਾਨ ਨਹੀਂ ਜੇ ਆਪ ਜਸਾ ਸਿੰਘ ਨੂੰ ਮੈਨੂੰ ਦੇ ਦਿਓ ਤਾਂ ਮੈਂ ਆਪਣਾ ਪਾਲਕ ਪੁਤ੍ਰ ਬਣਾਵਾਂ। ਮਾਤਾ ਜੀ ਨੇ ਆਗਿਆ ਦੇ ਦਿੱਤੀ। ਉਸ ਸਮੇ ਆਪ ਨੂੰ ਮਾਤਾ ਜੀ ਨੇ ਇਕ ਤਲਵਾਰ, ਢਾਲ, ਤੀਰ, ਕਮਾਣ, ਖਿਲਅਤ ਤੇ ਚੋਬ ਬਖਸ਼ੀ। ਇਨ੍ਹਾਂ ਨੂੰ ਪਹਿਨ ਕੇ ਆਪ ਬਹੁਤ ਸੋਹਣੇ ਲਗਦੇ ਸਨ। ਮਾਤਾ ਸੁੰਦਰੀ ਜੀ ਨੇ ਵੇਖਕੇ ਕਿਹਾ ਪੁਤ੍ਰ ਉਹ ਸਮਾਂ ਆਉਨ ਵਾਲਾ ਹੈ ਜਦੋਂ ਤੁਹਾਡੇ

Digitized by Panjab Digital Library | www.panjabdigilib.org

ਅੱਗੇ ਚੋਬਦਾਰ ਚਲਿਆ ਕਰਨਗੇ। ਸ: ਬਾਘ ਸਿੰਘ ਆਪਣੀ ਭੈਣ ਤੇ ਸ: ਜਸਾ ਸਿੰਘ ਜੀ ਨੂੰ ਨਾਲ ਲੈਕੇ ਜਦ ਵਾਪਸ ਆਏ ਤਾਂ ਨਵਾਬ ਕਪੂਰ ਸਿੰਘ ਖਾਲਸਾ ਦਲ ਸਮੇਤ ਸੀ ਕਰਤਾਰਪੁਰ ਠਹਿਰੇ ਹੋਏ ਸਨ। ਇੰਨਾਂ ਨੇ ਭੀ ਕਰਤਾਰਪੁਰ ਪੜਾਉ ਕੀਤਾ। ਸਵੇਰੇ ਅੰਮ੍ਰਿਤ ਵੇਲੇ ਸ: ਜਸਾ ਸਿੰਘ ਜੀ ਅਤੇ ਉਨਾਂ ਦੀ ਮਾਤਾ ਜੀ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਇਤਨਾ ਰਸ ਭਿੰਨਾ ਕੀਰਤਨ ਕੀਤਾ ਕਿ ਖਾਲਸਾ ਦਲ ਨੂੰ ਵਿਸਮਾਦ ਵਿਚ ਲੈ ਆਂਦਾ। ਸਭ ਨੇ ਇਹੋ ਕਿਹਾ ਕਿ ਇਨ੍ਹਾਂ ਪਾਸੋਂ ਕੀਰਤਨ ਦਾ ਹੋਰ ਆਨੰਦ ਮਾਣਿਆ ਜਾਵੇ। ਸ: ਕਪੂਰ ਸਿੰਘ ਜੀ ਨੇ ਜ਼ੋਰ ਦੇਕੇ ਇਨ੍ਹਾਂ ਨੂੰ ਇਕ ਮਹੀਨਾ ਆਪਣੇ ਪਾਸ ਰਖਿਆ। ਨਵਾਬ ਕਪੂਰ ਸਿੰਘ ਜੀ ਦੇ ਭੀ ਕੋਈ ਲੜਕਾ ਨਹੀਂ ਸੀ ਇਸ ਕਰਕੇ ਇਹ ਭੀ ਸ: ਜਸਾ ਸਿੰਘ ਨੂੰ ਅਪਣੇ ਪੁਤਰਾਂ ਸਮਾਨ ਪਿਆਰ ਕਰਨ ਲਗ ਪਏ ਅਤੇ ਆਪਣੇ ਪਵਿੱਤ੍ਰ ਹਥਾਂ ਨਾਲ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਸ: ਜਸਾ ਸਿੰਘ ਨੂੰ ਛਕਾਇਆ। ਸ: ਜਸਾ ਸਿੰਘ ਨੂੰ ਘੋੜਿਆਂ ਦਾ ਵੰਡਣ ਦੇਣ ਪਰ ਲਗਾਇਆ ਗਿਆ ਤਾਂ ਇਕ ਦਿਨ ਆਪ ਕੁਝ ਸਵਾਰਾਂ ਨਾਲ ਝਗੜਾ ਹੋ ਜਾਣ ਕਰਕੇ ਬਹੁਤ ਦੁਖੀ ਹੋਏ ਤੇ ਨਵਾਬ ਕਪੂਰ ਸਿੰਘ ਜੀ ਨੂੰ ਕਹਿਣ ਲਗੇ ਕਿ ਮੇਰੀ ਇਸ ਨੌਕਰੀ ਤੋਂ ਖਲਾਸੀ ਕਰਾਉ। ਅਗੋਂ ਸ੍ਰਦਾਰ ਕਪੂਰ ਸਿੰਘ ਨੇ ਹੱਸ ਕੇ ਕਿਹਾ ਕਿ ਤੁਸੀਂ ਦਾਣਾ ਵੰਡਦੇ ਘਬਰਾ ਗਏ ਹੋ ਤੁਹਾਡੇ ਹਥੋਂ ਤਾਂ ਅਸੀਂ ਹਜ਼ਾਰਾਂ ਆਦਮੀਆਂ ਨੂੰ ਤਨਖਾਹਾਂ ਵੰਡਾਣੀਆਂ ਹਨ। ਜਿਵੇਂ ਮੈਨੂੰ ਗਰੀਬ ਨਿਵਾਜ਼ ਖਾਲਸਾ ਪੰਥ ਨੇ ਨਵਾਬ ਦਾ ਖਿਤਾਬ ਬਖਸ਼ਿਆ ਹੈ ਇਸੇ ਤਰ੍ਹਾਂ ਆਪ ਨੂੰ ਭੀ ਕਿਸੇ ਦਿਨ ਬਾਦਸ਼ਾਹ ਬਣਾ ਦੇਣਗੇ।

ਨਵਾਬ ਕਪੂਰ ਸਿੰਘ ਦਾ ਪੰਥ ਵਿਚ ਬਹੁਤ ਸਤਿਕਾਰ ਸੀ। ਹਰ ਇਕ ਸਿੰਘ ਆਪ ਦੀ ਇਜ਼ਤ ਕਰਦਾ ਸੀ। ਸ: ਜਸਾ ਸਿੰਘ ਜੀ ਆਪ ਦੇ ਮਨਜ਼ੂਰ ਨਜ਼ਰ ਬਣ ਗਏ ਤਾਂ ਆਪ ਜੀ ਨੂੰ ਭੀ ਪੰਥ ਵਿਚ ਬਹੁਤ ਸਤਿਕਾਰ ਪ੍ਰਾਪਤ ਹੋਇਆ। ਇਕ ਗੁਰੂ ਪੰਥ ਦੀ ਸਵੱਲੀ ਨਿਗਾਹ ਸੀ ਅਤੇ ਦੂਜੇ ਸ: ਜਸਾ ਸਿੰਘ ਵਿਚ ਐਸੇ ਗੁਣ ਸਨ ਕਿ ਆਪ ਬਹੁਤ ਛੇਤੀ ਪੰਥ ਵਿਚ ਇਕ ਪ੍ਰਸਿਧ ਜਥੇਦਾਰ ਬਣ ਗਏ।

ਸ: ਬਾਘ ਸਿੰਘ ਇਕ ਲੜਾਈ ਵਿਚ ਸ਼ਹੀਦ ਹੋ ਗਏ ਇਸ ਕਰਕੇ ਸ: ਜਸਾ ਸਿੰਘ ਜੀ ਨੂੰ ਮਿਸਲ ਆਹਲੂਵਾਲੀਆ ਦਾ ਮੁਖੀ ਥਾਪਿਆ ਗਿਆ। ਆਪਣੀ ਬਹਾਦਰੀ ਦਾ ਸਦਕਾ ਸ: ਜਸਾ ਸਿੰਘ ਦਾ ਪੰਥ ਵਿਚ ਮਾਣ ਬਹੁਤ ਵਧ ਗਿਆ ਅਤੇ ਆਪ ਹਰ ਮੋਰਚੇ ਵਿਚ ਮੂਹਰਲੀ ਕਤਾਰ ਵਿਚ ਹੋ ਕੇ ਲੜਦੇ ਰਹੇ। ਆਪ ਦਾ ਜਿਸਮ ਬਹੁਤ ਸਡੋਲ ਸੀ। ਉਚਾ ਲੰਮਾ ਕੱਦ ਤੇ ਸੁੰਦਰ ਬਦਨ ਵੇਖ ਕੇ ਦਰਸ਼ਨ ਕਰਨ ਵਾਲੇ ਪ੍ਰਸੰਨ ਹੋ ਜਾਂਦੇ ਸਨ। ਆਪ ਇਕ ਬਕਰਾ ਇਕਲੇ ਖਾ ਜਾਇਆ ਕਰਦੇ ਸਨ ਅਤੇ ਇਕ ਸੇਰ ਪੱਕਾ ਮਖਣ ਹਰ ਰੋਜ਼ ਮਿਸਰੀ ਮਿਲਾ ਕੇ ਸੁਭਾ ਹਾਜ਼ਰੀ ਕਰਦੇ ਸਨ ਅਤੇ ੧੨੫ ਤਿੱਤਰ ਛਕ ਜਾਇਆ ਕਰਦੇ ਸਨ।

ਜਿਸ ਸਮੇਂ ਨਾਦਰ ਸ਼ਾਹ ਦਿਲੀ ਨੂੰ ਲੁਟ ਕੇ ਵਾਪਸ ਜਾਣ ਲਗਾ ਤਾਂ ਸ: ਜਸਾ ਸਿੰਘ ਨੇ ਉਸ ਨੂੰ ਘੇਰ ਕੇ ਬਹੁਤ ਕੁਝ ਲੁਟ ਲਿਆ। ਉਸ ਦੀ ਲੁਟ ਦਾ ਭਾਰ ਖਾਲਸੇ ਨੇ ਕਾਫੀ ਹੌਲਾ ਕਰ ਦਿਤਾ।

ਅਹਿਮਦ ਸ਼ਾਹ ਅਬਦਾਲੀ ਨੇ ਛੇਵਾਂ ਹਮਲਾ ਕਰਕੇ ਜਦ ਭਾਰਤ ਦੇ ਪ੍ਰਸਿੱਧ ਸ਼ਹਿਰ ਮਥਰਾ, ਬਿੰਦਰਾਬਨ ਆਦਿਕ ਨੂੰ ਲੁਟ ਕੇ ਜਦ ਪੰਜਾਬ ਵਿਚੋਂ ਲੰਘ ਕੇ ਵਾਪਸ ਜਾਣ ਦੀ ਤਿਆਰੀ

Digitized by Panjab Digital Library | www.panjabdigilib.org

ਕੀਤੀ ਤਾਂ ਸ: ਜਸਾ ਸਿੰਘ ਨੇ ਦੂਜੇ ਸਿੱਖ ਜਥਿਆਂ ਨੂੰ ਨਾਲ ਲੈ ਕੇ ਇਸ ਪਾਸੋਂ ਭੀ ਸਭ ਕੁਝ ਖੋਹ ਲਿਆ ਅਤੇ ਉਸ ਨੂੰ ਭੀ ਖਾਲੀ ਹਥੀਂ ਤੋਰਿਆ। ਅਹਿਮਦ ਸ਼ਾਹ ਬਹੁਤ ਸਾਰੀਆਂ ਹਿੰਦੂ ਲੜਕੀਆਂ ਅਤੇ ਲੜਕੇ ਭੀ ਪਕੜ ਕੇ ਲੈ ਜਾ ਰਿਹਾ ਸੀ ਜੋ ਖਾਲਸਾ ਜੀ ਨੇ ਛੁਡਾ ਕੇ ਉਨ੍ਹਾਂ ਦੇ ਵਾਰਸਾਂ ਪਾਸ ਪਹੁੰਚਾਏ ਅਤੇ ਇਸ ਪ੍ਰਕਾਰ ਭਾਰਤ ਦੀ ਇਜ਼ਤ ਨੂੰ ਬਚਾਇਆ।

ਛੋਟੇ ਘਲੂਘਾਰੇ ਵਿਚ ਤੇ ਫੇਰ ਵਡੇ ਘਲੂਘਾਰੇ ਸਮੇਂ ਸ: ਜਸਾ ਸਿੰਘ ਆਹਲੂਵਾਲੀਆ ਨੇ ਬੜੀ ਬਹਾਦਰੀ ਨਾਲ ਦੁਸ਼ਮਨ ਦਾ ਟਾਕਰਾ ਕੀਤਾ ਅਤੇ ਹਠੂਰ ਦੀ ਢਾਬ ਦੇ ਕੰਢੇ ਅਹਿਮਦ ਸ਼ਾਹ ਅਬਦਾਲੀ ਨੂੰ ਵੰਗਾਰਿਆ ਕਿ ਜੇ ਹੌਸਲਾ ਹੈ ਤਾਂ ਆ ਗੁਰੂ ਕੇ ਸਿੰਘਾਂ ਨਾਲ ਦੋ ਹੱਥ ਕਰਕੇ ਵੇਖ ਲੈ। ਅਹਿਮਦ ਸ਼ਾਹ ਨੂੰ ਅਗੇ ਆਉਣ ਦਾ ਹੌਸਲਾ ਨਾ ਪਿਆ ਅਤੇ ਆਪ ਫਿਰ ਵਾਪਸ ਖਾਲਸਾ ਦਲ ਵਿਚ ਆ ਗਏ।

ਸਰਹੰਦ ਦੀ ਇੱਟ ਨਾਲ ਇੱਟ ਵਜਾਣ ਵਿਚ ਭੀ ਸ: ਜਸਾ ਸਿੰਘ ਜੀ ਨੇ ਵਧ ਚੜ੍ਹਕੇ ਹਿੱਸਾ ਲਿਆ ਅਤੇ ਜਲਾਲਾਬਾਦ, ਨਜੀਬਾਬਾਦ, ਮੁਰਾਦਾਬਾਦ ਆਦਿਕ ਸ਼ਹਿਰਾਂ ਨੂੰ ਫਤਹਿ ਕਰਨ ਵਿਚ ਅਦੁਤੀ ਬਹਾਦਰੀ ਵਿਖਾਈ। ਜਿਸ ਵੇਲੇ ਸਿੰਘਾਂ ਨੇ ਦਿਲੀ ਪਰ ਕਬਜ਼ਾ ਕਰ ਲਿਆ ਤਾਂ ਆਪ ਨੂੰ ਦਿਲੀ ਦੇ ਸ਼ਾਹੀ ਤਖਤ ਪਰ ਬੈਠਾ ਕੇ ਬਾਦਸ਼ਾਹ ਦਾ ਖਿਤਾਬ ਦਿਤਾ ਗਿਆ ਜੋ ਇਨ੍ਹਾਂ ਦੇ ਅੰਤਮ ਸਮੇਂ ਤਕ ਪ੍ਰਸਿੱਧ ਰਿਹਾ। ਕਸੂਰ ਨੂੰ ਫਤਹਿ ਕਰਨ ਸਮੇਂ ਭੀ ਆਪ ਨੇ ਵਧ ਚੜ ਕੇ ਹਿੱਸਾ ਲਿਆ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਪਰ ਭਾਵੇਂ ਸਾਰੀਆਂ ਮਿਸਲਾਂ ਖਰਚ ਕਰਦੀਆਂ ਸਨ ਪ੍ਰੰਤੂ ਸਭ ਤੋਂ ਵਧ ਰੁਪਇਆ ਚਾਰ ਲਖ ਦੀ ਗਿਣਤੀ ਵਿਚ ਸ: ਜਸਾ ਸਿੰਘ ਨੇ ਖਰਚਿਆ ਅਤੇ ਸੇਵਾ ਵਿਚ ਬਹੁਤ ਜ਼ਿਆਦਾ ਹਿਸਾ ਲਿਆ। ਸ: ਜਸਾ ਸਿੰਘ ਜੀ ਨੂੰ ਅੰਮ੍ਰਿਤ ਪ੍ਰਚਾਰ ਦਾ ਬਹੁਤ ਸ਼ੌਕ ਸੀ ਅਤੇ ਆਪ ਆਪਣੇ ਘੋੜੇ ਦੇ ਹੰਨੇ ਨਾਲ ਖੰਡਾ ਬੰਨਕੇ ਰਖਿਆ ਕਰਦੇ ਸਨ। ਬਹੁਤ ਸਾਰੇ ਪ੍ਰਸਿੱਧ ਸਰਦਾਰਾਂ ਨੇ ਆਪ ਜੀ ਪਾਸੋਂ ਅੰਮ੍ਰਿਤ ਪਾਨ ਕਰਕੇ ਖਾਲਸਾ ਪੰਥ ਦੀ ਬੜੀ ਸ਼ਾਨਦਾਰ ਸੇਵਾ ਕੀਤੀ। ਖਾਲਸਾ ਪੰਥ ਵਿਚ ਆਪਦਾ ਸਤਿਕਾਰ ਇਸ ਕਰਕੇ ਭੀ ਬਹੁਤ ਸੀ ਕਿ ਆਪਦੇ ਪਾਸ ਉਹ ਗੁਰਜ ਸੀ ਜੋ ਦਸ਼ਮੇਸ਼ ਗੁਰੂ ਨੇ ਨਵਾਬ ਕਪੂਰ ਸਿੰਘ ਨੂੰ ਬਖਸ਼ਿਆ ਸੀ। ਉਸ ਸਮੇਂ ਜਦੋਂ ਖਾਲਸਾ ਦਲ ਕਿਸੇ ਪਾਸੇ ਚੜ੍ਹਾਈ ਕਰਦਾ ਤਾਂ ਸਾਰੇ ਜਥਿਆਂ ਦੀ ਕਮਾਂਡ ਸ: ਜਸਾ ਸਿੰਘ ਦੇ ਹਥ ਦਿਤੀ ਜਾਂਦੀ ਸੀ। ਆਪ ਨੂੰ ਖਾਲਸਾ ਫੌਜ ਦਾ ਸੁਪ੍ਰੀਮ ਕਮਾਂਡਰ ਮੰਨਿਆ ਜਾਂਦਾ। ਇਹੋ ਕਾਰਣ ਸੀ ਕਿ ਖਾਲਸਾ ਪੰਥ ਆਪ ਨੂੰ ਆਪਣਾ ਬਾਦਸ਼ਾਹ ਮੰਨਦਾ ਸੀ।

ਸ: ਜਸਾ ਸਿੰਘ ਜੀ ਵਿਚ ਸਭ ਤੋਂ ਵਡਾ ਗੁਣ ਵੰਡਕੇ ਛਕਣ ਦਾ ਸੀ। ਆਪ ਜਿਤਨਾ ਧਨ ਲੁਟ ਮਾਰ ਤੋਂ ਇਕਠਾ ਕਰਦੇ ਜਾਂ ਆਪਣੇ ਇਲਾਕੇ ਦਾ ਮਾਲੀਆ ਵਸੂਲ ਕਰਦੇ ਉਸ ਵਿਚੋਂ ਬਹੁਤ ਵਡਾ ਹਿਸਾ ਗੁਰਦਵਾਰਿਆਂ ਦੀ ਸੇਵਾ ਤੇ ਲੰਗਰ ਪਰ ਖਰਚ ਕਰ ਦਿੰਦੇ। ਗਲ ਕੀ ਆਪ ਹਰ ਪਹਿਲੂ ਤੋਂ ਪੂਰਨ ਗੁਰਸਿਖਾਂ ਵਾਲਾ ਜੀਵਨ ਬਤੀਤ ਕਰਦੇ ਸਨ ਅਤੇ ਖੁਲਦਿਲੇ ਇਤਨੇ ਸਨ ਕਿ ਆਪਣੀ ਫੌਜ ਵਿਚ ਮੁਸਲਮਾਨ ਨੌਕਰ ਭੀ ਰਖਿਆ ਕਰਦੇ ਸਨ। ਗਊ ਹਤਿਆ ਦੇ ਆਪ ਸਖਤ ਵਿਰੁਧ ਸਨ ਇਸ ਕਰਕੇ ਕਈ ਵੇਰ ਕਸੂਰ ਆਦਿਕ ਸ਼ਹਿਰਾਂ ਨੂੰ ਫਤਹਿ ਕਰਨ ਸਮੇਂ ਬੁਚੜਾਂ ਦੀ ਖੂਬ ਖਬਰ ਲੈਂਦੇ ਸਨ।

Digitized by Panjab Digital Library | www.panjabdigilib.org

ਪਿੰਡ ਆਹਲੂਵਾਲ ਦੇ ਵਸਨੀਕ ਹੋਣ ਕਰਕੇ ਇਸ ਮਿਸਲ ਦਾ ਨਾਮ ਆਹਲੂਵਾਲੀਆਂ ਦੀ ਮਿਸਲ ਪਿਆ। ਨਵਾਬ ਜਸਾ ਸਿੰਘ ਅੰਤ ਸਮੇਂ ਅੰਮ੍ਰਿਤਸਰ ਆ ਗਏ ਤੇ ਉਥੇ ਹੀ ਬਾਣੀ ਦੇ ਪਾਠ ਤੇ ਸਿਮਰਨ ਵਿਚ ਮਗਨ ਹੁੰਦੇ ਹੋਏ ਹੀ ਚੜ੍ਹਾਈ ਕਰ ਗਏ। ਸਾਰੇ ਜੰਗਾਂ ਜੁਧਾਂ ਵਿਚ ਆਪ ਸ਼ਾਮਲ ਹੁੰਦੇ ਰਹੇ ਸਨ। ਆਪਦੇ ਸਰੀਰ ਪਰ ੩੬ ਜ਼ਖਮਾਂ ਦੇ ਨਿਸ਼ਾਨ ਸਨ। ਜਦੋਂ ਮਿਸਲਾਂ ਨੇ ਇਲਾਕੇ ਮਲੇ ਤਾਂ ਆਪ ਅੰਮ੍ਰਿਤਸਰ ਠਹਿਰੇ ਹੋਏ ਸਨ। ਸਭ ਸਰਦਾਰਾਂ ਦੇ ਪਿੰਡਾਂ ਤੇ ਇਲਾਕਿਆਂ ਦੀਆਂ ਅੱਡੋ ਅੱਡ ਫਰਿਸਤਾਂ ਤੇ ਮਿਸਲਾਂ ਆਪ ਨੇ ਬਣਾਈਆਂ ਸਨ। ਇਸੇ ਕਰਕੇ ੧੨ ਜਥਿਆਂ ਦੀਆਂ ੧੨ ਮਿਸਲਾਂ ਬਣਨ ਕਰਕੇ ਜਥਿਆਂ ਦਾ ਨਾਮ ਮਿਸਲਾਂ ਪੈ ਗਿਆ।

੧੨ ਮਿਸਲਾਂ ਦੀ ਕੁਲ ਫੌਜ ਢਾਈ ਲਖ ਦੀ ਗਿਣਤੀ ਵਿਚ ਸੀ। ਪਰ ਅਫਸੋਸ ਕਿ ਮਿਸਲਾਂ ਵਾਲੇ ਆਪਸ ਵਿਚ ਇਲਾਕੇ ਖੋਹਣ ਪਿਛੇ ਲੜ ਕੇ ਖਤਮ ਹੋ ਗਏ। ਮਾਲਵੇ ਵਿਚ ਫੂਲਕੀਆਂ ਦੀ ਮਿਸਲ ਦੇ ਰਜਵਾੜੇ ਤੇ ਫਰੀਦਕੋਟ ਦੀ ਰਿਆਸਤ ਰਹਿ ਗਈ ਤੇ ਸਤਲੁਜੋਂ ਪਾਰ ਮਹਾਰਾਜਾ ਰਣਜੀਤ ਰਣਜੀਤ ਸਿੰਘ ਦੀ ਬਾਦਸ਼ਾਹੀ ਕਾਇਮ ਹੋ ਗਈ। ਮਿਸਲਾਂ ਨੇ ੩੭ ਵਰੇ ਰਾਜ ਕੀਤਾ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ੫੦ ਵਰੇ ਰਿਹਾ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

# ਗੁਰ ਸਿਖ ਜੋਗੀ

ਫੂਟੋ ਆਂਡਾ ਭਰਮ ਕਾ ਮਨਹ ਭਇਆ ਪਰਗਾਸ

॥ ਅਗੇ ਪੜ੍ਹੋ ॥

# ਜੀਵਨ ਮੁਕਤ ਗੁਰਸਿਖਾਂ

ਦੇ

## ਨਾਮ

| | | |
|---|---|---|
| ਭਾਈ ਬਾਜ ਸਿੰਘ ਜੀ | ਸੰਮਤ | ੧੭੬੭ |
| ਭਾਈ ਤਾਰਾ ਸਿੰਘ ਜੀ | ,, | ੧੭੮੩ |
| ਭਾਈ ਮਨੀ ਸਿੰਘ ਜੀ | ,, | ੧੭੯੪ |
| ਭਾਈ ਬਤਾ ਸਿੰਘ ਜੀ | ,, | ੧੭੯੬ |
| ਭਾਈ ਸਬੇਗ ਸਿੰਘ ਜੀ | ,, | ੧੮੦੨ |
| ਭਾਈ ਸਾਹਬਾਜ ਸਿੰਘ ਜੀ | ,, | ੧੮੦੨ |
| ਭਾਈ ਮਤਾਬ ਸਿੰਘ ਜੀ | ,, | ੧੮੦੨ |
| ਭਾਈ ਤਾਰੂ ਸਿੰਘ ਜੀ | ,, | ੧੮੦੨ |
| ਭਾਈ ਸੁਖਾ ਸਿੰਘ ਜੀ | ,, | ੧੮੧੦ |
| ਬਾਬਾ ਦੀਪ ਸਿੰਘ ਜੀ | ,, | ੧੮੧੭ |
| ਬਾਬਾ ਗੁਰਬਖ਼ਸ਼ ਸਿੰਘ ਜੀ | ,, | ੧੮੨੨ |

Digitized by Panjab Digital Library | www.panjabdigilib.org

# ਸ਼ਹੀਦਾਂ ਦੇ ਗੁਰਦੁਆਰੇ (ਸ਼ਹੀਦਾਂ ਦੇ ਅੰਗੀਠੇ)

੧. ਅੰਮ੍ਰਿਤਸਰ ਸਰੋਵਰ ਦੇ ਦੱਖਣ ਵੱਲ ਬੇਅੰਤ ਸੂਰਬੀਰ ਸਿੰਘਾਂ ਦਾ ਸ਼ਹੀਦ ਗੰਜ।

੨. ਰਾਮਸਰ ਪਾਸ ਬਾਬਾ ਦੀਪ ਸਿੰਘ ਜੀ ਦਾ ਸ਼ਹੀਦ ਗੰਜ।

੩. ਗੁਰੂ ਕੇ ਬਾਗ ਬੜੇ ਪਾਸ ਬਾਬਾ ਬਸੰਤ ਸਿੰਘ ਜੀ ਦਾ ਅਤੇ ਬਾਬਾ ਹੀਰਾ ਸਿੰਘ ਜੀ ਦਾ ਸ਼ਹੀਦ ਗੰਜ।

੪. ਰਾਮਗੜ੍ਹੀਆ ਦੇ ਕਟੜੇ ਬੇਅੰਤ ਸੂਰਬੀਰ ਸਿੰਘਾਂ ਦਾ ਸ਼ਹੀਦ ਗੰਜ।

੫. ਜਮਾਂਦਾਰ ਦੀ ਹਵੇਲੀ ਦੇ ਨਜ਼ਦੀਕ ਖੋਸਲੇ ਖਡੀਆਂ ਦੀ ਗਲੀ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸੂਰਬੀਰ ਸਿੰਘ ਭਾਈ ਤੋਤਾ, ਤਿਲੋਕਾ ਆਦਿਕ ਤੇਰਾਂ ਸਿਖਾਂ ਦਾ ਹੈ।

੬. ਅਨੰਦ ਪੁਰ ਵਿਖੇ "ਤਾਰਾ ਗੜ੍ਹ" ਅਤੇ "ਫਤਿਹ ਗੜ੍ਹ" ਨਾਮੇ ਸ਼ਹੀਦ ਗੰਜ ਹਨ।

੭. ਸਰਹੰਦ ਵਿਚ ਫਤੇਗੜ੍ਹ, ਛੋਟੇ ਸਾਹਿਬਜ਼ਾਦਿਆਂ ਦਾ ਅਤੇ ਸ਼ਾਹ ਬੂਅਲੀ ਦੇ ਮਕਬਰੇ ਪਾਸ ਹਜ਼ਾਰਾਂ ਹੀ ਸਿੰਘਾਂ ਦਾ ਹੈ।

੮. ਮੁਕਤਸਰ ਦੇ ਸਰੋਵਰ ਦੇ ਕਨਾਰੇ ਭਾਈ ਮਹਾਂ ਸਿੰਘ ਜੀ ਤੇ ਉਸ ਦੇ ੩੯ ਸਾਥੀ ਸਿੰਘਾਂ ਦਾ।

੯. ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਆਦਿਕ ਯਾਦਗਾਰਾਂ ਅਤੇ ਸ਼ਹੀਦ ਗੰਜ ਬੀਬੀਆਂ।

੧੦. ਚਮਕੌਰ ਸਾਹਿਬ ਜੀ ਵਡੇ ਸਾਹਿਬਜ਼ਾਦੇ ਅਤੇ ਹੋਰ ਬੇਅੰਤ ਸਿੰਘ।

ਹਰਿਮੰਦਰ (ਅੰਮ੍ਰਿਤਸਰ) ਸਾਹਿਬ ਜੀ ਦੀ ਇਟ ੨ ਹੇਠ ਬੇਗਿਨਤ ਸਿੰਘਾਂ ਦੇ ਸੀਸ ਲਗੇ ਹਨ।

ਮਾਝੇ ਅਤੇ ਮਾਲਵੇ ਵਿਚ ਤਾਂ ਚੱਪਾ ਚੱਪਾ ਧਰਤੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਚਤ ਤੇ ਸਿਰਾਂ ਨਾਲ ਮਹਿਲ* ਉਸਾਰੇ ਪਏ ਹਨ।

ਸ੍ਰੀ ਗੁਰੂ ਦਸਾਂ ਪਾਤਸ਼ਾਹਾਂ ਨੇ ਬਾਣੀ ਤੇ ਦਰਿਸਟੀ ਨਾਲ ਜੋ ਸੇਵਕ ਤਾਰੇ ਹਨ ਉਹ ਤਾਂ ਮੈਂ ਅਣਜਾਣ ਤੋਂ ਕੀ ਗਿਣੇ ਜਾਣੇ ਸਨ ਜੋ ਗੁਰੂ ਮਿਸ਼ਨ ਤੇ ਚਲਦੇ ਹੋਇ ਅਮਰ ਸ਼ਹੀਦ ਹੋਏ ਹਨ। ਉਹ ਨਹੀਂ ਲਿਖੇ ਜਾਂਦੇ।

ਸਚ ਹੈ
ਤਾਰੇ ਗਿਨੇ ਜਾਤ ਹੈ
ਨ ਤਾਰੇ ਗਿਣ ਜਾਹਿਗੇ

## ਦਾਸ:- ਵਿਸਾਖਾ ਸਿੰਘ ਸੰਤ ਸਿਪਾਹੀ

---

*ਦੇਖੋ ਲਾਹੌਰ ਸ਼ਹੀਦ ਗੰਜ ਸਿੰਘਣੀਆਂ

Digitized by Panjab Digital Library | www.panjabdigilib.org

# ਸ: ਬਾਜ਼ ਸਿੰਘ ਸ਼ਹੀਦ

ਬਾਜ਼ ਸਿੰਘ ਬਲਗੋਤ ਦਾ ਜਟ ਮੀਰਪੁਰ ਪਟੀ ਦਾ ਵਸਨੀਕ ਸੀ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛਕਕੇ ਸਿਖ ਧਰਮ ਧਾਰਨ ਕੀਤਾ। ਇਹ ਪੰਥ ਵਿਚ ਵਡਾ ਸਰਬੀਰ ਗਿਣਿਆ ਜਾਂਦਾ ਸੀ। ਇਸ ਨੂੰ ਦਸ਼ਮੇਸ਼ ਨੇ ਬੰਦੇ ਸਿੰਘ ਦੀ ਸਹੈਤਾ ਲਈ ਅਬਚਲ ਨਗਰ ਤੋਂ ਭੇਜਿਆ ਸੀ। ਸੰਨ ੧੭੬੭ ਈ: ਵਿਚ ਬੰਦਾ ਸਿੰਘ ਨੇ ਵਜ਼ੀਰ ਖਾਂ ਨੂੰ ਮਾਰ ਕੇ ਸਰਹੰਦ ਦਾ ਹਾਕਮ ਏਸੇ ਨੂੰ ਥਾਪਿਆ ਸੀ। ਬਾਜ ਸਿੰਘ ਬੰਦਾ ਸਿੰਘ ਦੇ ਨਾਲ ਹੀ ਦਿਲੀ ਸ਼ਹੀਦ ਹੋਇਆ। ਇਸ ਦਾ ਭਾਈ ਰਾਮ ਸਿੰਘ ਭੀ ਬੰਦਾ ਸਿੰਘ ਬਹਾਦਰ ਦਾ ਸੱਜਾ ਹਥ ਸੀ। ਇਸ ਨੇ ਧਰਮ ਯੁਧਾਂ ਵਿਚ ਵਡੇ ਸਾਕੇ ਕੀਤੇ। ਇਹ ੧੯ ਜੂਨ ੧੭੧੬ ਈ: ਨੂੰ ਆਪਣੇ ਹੋਰ ਸਾਥੀ ਸਿੰਘਾਂ ਸਮੇਤ ਫਰੁਖਸੀਅਰ ਬਾਦਸ਼ਾਹ ਦੇ ਵੇਲੇ ਉਸੇ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ।

# ਭਾਈ ਤਾਰਾ ਸਿੰਘ ਜੀ ਸ਼ਹੀਦ

ਭਾਈ ਤਾਰਾ ਸਿੰਘ ਪਿੰਡ ਬਾਇਡਲ ਜੋ ਹੁਣ "ਵਾਂ" ਪਰਸਿਧ ਹੈ ਤਸੀਲ ਕਸੂਰ ਜ਼ਿਲਾ ਲਾਹੌਰ ਦਾ ਬੁਟਰ ਜ਼ਿਮੀਦਾਰ ਸਿਦਕੀ ਅਤੇ ਵੰਡ ਛਕਣ ਵਾਲਾ ਸਿੰਘ ਸੀ। ਸਾਹਿਬ ਰਾਇ ਚੌਧਰੀ ਨੌਸ਼ਹਿਰਾ ਨੇ ਇਸ ਦੇ ਸਿਰ ਆਪਣੀਆਂ ਘੋੜੀਆਂ ਦੀ ਚੋਰੀ ਲਾਕੇ ਮਿਰਜ਼ਾ ਜ਼ਫਰ ਬੇਗ ਪਟੀ ਦੇ ਹਾਕਮ ਨੂੰ ਪੰਜ ਸੌ ਸਵਾਰਾਂ ਨਾਲ ਚੜ੍ਹਾ ਲਿਆਂਦਾ। ਏਧਰ ਤਾਰਾ ਸਿੰਘ ਦੀ ਸਹਾਇਤਾ ਵਾਸਤੇ ਸਵਾ ਸੌ ਸਿੰਘ ਜਮਾਂ ਹੋ ਗਿਆ। ਮੁਠ ਭੇੜ ਵਿਚ ਤੁਰਕੀ ਸੈਨਾਂ ਦੇ ਪੈਰ ਹਿਲ ਗਏ। ਲਹੌਰ ਦੇ ਸੂਬੇ ਨੇ ਮੋਮਿਨ ਖਾਂ ਨੂੰ ਹੋਰ ਫੌਜ ਦੇਕੇ ਭੇਜਿਆ ਅਤੇ ਵੈਸਾਖ ਸੰ: ੧੭੮੩ (ਸੰਨ ੧੭੨੫) ਵਿਚ ਤਾਰਾ ਸਿੰਘ ਜੀ ਮੋਮਿਨ ਖਾਂ ਨੂੰ ਹਾਥੀ ਤੋਂ ਡੇਗ ਕੇ ਸ਼ਹੀਦ ਹੋਏ। ਆਪ ਦਾ ਸ਼ਹੀਦ ਗੰਜ ਖਾਦਿਮ ਗੜ੍ਹੀ ਪਾਸ ਪ੍ਰਸਿੱਧ ਅਸਥਾਨ ਹੈ ਅਤੇ ਆਪ ਦਾ ਭਾਈਦਾਰਾ ਮਾਲਵਾ ਦੇਸ ਜ਼ਿਲਾ ਫੀਰੋਜ਼ਪੁਰ ਪਿੰਡ ਬੁਟਰ, ਦਇਆ ਕਲਾਂ ਅਤੇ ਕੋਕਰੀ ਬੁਟਰਾਂ ਆਦਿ ਵਿਚ ਵਸਦੇ ਹਨ।

# ਭਾਈ ਮਨੀ ਸਿੰਘ ਸ਼ਹੀਦ

ਭਾਈ ਮਨੀ ਸਿੰਘ ਕੈਬੋਵਾਲ ਪਿੰਡ ਦੇ (ਜਿਸ ਦਾ ਪਟਿਆਲੇ ਰਾਜ ਵਿਚ ਸੁਨਾਮ ਪਾਸ ਥੇਹ ਦੇਖਿਆ ਜਾਂਦਾ ਹੈ) ਵਸਨੀਕ ਦੁਲਟ ਜਟ ਚੌਧਰੀ ਕਾਲੋ ਦਾ ਪੁਤਰ † ਮਨੀਏ ਦੀ ਉਮਰ ਪੰਜ ਸਾਲ ਦੀ ਸੀ। ਜਦ ਕਾਲੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਸ ਛਡ ਗਏ। ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸ਼ਹੀਦ ਹੋਣ ਤੋਂ ਸ੍ਰੀ ਦਸਮੇਸ਼ ਜੀ ਦੀ ਸੇਵਾ ਦੇ ਵਿਚ ਰਹੇ ਤੇ ਪਿਛੋਂ ਅੰਮ੍ਰਿਤ ਪਾਨ

---

† ਭਾਈ ਮਨੀ ਸਿੰਘ ਜੀ ਦਾ ਦੁਲਟ ਹੋਣਾ ਕੇਵਲ, ਗਿਆਨੀ ਗਿਆਨ ਸਿੰਘ ਦੁਲਟ ਦੇ ਲੇਖ ਅਨੁਸਾਰ ਲਿਖਿਆ ਹੈ। ਅਨੇਕ ਸਜਨ ਭਾਈ ਸਾਹਿਬ ਦਾ ਜਨਮ ਕੰਬੋ ਵੰਸ ਵਿਚ ਮੰਨਦੇ ਹਨ।

Digitized by Panjab Digital Library | www.panjabdigilib.org

ਕੀਤਾ। ਜਦ ਸ੍ਰੀ ਗੁਰੂ ਜੀ ਨੇ ਸੰਮਤ ੧੭੬੧ ਵਿਚ ਅਨੰਦਪੁਰ ਛਡਿਆ ਤਾਂ ਸ੍ਰੀ ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਲੈਕੇ ਦਿਲੀ ਪਹੁੰਚਿਆ। ਅਰ ਸੰਮਤ ੧੭੬੨-੬੩ ਬਿ: ਵਿਚ ਸਮੇਤ ਜਗਤ ਮਾਤਾ ਸਾਹਿਬਾਂ ਦੇ ਸ੍ਰੀ ਦਮਦਮੇ ਸਾਹਿਬ ਪੁਜੇ। ਉਥੇ ਸ੍ਰੀ ਗੁਰੂ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਲਿਖਵਾਈ ਅਤੇ ਸੰਮਤ ੧੭੭੮ ਬਿ: ਵਿਚ ਮਾਤਾ ਸੁੰਦਰੀ ਜੀ ਨੇ ਇਸ ਨੂੰ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਥਾਪਿਆ, ਇਸੇ ਸਮੇਂ ਵਿਚ ਆਪ ਜੀ ਨੇ ਕਈ ਧਾਰਮਕ ਗ੍ਰੰਥ ਲਿਖੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਤਰਤੀਬ ਨਾਲ ਲਿਖਿਆ ਸੀ ਅਤੇ ਭਗਤ ਬਾਣੀ ਨੂੰ ਵੀ ਏਸੇ ਤਰਤੀਬ ਨਾਲ ਲਿਖਿਆ ਜਿਸ ਕਰਕੇ ਪੰਥ ਨੇ ਸਰਾਪ ਦਿਤਾ ਕਿ ਭਾਈ ਮਨੀ ਸਿੰਘ ਦੇ ਵੀ ਅੰਗ ਅੰਗ ਕਟੇ ਜਾਣ।

ਆਪ ਜੀ ਨੇ ਸੰਮਤ ੧੭੯੪ ਵਿਚ ਪੰਜ ਹਜ਼ਾਰ ਰੁਪੈ ਦੇਣਾ ਕਰਕੇ ਦੀਵਾਲੀ ਦੇ ਮੇਲੇ ਦੀ ਮਨਜ਼ੂਰੀ ਲਈ ਅਤੇ ਸੂਬੇ ਨੇ ਮਨਜ਼ੂਰੀ ਦੇ ਦਿਤੀ, ਅੰਮ੍ਰਿਤਸਰ ਦੇ ਚੌਫੇਰੇ ਪੁਲੀਸ ਦੇ ਪਹਿਰੇ ਲਾ ਦਿਤੇ ਜਿਸ ਤੋਂ ਡਰਦੇ ਲੋਕ ਮੇਲੇ ਤੇ ਨਾ ਆਏ ਤੇ ਪੂਜਾ ਨਾ ਚੜਨ ਤੇ, ਸੂਬੇ ਨੂੰ ਰੁਪੈਯਾ ਨਾ ਅਦਾ ਕਰਨ ਦੇ ਅਪਰਾਧ ਵਿਚ ਕੈਦ ਕਰ ਲਿਆ ਤੇ ਇਸਲਾਮ ਵਿਚ ਲਿਆਉਣ ਦੇ ਬੜੇ ਜਤਨ ਕੀਤੇ।

ਭਾਈ ਮਨੀ ਸਿੰਘ ਜੀ ਨੇ ਮੁਸਲਮਾਨ ਹੋਣਾ ਨਾ ਮੰਨਿਆ ਤਾਂ ਜ਼ਕਰੀਆ ਖਾਨ ਸੂਬਾ ਲਹੌਰ ਨੇ ਹੁਕਮ ਦੇ ਕੇ ਜਲਾਦ ਤੋਂ ਬੰਦ ਬੰਦ ਕਟਵਾ ਦਿਤੇ। ਸੰਮਤ ੧੭੯੪ * ਵਿਚ ਭਾਈ ਮਨੀ ਸਿੰਘ ਸ਼ਹੀਦ ਕੀਤੇ ਗਏ। ਜਿਥੇ ਸ਼ਹੀਦ ਕੀਤੇ ਉਸ ਜਗ੍ਹਾ ਸ਼ਹੀਦ ਗੰਜ ਲਾਹੌਰ ਦੇ ਕਿਲੇ ਪਾਸ ਹੈ।

ਭਾਈ ਮਨੀ ਸਿੰਘ ਜੀ ਦੇ ਘਰਾਣੇ ਦਾ ਸਿਜਰਾ ਮਾਲਵੇ ਵਿਚ ਪਿੰਡ ਕੰਬੋਵਾਲ ਕੌਮ ਦੁਲਟ,

ਚੂੜ੍ਹ }
ਭਲਣ } ਦੋਨੋਂ ਸਕੇ ਭਰਾ ਸਨ।

ਇਹ ਦੋਨੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਖ ਬਣੇ ਅਤੇ ਜੰਗਾਂ ਵਿਚ ਵੀ ਹਿਸਾ ਲਿਆ। ਪੋਤਰਾ ਕਾਲਾ ਸਮੇਤ ਪ੍ਰਵਾਰ ਦੇ ਸ੍ਰੀ ਦਸਮੇਸ਼ ਜੀ ਦਾ ਸਿੱਖ ਸਜਿਆ ਅਤੇ ਜੰਗਾਂ ਵਿਚ ਵੀ ਬੀਰਤਾ ਦਖਾਉਂਦਾ ਰਿਹਾ। ਇਸ ਨੂੰ ਗੁਰੂ ਘਰ ਤੋਂ ਦੋ ਪੁਤਰ ਪ੍ਰਾਪਤ ਹੋਇ ਵਡਾ ਨਿਗਾਹੀਆਂ ਸਿੰਘ† ਛੋਟ ਮਨੀ ਸਿੰਘ‡ ਅਤੇ ਜੋ ਆਪ ਜੀ ਨੇ ਬੀੜ ਲਿਖੀ ਸੀ ਉਹ ਸ੍ਰੀ ਹਜ਼ੂਰ ਸਾਹਿਬ ਬਰਾਜਮਾਨ ਸੀ ਅਜ ਕਲ ਬੰਬੇ ਇਕ ਸਿੱਖ ਦੇ ਘਰ ਅਦਬ ਸਹਿਤ ਬਰਾਜਮਾਨ ਜੋ ੧੫ ਸੌ ਭੇਟ ਦੇ ਕੇ ਸ੍ਰੀ ਹਜ਼ੂਰ ਸਾਹਿਬ ਜੀ ਤੋਂ ਲੇ ਗਿਆ ਹੈ।

---

*ਮੁਹੰਮਦ ਲਤੀਫ ਨੇ ਭਾਈ ਮਨੀ ਸਿੰਘ ਦਾ ਸ਼ਹੀਦ ਹੋਣਾ ਸੰਨ ਹਿਜਰੀ ੧੧੪੦ (ਸੰਮਤ ੧੭੮੫) ਮੀਰ ਮੰਨੂੰ ਦੀ ਅਮਲਦਾਰੀ ਵਿਚ ਲਿਖਿਆ ਹੈ।

ਗਿ: ਗਿਆਨ ਸਿੰਘ ਮੱਘਰ ਸੁਦੀ ੫ ਸੰਮਤ ੧੭੯੫ ਲਿਖ ਦਿਤਾ ਹੈ।

†ਨਿਗਾਹੀਆਂ ਸਿੰਘ ਜੀ ਦੇ ਸਤ ਪੁਤਰ ਸਨ।

‡ਭਾਈ ਮਨੀ ਸਿੰਘ ਜੀ ਦੀ ਧਰਮਪਤਨੀ ਬੇਬੇ ਬਸੰਤ ਕੌਰ ਮੁਲਾ ਖੁਰ ਵਾਲੀਆਂ ਬੀਬੀਆਂ ਦੇ ਜਥੇਦਾਰ ਸਨ। ਦੇਖੋ ਇਸਤ੍ਰੀ ਕਾਂਡ।

Digitized by Panjab Digital Library | www.panjabdigilib.org

# ਭਾਈ ਬੋਤਾ ਸਿੰਘ ਜੀ ਸ਼ਹੀਦ

ਬੋਤਾ ਸਿੰਘ ਸੰਧੂ ਜੱਟ ਭੜਾਣੇ ਪਿੰਡ ਦਾ ਵਸਨੀਕ ਸੀ। ਸੂਬਾ ਲਾਹੌਰ ਨੇ ਐਲਾਨ ਕੀਤਾ ਕਿ ਮੈਂ ਸਿਖ ਖਤਮ ਕਰ ਦਿਤੇ ਹਨ। ਜਦ ਇਹ ਐਲਾਨ ਬੋਤਾ ਸਿੰਘ ਅਤੇ ਗਰਜਾ ਸਿੰਘ ਮਜ਼ਬੀ ਨੇ ਸੁਣਿਆ ਤਾਂ ਆਪ ਜੰਗਲ ਵਿਚੋਂ ਨਿਕਲ ਕੇ ਸੰਮਤ ੧੭੯੬ (ਸੰਨ ੧੭੩੯) ਵਿਚ ਨੂਰਦੀਨ ਦੀ ਸਰਾਇ ਦੇ ਨੇੜੇ (ਦਿਲੀ ਲਾਹੌਰ ਦੀ ਸੜਕ ਪਰ) ਚਿਰ ਤੀਕ ਜਕਾਤ ਲੈਂਦੇ ਰਹੇ ਤਾਂ ਸੂਬਾ ਲਾਹੌਰ ਨੂੰ ਪਤਾ ਨਾ ਲਗਣ ਤੇ ਬੋਤਾ ਸਿੰਘ ਨੇ ਇਕ ਚਿਠੀ ਖਾਨ ਬਹਾਦਰ ਸੂਬਾ ਲਾਹੌਰ ਨੂੰ ਜੋਸ਼ ਦੀ ਭਰੀ ਹੋਈ ਲਿਖੀਃ—

ਚਿਠੀ ਲਿਖਿਓਂ ਖਾਨੋ ਖੋਤਾ।
ਲੈਤ ਜਗਾਤ ਹੈ ਸਿੰਘ ਬੋਤਾ।
ਆਨਾ ਗੱਡਾ ਪੈਸਾ ਖੋਤਾ।
ਹਾਥ ਮੇਂ ਰਾਖਤ ਮੋਟਾ ਸੋਟਾ।
ਤੇਰਾ ਆਕਬਤ ਕਰ ਹੈ ਖੋਟਾ।
ਮੇਰਾ ਕਹੀਂ ਸਨੇਹਾ ਜਾਇ।
ਭਾਬੀ ਖਾਨੋਂ ਨੂੰ ਸਮਝਾਇ ॥

# ਭਾਈ ਮਤਾਬ ਸਿੰਘ ਸ਼ਹੀਦ

ਇਹ ਧਰਮ ਵੀਰ ਮੀਰਾਂ ਕੁਟ (ਜ਼ਿਲਾ ਅੰਮ੍ਰਿਤਸਰ) ਦਾ ਵਸਨੀਕ ਸੀ ਇਸ ਨੇ ਪੰਥ ਨਾਲ ਮਿਲ ਕੇ ਵਡੇ ਵਡੇ ਬਹਾਦਰੀ ਦੇ ਕੰਮ ਕੀਤੇ ਤੇ ਹਰਿਮੰਦਰ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਇਸੇ ਨੇ ਸੰਮਤ ੧੭੯੭ ਵਿਚ ਵੱਢਿਆ ਸੀ, ਮਸੇ ਰੰਗੜ ਦਾ ਸਿਰ ਜੋਹੜ ਸਰ ਬੀਕਾਨੇਰ ਜਿਥੋਂ ਬੇਅਦਬੀ ਸੁਣ ਕੇ ਤੁਰੇ ਸਨ ਉਥੇ ਲਜਾ ਕੇ ਖਾਲਸੇ ਦੇ ਅਗੇ ਰਖਿਆ ਅੰਮ੍ਰਿਤਸਰ ਜੀ ਤੋਂ ਸਿਰ ਖੂੰਡਿਆ ਦੇ ਟੋਲਿਆ ਨਾਲ ਭਾਈ ਸੁਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਲੈ ਗਏ, ਇਕ ਟੋਲੇ ਨਾਲ ਸਿਰ ਪੂਰੀ ਮੰਜਲ ਤੇ ਜਾ ਕੇ ਡਿਗਦਾ ਹੁੰਦਾ ਸੀ, ਜਿਥੇ ਸਿਰ ਡਿਗਦਾ ਉਥੇ ਸਿੰਘ ਪੜਾਉ ਕਰਕੇ ਦੂਜੇ ਦਿਨ ਫੇਰ ਸਿਰ ਨੂੰ ਟੋਲਾ ਲਾਉਣਾ ਇਕ ਦਿਨ ਸੁਖਾ ਸਿੰਘ ਟੋਲਾ ਲਾਉਂਦ, ਇਕ ਦਿਨ ਮਹਿਤਾਬ ਸਿੰਘ ਜੀ ਟਲਾ ਲਾਉਂਦਾ ਹੁੰਦਾ ਸੀ, ਜਿਥੋਂ ਤੁਰੇ ਉਥੇ ਜਾ ਕੇ ਖਾਲਸੇ ਦੇ ਅਗੇ ਜੋੜਿਆਂ ਵਿਚ ਸਿਰ ਜਾ ਕੇ ਡਿਗਾ ਉਸ ਜਗ੍ਹਾ ਇਹਨਾਂ ਸ਼ਹੀਦਾ ਦੀ ਯਾਦ ਵਿਚ ਗੁਰੂ ਦਰਬਾਰ ਬਣਿਆ ਹੈ ਜਿਸ ਦੀ ਸੇਵਾ ਸੰਤ ਫਤੇ ਸਿੰਘ ਬੜੇ ਪ੍ਰੇਮ ਨਾਲ ਕਰ ਰਹੇ ਹਨ। ਸੰਮਤ ੧੮੦੨ ਵਿਚ ਲਾਹੌਰ ਦੇ ਹਾਕਮ ਨੇ ਇਸ ਨੂੰ ਚਰਖੀ ਚਾੜ੍ਹ ਕੇ ਸ਼ਹੀਦ ਕੀਤਾ, ਦੇਖੋ (ਹਰ ਭਗਤ, ਪੰਥ ਪ੍ਰਕਾਸ਼ ਅਤੇ ਮੱਸਾ ਰੰਗੜ) ਪਿੰਡ ਭੜੀ ਜ਼ਿਲਾ ਲੁਧਿਆਣੇ ਦੇ ਸਰਦਾਰ ਇਸ ਦੇ ਵੰਸ਼ ਵਿਚੋਂ ਹਨ। ਸ: ਰਤਨ ਸਿੰਘ ਭੰਗੂ ਕਰਤਾ ਪ੍ਰਾਚੀਨ ਪੰਥ ਪ੍ਰਕਾਸ਼ ਇਸੇ ਪਿੰਡ ਦਾ ਸੀ।

Digitized by Panjab Digital Library | www.panjabdigilib.org

# ਭਾਈ ਸਬੇਗ ਸਿੰਘ ਸ਼ਹੀਦ

ਭਾਈ ਸਬੇਗ ਸਿੰਘ ਪਿੰਡ ਜੰਬਰ ਇਲਾਕਾ ਲਾਹੌਰ ਦੇ ਵਸਨੀਕ ਸਨ। ਫ਼ਾਰਸੀ ਵਿਦਵਾਨ ਬਾਦਸ਼ਾਹੀ ਪਿਛੋਕੇਦਾਰ ਸਨ। ਸੰ: ੧੭੯੦ ਵਿਚ ਖਾਨ ਬਹਾਦਰ (ਜ਼ਕਰੀਆ ਖਾਨ) ਸੂਬਾ ਲਾਹੌਰ ਨੇ ਇਨਾਂ ਨੂੰ ਆਪਣੀ ਵਲੋਂ ਵਕੀਲ ਬਣਾਕੇ ਇਕ ਲਖ ਰੁਪੈ ਦੀ ਜਾਗੀਰ ਦੀ ਸਨਦ, ਨਵਾਬੀ ਖਤਾਬ ਤੇ ਵਡਮੁਲੀ ਖਿਲਤ ਪੰਥ ਨੂੰ ਦੇਣ ਲਈ ਅੰਮ੍ਰਿਤਸਰ ਭੇਜਿਆ ਸੀ ਤਾਂਕਿ ਖਾਲਸਾ ਮਾਰ ਧਾੜ ਛਡਕੇ ਸ਼ਾਂਤੀ ਨਾਲ ਬੈਠੇ। ਇਨ੍ਹਾਂ ਨੇ ਇਸ ਵੇਲੇ ਕਪੂਰ ਸਿੰਘ ਜੀ ਨੂੰ ਨਵਾਬੀ ਦਾ ਪਦ ਦੇਕੇ ਆਪਣੀ ਵਕਾਲਤ ਪੂਰੀ ਕੀਤੀ ਇਸ ਲਈ ਸਿਖ ਇਤਿਹਾਸ ਵਿਚ ਸਬੇਗ ਸਿੰਘ ਜੀ ਦਾ ਨਾਉ "ਵਕੀਲ" ਸਦੀਂਦਾ ਹੈ।

ਕੁਝ ਚਿਰ ਇਹ ਲਾਹੌਰ ਦੇ ਕੋਤਵਾਲ ਭੀ ਰਹੇ। ਜਿਸ ਸਮੇਂ ਕਈ ਸ਼ਹੀਦ ਗੰਜ ਅਤੇ ਗੁਰਦੁਆਰੇ ਬਣਾਏ। ਅੰਤ ਨੂੰ ਕਾਜ਼ੀਆਂ ਦੀ ਸ਼ਕਾਇਤ ਪੁਰ ਪੁਤ੍ਰ ਸਾਹਬਾਜ਼ ਸਿੰਘ ਸਮੇਤ ਚਰਖੀਂ ਚੜ੍ਹਕੇ ਸੰ: ੧੮੦੨ ਨੂੰ ਲਾਹੌਰ ਵਿਚ ਸ਼ਹੀਦ ਕੀਤੇ ਗਏ।

ਉਸ ਵੇਲੇ ਦਾ ਇਹ ਬੋਲ ਸੀ:—

ਹੇਠਾਂ ਧਰਤੀ ਉਤੇ ਅੰਬਰ।
ਵਿਚ ਫਿਰੇ ਸੁਬੇਗ ਸਿੰਘ ਜੰਬਰ॥

# ਭਾਈ ਸਾਹਬਾਜ਼ ਸਿੰਘ ਸ਼ਹੀਦ

ਭਾਈ ਸਾਹਬਾਜ਼ ਸਿੰਘ ਪਿਤਾ ਸਬੇਗ ਸਿੰਘ ਵਕੀਲ ਦੇ ਘਰ ਪਿੰਡ ਜੰਬਰ ਜ਼ਿਲਾ ਲਾਹੌਰ ਵਿਖੇ ਜਨਮ ਹੋਇਆ। ਫਾਰਸੀ ਮਕਤਬ ਵਿਚ ਪੜ੍ਹਿਆ ਕਰਦਾ ਸੀ। ਇਕ ਦਿਨ ਮੌਲਵੀਆਂ ਨਾਲ ਚਰਚਾ ਹੋ ਪਈ। ਜਿਸ ਪੁਰ ਸਾਹਬਾਜ਼ ਸਿੰਘ ਨੇ ਨਿਰਭੈਤਾ ਨਾਲ ਆਪਣੇ ਮਤ ਦਾ ਮੰਡਨ ਅਤੇ ਇਸਲਾਮ ਦਾ ਖੰਡਨ ਕੀਤਾ। ਇਸ ਕਾਰਨ ਮੌਲਵੀਆਂ ਵਲੋਂ ਸ਼ਕਾਇਤ ਹੋਣ ਤੇ ਸਾਹਬਾਜ਼ ਸਿੰਘ ਕੈਦ ਕੀਤਾ ਗਿਆ ਅਰ ਜਦ ਉਸ ਨੇ ਮੁਸਲਮਾਨ ਹੋਣਾ ਨਾ ਮੰਨਿਆ ਤਦ ਉਸ ਦੇ ਪਿਤਾ ਸਮੇਤ ਚਰਖੀ ਤੇ ਚਾੜ੍ਹਿਆ ੧੮ ਵਰੇ ਦੀ ਉਮਰ ਵਿਚ ਸ਼ਹੀਦ ਕੀਤਾ ਗਿਆ। ਇਹ ਘਟਨਾ ਸੰ: ੧੮੦੨ ਦੀ ਹੈ।

# "ਭਾਈ ਤਾਰੂ ਸਿੰਘ ਜੀ ਸ਼ਹੀਦ"


ਭਾਈ ਤਾਰੂ ਸਿੰਘ ਪਿੰਡ ਪੂਲਾ, ਤਸੀਲ ਕਸੂਰ ਜ਼ਿਲਾ ਲਾਹੌਰ ਦੇ ਰਹਿਣ ਵਾਲੇ ਕਿਰਤੀ ਭਜਨੀਕ ਪੰਥ ਸੇਵਕ ਸਨ। ਨਿਰੰਜਨੀਏ ਮਹੰਤ ਨੇ ਖਾਨ ਬਹਾਦਰ ਸੂਬਾ ਲਹੌਰ ਪਾਸ ਝੂਠੀ ਸ਼ਕਾਇਤ ਕਰਕੇ ਕਿ ਤਾਰੂ ਸਿੰਘ ਡਾਕੂਆਂ ਨੂੰ ਪਨਾਹ ਤੇ ਸਹਾਇਤਾ ਦਿੰਦਾ ਹੈ। ਅਰ ਚੋਰੀ ਕਰਵਾਉਂਦਾ ਹੈ। ਇਨ੍ਹਾਂ ਨੂੰ ਕੈਦ ਕਰਵਾ ਦਿਤਾ ਜਦ ਇਸਲਾਮ ਕਬੂਲ ਨਾ ਕੀਤਾ, ਕੇਸ ਕਟਣ ਦਾ ਫਤਵਾ ਦਿਤਾ ਤਾਂ

Digitized by Panjab Digital Library | www.panjabdigilib.org

## ਭਾਈ ਤਾਰੂ ਸਿੰਘ ਜੀ ਸ਼ਹੀਦ

### ਭਾਈ ਮਹਿਤਾਬ ਸਿੰਘ ਜੀ ਸ਼ਹੀਦ

(ਸੂਬਾ ਤੜਫ ਰਿਹਾ ਹੈ)



ਸਿਰ ਜਾਏ ਤਾਂ ਜਾਏ, ਮੇਰਾ ਸਿਖੀ ਸਿਦਕ ਨਾ ਜਾਏ ।।
ਸਿਰ ਤਲੀਆਂ ਤੇ ਰਖ ਕੇ ਜਿਹੜਾ ਗਲੀ ਗੁਰੂ ਦੀ ਆਏ ।
ਮੌਤੋਂ ਮੂਲ ਨ ਡਰਦੇ ਨੇ ਓਹ, ਸਿਰ ਜਾਏ ਤਾਂ ਜਾਏ ।।
(ਸਫਾ ੧੦੬)

## ਮਨਮੋਹਣਾ ਸਰੋਵਰ ਤੇ ਗੁਰਦੁਆਰਾ ਗੰਗਸਰ (ਨਾਭਾ)



ਇਸ ਗੁਰਦੁਆਰੇ ਚੋਂ ੧੪ ਸਤੰਬਰ ਸੰ: ੧੯੨੩ ਈ: ਨੂੰ ਰਿਆਸਤ ਨਾਭਾ ਦੇ ਕਰਮਚਾਰੀਆਂ ਵਲੋਂ ਅਖੰਡ ਪਾਠ ਖੰਡਤ ਕੀਤਾ ਗਿਆ ਅਤੇ ੧੫, ਪੰਝੀ ੨ ਸਿੰਘਾਂ ਦੇ ਜਥੇ ਅਖੰਡਪਾਠ ਪ੍ਰਾਰੰਭ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਪ੍ਰਣ ਕਰਕੇ ਗਏ ।

## ਗੁਰੂ ਕੇ ਬਾਗ ਦੀ ਯਾਦ !

੩ ਸਤੰਬਰ ੧੯੨੨ ਈ: (ਸਫਾ ੫੪੬)



ਪੁਲਸ ਵਾਲੇ ਅਕਾਲੀ ਦੇ ਪਵਿਤਰ ਕੇਸ ਪੁਟ ਰਹੇ ਹਨ ਅਤੇ ਇਕ ਅਕਾਲੀ ਮਾਰ ਖਾ ਕੇ ਬੇਸੁਧ ਹੋਇਆ ਪਿਆ ਹੈ ।



ਜਥੇ ਨੂੰ ਦੂਜੀ ਵੇਰ ਕਟਣ ਲਈ ਘਸੀਟਿਆ ਜਾ ਰਿਹਾ ਹੈ ।

Digitized by Panjab Digital Library | www.panjabdigilib.org

## ਬਾਬਾ ਬੰਦਾ ਸਿੰਘ ਨਾਲ ਸਿੱਖ ਬਚੇ ਦੀ ਸ਼ਹੀਦੀ
(ਸਫਾ ੩੯)



ਬੇਸ਼ਕ ਮੇਰੀ ਮਾਤਾ ਪਿਆਰੀ, ਦੁਖ ਪਾਇਗੀ ਭਾਰਾ ।
ਪਰ ਹੈ ਮਾਤਾ ਦੇ ਮੋਹ ਨਾਲੋਂ, ਮੈਨੂੰ ਧਰਮ ਪਿਆਰਾ ।
ਝੂਠ ਬੋਲ ਨਾ ਜਿੰਦ ਬਚਾਵਾਂ, ਸ਼ਾਹੀ ਮੂੰਹ ਤੇ ਮਲ ਕੇ ।
ਮੈਂ ਹਾਂ ਸਿਖ ਗੁਰੂ ਦਾ ਮਰਸਾਂ, ਨਾਲ ਭਰਾਵਾਂ ਰਲ ਕੇ ।

ਭਾਈ ਤਾਰਾ ਸਿੰਘ ਜੀ ਸ਼ਹੀਦ, ਪਿੰਡ ਵਾਂ (ਮਾਝਾ) ਸਫਾ ੧੦੩
ਜਿਨ੍ਹਾਂ ਦੀ ਸੰਤਾਨ ਅਜ ਕਲ ਦਾਇਆ ਕਲਾਂ, ਦਾਇਆ ਖੁਰਦ
ਆਦਿ ਪਿੰਡਾਂ, ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ,
(ਮਾਲਵਾ) ਵਿਚ ਆਬਾਦ ਹਨ ।



ਦੁਨੀਆਂ ਜੇਹੜੀ ਜੀਵਣ ਲੋੜੇ, ਮਰ ਮਰ ਕੇ ਉਹ ਰੋਵੇ ।
ਸਿਖ ਤਲੀਆਂ ਤੇ ਸਿਰ ਨੂੰ ਰਖ ਕੇ, ਵਿਚ ਮੈਦਾਨ ਖਲੋਵੇ ।
ਅੰਮ੍ਰਿਤ ਛਕ ਕੇ ਸਿਖ ਗੁਰਾਂ ਦਾ, ਪਹਿਲਾਂ ਮਰਨ ਕਬੂਲੇ ।
ਧਰਮ ਯੁਧ ਵਿਚ ਰਹੇ ਡਟਿਆ, ਜੋ ਹੋਵੇ ਸੁ ਹੋਵੇ ।

Digitized by Panjab Digital Library | www.panjabdigilib.org

ਮੌਲਵੀ ਨੇ ਨਾਈ ਬੁਲਾ ਕੇ ਕੇਸ ਕਟਣ ਦਾ ਹੁਕਮ ਕੀਤਾ। ਨਾਈ ਦੇ ਸਾਰੇ ਹਥਿਆਰ ਵਰਤਨ ਤੇ ਕੇਸ ਨਾ ਕਟੇ ਗਏ ਤਦ ਭਾਈ ਸਾਹਿਬ ਜੀ ਨੇ ਬਚਨ ਕੀਤਾ ਕਿ ਮੇਰੇ ਕੇਸ ਨਹੀਂ ਕਟੇ ਜਾਣੇ ਮੇਰੇ ਸਿਰ ਦੀ ਖੋਪਰੀ ਉਤਾਰ ਦਿਉ। ਤਦ ਭਾਈ ਸਾਹਿਬ ਜੀ ਦੀ ਕੇਸਾਂ ਸਮੇਤ ਖੋਪਰੀ ਰੰਬੀ ਨਾਲ ਜਲਾਦ ਤੋਂ ਉਤਰਵਾ ਦਿਤੀ † ਭਾਈ ਤਾਰੂ ਸਿੰਘ ਜੀ ਸ਼ਾਂਤ ਚਿਤ ਹੋਏ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ੨੩ ਅੱਸੂ ਸੰਮਤ ੧੮੦੨ ਨੂੰ ਆਪ ਨੇ ਸ਼ਹੀਦੀ ਪਾਈ * ਧਰਮ ਵੀਰ ਤਾਰੂ ਸਿੰਘ ਜੀ ਦਾ ਸ਼ਹੀਦ ਗੰਜ ਦਿਲੀ ਦਰਵਾਜ਼ੇ ਰੇਲਵੇ ਸਟੇਸ਼ਨ ਦੇ ਪਾਸ ਲਾਹੌਰ ਹੈ।

ਭਾਈ ਬੁਲਾਕਾ ਸਿੰਘ ਪਿੰਡ ਕੰਗ, ਇਲਾਕਾ ਤਰਨਤਾਰਨ
,, ਰੂਪ ਸਿੰਘ ਤ੍ਰਖਾਣ ਸਿੰਘ ਪਿੰਡ ਖੁੱਡੀਆਂ
,, ਹੀਰਾ ਸਿੰਘ ਜਿਮੀਂਦਾਰ ਰੰਗੜ ਪਿੰਡ ਨਰਾਲਾ
,, ਬਾਘੜ ਸਿੰਘ ਰਾਜਪੂਤ ਪਿੰਡ ਬਾਸਰਕਾਮ
,, ਸੂਰਾ ਸਿੰਘ ਕਲਾਲ
,, ਸਦਨ ਸਿੰਘ ਮਜ਼ਹਬੀ
,, ਪਹਾੜਾ ਸਿੰਘ ਸੈਦਪੁਰੀਆ
,, ਤੇਗਾ ਸਿੰਘ ਮਤਾਬ ਸਿੰਘ ਦੇ ਕੋਟ ਵਾਲਾ ॥
,, ਕਰਤਾ ਸਿੰਘ] ਮਜੀਠੇ ਦੇ ॥
,, ਵਜੀਰ ਸਿੰਘ]
,, ਤਕੜਾ ਸਿੰਘ] ਰੰਧਾਵੇ ਆਦਿਕ ॥
,, ਬਹਾਦਰ ਸਿੰਘ ]

ਉਪਰ ਲਿਖੇ ਸਿੰਘ ੧੪੦੩ ਵਿਚ ਸ਼ਹੀਦ ਕੀਤੇ ਗਏ।

---

† ਓਧਰ ਸੂਬੇ ਦਾ ਪਿਸ਼ਾਬ ਬੰਦ ਹੋਣ ਤੇ ਸੂਬਾ ਪਸਚਾਤਾਪ ਕਰਦਾ। ਭਾਈ ਸਾਹਿਬ ਤੋਂ ਖਿਮਾ ਮੰਗਦਾ ਤਦ ਭਾਈ ਸਾਹਿਬ ਨੇ ਬਚਨ ਕੀਤਾ ਕਿ ਖਾਲਸੇ ਦਾ ਜੋੜਾ ਲਜਾਕੇ ਜਿੰਨੀ ਵਾਰ ਜ਼ੋਰ ਨਾਲ ਮਾਰੋਗੇ ਉਤਨਾ ਹੀ ਪਿਸ਼ਾਬ ਖੁਲਕੇ ਆਵੇਗਾ। ਇਸੇ ਅਨੁਸਾਰ ਸੂਬੇ ਦੇ ਸਿਰ ਵਿਚ ਜੁਤੀਆਂ ਮਾਰਨ ਵਾਲੇ ਹੋਲੀ ਮਾਰਦੇ ਹਨ। ਸੂਬਾ ਕਹਿੰਦਾ ਹੈ ਜ਼ੋਰ ਨਾਲ ਮਾਰੋ ਇਉਂ ਮਾਰਦਿਆਂ ੨ ਸੂਬੇ ਦਾ ਸਿਰ ਅੰਬਣ ਤੇ ਭਾਈ ਸਾਹਿਬ ਅਗੇ ਅਰਜ਼ ਕਰਦਾ ਹੈ ਕਿ ਮੈਨੂੰ ਮਾਫ ਕਰੋ, ਭਾਈ ਸਾਹਿਬ ਨੇ ਬਚਨ ਕੀਤਾ ਕਿ ਜੁਤੀਆਂ ਮਾਰਕੇ ਮੁਹਰੇ ਲਾਕੇ ਲੈ ਜਾਣਾ ਹੈ ਸੂਬੇ ਦੇ ਮਰ ਜਾਣ ਤੇ।

* ਗਿਆਨੀ ਗਿਆਨ ਸਿੰਘ ਨੇ ਸੰ: ੧੮੦੩ ਲਿਖਿਆ ਹੈ।

Digitized by Panjab Digital Library | www.panjabdigilib.org

# "ਸ: ਸੁਖਾ ਸਿੰਘ ਸ਼ਹੀਦ"

ਭਾਈ ਸੁਖਾ ਸਿੰਘ ਪਿੰਡ ਕੰਬੋਮਾੜੀ ਜਿਸ ਦਾ ਤਖਾਣ ਵੰਸ ਦੇ ਕਲਸੀ ਗੋਤ ਵਿਚ ਜਨਮ ਹੋਇਆ। ਜਿਸ ਨੇ ਖਾਲਸਾ ਸਜ ਕੇ ਧਰਮ ਜੰਗ ਵਿਚ ਭਾਰੀ ਸੇਵਾ ਕੀਤੀ। ਇਸਨੇ ਸਰਦਾਰ ਮਤਾਬ ਸਿੰਘ ਨਾਲ ਮਿਲਕੇ ਮੱਸੇ ਰੰਘੜ ਆਦਿਕਤੁਰਕਾਂ ਨੂੰ ਹਰਿ ਮੰਦਿਰ ਦੀ ਬੇਅਦਬੀ ਦੀ ਸਜ਼ਾ ਦਿੱਤੀ ਇਹ ਸੰਮਤ ੧੮੧੦ ਵਿਚ ਦੁਰਾਨੀਆਂ ਦੀ ਫੌਜ਼ ਨਾਲ ਲੜਕੇ ਰਾਵੀ ਦੇ ਕਿਨਾਰੇ ਲਾਹੌਰ ਪਾਸ ਸ਼ਹੀਦ ਹੋਇਆ ॥

# ਬਾਬਾ ਦੀਪ ਸਿੰਘ ਜੀ ਸ਼ਹੀਦ

"ਧੰਨ ਧੰਨ ਧੰਨ ਜਗਿ ਆਇਆ ਜਿਸ ਪ੍ਰਸਾਦਿ ਸਭ ਜਗਤਿ ਤਰਾਇਆ

ਹਠੀ ਜਪੀ ਤਪੀ ਸਿੰਘ ਸਾਹਿਬ ਬਾਬਾ ਦੀਪ ਸਿੰਘ ਜੀ ਸ਼ਹੀਦ"

ਬਾਬਾ ਦੀਪ ਸਿੰਘ ਜੀ ਗੁਰਮ (ਜਿਲਾ ਲੁਧਿਆਣਾ) ਨੇ ਸ੍ਰੀ ਦਸਮੇਸ਼ ਜੀ ਤੋਂ ਦੀਨਾ ਕਾਂਗੜਾ ਵਿਖੇ ਅੰਮ੍ਰਿਤ ਛਕਕੇ ਸ੍ਰੀ ਦਸਮੇਸ਼ ਜੀ ਦੀ ਅਰਿਦਲ ਵਿਚ ਰਹਿੰਦੇ ਜੰਗ ਮੁਕਤਸਰ ਦਮਦਮਾਂ ਸਾਹਿਬ ਕਥਾ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸ੍ਰਵਣ ਕਰਨੀ ਅਤੇ ਸ੍ਰੀ ਦਸਮੇਸ਼ ਜੀ ਨੇ ਦਖਣ ਦੇਸ਼ ਨੂੰ ਜਾਣ ਵੇਲੇ (ਤਖਤ) ਸ੍ਰੀ ਦਮਦਮਾਂ ਸਾਹਿਬ ਜੀ ਦੇ ਹੈਡ਼ ਜਥੇਦਾਰ ਨੀਯਤ ਕੀਤੇ ਆਪ ਜੀ ਨੇ ਅਨੇਕਾਂ ਲੜਾਈਆਂ ਵਿਚ ਸ਼ਹੀਦ ਹੋਣ ਲਈ ਜਾਨ ਹਥੇਲੀ ਤੇ ਰਖ ਕੇ ਅੱਗੇ ਵਧਦੇ ਸਨ ਬੰਦਾ ਸਿੰਘ ਬਹਾਦਰ ਦੇ ਨਾਲ ਹੋਕੇ ਆਪ ਨੇ ਬਹੁਤ ਜੰਗ ਜਿਤੇ ਆਪ ਜੀ ਨੇ ਸ੍ਰੀ ਦਸਦਮੇ ਵਾਲੀ ਬੀੜ ਦੇ ਚਾਰ ਉਤਾਰੇ ਕੀਤੇ ਜੋ ਇਕ ਇਕ ਬੀੜ ਚੋਹਾਂ ਤਖਤਾਂ ਤੇ ਪ੍ਰਕਾਸਣਿ ਵਾਸਤੇ ਅਦਬ ਸਹਿਤ ਬਿਰਾਜਮਾਨ ਕੀਤੀਆਂ ਜਿਸ ਬੀੜ ਦੀ ਲਿਖਾਈ ਭਾਈ ਮਨੀ ਸਿੰਘ ਜੀ ਤੋ ਸ੍ਰੀ ਦਸਮੇਸ਼ ਜੀ ਨੇ ਕਰਵਾਈ ਸੀ ਓਹ ਬੀੜ ਸ੍ਰੀ ਦਸਮੇਸ ਜੀ ਦਖਣ ਨੂੰ ਜਾਣ ਵੇਲੇ ਨਾਲ ਲੈ ਗਏ ਸਨ ਇਸ ਤੋ ਇਲਾਵਾ ਬਾਬਾ ਜੀ ਨੇ ਪੰਜ ਬੀੜਾਂ ਪੰਜਾਂ ਮੁਲਖਾਂ ਦੀਆਂ ਬੋਲੀਆਂ ਵਿਚ ਲਿਖ ਕੇ ਪੰਜਾ ਮੁਲਖਾਂ ਦੀਆਂ ਲਾਇਬ੍ਰੇਰੀਆਂ ਵਿਚ ਭੇਜਿਆਂ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਨੂੰ ਹਰ ਮੰਦਰ ਸਾਹਿਬ ਗੱਦੀ ਲਾਈ ਬੈਠੇ ਨੂੰ ਡੌਲਓਂ ਫੜਿ ਝੰਝੋੜ ਕੇ ਪਰੇ ਸੁਟਕੇ ਗੱਦੀ ਚਕ ਕੇ ਸਰੋਵਰ ਵਿਚ ਮਾਰੀ ਕਿਉਂਕਿ ਗੁਰਮੁਖ ਬੈਸਹੁ ਸਫਾ ਵਿਛ ਗਈ ਜਦ ਹਰ ਮੰਦਰ ਸਾਹਿਬ ਦੀ ਬੇਅਦਬੀ ਸੁਣੀ ਤਾਂ ਕਮਰ ਕਸਾ ਕਰ ਅਰਦਾਸਾ ਸੋਧਿਆ ਕਿ ਸੀਸ ਹਰ ਮੰਦਰ ਸਾਹਿਬ ਭੇਟ ਕਰਨਾ ਹੈ ਆਪ ਜੀ ਨਾਲ ਉਸ ਵੇਲੇ ਪੰਜ ਹਜ਼ਾਰ ਸਿੰਘ ਮਿਲ ਗਏ ਜਦ ਅੰਮ੍ਰਿਤਸਰ ਤੇ ਕੁਝ ਫਾਸਲਾ ਚੱਬੇ ਦੇ ਪਾਸ ਪੁਜੇ ਤਾਂ ਧਾਰਮਿਕ ਵਿਰੋਧੀਆਂ ਨਾਲ ਜੰਗ ਸ਼ੁਰੂ ਹੋਣ ਤੇ ਆਮੋ ਸਾਮਣੇ ਸੀਸ ਕਲਮ ਹੋਣ ਤੇ ਪਾਸੋ੍ਂ ਸਿੱਖ ਨੇ ਬਚਨ ਕੀਤਾ ਬਾਬਾ ਜੀ ਆਪ ਦਾ ਬਚਨ ਸੀ ਕਿ– ਸੀਸ ਹਰਿਮੰਦਰ ਸਾਹਿਬ ਜਾ ਕੇ ਭੇਟ ਕਰਨਾ ਹੈ, ਹੁਣ ਤਾਂ ਕਈ ਮੀਲ ਉਰੇ ਹੀ ਸੀਸ ਕਲਮ ਕਰ ਬੈਠੇ ਹੋ। ਤਾਂ ਬਾਬਾ ਜੀ ਨੇ ਖਬੇ ਹਥ ਤੇ ਸੀਸ ਚੁਕ ਸਜੇ ਹਥ ਨਾਲ ਖੰਡਾ ਖੜਕਾਂਦੇ ਹੋਏ ਅੰਮ੍ਰਿਤਸਰ ਦੀ ਬਾਹਰਲੀ ਫਿਰਨੀ ਤੋਂ ਸੀਸ ਵਗ੍ਹਾ ਕੇ ਸ੍ਰੀ ਹਰ ਮੰਦਰ ਸਾਹਿਬ ਜੀ ਦੀ ਭੇਟ ਕਰਦੇ ਹੋਇਆ ਨੇ ਕਿਹਾ ਕਿ ਧੜ ਮਲ ਮੂਤ੍ਰ ਦਾ ਥੈਲਾ ਏਥੇ ਹੀ ਰਹੇਗਾ ਸੀਸ ਹਜ਼ੂਰ ਦੇ ਚਰਨਾਂ ਵਿਚ ਭੇਟ ਹੈ

Digitized by Panjab Digital Library | www.panjabdigilib.org

ਹੁਣ ਆਪ ਦੀ ਯਾਦ ਵਿਚ ਸੀਸ ਕਲਮ ਹੋਣ ਵਾਲੀ ਜਗਾ ਧੜ ਡਿਗਣ ਵਾਲੀ ਜਗਾ ਅਤੇ ਸੀਸ ਡਿਗਣ ਵਾਲਿ ਜ਼ਗ੍ਹਾ ਤਿੰਨੀ ਥਾਇ ਗੁਰਦੁਆਰੇ ਕਾਇਮ ਹਨ ।

# ਬਾਬਾ ਜੀ ਪ੍ਰਤੀ ਰਵਾਇਤ

ਸ: ਬਖਸ਼ੀਸ਼ ਸਿੰਘ ਜੀ ਸਫੈਦ ਪੋਸ਼ (ਭੈਣੀ ਦਰੇੜਾ) (ਰਾਏ ਕੋਟ ਕੋਲ) ਦੇ ਵਸਨੀਕ ਅਤੇ ਪੁਰਾਤਨ ਸਿੱਖ ਹਨ ਉਨ੍ਹਾਂ ਨੇ ਦੱਸਿਆ ਕਿ ਬਾਬਾ ਕਲਰ (ਧਾਲੀਵਾਲ) ਦੀ ਚੋਥੀ ਪੀੜ੍ਹੀ ਵਿਚ (ਦਰੇੜਾ) ਕਰਮੇ ਬੜਾ ਬਹਾਦਰ ਜੋਧਾ ਹੋਇਆ ਜੋ ਕਿਲਾ ਘੁੰਗਰਾਣਾ ਵਿਚ ਰਹਿੰਦਾ ਸੀ ਅਤੇ (ਗੁਰਮ) ਆਦਿ ੪੮ ਪਿੰਡ ਉਹਨਾਂ ਦੀ ਚੌਧਰ ਵਿਚ ਸਨ ਉਹਨਾਂ ਨੂੰ ਬਾਬਾ ਦੀਪ ਸਿੰਘ ਜੀ ਦਾ ਵਰਸੀ ਬਾਬਾ ਜੀ ਦੇ ਵਰ ਕਰਕੇ ਉਹਨਾਂ ਦਾ ਨਾਉਂ (ਦਰੇੜਾ) (ਦੁਸ਼ਮਨਾਂ ਦਲਣ) ਵਾਲਾ ਪਿਆ ਜਿਸ ਨੇ ਰਾਏਪੁਰ ਵਾਲੇ ਗਰੇਵਾਲਾਂ ਨੂੰ ਜੋ ਅਧ ਮੁਸਲਮਾਨ ਹੋ ਚੁਕੇ ਸਨ ਉਹਨਾਂ ਨੂੰ ਜੁਧ ਵਿਚ ਹਰਾਇਆ ਸੋ ਬਾਬਾ ਜੀ ਦੀ ਸੰਪ੍ਰਦਾਇ ਦੇ ਸਿੱਖ (ਦੁਪਹਿਰੀ ਸੰਤ) ਆਖੇ ਜਾਂਦੇ ਸਨ ਕਿਉਂਕਿ ਦੋਪਹਿਰ ਤਕ ਅੰਦਰ ਬਹਿ ਕੇ ਭਜਨ ਕਰਿਆ ਕਰਦੇ ਸਨ ਫੇਰ ਕੰਮ ਕਾਰ ਵਿਚ ਲਗਦੇ ਅਤੇ ਮੁਸਲਿਆਂ ਨੂੰ ਸੋਧਣ ਵਿਚ ਤਤ ਪਰ ਰਹਿੰਦੇ ਸੀ ਦਰੇੜੇ ਭੈਣੀ ਦੇ ਲੋਕ ਅਤੇ ਹੋਰ ਕਈ ਪਿੰਡਾਂ ਦੇ ਸੇਵਕ ਲੋਕ ਉਹਨਾਂ ਨੂੰ ਕਿਸੇ ਮਕਾਨ ਜਾਂ ਖੂਹ ਲਾਵਣ ਲਈ ਸੱਦ ਕੇ ਅਰਦਾਸਾ ਸੁਧਾਇਆ ਕਰਦੇ ਸਨ ਅਤੇ ਬੇਅੰਤ ਸਿੰਘ ਅੰਮ੍ਰਿਤ ਛਕਿਆ ਕਰਦੇ ਸਨ ਇਹ ਗਲ ਸਾਰੇ ਪ੍ਰਸਿਧ ਹੈ ਕਿ—

"ਸੰਤ ਦੁਪਹਿਰੀ ਤੁਰਕਾਂ ਤੇ ਕਹਿਰੀ"

ਸੋ ਇਹ ਅਹਿਮਦ ਸ਼ਾਹ ਦੇ ਕੀਤੇ ਵਡੇ ਘਲੂਘਾਰੇ ਦੇ ਸਮੇਂ ਤਕ ਉਹੋ ਸੰਤ ਗੁਰਮਾਂ ਤੋਂ ਆਉਂਦੇ ਰਹੇ ਅਤੇ ਪਿਛੋਂ ਇਕ ਸਦੀ ਤਕ ਦਮਦਮੇ ਸਾਹਿਬ ਤੋਂ ਆ ਕੇ ਗੁਰਮਤਿ ਦਾ ਪਰਚਾਰ ਕਰਦੇ ਰਹੇ ਪਰ ਗੁਰਮਾਂ ਦੀ ਝਿੜੀ ਵਿਚਲੀਆਂ ਧਰਮ ਕੁਟੀਆਂ ਵਰਤਮਾਨ ਗੁਰਦੁਆਰਾ ਸਾਹਿਬ ਗੁਰਮਾਂ ਦੇ ਰੂਪ ਵਿਚ ਬਿਰਾਜ ਮਾਨ ਹਨ ।

ਆਪ ਮਾਘ ਸੰਮਤ ੧੮੧੭ ਵਿਚ ਧਰਮ ਯੁਧ ਕਰਦੇ ਸ਼ਹੀਦ ਹੋਏ । ਆਪ ਸ਼ਹੀਦਾਂ ਦੀ ਮਿਸਲ ਦੇ ਮੁਖੀਏ ਸਿੰਘਾਂ ਵਿਚੋਂ ਸਨ ।

# ਭਾਈ ਗੁਰਬਖਸ਼ ਸਿੰਘ ਸ਼ਹੀਦ

ਸ਼ਹੀਦ ਗੁਰਬਖਸ਼ ਸਿੰਘ ਜੀ ਪਿੰਡ ਲੀਲ (ਜ਼ਿਲਾ ਅੰਮ੍ਰਿਤਸਰ) ਜੋ ਪੰਥ ਦੇ ਮੁਖੀ ਜਥੇਦਾਰਾਂ ਵਿਚੋਂ ਹੋਏ ਸਨ । ਆਪ ਜੀ ਨੇ ਸੰਮਤ ੧੮੨੨ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਖਿਆ ਵਾਸਤੇ ਅਹਿਮਦ ਸ਼ਾਹ ਦੀ ੩੦ ਹਜ਼ਾਰ ਫੌਜ ਨਾਲ ਸਿਰਫ ੩੦ ਕੁ ਸਿੰਘਾਂ ਸਮੇਤ ਡਟਕੇ ਮੁਕਾਬਲਾ ਕਰਦੇ ਸ਼ਹੀਦ ਹੋਏ ।

ਆਪ ਜੀ ਦਾ ਸ਼ਹੀਦ ਗੰਜ ਅਕਾਲ ਤਖਤ ਸਾਹਿਬ ਜੀ ਦੇ ਪਿਛੇ ਅੰਮ੍ਰਿਤਸਰ ਹੈ ।

Digitized by Panjab Digital Library | www.panjabdigilib.org

# ਏਸ ਸਮੇਂ ੨੦ ਪ੍ਰਕਾਰ ਮੌਤ ਨਾਲ ਸਿੰਘ ਸ਼ਹੀਦ ਕੀਤੇ ਜਾਂਦੇ ਸਨ

(੧) ਚਰਖੀਃ– ਜਿਸ ਉਪਰ ਬੰਨਕੇ ਭਵਾਉਂਦੇ ਤੇ ਬੰਦੇ ਸਿੰਘ ਦੀ ਹੱਡੀ ਹੱਡੀ ਤੋੜ ਚਕਨਾ ਚੂਰ ਹੋ ਜਾਂਦੀ।

(੨) ਸੂਲੀਃ– ਇਕ ਫਟੇ ਉਤੇ ਲੰਬਾ ਪਾਕੇ ਸਾਰੇ ਅੰਗਾਂ ਵਿਚ ਕਿਲ ਠੋਕ ਦਿੰਦੇ, ਇਸ ਤਰ੍ਹਾਂ ਹਜ਼ਰਤ ਈਸਾ ਨੂੰ ਸ਼ਾਮ ਦੇਸ ਯੇਰੋਸ਼ਲਮ ਸ਼ਹਿਰ ਦੇ ਫਿਰਾਉਨ ਬਾਦਸ਼ਾਹ ਨੇ ਸ਼ਹੀਦ ਕੀਤਾ ਸੀ।

(੩) ਸੰਗੇਸਾਰਃ– ਦਰਖਤ ਨਾਲ ਲਟਕਾ ਕੇ ਇਟਾਂ ਵੱਟਿਆਂ ਨਾਲ ਸ਼ਹੀਦ ਕਰਨਾ।

(੪) ਤਸਮੇ ਕਸ਼ੀਃ– ਚੰਮ ਦੇ ਵਦਰ ਗਲਾਂ ਹੇਠ ਪਾਕੇ ਮਧਾਣੀ ਵਾਂਗ ਰਿੜਕ ੨ ਛਾਤੀ ਚੂਰ ਕਰਕੇ ਸ਼ਹੀਦ ਕਰਨਾ।

(੫) ਜੰਬੂਰਾਂ ਨਾਲਃ– ਜੋ ਤੱਤੇ ਠੰਡੇ ਜੰਬੂਰਾਂ ਨਾਲ ਥੋੜਾ ਥੋੜਾ ਮਾਸ ਤੋੜ ਤੋੜ ਸ਼ਹੀਦ ਕਰਨਾ।

(੬) ਮੁੰਗਲੀਆਂ ਨਾਲ ਕੁਟ ਕੁਟ ਕੇ ਸ਼ਹੀਦ ਕਰਨਾ।

(੭) ਧਰਤੀ ਵਿਚ ਲੱਕ ਤਾਈ ਗੱਡ ਕੇ ਥੋਥੇ ਤੀਰਾਂ ਦੇ ਨਿਸ਼ਾਨੇ ਕਰਕੇ ਮਾਰਨਾ।

(੮) ਕੁਤਿਆਂ ਤੋਂ ਪੜਵਾ ਦੇਣਾ।

(੯) ਗਲ ਵਿਚ ਫਾਹਾ ਦੇਣਾ।

(੧੦) ਤੱਤਾ ਤੇਲ ਪਾਕੇ ਮਾਰਨਾ।

(੧੧) ਸਿਰ ਦੀ ਖੋਪਰੀ ਉਤਾਰ ਕੇ ਮਾਰਨਾ।

(੧੨) ਸਾਰੇ ਸਰੀਰ ਦੀ ਖਲ ਉਤਾਰ ਕੇ ਸ਼ਹੀਦ ਕਰਨਾ।

(੧੩) ਛੋਟੇ ੨ ਬੱਚਿਆਂ ਨੂੰ ਉਤਾਹਾਂ ਨੂੰ ਚਲਾ ਕੇ ਹੇਠ ਆਉਂਦਿਆਂ ਨੂੰ ਨੇਜ਼ਿਆਂ ਵਿਚ ਪਰੋ ਦੇਣਾ।

(੧੪) ਜਿਨ੍ਹਾਂ ਮਾਈਆਂ ਬੀਬੀਆਂ ਦੀਆਂ ਕੁਖਾ ਹਰੀ (ਬਚੇ ਪੇਟ ਵਿਚ) ਸਨ ਉਨ੍ਹਾਂ ਦੇ ਪੇਟ ਤੇ ਭੁੰਜੇ ਪਾਕੇ ਪੱਥਰ ਆਦਿ ਭਾਰ ਧਰਣੇ।

੧੫. ਤਲਵਾਰ ਨਾਲ ਸਿਰ ਧੜ ਤੋਂ ਅਡ ਕਰਨਾ।

੧੬. ਹਾਥੀਆਂ ਦੀਆਂ ਲਤਾਂ ਨਾਲ ਬੰਨ ਕੇ ਘਸੀਟਣਾ।

੧੭. ਉਬਲਦੀ ਦੇਗ ਵਿਚ ਬੈਠਾ ਕੇ ਉਬਾਲਣਾ।

੧੮. ਭਠ ਵਿਚ ਰੇਤ ਤਪਾ ਕੇ ਸਿਰ ਤੇ ਸਰੀਰ ਉਪਰ ਪਾਉਣਾ।

੧੯. ਲਕੜ ਦੇ ਦੋ ਫਟਿਆਂ ਵਿਚ ਸਿੰਘ ਜੀ ਨੂੰ ਦੇ ਕੇ ਧਤੂਰੀਆਂ ਲਾ ਕੇ ਆਰੇ ਨਾਲ ਚੀਰਨਾ।

੨੦. ਬੰਦ ਬੰਦ (ਸਰੀਰ ਦੇ ਜੋੜ) ਕਟ ਕੇ ਸ਼ਹੀਦ ਕਰਨਾ ਇਤ ਆਦਿ ਦੇ ਤਸੀਹੇ ਸਹਿਣ ਨੂੰ ਸਿੰਘ ਸੂਰੇ ਸਰਦਾਰ ਹੱਸ ਹੱਸ, ਖਿੜੇ ਮਥੇ ਸ਼ਬਦ ਪੜਦੇ (ਮੌਤ ਨੂੰ ਮਖੌਲ ਕਰਦੇ) ਸ਼ਹੀਦੀ ਪਾਉਣ ਨੂੰ ਖੁਸ਼ੀ ੨ ਧਰਮ ਉਤੇ ਜਾਨਾਂ ਕੁਰਬਾਨ ਕਰਦੇ ਰਹੇ।

ਧਨ ਜਨਮ ਹੈ ਉਨ੍ਹਾਂ ਸਿੰਘ, ਸਿੰਘਣੀਆਂ ਅਤੇ ਭਝੰਗੀਆਂ ਦਾ ਜਿਨਾਂ ਦੀਆਂ ਕਰਬਾਨੀਆਂ ਦਾ ਸਦਕਾ ਅਜ ਅਸੀਂ ਹਿੰਦੁਸਤਾਨ ਹਰਿਆ ਭਰਿਆ ਅਤੇ ਸਿੱਖ ਹਿੰਦੂਆਂ ਦਾ ਦੀਦਾਰ ਕਰ ਰਹੇ ਹਾਂ।

Digitized by Panjab Digital Library | www.panjabdigilib.org

# ਘਲੂਘਾਰਿਆਂ ਦਾ ਇਤਿਹਾਸ

ਸਿਖ ਇਤਿਹਾਸ ਵਿਚ ਉਨ੍ਹਾਂ ਦੋ ਵਡੀਆਂ ਲੜਾਈਆਂ ਨੂੰ ਜੋ ਫੈਸਲਾਕੁਨ ਲੜਾਈਆਂ ਸਨ, ਅਤੇ ਜਿਨ੍ਹਾਂ ਵਿਚ ਸਿੰਘਾਂ ਦੇ ਸਾਰੇ ਜਥੇ ਸ਼ਾਮਲ ਹੋਣ ਕਰਕੇ ਇਕ ਪਾਸੇ ਸਾਰਾ ਖਾਲਸਾ ਪੰਥ ਅਤੇ ਦੂਜੇ ਪਾਸੇ ਦੁਸ਼ਮਣਾਂ ਦਾ ਭਾਰੀ ਲਸ਼ਕਰ ਹੁੰਦਾ ਸੀ ਘਲੂਘਾਰੇ ਕਿਹਾ ਗਿਆ ਹੈ। ਦੁਸ਼ਮਨ ਇਨ੍ਹਾਂ ਲੜਾਈਆਂ ਵਿਚ ਸਿਖਾਂ ਦਾ ਖੁਰਾ ਖੋਜ ਮਿਟਾਣ ਲਈ ਸਾਰਾ ਜ਼ੋਰ ਲਗਾਉਂਦੇ ਸਨ ਅਤੇ ਖਾਲਸਾ ਪੰਥ ਭੀ ਅਗੋਂ ਸਿਰ ਧੜ ਦੀ ਬਾਜ਼ੀ ਲਗਾਕੇ ਲੜਦਾ ਸੀ। ਇਨ੍ਹਾਂ ਲੜਾਈਆਂ ਦਾ ਹਾਲ ਪੜਨ ਤੋਂ ਪਤਾ ਲਗਦਾ ਹੈ ਕਿ ਸਚਮੁਚ ਇਹ ਧਰਮ ਯੁਧ ਸਿਖਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਸਨ ਤੇ ਦੁਸ਼ਮਨ ਨੇ ਕਈ ਵੇਰ ਇਹ ਸਮਝ ਲਿਆ ਸੀ ਕਿ ਉਹ ਖਾਲਸਾ ਪੰਥ ਨੂੰ ਖਤਮ ਵਿਚ ਸਫਲ ਹੋ ਜਾਣਗੇ।

ਸਿਖ ਇਤਿਹਾਸ ਨੂੰ ਗੌਰ ਨਾਲ ਪੜਨ ਤੋਂ ਪਤਾ ਲਗਦਾ ਹੈ ਕਿ ਜਦ ਕਿਸੇ ਹਿੰਦੂ ਘਰਾਣੇ ਦਾ ਸਹਿਜਧਾਰੀ ਸਿਖ ਘਰਾਣੇ ਵਿਚੋਂ ਕੋਈ ਸਿਖ ਅੰਮ੍ਰਿਤਪਾਨ ਕਰਕੇ ਖਾਲਸਾ ਦਲ ਵਿਚ ਸ਼ਾਮਲ ਹੋ ਜਾਂਦਾ ਸੀ ਤਾਂ ਉਸਦਾ ਆਮ ਸ਼ਹਿਰੀਆਂ ਵਾਂਗ ਪਿੰਡਾਂ ਵਿਚ ਰਹਿਣਾ ਅਸੰਭਵ ਹੋ ਜਾਂਦਾ ਸੀ। ਉਸ ਸਮੇਂ ਕੇਸ਼ਾਧਾਰੀ ਸਿੰਘਾਂ ਦੇ ਸਿਰਾਂ ਦਾ ਮੁਲ ੮੦-੮੦ ਰੁਪਏ ਪੇਂਦਾ ਸੀ ਅਤੇ ਝੋਲੀ ਚੁਕ ਲੋਕ ਹਕੂਮਤ ਦੇ ਇਸ਼ਾਰੇ ਨਾਲ ਸਿੰਘਾਂ ਦਾ ਸ਼ਿਕਾਰ ਕਰਨਾ ਫਖ਼ਰ ਦੀ ਗਲ ਸਮਝਦੇ ਸਨ। ਸਿਰ ਦੀ ੮੦ ਰੁਪੈ ਕੀਮਤ ਮਿਲਣ ਤੋਂ ਇਲਾਵਾ ਹਕੂਮਤ ਵਲੋਂ ਨੇਕਨਾਮੀ ਵੀ ਮਿਲਦੀ ਸੀ ਜਿਸ ਕਰਕੇ ਪਿੰਡਾਂ ਦੇ ਚੌਧਰੀ ਸਿੰਘਾਂ ਨੂੰ ਉਸੇ ਤਰਾਂ ਮਾਰਦੇ ਸਨ ਜਿਵੇਂ ਕਿ ਅੱਜ ਕੱਲ ਇਸ਼ਤਿਹਾਰੀ ਡਾਕੂ ਨੂੰ ਪੁਲਸ ਵਾਲੇ ਮਾਰਦੇ ਹਨ ਅਤੇ ਉਸਦੇ ਬਦਲੇ ਇਨਾਮ ਪਾਉਣ ਦੀ ਇਛਾ ਰਖਦੇ ਹਨ।

ਇਹੋ ਜਿਹੇ ਹਾਲਾਤ ਵਿਚ ਅੰਮ੍ਰਿਤਧਾਰੀ ਸਿੰਘ ਸਜਨਾ ਉਨ੍ਹਾਂ ਮਰਜੀਵੜਿਆਂ ਦੀ ਫ਼ੌਜ ਵਿਚ ਸ਼ਾਮਲ ਹੋਣਾ ਸਮਝਿਆ ਜਾਂਦਾ ਸੀ ਜੋ ਸਿਰ ਹਥੇਲੀਆਂ ਪਰ ਰਖ ਕੇ ਜ਼ਾਲਮ ਹਾਕਮਾਂ ਵਿਰੁਧ ਗੁਰੀਲਾ ਜੰਗ ਲੜ ਰਹੇ ਸਨ ਅਤੇ ਜਿਨ੍ਹਾਂ ਨੂੰ ਹਕੂਮਤ ਬਾਗੀਆਂ ਦਾ ਟੋਲਾ ਸਮਝਦੀ ਸੀ ਅਤੇ ਗੁਰੂ ਘਰ ਦੇ ਸ਼ਰਧਾਲੂ ਇਸ ਖਾਲਸਾ ਦਲ ਨੂੰ ਹੀ ਪੰਥ ਕਿਹਾ ਕਰਦੇ ਸਨ। ਪਥ ਖਾਲਸਾ ਸ੍ਰੀ ਗੁਰੂ ਗੋ ਬੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਆਗਿਆ ਅਨੁਸਾਰ ਕਿਸੇ ਖਾਸ ਮਨੋਰਥ ਲਈ ਸਾਜਿਆ ਸੀ। ਉਹ ਮਨੋਰਥ ਸੀ ਭਾਰਤ ਵਰਸ਼ ਵਿਚੋਂ ਜ਼ੁਲਮ ਰਾਜ ਦਾ ਖਾਤਮਾ ਕਰਨਾ, ਇਸ ਦੇਸ਼ ਨੂੰ ਬਾਹਰ ਦੇ ਹਮਲਾਵਰਾਂ ਤੋਂ ਬਚਉਣਾ, ਅਤੇ ਇਥੇ ਇਹੋ ਜਿਹੀ ਹਕੂਮਤ ਕਾਇਮ ਕਰਨਾ ਜਿਸ ਵਿਚ:—

"ਹੁਣ ਹੁਕਮ ਹੋਆ ਮਿਹਰਵਾਨ ਦਾ ਪੈ ਕੋਇ ਨਾ ਕਿਸੈ ਰੰਞਾਣ ਦਾ,<br>ਸਭ ਸੁਖਾਲੀ ਵੁਠੀਆਂ ਹੁਣ ਹੋਆ ਹਲੇਮੀ ਰਾਜ ਜੀਓ।"

Digitized by Panjab Digital Library | www.panjabdigilib.org

ਦੇ ਮਹਾਵਾਕ ਅਨੁਸਾਰ ਮਨੁਖ ਦੇ ਹਥੋਂ ਮਨੁਖ ਦਾ ਸਤਾਇਆ ਅਤੇ ਲੁਟਿਆ ਜਾਣਾ ਖਤਮ ਕਰਕੇ ਸਭ ਨੂੰ ਬਰਾਬਰ ਦੇ ਅਧਿਕਾਰ ਦਿਤੇ ਜਾਣ ਅਤੇ ਸਾਂਝੀਵਾਲਤਾ ਦਾ ਐਸਾ ਯੁਗ ਲਿਆਂਦਾ ਜਾਵੇ ਜਿਸ ਵਿਚ ਜੰਤਾ ਨਾਮ ਜਪਣਾ, ਵੰਡ ਛਕਣਾ ਤੇ ਧਰਮ ਦੀ ਕ੍ਰਿਤ ਕਰਨੀ ਆਦਿ ਗੁਰਮਤਿ ਦੇ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਉਂਦੀ ਹੋਈ ਉਨਤੀ ਦੀਆਂ ਮੰਜ਼ਲਾਂ ਇਸ ਤਰ੍ਹਾਂ ਤੈ ਕਰਦੀ ਚਲੀ ਜਾਵੇ ਜਿਵੇਂ ਸ਼ਰਧਾਲੂ ਮੰਦਰ ਦੀਆਂ ਸੀੜੀਆਂ ਚੜ੍ਹਦਾ ਹੈ।

ਸਿੱਖ ਪੰਥ ਦਾ ਇਹ ਆਦਰਸ਼ ਭਾਰਤ ਵਾਸੀਆਂ ਵਿਚ ਨਵੀਂ ਜ਼ਿੰਦਗੀ ਦਾ ਸੰਚਾਰ ਕਰਦਾ ਸੀ ਅਤੇ ਉਨ੍ਹਾਂ ਦੇ ਸਾਹਮਣੇ ਉਜਲ ਭਵਿਖਤ ਦੀ ਇਕ ਤਸਵੀਰ ਲਿਆਉਂਦਾ ਸੀ। ਇਸ ਕਰਕੇ ਭਾਵੇਂ ਜ਼ਾਲਮਾਂ ਨੇ ਸਿੰਘਾਂ ਨੂੰ ਮੁਕਾਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਪ੍ਰੰਤੂ ਖਾਲਸਾ ਪੰਥ ਦਿਨੋਂ ਦਿਨ ਵਧਦਾ ਚਲਾ ਗਿਆ ਅਤੇ ਇਸ ਨੂੰ ਮੁਕਾਣ ਦੀ ਇਛਾ ਰਖਣ ਵਾਲੇ ਖੁਦ ਮੁਕ ਗਏ। ਜਿਵੇਂ ਦੁਨੀਆਂ ਵਿਚ ਆਏ ਸਾਰੇ ਪੀਰਾਂ, ਪੈਗੰਬਰਾਂ, ਨਬੀਆਂ ਤੇ ਅਵਤਾਰਾਂ ਵਿਚੋਂ ਸ੍ਰੀ ਗੁਰੂ ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਸਨ ਇਸੇ ਤਰਾਂ ਦੁਨੀਆਂ ਦੇ ਸਭ ਧਰਮਾਂ ਵਿਚੋਂ ਖਾਲਸਾ ਧਰਮ ਲਾਸਾਨੀ ਹੈ ਅਤੇ ਇਸ ਦੀਆਂ ਬੁਨਿਆਦਾਂ ਸਿਮਰਨ, ਕੁਰਬਾਨੀ, ਤਿਆਗ ਤੇ ਦ੍ਰਿੜਤਾ ਆਦਿ ਐਸੇ ਗੁਣਾਂ ਪਰ ਰਖੀਆਂ ਗਈਆਂ ਹਨ ਜਿਨ੍ਹਾਂ ਨੂੰ ਦੁਨੀਆਂ ਦੀ ਕੋਈ ਤਾਕਤ ਹਿਲਾ ਨਹੀਂ ਸਕਦੀ। ਜਦ ਤੱਕ ਸਿੰਘਾਂ ਵਿਚ ਗੁਰੂ ਜੀ ਦੇ ਬਖ਼ਸ਼ੇ ਹੋਏ ਉਕਤ ਗੁਣ ਪ੍ਰਧਾਨ ਗੁਣ ਨਾ ਰਹਿਣਗੇ ਤਾਂ ਜਿਵੇਂ ਦੁਨੀਆਂ ਦੀ ਹਰ ਚੀਜ਼ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਦੇ ਕਾਰਨ ਖਤਮ ਹੋ ਜਾਂਦੀ ਹੈ ਤਾਂ ਇਸ ਦੀ ਹੋਂਦ ਨੂੰ ਭੀ ਅਕਾਲ ਪੁਰਖ ਹੀ ਕਾਇਮ ਰਖ ਸਕਦਾ ਹੈ।

## ਪਹਿਲਾ ਘਲੂ ਘਾਰਾ

੧੭੪੬ ਈ: ਵਿਚ ਪਹਿਲਾ ਘਲੂਘਾਰੇ ਹੋਇਆ ਉਸ ਸਮੇਂ ਸਿੰਘਾਂ ਵਿਚ ਸਤਿਗੁਰੂ ਜੀ ਦਾ ਬਖਸ਼ਿਆ ਕੁਰਬਾਨੀਆਂ ਦਾ ਪਵਿੱਤ੍ਰ ਜਜ਼ਬਾ ਠਾਠਾਂਮਾਰ ਰਿਹਾ ਸੀ ਅਤੇ ਉਹ ਪੰਥ ਤੇ ਦੇਸ਼ ਦੀ ਖਾਤਰ ਆਪਣਾ ਸਭਕੁਝ ਕੁਰਬਾਨ ਕਰਨ ਲਈ ਹਰ ਸਮੇ ਤਿਆਰ ਰਹਿੰਦੇ ਸਨ। ਸਭ ਤੋਂ ਪਹਿਲਾ ਲਾਹੌਰ ਦੇ ਸੂਬਾ ਖਾਨ ਬਹਾਦਰ ਨੇ ਦੀਵਾਨ ਲਖਪੱਤ ਤੇ ਜਸਪੱਤ ਆਦਿ ਨੂੰ ਨਾਲ ਲੈਕੇ ਸਿੱਖ ਪੰਥ ਵਿਰੁਧ ਫੈਸਲਾ ਕੁਨ ਹਮਲਾ ਕੀਤਾ ਜਿਸ ਨੂੰ ਸਿੰਘਾਂ ਨੇ ਕਾਹਨੂ ਵਾਣ ਦੇ ਛੰਭ ਪਾਸ ਰੋਕਿਆ ਅਤੇ ਕਈ ਮਹੀਨਿਆਂ ਤੱਕ ਖਾਲਸਾ ਪੰਥ ਜ਼ਿੰਦਗੀ ਮੌਤ ਦੀ ਕਸ਼ਮਕਸ਼ ਵਿਚ ਰੁਝਿਆ ਰਿਹਾ। ਇਤਹਾਸਾਂ ਵਿੱਚ ਲਿਖਿਆ ਹੈ ਕਿ ਲਖਪਤ ਰਾਇ ਨੇ ਇਸ ਮੌਕੇ ਤੇ ਕਾਹਨੂੰ ਵਾਣ ਦੇ ਛੰਭ ਦੀ ਲੜਾਈ ਵਿਚ ਲੜਨ ਵਾਸਤੇ ਸਾਰੇ ਪੰਜਾਬ ਦੇ ਚੌਧਰੀ ਇਕਠੇ ਕਰ ਲਏ ਅਤੇ ਸ਼ਾਹੀ ਫੌਜਾਂ ਲਕੇ ਇਹ ਦਾਹਵਾ ਕਰਕੇ ਚੜ੍ਹਾਈ ਕੀਤੀ ਕਿ ਇਸ ਹਮਲੇ ਵਿੱਚ ਮੈਂ ਸਿੰਘਾਂ ਨੂੰ ਮੁਕਾਕੇ ਹੀ ਵਾਪਸ ਮੁੜਾਂਗਾ। ਜੋ ਫੌਜਾਂ ਉਸ ਨੇ ਇਕਠੀਆਂ ਕੀਤੀਆਂ ਉਨ੍ਹਾਂ ਦਾ ਵਹੀਰ ਦਸ ਕੋਹ ਵਿਚ ਚਲਦਾ ਸੀ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਿਤਨਾ ਭਾਰੀ ਲਸ਼ਕਰ ਸੀ। ਦੀਵਾਨ ਜਸਪੱਤ ਰਾਇ ਨੂੰ ਸਿੰਘਾਂ ਨੇ ਪਹਿਲੇ ਏਸਨਾਬਾਦ ਦੇ ਜੰਗ ਵਿਚ ਮਾਰ ਦਿੱਤਾ ਸੀ ਇਸ ਕਰਕੇ ਭਰਾ ਦੀ ਮੌਤ ਦਾ ਭੀ ਲਖਪਤ ਰਾਇ ਨੂੰ ਬਹੁਤ ਰੋਸ ਸੀ। ਕਹਿੰਦੇ

Digitized by Panjab Digital Library | www.panjabdigilib.org

ਹਨ ਇਸ ਨੇ ਲਾਹੌਰ ਦੇ ਸੂਬੇ ਦੇ ਸਾਹਮਣੇ ਆਪਣੀ ਪਗੜੀ ਲਾਹਕੇ ਸੁਟ ਦਿਤੀ ਸੀ ਤੇ ਭਰਾ ਦੀ ਮੌਤ ਤੋਂ ਗੁਸੇ ਵਿਚ ਆਕੇ ਕਿਹਾ ਸੀ ਜਦ ਤੱਕ ਮੈਂ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ ਆਪਣੇ ਸਿਰ ਤੇ ਪਗੜੀ ਨਹੀਂ ਬੰਨ੍ਹਾਂਗਾ।

ਜਦ ਲਖਪੱਤ ਨੇ ਇਹ ਪ੍ਰਣ ਧਾਰਿਆ ਤਾਂ ਉਸ ਨੇ ਸਭ ਤੋਂ ਪਹਿਲਾਂ ਸ਼ਹਿਰ ਲਾਹੌਰ ਵਿਚ ਹੀ ਜੇਹੜੇ ਹਿੰਦੂ ਭਾਈ ਸਿੱਖਾਂ ਦੇ ਹਾਮੀ ਸਨ ਉਨ੍ਹਾਂ ਨੂੰ ਹੀ ਕਤਲ ਕਰਾਉਣਾ ਸ਼ੁਰੂ ਕਰ ਦਿੱਤਾ। ਇਹ ਹਾਲ ਵੇਖਕੇ ਦੀਵਾਨ ਕੌੜਾ ਮਲ, ਰਾਇ ਸੂਰਤ ਸਿੰਘ ਦੀਵਾਨ ਲੱਛੀਮੱਲ, ਚੌਧਰੀ ਜਵਾਹਰ ਮੱਲ, ਪੰ: ਸੁਰਤਾ ਰਾਮ ਆਦਿਕ ਪਤਵੰਤੇ ਸਜਨ ਇਕਠੇ ਹੋਕੇ ਲਖਪੱਤ ਪਾਸ ਗਏ ਅਤੇ ਉਸ ਨੂੰ ਸਮਝਾਇਆ ਕਿ ਜੋ ਭਾਣਾ ਵਰਤਨਾ ਸੀ ਉਹ ਤਾਂ ਵਰਤ ਗਿਆ ਪਰ ਹੁਣ ਤੂੰ ਸਿੰਘਾ ਵਿਰੁਧ ਚੜ੍ਹਾਈ ਨਾ ਕਰ ਕਿਉਂਕਿ ਸਿੰਘ ਭੀ ਸਾਡੇ ਧਰਮ ਦੀ ਰਾਖੀ ਲਈ ਜਾਨਾ ਹਥੇਲੀ ਪਰ ਧਰੀ ਫਿਰਦੇ ਹਨ। ਜੇ ਗੁਰੂ ਜੀ ਦਾ ਪੰਥ ਨਾ ਹੁੰਦਾ ਤਾਂ ਅਜੀਂ ਤੁਸੀਂ ਸਭ ਕਰਮਦੀਨ ਦੇ ਸ਼ਰਫ ਦੀਨ ਆਦਿ ਬਣੇ ਹੁੰਦੇ। ਉਨ੍ਹਾਂ ਨੇ ਇਹ ਭੀ ਸਮਝਾਇਆ ਕਿ ਅੱਜ ਜੇਹੜੇ ਸਿੱਖ ਤੇ ਹਿੰਦੂ ਨੂੰਫੜਕੇ ਜਲਾਦਾ ਦੇ ਹਵਾਲੇ ਕੀਤੇ ਹਨ ਸੋਮਾਵਤੀ ਮਸਿਆ ਹੋਣ ਕਰਕੇ ਉਨ੍ਹਾਂ ਦੀ ਕਤਲਆਮ ਹੋਣ ਦੇ ਪ੍ਰੰਤੂ ਉਸ ਪਾਪੀ ਨੇ ਇਕ ਨਾ ਮੰਨੀ।

ਇਹ ਦੁਸ਼ਟ ਬੁਧੀ ਖਤ੍ਰੀ ਇਤਨੇ ਕ੍ਰੋਧ ਵਿਚ ਆਇਆ ਕਿ ਇਸ ਨੇ ਕਿਸੇ ਦੀ ਗੱਲ ਨ ਮੰਨੀ ਅਤੇ ਬਹੁਤ ਸਾਰੀਆਂ ਧਰਮ ਸਾਲਾ ਗਿਰਾ ਦਿਤੀਆਂ। ਸ੍ਰੀ ਅੰਮ੍ਰਿਤਸਰ ਦਾ ਸਰੋਵਰ ਪੂਰ ਦਿਤਾ ਅਤੇ ਬਾਣੀ ਤੇ ਸਿੱਖ ਇਤਹਾਸ ਦੇ ਬਹੁਤ ਸਾਰੇ ਗ੍ਰੰਥ ਇਕਠੇ ਕਰਕੇ ਸਾੜ ਦਿਤੇ। ਇਸ ਨੇ ਪੰਜਾਬ ਵਿੱਚ ਇਹ ਮੁਨਾਦੀ ਕਰਾਈ ਕਿ ਜੋ ਸਿੱਖ ਅਖਵਾਵੇਗਾ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। ਇਸ ਨੇ ਕਿਹਾ ਕਿ ਕੋਈ ਆਦਮੀ ਗੁੜ ਨੂੰ ਗੁੜ ਨਾ ਆਖੇ ਕਿਉਂਕਿ ਗੁੜ ਕਹਿਣ ਨਾਲ ਹਿੰਦੀ ਵਿੱਚ ਗੁਰ ਬਣ ਜਾਂਦਾ ਹੈ ਇਸ ਲਈ ਗੁੜ ਨੂੰ ਰੋੜੀ ਕਿਹਾ ਜਾਵੇ। ਇਸਦਾ ਹੀ ਅਸਰ ਹੈ ਕਿ ਹੁਣ ਤੱਕ ਲਾਹੌਰ ਦੇ ਲੋਕ ਗੁੜ ਨੂੰ ਰੋੜੀ ਆਖਦੇ ਹਨ। ਸਿੰਘਾਂ ਨੂੰ ਭੀ ਲਖਪੱਤ ਰਾਇ ਦੇ ਇਸ ਕ੍ਰੋਧ ਦਾ ਪਤਾ ਲਗ ਗਿਆ ਅਤੇ ਸਾਰਾ ਪੰਥ ਖਾਲਸਾ ਕਾਹਨੂੰਵਾਣ ਦੇ ਛੰਭ ਵਿਚ ਇਕਠਾ ਹੋਗਿਆ। ਸਿੰਘਾਂ ਦੀ ਗਿਣਤੀ ਪੰਦਰਾਕੁ ਹਜ਼ਾਰ ਸੀ।

ਦੁਸ਼ਮਨ ਦਾ ਦਲ ਬੇਸ਼ੁਮਾਰ ਸੀ ਪਰ ਘਣੇ ਜੰਗਲ ਵਿੱਚ ਸਨ ਜਿਸਦਾ ਉਨ੍ਹਾਂ ਨੂੰ ਹੀ ਪਤਾ ਸੀ। ਉਹ ਵਿਚੇ ਹੀ ਕੰਦ ਮੂਲ੍ਹ, ਡਿਕਰ ਆਦਿ ਖਾਕੇ ਗੁਜ਼ਾਰਾ ਕਰਦੇ ਅਤੇ ਦਿਨ ਰਾਤ ਦੁਸ਼ਮਨ ਨਾਲ ਲੋਹਾ ਲੈਂਦੇ ਰਹੇ। ਰਾਤ ਦੇ ਵਕਤ ਜਥੇ ਬਣਾਕੇ ਦੁਸ਼ਮਨ ਪਰ ਹਮਲੇ ਕਰਕੇ ਕਾਫੀ ਨੁਕਸਾਨ ਪਹੁੰਚਾਂਦੇ। ਤਿੰਨ ਮਹੀਨੇ ਤੱਕ ਇਹੋ ਹਾਲ ਰਿਹਾ। ਜਦ ਸਿੰਘਾਂ ਪਾਸ ਲੜਨ ਲਈ ਕੋਈ ਸਾਮਾਨ ਨਾ ਰਿਹਾ ਅਤੇ ਭੁਖ ਨੇ ਭੀ ਬਹੁਤ ਸਤਾਏ ਤਾਂ ਗੁਰਮਤਾ ਕਰਕੇ ਇਕ ਪਾਸੇ ਨੂੰ ਵਹੀਰ ਘੱਤ ਦਿੱਤਾ। ਵੈਰੀ ਦਲ ਤਾਂ ਇਹੋ ਗੱਲ ਚਾਹੁੰਦਾ ਸੀ ਉਹ ਟੁਟਕੇ ਖਾਲਸੇ ਦੇ ਗਲ ਪੈ ਗਿਆ। ਸਿੰਘਾਂ ਨੇ ਭੀ ਅਗੋਂ ਮਰਨ ਮੰਡ ਲਿਆ ਅਤੇ ਬੇਫਿਕਰ ਹੋਕੇ ਤੇਗ ਵਾਹੀ। ਇਸ ਲੜਾਈ ਵਿੱਚ ਅਧੇ ਤੋਂ ਵਧ ਸਿੰਘ

Digitized by Panjab Digital Library | www.panjabdigilib.org

* ਸ਼ਹੀਦ ਹੋ ਗਏ ਅਤੇ ਜੋ ਬਚੇ ਉਹ ਸਖਤ ਫਟੜ ਹੋਇ। ਪਹਿਲਾਂ ਤਾਂ ਸਿੰਘ ਪਹਾੜਾਂ ਵਲ ਵਧੇ ਪ੍ਰੰਤੂ ਅਗੋਂ ਪਹਾੜੀ ਰਾਜੇ ਭੀ ਆਪਣੀਆਂ ਫੌਜਾਂ ਲੈਕੇ ਪੈ ਗਏ ਜਿਸ ਕਰਕੇ ਹੁਣ ਖਾਲਸਾ ਪੰਥ ਦੋਹਾਂ ਪਾਸਿਆ ਤੋਂ ਘਿਰ ਗਿਆ। ਇਕ ਪਾਸੇ ਪਹਾੜੀ ਫੌਜ ਦੂਜੇ ਪਾਸੇ ਲਖਪੱਤ ਗੋਲੀ ਅਤੇ ਤੀਰਾਂ ਦਾ ਮੀਂਹ ਵਰ੍ਹ ਰਿਹਾ ਸੀ। ਜੇਠ ਦੀ ਧੁਧ ਤੇ ਭੁਖ ਨੇ ਸਿੰਘ ਵਿਆਕੁਲ ਕਰ ਦਿਤੇ। ਕਈਆਂ ਨੇ ਆਪਣੇ ਘੋੜੇ ਦਰਿਆ ਬਿਆਸਾ ਵਿਚ ਠੇਲ੍ਹ ਦਿਤੇ। ਸ: ਗੁਰਦਿਆਲ ਸਿੰਘ ਡਲੇ ਵਾਲੀਏ ਆਦਿਕ ਕਈ ਸਰਦਾਰ ਰੁੜ ਗਏ ਤਾਂ ਸ: ਜਸਾ ਸਿੰਘ ਤੇ ਨਵਾਬ ਕਪੂਰ ਸਿੰਘ ਨੇ ਕਿਹਾ ਕਿ ਡੁਬ ਕੇ ਮਰਨ ਨਾਲੋਂ ਤਾਂ ਲੜ ਕੇ ਸ਼ਹੀਦ ਹੋਣਾ ਚੰਗਾ ਹੈ। ਸਰਦਾਰਾਂ ਦੀ ਇਹ ਗੱਲ ਸੁਣ ਕੇ ਸਭ ਸਿੰਘ ਖੜੋ ਗਏ ਅਤੇ ਦੁਸ਼ਮਨ ਪਰ ਦੰਦ ਕਰੀਚ ਕੇ ਐਸੇ ਜ਼ੋਰ ਦਾ ਹੱਲਾ ਕੀਤਾ ਕਿ ਵੈਰੀ ਦਲ ਵਿਚ ਖਲਬਲੀ ਮਚ ਗਈ। ਦੁਸ਼ਮਨ ਦੀਆਂ ਫੌਜਾਂ ਦੇ ਫੌਜਦਾਰ ਹਰਭਜ ਜੋ ਲਖਪਤ ਦਾ ਲੜਕਾ ਸੀ, ਨਾਹਰ ਖਾਂ, ਕਰਮ ਬਖਸ਼, ਅਖਗਰ ਖਾਂ, ਆਦਿਕ ਮਾਰੇ ਗਏ ਤੇ ਦੁਸ਼ਮਨ ਦਾ ਘੇਰਾ ਤੋੜ ਕੇ ਸਿੰਘ ਬਾਹਰ ਨਿਕਲ ਗਏ।

ਇਸ ਲੜਾਈ ਦਾ ਇਕ ਅਦਭੁਤ ਵਾਕਿਆ ਇਹ ਹੈ ਕਿ ਸ: ਸੁਖਾ ਸਿੰਘ ਦੀ ਲੱਤ ਸਖਤ ਜ਼ਖਮੀ ਹੋ ਗਈ ਜੋ ਨਾਲੋਂ ਡਿਗ ਪੈਣ ਵਾਲੀ ਸੀ। ਉਸ ਨੇ ਜ਼ਖਮੀ ਲੱਤ ਨੂੰ ਪਗ ਪਾੜ ਕੇ ਕਾਠੀ ਦੇ ਹੰਨੇ ਨਾਲ ਘੁਟ ਕੇ ਬੰਨ੍ਹ ਲਿਆ ਅਤੇ ਬੀਰ ਰਸ ਵਿਚ ਐਸਾ ਮਸਤ ਹੋਇਆਂ ਕਿ ਪੀੜ ਦੀ ਪਰਵਾਹ ਨਾ ਕਰਦੇ ਹੋਏ ਏਧਰ ਓਧਰ ਘੋੜਾ ਦੌੜਾ ਕੇ ਲੜਦਾ ਰਿਹਾ। ਸਿੰਘ ਥੋੜੀ ਦੂਰ ਗਏ ਸਨ ਕਿ ਦਿਨ ਛੁਪ ਗਿਆ। ਵੈਰੀਆਂ ਨੇ ਸਿੰਘਾਂ ਦਾ ਪਿਛਾ ਕਰਨਾ ਛਡ ਦਿਤਾ ਅਤੇ ਪੜਾਉ ਕਰਕੇ ਆਰਾਮ ਦੀ ਨੀਂਦ ਸੌਂ ਗਏ। ਸਿੰਘ ਸਰਦਾਰਾਂ ਨੇ ਖ਼ਾਲਸਾ ਜੀ ਨੂੰ ਇਕਠੇ ਕਰਕੇ ਕਿਹਾ, ਖਾਲਸਾ ਜੀ ਇਸ ਵੇਲੇ ਦੁਸ਼ਮਣ ਨੂੰ ਨੀਂਦ ਨੇ ਦਬਿਆ ਹੋਇਆ ਹੈ, ਕੁਝ ਤੁਸੀਂ ਦਬ ਲਓ ਤੇ ਇਸੇ ਤਰਾਂ ਹੁਣ ਤੱਤੇ ਘਾਓ ਅਗੇ ਨਿਕਲ ਚਲੋ। ਜੇ ਆਰਾਮ ਕੀਤਾ ਤਾਂ ਔਖੇ ਹੋਵਾਂਗੇ। ਇਹ ਸਲਾਹ ਸਿੰਘਾਂ ਨੂੰ ਬਹੁਤ ਪਸੰਦ ਆਈ। ਜਿਸ ਵੇਲੇ ਵੈਰੀ ਦਲ ਸੁਤਾ ਪਿਆ ਸੀ ਸਿੰਘ ਅਚਾਨਕ ਟੁਟ ਕੇ ਪੈ ਗਏ ਅਤੇ ਬਹੁਤ ਸਾਰਾ ਨੁਕਸਾਨ ਪਹੁੰਚਾ ਕੇ ਅਤੇ ਚੰਗੇ ਚੰਗੇ ਘੋੜੇ ਖੋਹ ਕੇ ਦੁਸ਼ਮਨਾਂ ਦੇ ਹੋਸ਼ ਸੰਭਾਲਦਿਆਂ ਹੀ ਅਗੇ ਲੰਘ ਗਏ।

ਸ੍ਰੀ ਹਰਿ ਗੋਬਿੰਦ ਪੁਰ ਦੇ ਪਤਣੋ ਲੰਘੇ। ਮਲਾਹਾਂ ਨੇ ਬੇੜੀਆਂ ਨਾ ਦਿਤੀਆਂ ਅਤੇ ਲਖਪੱਤ ਭੀ ਪਿਛੋਂ ਫੌਜ ਲੈ ਕੇ ਆ ਗਿਆ। ਸਿੰਘਾਂ ਨੇ ਬੜੀ ਮੁਸ਼ਕਲ ਨਾਲ ਦਰਿਆ ਪਾਰ ਕੀਤਾ। ਉਸ ਵੇਲੇ

---

* ਸ: ਕਰਮ ਸਿੰਘ ਜੀ ਹਿਸਟੋਰੀਅਨ ਨੇ ਅਮਰ ਖਾਲਸਾ ਨਾਮ ਦੀ ਪੁਸਤਕ ਵਿੱਚ ਲਿਖਿਆ ਹੈ ਕਿ ਛੋਟੇ ਘਲੂ ਘਾਰੇ ਵਿਚ ਤੀਹ ਚਾਲੀ ਹਜ਼ਾਰ ਸਿੰਘ ਸ਼ਹੀਦ ਹੋਏ ਕਿਉਂਕਿ ਲਖਪਤ ਨੇ ਲਾਹੌਰ ਤੋਂ ਹੀ ਕਤਲਾਮ ਸ਼ੁਰੂ ਕਰ ਦਿਤੀ ਸੀ ਅਤੇ ਪਿੰਡਾਂ ਵਿਚ ਵੀ ਝੋਲੀ ਚੁਕਾਂ ਨੂੰ ਸਿੰਘਾਂ ਦੇ ਮਾਰਨ ਲਈ ਸਰਕਾਰੀ ਹੁਕਮ ਮਿਲ ਚੁਕੇ ਸਨ। ਇਸ ਲਈ ਸਾਰੇ ਸਿੰਘ ਕਿਤਨੇ ਸ਼ਹੀਦ ਹੋਏ ਇਸ ਦੀ ਸਹੀ ਗਿਣਤੀ ਕਰਨਾ ਕਠਨ ਹੈ। ਵੱਖ ਵੱਖ ਲਿਖਾਰੀਆਂ ਨੇ ਵਧ ਘਟ ਗਿਣਤੀ ਦਸੀ ਹੈ। ਸਾਡੇ ਖਿਆਲ ਵਿਚ ਜਦੋਂ ਆਮ ਕਤਲਾਮ ਹੋ ਰਹੀ ਹੋਵੇ ਤਾਂ ਗਿਣਤੀ ਸ: ਕਰਮ ਸਿੰਘ ਜੀ ਹਿਸਟੋਰੀਅਨ ਨਾਲੋਂ ਭੀ ਵਧ ਹੋ ਸਕਦੀ ਹੈ। ਗਿ: ਗਿਆਨ ਸਿੰਘ ਨੇ ਸਤ ਹਜ਼ਾਰ ਸਿੰਘ ਸ਼ਹੀਦ ਹੋਏ ਲਿਖੇ ਹਨ ਤੇ ਕਾਹਨੂਵਾਣ ਦੇ ਛੰਭ ਦੇ ਸਿੰਘਾਂ ਨੇ ਦਲ ਦੀ ਗਿਣਤੀ ੨੦ ਹਜ਼ਾਰ ਲਿਖੀ ਹੈ।

Digitized by Panjab Digital Library | www.panjabdigilib.org

ਦਰਿਆ ਲੰਘ ਆਏ ਤਾਂ ਬਰੇਤੀ ਇਤਨੀ ਗਰਮ ਸੀ ਕਿ ਪੈਰ ਸੜਨ ਲਗੇ। ਸਿੰਘਾਂ ਪਰ ਇਕ ਹੋਰ ਬਿਪਤਾ ਆ ਪਈ! ਉਨ੍ਹਾਂ ਨੇ ਆਪਣੇ ਸਿਰਾਂ ਦੀਆਂ ਪਗੜੀਆਂ ਪਾੜ ਪਾੜ ਕੇ ਪੈਰਾਂ ਤੇ ਪਟੀਆਂ ਬੱਧੀਆਂ ਅਤੇ ਇਸ ਪਰਕਾਰ ਜ਼ਖਮੀ ਹਾਲਤ ਵਿਚ ਅਗੇ ਵਧਦੇ ਗਏ। ਦੁਆਬੇ ਦੇ ਪਿੰਡਾਂ ਵਿਚੋਂ ਰਸਦ ਲੈ ਕੇ ਮੀਰ ਕੋਟ ਦੀ ਝਿੜੀ ਵਿਚ ਲੰਗਰ ਸਜਾਇਆ ਅਤੇ ਅਕਾਲ ਪੁਰਖ ਦਾ ਸ਼ੁਕਰ ਕਰਕੇ ਕਈ ਮਹੀਨਿਆਂ ਪਿਛੋਂ ਪ੍ਰਸ਼ਾਦ ਛਕਿਆ। ਕਾਹਨੂ ਵਾਨ ਦੇ ਛੰਭ ਵਿਚ ਤਾਂ ਸਿੰਘ ਘਾਸ, ਪੱਤ ਤੇ ਸ਼ਿਕਾਰ ਖਾ ਕੇ ਹੀ ਗੁਜ਼ਾਰਾ ਕਰਦੇ ਸਨ। ਕਦੇ ਕਦੇ ਲੁਟ ਮਾਰ ਕਰ ਕੇ ਰਸਦ ਖੋਹ ਲੈ ਜਾਂਦੇ ਤਾਂ ਓਹ ਦਿਨ ਸੁਭਾਗਾ ਸਮਝਿਆ ਜਾਂਦਾ ਸੀ। ਸਿੰਘਾਂ ਨੇ ਲੰਗਰ ਸਜਾਇਆ ਸੀ ਕਿ ਦੁਆਬੇ ਦਾ ਹਾਕਮ ਬੀਜੇ ਖਾਂ ਫੌਜ ਲੈ ਕੇ ਆ ਗਿਆ। ਲਖਪਤ ਭੀ ਹੁਣ ਦਰਿਆ ਟੱਪ ਆਇਆ ਸੀ। ਸਿੰਘਾਂ ਨੇ ਫਿਰ ਵਹੀਰ ਘੱਤ ਦਿਤੀ ਅਤੇ ਅਲੀ ਵਾਲ ਦੇ ਪਤਣੇ ਸਤਲੁਜ ਲੰਘ ਕੇ ਮਾਲਵੇ ਵਲ ਚਲ ਆਇ। ਬਿਜੇ ਖਾਨ ਨੇ ਲਖ ਪਤ ਨੂੰ ਜਾ ਕੇ ਕਿਹਾ ਕਿ ਅਸੀਂ ਸਿੰਘਾਂ ਨੂੰ ਮਾਰ ਆਏ ਹਾਂ। ਇਹ ਸੁਣ ਕੇ ਉਹ ਲਾਹੌਰ ਨੂੰ ਚਲਾ ਗਿਆ ਅਤੇ ਇਧਰ ਖਾਲਸਾ ਦਲ ਦੇ ਜ਼ਖਮੀ ਸਿੰਘ ਪਿੰਡ ਘੱਲ, ਮੋਗੇ, ਘੋਲੀਏ, ਚਵਾਰੇ, ਚੜਿਕ, ਖੋਸੇ, ਜੀਰੇ, ਡਰੋਲੀ ਕੋਟ ਕਪੂਰੇ, ਇੰਦਰਗੜ੍ਹ, ਢਡੀਕੇ, ਜੈਤੋ, ਦਿਲਵਾਂ, ਰੋਢੇ ਲੰਡੇ, ਬਧਣੀ, ਨਹੀਆਂ ਵਾਲੇ, ਵਿੰਝੂਕੇ, ਸੁਨੀਅਰ, ਹਿੰਮਤ ਪੁਰੇ ਆਦਿਕ ਮਾਲਵੇ ਦੇ ਪਿੰਡਾਂ ਵਿਚ ਰਹਿ ਕੇ ਆਪਣਾ ਇਲਾਜ ਕਰਾਉਣ ਲਗੇ।‡ ਮਾਲਵੇ ਦੇ ਸਿੰਘ ਜੋ ਪਰੋਹਣਚਾਰੀ, ਮਹਿਮਾਨ ਨਿਵਾਜ਼ੀ ਵਿਚ ਆਪਣਾ ਸਾਨੀ ਨਹੀਂ ਰਖਦੇ। ਆਪਣੇ ਭਰਾਵਾਂ ਦੀ ਬੜੇ ਚਾ ਨਾਲ ਸੇਵਾ ਕਰਦੇ ਸਨ ਅਤੇ ਦੁਧ, ਦਹੀਆਂ, ਮੱਖਣ ਆਦਿ ਖੁਆ ਕੇ ਸਿੰਘਾਂ ਨੂੰ ਦਿਨਾਂ ਵਿਚ ਤਕੜੇ ਕਰ ਦਿਤਾ। ਹੁਣ ਸਿੰਘਾਂ ਦੇ ਫਿਰ ਡੌਲੇ ਫ਼ਰਕਣ ਲਗ ਪਏ ਅਤੇ ਉਹ ਦੁਸ਼ਮਨਾਂ ਨੂੰ ਕਰਾਰੇ ਹਥ ਵਿਖਾਉਣ ਲਈ ਤਿਆਰੀਆਂ ਕਰਨ ਲਗ ਪਏ।

ਇਤਹਾਸਕ ਪੁਸਤਕਾਂ ਵਿਚ ਲਿਖਿਆ ਹੈ ਕਿ ਉਸ ਸਮੇਂ ਮਾਲਵੇ ਦੇ ਸਿੰਘਾਂ ਨੇ ਆਪਣੇ ਜ਼ਖਮੀ ਸਿੱਖ ਭਰਾਵਾਂ ਦੀ ਸਕੇ ਸਬੰਧੀਆਂ ਨਾਲੋਂ ਭੀ ਬਹੁਤ ਧਿਆਨ ਨਾਲ ਸੇਵਾ ਕੀਤੀ। ਜਿਸ ਨੂੰ ਵੇਖ ਕੇ ਸਿਖ ਸਰਦਾਰ ਕਹਿਣ ਲਗ ਪਏ ਕਿ ਮਾਲਵਾ ਤਾਂ ਖਾਲਸੇ ਦਾ ਹਸਪਤਾਲ ਹੈ ਜਿਥੋਂ ਜ਼ਖਮੀ ਰਾਜ਼ੀ ਹੋ ਕੇ ਮੈਦਾਨ ਜੰਗ ਵਿਚ ਜਾਣ ਦੇ ਯੋਗ ਹੋ ਜਾਂਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਉਸ ਸਮੇਂ ਮਾਲਵੇ ਦੇ ਸਿੰਘ ਕੇਵਲ ਆਏ ਗਏ ਸਿੰਘਾਂ ਦੀ ਸੇਵਾ ਕਰਨਾ ਹੀ ਆਪਣਾ ਪਰਮ ਧਰਮ ਸਮਝਦੇ ਸਨ ਤੇ ਜੰਗਾਂ ਵਿਚ ਨਹੀਂ ਜਾਂਦੇ ਸਨ ਸਗੋਂ ਇਨ੍ਹਾਂ ਜ਼ਖਮੀ ਸਿੰਘਾਂ ਪਾਸੋਂ ਜੰਗ ਦੇ ਹਾਲਾਤ ਸੁਣ ਕੇ ਨੌਜਵਾਨ ਮਲਵਈ ਸਿੰਘਾਂ ਦੇ ਚੇਹਰਿਆਂ ਉਤੇ ਲਾਲੀਆ ਦੌੜ ਜਾਂਦੀਆਂ ਅਤੇ ਉਹ ਭਾਰੀ ਗਿਣਤੀ ਵਿਚ ਸਿੰਘ ਦਲਾਂ ਵਿਚ ਸ਼ਾਮਲ ਹੋ ਕੇ ਯੁਧਾਂ ਜੰਗਾਂ ਵਿਚ ਹਿਸ ਲੈਂਦੇ ਸਨ।

---

‡ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਸਿੰਘਾਂ, ਸਰਦਾਰਾਂ ਤੇ ਜਥਿਆਂ ਦੇ ਉਤਾਰੇ ਹੇਠ ਲਿਖੇ ਪਿੰਡਾਂ ਵਿਚ ਲਿਖਦੇ ਹਨ— ਜੈਤੋ ਵਿਚ ਸੁਖਾ ਸਿੰਘ, ਜੱਸਾ ਸਿੰਘ ਕੋਟ ਕਪੂਰੇ, ਵਿੰਝੂ ਕੇ ਵਿਚ ਨਵਾਬ ਕਪੂਰ ਸਿੰਘ, ਸ: ਹਰੀ ਸਿੰਘ ਦਿਆਲ ਪੁਰੇ ਭਾਈ ਕੇ, ਦੀਪ ਸਿੰਘ ਬਠਿੰਡੇ, ਗੁਰੂ ਚੌਤਰੇ ਤੇ ਲੱਖੀ ਜੰਗਲ ਵਿਚ, ਸ: ਚੜ੍ਹਤ ਸਿੰਘ ਪੱਕੇ ਪਲੇਰਾਲੇ ਤੇ ਹੋਰ ਸਿੰਘ ਇਲਾਕਾ ਤਿਹਾੜਾ ਦੇ ਪਿੰਡਾਂ ਵਿਚ ਤੇ ਡਰੋਲੀ ਭਾਈਕੀ ਵਿਚ ਰਹੇ।

Digitized by Panjab Digital Library | www.panjabdigilib.org

ਜਿਸ ਲੜਾਈ ਦਾ ਉਪਰ ਵਰਣਨ ਆਇਆ ਹੈ ਇਸ ਨੂੰ ਛੋਟਾ ਘਲੂਘਾਰਾ ਕਿਹਾ ਜਾਂਦਾ ਹੈ। ਲੱਖਪਤ ਰਾਇ ਅਤੇ ਸੂਬਾ ਲਾਹੌਰ ਨੇ ਉਸ ਸਮੇਂ ਸਿੰਘਾਂ ਪਰ ਫੈਸਲਾ ਕੁਨ ਹਮਲਾ ਕੀਤਾ ਸੀ ਅਤੇ ਉਹ ਇਹ ਸਮਝਦੇ ਸਨ ਕਿ ਸਿੰਘਾਂ ਨੂੰ ਅਸੀਂ ਖਤਮ ਕਰ ਦਿਆਂਗੇ। ਲਾਹੌਰ ਦੇ ਆਸ ਪਾਸ ਉਨ੍ਹਾਂ ਨੇ ਬਹੁਤ ਕਤਲਾਮ ਕੀਤੀ। ਜੋਹੜੇ ਸਿੰਘਾਂ ਦੀਆਂ ਸਿੰਘਣੀਆਂ ਪਿੰਡਾਂ ਵਿਚ ਰਹਿੰਦੀਆਂ ਸਨ ਉਨ੍ਹਾਂ ਦੇ ਮਾਸੂਮ ਬਚਿਆਂ ਨੂੰ ਬੜੀ ਬੇਦਰਦੀ ਨਾਲ ਕਤਲ ਕੀਤਾ ਗਿਆ। ਚੁਗਲਾਂ ਨੇ ਸਿੰਘਣੀਆਂ ਤੇ ਉਨ੍ਹਾਂ ਦੇ ਬਚਿਆਂ ਨੂੰ ਫੜਾ ਕੇ ਇਨਾਮ ਲਏ ਪ੍ਰੰਤੂ ਇਨ੍ਹਾਂ ਪਾਪੀਆਂ ਨੇ ਇਹ ਨਾ ਸੋਚਿਆ ਕਿ ਅਸੀਂ ਉਨਾਂ ਮਹਿਕਦੇ ਫੁਲਾਂ ਨੂੰ ਤੋੜ ਰਹੇ ਹਾਂ ਜੋ ਸਾਨੂੰ ਖੁਸ਼ਬੂ ਦੇਣ ਲਈ ਪੈਦਾ ਹੋਏ ਹਨ ਅਤੇ ਉਨ੍ਹਾਂ ਪੌਦਿਆਂ ਨੂੰ ਕਟ ਰਹੇ ਹਾਂ ਜਿਨ੍ਹਾਂ ਨੇ ਵਡਿਆਂ ਹੋ ਕੇ ਸਾਨੂੰ ਹੀ ਛਾਂ ਕਰਨੀ ਹੈ। ਮੰਦ ਬੁਧੀ ਝੋਲੀ ਚੁਕਾਂ ਨੇ ਬੜੇ ਅਤਿਆਚਾਰ ਕੀਤੇ। ਮਾਤਾਵਾਂ ਨੇ ਆਪਣੇ ਪੁਤਰ ਭੜੋਲਿਆਂ ਵਿਚ ਛੁਪਾ ਰਖੇ ਅਤੇ ਬਹੁਤ ਸਾਰੀਆਂ ਤਾਂ ਚੁਗਲਾਂ ਤੋਂ ਡਰਦੀਆਂ ਮਾਰੀਆਂ ਪਿੰਡ ਛਡ ਕੇ ਦੂਰ ਇਲਾਕਿਆਂ ਵਿਚ ਚਲੀਆਂ ਗਈਆਂ।

ਇਸ ਸਮੇਂ ਸਿੰਘਣੀਆਂ ਤੇ ਬਚਿਆਂ ਪਰ ਜੋ ਅਤਿਆਚਾਰ ਹੋਏ ਉਹ ਅਸੀਂ ਇਸਤ੍ਰੀ ਕਾਂਡ ਵਿਚ ਵਿਸਥਾਰ ਨਾਲ ਵਰਣਨ ਕਰਾਂਗੇ। ਇਥੇ ਤਾਂ ਕੇਵਲ ਇਹ ਦਸਣਾ ਹੈ ਕਿ ਛੋਟੇ ਘਲੂਘਾਰੇ ਦਾ ਸਮਾਂ ਸਿੱਖ ਇਤਹਾਸ ਵਿਚ ਅਤਿ ਭਿਆਨਕ ਸਮਾਂ ਸੀ ਅਤੇ ਇਸ ਕਠਨ ਸਮੇਂ ਵਿਚੋਂ ਸਿੰਘਾਂ ਦਾ ਬਚ ਕੇ ਨਿਕਲਣਾ ਅਕਾਲ ਪੁਰਖ ਦੀ ਕ੍ਰਿਪਾ ਦਾ ਹੀ ਕ੍ਰਿਸ਼ਮਾ ਹੈ। ਦੁਸ਼ਮਨ ਪਾਸ ਹਕੂਮਤ ਦੀ ਬੇ ਪਨਾਹ ਤਾਕਤ ਸੀ। ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ। ਕੋਈ ਥਾਂ ਰਹਿਣ ਵਾਸਤੇ ਨਹੀਂ ਸੀ। ਕਈ ਕਈ ਮਹੀਨੇ ਅਨਾਜ ਦੀ ਸ਼ਕਲ ਵੇਖਣ ਨੂੰ ਤਰਸਦੇ ਰਹਿੰਦੇ ਸਨ ਅਤੇ ਜੰਗਲੀ ਜਾਨਵਰਾਂ ਵਾਂਗ ਸਾਗ ਪੱਤਰ ਖਾ ਕੇ ਗੁਜ਼ਾਰਾ ਕਰਦੇ ਸਨ। ਇਨ੍ਹਾਂ ਸਾਰੀਆਂ ਮੁਸੀਬਤਾਂ ਦੇ ਹੁੰਦਿਆਂ ਉਨ੍ਹਾਂ ਪਾਸ ਇਕ ਅਨੋਖੀ ਚੀਜ਼ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਹੋਇਆ ਚੜ੍ਹਦੀਆਂ ਕਲਾਂ ਦਾ ਜਜ਼ਬਾ ਸੀ ਤੇ ਸਿੱਖਾਂ ਦਾ ਰਾਜ ਭਾਗ ਵੇਖਣ ਦੀ ਅਮਿੱਟ ਲਾਲਸਾ ਸੀ। ਸਿੰਘ ਕਿਹਾ ਕਰਦੇ ਸਨ ਪੰਜਾਬ ਸਾਡਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਸ ਦੇ ਸਾਰੇ ਕਿਲਿਆਂ ਪਰ ਕੇਸਰੀ ਝੰਡਾ ਝੂਲੇਗਾ।

ਉਸ ਸਮੇਂ ਦੇ ਹੰਕਰੀ ਹਾਕਮ ਸਿੰਘਾਂ ਦੀਆਂ ਇਹ ਗਲਾਂ ਸੁਣ ਕੇ ਇਨ੍ਹਾਂ ਨੂੰ ਪਾਗਲਾਂ ਦਾ ਬਕਵਾਸ ਕਹਿਕੇ ਹਸਦੇ ਸਨ ਪ੍ਰੰਤੂ ਸਾਡੇ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ "ਵੀਰ ਭੋਗਾ ਵਿਸੁੰਧਰਾ" ਅਰਥਾਤ ਇਸ ਧਰਤੀ ਦੇ ਸੁਖਾਂ ਨੂੰ ਬਹਾਦਰ ਲੋਕ ਮਾਣਦੇ ਹਨ। ਕੁਰਬਾਨੀਆਂ ਕਰਨ ਵਲੇ ਪੁਰਸ਼ਾਂ ਦੇ ਹਥਾਂ ਵਿਚ ਹੀ ਹਕੂਮਤਾਂ ਦੀਆਂ ਵਾਗ ਡੋਰਾਂ ਆਉਂਦੀਆਂ ਹਨ। ਸਿੰਘਾਂ ਨੂੰ ਨਿਸਚਾ ਸੀ ਕਿ ਸਾਡੀਆਂ ਇਹ ਕੁਰਬਾਨੀਆਂ ਕਿਸੇ ਦਿਨ ਜ਼ਰੂਰ ਰੰਗ ਲਿਆਉਣਗੀਆਂ। ਉਨ੍ਹਾਂ ਦਾ ਇਹ ਸੁਪਨਾ ਮੂਰਤੀ ਮਾਨ ਹੋਇਆ। ਇਤਹਾਸ ਇਸ ਗਲ ਦਾ ਗਵਾਹ ਹੈ ਕਿ ਜਮਨਾ ਤੋਂ ਲੈ ਕੇ ਜਮਰੌਦ ਤੱਕ ਖਾਲਸਾ ਪੰਥ ਦਾ ਝੰਡਾ ਝੂਲਿਆ ਅਤੇ ਸਿੱਖਾਂ ਨੇ ਨਾ ਕੇਵਲ ਇਕ ਵਿਸ਼ਾਲ ਖਾਲਸਾ ਰਾਜ ਦੀ ਬੁਨਿਆਦ ਰਖੀ ਸਗੋਂ ਦੁਨੀਆਂ ਨੂੰ ਇਤਨਾ ਸ਼ਾਨਦਾਰ ਇਤਹਾਸ ਬਣਾ ਕੇ ਦਸਿਆ ਜਿਸ ਦੀ ਦੁਨੀਆਂ ਦੇ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ।

Digitized by Panjab Digital Library | www.panjabdigilib.org

ਦੁਖ ਦੀ ਗਲ ਹੈ ਕਿ ਸਿੰਘਾਂ ਦੀਆਂ ਇਨ੍ਹਾਂ ਕੁਰਬਾਨੀਆਂ ਨੂੰ ਉਤਨੇ ਸੁਚੱਜੇ ਢੰਗ ਨਾਲ ਕਲਮ ਬੰਦ ਨਹੀਂ ਕੀਤਾ ਗਿਆ ਜਿਸ ਤਰਾਂ ਕਰਨੀਆਂ ਚਾਹੀਦੀਆਂ ਸਨ। ਇਸ ਕਰਕੇ ਮਾਲਵੇ ਦੇ ਇਤਹਾਸ ਵਿਚ ਦੋਹਾਂ ਘਲੂਘਾਰਿਆਂ ਦਾ ਇਸ ਲਈ ਵਿਸ਼ੇਸ਼ ਤੌਰ ਪਰ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਗਿਆ ਹੈ। ਤਾ ਕਿ ਆਉਣ ਵਾਲੀਆਂ ਨਸਲਾਂ ਅੰਦਾਜ਼ਾ ਲਗਾ ਸਕਣ ਕਿ ਪੰਥ ਕਿਹੋ ਜਿਹੇ ਬਿਖੜੇ ਸਮਿਆਂ ਵਿਚੋਂ ਲੰਘਦਾ ਰਿਹਾ ਹੈ ਤੇ ਸਾਡੇ ਬਜ਼ੁਰਗਾਂ ਨੇ ਕਿਤਨੀਆਂ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਹਨ। ਇਤਿਹਾਸ ਹੀ ਕੌਮ ਦਾ ਜੀਵਨ ਹੁੰਦਾ ਹੈ ਅਤੇ ਇਤਿਹਾਸ ਪੜ੍ਹ ਕੇ ਡਿਗੀਆਂ ਢਠੀਆਂ ਅਤੇ ਹੌਸਲਾ ਹਾਰ ਚੁਕੀਆਂ ਕੌਮਾਂ ਫਿਰ ਹੰਭਲਾ ਮਾਰ ਕੇ ਖੜੀਆਂ ਹੋ ਜਾਂਦੀਆਂ ਹਨ। ਤਰੱਕੀ ਤੇ ਤਨਜ਼ਲ ਕੌਮਾਂ ਦੇ ਜੀਵਨ ਵਿਚ ਆਉਂਦੇ ਹੀ ਰਹਿੰਦੇ ਹਨ ਇਸੇ ਕਰਕੇ ਇਤਹਾਸ ਪੜ੍ਹਨ ਤੋਂ ਗਿਰਾਵਟ ਵੱਲ ਜਾ ਰਹੀਆਂ ਕੌਮਾਂ ਵੀ ਉਠ ਕੇ ਖੜੀਆਂ ਹੋ ਜਾਂਦੀਆਂ ਹਨ ਅਤੇ ਕਈ ਵੇਰ ਫਿਰ ਉਨਤੀ ਦੀ ਸਿਖਰ ਤੇ ਪੁਜ ਜਾਂਦੀਆਂ ਹਨ।

## ਵਡਾ ਘਲੂਘਾਰਾ

ਅਹਿਮਦ ਸ਼ਾਹ ਅਬਦਾਲੀ ਨੇ ਭਾਰਤਵਰਸ਼ ਪਰ ਗਿਆਰਾਂ ਬਾਰਾਂ ਹਮਲੇ ਕੀਤੇ। ਇਸ ਕਰਕੇ ਉਸਦਾ ਹੌਸਲਾ ਬਹੁਤ ਵਧ ਗਿਆ। ਪੰਜਾਬ ਨੂੰ ਤਾਂ ਉਹ ਆਪਣੀ ਜਾਗੀਰ ਹੀ ਸਮਝਦਾ ਸੀ। ਕਸ਼ਮੀਰ ਤੇ ਪੰਜਾਬ ਪਰ ਉਸ ਨੇ ਕਈ ਵੇਰ ਕਬਜ਼ਾ ਕੀਤਾ ਅਤੇ ਲੁਟਮਾਰ ਕਰਕੇ ਇਨ੍ਹਾਂ ਇਲਾਕਿਆਂ ਨੂੰ ਤਬਾਹ ਕਰ ਦਿਤਾ। ਇਸ ਦੇ ਹਮਲਿਆਂ ਨੂੰ ਲੋਕ ਰੱਬੀ ਕਹਿਰ ਸਮਝਦੇ ਸਨ ਕਿਉਂਕਿ ਇਸ ਦੀ ਲੁਟ ਤੋਂ ਬਚਣ ਦਾ ਕੋਈ ਉਪਾਓ ਨਹੀਂ ਸੀ ਸੁਝਦਾ। ਇਸ ਕਰਕੇ ਪੰਜਾਬ ਵਿਚ ਇਹ ਅਖਾਉਤ ਪਰਸਿਧ ਹੋ ਗਈ:–

"ਖਾਧਾ ਪੀਤਾ ਲਾਹੇਦਾ ਰਹਿੰਦਾ ਅਹਿਮਦ ਸ਼ਾਹੇ ਦਾ"

ਇਸ ਨੇ ਭੀ ਇਹ ਸਮਝ ਰਖਿਆ ਸੀ ਕਿ ਸ਼ਹਿਦ ਪੈਦਾ ਕਰਨ ਵਾਲੀਆਂ ਮਖੀਆਂ ਵਾਂਗ ਹਿੰਦੁਸਤਾਨੀ ਜਦੋਂ ਥੋੜਾ ਬਹੁਤ ਧਨ ਇਕਠਾ ਕਰ ਲੈਣਗੇ ਤਾਂ ਉਨ੍ਹਾਂ ਨੂੰ ਲੁਟ ਲਿਆਵਾਂਗੇ:–

"ਧਨ ਜੋਬਨ ਦੋਇ ਵੈਰੀ ਹੋਏ ਜਿਨ੍ਹੀ ਰਖੇ ਰੰਗ ਲਾਇ,
ਦੂਤਾਂ ਨੂੰ ਫੁਰਮਾਇਆ ਲੈ ਚਲੇ ਪਤਿ ਗਵਾਇ" ਦੇ ਮਹਾਵਾਕ

ਅਨੁਸਾਰ ਕਿਸੇ ਪੰਜਾਬੀ ਜਾਂ ਭਾਰਤਵਾਸੀ ਪਾਸ ਧਨ ਤੇ ਸੁੰਦਰਤਾ ਦਾ ਹੋਣਾ ਉਸ ਲਈ ਇਕ ਮੁਸੀਬਤ ਦਾ ਕਾਰਨ ਬਣ ਜਾਂਦਾ ਸੀ ਅਤੇ ਜ਼ਾਲਮ ਲੁਟੇਰੇ ਇਨ੍ਹਾਂ ਚੀਜ਼ਾਂ ਨੂੰ ਕਿਸੇ ਪਾਸੋਂ ਖੋਹ ਲੈਣਾ ਆਪਣਾ ਹਕ ਸਮਝਦੇ ਸਨ।

ਭਾਰਤ ਦੇ ਇਤਿਹਾਸ ਵਿਚ ਇਹ ਸਮਾਂ ਪੰਜਾਬੀਆਂ ਲਈ ਖਾਸ ਕਰਕੇ ਅਤੇ ਸਾਰੇ ਭਾਰਤ ਵਾਸੀਆਂ ਲਈ ਆਮ ਕਰਕੇ ਬੜਾ ਭਿਆਨਕ ਸਮਾਂ ਸੀ। ਭਾਰਤ ਦੇ ਪਛਮੀ ਦਰਵਾਜ਼ੇ ਪਰ ਕੋਈ ਐਸਾ ਪਹਿਰੇਦਾਰ ਨਹੀਂ ਸੀ ਜੋ ਜ਼ਾਲਮਾਂ ਨੂੰ ਰੋਕ ਸਕਦਾ ਤੇ ਦੇਸ਼ ਦੀ ਰਖਿਆ ਕਰਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਭ ਤੋਂ ਪਹਿਲਾਂ ਇਹ ਗਲ ਅਨਭਵ ਕੀਤੀ ਕਿ ਦੇਸ਼ ਨੂੰ ਬੈਰੂਨੀ ਹਮਲਿਆਂ ਤੋਂ

Digitized by Panjab Digital Library | www.panjabdigilib.org

ਬਚਾਉਣ ਲਈ ਦੇਸ਼ ਤੋਂ ਮਰ ਮਿਟਨ ਵਾਲੇ ਸੂਰਬੀਰਾਂ ਦੇ ਇਕ ਦਲ ਦੀ ਲੋੜ ਹੈ ਜੋ ਹਮਲਾਵਰਾਂ ਦਾ ਮੂੰਹ ਭਵਾ ਸਕਣ ਅਤੇ ਆਪਣੇ ਦੇਸ਼ ਦੇ ਪਛਮੀ ਦਰਵਾਜ਼ੇ ਪਰ ਪਹਿਰੇਦਾਰ ਦਾ ਕੰਮ ਦੇ ਸਕਣ। ਇਹ ਵਿਚਾਰ ਕਰਕੇ ਸਤਿਗੁਰੂ ਸਚੇ ਪਾਤਸ਼ਾਹ ਨੇ ਮੁਰਦਿਆਂ ਵਿਚ ਨਵ ਜੀਵਨ ਸੰਚਾਰ ਕਰਨ ਵਾਲਾ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਇਸ ਅੰਮ੍ਰਿਤ ਨੂੰ ਜਿਨ੍ਹਾਂ ਨੇ ਛਕਿਆ ਉਹ ਖਾਲਸਾ ਦਲ ਵਿਚ ਭਰਤੀ ਹੋਕੇ ਦੇਸ਼ ਦੇ ਅੰਦਰੂਨੀ ਅਤੇ ਬੈਰੂਨੀ ਦੋਹਾਂ ਤਰ੍ਹਾਂ ਦੇ ਦੁਸ਼ਮਣਾਂ ਨਾਲ ਟੱਕਰ ਲੈਣ ਦੇ ਯੋਗ ਹੋ ਗਏ। ਦੇਸ਼ ਦੇ ਅੰਦਰੂਨੀ ਦੁਸ਼ਮਨ ਉਹ ਸਨ ਜਿਹੜੇ ਹਮਲਾਵਰਾਂ ਦੇ ਨਾਲ ਆਏ ਤੇ ਇਸ ਦੇਸ਼ ਪਰ ਹਕੂਮਤ ਕਰਨ ਦੇ ਖਿਆਲ ਨਾਲ ਇਥੇ ਹੀ ਵਸ ਗਏ ਜਾਂ ਜੋ ਦੇਸ਼ ਵਿਚੋਂ ਗ਼ਦਾਰ ਬਣ ਕੇ ਆਪਣਾ ਧਰਮ ਛਡਕੇ ਇਨ੍ਹਾਂ ਦੇ ਪਖੀ ਬਣ ਗਏ। ਭਾਰਤ ਦਾ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਜਦੋਂ ਭੀ ਕੋਈ ਵਿਦੇਸ਼ੀ ਤਾਕਤ ਇਸ ਮੁਲਕ ਪਰ ਕਾਬਜ਼ ਹੋਈ ਉਸ ਨੇ ਦੇਸ਼ ਵਿਚੋਂ ਆਪਣੇ ਹਾਮੀ ਪੈਦਾ ਕੀਤੇ ਅਤੇ ਇਨ੍ਹਾਂ ਨੂੰ ਇਹ ਮਨ ਮੰਨੇ ਅਧਿਕਾਰ ਦਿਤੇ ਕਿ ਉਹ ਸਾਧਾਰਨ ਜੰਤਾ ਨੂੰ ਜਿਵੇਂ ਚਾਹੁਣ ਲੁਟਣ ਪ੍ਰੰਤੂ ਹਾਕਮ ਜਮਾਤ ਨੂੰ ਸਹਾਇਤਾ ਦਿੰਦੇ ਰਹਿਣ।

ਇਹ ਸਿਲਸਲਾ ਉਸ ਸਮੇਂ ਤੋਂ ਹੀ ਜਾਰੀ ਰਿਹਾ ਜਦ ਤੋਂ ਇਸ ਦੇਸ਼ ਪਰ ਬਾਹਰੋਂ ਹਮਲੇ ਹੋਣੇ ਸ਼ੁਰੂ ਹੋਏ। ਵਿਦੇਸ਼ੀ ਤਾਕਤਾਂ ਦੇ ਪਿੱਠੂ ਦੇਸੀ ਹਾਕਮ ਦੇਸ਼ ਵਾਸਤੇ ਇਕ ਬਹੁਤ ਵਡੀ ਲਾਹਨਤ ਸਨ ਅਤੇ ਸਿੰਘ ਇਹ ਚਾਹੁੰਦੇ ਸਨ ਕਿ ਦੇਸ਼ ਵਿਚੋਂ ਇਸ ਲਾਹਨਤ ਦਾ ਹਮੇਸ਼ਾਂ ਲਈ ਸਫਾਇਆ ਕਰ ਦਿਤਾ ਜਾਵੇ। ਇਨ੍ਹਾਂ ਅੰਦਰੂਨੀ ਦੁਸ਼ਮਣਾਂ ਤੋਂ ਇਲਾਵਾ ਦੇਸ਼ ਲਈ ਸਭ ਤੋਂ ਵਡਾ ਖਤਰਾ ਬੈਰੂਨੀ ਹਮਲਿਆਂ ਦਾ ਸੀ। ਇਤਿਹਾਸ ਪੜਨ ਤੋਂ ਪਤਾ ਲਗਦਾ ਹੈ ਕਿ ਜਦ ਬ੍ਰਹਿਮਣਾਂ ਨੇ ਭਾਰਤਵਾਸੀਆਂ ਨੂੰ ਵਰਣ ਆਸ਼ਰਮ ਦੀ ਵੰਡ ਅਨਸਾਰ ਟੁਕੜੇ ਟੁਕੜੇ ਕਰ ਦਿਤਾ ਅਤੇ ਮਨੁਖਾਂ ਦੇ ਇਕ ਹਿਸੇ ਦੀ ਦੂਜੇ ਨਾਲੋਂ ਹਮਦਰਦੀ ਖਤਮ ਕਰ ਦਿਤੀ ਤਾਂ ਭਾਰਤ ਦੀ ਜੰਤਾ ਆਪਣੀ ਰਾਖੀ ਕਰਨ ਤੋਂ ਅਸਮਰਥ ਹੋ ਗਈ ਤੇ ਦੇਸ਼ ਪਰ ਬਾਹਰੋਂ ਹਮਲੇ ਹੋਣ ਲਗ ਪਏ। ਇਥੋਂ ਤਕ ਹਾਲਤ ਖਰਾਬ ਹੋ ਗਈ ਕਿ ਇਜੜ ਚਾਰਨ ਵਾਲੇ ਗਡਰੀਆਂ ਦੇ ਮੁੰਡੇ ਭੀ ਜਦੋਂ ਚਾਹੁੰਦੇ ਭਾਰਤ ਪਰ ਹਮਲਾ ਕਰ ਦਿੰਦੇ ਸਨ ਅਤੇ ਦੇਸ਼ ਨੂੰ ਲੁਟ ਕੇ ਲੈ ਜਾਂਦੇ ਸਨ। ਭਾਰਤ ਦੇ ਰਾਜਪੂਤ ਨਾਮ ਮਾਤ੍ਰ ਰਾਜੇ ਰਹਿ ਗਏ ਸਨ। ਆਪਣੀਆਂ ਗਦੀਆਂ ਕਾਇਮ ਰਖਣ ਲਈ ਉਹ ਦੇਸ਼ ਦੇ ਦੁਸ਼ਮਣਾਂ ਦੀਆਂ ਕਠਪੁਤਲੀਆਂ ਬਣ ਚੁਕੇ ਸਨ। ਇਸਦਾ ਪਰਤਖ ਸਬੂਤ ਇਸ ਗਲ ਤੋਂ ਮਿਲਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਰਤ ਦੀ ਰਖਿਆ ਕਰਨ ਦਾ ਪਰੋਗਰਾਮ ਪੇਸ਼ ਕੀਤਾ ਤਾਂ ਪਹਾੜੀ ਰਾਜੇ ਦੁਸ਼ਮਣ ਦੇ ਪਖੀ ਹੋ ਗਏ ਅਤੇ ਉਸ ਤਾਕਤ ਨੂੰ ਖਤਮ ਕਰਨ ਪਰ ਤੁਲ ਗਏ ਜੋ ਦੇਸ਼ ਦੀ ਰਖਿਆ ਕਰਨ ਲਈ ਪੈਦਾ ਕੀਤੀ ਗਈ ਸੀ। ਇਸ ਤੋਂ ਪਿਛੋਂ ਭੀ ਪਹਾੜੀ ਰਾਜੇ ਦੁਸ਼ਮਣ ਦੇ ਪਖੀ ਬਣੇ ਰਹੇ ਅਤੇ ਉਨ੍ਹਾਂ ਨੇ ਸਿੰਘਾਂ ਨਾਲ ਕਦੇ ਭੀ ਮੇਲ ਨਾ ਕੀਤਾ। ਇਸ ਤੋਂ ਇਲਾਵਾ ਦੇਸ਼ ਦੀ ਹਕੂਮਤ ਦੀ ਵਾਗ ਡੋਰ ਭੀ ਦੇਸ਼ ਦੇ ਦੁਸ਼ਮਣਾਂ ਦੇ ਹਥਾਂ ਵਿਚ ਸੀ ਇਸ ਕਰਕੇ ਖਾਲਸਾ ਪੰਥ ਦੋ ਵਡੀਆਂ ਤਾਕਤਾਂ ਵਿਚਕਾਰ ਘਿਰਿਆ ਹੋਇਆ ਸੀ। ਜਦੋਂ ਬਾਹਰੋਂ ਕੋਈ ਹਮਲਾਆਵਰ ਔਂਦਾ ਤਾਂ ਉਸਦਾ ਟਾਕਰਾ ਭੀ ਸਿੰਘ ਕਰਦੇ ਅਤੇ ਜਦੋਂ ਉਧਰੋਂ ਵਿਹਲੇ ਹੁੰਦੇ ਤਾਂ ਅੰਦਰੂਨੀ ਦੇਸ਼ ਦੁਸ਼ਮਣਾਂ ਨਾਲ ਟੱਕਰ ਲਗੀ ਰਹਿੰਦੀ।

ਸਾਡਾ ਭਾਵ ਇਹ ਵਿਸਥਾਰ ਕਰਨ ਤੋਂ ਇਹ ਹੈ ਕਿ ਬੈਰੂਨੀ ਤਾਕਤਾਂ ਅਤੇ ਅਹਿਮਦ ਸ਼ਾਹ ਅਬਦਾਲੀ ਜੈਸੇ ਲੁਟੇਰੇ ਭੀ ਸਿੰਘਾਂ ਨੂੰ ਆਪਣੇ ਰਾਹ ਵਿਚ ਰੋੜਾ ਸਮਝਦੇ ਸਨ ਅਤੇ ਮੁਗਲ ਹਕੂਮਤ ਭੀ

Digitized by Panjab Digital Library | www.panjabdigilib.org

ਸਿੰਘਾਂ ਨੂੰ ਇਕ ਖਤਰਾ ਸਮਝਦੀ ਸੀ। ਇਸ ਕਰਕੇ ਉਸ ਸਮੇਂ ਦੇ ਸਿੰਘਾਂ ਨੂੰ ਇਕ ਦਿਨ ਭੀ ਚੈਨ ਨਾਲ ਬੈਠਣਾ ਨਹੀਂ ਮਿਲਦਾ ਸੀ। ਰੋਜ਼ ਦਿਨੇ ਰਾਤ ਨਵੀਆਂ ਮੁਹਿਮਾਂ ਖੜੀਆਂ ਰਹਿੰਦੀਆਂ ਜਿਸ ਕਰਕੇ ਸਿੰਘਾਂ ਦਾ ਘਰ ਹੀ ਘੋੜੇ ਦੀ ਕਾਠੀ ਬਣ ਗਿਆ ਸੀ। ਅਤੇ ਘੋੜਿਆਂ ਪਰ ਚੜੇ ਚੜਾਏ ਹੀ ਸੌਂ ਲੈਂਦੇ ਸਨ। ਇਥੇ ਇਹ ਪਰਗਟ ਕਰ ਦੇਣਾ ਜ਼ਰੂਰੀ ਹੈ ਕਿ ਜਦ ਕੋਈ ਹਮਲਾਆਵਰ ਦੇਸ਼ ਵਿਚ ਲੁਟ ਮਾਰ ਕਰਕੇ ਪੰਜਾਬ ਵਿਚੋਂ ਲੰਘਦਾ ਤਾਂ ਸਿਖ ਉਸਦਾ ਸਭ ਕੁਝ ਖੋਹ ਲੈਂਦੇ। ਨਾਦਰ ਸ਼ਾਹ ਦੁਰਾਨੀ ਅਤੇ ਅਹਿਮਦ ਸ਼ਾਹ ਅਬਦਾਲੀ ਨੂੰ ਕਈ ਵੇਰ ਇਹ ਤਜਰਬਾ ਹੋਇਆ। ਜਦ ਉਹ ਮਥਰਾ ਤੇ ਦਿਲੀ ਆਦਿ ਵਡੇ ਵਡੇ ਸ਼ਹਿਰਾਂ ਨੂੰ ਲੁਟਕੇ ਵਾਪਸ ਮੁੜਦੇ ਤੇ ਸੁੰਦਰ ਲੜਕੀਆਂ ਤੇ ਲੜਕੇ ਫੜ ਕੇ ਆਪਣੇ ਦੇਸ਼ ਨੂੰ ਲੈ ਜਾਣ ਲਈ ਪੰਜਾਬ ਵਿਚੋਂ ਲੰਘਦੇ ਤਾਂ ਸਿਖ ਉਨ੍ਹਾਂ ਪਾਸੋਂ ਸਭ ਕੁਝ ਖੋਹ ਲੈਂਦੇ ਅਤੇ ਐਸੇ ਸਖਤ ਹਮਲੇ ਕਰਦੇ ਕਿ ਉਨ੍ਹਾਂ ਨੂੰ ਕਈ ਵੇਰ ਖਾਲੀ ਹਥ ਵਾਪਸ ਜਾਣਾ ਪੈਂਦਾ। ਅਹਿਮਦ ਸ਼ਾਹ ਅਬਦਾਲੀ ਜਦ ਸਤਵੀਂ ਵੇਰ ਭਾਰਤ ਨੂੰ ਲੁਟ ਕੇ ਲੈ ਚਲਿਆ ਤਾਂ ਸਿੰਘਾਂ ਨੇ ਉਸਨੂੰ ਬਹੁਤ ਕਰੜੇ ਹਥ ਲਾਏ। ਇਨ੍ਹਾਂ ਹਮਲਿਆਂ ਤੋਂ ਖਿਝਕੇ ਉਸਨੇ ਸ੍ਰੀ ਅੰਮ੍ਰਿਤਸਰ ਦਾ ਪਵਿਤ੍ਰ ਸਰੋਵਰ ਮਿਟੀ ਨਾਲ ਪੂਰ ਦਿਤਾ ਅਤੇ ਸ੍ਰੀ ਹਰਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਰੂਦ ਭਰਕੇ ਸਿਖਾਂ ਦੇ ਇਸ ਸਭ ਤੋਂ ਪਿਆਰੇ ਧਰਮ ਮੰਦਰ ਨੂੰ ਗਿਰਾ ਦਿਤਾ। ਇਸ ਘਟਨਾ ਨੇ ਸਿਖਾਂ ਨੂੰ ਹੋਰ ਭੀ ਭੜਕਾ ਦਿਤਾ ਅਤੇ ਉਹਨਾਂ ਨੇ ਪੰਜਾਬ ਵਿਚ ਅਹਿਮਦ ਸ਼ਾਹ ਦੇ ਪੱਖੀਆਂ ਨੂੰ ਸੋਧਣਾ ਸ਼ੁਰੂ ਕਰ ਦਿਤਾ। ਜੰਡਿਆਲੇ ਦੇ ਹੰਦਾਲੀਏ ਮਹੰਤ ਜੋ ਅਹਿਮਦ ਸ਼ਾਹ ਦੇ ਪਿਠੂ ਸਨ ਅਤੇ ਹੋਰ ਉਨ੍ਹਾਂ ਸਾਰੇ ਹਾਕਮਾਂ ਨੂੰ ਜੋ ਅਹਿਮਦ ਸ਼ਾਹ ਨੇ ਥਾਪੇ ਸਨ ਸਿੰਘਾਂ ਨੇ ਸਖਤ ਸਜ਼ਾਵਾਂ ਦਿਤੀਆਂ। ਇਨ੍ਹਾਂ ਸਾਰੀਆਂ ਗਲਾਂ ਦੀਆਂ ਰੀਪੋਰਟਾਂ ਅਹਿਮਦ ਸ਼ਾਹ ਪਾਸ ਪੁਜੀਆਂ। ਜੰਡਿਆਲੀਆਂ ਨੇ ਇਕ ਬੜੀ ਭੜਕਾਊ ਚਿਠੀ ਲਿਖੀ। ਪਹਿਲੇ ਤਾਂ ਅਹਿਮਦ ਸ਼ਾਹ ਆਪਣੀਆਂ ਫੌਜਾਂ ਭੇਜਦਾ ਰਿਹਾ ਪਰ ਜਦ ਸਿੰਘਾਂ ਨੇ ਉਨ੍ਹਾਂ ਫੌਜਾਂ ਨੂੰ ਭੀ ਚੰਗੇ ਨਕ ਚਣੇ ਚਬਾਏ ਤਾਂ ਅਹਿਮਦ ਸ਼ਾਹ ਨੇ ਇਕ ਲਖ ਤੋਂ ਵਧ ਪਠਾਨ ਲੈਕੇ ਅਠਵੀਂ ਵੇਰ ਪੰਜਾਬ ਪਰ ਹੱਲਾ ਬੋਲਿਆ।

ਪੰਜਾਬ ਵਿਚ ਜੇਹੜੇ ਹਾਕਮ ਸਿੰਘ ਨਾਲ ਰਖਦੇ ਸਨ ਅਤੇ ਲੜਦੇ ਰਹਿੰਦੇ ਸਨ ਉਨਾ ਨੂੰ ਚਿਠੀਆਂ ਲਿਖੀਆਂ ਕਿ ਇਸ ਹਮਲੇ ਵਿੱਚ ਮੈਂ ਪੰਜਾਬ ਵਿਚੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦਾ ਹਾਂ ਜੇ ਤੁਸੀਂ ਮੇਰੀ ਇਸ ਗਲ ਨਾਲ ਸਹਿਮਤ ਹੋ ਤਾਂ ਮੇਰਾ ਸਾਥ ਦਿਓ। ਜਿਹਾ ਕਿ ਅਸੀਂ ਉਪਰ ਦੱਸ ਆਏ ਹਾਂ ਦੇਸ਼ ਪਿਆਰ ਤੇ ਮਜ਼ਲੂਮਾ ਦੀ ਰਖਿਆ ਕਰਨ ਦਾ ਜਜ਼ਬਾ ਤਾਂ ਉਸ ਸਮੇਂ ਕੇਵਲ ਸਿੱਖਾਂ ਦੇ ਦਿੱਲਾਂ ਵਿਚ ਹੀ ਸੀ। ਪ੍ਰਜਾ ਨਿੱਤ ਦੇ ਹਮਲਿਆਂ ਦੀ ਮਾਰੀ ਹੋਈ ਕਮਜ਼ੋਰ ਹੋ ਚੁਕੀ ਸੀ। ਦੇਸੀ ਹਾਕਮ ਜ਼ਾਲਮ ਦੇ ਪੱਖੀ ਹੋ ਚੁਕੇ ਸਨ। ਇਹੋ ਜਿਹੀ ਹਾਲਤ ਵਿੱਚ ਖਾਲਸਾ ਪੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਹੋਇਆ ਪਵਿਤ੍ਰ ਆਦਰਸ਼ ਸਾਹਮਣੇ ਰਖਕੇ ਇਕੱਲਾ ਹੀ ਦੁਸ਼ਮਨ ਦਾ ਟਾਕਰਾ ਕਰ ਰਿਹਾ ਸੀ। ਦਿਲੀ ਤੇ ਕਾਬਲ ਦੀਆਂ ਦੋ ਪਾਤਸ਼ਾਹੀਆਂ ਸਿੱਖਾਂ ਨੂੰ ਮਿਟਾਣ ਤੇ ਤੁਲੀਆ ਹੋਈਆ ਸਨ। ਖਾਲਸਾ ਪੰਥ ਜ਼ੁਲਮ ਦੀ ਚੱਕੀ ਦੇ ਇਨ੍ਹਾਂ ਦੋਹਾ ਪੁੜਾਂ ਹੇਠ ਆਕੇ ਪਿਸ ਰਿਹਾ ਸੀ।

ਜਿਸ ਸਮੇਂ ਅਹਿਮਦਸ਼ਾਹ ਅਠਵੀਂ ਵੇਰ ਪੰਜਾਬ ਵਲ ਵਧਿਆ ਤੇ ਦਿਲ ਵਿਚ ਸਿੱਖਾਂ ਨੂੰ ਮੁਕਾਣ ਦਾ ਰੋਸ ਲੈ ਕੇ ਆਇਆ ਤਾਂ ਸਿੱਖ ਉਸ ਸਮੇਂ ਸਰਹੰਦ ਦੇ ਸੂਬੇ ਜੈਨ ਖਾਂ ਨਾਲ ਲੜ ਰਹੇ ਸਨ। ਅਹਿਮਦ ਸ਼ਾਹ ਨੇ ਆਪਣੇ ਫੌਜੀ ਜਰਨੈਲ ਕਜ਼ਲ ਬਾਸ਼ ਖਾਂ ਤੇ ਭੀਖਨ ਖਾਨ ਨੂੰ ਕਾਫੀ

Digitized by Panjab Digital Library | www.panjabdigilib.org

ਫੌਜ ਦੇ ਕੇ ਭੇਜਿਆ ਕਿ ਤੁਸੀਂ ਸਿੰਘਾਂ ਨੂੰ ਰੋਕੋ ਮੈਂ ਛੇਤੀ ਹੀ ਹੋਰ ਫੌਜ ਲੈ ਕੇ ਆ ਰਿਹਾ ਹਾਂ। ਦੁਰਾਨੀ ਦੀ ਫੌਜ ਦਾ ਆਉਣਾ ਸੁਣ ਕੇ ਸਿੰਘਾਂ ਨੇ ਵੇਖਿਆ ਕਿ ਉਨ੍ਹਾਂ ਨੂੰ ਘੇਰੇ ਵਿਚ ਲੈਣ ਦੀ ਸਾਜ਼ਸ਼ ਸ਼ੁਰੂ ਹੋ ਗਈ ਹੈ ਇਸ ਕਰਕੇ ਇਸ ਤੋਂ ਬਚਣ ਦਾ ਇਹੋ ਰਾਹ ਹੈ ਕਿ ਜੈਨ ਖਾਂ ਨਾਲ ਲੜਾਈ ਬੰਦ ਕਰਕੇ ਮਾਲਵੇ ਦੇ ਉਸ ਹਿਸੇ ਵੱਲ ਨਿਕਲ ਚਲੀਏ ਜਿਥੇ ਜੰਗਲ ਹੋਣ ਕਰਕੇ ਉਹ ਬੈਰੂਨੀ ਹਮਲਿਆਂ ਤੋਂ ਸੁਰੱਖਤ ਹੈ।

ਸਿੰਘਾਂ ਨੇ ਇਹ ਵੇਖ ਕੇ ਮਾਲਵੇ ਦੇ ਜ਼ਿਲਾ ਫੀਰੋਜ਼ਪੁਰ ਵਲ ਕੂਚ ਹੀ ਕੀਤਾ ਸੀ ਕਿ ਦੁਰਾਨੀ ਫੌਜਾਂ ਨੇ ਰਾਇਪੁਰ ਗੁਜਰਵਾਲ ਦੇ ਪਾਸ ਉਨ੍ਹਾਂ ਨੂੰ ਆ ਰੋਕਿਆ। ਹੁਣ ਖਾਲਸੇ ਨੂੰ ਭੀ ਪਤਾ ਲਗ ਗਿਆ ਕਿ ਅਹਿਮਦ ਸ਼ਾਹ ਇਸ ਵੇਰ ਬੜੇ ਖੂਨੀ ਇਰਾਦੇ ਲੈ ਕੇ ਆਇਆ ਹੈ। ਇਤਹਾਸਕ ਪੁਸਤਕਾਂ ਵਿਚ ਲਿਖਿਆ ਹੈ ਕਿ ਅਹਿਮਦ ਸ਼ਾਹ ਦੀਆਂ ਫੌਜਾਂ ਦੀ ਵਰਦੀ ਲਾਲ ਸੀ ਇਸ ਕਰ ਕੇ ਜਦੋਂ ਉਹ ਖਾਲਸਾ ਦੱਲ ਵੱਲ ਅਗੇ ਵਧੀਆਂ ਤਾਂ ਇਸ ਪਾਸੇ ਵੱਲ ਵੇਖਿਆ ਇੰਞ ਪ੍ਰਤੀਤ ਹੁੰਦਾ ਸੀ ਜਿਵੇਂ ਲਾਲ ਸਾਗਰ ਠਾਠਾਂ ਮਾਰਦਾ ਚੜ੍ਹਿਆ ਆ ਰਿਹਾ ਹੈ ਅਤੇ ਖਾਲਸਾ ਪੰਥ ਦੀ ਕਿਸ਼ਤੀ ਘੁੰਮਣ ਘੇਰ ਵਿਚ ਫਸਣ ਵਾਲੀ ਹੈ। ਸਿੰਘਾਂ ਦੇ ਇਸ ਦਲ ਦੀ ਜਿਸ ਵਿਚ ਇਸਤ੍ਰੀਆਂ ਬਚੇ ਤੇ ਬੁਢੇ ਭੀ ਕਾਫੀ ਗਿਣਤੀ ਵਿਚ ਸ਼ਾਮਲ ਸਨ ਗਿਣਤੀ ਤੀਹ ਹਜ਼ਾਰ ਸੀ। (ਦੇਖੋ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ)

ਇਸਤ੍ਰੀਆਂ ਤੇ ਬਚਿਆਂ ਦੇ ਨਾਲ ਹੋਣ ਦਾ ਭੀ ਇਕ ਵਿਸ਼ੇਸ਼ ਕਾਰਨ ਸੀ। ਲਾਹੌਰ ਦੇ ਸੂਬੇ ਮੀਰ ਮੰਨੂੰ ਨੇ ਜ਼ੁਲਮ ਦਾ ਇਕ ਐਸਾ ਚੱਕਰ ਚਲਾਇਆ ਸੀ ਕਿ ਜੇਹੜੇ ਸਿੰਘ ਖਾਲਸਾ ਦਲ ਨਾਲ ਮਿਲ ਕੇ ਦੇਸ਼ ਰਖਿਆ ਲਈ ਲੜ ਰਹੇ ਸਨ ਉਨ੍ਹਾਂ ਦੇ ਘਰਾਂ ਤੋਂ ਸਿੰਘਣੀਆਂ ਤੇ ਬਚਿਆਂ ਨੂੰ ਫੜ ਕੇ ਭਾਰੀ ਗਿਣਤੀ ਵਿਚ ਕਤਲ ਕਰ ਦਿਤਾ ਸੀ।

ਇਸ ਜ਼ਾਲਮ ਨੇ ਬਚਿਆਂ ਤੇ ਸਿੰਘਣੀਆਂ ਪਰ ਇਤਨੇ ਅਤਿਆਚਾਰ ਕੀਤੇ ਕਿ ਸਿੰਘਾਂ ਨੇ ਉਨ੍ਹਾਂ ਨੂੰ ਇਕਲਿੱਆਂ ਛਡਣਾ ਮੁਨਾਸਬ ਨਾ ਸਮਝਿਆ ਤੇ ਉਹ ਪ੍ਰਵਾਰਾਂ ਨੂੰ ਨਾਲ ਹੀ ਲੈ ਆਏ ਸਨ। ਕੁਸ ਸਮੇਂ ਇਹੋ ਦਲ ਹੀ ਸਮੂਚਾ ਖਾਲਸਾ ਪੰਥ ਸੀ ਭਾਵੇਂ ਥੋਹੜੇ ਬਹੁਤ ਸਿੰਘ ਹੋਰ ਕਈਆ ਥਾਵੀਂ ਭੀ ਲੁਕ ਛੁਪਕੇ ਰਹਿ ਰਹੇ ਹੋਣਗੇ ਪ੍ਰੰਤੂ ਜਦ ਝਾੜ ਝਾੜ ਸਿੰਘ ਦਾ ਵੈਰੀ ਬਣ ਗਿਆ ਤਾਂ ਉਨਾਂ ਨੇ ਇਕ ਥਾਂ ਇਕਠੇ ਹੋਕੇ ਰਹਿਣਾ ਹੀ ਠੀਕ ਸਮਝਿਆ। ਅਹਿਮਦ ਸ਼ਾਹ ਅਬਦਾਲੀ ਨੇ ਇਹ ਭੇਦ ਲੈ ਲਿਆ ਸੀ ਕਿ ਸਿੱਖ ਪੰਥ ਸਾਰਾ ਇਸੇ ਇਕ ਦਲ ਵਿਚ ਇਕਠਾ ਹੈ ਜੋ ਇਸ ਦਾ ਸਫਾਇਆ ਕਰ ਦਿਤਾ ਜਾਵੇ ਤਾਂ ਸਿੱਖਾਂ ਦਾ ਖਤਰਾ ਹਮੇਸ਼ਾ ਲਈ ਖਤਮ ਹੋ ਸਕਦਾ ਹੈ। ਉਸਨੇ ਦੋ ਲਖ ਫੋਜ ਲੈਕੇ ਇਸ ਦਲ ਪਰ ਹਮਲਾ ਕੀਤਾ। ਇਕ ਪਾਸੇ ੩੦ ਹਜ਼ਾਰ ਸਿੰਘ ਸਨ ਜਿਨ੍ਹਾਂ ਵਿਚੋਂ ਅਧੇ ਇਸਤ੍ਰੀਆਂ ਬਚੇ ਤੇ ਬੁਢੇ ਸਨ ਅਤੇ ਦੂਜੇ ਪਾਸੇ ਦੋ ਲਖ ਸਨਧਬਧ ਵੈਰੀ ਦਾ ਦਲ ਸੀ ਜਿਸ ਪਾਸ ਵਧੀਆ ਕਿਸਮ ਦੇ ਜਵਾਨ ਅਤੇ ਹਥਿਆਰ ਸਨ। ਖਾਲਸਾ ਪੰਥ ਲਈ ਇਹ ਸਭ ਤੋਂ ਵਧ ਇਮਤਿਹਾਨ ਦਾ ਸਮਾਂ ਸੀ। ਇਸ ਲਈ ਉਨ੍ਹਾਂ ਨੇ ਇਸਤ੍ਰੀ ਅਤੇ ਬਚਿਆ ਦੇ ਚਾਰੇ ਪਾਸੇ ਘੇਰਾ ਘੱਤ ਕੇ ਦੁਸ਼ਮਨ ਦੇ ਹਮਲੇ ਰੋਕਣੇ ਸ਼ੁਰੂ ਕੀਤੇ ਇਕ ਪਾਸੇ ਉਹ ਬਚਾਉ ਦੀ ਲੜਾਈ ਕਰ ਰਹੇ ਸਨ ਤੇ ਦੂਜੇ ਪਾਸੇ ਕਿਸੇ ਸ਼ਰੱਖਤ ਥਾਂ ਵੱਲ ਵਧ ਰਹੇ ਸਨ।

Digitized by Panjab Digital Library | www.panjabdigilib.org

ਵੈਰੀ ਨੇ ਆਪਣੀ ਤਾਕਤ ਦੇ ਘੁਮੰਡ ਵਿਚ ਸਿੱਖਾਂ ਪਰ ਕਰੜੇ ਹਮਲੇ ਕਰਨੇ ਸ਼ੁਰੂ ਕੀਤੇ। ਸਿੰਘਾਂ ਨੇ ਭੀ ਅੱਗੋ ਮੂੰਹ ਤੋੜ ਜਵਾਬ ਦਿੱਤਾ ਪਰ ਦੋ ਲਖ ਨਾਲ ੨੦, ੩੦ ਹਜ਼ਾਰ ਸਿੰਘਾਂ ਦਾ ਕੀ ਮੁਕਾਬਲਾ ਸੀ ਸੋ ਪਹਿਲਾਂ ਹੀ ਜੰਗ ਦੇ ਥਕੇ ਹੋਇ ਸਨ। ਦੁਸ਼ਮਨ ਨੇ ਫੈਸਲਾ ਕੁ ਨ ਹਮਲੇ ਕੀਤ ਜਿਨ੍ਹਾਂ ਵਿਚ ਸਿੰਘਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਕੁਪ ਹਰੀੜੇ ਦੇ ਮੁਕਾਮ ਪਰ ਸਿੰਘਾਂ ਦੀਆਂ ਰਖਿਆ ਪੰਗਤੀਆਂ ਟੁਟ ਗਈਆਂ। ਦੁਸ਼ਮਨ ਨੇ ਸਿੰਘਾਂ ਦੀਆਂ ਇਸਤ੍ਰੀਆਂ ਅਤੇ ਬਚਿਆਂ ਦਾ ਇਤਨੀ ਬੇਦਰਦੀ ਨਾਲ ਕਤਲਆਮ ਕੀਤਾ ਕਿ ਸੂਰਜ ਇਸ ਦਰਦਨਾਕ ਸੀਨ ਨੂੰ ਵੇਖ ਨਾ ਸਕਿਆ। ਉਸ ਨੇ ਇਤਨਾ ਭਿਆਨਕ ਦ੍ਰਿਸ਼ਯ ਅੱਗੇ ਕਦੇ ਨਹੀਂ ਸੀ ਦੇਖਿਆ ਇਸ ਲਈ ਉਸਨੇ ਆਪਣਾ ਮੂੰਹ ਪਹਾੜਾਂ ਉਹਲੇ ਛੁਪਾ ਲਿਆ। ਸਿੰਘਾਂ ਦੀਆਂ ਲਾਸ਼ਾਂ ਮੀਲ ਤੱਕ ਖਿਲਰੀਆਂ ਪਈਆ ਸਨ। ਦੁਸ਼ਮਨ ਦੀਆਂ ਫੌਜਾਂ ਖਾਲਸੇ ਨੂੰ ਮੁਕਾਣ ਪਰ ਤੁਲੀਆਂ ਹੋਈਆਂ ਸਨ ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਸਿੱਖ ਪੰਥ ਬੰਦਿਆਂ ਦੀ ਗਿਣਤੀ ਦੇ ਸਹਾਰੇ ਨਹੀਂ ਜਿਉਂਦਾ ਉਹ ਉਸ ਸਿੱਖੀ ਸਪਿਰਟ ਦੇ ਸਹਾਰੇ ਜੀਉਂਦਾ ਹੈ ਜੋ ਇਕ ਸਿੱਖ ਵਿਚ ਭੀ ਹੋਵੇ ਤਾਂ ਉਹ ਲੱਖਾਂ ਵੈਰੀਆਂ ਨਾਲ ਟਕੱਰ ਲੈਣ ਤੋਂ ਭੀ ਸੰਕੋਚ ਨਹੀਂ ਕਰਦਾ।

ਸ਼ਾਮ ਦਾ ਵਕਤ ਸੀ ਦੁਸ਼ਮਨ ਦਲ ਜੰਗ ਬੰਦ ਕਰਕੇ ਆਰਾਮ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ। ਸਿੰਘਾਂ ਤੇ ਵੈਰੀ ਦੀਆਂ ਲੋਥਾਂ ਨਾਲ ਮੈਦਾਨ ਅੱਟਿਆ ਪਿਆ ਸੀ। ਇਹੋ ਜਿਹੇ ਭਿਆਨਕ ਸਮੇਂ ਵਿਚ ਇਕ ਸਿੰਘ ਜਿਸਦੇ ਹੱਥ ਵਿਚ ਨਿਸ਼ਾਨ ਸਾਹਿਬ ਸੀ ਉਚੀ ਥਾਂ ਪਰ ਖੜਾ ਹੋਕੇ ਨਿਸ਼ਾਨ ਸਾਹਿਬ ਝੁਲਾਣ ਲਗਾ। ਉਸ ਦਾ ਖਿਆਲ ਸੀ ਕਿ ਦੁਸ਼ਮਨ ਇਹ ਨਾ ਸਮਝ ਲਵੇ ਕਿ ਕੇਸਰੀ ਨਿਸ਼ਾਨ ਨੀਵਾਂ ਹੋ ਗਿਆ ਹੈ ਜਾਂ ਇਸ ਨੂੰ ਉਚਾ ਰਖਣ ਵਾਲਾ ਖਾਲਸਾ ਪੰਥ ਮੁਕ ਗਿਆ ਹੈ। ਸਿੰਘ ਨੇ ਉਚੀ ਥਾਂ ਵੇਖ ਕੇ ਨਿਸ਼ਾਨ ਸਾਹਿਬ ਖੜਾ ਕੀਤਾ ਅਤੇ ਜਲਾਲ ਵਿਚ ਆਕੇ ਜ਼ੋਰ ਦਾ ਜੈਕਾਰਾ ਗਜਾਇਆ। ਇਹ ਸੁਣ ਕੇ ਵੈਰੀਆਂ ਦਾ ਇਕ ਫੌਜੀ ਦਸਤਾ ਉਸ ਪਾਸੇ ਵਧਿਆ। ਸਿੰਘ ਨੂੰ ਇਕੱਲਾ ਨਿਸ਼ਾਨ ਸਾਹਿਬ ਦੇ ਪਾਸ ਖੜਾ ਵੇਖਕੇ ਫੌਜੀ ਦਸਤੇ ਦੇ ਆਗੂ ਨੇ ਉਸ ਸਿੰਘ ਨਾਲ ਕੁਝ ਗੱਲਾਂ ਕਰਨ ਦਾ ਖਿਆਲ ਕੀਤਾ। ਉਸ ਨੇ ਆਪਣੇ ਸਵਾਰਾਂ ਨੂੰ ਕਿਹਾ ਜਦ ਤੱਕ ਮੈਂ ਆਗਿਆ ਨਾ ਦੇਵਾਂ ਇਸ ਸਿੰਘ ਨੂੰ ਮਾਰਨਾ ਨਹੀਂ। ਉਸ ਨੇ ਸਿੰਘ ਨੂੰ ਸੰਬੋਧਨ ਕਰਕੇ ਕਿਹਾ ਤੂੰ ਇਹ ਕੀ ਕਰ ਰਿਹਾ ਹੈਂ ?

ਸਿੰਘ:—ਨਿਸ਼ਾਨ ਸਾਹਿਬ ਝੁਲਾ ਰਿਹਾ ਹਾਂ।

ਫੌਜਦਾਰ:—ਇਸਦੇ ਝੁਲਾਣ ਦਾ ਕੀ ਲਾਭ ਹੈ ?

ਸਿੰਘ:—ਇਹ ਕਿ ਦੁਸ਼ਮਣ ਨੂੰ ਪਤਾ ਲਗ ਜਾਵੇ ਕਿ ਕੇਸਰੀ ਨਿਸ਼ਾਨ ਪੰਜਾਬ ਵਿਚ ਅੱਜੇ ਝੁਲ ਰਿਹਾ ਹੈ।

ਫੌਜਦਾਰ:—ਇਸਦਾ ਦੁਸ਼ਮਣ ਪਰ ਕੀ ਅਸਰ ਪਵੇਗਾ ?

ਸਿੰਘ:—ਇਹ ਨਿਸ਼ਾਨ ਸਾਹਿਬ ਇਸ ਗਲ ਦੀ ਦਲੀਲ ਹੈ ਕਿ ਖਾਲਸਾ ਪੰਥ ਅਜੇ ਜਿਉਂਦਾ ਹੈ।

ਫੌਜਦਾਰ:—ਕੀ ਤੂੰ ਅਪਣੇ ਆਪ ਨੂੰ ਪੰਥ ਸਮਝਦਾ ਹੈਂ ?

ਸਿੰਘ:—ਹਾਂ ਇਸ ਨਿਸ਼ਾਨ ਸਾਹਿਬ ਦੀ ਤਾਬਿਆ ਜੋ ਸਿੰਘ ਹੈ ਉਹ ਪੰਥ ਦਾ ਹੀ ਰੂਪ ਹੈ।

ਫੌਜਦਾਰ:—ਮੈਨੂੰ ਸਮਝ ਨਹੀਂ ਆਈ ਪੰਥ ਤੋਂ ਤੁਹਾਡੀ ਕੀ ਮੁਰਾਦ ਹੈ ?

Digitized by Panjab Digital Library | www.panjabdigilib.org

ਸਿੰਘ:—ਪੰਥ ਉਸ ਜਜ਼ਬੇ ਦਾ ਨਾਂ ਹੈ ਜੋ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਦੇ ਹਿਰਦਿਆਂ ਵਿਚ ਪੈਦਾ ਹੁੰਦਾ ਹੈ।

ਫੌਜਦਾਰ:—ਕੀ ਮਤਲਬ ?

ਸਿੰਘ:—ਭਾਵ ਇਹ ਹੈ ਕਿ ਜਿਵੇਂ ਬਿਜਲੀ ਵਿਚ ਜੋ ਕਰੰਟ ਹੁੰਦੀ ਹੈ ਉਹੀ ਬਿਜਲੀ ਅਖਵਾਉਂਦੀ ਹੈ ਇਸੇ ਤਰਾਂ ਸਿੰਘਾਂ ਵਿਚ ਇਕ ਖਾਸ ਜਜ਼ਬਾ ਹੁੰਦਾ ਹੈ ਜਿਸ ਨੂੰ ਉਹ ਪੰਥ ਆਖਦੇ ਹਨ।

ਫੌਜਦਾਰ:—ਤਾਂ ਕੀ ਸਿੰਘਾਂ ਦੇ ਦਲ ਨੂੰ ਪੰਥ ਨਹੀਂ ਕਹਿੰਦੇ ?

ਸਿੰਘ:—ਸਿੰਘਾਂ ਦਾ ਦਲ ਪੰਥ ਦਾ ਜ਼ਾਹਰਾ ਰੂਪ ਹੈ ਅਸਲ ਰੂਪ ਤਾਂ ਸਿੱਖੀ ਜਜ਼ਬਾ ਹੀ ਹੈ।

ਫੌਜਦਾਰ:—ਕੀ ਤੈਨੂੰ ਇਕਲੇ ਨੂੰ ਬਹੁਤੇ ਦੁਸ਼ਮਨ ਵੇਖਕੇ ਡਰ ਨਹੀਂ ਲਗਦਾ ?

ਸਿੰਘ:—"ਨਿਰਭਉ ਜਪੈ ਸਗਲ ਭਉ ਮਿਟੈ" ਦੇ ਮਹਾਵਾਕ ਅਨਸਾਰ ਅਸੀਂ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਾਂ ਜਿਸ ਨੂੰ ਯਾਦ ਕਰਨ ਨਾਲ ਸਭ ਡਰ ਮਿਟ ਜਾਂਦੇ ਹਨ।

ਫੌਜਦਾਰ:—ਤੂੰ ਰਾਤ ਦੇ ਸਮੇਂ ਵਿਚ ਲੁਕ ਕੇ ਆਪਣੀ ਜਾਨ ਕਿਉਂ ਨਹੀਂ ਬਚਾਈ ?

ਸਿੰਘ:—ਲੁਕ ਛੁਪਕੇ ਜਾਨ ਬਚਾਉਣਾ ਸਿੰਘਾਂ ਦਾ ਕੰਮ ਨਹੀਂ। ਚੰਗੇ ਭਾਗਾਂ ਨਾਲ ਰਣ ਵਿਚ ਜੂਝਕੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਸਮਾਂ ਹਥ ਆਉਂਦਾ ਹੈ।

ਫੌਜਦਾਰ:—(ਹੈਰਾਨ ਹੋਕੇ) ਤਾਂ ਕੀ ਤੂੰ ਅਜੇ ਭੀ ਲੜਨ ਦਾ ਇਰਾਦਾ ਰਖਦਾ ਹੈਂ ?

ਸਿੰਘ:—ਕਿਉਂ ਨਹੀਂ! ਮੇਰਾ ਨਿਸ਼ਾਨ ਸਾਹਿਬ ਖੜਾ ਕਰਕੇ ਜੈਕਾਰਾ ਗਜਾਉਣ ਦਾ ਇਹੋ ਭਾਵ ਸੀ ਕਿ ਸਿੰਘ ਲੜਨ ਲਈ ਤਿਆਰ ਹੈ ਦੁਸ਼ਮਣ ਕਿਧਰੇ ਹੈ ਤਾਂ ਸਾਹਮਣੇ ਆ ਜਾਵੇ।

ਫੌਜਦਾਰ:—(ਸਾਥੀਆਂ ਵਲ ਮੂੰਹ ਕਰਕੇ) ਵੇਖ ਲਉ ਭਈ ਇਹ ਸਿੰਘ ਮੌਤ ਨੂੰ ਕਿਵੇਂ ਮਖੌਲ ਸਮਝਦੇ ਹਨ।

ਸਿਪਾਹੀ:—(ਜਨਾਬ ਆਲੀ!) ਇਹੋ ਚੀਜ਼ ਤਾਂ ਇਨ੍ਹਾਂ ਨੂੰ ਖਤਮ ਨਹੀਂ ਹੋਣ ਦਿੰਦੀ। ਵੇਖੋ ਚਾਰੇ ਪਾਸੇ ਲਾਸ਼ਾਂ ਹਨ। ਇਸ ਦੇ ਸਭ ਸਾਥੀ ਮਰ ਗਏ ਹਨ ਪਰ ਇਸ ਨੂੰ ਇਸਦਾ ਕੋਈ ਖਿਆਲ ਨਹੀਂ।

ਫੌਜਦਾਰ;—(ਸਿੰਘ ਨੂੰ ਸੰਬੋਧਨ ਕਰਕੇ) ਮੈਂ ਨਹੀਂ ਚਾਹੁੰਦਾ ਅਸੀਂ ਸਾਰੇ ਇਕੋ ਵੇਰ ਤੇਰੇ ਪਰ ਹਮਲਾ ਕਰੀਏ ਤੂੰ ਕਿਤਨੇ ਸਿਪਾਹੀਆਂ ਨਾਲ ਲੜਨਾ ਚਾਹੁੰਦਾ ਹੈਂ ?

ਸਿੰਘ:—ਪੰਜਾਂ ਪੰਜਾਂ ਨੂੰ ਭੇਜ ਕੇ ਖਾਲਸੇ ਦੇ ਹਥ ਵੇਖ ਲਉ।

ਫੌਜਦਾਰ:—ਬਹੁਤ ਹਛਾ ਤਿਆਰ ਹੋ ਜਾਉ।

ਇਹ ਸੁਣਕੇ ਸਿੰਘ ਨੇ ਜ਼ੋਰ ਦਾ ਜੈਕਾਰਾ ਗਜਾਇਆ। ਉਸਦਾ ਸਰੀਰ 'ਰੋਹ' ਨਾਲ ਸੁਰਖ ਹੋ ਗਿਆ। ਚਿਹਰੇ ਦਾ ਤੇਜ਼ ਇਤਨਾ ਵਧ ਗਿਆ ਕਿ ਦੁਸ਼ਮਨ ਨੂੰ ਅਖਾਂ ਸਾਹਮਣੇ ਕਰਨੀਆਂ ਕਠਨ ਹੋ ਗਈਆਂ। ਫੌਜਦਾਰ ਨੇ ਮਨ ਹੀ ਮਨ ਵਿਚ ਵਿਚਾਰ ਕੀਤੀ ਸਚ ਮੁਚ ਸਿੰਘਾਂ ਵਿਚ ਗੁਰੂ ਗੋਬਿੰਦ ਸਿੰਘ ਨੇ ਕੋਈ ਐਸਾ ਤੇਜ ਪੈਦਾ ਕੀਤਾ ਹੈ ਜੋ ਇਕ ਅਦਭੁਤ ਸ਼ਕਤੀ ਹੈ। ਜਿਸ ਵੇਲੇ ਸਿੰਘ ਰਣ ਤੱਤੇ ਵਿਚ

Digitized by Panjab Digital Library | www.panjabdigilib.org

ਜ਼ਾਣ ਲਈ ਤਿਆਰ ਹੁੰਦਾ ਹੈ ਤਾਂ ਉਸਦੇ ਮੁਖ ਪਰ ਇਕ ਅਨੋਖੀ ਆਭਾ ਨਜ਼ਰ ਪੈਂਦੀ ਹੈ ਜੋ ਨਖੀਆਂ ਅਵਤਾਰਾਂ ਦੇ ਮੁਖ ਪਰ ਝਲਕਿਆ ਕਰਦੀ ਹੈ। ਇਨ੍ਹਾਂ ਦੇ ਪੁਜਾਰੀ ਹੋਣ ਕਰਕੇ ਇਨ੍ਹਾਂ ਵਿਚ ਨਿਰਭੈਤਾ ਅਤੇ ਦਲੇਰੀ ਆ ਜਾਂਦੀ ਹੈ। ਸਾਡੇ ਸਿਪਾਹੀ ਜੋ ਟਕਿਆਂ ਦੀ ਖਾਤਰ ਲੜਦੇ ਹਨ ਇਨ੍ਹਾਂ ਦਾ ਕਿਵੇਂ ਮੁਕਾਬਲਾ ਕਰ ਸਕਦੇ ਹਨ ? ਫੌਜਦਾਰ ਨੇ ਕਈ ਵੇਰ ਪੰਜ ਪੰਜ ਸਿਪਾਹੀ ਸਿੰਘ ਵਲ ਵਧਾਏ ਪਰ ਸਿੰਘ ਦੇ ਮੁਕਾਬਲੇ ਪਰ ਉਨ੍ਹਾਂ ਦੀ ਕੁਝ ਨਾ ਵਟੀ ਗਈ। ਆਖਰ ਬਹੁਤ ਸਾਰੇ ਦੁਸ਼ਮਨਾਂ ਨੇ ਸਿੰਘ ਪਰ ਹੱਲਾ ਬੋਲ ਦਿਤਾ ਅਤੇ ਗੁਰ ਦਾ ਸਿੰਘ ਬੜੀ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ।

ਇਸ ਘਲੂਘਾਰੇ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਤੇ ਰਾਮਗੜ੍ਹੀਆ ਦੋਵੇਂ ਬਘੇਲ ਸਿੰਘ, ਕਰੋੜਾ ਸਿੰਘ, ਨਵਾਬ ਕਪੂਰ ਸਿੰਘ, ਖੁਸ਼ਹਾਲ ਸਿੰਘ, ਸ਼ਹੀਦ ਨੱਥਾ ਸਿੰਘ, ਪ੍ਰੇਮ ਸਿੰਘ, ਕਰਮ ਸਿੰਘ, ਸੁਧਾ ਸਿੰਘ ਸਾਰੀਆਂ ਮਿਸਲਾਂ ਦੇ ਸਰਦਾਰ ਜਥਿਆਂ ਨੂੰ ਨਾਲ ਲੈ ਕੇ ਬੜੀ ਬਹਾਦਰੀ ਨਾਲ ਲੜੇ। ਸ. ਜਸਾ ਸਿੰਘ ਆਹਲੂਵਾਲੀਆ ਤੇ ਸ: ਚੜ੍ਹਤ ਸਿੰਘ ਤਾਂ ਕਈ ਵੇਰ ਦੁਸ਼ਮਨ ਦੀਆਂ ਸਫਾਂ ਵਿਚ ਵੜ ਜਾਂਦੇ ਤੇ ਇਕ ਵੇਰ ਸ: ਜਸਾ ਸਿੰਘ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਜਾ ਖੜਾ ਹੋਇਆ ਤੇ ਵੰਗਾਰ ਕੇ ਕਿਹਾ ਅਹਿਮਦ ਸ਼ਾਹ ਜੇ ਤੂੰ ਮਰਦ ਹੈਂ ਤਾਂ ਆ ਮੇਰੇ ਨਾਲ ਦੋ ਹਥ ਕਰ ਲੈ। ਮੇਰਾ ਤੇ ਤੇਰਾ ਦੋਹਾਂ ਦਾ ਜੰਗ ਹੋਵੇ ਸਾਰੀ ਸੈਨਾ ਵੇਖੇ। ਪਰ ਅਬਦਾਲੀ ਨੂੰ ਸਿੰਘ ਨਾਲ ਲੜਨ ਦਾ ਹੌਸਲਾ ਨਾ ਹੋਇਆ। ਇਸ ਜੰਗ ਵਿਚੋਂ ਸ਼ਾਮ ਹੋਣ ਪਰ ਜੋ ਸਿੰਘ ਬਚੇ ਉਹ ਕੁਤਬਾ ਤੇ ਬਾਹਮਣੀ ਦੇ ਪਿੰਡਾਂ ਪਾਸੋਂ ਲੰਘ ਕੇ ਹਠੂਰ ਵਾਲੀ ਢਾਬ ਤੇ ਆ ਗਏ। ਅਗਲੇ ਦਿਨ ਦੁਸ਼ਮਨ ਨੇ ਬੜੇ ਸਖਤ ਹਮਲੇ ਕੀਤੇ ਪਰ ਪਾਣੀ ਪਰ ਸਿੰਘਾਂ ਦਾ ਕਬਜ਼ਾ ਹੋਣ ਕਰਕੇ ਦੁਸ਼ਮਨਾਂ ਨੂੰ ਪਿਛੇ ਹਟਣਾ ਪਿਆ।

ਸਿੰਘ ਜ਼ਖਮੀਆਂ ਨੂੰ ਲੈ ਕੇ ਫੂਲ, ਮਰਾਝ, ਬਰਾੜ, ਢਪਾਲੀ, ਤੱਪਾ ਤੇ ਠੀਕਰੀ ਵਾਲਾ ਆਦਿ ਪਿੰਡਾਂ ਵਿਚ ਚਲੇ ਗਏ। ਇਧਰ ਅਹਿਮਦ ਸ਼ਾਹ ਅਬਦਾਲੀ ਨੇ ਅਠ ਦਸ ਕੋਹ ਵਿਚ ਖਿਲਰੀਆਂ ਪਈਆਂ ਸਿੰਘਾਂ ਦੀਆਂ ਲਾਸ਼ਾਂ ਦੇ ਸਿਰ ਕਟਵਾ ਕੇ ਇਕਠੇ ਕਰ ਲਏ ਤੇ ਗਡਿਆਂ ਪਰ ਲਦ ਕੇ ਲਾਹੌਰ ਨੂੰ ਲੈ ਤੁਰਿਆ ਤਾਕਿ ਉਥੇ ਜਾ ਕੇ ਇਹ ਦਸੇ ਕਿ ਮੈਂ ਸਭ ਸਿੰਘਾਂ ਨੂੰ ਮੁਕਾ ਆਇਆ ਹਾਂ। ਇਸ ਜੰਗ ਵਿਚ ਵੀਹ ਹਜ਼ਾਰ ਸਿੱਖ ਸ਼ਹੀਦ ਹੋਏ ਇਸ ਕਰਕੇ ਇਸ ਦਾ ਨਾਮ ਵਡਾ ਘਲੂਘਾਰਾ ਹੈ। ਅਬਦਾਲੀ ਨੇ ਸਿੰਘਾਂ ਦੇ ਸਿਰਾਂ ਦਾ ਲਾਹੌਰ ਦੇ ਪਾਸ ਇਕ ਮੁਨਾਰਾ ਚਿਣ ਦਿਤਾ ਅਤੇ ਸ੍ਰੀ ਅੰਮ੍ਰਿਤਸਰ ਜਾ ਕੇ ਸ੍ਰੀ ਦਰਬਾਰ ਸਾਹਿਬ ਨੂੰ ਫਿਰ ਢਾਹ ਦਿਤਾ। ਇਸ ਘਟਨਾ ਤੋਂ ਪਿਛੋਂ ਮਾਝੇ ਵਿਚ ਹਾਕਮਾਂ ਨੇ ਇਹ ਗੱਲ ਧੁਮਾ ਦਿਤੀ ਕਿ ਸਿੱਖ ਖਤਮ ਹੋ ਗਏ ਪ੍ਰੰਤੂ ਖਾਲਸੇ ਦਾ ਅਸਲ ਮੰਬਾ ਤਾਂ ਮਾਲਵਾ ਸੀ ਜਿਥੇ ਬਾਬਾ ਦੀਪ ਸਿੰਘ ਸ਼ਹੀਦ ਜੈਸੇ ਮਹਾ ਪੁਰਖ ਉਪਦੇਸ਼ ਕਰਕੇ ਹਜ਼ਾਰਾਂ ਨਵੇਂ ਸਿੰਘ ਸਜਾ ਰਹੇ ਸਨ।

Digitized by Panjab Digital Library | www.panjabdigilib.org

# ਜੰਗ ਦਾ ਨਕਸ਼ਾ ਤੇ ਵੇਰਵਾ

ਕੁਪ ਤੇ ਰਹੀੜੇ ਦਾ ਜੰਗ ਵਡਾ ਘਲੂ ਘਾਰਾ ਫਰਵਰੀ ੧੭੬੨ ਈਸਵੀ ਮੁਤਾਬਿਕ ੧੮੧੯ ਬਿ: ਨੂੰ ਹੋਇਆ। ਕੁਪ ਤੇ ਰਹੀੜਾ ਦੋ ਪਿੰਡ ਲਾਗੋ ਲਾਗ ਹਨ। ਰਹੀੜਾ ਕੁਪ ਤੋਂ ਛਿਪਦੀ ਵਲ ਹੈ। ਏਹ ਦੋਵੇਂ ਪਿੰਡ ਲੁਧਿਆਣਾ ਧੂਰੀ ਰੇਲਵੇ ਲਾਈਨ ਦੇ ਉਪਰ ਮਾਲੇਰ ਕੋਟਲੇ ਤੇ ਅਹਿਮਦਗੜ੍ਹ ਦੋਹਾਂ ਸਟੇਸ਼ਨਾਂ ਦੇ ਦਰਮਿਆਨ ਹਨ। ਕੁਪ ਰੇਲਵੇ ਸਟੇਸ਼ਨ ਹੈ। ਪਹਿਲਾਂ ਇਹ ਦੋਵੇਂ ਪਿੰਡ ਰਿਆਸਤ ਮਾਲੇਰ ਕੋਟਲੇ ਵਿਚ ਸਨ।

ਜਿਸ ਵੇਲੇ ਦੁਰਾਨੀਆਂ ਦੀ ਫੌਜ ਲਾਲ ਵਰਦੀ ਪਹਿਣੀ। ਸਿੰਘਾਂ ਨੇ ਮੂੰਹ ਹਨੇਰੇ ਦੇਖੀ ਤਦ ਉਹਨਾਂ ਸਮਝਿਆ ਕਿ ਕੇਸੂ ਫੁਲੇ ਹੋਏ ਜੰਗਲ ਵਿਚ ਨਜ਼ਰ ਆਉਂਦੇ ਹਨ। ਪਰ ਪਿਛੋਂ ਛੇਤੀ ਹੀ ਸਿੰਘਾਂ ਨੇ ਦੇਖ ਲਿਆ ਕਿ ਇਹ ਗਿਲਜਿਆਂ ਦੀ ਫੌਜ ਹੈ। ਸਿੰਘਾਂ ਨੇ ਝਟ ਪਟ ਤਿਆਰੀ ਕਰਕੇ ਵਹੀਰ ਨੂੰ (ਸਿੰਘ ਸਿੰਘਣੀਆਂ ਬੁਢਿਆਂ ਤੇ ਬਚਿਆਂ ਨੂੰ) ਅਗੇ ਲਾਕੇ ਸੱਜੇ ਤੇ ਖੱਬੇ ਪਾਸੇ ਖਾਲਸੇ ਦਾ ਦਲ ਕਰਕੇ ਲੜਦੇ ਹੋਏ ਪੱਛਮ ਵਲ ਦੇ ਪਾਸੇ ਨੂੰ ਤੁਰ ਪਏ। ਦੋ ਤਿੰਨ ਕੋਹ ਵਹੀਰ ਅਗੇ ਗਿਆ ਸੀ ਕਿ ਦੁਰਾਨੀ ਹੱਲਾ ਕਰਕੇ ਵਹੀਰ ਵਿਚ ਆਣ ਵੜੇ। ਬਹੁਤ ਸਾਰੇ ਸਿੰਘ ਸਿੰਘਣੀਆਂ ਤੇ ਬਚੇ ਕਤਲ ਹੋ ਗਏ। ਫੇਰ ਸਿੰਘ ਸਰਦਾਰਾਂ ਨੇ ਖਾਲਸਾ ਦਲ ਦਾ ਗੋਲ ਕਿਲ੍ਹਾ ਬਣਾ ਕੇ ਵਿਚਾਲੇ ਵਹੀਰ ਕਰ ਲਿਆ ਤੇ ਲੜਦੇ ਹੋਏ ਅਗੇ ਵਧੇ। ਸਿੰਘਾਂ ਦੀ ਲੜਾਈ ਦੀ ਇਸ ਤਰਤੀਬ ਨੂੰ ਦੇਖ ਕੇ ਅਹਿਮਦ ਸ਼ਾਹ ਭੀ ਹੈਰਾਨ ਹੋ ਗਿਆ। ਹੇਠ ਲਿਖੀਆਂ ਮਿਸਲਾਂ ਉਸ ਵੇਲੇ ਇਸ ਜੰਗ ਵਿਚ ਸ਼ਾਮਲ ਸਨ। ਭੰਗੀ, ਨਕਈ, ਘਨੀਯੇ, ਆਹਲੂਵਾਲੀਏ ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦਾਂ ਦੀ ਮਿਸਲ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਾਂ ਵਾਲੀ ਮਿਸਲ। ਖਾਲਸਾ ਦਲ ਦੀ ਫੌਜ ਦੀ ਤਰਤੀਬ ਇਸ ਤਰਾਂ ਸੀ। ਵਹੀਰ ਦੇ ਅੱਗੇ ਸ: ਸਯਾਮ ਸਿੰਘ, ਸਜੇ ਪਾਸੇ ਸ: ਜਸਾ ਸਿੰਘ ਆਹਲੂਵਾਲੀਆ, ਖਬੇ ਪਾਸੇ ਸ: ਚੜ੍ਹਤ ਸਿੰਘ ਸ਼ੁਕਰਚਕੀਆ, ਪਿਛਲੇ ਪਾਸੇ ਰਾਮ ਗੜ੍ਹੀਏ, ਕਰੋੜੀਏ ਤੇ ਡੱਲੇ ਵਾਲੀਏ ਸਨ ਜੋ ਹਰ ਥਾਂ ਲੋੜ ਅਨਸਾਰ ਕੁਮਕ ਭਜਦੇ ਸਨ। ਇਸ ਤਰਾਂ ਸਿੰਘ ਬੜੀ ਬਹਾਦਰੀ ਨਾਲ ਲੜ ਰਹੇ ਸਨ ਤੇ ਮਾਲਵੇ ਵਲ ਵਧਦੇ ਜਾ ਰਹੇ ਸਨ

ਅਹਿਮਦ ਸ਼ਾਹ ਦੁਰਾਨੀ ਨੂੰ ਸ਼ਹਿਨਸ਼ਾਹ ਰਾਇਕੋਟੀਏ, ਮਲੇਰਕੋਟਲੇ ਵਾਲੇ ਤੇ ਗੁਰੂ ਕੇ ਜੰਡਿਆਲੇ ਦਾ ਨਿਰੰਜਣੀਆਂ ਮਹੰਤ ਚੜ੍ਹਾ ਕੇ ਲਿਆਏ ਸਨ। ਅਹਿਮਦ ਸ਼ਾਹ ਗੁਰੂ ਕੇ ਜੰਡਿਆਲੇ ਤੋਂ ਚਲ ਕੇ ਰਵਾਂ ਰਵੀਂ ਤਲਬਣ ਦੇ ਪੱਤਣੋਂ ਸਤਲੁਜ ਲੰਘਕੇ ਰਾਏਪੁਰ ਪਿੰਡ ਦੇ ਪਾਸ ਦੀ ਹੋਕੇ ਕੁਪ ਰਹੀੜੇ ਵਲ ਨੂੰ ਵਧਿਆ ਸੀ। ਥੋੜੀ ਜਿਹੀ ਮੁਠ ਭੇੜ ਰਾਏਪੁਰ ਹੋਈ ਸੀ, ਫੇਰ ਉਸਨੂੰ ਪਤਾ ਲਗਾ ਕਿ ਸਿੰਘ ਅਗੇ ਹਨ ਸੋ ਉਹ ਏਥੋਂ ਅਗੇ ਨੂੰ ਵਧਿਆ। ਅਹਿਮਦ ਸ਼ਾਹ ਵੀ ਫੌਜ ਨੂੰ ਬੜੇ ਰੋਹ ਨਾਲ ਲੜਾ ਰਿਹਾ ਸੀ। ਸਿੱਘ ਸਰਦਾਰ ਖਾਲਸਾ ਜੀ ਅਗੇ ਹਥ ਜੋੜ ੨ ਪੁਕਾਰ ਰਹੇ ਸਨ ਕਿ ਖਾਲਸਾ ਜੀ ਇਹ ਸਮਾਂ ਯੁਧ ਹੈ, ਪੰਥ ਦੀ ਲਾਜ ਰਖੋ। ਜਿਉਂਦੇ ਰਹੇ ਤਦ ਰਾਜ ਭੋਗੋਗੇ, ਸ਼ਹੀਦ ਹੋ ਗਏ ਤਾਂ ਜਨਮ ਮਰਨ ਤੋਂ ਰਹਿਤ ਹੋਕੇ ਸਚ ਖੰਡ ਵਾਸਾ ਕਰੋਗੇ। ਸਿੰਘ ਸਰਦਾਰ ਘੋੜੇ ਭਜਾ ੨ ਕੇ ਸਿੰਘਾਂ ਨੂੰ ਲੜਾਂਦੇ ਤੇ ਆਪ ਜਾਨਾਂ ਝੂਜਕੇ ਲੜ ਰਹੇ ਸਨ। ਸਾਰੇ ਸਰਦਾਰ ਜ਼ਖਮੀ ਹੋ ਗਏ ਸਨ। ਸਃ ਜਸਾ ਸਿੰਘ ਆਹਲੂਵਾਲੀਏ ਦੇ ਇਸ ਦਿਨ ਬਾਈ ਜ਼ਖਮ ਲਗੇ। ਸਾਰੀਆਂ ਲੜਾਈਆਂ ਵਿਚ ਇਹ ਸਰਦਾਰ ਸ਼ਾਮਲ

Digitized by Panjab Digital Library | www.panjabdigilib.org

ਰਿਹਾ ਤੇ ਇਸਦੇ ਸਰੀਰ ਪਰ ਕੁਲ ੩੬ ਜ਼ਖਮ ਸਨ। ਨਵਾਬ ਕਪੂਰ ਸਿੰਘ ਤੋਂ ਪਿਛੋਂ ਏਹੋ ਪੰਥ ਦਾ ਜਥੇਦਾਰ ਸੀ ਤੇ ਇਸ ਨੂੰ ੧੭੫੬ ਈ: ਵਿਚ ਦੁਰਾਨੀਆਂ ਪਰ ਫਤਿਹ ਪਾ ਕੇ ਪੰਥ ਨੇ ਲਾਹੌਰ ਵਿਚ ਬਾਦਸ਼ਾਹ ਦਾ ਖਿਤਾਬ ਦਿਤਾ ਤੇ ਤਖਤ ਪਰ ਬਿਠਾਇਆ ਸੀ।

ਪਰ ਆਮ ਤੌਰ ਪਰ ਇਹ ਨਵਾਬ ਜਸਾ ਸਿੰਘ ਦੇ ਨਾਮ ਪਰ ਹੀ ਪ੍ਰਸਿਧ ਰਿਹਾ। ਇਸ ਦਿਨ ਸ੍ਰਦਾਰ ਚੜਤ ਸਿੰਘ ਨੇ ਸਭ ਤੋਂ ਵਧ ਬਹਾਦਰੀ ਵਿਖਾਈ ਤੇ ਹਰ ਪਾਸੇ ਅੱਗੇ ਹੋ ਕੇ ਲੜਦਾ ਰਿਹਾ —ਇਸਦੇ ਸਰੀਰ ਪਰ ਸੋਲਾਂ ਜਖਮ ਲਗੇ। ਇਸ ਦਿਨ ਜੰਗ ਵਿਚ ਇਕ ਦੋ ਗਲਾਂ ਬੜੀਆਂ ਅਜੀਬ ਹੋਈਆਂ ਜਿਨ੍ਹਾਂ ਤੋਂ ਸਿੰਘ ਦੀ ਨਿਰਭੈਤਾ ਤੇ ਬਹਾਦਰੀ ਦਾ ਪਤਾ ਲਗਦਾ ਹੈ। ਸ: ਜਸਾ ਸਿੰਘ ਆਹਲੂਵਾਲੀਏ ਦਾ ਘੋੜਾ ਥਕ ਗਿਆ ਤੇ ਤੁਰਨ ਤੋਂ ਰਹਿ ਖੜੋਤਾ ਉਸਦਾ ਸੇਵਕ ਗੁਰਮੁਖ ਸਿੰਘ ਘੋੜੇ ਨੂੰ ਚਾਬਕ ਮਾਰਨ ਲਗ ਪਿਆ ਸ੍ਰਦਾਰ ਨੇ ਕਿਹਾ ਕਿ ਤੂੰ ਘੋੜੇ ਦੇ ਚਾਬਕ ਨਾ ਮਾਰ, ਸਿੰਘ ਮੈਨੂੰ ਬਾਦਸ਼ਾਹ ਕਹਿੰਦੇ ਹਨ ਓਹ ਮਖੌਲ ਕਰਨਗੇ ਕਿ ਜਸਾ ਸਿੰਘ ਘੋੜਾ ਕੁਟਾਕੇ ਡਰਦਾ ਮਾਰਿਆ ਨਠ ਗਿਆ ਐਸੀ ਜੀਉਣ ਤੇ ਮਰਨਾ ਚੰਗਾ ਹੈ ਜੇ ਮੈਨੂੰ ਪੰਥ ਗੀਦੀ ਕਹੇ ਇਸ ਪਰ ਗੁਰਮੁਖ ਸਿੰਘ ਨੇ ਅਪਣਾ ਘੋੜਾ ਦੇਕੇ ਸ੍ਰਦਾਰ ਨੂੰ ਚੜ੍ਹਾ ਲਿਆ ਏਸ ਤਰਾਂ ਦੀ ਇਕ ਅਜੀਬ ਘਟਨਾ ਸ੍ਰਦਾਰ ਚੜ੍ਹਤ ਸਿੰਘ ਦੀ ਹੈ ਉਸ ਨੂੰ ਕਿਸੇ ਸਿੰਘ ਨੇ ਕਿ ਤੂੰ ਕਹਿੰਦਾ ਹੁੰਦਾ ਸੀ ਕਿ ਮੈਂ ਅਹਮਦ ਸ਼ਾਹ ਨਾਲ ਦੋ ਹੱਥ ਕਰਨੇ ਹਨ ਹੁਣ ਵੇਲਾ ਹੈ। ਇਸ ਪਰ ਸ੍ਰਦਾਰ ਚੜ੍ਹਤ ਸਿੰਘ ਜੋਸ਼ ਵਿਚ ਆਕੇ ਘੋੜਾ ਛੇੜ ਕੇ ਅਹਿਮਦ ਸ਼ਾਹ ਨਾਲ ਲੜਨ ਲਈ ਦੁਰਾਨੀਆਂ ਦੀ ਫੌਜ ਵਿਚ ਜਾ ਧਸਿਆ। ਉਸ ਦੇ ਨਾਲ ਉਸਦੇ ਸਾਥੀ ਹੋਰ ਸਿੰਘ ਭੀ ਗਏ ਉਨ੍ਹਾਂ ਨੇ ਉਥੇ ਬੜੇ ਹਥ ਦਿਖਾਏ ਦੁਰਾਨੀਆਂ ਦੇ ਛਿਕੇ ਛੁਕਾ ਦਿਤੇ ਪਰ ਅਹਿਮਦ ਸ਼ਾਹ ਕਿਤੇ ਨਾ ਲਭਾ ਓੜਕ ਉਹ ਲੜਦੇ ਭਿੜਦੇ ਅਪਣੀ ਫੌਜ ਵਿਚ ਵਾਪਸ ਆ ਗਏ ਲਛੀ ਰਾਮ ਦੀਵਾਨ ਮਲੇਰ ਕੋਟਲੇ ਵਾਲੇ ਰਾਇ ਕੋਟੀਏ ਸਿੰਘਾਂ ਨੂੰ ਅੱਗੇ ਤੋਂ ਰੋਕਦੇ ਸਨ ਪਿਛੇ ਅਹਿਮਦਸ਼ਾਹ ਤੇ ਜੈਨ ਖਾਂ ਜੋਗ ਦੇਕੇ ਲੜ ਰਹੇ ਸਨ ਅਹਮਦ ਸ਼ਾਹ ਨੇ ਰੋਹਬ ਵਿਚ ਆਕੇ ਮਲੇਰ ਕੋਟਲੇ ਤੇ ਰਾਇ ਕੋਟੀਆਂ ਨੂੰ ਕਿਹਾ ਕਿ ਤੁਸੀਂ ਅੱਗੇ ਵਧਣੋ ਸਿੰਘ ਨੂੰ ਕਿਉਂ ਨਹੀਂ ਰੋਕਦੇ। ਉਹਨਾਂ ਕਿਹਾ ਕਿ ਦੇਖਣ ਨੂੰ ਥੋੜੇ ਲਗਦੇ ਹਨ ਪਰ ਰੋਕੇ ਨਹੀਂ ਜਾ ਸਕਦੇ ਇਸਤਰਾਂ ਲੜਦੇ ਭਿੜਦੇ ਰਾਇਕੋਟ ਤੋਂ ਪਰੇ ਪਿੰਡ ਗਹਲਿ ਵਿਚ ਵਹੀਰ ਵਲੇ ਸਿੰਘ ਪਹੁੰਚ ਗਏ ਲੋਕਾਂ ਨੇ ਘਰਾਂ ਦੇ ਤਖਤੇ ਬੰਦ ਕਰ ਲਏ ਸਿੰਘ ਰਟਰਾਰਿਆਂ ਵਿਚ ਆੜ ਲੈਕੇ ਬੈਠੇ ਤੇ ਬਚਾਉ ਕਰਦੇ ਰਹੇ। ਪਰ ਪਿਛੋਂ ਖਾਲਸੇ ਦੇ ਦਲ ਨੇ ਆਕੇ ਬਹੀਰ ਨੂੰ ਬਚਾਇਆ ਪਰ ਨੁਕਸਾਨ ਬਹੁਤ ਹੋਇਆ ਕੁਤਬ ਬਾਹਮਣੀ ਦੇ ਪਿੰਡ ਮਲੇਰ ਕੋਟਲੇ ਵਾਲਿਆਂ ਦੇ ਸਨ ਉਹਨਾਂ ਨੇ ਇਹਨਾਂ ਪਿੰਡਾਂ ਦੇ ਜਟਾਂ ਨੂੰ ਸਿੰਘਾਂ ਨੂੰ ਰੋਕਣ ਲਈ ਮਜਬੂਰ ਕੀਤਾ ਉਹ ਢੋਲ ਵਜਾਕੇ ਸਿੰਘਾਂ ਦਾ ਅੱਗਾ ਰੋਕ ਖੜੋਤੇ ਸਿੰਘਾਂ ਨੇ ਐਸਾ ਜੋਰ ਦਾ ਹਲਾ ਕੀਤਾ ਕਿ ਜਟ ਭਜ ਗਏ ਐਥੋਂ ਅੱਗੇ ਵਧਕੇ ਖਾਲਸਾ ਦਲ ਲੜਦਾ ਭਿੜਦਾ ਹਠੂਰ ਦੀ ਢਾਬ ਪਰ ਪਹੁੰਚਿਆਂ ਤੇ ਪਾਣੀ ਪਰ ਕਬਜ਼ਾ ਕਰ ਲਿਆ ਇਸੇ ਜੰਗ ਵਿਚ ਸਿੰਘਾਂ ਨੂੰ ਮਾਲਵੇ ਪੁਚਾਉਣ ਲਈ ਜੋ ਆਦਮੀ ਪਟਿਆਲੇ ਵਲਿਅ ਨੇ ਅਗਿਵਾਈ ਕਰਨ ਲਈ ਭੇਜੇ ਹੋਏ ਸਨ। ਉਨ੍ਹਾਂ ਨੇ ਸਿੰਘਾਂ ਨੂੰ ਕਿਹਾ ਕਿ ਏਥੇ ਪਾਣੀ ਪੀ ਲਵੋ। ਅਗੇ ਦਸ ਕੋਹ ਤਕ ਪਾਣੀ ਨਹੀਂ ਮਿਲੇਗਾ। ਸਿੰਘਾਂ ਨੇ ਏਥੇ ਜਲ ਛਕਿਆ। ਅਹਿਮਦਸ਼ਾਹ ਨੇ ਢਾਬ ਪਰ ਕਬਜਾ ਕਰਨ ਦਾ ਬੜਾ ਯਤਨ ਕੀਤਾ।

Digitized by Panjab Digital Library | www.panjabdigilib.org

ਪਰ ਸਿੰਘਾਂ ਨੇ ਦੁਰਾਨੀਆਂ ਨੂੰ ਢਾਬ ਦੇ ਨੇੜੇ ਨਾ ਲਗਣ ਦਿਤਾ। ਇਤਨੇ ਨੂੰ ਮਾਲਵੇ ਦੇ ਸਿੰਘਾਂ ਨੂੰ ਖਬਰ ਹੋਈ ਤਾਂ ਉਹ ਕਈ ਹਜ਼ਾਰ ਸਿੰਘ ਇਕਠੇ ਕਰਕੇ ਖਾਲਸਾ ਦਲ ਦੀ ਸਹਾਇਤਾ ਲਈ ਆਏ। ਪਾਣੀ ਨ ਮਿਲਣ ਕਰਕੇ ਤੇ ਸਿੱਖਾਂ ਨੂੰ ਮਾਲਵੇ ਵਿਚ ਸਹਾਇਤਾ ਪਹੁੰਚਣ ਕਰਕੇ ਤੇ ਦਿਨ ਖਤਮ ਹੋਣ ਦੇ ਕਾਰਣ ਅਹਿਮਦ ਸ਼ਾਹ ਪਿਛੇ ਮੁੜ ਗਿਆ। ਇਸ ਵੇਲੇ ਸ ਜਸਾ ਸਿੰਘ ਆਹਲੂ ਵਾਲੀਏ ਨੇ ਅਹਿਮਦ ਸ਼ਾਹ ਨੂੰ ਪਿਛੇ ਮੁੜਦੇ ਨੂੰ ਲਲਕਾਰਿਆ ਕਿ ਆ ਅੱਗੇ ਵਧ ਤੇ ਦੋ ਹਥ ਕਰ।

ਪੰਥ ਮਾਲਵੇ ਵਿਚ ਜਾ ਵੜਿਆ ਤੇ ਥਾਉਂ ਥਾਈਂ ਖਿੰਡ ਕੇ ਆਰਾਮ ਕੀਤਾ ਤੇ ਜ਼ਖਮੀਆਂ ਨੇ ਇਲਾਜ ਕਰਾਏ। ਚਾਰ ਮਹੀਨੇ ਪੰਥ ਨੇ ਬਿਸਰਾਮ ਕਰਕੇ ਫੇਰ ਇਕੱਠ ਕੀਤਾ ਤੇ ਜਿਨ੍ਹਾਂ ੨ ਨੇ ਦੁਰਾਨੀਆਂ ਨਾਲ ਰਲ ਕੇ ਪੰਥ ਨੂੰ ਦੁਖ ਦਿਤਾ ਸੀ, ਉਨ੍ਹਾਂ ਦੀ ਸੋਧ ਸੁਧਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ।

ਜਾਨਣਾ ਚਾਹੀਏ ਕਿ ੧੭੬੧ ਈ: ਵਿਚ ਪਾਣੀਪਤ ਦੀ ਤੀਜੀ ਲੜਾਈ ਵਿਚ ਮਰਹੱਟੇ ਹਾਰ ਗਏ ਸਨ ਤੇ ਅਹਿਮਦ ਸ਼ਾਹ ਉਤਰੀ ਹਿੰਦ ਵਿਚ ਮਰਹੱਟਿਆਂ ਦੀ ਤਾਕਤ ਖਤਮ ਕਰ ਗਿਆ ਸੀ। ਵਡਾ ਘਲੂਘਾਰਾ ਪਾਣੀਪਤ ਦੀ ਇਸ ਲੜਾਈ ਤੋਂ ਇਕ ਸਾਲ ਬਾਦ ਹੋਇਆ। ਸਿੰਘਾਂ ਦਾ ਸਾਰਾ ਦਲ ਵਹੀਰ ਸਮੇਤ ਤੀਰ ਹਾਜ਼ਰ ਸੀ, ਜਿਸ ਵਿਚੋਂ ਵੀਹ ਹਜ਼ਾਰ ਸ਼ਹੀਦ ਹੋ ਗਿਆ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਖਾਲਸਾ ਦਲ ਦੀ ਗਿਣਤੀ ਤੀਹ ਹਜ਼ਾਰ ਲਿਖੀ ਹੈ। ਗਿਆਨੀ ਗਿਆਨ ਸਿੰਘ ਨੇ ਤੇਰਾਂ ਹਜ਼ਾਰ ਸ਼ਹੀਦ ਹੋਇਆ ਲਿਖਿਆ ਹੈ। ਅਹਿਮਦ ਸ਼ਾਹ ਆਪਣੇ ਜਾਣੇ ਸਿੰਘਾਂ ਦੀ ਤਾਕਤ ਖਤਮ ਕਰ ਗਿਆ ਸੀ। ਤੇ ਉਹ ਮੁੜਦਾ ਹੋਇਆ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਬੇਅਦਬੀ ਕਰਕੇ ਹਰਿਮੰਦਰ ਨੂੰ ਢਾਹ ਗਿਆ ਸੀ, ਪਰ ਸਿੰਘ ਚਾਰ ਮਹੀਨੇ ਬਾਦ ਹੀ ਉਠੇ ਤੇ ਐਸੇ ਕੜਕੇ ਕਿ ਉਨ੍ਹਾਂ ੧੭੬੩ ਵਿਚ ਅਰਥਾਤ ਵਡੇ ਘਲੂਘਾਰੇ ਤੋਂ ਇਕ ਸਾਲ ਪਿਛੋਂ ਹੀ ਪੰਜਾਬ ਵਿਚ ਖਾਲਸੇ ਦਾ ਰਾਜ ਕਾਇਮ ਕਰ ਦਿਤਾ। ਏਹ ਹੈ ਗੁਰੂ ਕੀ ਬਰਕਤ, ਜਿਸ ਦੇ ਆਸਰੇ ਖਾਲਸਾ ਇਤਨੇ ਕਰੜੇ ਜੰਗਾਂ ਜੁਧਾਂ ਤੇ ਕਸ਼ਟਾਂ ਵਿਚ ਵੀ ਵਧਦਾ ਫੁਲਦਾ ਰਿਹਾ। ਪਰ ਏਹ ਸਾਰੀ ਖੂਬੀ ਗੁਰੂ ਆਸਰੇ ਪਰਨੇ ਰਹਿਣ ਤੇ ਸਿਖੀ ਸਿਦਕ ਤੇ ਗੁਰੂ ਭਾਵਨਾਂ ਦੇ ਗੁਣਾਂ ਕਰਕੇ ਹੀ ਸੀ।

ਇਸ ਜੰਗ ਵਿਚ ਖਾਲਸਾ ਜੀ ਨੂੰ ਸਭ ਤੋਂ ਵਧ ਨੁਕਸਾਨ ਏਹ ਪਹੁੰਚਿਆ ਕਿ ਦਮਦਮੇ ਸਾਹਿਬ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁੰਮ ਹੋ ਗਈ। ਜਿਸ ਦਾ ਅਜੇ ਤਕ ਪਤਾ ਨਹੀਂ ਲਗਾ। ਕਈਆਂ ਨੇ ਇਸ ਜੰਗ ਦੀ ਤਾਰੀਖ ਮਾਰਚ ੧੭੬੨ ਲਿਖੀ ਹੈ। ਗਿਆਨੀ ਗਿਆਨ ਸਿੰਘ ਵੈਸਾਖ ਦਾ ਮਹੀਨਾ ਲਿਖਦਾ ਹੈ। ਪਰ ੪ ਫਰਵਰੀ ੧੭੬੨ ਠੀਕ ਮਲੂਮ ਹੁੰਦੀ। ਕੁਪ ਰਹੀੜੇ ਤੋਂ ਮਹਿਲ, ਕੁਤਬਾ ਬਾਮਣੀ ਤੇ ਹਠੂਰ ਏਹ ਸਾਰੇ ਪਿੰਡ ਪੰਦਰਾਂ ਵੀਹ ਕੋਹ ਦੀ ਵਿਥ ਪਰ ਹਨ। ਪਿੰਡ ਕੁਠਾਲਾ ਮਾਲੇਰ ਕੋਟਲਾ ਵਿਚ ਇਕ ਗੁਰਦੁਆਰਾ ਜਾਗਾਂ ਵਾਲਾ ਕਰਕੇ ਬਣਿਆ ਹੋਇਆ ਹੈ ਜਿਸ ਬਾਬਤ ਕਿਹਾ ਜਾਂਦਾ ਹੈ ਕਿ ਏਥੇ ਘਲੂਘਾਰੇ ਵੇਲੇ ਸਿੰਘਾਂ ਦਾ ਇਕ ਜਥਾ ਲੰਘਿਆ ਸੀ ਤੇ ਸ਼ਹੀਦ ਸਿੰਘਾਂ ਦਾ ਸਸਕਾਰ ਏਥੇ ਕੀਤਾ ਗਿਆ ਸੀ ਏਥੇ ਇਕ ਪੁਰਾਤਨ ਲਿਖਤੀ ਬੀੜ ਸ੍ਰੀ ਗੁਰੂ ਗ੍ਰੰਥ

Digitized by Panjab Digital Library | www.panjabdigilib.org

ਸਾਹਿਬ ਜੀ ਦੀ ਹੈ ਜਿਸ ਬਾਰੇ ਨਗਰ ਦੇ ਲੋਕ ਕਹਿੰਦੇ ਹਨ ਕਿ ਏਹ ਬੀੜ ਜਥੇ ਵਾਲੇ ਏਸ ਪਿੰਡ ਵਿਚ ਬਿਰਾਜਮਾਨ ਕਰ ਗਏ ਸਨ ਜਦੋਂ ਜੰਗ ਹੋਇਆ ਸੀ ਤਾਂ ਕੁਪ ਪਿੰਡ ਉਜੜ ਗਿਆ ਸੀ ਜੋ ਪਿਛੋਂ ਫੇਰ ਵਸਾਇਆ ਗਿਆ ਰਹੀੜਾ ਜਿਥੇ ਹੁਣ ਵਸਦਾ ਹੈ ਉਥੇ ਹੀ ਵਸਦਾ ਸੀ ਪਹਿਲਾਂ ਏਹ ਪਿੰਡ ਨੇੜੇ ੨ ਸਨ ਹੁਣ ਦੋਹਾਂ ਵਿਚਕਾਰ ਢਾਈ ਮੀਲ ਦਾ ਫਾਸਲਾ ਹੈ।

Digitized by Panjab Digital Library | www.panjabdigilib.org

# ਪਿਆਰੇ ਪਾਠਕ ਜਨੋਂ

ਖਾਲਸੇ ਦੀ ਚੜ੍ਹਦੀ ਕਲਾ, ਬਾਬਾ ਬੰਦਾ ਸਿੰਘ ਬਹਾਦਰ, ਬਾਰਾਂ ਮਿਸਲਾਂ, ਘਲੂ ਘਾਰੇ
ਸਿਖ ਰਾਜ ਦਾ ਆਦਿ ਅੰਤ ਸਮਾਪਤ ਹੈ
ਹੁਣ ਏਦੂੰ ਅਗੇ ਪੜ੍ਹੋ

## ਗੁਰ ਸਾਗਰ ਲਹਿਰਾਂ

ਜਿਸ ਵਿਚ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ
੧੯੧੪–੧੫ ਵਾਲੇ ਗੁਰੂ ਨਾਨਕ ਜਹਾਜ਼, ਅਕਾਲੀ ਲਹਿਰ, ਬੱਬਰ ਲਹਿਰ
ਆਜ਼ਾਦ ਹਿੰਦ ਫੌਜ ਆਦਿ ।

ਆਪ ਅਗੇ ਬੇਨਤੀ ਹੈ ਕਿ ਇਕ ਵਾਰੀ ਜ਼ਰੂਰ ਵਿਚਾਰ ਕੇ ਪੜ੍ਹੋ ਤੇ ਦਾਸ ਦੀ ਸੇਵਾ ਨੂੰ ਸਫਲ ਕਰਨਾ ਅਤੇ ਜੇ ਕੋਈ ਭੁਲ ਹੋਵੇ ਤਾਂ ਸਫਾ ਪੰਗਤੀ ਲਿਖ ਕੇ ਚਿਠੀ ਦਵਾਰਾ ਕ੍ਰਿਤਾਰਥ ਕਰਨਾ ਤਾਂ ਜੁ ਅਗਲੀ ਐਡੀਸ਼ਨ ਛਾਪਣ ਵੇਲੇ ਦਰੁਸਤੀ ਕੀਤੀ ਜਾਵੇ ।

ਦਾਸਃ– ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

## ਖਾਲਸਾ ਰਾਜ ਦਾ ਆਦਿ ਅੰਤ

# ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਪੰਜਾਬ ਦੀ ਪਵਿੱਤਰ ਧਰਤੀ

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਜਦ ਵਿਚ ਆ ਕੇ ਫਰਮਾਇਆ ਸੀ-

"ਲਾਪੁ ਜ਼ਾਤਨ ਕੋ ਦੋਂ ਪਾਤਿਸ਼ਾਹੀ,
ਵਹੁ ਯਾਦ ਕਰੇ ਹਮਰੀ ਗੁਰਿਆਈ।"

ਪੰਜਾਬ ਦੀਆਂ ਉਹ ਛੋਟੀਆਂ ਛੋਟੀਆਂ ਜ਼ਾਤਾਂ ਜਿੰਨਾ ਦਾ ਵਰਣ ਆਸ਼ਰਮ ਦੀ ਵੰਡ ਅਨੁਸਾਰ ਬਹੁਤ ਨੀਵਾਂ ਦਰਜਾ ਹੈ ਅਤੇ ਜਿੰਨਾ ਨੂੰ ਦਲਤ ਜ਼ਾਤੀਆਂ ਕਿਹਾ ਗਿਆ ਹੈ ਮੈਂ ਉਨਾਂ ਨੂੰ ਇਸ ਯੋਗ ਬਣਾ ਦਿਆਂਗਾ ਕਿ ਉਹ ਪੰਜਾਬ ਵਿਚ ਵਿਸ਼ਾਲ ਖਾਲਸਾ ਰਾਜ ਦੀ ਬੁਨਿਆਦ ਰਖਣਗੇ। ਸਰਬ ਸ਼ਕਤੀ ਵਾਨ ਤੇ ਮਰਦਿ ਕਮਾਲ ਸਤਗੁਰੂ ਦੇ ਉਪ੍ਰੋਕਤ ਵਾਕ ਸਚੇ ਹੋਇ। ਸਿੱਖ ਸ਼ਹੀਦਾਂ ਨੇ ਸਤਿਗੁਰੂ ਦੇ ਭਰੋਸੇ ਦੇਗ ਤੇ ਤੇਗ ਦਾ ਉਹ ਦੌਰ ਚਲਾਇਆ ਕਿ ਦੁਨੀਆ ਸਿੱਖਾਂ ਦੇ ਕਾਰਨਾਮਿਆਂ ਨੂੰ ਵੇਖਕੇ ਦੰਗ ਰਹਿ ਗਈ। ਜਦੋਂ ਭਾਰਤ ਵਰਸ਼ ਦੇ ਦੂਜੇ ਸੂਬਿਆਂ ਵਿਚ ਬ੍ਰਾਹਮਣ ਇਜ਼ਮ ਦਾ ਬਹੁਤ ਜ਼ੋਰ ਸੀ ਅਤੇ ਲੋਕ ਜ਼ਾਤਪਾਤ ਦੇ ਬੰਧਨਾਂ ਵਿਚ ਜਕੜੇ ਹੋਇ ਸਨ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰਾਕੇ ਜ਼ਾਤਪਾਤ ਦਾ ਖਾਤਮਾ ਕਰ ਦਿੱਤਾ।

ਚੌਹਾਂ ਵਰਨਾਂ ਦੇ ਲੋਕ ਖਾਲਸਾ ਧਰਮ ਵਿਚ ਸ਼ਾਮਲ ਹੋਕੇ ਭਾਈ ਭਾਈ ਬਣ ਜਾਂਦੇ ਸਨ ਅਤੇ "ਸਿੱਖ ਸਿੱਖ ਪਰ ਵਾਰਤਾ ਪ੍ਰਾਣ" ਦੇ ਬਚਨ ਅਨੁਸਾਰ ਇਕ ਦੂਜੇ ਦੀ ਖਾਤਰ ਜਾਨ ਕੁਰਬਾਨ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਪ੍ਰਗਟ ਕੀਤਾ ਕਿ ਜੇਹੜੀਆਂ ਕੌਮਾਂ ਉਨਤੀ ਕਰਦੀਆਂ ਹਨ ਉਹ ਖਾਸ ਗੁਣਾਂ ਦੇ ਆਸਰੇ ਅੱਗੇ ਵਧਦੀਆਂ ਹਨ ਅਤੇ ਜਦੋਂ ਉਹ ਗੁਣ ਕੌਮ ਵਿਚੋਂ ਖਤਮ ਹੋ ਜਾਣ ਤਾਂ ਉਹ ਚੜ੍ਹਦੀਆਂ ਕਲਾਂ ਵਿਚ ਨਹੀਂ ਰਹਿ ਸਕਦੀ ਇਸ ਕਰਕੇ ਸਤਿਗੁਰੂ ਨੇ ਆਪਣੇ ਅਮਲੀ ਜੀਵਨ ਦੁਆਰਾ ਸਿੱਖਾਂ ਨੂੰ ਕੁਰਬਾਨੀਆਂ ਕਰਨ ਦਾ ਸਬਕ ਸਿਖਾਇਆ।

Digitized by Panjab Digital Library | www.panjabdigilib.org

ਸਿੱਖਾਂ ਨੇ ਸਤਿਗੁਰੂਆਂ ਦੇ ਪੂਰਨਿਆਂ ਚਲਦਿਆਂ ਹੋਇਆਂ ਭਾਰਤ ਨੂੰ ਤੁਰਕ ਰਾਜ ਦੇ ਪੰਜੇ ਵਿਚੋਂ ਛੁਡਾਣ ਲਈ ਬੇਮਿਸਾਲ ਕੁਰਬਾਨੀਆਂ ਕੀਤੀਆਂ। ਘਰ ਬਾਰ ਛਡਕੇ ਜੰਗਲਾਂ ਵਿਚ ਰਹਿਣਾ। ਕਈ ਕਈ ਮਹੀਨੇ ਅਨਾਜ ਦਾ ਮੂੰਹ ਨਾ ਵੇਖਣਾ, ਘੋੜਿਆ ਪਰ ਚੜੇ ਚੜ੍ਹਾਏ ਸੌਂ ਲੈਣਾ। ਮੋਟੇ ਸੋਟੇ ਕੰਬਲ ਓੜ੍ਹਨੇ ਚੰਗਾ ਖਾਣ ਪੀਣ ਪਹਿਨਣ ਤੇ ਚੰਗੇ ਮਕਾਨਾਂ ਵਿਚ ਰਹਿਣ ਦਾ ਮਹੋਨਾ ਕਰਨਾ ਅਤੇ ਲਗਾਤਾਰ ਗੁਰੀਲਾ ਯੁਧ ਜਾਰੀ ਰਖਣਾ, ਇਹ ਸਿੰਘਾਂ ਦਾ ਉਸ ਸਮੇਂ ਦਾ ਇਤਹਾਸ ਹੈ ਜਦੋਂ ਉਹ ਦੇਸ਼ ਦੀ ਸਤੰਤ੍ਰਤਾ ਲਈ ਫੈਸਲਾ ਕੁਨ ਜੰਗ ਲੜ ਰਹੇ ਸਨ ਤੇ ਇਕ ਗੱਲ ਹਰ ਇਕ ਸਿੱਖ ਦੇ ਮਨ ਵਿਚ ਵਸੀ ਹੋਈ ਸੀ ਕਿ ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਹਜ਼ਾਰ ਦਰਜੇ ਚੰਗੀ ਹੈ ਮਿ: ਮੋਕਾਲਫ ਸਾਹਿਬ ਨੇ ਸਿੱਖ ਇਤਹਾਸ ਲਿਖਦਿਆਂ ਹੋਇਆਂ ਕਿਹਾ ਹੈ ਕਿ ਪੰਜਾਬ ਦੀ ਧਰਤੀ ਵਿਚੋਂ ਅੱਜ ਭੀ ਜੇ ਕਣਕ ਦਾ ਬੂਟਾ ਉਖਾੜੀਏ ਤਾਂ ਹੇਠੋਂ ਧਰਤੀ ਲਾਲ ਨਿਕਲਦੀ ਹੈ। ਇਸਦਾ ਕਾਰਨ ਆਪ ਨੇ ਇਹ ਦਸਿਆ ਹੈ ਕਿ ਸਿਖ ਸ਼ਹੀਦਾਂ ਨੇ ਪੰਜਾਬ ਦੀ ਧਰਤੀ ਦਾ ਚੱਪਾ ਚੱਪਾ ਆਪਣੇ ਖੂਨ ਨਾਲ ਰੰਗਿਆ ਹੈ ਜਿਸ ਕਰਕੇ ਪੰਜਾਬ ਦੀ ਪਵਿਤ੍ਰ ਭੂਮੀ ਸ਼ਹੀਦਾਂ ਦੇ ਖੂਨ ਦੀ ਸੁਰਖੀ ਨੂੰ ਹੁਣ ਤੱਕ ਸੀਨੇ ਨਾਲ ਲਾਈ ਬੈਠੀ ਹੈ।

ਸਿਖ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਸਦਕਾ ਪੰਜਾਬ ਮੁਗਲ ਰਾਜ ਤੋਂ ਆਜ਼ਾਦ ਹੋ ਗਿਆ ਅਤੇ ਜਮਨਾ ਤੋਂ ਲੈ ਕੇ ਜਮਰੌਦ ਤੱਕ ਖਾਲਸੇ ਦਾ ਕੇਸਰੀ ਨਿਸ਼ਾਨ ਝੂਲਣ ਲੱਗ ਪਿਆ। ਦੁਨੀਆਂ ਦਾ ਇਤਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਜਦੋਂ ਕੋਈ ਕੌਮ ਰਾਜ ਭਾਗ ਦੀ ਮਾਲਕ ਬਣ ਜਾਂਦੀ ਹੈ ਤਾਂ ਉਹ ਐਸ਼ ਇਸ਼ਰਤ ਵਿਚ ਗਲਤਾਨ ਹੋ ਜਾਂਦੀ ਹੈ। ਜਦੋਂ ਉਸ ਵਿਚ ਰਾਜ ਭਾਗ ਨੂੰ ਕਾਇਮ ਰਖਣ ਦਾ ਬਲ ਨਹੀਂ ਰਹਿੰਦਾ ਤਾਂ ਉਹ ਫਿਰ ਗੁਲਾਮ ਹੋ ਜਾਂਦੀ ਹੈ। ਉਠਨ ਤੇ ਗਿਰਨ ਦਾ ਇਹ ਚੱਕਰ ਸੰਸਾਰ ਵਿਚ ਚਲਦਾ ਹੀ ਰਹਿੰਦਾ ਹੈ। ਪੰਜਾਬ ਦੇ ਪ੍ਰਸਿਧ ਕਵੀ ਅਲਾਮਾ ਇਕਬਾਲ ਨੇ ਕਿਹਾ ਹੈ:–

"ਆ ਮੈਂ ਤੁਝੇ ਬਤਾਊ ਤਾਰੀਖ ਆਮ ਕਿਆ ਹੈ
ਸ਼ਮਸ਼ੇਰੋ ਸਨਾ ਅੱਵਲ ਤਾਊਸੋ ਰਬਾਬ ਆਖਰ"

ਭਾਵ ਇਹ ਕਿ ਜਦ ਕੌਮਾਂ ਉਠਦੀਆਂ ਹਨ ਤਾਂ ਉਨ੍ਹਾਂ ਦਾ ਪਿਆਰ ਹਥਿਆਰਾਂ ਨਾਲ ਹੁੰਦਾ ਹੈ ਅਤੇ ਜਦੋਂ ਉਹ ਰਾਗ ਰੰਗ ਵਿਚ ਮਸਤ ਹੋ ਕੇ ਤਾਊਸ ਤੇ ਰਬਾਬ ਨਾਲ ਪਿਆਰ ਕਰਨ ਲੱਗ ਪੈਂਦੀਆਂ ਹਨ ਭਾਵ ਸੁਖ ਆਰਾਮ ਤੇ ਅਯਾਸ਼ੀ ਵਿਚ ਗੱਰਕ ਹੋ ਜਾਂਦੀਆਂ ਹਨ ਤਾਂ ਤਾਕਤ ਉਨ੍ਹਾਂ ਦੇ ਪਾਸੋਂ ਖੁਸ ਜਾਂਦੀ ਹੈ। ਇਕ ਤਾਕਤ ਜਦੋਂ ਦੂਜੀ ਪਾਸੋਂ ਰਾਜਸੀ ਤਾਕਤ ਖੋਂਹਦੀ ਹੈ ਤਾਂ ਉਸ ਵਿਚ ਕੁਰਬਾਨੀਆਂ ਦਾ ਜਜ਼ਬਾ ਹੁੰਦਾ ਹੈ ਪ੍ਰੰਤੂ ਜਦੋਂ ਉਹ ਰਾਜ ਭਾਗ ਦੀ ਮਾਲਕ ਬਣ ਜਾਂਦੀ ਹੈ ਤਾਂ ਉਸ ਵਿਚ ਭੀ ਕਮਜ਼ੋਰੀਆਂ ਆ ਜਾਂਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਅਨਭਵ ਕਰ ਲਿਆ ਸੀ ਕਿ ਮੁਗਲ ਰਾਜ ਦੀਆਂ ਜੜ੍ਹਾਂ ਸੁਕ ਗਈਆਂ ਹਨ ਅਤੇ ਉਹ ਹੁਣ ਖੜ ਸੁਕ ਦਰਖਤ ਵਾਂਗ ਹੈ। ਇਸ ਨੂੰ ਜ਼ਮੀਨ ਪਰ ਡੇਗਣ ਲਈ ਖੰਡੇ ਦੀ ਅੰਧੇਰੀ ਚਲਾਉਣ ਦੀ ਲੋੜ ਹੈ।

Digitized by Panjab Digital Library | www.panjabdigilib.org

ਭਾਈ ਰਤਨ ਸਿੰਘ ਜੀ ਭੰਗੂ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਸਬੰਧੀ ਇਉਂ ਲਿਖਿਆ ਹੈ:–

ਜੜ ਮੁਗਲ ਦੀ ਸੁਕ ਸੁਗਈ।
ਦਸਮ ਪਿਤਾ ਨੇ ਯਹਿ ਲਖ ਲਈ।

ਗੁਰੂ ਜੀ ਦੇ ਹੁਕਮ ਅਨੁਸਾਰ ਸਿਖਾਂ ਨੇ ਖੰਡੇ ਦੀ ਇਤਨੀ ਪਰਬਲ ਅੰਧੇਰੀ ਚਲਾਈ ਕਿ ਮੁਗਲ ਰਾਜ ਧੜੱਮ ਕਰਦਾ ਧਰਤੀ ਪਰ ਆ ਗਿਆ। ਬਾਬਾ ਬੰਦਾ ਸਿੰਘ (ਬੰਦਾ ਬਹਾਦਰ) ਨੇ ਮੁਗਲ ਰਾਜ ਦੇ ਖੜ ਸੁਕ ਦਰਖਤ ਨੂੰ ਇਤਨੇ ਜ਼ੋਰ ਦਾ ਧੱਕਾ ਮਾਰਿਆ ਕਿ ਉਸ ਦੇ ਵਡੇ ਵਡੇ ਟਾਹਣੇ ਟੁਟ ਕੇ ਜ਼ਮੀਨ ਪਰ ਡਿਗ ਪਏ। ਪਿਛੋਂ ਸਿੰਘਾਂ ਨੇ ਆਜ਼ਾਦੀ ਦਾ ਸੰਗਰਾਮ ਜਾਰੀ ਰਖਿਆ ਅਤੇ ਨਤੀਜਾ ਇਹ ਹੋਇਆ ਕਿ ਸਿੱਖ ਬਾਰਾਂ ਮਿਸਲਾਂ ਦੇ ਰੂਪ ਵਿਚ ਬਾਰਾਂ ਰਿਆਸਤਾਂ ਕਾਇਮ ਕਰਨ ਵਿਚ ਸਫਲ ਹੋ ਗਏ।

ਇਸ ਤੋਂ ਉਪਰੰਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਹ ਅਨੁਭਵ ਕੀਤਾ ਕਿ ਖਿੰਡੀ ਪੁੰਡੀ ਤਾਕਤ ਇਕੱਠੀ ਕਰਕੇ ਇਕ ਵਿਸ਼ਾਲ ਖਾਲਸਾ ਰਾਜ ਦੀ ਬੁਨਿਆਦ ਰਖੀ ਜਾਵੇ। ਆਪ ਆਪਣੇ ਯਤਨ ਵਿਚ ਸਫਲ ਭੀ ਹੋਏ। ਇਸ ਕੌਮੀ ਉਸਰਈਏ ਨੇ ਖਾਲਸਾ ਰਾਜ ਦਾ ਸ਼ਾਨਦਾਰ ਮਹੱਲ ਖੜਾ ਕਰ ਦਿਤਾ। ਸਿੱਖ ਸਰਦਾਰਾਂ ਨੂੰ ਸਨਮਾਨ ਮਿਲਣ ਲਗਿਆ। ਸਿੱਖਾਂ ਦੀਆਂ ਕੁਰਬਾਨੀਆਂ ਦੀ ਕਦਰ ਹੋਣ ਲਗੀ। ਸਿੱਖ ਕੈਂਠ-ਕੜੇ ਪਹਿਨ ਕੇ ਸਿਰ ਉਚਾ ਕਰਕੇ ਪੰਜਾਬ ਦੀ ਧਰਤੀ ਪਰ ਫਿਰਨ ਲਗੇ। ਜਿਨ੍ਹਾਂ ਦੇ ਸਿਰਾਂ ਦਾ ਕਦੇ ਮੁਲ ਪੈਂਦਾ ਸੀ ਉਨ੍ਹਾਂ ਦੇ ਸਿਰਾਂ ਪਰ ਸੁਨਹਿਰੀ ਦਸਤਾਰਾਂ ਚਮਕਣ ਲਗੀਆਂ। ਜਿਨ੍ਹਾਂ ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਆਪਣੇ ਸੁਭਾਗ ਨੇਤਰਾਂ ਨਾਲ ਵੇਖਿਆ ਹੋਵੇਗਾ ਉਹ ਹੀ ਉਸ ਦੀ ਸ਼ੋਭਾ ਬਿਆਨ ਕਰ ਸਕਦੇ ਹਨ ਪ੍ਰੰਤੂ ਇਤਹਾਸ ਦੇ ਪੱਤਰਿਆਂ ਤੋਂ ਜੋ ਖਾਲਸਾ ਦਰਬਾਰ ਦੀਆਂ ਝਲਕਾਂ ਪੈਂਦੀਆਂ ਹਨ ਉਨ੍ਹਾਂ ਨੂੰ ਵੇਖ ਕੇ ਅਜ ਭੀ ਸਿੱਖਾਂ ਦੀ ਮਾਣ ਨਾਲ ਛਾਤੀ ਚੌੜੀ ਹੋ ਜਾਂਦੀ ਹੈ।

ਸਿਖ ਸ਼ਹੀਦਾਂ ਦੀਆਂ ਕੁਰਬਾਨੀਆਂ ਰੰਗ ਲਿਆਈਆਂ ਅਤੇ ਸਿਖ ਪੰਜਾਂ ਦਰਿਆਵਾਂ ਦੀ ਧਰਤੀ ਦੇ ਮਾਲਕ ਬਣ ਗਏ। ਜਿਹੜੇ ਭੂਰੇ ਪਹਿਨਦੇ ਹੁੰਦੇ ਸਨ ਉਹ ਦੁਨੀਆਂ ਦੇ ਸੁੰਦਰ ਤੋਂ ਸੁੰਦਰ ਬਸਤ੍ਰ ਪਹਿਨਣ ਲਗ ਪਏ। ਜਿਸ ਸਮੇਂ ਤਕ ਤਾਂ ਉਨ੍ਹਾਂ ਨੂੰ ਰਾਜ ਦੀਆਂ ਹੱਦਾਂ ਵਧਾਉਣ ਤੇ ਉਨ੍ਹਾਂ ਦੀ ਰਾਖੀ ਕਰਨ ਦਾ ਫਿਕਰ ਰਿਹਾ ਉਸ ਸਮੇਂ ਤਕ ਸਿਖਾਂ ਵਿਚ ਸੂਰਬੀਰਤਾ ਦੀ ਕਮੀ ਨਾ ਰਹੀ। ਅੰਤ ਉਹ ਇਕ ਐਸੀ ਸ਼ਕਤੀ ਸ਼ਾਲੀ ਫੌਜ ਕਾਇਮ ਕਰਨ ਵਿਚ ਸਫਲ ਹੋ ਗਏ। ਜਿਸਦੇ ਜੋੜ ਦੀ ਫੌਜ ਉਸ ਸਮੇਂ ਏਸ਼ੀਆ ਭਰ ਦੇ ਕਿਸੇ ਦੇਸ਼ ਵਿਚ ਮੌਜੂਦ ਨਹੀਂ ਸੀ। ਬਹੁਤ ਸਾਰੇ ਖੋਜੀਆਂ ਦਾ ਇਹ ਭੀ ਖਿਆਲ ਹੈ ਕਿ ਸਿਖ ਫੌਜ ਉਸ ਸਮੇਂ ਸਾਰੀ ਦੁਨੀਆਂ ਵਿਚ ਬੇਜੋੜ ਸੀ। ਨੈਪੋਲੀਅਨ ਬੋਨਾਪਾਰਟ ਦੀ ਹਾਰ ਪਿਛੋਂ ਦੁਨੀਆਂ ਦੇ ਕਿਸੇ ਭੀ ਦੇਸ਼ ਪਾਸ ਸਿਖਾਂ ਵਰਗੀ ਸੁਰਖਿਤ ਅਤੇ ਬਹਾਦਰ ਫੌਜ ਨਹੀਂ ਸੀ। ਨੈਪੋਲੀਅਨ ਦੇ ਕਈ ਜਰਨੈਲ ਸਿਖ ਫੌਜਾਂ ਦੀ ਨੌਕਰੀ ਕਰਨੀ ਫ਼ਖਰ ਦੀ ਗਲ ਸਮਝਦੇ ਸਨ। ਉਸ ਸਮੇਂ ਸਿਖ

Digitized by Panjab Digital Library | www.panjabdigilib.org

ਸਰਦਾਰਾਂ ਦਾ ਇਹ ਖਿਆਲ ਸੀ ਕਿ ਉਹ ਜਿਤਨਾ ਇਲਾਕਾ ਚਾਹੁਣ ਫਤਿਹ ਕਰ ਸਕਦੇ ਹਨ ਅਤੇ ਉਨਾਂ ਦੀ ਫੌਜ ਦਾ ਮੁਕਾਬਲਾ ਕਰਨ ਦੀ ਕਿਸੇ ਵਿਚ ਤਾਕਤ ਨਹੀਂ।

ਇਕ ਦਿਨ ਮਹਾਰਾਜਾ ਸਾਹਿਬ ਦਾ ਦਰਬਾਰ ਸਜਿਆ ਹੋਇਆ ਸੀ। ਫੌਜੀ ਜਰਨੈਲ ਬੈਠੇ ਦਰਬਾਰ ਨੂੰ ਸ਼ਸ਼ੋਭਤ ਕਰ ਰਹੇ ਸਨ। ਸ: ਹਰੀ ਸਿੰਘ ਜੀ ਨਲੂਏ ਨੇ ਉਠਕੇ ਕਿਹਾ, "ਮਹਾਰਾਜ ਅਕਾਲ ਪੁਰਖ ਦੀ ਕ੍ਰਿਪਾ ਨਾਲ ਸਿਖ ਰਾਜ ਦੀਆਂ ਹਦਾਂ ਜਮਰੌਦ ਤਕ ਪੁਜ ਗਈਆਂ ਹਨ ਅਤੇ ਪਛਮ ਵਲ ਤਾਂ ਹੁਣ ਖਾਲਸੇ ਦੇ ਸਾਹਮਣੇ ਅੜਨ ਵਾਲਾ ਨਹੀਂ ਰਿਹਾ ਪਰ ਜੇ ਹਜ਼ੂਰ ਦੀ ਆਗਿਆ ਹੋਵੇ ਤਾਂ ਮੇਰਾ ਖਿਆਲ ਹੈ ਕਿ ਭਾਰਤ ਦੇ ਪ੍ਰਸਿਧ ਤੀਰਥ ਹਰਿਦੁਆਰ ਤੇ ਪ੍ਰਾਗਰਾਜ ਖਾਲਸਾ ਰਾਜ ਵਿਚ ਮਿਲਾ ਲਏ ਜਾਣ।" ਇਹ ਸੁਣਕੇ ਮਹਾਰਾਜਾ ਸਾਹਿਬ ਦੇ ਮੁਖੜੇ ਪਰ ਗੰਭੀਰਤਾ ਛਾ ਗਈ ਤੇ ਉਨ੍ਹਾਂ ਨੇ ਕਿਹਾ ਕਿ ਹਿੰਦੋਸਤਾਨ ਦਾ ਨਕਸ਼ਾ ਲਿਆਉ, ਵੇਖੀਏ ਇਹ ਤੀਰਥ ਕਿਸ ਦੇ ਰਾਜ ਵਿਚ ਹਨ। ਜਿਸ ਸਮੇਂ ਨਕਸ਼ਾ ਲਿਆਂਦਾ ਗਿਆ ਤਾਂ ਮਹਾਰਾਜਾ ਸਾਹਿਬ ਨੇ ਵੇਖਿਆ ਉਕਤ ਦੋਵੇਂ ਤੀਰਥ ਅੰਗਰੇਜ਼ੀ ਰਾਜ ਵਿਚ ਹਨ ਅਤੇ ਉਨ੍ਹਾਂ ਪਰ ਲਾਲ ਰੰਗ ਫਿਰਿਆ ਹੋਇਆ ਹੈ। ਦੂਰਦਰਸ਼ੀ ਮਹਾਰਾਜਾ ਸਾਹਿਬ ਜਾਣਦੇ ਸਨ ਕਿ ਅੰਗਰੇਜ਼ ਬੜਾ ਕੁਟਲ ਨੀਤੀ ਵਾਲਾ ਹੈ ਅਤੇ ਉਹ ਛਲ ਵਲ ਨਾਲ ਸਾਰੇ ਹਿੰਦੋਸਤਾਨ ਪਰ ਕਬਜ਼ਾ ਜਮਾਉਣ ਦਾ ਇਰਾਦਾ ਰਖਦਾ ਹੈ। ਮਹਾਰਾਜਾ ਸਾਹਿਬ ਨੇ ਬੜੀ ਗੰਭੀਰਤਾ ਨਾਲ ਕਿਹਾ, "ਨਲੂਆ ਜੀ ਆਪ ਦਾ ਖਿਆਲ ਤਾਂ ਸ਼ੁੱਭ ਹੈ ਪ੍ਰੰਤੂ ਮੈਨੂੰ ਤਾਂ ਪੰਜਾਬ ਪਰ ਭੀ ਲਾਲ ਰੰਗ ਫਿਰਦਾ ਨਜ਼ਰ ਆਉਂਦਾ ਹੈ। ਇਤਹਾਸ ਇਸ ਗਲ ਦਾ ਗਵਾਹ ਹੈ ਕਿ ਮਹਾਰਾਜਾ ਸਾਹਿਬ ਦੇ ਇਸ ਕਥਨ ਵਿਚ ਅਸਲੀਅਤ ਕੁਟ ਕੁਟ ਕੇ ਭਰੀ ਹੋਈ ਸੀ ਅਤੇ ਉਨ੍ਹਾਂ ਦੀ ਭਵਿਸ਼ ਬਾਣੀ ਅਖਰ ਅਖਰ ਸੱਚੀ ਹੋਈ।

Digitized by Panjab Digital Library | www.panjabdigilib.org

# ਸਿਖ ਰਾਜ ਤੇ ਆਪਾ ਵਾਰਨ ਵਾਲੇ ਸੂਰਬੀਰ ਬਹਾਦਰਾਂ ਦੇ ਅਖਰ ਕਰਮ ਅਨੁਸਾਰ ਨਾਮ

( ੳ )

ਉਦੇ ਸਿੰਘ ਕੈਂਬਲ

( ਅ )

ਅਮਰ ਸਿੰਘ ਪਟਿਆਲਾ
ਅਜਾਪਾਲ ਸਿੰਘ ਬਾਬਾ
ਅਘੜ ਸਿੰਘ
ਅਤਰ ਸਿੰਘ ਕਿਸ਼ਨਪੁਰਾ ਕਲਾਂ

( ੲ )

ਈਸ਼ਰ ਸਿੰਘ ਸ਼ੀਂਹਾ ਗਿਦੜ

( ਸ )

੧ ਸ਼ਾਮ ਸਿੰਘ ਅਟਾਰੀ ਵਾਲੇ, ੨ ਸੋਂਟੀ ਵਾਲੇ
੩ ਸਾਹਿਬ ਸਿੰਘ ਬੇਦੀ
੪ ਸਹਿਜਾ ਸਿੰਘ

( ਹ )

ਹਰੀ ਸਿੰਘ ਨਲੂਆ

( ਕ )

ਕਰਮ ਸਿੰਘ ਇੰਦਰ ਗੜ੍ਹ
ਕਾਲਿਆਂ ਵਾਲੇ ਸਰਦਾਰ

( ਖ )

ਖੁਦਾ ਸਿੰਘ ਬਾਬਾ

( ਚ )

ਚੰਦੂ ਲਾਲ ਦੀਵਾਨ

( ਜ )

ਜੋਧ ਸਿੰਘ
ਜਗਿਤ ਸਿੰਘ ਲੁਹਾਰਾ

( ਠ )

ਠੇਠਰ ਵਾਲੇ ਸਰਦਾਰ

( ਧ )

ਧੰਨਾ ਸਿੰਘ ਮਲਵਈ

( ਨ )

ਨਛਤ੍ਰ ਸਿੰਘ ਮਲਵਈ
ਨਿਧਾਨ ਸਿੰਘ ਪੰਜ ਹੱਥਾ
ਨਿਰਭੈ ਚਿਮਨਾ

( ਪ )

ਪਢਾਣੀਏ ਸਰਦਾਰ
ਪ੍ਰੇਮ ਸਿੰਘ ਜਨੇਤ ਪੁਰਾ
ਪ੍ਰਗਣਿਆਂ ਦੇ ਰਖਵਾਲੇ

( ਫ )

ਫੂਲਾ ਸਿੰਘ ਅਕਾਲੀ

( ਭ )

ਭੂੰਦੜੀ (ਅਲਬਾਲ)

( ਮ )

ਮਾਨ ਘਰਾਣਾ
ਮਹਾਰਾਜਾ ਸਿੰਘ ਜਿੰਦਾ ਸ਼ਹੀਦ
ਮੋਹਰ ਸਿੰਘ ਮਾਹਮਾਂ ਸ਼ਾਹੀ

( ਰ )

ਰਸੂਲ ਪੁਰੀਏ ਸਰਦਾਰ
ਰੂਸੇ ਸਰਦਾਰ
ਰਾਮਗੜ੍ਹੀਏ ਸਰਦਾਰ

( ਲ )

ਲਾਲ ਸਿੰਘ ਕੈਂਬਲ

Digitized by Panjab Digital Library | www.panjabdigilib.org

# ਭਾਈ ਸਾਹਿਬ ਭਾਈ ਉਦੈ ਸਿੰਘ ਕੈਂਥਲ

ਆਪ ਜੀ ਭਗਤੂ ਵੰਸ਼ ਦੇ ਉਹ ਚਮਕੇ ਭਾਨ ਅਤੇ ਸਿੱਖ ਕੌਮ ਦੇ ਰੂਹ ਰੂੰਚਾਧਤਾਰੇ ਹੋਏ ਹਨ, ਕਿ ਇਨ੍ਹਾਂ ਦਾ ਜਿਨਾਂ ਵੀ ਸ਼ਬਦਾਂ ਦੁਆਰਾ ਮਾਨ ਸਤਿਕਾਰ ਕੀਤਾ ਜਾਵੇ ਥੋੜਾ ਹੈ। ਆਪ ਜੀ ਵਿਦਿਆ ਭੂਸ਼ਨ ਪੰਥ ਰਤਨ ਨਾਮ ਅਭਿਆਸ਼ੀ ਤੇ ਗੁਰੂ ਘਰ ਦੇ ਅਨਿੰਨ ਗੁਰੂ ਸਿੱਖ ਹੋਏ ਹਨ। ਆਪ ਜੀ ਰਿਆਸਤ ਦੇ ਵਾਲੀ ਹੁੰਦੇ ਹੋਏ ਵੀ ਆਪਣੇ ਆਪ ਨੂੰ ਭਾਈ ਕਹਾਉਣਾ ਫਖਰ ਸਮਝਦੇ ਸਨ। ਇਨਾਂ ਦੀ ਦਿਆ ਦ੍ਰਿਸ਼ਟੀ, ਉਦਾਰ ਦਿਲੀ, ਵਿਦਿਆ ਦੋਸਤੀ ਦਾ ਸਬੂਤ ਸਿਖ ਇਤਿਹਾਸ ਵਿਚ ਸੂਰਜ ਵਤ ਚਮਕ ਰਿਹਾ ਹੈ। ਜਿਸ ਦਾ ਸਦਕਾ ਸਿੱਖ ਕੌਮ ਦਾ ਇਤਿਹਾਸ ਸਾਡੇ ਤੱਕ ਪੁਜਿਆ ਹੈ।

ਆਪ ਜੀ ਜਿਥੇ ਉਦਾਰ ਦਿਲ, ਸਖੀ, ਦਲੇਰ, ਨਿਰਭੈ ਜੋਧੇ ਸ਼ੇਰਾਂ ਦੇ ਸ਼ਕਾਰੀ ਦਾ ਮਾਣ ਰਖਦੇ ਸਨ ਉਥੇ ਆਪ ਜੀ ਵਿਦਵਾਨਾਂ ਦੇ ਵੀ ਬਹੁਤ ਕਦਰ ਦਾਨ ਸਨ। ਆਪ ਜੀ ਨੇ ਭਾਈ ਸਾਹਿਬ ਭਾਈ ਸੰਤੋਖ ਸਿੰਘ ਮਹਾਂ ਕਵੀ ਜੀ ਨੂੰ ਆਪਣੇ ਪਾਸ ਰਖਕੇ 'ਗੁਰ ਪ੍ਰਤਾਪ ਸੂਰਜ' (ਅਥਵਾ ਸਿੱਖ ਇਤਿਹਾਸ ਦੀ ਰਚਨਾ ਕਰਾਈ) ਸਿੱਖ ਕੌਮ ਆਪ ਦੇ ਇਸ ਉਪਕਾਰ ਦੀ ਸਦਾ ਰਿਣੀ ਰਹੇਗੀ ਅਤੇ ਸਿੱਖ ਇਤਿਹਾਸ ਵਿਚ ਆਪ ਦਾ ਨਾਂ ਸੂਰਜ ਵਤ ਚਮਕਦਾ ਰਹੇਗਾ।

ਜਨਮ—ਆਪ ਦਾ ਜਨਮ ਭਾਈ ਲਾਲ ਸਿੰਘ ਮਹਾਰਾਜਾ ਕੈਂਥਲ ਦੇ ਘਰ ਰਾਣੀ ਸਾਹਿਬ ਕੌਰ ਦੇ ਉਦਰ ਤੋਂ ਰਿਆਸਤ ਦੀ ਰਾਜਧਾਨੀ ਕੈਂਥਲ ਵਿਚ ਹੋਇਆ। ਆਪ ਜੀ ਦੀ ਪਾਲਣਾ ਪੋਸਣਾ ਰਾਜ ਦੁਲਾਰਿਆਂ ਵਾਂਗ ਕੀਤੀ ਗਈ ਤੇ ਸੁਭ ਵਿਦਿਆ ਸਪੰਨ ਹੋਏ।

ਉਪਕਾਰ— ਆਪ ਜੀ ਆਪਣੇ ਪਿਤਾ ਦੀ ਗਦੀ ਪ੍ਰ ਬਿਰਜਮਾਨ ਹੋਏ ਅਤੇ ਜਿਥੇ ਆਪ ਜੀ ਨੇ ਰਿਆਸਤ ਦੇ ਕੰਮਾਂ ਧੰਦਿਆਂ ਵਿਚ ਤਰੱਕੀ ਕੀਤੀ। ਉਥੇ ਆਪ ਜੀ ਨੇ ਕਵੀ ਚੂੜਮਣ ਭਾਈ ਸੰਤੋਖ ਸਿੰਘ ਜੀ ਨੂੰ ਪਾਸ ਰਖਕੇ ਗੁਰ ਪ੍ਰਤਾਪ ਸੂਰਜ ਲਿਖਾਇਆ। ਆਪ ਜੀ ਬੜੇ ਦਲੇਰ ਸਨ ਤੇ ਸ਼ੇਰਾਂ ਦਾ ਸ਼ਿਕਾਰ ਖੇਡਿਆ ਕਰਦੇ ਸਨ। ਆਪ ਜੀ ਗੁਰੂ ਘਰ ਦੇ ਬੜੇ ਸ਼ਰਧਾਲੂ ਸਨ। ਅਤੇ ਆਪ ਜੀ ਦਾ ਅੰਤ ਫਗਣ ਸ਼ਦੀ ੧੪ ਸੰਮਤ ੧੮੯੯ (੧੫ ਮਾਰਚ ੧੮੪੩ ਨੂੰ ਹੋਇਆ।

# ਮਹਾਰਾਜਾ ਅਮਰ ਸਿੰਘ ਜੀ ਪਟਿਆਲਾ

ਜਨਮ : ਆਪ ਜੀ ਦਾ ਜਨਮ ਰਾਜ ਘਰਾਣੇ ਵਿਚ ਮਾ: ਸਰਦੂਲ ਸਿੰਘ ਜੀ ਦੇ ਘਰ ਰਾਣੀ ਹੁਕਮਾਂ ਦੀ ਸੁਭਾਗ ਕੁਖੋਂ ਹਾੜ ਵਦੀ ੭ ਸੰਮਤ ੧੮੦੫ ਪਟਿਆਲਾ ਵਿਚ ਹੋਇਆ।

ਰਾਜ ਗਦੀ : ਆਪ ਜੀ ਦਾ ਅਠਾਰਾਂ ਸਾਲ ਦੀ ਉਮਰ ਵਿਚ ਪਟਿਆਲਾ ਦੀ ਰਾਜ ਗਦੀ ਪਰ ਬੈਠੇ। ਅੰਮ੍ਰਿਤਪਾਨ : ਆਪ ਜੀ ਨੇ ਸ: ਜਸਾ ਸਿੰਘ ਜੀ ਆਹਲੂਵਾਲੀਏ ਪਾਸੋਂ ਅੰਮ੍ਰਿਤਪਾਨ ਕੀਤਾ।

ਉਪਕਾਰ : ਆਪ ਜੀ ਬੜੇ ਧਰਮਵੀਰ ਅਤੇ ਸਿਖੀ ਖਿਆਲਾਂ ਵਿਚ ਪੱਕੇ ਸਨ। ਆਪ ਜੀ ਨੇ ਅਹਿਮਦ ਸ਼ਾਹ ਦੁਰਾਨੀ ਦੇ ਪੰਜੇ ਵਿਚੋਂ ਹਜ਼ਾਰਾਂ ਹਿੰਦੂ ਮਰਦ ਤੇ ਇਸਤ੍ਰੀਆਂ ਛਡਾਈਆਂ ਜਿਸ ਕਰਕੇ ਆਪ ਜੀ ਦਾ ਨਾਮ ਬੰਦੀ ਛੋੜ ਸਦਿਆ ਜਾਂਦਾ ਸੀ।

Digitized by Panjab Digital Library | www.panjabdigilib.org

ਦਿਹਾਂਤ : ਆਪ ਜੀ ਨੇ ਸਿਖ ਕੌਮ ਲਈ ਬਹੁਤ ਸਾਧਨ ਸੋਚੇ, ਪਰ ਅਫਸੋਸ ਕਿ ਉਮਰ ਨੇ ਆਪ ਦਾ ਸਾਥ ਨਾ ਦਿਤਾ ਤੇ ਆਪ ਜੀ ਫਗਣ ਵਦੀ ੮ ਸੰਮਤ ੧੮੩੮ (੬ ਫਰਵਰੀ ਸੰਨ ੧੮੮੧ ਨੂੰ ਪ੍ਰਲੋਕ ਗਮਨ ਕਰ ਗਏ ।

## ਬਾਬਾ ਅਜਾਪਾਲ ਸਿੰਘ ਜੀ

ਖੋਜ ਕਰਨ ਤੇ ਵੀ ਆਪ ਜੀ ਦੇ ਮੁਢਲੇ ਜੀਵਨ ਦਾ ਪਤਾ ਨਹੀਂ ਲਗਦਾ, ਕੇਵਲ ਏਨਾਂ ਹੀ ਪਤਾ ਚਲਦਾ ਹੈ ਕਿ ਆਪ ਜੀ ਨੇ ਰਾਜਪੂਤਾਨੇ ਦੇ ਭਾਦਰਾ ਨਗਰ ਵਿਚ ਕਿਸੇ ਰਈਸ ਦੀ ਸਹਾਇਤਾ ਕੀਤੀ । ਉਪਰੰਤ ਆਪ ਜੀ ਉਥੋਂ ਉਪ੍ਰਾਮ ਹੋ ਕੇ ਨਾਭਾ ਬੀੜ ਵਿਚ ਆ ਰਹੇ, ਤੇ ਅੰਤਮ ਸਵਾਸਾਂ ਤੱਕ ਇਥੇ ਠਹਿਰੇ ਰਹੇ । ਆਪ ਜੀ ਸ਼ਸਤ੍ਰ ਵਿਦਿਆ ਵਿਚ ਬੜੇ ਪ੍ਰਬੀਨ ਸਨ, ਪਰ ਅਫਸੋਸ ਕਿ ਆਪ ਨੇ ਖਾਲਸੇ ਨਾਲ ਰਲ ਕੇ ਕਿਸੇ ਵੀ ਜੁਧ ਵਿਚ ਹਿਸਾ ਨਹੀਂ ਲਿਆ ।

## ਸ: ਅੱਘੜ ਸਿੰਘ ਜੀ

ਆਪ ਜੀ ਦਾ ਨਾਉਂ ਸਿਖ ਇਤਹਾਸ ਵਿਚ ਸੂਰਜ ਵਾਂਗ ਚਮਕਦਾ ਹੈ, ਆਪ ਜੀ ਨੇ ਸਿਖ ਧਰਮ ਅਤੇ ਸਿਖ ਕੌਮ ਲਈ ਜੋ ਘਾਲਣਾਂ ਘਾਲੀਆਂ, ਅਤੇ ਬੰਦਾ ਸਿੰਘ ਨਾਲ ਮਿਲਕੇ ਮਾਰਾਂ ਮਾਰੀਆਂ ਉਹ ਸਿਖ ਇਤਹਾਸ ਵਿਚ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹਨ ।

ਜਨਮ:—ਆਪਦਾ ਜਨਮ ਸ: ਨਿਗਾਹੀਆਂ ਸਿੰਘ ਦੇ ਘਰ ਪਿੰਡ ਕੰਬੋਵਾਲ, (ਲੌਂਗੋਵਾਲ ਦੇ ਪਾਸ) ਰਿਆਸਤ ਪਟਿਆਲਾ ਵਿਚ ਹੋਇਆ ।

ਆਪ ਦਾ ਬਚਪਨ ਪਿੰਡ ਵਿਚ ਹੀ ਲੰਘਿਆ, ਪਰ ਆਪ ਜੀ ਨੂੰ ਆਪਣੇ ਤਾਇਆ ਭਾਈ ਮਨੀ ਸਿੰਘ ਦੀ ਸੰਗਤ ਦਾ ਰੰਗ ਚੜ੍ਹਿਆ ਹੋਇਆ ਸੀ, ਜਿਸ ਕਰਕੇ ਆਪ ਜੀ ਚੜਦੀ ਜਵਾਨੀ ਵਿਚ ਹੀ ਗੁਰਸਿਖੀ ਵਿਚ ਪਰਪੱਕ ਹੋ ਗਏ ਸਨ ਅਤੇ ਰਾਤ ਦਿਨ ਸਿਖ ਕੌਮ ਦੀਆਂ ਚੜਦੀਆਂ ਕਲਾਂ ਦੇਖਣ ਦੇ ਚਾਹਵਾਨ ਸਨ । ਰਬ ਦੀ ਨੇਤ ਇਹ ਕੁਝ ਸੋਚ ਹੀ ਰਹੇ ਸਨ, ਕਿ ਸ੍ਰੀਮਾਨ ਭਾਈ ਮਨੀ ਸਿੰਘ ਜੀ (ਆਪ ਜੀ ਦੇ ਤਾਇਆ ਜੀ) ਹਕੂਮਤ ਵਲੋਂ ਲਾਹੋਰ ਵਿਚ ਸ਼ਹੀਦ ਕੀਤੇ ਗਏ । ਇਹ ਖਬਰ ਆਪ ਜੀ ਦੇ ਸੀਨੇ ਵਿਚ ਕਟਾਰ ਵਾਂਗ ਫਿਰ ਗਈ ਅਤੇ ਆਪ ਜੀ ਨੇ ਉਸਦਾ ਬਦਲਾ ਲੈਣ ਲਈ ਦਿਲ ਵਿਚ ਠਾਣ ਲਈ । ਆਪ ਜੀ ਨੇ ਮਲਵਈ ਅਣਖੀ ਸੂਰਮੇ ਨਾਲ ਲਏ, ਤੇ ਮੋਮਨ ਖਾਨ ਕਸੂਰ ਦੇ ਪਠਾਣ ਦਾ ਜੋ ਮੁਰਾਦ ਬੇਗਮ ਦੇ ਹੁਕਮ ਨਾਲ ਗਸ਼ਤੀ ਫੌਜ ਲੈਕੇ ਸਿਖਾਂ ਦਾ ਮਲੀਅ ਮੇਟ ਕਰ ਰਿਹਾ ਸੀ, ਸਿਰ ਵਢਕੇ ਖਾਲਸਾ ਜੀ ਦੇ ਦੀਵਾਨ ਵਿਚ ਹਾਜ਼ਰ ਹੋਇਆ । ਉਸ ਤੋਂ ਉਪ੍ਰੰਤ ਆਪ ਜੀ ਨੇ ਸੁਧਾ ਸਰ (ਸ੍ਰੀ ਹਰਿਮੰਦਰ ਸਾਹਿਬ) ਦੇ ਵਿਚ ਟਿਕਣ ਵਾਲੀ ਫੌਜ ਨਾਲ ਜੋ ਕਜ਼ੀ ਅਬਦੁਲਾ ਰਜ਼ਾਕ ਸਿਖਾਂ ਤੇ ਫਤਵੇ ਦੇਣ ਲਈ ਰਖਿਆ ਸੀ ਉਸਨੂੰ ਮਾਰਕੇ ਅਤੇ ਉਸਦੇ ਪਿੰਡ ਤੇ ਚੜ੍ਹਾਈ ਕਰਕੇ ਪਿੰਡ ਤੇ ਟਬਰ ਉਜਾੜ ਕੇ ਅਲੀ ਗੜ੍ਹ ਪਿੰਡ ਦਾ ਨਾਂ ਅਕਾਲ ਗੜ ਰਖਿਆ । ਆਪਨੇ ਫਿਰ ਜਾਕੇ ਮੁਗਲਾਂ ਨੂੰ ਘੇਰ ਲਿਆ । ਅਤੇ ਜਿਸ ਕਾਜ਼ੀ ਨੇ ਭਾਈ ਮਨੀ ਸਿੰਘ ਨੂੰ ਸ਼ਹੀਦ ਕਰਨ ਦਾ ਫਤਵਾ ਦਿਤਾ ਸੀ, ਮਰਨ ਲਈ ਚੜ੍ਹਾਈ ਕਰ ਲਈ । ਉਹ ਖਾਲਸੇ ਦੇ ਆਉਣ ਦੀ ਖ਼ਬਰ ਸੁਣਕੇ ਭੋਰੇ ਵਿਚ ਵੜ ਗਿਆ । ਤਦ ਸਿੰਘ ਨੇ ਉਸਦੀ

Digitized by Panjab Digital Library | www.panjabdigilib.org

ਘਰ ਵਾਲੀ ਨੂੰ ਸਮੇਤ ਟਬਰ ਬੰਨ ਲਿਆ। ਤਦ ਉਸ ਸਹਿਮੀ ਹੋਈ ਨੇ ਦਸ ਦਿਤਾ ਕਿ ਕਾਜ਼ੀ ਭੋਰੇ ਵਿਚ ਹੈ। ਸਿੰਘ ਨੇ ਭੋਰੇ ਦਾ ਜਿੰਦਾ ਤੋੜ ਕੇ ਭੋਰੇ ਵਿਚੋਂ ਕਾਜ਼ੀ ਨੂੰ ਨੇਜ਼ੇ ਤੇ ਟੰਗ ਕੇ ਬਾਹਰ ਲਿਆਂਦਾ। ਆਪ ਜੀ ਨੇ ਬੰਦਾ ਸਿੰਘ ਬਹਾਦਰ ਨਾਲ ਵੀ ਕਈ ਯੁਧਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ।

## ਸ: ਅਤਰ ਸਿੰਘ ਜੀ ਕਿਸ਼ਨ ਪੁਰਾ ਕਲਾਂ

ਸ੍ਰੀਮਾਨ ਸ: ਅਤਰ ਸਿੰਘ ਜੀ ਦਾ ਜਨਮ ਸ: ਦਾਨ ਸਿੰਘ ਦੇ ਘਰ ਪਿੰਡ ਕਿਸ਼ਨ ਪੁਰਾ ਕਲਾਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ, ਆਪ ਪਹਿਲੀ ਅਵਸਥਾ ਤੋਂ ਬੜੇ ਪਵਿਤ੍ਰ ਖਿਆਲ ਦੇ ਧਰਮਾਤਮਾਂ ਸਰਦਾਰ ਸਨ। ਆਪ ਗੁਰਮੁਖੀ, ਉਰਦੂ, ਫਾਰਸੀ ਚੰਗੀ ਤਰ੍ਹਾਂ ਲਿਖ ਪੜ੍ਹ ਸਕਦੇ ਸਨ। ਅਤੇ ਇਲਾਕੇ ਵਿਚ ਆਪ ਦਾ ਕਾਫੀ ਰਸੂਖ ਸੀ, ਜਿਸਦੇ ਸਦਕਾ ਆਪ ਨੂੰ ਆਹਲੂਵਾਲੀਆ ਮਿਸਲ ਦੇ ਸਰਦਾਰ ਵਲੋਂ ਇਸ ਪ੍ਰਗਣੇ ਦਾ ਥਾਣੇਦਾਰ ਥਾਪਿਆ ਗਿਆ। ਆਪ ਨੇ ਇਸ ਕੰਮ ਨੂੰ ਬੜੀ ਸੁਚਜਤਾ ਨਾਲ ਨਿਭਾਇਆ। ਉਪ੍ਰੰਤ ਅੰਗਰੇਜ਼ੀ ਰਾਜ ਆਉਣ ਪਰ ਆਪ ਦੇ ਬਜ਼ੁਰਗਾਂ ਦੇ ਸ਼ੁਭ ਕਾਰਨਾਮੇ ਵੇਖ ਕੇ ਬੜਾ ਪ੍ਰਸੰਨ ਹੋਇਆ। ਇਸ ਵਾਸਤੇ ਆਪ ਨੂੰ ਸਾਢੇ ਚਾਰ ਮੁਰੱਬੇ ਲਾਇਲਪੁਰ ਮਿਲੇ। ਆਪ ਦੇ ਪੁਤਰ ਸ: ਕਿਸ਼ਨ ਸਿੰਘ ਜੈਲਦਾਰ, ਸ: ਹਰਬੰਸ ਸਿੰਘ ਜੈਲਦਾਰ ਮੌਜੂਦਾ ਹਨ।

## ਸ: ਈਸ਼ਰ ਸਿੰਘ ਜੀ

ਇਲਾਕਾ ਬਾਂਗਰ ਦੇ ਸੀਂਹੇ ਪਿੰਡ ਦੇ ਰਹਿਣ ਵਾਲੇ ਇਕ ਪ੍ਰਸਿਧ ਜੋਧੇ ਹੋਏ ਹਨ। ਜੋ ਨਿਸ਼ਾਨਾਂ ਵਾਲੀ ਮਿਸਲ ਨਾਲ ਸਬੰਧ ਰਖਦੇ ਸਨ। ਆਪ ਨੇ ਪੰਥ ਦੀ ਬਹੁਤ ਸੇਵਾ ਕੀਤੀ, ਇਸ ਬਹਾਦਰ ਦੇ ਸਰੀਰ ਪਰ ਵਡੇ ਘਲੂਘਾਰੇ ਵਿਚ ਵਡੇ ਵਡੇ ਸੱਤ ਫਟ ਲਗੇ ਸਨ। ਪ੍ਰਸਿਧ ਜੋਧੇ ਸ੍ਰੀਮਾਨ ਅਕਾਲੀ ਫੂਲਾ ਸਿੰਘ ਤੇ ਸ: ਸੰਤ ਸਿੰਘ ਦੇ ਇਹ ਮਾਨਯੋਗ ਪਿਤਾ ਸਨ।

## ਸ: ਸ਼ਾਮ ਸਿੰਘ ਜੀ ਅਟਾਰੀ

ਸਿਖ ਰਾਜ ਦਾ ਚੰਦਰਮਾ ਛੁਪਦਾ ਵੇਖ ਜੁਆਨ।
ਸ਼ਹੀਦ ਸਭ ਰਾਵੀ ਹੋ ਗਿਆ, ਫਰੰਗੀ ਭਜੇ ਜਾਨ॥

ਸਿਖ ਕੌਮ ਦੇ ਅਦੁਤੀ ਜੋਧੇ, ਸਿਖ ਰਾਜ ਦੇ ਅਣਖੀਲੇ ਜਰਨੈਲ ਤੇ ਸਿਖ ਰਾਜ ਦੀਆਂ ਛਾਵਾਂ। ਸ: ਸ਼ਾਮ ਸਿੰਘ ਜੀ ਅਟਾਰੀ, ਸਿਖ ਰਾਜ ਦੇ ਉਨ੍ਹਾਂ ਪ੍ਰਸਿਧ ਉਸਰਈਆਂ ਵਿਚੋਂ ਸਨ ਜਿਨ੍ਹਾਂ ਦਾ ਨਾਮ ਰਹਿੰਦੀ ਦੁਨੀਆਂ ਤਕ ਸਿਖ ਇਤਹਾਸ ਵਿਚ ਸੂਰਜ ਵਾਂਗ ਚਮਕਦਾ ਰਹੇਗਾ। ਆਪ ਜੀ ਨੇ ਸਿਖ ਰਾਜ ਲਈ ਜੋ ਘਾਲਣਾਂ ਘਾਲੀਆਂ ਅਤੇ ਪੂਰਨੇ ਪਾਏ ਹਨ ਉਹ ਸਭ ਸਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹਨ।

"ਆਪ ਦਾ ਪ੍ਰਾਚੀਨ ਘਰਾਣਾ"

ਆਪ ਜੀ ਦਾ ਬਜ਼ੁਰਗ ਜਗਮਲ ਦਾ ਪੁਤਰ ਧੀਰਾ ਸਿਧੂ ਗੋਤ ਦਾ, ਜੋ ਇਕ ਜਗਤ ਪ੍ਰਸਿਧ ਰਾਗੀ ਸੀ। ਜੈਸਲਮੇਰ ਦੇ ਮੋਢੀ ਜੈਸਲ ਭਠੀ ਰਾਜਪੂਤਾਂ ਵਿਚੋਂ ਆਪ ਦੇ ਘਰਾਣੇ ਦਾ ਪਹਿਲਾ ਬੰਦਾ ਸੀ। ਇਹ ਰਾਜਪੂਤਾਨੇ ਵਿਚੋਂ ਉਠਕੇ ਪੰਜਾਬ ਨੂੰ ਆਇਆ ਅਤੇ ਸੰਨ ੧੫੮੦ ਈ: ਦੇ ਲਗਭਗ

Digitized by Panjab Digital Library | www.panjabdigilib.org

ਮਾਲਵੇ ਵਿਚ ਮਹਿਰਾਜ ਨਗਰ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਚਰਨ ਸ਼ਰਨ ਲੈਕੇ ਆਬਾਦ ਹੋਇਆ।

ਉਨ੍ਹਾਂ ਵਿਚੋਂ ਭਾਈ ਕਾਹਨ ਚੰਦ ਨੇ ਪਿੰਡ ਕਾਉਂਕੇ (ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਆਕੇ ਆਪਣੇ ਨਾਉਂ ਤੇ ਪਿੰਡ ਬਨ੍ਹਿਆ। ਭਾਈ ਕਾਹਨ ਚੰਦ ਦੇ ਦੋ ਪੁਤਰ ਗੌਰ ਤੇ ਕੌਰ ਸਨ। ਜੋ ਬੜੇ ਜੋਧੇ ਤੇ ਸੂਰਮੇ ਸਨ। ਜਿਨ੍ਹਾਂ ਪਾਸ ਬਹੁਤ ਸਾਰੇ ਜਵਾਨ ਸਦਾ ਟਿਕੇ ਰਹਿੰਦੇ ਸਨ ਕੁਝ ਚਿਰ ਪਿਛੋਂ ਦੋਵੇਂ ਭਾਈ ਗੌਰ ਤੇ ਕੌਰ ਪਿੰਡ ਇੰਦਰ ਗੜ੍ਹ (ਜਿਸਦਾ ਪਹਿਲਾ ਨਾਂ ਲਾਟੀਆ ਸੀ) ਤ ਹਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਆ ਵਸੇ।

ਉਹ ਦਿਨ ਮਲਾਂ ਮਲਣ ਤੇ ਜਿਤਾਂ ਮਾਰਨ ਦੇ ਸਨ। ਗੌਰ ਤੇ ਕੌਰ ਦੋਵੇਂ ਭਾਈ ਪੰਝੀ ਕੁ ਮਲ ਵ੍ਹਈ ਸਿੰਘਾਂ ਨੂੰ ਨਾਲ ਲੈਕੇ ਮਾਝੇ ਚਲੇ ਗਏ ਤੇ ਆਪਣੇ ਪਿਤਾ ਦੇ ਨਾਉਂ ਤੇ ਕਾਉਂਕੇ ਪਿੰਡ ਬਨ੍ਹਿਆ ਪਰ ਥੋੜੇ ਚਿਰ ਪਿਛੋਂ ਆਪ ਉਦਾਸੀ ਸਾਧੂ ਮੂਲ ਦਾਸ ਪਾਸ ਥੇਹ ਉਤੇ ਆ ਗਏ ਤੇ ਮੂਲ ਦਾਸ ਦੇ ਕਹਿਣ ਅਨਸਾਰ ਇਕ ਉਚੀ ਅਟਾਰੀ ਸ: ਗੌਰ ਸਿੰਘ ਨੇ ਬਣਾਈ। ਉਚੇ ਟਿਬੇ ਤੇ ਹੋਣ ਕਰ ਕੇ ਦੂਰ ਦਿਸਣ ਕਰਕੇ ਸਾਰੇ ਅਟਾਰੀ ਹੀ ਸਦਣ ਲਗ ਪਏ ਤੇ ਹੌਲੀ ਹੌਲੀ ਪਿੰਡ ਦਾ ਨਾਂ ਹੀ ਅਟਾਰੀ ਵਜਣ ਲਗਾ।

ਗੌਰ ਅਤੇ ਕੌਰ ਨੇ ਸ੍ਰੀ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕਿਆ ਤੇ ਗੌਰ ਸਿੰਘ ਅਤੇ ਕੌਰ ਸਿੰਘ ਕਰਕੇ ਪਰਸਿਧ ਹੋ ਗਏ।

ਸ: ਗੌਹਰ ਸਿੰਘ ਦੇ ਘਰ ਸ: ਨਿਹਾਲ ਸਿੰਘ ਜੀ ਪੈਦਾ ਹੋਏ। ਆਪ ਜੀ ਵੀ ਆਪਣੇ ਬਜ਼ੁਰਗਾਂ ਵਾਂਗ ਦਲੇਰ ਅਤੇ ਨਿਡਰ ਸਨ। ਚੜ੍ਹਦੀ ਜਵਾਨੀ ਵਿਚ ਮੁਸ਼ ਫੁਟ ਹੁੰਦੇ ਹੀ ਇਨ੍ਹਾਂ ਨੂੰ ਵੀ ਜੰਗ ਯੁਧ ਕਰਨ ਦਾ ਤੇ ਜਗੀਰ ਵਧਾਉਣ ਦਾ ਸ਼ੌਕ ਪੈਦਾ ਹੋਇਆ ਤੇ ਆਪ ਜੀ ਭੰਗੀਆਂ ਦੀ ਮਿਸਲ ਵਿਚ ਸ਼ਾਮਲ ਹੋ ਗਏ। ਆਪ ਨੇ ਕਈ ਵਡੀਆਂ ੨ ਲੜਾਈਆਂ ਲੜੀਆਂ ਤੇ ਭੰਗੀ ਮਿਸਲ ਨਾਲ ਰਲਕੇ ਕਾਫੀ ਜਗੀਰ ਵਧਾਈ। ਆਪ ਦੀਆਂ ਨਿਤ ਦੀਆਂ ਜਿਤਾਂ ਦੀਆਂ ਸੋਆਂ ਮਹਾਰਾਜਾ ਰਣਜੀਤ ਸਿੰਘ ਨੂੰ ਸੁਣਦੀਆਂ ਰਹਿੰਦੀਆਂ ਸਨ ਤੇ ਆਪਣੇ ਪਾਸ ਸਦਣ ਦਾ ਵੀ ਉਪਰਾਲਾ ਕੀਤਾ ਪਰ ਆਪਨੇ ਭੰਗੀ ਸਰਦਾਰਾਂ ਨਾਲ ਕੀਤੇ ਬਚਨਾਂ ਪਰ ਰਹਿਣਾ ਹੀ ਚੰਗਾ ਸਮਝਿਆ ਪਰ ਕੁਦਰਤ ਨੂੰ ਹੋਰ ਹੀ ਭਾਉਂਦੀ ਹੈ। ਆਪ ਦੀ ਭੰਗੀ ਸਰਦਾਰਾਂ ਨਾਲ ਵਿਗੜ ਗਈ ਤੇ ਆਪ ਇਕਲੇ ਹੀ ਅਟਾਰੀ ਰਹਿਣ ਲਗੇ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲਗਾ ਤਾਂ ਇਨ੍ਹਾਂ ਨੂੰ ਆਦਰ ਸਤਿਕਾਰ ਨਾਲ ਆਪਣੇ ਪਾਸ ਸਦ ਲਿਆ ਤੇ ਫੌਜ ਵਿਚ ਸਰਦਾਰੀ ਔਹਦੇ ਤੇ ਹੋ ਗਏ।

ਸ: ਨਿਹਾਲ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਆਕੇ ਸਿਖ ਰਾਜ ਲਈ ਬਹੁਤ ਕੁਰਬਾਨੀਆਂ ਕੀਤੀਆਂ ਪਰ ਆਪ ਦੀ ਸਭ ਤੋਂ ਵਡੀ ਕੁਰਬਾਨੀ ਇਹ ਹੈ ਕਿ ਇਕ ਵੇਰ ਮਹਾਰਾਜਾ ਰਣਜੀਤ ਸਿੰਘ ਜੀ ਬਹੁਤ ਬਿਮਾਰ ਹੋ ਗਏ ਤੇ ਬਚਣ ਦੀ ਆਸ ਉਮੀਦ ਜਾਂਦੀ ਰਹੀ ਤਦ ਸਰਦਾਰ ਨਿਹਾਲ ਸਿੰਘ ਜੀ ਨੇ ਅਰਦਾਸ ਕੀਤੀ ਕਿ ਇਸ ਦੀ ਥਾਂ ਮੈਂ ਜਾਂਦਾ। ਆਪ ਨੇ ਪ੍ਰਕਰਮਾਂ ਕੀਤੀਆਂ। ਇਤਹਾਸ ਵਿਚ ਲਿਖਿਆ ਹੈ ਕਿ ਮਹਾਰਾਜਾ ਉਸ ਦਿਨ ਤੋਂ ਰਾਜ਼ੀ ਹੋਣ ਲਗ ਪਏ ਤੇ ਆਪ ਬਿਮਾਰ

Digitized by Panjab Digital Library | www.panjabdigilib.org

ਹੋ ਗਏ ਅਤੇ ਥੋੜੇ ਚਿਰ ਪਿਛੋਂ ਪਰਲੋਕ ਸਿਧਾਰ ਗਏ। ਸ: ਨਿਹਾਲ ਸਿੰਘ ਦੀ ਇਸ ਅਦੁਤੀ ਕੁਰਬਾਨੀ ਨੇ ਆਪ ਨੂੰ ਸਦਾ ਲਈ ਅਮਰ ਕਰ ਦਿਤਾ। ਜੇ ਆਪ ਇਹ ਕੁਰਬਾਨੀ ਨਾ ਕਰਦੇ ਤਾਂ ਸਿਖ ਰਾਜ ਦਾ ਨਕਸ਼ਾ ਅਜ ਕੁਝ ਹੋਰ ਹੁੰਦਾ। ਜਿਥੇ ਆਪ ਜੀ ਨੇ ਉਚ ਕੁਰਬਾਨੀ ਦੁਆਰਾ ਸਿਖ ਰਾਜ ਵਜੂਦ ਵਿਚ ਲਿਆਂਦਾ ਉਥੇ ਆਪ ਜੀ ਨੇ ਸਿਖ ਰਾਜ ਲਈ ਆਪਣੇ ਪਿਆਰੇ ਪੁਤਰ ਸ਼ਾਮ ਸਿੰਘ ਨੂੰ ਸਿਖ ਰਾਜ ਦੇ ਉਸਰਈਆਂ ਦੀ ਕਤਾਰ ਵਿਚ ਲਿਆ ਖੜਾ ਕੀਤਾ ਤੇ ਆਪ ਪਰਲੋਕ ਗਮਨ ਕਰ ਗਏ।

"ਸ: ਸ਼ਾਮ ਸਿੰਘ ਦੀਆਂ ਕੁਰਬਾਨੀਆਂ"

ਸ: ਸ਼ਾਮ ਸਿੰਘ ਜੀ ਦਾ ਜਨਮ ਸ: ਨਿਹਾਲ ਸਿੰਘ ਦੇ ਘਰ ਲਗ ਭਗ ੧੮੦੦ ਈ: ਵਿਚ ਪਿੰਡ ਅਟਾਰੀ ਵਿਚ ਹੋਇਆ। ਉਸ ਸਮੇਂ ਮਾਝੇ ਵਿਚ ਬਹੁਤ ਗੜਬੜ ਸੀ ਤੇ ਸ: ਨਿਹਾਲ ਸਿੰਘ ਜੀ ਰਾਤ ਦਿਨ ਜੁਧਾਂ ਜੰਗਾਂ ਵਿਚ ਹੀ ਰਹਿੰਦੇ ਸਨ। ਸ: ਸ਼ਾਮ ਸਿੰਘ ਨੂੰ ਆਪਣੇ ਬਜ਼ੁਰਗ ਬਾਬਾ ਕਾਹਨ ਸਿੰਘ ਦੇ ਨਗਰ ਕਾਉਂਕੇ ਭੇਜ ਦਿਤਾ ਗਿਆ ਸੀ ਜਿਥੇ ਤਕਰੀਬਨ ਸ: ਸ਼ਾਮ ਸਿੰਘ ਜੀ ੧੫ - ੧੬ ਵਰ੍ਹੇ ਰਹੇ, ਅਤੇ ਇਥੇ ਆਪ ਜੀ ਨੇ ਆਪਣੀ ਰਹਾਇਸ਼ ਰਖਣੀ ਸ਼ੁਰੂ ਕਰ ਦਿਤੀ। ਰਹਾਇਸ਼ੀ ਮਕਾਨ ਵੀ ਬਣਾ ਲਏ। ਜਿਥੇ ਕਿ ਹੁਣ ਕੰਨਿਆ ਵਿਦਿਆਲਾ ਆਪ ਦੇ ਨਾਂ ਉਤੇ ਆਪ ਦੀ ਹਵੇਲੀ ਵਿਚ ਚਲ ਰਿਹਾ ਹੈ। ਸਰਕਾਰੀ ਕਾਗਜ਼ਾਂ ਵਿਚ ਆਪਦੇ ਨਾਉਂ ਦੀ ਪਤੀ ਵਜਦੀ ਹੈ। ਆਪਦੇ ਨਾਉਂ ਵਾਲਾ ਖੂਹ ਸ਼ਾਮ ਸਿੰਘ ਵਾਲਾ ਕਰਕੇ ਸਦਿਆ ਜਾਂਦਾ ਹੈ। ਗੁਰੂਸਰ ਗੁਰਦੁਆਰਾ ਆਪ ਜੀ ਦੇ ਖੇਤਾਂ ਵਿਚ ਹੈ।

ਏਥੇ ਹੀ ਜਦ ਆਪ ਨੇ ਸਰਦਾਰ ਨਿਹਾਲ ਸਿੰਘ ਦੇ ਬਿਮਾਰ ਹੋਣ ਦੀ ਖਬਰ ਸੁਣੀ ਤਾਂ ਆਪ ਜੀ ਅਟਾਰੀ ਗਏ। ਤੇ ਆਪ ਜੀ ਦੇ ਪਿਤਾ ਦੀ ਅੰਤਮ ਇਛਾ ਅਨੁਸਾਰ ਆਪ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ।

ਸਰਦਾਰ ਸ਼ਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਜੀ ਪਾਸ ੧੮ ਸਾਲ ਦੀ ਉਮਰ ਵਿਚ ਆਏ, ਆਪ ਨੇ ਸਿਖ ਰਾਜ ਲਈ ਜੋ ਜੋ ਕੁਰਬਾਨੀਆਂ ਕੀਤੀਆਂ ਉਸਦਾ ਸੰਖੇਪ ਵੇਰਵਾ ਅਗੇ ਦਿਤਾ ਜਾਂਦਾ ਹੈ।

"ਸ: ਸ਼ਾਮ ਸਿੰਘ ਅਟਾਰੀ ਦੀਆਂ ਸਿਖ ਰਾਜ ਲਈ ਕੁਰਬਾਨੀਆਂ"

੧. ਆਪ ਨੇ ਮੁਲਤਾਨ ਦੀ ਲੜਾਈ ਵਿਚ ਵਧ ਚੜ੍ਹਕੇ ਹਿਸਾ ਲਿਆ। ਬੜੀ ਬਹਾਦਰੀ ਵਿਖਾਈ ਕਿਲੇ ਦੀ ਕੰਧ ਪਾੜ ਅੰਦਰ ਜਾਕੇ ਹਥੋ ਹਥੀ ਲੜਾਈ ਕਰਕੇ ਮੁਜ਼ਫਰ ਖਾਂ ਦੇ ਵਡੇ ਪੁਤਰ ਸ਼ਾਹ ਨਿਵਾਜ਼ ਨੂੰ ਆਪਣੀ ਤਲਵਾਰ ਨਾਲ ਮਾਰਿਆ। ਆਪਦੇ ਮੋਢੇ ਤੇ ਭਾਰੀ ਜ਼ਖਮ ਆਇਆ। ਫਤਹਿ ਖਾਲਸੇ ਦੀ ਹੋਈ ਤੇ ਰੰਗਪੁਰ ਦਾ ਇਲਾਕਾ ਸਿਖ ਰਾਜ ਨਾਲ ਮਿਲਾਇਆ ਗਿਆ।

੨. ਦੂਜੀ ਮੁਹਿੰਮਃ— ਸ: ਸ਼ਾਮ ਸਿੰਘ ਨੂੰ ਅਫ਼ਗਾਨਾਂ ਦੇ ਰੌਲੇ ਨੂੰ ਦਬਾਉਣ ਲਈ ਘਲਿਆ। ਆਪ ਨੇ ਬੜੀ ਦਲੇਰੀ ਅਤੇ ਯੋਗਤਾ ਨਾਲ ਰੌਲੇ ਨੂੰ ਦਬਾਇਆ ਤੇ ਆਪ ਨੇ ਸਰਹਦੀ ਦਾ ਸਭ ਤੋਂ ਵਡਾ ਸ਼ਹਿਰ ਪਸ਼ਾਵਰ ਜਿਤ ਕੇ ਸਿਖ ਰਾਜ ਵਿਚ ਸ਼ਾਮਲ ਕੀਤਾ।

Digitized by Panjab Digital Library | www.panjabdigilib.org

੩. ਕਸ਼ਮੀਰ ਦੀ ਮੁਹਿਮ:— ਕਸ਼ਮੀਰ ਦੀ ਲੜਾਈ ਵਿਚ ਮਿਸਰ ਦੀਵਾਨ ਚੰਦ ਦੇ ਕਮਾਂਡਰ-ਇਨ-ਚੀਫ ਦੀ ਹੈਸੀਅਤ ਵਿਚ ਬਹੁਤ ਯੋਗਤਾ ਵਿਖਾਈ ਤੇ ਪਹਾੜੀ ਕਿਲਿਆਂ ਤੇ ਬੜੀ ਯੋਗਤਾ ਨਾਲ ਕਬਜ਼ਾ ਕੀਤਾ ਤੇ ਫਤਹਿ ਪਾਈ ਤੇ ਕਸ਼ਮੀਰ ਨੂੰ ਸਦਾ ਲਈ ਸਿਖ ਰਾਜ ਵਿਚ ਸ਼ਾਮਲ ਕੀਤਾ ਗਿਆ।

੪. ਆਪ ਨੇ ੧੮੨੨ ਈ: ਵਿਚ ਅਟਕ ਤੇ ਚੜ੍ਹਾਈ ਕੀਤੀ ਤੇ ਕਬਜ਼ਾ ਕਰਕੇ ਸਿਖ ਰਾਜ ਵਿਚ ਮਿਲਾਇਆ।

੫. ੧੮੨੬ ਈ, ਵਿਚ ਬਰੇਲੀ ਦੇ ਹਾਕਮ ਸਯਦ ਅਹਿਮਦ ਦੀ ਗੜਬੜ ਨੂੰ ਦਬਾਇਆ ਅਤੇ ੧੮੨੭ ਈ: ਵਿਚ ਸਦਾ ਲਈ ਉਹਨੂੰ ਹਾਰ ਦੇਕੇ ਸਿਖ ਰਾਜ ਵਿਚ ਸ਼ਾਮਲ ਕੀਤਾ ਗਿਆਂ।

੬. ੧੮੩੧ ਈ: ਵਿਚ ਪਸ਼ਾਵਰ ਮੁੜ ਗੜਬੜ ਹੋ ਗਈ। ਉਸ ਨੂੰ ਦਬਾਉਣ ਲਈ ਕੰਵਰ ਸ਼ੇਰ ਸਿੰਘ ਦੇ ਨਾਲ ਗਏ ਤੇ ਗੜਬੜ ਨੂੰ ਦੂਰ ਕੀਤਾ।

੭. ਕਸ਼ਮੀਰ ਵਿਚ ਦੂਜੀ ਵਾਰ ਗੜਬੜ ਹੋਣ ਪਰ ਆਪ ਨੂੰ ਭੇਜਿਆ, ਸਯਦ ਅਹਿਮਦ ਨੂੰ ਹਾਰ ਦਿਤੀ। ਆਪ ਨੇ ਕਮਾਲ ਦੇ ਜੌਹਰ ਵਿਖਾਹ, ਵਾਪਸ ਲਾਹੌਰ ਆਕੇ ਮਹਾਰਾਜਾ ਵਲੋਂ ਇਨਾਮ ਘੁਤਕੀਆਂ ਬੰਦੂਕਾਂ ਅਤੇ ਮਹਾਰਾਜਾ ਨੇ ਇਕ ਖਾਸ ਸ਼ਮਸ਼ੇਰ ਸਰੋਪਾਉ ਵਜੋਂ ਦਿਤੀ।

੮. ਅੰਗਰੇਜ਼ਾਂ ਦੇ ਬਹਾਦਰ ਵਿਲੀਅਮ ਦੇ ਘਲੇ ਹੋਏ ਅਲੈਗਜ਼ੰਦਰ ਘਰਨਜ਼ ਮਹਾਰਾਜਾ ਨਾਲ ਮਿਤਰਤਾ ਕਰਨ ਲਈ ਆਇਆ। ਉਸਦੀ ਆਉ ਭਗਤ ਕਰਨ ਦਾ ਮਾਣ ਮਹਾਰਾਜਾ ਵਲੋਂ ਆਪ ਨੂੰ ਮਿਲਿਆ। ਆਪ ਨੇ ਉਹ ਯੋਗਤਾ ਵਿਖਾਈ ਅਤੇ ਸਿਖ ਮਹਾਰਾਜ ਤੇ ਸਿਖ ਰਾਜ ਦੀ ਉਹ ਸ਼ਾਨ ਚਮਕਾਈ ਕਿ ਜਿਸ ਨੂੰ ਦੇਖ ਕੇ ਸਿਖ ਬਚਾ ਹੈਰਾਨ ਰਹਿ ਗਿਆ।

੯. ਰੋਪੜ ੨੬ ਅਕਤੂਬਰ ਸੰਨ ੧੮੩੧ ਈ: ਦੀ ਮਿਲਣੀ ਵਿਚ ਜੋ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਬੈਂਟਕ ਦੇ ਵਿਚਕਾਰ ਹੋਈ। ਉਸ ਵਿਚ ਸ: ਸ਼ਾਮ ਸਿਘ ਜੀ ਮੋਹਰੀ ਸਰਦਾਰਾਂ ਵਿਚੋਂ ਸਨ। ਖਾਲਸਾ ਫੌਜ ਦੀ ਤਰਤੀਬ ਦਾ ਸਿਹਰਾ ਆਪਦੇ ਸਿਰ ਹੈ ਜਿਸ ਨੂੰ ਤਕ ਕੇ ਗਵਰਨਰ ਜਨਰਲ ਦੰਗ ਰਹਿ ਗਿਆ।

੧੦. ਇਸ ਮਿਲਣੀ ਤੋਂ ਸਬੰਧ ਚੰਗੇ ਹੋਣ ਦੀ ਥਾਂ ਸਗੋਂ ਵਿਗੜ ਗਏ ਸਨ। ਸੋ ੧੮੩੮ ਈ: ਵਿਚ ਤਿਰਪਾਸਾ ਅਹਿਦਨਾਮਾ ਸ: ਸ਼ਾਮ ਸਿੰਘ ਦੀ ਕੋਸ਼ਿਸ਼ ਦਾ ਸਿਟਾ ਸੀ।

੧੩੩੮ ਨਵੰਵਰ ਨੂੰ ਫੀਰੋਜ਼ਪੁਰ ਦੁਬਾਰਾ ਮੁਲਾਕਾਤ ਅਤੇ ਕਾਬਲ ਪਰ ਚੜ੍ਹਾਈ ਸਮੇਂ ਸ: ਸ਼ਾਮ ਸਿੰਘ ਤੋਂ ਮਹਾਰਾਜੇ ਨੇ ਮਸ਼ਵਰਾ ਲੈਣਾ ਤੇ ਤਿਆਰੀਆਂ ਕਰਨੀਆਂ।

੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਜਾਂਦੀ ਹੈ, ਰਾਜ ਦਰਬਾਰ ਵਿਚ ਆਪ ਹੁਦਰੀ ਮਚ ਗਈ। ਜਿਸ ਨੂੰ ਸਹਾਰਨਾ ਸ: ਸ਼ਾਮ ਸਿੰਘ ਲਈ ਮੁਸ਼ਕਲ ਹੋਇਆ। ਤੇ ਆਪ ਸਦਾ ਲਈ ਲਾਹੌਰ ਦਰਬਾਰ ਵਲੋ ਵੱਖ ਹੋਕੇ ਆਰਾਮ ਦੀ ਜ਼ਿੰਦਗੀ ਕਰਣ ਲਈ ਅਟਾਰੀ ਆ ਗਏ। ਜਦ ਫੇਰ ਸ਼ਹਿਰ ਦੀ ਲੜਾਈ ਵਿਚ ਤੇਜਾ ਸਿੰਘ ਨੇ ਇਹ ਵੀ ਕਿਹਾ ਕਿ ਅੰਗ੍ਰੇਜ਼ਾਂ ਦਾ ਜ਼ੋਰ ਬਹੁਤ ਹੈ। ਆਪ ਨੂੰ ਭਜ ਜਾਣਾ ਚਾਹੀਦਾ ਹੈ ਤੇ ਲਾਲ ਸਿੰਘ ਦੋਹਾਂ ਦੇ ਮੈਦਾਨ ਚੋਂ ਭਜ ਜਾਣ ਦੀ ਖਬਰ

Digitized by Panjab Digital Library | www.panjabdigilib.org

ਮਹਾਰਾਣੀ ਜਿੰਦ ਕੌਰਾਂ ਨੇ ਲਾਹੌਰ ਵਿਚ ਸੁਣੀ ਤੇ ਆਪ ਨੇ ੨੪ ਦਸੰਬਰ ੧੮੪੫ ਨੂੰ ਸਰਦਾਰ ਸ਼ਾਮ ਸਿੰਘ ਪਾਸ ਅਟਾਰੀ ਘਲੇ ਅਤੇ ਉਨ੍ਹਾਂ ਨੂੰ ਲੜਾਈ ਵਿਚ ਸ਼ਾਮਲ ਹੋਣ ਲਈ ਸਨੇਹਾ ਘਲਿਆ ।

ਮਹਾਰਾਣੀ ਜਿੰਦ ਕੌਰਾਂ ਦੇ ਸਨੇਹੇ ਪਰ ਆਪ ਜੀ ਸਰਵਾਂ ਦੀ ਲੜਾਈ ਵਿਚ ਆ ਸ਼ਾਮਲ ਹੋਏ ਅਤੇ ਅਦੁਤੀ ਬਹਾਦਰੀ ਵਿਖਾਕੇ ਸਦਾ ਲਈ ਆਪਣੇ ਆਪ ਨੂੰ ਅਮਰ ਕਰਦੇ ਹੋਏ ੨੦ ਫ਼ਰਵਰੀ ੧੮੪੬ ਵਿਚ ਸ਼ਹੀਦ ਹੋ ਗਏ ਤੇ ਸਿੱਖ ਰਾਜ ਤੇ ਸਦਾ ਲਈ ਵਛੋੜਾ ਪਾ ਗਏ ।

# ਪਰਾਇਆਂ ਦੇ ਮੂੰਹੋਂ ਵਡਿਆਈ

ਸ: ਸ਼ਾਮ ਸਿੰਘ ਜੀ ਸਬੰਧੀ ਪ੍ਰਸਿੱਧ ਅੰਗ੍ਰੇਜ਼ ਇਤਹਾਸਕਾਰ ਸਰ ਲੈਪਨ ਗ੍ਰਿਫਨ ਲਿਖਦਾ ਹੈ "ਸ: ਸ਼ਾਮ ਸਿੰਘ ਜੀ ਜੱਟ ਨਸਲ (ਕੌਮ ਦੇ ਸਭ ਤੋ ਵਧੀਆ ਪ੍ਰਤਿਨਿਧਾਂ ਵਿਚੋਂ ਇਕ ਸਨ ਜੇਹੜੀ ਕਿ ਇਨਸਾਨੀਅਤ, ਈਮਾਨਦਾਰੀ ਤਾਂਕਤ ਤੇ ਬਹਾਦਰੀ ਲਈ ਦੁਨੀਆ ਵਿਚ ਅਦੁਤੀ ਹੈ । ਉਸ ਦੀ ਮੌਤ ਬੜਾ ਘਟਾ ਸੀ ਕਿਉਂਕਿ ਉਸ ਦੀ ਥਾਂ ਸੰਭਾਲਣ ਵਾਲਾ ਕੋਈ ਨਹੀਂ ਸੀ । ਇਹ ਠੀਕ ਹੈ ਕਿ ਪੰਜਾਬ ਦੇ ਪਿੰਡਾਂ ਦੇ ਛੋਟੇ ਦਰਜੇ ਦੇ ਸਿੰਘਾਂ ਵਿਚ ਦੇਸ਼ ਦੀ ਭਲਾਈ, ਸਾਦਗੀ ਤੇ ਮਰਦਾਨਗੀ ਵਾਲੇ ਬਹੁਤ ਸਿੰਘ ਵਸਦੇ ਸਨ ਪ੍ਰੰਤੂ ਲਾਹੌਰ ਦਰਬਾਰ ਦੇ ਸਾਜਸ਼ੀ ਸਰਦਾਰਾ ਵਿਚ ਅਜੇਹਾ ਕੋਈ ਨਹੀਂ ਸੀ । ਜੋ ਸ: ਸ਼ਾਮ ਸਿੰਘ ਦੀ ਘਾਟ ਪੂਰੀ ਕਰ ਸਕਦਾ । ਜੇ ਸ: ਸ਼ਾਮ ਸਿੰਘ ਜੈਸੇ ਕੁਝ ਹੋਰ ਸਰਦਾਰ ਹੁੰਦੇ ਤਾਂ ਸਤਲੁਜ ਦੀ ਜੰਗ ਨ ਹੁੰਦੀ ਤੇ ਸਿੱਖ ਕੌਮ ਆਪਣੀ ਆਜ਼ਾਦੀ ਨਾ ਖੁਹਾਉਂਦੀ । ਜਿਹੜੀ ਕਿ ਉਸਨੇ ਗਰਜ ਪੁਣੇ ਵਿਚ ਖੋ ਲਈ"

ਇਸ ਲੜਾਈ ਸਬੰਧੀ ਕਪਤਾਨ ਕਨਿੰਘਮ ਜੋ ਲੜਾਈ ਵਿਚ ਸ਼ਾਮਲ ਸੀ ਲਿਖਦਾ ਹੈ 'ਭਾਵੇਂ ਅੰਗ੍ਰੇਜ਼ਾਂ ਵਲੋਂ ਕਿਤਨੀ ਸਖਤ ਗੋਲਾ ਬਾਰੀ ਹੋ ਰਹੀ ਸੀ ਪਰ "ਗੁਰੂ ਗੋਬਿੰਦ ਸਿੰਘ ਦੇ ਕਿਸੇ ਸਿੱਖ ਨੇ ਪਨਾਹ ਨਹੀਂ ਮੰਗੀ" ਮੁਹੰਮਦ ਲਤੀਫ ਲਿਖਦਾ ਹੈ "ਸਰਦਾਰ ਨੇ ਆਪਣੇ ਆਪ ਨੂੰ ਗੁਰੂ ਦੀ ਭੇਟ ਕਰ ਦਿੱਤਾ" ਸ: ਸ਼ਾਮ ਸਿੰਘ ਦੀ ਅਦੁਤੀ ਬਹਾਦਰੀ ਦੇ ਕਾਰਨ "ਲਾਰਡ" ਹਾਰਡਿੰਗ ਆਦਿ ਅਫਸਰਾਂ ਨੇ ਉਨਾਂ ਦੀ ਲੋਥ ਚੁਕਣ ਦੀ ਇਜਾਜ਼ਤ ਦੇ ਦਿੱਤੀ ਸੀ । ਆਪ ਨਾਲ ਹੀ ਸ: ਮੇਵਾ ਸਿੰਘ ਮਜੀਠੀਆ ਬੜੀ ਬਹਾਦਰੀ ਨਾਲ ਲੜਦੇ ਸ਼ਹੀਦ ਹੋਏ ।

ਸ: ਸ਼ਾਮ ਸਿੰਘ ਜੀ ਦੀ ਲਾਸ਼ ਅਟਾਰੀ ਲਿਆਂਦੀ ਗਈ । ਤੇ ਪੂਰੀ ਫੌਜੀ ਸ਼ਾਨ ਨਾਲ ਆਪਦਾ ਅੰਤਮ ਸਸਕਾਰ ਕੀਤਾ ਗਿਆ । ਤੇ ਆਪਦੀ ਧਰਮ ਪਤਨੀ ਮਾਈ ਦਾਸੀ ਵਿਆਹ ਵਾਲੇ ਕਪੜੇ ਪਾਕੇ ਸਤੀ ਹੋ ਗਈ । ਪੰਜਾਬ ਵਿਚ ਇਹ ਆਖਰੀ ਸਤੀ ਸੀ । ਸਾਰੇ ਪੰਜਾਬ ਵਿਚ ਸ: ਸ਼ਾਮ ਸਿੰਘ ਜੀ ਦੀ ਮੌਤ ਦੀ ਖਬਰ ਸੁਣਕੇ ਸ਼ੋਕ ਦੇ ਕਾਲੇ ਬਦਲ ਛਾ ਗਏ । ਪੰਜਾਬੀਆਂ ਦੇ ਦਿਲ ਦਾ ਖੂਨ ਆਪਣੇ ਗਮਖਾਰ ਦੀ ਯਾਦ ਵਿਚ ਹੰਝੂ ਬਣਕੇ ਆਖੀਆਂ ਰਾਹੀਂ ਵਹਿ ਤੁਰਿਆ । ਪੰਜਾਬ ਦੇ ਉਸ ਸਮੇਂ ਦੇ ਪ੍ਰਸਿਧ ਕਵੀ ਸ਼ਾਹ ਮੁਹੰਮਦ ਆਪਣੀਆਂ ਕਵਿਤਾ ਦੀਆਂ ਇੰਨਾ ਲਾਈਨਾਂ ਰਾਹੀਂ ਸ: ਸ਼ਾਮ ਸਿੰਘ ਦਾ ਨਾਮ ਪੰਜਾਬੀ ਸਾਹਿੱਤਕ ਵਿਚ ਅਮਰ ਕਰ ਦਿੱਤਾ ।

'ਆਈਆਂ ਪਲਟਣਾਂ ਬੀੜਕੇ ਤੋਪਖਾਨੇ ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ ।' ਮੇਵਾ ਸਿੰਘ

Digitized by Panjab Digital Library | www.panjabdigilib.org

ਤੇ ਅਖੇ ਖਾਂ ਹੋਇ ਸਿੱਧੇ ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ। ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ। ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ।

## ਸੋਂਟੀ

ਸੋਂਟੀ ਦੇ ਸਰਦਾਰ ਇਹ ਨਿਸ਼ਾਨ ਵਾਲੀ ਮਿਸਲ ਵਿਚੋਂ ਜਾਗੀਰਦਾਰ ਸਰਦਾਰ ਹਨ। ਸੰਨ ੧੭੬੩ ਵਿਚ ਸ: ਸੰਗਤ ਸਿੰਘ, ਦਸੋਧਾ ਸਿੰਘ, ਜੈ ਸਿੰਘ, ਮੇਹਰ ਸਿੰਘ ਆਦਿਕਾਂ ਨੇ ਆਪਣੇ ਬਲ ਨਾਲ ਅੰਬਾਲਾ ਸਰਾਇ ਲਸ਼ਕਰ ਖਾਨ, ਸ਼ਾਹਾਬਾਦ, ਦੋਰਾਹਾ, ਲੱਧੜਾ, ਸੋਂਟੀ ਆਦਿ ਪੁਰ ਕਬਜ਼ਾ ਕਰਕੇ ਆਪਣੀ ਹਕੂਮਤ ਥਾਪੀ। ਹੁਣ ਲੱਧੜਾ ਜ਼ਿਲਾ ਲੁਧਿਹਾਣਾ ਵਿਚ ਅਤੇ ਸੋਂਟੀ ਤਹਿਸੀਲ ਅਮਲੋਹ (ਪੈਪਸੂ) ਵਿਚ ਹੈ।

## ਸਨਮਾਨ ਯੋਗ ਬਾਬਾ ਸਾਹਿਬ ਸਿੰਘ ਜੀ ਬੇਦੀ

ਸਤਿਕਾਰ ਯੋਗ ਪਿਤਾ ਬਾਬਾ ਜੀਤ ਸਿੰਘ ਜੀ ਦੇ ਗ੍ਰਹ ਭਾਗ ਲਾਉਣ ਵਾਲੇ ਖਾਲਸਾ ਰਾਜ ਦੇ ਅਡੋਲ ਥੰਮ ਹੋਏ ਹਨ ਰਾਜਾ ਉਮੇਦ ਸਿੰਘ ਸਰਦਾਰ ਗੁਰਦਿਤ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਸੁਭਾਗ ਤਿੰਨ ਪੁਤ੍ਰ ਬਾਬਾ ਬਿਸ਼ਨ ਸਿੰਘ, ਬਾਬਾ ਤੇਗ ਸਿੰਘ, ਬਾਬਾ ਬਿਕ੍ਰਮਾ ਸਿੰਘ ਆਪ ਭਾਵੇਂ ਸਾਰਿਆਂ ਤੋਂ ਛੋਟੇ ਸਨ ਪਰ ਗੁਣਾਂ ਕਰਕੇ ਸਭ ਨਾਲੋਂ ਜ਼ਿਆਦਾ ਸਤਿਕਾਰੇ ਜਾਂਦੇ ਸਨ। ਬਾਬਾ ਬਿਸ਼ਨ ਸਿੰਘ ਨੂੰ ਮਹਾਰਾਜਾ ਸਾਹਿਬ ਨੇ ਗੁਣਾਂ ਦੀ ਕਦਰ ਪਾਂਦਿਆਂ ਕਈ ਹਜ਼ਾਰ ਦੀ ਜਾਗੀਰ ਦਿਤੀ ਹੋਈ ਸੀ ਬੇਦੀ ਬੰਸ ਹੋਣ ਕਰਕੇ ਅਤੇ ਏਸ ਘਰਾਣੇ ਨੂੰ ਗੁਰੂ ਨਾਨਕ ਨਾਮ ਲੇਵਾ ਸਦਾ ਹੀ ਸਤਿਕਾਰ ਨਾਲ ਤਕਦੇ ਹਨ, ਪਰ ਇਹ ਬੇਦੀ ਘਰਾਣਾ ਰਾਜ ਜੋਗ ਵਿਚ ਵਧ ਚੜ ਕੇ ਹਿਸਾ ਲਿਆ ਤੇ ਲੈਂਦੇ ਹਨ ਏਸੇ ਘਰਾਣੇ ਦੇ ਬਹੁਮੁਲੇ ਫੁਲ ਬਾਬਾ ਖੇਮ ਸਿੰਘ ਜੀ ਮਹਾਨ ਹਸਤੀ ਜਿਨ੍ਹਾਂ ਨੇ ਪੋਠੋਹਾਰ ਤੇ ਸਰਹਦੀ ਸੂਬੇ ਵਿਚ ਗੁਰਸਿਖੀ ਦੇ ਪ੍ਰਚਾਰ ਤੇ ਇਸਤ੍ਰੀ ਜਾਤੀ ਵਿਚ ਵਿਦਿਆ ਫੈਲਾਉਣ ਵਾਸਤੇ ਸੈਂਕੜਿਆਂ ਦੀ ਗਿਣਤੀ ਵਿਚ ਸਕੂਲ ਜਾਰੀ ਕਰਵਾਏ ਜੋ ਆਪ ਦੀਆਂ ਸਦਾ ਅਟਲ ਯਾਦਾਂ ਰਹਿੰਦੀ ਦੁਨੀਆਂ ਤਕ ਚਮਕਦੀਆਂ ਰਹਿਣਗੀਆਂ।

## ਭਾਈ ਸਹਜਾ ਸਿੰਘ ਜੀ ਮਸਤਾਨਾ

ਪਿੰਡ ਅਖਾੜਾ ਜ਼ਿਲਾ ਲੁਧਿਹਾਣਾ ਵਿਖੇ ਇਕ ਬ੍ਰਹਮ ਗਿਆਨੀ ਮਸਤਾਨਾ ਸਹਜਾ ਸਿੰਘ ਜੀ ੧੯ਵੀਂ ਸਦੀ ਦੇ ਮੱਧ ਵਿਚ ਵਰਤਮਾਨ ਸਨ। ਆਪ ਏਸੇ ਪਿੰਡ ਦੇ ਸਿੱਧੂ ਜ਼ਿਮੀਂਦਾਰ ਸਨ, ਜਿਨ੍ਹਾਂ ਨੇ ਦਮਦਮੇ ਸਾਹਿਬ ਤੋਂ ਅੰਮ੍ਰਿਤ ਛਕ ਕੇ ਕਿਸੇ ਸਿਖ ਰਾਜੇ ਦੀ ਫੌਜ ਵਿਚ ਕੁਝ ਦਿਨ ਨੌਕਰੀ ਭੀ ਕੀਤੀ, ਪਰ ਛੇਤੀ ਹੀ ਨਾਮ ਕਟਾ ਕੇ ਅਤੇ ਘਰ ਬਾਰ ਸਭ ਤਿਆਗ ਕੇ ਇਕ ਦਰਖਤ ਤੇ ਮਨ੍ਹਾ ਬਣਾ ਕੇ ਦਿਨ ਕਟੀ ਕਰਨ ਲਗੇ, ਜੰਗਲ ਪਾਣੀ ਜਾਣ ਲਈ ਉਪਰੋਂ ਆਥਣ ਸਵੇਰ ਉਤਰਦੇ, ਜਾਂ ਇਕ ਵੇਲੇ ਅੰਨ ਪਾਣੀ ਛਕਣ ਲਈ ਉਤਰਦੇ ਸਨ, ਅਤੇ ਸਭ ਨਾਲ ਖੁਸ਼ੀ ਹੋ ਕੇ, ਪਰ ਥੋੜੀ ਗਲ ਬਾਤ ਕਰਦੇ। ਸਾਰਾ ਸਮਾਂ ਅਖੰਡਕਾਰ ਬਾਣੀ ਪੜ੍ਹਨ ਅਤੇ ਭਜਨ ਕਰਨ ਵਿਚ ਬਤੀਤ ਕਰਦੇ

Digitized by Panjab Digital Library | www.panjabdigilib.org

ਸਨ ਉਨ੍ਹਾਂ ਦਾ ਖਾਸ ਕੰਮ ਇਹ ਸੀ ਕਿ ਅਖਾੜੇ ਤੋਂ ਲੈ ਕੇ ਜਗਰਾਵਾਂ ਦੀ ਤਸੀਲ ਤਕ ਜੋ ਕੱਚੀ ਸੜਕ ਤਿਹਾੜੇ ਤੋਂ ਰਾਇਕੋਟ ਨੂੰ ਜਾਂਦੀ ਸੀ, ਉਹਦੇ ਉਪਰੋਂ ਰੋੜਾ ਤੇ ਕੰਡਾ-ਕਾਠ ਦੋ ਬਾਰ ਹਰ ਰੋਜ਼ ਚੁਗਦੇ ਸਨ, ਜੋ ੧੦ ਮੀਲ ਆਉਣਾ ਜਾਣਾ ਪੈ ਜਾਂਦਾ ਸੀ। ਨਾਲੇ ਆਉਂਦੇ ਜਾਂਦੇ ਰਾਹੀਆਂ ਨੂੰ ਉਪਦੇਸ਼ ਦਿਤੇ ਬਿਨਾ ਜਾਣ ਨਹੀਂ ਦਿੰਦੇ ਸਨ। ਜੇ ਕੋਈ ਪੁਛੇ ਕਿ ਬਾਬਾ ਜੀ! ਇਹ ਕੰਮ ਕਾਹਦੇ ਲਈ ਕਰਦੇ ਹੋ? ਤਾਂ ਪ੍ਰੇਮ ਨਾਲ ਦਿਲ ਭਰਕੇ ਉਤਰ ਦਿੰਦੇ ਕਿ ਭਾਈ ਮੇਰਾ ਸਤਿਗੁਰੂ ਨਾਨਕ ਦੇਵ ਏਨ੍ਹੀਂ ਪੈਰੀਂ ਏਥੋਂ ਦੀ ਲੰਘਿਆ ਹੈ, ਮੈਂ ਏਸ ਕਰਕੇ ਇਸ ਰਾਹ ਨੂੰ ਪੂਜਣ ਯੋਗ ਸਮਝ ਕੇ ਏਸ ਤੇ ਬਲਿਹਾਰ ਜਾਂਦਾ ਹਾਂ। ਕਨਿੰਘਮ ਸਾਹਿਬ ਲਿਖਦੇ ਹਨ ਕਿ ਮੈਂ ਇਕ ਬ੍ਰਿਧ ਸਿੰਘ ਨੂੰ ਜਗਰਾਵਾਂ ਕੋਲ ਲੁਧਿਹਾਣਾ–ਫੀਰੋਜ਼ਪੁਰ ਵਾਲੀ ਸੜਕ ਦੇ ਉਸ ਟੁਕੜੇ ਤੇ ਦੇਖਿਆ, ਜਿਸ ਵਿਚ ਦੱਖਣ ਤੋਂ ਆ ਕੇ ਉਤਰ ਵਲ ਨੂੰ ਜਾਣ ਵਾਲੇ ਕੱਚ ਟੋਟੇ ਦਾ ਸੰਗਮ (ਅਜ ਕਲ ਦੀ ਤਹਸੀਲ) ਸੀ। ਮੈਂ ਉਸ ਬ੍ਰਿਧ ਨੂੰ ਪੁਛਿਆ ਕਿ ਬਾਬਾ! ਇਹ ਕੰਮ ਕਰਨ ਦਾ ਤੇਰਾ ਕੀ ਮਤਬਲ ਹੈ? ਤਾਂ ਉਸ ਨੇ ਬੜੇ ਪ੍ਰੇਮ ਨਾਲ ਫਤੇ ਬੁਲਾ ਕੇ ਆਖਿਆ ਕਿ– "ਏਥੋਂ ਦੇ ਮੇਰੇ ਦਾਤਾ ਗੁਰੂ ਨਾਨਕ ਦੇਵ ਜੀ ਲੰਘੇ ਸਨ, ਮੈਂ ਉਨ੍ਹਾਂ ਦੇ ਚਰਨਾਂ ਤੇ ਬਲਿਹਾਰ ਜਾਂਦਾ ਹੋਇਆ ਉਹ ਦੀ ਪਰਜਾ ਦੇ ਸੁਖ ਲਈ ਇਸ ਰਾਹ ਦੀ ਸਫਾਈ ਦੀ ਸੇਵਾ ਕਰਦਾ ਹਾਂ," ਜਦ ਫਾਸਲਾ ਪੁਛਿਆ ਤਾਂ ਪਤਾ ਲੱਗਾ ਕਿ "ਹਰ ਰੋਜ਼ ਦਸ ਮੀਲ ਤਕ ਇਹ ਸੇਵਾ ਹੁੰਦੀ ਹੈ" ਇਹ ਸੁਣ ਕੇ ਮੈਂ ਚਕ੍ਰਿਤ ਰਹਿ ਗਿਆ।

ਲੋਕੀਂ ਇਉਂ ਦਸਦੇ ਹੁੰਦੇ ਕਿ ਆਪ ਨੇ ਕਈਆਂ ਨੂੰ ਜੋ ਭਵਿਖਤ ਵਾਕ ਭੀ ਸੁਤੇ ਹੀ ਆਖੇ, ਉਹ ਸੱਚੇ ਹੁੰਦੇ ਰਹੇ। ਲਾਹੌਰ ਦੇ ਘਰ ਦੀ ਬਰਬਾਦੀ ਉਨ੍ਹਾਂ ਨੇ ੧੫ ਵਰ੍ਹੇ ਅਗੋਂ ਦੱਸੀ ਸੀ, ਜਦ ਮਹਾਰਾਜਾ ਰਣਜੀਤ ਸਿੰਘ ਦੇ ਦਿਨ ਚੜ੍ਹਦੀ ਕਲਾ ਵਿਚ ਸਨ। ਆਪ ਸੌ ਬਰਸ ਉਮਰ ਆਯੂ ਭੋਗ ਕੇ ੧੮੫੨ ਈ: ਦੀ ਬੰਦੋਬਸਤ ਵਿਚ ਗੁਜ਼ਰੇ।

ਸ: ਹਰੀ ਸਿੰਘ ਜੀ ਨਲੂਆ ਸਰਹੱਦਾਂ ਦੀ ਰਾਖੀ ਕਰਦੇ ਹੋਇ ਸ਼ਹੀਦ ਹੋ ਗਏ। ਮਹਾਰਾਜਾ ਰਣਜੀਤ ਸਿੰਘ ਜੀ ਭੀ ਅਕਾਲ ਪੁਰਖ ਦੇ ਭਾਣੇ ਵਿਚ ਇਸ ਅਸਾਰ ਸੰਸਾਰ ਤੋਂ ਚਾਲੇ ਪਾ ਗਏ। ਖਾਲਸਾ ਦਰਬਾਰ ਵਿਚ ਹੁਣ ਰਹਿ ਗਏ ਗਦਾਰ ਡੋਗਰੇ ਤੇ ਆਚਰਨ ਹੀਣ ਉਹ ਸਰਦਾਰ ਜਿਨ੍ਹਾਂ ਨੇ ਇਕ ਦੂਜੇ ਨਾਲ ਲੜ ਝਗੜ ਕੇ ਸਿੱਖ ਰਾਜ ਨੂੰ ਤਬਾਹ ਕਰ ਦਿੱਤਾ। ਹਕੂਮਤ ਦਾ ਨਸ਼ਾ ਬੁਰੀ ਬਲਾ ਹੈ। ਸਿੱਖ ਸਰਦਾਰ ਇਸ ਨਸ਼ੇ ਵਿਚ ਚੂਰ ਹੋਇ। ਇਹ ਗੱਲ ਭੁਲ ਗਏ ਕਿ ਵਿਸ਼ਾਲ ਖਾਲਸਾ ਰਾਜ ਕਾਇਮ ਕਰਨਾ ਉਤਨਾ ਕਠਨਾ ਨਹੀਂ ਜਿੱਤਨਾ ਉਸ ਨੂੰ ਕਾਇਮ ਰਖਣਾ ਹੈ। ਖ਼ਾਸ ਕਰਕੇ ਇਹੋ ਜਿਹੇ ਹਾਲਾਤ ਵਿਚ ਜਦੋਂ ਅੰਗ੍ਰੇਜ਼ਾਂ ਵਰਗੀ ਕੂਟ ਨੀਤੀ ਦੀ ਮਾਹਰ ਸਰਕਾਰ ਸਾਰੇ ਹਿੰਦੋਸਤਾਨ ਵਿਚ ਫੈਲ ਚੁਕੀ ਹੋਵੇ। ਅਤੇ ਉਹ ਖਾਲਸਾ ਰਾਜ ਨੂੰ ਤਬਾਹ ਕਰਨ ਦੀਆਂ ਚਾਲਾਂ ਚਲ ਰਹੀ ਹੋਵੇ।

ਅੰਗ੍ਰੇਜ਼ੀ ਸਰਕਾਰ ਨੇ ਆਪਣੀਆਂ ਕੁਟਲ ਚਾਲਾਂ ਨਾਲ ਖਾਲਸਾ ਦਰਬਾਰ ਵਿਚ ਫੁਟ ਪਾ ਦਿੱਤ ਅਤੇ ਡੋਗਰਿਆਂ ਨੂੰ ਅਪਣੇ ਹੱਥ ਵਿਚ ਲੈਕੇ ਇਹੋ ਜਿਹੀਆਂ ਚਾਲਾਂ ਚਲੀਆਂ ਕਿ ਖਾਲਸਾ ਦਰਬਾਰ ਸਾਜ਼ਸ਼ਾਂ ਦਾ ਅਖਾੜਾ ਬਣ ਗਿਆ। ਸਿੱਖ ਸਰਦਾਰ ਦੁਸ਼ਮਨ ਦੀਆਂ ਚਾਲਾਂ ਨੂੰ ਨਾ ਸਮਝ ਸਕੇ। ਉਸ ਸਮੇਂ ਦੇ ਪ੍ਰਸਿੱਧ ਇਤਹਾਸ ਲਿਖਾਰੀ ਇਸ ਗੱਲ ਪਰ ਇਕ ਮੱਤ ਹਨ ਕਿ ਖਾਲਸਾ ਫੌਜ ਹਾਰਨ ਦਾ ਨਾਂ ਭੀ ਨਹੀਂ ਜਾਣਦੀ ਸੀ ਅਤੇ ਜੇ ਲਾਹੌਰ ਦਰਬਾਰ ਵਿਚ ਫੁਟ ਨਾ ਪੈਂਦੀ ਅਤੇ ਤਾਕਤ

Digitized by Panjab Digital Library | www.panjabdigilib.org

ਦੀ ਸਹੀ ਵਰਤੋਂ ਕੀਤੀ ਜਾਂਦੀ ਤਾਂ ਦੁਨੀਆਂ ਦੀ ਕੋਈ ਤਾਕਤ ਸਿੱਖ ਰਾਜ ਨੂੰ ਖਤਮ ਨਹੀਂ ਕਰ ਸਕਦੀ ਸੀ। ਸਿੱਖਾਂ ਵਿਚ ਤਾਕਤ ਬਹੁਤ ਸੀ ਪ੍ਰੰਤੂ ਉਹ ਰਾਜਨੀਤਕ ਤੌਰ ਪਰ ਸਿਆਣੇ ਨਹੀਂ ਸਨ। ਉਨਾਂ ਦੀ ਤਾਕਤ ਨੂੰ ਉਨ੍ਹਾਂ ਦੇ ਸਰਦਾਰ ਹੀ ਖਤਮ ਕਰਨ ਪਰ ਤੁਲ ਹੋਇ ਸਨ।

ਡੋਗਰੇ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਖਾਲਸਾ ਦਰਬਾਰ ਨੂੰ ਖੇਰੂ ਖੇਰੂ ਕਰ ਦਿਤਾ ਅਤੇ ਇਤਨੀਆਂ ਭੈੜੀਆਂ ਚਾਲਾਂ ਚਲੀਆਂ ਕਿ ਮਹਾਰਾਜਾ ਰਣਜੀਤ ਸਿੰਘ ਦਾ ਖਾਨਦਾਨ ਅਤੇ ਸਿਖ ਸਰਦਾਰ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ। ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿਛੋਂ ਜਦ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਤਖਤ ਦਾ ਵਾਰਸ ਪਰਵਾਨ ਕੀਤਾ ਗਿਆ ਤੇ ਇਨ੍ਹਾਂ ਦਾ ਮਾਮਾ ਸ: ਜਵਾਹਰ ਸਿੰਘ ਵਜ਼ੀਰੇ ਆਜ਼ਿਮ ਬਣ ਗਿਆ ਤਾਂ ਇਸ ਹੈਂਕੜ ਵਿਚ ਆਕੇ ਰਹੀ ਸਹੀ ਏਕਤਾ ਭੀ ਖਤਮ ਕਰ ਦਿਤੀ। ਆਪਣੇ ਵਿਰੋਧੀਆਂ ਨੂੰ ਇਸਨੇ ਚੁਣ ਚੁਣ ਕੇ ਮਾਰਿਆ ਜਿਸਦਾ ਫਲ ਇਹ ਹੋਇਆ ਕਿ ਫੌਜੀ ਪੈਂਚ ਇਸਦੇ ਸਖਤ ਵਿਰੁਧ ਹੋ ਗਏ। ਇਹ ਬੜਾ ਅਯਾਸ਼ ਤੇ ਆਪ ਹੁਦਰਾ ਅਫ਼ਸਰ ਸੀ। ਫੌਜੀ ਪੰਚਾਂ ਨੇ ਇਸ ਨੂੰ ਮਾਰਨ ਦਾ ਫੈਸਲਾ ਕਰ ਲਿਆ। ਧਿਆਨ ਸਿੰਘ ਡੋਗਰੇ ਦੇ ਮਰਨ ਪਿਛੋਂ ਗੁਲਾਬ ਸਿੰਘ ਸਿਖ ਰਾਜ ਨੂੰ ਤਬਾਹ ਕਰਨ ਦੀਆਂ ਚਾਲਾਂ ਚਲ ਰਿਹਾ ਸੀ। ਇਸਨੇ ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਨੂੰ ਆਪਣੇ ਨਾਲ ਮਿਲਾ ਲਿਆ। ਇਨ੍ਹਾਂ ਤਿੰਨਾਂ ਨੇ ਮਿਲਕੇ ਇਹ ਫੈਸਲਾ ਕੀਤਾ ਕਿ ਖਾਲਸਾ ਫੌਜਾਂ ਦੀ ਅਜਿੱਤ ਸ਼ਕਤੀ ਨੂੰ ਤਬਾਹ ਕੀਤਾ ਜਾਵੇ ਤਾਂ ਕਿ ਉਹ ਸਾਡੇ ਵਿਰੁਧ ਹੋਕੇ ਕਿਧਰੇ ਸਾਨੂੰ ਹੀ ਨਾ ਮਾਰ ਛਡੇ। ਗੁਲਾਬ ਸਿੰਘ ਨੇ ਲਾਲ ਸਿੰਘ ਨੂੰ ਵਡਾ ਵਜ਼ੀਰ ਬਨਾਉਣ ਦਾ ਲਾਲਚ ਦਿਤਾ ਅਤੇ ਤੇਜਾ ਸਿੰਘ ਨੂੰ ਮੁਖ ਸੈਨਾਪਤੀ ਬਨਾਉਣ ਦਾ। ਇਸ ਤ੍ਰਿਗੁੱਟੀ ਨੇ ਰਲਕੇ ਸਿਖ ਫੌਜਾਂ ਨੂੰ ਅੰਗਰੇਜ਼ਾਂ ਵਿਰੁਧ ਭੜਕਾਉਣਾ ਸ਼ੁਰੂ ਕੀਤਾ। ਸ: ਜਵਾਹਰ ਸਿੰਘ ਮਹਾਰਾਣੀ ਜਿੰਦਾਂ ਦਾ ਭਰਾ ਸੀ। ਉਸ ਵਿਰੁਧ ਫੌਜੀਆਂ ਨੂੰ ਭੜਕਾ ਕੇ ਉਸਨੂੰ ਕਤਲ ਕਰਵਾ ਦਿਤਾ। ਸ: ਜਵਾਹਰ ਸਿੰਘ ਦੀ ਮੌਤ ਦਾ ਮਹਾਰਾਣੀ ਜਿੰਦਾਂ ਪਰ ਬਹੁਤ ਬੁਰਾ ਅਸਰ ਹੋਇਆ।

ਉਹ ਸਮਝਦੀ ਸੀ ਕਿ ਮਹਾਰਾਜਾ ਦਲੀਪ ਸਿੰਘ ਦੇ ਜੁਆਨ ਹੋਣ ਤਕ ਸ: ਜਵਾਹਰ ਸਿੰਘ ਖਾਲਸਾ ਦਰਬਾਰ ਨੂੰ ਚਲਾ ਸਕੇਗਾ ਤੇ ਸਿਖ ਦਰਬਾਰ ਵਿਚ ਪਈ ਹੋਈ ਫੁਟ ਨੂੰ ਦੂਰ ਕਰਕੇ ਉਹ ਐਸੇ ਹਾਲਾਤ ਪੈਦਾ ਕਰ ਦੇਵੇ ਕਿ ਮਹਾਰਾਜਾ ਦਲੀਪ ਸਿੰਘ ਦਾ ਤਾਜ ਤੇ ਤਖਤ ਸੁਰੱਖਯਤ ਰਹਿ ਸਕੇ ਪ੍ਰੰਤੂ ਸ: ਜਵਾਹਰ ਸਿੰਘ ਵਿਚ ਇਹ ਯੋਗਤਾ ਨਹੀਂ ਸੀ। ਈਰਖਾਵਾਦੀ ਸਿਖ ਸਰਦਾਰਾਂ ਨੂੰ ਨੀਤੀ ਨਾਲ ਆਪਣੇ ਵਸ ਵਿਚ ਕਰਨ ਦੀ ਥਾਂ ਉਹ ਸਖਤੀ ਨਾਲ ਸਾਰਾ ਕੰਮ ਕਰਨਾ ਚਾਹੁੰਦਾ ਸੀ।

ਇਸਦਾ ਨਤੀਜਾ ਉਸਦੇ ਉਲਟ ਨਿਕਲਿਆ। ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਦੀ ਚੁਕ ਵਿਚ ਆਕੇ ਫੌਜੀ ਅਫਸਰਾਂ ਨੇ ਉਸਨੂੰ ਕਤਲ ਕਰ ਦਿਤਾ। ਇਸਦਾ ਮਹਾਰਾਣੀ ਜਿੰਦਾਂ ਪਰ ਇਹ ਅਸਰ ਹੋਇਆ ਕਿ ਉਸਨੇ ਕਿਹਾ ਜਿਨ੍ਹਾਂ ਫੌਜੀ ਪੰਚਾਂ ਨੇ ਮੇਰਾ ਭਰਾ ਮਾਰਿਆ ਹੈ ਉਨ੍ਹਾਂ ਨੂੰ ਤਬਾਹ ਕਰਾਏ ਬਿਨਾਂ ਮੈਂ ਭੀ ਚੈਨ ਨਾਲ ਨਹੀਂ ਬੈਠਾਂਗੀ। ਸਿਖ ਰਾਜ ਦੇ ਦੁਸ਼ਮਨ ਤਾਂ ਇਹੋ ਗਲ ਚਾਹੁੰਦੇ ਸਨ ਕਿ ਮਹਾਰਾਣੀ ਫੌਜੀ ਪੰਚਾਂ ਦੇ ਵਿਰੁਧ ਹੋ ਜਾਵੇ ਤੇ ਖਾਲਸਾ ਫੌਜ ਨੂੰ ਅੰਗਰੇਜ਼ਾਂ ਨਾਲ ਲੜਾਕੇ ਬਰਬਾਦ ਕਰ ਦਿਤਾ ਜਾਵੇ।

Digitized by Panjab Digital Library | www.panjabdigilib.org

ਇਕ ਦਿਨ ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਮਹਾਰਾਣੀ ਨੂੰ ਇਸ ਗਲ ਲਈ ਤਿਆਰ ਕਰ ਲਿਆ ਕਿ ਅੰਗਰੇਜ਼ਾਂ ਵਿਰੁਧ ਲੜਾਈ ਕੀਤੀ ਜਾਵੇ। ਫੌਜਾਂ ਵਿਚ ਅੰਗਰੇਜ਼ਾਂ ਵਿਰੁਧ ਬਹੁਤ ਭੜਕਾਊ ਪਰਚਾਰ ਕੀਤਾ ਗਿਆ। ਜਿਸਦਾ ਫਲ ਇਹ ਹੋਇਆ ਕਿ ਜੋਸ਼ੀਲੇ ਫੌਜੀ ਸਿਖ ਸਰਦਾਰ ਇਸ ਗਲ ਪਰ ਜ਼ੋਰ ਦੇਣ ਲਗ ਪਏ ਕਿ ਅੰਗਰੇਜ਼ਾਂ ਵਿਰੁਧ ਛੇਤੀ ਐਲਾਨ ਜੰਗ ਕੀਤਾ ਜਾਵੇ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਜਰਨੈਲ ਸਾਨੂੰ ਤਬਾਹ ਕਰਨਾ ਚਾਹੁੰਦੇ ਹਨ ਅਤੇ ਉਹ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਹਨ। ਡੋਗਰਾ ਗੁਲਾਬ ਸਿੰਘ ਅੰਗਰੇਜ਼ਾਂ ਨਾਲ ਚਿਠੀ ਪਤਰ ਕਰਦਾ ਰਿਹਾ ਕਿ ਮੈਂ ਸਿਖ ਰਾਜ ਨੂੰ ਤਬਾਹ ਕਰਨਾ ਚਾਹੁੰਦਾ ਹਾਂ। ਆਪ ਮੈਨੂੰ ਕਸ਼ਮੀਰ ਦਾ ਸੁਤੰਤਰ ਰਾਜਾ ਬਨਾਉਣਾ ਪਰਵਾਨ ਕਰੋ। ਅੰਗਰੇਜ਼ ਇਹੋ ਗਲ ਚਾਹੁੰਦੇ ਸਨ। ਇਸ ਕਰਕੇ ਗੁਲਾਬ ਸਿੰਘ, ਲਾਲ ਸਿੰਘ ਤੇ ਤੇਜਾ ਸਿੰਘ ਨੇ ਅੰਗ੍ਰੇਜ਼ਾਂ ਦੇ ਇਸ਼ਾਰੇ ਪਰ ਨਚਦੇ ਹਏ ਸਿਖ ਫੌਜਾਂ ਵਿਚ ਭੜਕਾਊ ਪਰਚਾਰ ਕਰਕੇ ਉਨ੍ਹਾਂ ਨੂੰ ਅੰਗਰੇਜ਼ਾਂ ਵਿਰੁਧ ਲੜਨ ਲਈ ਉਭਾਰਿਆ।

ਇਕ ਦਿਨ ਇਸ ਗਲ ਤੇ ਵਿਚਾਰ ਕਰਨ ਲਈ ਦਰਬਾਰ ਸਜਾਇਆ ਗਿਆ ਕਿ ਅੰਗ੍ਰੇਜ਼ ਸਿੱਖ ਰਾਜ ਨੂੰ ਖਤਮ ਕਰਨ ਲਈ ਜੋ ਚਾਲਾਂ ਚਲ ਰਹੇ ਹਨ ਉਨ੍ਹਾਂ ਦਾ ਕੀ ਉਤ੍ਰ ਦਿਤਾ ਜਾਵੇ। ਇਸ ਦਰਬਾਰ ਵਿਚ ਭੀ ਫੌਜੀ ਅਫਸਰਾਂ ਨੂੰ ਭੜਕਾਉਣ ਵਾਲੀਆਂ ਤਕਰੀਰਾਂ ਕੀਤੀਆਂ ਗਈਆਂ। ਦੀਵਾਨ ਦੀਨਾ ਨਾਥ ਉਸ ਸਮੇਂ ਦਾ ਬਹੁਤ ਜੋਸ਼ੀਲਾ ਬੁਲਾਰਾ ਸੀ ਇਸ ਕਰਕੇ ਉਸ ਨੂੰ ਤਕਰੀਰ ਕਰਨ ਲਈ ਕਿਹਾ ਗਿਆ। ਉਸ ਨੇ ਇਤਨੀ ਭੜਕਾਊ ਤਕਰੀਰ ਕੀਤੀ ਕਿ ਸਿਖ ਸਰਦਾਰ ਆਪੇ ਤੋਂ ਬਾਹਰ ਹੋ ਗਏ। ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ। ਅਤੇ "ਅੰਗਰੇਜ਼ਾਂ ਵਿਰੁਧ ਜੰਗ ਆਰੰਭ ਕਰੋ" ਦੀਆਂ ਆਵਾਜ਼ਾਂ ਆਉਣ ਲਗ ਪਈਆਂ।

ਭੋਲੇ ਭਾਲੇ ਸਿੱਖਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਆਗੂ ਉਨ੍ਹਾਂ ਨੂੰ ਬਰਬਾਦ ਕਰਨ ਵਾਸਤੇ ਇਹ ਡਰਾਮਾ ਖੇਲ ਰਹੇ ਹਨ। ਉਨ੍ਹਾਂ ਦਾ ਖਿਆਲ ਸੀ ਕਿ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਰੁਧ ਚਾਲਾਂ ਚਲ ਰਹੇ ਹਨ ਇਸ ਕਰਕੇ ਉਨ੍ਹਾਂ ਨੂੰ ਕਟਲ ਚਾਲਾਂ ਦਾ ਸਵਾਦ ਚਖਾਉਣਾ ਹੀ ਚਾਹੀਦਾ ਹੈ। ਉਸ ਸਮੇਂ ਜਿਹੜਾ ਆਦਮੀ ਅੰਗਰੇਜ਼ਾਂ ਵਿਰੁਧ ਆਵਾਜ਼ ਉਠਾਉਂਦਾ ਉਹ ਖਾਲਸੇ ਦਾ ਸ਼ੁਭਚਿੰਤਕ ਸਮਝਿਆ ਜਾਂਦਾ ਅਤੇ ਜਿਸ ਸਰਦਾਰ ਨੂੰ ਕਤਲ ਕਰਾਉਣਾ ਹੁੰਦਾ ਉਸ ਨੂੰ ਅੰਗ੍ਰੇਜ਼ਾਂ ਦਾ ਪਿੱਠੂ ਪ੍ਰਗਟ ਕੀਤਾ ਜਾਂਦਾ। ਕਾਸ਼ ਕਿ ਸਿਖਾਂ ਨੂੰ ਇਹ ਪਤਾ ਲਗ ਜਾਂਦਾ ਕਿ ਗੁਲਾਬ ਸਿੰਘ, ਲਾਲ ਸਿੰਘ ਤੇ ਤੇਜਾ ਸਿੰਘ ਗੱਦਾਰ ਹਨ ਅਤੇ ਇਹ ਸਾਨੂੰ ਗੁਲਾਮੀ ਦੇ ਐਸੇ ਰਸਾਤਲ ਵਿਚ ਸੁਟਣਾ ਚਾਹੁੰਦੇ ਹਨ ਜਿਸ ਵਿਚੋਂ ਸਾਡੀ ਕੌਮ ਸਦੀਆਂ ਤੱਕ ਨਹੀਂ ਉਠ ਸਕੇਗੀ। ਇਹ ਚਾਲਾਕ ਅਫਸਰ ਅੰਗਰੇਜ਼ਾਂ ਵਿਰੁਧ ਇਹੋ ਜਿਹੀਆਂ ਭੜਕਾਊ ਗਲਾਂ ਕਰਦੇ ਸਨ ਕਿ ਉਨ੍ਹਾਂ ਪਰ ਸ਼ੱਕ ਕਰਨਾ ਕਠਨ ਹੋ ਜਾਂਦਾ ਸੀ।

ਲੜਾਈਆਂ ਆਰੰਭ ਹੋਣ ਦਾ ਕਾਰਣ ਕੇਵਲ ਖਾਲਸਾ ਦਰਬਾਰ ਦੇ ਮੁਖੀਆਂ ਦਾ ਇਰਾਦਾ ਹੀ ਨਹੀਂ ਸੀ ਸਗੋਂ ਅੰਗਰੇਜ਼ ਭੀ ਕਾਫੀ ਅਰਸੇ ਤੋਂ ਸਿਖ ਰਾਜ ਵਿਰੁਧ ਚਾਲਾਂ ਚਲ ਰਹੇ ਸਨ ਤੇ ਲੜਾਈ ਦੀਆਂ ਤਿਆਰੀਆਂ ਕਰ ਰਹੇ ਸਨ। ਉਨ੍ਹਾਂ ਨੇ ਫੀਰੋਜ਼ਪੁਰ ਤੇ ਲੁਧਿਹਾਣਾ ਦੀਆਂ ਛਾਉਣੀਆਂ ਵਿਚ ਬਹੁਤ ਸਾਰੀਆਂ ਫੌਜਾਂ ਇਕੱਠੀਆਂ ਕਰ ਲਈਆਂ ਸਨ ਅਤੇ ਖਾਲਸਾ ਦਰਬਾਰ ਵਿਰੁਧ ਕਈ

Digitized by Panjab Digital Library | www.panjabdigilib.org

ਵਧੀਕੀਆਂ ਕਰ ਚੁਕੇ ਸਨ । ਕੋਟਕਪੂਰੇ ਦਾ ਇਲਾਕਾ ਉਸ ਸਮੇਂ ਸਿਖ ਰਾਜ ਦੇ ਅਧੀਨ ਸੀ ਪ੍ਰੰਤੂ ਜਦ ਸਿੱਖ ਮਾਮਲਾ ਉਗਰਾਹੁਣ ਜਾਂਦੇ ਤਾਂ ਅੰਗਰੇਜ਼ ਅਫਸਰ ਉਨ੍ਹਾਂ ਨੂੰ ਰਾਹ ਵਿਚ ਤੰਗ ਕਰਦੇ ਸਨ । ਮੇਜਰ ਬਰਾਡ ਫੁਟ ਦੀ ਫੌਜ ਨੇ ਇਕ ਵੇਰ ਮਾਮਲਾ ਉਗ੍ਰਾਹ ਕੇ ਵਾਪਸ ਮੁੜ ਰਹੇ ਸਿੱਖ ਅਫਸਰਾਂ ਪਰ ਹਮਲਾ ਕਰ ਦਿਤਾ ਤੇ ਉਨ੍ਹਾਂ ਪਰ ਗੋਲੀਆਂ ਚਲਾਈਆਂ ।

ਲੁਧਿਹਾਣੇ ਦੇ ਨੇੜੇ ਕੁਝ ਪਿੰਡ ਸਿਖ ਰਾਜ ਦੇ ਸਨ ਜੋ ਅੰਗਰੇਜ਼ਾਂ ਨੇ ਧੱਕੇ ਨਾਲ ਆਪਣੇ ਰਾਜ ਵਿਚ ਮਿਲਾ ਲਏ ਅਤੇ ਮੇਜਰ ਬਰਾਡ ਫੁਟ ਨੇ ਬਹਾਨਾ ਇਹ ਲਗਾਇਆ ਕਿ ਅੰਗਰੇਜ਼ੀ ਇਲਾਕੇ ਦੇ ਅਪਰਾਧੀ ਇਨ੍ਹਾਂ ਪਿੰਡਾਂ ਵਿਚ ਆ ਕੇ ਛੁਪ ਜਾਂਦੇ ਹਨ । ਰਾਜਾ ਸੁਚੇਤ ਸਿੰਘ ਤੇ ਧਿਆਨ ਸਿੰਘ ਦਾ ੧੮ ਲਖ ਰੁਪਇਆ ਫੀਰੋਜ਼ਪੁਰ ਅੰਗਰੇਜ਼ੀ ਬੈਂਕ ਵਿਚ ਜਮ੍ਹਾ ਸੀ ਜੋ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ । ਇਨ੍ਹਾਂ ਗਲਾਂ ਤੋਂ ਸਿੱਧ ਹੁੰਦਾ ਹੈ ਕਿ ਅੰਗਰੇਜ਼ ਉਨ੍ਹਾਂ ਸੰਧੀਆਂ ਦੀਆਂ ਧਜੀਆਂ ਉਡਾ ਰਹੇ ਸਨ ਜੋ ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਵਿਚਕਾਰ ਹੋਈਆਂ ਸਨ । ਇਸ ਸਮੇਂ ਤਾਂ ਅੰਗਰੇਜ਼ ਕੇਵਲ ਬਹਾਨੇ ਹੀ ਲਭਦੇ ਸਨ ਕਿ ਕਦੋਂ ਸਿੱਖ ਰਾਜ ਨਾਲ ਲੜ ਕੇ ਉਸ ਨੂੰ ਆਪਣੇ ਅਧੀਨ ਕੀਤਾ ਜਾਵੇ । ਉਨ੍ਹਾਂ ਨੂੰ ਪਤਾ ਸੀ ਕਿ ਸਿਖ ਫੌਜਾਂ ਦੇ ਆਗੂ ਗਦਾਰ ਹਨ ਇਸ ਕਰਕੇ ਉਨ੍ਹਾਂ ਦਾ ਜਿਤਣਾ ਮੁਸ਼ਕਲ ਨਹੀਂ ਹੈ ।

ਅੰਗਰੇਜ਼ਾਂ-ਦੀਆਂ ਆਪਣੀਆਂ ਲਿਖਤਾਂ ਵਿਚੋਂ ਹੀ ਬੇਅੰਤ ਹਵਾਲੇ ਦਿਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਸਿਧ ਹੋ ਜਾਂਦਾ ਹੈ ਲੜਾਈਆਂ ਆਰੰਭ ਕਰਨ ਦੇ ਹਾਲਾਤ ਖੁਦ ਅੰਗਰੇਜ਼ਾਂ ਨੇ ਪੈਦਾ ਕੀਤੇ । ਪਰੰਤੂ ਚਾਲਾਕੀ ਨਾਲ ਉਹਨਾਂ ਨੇ ਪਿਛੋਂ ਇਹ ਗੱਲ ਪ੍ਰਗਟ ਕੀਤੀ ਕਿ ਲੜਾਈ ਦਾ ਆਰੰਭ ਸਿਖਾਂ ਵਲੋਂ ਹੋਇਆ । ਅੰਗਰੇਜ਼ ਚਲਾਕ ਸਨ, ਉਹ ਅ ਪਣੀਆਂ ਵਧੀਕੀਆਂ ਨੂੰ ਛੁਪਾ ਗਏ ਤੇ ਸਾਰਾ ਦੋਸ਼ ਸਿਖਾਂ ਦੇ ਮਥੇ ਮੜ੍ਹ ਦਿਤਾ । ਮਿਸਰ ਲਾਲ ਸਿੰਘ ਵਜ਼ੀਰ ਨੇ ਖਾਲਸਾ ਦਰਬਾਰ ਵਲੋਂ ਅੰਗਰੇਜ਼ਾਂ ਨਾਲ ਲੜਾਈ ਦਾ ਐਲਾਨ ਕਰ ਦਿਤਾ ਅਤੇ ਫੌਜਾਂ ਨੂੰ ਨਾਲ ਲੈ ਕੇ ਸਤਲੁਜ ਦਰਿਆ ਪਾਰ ਕਰ ਲਿਆ । ਅੰਦਾਜ਼ਾ ਲਗਾਇਆ ਗਿਆ ਹੈ ਕਿ ਤਕਰੀਬਨ ਤੀਹ ਹਜ਼ਾਰ ਫੌਜ ਦਰਿਆ ਟਪ ਕੇ ਫਤਹਿਗੜ੍ਹ ਸਭਰਾਉਂ ਦੇ ਮੈਦਾਨ ਵਿਚ ਆ ਇਕਠੀ ਹੋਈ । ਸਿਖ ਫੌਜੀ ਅਫਸਰਾਂ ਦਾ ਖਿਆਲ ਸੀ ਕਿ ਉਹ ਅੰਗਰੇਜ਼ੀ ਫੌਜਾਂ ਨੂੰ ਹਾਰ ਦੇ ਕੇ ਦਿਲੀ ਪਰ ਕਬਜ਼ਾ ਕਰ ਲੈਣਗੇ । ਪਰੰਤੂ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਆਗੂ ਸਾਨੂੰ ਤਬਾਹ ਕਰਨਾ ਚਾਹੁੰਦੇ ਹਨ ।

ਜਿਸ ਸਮੇਂ ਸਿਖ ਫੌਜਾਂ ਦਰਿਆ ਸਤਲੁਜ ਪਾਰ ਕਰ ਆਈਆਂ ਤੇ ਅੰਗਰੇਜ਼ੀ ਸਰਕਾਰ ਨੇ ਭੀ ਜੰਗ ਦਾ ਐਲਾਨ ਕਰ ਦਿਤਾ ਅਤੇ ਅੰਗਰੇਜ਼ੀ ਫੌਜਾਂ ਦੀ ਅਗਵਾਈ ਕਰਨ ਲਈ ਖੁਦ ਗਵਰਨਰ ਜਨਰਲ ਆਏ । ਏਧਰ ਮਿਸਰ ਲਾਲ ਸਿੰਘ ਵਜ਼ੀਰ ਤੇ ਤੇਜਾ ਸਿੰਘ ਮੁਖ ਸੈਨਾਪਤੀ ਸਿਖ ਫੌਜਾਂ ਦੀ ਅਗਵਾਈ ਕਰ ਰਹੇ ਸਨ । ਬਾਕੀ ਫੌਜਾਂ ਤਾਂ ਫਤਹਿਗੜ੍ਹ ਦੇ ਮੈਦਾਨ ਵਿਚ ਉਤਰੀਆਂ ਹੋਈਆਂ ਸਨ ਪਰ ਮਿਸਰ ਲਾਲ ਸਿੰਘ ਦੀ ਕਮਾਨ ਹੇਠ ਸਤ ਹਜ਼ਾਰ ਫੌਜ ਫੀਰੋਜ਼ਪੁਰ ਦੇ ਨੇੜੇ ਜਾ ਪੁਜੀ । ਇਸ ਸਮੇਂ ਫੀਰੋਜ਼ਪੁਰ ਛਾਉਣੀ ਪਰ ਕਬਜ਼ਾ ਕਰਨਾ ਮੁਸ਼ਕਲ ਨਹੀਂ ਸੀ । ਪਰੰਤੂ ਇਹ ਤਾਂ ਤਦ ਹੁੰਦਾ ਜੇ ਸਿਖ ਫੌਜਾਂ ਦੇ ਆਗੂ ਫਤਹਿ ਪ੍ਰਾਪਤ ਕਰਨਾ ਚਾਹੁੰਦੇ ਹੁੰਦੇ । ਮਿਸਰ ਲਾਲ ਸਿੰਘ ਨੇ ਫ਼ੀਰੋਜ਼ਪੁਰ ਛਾਉਣੀ ਦੇ ਅੰਗਰੇਜ਼

Digitized by Panjab Digital Library | www.panjabdigilib.org

ਅਫਸਰ ਮਿਸਟਰ ਨਿਕਲਸਨ ਨੂੰ ਇਕ ਗੁਪਤ ਚਿਠੀ ਲਿਖੀ ਜਿਸ ਨੂੰ ਇਕ ਗਦਾਰ ਨੂਰਦੀਨ ਲੈ ਕੇ ਫੀਰੋਜ਼ਪੁਰ ਛਾਉਣੀ ਗਿਆ। ਇਸ ਵਿਚ ਮਿਸਰ ਲਾਲ ਸਿੰਘ ਨੇ ਅੰਗਰੇਜ਼ ਅਫਸਰਾਂ ਪਾਸੋਂ ਪੁਛਿਆ ਕਿ ਮੈਨੂੰ ਕੀ ਹੁਕਮ ਹੈ ? ਇਸ ਦਾ ਉੱਤਰ ਇਹ ਮਿਲਿਆ ਕਿ 'ਜਦ ਤਕ ਆਪ ਅੰਗਰੇਜ਼ਾਂ ਦੇ ਮਿਤਰ ਹੋ ਤਾਂ ਫੀਰੋਜ਼ਪੁਰ ਪਰ ਹਮਲਾ ਨਾ ਹੋਣ ਦਿਓ ਅਤੇ ਆਪਣੀਆਂ ਫੌਜਾਂ ਨੂੰ ਲੁਧਿਆਣੇ ਤੋਂ ਪਾਰ ਹੀ ਗਵਰਨਰ ਜਨਰਲ ਦੀ ਫੌਜ ਦੇ ਸਾਹਮਣੇ ਲੈ ਜਾਉ।"

# ਮੁਦਕੀ ਦੀ ਲੜਾਈ

ਇਹ ਉਤਰ ਸੁਣ ਕੇ ਮਿਸਰ ਲਾਲ ਸਿੰਘ ਨੇ ਆਪਣੀ ਫੌਜ ਦਾ ਮੂੰਹ ਮੁਦਕੀ ਵਲ ਮੋੜ ਦਿਤਾ ਕੁਝ ਸਿੰਘਾਂ ਨੇ ਫੀਰੋਜ਼ਪੁਰ ਪਰ ਹਮਲਾ ਕਰਨ ਦੀ ਸਲਾਹ ਦਿਤੀ। ਪਰੰਤੂ ਉਹਨਾਂ ਨੂੰ ਇਹ ਕਹਿ ਕੇ ਚੁਪ ਕਰਾਇਆ ਗਿਆ ਖਾਲਸੇ ਦਾ ਕੰਮ ਕਮਜ਼ੋਰ ਪਰ ਹਮਲਾ ਕਰਨਾ ਨਹੀਂ ਸਗੋਂ ਗਵਰਨਰ ਜਨਰਲ ਨਾਲ ਟੱਕਰ ਲੈਣੀ ਚਾਹੀਦੀ ਹੈ ਤਾਕਿ ਉਸ ਨੂੰ ਸਿਖ ਫੌਜ ਦੀ ਬਹਾਦਰੀ ਦਾ ਪਤਾ ਲਗ ਜਾਵੇ। ਭੋਲੇ ਭਾਲੇ ਸਿਖ ਇਸ ਚਾਲ ਨੂੰ ਸਮਝ ਨਾ ਸਕੇ ਅਤੇ ਮੁਦਕੀ ਦੇ ਮੈਦਾਨ ਵਿਚ ਇਕਠੇ ਹੋਏ। ਅੰਗਰੇਜ਼ ਲਿਖਾਰੀ ਇਹ ਗਲ ਮੰਨਦੇ ਹਨ ਕਿ ਜੇ ਸਿਖ ਫੀਰੋਜ਼ਪੁਰ ਪਰ ਹਮਲਾ ਕਰ ਦਿੰਦੇ ਤਾਂ ਉਹਨਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਇਸ ਤੋਂ ਬਿਨਾਂ ਸ: ਰਣਜੋਧ ਸਿੰਘ ਮਜੀਠਾ ਦਸ ਹਜ਼ਾਰ ਫੌਜ ਲੈ ਕੇ ਫਲੌਰ ਬੈਠਾ ਰਿਹਾ। ਜੇ ਉਹ ਲੁਧਿਆਣੇ ਦੀ ਛਾਉਣੀ ਪਰ ਕਬਜ਼ਾ ਕਰ ਲੈਂਦਾ ਤਾਂ ਫੀਰੋਜ਼ਪੁਰ ਤੇ ਲੁਧਿਆਣਾ ਦੋਵੇਂ ਛਾਉਣੀਆਂ ਸਿਖਾਂ ਦੇ ਕਬਜ਼ੇ ਆ ਜਾਂਦੀਆਂ ਤੇ ਲੜਾਈ ਦਾ ਨਤੀਜਾ ਇਹ ਹੁੰਦਾ ਕਿ ਸਿਖਾਂ ਨੂੰ ਸ਼ਾਨਦਾਰ ਫਤਹਿ ਪਰਾਪਤ ਹੁੰਦੀ। ਸਿਖ ਫੌਜ ਦੀ ਵਾਗ ਡੋਰ ਗਦਾਰਾਂ ਦੇ ਹਥ ਵਿਚ ਸੀ। ਇਸ ਕਰ ਕੇ ਉਹਨਾਂ ਦੀ ਜਿਤ ਕਿਵੇਂ ਹੋ ਸਕਦੀ ਸੀ ?

ਮੁਦਕੀ ਦੇ ਮੈਦਾਨ ਵਿਚ ਦੋਹਾਂ ਫੌਜਾਂ ਦੀ ਮੁਠਭੇੜ ਹੋਈ। ਸਿਖ ਫੌਜਾਂ ਬੜੀ ਬਹਾਦਰੀ ਨਾਲ ਲੜੀਆਂ ਪ੍ਰੰਤੂ ਜਦੋਂ ਉਨ੍ਹਾਂ ਦਾ ਪਲੜਾ ਭਾਰੀ ਹੁੰਦਾ ਤਾਂ ਗਦਾਰ ਅਫਸਰ ਨਸ ਜਾਂਦੇ। ਲਾਲ ਸਿੰਘ ਦੀ ਆਪਣੀ ਫੌਜ ਵਿਚ ਮੁਸਲਮਾਨ ਤੇ ਡੋਗਰੇ ਕਾਫੀ ਗਿਣਤੀ ਵਿਚ ਸਨ। ਉਹ ਆਪਣੇ ਗਦਾਰ ਅਫਸਰ ਦੇ ਇਸ਼ਾਰੇ ਪਰ ਚਲਦੇ ਸਨ।

ਮੁਦਕੀ ਦੀ ਰੇਤਲੀ ਜ਼ਮੀਨ ਨੂੰ ਸ਼ਹੀਦਾਂ ਦੇ ਖੂਨ ਨਾਲ ਰੰਗਣ ਲਈ ੧੮ ਦਸੰਬਰ ੧੮੪੫ ਨੂੰ ਜੰਗ ਅਰੰਭ ਹੋ ਗਈ। ਇਸ ਮੈਦਾਨ ਵਿਚ ੧੧ ਹਜ਼ਾਰ ਅੰਗਰੇਜ਼ੀ ਫੌਜ ਸੀ ਤੇ ਇਤਨੀ ਹੀ ਸਿਖ ਫੌਜ। ਗੋਰੇ ਇਸ ਤੋਂ ਪਹਿਲਾਂ ਸਿਖਾਂ ਨੂੰ ਥੋੜ ਦਿਲੇ, ਗਪੀ ਤੇ ਕਮਜ਼ੋਰ ਸਮਝਦੇ ਸਨ ਪ੍ਰੰਤੂ ਜਦ ਉਨ੍ਹਾਂ ਦਾ ਸਿਖ ਸਿਪਾਹੀਆਂ ਨਾਲ ਵਾਹ ਪਿਆ ਤਾਂ ਪਤਾ ਲਗ ਗਿਆ ਕਿ ਸਿੱਖਾਂ ਵਰਗਾ ਬਹਾਦਰ ਸਿਪਾਹੀ ਸਾਰੀ ਦੁਨੀਆਂ ਵਿਚ ਕਿਧਰੇ ਨਹੀਂ ਮਿਲ ਸਕਦਾ। ਆਗੂਆਂ ਦੀ ਬੇਵਫਾਈ ਦੇ ਬਾਵਜੂਦ ਸਿਖ ਇਤਨੀ ਬਹਾਦਰੀ ਨਾਲ ਲੜੇ ਕਿ ਅੰਗਰੇਜ਼ ਅਫਸਰ ਅਸ਼ ਅਸ਼ ਕਰ ਉਠੇ। ਉਸ ਸਮੇਂ ਜਿਹੜੇ ਅੰਗਰੇਜ਼ ਅਫਸਰ ਮੌਜੂਦ ਸਨ ਉਨ੍ਹਾਂ ਨੇ ਸਿਖਾਂ ਦੀ ਬਹਾਦਰੀ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ਜਦ ਮੈਦਾਨ ਗਰਮ ਹੋ ਗਿਆ ਤਾਂ ਸਿਖਾਂ ਦਾ ਪਲੜਾ ਭਾਰੀ ਹੋਣ ਲਗਾ। ਇਹ ਵੇਖਕੇ ਗਦਾਰ ਲਾਲ

Digitized by Panjab Digital Library | www.panjabdigilib.org

ਸਿੰਘ ਸਹਾਰ ਨਾ ਸਕਿਆ ਕਿ ਸਿਖ ਫੌਜ ਦੀ ਜਿਤ ਹੋਵੇ। ਉਹ ਆਪਣੀ ਫੌਜ ਸਮੇਤ ਭਜ ਉਠਿਆ। ਕੇਵਲ ੬ – ੭ ਹਜ਼ਾਰ ਸਿਖ ਫੌਜ ਬਿਨਾਂ ਸਰਦਾਰਾਂ ਤੋਂ ਮੈਦਾਨ ਵਿਚ ਲੜਦੀ ਰਹਿ ਗਈ ਕਿਉਂਕਿ ਸਿਖ ਭਜਣਾ ਨਹੀਂ ਜਾਣਦੇ ਸਨ। ਅੰਗਰੇਜ਼ ਅਫਸਰ ਇਹ ਵੇਖਕੇ ਹੈਰਾਨ ਰਹਿ ਗਏ ਪ੍ਰੰਤੂ ਅੰਗਰੇਜ਼ ਅਫਸਰਾਂ ਨੇ ਤਾਜ਼ਾ ਦਮ ਫੌਜਾਂ ਜੁਟ ਕੇ ਲੜਾਈ ਹੋਰ ਗਰਮ ਕਰ ਦਿਤੀ। ਸਿਖ ਬੜੀ ਬਹਾਦਰੀ ਨਾਲ ਲੜੇ ਪ੍ਰੰਤੂ ਆਪਣੇ ਅਫਸਰਾਂ ਦੀ ਗਦਾਰੀ ਦੇ ਕਾਰਨ ਹਾਰ ਗਏ। ਸਿਖਾਂ ਦੀਆਂ ੧੭ ਤੋਪਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਈਆਂ ਤੇ ਸਿਖ ਫੌਜਾਂ ਫੇਰੂ ਸ਼ਹਿਰ ਦੇ ਮੁਕਾਮ ਵਲ ਪਿਛੇ ਹਟ ਗਈਆਂ ਅਤੇ ਨਵੇਂ ਸਿਰਿਉ ਲੜਾਈ ਦੀਆਂ ਤਿਆਰੀਆਂ ਕਰਨ ਲਗ ਪਈਆਂ।

## ਫੇਰੂ ਸ਼ਹਿਰ ਦੀ ਲੜਾਈ

ਮੁਦਕੀ ਦੀ ਲੜਾਈ ਦਾ ਸਭ ਤੋਂ ਵਧ ਦਰਦਨਾਕ ਪਹਿਲੂ ਇਹ ਹੈ ਕਿ ਗਦਾਰ ਸੈਨਾ-ਪਤੀਆਂ ਦੇ ਨਸ ਜਾਣ ਕਰਕੇ ਜ਼ਖਮੀਆਂ ਦੀ ਸੰਭਾਲ ਨਾ ਹੋ ਸਕੀ। ਜ਼ਖਮੀ ਸਿਖ ਮੁਦਕੀ ਦੇ ਰੇਤਲੇ ਮੈਦਾਨ ਵਿਚ ਤੜਫ ਤੜਫ ਕੇ ਮਰੇ ਅਤ ਉਨ੍ਹਾਂ ਨੂੰ ਉਠਾਣ ਵਾਲਾ ਤੇ ਮਲ੍ਹਮ ਪਟੀ ਕਰਨ ਵਾਲਾ ਕੋਈ ਨਾ ਪਹੁੰਚਿਆ। ਅੰਗਰੇਜ਼ਾਂ ਨੇ ਬਹੁਤ ਸਾਰੇ ਜ਼ਖਮੀ ਸਿੰਘ ਮਾਰ ਮੁਕਾਏ ਅਤੇ ਮੈਦਾਨ ਸਾਫ ਕਰ ਦਿਤਾ। ਜਿਹੜੇ ਸਿਖ ਬਾਕੀ ਬਚੇ ਉਹ ਫੇਰੂ ਸ਼ਹਿਰ ਦੇ ਮੁਕਾਮ ਉਤੇ ਆ ਇਕਠੇ ਹੋਇ ਅਤੇ ਨਵੇਂ ਸਿਰੇ ਮੋਰਚੇ ਬਣਾ ਲਏ।

ਅੰਗਰੇਜ਼ਾਂ ਨੇ ਹੋਰ ਬਹੁਤ ਸਾਰੀਆਂ ਫੌਜਾਂ ਇਕਠੀਆਂ ਕਰ ਲਈਆਂ। ਫੀਰੋਜ਼ਪੁਰ ਨੂੰ ਹੁਣ ਕੋਈ ਖਤਰਾ ਨਹੀਂ ਸੀ ਕਿਉਂਕਿ ਸਿਖ ਫੌਜਾਂ ਪਿਛੇ ਹਟ ਗਈਆਂ ਸਨ। ਇਸ ਲਈ ਮਿ: ਲਿਟਲਰ ਫੀਰੋਜ਼ਪੁਰ ਛਾਉਣੀ ਦੀ ਰਾਖੀ ਲਈ ਰਖੀ ਹੋਈ ਫੌਜ ਨੂੰ ਲੈਕੇ ਮੈਦਾਨ ਵਿਚ ਪੁਜ ਗਿਆ। ਅੰਗਰੇਜ਼ਾਂ ਨੇ ਫੇਰੂ ਸ਼ਹਿਰ ਵਲ ਕੂਚ ਕੀਤਾ। ਲਾਰਡ ਹਾਰਡਿੰਗ ਗਵਰਨਰ ਜਨਰਲ ਨੇ ਆਪਣੇ ਉਚੇ ਔਹਦੇ ਦੀ ਪ੍ਰਵਾਹ ਨਾ ਕਰਦੇ ਹੋਇ ਮੇਜਰ ਗਫ ਦੇ ਮਾਤਹਿਤ ਹੋਕੇ ਲੜਨਾ ਪਰਵਾਨ ਕਰ ਲਿਆ ਅਤੇ ਸਾਰੇ ਮੋਰ-ਚਿਆਂ ਦੀ ਦੇਖ ਭਾਲ ਆਪ ਕਰਦਾ ਰਿਹਾ। ਅੰਗਰੇਜ਼ਾਂ ਦੀ ਜਿਤ ਦਾ ਕਾਰਨ ਭੀ ਇਹੋ ਸੀ ਕਿ ਉਨ੍ਹਾਂ ਦੇ ਸਾਰੇ ਅਫਸਰ ਨੇਕ ਨਿਯਤੀ ਨਾਲ ਲੜਨ ਵਾਸਤੇ ਤਿਆਰ ਸਨ ਅਤੇ ਸਿਖ ਫੌਜਾਂ ਦੇ ਜਰਨੈਲ ਗਦਾਰ ਸ ।

ਫੇਰੂ ਸ਼ਹਿਰ ਦੇ ਮੁਕਾਮ ਪਰ ਮੁਕਾਬਲਾ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਨੇ ੧੮ ਹਜ਼ਾਰ ਫੌਜ ਤੇ ੬੫ ਦੇ ਕਰੀਬ ਤੋਪਾਂ ਇਕਠੀਆਂ ਕਰ ਲਈਆਂ ਸਨ। ਸਿਖਾਂ ਨੇ ਅਧੇ ਚੰਦ ਵਾਂਗ ਮੋਰਚਾ ਬੰਦੀ ਕੀਤੀ ਹੋਈ ਸੀ। ਸਿਖ ਫੌਜਾਂ ਦੀ ਗਿਣਤੀ ਭੀ ੧੧ ਹਜ਼ਾਰ ਦੇ ਲਗ ਭਗ ਸੀ ਅਤੇ ਉਨ੍ਹਾਂ ਪਾਸ ੧੦੦ ਤੋਪਾਂ ਸਨ। ੨੧ ਦਸੰਬਰ ਦਾ ਦਿਨ ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਤਿਆਰੀਆਂ ਵਿਚ ਹੀ ਗੁਜ਼ਾਰ ਦਿਤਾ। ਜਿਸ ਸਮੇਂ ਦਿਨ ਛੋਟਾ ਜਿਹਾ ਰਹਿ ਗਿਆ ਤਾਂ ਪਹਿਲਾਂ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਪਲੀਤਾ ਲਗਾਇਆ। ਫਿਰ ਕੀ ਸੀ ਦੋਹਾਂ ਪਾਸਿਆਂ ਦੀਆਂ ਤੋਪਾਂ ਅੱਗ ਉਗਲਣ ਲਗ ਪਈਆਂ ਅਤੇ ਫੌਜਾਂ ਆਹਮੋ ਸਾਹਮਣੇ ਮੁਕਾਬਲੇ ਪਰ ਡਟ ਗਈਆਂ। ਸਿਖ ਫੌਜਾਂ ਨੂੰ ਮੁਦਕੀ ਦੀ ਹਾਰ ਕੰਡੇ ਵਾਂਗ ਚੁਭ

Digitized by Panjab Digital Library | www.panjabdigilib.org

ਰਹੀ ਸੀ । ਇਸ ਕਰਕੇ ਉਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਸਖਤ ਹਮਲੇ ਕੀਤੇ । ਅੰਗਰੇਜ਼ਾਂ ਨੂੰ ਇਤਨਾ ਸਖਤ ਮੁਕਾਬਲਾ ਕਦੇ ਨਹੀਂ ਸੀ ਕਰਨਾ ਪਿਆ । ਇਸ ਕਰਕੇ ਉਨ੍ਹਾਂ ਦੀਆਂ ਫੌਜਾਂ ਵਿਚ ਹਫੜਾ ਦਫੜੀ ਮਚ ਗਈ । ਅੰਗਰੇਜ਼ਾਂ ਦੀ ਫੌਜ ਦਾ ਇਕ ਹਿਸਾ ਭਜ ਉਠਿਆ ।

ਇਕ ਵੇਰ ਸਮਿਥ ਦੀ ਫੌਜ ਨੇ ਅਗੇ ਵਧਕੇ ਸਿਖਾਂ ਪਾਸੋਂ ੯ ਤੋਪਾਂ ਖੋਹ ਲਈਆਂ ਸਨ ਪ੍ਰੰਤੂ ਮਾਨ ਵਾਲੀਆਂ ਪਲਟਨਾਂ ਨੇ ਜਵਾਬੀ ਹਮਲਾ ਕਰਕੇ ਇਹ ਫਿਰ ਵਾਪਸ ਲੈ ਲਈਆਂ । ਇਸ ਦਿਨ ਸਿਖ ਤੋਪਚੀਆਂ ਨੇ ਬੜੀ ਸਖਤ ਗੋਲਾ ਬਾਰੀ ਕੀਤੀ । ਅੰਗਰੇਜ਼ਾਂ ਦੇ ਗੁਦਾਮਾਂ ਵਿਚ ਭੀ ਕਈ ਗੋਲੇ ਜਾ ਡਿਗੇ ਜਿਨ੍ਹਾਂ ਨਾਲ਼ ਰਸਦ ਦੀਆਂ ਭਰੀਆਂ ਹੋਈਆਂ ਗਡੀਆਂ ਚਕਨਾਚੂਰ ਹੋ ਗਈਆਂ ।

ਇਤਨੀ ਸਖਤ ਗੋਲਾ ਬਾਰੀ ਤੋਂ ਘਬਰਾ ਕੇ ਫੀਰੋਜ਼ਪੁਰ ਤੋਂ ਆਈ ਲਿਟਲਰ ਦੀ ਫੌਜ ਵਿਚ ਭਾਜੜ ਪੈ ਗਈ । ਅੰਗਰੇਜ਼ ਅਫਸਰਾਂ ਨੇ ਜਦ ਇਹ ਵੇਖਿਆ ਕਿ ਉਨ੍ਹਾਂ ਦੀਆਂ ਫੌਜਾਂ ਦੇ ਪੈਰ ਉਖੜ ਗਏ ਹਨ ਤਾਂ ਉਹ ਆਪਣੀਆਂ ਫੌਜਾਂ ਵਿਚ ਜਾ ਕੇ ਉਨ੍ਹਾਂ ਨੂੰ ਤਕੜਾ ਹੋਕੇ ਲੜਨ ਦੀ ਪਰੇਰਨਾ ਕਰਨ ਲਗੇ । ਇਧਰ ਸਿਖ ਫੌਜਾਂ ਨੇ ਦਿਲ ਵਿਚ ਠਾਣ ਲਈ ਸੀ ਕਿ ਫਤਹਿ ਪ੍ਰਾਪਤ ਕਰਾਂਗੇ ਜਾਂ ਕੁਰਬਾਨ ਹੋ ਜਾਵਾਂਗੇ ਇਸ ਸਮੇਂ ਤੇਜਾ ਸਿੰਘ ਦੀ ਕਮਾਨ ਹੇਠ ਜੋ ਫੌਜ ਸੀ ·ਉਸਨੂੰ ਉਸਨੇ ਮੈਦਾਨ ਵਿਚ ਨਾ ਕੁਦਣ ਦਿਤਾ । ਇਹ ਕਹਿਕੇ ਉਨ੍ਹਾਂ ਨੂੰ ਰੋਕ ਰਖਿਆ ਕਿ ਜਦੋਂ ਸਾਡੇ ਪਰ ਹਮਲਾ ਹੋਇਆ ਤਾਂ ਅਸੀਂ ਅਗੋਂ ਮੁਕਾਬਲਾ ਕਰਾਂਗੇ । ਜੇ ਤੇਜਾ ਸਿੰਘ ਆਪਣੀਆਂ ਫੌਜਾਂ ਨੂੰ ਲੜਨ ਦੀ ਆਗਿਆ ਦੇ ਦਿੰਦਾ ਤਾਂ ਫਤਹਿ ਸਿੰਘਾਂ ਦੀ ਹੋਣੀ ਸੀ ਪ੍ਰੰਤੂ ਗਦਾਰ ਅਫਸਰਾਂ ਨੇ ਸਿਖਾਂ ਦੀ ਜਿਤ ਨੂੰ ਭੀ ਹਾਰ ਵਿਚ ਬਦਲ ਦਿਤਾ ।

ਅੰਗਰੇਜ਼ ਲਿਖਾਰੀ ਇਸ ਦਿਨ ਦੀ ਲੜਾਈ ਦਾ ਹਾਲ ਲਿਖਦੇ ਹੋਏ ਇਹ ਗਲ ਮੁਕਤ ਕੰਠ ਨਾਲ ਪਰਵਾਨ ਕਰਦੇ ਹਨ ਕਿ ਸਿਖਾਂ ਨੇ ਲੜਾਈ ਦੇ ਸਾਰੇ ਢੰਗ ਸਿਖੇ ਹੋਏ ਸਨ ਅਤੇ ਜੇ ਉਨ੍ਹਾਂ ਦੇ ਆਗੂ ਬੇਈਮਾਨ ਨਾ ਹੁੰਦੇ ਤਾਂ ਸਿਖਾਂ ਨੂੰ ਹਰਾਉਣ ਵਾਲੀ ਕੋਈ ਤਾਕਤ ਨਹੀਂ ਸੀ । ਸੂਰਜ ਛੁਪਦੇ ਤਕ ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ ਤੇ ਸਿਖਾਂ ਦਾ ਭੀ ਕਾਫੀ ਨੁਕਸਾਨ ਹੋਇਆ । ੨੧ - ੨੨ ਦਸੰਬਰ ਦੀ ਦਰਮਿਆਨੀ ਰਾਤ ਅੰਗਰੇਜ਼ਾਂ ਲਈ ਬੜੀ ਭਿਆਨਕ ਰਾਤ ਸੀ । ਸਰਦੀ ਦਾ ਸਖਤ ਜ਼ੋਰ ਸੀ। ਸਾਰੀ ਰਾਤ ਗੋਲਾ ਬਾਰੀ ਹੁੰਦੀ ਰਹੀ । ਅੰਗਰੇਜ਼ਾਂ ਪਾਸ ਪਾਣੀ ਤੇ ਰਾਸ਼ਨ ਆਦਿ ਦੀ ਕਮੀ ਸੀ । ਸ਼ਰਾਬਾਂ ਪੀਕੇ ਲੜਨ ਵਾਲੇ ਅੰਗਰੇਜ਼ ਸਿਪਾਹੀ ਅਜ ਪਾਣੀ ਤੋਂ ਭੀ ਪਿਆਸੇ ਸਨ ਇਸ ਲਈ ਉਨ੍ਹਾਂ ਦਾ ਬਹੁਤ ਬੁਰਾ ਹਾਲ ਹੋ ਰਿਹਾ ਸੀ । ਇਸ ਰਾਤ ਨੂੰ ਅੰਗਰੇਜ਼ ਲਿਖਾਰੀਆਂ ਨੇ ਬੜੀ ਭਿਆਨਕ ਰਾਤ ਲਿਖਿਆ ਹੈ। ਸਿਖ ਫੌਜਾਂ ਅਗਲੇ ਦਿਨ ਦੇ ਮੁਕਾਬਲੇ ਲਈ ਤਿਆਰੀ ਕਰਦੀਆਂ ਰਹੀਆਂ । ਸਿਖ ਫੌਜਾਂ ਦੇ ਆਗੂ ਇਹ ਸੋਚਦੇ ਰਹੇ ਕਿ ਸਿਖਾਂ ਨੂੰ ਹਾਰ ਦੇਕੇ ਅੰਗਰੇਜ਼ਾਂ ਪਾਸੋਂ ਮਨ ਮੰਗੀਆਂ ਮੁਰਾਦਾਂ ਕਿਵੇਂ ਪੂਰੀਆਂ ਕੀਤੀਆਂ ਜਾਣ ।

੨੨ ਦਸੰਬਰ ਦਾ ਸੂਰਜ ਨਿਕਲਿਆ ਹੀ ਸੀ ਕਿ ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਫਿਰ ਸਿਰ ਧੜ ਦੀ ਬਾਜੀ ਲਗਾ ਦਿਤੀ । ਅੰਗਰੇਜ਼ ਅਫਸਰ ਤਖਤ ਜਾਂ ਤਖਤਾ ਦੀ ਕਸਮ ਖਾ ਚੁਕੇ ਪ੍ਰਤੀਤ ਹੁੰਦੇ ਸਨ । ਉਹ ਬਿਜਲੀ ਵਾਂਗ ਕੜਕ ਕੇ ਸਿੱਖਾਂ ਪਰ ਆ ਪਏ । ਇਸ ਹਮਲੇ ਵਿਚ ਸਿੱਖਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ । ਮਿਸਰ ਲਾਲ ਸਿੰਘ ਨੇ ਆਪਣੀਆਂ ਨਿੱਜੀ ਫੌਜਾਂ ਨੂੰ ਪਿਛੇ

Digitized by Panjab Digital Library | www.panjabdigilib.org

ਹਟਾਉਣਾ ਆਰੰਭ ਕਰ ਦਿਤਾ। ਉਧਰ ਲਾਲ ਸਿੰਘ ਆਪਣੀ ਫੌਜ ਨੂੰ ਪਿਛੇ ਹਟਣ ਦਾ ਹੁਕਮ ਦੇ ਰਿਹਾ ਸੀ ਤੇ ਦੂਜੇ ਪਾਸੇ ਤੇਜਾ ਸਿੰਘ ਸੈਨਾਪਤੀ ਆਪਣੀ ੧੦ ਹਜ਼ਾਰ ਫੌਜ ਸਮੇਤ ਮੈਦਾਨ ਜੰਗ ਵਿਚ ਸ਼ਾਮਲ ਨਾ ਹੋਇਆ। ਸਿੱਖ ਫੌਜਾਂ ਦੀ ਤਬਾਹੀ ਵੇਖ ਕੇ ਸਿਪਾਹੀ ਅਤੇ ਛੋਟੇ ਅਫਸਰ ਜੰਗ ਵਿਚ ਕੁਦਣ ਪਰ ਜ਼ੋਰ ਦੇਂਦੇ ਰਹੇ ਪਰੰਤੂ ਤੇਜਾ ਸਿੰਘ ਨੇ ਉਨ੍ਹਾਂ ਦੀ ਇਕ ਨਾ ਸੁਣੀ।

ਜਦ ਫੌਜਾਂ ਨੇ ਬਹੁਤ ਜ਼ੋਰ ਪਾਇਆ ਅਤੇ ਉਨ੍ਹਾਂ ਨੇ ਉਸ ਦੀ ਨੀਯਤ ਪਰ ਸ਼ੱਕ ਪ੍ਰਗਟ ਕੀਤਾ ਤਾਂ ਉਹ ਫੌਜੀਆਂ ਦਾ ਮਨ ਰਖਣ ਲਈ ਮੈਦਾਨ ਵਿਚ ਆ ਗਿਆ ਤੇ ਉਤਲੇ ਮਨੋ ਹਮਲੇ ਕਰਾਉਣ ਲਗਾ। ਇਸ ਸਮੇਂ ਅੰਗਰੇਜ਼ਾਂ ਦੀ ਹਾਲਤ ਹੋਰ ਭੀ ਖਰਾਬ ਹੋ ਗਈ ਸਿੱਖ ਫੌਜ ਦੀ ਜਿਤ ਯਕੀਨੀ ਹੋ ਗਈ ਇਸ ਕਰਕੇ ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਸੋਚਿਆ ਕਿ ਜੇ ਸਿੱਖ ਜਿੱਤ ਗਏ ਤਾਂ ਸਾਡੀ ਮਨਸ਼ਾ ਪੂਰੀ ਨਾ ਹੋਈ। ਇਸ ਕਰਕੇ ਉਹ ਆਪਣੀਆਂ ਫੌਜਾਂ ਲੈ ਕੇ ਭੱਜ ਉਠੇ ਅਤੇ ਸਿੱਖ ਫੌਜਾਂ ਵਿਚ ਖਲਬਲੀ ਪਾ ਦਿਤੀ। ਉਧਰ ਅੰਗਰੇਜ਼ ਫੌਜਾਂ ਨੱਸ ਰਹੀਆਂ ਸਨ ਤੇ ਉਧਰ ਸਿੱਖ। ਉਸ ਸਮੇਂ ਅੰਗਰੇਜ਼ਾਂ ਨੂੰ ਕਿਸੇ ਨੇ ਖਬਰ ਦਿਤੀ ਕਿ ਤੁਸੀਂ ਕਿਉਂ ਨੱਸੇ ਜਾਂਦੇ ਹੋ ਸਿੱਖ ਬਹੁਤ ਸਾਰੀਆਂ ਤੋਪਾਂ ਛਡ ਕੇ ਭੱਜ ਗਏ ਹਨ।

ਅੰਗਰੇਜ਼ਾਂ ਨੇ ਪਿਛੇ ਮੁੜ ਕੇ ਵੇਖਿਆ ਤਾਂ ਸਚਮੁਚ ਹੀ ਸਿੱਖ ਜਿਤਿਆ ਹੋਇਆ ਮੈਦਾਨ ਖਾਲੀ ਛਡ ਕੇ ਭੱਜ ਗਏ ਸਨ। ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਅੰਗਰੇਜ਼ਾਂ ਨੇ ਆ ਕੇ ਸਿਖਾਂ ਦੀਆਂ ੭੦ ਤੋਪਾਂ ਪਰ ਕਬਜ਼ਾ ਕਰ ਲਿਆ। ਜ਼ਖਮੀ ਤੇ ਸਹਿਕਦੇ ਸਿੰਘਾਂ ਨੂੰ ਪਾਰ ਬੁਲਾਇਆ, ਸੈਨਾਪਤੀਆਂ ਦੀ ਗ਼ਦਾਰੀ ਦੇ ਕਾਰਨ ਅੰਗਰੇਜ਼ਾਂ ਨੇ ਫੇਰੂ ਸ਼ਹਿਰ ਦੀ ਲੜਾਈ ਭੀ ਜਿੱਤ ਲਈ ਅਤੇ ਸਿੱਖ ਜਿਤੇ ਹੋਏ ਭੀ ਹਾਰ ਗਏ। ਇਸ ਲੜਾਈ ਸਬੰਧੀ ਇਤਿਹਾਸਕਾਰਾਂ ਦੀਆਂ ਵੱਖ ਵੱਖ ਪ੍ਰਕਾਰ ਦੀਆਂ ਰਾਵਾਂ ਹਨ। ਪ੍ਰੰਤੂ ਇਸ ਗੱਲ ਪਰ ਸਾਰੇ ਇਕ ਮੱਤ ਹਨ ਕਿ ਸਿੱਖ ਫੌਜਾਂ ਦੇ ਸੈਨਾਪਤੀ ਗਦਾਰ ਸਨ ਅਤੇ ਉਨ੍ਹਾਂ ਨੇ ਆਪਣੀਆਂ ਫੌਜਾਂ ਨੂੰ ਤਬਾਹ ਕਰ ਦਿਤਾ। ਇਸ ਤੋਂ ਪਿਛੋਂ ਸਿੱਖ ਫੌਜਾਂ ਦਰਿਆ ਪਾਰ ਹੋ ਗਈਆਂ ਅਤੇ ਸਤਲੁਜ ਦੇ ਚੜ੍ਹਦੇ ਪਾਸੇ ਦਾ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ।

ਪਹਿਲਾਂ ਦਸਿਆ ਜਾ ਚੁਕਾ ਹੈ ਕਿ ਸ: ਰਣਜੋਧ ਸਿੰਘ ਮਜੀਠਾ ੧੦ ਹਜ਼ਾਰ ਫੌਜ ਲੈ ਕੇ ਫਲੌਰ ਉਤਰਿਆ ਹੋਇਆ ਸੀ। ਪ੍ਰੰਤੂ ਜਦ ਉਸ ਨੂੰ ਲੁਧਿਹਾਣੇ ਦੀ ਅੰਗਰੇਜ਼ ਛਾਉਣੀ ਪਰ ਹਮਲਾ ਕਰਨਾ ਚਾਹੀਦਾ ਸੀ ਉਸ ਨੇ ਨਾ ਕੀਤਾ। ਉਧਰ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਹੁੰਦੀਆਂ ਰਹੀਆਂ ਅਤੇ ਉਧਰ ਸ: ਰਣਜੋਧ ਸਿੰਘ ਜੀ ਚੁਪ ਚਾਪ ਫਲੌਰ ਬੈਠੇ ਰਹੇ। ਜੇ ਉਹ ਚਾਹੁੰਦੇ ਤਾਂ ਲੁਧਿਹਾਣੇ ਪਰ ਕਬਜ਼ਾ ਕਰ ਸਕਦੇ ਸਨ। ਜਦ ਦਸੰਬਰ ਦੀਆਂ ਲੜਾਈਆਂ ਖਤਮ ਹੋ ਗਈਆਂ ਤਾਂ ਜਨਵਰੀ ਵਿਚ ਸ. ਜੀ ਦਰਿਆ ਪਾਰ ਕਰਕੇ ਅਤੇ ਲੁਧਿਹਾਣ ਛਾਉਣੀ ਦੀਆਂ ਕੁਝ ਬਾਰਕਾਂ ਜਲਾ ਕੇ ਬਦੋਵਾਲ ਵੱਲ ਆ ਗਏ।

## ਬਦੋਵਾਲ ਦੀ ਲੜਾਈ

ਲੁਧਿਆਣੇ ਵਿਚ ਅੰਗਰੇਜ਼ ਫੌਜਾਂ ਨੇ ਕੋਈ ਮੁਕਾਬਲਾ ਨਾ ਕੀਤਾ ਇਸ ਕਰਕੇ ਸ:

Digitized by Panjab Digital Library | www.panjabdigilib.org

ਰਣਜੋਧ ਸਿੰਘ ਜੀ ਚਾਹੁੰਦੇ ਤਾਂ ਲੁਧਿਹਾਣੇ ਪਰ ਕਬਜ਼ਾ ਕਰਕੇ ਸਿੱਖਾਂ ਦੇ ਦਿਲ ਵਧਾ ਸਕਦੇ ਅਤੇ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਹਾਰਾਂ ਦਾ ਬਦਲਾ ਲੈ ਸਕਦੇ ਸਨ ਪ੍ਰੰਤੂ ਉਨ੍ਹਾਂ ਨੂੰ ਪਤਾ ਨਹੀਂ ਇਹ ਗੱਲ ਕਿਉਂ ਚੰਗੀ ਨਾ ਲਗੀ ਅਤੇ ਉਹ ਲੁਧਿਹਾਣੇ ਤੋਂ ਬਦੋਵਾਲ ਨੂੰ ਚਲ ਪਏ। ਉਧਰ ਅੰਗਰੇਜ਼ ਸੈਨਾਪਤੀ ਹੈਰੀਸ ਮਿੱਥ ਜਗਰਾਉਂ ਠਹਿਰਿਆ ਹੋਇਆ ਸੀ। ਉਸ ਨੇ ਸਿੱਖ ਫੌਜਾਂ ਵੱਲ ਕੂਚ ਕੀਤਾ ਪ੍ਰੰਤੂ ਉਸ ਦੀਆਂ ਫੌਜਾਂ ਸਿੱਖਾਂ ਨਾਲ ਲੋਹਾ ਲੈਣ ਤੋਂ ਬਹੁਤ ਘਬਰਾਉਂਦੀਆਂ ਸਨ। ਹੈਰੀਸ ਮਿੱਥ ਨੇ ਚਾਹਿਆ ਕਿ ਉਹ ਪਾਸੇ ਪਾਸੇ ਲੰਘ ਜਾਵੇ ਪ੍ਰੰਤੂ ਸਿੱਖ ਫੌਜਾਂ ਨੇ ਉਸ ਦੀ ਫੌਜ ਪਰ ਹਮਲਾ ਕਰ ਦਿਤਾ। ਇਸ ਜੰਗ ਵਿਚ ਸ: ਅਜੀਤ ਸਿੰਘ ਸੰਧਾਵਾਲੀਆ (ਲਾਡੂਏ ਵਾਲਾ) ਭੀ ਆ ਸ਼ਾਮਲ ਹੋਏ। ਸਿੱਖ ਫੌਜਾਂ ਨੇ ਅੰਗਰੇਜ਼ਾਂ ਪਰ ਇਤਨੇ ਜ਼ੋਰ ਦਾ ਹਮਲਾ ਕੀਤਾ ਕਿ ਉਹ ਮੁਕਾਬਲੇ ਵਿਚ ਠਹਿਰ ਨਾ ਸਕੇ।

ਅੰਗਰੇਜ਼ ਮੈਦਾਨ ਛਡ ਕੇ ਭਜ ਗਏ ਤੇ ਲੁਧਿਹਾਣੇ ਵੱਲ ਮੂੰਹ ਕਰ ਲਿਆ। ਸਿੱਖਾਂ ਨੇ ਕੁਝ ਅੰਗਰੇਜ਼ ਅਫਸਰ ਤੇ ਸਿਪਾਹੀ ਕੈਦੀ ਬਣਾ ਕੇ ਲਾਹੌਰ ਭੇਜ ਦਿਤੇ। ਇਸ ਹਾਰ ਦਾ ਅੰਗਰੇਜ਼ਾਂ ਪਰ ਬਹੁਤ ਬੁਰਾ ਅਸਰ ਹੋਇਆ ਉਹ ਇਹ ਸਮਝਦੇ ਸਨ ਕਿ ਜੇ ਸਿੱਖਾਂ ਨੂੰ ਫਿਰ ਜਿੱਤਾਂ ਹੋਣੀਆਂ ਸ਼ੁਰੂ ਹੋ ਗਈਆਂ ਤਾਂ ਉਹ ਅੰਗਰੇਜ਼ਾਂ ਨੂੰ ਸਾਰੇ ਹਿੰਦ ਵਿਚੋਂ ਕਢ ਕੇ ਛਡਣਗੇ।

ਸ: ਰਣਜੋਧ ਸਿੰਘ ਤੇ ਸ: ਅਜੀਤ ਸਿੰਘ ਬਦੋਵਾਲ ਦੀ ਲੜਾਈ ਜਿਤ ਕੇ ਆਲੀਵਾਲ ਆ ਬੈਠੇ। ਬਦੋਵਾਲ ਦੀ ਜਿਤ ਵਿਚ ਇਲਾਕੇ ਦੇ ਲੋਕਾਂ ਦੀਆਂ ਕੁਰਬਾਨੀਆਂ ਦਾ ਬਹੁਤ ਹਿਸਾ ਸੀ। ਪਿੰਡਾਂ ਦੇ ਲੋਕ ਅੰਗਰੇਜ਼ਾਂ ਵਿਰੁਧ ਸਖਤ ਨਫਰਤ ਕਰਦੇ ਸਨ ਅਤੇ ਉਹਨਾਂ ਨੂੰ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਹਾਰਾਂ ਦਾ ਸਖਤ ਅਫ਼ਸੋਸ ਸੀ। ਇਸ ਕਰਕੇ ਪਿੰਡਾਂ ਦੇ ਸਿੰਘ ਭੀ ਅੰਗਰੇਜ਼ਾਂ ਪਰ ਗੁਰੀਲਾ ਹਮਲਾ ਕਰਦੇ ਰਹੇ। ਇਕ ਸਿਖ ਬੀਬੀ ਮਾਨ ਕੌਰ ਨੇ ਵਡੇ ਅੰਗਰੇਜ਼ ਅਫਸਰ ਨੂੰ ਮਾਰਿਆ ਸੀ।

## ਅਲੀਵਾਲ ਦੀ ਲੜਾਈ

ਮਿ: ਹੈਰੀ ਸਮਿਥ ਬਦੋਵਾਲ ਤੋਂ ਹਾਰ ਖਾ ਕੇ ਲੁਧਿਆਣੇ ਪੁਜ ਗਿਆ ਤੇ ਅੰਗਰੇਜ਼ਾਂ ਨੂੰ ਇਸ ਗੱਲ ਦਾ ਫਿਕਰ ਪੈ ਗਿਆ ਕਿ ਜੇ ਰਣਜੋਧ ਸਿੰਘ ਦੀ ਫੌਜ ਨੂੰ ਹਾਰ ਨਾ ਦਿਤੀ ਗਈ ਤਾਂ ਉਹ ਸਾਡੇ ਪਾਸੋਂ ਛਾਉਣੀਆਂ ਖੋਹ ਲਵੇਗਾ। ਹਰੀਸਮਿਥ ੧੧ ਹਜ਼ਾਰ ਤਾਜ਼ਾ ਦਮ ਫੌਜ ਲੈ ਕੇ ਰਣਜੋਧ ਸਿੰਘ ਮਜੀਠਾ ਦੇ ਮਗਰ ਆਇਆ। ਅਲੀਵਾਲ ਦੇ ਮੁਕਾਮ ਪਰ ਦੋਹਾਂ ਫੌਜਾਂ ਦੀ ਮੁਠ ਭੇੜ ਹੋ ਗਈ। ਸਿਖ ਫੌਜਾਂ ਨੇ ਬੜੀ ਬਹਾਦਰੀ ਦਿਖਾਈ। ਦੋਹਾਂ ਫੌਜਾਂ ਦਾ ਪਲੜਾ ਬਰਾਬਰ ਸੀ ਕਿ ਗਦਾਰ ਸੈਨਾਪਤੀ ਰਣਜੋਧ ਸਿੰਘ ਭਜ ਉਠਿਆ ਤੇ ਆਪਣੀ ਫੌਜ ਨੂੰ ਭੀ ਭੱਜਣ ਦਾ ਹੁਕਮ ਦੇ ਗਿਆ।

ਉਸਦੀ ਗਦਾਰੀ ਦਾ ਸਦਕਾ ਸਿਖ ਫੌਜਾਂ ਇਕ ਵੇਰ ਫਿਰ ਜਿਤੀ ਹੋਈ ਬਾਜ਼ੀ ਨੂੰ ਹਾਰ ਗਈਆਂ ਅਤੇ ਉਹਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਇਹਨਾਂ ਲੜਾਈਆਂ ਸਬੰਧੀ ਉਸ ਸਮੇਂ ਦੇ ਅੰਗਰੇਜ਼ ਅਫ਼ਸਰਾਂ ਨੇ ਪਿਛੋਂ ਜੋ ਇਤਹਾਸਕ ਪੁਸਤਕਾਂ ਲਿਖੀਆਂ ਹਨ ਉਨ੍ਹਾਂ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਸਿੱਖ ਫੌਜਾਂ ਵਿਚ ਅਤੇ ਸਾਰੀ ਸਿੱਖ ਕੌਮ ਵਿਚ ਖਾਲਸਾ ਰਾਜ ਨੂੰ ਕਾਇਮ ਰਖਣ ਦਾ ਬੜਾ ਤੇਜ਼ ਜਜ਼ਬਾ ਸੀ ਪ੍ਰੰਤੂ ਅਥਾਹ ਜੋਸ਼ ਹੋਣ ਦੇ ਬਾਵਜੂਦ ਸਿੱਖ ਇਸ ਕਰਕੇ ਹਾਰ ਗਏ ਕਿ ਉਨ੍ਹਾਂ ਦੇ ਸੈਨਾਪਤੀ ਗ਼ਦੱਾਰ ਸਨ।

Digitized by Panjab Digital Library | www.panjabdigilib.org

ਸ਼ਹੀਦਾਂ ਦਾ ਖੂਨ ਡੁੱਲ੍ਹਿਆ ਅਤੇ ਸਿੱਖ ਰਾਜ ਦਾ ਸੂਰਜ ਸਤਲੁਜ ਦੀਆਂ ਤੇਜ਼ ਲਹਿਰਾਂ ਵਿਚ ਡੁਬ ਗਿਆ । ਕਿਤਨੇ ਦੁਖ ਦੀ ਗੱਲ ਹੈ ਕਿ ਖਾਲਸਾ ਰਾਜ ਦਾ ਸੂਰਜ ਲਾਹੌਰ ਦੇ ਚੜ੍ਹਦੇ ਪਾਸੇ ਵੱਲ ਛੁਪਿਆ ਅਤੇ ਉਸ ਤੋਂ ਪਿਛੋਂ ਸਿੱਖਾਂ ਜੈਸੀ ਬਹਾਦਰ ਤੇ ਅਣਖੀਲੀ ਕੌਮ ਭੀ ਫਰੰਗੀਆਂ ਦੀ ਗ਼ੁਲਾਮ ਬਣ ਗਈ ।

# ਸ: ਹਰੀ ਸਿੰਘ ਜੀ ਨਲੂਆ

## ਗਵਰਨਰ ਕਸ਼ਮੀਰ, ਹਜ਼ਾਰਾ ਤੇ ਪਸ਼ਾਵਰ

ਅਤੇ

## ਕਮਾਂਡਰ ਇਨ-ਚੀਫ਼ — ਖਾਲਸਾ ਫੌਜ

## ਦਾ ਜਨਮ*

ਸਰਦਾਰ ਹਰੀ ਸਿੰਘ ਦਾ ਪਿਤਾ ਸ: ਗੁਰਦਿਆਲ ਸਿੰਘ ਸ਼ੁਕਰਚਕੀਆ ਮਿਸਲ ਕੁਮੇਦਾਨ ਦੇ ਘਰ ਮਾਤਾ ਧਰਮ ਕੌਰ ਜੀ ਦੀ ਸੁਲਖਣੀ ਕੁਖੋਂ ਗੁਜਰਾਂਵਾਲੇ ਸੰਮਤ ੧੮੪੮ ਮੁਤਾਬਿਕ ੧੭੯੧ ਈਸਵੀ ਨੂੰ ਹੋਇਆ । ਮਾਤਾ ਪਿਤਾ ਦੀ ਪਿਛਲੀ ਅਵਸਥਾ ਅਤੇ ਸਾਰੇ ਘਰਾਣੇ ਵਿਚ ਇਕੋ ਇਕ ਹਰੀ ਸਿੰਘ ਜੀ ਹੋਣ ਤੇ ਸਮਝੋ ਇਕ ਖੇਲਣਾ ਮਿਲ ਗਿਆ ।

ਵਿਦਿਆ:— ਪਿਆਰੇ ਪੁਤਰ ਦੀ ਵਿਦਿਆ ਲਈ ਪਿਤਾ ਵਲੋਂ ਇਕ ਵਿਦਵਾਨ ਸਿੰਘ ਅਤੇ ਇਕ ਚੰਗਾ ਫਾਜ਼ਲ ਮੌਲਵੀ ਸੁਖਾ ਲਧੇ ਪੁਤਰ ਦੀ ਪੜ੍ਹਾਈ ਵਾਸਤੇ ਘਰ ਵਿਚ ਰਖੇ ਗਏ । ਸਿੰਘ ਜੀ ਧਾਰਮਿਕ ਰੁਚੀਆਂ ਵਧਾਉਣ ਨੂੰ ਗੁਰਮੁਖੀ ਅਤੇ ਮੌਲਾਨਾ ਜੀ ਫਾਰਸੀ ਪੜ੍ਹਾਉਂਦੇ ਸਨ । ਅਜੇ ਆਪ ਨੂੰ ਸਤਵਾਂ ਸਾਲ ਆਰੰਭ ਹੀ ਹੋਇਆ ਸੀ ਤਾਂ ਆਪ ਜੀ ਦੇ ਸੁਖਾਂ ਦਾ ਸਹਾਰਾ ਪਿਤਾ ਗੁਰਦਿਆਲ ਸਿੰਘ ਜੀ ਕੁਝ ਦਿਨ ਬੀਮਾਰ † ਹੋਕੇ ੧੮੫੫ ਨੂੰ ਉਥੇ ਚਲੇ ਗਏ ਜਿਥੋਂ ਕੋਈ ਮੁੜ ਕੇ ਨਹੀਂ ਆਇਆ ।

## "ਹਰੀ ਸਿੰਘ ਯਤੀਮ"

ਜਿਤਨੇ ਮਾਤਾ ਪਿਤਾ ਦੇ ਸਾਰੇ ਪ੍ਰਵਾਰ ਵਿਚ ਇਕਲੇ ਹੋਣ ਤੇ ਸੁਖ ਭੋਗੇ ਸਨ । ਪਿਆਰੇ ਪਿਤਾ ਜੀ ਦੇ ਅੰਤ ਹੋਣ ਤੋਂ ਬਾਦ ਉਨੇ ਹੀ ਦੁਖਾਂ ਦੇ ਪਹਾੜ ਟੁਟਣ ਤੇ ਮਾਮਾਂ ਜੀ ਸਮੇਤ ਬੇਬੇ ਧਰਮ ਕੌਰ ਦੇ ਆਪਣੇ ਪਿੰਡ ਲੈ ਗਏ ਜਿਥੇ ਕਿ ਆਪਦੀ ਬਚਿਆਂ ਦੀ ਤਰਾਂ ਪਰਵਰਸ਼ ਹੁੰਦੀ ਰਹੀ । ਨਾਨਕੇ ਘਰ ਵੀ ਵਿਦਿਆ ਦੀ ਉਹੋ ਚੇਟਕ ਲਗੀ ਰਹੀ ਜੋ ਪਿਆਰੇ ਪਿਤਾ ਜੀ ਲਾ ਗਏ ਸਨ । ਹੁਣ ਕੁਦਰਤ ਵਲੋਂ ਜੋ ਰੌਸ਼ਨ ਦਿਮਾਗ ਤੇ ਵਚਿਤ੍ਰ ਬੁਧੀ ਹੋਣ ਤੇ ਜੋ ਕੁਛ ਇਕ ਦਫਾ ਪੜ੍ਹਦਾ ਸੁਣਦਾ ਉਸਨੂੰ ਹਿਰਦੇ ਵਿਚ

* ਪੰ: ਦੀ: ਸ: ਲ: ਗ੍ਰਿਫਨ ਜਿਲਦ ੨ ਸਫ਼ਾ ੧੪੫

† ਪੰਜਾਬ ਚੀਫਸ ਜਿਲਦ ੨ ਸਫਾ ੧੪੫

Digitized by Panjab Digital Library | www.panjabdigilib.org

ਉਕਰ ਲੈਂਦਾ। ੧੪ – ੧੫ ਸਾਲ ਦੀ ਅਵਸਥਾ ਵਿਚ ਆਪ ਜੀ ਨੇ ਦੇਖਾ ਦੇਖੀ ਸਾਰੇ ਜੰਗੀ ਕਰਤਬਾਂ ਵਿਚ ਪੂਰੀ ਵਾਕਫੀਅਤ ਕਰ ਲਈ। ਆਪ ਗਿਣਤੀ ਦੇ ਘੋੜ ਸਵਾਰ ਅਤੇ ਨੇਜ਼ਾ ਬਾਜ਼ੀ ਤੇ ਸ਼ਮਸ਼ੇਰ ਜ਼ਨੀ ਵਿਚ ਕਹਿੰਦਿਆਂ ਕਹਾਉਂਦਿਆਂ ਵਿਚੋਂ ਇਕ ਆਪ ਸਨ। ਅਰ ਤੀਰ, ਬੰਦੂਕ ਗੋਲੀ ਨਾਲ ਸਹੀ ਨਿਸ਼ਾਨਾ ਲਾਣ ਵਿਚ ਆਪ ਜੀ ਬੜੇ ਪ੍ਰਸਿਧ ਸਨ। ਅਤੇ ਜੰਗੀ ਕਰਤਬਾਂ ਦੇ ਨਾਲ ਆਪ ਨੇ ਗੁਰਮੁਖੀ ਵਿਦਿਆ ਅਤੇ ਫਾਰਸੀ ਦੀ ਜ਼ਬਾਨ ਦਾਨੀ ਅਤੇ ਖੁਸ਼ਖਤ ਲਿਖਤ ਲਈ ਸੁੰਦਰ ਲਿਖਾਰੀ ਤੇ ਫਾਜ਼ਲ ਵਿਦਵਾਨ ਸਨ। ਆਪਦੀ ਫਾਰਸੀ ਦੀ ਵਿਦਵਤਾ ਬਾਬਤ ਬੈਰਨ ਹੂਗਲ ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਸ: ਹਰੀ ਸਿੰਘ ਦੀ ਵਿਦਵਤਾ ਅਤੇ ਮਾਲੂਮਾਤ ਨੂੰ ਦੇਖਕੇ ਮੈਂ ਹੈਰਾਨ ਰਹਿ ਗਿਆ ਹਾਂ ਉਹ ਫਾਰਸੀ ਵਿਚ ਬੜਾ ਨਿਪੁਨ ਹੈ ਅਤੇ ਬੜੀ ਹੀ ਤੇਜ਼ੀ ਨਾਲ ਫਾਰਸੀ ਬੋਲਦਾ ਤੇ ਲਿਖਦਾ ਹੈ ‡। ਪਸ਼ਤੋ (ਅਫਗਾਨੀ ਵਿਚ ਆਪ ਐਸੀ ਰਵਾਨਗੀ ਨਾਲ ਬੋਲਦੇ ਸਨ ਕਿ ਸੁਣਨ ਵਾਲੇ ਅਚੰਭਾ ਹੋ ਜਾਂਦੇ ਸਨ।) ਅਤੇ ਗੁਣਾਂ ਦੇ ਨਾਲ ਅਕਾਲ ਪੁਰਖ ਨੇ ਆਪ ਨੂੰ ਐਸਾ ਸੁੰਦਰ ਸਰੂਪ ਤੇ ਸਡੌਲ ਬਲਵਾਨ ਤੇ ਫੁਰਤੀਲਾ ਸਰੀਰ ਬਖਸ਼ਿਆ ਸੀ ਦੇਖਣ ਵਾਲਾ ਆਪ ਜੀ ਦੇ ਦਰਸ਼ਨ ਤੋਂ ਪ੍ਰਭਾਵਤ ਹੋ ਜਾਂਦਾ।

## "ਸ਼ੇਰੇ ਪੰਜਾਬ ਦਾ ਬਸੰਤ ਪੰਚਮੀ ਦਰਬਾਰ"

ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ਾਲ ਦਿਲ ਛੋਟੇ੨ ਭੁਜੰਗੀਆਂ ਨੂੰ ਧਾਰਮਕ ਤੇ ਸਿਆਸਤ ਵਿਚ ਪ੍ਰਪਕ ਕਰਨ ਵਾਸਤੇ ਸਰਕਾਰ ਪੰਜਾਬ ਰਾਜਧਾਨੀ ਵਿਚ ਆਏ। ਸਾਲ ਬਸੰਤ ਪੰਚਮੀ ਦੇ ਦਿਨ ਤੋਂ ਆਰੰਭ ਕਰਕੇ ੧੦ ਦਿਨ ਬੜਾ ਭਾਰੀ ਦਰਬਾਰ ਲਾਇਆ ਕਰਦੇ ਸਨ ਜਿਸ ਵਿਚ ਸਾਰੇ ਪੰਜਾਬ ਦੇ ਨੌਜਵਾਨ (ਭੁਜੰਗੀਆਂ) ਨੂੰ ਇਕਠੇ ਕਰਨ ਦਾ ਪ੍ਰਬੰਧ ਰੋਜ਼ਾਨਾ ਕੀਤਾ ਜਾਂਦਾ ਸੀ। ਇਸ ਸਮੇਂ ਹਰ ਕੌਮ ਨੂੰ ਆਪਣੇ ਜੰਗੀ ਕਰਤਬ ਅਤੇ ਜਿਸਮਾਨੀ ਤਾਕਤ ਤੇ ਕਮਾਲ ਗੁਣ ਦਸਿਆ ਕਰਦੇ ਸਨ। ਜੋ ਲੜਕੇ ਜਿਤਦੇ ਉਨ੍ਹਾਂ ਨੂੰ ਇਨਾਮਾਂ ਤੋਂ ਛੁਟ ਜਿਸ੨ ਸੇਵਾ ਦੇ ਯੋਗ ਸਮਝਿਆ ਜਾਂਦਾ ਹੈ ਉਹਨਾਂ ਨੂੰ ਯੋਗਤਾ ਅਨੁਸਾਰ ਔਹਦੇ ਦੇਕੇ ਫੌਜ ਵਿਚ ਭਰਤੀ ਕੀਤਾ ਕਰਦੇ ਸਨ।

## ॥ ਇਸ ਦਾ ਕਾਰਨ ॥

੧. ਰਾਜ ਪ੍ਰਬੰਧ ਲਈ ਸੌਖੇ ਹੀ ਜੋਗ ਜੁਆਨ ਭਰਤੀ ਲਈ ਮਿਲ ਸਕਦੇ ਸਨ।

੨. ਸ਼ੇਰਿ ਪੰਜਾਬ ਨਾਲ ਸਿਧੇ ਮੇਲ ਮਿਲਾਪ ਅਤੇ ਜਾਣ ਪਛਾਣ ਦਾ ਸਿਲਸਲਾ ਬਣਿਆ ਰਹਿੰਦਾ ਸੀ।

੩. ਇਨਾਮ ਆਦਿ ਮਿਲਣ ਨਾਲ ਉਹਨਾਂ ਦੀ ਏਨੀ ਹੌਸਲਾ ਅਫਜ਼ਾਈ ਹੋ ਜਾਂਦੀ ਸੀ ਕਿ ਆਉਣ ਵਾਲੀ ਪੀੜ੍ਹੀ ਦੇ ਨੌਜਵਾਨ ਆਪਣੇ ਆਪ ਨੂੰ ਵਧ ਤੋਂ ਵਧ ਸਿਖ ਰਾਜ ਦੀ ਸੇਵਾ ਕਰਨ ਵਿਚ ਉਤਸ਼ਾਹ ਦਸਦੇ ਰਹਿੰਦੇ ਸਨ। ਇਹੀ ਕਾਰਨ ਸੀ ਕਿ ਸਿਖ ਨੌਜਵਾਨਾਂ ਦੇ ਫੌਜ ਵਿਚ ਭਰਤੀ ਹੁੰਦਿਆਂ ਬਹੁਤ ਥੋੜੀ ਸਿਖਲਾਈ ਨਾਲ ਚੰਦ ਦਿਨਾਂ ਦੇ ਅੰਦਰ੨ ਉਹ ਮੈਦਾਨ ਜੰਗ ਵਿਚ ਪੁਰਾਣੇ ਸਿਪਾਹੀਆਂ ਦੇ ਨਾਲ ਇਕੋ ਜਿਹਾ ਕੰਮ ਕਰ ਸਕਦੇ ਸਨ ਕਿਉਂਕਿ ਘਰੋਂ ਹੀ ਫੌਜੀ ਸਿਖਲਾਈ

‡ ਬੈਰਨ ਹੂਗਲ ਦਾ ਸਫਰਨਾਮਾ ਕਸ਼ਮੀਰ ਅਤੇ ਪੰਜਾਬ ਸਫਾ ੨੫੫

Digitized by Panjab Digital Library | www.panjabdigilib.org

ਕਰਕੇ ਆਉਂਦੇ ਸਨ ਏਸ ਤਰਾਂ ਹੀ ਸੰਮਤ ੧੮੬੨ ਬਸੰਤੀ ਦਰਬਾਰ ਜਦ ਲਾਹੌਰ ਲਗਾ ਜਿਸ ਵਿਚ ਨੌਜਵਾਨਾਂ ਦਾ ਬਹੁਤ ਹੀ ਇਕੱਠ ਹੋਇਆ ਸੀ ਇਸ ਸਮੇਂ ਜੇਹੜੇ ਕੌਮ ਦੇ ਹੋਣਹਾਰ ਸ੍ਰੀ ਕਲਗੀਧਰ ਦੇ ਦੁਲਾਰੇ ਆਪੋ ਆਪਣੇ ਸ਼ਸਤ੍ਰ ਵਿਦਿਆ ਦੇ ਜੌਹਰ ਦਿਖਾਉਣ ਵਾਸਤੇ ਨਿਕਲੇ ਉਹਨਾਂ ਵਿਚੋਂ ਸੋਹਣੀ ਤੇ ਮਨਮੋਣੀ ਡੀਲ ਡੌਲ ਵਾਲਾ ਨੌਜਵਾਨ ਅਖਾੜੇ ਵਿਚ ਆਇਆ ਜਿਸ ਦੇ ਸਿਪਾਹਗਿਰੀ ਦੇ ਹੁਨਰ ਹੈਰਾਨਗੀ ਵਿਚ ਪਾ ਰਹੇ ਸਨ ਇਸ ਦੀ ਚਾਬਕ ਸਵਾਰੀ ਇਸ ਦੀ ਸ਼ਮਸ਼ੇਰ ਜ਼ਨੀ ਇਸ ਦੀ ਫੁਰਤੀ ਸੁਘੜਤਾ ਅਲੌਕਿਕ ਸੀ ਸਭ ਤੋਂ ਵਧ ਇਸ ਜੋਧੇ ਦੇ ਚੇਹਰੇ ਦਾ ਜਲਾਲ ਐਸਾ ਸੀ ਜੋ ਸ਼ੇਰੇ ਪੰਜਾਬ ਦੇ ਹਿਰਦੇ ਵਿਚ ਥਾਂ ਮਲ ਬੈਠਾ ਕੌਮ ਦਾ ਹੋਣ ਹਾਰ ਹਰੀ ਸਿੰਘ ਜਦ ਜੰਗੀ ਕਰਤਬ ਦਿਖਾ ਚੁਕਾ ਤਾਂ ਮਹਾਰਾਜਾ ਨੇ ਆਪਣੇ ਕੋਲ ਬੁਲਾ ਕੇ ਭਰੇ ਦਰਬਾਰ ਵਿਚ ਬਹੁਤ ਕੀਮਤੀ ਕੈਂਠਾ ਆਪਣੇ ਹਥ ਨਾਲ ਹਰੀ ਸਿੰਘ ਦੇ ਗਲੇ ਵਿਚ ਪਾਇਆ ਜਦ ਇਸ ਦੇ ਘਰਾਣੇ ਦੀ ਪੁਛ ਪੜਤਾਲ ਕੀਤੀ ਤਾਂ ਹਰੀ ਸਿੰਘ ਨੇ ਦਸਿਆ ਕਿ ਮੈਂ ਸ: ਗੁਰਦਿਆਲ ਸਿੰਘ ਸੁਕਰ ਚਕੀਆ ਮਿਸਲ ਦੇ ਕੁਮੇਦਾਨ ਦਾ ਸਪੁਤਰ ਹਾਂ ਮੇਰਾ ਨਾਮ ਹਰੀ ਸਿੰਘ ਹੈ ਜਿਸ ਦੇ ਸੁਣਨ ਸਾਰ ਸ਼ੇਰੇ ਪੰਜਾਬ ਨੂੰ ਬੜੀ ਖੁਸ਼ੀ ਹੋਈ ਹੁਣ ਸਰਕਾਰ ਤੇਰੇ ਜੰਗੀ ਕਰਤਬਾਂ ਦਾ ਕੌਣ ਉਸਤਾਦ ਹੈ ਹਰੀ ਸਿੰਘ ਜੀ ਸਰਕਾਰ ਸ੍ਰੀ ਕਲਗੀਧਰ ਜੀ ਦੀ ਮਿਹਰ ਦਾ ਸਦਕਾ ਸਿਰਫ ਦੇਖਾ ਦੇਖੀ ਸਿਖਲਾਈ ਕੀਤੀ ਹੈ। ਇਹ ਬਚਨ ਸੁਣਨ ਸਾਰ ਸਰਕਾਰ ਅਤਿਅੰਤ ਪ੍ਰਸੰਨ ਹੋਣ ਤੇ ਝਟ ਪਟ ਆਪਣਾ ਹਜ਼ੂਰੀ ਖਿਦਮਤਗਾਰ ਦਾ ਉਹਦਾ ਬਖਸ਼ਿਆ। ਇਹ ਹੈ ਸ: ਹਰੀ ਸਿੰਘ ਨਲੂਏ ਦਾ ਸਰਕਾਰ ਦੇ ਘਰ ਵਿਚ ਦਾਖਲ ਹੋਣਾ।

## ਸੋਚੋ

ਸ: ਹਰੀ ਸਿੰਘ ੭ ਸਾਲ ਦੇ ਬੇ ਆਸਰੇ ਹੀ ਨਹੀਂ ਸਗੋਂ ਸੁਖਾਂ ਦੀ ਛਾਂ ਚਕੀ ਗਈ। ਦੁਖਾਂ ਦੀ ਧੁਪ ਨੇ ਜੇਠ ਦੀ ਦੋਪਹਿਰ ਨਾਲੋਂ ਤੇਜ ਦਿਖਾਇਆ। ਕੌਣ ਸਮਝਦਾ ਸੀ ਬੇਅੰਤ ਦੇ ਰੰਗਾਂ ਨੂੰ ਕਿ ੭ ਸਾਲ ਨਿਆਸਰਾ ਹਰੀ ਸਿੰਘ ਹਜ਼ਾਰਾਂ ਨਿਆਸਰਿਆਂ ਦਾ ਆਸਰਾ ਬਣੇਗਾ। ਕੌਣ ਜਾਣਦਾ ਸੀ ਕਿ ਨਿਤਾਣਾ ਬਾਲਕ ਲਖਾਂ ਦਾ ਸਤਾਣਾ ਹੋਵੇਗਾ, ਕੌਣ ਜਾਣਦਾ ਸੀ, ਕਿ ਹਰੀ ਸਿੰਘ ਖਾਲਸਾ ਸਲਤਨਤ ਦਾ ਬਿਜਈ ( ਫਤਹਿ) ਕਮਾਂਡਰ-ਇਨ-ਚੀਫ਼ ਕਾਮਯਾਬ ਗਵਰਨਰ ਬਣੇਗਾ ਜਾਂ ਇਸ ਦਾ ਸਿੱਕਾ ਚਲੇਗਾ।

## ਕੌਣ ਜਾਣਦਾ ਸੀ

ਜੋ ਪਿਛਲੇ ਮਹਾਂ ਬਲੀ ਧਨਖ ਧਾਰੀ ਅਸਟ ਭੁਜੀ ਤੀਰਅੰਦਾਜੀ ਅਤੇ ਖੂਨੀਆਂ ਖਪੌਣ ਵਾਲੀਆਂ ਤੋਂ ਇਹ ਪਠਾਣ ਜੋ ਰਾਖਸ਼ਾਂ ਵਾਂਗ ਏਸ ਦੇਸ਼ ਨੂੰ ਕਈ ਸਦੀਆਂ ਤੋਂ ਖਾ ਖਪਾ ਰਹੇ ਸੀ ਕਿਸੇ ਨੇ ਨਾ ਡਕੇ ਸਰਦਾਰ ਹਰੀ ਸਿੰਘ ਨਲੂਆ ਨੇ ਸ੍ਰੀ ਕਲਗੀਧਰ ਜੀ ਦੀ ਕ੍ਰਿਪਾ ਦਾ ਸਦਕਾ ਡਕੇ ਹੀ ਨਹੀਂ ਬਲਕਿ ਉਹਨਾਂ ਦੇ ਆਉਣੇ ਦੇ ਰਸਤੇ ਬੰਦ ਕੀਤੇ ਜੋ ਮੁੜ ਕੇ ਇਸ ਦੇਸ਼ ਵਿਚ ਉਕੇ ਹੀ ਨਾ ਆਉਣੇ ਪਾਉਣ।

## ਕਿਵੇਂ

ਦੇਸ਼ ਦੇ ਰਖਿਅਕ ਨੇ ਹਦਾਂ ਉਤੇ ਕਿਲੇ ਬਣਾਏ ਹੋਏ ਸਨ ਜੋ ਇਸ ਉਪਕਾਰੀ ਦੇਸ਼ ਦੇ ਸੱਚੇ ਰਖਵਾਲੇ ਦੀਆਂ ਯਾਦਗਾਰਾਂ ਹੁਣ ਤਕ ਕਾਇਮ ਖੜੀਆਂ ਪੁਕਾਰਦੀਆਂ ਹਨ।

Digitized by Panjab Digital Library | www.panjabdigilib.org

# ਦੁਸ਼ਮਣ ਰੋਕੂ ਯਾਦਗਾਰਾਂ

੧. ਕਿਲ੍ਹਾ ਜਮਰੌਦ ਇਲਾਕਾ ਪਿਸ਼ਾਵਰ
੨. ਬੁਰਜ ਹਰੀ ਸਿੰਘ ਇਲਾਕਾ ਪਿਸ਼ਾਵਰ
੩. ਕਿਲ੍ਹਾ ਬਾੜਾ ਇਲਾਕਾ ਪਿਸ਼ਾਵਰ
੪. ਕਿਲ੍ਹਾ ਸ਼ੰਕਰ ਗੜ੍ਹ ਇਲਾਕਾ ਪਿਸ਼ਾਵਰ
੫. ਕਿਲ੍ਹਾ ਮਿਚਨੀ ਇਲਾਕਾ ਪਿਸ਼ਾਵਰ
੬. ਕਿਲ੍ਹਾ ਬਾਲਾ ਸਾਰ ਪਿਸ਼ਾਵਰ
੭. ਫਸੀਲ ਸ਼ਹਿਰ
੮. ਕਿਲ੍ਹਾ ਨੌਸ਼ਹਿਰਾ
੯. ਕਿਲ੍ਹਾ ਜਹਾਂਗੀਰ
੧੦. ਕਿਲ੍ਹਾ ਖੈਰਾਬਾਦ
੧੧. ਕਿਲ੍ਹਾ ਮਰਦਾਨ
੧੨. ਕਿਲ੍ਹਾ ਹਰਕਿਸ਼ਨ ਗੜ੍ਹ ਹਰੀਪੁਰਾ
੧੩. ਸ਼ਹਿਰ ਹਰੀਪੁਰਾ
੧੪. ਮੰਦਰ ਗਨੇਸ ਗਿਰ
੧੫. ਅਕਾਲ ਗੜ੍ਹ ਡੇਹਰਾ ਅਸਮਾਈਲ ਖਾਂ
੧੬. ਬੰਨੂ
੧੭. ਬੇਲੀ ਬਚਾਰ
੧੮. ਅਲੀ ਮਸੀਤ

ਇਤ ਆਦਿਕ ਹੋਰ ਬਹੁਤ ਕਿਲੇ ਹਨ ਅਤੇ ਆਪ ਜੀ ਦੀਆਂ ਯਾਦਾਂ ਸਦਾ ਦੁਨੀਆਂ ਤੇ ਅਟਲ ਹਨ। ਅਖੀਰ ਆਪ ਜੀ ਦਾ ਅੰਤ ੩੭ ਕਤਕ ੧੮੯੪ ਗਿ: ਗਿਆਨ ਸਿੰਘ ਜੀ ਲਿਖਦੇ ਹਨ। ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ੯ ਵੈਸਾਖ ੧੮੯੪ ਨੂੰ ਅੰਤ ਲਿਖਦੇ ਹਨ।

# ਸ: ਕਰਮ ਸਿੰਘ ਸ਼ਹੀਦ ਇੰਦ ਗੜ੍ਹ

ਨਗਰ ਇੰਦ ਗੜ੍ਹ ਦਾ ਪਹਿਲਾ ਨਾਂ ਲਾਟੀਆ ਸੀ ਤੇ ਛਿੰਨਾਂ ਹੋਣ ਕਰਕੇ ਅੱਗ ਲਗਣ ਤੇ ਲਾਟਾਂ ਨਿਕਲਦੀਆਂ ਸਨ ਜਿਸ ਦੀਆਂ ਲਾਟਾਂ ਤੋਂ ਪਿੰਡ ਦਾ ਨਾਂ ਲਾਟੀਆ ਪਿਆ ਹੋਇਆ ਸੀ।

ਪਹਿਲਾਂ ਏਥੇ ਜਹਾਨ ਖਾਂ ਰੰਗੜ ਵਸਦਾ ਸੀ ਫਿਰ ਸਿਧੂ ਗੋਤ ਦਾ ਸੁਖੀਆ ਸਰਦਾਰ ਪਿੰਡ ਢੋਂਕਿਆਂ ਤੋਂ ਗੋਲ ਆਕੇ ਏਥੇ ਬੈਠਾ, ਪਰ ਛੰਨਾਂ ਹੋਣ ਕਰਕੇ ਅੱਗ ਲਗ ਜਾਇਆ ਕਰੇ ਇਸ ਨਮਿਤ ਜਗ ਕੀਤਾ ਤੇ ਉਸ ਦਿਨ ਖ਼ੂਬ ਵਰਖਾ ਹੋਈ, ਤਾਂ ਇੰਦਰ ਦੇਵਤਾ ਦੇ ਨਾਂ ਤੇ ਇੰਦ ਗੜ੍ਹ ਰਖਿਆ ਗਿਆ। ਪਿੰਡ ਇਦ ਗੜ੍ਹ ਵਸੇ ਨੂੰ ਕੋਈ ੧੮੦ ਵਰ੍ਹੇ ਹੋਏ ਹੋਣਗੇ।

Digitized by Panjab Digital Library | www.panjabdigilib.org

ਏਸੇ ਝਿੜੀ ਵਿਚ ਦਿੱਤ ਬਲ ਦਾ ਪਿੰਡ ਸੀ ਜਿੱਥੇ ਇਕ ਬਾਉਲੀ ਸੀ। ਇਸ ਝਿੜੀ ਵਿਚ ਮੀਰੀ ਪੀਰੀ ਦੇ ਮਾਲਕ ਵੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਪਵਿਤ੍ਰ ਚਰਨ ਪਏ ਹਨ ਇਨ੍ਹਾਂ ਦੀ ਯਾਦ ਵਿਚ ਉਹ ਬਾਉਲੀ ਸੀ। ਜਿਸ ਦੀਆਂ ਇਟਾਂ ਪਿਛੋਂ ਉਧੇੜ ਕੇ ਪਿੰਡ ਵਿਚ ਲਾਈਆਂ ਗਈਆਂ। ਜਿਥੇ ਜਿਥੇ ਇਟਾਂ ਲਗੀਆਂ ਸਨ ਉਹਨਾਂ ਦੀ ਬੜੀ ਭੈੜੀ ਹਾਲਤ ਹੋਈ।

ਭਾਈ ਸੁਖੀਏ ਦੀ ਕੁਲ ਵਿਚ ਕਲਾ ਹੋਇਆ, ਜਿਸ ਨੂੰ ਸਰਦਾਰ ਖਾਲਸਾ ਵਲੋਂ ਇਸ ਪ੍ਰਗਣੇ ਦੀ ਚੌਧਰ ਦਾ ਪਟਾ ਮਿਲਿਆ ਹੋਇਆ ਸੀ। ਇਨ੍ਹਾਂ ਦੇ ਘਰ ਬਾਬਾ ਕਰਮ ਸਿੰਘ ਜੀ ਨੇ ਜਨਮ ਲਿਆ। ਜੋ ਇੰਦ ਗੜ੍ਹ ਕਿਸ਼ਨ ਪੁਰਾ ਦੀ ਹਦਬੰਦੀ ਸਮੇਂ ਬੜੀ ਬਹਾਦਰੀ ਨਾਲ ਰੂੜ ਸਿੰਘ ਕਿਸ਼ਨ ਪੁਰੀਏ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਜਿਸ ਦੀ ਯਾਦ ਵਿਚ ਪਹਿਲੋਂ ਸਮਾਧ ਸੀ ਫਿਰ ਸੰਤ ਵਿਸਾਖਾ ਸਿੰਘ ਜਨੇਤਪੁਰਾ ਨੇ ਸ੍ਰੀ ਗੁਰੂ ਹਰਿਗੋਬਿੰਦ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਵਾਇਆ।

## ਖਾਲਸਾ ਰਾਜ ਦੇ ਪੂਰਨ ਹਮੈਤੀ ਕਾਲਿਆਂ ਵਾਲੇ ਸਰਦਾਰ

ਸਰਦਾਰ ਫਤਹਿ ਸਿੰਘ ਕਾਲਿਆਂ ਵਾਲੇ ਦੇ ਦਾਦੇ ਜੈਮਲ ਸਿੰਘ ਸਿਧੂ ਨੇ ਅਲ੍ਹਾਹੀ ਦਾਤ ਅੰਮ੍ਰਿਤ ਦੀ ਭਾਈ ਮਨੀ ਸਿੰਘ ਜੀ ਤੋਂ ਪਾਈ ਸੀ। ਸਰਦਾਰ ਜੈਮਲ ਸਿੰਘ ਕਾਲਿਆਂ ਵਾਲਾ ਸਰਦਾਰ ਜਸਾ ਸਿੰਘ ਕਾਲਿਆਂ ਵਾਲੇ ਦਾ ਪੁਤਰ ਫਤਹਿ ਸਿੰਘ ਮੁਛ ਫੁਟ ਜੁਆਨੀ ਵਿਚ ਸੰਨ ੧੭੯੮ ਈਸਵੀ ਵਿਚ ਸ਼ੇਰੇ ਪੰਜਾਬ ਦੀ ਫੌਜ ਵਿਚ ਮਿਲ ਗਿਆ। ਸਰਦਾਰ ਰਨਿ ਸਿੰਘ ਕਾਲਿਆਂ ਵਾਲਾ ਕਰਨਲ ਮੋਹਨ ਸਿਘ ਕਾਲਿਆਂ ਵਾਲਾ ਸਰਦਾਰ ਦੇਵਾ ਸਿੰਘ ਭੰਡਾਰੀ ਆਦਿ ਨੇ ਨਰੈਣ ਗੜ੍ਹ ਕਿਲੇ ਦੀ ਚੜ੍ਹਾਈ ਵੇਲੇ ਪਿਆਰੇ ਸ਼ੇਰੇ ਪੰਜਾਬ ਤੋਂ ਆਪਾ ਵਾਰਿਆ। ਦੇਖੋ:—

(ਸਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ ਸਫਾ ੩੬੯

## ਮਾਈ ਰੱਜੀ ਕਕਰਾਲੇ ਵਾਲੀ

ਭਾਈ ਰੂਪੇ ਦੀ ਸੰਤਾਨ ਵਿਚ ਭਾਈ ਗੁਦੜ ਸਿੰਘ (ਸੰਤ) ਜੀ ਆਦਿ ਕਈ ਤ੍ਰਿਕਾਲ ਦਰਸੀ ਮਹਾਤਮਾ ਹਨ, ਉਨ੍ਹਾਂ ਦੀ ਪੰਜਵੀਂ ਛੇਵੀਂ ਪੀੜ੍ਹੀ ਵਿਚੋਂ ਉਨ੍ਹਾਂ ਦੀ ਇਕ ਨੂੰਹ ਮਾਈ ਰੱਜੀ ਕਕਰਾਲੇ ਵਿਖੇ ਹੋਈ ਹੈ, ਜਿਸ ਨੇ ਵਿਆਹ ਕਰਕੇ ਗ੍ਰਿਹਸਤ ਤਿਆਗ ਦਿਤਾ ਸੀ, ਅਤੇ ਰਾਤ ਦਿਨ ਅਖੰਡਾਕਾਰ ਨਾਮ ਵਿਚ ਤਤਪਰ ਰਹਿੰਦੀ ਸੀ। ਉਸ ਵੇਲੇ ਕਕਰਾਲੇ ਵਾਲੇ ਭਾਈ ਕਿਆਂ ਦੇ ਲੰਗਰ ਅਤੇ ਸਤਿਸੰਗ ਦੀ ਬਰਕਤ ਸਾਰੇ ਪਰਸਿਧ ਸੀ। ਇਸਦਾ ਮੁਖ ਕਾਰਣ ਉਸ ਪੋਥੀ ਸਾਹਿਬ ਦੀ ਬਰਕਤ ਸੀ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਰੂਪ ਚੰਦ ਜੀ ਨੂੰ ਬਖਸ਼ੀ।

ਏਸ ਤੋ ਬਿਨਾ ਸੰਤ ਗੁਦੜ ਸਿੰਘ ਜੀ ਅਤੇ ਮਾਈ ਰੱਜੀ ਦੀਆਂ ਘਾਲਾਂ ਨੇ ਭੀ ਏਸ ਘਰ ਦੀ ਚੰਗੀ ਰੋਸ਼ਨਾਈ ਕਰ ਦਿਤੀ ਸੀ। ਇਨ੍ਹਾ ਦੀ ਦੂਜੀ ਸ਼ਾਖਾ ਜੋ ਬਾਗੜੀਆ ਵਿਚ ਨਿਵਾਸ ਕਰਦੀ ਸੀ ਉਹ ਏਸ ਨਾਲੋਂ ਘਟ ਪ੍ਰਭਾਵ ਵਾਲੀ ਸੀ। ਉਸਦੇ ਮਹੰਤ (ਭਾਈ ਸਾਹਿਬ) ਨਰਾਇਣ ਸਿੰਘ ਜੀ ਸਨ ਜੋ ਬੜੇ ਹੁਸ਼ਿਆਰ ਅਤੇ ਸਿਖੀ ਤੇ ਲੰਗਰ ਚਲਾਉਣ ਦੇ ਅਧਿਕ ਚਾਹਵਾਨ ਸਨ। ਉਨ੍ਹਾਂ ਨੇ ਕਿਸੇ ਦੇ ਰਾਹੀਂ ਬੜੇ ਜਤਨ ਨਾਲ ਉਹ ਪੋਥੀ ਸਾਹਿਬ ਕਕਰਾਲੇ ਵਾਲਿਆਂ ਦੀ ਮਰਜ਼ੀ ਤੋਂ ਬਿਨਾਂ ਬਾਗੜੀਆਂ

Digitized by Panjab Digital Library | www.panjabdigilib.org

ਵਿਚ ਲੈ ਆਂਦੀ ਤਾਂ ਸਾਰੀ ਬਰਕਤ ਇਨ੍ਹਾਂ ਦੇ ਘਰ ਆ ਗਈ। ਮਾਈ ਰੱਜੀ ਨੂੰ ਜਦੋਂ ਪਤਾ ਲਗਾ ਤਾਂ ਉਸਨੇ ਭਾਈ ਸਾਹਿਬ ਨਰੈਣ ਸਿੰਘ ਹੁਰਾਂ ਤੋਂ ਪੋਥੀ ਸਾਹਿਬ ਮੰਗੀ। ਉਨ੍ਹਾਂ ਨੇ ਦੇਣੋ ਨਾਂਹ ਕਰ ਦਿਤੀ ਤਾਂ ਮਾਈ ਜੀ ਨੇ ਸ੍ਰਾਪ ਦੇ ਦਿਤਾ। ਜਿਸ ਤੋਂ ਉਨ੍ਹਾਂ ਦੇ ਦੋਵੇਂ ਪੁਤਰ ਚਲਾਣਾ ਕਰ ਗਏ। ਪਰ ਭਾਈ ਸਾਹਿਬ ਨੇ ਪੋਥੀ ਨਾਲ ਪੱਕਾ ਸਿਦਕ ਰਖਦਿਆਂ ਕਿਸੇ ਗਲ ਦੀ ਪਰਵਾਹ ਨਾ ਕੀਤੀ। ਅਜ ਤਕ ਉਨ੍ਹਾਂ ਦੇ ਖ਼ਾਨਦਾਨ ਵਿਚ ਦੋਲਤ ਦੀ ਬਰਕਤ ਹੈ ਪਰ ਕਕਰਾਲੇ ਵਾਲੇ ਦੀ ਮਾਈ ਰੱਜੀ ਦੀ ਆਤਮਾ ਦੀ ਬਰਕਤ ਨਾਲ ਸਿਖੀ ਸਿਦਕ ਵਿਚ ਘਟ ਨਹੀਂ ਹਨ।

## ਸੰਤ ਖੁਦਾ ਸਿੰਘ ਜੀ

ਗੁਰਬਾਣੀ ਦੇ ਭਜਨੀਕ ਤੇ ਨਾਮ ਦੇ ਰਸੀਏ ਬਾਬਾ ਖੁਦਾ ਸਿੰਘ ਜੀ ਕਰਣੀ ਵਾਲੇ ਮਹਾਂਪੁਰਸ਼ ਹੋਏ ਹਨ।

ਆਪ ਨੇ ਸੰਮਤ ੧੯੩੩ ਵਿਚ ਮਾਤਾ ਸੁਖਦੇਈ ਦੇ ਕੁਖ ਤੋਂ ਭਾਈ ਨਥਾ ਸਿੰਘ ਦੇ ਘਰ ਜਨਮ ਲਿਆ। ਅੰਮ੍ਰਿਤ ਸੰਸਕਾਰ ਵੇਲੇ ਆਪ ਦਾ ਨਾਮ† ਜਸਵੰਤ ਸਿੰਘ ਰਖਿਆ ਗਿਆਂ ਪਰ ਬਾਅਦ ਵਿਚ ਆਪ ਨੂੰ ਸਾਰੇ ਬਾਬਾ ਖੁਦਾ ਸਿੰਘ ਹੀ ਕਹਿਣ ਲਗ ਪਏ ਤੇ ਇਹੀ ਪਰਸਿਧ ਨਾਮ ਹੁਣ ਤਕ ਪ੍ਰਚਲਤ ਹੈ।

ਜੁਆਨੀ ਦੀ ਅਵਸਥਾ ਵਿਚ ਆਪ ਦਾ ਕਦ, ਚਿਹਰੇ ਦੀ ਨੁਹਾਰ ਤੇ ਸਰੀਰ ਦੀ ਡੀਲ ਡੌਲ ਅਤੀ ਪ੍ਰਭਾਵਸ਼ਾਲੀ ਸੀ।

ਆਪ ਨੂੰ ਕੁਰੜੀ ਦਾ ਜਥੇਦਾਰ ਬਣਾ ਦਿਤਾ ਗਿਆ। ਇਹ ਪਿੰਡ ਆਪ ਦੇ ਜਨਮ ਪਿੰਡ ਸ਼ਯਾਮਗੜ੍ਹ (ਕਰਨਾਲ) ਤੋਂ ਨੇੜੇ ਹੀ ਹੈ।

ਥਾਣੇਦਾਰੀ ਦਾ ਔਹਦਾ ਸੰਭਾਲਣ ਮਗਰੋਂ ਆਪ ਨੇ ਚੋਰਾਂ ਤੇ ਡਾਕੂਆਂ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦਬਾਇਆ। ਸਾਰੇ ਇਲਾਕੇ ਵਿਚ ਅਮਨ ਹੋ ਗਿਆ। ਕਿਸੇ ਪਿੰਡ ਵੀ ਕੋਈ ਚੋਰੀ ਝਗੜਾ ਜਾਂ ਲੜਾਈ ਨਹੀਂ ਹੁੰਦੀ ਸੀ। ਆਪ ਸਤਿ ਸੰਗਤ ਕਰਨ ਦੇ ਬਹੁਤ ਆਦੀ ਸਨ। ਮਹਾਂ ਪੁਰਸ਼ਾਂ ਦੇ ਚਰਨਾਂ ਵਿਚ ਬੈਠਕੇ ਵਿਚਾਰ ਚਰਚਾ ਕੀਤਾ ਕਰਦੇ ਸਨ।

ਆਪਦਾ ਕੰਠ ਬਹੁਤ ਸੁਰੀਲਾ ਸੀ। ਗੁਰਬਾਣੀ ਦਾ ਪਾਠ ਅਜੇਹੇ ਪ੍ਰੇਮ ਭਾਵ ਨਾਲ ਕਰਦੇ ਸਨ ਕਿ ਪੱਥਰ ਜੇਹੇ ਦਿਲ ਭੀ ਮੋਮ ਹੋ ਜਾਂਦੇ ਸਨ।

ਬਾਬਾ ਖੁਦਾ ਸਿੰਘ ਜੀ ਨੇ ਮਾਝੇ ਵਿਚ ਕਈ ਸਾਲ ਗੁਰਮਤਿ ਦਾ ਪ੍ਰਚਾਰ ਕੀਤਾ। ਮੁਲਤਾਨ ਪੰਜਾ ਸਾਹਿਬ, ਪਿਸ਼ਾਵਰ, ਕਾਬਲ, ਬੁਖਾਰਾ ਆਦਿ ਦੂਰ ਦੁਰੇਡੇ ਅਸਥਾਨਾਂ ਵਿਚ ਪਹੁੰਚ ਕੇ ਆਪ ਨੇ ਸੈਂਕੜੇ ਪ੍ਰਾਣੀਆਂ ਨੂੰ ਗੁਰੂ ਘਰ ਦੇ ਸਿਦਕੀ ਸਿਖ ਬਣਾਇਆ ਤੇ ਨਾਲ ਹੀ ਉਨ੍ਹਾਂ ਨੂੰ ਗੁਰਮਤਿ ਨਾਮ ਅਭਿਆਸ ਕਮਾਈ ਕਰਨ ਦੀ ਆਦਤ ਪਾਈ।

---

† ਜਸਵੰਤ ਸਿੰਘ ਜੀ ਦਾ ਇਕ ਪ੍ਰੇਮੀ ਮਿਤ੍ਰ ਇਨ੍ਹਾਂ ਨੂੰ ਮੁਹੱਬਤ ਵਜੋਂ ਜਸਵੰਤ ਸਿੰਘ ਕਹਿਕੇ ਬੁਲਾਣ ਦੀ ਥਾਂ 'ਬਾਬਾ ਖੁਦਾ ਸਿੰਘ' ਕਹਿਕੇ ਸਦਦਾ ਹੁੰਦਾ ਸੀ। ਇਸ ਕਰਕੇ ਇਨ੍ਹਾਂ ਦਾ ਇਹੀ ਨ ਮ ਪ੍ਰਸਿਧ ਹੈ।

Digitized by Panjab Digital Library | www.panjabdigilib.org

ਚੋਲਿਆਂ ਵਾਲੇ ਦੀ ਲੜਾਈ ਵਿਚ ਆਪ ਸਿਖ ਫੌਜਾਂ ਦੇ ਨਾਲ ਸਨ। ਸਿਖਾਂ ਦੇ ਹਾਰ ਜਾਣ ਮਗਰੋਂ ਅੰਗਰੇਜ਼ ਸਿਪਾਹੀਆਂ ਨੇ ਬਾਬਾ ਖੁਦਾ ਸਿੰਘ ਨੂੰ ਕੈਦ ਕਰ ਲਿਆ। ਕਈ ਮਹੀਨੇ ਤਸੀਹੇ ਦਿਤੇ ਤੇ ਅੰਤ ਆਪ ਜੀ ਨੂੰ ਸਾਧੂ ਸਮਝਕੇ ਤੇ ਆਪਣਾ ਸਾਰਾ ਸ਼ਕ ਦੂਰ ਕਰਕੇ, ਰਿਹਾ ਕੀਤਾ ਗਿਆ।

ਅਪਣੀ ਆਯੂ ਦੇ ਅਖੀਰਲੇ ਦਿਨਾਂ ਵਿਚ ਆਪ ਜੀ ਲਾਹੌਰ ਜਾ ਠਹਿਰੇ ਸਨ। ਏਥੇ ਕਈ ਵਿਚਾਰਵਾਨ ਗੁਰਸਿਖ ਆਪ ਜੀ ਕੋਲ ਰਹਿਣ ਲਗ ਪਏ ਤੇ ਏਸੇ ਥਾਂ ਹੀ ੧੦ ਸੰਮਤ ੧੯੧੧ ਨੂੰ ‡ ਆਪ ਜੀ ਪਰਲੋਕ ਗਮਨ ਕਰ ਗਏ।

## ਚੰਦੂ ਲਾਲ

(ਦੀਵਾਨ ਹੈਦਰਾ ਬਾਦ ਦੱਖਣ)

ਸਰਹਿੰਦ ਵਾਲੇ ਟੋਡਰ ਮਲ ਦਾ ਪੋਤਾ ਅਤੇ ਸਰ ਕ੍ਰਿਸ਼ਨ ਪ੍ਰਸ਼ਾਦ ਦਾ ਦਾਦਾ, ਨਿਜ਼ਾਮ ਹੈਦਰਾ ਬਾਦ ਦਾ ਦੀਵਾਨ ਸਹਿਜਧਾਰੀ ਸਿੱਖ ਸੀ। ਜੋ ਨਿਜ਼ਾਮ ਸਾਹਿਬ ਦੇ ਪਿਛੋਕੇ ਸਮਾਣੇ' ਦੀ ਨਜ਼ਾਮਤ ਵੇਲੇ ਦੀਵਾਨ ਟੋਡਰ ਮਲ ਦੀ ਸੰਤਾਨ ਵਿਚੋਂ ਹੋਣ ਕਰਕੇ ਹੈਦਰਾ ਬਾਦੀਏ ਦਾ ਦੀਵਾਨ ਬਣਿਆ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ (੧੮੨੫ ਈ: ਦੇ ਲਗਪਗ) ਮਾਲਵੇ (ਲੁਧਿਆਣਾ ਤੇ ਪਟਿਆਲਾ ਨਾਭਾ) ਵਿਚੋਂ ੧੭੦੦੦ ਸਿੱਖ ਜਵਾਨ ਲੈ ਜਾਕੇ ਉਥੇ ਭਰਤੀ ਕਰਾਏ, ਅਤੇ ਹੁਣ ੫੦੦੦੦ ਤੋਂ ਭੀ ਆਖੇ ਜਾਂਦੇ ਹਨ। ਉਨ੍ਹਾਂ ਜੁਆਨਾਂ ਨੇ ਮਰਹਟਿਆਂ ਤੋਂ ਨਿਜ਼ਾਮ ਦੀ ਰਿਆਸਤ ਬਚਾਈ ਸੀ।

## ਸ: ਜਗਤ ਸਿੰਘ ਜੀ ਲੁਹਾਰਾ

ਆਪ ਪਿੰਡ ਲੁਹਾਰਾ ਤਹਿਸੀਲ ਜ਼ੀਰ ਜ਼ਿਲਾ ਫੀਰੋਜ਼ਪੁਰ ਸ: ਨਿਹਾਲ ਸਿੰਘ ਦੇ ਘਰ ਮਾਤਾ ਰਾਜ ਕੌਰ ਦੇ ਉਦਰੋਂ ਪੈਦਾ ਹੋਏ।

ਜਨਮ:—ਆਪ ਦੀ ਪਹਿਲੀ ਉਮਰ ਪਿੰਡ ਵਿਚ ਲੰਘੀ।

ਵਿਦਿਆ:—ਆਪ ਗੁਰਮੁਖੀ ਵਿਦਿਆ ਦੇ ਪੰਡਤ ਹੋਏ ਹਨ।

ਸ਼ਾਦੀ:—ਆਪ ਜੀ ਦੀਆਂ ਦੋ ਸੁਪਤਨੀਆਂ ਮਾਨ ਕੌਰ ਅਤੇ ਸੁਖਾਂ ਕੌਰ ਸੀ।

ਸੰਤਾਨ:—ਮਾਨ ਕੌਰ ਦੇ ਪੇਟੋਂ ਇਕ ਲੜਕਾ ਅਤੇ ਸੁਖਾਂ ਕੌਰ ਦੇ ਪੇਟੋਂ ਇਕ ਲੜਕੀ ਸੀ।

ਫੌਜੀ ਭਰਤੀ:—ਆਪ ਘਰੋਂ ਉਪਰਾਮ ਹੋਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਜਾ ਭਰਤੀ ਹੋਏ। ਸਿਖ ਰਾਜ ਦੇ ਅੰਤਲੇ ਦਿਨਾਂ ਵਿਚ ਅੰਗਰੇਜ਼ਾਂ ਨਾਲ ਲੜਦੇ ਘੇਰੇ ਵਿਚ ਆ ਗਏ, ਕਹਿਣ ਤੇ ਵੀ ਅੰਗਰੇਜ਼ੀ ਫੌਜ ਵਿਚ ਨੌਕਰ ਨਹੀਂ ਹੋਏ ਤੇ ਕਿਹਾ ਕਿ ਕਲ ਜਿਨ੍ਹਾਂ ਨਾਲ ਲੜਦੇ ਸੀ ਅਜ ਉਨ੍ਹਾਂ ਦੀ ਨੌਕਰੀ ਕਰਨੀ ਸ੍ਵੈਮਾਨਤਾ ਨੂੰ ਮਿਟੀ ਵਿਚ ਮਿਲਾਉਣਾ ਹੈ।

---

‡ ਬਾਬਾ ਖੁਦਾ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ 'ਖਾਲਸਾ ਸਮਾਚਾਰ' ਅੰਮ੍ਰਿਤਸਰ ਨੇ, ਕਈ ਹਫਤੇ, ਲੜੀਵਾਰ ਲੇਖਾਂ ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਪ੍ਰੇਮ ਗਾਥਾ ਨੂੰ ਪੜ੍ਹਕੇ ਕਈ ਪਾਠਕਾਂ ਨੇ ਉਚ ਜੀਵਨ ਦੀ ਝਾਕੀ ਦੇ ਨਮੂਨੇ ਨੂੰ ਤਕਿਆ।

Digitized by Panjab Digital Library | www.panjabdigilib.org

ਸੁਭਾਃ—ਆਪ ਦਾ ਸੁਭਾ ਅਣਖੀ ਸੀ। ਆਪ ਨਾਮ ਅਭਿਆਸੀ ਗੁਰਸਿੱਖ ਹੋਏ ਹਨ। ਆਪ ਦੀ ਲਿਖਤ ਬਹੁਤ ਸੁੰਦਰ ਸੀ। ਗੁਰਬਾਣੀ ਦੇ ਗ੍ਰੰਥ ਹਥੀਂ ਲਿਖਕੇ ਸੰਗਤਾਂ ਵਿਚ ਵੰਡਿਆ ਕਰਦੇ। ਆਪ ਸੰਤਾਂ ਮਹੰਤਾਂ ਦੇ ਬੜੇ ਮੇਲੀ ਸਨ। ਆਏ ਗਏ ਗੁਰਸਿਖਾਂ ਅਤੇ ਗਰੀਬਾਂ ਦੀ ਬਹੁਤ ਸੇਵਾ ਕਰਦੇ ਸਨ।

## ਸਃ ਜੋਧ ਸਿੰਘ ਦੇ ਸਤ (੭) ਪੁਤਰ

੧. ਸਰਦਾਰ ਦਿਆਲ ਸਿੰਘ
੨. ਸਰਦਾਰ ਦੀਵਾਨ ਸਿੰਘ
੩. ਸਰਦਾਰ ਭਗਵਾਨ ਸਿੰਘ
੪. ਸਰਦਾਰ ਮੇਘ ਸਿੰਘ
੫. ਸਰਦਾਰ ਤੇਗ ਸਿੰਘ
੬. ਸਰਦਾਰ ਖਜ਼ਾਨ ਸਿੰਘ
੭. ਸਰਦਾਰ ਪਰਦਾਨ ਸਿੰਘ

ਇਹ ਸਾਰੇ ਖਾਲਸੇ ਰਾਜ ਦੇ ਹਮਦਰਦ ਫੌਜੀ ਸਰਦਾਰ ਸਨ ਜਿਨ੍ਹਾਂ ਵਿਚੋਂ ਸਰਦਾਰ ਪ੍ਰੇਮ ਸਿੰਘ ਮਾਂਗਲੀ (ਹਜ਼ਾਰੇ) ਦੀ ਪਰਸਿਧ ਫਤਹਿ ਲਈ ੧੮੨੧ ਵਿਚ ਆਪਾ ਕੁਰਬਾਨ ਕੀਤਾ। ਦਸੰਬਰ ੧੮੪੫ ਨੂੰ ਫੇਰੂ ਸ਼ਹਿਰ ਦੀ ਲੜਾਈ ਸਮੇਂ ਸਰਦਾਰ ਪਰਦਾਨ ਸਿੰਘ, ਸਰਦਾਰ ਦਿਆਲ ਸਿੰਘ ਤੇ ਸਰਦਾਰ ਜੀਵਨ ਸਿੰਘ ਤਿੰਨੇ ਭਾਈ ਖਾਲਸਾ ਰਾਜ ਨੂੰ ਕਾਇਮ ਰਖਣ ਵਸਤੇ ਆਪਾ ਕੁਰਬਾਨ ਕਰ ਗਏ।

## ਠੇਠਰ ਵਾਲੇ ਆਪਾ ਵਾਰੂ ਸਰਦਾਰ

ਸਰਦਾਰ ਸ਼ਮੀਰ ਸਿੰਘ ਸਰਦਾਰ ਲਖਾ ਸਿੰਘ ਸਰਦਾਰ ਸਾਹਿਬ ਸਿੰਘ ਤੇ ਸਰਦਾਰ ਅਮੀਰ ਸਿੰਘ ਇਹ ਚਾਰੇ ਭਰਾ ਸਨ।

ਸਰਦਾਰ ਸ਼ਮੀਰ ਸਿੰਘ ਦਾ ਸਪੁਤਰ ਸਰਦਾਰ ਬਚਨ ਸਿੰਘ ਅਤੇ ਭਾਈ ਦਾ ਪੁਤਰ ਸਰਦਾਰ ਸ਼ੇਰ ਸਿੰਘ ਆਦਿ ਨੇ ਬਹੁਤ ਸਾਰੇ ਜੰਗਾਂ ਜੁਧਾਂ ਵਿਚ ਦਿਲ ਨੂੰ ਕੰਬਾਉਣ ਵਾਲੀਆਂ ਖਾਲਸਾ ਰਾਜ ਦੇ ਵਾਧੇ ਲਈ ਕੁਰਬਾਨੀਆਂ ਕੀਤੀਆਂ ਸਨ। ੧੮੦੮ ਈ; ਵਿਚ ਪਹਾੜੀ ਇਲਾਕਾ ਨੂਰਪੁਰ, ਚੰਬਾ ਤੇ ਵਸੋਲੀ ਆਦਿ ਨੂੰ ਖਾਲਸਾ ਰਾਜ ਨਾਲ ਮਿਲਾਉਣ ਲਈ ਬੇਅੰਤ ਜੰਗੀ ਜੋਧਿਆਂ ਨਾਲ ਮੁਕਾਬਲਾ ਕੀਤਾ ਅਤੇ ਰਸਤੇ ਵਿਚ ਪਠਾਨ ਕੋਟ ਦੇ ਮਸ਼ਹੂਰ ਕਿਲੇ ਨੂੰ ਕਬਜ਼ੇ ਵਿਚ ਕਰਨ ਲਈ ਹਲਾ ਬੋਲ ਦਿਤਾ। ਉਧਰੋਂ ਜ਼ਿਮੇਵਾਰਾਂ ਵਲੋਂ ਭੀ ਬੜੀ ਦਲੇਰੀ ਨਾਲ ਮਕਾਬਲਾ ਕੀਤਾ ਗਿਆ। ਦਿਨ ਭਰ ਦੋਹਾਂ ਧਿਰਾਂ ਵਲੋਂ ਬਰੂਦ ਦਾ ਮੀਂਹ ਵਰਸਾਇਆ ਜਾ ਰਿਹਾ ਸੀ ਪਰ ਦੋਹਾਂ ਧਿਰਾਂ ਵਲੋਂ ਘਟ ਕੋਈ ਨਹੀਂ ਸੀ ਪਰ ਠੇਠਰ ਸਰਦਾਰਾਂ ਨੇ ਅਪਣੀ ਫੋਜ ਦਾ ਫੁਰਤੀਲਾ ਹਲਾ ਬੋਲ ਦਿਤਾ ਅਤੇ ਜਾਂਦਿਆਂ ਹੀ ਕਿਲੇ ਦੀਆਂ ਕੰਧਾਂ ਨਾਲ ਪੌੜੀਆਂ ਲਾ ਉਪਰ ਚੜਦੇ ਸਾਰ ਸਰਦਾਰ ਸ਼ਮੀਰ ਸਿੰਘ ਨੇ ਕਿਲੇ ਦੇ ਅੰਦਰ ਛਾਲ ਮਾਰ ਦਿਤੀ। ਜਿਸ ਨੂੰ ਵੇਖਦੇ ਸਾਰ ਸਰਦਾਰ ਸਾਹਿਬ ਸਿੰਘ ਅਤੇ ਸਰਦਾਰ ਅਮੀਰ ਸਿੰਘ ਆਦਿ ਨੇ ਕਿਲੇ ਦੇ ਅੰਦਰ ਛਾਲਾਂ ਮਾਰੀਆਂ ਅਗੋਂ ਕਿਲੇ ਵਾਲੇ ਏਹਨਾਂ ਦੇ ਉਪਰ ਭੁਖੇ ਸ਼ੇਰਾਂ ਵਾਂਗ ਕੁਦ ਪਏ। ਤਿੰਨੇ ਸਰਦਾਰ ਰਾਜ ਘਰਾਣੇ ਦੀ ਰਖਵਾਲੀ ਵਾਸਤੇ ਆਪਾ ਵਾਰ ਗਏ ਜਿਸ ਦੇ ਕਾਰਨ ਸਰਦਾਰ

Digitized by Panjab Digital Library | www.panjabdigilib.org

ਬਚਨ ਸਿੰਘ ਸਰਦਾਰ ਸ਼ੇਰ ਸਿੰਘ ਨੇ ਅਪਣੇ ਬਜ਼ੁਰਗਾਂ ਵਾਂਗ ਖਾਲਸਾ ਰਾਜ ਨੂੰ ਸਹੀ ਸਲਾਮਤ ਰਖਣ ਵਾਸਤੇ ਕਈ ਜੰਗਾਂ ਜੁਧਾਂ ਵਿਚ ਬੜੀ ਨਿਰਭੈਤਾ ਨਾਲ ਹਿਸਾ ਲੈਂਦਿਆਂ ਆਪਦੇ ਵਡਾਰੂਆਂ ਦੇ ਨਾਮ ਨੂੰ ਹੋਰ ਉਜਾਗਰ ਕੀਤਾ। ਖਾਸ ਕਰ ਨੋਸ਼ਹਿਰਾ, ਤਰਕੀ, ਕਸ਼ਮੀਰ, ਖੈਰਾ ਬਾਦ, ਬੰਨੂੰ ਅਤੇ ਪਸ਼ਾਵਰ ਦੀਆਂ ਜੰਗਾਂ ਵਿਚ ਉਹ ਕਾਰਨਾਮੇ ਦਿਖਾਏ ਜੋ ਨਾ ਭੁਲਣ ਵਾਲੇ ਸਨ। ਏਸੇ ਕਾਰਨ ਹੀ ਇਹ ਘਰਾਣਾ ਰਾਜ ਦਰਬਾਰ ਵਿਚ ਸਤਿਕਾਰਿਆ ਜਾਂਦਾ ਸੀ।

# ਸ: ਦਿਆ ਸਿੰਘ ਸਿਧੂ-ਭੈਣੀ ਬਾਬੇ ਦਾ

ਭਾਈ ਦਿਆ ਸਿੰਘ ਸਿੱਧੂ—ਭੈਣੀ ਬਾਬੇ ਦਾ, ਜਦੋਂ ਅੰਮ੍ਰਿਤਸਰ ਇਸਨਾਨ ਕਰਨ ਲਈ ਸਿੰਘਾਂ ਦਾ ਤਕੜਾ ਜੱਥਾ ਲੈਕੇ ਗਿਆ, ਤਾਂ ਭਾ: ਰਾਮ ਸਿੰਘ ਸੇਖੋਂ ਭਦੌੜੀਆਂ ਭੀ ਆਪਣੇ ਜੱਥੇ ਸਮੇਤ ਏਸ ਨੂੰ ਟੱਕਰ ਪਿਆ। ਤਾਂ ਇਨ੍ਹਾਂ ਦਾ ਮੁੜਦਿਆਂ ਹੋਇਆਂ ਰੁਹੇਲੇ ਪਠਾਣਾਂ ਨਾਲ ਨੌਰੰਗਾਬਾਦ ਕੋਲ ਜੁੱਧ ਹੋ ਪਿਆ। ਦਿਆ ਸਿੰਘ ਨੇ ਤਾਹਰ ਬੇਗ ਸਿਆਲਕੋਟ ਦੇ ਸੂਬੇ ਨੂੰ ਜੋ ਸਰਹਿੰਦ ਨੂੰ ਆ ਰਿਹਾ ਸੀ ਕਤਲ ਕਰ ਦਿੱਤਾ। ਅਤੇ ਰਾਮ ਸਿੰਘ ਨੇ ਹੈਬਤ ਖਾਂ ਰੁਹੇਲੇ ਸਰਦਾਰ ਨੂੰ ਪਾਰ ਬੁਲਾਇਆ। ੫੦ ਕੁ ਸਿਪਾਹੀ ਭੀ ਇਸ ਲੜਾਈ ਵਿਚ ਮਾਰੇ ਗਏ ਤੇ ਬਾਕੀ ਦੇ ਜਾਨਾਂ ਬਚਾਕੇ ਭੱਜ ਗਏ। ਸਿੰਘ ਸੂਰਮੇ ਉਨ੍ਹਾਂ ਦਾ ਸਭ ਤਰ ਮਾਲ ਲੈਕੇ ਮਾਲਵੇ ਆ ਵੜੇ। ਇਹ ਘੱਟਣਾ ਨਾਦਰਸ਼ਾਹ ਦੇ ਹੱਲੇ ਤੋਂ ਪਹਿਲਾਂ ੧੭੩੮ ਈ: ਵਿਚ ਹੋਈ।

# "ਨਿਰਭੈ ਚਿਮਨਾ ਸਰਦਾਰ ਘਰਾਣਾ"

ਸਰਦਾਰ ਰਾਮ ਸਿੰਘ ਜੀ ਸੁੱਕਰ ਚਕੀਏ ਜੋ ਕੜਿਆਲਾਂ ਦੇ ਮੈਦਾਨ ਜੰਗ ਵਿਚ ਜੂਝਦਾ ਹੋਇਆ ਸੁੱਕਰ ਚਕੀਏ ਸਰਦਾਰਾਂ ਉਤੇ ਆਪਾ ਵਾਰ ਗਿਆ। ਜਿਸ ਕਰਕੇ ਮਹਾਂਰਾਜਾ ਸਾਹਿਬ ਨੇ ਸਰਦਾਰ ਰਾਮ ਸਿੰਘ ਦੇ ਸਪੁਤ੍ਰ ਹੁਕਮਾ ਸਿੰਘ ਨੂੰ ਸੱਤ ੭ ਵਰਸ ਦੀ ਉਮਰ ਵਿਚ ਹੀ ਫੌਜ ਵਿਚ ਲੈ ਲਿਆ ਸੀ। ਸਰਦਾਰ ਮਖਣ ਸਿੰਘ ਜੀ ਚਿਮਨਾ ਏਹ ਚਿਮਨਾਂ ਸ਼ਰਦਾਰਾਂ ਨੇ ਸ਼ੇਰੇ ਪੰਜਾਬ ਦੇ ਦਿਲ ਅੰਦਰ ਸਚੀਆਂ ਕੁਰਬਾਨੀਆਂ ਦੇ ਕਾਰਨ ਖਾਸ ਘਰ ਸੀ।

# ਸਰਦਾਰ ਨਿਧਾਨ ਸਿੰਘ ਜੀ ਪੰਜਹਥਾ

ਆਪ ਦਾ ਘਰਾਣਾ ਸਰਕਾਰ ਦੇ ਘਰ ਵਿਚ ਸਿਖ ਰਾਜ ਦੇ ਰਖਵਾਲੇ ਹੋਣ ਕਰਕੇ ਸਦਾ ਹੀ ਸਤਿਕਾਰਿਆ ਜਾਂਦਾ ਸੀ ਕਿਉਂਕਿ ਆਪ ਜੀ ਦਾ ਸਤਿਕਾਰ ਯੋਗ ਪਿਤਾ ਸਰਦਾਰ ਰਨਿ ਸਿੰਘ ਨਰੈਣ ਗੜ ਦੀ ਲੜਾਈ ਵਿਚ ਸ਼ਤਰੂਆਂ ਦੇ ਆਹੂ ਲਾਹੁੰਦਾ ਹੋਇਆ ਛਾਤੀ ਤਾਣ ਕੇ ਸ਼ਹੀਦ ਹੋਇਆ, ਹੋਵੇ ਭੀ ਕਿਉਂ ਨਾ ਏਹਨਾਂ ਨੂੰ ਆਪ ਦੇ ਪਿਤਾ ਸਰਦਾਰ ਰਾਮਦਿਤਾ ਸਿੰਘ, ਸਰਦਾਰ ਮਹਾਂ ਸਿੰਘ ਜਿਨਾਂ ਨੇ ਰਾਮ ਨਗਰ ਦੀ ਫਤਹਿ ਸਮੇਂ ਚਠਿਆਂ ਨਾਲ ਲੜਦਿਆਂ ਅਮੋਲ ਦਾਤ ਸ਼ਹੀਦੀ ਪ੍ਰਾਪਤ ਕੀਤੀ ਆਪ ਜੀ ਦਾ ਪੜਦਾਦਾ ਸਰਦਾਰ ਦੁਲਚਾ ਸਿੰਘ ਜਿਸ ਨੇ ਏਸ ਘਰਾਣੇ ਵਿਚ ਸਭ ਤੋਂ ਪਹਿਲਾਂ ਸਿਖੀ ਤੇ ਅੰਮ੍ਰਿਤ ਪਾਨ ਤੇ ਗੁਰਮਤ ਦਾ ਪ੍ਰਚਾਰ ਬਹੁਮੁਲਾ ਕੀਤਾ ਏਸੇ ਵਾਸਤੇ ਏਹਨਾਂ ਦੇ ਹੋਰ ਸਾਥੀ ਸੂਰਮਿਆਂ ਦੇ ਨਾਮ ਜੈਸੇ ਬਾਬਾ ਫੂਲਾ ਸਿੰਘ ਜੀ, ਅਕਾਲੀ ਸਰਦਾਰ ਹਰੀ ਸਿੰਘ ਜੀ

Digitized by Panjab Digital Library | www.panjabdigilib.org

ਨਲੂਆ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਬੁਧ ਸਿੰਘ ਜੀ ਸੰਧਾ ਵਾਲੀਆਂ, ਸਰਦਾਰ ਨਿਧਾਨ ਸਿੰਘ ਜੀ ਅਤੇ ਸਰਦਾਰ ਰਤਨ ਸਿੰਘ ਘਰ ਜਾਖੀਆਂ ਆਦਿ ਦੇ ਨਾਮ ਸਦਾ ਸੂਰਜ ਵਾਂਗ ਪ੍ਰਕਾਸ਼ ਰਹਿਣਗੇ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਗੁਪਤ ਰੂਹ ਇਹਨਾਂ ਦੀ ਆਤਮਾਂ ਨੂੰ ਆਪ ਦੀ ਪ੍ਰੇਮ ਬਗਲ ਵਿਚ ਸਦਾ ਨਿਗ੍ਰਾਸ ਦੇਵੇਗੀ।

## ਸ਼ ਧੰਨਾ ਸਿੰਘ ਜੀ ਮਲਵਈ

ਸ: ਧੰਨਾ ਸਿੰਘ ਜੀ ਮਲਵਈ ਸਿਖ ਰਾਜ ਦੇ ਸਭ ਤੋਂ ਸ਼ਰੋਮਣੀ ਉਸਰਈਏ ਸਨ। ਆਪ ਜੀ ਨੇ ਸਿਖ ਰਾਜ ਦੀ ਉਨਤੀ ਲਈ ਜੋ ਜੋ ਪੂਰਨੇ ਪਾਏ, ਘਾਲਾਂ ਘਾਲੀਆਂ ਤੇ ਬਹਾਦਰੀ ਦੇ ਜੌਹਰ ਵਿਖਾਏ ਕਿ ਉਨ੍ਹਾਂ ਦਾ ਸਦਕਾ ਆਪ ਦਾ ਨਾਂ ਸਦਾ ਲਈ ਅਮਰ ਹੋ ਗਿਆ।

ਜਨਮਃ— ਆਪ ਦਾ ਜਨਮ ਸਰਦਾਰ ਮਲ ਸਿੰਘ ਮਲਵਈ ਦੇ ਘਰ ਰਿਆਸਤ ਨਾਭਾ ਵਿਚ ਹੋਇਆ।

ਬਾਲਪਣਃ— ਆਪ ਦੀ ਬਾਲ ਅਵਸਥਾ ਪਿੰਡ ਵਿਚ ਹੀ ਲੰਘੀ। ਆਪ ਜੀ ਨੂੰ ਘੁਲਣ ਖੇਡਣ ਦਾ ਸ਼ੌਂਕ ਛੋਟੀ ਉਮਰ ਤੋਂ ਹੀ ਸੀ।

ਵਿਦਿਆਃ— ਸਮੇਂ ਅਨੁਸਾਰ ਆਪ ਗੁਰਮੁਖੀ ਅਖਰ ਮਾਮੂਲੀ ਪੜ੍ਹੇ ਹੋਏ ਸਨ। ਪਰ ਸੂਝ ਬੜੀ ਦੂਰ ਦੀ ਰਖਦੇ ਸਨ।

ਕਦ ਕਾਠਃ— ਆਪ ਦਾਂ ਕਦ ਕਾਠ ਮਾਲਵੇ ਦੇ ਖੁਲੇ ਦੇਸ ਅਤੇ ਖੁਲੀ ਖੁਰਾਕ ਆਦਿ ਖਾਣ ਨਾਲ ਬਹੁਤ ਸਡੌਲ ਸੀ। ਚਿਹਰੇ ਤੇ ਸਦਾ ਹੀ ਲਾਲੀ ਭਖਦੀ ਤੇ ਬਣਦੇ ਤਣਦੇ ਸੁੰਦਰ ਜਵਾਨ ਸਨ।

ਭਰਤੀ ਹੋਣਾਃ— ਚੜ੍ਹਦੀ ਜਵਾਨੀ ਮੁਸ਼ ਫੁਟ ਹੁੰਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੰ: ੧੮੬੪ ਵਿਚ ਜਾ ਭਰਤੀ ਹੋਏ। ਮਹਾਰਾਜਾ ਆਪਣੀ ਫੌਜ ਵਿਚ ਜਵਾਨ ਆਪ ਭਰਤੀ ਕਰਿਆ ਕਰਦਾ ਸੀ। ਸ: ਧੰਨਾ ਸਿੰਘ ਚਿਹਨ ਚਕਰ ਤੇ ਲੰਮਾ ਲੰਝਾਂ ਤੇ ਸੁੰਦਰ ਜਵਾਨ ਵੇਖਕੇ ਬੜਾ ਖੁਸ਼ ਹੋਇਆ ਤੇ ਆਪ ਨੂੰ ਖਾਸ ਸਰਦਾਰਾਂ ਦੀ ਰੈਂਕ ਵਿਚ ਭਰਤੀ ਕੀਤਾ ਗਿਆ।

ਬਹਾਦਰੀਃ— ਆਪ ਜੀ ਥੋੜੇ ਚਿਰ ਵਿਚ ਆਪਣੀ ਯੋਗਤਾ ਅਤੇ ਦਲੇਰੀ ਨਾਲ ਮਹਾਰਾਜੇ ਦੀ ਦਿਲੀ ਪਰਸੰਸਾ ਦੇ ਯੋਗ ਹੋ ਗਏ। ਆਪ ਪੰਜ ਪੰਜ ਜੁਆਨਾਂ ਨੂੰ ਮੈਦਾਨ ਵਿਚ ਹਰਾ ਦਿੰਦੇ ਜਿਸ ਕਰਕੇ ਸ: ਜਸਾ ਸਿੰਘ ਆਪ ਨੂੰ ਪੰਜ ਹਥਾ ਕਹਿਕੇ ਸਨਮਾਨਿਆ ਕਰਦੇ

(ੳ) ੧੮੧੩ ਦੀ ਹਜਰੋ ਦੀ ਲੜਾਈ ਵਿਚ ਬੜੀ ਬਹਾਦਰੀ ਵਿਖਾਈ।

(ਅ) ਕਸ਼ਮੀਰ ਦੀ ਪਹਿਲੀ ਲੜਾਈ ਵਿਚ ਆਪ ਜ਼ਖਮੀ ਹੋਏ ਪਰ ਪਿਛੇ ਨਹੀਂ ਹਟੇ।

(ੲ) ਮੁਲਤਾਨ ਦੀ ਚੌਥੀ ਲੜਾਈ ੧੮੧੮ ਈ: ਨੂੰ ਕਿਲੇ ਵਿਚ ਜਾਕੇ ਹਥੋ ਹਥੀ ਲੜਾਈ ਕਰਕੇ ਮੁਜ਼ਫਰ ਖਾਂ ਦੀ ਤਲਵਾਰ ਖੋਹਣੀ ਤੇ ਮਹਾਰਾਜ ਦੇ ਪੇਸ਼ ਕਰਨੀ ਮਹਾਰਾਜ ਦੀ ਪ੍ਰਸੰਨਤਾ।

Digitized by Panjab Digital Library | www.panjabdigilib.org

ਮਹਾਰਾਜ ਵਲੋਂ ਉਹੀ ਤਲਵਾਰ ਤੇ ਢਾਲ ਸਰੋ ਪਾਓ ਵਜੋਂ ਮਿਲੀ। ਕੋਟ ਕਪੂਰੇ ਪਿੰਡ ਮੌੜ ਨਾਭੇ ਵਿਚ ਜਗੀਰ ਵਜੋਂ ਦਵਾਇਆ ਗਿਆ ਤੇ ਆਪ ਨੂੰ ਜਗੀਰਦਾਰ ਬਣਾਇਆ ਗਿਆ। ਆਪ ਨੇ ਲਾਹੌਰ ਵਿਚ ਹੀ ਬਹੁਤ ਸ਼ਾਹੀ ਜਾਇਦਾਦ ਪੈਦਾ ਕੀਤੀ।

ਆਪ ਜੀ ਅਦੁਤੀ ਘਾਲਣਾ ਘਾਲਦੇ ਹੋਏ ਸਿਖ ਰਾਜ ਦੀ ਵਿਰਦੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ।

## ਸ: ਨਛਤਰ ਸਿੰਘ ਜੀ ਮਲਵਈ

ਜਨਮ—ਆਪ ਜੀ ਦਾ ਜਨਮ ਸਿਖ ਰਾਜ ਦੇ ਪ੍ਰਸਿਧ ਉਸਰਈਏ ਸ: ਧੰਨਾ ਸਿੰਘ ਜੀ ਮਲਵਈ ਦੇ ਘਰਪਿੰਡ ਮੌੜ ਰਿਆਸਤ ਨਾਭਾ ਵਿਚ ਹੋਇਆ।

ਬਾਲਪਣ—ਆਪ ਦੀ ਮੁਢਲੀ ਉਮਰ ਆਪਣੀ ਮਾਂ ਦੀ ਗੋਦ ਵਿਚ ਲੰਘੀ।

ਵਿਦਿਆ—ਆਪ ਗੁਰਮਖੀ ਵਿਦਆ ਲਿਖ ਪੜ ਸਕਦੇ ਸਨ ਆਪ ਦਾ ਵਿਦਿਆ ਵਲ ਧਿਆਨ ਨਾ ਲਗਾ ਤੇ ਪਿਤਾ ਦੀ ਤਰ੍ਹਾਂ ਹੀ ਲੜਾਈ ਦੇ ਕੰਮਾਂ ਵਿਚ ਵਧੇਰੇ ਰੁਚੀ ਰਕਦੇ ਸਨ। ਆਪ ਜੀ ਮੁਛ ਫੁਟ ਜੁਆਨ ਹੁੰਦੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਗਏ ਤੇ ਛੇਤੀ ਹੀ ਆਪਣੀ ਲਿਆਕਤ ਅਤੇ ਯੋਗਤਾ ਨਾਲ ਸਰਦਾਰੀ ਅਹੁਦੇ ਤੇ ਪੁਜ ਗਏ।

ਬਹਾਦਰੀ—ਆਪ ਜੀ ਦੀ ਯੋਗਤਾ ਨੂੰ ਮੁਖ ਰਖਕੇ ਆਪ ਜੀ ਨੂੰ ਮਿਚਨੀ ਦੇ ਕਿਲੇ ਦਾ ਸਰਦਾਰ ਥਾਪ ਕੇ ਭੇਜ ਦਿਤਾ। ਇਹ ਕਿਲ੍ਹਾ ਦਰਿਆ ਕਾਬਲ ਦੇ ਕੰਢੇ ਦੋਹ ਰਸਤਿਆਂ ਨੂੰ ਆਪਣੇ ਕਾਬੂ ਵਿਚ ਰਖਦਾ ਸੀ। ਇਸ ਬਹਾਦਰ ਨੇ ਦੋਹਾਂ ਰਸਤਿਆਂ ਨੂੰ ਜੇਹਾ ਰੋਕਿਆ ਕਿ ਜਦ ਸੰਨ ੧੮੩੭ ਵਿਚ ਅਫਗਾਨੀ ਨਸਕਰ ਨੇ ਕਿਲਾ ਜਮਰੌਦ, ਮਿਚਨੀ ਗੜ ਤੇ ਸੰਕਰ ਗੜ ਤੇ ਸਖਤ ਧਾਵਾ ਕੀਤਾ। ਤਾਂ ਉਸ ਨਾਜ਼ਕ ਸਮੇਂ ਸ: ਨਛਤਰ ਸਿੰਘ ਨੇ ਆਪਣੀ ਨਿਰਭੈਤਾ ਅਤੇ ਯੋਗਤਾ ਨਾਲ ਕਈ ਗੁਣਾਂ ਵਧ ਨਸ਼ਕਰ ਤੇ ਫਤਹ ਪਾਈ ਤੇ ਕਿਲੇ ਪਰ ਖਾਲਸੇ ਦੇ ਝੰਡੇ ਦੀ ਇਜ਼ਤ ਨੂੰ ਕਾਇਮ ਰਖਦੇ ਹੋਏ ਆਪ ਨੂੰ ਭਾਰੀ ਖਤਰੇ ਵਿਚ ਪਾਕੇ ਕਿਲੇ ਨੇ ਬਚਾਈ ਰਖਿਆ।

ਸ: ਨਛਤਰ ਸਿੰਘ ਦੇ ਮਤਹਿਤ ਵਿਚ ੩੦੦ ਪੈਦਲ ੨੦੦ ਘੋੜ ਸਵਾਰ, ੨੦ ਤੋਪਖਾਨੇ ਦੇ ਜਵਾਨ ਦੋ ਵਡੀਆਂ ਤੇ ਦੋ ਛੋਟੀਆਂ ਤੋਪਾਂ ਜਰੂਰੀ ਜੰਗੀ ਜਖੀਰਾ ਰਖਿਆ ਗਿਆ ਸੀ।

ਇਤਬਾਰ—ਮਹਾਰਾਜਾ ਸਾਹਿਬ ਦਾ ਇਸ ਮਲਵਈ ਘਰਾਣੇ ਨਾਲ ਜਿਥੇ ਖਾਸ ਪਿਆਰ ਸੀ ਉਥੇ ਇਸ ਘਰਾਣੇ ਪਰ ਪੂਰਾ ਇਤਬਾਰ ਸੀ। ਮਹਾਰਾਜਾ ਆਖਿਆ ਕਰਦਾ ਸੀ- ਮੌੜ ਮਲਵਈ ਸਰਦਾਰਾਂ ਦੇ ਹੁੰਦਿਆਂ ਸਿਖ ਰਾਜ ਨੂੰ ਕੀ ਖਤਰਾ ਹੈ।

ਸ: ਧੰਨਾ ਸਿੰਘ ਮਲਵਈ

|

ਸ: ਨਛਤਰ ਸਿੰਘ ਮਲਵਈ

|

ਸ: ਫਤਹਿ ਸਿੰਘ ਫਰੀਦਕੋਟ ਵਾਲੇ ਹਨ।

Digitized by Panjab Digital Library | www.panjabdigilib.org

# ਮੋਹਰ ਸਿੰਘ ਨਿਸ਼ਾਨਾਂ ਵਾਲੀ ਮਿਸਲ

ਸਿਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲਾਂ ਜਿਸ ਦੇ ਮੁਖੀ ਜਥੇਦਾਰ ਸ: ਸੰਗਤ ਸਿੰਘ ਮੋਹਰ ਸਿੰਘ ਦਸੌਧਾ ਸਿੰਘ ਭੰਗਾ ਸਿੰਘ ਜ਼ਿਲਾ ਫੀਰੋਜ਼ਪੁਰ ਦੇ ਮਨਸੂਰਵਾਲ ਪਿੰਡ ਦੇ ਸ਼ੇਰ ਗਿਲ, ਜਟ ਸਿੰਘ ਸਨ, ਜਦ ਕਿਧਰੇ ਖਾਲਸੇ ਦਾ ਧਰਮਯੁਧ ਹੁੰਦਾ ਤਦ ਇਸ ਮਿਸਲ ਦੇ ਸਰਦਾਰ ਝੰਡੇ ਫੜ ਸਭ ਤੋਂ ਅੱਗੇ ਹੋ ਤੁਰਦੇ। ਇਸ ਲਈ ਇਸ ਮਿਸਲ ਦਾ ਨਾਉਂ ਨਿਸ਼ਾਨ ਵਾਲੀ ਪੈ ਗਿਆ ਇਸ ਦੀ ਰਾਜਧਾਨੀ ਅੰਬਾਲਾ ਥੀ ਹੁਣ ਅੰਬਾਲੇ ਜਿਲੇ ਵਿਚ ਸਾਹਬਾਦੀਏ ਸਰਦਾਰ ਲੁਧਿਆਨਾ ਜਿਲੇ ਦੇ ਲਧੜ ਸਰਦਾਰ ਫੀਰੋਜਪੁਰ ਜਿਲੇ ਮਨਸੂਰ ਵਾਲੇ ਦੇ ਰਈਸ ਅਤੇ ਇਲਾਕੇ ਨਾਭੇ ਦੇ ਸੋਟੀ ਵਾਲੇ ਸਰਦਾਰ ਇਸ ਮਿਸਲ ਵਿਚ ਹਨ।

# ਪਢਾਣੀਆਂ ਸਰਦਾਰਾਂ ਦਾ ਘਰਾਣਾ

ਇਹ ਘਰਾਣਾ ਆਪਣੇ ਸੁਚਜੇ ਤੇ ਅਣਮੁਲੇ ਗੁਣਾਂ ਅਤੇ ਖਾਲਸਾ ਰਾਜ ਦੀ ਨੀਂਹ ਰਖਣ ਤੇ ਸਾਰੇ ਪੰਜਾਬ ਵਿਚ ਸਤਿਕਾਰ ਨਾਲ ਤਕਿਆ ਜਾਂਦਾ ਹੈ ਸਰਦਾਰ ਸੁਖਾ ਸਿੰਘ ਦੇ ਘਰ ਦੋ ਪੁਤਰਾਂ ਦੀ ਬਖਸ਼ਸ਼ ਸੀ ਆਪ ਦੇ ਸੁਲਗ ਸਪੁਤ੍ਰ ਸਰਦਾਰ ਮਿੱਤ ਸਿੰਘ ਅਤੇ ਸਰਦਾਰ ਸਾਹਿਬ ਸਿੰਘ ਆਪ ਜੀ ਨੇ ਆਪ ਦੇ ਆਗਿਆਕਾਰੀ ਪੁਤਰਾਂ ਸਮੇਤ ਇਕੋ ਬਾਟੇ ਅੰਮ੍ਰਿਤ ਪਾਨ ਕੀਤਾ ਸੀ ਸਰਦਾਰ ਮਿਤ ਸਿੰਘ ਸੁਘੜ ਸਿਆਣਾ ਦੂਰ ਅੰਦੇਸ਼ੀ ਅਤੇ ਸਮਦਰਸੀ ਹੋਣ ਤੇ ਬੜਾ ਪ੍ਰਸਿਧ ਸੀ ਜਿਸ ਕਰਕੇ ਸਰਦਾਰ ਮਿਤ ਸਿੰਘ ਤੇ ਸਰਦਾਰ ਮਹਾਂ ਸਿੰਘ ਸੁਕਰ ਚਕੀਏ ਦਾ ਆਪੋ ਵਿਚ ਸੰਦੇਹ ਸੀ ਕਿ ਇਕ ਦੂਜੇ ਦੇ ਦੁਖ ਸੁਖ ਦੇ ਸਹਾਈ ਹੁੰਦੇ ਸੀ।

ਸਰਦਾਰ ਮਹਾਂ ਸਿੰਘ ਚੜ੍ਹਦੀ ਅਵਸਥਾ ੧੫ ਮਾਰਚ ਸੰਨ ੧੭੯੨ ਵਿਚ ੨੨ ਸਾਲ ਦੀ ਆਰਜਾ ਭੋਗ ਕੇ ਪੇਚਸ ਦੀ ਬੀਮਾਰੀ ਨੇ ਸਰਦਾਰ ਮਿਤ ਸਿੰਘ ਦੀ ਸਜੀ ਬਾਂਹ ਸਰਦਾਰ ਦਰਾਉ ਸਿੰਘ ਦਾ ਅਣਮੁਲਾ ਇਕੋ ਲਾਲ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪ ਦੇ ਘਰ ਇਕੋ ਹੀ ਸੁਭਾਗ ਸਪੁਤ੍ਰ ਜੋ ਸੀ ਇਹਨਾਂ ਨੂੰ ਸਦਾ ਵਾਸਤੇ ਵਿਛੋੜਾ ਦੇ ਗਏ।

# ਮਹਾਰਾਜਾ ਰਣਜੀਤ ਸਿੰਘ ਦੀ ਬਾਲੜੀ ਉਮਰ ਦੀ ਪਰਵਿਸ਼

੧੦ ਸਾਲ ਦੀ ਉਮਰ ਵਿਚ ਲਾਡਲੇ ਰਣਜੀਤ ਸਿੰਘ ਦਾ ਪਿਤਾ ਸਰਦਾਰ ਮਹਾਂ ਸਿੰਘ ਦੇ ਸਦੀਵ ਕਾਲ ਵਾਸਤੇ ਠੰਡੀ ਤੇ ਨਿਗ੍ਹੀ ਛਾਂ ਲਪੇਟ ਜਾਣ ਤੇ ਰਾਜ ਜੋਗੀ ਰਣਜੀਤ ਸਿੰਘ ਤੇ ਅੰਬਰ ਬੇਲ ਵਾਂਗੂ ਸੰਸਾਰ ਦੇ ਧੰਧਿਆਂ ਦੇ ਸਾਰੇ ਬੋਝ ਇਕ ਵਾਰੀ ਹੀ ਆ ਪਏ।

"ਪਰੁ ਕੁਦਰਤਿ ਦੇ ਰੰਗ ਨਿਆਰੇ"

ਜਿਸ ਕਾਰਜ ਲਈ ਕਿਸੇ ਨੂੰ ਜਨਮ ਦਿਤਾ ਹੈ ਉਹ ਜਿਤ ਜਿਤ ਜਾਵੇ ਤਿਤ ਤਿਤ ਲਗਨਾ ਦੇ ਭਾਵ ਦੇ ਅਨੁਸਾਰ ਕੁਦਰਤ ਸੰਗੀ ਸਾਥੀ ਭੀ ਉਹੋ ਜਿਹੇ ਮਿਲਾਉਂਦੀ ਹੈ ਜੈਸੇ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਦੋ ਹਮਦਰਦ ਪ੍ਰਸਿਧ ਵਿਅਕਤੀਆਂ ਇਕ ਸਸ ਰਾਣੀ ਸਦਾ ਕੌਰ

Digitized by Panjab Digital Library | www.panjabdigilib.org

ਸੀ ਜੋ ਇਸਤ੍ਰੀ ਜਾਤੀ ਦੇ ਗੁਣਾਂ ਨੂੰ ਜਾਣਦੇ ਹੋਏ ਆਕਾਸ਼ ਵਿਚ ਸੂਰਜ ਵਾਂਗ ਪਤਬ੍ਰਤਾ ਨੂੰ ਚਮਕਾ ਗਏ ਦੂਜੇ ਸਰਦਾਰ ਮਿਤ ਸਿੰਘ ਵਡਿਆਈ ਦੇ ਹਕਦਾਰ ਹਨ ਜਿਨ੍ਹਾਂ ਦੀ ਸੰਗਤ ਤੋਂ ਸ਼ੇਰੇ ਪੰਜਾਬ ਨੂੰ ਧਾਰਮਿਕ ਤੇ ਸਿਆਸੀ ਰਾਜ ਅਤੇ ਯੋਗ ਕਮਾਉਣ ਦੇ ਗੁਣਾਂ ਵਿਚ ਨਿਪੁੰਨ ਕਰਨਾ ਤੇ ਪਢਾ-ਣੀਆਂ ਸਰਦਾਰਾਂ ਦੇ ਵਿਰਸੇ ਵਿਚ ਦਰਗਾਹੋਂ ਹੀ ਆਈਆਂ ਹਨ।

## ਖਾਲਸਾ ਰਾਜ ਦਾ ਮੁਢ

ਸਰਦਾਰ ਮਿਤ ਸਿੰਘ ਨੇ ਜਦ ਸ਼ੇਰੇ ਪੰਜਾਬ ਜੁਆਨ ਹੋਇਆ ਤਾਂ ਉਸ ਨੇ ਪਵਿਤ੍ਰ ਭੂਮੀ ਪੰਜਾਬ ਨੂੰ ਗੈਰਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਵਾਸਤੇ ਸਦਾ ਹੀ ਪ੍ਰੇਰਕ ਹੋਣ ਤੇ ਆਪ ਦਾ ਨਾਮ ਵਡਿਆਈ ਯੋਗ ਹੈ।

## ਖਾਲਸਾ ਰਾਜ ਵਾਸਤੇ ਹੋਰ ਕੁਰਬਾਨੀਆਂ

ਪਿੰਡ ਭਟੀਆ ਤੇ ਚਨਿਯੋਟ ਦੇ ਜੰਗਾਂ ਵਿਚ ਜਾਨ ਹੀਲ ਕੇ ਤੇਗਾਂ ਚਲਾਈਆਂ ਜਿਸ ਦੇ ਕਾਰਨ ਮਹਾਰਾਜਾ ਨੇ ਆਪ ਨੂੰ ਵਡੀ ਜਾਗੀਰ ਬਖਸ਼ੀ ਏਥੇ ਹੀ ਬਸ ਨਹੀਂ ਹੈ ਕਸੂਰ ਦੇ ਖੇਸਗੀ ਪਠਾਣਾਂ ਨਾਲ ਖਾਲਸੇ ਦੀ ਚੰਗੀ ਮੁਠ ਭੇੜ ਹੋਈ ਜਿਸ ਵਿਚ ਆਪ ਨੇ ਸ਼ਤ੍ਰੂ ਦੇ ਦੰਦ ਖਟੇ ਕਰਕੇ ਆਪ ਦੇ ਨਾਮ ਨੂੰ ਹੋਰ ਚਮਕਾਇਆ।

## ਅਖੀਰ ਭੇਟਾ

ਉਪਰੰਤ ਜੰਗਾਂ ਜੁਧਾਂ ਤੋਂ ਇਲਾਵਾ ਸੰਨ ੧੮੧੪ ਵਾਲਾ ਕਸ਼ਮੀਰ ਦਾ ਜੰਗ ਸੀ ਜਿਸ ਵਿਚ ਆਪ ਬਿਜਲੀ ਦੀ ਤਰ੍ਹਾਂ ਵੈਰੀਆਂ ਦੇ ਦਲਾਂ ਦੇ ਆਹੂ ਲਾਹੁੰਦਾ ਹੋਇਆ ਅਖੀਰ ਸੈਂਕੜੇ ਜੁਮੇਵਾਰ ਅਫਸਰਾਂ ਨੂੰ ਧਰਤ ਤੇ ਲਿਟਾ ਕੇ ਅਖੀਰ ਇਕ ਬਰਛੀ ਦਾ ਇਤਨਾ ਕਰੜਾ ਵਾਰ ਹੋਇਆ ਜਿਸ ਨਾਲ ਆਪ ਭੀ ਸਦੀਵ ਵਾਸਤੇ ਵਿਛੋੜਾ ਦੇ ਗਏ।

## ਆਪ ਦਾ ਪੁਤ੍ਰ ਤੇ ਮਹਾਰਾਜ ਦਾ ਫ਼ਰਜ਼

ਸਰਦਾਰ ਮਿਤ ਸਿੰਘ ਖਾਲਸਾ ਰਾਜ ਦੀ ਕਾਇਮੀ ਲਈ ਸ਼ਹੀਦ ਹੋਣ ਤੇ ਮਹਾਰਾਜਾ ਰਣਜੀਤ ਸਿੰਘ ਦੇ ਮਨ ਪਰ ਐਸਾ ਅਸਰ ਹੋਇਆ ਜਿਹੜਾ ਕਿ ਸਰਕਾਰ ਨੂੰ ਅਖੀਰ ਤਕ ਨਾ ਭੁਲਿਆ ਤੇ ਸਰਕਾਰ ਨੇ ਭਰੇ ਦਰਬਾਰ ਵਿਚ ਸਰਦਾਰ ਮਿਤ ਸਿੰਘ ਦੇ ਕਾਰਨਾਮਿਆਂ ਦੇ ਬੜੇ ਰਸੀਲੇ ਤੇ ਜੋਸ਼ੀਲੇ ਸ਼ਬਦਾਂ ਵਿਚ ਪ੍ਰਸੰਸਾ ਕੀਤੀ ਤੇ ਸਾਥ ਹੀ ਪ੍ਰਣ ਕੀਤਾ ਕਿ ਸਰਦਾਰ ਮਿਤ ਸਿੰਘ ਨੇ ਮੇਰੇ ਪਿਤਾ ਜੀ ਦੇ ਚਲਾਣੇ ਮਗਰੋਂ ਮੇਰੀ ਪਰਵਰਸ਼ ਕੀ ਤੀ ਸੀ। ਹੁਣ ਮੈਂ ਭੀ ਸਰਦਾਰ ਮਿਤ ਸਿੰਘ ਦੇ ਪਿਛੇ ਰਹਿ ਗਏ ਭੁਝੰਗੀ ਜਵਾਲਾ ਸਿੰਘ ਦੀ ਪਾਲਣਾ ਕਰਨਾ ਮੇਰਾ ਫਰਜ਼ ਹੈ। ਸਰਕਾਰ ਨੇ ਇਸ ਪ੍ਰਣ ਨੂੰ ਨਿਭਾਉਂਦਿਆਂ ਹੋਇਆਂ ਸਰਦਾਰ ਜਵਾਲਾ ਸਿੰਘ ਨੂੰ ਬਾਲ ਅਵਸਥਾ ਵਿਚ ਹੀ ਆਪ ਦੇ ਪਿਤਾ ਦੀ ਸਾਰੀ ਜਗੀਰ ੧੨੫੦੦੦ ਰੁਪਏ ਸਾਲਾਨਾ ਆਮਦਨੀ ਦੇ ਦਿਤੀ।

Digitized by Panjab Digital Library | www.panjabdigilib.org

## 'ਜੋ ਜੈਸੀ ਸੰਗਤਿ ਕਰੇ'

ਸਰਦਾਰ ਜੁਆਲਾ ਸਿੰਘ ਦੀ ਪਰਵਰਸ਼ ਸ਼ੇਰੇ ਪੰਜਾਬ ਦੀ ਨਿਗਾਹਬਾਨੀ ਵਿਚ ਹੋਣ ਕਰਕੇ ਉਸਦੇ ਬਹੁਤ ਸਾਰੇ ਗੁਣ ਸ਼ੇਰੇ ਪੰਜਾਬ ਵਾਲੇ ਹੀ ਪਾਏ ਜਾਂਦੇ ਸਨ। ਸ਼ੇਰੇ ਪੰਜਾਬ ਵਾਂਗ ਉਦਾਰ ਦਿਲ, ਦਾਨੀ ਸੁਭਾ, ਖੁਲ ਦਿਲਾ ਸ਼ੇਰੇ ਪੰਜਾਬ ਤੋਂ ਦੂਜੇ ਨੰਬਰ ਤੇ ਸ: ਜਵਾਲਾ ਸਿੰਘ ਹੀ ਪੰਥ ਵਿਚ ਮੰਨਿਆ ਜਾਂਦਾ ਸੀ।

## ਮਹਾਂ ਦਾਨੀ ਸਰਦਾਰ ਜਵਾਲਾ ਸਿੰਘ ਜੀ

ਆਪ ਦੇ ਬਹੁਤ ਸਾਰੇ ਗੁਣਾਂ ਵਿਚੋਂ ਇਕ ਗੁਣ ਲਿਖਦੇ ਹਾਂ। ਸਰਦਾਰ ਵਿਸਾਖਾ ਸਿੰਘ ਚੰਮਿਆਰੀ ਪਿੰਡ ਵਾਲਾ ਸਾਹਿਬਜ਼ਾਦਾ ਸ਼ੇਰ ਸਿੰਘ ਦੀ ਕਸ਼ਮੀਰ ਦੀ ਗਵਰਨਰੀ ਸਮੇਂ ਨਾਜ਼ਮ ਖਜ਼ਾਨਾ ਸੀ। ਆਪ ਦੇ ਮੁਤਹਿਤ ਵਿਚ ਕਈ ਕਸ਼ਮੀਰੀ ਮੁਤਸਦੀ ਸਨ ਜੋ ਹਿਸਾਬ ਕਿਤਾਬ ਰਖਣ ਦਾ ਕੰਮ ਕਰਦੇ ਸਨ। ਸਰਦਾਰ ਵਿਸਾਖਾ ਸਿੰਘ ਬੜਾ ਨੇਕ ਤੇ ਦਿਆਨਤਦਾਰ ਧਾਰਮਿਕ ਖਿਆਲਾਂ ਵਾਲਾ ਹੋਣ ਆਪਣੇ ਮੁਨਸ਼ੀਆਂ ਪਰ ਲੋੜ ਤੋਂ ਵਧ ਭਰੋਸਾ ਰਖਦਾ ਸੀ। ਸਰਦਾਰ ਜੀ ਦੀ ਦਿਆਨਤਦਾਰੀ ਤੋਂ ਅਯੋਗ ਲਾਭ ਪ੍ਰਾਪਤ ਕਰਕੇ ਏਹਨਾਂ ਮੁਨਸ਼ੀਆਂ ਨੇ ਰੁਪਿਆ ਗਬਨ ਕਰ ਲਿਆ। ਏਧਰ ਸ਼ੇਰੇ ਪੰਜਾਬ ਨੇ ਸਰਦਾਰ ਵਿਸਾਖਾ ਸਿੰਘ ਨੂੰ ਲਾਹੌਰ ਬੁਲਾ ਕੇ ਹਿਸਾਬ ਕਿਤਾਬ ਚੈਕ ਕਰਵਾਇਆ ਤਾਂ ਸਵਾ ਲਖ ਰੁਪਏ ਦਾ ਘਾਟਾ ਨਿਕਲਿਆ। ਸਰਦਾਰ ਵਿਸਾਖਾ ਸਿੰਘ ਬੜਾ ਪਤਵੰਤਾ ਅਤੇ ਇਮਾਨਦਾਰ ਸੀ, ਜਿਸ ਨੂੰ ਸੁਣ ਕੇ ਬਹੁਤ ਘਬਰਾਇਆ ਤੇ ਇਜ਼ਤ ਨੂੰ ਖਤਰੇ ਵਿਚ ਸਮਝਦਾ ਹੋਇਆ ਸਰਦਾਰ ਜਵਾਲਾ ਸਿੰਘ ਦੇ ਪਾਸ ਜਾ ਕੇ ਸਹੀ ਹਕੀਕਤ ਪੇਸ਼ ਕੀਤੀ ਤੇ ਰਹਿਮ ਅਤੇ ਉਧਾਰ ਦਿਲ ਸਰਦਾਰ ਜੁਆਲਾ ਸਿੰਘ ਨੇ ਮਹਾਰਾਜਾ ਸ਼ੇਰੇ ਪੰਜਾਬ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਸ: ਵਿਸਾਖਾ ਸਿੰਘ ਦੇ ਘਾਟੇ ਦਾ ਜ਼ੁਮੇਂਵਾਰ ਮੈਂ ਹਾਂ, ਜੋ ਅਜ ਸ਼ਾਮ ਨੂੰ ਤਾਰ ਦਿਆਂਗਾ। ਜੋ ਸਰਦਾਰ ਜਵਾਲਾ ਸਿੰਘ ਨੇ ਤਾਰ ਕੇ ਸ: ਵਸਾਖਾ ਸਿੰਘ ਪਰ ਕਿਸੇ ਨੂੰ ਉਜਰ ਕਰਨ ਦਾ ਮੌਕਾ ਹੀ ਨਾ ਮਿਲਿਆ। ਏਹ ਰੁਪਿਆ ਸ: ਜਵਾਲਾ ਸਿੰਘ ਨੇ ਮੁੜ ਨਹੀਂ ਲਿਆ। ਏਹ ਵਿਸ਼ਾਲ ਹਿਰਦੇ ਦਾ ਮਾਲਕ ਆਪਣੀ ਜ਼ਿੰਦਗੀ, ਇਜ਼ਤ ਆਬਰੂ ਨਾਲ ਖਾਲਸੇ ਦੇ ਚਰਨਾਂ ਵਿਚ ਬਸਰ ਕਰਦਾ ਹੋਇਆ ਸੰਨ ੧੮੩੫ ਨੂੰ ਇਹ ਸਸਾਰ ਤੋਂ ਸਦਾ ਲਏ ਚਲਾ ਗਿਆ ਅਤੇ ਆਪ ਦੀਆਂ ਯਾਦਾਂ ਸਾਡੇ ਤੁਹਾਡੇ ਪਾਸ ਛੱਡ ਗਿਆ। ਆਪ ਤੋਂ ਪਿਛੋਂ ਆਪ ਦਾ ਪੁਤਰ ਸਰਦਾਰ ਹਰਦਿਤ ਸਿੰਘ ਤੇ ਪੋਤਰਾ ਸਰਦਾਰ ਸਾਧੂ ਸਿੰਘ ਭੀ ਆਪਣੇ ਬਜ਼ੁਰਗਾਂ ਦੇ ਕਦਮ ਪਰ ਕਦਮ ਚਲਦੇ ਹੋਏ ਦੇਸ਼ ਕੌਮ ਤੋਂ ਆਪਾ ਵਾਰਦੇ ਰਹੇ।

Digitized by Panjab Digital Library | www.panjabdigilib.org

# ਸ: ਪ੍ਰੇਮ ਸਿੰਘ ਜੀ ਜਨੇਤਪੁਰਾ

ਸ੍ਰੀ ਮਾਨ ਸ: ਪ੍ਰੇਮ ਸਿੰਘ ਦਾ ਜਨਮ ਸ: ਸੁਖਾ ਸਿੰਘ ਦੇ ਘਰ ਪਿੰਡ ਜਨੇਤ ਪੁਰਾ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਦੀ ਪਹਿਲੀ ਅਵਸਥਾ ਪਿੰਡ ਵਿਚ ਲੰਘੀ ਸਮੇਂ ਅਨੁਸਾਰ ਆਪ ਨੇ ਗੁਰਮੁਖੀ, ਉਰਦੂ, ਫਾਰਸੀ ਵਿਦਿਆ ਪੜ੍ਹੀ, ਆਪ ਬੜੇ ਸਿਆਣੇ ਦੂਰ ਅੰਦੇਸ਼ ਅਤੇ ਉਚ ਲਿਆਕਤ ਦੇ ਮਾਲਕ ਸਨ ਜਿਸ ਦੇ ਸਦਕਾ ਆਪ ਦਾ ਇਲਾਕੇ ਵਿਚ ਕਾਫੀ ਮਾਣ ਹੋਣ ਲਗਾ।

ਉਨ੍ਹਾਂ ਦਿਨਾਂ ਵਿਚ ਇਹ ਇਲਾਕਾ ਆਹਲੂ ਵਾਲੀਆਂ ਦੀ ਮਿਸਲ ਦੇ ਅਧੀਨ ਸੀ, ਸੋ ਆਪ ਦੀ ਯੋਗਤਾ ਨੂੰ ਮੁਖ ਰਖ ਕੇ ਆਪ ਨੂੰ ਇਸ ਪਰਗਣੇ ਦਾ ਥਾਣੇਦਾਰ ਥਾਪਿਆ ਗਿਆ, ਇਸ ਕੰਮ ਨੂੰ ਆਪ ਨੇ ਬੜੀ ਸਿਆਣਪ ਨਾਲ ਨਭਾਇਆ, ਅਕਾਲ ਪੁਰਖ ਨੇ ਆਪ ਨੂੰ ਸਾਰੇ ਸੁਖ ਦਿਤੇ ਸਨ, ਧਨ ਪਦਾਰਥ ਤੋਂ ਇਲਾਵਾ ਆਪ ਦੇ ਚਾਰ ਪੁਤਰ ਸਨ, ਰਬ ਦੀ ਨੇਤ ਜਦ ਵਡੇ ਹੋਏ ਚਾਰੇ ਸੁਰਗਵਾਸ ਹੋ ਗਏ। ਆਪ ਨੇ ਇਹ ਭਾਣਾ ਸਤਿ ਕਰਕੇ ਮੰਨਿਆਂ, ਅਤੇ ਪਹਿਲਾਂ ਵਾਂਗ ਹੀ ਅਡੋਲ ਭਾਣੇ ਵਿਚ ਕੰਮ ਕਰਦੇ ਰਹੇ, ਆਏ ਗਏ ਸੰਤਾਂ ਮਹੰਤਾਂ ਦੀ ਸੇਵਾ ਕਰਦੇ ਅਤੇ ਗਰੀਬਾਂ ਦੀ ਵੀ ਵਧ ਚੜਕੇ ਸੇਵਾ ਕਰਦੇ ਜਿਸ ਪਰ ਸਤਿਗੁਰਾਂ ਮਿਹਰ ਕੀਤੀ ਤੇ ਫਿਰ ਆਪ ਦੇ ਚਾਰ ਪੁਤਰ ਅਤੇ ਦੋ ਲੜਕੀਆਂ ਪੈਦਾ ਹੋਈਆਂ।

ਆਪ ਨੇ ਸਰਦਾਰੀ ਦਾ ਅਹੁਦਾ ਪਾ ਕੇ ਬੜੀ ਨਿਮਰਤਾ ਧਾਰ ਰਖੀ ਸੀ, ਸਵਾ ਸਾਲ ਸੁਖਮਨੀ ਸਾਹਿਬ ਦਾ ਪਾਠ ਇਕ ਲਤ ਤੇ ਖੜੋ ਕੇ ਕੀਤਾ ਆਪ ਪੂਰਨ ਨਾਮ ਅਭਿਆਸੀ ਸਨ।

ਆਪ ਦੀ ਸੇਵਾ ਤੇ ਪ੍ਰਸੰਨ ਹੋ ਕੇ ਆਹੂਵਾਲੀਆਂ ਦੀ ਮਿਸਲ ਦੇ ਜਥੇਦਾਰ ਵਲੋਂ ਸਰਦਾਰੀ ਪਟਾ ਮਿਲਿਆ ਸੀ ਅਤੇ ਆਪ ਪਿੰਡ ਦੇ ਅਧ ਤੋਂ ਵੀ ਵਧੇਰੇ ਜ਼ਮੀਨ ਦੇ ਮਾਲਕ ਸਨ।

ਉਸ ਦਾ ਬਣਾਇਆ ਹੋਇਆ ਘਰ ਅਤੇ ਦਰਵਾਜਾ ਅਜੇ ਹੈ ਜਿਥੇ ਉਸ ਦੀ ਬੰਸ ਵਿਚੋਂ ਆਦਮੀ ਵਸਦੇ ਹਨ। ਆਪ ਪਿੰਡ ਦੀ ਜਾਇਦਾਦ ਤੇ ਜ਼ਮੀਨ ਦੇ ਅਧ ਤੋਂ ਵੀ ਵਧੇਰੇ ਮਾਲਕ ਸਨ ਤੇ ਜਦ ਅੰਗਰੇਜ਼ਾਂ ਪੰਜਾਬ ਆਪਣੇ ਕਬਜ਼ੇ ਵਿਚ ਲਿਆ ਤੇ ਨਵਾਂ ਜ਼ਮੀਨ ਦਾ ਬੰਦੋਬਸਤ ਕਰਨ ਲਗੇ ਤੇ ਅੰਗਰੇਜ਼ ਅਫਸਰ ਪਿੰਡ ਆਇਆ ਤੇ ਪੁਰਾਣੀ ਮਲਕੀਅਤ ਦੇ ਪਟੇ ਵੇਖਣੇ ਚਾਹੇ ਤਾਂ ਉਸ ਮਾਈ ਨੂੰ ਦਹਿਲ ਪਾ ਦਿੱਤਾ ਕਿ ਮਾਈ ਅੰਗਰੇਜ਼ ਸਰਦਾਰਾਂ ਦੀਆਂ ਜਾਇਦਾਦਾਂ ਜ਼ਬਤ ਕਰ ਜਾਂਦੇ ਹਨ ਮਤੀਂ ਕਿਤ ਤੁਹਾਡੀ ਵੀ ਜਾਇਦਾਦ ਜ਼ਬਤ ਕਰ ਲੈਣ, ਅੰਗਰੇਜ਼ ਦੇ ਕੋਸ਼ਸ਼ ਕਰਨ ਤੇ ਵੀ ਮਾਈ ਨੇ ਪਟਾ ਨਾ ਦਿਖਾਇਆ ਤੇ ਜ਼ਮੀਨ ਗਵਾ ਲਈ॥ ਅੱਜ ਕਲ ਉਹ ਪਟਾ ਉਸ ਮਾਈ ਦੀ ਔਲਾਦ ਪਾਸ ਹੈ ਜੋ ਸ: ਪਰੇਮ ਸਿੰਘ ਦੇ ਆਪਣੇ ਬਣਾਏ ਹੋਏ ਘਰ ਵਿਚ ਵਸ ਰਹੀ ਹੈ।

ਸ: ਪ੍ਰੇਮ ਸਿੰਘ ਜੀ ਨੂੰ ਸ: ਜੱਸਾ ਸਿੰਘ ਜੀ ਤੋਂ ਅੰਮ੍ਰਤ ਪਾਨ ਕਰਨ ਦਾ ਮਾਨ ਪ੍ਰਾਪਤ ਸੀ।

Digitized by Panjab Digital Library | www.panjabdigilib.org

# ਆਪ ਜੀ ਦਾ ਕੁਰਸੀ ਨਾਮਾ

- ਸੁਖਾ ਸਿੰਘ
  - ਪ੍ਰੇਮ ਸਿੰਘ
    - ਬਮਣ ਸਿੰਘ
      - ਹੋ: ਭਗਵਾਨ ਸਿੰਘ
      - ਪ੍ਰਤਾਪ ਸਿੰਘ
      - ਰਾਮ ਕੌਰ
      - ਦਾਨ ਕੌਰ
      - ਭਾਨ ਕੌਰ
      - ਸ਼ਾਮ ਕੌਰ
    - ਕਰਮ ਸਿੰਘ
      - ਮੋਹਣ ਸਿੰਘ
      - ਜਿਉਣ ਸਿੰਘ
      - ਬੀਬੀ ਭੋਲ ਕੌਰ
      - ਵਿਸਾਖਾ ਸਿੰਘ ਸੰਤ ਸਿਪਾਹੀ
    - ਹੀਰਾ ਸਿੰਘ
      - ਚੰਨਣ ਸਿੰਘ
      - ਪ੍ਰਤਾਪ ਕੌਰ
    - ਅਮਰੀਕ ਸਿੰਘ
      - ੦

## ਪਰਗਣਿਆਂ ਦੇ ਰਖਵਾਲੇ

ਸਰਦਾਰਨੀ ਧਰਮ ਕੌਰ, ਪਰਗਨਾ ਜ਼ੀਰਾ ।

ਸਰਦਾਰ ਜਗਤ ਸਿੰਘ ਬੂੜੀਏ ਵਾਲਾ ਪਰਗਨਾ ਮੁਕਤਸਰ ।

ਸਰਦਾਰ ਹਰੀ ਸਿੰਘ, ਅਲਬੇਲ ਸਿੰਘ ਪਰਗਨਾ ਧਰਮਕੋਟ । ਮਾੜੀ ਤੇ ਕੋਟਕਪੂਰੇ ਦਾ ਪਰਗਨਾ ਬਰੜਾ ਤੇ ਰਾਇ ਅਲਯਾਸ ਦੀਆਂ ਰਾਣੀਆਂ ਤੋਂ ਉਨ੍ਹਾਂ ਦਾ ਰਾਜ (ਕੁਝ ਜਗੀਰ ਦੇ ਕੇ) ਖੋਹ ਕੇ ਫੂਲਕੀਆ ਰਿਆਸਤਾਂ ਨੂੰ ਦੇ ਦਿਤੇ । (ਦੇਖੋ ਰਾਜ ਖਾਲਸਾ ਗਿ: ਕਰਤਾਰ ਸਿੰਘ ਜੀ)

## ਪੁਰਾਇਣ ਦੇ ਬਿਰਧਾਂ ਦੇ ਬਿਆਨ

ਭੂੰਦੜੀ ਦੇ ਜੰਗ ਤੋਂ ਬਾਅਦ ਸ਼ਹੀਦ ਸਿੰਘਾਂ ਦੀਆਂ ਲੋਥਾਂ ਦੇ ਬਹੁਤ ਵਡੇ ੨ ਢੇਰ ਲਾਏ ਗਏ, ਜਿਨ੍ਹਾਂ ਨੂੰ ਕਈ ਮਹੀਨੇ ਤਾਂ ਕਤੇ ਅਤੇ ਗਿਰਜ਼ਾਂ ਖਾਂਦੀਆਂ ਰਹੀਆਂ । ਕਰੰਗਾ ਦੇ ਢੇਰਾਂ ਵਿਚ ਕੁਤੇ ਕੁਤੀਆਂ ਰਹਿਣ ਅਤੇ ਬਚੇ ਦਿੰਦੇ ਸਨ । ਅਖੀਰ ਇਕ ਮੀਂਹ ਬਹੁਤ ਜ਼ੋਰ ਦਾ ਵਰ੍ਹਿਆ ਜੋ ਕਰੰਗਾਂ ਨੂੰ ਸਮੇਤ ਕੁਤੇ ਕੁਤੀਆਂ ਦੇ ਰੋੜ੍ਹ ਕੇ ਦਰਿਆ ਵਿਚ ਲੈ ਗਿਆ, ਹੁਣ ਤੱਕ ਅਸੂ ਕੱਤਕ ਦੇ ਮਹੀਨੇ ਬਹੁਤ ਅਵਾਜ਼ਾਂ ਆਬ ਆਬ (ਪਾਣੀ) ਦੀਆਂ ਆਉਂਦੀਆਂ ਹਨ ।

ਉਪ੍ਰੋਕਤ ਬਿਰਧਾਂ ਦੇ ਬਿਆਨਾ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਾਸੀ ਖਾਲਸਾ ਨੂੰ ਆਪਣਾ ਰਾਜ ਕਿੰਨਾ ਪਿਆਰਾ ਸੀ ਅਤੇ ਕਿਵੇਂ ਅਣਖੀ ਆਪਣੀਆਂ ਜਾਨਾਂ ਆਪਣੇ ਖਾਲਸਾ ਰਾਜ ਪਿਛੇ ਵਾਰਦੇ ਸਨ ।

Digitized by Panjab Digital Library | www.panjabdigilib.org

# ਫੂਲਾ ਸਿੰਘ ਜੀ ਅਕਾਲੀ

ਸ੍ਰੀ ਮਾਨ ਅਕਾਲੀ ਫੂਲਾ ਸਿੰਘ ਜੀ ਖਾਲਸਾ ਪੰਥ ਦੇ ਨਿਰਭੈ ਜਥੇਦਾਰ ਉਨ੍ਹਾਂ ਖਾਲਸਾ ਰਾਜ ਦੇ ਚੋਣਵੇਂ ਉਸਰਈਆਂ ਵਿਚੋਂ ਇਕ ਹੋਏ ਹਨ। ਜਿਨ੍ਹਾਂ ਨੇ ਖਾਲਸਾ ਰਾਜ ਦੀ ਮੁਢਲੀ ਉਸਾਰੀ ਵਿਚ ਆਪਣੇ ਤਨ ਦੀ ਆਹੂਤੀ ਵੀ ਪਾ ਦਿਤੀ, ਆਪ ਦਾ ਸ਼ੁਭ ਨਾਮ ਖਾਲਸਾ ਰਾਜ ਦੇ ਇਤਿਹਾਸ ਵਿਚ ਸੂਰਜ ਵਾਂਗ ਚਮਕਦਾ ਰਹੇਗਾ।

ਜਨਮ: ਆਪ ਦਾ ਜਨਮ ਪਿੰਡ ਗਿਦੜ (ਵਰਤਮਾਨ ਸਬ ਤਹਿਸੀਲ ਨਥਾਣਾ) ਇਲਾਕਾ ਬਾਹੀਆਂ ਜ਼ਿਲਾ ਫ਼ੀਰੋਜ਼ਪੁਰ ਵਿਚ ਸ: ਈਸ਼ਰ ਸਿੰਘ ਦੇ ਘਰ ਲਗ ਪਗ ਸੰਮਤ ੧੮੧੮ ਬਿਕਰਮੀ ਨੂੰ ਹੋਇਆ।

ਜਨਮ: ਆਪ ਦੇ ਮੁਢਲੇ ਜਨਮ ਦੀ ਬਾਬਤ ਇਸ ਤਰ੍ਹਾਂ ਨਵੀਨ ਖੋਜ ਕੇ ਉਧਾਰ ਤੇ ਪਤਾ ਚਲਿਆ ਹੈ ਕਿ ਆਪ ਜੀ ਦੇ ਬਿਰਧ ਪਿਤਾ ਬਾਂਗਰ ਦੇਸ ਵਿਚ ਦੁਰਭਿਖ ਦੇ ਕਾਰਨ ਆਪਣੇ ਪਰਾਣੇ ਪਿੰਡ ਸ਼ੀਹਾਂ ਬਾਂਗਰ ਤੋਂ ਉਠ ਕੇ ਆਪਣੀ ਘਰ ਵਾਲੀ ਅਤੇ ਵਡੇ ਪੁਤਰ ਸੰਤਾ ਸਿੰਘ ਸਮੇਤ ਇਥੇ ਆ ਰਹੇ, ਉਨੀ ਦਿਨੀ ਖਾਲਸਾ ਪੰਥ ਤੇ ਬੜੀ ਭੀੜ ਸੀ, ਸ: ਈਸ਼ਰ ਸਿੰਘ ਏਥੇ ਆਪਣੇ ਪ੍ਰਵਾਰ ਨੂੰ ਛਡ ਕ ਖਾਲਸਾ ਪੰਥ ਨਾਲ ਜਾ ਸ਼ਾਮਲ ਹੋਏ ਅਤੇ ਵਡੇ ਘਲੂਘਾਰੇ ਵਿਚ ਫਟੜ ਹੋ ਕੇ ਵਾਪਸ ਗਿਦੜ ਪਿੰਡ ਵਿਚ ਚਲ ਗਏ। ਪਹਿਲਾਂ ਤਾਂ ਆਪ ਦੀ ਹਾਲਤ ਚੰਗੀ ਸੀ, ਪਰ ਅਚਾਨਕ ਫ਼ਟ ਖਰਾਬ ਹੋ ਜਾਣ ਦੇ ਕਾਰਨ ਪ੍ਰਲੋਕ ਸੁਧਾਰ ਗਏ ਅਤੇ ਪਿਛੇ ਆਪਣੀ ਘਰ ਵਾਲੀ ਅਤੇ ਸੰਤਾ ਸਿੰਘ ਦੀ ਸੰਭਾਲ ਦਾ ਜ਼ੁਮਾਂ ਪਿੰਡ ਦੇ ਗੁਰਦੁਆਰੇ ਦੇ ਮਹੰਤ ਬਲਰਾਮ ਨੂੰ ਦੇ ਗਏ। ਇਕ ਦਿਨ ਜੋਤਸ਼ੀ ਨੇ ਅਕਾਲੀ ਜੀ ਦੀ ਮਾਤਾ ਦਾ ਮਸਤਕ ਤਕ ਕੇ ਮਹੰਤ ਬਲਰਾਮ ਨੂੰ ਦਸਿਆ ਕਿ ਇਸ ਮਾਤਾ ਦੇ ਪੇਟੋਂ ਇਕ ਅਦੁਤੀ ਜੋਧਾ ਹੋਵੇਗਾ। ਜੋ ਵਡਾ ਹੋ ਕੇ ਖਾਲਸਾ ਪੰਥ ਦੀ ਵਧ ਚੜਕੇ ਸੇਵਾ ਕਰੇਗਾ ਅਤੇ ਖਾਲਸਾ ਰਾਜ ਦੀ ਸ਼ਾਨ ਨੂੰ ਚਾਰ ਚੰਦ ਲਾਵੇਗਾ, ਸੋ ਥੋੜੇ ਦਿਨਾਂ ਮਗਰੋਂ ਅਕਾਲੀ ਜੀ ਦਾ ਜਨਮ ਹੋਇਆ ਅਤੇ ਆਪ ਦੀ ਪਾਲਣਾ ਬਲਰਾਮ ਮਹੰਤ ਨੇ ਬੜੀ ਚੰਗੀ ਤਰ੍ਹਾਂ ਕੀਤੀ ਪਰ ਕਰਤਾਰ ਨੂੰ ਕੁਝ ਹੋਰ ਹੀ ਭਾਉਂਦਾ ਸੀ, ਅਕਾਲੀ ਜੀ ਅਜੇ ਦੋ ਸਾਲ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਆਪ ਨੂੰ ਸਦਾ ਲਈ ਛਡ ਗਏ, ਅਤੇ ਆਪ ਦੀ ਪਾਲਣਾ ਮਹੰਤ ਬਲਰਾਮ ਨੇ ਕੀਤੀ ਮਾਤਾ ਜੀ ਮਹੰਤ ਜੀ ਨੂੰ ਪ੍ਰਲੋਕ ਤਿਆਰੀ ਸਮੇਂ ਕਹਿ ਗਏ ਸਨ ਕਿ ਜਦ ਇਹ ਵਡੇ ਹੋ ਜਾਣ ਤਾਂ ਇਨਾਂ ਨੂੰ ਮਾਮਾ ਨਰੈਣ ਸਿੰਘ ਪਾਸ ਸ਼ਸ਼ਤਰ ਵਿਦਿਆ ਆਦਿ ਸਿਖਣ ਲਈ ਭੇਜ ਦੇਣਾ।

ਜਦ ਆਪ ਜੀ ਕੁਝ ਤਕੜੇ ਹੋ ਗਏ ਤਾਂ ਆਪ ਜੀ ਨੂੰ ਮਹੰਤ ਬਲ ਰਾਮ ਨੇ ਗਊਆਂ ਚਾਰਨ ਲਾ ਦਿਤਾ। ਆਪ ਗਊਆਂ ਚਾਰਦੇ ਰਹੇ ਅਤੇ ਦੁਧ ਪੀਂਦੇ ਰਹੇ। ਇਸ ਤਰ੍ਹਾਂ ਆਪ ਕਾਫੀ ਤਕੜੇ ਹੋ ਗਏ। ਮਹੰਤ ਬਲਰਾਮ ਨੇ ਆਪ ਦੀ ਮਾਤਾ ਦੇ ਕਹੇ ਅਨੁਸਾਰ ਆਪ ਨੂੰ ਭਾਈ ਨਾਰੈਣ ਸਿੰਘ (ਆਪ ਦੇ ਮਾਮਾ) ਪਾਸ ਭੇਜ ਦਿਤਾ। ਜਿਥੇ ਜਾਕੇ ਅਕਾਲੀ ਜੀ ਨੇ ਸ਼ਸਤ੍ਰ ਵਿਦਿਆ ਸਿੱਖੀ। ਅਤੇ ਬਾਬਾ ਜੀ ਦੇ ਪਵਿਤ੍ਰ ਦਸਤ ਕੰਵਲਾਂ ਤੋਂ ਅੰਮ੍ਰਿਤ ਛਕਿਆ। ਤੇ ਨਾਮ ਫੂਲਾ ਸਿੰਘ ਰਖਿਆ ਗਿਆ।

Digitized by Panjab Digital Library | www.panjabdigilib.org

ਪੰਥਕ ਜੀਵਨ—ਜਦ ਬਾਬਾ ਨਰੈਣ ਸਿੰਘ ਜੀ ਕਾਲ ਵਸ ਹੋ ਗਏ ਤਾਂ ਆਪ ਜੀ ਇਸ ਮਿਸਲ ਦੇ ਜਥੇਦਾਰ ਥਾਪੇ ਗਏ ਤੇ ਆਪ ਨੇ ਆਪਣਾ ਨਿਵਾਸ ਅਨੰਦਪੁਰ ਸਾਹਿਬ ਰਖਿਆ। ਆਪ ਦੇ ਸੁਨਹਿਰੀ ਪ੍ਰਉਪਕਾਰਾਂ ਦੀ ਲੜੀ ਏਥੋਂ ਅਰੰਭ ਹੁੰਦੀ ਹੈ।

ਉਪਕਾਰ—ਜਦ ਆਪਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਦੁਆ ਰਆਂ ਦੇ ਸੇਵਕਾਂ ਵਿਚ ਕਈ ਅਯੋਗ ਗਲਾਂ ਸੁਣੀਆਂ, ਤਾਂ ਆਪ ਜੀ ੧੮੫੭ ਬਿਕਰਮੀ ਨੂੰ ਸ੍ਰੀ ਅੰਮ੍ਰਿਤਸਰ ਆ ਗਏ। ਗੁਰਦੁਆਰਿਆਂ ਦਾ ਅਤੇ ਸ੍ਰੀ ਅਕਾਲ ਤਖਤ ਦਾ ਪ੍ਰਬੰਧ ਆਪਣੇ ਹਥ ਵਿਚ ਲੈ ਲਿਆ ਤੇ ਸਾਰਿਆਂ ਗੁਰਦੁਆਰਿਆਂ ਵਿਚ ਸੁਧਾਰ ਕੀਤਾ। ਸ੍ਰੀ ਅੰਮ੍ਰਿਤਸਰ ਸਰੋਵਰ ਦੀ ਸੇਵਾ ਆਪਣੇ ਜੱਥੇ ਤੋਂ ਕਰਵਾਈ। ਅਕਾਲੀ ਜੀ ਰਾਜਸੀ ਕੰਮਾਂ ਵਿਚ ਆਪ ਜੀ ਜਿਥੇ ਇਕ ਸੂਰਬੀਰ ਮਹਾਂਬਲੀ ਜੋਧੇ, ਕੁਰਬਾਨੀ ਦੇ ਪੁਜਾ ਪਰ ਉਪਕਾਰੀ ਅਤੇ ਨਾਮ ਅਭਿਆਸੀ ਸਨ, ਉਥੇ ਨੀਤੀ ਨਪੁੰਨ ਵੀ ਸਨ! ਆਪ ਦੇ ਸੀਨੇ ਵਿਚ ਕੌਮੀ ਪਿਆਰ ਅਤੇ ਦਰਦ ਕੁਟ ਕੁਟਕੇ ਭਰਿਆ ਹੋਇਆ ਸੀ। ਸਨ ੨੮੦੨ ਵਿਚ ਆਪ ਨੇ ਆਪਣਾ ਸ਼ਖਸ਼ੀਅਤ ਰਸੂਖ ਵਰਤਕੇ ਮਹਾਰਾਜਾ ਰਣਜੀਤ ਸਿੰਘ ਅਤੇ ਭੰਗੀ ਸਰਦਾਰ ਵਿਚ ਬਿਨਾ ਲੜਾਈ ਤੋਂ ਸੁਲਾਹ ਕਰਾਕੇ ਸ੍ਰੀ ਅੰਮ੍ਰਿਤਸਰ ਨੂੰ ਸਿਖਰਾਜ ਵਿਚ ਮਿਲਾ ਦਿੱਤਾ। ਜਿਸ ਪਰ ਮਹਾਰਾਜਾ ਆਪ ਦੀ ਨੀਤੀ ਅਤੇ ਕੌਮੀ ਦਰਦ ਪਰ ਬਹੁਤ ਪ੍ਰਸੰਨ ਹੋਏ। ਏਥੋਂ ਹੀ ਅਕਾਲੀ ਜੀ ਦੇ ਪ੍ਰਉਪਕਾਰਾਂ ਦਾ ਦੌਰ ਅਰੰਭ ਹੁੰਦਾ ਹੈ। ਚੜ੍ਹਦੇ ਸੂਰਜ ਵਾਂਗ ਅਕਾਲੀ ਜੀ ਦਾ ਤੇਜ ਪ੍ਰਤਾਪ ਦਿਨ ਦੁਗਣਾ ਅਤੇ ਰਾਤ ਚੌਗਣਾ ਵਧਣਾ ਅਰੰਭ ਹੋਇਆ। ਪੰਥਕ ਅਤੇ ਰਾਜਸੀ ਹਰ ਇਕ ਮਹਿਮ ਵਿਚ ਅਕਾਲੀ ਜੀ ਦਾ ਹੀ ਬੋਲ ਬਾਲਾ ਸੀ। ਆਪ ਦੇ ਉਪਕਾਰਾਂ ਦੀ ਲੜੀ ਇਉਂ ਹੈ।

੧. ਆਪਦੀ ਹਿੰਮਤ ਨਾਲ ਸ੍ਰੀ ਅੰਮ੍ਰਿਤਸਰ ਦਾ ਸਿਖ ਰਾਜ ਵਿਚ ਮਲਾਉਣਾ, ਕਸੂਰ ਫਤਹਿ ਕਰਨਾ। ਮਿਸਟਰ ਮਟਕਾਫ ਨਾਲ ਟਕਰ ਤੇ ਅਹਿਦ ਨਾਮਾ ਹੋਣਾ। ਮਹਾਰਾਜਾ ਰਣਜੀਤ ਸਿੰਘ ਦਾ ਅੰਗ੍ਰੇਜ਼ਾਂ ਨਾਲ ਅਹਿਦਨਾਮਾ ਹੋਣਾ। ਮੁਲਤਾਨ ਦਾ ਫਤਹਿ ਕਰਨਾ ਪਸ਼ਾਵਰ ਦਾ ਫਤਹਿ ਕਰਨਾ, ਕਸ਼ਮੀਰ ਤੇ ਚੜ੍ਹਾਈ ਤੇ ਸਰਹਦੀ ਲੜਾਈਆਂ ਲੜਨੀਆਂ, ਇਨਾਂ ਸਭ ਲੜਾਈਆਂ ਦੀ ਫਤਹਿ ਦਾ ਸਿਤਾਰਾ ਆਪਦੇ ਸਿਰ ਹੈ।

ਸ਼ਹੀਦੀ—ਆਪ ਜੀ ਖਾਲਸਾ ਰਾਜ ਦੀ ਬਿਰਦੀ ਵਿਚ ਨੌਸ਼ਹਿਰੇ ਦੀ ਲੜਾਈ ਵਿਚ ੧ ਚੇਤ ਸੰਨ ੧੮੭੯ ਬਿ: ਨੂੰ ਸ਼ਹੀਦ ਹੋ ਗਏ।

ਆਪ ਦੀ ਜੀਵਨ ਉਸਾਰੀ ਵੀ ਇਕ ਅਲੌਕਿਕ ਚਮਤਕਾਰ ਹੈ, ਆਪ ਦੀ ਆਤਮਿਕ ਸ਼ਕਤੀ ਦ੍ਰਿੜਤਾ, ਸੂਰਮਤਾ ਨਿਰਭੈਤਾ ਨਿਰਅਭਿ ਮਾਨਤਾ, ਕੌਮੀ ਦਰਦ ਸ਼ਸਤਰ ਵਿਦਿਆ ਅਤੇ ਗੁਰਬਾਣੀ ਨਾਲ ਪਿਆਰ ਆਦਿ ਵੇਰਵੇ ਨਾਲ ਅਗੇ ਦਿਤਾ ਜਾਂਦਾ ਹੈ।

## ਬਾਬਾ ਫੂਲਾ ਸਿੰਘ ਜੀ ਅਕਾਲੀ ਦੇ ਵਿਸ਼ੇਸ਼ ਗੁਣ

### ਡੀਲ ਡੌਲ

ਬਾਬਾ ਫੂਲਾ ਸਿੰਘ ਜੀ ਡੀਲ ਡੌਲ ਵਿਚ ਸੋਹਣੇ ਸਜੀਲੇ ਅਤੇ ਭਾਰੀ ਦਬਦਬੇ ਵਾਲੇ ਪੁਰਸ਼ ਸਨ। ਆਪ ਦਾ ਕਦ ਭਾਵੇਂ ਬਹੁਤਾ ਲੰਬਾ ਨਹੀਂ ਸੀ ਪ੍ਰੰਤੂ ਜੁਸਾ ਦੂਹਰਾ ਤੇ ਸਰੀਰ ਇਸ ਤਰਾਂ ਗਠਿਆ ਹੋਇਆ ਸੀ ਕਿ ਦੇਖਣ ਵਾਲੇ ਪਰ ਰੋਹਬ ਤਾਂ ਹੀ ਹੋ ਜਾਂਦਾ ਸੀ। ਭਜਨ ਵਿਚ ਤੇਜ਼

ਫੁਰਤੀਲੇ ਤੇਜਸਵੀ ਚਿਹਰਾ ਹੋਣ ਦੇ ਕਾਰਣ ਦਰਸ਼ਨ ਕਰਨ ਵਾਲਿਆਂ ਪਰ ਅਨੋਖਾ ਪਰਭਾਵ ਪੈਂਦਾ ਸੀ।

## ਆਤਮਕ ਸ਼ਕਤੀ

ਆਪ ਦੀ ਆਤਮਕ ਸ਼ਕਤੀ ਦਾ ਇਤਨਾ ਪ੍ਰਭਾਵ ਸੀ ਕਿ ਵਡੇ ਵਡੇ ਗ਼ਨੀਮ ਇਕ ਨਜ਼ਰ ਭਰਕੇ ਵੇਖਣ ਨਾਲ ਹੀ ਅਧੀਨ ਹੋ ਜਾਂਦੇ ਸਨ। ਮੁਲਤਾਨ ਦੀ ਲੜਾਈ ਸਮੇਂ ਜਦੋਂ ਆਪ ਅਚਾਨਕ ਹੀ ਨਵਾਬ ਮੁਜ਼ਫਰ ਖ਼ਾਨ ਦੇ ਸਾਹਮਣੇ ਆਏ ਤਾਂ ਉਸਦੀ ਸੂਤੀ ਹੋਈ ਤਲਵਾਰ ਹਥੋਂ ਡਿਗ ਪਈ। ਆਪ ਜੀ ਦੀ ਕਥਨੀ ਵਿਚ ਇਤਨਾ ਜ਼ੋਰ ਸੀ ਕਿ ਜਦੋਂ ਆਪ ਬੋਲਦੇ ਤਾਂ ਸੁਨਣ ਵਾਲਿਆ ਪੁਰ ਅਕਥਨੀਯ ਅਸਰ ਛਾ ਜਾਂਦਾ ਤੇ ਕਿਸੇ ਨੂੰ ਭੀ ਆਪ ਦੇ ਕਥਨ ਵਿਰੁਧ ਚੂੰ ਤਕ ਕਰਨ ਦੀ ਹਿੰਮਤ ਨਹੀਂ ਪੈਂਦੀ ਸੀ।

## ਦ੍ਰਿੜਤਾ

ਇਹ ਮਹਾਨ ਗੁਣ ਆਪ ਜੀ ਵਿਚ ਬਚਪਨ ਤੋਂ ਹੀ ਪੈਦਾ ਹੋ ਚੁਕਿਆ ਸੀ। ਜਦੋਂ ਆਪ ਕੋਈ ਇਰਾਦਾ ਦਿਲ ਵਿਚ ਧਾਰ ਲੈਂਦੇ ਤਾਂ ਭਾਵੇਂ ਜ਼ਿਮੀ ਅਸਮਾਨ ਪਲਟ ਜਾਂਦੇ ਪਰ ਆਪ ਬਚਨ ਤੋਂ ਨਹੀਂ ਫਿਰਦੇ ਸਨ। "ਸੂਰਬੀਰ ਬਚਨ ਕੇ ਬਲੀ" ਵਾਲਾ ਮਹਾਂਵਾਕ ਆਪ ਜੀ ਪਰ ਐਨ ਢੁਕਦਾ ਸੀ। ਨੌਸ਼ਹਿਰੇ ਦੀ ਲੜਾਈ ਸਮੇਂ ਜਦ ਆਪ ਅਰਦਾਸਾ ਸੋਧ ਕੇ ਤੁਰ ਪਏ ਤੇ ਮਹਾਰਾਜਾ ਰਣਜੀਤ ਸਿੰਘ ਦੇ ਨਿਰਾਸ਼ ਹੋਣ ਤੇ ਬਹੁਤ ਸਮਝਾਣ ਪਰ ਭੀ ਆਪ ਨੇ ਇਰਾਦਾ ਨਾ ਬਦਲਿਆ ਅਤੇ "ਸੀਸ ਦੀਆ ਪਰ ਸਿਰਰ ਨਾ ਦੀਆ" ਦੇ ਮਹਾਵਾਕ ਪਰ ਅਮਲ ਕਰਦੇ ਹੋਏ ਸ਼ਹੀਦ ਹੋ ਗਏ।

## ਸੂਰਮਤਾ

ਆਪ ਵਿਚ ਸੂਰਮਤਾਈ ਦਾ ਗੁਣ ਇਤਨਾ ਪਰਧਾਨ ਸੀ ਕਿ ਆਪ ਦੀ ਬਹਾਦਰੀ ਦੀ ਧਾਕ ਸਾਰੇ ਦੇਸ਼ ਵਿਚ ਪੈ ਚੁਕੀ ਸੀ। ਸਰਹਦੀ ਪਠਾਨ ਤਾਂ ਆਪ ਦਾ ਨਾਮ ਸੁਣਕੇ ਥਰ ਥਰ ਕੰਬਣ ਲਗ ਜਾਂਦੇ ਸਨ। ਸਰ ਲੇਪਨ ਗ੍ਰਿਫਨ ਜੋ ਸਿਖ ਸਰਦਾਰਾਂ ਵਿਰੁਧ ਬੇ ਸੰਕੋਚ ਹੋਕੇ ਕਲਮ ਵਾਹੁੰਦਾ ਰਿਹਾ ਹੈ। ਅਕਾਲੀ ਜੀ ਸਬੰਧੀ ਲਖਦਾ ਹੈ:–

"ਭਾਵੇਂ ਉਹ (ਅਕਾਲੀ ਫੂਲਾ ਸਿੰਘ) ਕਾਨੂੰਨ ਦਾ ਅਨਸਾਰੀ ਨਹੀਂ ਸੀ ਪ੍ਰੰਤੂ ਉਹ ਹਨੇਰ ਦਾ ਦਲੇਰ, ਮਹਾਂਬੀਰ ਤੇ ਪੁਰਜੋਸ਼ ਜੋਧਾ ਸੀ। ਇਸ ਆਦਮੀ ਦਾ ਜੀਵਨ ਇਤਹਾਸ ਬੜਾ ਹੀ ਅਦਭੁਤ ਹੈ। ਨੌਸ਼ਹਿਰੇ ਦੀ ਲੜਾਈ ਵਿਚ ਸਿੰਘਾਂ ਦੀ ਫਤਹਿ ਅਕਾਲੀ ਫੂਲਾ ਸਿੰਘ ਜੀ ਦੀ ਸੂਰਮਗਤੀ ਦਾ ਹੀ ਫਲ ਸੀ।"

## ਨਿਰਭੈਤਾ

ਇਹ ਗੁਣ ਤਾਂ ਅਕਾਲੀ ਜੀ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਆਪਣੇ ਦਿਲ ਦੀ ਗਲ ਪ੍ਰਗਟ ਕਰਨ ਸਮੇਂ ਉਹ ਕਿਸੇ ਤੋਂ ਝਿਜਕਦੇ ਨਹੀਂ ਸਨ। ਜਦ ਆਪ ਨੇ ਖਾਲਸਾ ਰਾਜ ਨੂੰ ਡੋਗਰਾ ਗਰਦੀ ਦਾ ਸ਼ਿਕਾਰ ਹੁੰਦਾ ਵੇਖਿਆ ਤਾਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਐਸੀਆਂ ਖਰੀਆਂ ੨ ਸੁਣਾਈਆਂ ਕਿ ਸੁਣਨ ਵਾਲੇ ਹੈਰਾਨ ਰਹਿ ਜਏ। ਮਹਾਰਾਜਾ ਰਣਜੀਤ ਸਿੰਘ ਨੂੰ ਭੁਲ ਕਰਨ ਦੇ ਅਪਰਾਧ ਵਿਚ ਇਮਲੀ ਨਾਲ ਬੰਨ੍ਹਕੇ ਕੋਰੜੇ ਲਗਾਉਣ ਦਾ ਹੁਕਮ ਦੇਣਾ ਆਪ ਜੀ ਦਾ ਹੀ ਕੰਮ ਸੀ।

Digitized by Panjab Digital Library | www.panjabdigilib.org

## ਨਿਰਅਭਿਮਾਨਤਾ

ਇਤਨੇ ਨਿਧੜਕ ਤੇ ਕਰੜੇ ਸੁਭਾਵ ਦੇ ਹੁੰਦਿਆਂ ਭੀ ਅਕਾਲੀ ਜੀ ਅਤਿ ਦਰਜੇ ਦੇ ਨਿਰ-ਅਭਿਮਾਨ ਸਨ। ਜਦੋਂ ਮੈਦਾਨ ਜੰਗ ਵਿਚ ਕੋਈ ਸਿੰਘ ਜ਼ਖਮੀ ਹੋ ਜਾਂਦਾ ਤਾਂ ਆਪ ਉਸਨੂੰ ਮੋਢਿਆਂ ਤੇ ਚੁਕ ਕੇ ਡੇਰੇ ਲੈ ਆਉਂਦੇ ਤੇ ਉਸਦੀ ਮਲ੍ਹਮ ਪਟੀ ਆਪਣਿਆਂ ਹਥਾਂ ਨਾਲ ਕਰਦੇ। ਖਾਲਸਾ ਜੀ ਅਗੇ ਨਿਰਅਭਿਮਾਨ ਰਹਿਣ ਕਰਕੇ ਹੀ ਆਪ ਹਰ ਇਕ ਸਿੰਘ ਦਾ ਦਿਲੀ ਪਿਆਰ ਪਰਾਪਤ ਕਰ ਸਕੇ ਸਨ।

## ਸੁਧਾਰਕ

ਜੋਧਾ ਹੁੰਦੇ ਹੋਏ ਭੀ ਆਪ ਜੀ ਨੂੰ ਗੁਰਦਵਾਰਾ ਪਰਬੰਧ ਠੀਕ ਕਰਨ ਤੇ ਸਿਖਾਂ ਵਿਚੋਂ ਕੁਰੀਤੀਆਂ ਦੂਰ ਕਰਨ ਦਾ ਹਰ ਸਮੇਂ ਖਿਆਲ ਰਹਿੰਦਾ ਸੀ।

## ਕੌਮੀ ਦਰਦ

ਕੌਮੀ ਦਰਦ ਤਾਂ ਆਪ ਜੀ ਦੀਆਂ ਰਗਾਂ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਇਸੇ ਗੁਣ ਕਰਕੇ ਆਪ ਸਾਰੀ ਉਮਰ ਕੌਮ ਦੇ ਕਸ਼ਟ ਦੂਰ ਕਰਨ ਲਈ ਖੁਦ ਕਸ਼ਟ ਝਲਦੇ ਰਹੇ। ਕੌਮ ਪਰ ਆਈ ਬਿਪਤਾ ਵੇਖਕੇ ਆਪ ਦਾ ਦਿਲ ਤੜਫ ਉਠਦਾ ਸੀ ਤੇ ਹਰ ਪਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦੇ ਸਨ।

## ਗੁਰਬਾਣੀ ਨਾਲ ਪਿਆਰ

ਉਪਰ ਲਿਖੇ ਸਾਰੇ ਗੁਣਾਂ ਦਾ ਸੋਮਾ ਆਪਦਾ ਗੁਰਬਾਣੀ ਨਾਲ ਪਿਆਰ ਸੀ। ਗਲ ਕੀ ਅਕਾਲੀ ਜੀ ਦਾ ਤੇਜ ਪਰਤਾਪ, ਵਰਿਆਮਤਾ, ਬੀਰਤਾ, ਦ੍ਰਿੜਤਾ ਤੇ ਨਿਰਭੈਤਾ ਆਦਿਕ ਗੁਣ ਗੁਰਬਾਣੀ ਪਰ ਅਮਲ ਕਰਨ ਤੋਂ ਹੀ ਪੈਦਾ ਹੋਏ ਸਨ। ਆਪ ਪਕੇ ਨਿਤਨੇਮੀ ਤੇ ਬਾਣੀ ਦੇ ਰਸੀਏ ਸਨ।

# ਅਕਾਲੀ ਜੀ ਦੀ ਬੰਸਾਵਲੀ

- ਈਸ਼ਰ ਸਿੰਘ
  - ਫੂਲਾ ਸਿੰਘ
  - ਸੰਤ ਸਿੰਘ
    - ਝੰਡਾ ਸਿੰਘ
    - ਹਰੀ ਸਿੰਘ
      - ਗੁਰਦਿਤ ਸਿੰਘ
        - ਬਿਸ਼ਨ ਸਿੰਘ
          - ਜਸਵੰਤ ਸਿੰਘ
      - ਗੁਰਬਖਸ਼ ਸਿੰਘ
        - ਤਾਰਾ ਸਿੰਘ
      - ਸ਼ੇਰ ਸਿੰਘ

Digitized by Panjab Digital Library | www.panjabdigilib.org

# ਭੂਦੜੀ ਅਥਵਾ ਅਲੀਵਾਲ ਦੀ ਲੜਾਈ ਬਾਰੇ ਬਿਰਧਾਂ ਦੇ ਬਿਆਨ

ਬਿਰਧਾਂ ਦੇ ਬਿਆਨ ਇਤਹਾਸ ਵਿਚ ਖਾਸ ਮਹੱਤਤਾ ਅਤੇ ਨਿਗਰ ਸਬੂਤ ਹੋਇਆ ਕਰਦੇ ਹਨ ਜਿਸ ਤਰ੍ਹਾਂ ਕਿ ਬਾਬਾ ਅਮਰੀਕ ਸਿੰਘ ਜੀ ਜਨੇਤ ਪੁਰਾ ਵਾਲਿਆਂ ਦੀ ਸੋਢੀ ਟੇਕ ਸਿੰਘ ਨਾਲ ਹੋਈ। ਗਲ ਬਾਤ ਤੋਂ ਪਤਾ ਲਗਦਾ ਹੈ, ਕਿ ਪੰਜਾਬ ਵਾਸੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਕਾਇਮ ਕੀਤੇ ਖਾਲਸਾ ਰਾਜ ਨਾਲ ਕਿੰਨਾ ਅਥਾਹ ਪਿਆਰ ਸੀ, ਅਤੇ ਅੰਗ੍ਰੇਜ਼ਾਂ ਨੂੰ (ਬਿਲੇ ਕਹਿਕੇ) ਕਿਨੀ ਘਿਰਣਾ ਨਾਲ ਵੇਖਿਆ ਜਾਂਦਾ ਸੀ। ਸੋ ਏਥੋਂ ਬਾਬਾ ਅਮਰੀਕ ਸਿੰਘ ਜੀ ਜਨੇਤਪੁਰਾ ਵਾਲਿਆਂ ਦੇ ਸਹੀ ਸਹੀ ਬਿਆਨ ਲਿਖੇ ਜਾਂਦੇ ਹਨ ।

ਜਦ ਅਕਾਲੀ ਫੌਜਾਂ ਦਾਇਆ ਕਲਾਂ ਦਾਇਆ ਛੋਟਾ ਅਤੇ ਤਲਵੰਡੀ ਦੇ ਦਰਮਿਆਨ ਵਿਚ ਪੜਾਉ ਕਰਕੇ ਜਨੇਤਪੁਰੇ ਸਿੱਖ ਦੌਲਤ ਵਿਚ ਦੀ ਫੌਜਾਂ ਗਈਆਂ ਅੌਰ ਸਿੱਖ ਦੌਲਤ ਦੀਆਂ ਕਾਇਬਾ ਨਾਲ ਕੁਝ ਚਿਰ ਘੋੜੇ ਬਨੇ ਸਨ। ਅਤੇ ਜੋ ਜਖਮੀ ਜਾਂ ਬਿਰਦ ਏਥੇ ਸ਼ਹੀਦ ਹੋਏ ਸਨ । ਉਨ੍ਹਾਂ ਦਾ ਸਸਕਾਰ ਕੀਤਾ। ਜਿਸ ਕਰਕੇ ਸ਼ਹੀਦਾਂ ਵਾਲੇ ਕੈਂਬਾਂ ਪ੍ਰਚਲਤ ਅਤੇ ਸਿਖ ਦੌਲਤ ਵਿਚ ਦੀ ਭੂੰਦੜੀ ਦੇ ਮੈਦਾਨ ਨੂੰ ਗਈਆ ਤਾਂ ਉਨ੍ਹਾਂ ਨੂੰ ਦੇਖਕੇ ਸੋਢੀ ਟੇਕ ਸਿੰਘ ਸੋਢੀਵਾਲ ਨੇ ਵੀ ਆਪਣਾ ਘੋੜਾ ਸ਼ੰਗਾਰਿਆ। ਅਤੇ ਆਪ ਜੈ ਕਾਰੇ ਗਜਾਉਂਦੇ ਹੋਏ ਭੂੰਦੜੀ ਦੇ ਜੰਗ ਜਾ ਰਹੇ ਸੀ। ਅਸੀ ਪੁਛਿਆ ਸੋਢੀ ਸਾਹਿਬ ਜੀ ਕਿਥੇ ਜਾ ਰਹੇ ਹੋ। ਤਦ ਸੋਢੀ ਸਾਹਿਬ ਨੇ ਬੜੇ ਹੌਸਲੇ ਨਾਲ ਕਿਹਾ ਕਿ ਬਿਲਿਆਂ (ਅੰਗ੍ਰੇਜ਼ਾਂ) ਨਾਲ ਜੰਗ ਕਰਨ ਲਈ ਖਾਲਸਾ ਚਲਿਆ ਹੈ, ਇਹ ਕਹਿਕੇ ਉਹ ਜੰਗ ਵਿਚ ਚਲੇ ਗਏ। ਅਸੀਂ ਉਨ੍ਹਾਂ ਦੀ ਵਾਪਸੀ ਦੀ ਵੜੀ ਉਡੀਕ ਰਖੀ। ਜਦ ਸੋਢੀ ਸਾਹਿਬ ਮੁੜਕੇ ਵਾਪਸ ਆਏ ਤਾਂ ਆਪ ਬਹੁਤ ਉਦਾਸ, ਨਿਢਾਲ ਤੇ ਅਫਸੋਸ ਵਿਚ ਸਨ। ਮੁੜਨ ਤੇ ਦਸਿਆ ਕਿ ਖਾਲਸੇ ਦੀ ਹਾਰ ਹੋ ਗਈ ਹੈ। ਹੁਣ ਸਮਝੋ ਪੰਥ ਦੀ ਅਜਾਦੀ ਦਾ ਸੂਰਜ ਡੁਬ ਗਿਆ ਹੈ ਤੇ ਗੁਲਾਮੀ ਨੇ ਪੰਜਾਬ ਮਲ ਲਿਆ ਹੈ।

# ਭਰੋ ਵਾਲ ਦੇ ਬਿਰਧਾਂ ਦੇ ਬਿਆਨ

ਜਦ ਜੰਗ ਹੋ ਰਿਹਾ ਸੀ, ਤਾਂ ਇਕ ਸਿੰਘ ਜੰਗ ਚੋਂ ਬਾਹਰ ਆਕੇ ਸੀਸ ਤੋਂ ਦਸਤਾਰ ਲਾਹ ਕੇ ਕੇਸ ਖੋਲੀ ਆ ਰਿਹਾ ਸੀ, ਤਾਂ ਅਸੀਂ ਕੁਝ ਆਦਮੀਆਂ ਨ ਪੁਛਿਆ। ਸਿੰਘ ਸਾਹਿਬ ਜੀ ਮੁੜ ਆਏ ਤਾਂ ਅਗੋਂ ਸਿੰਘ ਸਾਹਿਬ ਜੀ ਬੋਲੇ। ਕੁਝ ਚਿਰ ਵਾਸਤੇ, ਫਿਰ ਸਿੰਘ ਸਾਹਿਬ ਨੇ ਕੇਸਾਂ ਦਾ ਕੰਗ ਕਰਕੇ ਸੀਸ ਦਸਤਾਰ (ਪਗ) ਸਜਾ ਲਈ ਤੇ ਬਚਨ ਕੀਤਾ। ਖਾਲਸਾ ਜੀ ਮੇਰੀ ਆਪ ਸਾਰਿਆਂ ਨੂੰ ਫਤਹਿ ਅਤੇ ਕਿਹਾ ਕਿ ਹੁਣ ਆਪ ਗੁਰੂ ਜੀ ਦੀ ਕਿਰਪਾ ਨਾਲ ਖਾਲਸੇ ਦੇ ਹਥ ਦੇਖਿਓ, ਸਿੰਘ ਜੈਕਾਰੇ ਛਡਦਾ ਹੋਇਆ ਜੰਗ ਵਿਚ ਜਾ ਰੁਝਿਆ, ਅੰਗ੍ਰੇਜ਼ਾਂ ਦੇ ਸਿਰ ਫੁਟਬਾਲ ਵਾਂਗੂ ਬੁੜਕਦੇ ਦਿਸਨ। ਇਸ ਇਕ ਸਿੰਘ ੬੦, ੭੦ ਦੇ ਲਗਪਗ ਅੰਗ੍ਰੇਜ਼ਾਂ ਨੂੰ ਮਾਰਕੇ ਸ਼ਹੀਦ ਹੋਇਆ।

# ਖਾਲਸਾ ਰਾਜ ਨੂੰ ਸਹੀ ਸਲਾਮਤ ਰਖਣ ਵਾਲਿਆਂ ਦੀ ਕੁਰਬਾਨੀ

ਪਰਮ ਸਤਿਕਾਰ ਯੋਗ ਮਾਨ ਸਰਦਾਰਾਂ ਦੀ ਫੁਲਵਾੜੀ ਜਿਸਦੇ ਮਿਠ ਰਸ ਭਰੇ ਜੋਬਨ ਅਤ ਸੂਰਬੀਰਾਂ ਨੇ ਖਾਲਸਾ ਰਾਜ ਦੀ ਉਸਾਰੀ ਲਈ ਜਿਨੀ ਮਾਂ ਪ੍ਰਵਾਰਾਂ ਸਮੇਤ ਮਾਨ ਘਰਾਣੇ ਨੇ ਜਾਨਾਂ ਵਾਰੀ-

Digitized by Panjab Digital Library | www.panjabdigilib.org

ਆਂ ਹਨ ਉਹ ਹੋਰ ਕਿਸੇ ਦੇ ਵਿਰਸੇ ਵਿਚ ਨਹੀਂ ਆਈਆਂ। ਇਹ ਦਰਗਾਹੀ ਵਡਿਆਈ ਜਿਵੇਂ ਗੁਰਵਾਕ (ਜਿਸ ਤੂੰ ਦੇਹਿ ਤਿਸੈ ਕਿਆ ਚਾਰਾ) ਦੇ ਭਾਵ ਅਨਸਾਰ ਜਿਨੇ ਬਹੁਤ ਜੁਆਨ ਖਾਲਸਾ ਰਾਜ ਦੀ ਰਖਵਾਲੀ ਲਈ ਮਹਾਰਾਜਾ ਦੇ ਅਰਪਨ ਕੀਤੇ ਸਨ ਉਨੇ ਹੋਰ ਕਿਸੇ ਨੇ ਨਹੀਂ ਅਰਪੇ ਕਿਉਂਕਿ ਇਹਨਾਂ ਚੋਂ ਇਕ ਸਮੇਂ ਚਾਰ ਜਰਨੈਲ ਸਤ ਕਰਨੈਲ ਅਠ ਕੁਮੇਦਾਨ ਤੇ ਕਿਲ੍ਹਾਦਾਰ ਖਾਲਸਾ ਫੌਜ ਵਿਚ ਮੌਜੂਦ ਸਨ। ਸ਼ੇਰੇ ਪੰਜਾਬ ਅਪਨੀ ਰਖਵਾਲੀ ਵਾਸਤੇ ਖਾਸ ਤੌਰ ਤੇ ਜਿਨੀਆਂ ਨਾਮੀ ਰਜਮੰਟਾਂ ਸਨ ਉਹਨਾਂ ਵਿਚ ਮਾਨ ਸਰਦਾਰ ਖਾਸ ਜ਼ੁਮੇਵਾਰੀ ਦੇ ਔਹਦਿਆਂ ਪਰ ਸਨ। ਸਰਕਾਰ ਨੂੰ ਇਨ੍ਹਾਂ ਪਰ ਯਕੀਨਨ ਭਰੋਸਾ ਹੋਣ ਤੇ ਸਾਰੀਆਂ ਜ਼ੁਮੇਵਾਰੀਆਂ ਦਾ ਭਾਰ ਇਹਨਾਂ ਦੇ ਕੰਧਿਆਂ ਤੇ ਸੀ ਉਹਨਾਂ ਹੀ ਵਧੇਰੇ ਸੁਚਜਤਾ ਤੇ ਇਮਾਨਦਾਰੀ ਨਾਲ ਨਿਭਾਉਂਦੇ ਸਨ। ਇਹ ਸੂਰਬੀਰ ਆਪਣੇ ਮਾਲਕ ਦੀ ਵਫਾਦਾਰੀ ਲਈ ਆਪਾ ਵਾਰਨਾ ਇਕ ਤਿਣਕੇ ਵਾਂਗ ਸਮਝਦੇ ਸਨ। ਇਸ ਵਾਸਤੇ ਸਰਕਾਰ ਇਹਨਾਂ ਨੂੰ 'ਮੇਰੀਬਰੀ ਦੇ ਤੇਵਰ' ਕਹਿਕੇ ਸਤਿਕਾਰ ਤੇ ਪਿਆਰ ਨਾਲ ਬੁਲਾਉਂਦੇ ਸਨ। ਬੁਲਾਉਣ ਭੀ ਕਿਉਂ ਨਾ ਇਹ ਆਪਾ ਵਾਰ ਗੁਣ ਮਾਨ ਸਰਦਾਰਾਂ ਨੂੰ ਆਪਣੇ ਵਿਰਸੇ ਵਿਚ ਪਿਤਾ ਪੁਰਖੀ ਤਾਂ ਚਲੇ ਆਉਂਦੇ ਸਨ। ਵਿਸਥਾਰ ਤੋਂ ਡਰਦੇ ਹੋਏ ਸਿਖ ਰਾਜ ਰਖਵਾਲਿਆਂ ਦੇ ਘਰਾਣਿਆਂ ਦੇ ਸਿਰਫ ਨਾਮ ਹੀ ਦਰਜ ਕਰਦੇ ਹਾਂ:—

ਸਰਦਾਰ ਫਤਹਿ ਸਿੰਘ ਮਾਨ ਮੁਸਾਹਬੀ ਮਾਨਾਂ ਵਾਲਾ ਅੰਮ੍ਰਿਤਸਰ। ਸਰਦਾਰ ਜੈ ਸਿੰਘ ਮਾਨ ਮੁਗਲ ਚਕ। ਦੀਵਾਨ ਸਿੰਘ ਮਾਨ। ਮਿਹਰ ਸਿੰਘ ਮਾਨ। ਜੋਧ ਸਿੰਘ ਮਾਨ। ਇਹ ਜੈ ਸਿੰਘ ਦੇ ਤਿੰਨੇ ਪੁਤਰ ਹਨ। ਜੈ ਸਿੰਘ ਦੇ ਹੋਰ ਤਿੰਨੇ ਭਾਈ ਸਰਦਾਰ ਮਾਹਣਾ ਸਿੰਘ ਮਾਨ। ਸਰਦਾਰ ਨਾਹਰ ਸਿੰਘ ਮਾਨ। ਸਰਦਾਰ ਪਹਾੜਾ ਸਿੰਘ ਮਾਨ। ਸਰਦਾਰ ਸਦਾ ਸਿੰਘ ਜੀ ਮਾਨ। ਸਰਦਾਰ ਅਮੀਰ ਸਿੰਘ ਜੀ ਮਾਨ। ਸਰਦਾਰ ਮਾਨਾ ਸਿੰਘ ਜੀ ਮਾਨ ਦਾ ਤੀਜਾ ਪੁਤਰ ਸਰਦਾਰ ਸ਼ਾਮ ਸਿੰਘ ਜੀ ਮਾਨ ਘਰੋਂ ਕਰਨੈਲੀ ਭਰਤੀ ਹੋਇਆ। ਸਰਦਾਰ ਸੁਰਜਾ ਸਿੰਘ ਮਾਨ ਦਾ ਤੀਜਾ ਪੁਤਰ ਸਰਦਾਰ ਨਾਹਰ ਸਿੰਘ ਮਾਨ ਨੇ ਵੀ ਆਪਾ ਕੁਰਬਾਨ ਕੀਤਾ। ਜਰਨੈਲ ਰਤਨ ਸਿੰਘ ਮਾਨ ਆਪਾ ਵਾਰ ਸਰਦਾਰ ਹੋਏ ਹਨ।

## ਸਰਦਾਰ ਬਹਾਦਰ ਪਹਾੜਾ ਸਿੰਘ ਜੀ ਮਾਨ

ਸਰਦਾਰ ਸੁਰਜਾ ਸਿੰਘ ਦਾ ਛੋਟਾ ਪੁਤਰ ਵਡੇ ਕਰਮਾਂ ਵਾਲਾ ਸ਼ੇਰੇ ਪੰਜਾਬ ਦੀ ਅਖ ਦਾ ਤਾਰਾ ਸਰਦਾਰ ਹਰੀ ਸਿੰਘ ਜੀ ਮਾਨ। ਸਰਦਾਰ ਹੁਕਮ ਸਿੰਘ ਜੀ ਮਾਨ ਚਿਮਨੀ ਖਾਲਸਾ ਫੌਜ ਦੇ ਵਡੇ ਜਰਨੈਲਾਂ ਵਿਚੋਂ ਇਕ ਸੀ। ਸਰਦਾਰ ਜਗਤ ਸਿੰਘ ਜੀ ਮਾਨ। ਸਰਦਾਰ ਪਰਤਾਪ ਸਿੰਘ ਜੀ ਮਾਨ। ਇਹ ਗਿਣਤੀ ਦੇ ਫੌਜੀ ਸਨ।

## ਸਿਰਹਾਲੀਏ ਮਾਨ ਸਰਦਾਰ

ਸਰਦਾਰ ਕਾਹਨ ਸਿੰਘ ਜੀ ਮਾਨ। ਜਰਨੈਲ ਸਰਦਾਰ ਭਾਗ ਸਿੰਘ ਜੀ ਮਾਨ। ਕਰਨੈਲ ਸਰਦਾਰ ਅਤਰ ਸਿੰਘ ਜੀ ਮਾਨ। ਸਰਦਾਰ ਭੂਪ ਸਿੰਘ ਜੀ ਮਾਨ। ਸਰਦਾਰ ਪਰਤਾਪ ਸਿੰਘ ਜੀ ਮਾਨ

Digitized by Panjab Digital Library | www.panjabdigilib.org

ਇਹ ਸਭੇ ਖਾਸ ਚੁਣਵੇਂ ਫੌਜੀ ਅਫਸਰ ਸਨ। ਇਸ ਮਾਨ ਘਰਾਣੇ ਨੇ ਸ਼ੇਰੇ ਪੰਜਾਬ ਦੇ ਚਿਤ ਵਿਚ ਘਰ ਕੀਤਾ ਹੋਇਆ ਸੀ।

# ਬਾਬਾ ਮਹਾਰਾਜਾ ਸਿੰਘ ਜ਼ਿੰਦਾ ਸ਼ਹੀਦ

ਜ਼ਿਲਾ ਤਹਿਸੀਲ ਲੁਦਿਹਾਣੇ ਵਿਚ ਮਲੌਦ ਦੇ ਕੋਲ ਇਕ ਛੋਟਾ ਜਿਹਾ ਪਿੰਡ ਰਬੋਂ (ਉਚੀ) ਹੈ। ਬਾਬਾ ਮਹਾਰਾਜਾ ਸਿੰਘ ਦਾ ਜਨਮ ੧੮੦੦ ਈ: ਦੇ ਲਗ ਭਗ ਹੋਇਆ। ਆਪ ਪੁੰਨਾਂ ਦੇ ਪ੍ਰਤਾਪ ਕਿਸੇ ਪਰਕਾਰ ਖਾਲਸਾ ਦਲ ਵਿਚ ਸ਼ਾਮਲ ਹੋਕੇ ਸੰਤ ਵੀਰ ਸਿੰਘ ਜੀ ਨੌਰੰਗਾਬਾਦ (ਤਰਨ ਤਾਰਨ ਕੋਲ) ਵਾਲਿਆਂ ਕੋਲ ਜਾ ਟਿਕੇ, ਜਿਥੇ ਉਨ੍ਹਾਂ ਨੇ ਬਾਬਾ ਵੀਰ ਸਿੰਘ ਜੀ ਦੀ ਸੰਗਤ ਵਿਚ ਰਹਿ ਕੇ ਨਾਮ ਦਾ ਅਭਿਆਸ ਕੀਤਾ। ਜੋਧੇ ਤਾਂ ਆਪ ਪਹਿਲਾਂ ਹੀ ਸਨ। ਏਥੇ ਆਕੇ ਆਪ ਤ੍ਰਿਕਾਲ ਦਰਸੀ ਅਤੇ ਸਿਧ ਪੁਰਸ਼ ਭੀ ਹੋਏ, ਜਿਨ੍ਹਾਂ ਨੇ ਏਥੇ ਆਉਣ ਤੋਂ ਪਹਿਲਾਂ ਅਕਾਲੀ ਫੂਲਾ ਸਿੰਘ ਆਦਿ ਦੇ ਦਲਾਂ ਵਿਚ ਰਹਿਕੇ ਤੁਰਕਾਂ ਨਾਲ ਅਨੇਕ ਯੁਧ ਲੜੇ ਅਤੇ ਖਾਲਸੇ ਦੀ ਮਲਮ ਪਟੀ ਦੀ ਸੇਵਾ ਭੀ ਬਹੁਤ ਕਰਦੇ ਰਹੇ। ਨੌਰੰਗਾਬਾਦ ਆਕੇ ਆਪ ਲੰਗਰ ਦੀ ਸੇਵਾ ਕਰਦੇ ਹੁੰਦੇ, ਜਿਨ੍ਹਾਂ ਦੀ ਕਿਰਪਾ ਨਾਲ ਉਸ ਲੰਗਰ ਦੇ ਕਈ ਪਿਛਲੇ ਲਾਂਗਰੀ ਭੀ ਅਭਿਆਸੀ ਅਤੇ ਕਰਾਮਾਤੀ ਹੋਏ ਹਨ। ਉਨ੍ਹਾਂ ਵਿਚੋਂ ਇਕ ਦੀ ਬਾਬਤ ਇਹ ਪਰਸਿਧ ਹੈ ਕਿ ਚੋਟੀਆਂ ਵਾਲੇ ਇਕ ਬਾਬੇ..........ਦੀ ਪ੍ਰਾਰਥਨਾ ਕਰਨ ਤੋਂ ਉਥੋਂ ਦੇ ਮਹੰਤ ਸਾਹਿਬ ਦੀ ਆਗਿਆ ਨਾਲ ਅਪਣਾ ਸਰੀਰ ਛਡਕੇ ਉਨ੍ਹਾਂ ਦੇ ਘਰ ਪੁਤਰ ਦੇ ਰੂਪ ਵਿਚ ਜਨਮ ਗ੍ਰਹਿਣ ਕੀਤਾ। ਉਹ ਅਜ ਭੀ ਮਾਸਟਰ ਈਸ਼ਰ ਸਿੰਘ ਨਾਮ ਕਰਕੇ ਰੇਲਵੇ ਰੋਡ ਤਰਨ ਤਾਰਨ ਵਿਖੇ ਰਹਿੰਦੇ ਹਨ ਜਿਨ੍ਹਾਂ ਨੇ ਗੁਰਬਾਣੀ ਅਤੇ ਅੰਗਰੇਜ਼ੀ ਵਿਦਿਆ ਹਾਸਲ ਕਰਕੇ ਮਲਾਇਆ ਸਟੇਟ ਸਾਈਡ ਦੀ ਸਰਦਾਰੀ ਨੂੰ ਛਡਕੇ 'ਖਾਲਸਾ ਪਰਚਾਰਕ ਵਿਦਿਆਲਯ' ਤਰਨ ਤਾਰਨ ਦਾ ਵਿਦਿਆਲਯ ਅਤੇ ਖਾਲਸਾ ਵਹੀਰ ਕਾਇਮ ਕਰਕੇ ਪੰਥ ਦੀ ਨਿਗਰ ਸੇਵਾ ਕੀਤੀ ਹੈ।

ਸਬਰਾਵਾਂ ਅਤੇ ਚੇਲਿਆਂ ਵਾਲੇ ਦੀ ਲੜਾਈ ਵਿਚ ਬਾਬਾ ਖੁਦਾ ਸਿੰਘ ਅਤੇ ਉਨ੍ਹਾਂ ਦੇ ਵਿਦਿਆਰਥੀ ਕਵੀ ਟਹਿਲ ਸਿੰਘ (ਨਿਹੰਗ) ਸਮੇਤ ਰਾਜਾ ਚਤਰ ਸਿੰਘ ਅਟਾਰੀ ਵਾਲੇ ਦੀ ਸੈਨਾ ਦੀ ਹਮਾਇਤ ਵਿਚ ਇਕ ਭਾਰੀ ਦਸਤਾ ਲੈ ਕੇ ਉਨ੍ਹਾਂ ਦੀ ਗੈਬੀ ਸਹਾਇਤਾ ਲਈ ਬਾਬਾ ਮਹਾਰਾਜਾ ਸਿੰਘ ਗਏ ਸਨ। ਜਦੋਂ ਲਾਹੌਰ ਤੇ ਅੰਗਰੇਜ਼ੀ ਫੌਜ ਕਬਜ਼ਾ ਕਰਨ ਜਾ ਰਹੀ ਸੀ ਤਾਂ ਬਾਬਾ ਜੀ ਨੇ ਸਬਰਾਵਾਂ ਤੋਂ ਚਲ ਕੇ ਸੂਸ਼ਚਕ, ਮੋਗਾ ਅਤੇ ਤਿਹਾੜੇ ਦੇ ਇਲਾਕੇ ਤੋਂ ੨੦੦੦੦ ਹਜ਼ਾਰ ਜੋਧਾ ਪੁੰਨ ਅਰਥੀ ਤੇ ਸ਼ਹੀਦੀ ਫੌਜ ਭਰਤੀ ਕਰਕੇ ਅੰਤਮ ਜੰਗ ਕਰਨ ਲਈ ਲਾਹੌਰ ਵੱਲ ਚੜ੍ਹਾਈ ਕੀਤੀ। ਤਰਨ ਤਾਰਨ ਦੇ ਰਸਤੇ ਦੋ ਤਿਹਾਈ ਸੈਨਾ ਲੈ ਕੇ ਬਾਬਾ ਜੀ ਤਾਂ ਅੰਮ੍ਰਿਤਸਰ ਪੁਜ ਗਏ। ਇਕ ਤਿਹਾਈ ਸੈਨਾ ਨੌਰੰਗਾਬਾਦ ਦੀ ਯਾਤਰਾ ਕਰਨ ਦੇ ਖਿਆਲ ਨਾਲ ਇਕ ਦਿਨ ਪਛੜ ਗਈ। ਬਾਬਾ ਜੀ ਨੇ ਸੈਨਾ ਸਮੇਤ ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕਰਕੇ ਸਰਬ ਸਾਧਾਰਣ ਲਈ ਗੁਰੂ ਕੇ ਬਾਗ ਵਿਚ ਕੜਾਹ ਪ੍ਰਸ਼ਾਦ ਪੂਰੀ, ਲੱਡੂ, ਜਲੇਬੀ ਆਦਿ ਬੇਅੰਤ ਪਦਾਰਥਾਂ ਦਾ ਲੰਗਰ ਲਾ ਦਿਤਾ, ਨਾਲੇ ਜੰਗ ਦਾ ਸੱਦਾ ਜੋਧਿਆਂ ਨੂੰ ਦੇ ਦਿਤਾ। ਆਪ ਤਮੋਟੀ ਅੰਦਰ ਬੈਠਿਆਂ ਹੀ ਸਭ ਪਦਾਰਥ ਛਕਣ ਲਈ ਘੱਲੀ ਜਾਂਦੇ ਸੀ। ਜਿਸ ਤੋਂ ਬਾਬਾ ਜੀ ਦਾ ਬੇਅੰਤ ਜਸ ਹੋਣ ਤੋਂ

Digitized by Panjab Digital Library | www.panjabdigilib.org

ਮਝੈਲ ਸਿਖ ਜੋਧਿਆਂ ਦੀ ਮਹੀਟੀ ਫੌਜ ਭੀ ਚੋਖੀ ਗਿਣਤੀ ਵਿਚ ਲਾਗੇ ਦੇ ਪਿੰਡਾਂ ਤੋਂ ਆਣ ਇਕੱਠੀ ਹੋਈ ਅਤੇ ਪਿਛੇ ਰਹਿਣ ਵਾਲੀ ਮਲਵਈ ਸੈਨਾ ਭੀ ਨੌਰੰਗਾਬਾਦ ਤੋਂ ਮਿਲੀ । ਪਰ ਇਤਨੇ ਨੂੰ ਅੰਗਰੇਜ਼ੀ ਫੌਜ ਲਾਹੋਰ ਨੂੰ ਮੱਲ ਚੁਕੀ ਸੀ । ਅਤੇ ਇਕ ਤਕੜੀ ਸੈਨਾ ਬਾਬਾ ਜੀ ਦੀ ਗ੍ਰਿਫਤਾਰੀ ਲਈ ਅੰਗਰੇਜ਼ਾਂ ਨੇ ਅੰਮ੍ਰਿਤਸਰ ਵਲ ਭੇਜੀ । ਉਸ ਨਾਲ ਖਾਲਸੇ ਦਾ ਘਮਸਾਨ ਦਾ ਜੁਧ ਖਾਲਸਾ ਕਾਲਜ ਦੇ ਲਾਗੇ ਹੋਇਆ । ਜੋ ਜੋ ਦਸਤਾ ਲੰਗਰ ਛਕਦਾ ਜਾਵੇ ਉਹੋ ਅੰਗਰੇਜ਼ਾਂ ਨਾਲ ਜੁੱਟ ਜਾਵੇ ਥੋੜੇ ਚਿਰ ਪਿਛੋਂ ਇਕ ਭਾਰੀ ਦਸਤਾ ਅੰਗਰਜ਼ੀ ਫੌਜ ਦਾ ਬਾਬੇ ਦੇ ਲੰਗਰ ਅਸਥਾਨ ਤੇ ਪੁੱਜਾ ਅਤੇ ਕੁਝ ਸਿੰਘਾਂ ਨੂੰ ਗ੍ਰਿਫਤਾਰ ਭੀ ਕੀਤਾ । ਤਾਂ ਬਾਬਾ ਜੀ ਨੇ ਆਖਿਆ, ਹੁਣ ਛੇਕੜਲੀ ਪੰਗਤ ਹੀ ਹੈ, ਇਸ ਨੂੰ ਪ੍ਰਸ਼ਾਦਾ ਛਕ ਲੈਣ ਦਿਓ ਫੇਰ ਸਾਨੂੰ ਗ੍ਰਿਫਤਾਰ ਕਰ ਲੈਣਾ। ਉਨ੍ਹਾਂ ਸਮਝਿਆ ਇਨ੍ਹਾਂ ਦਾ ਬਾਣਾ ਹੀ ਸੰਤਾਂ ਦਾ ਹੈ, ਸ਼ਸਤ੍ਰ ਤਾਂ ਇਨ੍ਹਾਂ ਦੇ ਧਾਰਮਿਕ ਚਿੰਨ੍ਹ ਮਾਤ੍ਰ ਹਨ, ਇਨ੍ਹਾਂ ਤੋਂ ਕੋਈ ਭੈ ਨਹੀਂ, ਪਰ ਇਨ੍ਹਾਂ ਹੁਕਮ ਅਨੁਸਾਰ ਗ੍ਰਿਫਤਾਰ ਜਰੂਰ ਕਰਨਾ ਹੈ। ਇਹ ਸੋਚ ਕੇ, ਜੋ ਸਿਖ ਫੜੇ ਸੀ ਛਡ ਦਿਤੇ । ਜਦੋਂ ਉਨ੍ਹਾਂ ਨੂੰ ਤੰਬੂ ਵਿਚ ਫੜਨ ਲਈ ਗਏ ਤਾਂ ਉਨ੍ਹਾਂ ਦੀ ਚਾਦਰ ਹੀ ਨਜ਼ਰ ਆਈ । ਆਪ ਅਲੋਪ ਹੋ ਗਏ ਅਤੇ ਉਨ੍ਹਾਂ ਦੇ ਜੋ ਸ਼ਹੀਦੀ ਜਥੇ ਲਾਹੌਰ ਪੁਜ ਚੁਕੇ ਸੀ ਉਨ੍ਹਾਂ ਨੇ ਅੰਗਰੇਜ਼ ਫੌਜ ਨੂੰ ਮਾਰ ੨ ਕੇ ਸਿੱਦਾ ਕਰ ਦਿਤਾ। ਕਹਿੰਦੇ ਹਨ ਠੀਕ ਉਸੇ ਸਮੇਂ ਬਾਬਾ ਜੀ ਭੀ ਉਨ੍ਹਾਂ ਦੀ ਕਮਾਣ ਕਰ ਰਹੇ ਸੀ, ਜਦ ਕਿ ਸ੍ਰੀ ਅੰਮ੍ਰਿਤਸਰ ਵਿਖੇ ਲੰਗਰ ਛਕਾ ਰਹੇ ਸੀ । ਨਾਲੇ ਇਹ ਬਾਰ ਬਾਰ ਆਖ ਰਹੇ ਸੀ ਕਿ ਭਾਈ "ਲਾਹੌਰ ਸ਼ਹਿਰ ਜ਼ਹਿਰ ਕਹਰ ਸਵਾ ਪਹਿਰ । ਅੰਮ੍ਰਿਤਸਰ ਸਿਫਤੀ ਦਾ ਘਰ ।" ਭਾਣਾ ਵਰਤ ਚੁਕਾ, ਆਪਾਂ ਆਪਣਾ ਫਰਜ਼ ਨਿਬਾਹੁਣਾ ਹੈ, ਹੱਲਾ ਕਰੋ ।

ਫਰੰਗੀ ਕਿਲਾ ਲੈ ਚੁਕੇ ਸੀ, ਬਾਬਾ ਜੀ ਜਾਣ ਚੁਕੇ ਸੀ । ਪਰ ਆਪ ਅੰਮ੍ਰਿਤਸਰ ਬੈਠੇ ਹੋਏ ਅਤੇ ਲਾਹੌਰ ਪੁਜ ਕੇ ਭੀ ਫੌਜਾਂ ਦੀ ਕਮਾਣ ਕਰ ਰਹੇ ਸੀ । ਲਾਹੌਰ ਪੁਜ ਕੇ ਆਪ ਨੇ ਬਹੁਤ ਸਾਰੇ ਵੈਰੀਆਂ ਨੂੰ ਖਪਾ ਕੇ ਫੌਜਾਂ ਨੂੰ ਆਪ ਲੰਗਰ ਛਕਾ ਕੇ ਐਲਾਨ ਕੀਤਾ ਕਿ ਖਾਲਸਾ ਜੀ ! "ਅਸੀਂ ਇਨ੍ਹਾਂ ਫਰੰਗੀਆਂ ਨੂੰ ਮੁਦਕੀ ਤੇ ਸਬਰਾਵਾਂ ਦੀ ਅਨੀਤੀ ਦਾ ਫ਼ਲ ਦਿਤਾ ਹੈ। ਹੁਣ ਤੁਸੀਂ ਘਰਾਂ ਨੂੰ ਚਾਲੇ ਪਾਓ । ਅਸੀਂ ਫੇਰ ਮਹਾਰਾਜ ਦੀ ਆਗਿਆ ਨਾਲ ਇਨ੍ਹਾਂ ਦੀਆਂ ਅਗਾਹਾਂ ਦੀਆਂ ਅਨੀਤੀਆਂ ਦਾ ਫਲ ਦੇਵਾਂਗੇ। ਹੁਣ ਇਹ ਅਸਾਡੀ ਹਵਾ ਵਲ ਨਹੀਂ ਦੇਖ ਸਕਣਗੇ "। ਇਹ ਆਖ ਕੇ ਆਪ ਅਲੋਪ ਹੋ ਗਏ। ਅਤੇ ਫੌਜਾਂ ਆਪੋ ਆਪਣੀ ਘਰੀਂ ਬੇਧੜਕ ਚਲੀਆਂ ਗਈਆਂ ।

ਥੋੜੇ ਦਿਨਾਂ ਪਿਛੋਂ ਮੁਲਤਾਨ ਅਤੇ ਚੇਲਿਆਂ ਵਾਲੀ ਲੜਾਈ ਵਿਚ ਮਲਵਈ ਸਿੰਘਾਂ ਨੂੰ ਫੌਜੀ ਦਸਤੇ ਦੀ ਕਮਾਣ ਕਰਦੇ ਨਜ਼ਰ ਆਏ । ਇਕ ਸਿੰਘ ਨੂੰ ਰਾਵਲਪਿੰਡੀ ਦਰਸ਼ਨ ਦਿਤੇ, ਜੋ ਉਨ੍ਹਾ ਦੇ ਪਿੰਡ ਦਾ ਸੀ । ਉਹ ਆਖਣ ਲਗਾ ਬਾਬਾ ਜੀ ਅਸੀਂ ਤਾਂ ਤੁਹਾਨੂੰ ਇਹ ਸਮਝਦੇ ਸੀ ਕਿ ਲਾਹੌਰ ਆਪ ਸ਼ਹੀਦ ਹੋ ਗਏ ਸੀ। ਆਖਣ ਲਗੇ, "ਨਾ ਭਾਈ ਅਸੀਂ ਤਾਂ ਜੀਉਂਦੇ ਹੀ ਸ਼ਹੀਦ ਹਾਂ ।" ਬਾਬੇ ਦੀ ਸੰਤਾਨ ਅਜ ਤਕ ਰੱਬੋਂ ਵਿਚ ਉਸ ਦੀ ਬਰਸੀ ਭਾਦੋਂ ਦੀ ਸੰਕ੍ਰਾਂਤ ਵਾਲੇ ਦਿਨ ਮਨਾਉਂਦੀ ਹੈ ਜੋ ਚਾਉਲਾਂ ਦਾ ਜੱਗ ਕਰਦੀ ਹੈ । ਉਨ੍ਹਾਂ ਦੀ ਯਾਦ ਵਿਚ ਇਕ ਛੋਟੀ ਜਿਹੀ ਸਮਾਧੀ ਬਣੀ ਹੋਈ ਹੈ ।

Digitized by Panjab Digital Library | www.panjabdigilib.org

# ਭਾਈ ਮੋਹਰ ਸਿੰਘ ਜੀ ਮਹਿਮਾ ਸ਼ਾਹੀ ਸੰਤ

ਜਨਮ —ਆਪ ਜੀ ਪ੍ਰਉਪਕਾਰੀ ਨਾਮ ਅਭਿਆਸੀ ਪ੍ਰਸਿੱਧ ਗੁਰਮਤ ਪ੍ਰਚਾਰਕ ਤੇ ਰਾਗੀ ਸ੍ਰੀਮਾਨ ਭਾਈ ਗੁਰਬਖਸ਼ ਸਿੰਘ ਦੇ ਘਰ ਮਾਤਾ ਰੇਸ਼ਮਾਂ ਦੀ ਸੁਭਾਗ ਕੁਖੋਂ ਪਿੰਡ ਸਡਾਣਾ ਵਿਚ ਸੰ: ੧੯੧੫ ਬਿ: ਮਾਘ ਸੁਦੀ ਪੈਦਾ ਹੋਏ।

ਬਾਲਪਣ—ਆਪ ਦਾ ਬਾਲਪਣ ਆਪ ਦੇ ਬਜ਼ੁਰਗ ਦਾਦਾ ਅਤੇ ਸਤਿਕਾਰ ਯੋਗ ਗੁਰਮੁਖ ਪਿਆਰੇ ਪਿਤਾ ਦੀ ਸੰਗਤ ਵਿਚ ਲੰਘਿਆ। ਜਿਨਾਂ ਦੀ ਸੰਗਤ ਵਿਚ ਆਪ ਦੇ ਜੀਵਨ ਤੇ ਬਹੁਤ ਅਸਰ ਹੋਇਆ ਤੇ ਆਪ ਛੋਟੀ ਅਵਸਥਾ ਵਿਚ ਹੀ ਗੁਰਬਾਣੀ ਦੇ ਰਸੀਏ ਬਣ ਗਏ ਸਨ।

ਵਿਦਿਆ—ਆਪ ਜੀ ਨੇ ਵਿਦਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ ਤੇ ਰਾਮ ਵਿਦਿਆ ਪ੍ਰਾਪਤ ਕੀਤੀ।

ਪ੍ਰਵਿਰਤੀ ਵਲੋਂ ਉਪਰਾਮਤਾ: ਆਪ ਦੀ ਗ੍ਰਹਿਸਤ ਮਾਰਗ ਵਲੋਂ ਉਪ੍ਰਾਮਤਾ ਹੋ ਗਈ ਅਤੇ ਪ੍ਰਮਾਰਥ ਦੀ ਖੋਜ ਵਿਚ ਘਰੋਂ ਨਿਕਲ ਤੁਰੇ, ਅਤੇ ਸ੍ਰੀਮਾਨ ਸੰਤ ਗੁਰਬਖਸ਼ ਸਿੰਘ ਜੀ ਜੋ ਢਕੀ ਵਿਚ ਪਿੰਡ ਲੋਪੋ ਦੇ ਨੇੜੇ ਰਹਿੰਦੇ ਸਨ, ਜਾ ਦਰਸ਼ਨ ਕੀਤੇ, ਤੇ ਸੰਤ ਜੀ ਦੇ ਦਰਸ਼ਨ ਕਰਕੇ ਉਥੇ ਹੀ ਟਿਕ ਗਏ।

ਸ੍ਰੀ ਮਾਨ ਸੰਤ ਗੁਰਬਖਸ਼ ਸਿੰਘ ਦੀ ਬੰਸਾਵਲੀ ਇਹ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

|

ਭਾਈ ਦਇਆ ਸਿੰਘ ਜੀ

|

ਬਾਬਾ ਪਦਾਰਥ ਸਿੰਘ ਜੀ

|

ਸੰਤ ਸੰਤੋਖ ਸਿੰਘ ਜੀ

|

ਸੰਤ ਗੁਰਬਖਸ਼ ਸਿੰਘ ਜੀ

ਸ੍ਰੀ ਮਾਨ ਸੰਤ ਗੁਰਬਖਸ਼ ਸਿੰਘ ਜੀ ਦੇ ਦਰਸ਼ਨ ਕਰਕੇ ਆਪ ਸਦਾ ਲਈ ਉਨ੍ਹਾਂ ਦੇ ਸੇਵਕ ਬਣ ਗਏ। ਤੇ ਬੜੇ ਪ੍ਰੇਮ ਪਿਆਰ ਨਾਲ ਸੇਵਾ ਕਰਨ ਲਗੇ। ਏਥੇ ਹੀ ਆਪ ਜੀ ਨੇ ਸੰਤ ਜੀ ਪਾਸੋਂ ਅੰਮ੍ਰਿਤ ਛਕਿਆ ਤੇ ਤਿਆਰ ਪਰ ਤਿਆਰ ਸਿੰਘ ਸਜ ਗਏ।

ਤੀਰਥ ਯਾਤਰਾ—ਆਪ ਜੀ ਦੇ ਦਿਲ ਵਿਚ ਗੁਰੂ ਅਸਥਾਨਾਂ ਦੇ ਦਰਸ਼ਨ ਕਰਨ ਦਾ ਚਾ ਉਤਪਨ ਹੋਇਆ। ਤਾਂ ਆਪ ਜੀ ਯਾਤਰਾ ਲਈ ਤਿਆਰ ਹੋ ਗਏ। ਆਪ ਲੋਪੋ ਤੋਂ ਚਲਕੇ ਮਾਛੀਵਾੜਾ, ਚਮਕੌਰ ਸਾਹਿਬ ਫਤਹਿ ਗੜ ਸਾਹਿਬ ਰੋਪੜ ਤੇ ਕੀਰਤਪੁਰ ਦੇ ਦਰਸ਼ਨ ਕਰਦੇ ਸ੍ਰੀ

Digitized by Panjab Digital Library | www.panjabdigilib.org

ਅਨੰਦਪੁਰ ਪੁਜੇ, ਓਥੋਂ ਸ੍ਰੀ ਅੰਮ੍ਰਤਸਰ ਦਰਸ਼ਨ ਕਰਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਗਏ ਤੇ ਕਈ ਸਾਲ ਪਿਛੋਂ ਯਾਤਰਾ ਤੋਂ ਵਾਪਸ ਆਏ । ਆਪ ਦੀ ਮਹਿਮਾਂ ਦੇਸ਼ ਦੇ ਕੋਨੇ ; ਕੋਨੇ ਫੈਲ ਗਈ ਜਿਸ ਤੋਂ ਆਪ ਦੇ ਨਾਂਮ ਦੀ ਮਹਿਮਾ ਸ਼ਾਹੀ ਸੰਪ੍ਰਦਾਏ ਚਲੀ ।

ਉਪਕਾਰ--ਆਪ ਜੀ ਪੂਰਨ ਗੁਰਸਿੱਖ ਹੋਏ ਹਨ । ਆਪ ਜੀ ਨੇ ਗੁਰਮਤਿ ਅਤੇ ਗੁਰਬਾਣੀ ਦਾ ਬਹੁਤ ਪ੍ਰਚਾਰ ਕੀਤਾ । ਗੁਰ ਘਰ ਦੀ ਮਰਯਾਦਾ ਅਨੁਸਾਰ ਲੰਗਰ ਚਲਾਏ। ਗੁਰ ਅਸਥਾਨ ਬਣਾਏ, ਆਪ ਇਕ ਚੰਗੇ ਠਾਠ ਵਿਚ ਚਕਰਵਰਤੀ ਹੋਕੇ ਵਿਚਾਰਦੇ ਜਿਸ ਤੋਂ ਆਪ ਦੇ ਨਾਮ ਦੀ ਮਹਿਮਾ ਸ਼ਾਹੀ ਸਮਰਦਾਏ ਦਾ ਮੁਢ ਬੱਝਾ ।

ਆਪ ਜੀ ਦਾ ਪ੍ਰਸਿੱਧ ਡੇਰਾ ਲੋਪੋਕੇ ਹੈ, ਉਸ ਡੇਰੇ ਦੇ ਮਤਹਿਤ ਜੋ ਗੁਰ ਅਸਥਾਨ ਹਨ । ਉਨ੍ਹਾਂ ਦਾ ਵੇਰਵਾ ਅੱਗੇ ਦਿਤਾ ਜਾਂਦਾ ਹੈ ।

ਦਿਹਾਂਤ—ਆਪ ਜੀ ਦਾ ਦਿਹਾਂਤ ਪਿੰਡ ਲੋਪੋਕੇ ਵਿਚ ਸੰਮਤ ੧੯੭੨ ਬਿ: ਫਗਣ ਸੁਦੀ ਪੂਰਨਮਾਸੀ ਐਤਵਾਰ ਨੂੰ ਹੋਇਆ ।

ਸ੍ਰੀ ਸੰਤ ਮੋਹਰ ਸਿੰਘ ਜੀ ਮਹਿਮਾ ਸਾਹਿ ਦੀ ਸੰਪ੍ਰਦਾ ਦੇ ਨਾਮ ਅਭਿਆਸੀ ਸਿਧ ਮਹਾਂਪੁਰਖਾਂ ਨੇ ਦੇਗ, ਤੇਗ ਚਲਾਉਣ ਹਿਤ ਹੇਠ ਲਿਖੇ ਨਗਰਾਂ ਵਿਖੇ ਗੁਰ ਅਸਥਾਨ, ਵਿਦਿਆ, ਨਾਮ ਸਿਮਰਨ, ਲੰਗਰ, ਦੁਆਈ ਇਤ ਆਦਿ ਕਲਜੁਗੀ ਜੀਵਾਂ ਦੇ ਭਲੇ ਹਿਤ ਤਿਆਰ ਕਰਾਏ ।

(੧) ਗੁਰ ਅਸਥਾਨ ਲੋਪੋਂ– ਰਿਆਸਤ ਪਟਿਆਲਾ ਵਿਖੇ ਜੋ ਅਤਿ ਸੁੰਦਰ ਤੇ ਮਨਮੋਹਣਾ ਬਣਵਾਇਆ ਹੈ । ਇਹ ਅਸਥਾਨ ਪਿੰਡ ਤੋਂ ਇਕ ਮੀਲ ਭਰ ਵਿਥ ਤੇ ਬੜੀ ਇਕਾਂਤ ਜਗਾ ਹੈ। ਰਿਆਸਤ ਵਲੋਂ ਦੋ ਸੌ ਬਿਘੇ ਜ਼ਮੀਨ ਮੁਆਫੀ ਅਤੇ ਢਾਈ ਸੌ ਰੁਪਿਆ ਸਾਲਾਨਾ ਜਾਗੀਰ ਪਿੰਡ ਠੀਕਰ ਵਾਲਾ ਵਲੋਂ ਲਗੀ ਹੋਈ ਹੈ। ਇਸ ਤੋਂ ਬਿਨਾਂ ਕੋਈ ਹੋਰ ਭੀ ਹੈ । ਰਾਤ ਦਿਨ ਲੰਗਰ ਚਲਦਾ ਹੈ। ਇਸ ਵੇਲੇ ਮੁਖ ਪ੍ਰਬੰਧਕ ਮਹੰਤ ਰਾਮ ਸਿੰਘ ਜੀ ਹਨ ।

(੨) ਰਕਬਾ— ਇਹ ਅਸਥਾਨ ਪਿੰਡ ਰਕਬਾ ਜ਼ਿਲਾ ਲੁਧਿਆਣਾ ਵਿਖੇ ਪਿੰਡੋਂ ਬਾਹਰ ਵਾਰ ਹੈ । ਇਸ ਦੇ ਨਾਮ ੨੪ ਬਿਘੇ ਜ਼ਮੀਨ ਇਰਦ ਗਿਰਦ ਲਗੀ ਹੋਈ ਹੈ। ਏਥੇ ਗੁਰਦਵਾਰੇ ਐਕਟ ਅਨੁਸਾਰ ਕਮੇਟੀ ਬਣੀ ਹੋਈ ਹੈ ਅਰ ਸਟੇਸ਼ਨ ਮੁਲਾਂਪੁਰ ਤੋਂ ਡੇਢ ਮੀਲ ਹੈ ।

(੩) ਛੰਨਾ ਜੇਜੀਆਂ— ਇਹ ਗੁਰ ਅਸਥਾਨ ਰਿਆਸਤ ਪਟਿਆਲਾ ਪਿੰਡ ਫਤਹਿ ਗੜ੍ਹ ਛੰਨਾ ਪਿੰਡੋਂ ਬਾਹਰ ਹੈ। ਇਸ ਦੇ ਨਾਮ ੩੨੯ ਬਿਘੇ ਜ਼ਮੀਨ ਜਾਗੀਰ ਰਿਆਸਤ ਵਲੋਂ ਲਗੀ ਹੋਈ ਹੈ। (੪) ਟਿੱਬਾ— ਇਹ ਗੁਰ ਅਸਥਾਨ ਪਿੰਡ ਗੰਡਾ ਸਿੰਘ ਵਾਲਾ ਰਿਆਸਤ ਪਟਿਆਲਾ ਵਿਖੇ ਹੈ। ਇਸਦੇ ਨਾਮ ਦੋ ਸੌ ਬਿਘੇ ਜ਼ਮੀਨ ਹੈ । ਲੰਗਰ ਚਲਦਾ ਹੈ ਜਿਸ ਦਾ ਪ੍ਰਬੰਧ ਸੰਤ ਮਹਿਤਾਬ ਸਿੰਘ ਜੀ ਉਗੋ ਤੇ ਸੰਤ ਦੇਵਾ ਸਿੰਘ ਜੀ ਦੇ ਹਥ ਹੈ ।

(੫) ਉਗੋ— ਇਹ ਗੁ: ਅਸਥਾਨ ਰਿਆਸਤ ਪਟਿਆਲਾ ਵਿਖੇ ਹੈ। ਏਥੇ ਭੇਖ ਪ੍ਰਸਿਧ ਮਹਾਂ ਪੁਰਖ ਹੋਏ ਹਨ ਅਰ ਜ਼ਮੀਨ ਭੀ ਇਸ ਦੇ ਨਾਮ ਕਾਫੀ ਹੈ। ਇਸ ਵੇਲੇ ਮੁਖ ਪ੍ਰਬੰਧਕ ਪੰਡਤ ਹਰਕਿਸ਼ਨ ਸਿੰਘ ਜੀ ਹਨ ।

(੬) ਪੰਜ ਗਰਾਈਂ ਕਲਾਂ— ਇਹ ਗੁ: ਰਿਆਸਤ ਫਰੀਦਕੋਟ ਜੋ ਸਟੇਸ਼ਨ ਕੋਟ ਕਪੂਰਾ ਤੋਂ ਕੁਝ ਮੀਲਾਂ ਤੇ ਕੋਟਕਪੂਰੇ ਤੋਂ ਮੋਗੇ ਵਾਲੇ ਪਕੇ ਰੋਡ ਤੇ ਹੈ। ਇਸ ਅਸਥਾਨ ਵਿਖੇ ਬੜੀ ਕਰਨੀ ਵਾਲੇ ਮਹਾਂ ਪੁਰਖ ਹੁੰਦੇ ਆਏ ਹਨ । ਆਮਦਨ ਦੇ ਲਿਹਾਜ਼ ਨਾਲ ਸਭ ਭੇਖ ਦੇ ਅਸਥਾਨਾਂ ਚੋਂ ਇਕ ਨੰਬਰ ਤੇ ਹੈ। ਹੁਣ ਇਸ ਦੇ ਮੁਖ ਪ੍ਰਬੰਧਕ ਪੰਡਤ ਮਾਹਣਾ ਸਿੰਘ ਜੀ ਤੇ ਪੰਡਤ ਤਿਰਲੋਕ ਸਿੰਘ ਜੀ ਹਨ ।

Digitized by Panjab Digital Library | www.panjabdigilib.org

(੭) ਬਿਲਾਸ ਪੁਰ— ਇਹ ਅਸਥਾਨ ਜ਼ਿਲਾ ਫੀਰੋਜ਼ਪਰ ਵਿਖੇ ਹੈ। ਜ਼ਮੀਨ ਭੀ ਕਾਫੀ ਹੈ।

(੮) ਵੱਧਣੀ— ਇਹ ਗੁ: ਅਸਥਾਨ ਵੱਧਣੀ ਕਲਾਂ ਵਿਖੇ ਹੈ। ਇਹ ਦੇ ਨਾਮ ੨੫-੩੦ ਘੁਮਾਂ ਜ਼ਮੀਨ ਹੈ ਜਿਸਦਾ ਪ੍ਰਬੰਧ ਮਹੰਤ ਮਾਹਣਾ ਸਿੰਘ ਜੀ ਪੰਜ ਗਰਾਈ ਤੇ ਪੰਡਤ ਹਰਿਕਿਸ਼ਨ ਸਿੰਘ ਜੀ ਉਨੋ ਦੇ ਹਥ ਹੈ।

(੯) ਫੂਲੇ ਵਾਲ— ਇਹ ਗੁ: ਅਸਥਾਨ ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ ਵਿਚ ਹੈ ਜਿਸ ਦੇ ਪ੍ਰਬੰਧਕ ਸੰਤ ਰਲਾ ਸਿੰਘ ਜੀ ਹਨ।

(੧੦) ਕਾਉਂਕੇ ਕਲਾਂ— ਇਹ ਗੁ: ਅਸਥਾਨ ਜ਼ਿਲਾ ਲੁਧਿਆਣਾ ਤਹਿਸੀਲ ਤੇ ਸਟੇਸ਼ਨ ਜਗਰਾਉਂ ਤੋਂ ਢਾਈ ਕੋਹ ਹੈ ਜਿਸ ਦੇ ਸੇਵਾਦਾਰ ਗਿ: ਲਾਲ ਸਿੰਘ ਜੀ ਹਨ।

(੧੧) ਉਗੋ ਛੋਟੀ— ਜ਼ਿਲਾ ਫੀਰੋਜ਼ਪੁਰ ਮਹੰਤ ਅਤਰ ਸਿੰਘ ਜੀ ਪੰਜ ਗਰਾਈ ਕਲਾਂ।

(੧੨) ਲਲਿਆਣੀ— ਜ਼ਿਲਾ ਲਾਹੌਰ

(੧੩) ਭੀਲੋਵਾਲ— (ਸਾਧ ਪੁਰਾ) ਡੇਰਾ ਦਮਦਮਾ ਜ਼ਿਲਾ ਅੰਮ੍ਰਤਸਰ।

(੧੪) ਸੇਖਾ— ਜ਼ਿਲਾ ਫੀਰੋਜ਼ਪੁਰ ਮਹੰਤ ਰਾਮ ਸਿੰਘ ਜੀ

(੧੫) ਬੁਹਾਰ— ਰਿਆਸਤ ਨਾਭਾ ਸੰਤ ਜੀਵਨ ਸਿੰਘ ਜੀ

(੧੬) ਗੰਡਾ ਸਿੰਘ ਵਾਲਾ— ਰਿਆਸਤ ਪਟਿਆਲਾ ਮ: ਮਹਿਤਾਬ ਸਿੰਘ ਜੀ

(੧੭) ਗੰਡਾ ਸਿੰਘ ਵਾਲਾ— ,, ਮ: ਦੇਵਾ ਸਿੰਘ ਜੀ

(੧੮) ਦੀਨ ਗੜ੍ਹ— ਰਿਆਸਤ ਬੀਕਾਨੇਰ ਮ: ਹਰੀ ਸਿੰਘ ਤੇ ਹੀਰਾ ਸਿੰਘ ਜੀ

(੧੯) ਚੰਨੂਆਲਾ— ਜ਼ਿਲਾ ਫੀਰੋਜ਼ਪੁਰ ਸੰਤ ਭਾਗ ਸਿੰਘ ਜੀ

(੨੦) ਬੁਧ ਸਿੰਘ ਵਾਲਾ— ਜ਼ਿਲਾ ਫੀਰੋਜ਼ਪੁਰ ਸੰਤ ਭਾਗ ਸਿੰਘ ਜੀ

(੨੧) ਢੱਟ— ਜ਼ਿਲਾ ਲੁਧਿਆਣਾ ਸੰਤ ਹੀਰਾ ਸਿੰਘ ਜੀ

ਇਹਨਾਂ ਤੋਂ ਬਿਨਾ ਸੰਤ ਮਹਿਮਾ ਸ਼ਾਹ ਜੀ ਦੀ ਸ਼ਾਖਾਂ ਦੇ ਹੋਰ ਭੀ ਹੇਠ ਲਿਖੇ ਗੁਰਦਵਾਰੇ ਹਨ।

(੨੨) ਰੋੜੇ ਭੈਣੀ, ਲੁਧਿਆਣਾ
(੨੩) ਸੰਤੂ ਵਾਲਾ, ਫੀਰੋਜ਼ਪੁਰ
(੨੪) ਬਦਿਆਲਾ ਰਿਆਸਤ ਨਾਭਾ
(੨੫) ਖਾਸ ਰਿਆਸਤ ਫਰੀਦਕੋਟ
(੨੬) ਫੂਲੇਵਾਲ, ਲੁਧਿਆਣਾ
(੨੭) ਦੌਲਤ ਪੁਰਾ, ਪਟਿਆਲਾ
(੨੮) ਮਹਲ ਕਲਾਂ ਰਿਆਸਤ ਪਟਿਆਲਾ
(੨੯) ਬੰਗੀ ਰਿ: ਪਟਿਆਲਾ
(੩੦) ਬੜੈਲ ਜ਼ਿਲਾ ਅੰਬਾਲਾ
(੩੧) ਚੰਨੂ ਜ਼ਿਲਾ ਫੀਰੋਜ਼ਪੁਰ
(੩੨) ਖਿਓਵਾਲੀ ਜਿਲਾ ਫੀਰੋਜ਼ਪੁਰ
(੩੩) ਬਾਜਾ ਰਿਆਸਤ ਫਰੀਦਕੋਟ
(੩੪) ਭੂੰਦੜ ਰਿਆਸਤ ਨਾਭਾ
(੩੫) ਕੁਸਾ, ਜ਼ਿਲਾ ਫੀਰੋਜ਼ਪੁਰ
(੩੬) ਕ ਮੂਲਾ ਜ਼ਿ: ਅੰਮ੍ਰਤਸਰ
(੩੭) ਚੇਤੇ ਵਾਲਾ ਰਿ: ਬਹਾਵਲ ਪੁਰ
(੩੮) ਅੰਮ੍ਰਿਤਸਰ ਖਾਸ
(੩੯) ਢੰਡੋਵਾਲ ਜ਼ਿਲਾ ਜਾਲੰਧਰ
(੪੦) ਈਸੜੂ
(੪੧) ਮਹੇਰਨਾ
(੪੨) ਘੁੜਾਣੀ
(੪੩) ਢੰਡੋਲੀ
(੪੪) ਗੁਰੂਸਰ, ਢੁਘਰੀ
(੪੫) ਭਸੌੜ ਭਾਈ ਕੀ
(੪੬) ਬੰਗੀਆਂ

(੪੭) ਕਲੜੂ, ਇਤ ਆਦਿ ਆਪ ਜੀ ਦੇ ਗੁਰਅਸਥਾਨ ਹਨ ਜਿਥੋਂ ਹਰ ਵੇਲੇ ਬੀਮਾਰਾਂ ਨੂੰ ਡਵਾਈ, ਭੁਖੇ ਨੂੰ ਪ੍ਰਸ਼ਾਦਾ, ਬਿਰਧ ਨੂੰ ਵਿਦਿਆ, ਜਗਿਆਸੂਆਂ ਨੂੰ ਨਾਮ ਸਿਮਰਨ ਆਦਿ ਪ੍ਰਾਪਤ ਹੁੰਦੇ ਹਨ।

Digitized by Panjab Digital Library | www.panjabdigilib.org

# ਰਾਮ ਸਿੰਘ ਸੇਖੋਂ (ਭਦੌੜ)

੧੭੩੮ ਈ: ਦੇ ਲਗ ਭਗ ਜਦੋਂ ਸੂਬਾ ਲਾਹੌਰ ਨੇ ਸਿੰਘਾਂ ਦੇ ਪ੍ਰਵਾਰਾਂ ਅਤੇ ਬੇਗੁਨਾਹ ਕਿਰਤੀਆਂ ਨੂੰ ਭੀ ਟੋਲ ਟੋਲ ਕੇ ਮਰਵਾਉਣਾ ਸ਼ੁਰੂ ਕਰ ਦਿਤਾ ਤਾਂ ਖਾਲਸਾ ਦਲ ਬੀਕਾਨੇਰ ਵਲ ਚਾਲੇ ਪਾ ਗਿਆ। ਫੇਰ ਸਿੰਘਾਂ ਦੇ ਅਨੇਕ ਜਥੇ ਚੋਰੀ ਛਪੇ ਅੰਮ੍ਰਿਤਸਰ ਆਦਿ ਦੇ ਇਸ਼ਨਾਨ ਕਰਨ ਜਾਂ ਜ਼ਰੂਰੀ ਔਕੜਾਂ ਦੇ ਕੰਮੀ ਦਲੇ ਜਾਂਦੇ ਸਨ। ਸੋ ਭਾਈ ਰਾਮ ਸਿੰਘ ਸੇਖੋਂ ਭਦੌੜ ਵਾਲੇ ਦੇ ਜਥੇ ਨਾਲ ਭਾਈ ਦਿਆਲ ਸਿੰਘ ਸਿਧੂ ਦਾ ਜੱਥਾ ਭੈਣੀ ਬਾਘੇ ਸੀ। ਤਾਹਰ ਬੇਗ ਸੂਬਾ ਸਿਆਲਕੋਟ ਦਾ ਹਾਕਮ ਜੋ ਆਪਣੇ ਘਰ ਸਰਹਿੰਦ ਨੂੰ ਵਿਆਹ ਉਪਰ ੧੫੦ ਸਿਪਾਹੀਆਂ ਸਣੇ ਆ ਰਿਹਾ ਸੀ, ਨੌਰੰਗਾਬਾਦ ਕੋਲ ਉਸ ਨੇ ਇਹਨਾਂ ਸਿੰਘਾਂ ਨੂੰ ਵੰਗਾਰਿਆ। ਤਾਂ ਸਿੰਘਾਂ ਦੀਆਂ ਕਿਹੜੀਆਂ ਵੰਗਾਂ ਪਾਈਆਂ ਹੋਈਆਂ ਸਨ ਬੜੇ ਘਮਸਾਨ ਦਾ ਟਾਕਰਾ ਹੋਇਆ। ਸਿੰਘਾਂ ਨੇ ਹੈਬਤ ਖਾਂ ਰੁਹੇਲਾ ਅਤੇ ਉਸ ਦੇ ੫੦ ਕੁ ਸਪਾਹੀ ਜਦੋਂ ਧਰਤੀ ਤੇ ਸੁਲਾ ਦਿਤੇ ਤਾਂ ਰਹਿੰਦੇ ਸਭ ਜਾਨਾਂ ਲੈ ਕੇ ਭੱਜ ਗਏ। ਖਾਲਸਾ ਜੀ ਦੇ ਕੇਵਲ ੪ ਜਵਾਨ ਫੱਟੜ ਹੋਏ ਜੋ ਉਹਨਾਂ ਨੇ ਬਿਆਸਾ ਲੰਘ ਕੇ ਕੁਝ ਦਿਨ ਪੜਾਉ ਕਰਕੇ ਉਹ ਰਾਜ਼ੀ ਕੀਤੇ ਅਤੇ ਮੁਸਲਿਆਂ ਦੇ ਖਰਚ ਉਤੇ ਖੂਬ ਗੱਫ ਲਾਉਂਦੇ ਮਾਲਵੇ ਆ ਵੜੇ। ਰਾਮ ਸਿੰਘ ਸੂਰਮਾ ਦਾਖੇ ਵਾਲੇ ਸਗਤੇ ਦਾ ਪੋਤਾ ਸੀ।

# ਰਸੂਲ ਪੁਰੀਏ ਵਿਸ਼ਾਲ ਦਿਲ (ਨਿਰਭੈ)

ਸਰਦਾਰ ਸੁਜਾਨ ਸਿੰਘ ਦਾ ਦਿਲੀ ਪਿਆਰ ਸਰਦਾਰ ਮਹਾਂ ਸਿੰਘ ਤੇ ਮਹਾਂ ਸਿੰਘ ਦੇ ਪਿਤਾ ਨਾਲ ਗੂਹੜੇ ਸਬੰਧ ਹੋਣ ਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਭੀ ਕੋਈ ਘਟ ਨਹੀਂ ਸਨ। ਇਸ ਕਰਕੇ ਖਾਲਸਾ ਰਾਜ ਦੀ ਰਖਵਾਲੀ ਲਈ ਸਰਦਾਰ ਸੁਜਾਨ ਸਿੰਘ ਦੇ ਸਪੁਤ੍ਰ ਜੋਧ ਸਿੰਘ ਇਸ ਘਰਾਣੇ ਦੇ ਬਡਮੁਲੇ ਹੋਰ ਫੁਲ ਸਰਦਾਰ ਜੋਧ ਸਿੰਘ ਦਾ ਪਤਾ ਸ: ਪੰਜਾਬ ਸਿੰਘ ਦਾ ਜੁਵਾਲਾ ਸਿੰਘ ਸ: ਜੁਵਾਲਾ ਸਿੰਘ ਦਾ ਸਰਦਾਰ ਸੰਤ ਸਿੰਘ ਤੇ ਸਰਦਾਰ ਜੋਗਿੰਦ੍ਰ ਸਿੰਘ ਏਸ ਘਰਾਣੇ ਨੇ ਵਡੀਆਂ ਵਡੀਆਂ ਘਾਲਾਂ ਖ਼ਾਲਸਾ ਰਾਜ ਦੀ ਕਾਇਮੀ ਲਈ ਘਾਲੀਆਂ ਜਿਸ ਕਰਕੇ ਮਹਾਰਾਜਾ ਸ਼ੇਰੇ ਪੰਜਾਬ ਵਲੋਂ ਦਿਤੀਆਂ ਹੋਈਆਂ ਜਾਗੀਰਾਂ ਇਕ ਦੇ ਥਾਂ ਨਹੀਂ ਇਤਿਹਾਸ ਪੜਨ ਤੋਂ ਬਹੁਤ ਸਾਰੇ ਪਿੰਡਾਂ ਵਿਚ ਮਿਲਿਦੀਆਂ ਹਨ।

"ਖਾਲਸਾ ਰਾਜ ਤੋਂ ਆਪਾ ਕੁਰਬਾਨ ਕਰਨ ਵਾਲੇ ਸਰਦਾਰ ਜੋਧਿ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਅਤੇ ਖਾਲਸਾ ਰਾਜ ਦੇ ਕਾਇਮ ਰਖਣ ਵਾਸਤੇ ਸਮੇਤ ਪ੍ਰਵਾਰ ਦੇ ਸਦਾ ਆਪਾ ਵਾਰਨ ਨੂੰ ਤਤਪਰ ਰਹਿੰਦੇ ਸਨ। ਸੰਨ ੧੮੦੨ ਦੇ ਅਖੀਰ ਪਿੰਡ ਭਟੀਆਂ ਦੀ ਫਤਹਿ ਤੇ ਚਨੋਟ ਪਰ ਕਬਜਾ ਸੰਨ ੧੮੧੩ ਵਿਚ ਅਟਿਕ ਅਤੇ ਸੰਨ ੧੮੧੮ ਵਿਚ ਮੁਲਤਾਨ ਇਤ ਆਦਿ ਮੋਰਚਿਆਂ ਨੂੰ ਸਰ ਕਰਕੇ ਸੰਨ ੧੮੧੯ ਨੂੰ ੩੦੦੦੦ ਫੌਜ ਸਰਦਾਰਾਂ ਦੀ ਲੈ ਕਰ ਕਸ਼ਮੀਰ ਪਰ ਚੜ੍ਹਾਈ ਕੀਤੀ। ਜਿਸ ਵਿਚ ਸਤਿਕਾਰ ਯੋਗ ਹਸਤੀ ਸਰਦਾਰ ਜੋਧਿ ਸਿੰਘ ਖਾਲਸਾ ਰਾਜ ਤੇ ਕੁਰਬਾਨ ਕਰਕੇ ਓਥੋਂ ਚਲੇ ਗਏ ਜਿਥੋਂ ਕੋਈ ਆਇਆ ਨਹੀਂ। ਮਹਾਰਾਜਾ ਰਣਜੀਤ ਸਿੰਘ ਨੂੰ ਜਦ ਇਸ ਘਟਨਾਂ ਦਾ ਪਤਾ ਲਗਾ

Digitized by Panjab Digital Library | www.panjabdigilib.org

ਤਾਂ ਅਤਿਅੰਤ ਦੁਖ ਮਨਾਂਦਿਆਂ ਓਹਨਾਂ ਦੇ ਸਹਿਯੋਗ ਸਤਿ ਸਪੁਤ੍ਰਾਂ ਨੂੰ ਖਾਸ ਜ਼ੁਮੇਵਾਰੀ ਔਹੁਦੇ ਅਤੇ ਜਾਗੀਰਾਂ ਬਖਸ਼ੀਆਂ ।

## ਰਾਮਗੜ੍ਹੀਏ ਸੂਰਿਆਂ ਦਾ ਘਰਾਣਾ

ਰਾਮਗੜ੍ਹੀਆ ਨਾਉਂ ਲੈਣ ਤੋਂ ਹੀ ਮਨ ਨੂੰ ਸ਼ਾਂਤੀ ਆਉਂਦੀ ਹੈ, ਆਵੇ ਭੀ ਕਿਉਂ ਨਾ ਸ: ਜੋਧ ਸਿੰਘ ਰਾਮਗੜ੍ਹੀਏ ਦ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨਾਂ ਦਾ ਬੈਰਾਗੀ ਅਤੇ ਪੂਰਨ ਮਤਵਾਲਾ ਸੀ ਹੋਰ ਗੁਣਾਂ ਤੋਂ ਖ਼ਿਲਾਵਾ ਉਸਨੇ ਗੁਰੂ ਰਾਮ ਦਾਸ ਦੇ ਨਾਂ ਉਤੇ ਇਕ ਗੜ੍ਹ (ਯਾਨੀ ਕਿਲਾ) ਤਿਆਰ ਕੀਤਾ ਜਿਸਦਾ ਨਾਮ ਰਾਮ ਗੜ੍ਹ ਨਿਯੁਕਤ ਕੀਤਾ । ਕਿਲੇ ਦਾ ਨਾਮ ਰਾਮ ਗੜ੍ਹ ਰਖਿਆ ਗਿਆ । ਜਿਸ ਕਿਲੇ ਵਿਚ ਖਾਲਸਾ ਰਾਜ ਤੋਂ ਮਰ ਮਿਟਣ ਵਾਲਾ ੧੮੦੦ ਸਿਰ ਲਥ ਜੁਆਨ ਰਹਿੰਦਾ ਸੀ । ਸਾਰੇ ਗੁਣ ਨਿਪੁਨ ਸਰਦਾਰ ਭਗਵਾਨ ਸਿੰਘ ਦੀ ਤੇ ਉਹਨਾਂ ਦੇ ਸੁਭਾਗ ਸਪੁਤਰ ਸਰਦਾਰ ਜਸਾ ਸਿੰਘ ਆਦਿ ਤਖਾਣੇ, ਲੁਹਾਰੇ ਅਧਿਆਨਕ ਵਿਦਿਆ ਅਤੇ ਸ਼ਸਤ੍ਰ ਤਿਆਰ ਕਰਨ ਦੇ ਇਤਿ ਆਦੀ ਸਾਰੇ ਗੁਣ ਸਨ । (ਦੇਖੋ ਖਾਲਸਾ ਰਾਜ ਦੇ ਉਸਰਈਏ ਹਿਸਾ ਦੂਜਾ ਸਫਾ ੧੩੪)

ਸਰਦਾਰ ਮੰਗਲ ਸਿੰਘ ਜੀ ਰਾਮਗੜ੍ਹੀਆ ਦੇ ਵਿਰਸੇ ਵਿਚ ਆਪ ਦੇ ਪਿਤਾ ਸ: ਦੀਵਾਨ ਸਿੰਘ ਖਾਲਸਾ ਰਾਜ ਦੇ ਰਖਵਾਲੇ ਜਿਨਾਂ ਦੇ ਨੀਚੇ ੭੦੦ ਸਵਾਰ ਰਹਿੰਦਾ ਸੀ ਅਤੇ ਕਸ਼ਮੀਰ ਦੀ ਫਤਹਿ ਸੰਨ ੧੮੧੯ ਵਿਚ ਵਧ ਚੜ ਕੇ ਖਾਲਸਈ ਜੋਸ਼ ਨਾਲ ਜਿਤ ਪਰਾਪਤ ਕੀਤੀ ਜਿਸਦੇ ਕਾਰਨ ਬਾਰਾਂਮੂਲਾ (ਕਸ਼ਮੀਰ) ਦੇ ਵਡੇ ਪਰਗਣੇ ਦਾ ਇੰਤਜ਼ਾਮ ਆਪਦੇ ਹਵਾਲੇ ਕੀਤਾ ਗਿਆ । ਰਾਮਗੜ੍ਹੀਆ ਘਰਾਣੇ ਨਾਲ ਗੁਰੂ ਪੰਥ ਤੇ ਮਹਾਰਾਜਾ ਸ਼ੇਰੇ ਪੰਜਾਬ ਨਾਲ ਗੂਹੜਾ ਪਿਆਰ ਅਤੇ ਸਦਾ ਸਤਿਕਾਰ ਸੀ । ਏਸੇ ਤਰਾਂ ਗੁਰੂ ਪੰਥ ਆਪਦਾ ਤੇ ਗੁਰੂ ਪੰਥ ਦੇ ਆਪ ਸਦਾ ਰਹਿਣ ਵਾਲੇ ਲਿਖਾਰੀ ਵਲੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ।

## ਭਾਈ ਲਾਲ ਸਿੰਘ ਜੀ ਕੈਂਥਲ

ਆਪ ਜੀ ਦਾ ਸ਼ੁਭ ਜਨਮ ਭਾਈ ਭਗਤੂ ਦੇ ਘਰਾਣੇ ਵਿਚ ਹੋਇਆਂ । ਆਪ ਜੀ ਦੇ ਸਤਕਾਰ ਯੋਗ ਪਿਤਾ ਸ: ਦੇਸ਼ਾ ਸਿੰਘ ਨੇ ਸੰ: ੧੭੬੭ ਵਿਚ ਰਿਆਸਤ ਕਾਇਮ ਕੀਤੀ। ਆਪ ਜੀ ਬਹੁਤ ਤੇਜ ਪਰਤਾਪ ਵਾਲੇ ਮਹਾਂ ਪੁਰਸ਼ ਹੋਏ ਹਨ ।

ਭਾਈ ਲਾਲ ਸਿੰਘ ਦੇ ਘਰ ਸ: ਉਦੇ ਸਿੰਘ ਜੀ ਨੇ ਕਵੀ ਰਾਜ, ਭਾਈ ਸੰਤੋਖ ਸਿੰਘ ਨੂੰ ਆਪਣੇ ਪਾਸ ਕੈਂਥਲ ਵਿਚ ਰਖਕੇ ਗੁਰ ਪ੍ਰਤਾਪ (ਸੂਰਜ ਪ੍ਰਕਾਸ਼) ਆਦਿ ਗਰੰਥਾਂ ਦੀ ਰਚਨਾ ਕਰਾਈ ।

ਰਾਜਾ ਉਦੇ ਸਿੰਘ ਦੇ ਸੰਤਾਨ ਨਹੀਂ ਸੀ । ਇਸ ਲਈ ੧੫ ਮਾਰਚ ਸੰਮਤ ੧੩੪੩ ਨੂੰ ਦਿਹਾਂਤ ਹੋਣ ਪਰ ਰਿਆਸਤ ਕੈਂਥਲ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤੀ ਗਈ ।

Digitized by Panjab Digital Library | www.panjabdigilib.org

# ਸਿਖ ਰਾਜ ਦਾ ਖਾਤਮਾ ਕਰਨ ਵਾਲੇ

ਲਾਲ ਸਿੰਘ, ਤੇਜਾ ਸਿੰਘ, ਗੁਲਾਬ ਸਿੰਘ ਡੋਗਰੇ ਅਤੇ ਰਣਜੋਧ ਸਿੰਘ ਮਜੀਠੀਏ ਆਦਿ ਨੇ ਜੋ ਸਿਖ ਰਾਜ ਘਰਾਣੇ ਨਾਲ ਅਤੇ ਸਿਖ ਰਾਜ ਨਾਲ ਨਿਮਕ ਖਾਕੇ ਨਿਮਕ ਹਰਾਮੀ ਕੀਤੀ ਉਹ ਹਰੇਕ ਸਿਖ ਬਚੇ ਦੇ ਰਸਨਾ ਤੇ ਚੜ੍ਹੀ ਹੋਈ ਹੈ। ਇਸ ਵਾਸਤੇ ਅਸੀਂ ਸੰਖੇਪ ਮਾਤਰ ਉਹਨਾਂ ਦੀਆਂ ਕਰਤੂਤਾਂ ਦਾ ਹਵਾਲਾ ਦਿੰਦੇ ਹਾਂ' ਜੈਸੇ ਮੁਦਕੀ, ਫੇਰੂ ਸ਼ਹਿਰ ਅਤੇ ਅਲੀਵਾਲ ਦੀਆਂ ਲੜਾਈਆਂ ਵਿਚ ਇਹਨਾਂ ਦੀ ਗ਼ਦਾਰੀ ਦੇ ਕਾਰਨ ਜੋ ਖਾਲਸਾ ਫੌਜਾਂ ਨੂੰ ਹਰਾਇਆ। ਸੈਂਕੜੇ ਸਿੰਘ ਸ਼ਹੀਦ ਹੋ ਗਏ ਲਖਾਂ ਦਾ ਸਾਮਾਨ ਬਰਬਾਦ ਹੋਇਆ। ਸੈਂਕੜੇ ਤੋਪਾਂ ਦੁਸ਼ਮਣਾਂ ਦੇ ਕਬਜ਼ੇ ਵਿਚ ਆਈਆਂ। ਸਤਿਲੁਜ ਤੋਂ ਪਾਰ ਦੇ ਸਾਰੇ ਕਿਲੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਕਰਾਣੇ ਰਾਜਾ ਗੁਲਾਬ ਸਿੰਘ ਦਾ ਫਰੇਬ ਲਾਹੌਰੋਂ ਤਕੜੀ ਫੌਜ ਨਾਲ ਲੈ ਲਈ। ਦੂਸਰੇ ਦਿਨ ਸੁਭਰਾਵਾਂ ਵਾਲੇ ਪਤਣ ਤੇ ਪੁਜ ਗਿਆ। ਜਿਥੇ ਲਾਲ ਸਿੰਘ ਤੇ ਤੇਜਾ ਸਿੰਘ ਡੇਰਾ ਲਾਈ ਬੈਠੇ ਸਨ। ਉਨ੍ਹਾਂ ਨਾਲ ਪ੍ਰਾਈਵੇਟ ਗਲਾਂ ਕਰਕੇ ਅੰਗਰੇਜ਼ਾਂ ਦੇ ਨਾਲ ਸੁਲਹਾ ਕਰਨ ਦੇ ਅਮਲ ਵਿਚ ਮਤਵਾਲਾ ਹੋਇਆ ਹੋਇਆ ਸੀ ਕਿਉਂ ਕਿ ਸਭਰਾਵਾਂ ਦੀ ਲੜਾਈ ਫਰੰਗੀਆਂ ਨਾਲ ਰਾਜਾ ਗੁਲਾਬ ਸਿੰਘ ਤੇ ਤੇਜਾ ਸਿੰਘ ਨੇ ਮਿਥ ਮਿਥਾ ਕੇ ਸ਼ੁਰੂ ਕਰਵਾਈ ਸੀ ਅਤੇ ਖਾਲਸਾ ਫੌਜ ਦਾ ਭੇਦ ਪਹਿਲੇ ਹੀ ਦਸ ਦਿਤਾ ਮੋਰਚੇ ਬੰਦੀ ਦੀ ਵਾਕਫੀਅਤ, ਫੌਜਾਂ ਦੇ ਟਿਕਾਣੇ, ਤੋਪਾਂ ਤੇ ਬਾਰੂਦ ਆਦਿ ਦਾ ਅਤੇ ਅਸੀਂ ਬੇਫਿਕਰ ਹੋਕੇ ਬੈਠੇ ਰਹਾਂਗੇ। ਆਪ ੧੦ ਫਰਵਰੀ ਨੂੰ ਹਮਲਾ ਕਰ ਦਿਉ। ਜਦੋਂ ਲੜਾਈ ਤੇਜ ਹੋਈ ਤਾਂ ਅਸੀਂ ਆਪਣੀਆਂ ਫੌਜਾਂ ਲੈਕੇ ਮੋਰਚੇ ਛਡ ਜਾਵਾਂਗੇ। ਫਿਰ ਭਾਜੜ ਆਪੇ ਪੈ ਜਾਵੇਗੀ। ਅਤੇ ਤੁਸੀਂ ਕਬਜ਼ਾ ਕਰ ਲੈਣਾ। ਹੁਣ ੧੦ ਫਰਵਰੀ ੧੮੪੬ ਈ: ਨੂੰ ਇਹਨਾਂ ਗ਼ਦਾਰਾਂ ਦੇ ਇਸ਼ਾਰੇ ਤੇ ਫਰੰਗੀਆਂ ਨੇ ਖਾਲਸਾ ਫੌਜ ਤੇ ਬੇਖਬਰ ਹਮਲਾ ਕਰ ਦਿਤਾ ਅਤੇ ਅਗ ਵਰਸਾਊ ਤੋਪਾਂ ਚਾਲੂ ਕਰ ਦਿਤੀਆਂ ਜਿਨਾਂ ਦੇ ਚਲਣ ਤੇ "ਜਬੈ ਬਾਣ ਲਾਗੈ ਤਬੈ ਰੋਸ ਜਾਗੈ" ਉਧਰੋਂ ਖਾਲਸੇ ਭੀ ਮੂੰਹ ਤੋੜਵੇਂ ਜਵਾਬ ਦੇਣ ਲਗੇ ਪਰ ਅੰਗਰੇਜ਼ਾਂ ਦੀਆਂ ਤੋਪਾਂ ਸਿਖ ਫੌਜਾਂ ਨੂੰ ਤਬਾਹ ਕਰੀ ਜਾਂਦੀਆਂ ਸਨ। ਏਧਰ ਸਿਖਾਂ ਦੀਆਂ ਤੋਪਾਂ ਦਾ ਗੋਲਾ ਡਿਗਦਾ ਮਾਲੂਮ ਨਾ ਹੁੰਦਾ। ਇਨ੍ਹਾਂ ਦੇ ਗੋਲੇ ਅਸਮਾਨ ਵਿਚ ਹੀ ਖਿਲਰ ਕੇ ਗੁੰਮ ਹੋ ਜਾਂਦੇ ਕਿਉਂਕਿ ਤੋਪਚੀ ਤੇ ਤੋਪਖਾਨੇ ਦੇ ਔਫੀਸਰ ਤੇਜਾ ਸਿੰਘ ਦੀ ਬੇਈਮਾਨੀ ਦਾ ਸ਼ਿਕਾਰ ਹੋ ਚੁਕੇ ਸਨ। ਏਧਰ ਜਦ ਸਿਖਾਂ ਨੂੰ ਪਤਾ ਲਗਾ ਕਿ ਸਾਡਾ ਅਮਨੀਸ਼ਨ ਠੀਕ ਨਹੀਂ ਹੈ ਤਾਂ 'ਰਣ ਦੇਖ ਸੂਰੇ ਚਿਤ ਉਲਾਸ।' ਹੁਣ ਬਦਲਾ ਲੈਣ ਦੀ ਰੂਹ ਨਾਲ ਸੂਰੇ ਸਿਖ ਸਰਦਾ ਤਲਵਾਰਾਂ ਧੂਹ ਕੇ ਰਣ ਛੇਤਰ ਵਿਚ ਝੂਲਣ ਲਗੇ ਪਰ ਤਲਵਾਰ ਤਿੰਨ ਫੁਟ ਤੇ ਗੋਲਾ ਮੀਲਾਂ ਦੇ ਹਿਸਾਬ ਤੇ ਮਾਰ ਕਰਨ ਵਾਲੇ ਦਾ ਕੀ ਮੁਕਾਬਲਾ। ਏਨਾਂ ਕੁਝ ਹੋਣ ਤੇ ਵੀ ਸਿੰਘ ਪੂਰਾ ਤਾਣ ਲਾਕੇ ਡਟੇ ਰਹੇ। ਜਦ ਸਿੰਘਾਂ ਦੇ ਸ਼ਸਤਰਾਂ ਦੇ ਕਰਤਬ ਦੇਖੇ ਤਾਂ ਅੰਗਰੇਜ਼ ਘਬਰਾਇਆ ਹੋਇਆ ਦੇਖਿਆ ਤਾਂ ਗ਼ਦਾਰ ਤੇਜਾ ਸਿੰਘ ਤੇ ਲਾਲ ਸਿੰਘ ਜੰਗ ਵਿਚੋਂ ਭਜ ਨਿਕਲੇ। ਡੋਗਰਾ ਮੁਸਲਮਾਨ ਤੇ ਹੋਰ ਨਿਜੀ ਫੌਜ ਮਗਰ ਭਜ ਉਠੀ। ਹੋਰ ਕੁਝ ਨਾ ਕਹਿਣ, ਸਿਰਫ ਏਹੋ ਬੋਲਣ- ਸਿੰਘੋ ! ਭਜ ਚਲੋ, ਸਿੰਘੋ ! ਭਜ ਭਜ ਚਲੋ ਛੇਤੀ ਦਰਿਆ ਪਾਰ ਕਰੋ। ਦੁਸ਼ਮਣ ਹੋਰ ਆ ਰਿਹਾ ਹੈ। ਸਿੰਘੋ! ਮਰੋ ਨਾ ਸਿੰਘੋ ! ਮਰੋ ਨਾ।

Digitized by Panjab Digital Library | www.panjabdigilib.org

ਏਧਰ ਕੌਮੀ ਪਰਵਾਨੇ ਮੈਦਾਨ ਛਡਣਾ ਜਾਣਦੇ ਹੀ ਨਹੀਂ। ਓਹਨਾਂ ਲੜਦਿਆਂ ੨ ਮਰਨ ਪ੍ਰਣ ਧਾਰਨ ਕਰ ਲਏ । ਏਧਰ ਬੇਈਮਾਨ ਤੇਜਾ ਸਿੰਘ ਤੇ ਲਾਲ ਸਿੰਘ ਆਪਣੇ ਸਾਥੀਆਂ ਸਮੇਤ ਦਰਿਆਇ ਤੋਂ ਪਾਰ ਹੋ ਗਏ। ਜੋ ਲੜਦੇ ਰਹੇ ਓਹਨਾਂ ਉਤੇ ਤੇਜਾ ਸਿੰਘ ਬੜਾ ਹੀ ਗੁਸੇ ਹੋਕੇ ਬੋਲਦਾ ਸੀ। ਤੁਸੀਂ ਮੇਰਾ ਹੁਕਮ ਨਹੀਂ ਮੰਨਦੇ। ਨਾਲ ਦੇ ਰਦਾਰਾਂ ਨੂੰ ਹੁਕਮ ਦਿੰਦਾ ਹੈ- ਤੋੜ ਦਿਓ ਪੁਲ, ਡੋਬ ਦਿਓ ਬਰੂਦ ਦੀਆਂ ਪੇਟੀਆਂ, ਰੇਤ ਤੇ ਸਰੋਂ ਦੀਆਂ ਬੋਰੀਆਂ ਰਹਿਣ ਦਿਓ, ਮੈਂ ਵੇਖਾਂਗਾ ਏਹਨਾਂ ਜਿਤਕੇ ਔਂਦਿਆਂ ਨੂੰ ਹੁਣ ਤੇਜਾ ਸਿੰਘ ਦੇ ਆਦਮੀਆਂ ਨੇ ਹੁਕਮ ਸੁਣਦੇ ਸਾਰ ਬੇੜੀਆਂ ਡੋਬ ਕੇ ਪੁਲ ਤੋੜ ਦਿਤਾ। ਬਰੂਦ ਤੇ ਸਿਕੇ ਦੀਆਂ ਪੇਟੀਆਂ ਸਾਰੀਆਂ ਨੂੰ ਦਰਿਆਏ ਬੁਰਦ ਕਰਿ ਦਿਤੇ। ਖੁਰਾਕ, ਗੋਲੀ ਵੀ ਨਾ ਰਹਿਣ ਦਿਤੀ ਗਈ ਅਤੇ ਤੰਬੂ ਤੇ ਲੀੜਿਆਂ ਨੂੰ ਅੱਗ ਲਾ ਦਿਤੀ ਗਈ । ਤਾਂ ਤੇ ਜਖਮੀ ਤੇ ਹਾਰੇ ਹੋਏ ਸਿਪਾਹੀ ਆਰਮਾਣ ਨਾ ਕਰ ਲੈਣ । ਇਹ ਸਲੂਕ ਨਿਮਕ ਹਰਾਮੀ ਸੈਨਾ ਪਤੀ ਦਾ ਨਿਮਕ ਹਲਾਲੀ ਫੋਜ ਨਾਲ, ਹੁਣ ਬਿਨਾਂ ਸਰਦਾਰ ਤੋਂ ਹਰ ਇਕ ਫੌਜੀ ਸਿਪਾਹੀ ਵੀ ਤੇ ਸਰਦਾਰ ਵੀ ਆਪ ਦੀ ਤੋਪ ਠੰਡੀ ਨੂੰ ਵੇਖਕੇ ਹੁਣ ਤਲਵਾਰ ਅਤੇ ਨੇਜੇ ਦੁਸ਼ਮਨ ਦੀ ਛਾਤੀ ਪਾੜਕੇ ਉਸ ਨੂੰ ਧਰਤੀ ਤੇ ਲਿਟਾਂਦੇ ਹੋਏ ਇਸ ਬੋਲੇ ਨਾਲ ਅਸਮਾਨ ਗੂੰਜਾ ਰਹੇ ਸਨ– ਸਿੰਘੋ ਸ਼ਹੀਦ ਹੋ ਜਾਓ। ਪਰ ਵੈਰੀ ਕੋਲੋਂ ਪਿਠ ਤੇ ਵਾਰ ਨਾਂ ਖਾਇਓ। ਏਹ ਬੋਲਾ ਸੁਣਦੇ ਸਾਰ ਸਜੇ ਖਬੇ ਹੋਕੇ ਫਰੰਗੀਆਂ ਨਾਲ ਹਥੋਂ ਹੱਥੀ ਲੜ ਰਹੇ ਸਨ। ਸਾਰੀ ਹਿੰਦ ਦਾ ਜੇਤੂ ਅੰਗਰੇਜ ਅਫਸਰ ਸਿੰਘਾਂ ਦੀ ਬਹਾਦਰੀ ਵੇਖ ਕੇ ਮੂੰਹ ਵਿਚ ਉਂਗਲਾਂ ਟੁਕਦਾ ਹੋਇਆ ਨਠਣ ਦਾ ਹੌਸਲਾ ਕਰ ਰਿਹਾ ਸੀ। ਇਸ ਵੇਲੇ ਸਿੱਖ ਫੌਜਾਂ ਦੇ ਪਾਸ ੧੦੦ ਤੋਪ ਵੀਹ ੨੦ ਹਜ਼ਾਰ ਦੇ ਕਰੀਬ ਸਿਰ ਲਬ ਜੁਆਨਾਂ ਦੇ ਹੁੰਦਿਆ ਜਾਣ ਬੁਝ ਕੇ ਹਾਰ ਸਹੇੜੀ । ਲ ਲ ਸਿੰਘ ਤੇਜਾ ਸਿੰਘ ੧੦ ਹਜਾਰ ਜੁਆਨਾਂ ਸਮੇਤ ਨਸ ਗਏ। ਰਣਿ ਵਿਚ ਜੂਲ ਰਹੇ ਸਿੰਘਾਂ ਦਾ ਇਹ ਬੋਲਾ ਸੀ। 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।'

## "ਫਿਟਿਆ ਫਿਤ"

ਜੰਗ ਹਿੰਦ ਪੰਜਾਬ ਦਾ ਹੋਣ ਲਗਾ ਦੋਵੇਂ ਬਾਦਸ਼ਾਹੀਆਂ ਫੌਜਾਂ ਭਾਰੀਆਂ ਨੀ।
ਅਜ ਹੋਵੇ *ਸਰਕਾਰ ਤਾਂ ਮੁਲ ਪਾਵੇ ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ ਹਾਥੀ ਢਾਉਂਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦ ਦਾ ਇਕ ਸਰਕਾਰ ਬਾਝੋਂ ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।

ਦੂਜੇ ਦਿਨ ਜਿਤੇ ਹੋਏ ਅੰਗਰੇਜ਼ਾਂ ਨੇ ਆਪਣੇ ਜੁਆਨਾਂ ਦੀ ਗਿਣਤੀ ਕੀਤੀ ਜਿਸ ਤੋਂ ਪਤਾ ਲਗਾ ਕਿ ਇਕ ਦਿਨ ਦੀ ਲੜਾਈ ਵਿਚ ਅੰਗਰੇਜ਼ਾਂ ਦੇ ੨੧੫ ਜੁਆਨ ਮਰੇ ਅਤੇ ੬੫੭ ਫਟੜ ਹੋਏ ੩੯ ਅੰਗਰੇਜ਼ ਅਫਸਰ ਤੇ ਦੋ ਦੇਸੀ ਅਫਸਰ ਅਤੇ ਸਿੰਘਾਂ ਦਾ ਨੁਕਸਾਨ ਬਹੁਤਾ ਹੋਇਆ ੧੭ ਤੋਪਾਂ ਖੁਸ ਗਈਆਂ ਫਟੜ ਤੇ ਸ਼ਹੀਦ ਹੋਏ ਸਿੰਘਾਂ ਦੀ ਕਿਸੇ ਗਿਣਤੀ ਨਹੀਂ ਕੀਤੀ ਅਤੇ ਨਾ ਹੀ ਕਿਸੇ ਸਸਕਾਰ ਕੀਤਾ ਇਹ ਹੈ ਰਾਜ ਗਦਾਰਾਂ ਦਾ ਕਾਲਾ ਫੋਟੋ।

---

* ਮਹਾਰਾਜਾ ਰਣਜੀਤ ਸਿੰਘ

Digitized by Panjab Digital Library | www.panjabdigilib.org

ਇਕ ਫਟੜ ਸਰਦਾਰ ਜੋ ਜ਼ਖ਼ਮਾਂ ਦਾ ਘਾਇਲ ਕੀਤਾ ਹੋਇਆ ਉਠ ਨਹੀਂ ਸਕਦਾ ਅਤੇ ਪਾਣੀ ਵਲੋਂ ਬਿਹਬਲ ਹੋਇਆ ਬੋਲ ਨਹੀਂ ਸਕਦਾ ਸੀ ਨਾ ਕੋਈ ਸੁਣਨ ਵਾਲਾ ਸੀ ਸੁਣਾਵੇ ਕਿਸ ਨੂੰ ਚੁਫੇਰੇ ਤਾਂ ਦੁਸ਼ਮਨ ਹੀ ਦੁਸ਼ਮਨ ਸੀ ਹਥ ਵਿਚ ਪਸਤੌਲ ਭਰਿਆ ਹੋਇਆ ਮਨ ਕਰਕੇ ਅਰਦਾਸ ਕਰਦਾ ਹੈ ਕਿ ਪਾਣੀ ਪੀਣ ਦੀ ਅਤੇ ਜੀਉਣ ਦੀ ਭੀ ਲੋੜ ਨਹੀਂ ਤੇ ਸਰਬ ਵਿਆਪੀ ਸਤਿਗੁਰੂ ਜੇ ਇਕ ਅਭਿਲਾਖਾ ਪੂਰੀ ਕਰੇਂ ਕਿ ਕਿਸੇ ਬਿਲੇ ਨੂੰ (ਅੰਗਰੇਜ਼) ਮੂਹਰੇ ਲਾ ਕੇ ਲੈ ਜਾਵਾਂ, ਇਤਨੇ ਨੂੰ ਇਕ ਅੰਗਰੇਜ਼ ਅਫਸਰ ਗਿਣਤੀ ਕਰਦਾ ੨ ਸਿੰਘ ਸਾਹਿਬ ਦੇ ਪਾਸ ਆ ਕੇ ਠੁਡ ਮਾਰਿਆ 'ਓਹ ਸਿਖਾ ਰਾਜ ਚਾਹਤਾ ਹੈਂ', ਤਾਂ ਸਿੰਘ ਨੇ ਪਲਕਾਂ ਖੋਲ ਕੇ ਤਕਿਆ ਤਾਂ ਸ਼ਿਕਾਰ ਮੂਹਰੇ ਆ ਗਿਆ ਅਗੇ ਲਾ ਕ ਲੈ ਜਾਣਾ ਚਾਹਤਾ ਹੈ। ਪਏ ਨੇ ਪਸਤੌਲ ਨਾਲ ਮਾਰ ਕੇ ਅਰਦਾਸ ਪੂਰੀ ਕੀਤੀ ਮਗਰੇ ਆਪ ਸ਼ਹੀਦ ਹੋ ਗਿਆ।

## ਜਿਸ ਦਾ ਰਾਜ ਤਿਸੈ ਦਾ ਤੇਜ

ਹੁਣ ਏਸ ਸੂਰਬੀਰ ਸਿੰਘ ਦਾ ਸ਼ਹੀਦ ਗੰਜ ਕੋਣ ਬਣਾਵੇ। ਕੀ ਤੇਜਾ ਸਿੰਘ, ਲਾਲ ਸਿੰਘ ਧਿਆਨ ਸਿੰਘ ਡੋਗਰਾ ਗੱਦਾਰ ਏਧਰ ਫੀਰੋਜ਼ਪੁਰ ਛਾਉਣੀ ਤੋਂ ਮੋਗੇ ਨੂੰ ਜਾਣ ਵਾਲੀ ਪੱਕੀ ਸੜਕ ਤੇ ਸਤਵੇਂ ਮੀਲ ਫੇਰੂ ਸ਼ਹਿਰ (ਫੀਰੋਜ਼ਪੁਰ) ਇਹ ਇਕ ਕਚਾ ਪਿੰਡ ਹੈ। ਏਸ ਨਗਰ ਦੇ ਪੱਛਮ ਵਲ ਏਸ ਅੰਗਰੇਜ਼ ਦੀ ਯਾਦ ਵਿਚ ਇਕ ਸੀਖ ਖੜੀ ਦਿਸਦੀ ਹੈ ਜੋ ੨੧-੨੨ ਦਸੰਬਰ ੧੮੪੫ ਦੀ ਲੜਾਈ ਜੋ ਸਿਖਾਂ ਤੇ ਅੰਗਰੇਜ਼ਾਂ ਵਿਚ ਹੋਣ ਤੇ ਇਕ ਸਿਖ ਵਲੋਂ ਅੰਗਰੇਜ਼ ਮਾਰਿਆ ਗਿਆ ਸੀ ਉਸਦੀ ਯਾਦ ਵਿਚ ਇਹ ਲਠ ਹੈ। ਕੌਮ ਧ੍ਰੋਹੀ ਇਸ ਨੂੰ ਦੇਖਣ ਪੂਜਣ ਜਾਂਦੇ ਹਨ। ਅਣਖ ਵਾਲਾ *ਸਿਖ ਇਸ ਲਠ ਨੂੰ ਵੇਖਕੇ ਸ਼ਰਮ ਨਾਲ ਸਿਰ ਨੀਵਾਂ ਕਰਦਾ ਹੋਇਆ ਕੌਮੀ ਗਦਾਰਾਂ ਤੇ ਫਿਟਕਾਰਾਂ ਪਾਉਂਦਾ ਹੈ ਕਿਉਂਕਿ ਸਾਡੀ ਹਾਰ ਤੇ ਅੰਗਰੇਜ਼ਾਂ ਦੀ ਜਿਤ ਦੇਸ਼ ਤੇ ਰਾਜ ਧ੍ਰੋਹੀ ਗਦਾਰਾਂ ਵਲੋਂ ਸਿਖ ਰਾਜ ਦਾ ਸੂਰਜ ਡੋਬਿਆ ਗਿਆ। ਇਹੋ ਜਿਹੀਆਂ ਯਾਦਗਾਰਾਂ ਡੋਗਰਿਆਂ ਦੀ ਗਦਾਰੀ ਦੇ ਕਾਰਨ ਪੰਜਾਬ ਦੀ ਧਰਤੀ ਦੀ ਛਾਤੀ ਤੇ ਹੋਰ ਭੀ ਬਿਅੰਤ ਹਨ।

---

*ਉਸ ਵੇਲੇ ਦੇ ਜੰਗ ਵਿਚੋਂ ਬਚੇ ਹੋਏ ਅਣਖੀਲੇ ਸਿੰਘ ਨੌਕਰੀ ਕਰਦੇ ਤਾਂ ਫਰੰਗੀ ਦੀ ਗੁਲਾਮੀ ਮੰਨਦੇ ਸੀ। ਖੇਤੀ ਕਰਦੇ ਸੀ ਤਾਂ ਹਾਲੀਆ ਭਰਨਾ ਪੈਂਦਾ ਸੀ। ਇਸਦੇ ਕਾਰਨ ਪਹਾੜਾਂ ਵਿਚ ਜਾਕੇ ਤਤਪਰ ਹੋ ਕੇ ਭਜਨ ਸਿਮਰਨ ਵਿਚ ਲਗ ਗਏ। ਜਿਨ੍ਹਾਂ ਚੋਂ ਅਜੇ ਬਹੁਤ ਸਾਰੇ ਸਰੀਰ ਜੀਵਨ ਮੁਕਤ ਗੁਰਸਿਖ ਸੰਤ ਪ੍ਰੀਤਮ ਸਿੰਘ ਪਟਿਆਲੇ ਵਾਲੇ ਜੋ ਮਹਾਰਾਜਾ ਰਣਜੀਤ ਸਿੰਘ ਦੇ ਅਰਦਲੀਏ ਸਨ ਉਹ ਸ੍ਰੀ ਹੇਮ ਕੁੰਡ ਤੋਂ ਕੁਝ ਕੁ ਉਰੇ ਗੁਫਾ ਵਿਚ ਰਹਿੰਦੇ। ਜਿਨ੍ਹਾਂ ਦੀ ਇਸ ਵਕਤ ੧੯੦ ਸਾਲ ਦੇ ਕਰੀਬ ਉਮਰ ਹੈ। ਇਤ ਆਦਿ ਹੋਰ ਬਹੁਤ ਸਾਰੇ ਹਨ ਜਿਨ੍ਹਾਂ ਨੇ ਯਾਤਰੂ ਮਹਾਤਮਾ ਪਾਸ ਅਗਲੇ ਤੇ ਤੇ ਪਿਛਲੇ ਬਚਨ ਸੁਣੌਣ ਵਾਸਤੇ ਦਾਸ ਦੇ ਪਾਸ ਗੁਰਸਿਖ ਭੇਜਣ ਦੀ ਕ੍ਰਿਪਾਲਤਾ ਕੀਤੀ।

Digitized by Panjab Digital Library | www.panjabdigilib.org

# ਗੁਰ ਸਾਗਰ ਲਹਿਰਾਂ ਦੇ ਸਿਟੇ

Digitized by Panjab Digital Library | www.panjabdigilib.org

# ਨਿਰੰਕਾਰੀ ਲਹਿਰ

# ਨਾਮਧਾਰੀ ਸ਼ਹੀਦ ਸਾਜ਼ਸ਼ ਮਾਲੇਰ ਕੋਟਲਾ

| ਰਿਆਸਤ ਜਾਂ ਜ਼ਿਲਾ | ਸ਼ਹੀਦ | ਰਿਆਸਤ ਜਾਂ ਜ਼ਿਲਾ | ਸ਼ਹੀਦ |
|---|---|---|---|
| ਨਾਭਾ | ੧੨ | ਫੀਰੋਜ਼ਪੁਰ | ੬ |
| ਪਟਿਆਲਾ | ੨੪ | ਲੁਧਿਆਣਾ | ੧੮ |
| ਮਾਲੇਰਕੋਟਲਾ | ੬ | ਅੰਮ੍ਰਿਤਸਰ | ੧ |
| ਸੰਗਰੂਰ | ੬ | ਸੂਬੇ ਥਾਪੇ ਗਏ | ੧੦ |

# ਸ੍ਰੀ ਗੁਰੂ ਸਿੰਘ ਸਭਾ ਦੀ ਲਹਿਰ

ਕੁਲ ਜੋੜ ੧੧੬

| | | | |
|---|---|---|---|
| ੧. | ਜਥੇਬੰਦ ਕਰਨਾ | ੨. | ਅਨਮਤੀਆਂ ਤੋਂ ਬਚਾਓ |
| ੩. | ਨਿਰੋਲ ਗੁਰਮਤ ਦਾ ਪ੍ਰਚਾਰ | ੪. | ਸਿਖ ਇਤਿਹਾਸ ਲਿਖਣਾ |
| ੫. | ਖਾਲਸਾ ਸਕੂਲ | ੬. | ਪੰਜਾਬੀ ਬੋਲੀ ਦੇ ਅਖਬਾਰ |
| ੭. | ਖਾਲਸਾ ਸਕੂਲਾਂ 'ਚ ਪੰਜਾਬੀ ਬੋਲੀ | ੮. | ਖ਼ਾਲਸਾ ਕਾਲਜ ਤੇ ਚੀਫ ਖਾ: ਦੀਵਾਨ |
| ੯. | ਸਿਖਾਂ ਦੇ ਰਸਮ ਰਵਾਜ | ੧੦. | ਅਨੰਦ ਕਾਰਜ |

# ਚੀਫ਼ ਖਾਲਸਾ ਦੀਵਾਨ ਦੇ ਕੀਤੇ ਕੰਮ

| | | | |
|---|---|---|---|
| ਕਾਲਜ | ੩ | ਕੰਨਿਆ ਪਾਠਸ਼ਾਲਾਂ | ੧੩੪ |
| ਹਾਈ ਸਕੂਲ | ੫੨ | ਮਿਸ੍ਰਤ ਸਕੂਲ | ੩੭ |
| ਮਿਡਲ ਸਕੂਲ | ੪੩ | ਸਿੰਧ ਸਿਖ ਪ੍ਰਚਾਰਕ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ | ੧੧ |
| ਕੰਨਿਆ ਤੇ ਸਕੂਲ | ੩੦ | | |
| ਮੁਤਫਰਕ ਆਸ਼ਰਮ | ੬ | ਗੁਰੂ ਨਾਨਕ ਵਿਦਿਆ ਭੰਡਾਰ ਦੇ ਪ੍ਰਬੰਧ ਹੇਠ ਚਲ ਰਹੇ | |
| ਨਾਈਟ ਸਕੂਲ | ੧ | | |
| ਬੋਰਡਿੰਗ ਹਾਊਸ | ੭ | ਆਸ਼ਰਮ | ੫੪ |
| ਲੋਇਰ ਮਿਡਲ ਸਕੂਲ | ੨ | ਪ੍ਰਾਇਮਰੀ ਸਕੂਲ | ੪੭ |

ਕੁਲ ਜੋੜ ੪੨੭

# ਅਕਾਲੀ ਲਹਿਰ

ਸ਼੍ਰੋਮਣੀ ਗੁ: ਪ੍ਰ: ਕਮੇਟੀ ਕਾਇਮ ਹੋਣੀ — ਤੀਹ ਹਜ਼ਾਰ ਗ੍ਰਿਫਤਾਰੀ

ਸ਼੍ਰੋਮਣੀ ਅਕਾਲੀ ਦਲ ਕਾਇਮ ਹੋਣਾ — ਪੰਦਰਾਂ ਲਖ ਜੁਰਮਾਨਾ

ਮੋਰਚੇ ਤੇ ਗੁਦਵਾਰਾ ਬਿਲ

ਪੰਜ ਸੌ ਸ਼ਹੀਦ ਹੋਣ ਵਾਲਿਆਂ ਨੇ ੧੯੨੧ ਤੋਂ ੧੯੨੫ ਤਕ ੭੭੦ ਗੁਰਦਵਾਰੇ ਤਨ, ਮਨ, ਧਨ ਕੁਰਬਾਨ ਕਰਕੇ ਪੰਥ ਪ੍ਰਬੰਧ ਹੇਠ ਲਿਆਂਦੇ ।

Digitized by Panjab Digital Library | www.panjabdigilib.org

ਪੰਥ ਪ੍ਰਸਿਧ ਗਿ: ਗਿਆਨ ਸਿੰਘ ਜੀ ਪਿੰਡ ਲੌਂਗੋਵਾਲ
(ਰਿਆਸਤ ਪਟਿਆਲਾ)



(ਸਿਖਾਂ ਦੇ ਪ੍ਰਸਿਧ ਇਤਿਹਾਸਕਾਰ)

ਸ੍ਰੀਮਾਨ ੧੦੮ ਬਾਬਾ ਖੇਮ ਸਿੰਘ ਜੀ




(ਸਿਖੀ ਪ੍ਰਚਾਰ ਤੇ ਇਸਤਰੀ ਵਿਦਿਆ ਦੇ ਮੋਢੀ)

ਪਰਮ ਸਤਕਾਰ ਯੋਗ ਬਾਬਾ ਸਮੇਰ ਸਿੰਘ ਜੀ ਪਟਨੇ ਵਾਲੇ



(ਪ੍ਰਸਿਧ ਕਵੀ ਅਤੇ ਗੁਰਮਤ ਵਿਦਵਾਨ)

Digitized by Panjab Digital Library | www.panjabdigilib.org

# ਨਰੰਕਾਰੀ ਲਹਿਰ ਦੇ ਬਾਨੀ (ਸਫਾ ੧੯੫)




ਪ੍ਰਮ ਪਵਿਤ੍ਰ ਆਤਮਾ ਸਤਿਕਾਰ ਯੋਗ
ਬਾਬਾ ਰੱਤਾ ਸਿੰਘ ਜੀ,




ਸ੍ਰੀਮਾਨ ਯੋਗ ਬਾਬਾ ਹਰਾ ਸਿੰਘ ਜੀ,

## ਸਿੰਘ ਸਭਾ ਲਹਿਰ ਦੇ ਹੀਰੇ



ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ (ਸਫਾ ੨੪੬)

## ਸਿੰਘ ਸਭਾ ਲਹਿਰ ਦੇ ਹੀਰੇ



ਡਾ: ਹਰਦਿਤ ਸਿੰਘ ਜੀ ਢਿਲੋਂ
(ਸਫਾ ੨੫੦)

Digitized by Panjab Digital Library | www.panjabdigilib.org

# ਨਿਰੰਕਾਰੀ ਲਹਿਰ

ਸਿਖ ਪੰਥ ਦਾ ਵਿਸਥਾਰ ਸਿਖ ਰਾਜ ਦੇ ਸਮੇਂ ਵਿਚ ਬਹੁਤ ਹੋਇਆ। ਇਸ ਤੋਂ ਸਿਧ ਹੁੰਦਾ ਹੈ ਕਿ ਸਾਧਾਰਨ ਲੋਕ ਚੜਦੇ ਸੂਰਜ ਦੇ ਪੁਜਾਰੀ ਹੁੰਦੇ ਹਨ। "ਜਿਸ ਦਾ ਰਾਜ ਉਸਦਾ ਤ੍ਰੇਜ" ਦੀ ਅਖਾਉਤ ਭੀ ਇਹੋ ਪਰਗਟ ਕਰਦੀ ਹੈ ਕਿ ਜਦ ਕਿਸੇ ਕੌਮ ਦੇ ਹਥ ਵਿਚ ਰਾਜਸੀ ਤਾਕਤ ਆ ਜਾਂਦੀ ਹੈ ਤਾਂ ਕਮਜ਼ੋਰ ਈਮਾਨ ਵਾਲੇ ਲੋਕ ਉਸ ਕੌਮ ਵਿਚ ਸ਼ਾਮਲ ਹੋ ਜਾਂਦੇ ਹਨ। ਸਿਖ ਰਾਜ ਦੇ ਸਮੇਂ ਵਿਚੋਂ ਸਿਖ ਫੌਜਾਂ ਧੰਨੀ, ਪੋਠੋਹਾਰ, ਸੂਬਾ ਸਰਹਦ ਤੇ ਕਸ਼ਮੀਰ ਦੀਆਂ ਵਾਦੀਆਂ ਨੂੰ ਫਤਹਿ ਕਰਕੇ ਸਿਖ ਰਾਜ ਨਾਲ ਮਿਲਾ ਰਹੀਆਂ ਸਨ ਤਾਂ ਇਨ੍ਹਾਂ ਇਲਾਕਿਆਂ ਵਿਚ ਸਿਖੀ ਦਾ ਕਾਫੀ ਪਰਚਾਰ ਹੋਇਆ। ਪੁਰਾਤਨ ਸਿਖ ਨਿਰੇ ਜੋਧੇ ਨਹੀਂ ਹੁੰਦੇ ਸਨ। ਉਨ੍ਹਾਂ ਵਿਚੋਂ ਕਈ ਧਰਮ ਪਰਚਾਰ ਦੇ ਪ੍ਰੇਮੀ ਘੋੜੇ ਦੇ ਹੰਨੇ ਨਾਲ ਖੰਡਾ ਬਾਟਾ ਬੰਨ੍ਹ ਕੇ ਰਖਿਆ ਕਰਦੇ ਸਨ।

ਵਦਦੀ ਕਲਾ ਤੋਂ ਪਿਛੋਂ ਢਿਹੰਦੀ ਕਲਾ ਦਾ ਸਮਾਂ ਜ਼ਰੂਰ ਆਉਂਦਾ ਹੈ ਜਿਵੇਂ ਦਿਨ ਤੋਂ ਪਿਛੋਂ ਰਾਤ ਆਉਂਦੀ ਹੈ। ਸਿਖ ਰਾਜ ਦਾ ਸੂਰਜ ਕਿਸ ਸਮੇਂ ਸਿਖਰ ਪਰ ਸੀ ਪਰੰਤੂ ਜਦੋਂ ਉਹ ਢਲਣਾ ਸ਼ੁਰੂ ਹੋਇਆ ਤਾਂ ਸਾਧਾਰਨ ਜੰਤਾ ਵਿਚ ਨਿਰਾਸਤਾ ਖਿਲਰ ਗਈ। ਹਰ ਪਾਸੇ ਪਸਰੀ ਹੋਈ ਨਿਰਾਸਤਾ ਦੇ ਅੰਧਕਾਰ ਵਿਚੋਂ ਸਿਖ ਪੰਥ ਨੂੰ ਕਢਣ ਲਈ ਇਕ ਨਵੀਂ ਲਹਿਰ ਪਰਗਟ ਹੋਈ। ਇਸ ਲਹਿਰ ਦਾ ਨਾਮ ਨਿਰੰਕਾਰੀ ਲਹਿਰ ਸੀ। ਇਸਦਾ ਮਨੋਰਥ ਸਿਖ ਕੌਮ ਨੂੰ ਇਹ ਦਸਣਾ ਸੀ ਕਿ ਕੋਈ ਭੀ ਕੌਮ ਆਪਣੀਆ ਅੰਦਰੂਨੀ ਕਮਜ਼ੋਰੀਆਂ ਤੋਂ ਬਿਨਾ ਗਿਰਾਵਟ ਵਲ ਨਹੀਂ ਜਾ ਸਕਦੀ। ਜਦ ਕਿਸੇ ਧਰਮ ਨੂੰ ਮੰਨਣ ਵਾਲਿਆਂ ਵਿਚੋਂ ਸ਼ੁਭ ਗੁਣ ਅਲੋਪ ਹੋ ਜਾਂਦੇ ਹਨ ਤੇ ਧਰਮ ਕੇਵਲ ਦਿਖਾਵੇ ਦਾ ਹੀ ਰਹਿ ਜਾਂਦਾ ਹੈ ਤਾਂ ਉਸ ਕੌਮ ਦਾ ਗਿਰਾਵਟ ਵਲ ਜਾਣਾ ਕੁਦਰਤੀ ਗਲ ਹੈ। ਜਦ ਸਿਖ ਰਾਜ ਟੁਕੜੇ ੨ ਹੋ ਰਿਹਾ ਸੀ ਤਾਂ ਕੁਝ ਗੰਭੀਰ ਵਿਚਾਰਵਾਨਾਂ ਨੇ ਇਸ ਗਲ ਪਰ ਵਿਚਾਰ ਕੀਤੀ ਕਿ ਇਤਨੀ ਛੇਤੀ ਸਿਖ ਰਾਜ ਦੀਆਂ ਅੰਤਮ ਨਿਸ਼ਾਨੀਆਂ ਕਿਉਂ ਪਰਗਟ ਹੋਣ ਲਗ ਪਈਆਂ। ਨਿਰੰਕਾਰੀ ਲਹਿਰ ਦੇ ਬਾਨੀ ਬਾਬਾ ਦਿਆਲ ਜੀ ਨੇ ਭੀ ਇਸ ਸਵਾਲ ਪਰ ਗੰਭੀਰਤਾ ਪੂਰਵਕ ਵਿਚਾਰ ਕੀਤੀ ਅਤੇ ਉਹ ਇਸ ਸਿਟੇ ਪਰ ਪੁਜੇ ਕਿ ਸਿਖਾਂ ਵਿਚੋਂ ਸੇਵਾ ਤੇ ਸਿਮਰਣ ਦਾ ਮਾਦਾ ਘਟ ਗਿਆ ਹੈ।

ਕੁਰਬਾਨੀ ਲਈ ਭਾਵੇਂ ਉਹ ਅਜੇ ਭੀ ਤਿਆਰ ਹਨ ਪ੍ਰੰਤੂ ਸੇਵਾ ਤੇ ਸਿਮਰਣ ਤੋਂ ਬਿਨਾਂ ਕੁਰਬਾਨੀ ਦਾ ਸੋਮਾ ਸੁਕ ਜਾਂਦਾ ਹੈ। ਇਸ ਖਿਆਲ ਨੂੰ ਸਾਹਮਣੇ ਰਖਕੇ ਬਾਬਾ ਦਿਆਲ ਜੀ ਨੇ ਨਿਰੰਕਾਰੀ ਲਹਿਰ ਦਾ ਮੁਢ ਬੰਨ੍ਹਿਆ। ਸੇਵਾ ਪੰਥੀਆਂ ਨੇ ਸੇਵਾ ਪਰ ਜ਼ੋਰ ਦਿਤਾ ਅਤੇ ਬਾਬਾ ਦਿਆਲ ਜੀ ਸਿਮਰਨ ਪਰ ਜ਼ੋਰ ਦਿੰਦੇ ਸਨ। ਇਸ ਲਈ ਜਿਹੜੇ ਪਰੇਮੀ ਆਪਦੇ ਅਸਰ ਹੇਠ ਆਇ ਉਨ੍ਹਾਂ ਦੀ ਅੱਲ ਨਿਰੰਕਾਰੀਏ ਪੈ ਗਈ।

ਨਿਰੰਕਾਰੀ ਲਹਿਰ ਦਾ ਵਿਸਥਾਰ ਸਹਿਤ ਇਤਹਾਸ ਲਿਖਿਆ ਜਾਵੇ ਤਾਂ ਇਕ ਵਖਰੀ ਪੁਸਤਕ ਬਣ ਸਕਦੀ ਹੈ। ਇਸ ਲਹਿਰ ਤੋਂ ਪ੍ਰਭਾਵਤ ਹੋਕੇ ਕਿਤਨੇ ਮਨੁਖਾਂ ਦਾ ਜੀਵਨ ਸਵਰਿਆ? ਅਤੇ ਕਿਤਨੇ ਮਹਾਤਮਾ ਪੈਦਾ ਹੋਏ? ਇਹ ਇਕ ਲੰਬੀ ਵਿਥਿਆ ਹੈ। ਬਾਬਾ ਦਿਆਲ ਜੀ ਦੇ ਉਤਪੰਨ

Digitized by Panjab Digital Library | www.panjabdigilib.org

ਹੋਣ ਦਾ ਸੰਖੇਪ ਇਤਹਾਸ ਇਸ ਪ੍ਰਕਾਰ ਹੈ। ਪਛੌਰ ਸ਼ਹਿਰ ਵਿਚ ਗੁਰੂ ਜੀ ਦੇ ਅਨਿੰਨ ਭਗਤ ਅਤੇ ਸਹਿਜਧਾਰੀ ਸਿਖ ਭਾਈ ਗੁਰ ਸਹਾਇ ਬਾਹਰੀ ਖਤਰੀ ਹੋਏ ਹਨ। ਇਹ ਗੁਰਬਾਣੀ ਦੇ ਰਸੀਏ ਤੇ ਸਿਖੀ ਸ਼ਮਾਂ ਦੇ ਪਰਵਾਨੇ ਸਨ। ਇਨ੍ਹਾਂ ਦੇ ਘਰ ਭਾਈ ਰਾਮ ਸਹਾਇ ਦਾ ਜਨਮ ਹੋਇਆ। ਇਹ ਭਾਈ ਸਾਹਿਬ ਆਪਣੇ ਪਿਤਾ ਵਾਂਗ ਹੀ ਗੁਰੂ ਘਰ ਦੇ ਪਰਮ ਸ਼ਰਧਾਲੂ ਤੇ ਇਸ ਇਲਾਕੇ ਵਿਚ ਗੁਰਸਿਖੀ ਦੇ ਤਕੜੇ ਪ੍ਰਚਾਰਕ ਸਨ। ਭਾਈ ਰਾਮ ਸਹਾਇ ਦਾ ਅਨੰਦ ਕਾਰਜ ਭਾਈ ਵਿਸਾਖਾ ਸਿੰਘ ਜੀ ਗੁਰੂ ਦਸ਼ਮੇਸ਼ ਦੇ ਖਜ਼ਾਨਚੀ ਦੀ ਸਪੁਤ੍ਰੀ ਬੀਬੀ ਲਡਿੱਕੀ ਨਾਲ ਹੋਇਆ। ਦੋ ਗੁਰਮੁਖ ਘਰਾਣਿਆਂ ਦਾ ਮੇਲ ਭੀ ਵਡੇ ਭਾਗੀ ਸੁਭਾਗ ਦੀ ਨਿਸ਼ਾਨੀ ਹੁੰਦਾ ਹੈ।

ਮਾਤਾ ਲਡਿੱਕੀ ਦੇ ਉਦਰ ਤੋਂ ਭਾਈ ਰਾਮ ਸਹਾਇ ਜੀ ਦੇ ਘਰ ੧੫ ਵੈਸਾਖ ਸੰ; ੧੮੪੦ ਬਿ: ਵਿਚ ਭਾਈ ਦਿਆਲ ਜੀ ਦਾ ਜਨਮ ਹੋਇਆ। ਤੇਹ ਸਾਲ ਦੀ ਉਮਰ ਵਿਚ ਭਾਈ ਦਿਆਲ ਜੀ ਦੀ ਮਾਤਾ ਅਕਾਲ ਚਲਾਣਾ ਕਰ ਗਈ! ਭਾਈ ਦਿਆਲ ਜੀ ਅਪਣੇ ਮਾਮੇ ਭਾਈ ਮਿਲਖ ਸਿੰਘ ਜੀ ਦੇ ਪਾਸ ਰਾਵਲਪਿੰਡੀ ਵਿਚ ਆਕੇ ਰਹਿਣ ਲਗੇ। ਆਪ ਦੇ ਮਾਮਾ ਜੀ ਧਾਰਮਕ ਰੁਚੀਆਂ ਵਾਲੇ ਬਜ਼ੁਰਗ ਸਨ। ਉਨ੍ਹਾਂ ਨੇ ਭਾਈ ਦਿਆਲ ਜੀ ਨੂੰ ਇਹ ਉਪਦੇਸ਼ ਦਿਤਾ ਕਿ ਦੁਨੀਆਂ ਵਿਚ ਮਨਖ ਦੇ ਆਉਣ ਦਾ ਮਨੋਰਥ 'ਆਪ ਜਪਹਿ ਅਵਰਹਿ ਨਾਮ ਜਪਾਵੈ" ਹੀ ਹੈ। ਇਸ ਕਰਕੇ ਤੁਹਾਨੂੰ ਹੋਰ ਸਭ ਧੰਧੇ ਛਡਕੇ ਧਰਮ ਪਰਚਾਰ ਕਰਨਾ ਚਾਹੀਦਾ ਹੈ। ਇਸ ਉਪਦੇਸ਼ ਦਾ ਅ ਰ ਸੋਨੇ ਪਰ ਸੁਹਾਗੇ ਵਾਂਗ ਹੋਇਆ। ਭਾਈ ਦਿਆਲ ਜੀ ਨੇ ਬੜੀ ਸਫਲਤਾ ਨਾਲ ਧਰਮ ਪਰਚਾਰ ਦਾ ਬੀੜਾ ਉਠਾਇਆ ਅਤੇ ਆਪ ਦੇ ਪਰਚਾਰ ਦਾ ਇਹ ਅਸਰ ਹੋਇਆ ਕਿ ਧੰਨੀ ਪੋਠੋਹਾਰ ਵਿਚ ਸਿਮਰਨ ਦੀ ਇਕ ਅਜੇਹੀ ਲਹਿਰ ਚਲ ਪਈ ਜੋ ਅਗੇ ਚਲਕੇ ਪੰਥ ਵਿਚ ਚਲਣ ਵਾਲੀਆਂ ਹੋਰ ਧਾਰਮਕ ਲਹਿਰਾਂ ਦੀ ਅਧਾਰ ਸ਼ਿਲਾ ਸਾਬਤ ਹੋਈ। ਇਸ ਲਹਿਰ ਦੇ ਪਰਚਾਰਾਂ ਤੋਂ ਪ੍ਰਭਾਵਤ ਹੋਕੇ ਹੀ ਨਾਮਧਾਰੀ ਲਹਿਰ ਪਰਗਟ ਹੋਈ ਤੇ ਪਿਛੋਂ ਦੂਜੀਆਂ ਲਹਿਰਾਂ ਪੈਦਾ ਹੋਈਆਂ। ਬਾਬਾ ਦਿਆਲ ਜੀ ਗ੍ਰਿਹਸਤੀ ਸਨ। ਆਪ ਜੀ ਦੀ ਸ਼ਾਦੀ ਭੇਰੇ ਵਿਚ ਮੂਲਾਂ ਦੇਵੀ ਨਾਲ ਹੋਈ ਜਿਨ੍ਹਾਂ ਦੀ ਕੁਖ ਤੋਂ ਤਿੰਨ ਸਪੁਤ੍ਰ ਦਰਬਾਰਾ ਸਿੰਘ, ਭਾਗ ਸਿੰਘ ਤੇ ਰੱਤਾ ਜੀ ਪੈਦਾ ਹੋਏ।

ਬਾਬਾ ਦਿਆਲ ਜੀ ਜਦ ਬਹੁਤ ਉਚੀ ਅਵਸਥਾ ਵਿਚ ਪਹੁੰਚ ਗਏ ਤਾਂ ਆਪ ਜੀ ਨੇ ਕਿਹਾ —

"ਧੰਨ ਨਿਰੰਕਾਰ ਦੇਹ ਧਾਰੀ ਸਭ ਖ਼ੁਆਰ"

ਇਸ ਤੋਂ ਆਪ ਜੀ ਦਾ ਭਾਵ ਇਹ ਸੀ ਕਿ ਜੇਹੜੇ ਦੇਹ ਧਾਰੀ ਗੁਰੂ ਬਣਦੇ ਹਨ ਜਾਂ ਜੋ ਉਨ੍ਹਾਂ ਨੂੰ ਗੁਰੂ ਮੰਨਦੇ ਹਨ ਉਹ ਸਭ ਖੁਆਰ ਹੋਣਗੇ। ਉਸ ਸਮੇਂ ਇਸ ਇਲਾਕੇ ਵਿਚ ਸੋਢੀਆਂ, ਬੇਦੀਆਂ ਦੀ ਬਹੁਤ ਮਾਨਤਾ ਹੁੰਦੀ ਸੀ ਇਸ ਕਰਕੇ ਉਨ੍ਹਾਂ ਨੇ ਲੋਕਾਂ ਨੂੰ ਭੜਕਾਇਆ ਕਿ ਬਾਬਾ ਦਿਆਲ ਜੀ ਤੁਹਾਨੂੰ ਕੁਰਾਹੇ ਪਾ ਰਹੇ ਹਨ ਤੇ ਸਨਾਤਨ ਧਰਮ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਇਸ ਦਾ ਇਹ ਅਸਰ ਹੋਇਆ ਕਿ ਬਰਾਦਰੀ ਨੇ ਆਪ ਨੂੰ ਛੇਕ ਦਿੱਤਾ ਅਤੇ ਵਰਤੋਂ ਵਿਹਾਰ ਬੰਦ ਕਰ ਦਿੱਤਾ। ਆਪ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਆਪਣਾ ਅਲੱਗ ਅਸਥਾਨ ਬਣਾ ਕੇ ਰਹਿਣ ਲਗ ਪਏ। ਬਾਬਾ ਦਿਆਲ ਜੀ ਸੰਗਤ ਦੀਆਂ ਜੁਤੀਆਂ ਧੋਕੇ ਘੜਿਆਂ ਵਿਚ ਪਾਇਆ ਕਰਦੇ

Digitized by Panjab Digital Library | www.panjabdigilib.org

ਸਨ। ਇਸ ਗੱਲ ਨੂੰ ਭੀ ਬਰਾਦਰੀ ਵਾਲਿਆਂ ਨੇ ਬੁਰਾ ਮਨਾਇਆ ਤੇ ਕਹਿਣ ਲਗੇ ਕਿ ਆਪ ਨੇ ਧਰਮ ਭ੍ਰਿਸ਼ਟ ਕਰਨ ਦਾ ਇਹ ਉਲਟੀ ਚਾਲਾ ਕਿਉਂ ਫੜਿਆ ਹੈ।

ਬਾਬਾ ਜੀ ਨੇ ਕਿਹਾ : ਮੈਂ ਗੁਰੂ ਸਾਹਿਬ ਜੀ ਦੀ ਬਾਣੀ ਅਨੁਸਾਰ ਅਮਲ ਕਰਦਾ ਹਾਂ। ਬਾਬਾ ਜੀ ਦੇ ਉਪਦੇਸ਼ ਦਾ ਹੌਲੀ੨ ਇਹ ਅਸਰ ਹੋਇਆ ਕਿ ਲੋਕ ਦੇਵੀ ਦੇਵਤਿਆਂ ਦੀ ਪੂਜਾ ਛਡਕੇ ਇਕ ਅਕਾਲ ਦੀ ਪੂਜਾ ਕਰਨ ਲਗੇ। ਬਾਬਾ ਦਿਆਲ ਜੀ ਗੁਰਮਤਿ ਦੇ ਬਹੁਤ ਵਡੇ ਪ੍ਰਚਾਰਕ ਸਨ। ਅਤੇ ਇਹ ਦਾਤ ਆਪਜੀ ਨੂੰ ਆਪ ਦੀ ਮਾਤਾ ਲਛਿੱਕੀ ਜੋ ਪਾਸੋਂ ਪ੍ਰਾਪਤ ਹੋਈ ਸੀ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿਚ ਸ੍ਰੀ ਅਨੰਦਪੁਰ ਰਹਿੰਦੇ ਵਿਦਿਆ ਪੜ੍ਹਦੀ ਰਹੀ ਸੀ।

ਬਾਬਾ ਦਿਆਲ ਜੀ ਦੇ ਪ੍ਰਚਾਰ ਦਾ ਦਾਇਰਾ ਧੰਨੀ ਪੋਠੋਹਾਰ ਤੱਕ ਹੀ ਮਹਿਦੂਦ ਰਿਹਾ ਇਸ ਕਰਕੇ ਇਹ ਲਹਿਰ ਸਾਰੇ ਪੰਜਾਬ ਵਿਚ ਨਾ ਫੈਲ ਸਕੀ। ਇਸ ਲਹਿਰ ਦਾ ਅਸਰ ਇਹ ਹੋਇਆ ਕਿ ਸਿੱਖਾਂ ਵਿਚ ਸਿਮਰਨ ਦੀ ਰੁਚੀ ਨਵੇਂ ਸਿਰੇ ਪੈਦਾ ਹੋ ਗਈ ਤੇ ਥਾਂ ਥਾਂ ਗੁਰਦੁਆਰੇ ਬਣਾਕੇ ਸਿੱਖਾਂ ਨੇ ਭਗਤੀ ਦੇ ਰੁਕੇ ਪਏ ਪ੍ਰਵਾਹ ਨੂੰ ਹੋਰ ਅੱਗੇ ਤੋਰਿਆ। ਸਿੱਖੀ ਦਾ ਅਰੰਭ ਸੀ ਮਰਨ ਕੀਰਤਨ, ਤੇ ਮਰਦਾਨੇ ਦੇ ਰਬਾਬ ਦੀਆਂ ਮਿਠੀਆਂ ਸੁਰਾਂ ਤੋਂ ਹੋਇਆ ਸੀ। ਜਿਵੇਂ ਉਗਦੇ ਦਰਖਤ ਦੇ ਪਤੇ ਅਤਿ ਕੋਮਲ ਹੁੰਦੇ ਹਨ। ਪਰ ਵਡਾ ਹੋਕੇ ਉਹੀ ਦਰਖਤ ਮੀਹਾਂ ਤੇ ਝੱਖੜਾਂ ਵਿਚ ਨਹੀਂ ਡੋਲਦਾ। ਇਸੇ ਤ੍ਰਾਂ ਸਿਖੀ ਦਾ ਪੌਦਾ ਭੀ ਗੁਰੂ ਨਾਨਕ ਦੇ ਸਮੇਂ ਵਿਚ ਬਹੁਤ ਨਾਜ਼ਕ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਉਹ ਜ਼ੁਲਮ ਦੇ ਵਡੇ ਤੋਂ ਵਡੇ ਝਖੜ ਦਾ ਮੁਕਾਬਲਾ ਕਰਨ ਦੇ ਯੋਗ ਹੋ ਗਿਆ। ਜਿਵੇਂ ਦਰਖਤ ਨੂੰ ਵਧਣ ਫੁਲਣ ਲਈ ਪਾਣੀ ਦੀ ਲੋੜ ਹੈ। ਇਸੇ ਤ੍ਰਾਂ ਸਿੱਖੀ ਨੂੰ ਵਧਣ ਫੁਲਣ ਲਈ ਸਿਮਰਨ ਦੀ ਲੋੜ ਹੈ। ਬਾਬਾ ਦਿਆਲ ਜੀ ਇਸ ਹਕੀਕਤ ਨੂੰ ਚੰਗੀ ਤ੍ਰਾਂ ਅਨੁਭਵ ਕਰਦੇ ਸਨ। ਇਸ ਕਰਕੇ ਉਨ੍ਹਾਂ ਨੇ ਇਸ ਗੱਲ ਦਾ ਬਹੁਤ ਜ਼ਿਆਦਾ ਪ੍ਰਚਾਰ ਕੀਤਾ। ਕਿ ਜੇ ਸਿੱਖੀ ਨੂੰ ਵਿਰੋਧੀ ਝਖੜ ਤੋਂ ਬਚਾਉਣਾ ਹੈ ਤਾਂ ਸਿੱਖਾਂ ਨੂੰ ਸਿਮਰਨ ਦਾ ਆਸਰਾ ਲੈਣਾ ਚਾਹੀਦਾ ਹੈ।

ਬਾਬਾ ਦਿਆਲ ਜੀ ਮੂਰਤੀ ਪੂਜਾ ਦੇ ਕਟਰ ਵਿਰੋਧੀ ਸਨ। ਉਨ੍ਹਾਂ ਨੇ ਬਹੁਤ ਸਾਰੇ ਧਾਰਮਕ ਅਸਥਾਨਾਂ ਵਿਚੋਂ ਮੂਰਤੀ ਪੂਜਾ ਬੰਦ ਕਰਾਕੇ ਇਕ ਨਿਰੰਕਾਰ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਇਸ ਦਾ ਉਸ ਸਮੇਂ ਦੇ ਸਿੱਖਾਂ ਪਰ ਹੀ ਨਹੀਂ, ਹਿੰਦੂਆਂ ਪਰ ਭੀ ਬਹੁਤ ਅਸਰ ਹੋਇਆ ਅਤੇ ਆਪਦੇ ਪ੍ਰਚਾਰਕ ਦਾ ਸਦਕਾ ਬਹੁਤ ਸਾਰੇ ਹਿੰਦੂਆਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਸਹੀ ਅਰਥਾਂ ਵਿਚ ਗੁਰਮੁਖ ਗੁਰ ਸਿੱਖ ਸਨ ਤੇ ਆਪ ਜੀ ਦੀ ਕਥਨੀ ਤੇ ਕਰਣੀ ਵਿਚ ਫਰਕ ਨਾ ਹੋਣ ਕਰਕੇ ਆਪ ਜੀ ਦੇ ਪ੍ਰਚਾਰ ਦਾ ਸਰੋਤਿਆਂ ਪਰ ਬਹੁਤ ਹੀ ਅਸਰ ਹੁੰਦਾ ਸੀ।

ਬਾਬਾ ਦਿਆਲ ਜੀ ਦਾ ਚਲਾਣਾ ੧੮ ਮਾਘ ਸੰਮਤ ੧੯੧੧ ਬਿ: ਨੂੰ ਰਾਵਲਪਿੰਡੀ ਸ਼ਹਿਰ ਵਿਚ ਹੋਇਆ। ਇਥੇ ਆਪ ਜੀ ਦਾ ਬਣਾਇਆ ਹੋਇਆ ਸ਼ਾਨਦਾਰ ਗੁਰ ਅਸਥਾਨ ਹੈ ਜਿਸ ਦੀ ਨਿਰੰਕਾਰੀ ਸੰਪਰਦਾ ਬੜੀ ਸ਼ਰਧਾ ਭਾਵਨਾ ਨਾਲ ਯਾਤਰਾ ਕਰਿਆ ਕਰਦੀ ਸੀ। ਜਿਸ ਵੇਲੇ ਭਾਰਤ ਦੇਸ਼ ਦੇ ਟੁਕੜੇ ਹੋਏ ਤਾਂ ਨਿਰੰਕਾਰੀ ਸੰਪਰਦਾ ਦਾ ਇਹ ਕੇਂਦਰੀ ਗੁਰ ਅਸਥਾਨ ਭੀ ਪਾਕਿਸਤਾਨ ਵਿਚ ਚਲਿਆ ਗਿਆ। ਪਾਕਿਸਤਾਨ ਬਣਨ ਤੋਂ ਪਿਛੋਂ ਭੀ ਨਿਰੰਕਾਰੀ ਵੀਰ ਆਪਣੇ ਕੇਂਦਰੀ ਅਸਥਾਨ ਦੀ ਯਾਤਰਾ ਕਰਨ ਲਈ ਜਾਂਦੇ ਰਹੇ ਹਨ।

Digitized by Panjab Digital Library | www.panjabdigilib.org

ਅੰਤ ਵਿਚ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਬਾਬਾ ਦਿਆਲ ਜੀ ਕੋਈ ਵਖਰਾ ਪੰਥ ਨਹੀਂ ਸੀ ਚਲਾਣਾ ਚਾਹੁੰਦੇ। ਉਨ੍ਹਾਂ ਦਾ ਗੁਰਮਤਿ ਪਰ ਅਟੱਲ ਭਰੋਸਾ ਸੀ ਪ੍ਰੰਤੂ ਆਪ ਦੀ ਸ਼ਖਸੀਅਤ ਨਾਲ ਪਿਆਰ ਕਰਨ ਵਾਲੇ ਲੋਕਾਂ ਦੀ ਇਕ ਵੱਖਰੀ ਅੱਲ ਨਿਰੰਕਾਰੀਏ ਪੈ ਗਈ ਜਿਸ ਕਰਕੇ ਇਤਿਹਾਸ ਤੋਂ ਅਣਜਾਣ ਸਜਨਾਂ ਨੂੰ ਇਹ ਭੁਲੇਖਾ ਲੱਗ ਜਾਂਦਾ ਹੈ ਕਿ ਨਿਰੰਕਾਰੀ ਸੰਪਰਦਾਇ ਦਾ ਸਿੱਖੀ ਨਾਲ ਕੋਈ ਵਿਰੋਧ ਨਹੀਂ ਹੈ ਜਾਂ ਇਸ ਸੰਪਰਦਾਇ ਵਿਚ ਸਿੱਖੀ ਨਾਲੋਂ ਕੋਈ ਭਿੰਨਤਾ ਹੈ। ਸਿੱਖਾਂ ਵਿਚ ਬਹੁਤ ਸਾਰੇ ਮਹਾਂ ਪੁਰਖ ਹੋਏ ਹਨ ਜਿਨ੍ਹਾਂ ਦਾ ਉਨ੍ਹਾਂ ਦੀਆਂ ਉਜਲਕਰਣੀਆਂ ਕਰਕੇ ਆਦਰ ਕੀਤਾ ਜਾਂਦਾ ਹੈ ਇਹ ਸਿਖੀ ਦੀ ਵਿਸ਼ੇਸ਼ਤਾ ਹੈ ਔਗਣ ਨਹੀਂ। ਜਿਵੇਂ ਇਕ ਮਾਤਾ ਪਿਤਾ ਦੇ ਪੁਤਰਾਂ ਦੇ ਨਾਮ ਵੱਖ ਵੱਖ ਹੁੰਦੇ ਹਨ, ਪਰ ਉਹ ਸੰਤਾਨ ਇਕ ਦੀ ਹੀ ਹੁੰਦੇ ਹਨ ਇਸੇ ਤਰਾਂ ਸਿਖਾਂ ਦੀਆਂ ਸੰਪ੍ਰਦਾਵਾਂ ਸਭ ਗੁਰੂ ਨਾਨਕ ਸਾਹਿਬ ਦੇ ਮਤਿ ਦੀਆਂ ਹੀ ਸਫਲ ਸ਼ਾਖਾਂ ਹਨ ਅਤੇ ਸਭ ਦਾ ਕੇਂਦਰ ਇਕੋ ਹੈ।

ਨਿਰੰਕਾਰੀ ਲਹਿਰ ਨੇ ਸਮੁਚੇ ਤੌਰ ਪਰ ਸਿਖੀ ਦਾ ਪ੍ਰਚਾਰ ਕਰਨ ਵਿਚ ਜੋ ਸ਼ਾਨਦਾਰ ਹਿਸਾ ਪਾਇਆ ਹੈ ਇਤਹਾਸ ਦੇ ਵਿਦਿਆਰਥੀ ਉਸ ਨੂੰ ਅਖੋਂ ਉਹਲੇ ਨਹੀਂ ਕਰ ਸਕਦੇ। ਚਾਹੀਦਾ ਤਾਂ ਇਹ ਹੈ ਕਿ ਸਾਰੀਆਂ ਸਿਖ ਸੰਪ੍ਰਦਾਵਾਂ ਦਾ ਇਤਿਹਾਸ ਪੂਰੀ ਪੂਰੀ ਖੋਜ ਨਾਲ ਵਿਸਥਾਰ ਸਹਿਤ ਲਿਖਿਆ ਜਾਵੇ ਪ੍ਰੰਤੂ ਕਈ ਕਾਰਨਾ ਕਰਕੇ ਸਿੱਖ ਪੰਥ ਵਿਚ ਚਲੀ ਇਸ ਸਭ ਤੋਂ ਪਹਿਲੀ ਧਾਰਮਕ ਲਹਿਰ ਦਾ ਇਤਹਾਸ ਬਹੁਤ ਹੀ ਸੰਖੇਪ ਲਿਖਣਾ ਪਿਆ।

Digitized by Panjab Digital Library | www.panjabdigilib.org

# ਨਾਮਧਾਰੀ ਲਹਿਰ

ਨਾਮਧਾਰੀ ਲਹਿਰ ਦੇ ਬਾਨੀ ਪ੍ਰੇਮ ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ ਦਾ ਜਨਮ ਜਸਾ ਸਿੰਘ (ਰਾਮਗੜ੍ਹੀਏ) ਦੇ ਘਰ ਮਾਤਾ ਸਦਾ ਕੌਰ ਦੀ ਸੁਭਾਗੀ ਕੁਖੋਂ ਪਿੰਡ ਲਲਤੋਂ ਵਡੀ (ਜ਼ਿਲਾ ਲੁਧਿਆਣਾ) ੧੩ ਮਾਘ ੧੮੭੨ ਬਿ: ਵਿਚ ਬਸੰਤ ਪੰਚਮੀ ਵਾਲੇ ਦਿਨ ਹੋਇਆ। ਆਪ ਜੀ ਦੇ ਮਾਤਾ ਪਿਤਾ ਪਿੰਡੋਂ ਕੰਮ ਕਾਰ ਦੇ ਸਬੰਧ ਵਿਚ ਭੈਣੀ ਸਾਲੋ ਵਰਤਮਾਨ ਭੈਣੀ ਕੂਕਾ ਵਿਖੇ ਜਾ ਰਹੇ ਹਨ।

ਵਿਦਿਆ : ਬਚਪਨ ਵਿਚ ਆਪ ਜੀ ਨੇ ਕੇਵਲ ਗੁਰਮੁਖੀ ਵਿਦਿਆ ਪੜ੍ਹੀ ਅਤੇ ਆਪਣੀ ਖਾਨਦਾਨੀ ਕ੍ਰਿਤ (ਦਸਤਕਾਰੀ) ਵਿਚ ਨਿਪੁੰਨਤਾ ਪ੍ਰਾਪਤ ਕੀਤੀ। ਆਪ ਜੀ ਤੋਂ ਵਡੀ ਭੈਣ ਬੀਬੀ ਸਾਹਿਬ ਕੌਰ ਪਿੰਡ ਰਾਇਪੁਰ ਦੇ ਸ: ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਸ: ਕਾਬਲ ਸਿੰਘ ਜੀ ਕੰਵਰ ਨੌਨਿਹਾਲ ਸਿੰਘ ਜੀ ਦੀ ਫੌਜ ਵਿਚ ਤੋਪਦਾਰ, (ਗੋਲਮਦਾਜ਼) ਸਨ। ਇਸ ਕਰਕੇ ਆਪ ਬਾਬਾ ਰਾਮ ਸਿੰਘ ਜੀ ਨੂੰ ਪ੍ਰੇਰਨਾ ਕਰਕੇ ਨਾਲ ਲੈ ਗਏ ਤੇ ਤੋਪਖਾਨੇ ਵਿਚ ਨੌਕਰ ਕਰਾ ਦਿਤੇ। ਹੁਣ ਜੋ ਤਨਖਾਹ ਤਰਿਆ ਕਰੇ ਉਹ ਗਰੀਬਾਂ ਆਜਜ਼ਾਂ ਨੂੰ ਵੰਡ ਛਡਿਆ ਕਰਨ ਤੇ ਸੁਾਸ ਸੁਾਸ ਭਜਨ ਸਿਮਰਨ ਕਰਿਆ ਤੇ ਸੰਗੀਆਂ ਤੋਂ ਕਰਾਇਆ ਕਰਨ ਜਿਸ ਕਰਕੇ ਆਪ ਜੀ ਨੂੰ ਸਾਰੇ ਭਾਈ ਜੀ ਕਹਿਕੇ ਅਦਬ ਨਾਲ ਬੁਲਾਇਆ ਕਰਨ।

## ਬਾਬਾ ਬਾਲਕ ਸਿੰਘ ਜੀ ਦਾ ਮਿਲਾਪ*

ਸੰਮਤ ੧੮੯੮ ਵਿਚ ਆਪ ਜੀ ਦੀ ਪਲਟਨ ਕਿਸੇ ਸਰਕਾਰੀ ਕਾਰਜ ਵਸ ਹਜਰੋਂ ਗਈ ਹੋਈ ਸੀ। ਆਪ ਜੀ ਨੇ ਉਥੇ ਜਾ ਕੇ ਬਾਬਾ ਬਾਲਕ ਸਿੰਘ ਜੀ ਦੇ ਨਾਮ ਦੀ ਸੋਇ ਸੁਣਕੇ ਬਹੁਤ ਸਾਰੇ ਸਾਥੀਆਂ ਸਮੇਤ ਸ੍ਰੀ ਮਾਨ ਬਾਬਾ ਜੀ ਦੇ ਦਰਸ਼ਨਾਂ ਨੂੰ ਗਏ, ਤਾਂ ਅਗੋਂ ਬਾਬਾ ਜੀ ਆਪ ਦੇ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਸਾਰੇ ਸੰਗੀਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰੇਮ ਨਾਲ ਨਮਸਕਾਰ ਕਰਕੇ ਫਤ੍ਹੇ ਬੁਲਾ ਕੇ ਬੈਠ ਗਏ ਅਤੇ ਅਰਜ ਕੀਤੀ ਕਿ ਆਪ ਜੀ ਦਾ ਜਸ ਸੁਣ ਕੇ ਆਏ ਹਾਂ। ਸੋ ਭਜਨ ਦੇ ਕੇ ਨਿਹਾਲ ਕਰਾਉ। ਤਾਂ ਸ੍ਰੀ ਮਾਨ ਬਾਬਾ ਜੀ ਨੂੰ ਅਤੇ ਆਪ ਦੇ ਸਾਥੀਆਂ ਨੂੰ ਭਜਨ ਦਸਿਆ।

---

*ਸ੍ਰੀ ਮਾਨ ਬਾਬਾ ਬਾਲਕ ਸਿੰਘ ਜੀ ਦਾ ਪ੍ਰਗਟ ਹੋਣਾ ਸੰਨ ੧੮੫੬ ਬਿ:। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜੋਤੀ ਜੋਤ ਸਮਾਇ ਸੰਨ ੧੭੬੫ ਬਿ: ਵਿਚ। ਆਪੋ ਵਿਚ ੯੧ਵੇਂ ਸਾਲ ਦਾ ਫਰਕ ਹੈ।

ਨਾਮਧਾਰੀ ਸਿਧ ਕਰਦੇ ਹਨ ਕਿ ਸ੍ਰੀ ਗੁਰੂ ਦਸਮੇਸ਼ ਜੀ ਸਚ ਖੰਡ ਪਧਾਰਨ ਸਮੇਂ ਸ੍ਰੀ ਮਾਨ ਬਾਬਾ ਬਾਲਕ ਸਿੰਘ ਜੀ ੧੧ਵੀਂ ਪਾਤਸ਼ਾਹੀ ਥਾਪ ਕੇ ਗਏ। (ਦੇਖੋ ਬਸੰਤ ਨੰਬਰ ਸਤਿਜੁਗ ਸਫਾ ੧੬)

Digitized by Panjab Digital Library | www.panjabdigilib.org

ਹੁਣ ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਕਈ ਕੁ ਕਾਰਨਾਂ ਕਰਕੇ ਨੌਕਰੀ ਛਡ ਕੇ ਆਪ ਨੇ ਧਰਮ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ ਅਤੇ ਇਹ ਨਿਯਮ ਬਣਾਏ:—

ਕ੍ਰਿਤ ਕਮਾਈ ਕਰਕੇ ਪ੍ਰਸ਼ਾਦਾ ਛਕਣਾ ਚਾਹੀਦਾ ਹੈ। ਪੁਜਾਰੀਆਂ ਦੇ ਆਪ ਸਖਤ ਵਿਰੁਧ ਸਨ ਅਤੇ ਪੂਜਾ ਦਾ ਧਾਨ ਖਾਣ ਨੂੰ ਚੰਗਾ ਨਹੀਂ ਸੀ ਸਮਝਦੇ, ਭਾਵੇਂ ਆਪ ਦੇ ਸ਼ਰਧਾਲੂਆਂ ਦਾ ਘੇਰਾ ਦਿਨੋ ਦਿਨ ਚੌੜਾ ਹੁੰਦਾ ਜਾ ਰਿਹਾ ਸੀ ਪ੍ਰੰਤੂ ਆਪ ਨੇ ਆਪਣੇ ਗੁਜ਼ਾਰੇ ਲਈ ਭੈਣੀ ਵਿਚ ਕਪੜੇ ਤੇ ਲੋਹੇ ਦੀ ਦੁਕਾਨ ਚਲਾਈ ਤੇ ਦਾਨ ਦੇ ਪੈਸ ਵਿਚੋਂ ਨਹੀਂ ਸੀ ਗ੍ਰਹਿਣ ਕਰਦੇ ਹੁੰਦੇ।

ਆਪ ਨੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਇਆ ਅਤੇ ਕੁਝ ਸਿੱਖ ਰਸਮੋ ਰਵਾਜ ਤੇ ਹਿੰਦੂ ਰੀਤੀ ਅਨੁਸਾਰ ਕਰਨ ਪਰ ਜ਼ੋਰ ਦਿਤਾ ਅਤੇ ਹੇਠ ਲਿਖੇ ਨਿਯਮ ਮਰਯਾਦਾ ਪਰਚਾਰ ਕਰਦੇ ਹੁੰਦੇ ਸਨ।

੧. ਚੋਰੀ, ਯਾਰੀ, ਨਿੰਦਿਆ ਨਹੀਂ ਕਰਨੀ।
੨. ਜ਼ੋਰ ਜ਼ੁਲਮ ਨਹੀਂ ਕਰਨਾ।
੩. ਸ਼ਰਾਬ, ਮਾਸ, ਹੁੱਕਾ, ਗਾਂਜਾ ਨਹੀਂ ਵਰਤਣਾ।
੪. ਪਰਾਇਆ ਹੱਕ ਸੁਆਰਥ ਤੇ ਗਾਇ ਵੱਤ ਸਮਝਕੇ ਤਿਆਗਣਾ।
੫. ਇਸ਼ਨਾਨ ਸਣੇ ਕੇਸੀ ਕਰਨਾ ਨਾਮ ਦਾਨ ਦੇਣਾ।
੬. ਪੰਜ ਕਕਾਰ ਧਾਰਨ ਕਰਨੇ।
੭. ਮਦਾਨ (ਜੰਗਲ ਦਿਸ਼ਾ) ਬਸਤ੍ਰ ਲਾਹ ਕੇ ਜਾਣਾ ਤੇ ਆ ਕੇ ਇਸ਼ਨਾਨ ਕਰਨਾ।
੮. ਪੁਨਰ ਵਿਆਹ ਦਾ ਪ੍ਰਚਾਰ ਕਰਨਾ।
੯. ਲੜਕੀ ੧੫ ਸਾਲ ਤੋਂ ਘਟ ਉਮਰ ਵਿਚ ਨਹੀਂ ਵਿਆਹੁਣੀ।
੧੦. ਵਦੇਸੀਆਂ ਦੀ ਨੌਕਰੀ ਨਹੀਂ ਕਰਨੀ, ਵਦੇਸੀ ਅਦਾਲਤਾਂ ਵਿਚ ਨਹੀਂ ਜਾਣਾ, ਤੇ ਅੰਗਰਜ਼ੀ ਸਕੂਲਾਂ ਵਿਚ ਨਹੀਂ ਪੜ੍ਹਨਾ।
੧੧. ਬਸਤ੍ਰ ਖਦਰ ਤੇ ਸਫੈਦ ਪਹਿਨਣੇ।
੧੨. ਵਿਆਜ ਨਹੀਂ ਲੈਣਾ, ਵਹਿੜਕਾ ਖਸੀ ਨਹੀਂ ਕਰਾਉਣਾ।
੧੩. ਵਦੇਸੀ ਸਰਕਾਰ ਵਲੋਂ ਪ੍ਰਚਲਤ ਕੀਤੀਆਂ ਚੀਜ਼ਾਂ ਰੇਲ, ਡਾਕ, ਤਾਰ, ਆਦਿ ਦਾ ਬਾਈਕਾਟ।
੧੪. ਅੰਗਰੇਜ਼ੀ ਸਰਕਾਰ ਦੀ ਗੁਲਾਮੀ ਪ੍ਰਵਾਨ ਨਹੀਂ ਕਰਨੀ, ਆਪਣੇ ਫੈਸਲੇ ਪੰਥਕ ਅਦਾਲਤਾਂ ਵਿਚ ਕਰਨੇ।
੧੫. ਸਰਕਾਰੀ ਕਾਰਡ, ਲਿਫਾਫੇ ਬਲਕਿ ਡਾਕ ਰਾਹੀਂ ਨਾ ਪਾਓ। ਆਪ ਜੀ ਦੀ ਡਾਕ ਹਲਕਾਰੇ ਦੇ ਹਥੀਂ ਜਾਂਦੀ ਹੁੰਦੀ ਸੀ। ਪ੍ਰਚਾਰ ਕਰਨ ਤੇ ਸਰਕਾਰ ਨੂੰ ਸ਼ੱਕ ਹੋ ਗਈ ਕਿਉਂਕਿ ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਨੇ ਸਾਰੇ ਪੰਜਾਬ ਵਿਚ ਸਿਖੀ ਪ੍ਰਚਾਰ ਕਰਨ ਦਾ ਬੜਾ ਹੀ ਸੁਖੱਲਾ ਢੰਗ ਅਖਤਿਆਰ ਕੀਤਾ ਕਿ ਸਾਰੇ ਜ਼ਿਲਿਆਂ ਦੇ ਇਲਾਕੇ ਵਾਰ ਸੂਬੇ ਥਾਪ ਕੇ ਪ੍ਰਚਾਰ ਦਾ ਦੈਰਾ ਖੁਲਾ ਕਰ ਦਿਤਾ ਅਤੇ ਹੇਠ ਲਿਖੇ ਸੂਬੇ ਥਾਪੇ ਗਏ ਸਨ।

Digitized by Panjab Digital Library | www.panjabdigilib.org

| | |
|---|---|
| ਬਾਬਾ ਜਵਾਹਰ ਸਿੰਘ | ਬਾਬਾ ਬੁਧ ਸਿੰਘ |
| ,, ਸਾਹਿਬ ਸਿੰਘ | ,, ਲਖਾ ਸਿੰਘ |
| ,, ਰੂੜ ਸਿੰਘ ਬੁਮਾਲੀ ਪੁਰ | ,, ਸਰਮੁਖ ਸਿੰਘ ਲਲੂ ਵਾਲਾ |
| ,, ਜਮ ਤ ਸਿੰਘ ਗਿਲ | ,, ਗਿ ਾਨ ਸਿੰਘ ਮੰਡੀਵਡੀ |
| ,, ਮਾਨ ਸਿੰਘ ਸੈਦੋ | ,, ਭੁਗਵਾਨ ਸਿੰਅ ਫਤੇਵਾਲ |
| ,, ਜੋਤਾ ਸਿੰਘ ਢੇਪਈ | ,, ਮ ਲਾ ਸਿੰਘ ਦਮਦਮਾ ਸਾਹਿਬ |
| ,, ਰਾਜਾ ਸਿੰਘ ਤੂਾੜੀ | ,, ਹੁਕਮਾ ਸਿੰਘ ਪਿਥੋ |
| ,, ਮਲੂਕ ਸਿੰਘ ਭੂਲੇਵਾਲਾ | ,, ਖਜਾਣ ਸਿੰਘ ਲੁਧਿਆਣਾ |
| ,, ਨਰੈਣ ਸਿੰਘ ਖਟੜੇ | ,, ਸਮੁੰਦ ਸਿੰਘ ਖੋਟੇ |
| ,, ਪਹਾੜਾ ਸਿੰਘ ਮਲੌਦ | |

ਖੁਸ਼ਾਲ ਸਿੰਘ ਬਰਾਜ਼ ਅਦਿਕਾਂ ਨੂੰ ਸੂਬੇ ਥਾਪਕੇ ਨਾਮ ਪ੍ਰਚਾਰ ਅਤੇ ਪੰਥਕ ਪ੍ਰਬੰਧ ਲਈ ਪੰਜਾਬ ਵਿਚੋਂ ਕਾਇਮ ਕਰਕੇ ਭੇਜਿਆ ।

ਇਤ ਆਦਿ ਪ੍ਰਚਾਰ ਕਰਨ ਤੇ ਸਰਕਾਰ ਨੂੰ ਸ਼ਕ ਹੋ ਗਈ ਅਤੇ ਸ੍ਰੀਮਾਨ ਬਾਬਾ ਰਾਮ ਸਿੰਘ ਜੀ ਨੂੰ ੧੮੬੩ ਵਿਚ ਭੈਣੀ ਵਿਖੇ ਹੀ ਨਜਰ ਬੰਦ ਕੀਤਾ ਗਿਆ ।

ਬਾਬਾ ਜੀ ਦੇ ਪ੍ਰਚਾਰ ਦਾ ਬਹੁਤ ਅਸਰ ਸੀ । ਜਦ ਆਪ ਦੀਪ ਮਾਲਾ ਜਾਂ ਵਿਸਾਖੀ ਦੇ ਮੌਕਿਆ ਦੇ ਸ੍ਰੀ ਅੰਮ੍ਰਿਤਸਰ ਆਉਂਦੇ ਸਨ ਤਾਂ ੨੦ ੨੦ ਹਜ਼ਾਰ ਸਿੰਘ ਆਪ ਜੀ ਪਾਸ ਆ ਸ਼ਮਾਲ ਹੁੰਦਾ । ਸੁਧਾਰਕ ਵਚਾਰ ਹੋਣ ਕਰਕੇ ਗੁਰਦੁਵਾਰਿਆ ਦੇ ਪੁਜਾਰੀ ਆਪ ਜੀ ਤੋਂ ਔਖੇ ਸਨ । ਅਤੇ ਰਾਜਨੀਤਕ ਦ੍ਰਿਸਟੀ ਨਾਲ ਅੰਗ੍ਰੇਜ਼ ਬਾਬਾ ਜੀ ਤੋਂ ਡਰਦੇ ਸਨ । ੧੮੭੦ ਦੀਸਵੀ ਵਿਚ ਕੁਝ ਨਾਮ ਧਾਰੀਆਂ ਤੇ ਬੁੱਚੜਾਂ ਦੀ ਅੰਮ੍ਰਿਤਸਰ ਵਿਚ ਟੱਕਰ ਹੋ ਗਈ । ਉਸ ਦਾ ਕਾਰਨ ਇਹ ਸੀ ਕਿ ਸਿੱਖ ਰਾਜ ਸਮੇਂ ਅੰਮ੍ਰਿਤਸਰ ਵਿਚ ਗਊ ਬੱਧ ਕਰਨ ਦੀ ਮਨਾਹੀ ਸੀ । ਸਿਖ ਰਾਜ ਦੇ ਪਿਛੋਂ ਪੰਜਾਬ ਅੰਗ੍ਰੇਜ਼ਾਂ ਦੀ ਅਮਲਦਾਰੀ ਹੋਈ ਤਦ ਸੰਨ ੧੮੪੭ ਵਿਚ ਸਰ ਜਾਨ ਲਾਰੰਸ ਰੈਜੀਡੰਟ ਨੇ ਲਾਹੌਰ ਇਕ ਹੁਕਮ ਰਾਹੀਂ ਅੰਮ੍ਰਿਤਸਰ ਵਿਚ ਗਊ ਮਾਰਨ ਦੀ ਬੰਦਸ਼ ਕੀਤੀ ਸੀ । *ਪਰ ੧੮੭੦ ਵਿਚ ਅੰਮ੍ਰਿਤਸਰ ਵਿਚ ਇਹ ਰੌਲਾ ਮਚਿਆ ਕਿ ਸਰਕਾਰ ਅੰਗ੍ਰੇਜ਼ੀ ਗੁਰੂ ਕੀ ਨਗਰੀ ਵਿਚ ਬੁਚੜ ਖਾਨਾ ਜਾਰੀ ਕਰਨਾ ਚਾਹੁੰਦੀ ਹੈ । ਇਸ ਪਰ ਨਾਮਧਾਰੀਆਂ ਨੂੰ ਜੋਸ਼ ਆ ਗਿਆ । ਉਨ੍ਹਾਂ ਨੇ ੧੪ ਜੂਨ ੧੮੭੦ ਨੂੰ ਅੰਮ੍ਰਿਤਸਰ ਵਿਚ ਚਾਰ ਬੁਚੜ ਵਡ ਸੁਟੇ । ਇਸ ਘਟਨਾ ਦਾ ਸਾਰੇ ਪੰਜਾਬ ਵਿਚ ਚਰਚਾ ਫੈਲ ਗਿਆ । ਇਸ ਦੇ ਨਾਲ ਹੀ ਰਾਇਕੋਟ ਵਿਚ ਕੁਝ ਬੁਚੜ ਕਤਲ ਕੀਤੇ ਗਏ । ਜਨਵਰੀ ੧੮੭੨ ਨੂੰ ਮਲੌਦ ਤੇ ਮਲੇਰ ਕੋਟਲੇ ਵਿਚ ਗਊ ਬੱਧ ਤੋਂ ਹੋਣ ਦੇ ਕਾਰਣ ਕੁਜ ਬੁਚੱੜ ਵੱਡ ਦਿੱਤੇ । ਜਿਸ ਪਰ ਲੁਧਿਆਨੇ ਦੇ ਡਿਪਟੀ ਕਮਿਸ਼ਨਰ ਨੇ ਬਾਕਾਇਦਾ ਪੂਰੀ ਤਹਿਕਾਤ ਕੀਤੇ ਬਿਨਾ ਹੋਰ ੪੯ ਸਿੱਖ ਤੋਪਾਂ ਨਾਲ ਉਡਵਾ ਦਿਤੇ ! ਔਰ ਕਮਿਸ਼ਨਰ ਨੇ ਤੀਹ ਫਾਂਸੀ ਲਟਕਾ ਦਿਤੇ ਅਤੇ ਸ਼ੋਕ ਦੀ ਹਾਲਤ ਵਿਚ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿਤਾ । ਜਿੱਥੇ ਉਨ੍ਹਾਂ ਦਾ ਦੇਹਾਂਤ ਸਨ ੧੮੮੫ ਵਿਚ ਹੋਇਆ ।‡

* ਜਾਨਲਾਰੰਸ ਦੇ ਹੁਕਮ ਦੀ ਨਕਲ ਸ੍ਰੀ ਦਰਬਾਰ ਸਹਿਬ ਜੀ ਦੇ ਤੋਸ਼ੇਖਾਨੇ ਵਿਚ ਹੈ ।

‡ ਨਾਮ ਧਾਰੀਆਂ ਦੇ ਨਿਸਚੇ ਅਨੁਸਾਰ ਬਾਬਾ ਰਾਮ ਸਿੰਘ ਜੀ ਦਾ ਸਰੀਰ ਅੰਤ ਨਹੀਂ ਹੋਇਆ ।

Digitized by Panjab Digital Library | www.panjabdigilib.org

## ਸਿਖ ਤੋਪਾਂ ਨਾਲ ਉਡਾਏ ਗਏ। ਤੇ ਫਾਂਸੀ ਲਟਕਣ ਵਾਲੇ ਸੂਰਬੀਰਾਂ ਦੇ ਨਾਮ ਇਹ ਹਨ।

### ਰਿਆਸਤ ਨਾਭਾਃ--

(੧) ਸ: ਹੀਰਾ ਸਿੰਘ ਜੀ ਰਈਸ ਸਕਰੋਦੀ
(੨) ਸ: ਲਹਿਣਾ ਸਿੰਘ ਜੀ ਰਈਸ ਸਕਰੋਦ
(੩) ਸ: ਅਨੂਪ ਸਿੰਘ ਜੀ ,, ,,
(੪) ਸ: ਮਿਤ ਸਿੰਘ ਜੀ ,, ,,
(੫) ਸ: ਕਟਾਰਾ ਸਿੰਘ ਜੀ ਧਨੌਲਾ
(੬) ਸ: ਪਰਸਾ ਸਿੰਘ ਜੀ ਗੁਰੂਸਰ
(੭) ਸ: ਧਿਆਨ ਸਿੰਘ ਜੀ ਭਦਲ ਬੂਹਾ
(੮) ਸ: ਰਤਨ ਸਿੰਘ ਜੀ ਭਦਲ ਬੂਹਾ
(੯) ਸ: ਭੂਪ ਸਿੰਘ ਜੀ ਦਿਆਲ ਗੜ
(੧੦) ਸ: ਅਤਰ ਸਿੰਘ ਜੀ ਦਿਆਲ ਗੜ
(੧੧) ਸ: ਹਰਨਾਮ ਸਿੰਘ ਜੀ ਗਿਲ
(੧੨) ਸ: ਗੁਜਰ ਸਿੰਘ ਜੀ ਹਰੀਪੁਰ

### ਰਿਆਸਤ ਪਟਿਆਲਾਃ--

(੧੩) ਸ: ਨੰਦ ਸਿੰਘ ਜੀ ਹੰਢਿਆਇਆ
(੧੪) ਸ: ਸ਼ਾਮ ਸਿੰਘ ਜੀ ਜੋਗਾ
(੧੫) ਸ: ਜਵਾਹਰ ਸਿੰਘ ਜੀ ਜੋਗਾ
(੧੬) ਸ: ਸਦਾ ਸਿੰਘ ਜੀ ਜੋਗਾ
(੧੭) ਸ; ਕਾਲਾ ਸਿੰਘ ਦਿਆਲਪੁਰ ਕੋਟਲਾ
(੧੮) ਸ: ਸੁਜਾਨ ਸਿੰਘ ਜੀ ਫੁਲੇੜਾ
(੧੯) ਸ: ਵਰਿਆਮ ਸਿੰਘ ਜੀ ਮੂੰਮ
(੨੦) ਸ: ਬੀਰ ਸਿੰਘ ਜੀ ਮੂੰਮ
(੨੧) ਸ: ਨਰੈਣ ਸਿੰਘ ਜੀ ਰੰਗੀਆਂ
(੨੨) ਸ: ਨਥਾ ਸਿੰਘ ਜੀ ਬਰਨਾਲਾ
(੨੩) ਸ: ਵਰਿਆਮ ਸਿੰਘ ਜੀ ਬਰਨਾਲਾ
(੨੪) ਸ: ਰਤਨ ਸਿੰਘ ਜੀ ਬਰਨਾਲਾ
(੨੫) ਸ: ਹਰਨਾਮ ਸਿੰਘ ਧਮੋਟ
(੨੬) ਸ: ਸਦਾ ਸਿੰਘ ਜੀ ਰੜ
(੨੭) ਸ: ਨਰੈਣ ਸਿੰਘ ਜੀ ਰੜ
(੨੮) ਸ: ਅਤਰ ਸਿੰਘ ਜੀ ,,
(੨੯) ਸ: ਬਿਸ਼ਨ ਸਿੰਘ ਜੀ ,,
(੩੦) ਸ: ਹੀਰਾ ਸਿੰਘ ਜੀ ,,
(੩੧) ਸ: ਗੁਰਦਿਤ ਸਿੰਘ ਜੀ ,,
(੩੨) ਸ: ਹਰਨਾਮ ਸਿੰਘ ਜੀ ਰੜ
(੩੩) ਸ: ਭਗਤ ਸਿੰਘ ਜੀ ਕਾਂਝਲਾ
(੩੪) ਸ: ਜੈਮਲ ਸਿੰਘ ਜੀ ਕਾਂਝਲਾ
(੩੫) ਸ: ਸ਼ੇਰ ਸਿੰਘ ਜੀ ਦੀਵਾ
(੩੬) ਸ: ਗੁਰਮੁਖ ਸਿੰਘ ਜੀ ਨੰਃ ਫਰਵਾਹੀ
(੩੭) ਸ: ਭੂਪ ਸਿੰਘ ਜੀ ਨੰਃ ਫਰਵਾਹੀ
(੩੮) ਸ: ਖੜਗ ਸਿੰਘ ਜੀ ,, ,,
(੩੯) ਸ: ਬੇਲਾ ਸਿੰਘ ਜੀ ,, ,,
(੪੦) ਸ: ਧਿਆਨ ਸਿੰਘ ਜੀ ਚੱਕ ਕੂਕਿਆਂ
(੪੧) ਸ: ਨਰੈਣ ਸਿੰਘ ਜੀ ਚੁੱਘ

### ਰਿਆਸਤ ਸੰਗਰੂਰਃ--

(੪੨) ਸ: ਅਤਰ ਸਿੰਘ ਜੀ ਵਾਲੀਆ
(੪੩) ਸ: ਅਲਬੇਲ ਸਿੰਘ ਜੀ ਵਾਲੀਆ
(੪੪) ਸ: ਫਤਹਿ ਸਿੰਘ ਜੀ ,,
(੪੫) ਸ: ਖੜਗ ਸਿੰਘ ਜੀ ਗਗੜਪੁਰ
(੪੬) ਸ: ਪ੍ਰੇਮ ਸਿੰਘ ਜੀ ਗਗੜਪੁਰ
(੪੭) ਸ: ਹਰਨਾਮ ਸਿੰਘ ਜੀ ਮੰਡੀ

Digitized by Panjab Digital Library | www.panjabdigilib.org

## ਜ਼ਿਲਾ ਫੀਰੋਜ਼ਪੁਰ:—

(੪੮) ਸ: ਮਾਘਾ ਸਿੰਘ ਜੀ ਮਰਾੜ
(੪੯) ਸ: ਅਤਰ ਸਿੰਘ ਜੀ ਮਰਾੜ
(੫੦) ਸ: ਜੋਧ ਸਿੰਘ ਜੀ ,,
(੫੧) ਸ: ਨਿਧਾਨ ਸਿੰਘ ਜੀ ਸਾਦਕ
(੫੨) ਸ: ਹਰਨਾਮ ਸਿੰਘ ਜੀ ਸਾਦਕ
(੫੩) ਸ: ਜਗਤ ਸਿੰਘ ਜੀ ਗੰਜੀ

## ਜ਼ਲਾ ਲੁਧਿਆਣਾ:—

(੫੪) ਸ: ਉਤਮ ਸਿੰਘ ਜੀ ਰੁੜਕਾ
(੫੫) ਸ: ਚੜਤ ਸਿੰਘ ਜੀ ਰੁੜਕਾ
(੫੬) ਸ: ਸੁਹੇਲ ਸਿੰਘ ਜੀ ਲਹਿਰਾ
(੫੭) ਸ: ਦੇਵਾ ਸਿੰਘ ਜੀ ਲੋਹਗੜ
(੫੮) ਸ: ਮਹਾਂ ਸਿੰਘ ਜੀ ਚਾਉਕੇ
(੫੯) ਸ: ਹਜ਼ਾਰਾ ਸਿੰਘ ਜੀ ਚਾਉਕੇ
(੬੦) ਸ: ਬੀਰ ਸਿੰਘ ਜੀ ,,
(੬੧) ਸ: ਪ੍ਰੇਮ ਸਿੰਘ ਜੀ ਪੀਰ ਦਾ ਕੋਟ
(੬੨) ਸ: ਕਾਹਨ ਸਿੰਘ ਜੀ ਸੰਗੋਵਾਲ
(੬੩) ਸ: ਜੀਵਨ ਸਿੰਘ ਜੀ ਬਲੋ
(੬੪) ਸ: ਮੀਹਾਂ ਸਿੰਘ ਜੀ ਲਤਾਲਾ
(੬੫) ਸ: ਗੁਰਮੁਖ ਸਿੰਘ ਜੀ ਲਤਾਲਾ
(੬੬) ਸ: ਨਬਾ ਸਿੰਘ ਜੀ ਰਬੋਂ
(੬੭) ਸ: ਸੁਜਾਨ ਸਿੰਘ ਜੀ ਰਬੋਂ
(੬੮) ਸ: ਬੇਲਾ ਸਿੰਘ ਜੀ ,,
(੬੯) ਸ: ਸੇਵਾ ਸਿੰਘ ਜੀ ,,
(੭੦) ਸ: ਵਜ਼ੀਰ ਸਿੰਘ ਜੀ ਰਬੋਂ
(੭੧) ਸ: ਸੋਭਾ ਸਿੰਘ ਜੀ ,,

## ਜ਼ਿਲਾ ਅੰਮ੍ਰਿਤਸਰ:--

(੭੨) ਬਾਬਾ ਹਾਕਮ ਸਿੰਘ ਜੀ ਝਬਾਲ

ਜਾਣਕਾਰ ਸਜਨਾਂ ਦਾ ਖਿਆਲ ਹੈ ਕਿ ਇਸ ਘਟਨਾ ਦੇ ਨਤੀਜੇ ਦੇ ਤੌਰ ਪਰ ੭੮ ਨਾਮ ਧਾਰੀ ਸਿੰਘ ਮਾਰੇ ਗਏ, ਜਿਨ੍ਹਾਂ ਵਿਚੋਂ ੪੯ ਤੋਪਾਂ ਨਾਲ ਉਡਾਏ ਗਏ, ੧੬ ਫਾਂਸੀ ਦਿਤੇ ਗਏ, ਚਾਰ ਕਾਲੇ ਪਾਣੀ ਭੇਜੇ ਗਏ। ੭ ਕੋਟਲੇ ਵਿਚ ਮਰੇ। ੧ ਮਲੌਦ ਵਿਚ। ਇਸ ਤੋਂ ਬਿਨਾਂ ਹੋਰ ਸਿੰਘਾਂ ਦੇ ਨਾਮ ਥਾਂ ਆਦਿਕ ਨਹੀਂ ਮਿਲਦੇ।

ਇਸ ਤੋਂ ਪਿਛੋਂ ਬਾਬਾ ਰਾਮ ਸਿੰਘ ਜੀ ਨੂੰ ਲੁਧਿਆਣੇ ਬੁਲਾ ਕੇ ਇਕ ਸਪੇਸ਼ਲ ਰੇਲ ਗਡੀ ਰਾਹੀਂ ਅਲਾਹਬਾਦ ਕਿਲੇ ਵਿਚ ਲੈਜਾਕੇ ਨਜ਼ਰਬੰਦ ਕਰ ਦਿਤਾ ਗਿਆ। ਉਨ੍ਹਾਂ ਦੇ ਨਾਲ ਉਨ੍ਹਾਂ ਵਲੋਂ ਥਾਪੇ ਗਏ ਇਹ ਸੂਬੇ ਭੀ ਸਨ:—

ਬਾਬਾ ਜਵਾਹਰ ਸਿੰਘ ਜੀ
,, ਲਖਾ ਸਿੰਘ ਜੀ
,, ਕਾਨ੍ਹ ਸਿੰਘ ਜੀ
,, ਧਰਮ ਸਿੰਘ ਜੀ
,, ਸਾਹਿਬ ਸਿੰਘ ਜੀ
,, ਰੂੜ ਸਿੰਘ ਜੀ
,, ਮਲੂਕ ਸਿੰਘ ਜੀ

Digitized by Panjab Digital Library | www.panjabdigilib.org

,, ਮਾਨ ਸਿੰਘ ਜੀ
,, ਹੁਕਮਾ ਸਿੰਘ ਜੀ
,, ਪਹਾੜਾ ਸਿੰਘ ਜੀ
,, ਮੰਗਲ ਸਿੰਘ ਜੀ
,, ਮਾਨੂ ਸਿੰਘ ਜੀ ਗੜਵਈ

ਸੰਤ ਹੀਰਾ ਦਾਸ (ਜਨਮ, ਪਿੰਡ ਮੂੰਮ) ਰਿਆਸਤ ਪਟਿਆਲਾ ਹਾਲ ਚਿੱਟੀ ਜਲੰਧਰ ।

ਇੰਨਾਂ ਸਾਰਿਆਂ ਨੂੰ ਤਕਰੀਬਨ ਚੋ ਮਹੀਨੇ ਅਲਾਹਾਬਾਦ ਦੇ ਕਿਲੇ ਵਿਚ ਕੈਦ ਰਖਕੇ ਫਿਰ ਕਈਆਂ ਨੂੰ ਕਾਲੇ ਪਾਣੀ ਭੇਜ ਦਿੱਤਾ । ਤੇ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ (ਬਰਮਾ) ਵਿਚ ਲੈ ਜਾਕੇ ਨਜ਼ਰਬੰਦ ਕਰ ਦਿੱਤਾ ਗਿਆ । ਭੈਣੀ ਪੁਰ ਫੌਜ ਨੇ ਘੇਰਾ ਪਾਕੇ ਉਸ ਨੂੰ ਲੁਟ ਲਿਆ ਤੇ ਨਾਮਧਾਰੀਆਂ ਪਰ ਸਖਤ ਪਾਬੰਦੀਆਂ ਲਗਾ ਦਿਤੀਆਂ ਗਈਆਂ । ਹੋਲੀ ਹੌਲੀ ਇਹ ਲਹਿਰ ਮੱਠੀ ਪੈ ਗਈ ਤੇ ਪਿਛੋਂ ਇਕ ਛੋਟੇ ਜੇਹੇ ਫਿਰਕੇ ਦੀ ਸ਼ਕਲ ਵਿਚ ਬਦਲ ਗਈ । ਇਸ ਪ੍ਰਕਾਰ ਇਸ ਲਹਿਰ ਦਾ ਉਹ ਸਿੱਟਾ ਨਾ ਨਿਕਲਿਆ । ਜੋ ਇਸਦੇ ਬਾਨੀ ਕਢਣਾ ਚਾਹੁੰਦੇ ਸਨ । ਸਗੋਂ ਸੀ. ਆਈ. ਡੀ. ਦੇ ਆਦਮੀਆਂ ਤੇ ਵਾਧੂ ਜੋਸ਼ੀਲੇ ਨਾਮ ਧਾਰੀਆਂ ਦੀਆਂ ਗਲਤੀਆਂ ਦਾ ਸਦਕਾ ਇਹ ਲਹਿਰ ਅਸਫਲ ਰਹੀ ।

ਨਾਮਧਾਰੀਆਂ ਦੀਆਂ ਕੁਰਬਾਨੀਆਂ ਦਾ ਦੇਸ਼ ਵਿਚ ਬੜਾ ਚਰਚਾ ਸੀ । ਜਿਸ ਤੋਂ ਲਾਭ ਉਠਾਕੇ ਬਾਬਾ ਰਾਮ ਸਿੰਘ ਦੇ ਪੈਰੋਕਾਰਾਂ ਨੇ ਗੁਰੂ ਡੰਮ ਦਾ ਪ੍ਰਚਾਰ ਸੁਰੂ ਕਰ ਦਿੱਤਾ ਜਿਸ ਦਾ ਫਲ ਇਹ ਹੋਇਆ ਕਿ ਨਾਮਧਾਰੀ ਇਕ ਵਖਰੀ ਸੰਪ੍ਰਦਾ ਦੇ ਰੂਪ ਵਿਚ ਆਪਣੇ ਬਣਾਏ ਮਹਿਦੂਦ ਦਾਇਰੇ ਵਿਚ ਕੈਦ ਹੋ ਗਏ । ਉਪ੍ਰੰਤ ਗੁਰਸਿੱਖੀ ਦੇ ਕਈ ਮੁਢਲੇ ਅਸੂਲਾਂ ਦਾ ਵਿਰੋਧ ਕਰਨ ਕਰਕੇ ਨਾਮਧਾਰੀਆਂ ਤੇ ਦਸ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਸਿੰਘਾਂ ਵਿਚ ਵਿਰੋਧ ਵਧਦਾ ਗਿਆ ।

ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਕਰਨ ਦੇ ਦੋਸ਼ ਵਿਚ ਹੇਠ ਲਿਖੇ ਸਿੰਘਾਂ ਨੂੰ ਫਾਂਸੀ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ ।

੧. ਭਾਈ ਫਤਹਿ ਸਿੰਘ ਦੁਕਾਨਦਾਰ ਅੰਮ੍ਰਿਤਸਰ ।
੨. ,, ਵੀਹਲਾ ਸਿੰਘ ਪਿੰਡ ਨਾਰਲੀ, ਲਾਹੌਰ ।
੩. ,, ਹਾਕਮ ਸਿੰਘ ਪਿੰਡ ਮੌੜ ਅੰਮ੍ਰਿਤਸਰ ।
੪. ਲਹਿਣਾ ਸਿੰਘ ਪਿੰਡ ਵੰਧਾਵੇ ਪਖੋਕੇ ਗੁਰਦਾਸ ਪੁਰ ।

ਸਜਾਵਾਂ ਕਾਲੇ ਪਾਣੀ

੫. ਭਾਈ ਲਾਲ ਸਿੰਘ ਅੰਮ੍ਰਿਤਸਰ ।
੬. ਭਾਈ ਲਹਿਣਾ ਸਿੰਘ ਅੰਮ੍ਰਿਤਸਰ ।

ਰਾਇਕੋਟ ਦੇ ਕਤਲ ਦੇ ਸਬੰਧ ਵਿਚ ਇਹਨਾਂ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਮਿਲੀ ।

੭. ਭਾਈ ਮਸਤਾਨ ਸਿੰਘ ।
੮. ਭਾਈ ਗੁਰਮੁਖ ਸਿੰਘ ।

Digitized by Panjab Digital Library | www.panjabdigilib.org

੯. ਭਾਈ ਮੰਗਲ ਸਿੰਘ ।

੧੦. ਭਾਈ ਰਤਨ ਸਿੰਘ ਗਿਆਨੀ.

ਬਾਬਾ ਰਾਮ ਸਿੰਘ ਜੀ ਦੀ ਸ਼ਾਦੀ ਪਿੰਡ ਧਰੋੜ ਜ਼ਿਲਾ ਲੁਧਿਆਣਾ ਵਿਚ ਮਾਈ ਜੱਸਾਂ ਨਾਲ ਹੋਈ ਸੀ । ਆਪ ਦੇ ਘਰ ਦੋ ਪੁਤ੍ਰੀਆਂ ਨੇ ਜਨਮ ਲਿਆ । ਘਰ ਲੜਕਾ ਨਾ ਹੋਣ ਦੇ ਕਾਰਨ ਆਪ ਜੀ ਦੀ ਜਗ੍ਹਾ ਬਾਬਾ ਬੁਧ ਸਿੰਘ ਜੀ ਨੂੰ ਥਾਪਿਆ ਗਿਆ । ਅਜ ਕਲ ਬਾਬਾ ਬੁਧ ਸਿੰਘ ਜੀ ਦੇ ਸਪੁਤ੍ਰ ਬਾਬਾ ਪ੍ਰਤਾਪ ਸਿੰਘ ਜੀ ਬਿਰਾਜਦੇ ਹਨ । ਹਰ ਵੇਲੇ ਆਏ ਗਏ ਮੁਸਾਫਰ ਨੂੰ ਲੰਗਰ ਮਿਲਦਾ ਅਤੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ ।

ਇਸ ਸੰਪਰਦਾ ਦੇ ਸਾਰੇ ਸਿੱਖ ਸਫੈਦ ਬਸਤਰ, ਦਸਤਾਰ ਪੋਚਵੀਂ, ਚਿਟੀ ਉਨ ਦੀ ਮਾਲਾ ਗਲ ਰਖਦੇ ਸਨ । "ਵਾਹਿਗੁਰੂ" ਮੰਤਰ ਦਾ ਉਪਦੇਸ਼ ਕੰਨ ਵਿਚ ਦਿਤਾ ਕਰਦੇ ਹਨ । ਗੁਰੂ ਪੰਥ ਨਾਲੋਂ* ਅੰਮ੍ਰਿਤ ਦੀ ਰੀਤੀ ਅਡਰੀ ਹੈ, (ਭਾਵ ਕਲੇ ਕਲੇ ਨੂੰ ਛਕਾਉਂਦੇ ਤੇ ਪਤਾਸਿਆਂ ਦੀ ਥਾਂ ਗੁੜ ਪਾਉਂਦੇ ਹਨ) ਹਵਨ ਕਰਨ ਦੇ ਪ੍ਰੇਮੀ ਹਨ । ਅਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਰਮਾ ਦੀ ਥਾਂ ਵੇਦੀ ਗੱਡ ਕੇ ਅਗਨ ਵਿਚ ਹੋਮ ਕਰਕੇ ਲਾਵਾਂ ਪੜ੍ਹਦੇ ਹਨ, ਅਤੇ ਜਥੇਬੰਦਾ ਦੇ ਪਕੇ ਹਨ ।

ਦੇਹਧਾਰੀ ਤੇ ਭਰੋਸਾ ਰਖਣ ਦੇ ਕਾਰਨ ਪੰਥ ਵਿਚ ਆਪ ਜੀ ਦਾ ਵਿਰੋਧ ਵਧਦਾ ਗਿਆ ਆਪ ਨੇ ਏਥੇ ਬਸ ਨਹੀਂ ਕੀਤੀ ਅਖੀਰ ਪੱਤ੍ਰਾ ਪਾਠ ਦੇ ਬਹਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜੀਆਂ ਜਿਸ ਪਰ ਗੁਰੂ ਪੰਥ ਵਿਚ ਬਹੁਤ ਚਰਚਾ ਫੈਲ ਗਈ ਜਿਸ ਦਾ ਹਵਾਲਾ ਅਗੇ ਕੂਕਾ ਕੁਫਰ ਤੋੜ ਕਮੇਟੀ ਦੇ ਸਕੱਤਰ ਵਲੋਂ ਦਿਤਾ ਜਾਂਦਾ ਹੈ ।

---

*੧. ਅਨੰਦ ਬੇਦੀ ਗਡ ਕੇ ਕਰਨਾ ।

੨. ਹਵਨ ਕਰਨਾ ।

੩. ਅੰਮ੍ਰਿਤ ਵਿਚ ਪਤਾਸਿਆਂ ਦੀ ਥਾਂ ਗੁੜ ਪਾਉਣਾ ਅਤੇ ਇਕਲੇ ੨ ਸਿੰਘ ਨੂੰ ਛਕਾਣਾ ਮਾਈਆਂ ਨੂੰ ਕ੍ਰਿਪਾਨ ਨਾਲ ਛਕਾਉਣਾ ।

Digitized by Panjab Digital Library | www.panjabdigilib.org

## ਨਾਮਧਾਰੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜਕੇ ਪੱਤਰਾ-ਪਾਠ ਕਰਨ ਦੀ ਬੇ-ਅਦਬੀ ਤੋਂ ਅਰੰਭ ਹੋਣੀ

# ਕੂਕਾ ਕੁਫ਼ਰ ਤੋੜ ਲਹਿਰ

## ਦਾ ਸੰਖੇਪ ਹਾਲ

ਨਾਮਧਾਰੀਆਂ ਦੇ ਮੌਜੂਦਾ ਆਗੂ ਬਾਬਾ ਪ੍ਰਤਾਪ ਸਿੰਘ ਜੀ ਨੇ ਸਵਾ ਲੱਖ ਪਾਠ ਕਰਨ ਲਈ ਸਿੰਘ ਸਭਾ ਰਾਵਲਪਿੰਡੀ ਦੇ ਗੁਰਦਵਾਰੇ ਵਿਖੇ ੧੯ ਅਪਰੈਲ ੧੯੪੧ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜ ਕੇ ਪਤਰਾ ਪਾਠ ਕੀਤਾ, ਤੇ ਆਪਣੇ ਆਦਮੀਆਂ ਨੂੰ ਪਤਰੇ ੨ ਦਾ ਪਾਠ ਕਰਨ ਲਈ, ਇਸ਼ਤਿਹਾਰਾਂ ਵਾਂਗ ਗੁਰਬਾਣੀ ਦੇ ਪਤਰਿਆਂ ਨੂੰ ਵੰਡਿਆ, ਪਵਿੱਤਰ ਬੀੜਾਂ ਦੀ ਇਸ ਤਰ੍ਹਾਂ ਭੰਨ-ਤੋੜ ਤੇ ਗੁਰਬਾਣੀ ਦੇ ਪਤਰਿਆਂ ਦੀ ਇਸ ਘੋਰ ਬੇਅਦਬੀ ਨੂੰ ਸੰਗਤਾਂ ਨੇ ਬਹੁਤ ਹੀ ਬੁਰਾ ਜਾਣਿਆ ਤੇ ਪ੍ਰੰਪਰਾ ਤੋਂ ਚਲੀ ਆ ਰਹੀ ਪਾਠ ਦੀ ਮਰਯਾਦਾ ਵਿਚ ਨਵੀਂ ਰੀਤ ਤੋਰਨ ਨੂੰ ਵੀ ਮਨ-ਮਤ ਜਾਣਦਿਆਂ ਹੋਇਆਂ ਇਸ ਦੀ ਵਿਰੋਧਤਾ ਕੀਤੀ। ਇਸ ਦੀਵਾਨ ਵਿਚ ਸ਼੍ਰੋਮਣੀ ਕਮੇਟੀ ਦੇ ਆਗੂ ਵੀ ਬੈਠੇ ਸਨ, ਪਰ ਉਨ੍ਹਾਂ ਇਸ ਅਪਰਾਧ ਵਿਰੁਧ ਕੋਈ ਅੱਖਰ ਵੀ ਨਾ ਕਿਹਾ।

ਰਾਵਲਪਿੰਡੀ ਦੀਆਂ ਸੰਗਤਾਂ ਵਲੋਂ ਇਹ ਖਬਰ ਸਾਰੇ ਦੇਸ਼ ਵਿਚ ਪੁਚਾਈ ਗਈ, ਜਿਹਨੂੰ ਸੁਣ ਕੇ ਸਿਖਾਂ ਦੇ ਹਿਰਦੇ ਦੁਖੀ ਹੋ ਗਏ। ਭਾਵੇਂ ਨਾਮਧਾਰੀਆਂ ਵਲੋਂ ਇਸ ਤੋਂ ਪਹਿਲਾਂ ਵੀ ਕਈ ਅਨਉਚਿਤ ਗੱਲਾਂ ਹੋਈਆਂ ਹੋਈਆਂ ਸਨ ਪਰ ਇਸ ਘੋਰ ਬੇਅਦਬੀ ਨੇ ਤਾਂ ਗੁਰਸਿਖਾਂ ਦੇ ਹਿਰਦੇ ਤੜਫਾ ਦਿਤੇ। ਸਾਰੇ ਸਿਖ ਸੰਸਾਰ ਅੰਦਰ ਨਾਮਧਾਰੀਆਂ ਵਿਰੁਧ ਘ੍ਰਿਣਾ ਦੀ ਲਹਿਰ ਫੈਲ ਗਈ।

ਚੂੰਕਿ ਨਾਮਧਾਰੀਆਂ ਦਾ ਵੱਡਾ ਅੱਡਾ ਲੁਦਿਹਾਣੇ ਤੋਂ ੧੨ ਮੀਲ ਦੀ ਵਿਥ ਤੇ ਪਿੰਡ ਭੈਣੀ ਵਿਚ ਸੀ, ਜਿਸ ਕਰਕੇ ਜ਼ਿਲਾ ਲੁਦਿਹਾਣੇ ਦੀਆਂ ਸੰਗਤਾਂ ਅੰਦਰ ਇਸਦਾ ਭਾਰੀ ਰੋਸ ਤੇ ਗੁਸਾ ਫੈਲਣ ਕੁਦਰਤੀ ਸੀ। ਉਨ੍ਹਾਂ ਨੇ ਇਸ ਵਿਰੁਧ ਮੁਹਿੰਮ ਜਾਰੀ ਕਰਨ ਨੂੰ ਆਪਣਾ ਮੁਖ ਫਰਜ਼ ਸਮਝਦਿਅ ਹੋਇਆਂ ਲੁਦਿਹਾਣੇ ਜ਼ਿਲੇ ਨੂੰ ਹੀ ਇਸ ਅੰਦੋਲਨ ਦਾ ਹੈੱਡ ਕਵਾਟਰ ਬਣਾਇਆ।

## ਕੂਕਾ ਕੁਫ਼ਰ ਤੋੜ ਲਹਿਰ ਦਾ ਅੰਦੋਲਨ ਕਾਂਡ

ਪਿੰਡ ਘੁੰਗਰਾਣਾ ਜੋ ਮੁਦ ਤੋਂ ਹੀ ਗੁਰਮਤ ਪ੍ਰਚਾਰ ਦੇ ਹਾਮੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ ਦੇ ਗੁਰਮਤ ਧਾਰਨੀ ਸਿਖਾਂ ਨੇ ਵਿਚਾਰ ਕਰਕੇ ਹੋਰ ਸਜਣਾਂ ਨਾਲ ਵਿਚਾਰ ਕਰਨ ਲਈ, ਪੰਜਾਂ ਸਿੰਘ ਦਾ ਡੈਪੂਟੇਸ਼ਨ ਸ: ਸੇਵਾ ਸਿੰਘ ਜੀ ਘੁੰਗਰਾਣਾ ਮੈਂਬਰ ਸ਼ਰੋਮਣੀ ਕਮੇਟੀ, ਗਿ: ਦਿਆਲ ਸਿੰਘ ਜੀ, ਰਾਗੀ ਮੋਹਰ ਸਿੰਘ ਜੀ, ਭਾਈ ਕਿਸ਼ਨ ਸਿੰਘ ਜੀ ਸ਼ਹੀਦ ਤੇ ਭਾਈ ਸੱਜਣ ਸਿੰਘ ਜੀ ੨੦ ਅਪਰੈਲ ੧੯੪੧ ਨੂੰ ਸ੍ਰੀਮਾਨ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਰਾਮ ਪੁਰ ਪਾਸ ਭੇਜਿਆ, ਤਾਕਿ ਉਥੇ ਰਾਮਪੁਰ ਦੇ ਸਿੰਘਾਂ ਨਾਲ ਵੀ ਵਿਚਾਰ ਹੋ ਸਕੇ। ਅਗੇ ਇਥੇ ਸ੍ਰੀਮਾਨ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵੀ ਆਏ ਹੋਏ ਸਨ। ਜਿਹਨਾਂ ਨਾਲ ਸਾਰੀ ਗੱਲ ਹੋਈ, ਇਹਨਾਂ ਵੀ ਬੜਾ ਦੁਖ ਅਨੁਭਵ ਕੀਤਾ ਤੇ ਕਿਹਾ ਕਿ:—

Digitized by Panjab Digital Library | www.panjabdigilib.org

'ਬਾਬਾ ਪ੍ਰਤਾਪ ਸਿੰਘ ਜੀ ਭੈਣੀ ਵਾਲਿਆਂ ਨਾਲ ਮੇਰੀ ਜ਼ਾਤੀ ਮਿੱਤ੍ਰਤਾ ਹੈ, ਯਕੀਨ ਹੈ ਕਿ ਉਹ ਸਾਡਾ ਆਖਿਆ ਮੰਨਕੇ, ਆਪਣੀ ਭੁਲ ਤੇ ਪਸਚਾਤਾਪ ਕਰਕੇ ਪਤਰੇ ਵਾਪਸ ਲੈ ਕੇ ਬੀੜਾਂ ਬੰਨ੍ਹ ਦੇਣਗੇ ਤੇ ਅਗੇ ਨੂੰ ਅਜੇਹਾ ਨਾ ਕਰਨ ਦਾ ਐਲਾਨ ਕਰ ਦੇਣਗੇ। ਤੁਸੀਂ ਸਾਰੇ ਇਥੇ ਠਹਿਰੋ, ਅਸੀਂ ਹੁਣੇ ਹੀ ਭੈਣੀ ਜਾਂਦੇ ਹਾਂ।'' ਸੋ ਉਸੇ ਸਮੇਂ ਹੀ ਸੰਤ ਭਗਵਾਨ ਸਿੰਘ ਜੀ ਸੰਤ ਜਵਾਲਾ ਸਿੰਘ ਜੀ ਭੈਣੀ ਨੂੰ ਚਲੇ ਗਏ, ਭੈਣੀ ਜਾ ਕੇ ਨਾਮਧਾਰੀਆਂ ਦੇ ਆਗੂ ਬਾਬਾ ਪ੍ਰਤਾਪ ਸਿਘ ਜੀ ਨੂੰ ਮਿਲੇ ਤੇ ਸਾਰੀ ਵਿਚਾਰ ਦੱਸੀ ਤਾਂ ਅਗੋਂ ਬਾਬਾ ਪ੍ਰਤਾਪ ਸਿੰਘ ਜੀ ਨੇ ਇਹ ਜਵਾਬ ਦਿਤਾ ਕਿਃ-

''ਮੈਂ ਜੋ ਕੁਝ ਕੀਤਾ ਹੈ ਠੀਕ ਕੀਤਾ ਹੈ ਤੇ ਵਕਤ ਦੇ (ਨਾਮਧਾਰੀਆਂ) ਗੁਰੂ ਹੋਣ ਦੀ ਹੈਸੀਅਤ ਵਿਚ ਕੀਤਾ ਹੈ, ਮੈਂ ਇਸ ਨੂੰ ਵਾਪਸ ਲੈਣ ਨੂੰ ਤਿਆਰ ਨਹੀਂ, ਪੰਥ ਨੇ ਜੋ ਕਰਨਾ ਹੈ ਇਸ ਦੀ ਮਰਜ਼ੀ ਹੈ ਕਰ ਲਵੇ ਮੈਨੂੰ ਕਿਸੇ ਦਾ ਕੋਈ ਡਰ ਨਹੀਂ'' ਇਹ ਸੁਣਕੇ ਦੋਨੋਂ ਸੰਤ ਵਾਪਸ ਆ ਗਏ ਤੇ ਜੋ ਕੁਝ ਗਲ ਬਾਤ ਜਿਸ ਤਰ੍ਹਾਂ ਹੋਈ ਸੀ ਦਸੀ, ਇਹ ਕੋਰਾ ਤੇ ਰੁੱਖਾ ਜਵਾਬ ਸੁਣਕੇ, ਸਾਰਿਆਂ ਦੀ ਵਿਚਾਰ ਹੋਈ ਕਿ ਹੋਰ ਕਦਮ ਚੁਕਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਾਰਾ ਹਾਲ ਲਿਖ ਕਰ ਭੇਜਿਆ ਜਾਵੇ, ਤੇ ਪ੍ਰਾਰਥਨਾ ਕੀਤੀ ਜਾਵੇ ਕਿ ਉਹ ਇਸ ਮਾਮਲੇ ਨੂੰ ਆਪਣੇ ਹਥਾਂ ਵਿਚ ਲੈ ਕੇ ਯੋਗ ਪ੍ਰਬੰਧ ਕਰਨ, ਜਿਸ ਤੋਂ ਸਾਰੇ ਹਾਲਾਤ ਲਿਖ ਕਰ ਭੇਜੇ ਗਏ। ਸ਼੍ਰੋ: ਕਮੇਟੀ ਵਲੋਂ ਕੇਵਲ ਇੰਨਾਂ ਉਤਰ ਆਇਆ ਕਿ:-''ਆਪ ਦੀ ਰਿਪੋਟ ਪਹੁੰਚ ਗਈ ਹੈ, ਅਸੀਂ ਮਾਮਲੇ ਦੀ ਪੜਤਾਲ ਕਰ ਰਹੇ ਹਾਂ, ਜੋ ਨਤੀਜਾ ਨਿਕਲੇਗਾ ਆਪ ਨੂੰ ਪਤਾ ਕਰ ਦਿਆਂਗੇ'' ਸ਼੍ਰੋ: ਕਮੇਟੀ ਪਾਸੋਂ ਨਾ ਨਤੀਜਾ ਨਿਕਲਿਆ ਨਾ ਅਜ ਤਕ ਉਨ੍ਹਾਂ ਪਤਾ ਦਿਤਾ। (ਸੰਪਾਦਕ)

ਮਾਮਲੇ ਦੀ ਅਹਿਮੀਅਤ ਨੂੰ ਜਾਣਦਿਆਂ ਹੋਇਆਂ ਸ: ਸੇਵਾ ਸਿੰਘ ਜੀ ਘੁੰਗਰਾਣਾ ਤੇ ਗਿਆਨੀ ਦਿਆਲ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਭਜਿਆ ਗਿਆ। ਉਹ ਸ: ਊਧਮ ਸਿੰਘ ਜੀ ਨਾਗੋਕੇ, ਸ: ਈਸ਼ਰ ਸਿੰਘ ਜੀ ਮਝੈਲ ਤੇ ਭਾਈ ਮੋਹਣ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਮਿਲੇ, ਜ਼ਾਤੀ ਤੌਰ ਤੇ ਸਾਰੀ ਹਾਲਤ ਤੋਂ ਜਾਣੂ ਕੀਤਾ ਤੇ ਮਾਮਲੇ ਨੂੰ ਹੱਥ ਵਿਚ ਲੈ ਕੇ ਨਿਪਟਾਣ ਲਈ ਜ਼ੋਰ ਦਿਤਾ। ਇਨ੍ਹਾਂ ਦੇ ਵਾਪਸ ਲੁਧਿਹਾਣੇ ਪੁਜਣ ਤੋਂ ਹੋਰ ਸਜਨਾਂ ਨਾਲ ਵਿਚਾਰ ਕਰਨ ਲਈ ੨੭ ਅਪਰੈਲ ੧੯੪੧ ਨੂੰ ਪਿੰਡ ਘੁੰਗਰਾਣੇ ਵਿਖੇ ਇਕ ਹੋਰ ਇਕੱਤ੍ਰਤਾ ਰੱਖੀ ਤੇ ਹੇਠ ਲਿਖੇ ਸਜਨਾਂ ਨੂੰ ਪੱਤਰ ਭੇਜੇ:—

ਪੰਡਤ ਕਰਤਾਰ ਸਿੰਘ ਦਾਖਾ, ਗਿਆਨੀ ਸੱਜਨ ਸਿੰਘ ਜੀ ਰੁੜਕਾ, ਗਿਆਨੀ ਅਰਜਨ ਸਿੰਘ ਜੀ ਫਲੌਵਾਲ, ਮਾਸਟਰ ਹਰਨਾਮ ਸਿੰਘ ਜੀ ਸੇਖਾ, ਜਥੇਦਾਰ ਸੰਤਾ ਸਿੰਘ ਜੀ ਰਾਏਕੋਟ, ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ, ਵਕਤ ਘਟ ਹੋਣ ਕਰਕੇ ਕਈ ਸੱਜਨਾਂ ਨੂੰ ਚਿੱਠੀਆਂ ਨਾ ਮਿਲ ਸਕੀਆਂ, ਜਿਸ ਕਰਕੇ ੨੭ ਅਪਰੈਲ ੧੯੪੧ ਨੂੰ ਕੇਵਲ ਗਿਆਨੀ ਹਰਭਗਤ ਸਿਘ ਜੀ ਤੇ ਮਾਸਟਰ ਹਰਨਾਮ ਸਿੰਘ ਜੀ ਸੇਖਾ ਹੀ ਪੁਜੇ, ਘੁੰਗਰਾਣੇ ਦੀ ਸੰਗਤ ਨਾਲ ਮਿਲ ਕੇ ਇਹ ਵਿਚਾਰ ਹੋਈ ਕਿ ਮਾਮਲਾ ਬਹੁਤ ਹੀ ਅਹਿਮ ਹੈ, ਇਸ ਲਈ ਮਾਲਵੇ ਦੇ ਸਮੂੰਹ ਵਿਦਵਾਨਾਂ, ਗੁਰਮਤ ਖੋਜੀਆਂ, ਮੁਖੀਆਂ ਦੀ ਇਕ ਭਾਰੀ ਇਕੱਤ੍ਰਤਾ ਨੰਦ ਪੁਰ (ਸਾਨ੍ਹੇਵਾਲ) ਵਿਖੇ ੪ ਮਈ ੧੯੪੧ ਨੂੰ ਕੀਤੀ ਜਾਵੇ, ਜੋ ਫੈਸਲਾ ਉਹ ਇਕੱਤਰਤਾ ਕਰੇ ਉਸ ਅਨੁਸਾਰ ਕੰਮ ਕੀਤਾ ਜਾਵੇ।

Digitized by Panjab Digital Library | www.panjabdigilib.org

ਇਸ ਫੈਸਲੇ ਅਨੁਸਾਰ ਦੂਰ ਦੂਰ ਦੇ ਸਜਨਾਂ ਨੂੰ ਚਿਠੀਆਂ ਭੇਜੀਆਂ ਗਈਆਂ ਤੇ ਨੇੜੇ ਨੇੜੇ ਗਿਆਨੀ ਦਿਆਲ ਸਿੰਘ ਜੀ ਘੁੰਗਰਾਣਾ ਨੇ ਸਾਈਕਲ ਰਾਹੀਂ ਸਾਰੇ ਸਜਨਾਂ ਨੂੰ ਖਬਰ ਦਿਤੀ। ੪ ਮਈ ੧੯੪੧ ਨੂੰ ਪਿੰਡ ਨੰਦ ਪੁਰ ਦੇ ਗੁਰਦੁਵਾਰੇ ਵਿਖੇ ਲਗ ਪਗ ੧੨੫ ਪ੍ਰਤੀਨਿਧ ਜ਼ਿਲਾ ਲੁਧਿਹਾਣਾ, ਰਿਆਸਤ ਮਲੇਰ ਕੋਟਲਾ, ਰਿਆਸਤ ਪਟਿਆਲਾ ਦੇ ਪੁਜੇ। ਜਿਨ੍ਹਾਂ ਵਿਚੋਂ ਪੰਡਤ ਕਰਤਾਰ ਸਿੰਘ ਜੀ ਦਾਖਾ, ਗਿਆਨੀ ਗੁਰਦਿਆਲ ਸਿੰਘ ਜੀ ਬੋਪਾਰਾਏ, ਗਿਆਨੀ ਕਰਤਾਰ ਸਿੰਘ ਜੀ ਫਲੇਵਾਲ, ਗਿਆਨੀ ਅਰਜਨ ਜੀ, ਜਥੇਦਾਰ ਬਚਿਤਰ ਸਿੰਘ ਜੀ ਰਾਮਪੁਰ, ਸਿੰਘ ਸਾਹਿਬ ਬਿਸ਼ਨ ਸਿੰਘ ਜੀ ਘੁਮਾਣ, ਜਥੇਦਾਰ ਸੰਤਾ ਸਿੰਘ ਜੀ ਰਾਏਕੋਟ, ਜਰਨੈਲ ਸ਼ਾਮ ਸਿੰਘ ਜੀ ਰੂਮੀ, ਭਾਈ ਚੰਨਣ ਸਿੰਘ ਜੀ ਰਾਮਗੜ੍ਹ, ਭਾਈ ਨੰਦ ਸਿੰਘ ਜੀ ਰਾਮਗੜ੍ਹ, ਸ: ਹਜੂਰਾ ਸਿੰਘ ਜੀ ਹੈਡ-ਮਾਸਟਰ ਖਾਲਸਾ ਸਕੂਲ ਕਮਾਲਪੁਰਾ, ਮਾਸਟਰ ਗੁਰਬਖਸ਼ ਸਿੰਘ ਜੀ ਬੋਪਾਰਾਏ, ਮਾਸਟਰ ਕਪੂਰ ਸਿੰਘ ਜੀ ਮੋਨਪੁਰ ਮੈਂਬਰ ਸ਼੍ਰੋਮਣੀ ਕਮੇਟੀ, ਰਾਗੀ ਮੋਹਰ ਸਿੰਘ ਜੀ ਘੁੰਗਰਾਣਾ, ਗਿਆਨੀ ਹਰਭਗਤ ਸਿੰਘ ਜੀ ਨਾਰੰਗ ਵਾਲ, ਗਿਆਨੀ ਪੂਰਨ ਸਿੰਘ ਜੀ ਜਗਰਾਉਂ, ਗਿਆਨੀ ਨੰਦ ਸਿੰਘ ਜੀ ਗੁਰਦੁਆਰਾ ਰੇਰੂ ਸਾਹਿਬ ਰਾਮ ਪੁਰ, ਸ: ਉਜਾਗਰ ਸਿੰਘ ਜੀ ਐਹਣੋ ਸਕੱਤਰ ਅਕਾਲੀ ਜਥਾ ਰਿਆਸਤ ਮਲੇਰ ਕੋਟਲਾ, ਸ: ਜੀਵਾ ਸਿੰਘ ਜੀ ਰਿਆਸਤ ਪਟਿਆਲਾ, ਸ: ਕਿਸ਼ਨ ਸਿੰਘ ਜੀ ਸ਼ਹੀਦ ਘੁੰਗਰਾਣਾ, ਬਾਬੂ ਚਰਨਜੀਤ ਸਿੰਘ ਜੀ ਰਈਸ ਤੱਖਰ, ਸ: ਮੰਗਲ ਸਿੰਘ ਜੀ ਸੋਸਪੁਰ, ਜਥੇਦਾਰ ਸ਼ਾਮ ਸਿੰਘ ਜੀ ਮੁਕੰਦ ਪੁਰ, ਸ: ਬਖਤਾਵਰ ਸਿੰਘ ਜੀ ਮਾਜਰੀ ਸਕੱਤਰ ਅਕਾਲੀ ਜਥਾ ਲੁਧਿਹਾਣਾ, ਸ: ਧਰਮ ਸਿੰਘ ਜੀ ਮਾਜਰੀ, ਰਾਗੀ ਹਰਭਜਨ ਸਿੰਘ ਜੀ ਮੋਹੀ, ਸ: ਬਖਸ਼ੀਸ਼ ਸਿੰਘ ਜੀ ਪਖੋਵਾਲ, ਸ: ਬੁਕਣ ਸਿੰਘ ਜੀ ਗਿਲਾਂ ਦੇ ਨਾਉਂ ਖਾਸ ਜ਼ਿਕਰ ਕਰਨ ਯੋਗ ਹਨ। ਇਸ ਇਕਤਰਤਾ ਵਿਖੇ ਚਾਰ ਘੰਟੇ ਦੀ ਲੰਬੀ ਵਿਚਾਰ ਮਗਰੋਂ ਸਾਰੇ ਜ਼ਿਲੇ ਦੀਆਂ ਸੰਗਤਾਂ ਦੇ ਹੋਰ ਖਿਆਲ ਲੈਣ ਦੇ ਆਸ਼ੇ ਨਾਲ ਹੇਠ ਲਿਖੀਆਂ ਥਾਵਾਂ ਤੇ ਦੀਵਾਨ ਕਰਨ ਦਾ ਫੈਸਲਾ ਕੀਤਾ ਗਿਆ।

੬ ਮਈ ੧੯੪੧ ਨੂੰ ਗੁਰਦਵਾਰਾ ਫਲਾਹੀ ਸਾਹਿਬ ਪਿੰਡ ਦਲੋਂ। ੮ ਮਈ ਸ਼ਹਿਰ ਲੁਧਿਆਣਾ (ਬੰਨੇ ਦਾ ਹਾਤਾ), ੧੦ ਮਈ ਨੂੰ ਗੁਰਦਵਾਰਾ ਗੁਰੂ ਸਰ ਗੁਜਰਵਾਲ, ੧੧ ਮਈ ਨੂੰ ਗੁ: ਟਾਹਲੀਆਣਾ ਰਾਏਕੋਟ, ੧੩, ੧੪, ੧੫ ਮਈ ਨੂੰ ਖੰਨਾ, ੧੬ ਮਈ ਨੂੰ ਜਗਰਾਉਂ, ੩੧ ਮਈ ਤੋਂ ੩ ਜੂਨ ੧੯੪੧ ਤਕ ਸਮਰਾਲਾ ਤਸੀਲ ਦਾ ਇਲਾਕਾ, ਤੇ ਨੰਦ ਪੁਰ ਕਲੌੜ।

ਜਿਸ ਅਨੁਸਾਰ ਇਨ੍ਹਾਂ ਤਰੀਕਾਂ ਤੇ ਭਾਰੀ ੨ ਦੀਵਾਨ ਹੋਏ ਤੇ ਨਾਮਧਾਰੀਆਂ ਦੀ ਇਸ ਕਾਰਵਾਈ ਵਿਰੁਧ ਸੰਗਤਾਂ ਨੇ ਆਪਣੇ ਖਿਆਲ ਪ੍ਰਗਟ ਕੀਤੇ, ਇਨ੍ਹਾਂ ਹੀ ਦਿਨਾਂ ਵਿੱਚ, ੫ ਮਈ ੧੯੪੧ ਨੂੰ ਮਾਸਟਰ ਤਾਰਾ ਸਿੰਘ ਜੀ ਤੇ ਬਾਬਾ ਪਰਤਾਪ ਸਿੰਘ ਜੀ ਭੈਣੀ ਆਪਸ ਵਿਚ ਮਿਲੇ। ਅੰਦਰ ਖਾਨੇ ਇਨ੍ਹਾਂ ਦੀਆਂ ਕੀ ਗਲਾਂ ਹੋਈਆਂ ਉਨ੍ਹਾਂ ਨੂੰ ਜਾਂ ਇਹ ਜਾਨਣ ਜਾਂ ਸਰਬ ਕਲਾਂ ਸਮਰਥ ਸਤਿਗੁਰੂ ਜੀ ਜਾਨਣ ਪਰ ਇਸ ਮਗਰੋਂ ਛੇਤੀ ਹੀ ਸ: ਹਰਨਾਮ ਸਿੰਘ ਜੀ ਮੀਤ ਸਕੱਤਰ ਸ਼੍ਰੋਮਣੀ ਕਮੇਟੀ ਦੇ ਦਸਖਤਾਂ ਹੇਠ ਇਕ ਐਲਾਨ ਇਸ ਮਾਮਲੇ ਬਾਰੇ ਪੜਦਾ ਪੋਸ਼ੀ ਕੀਤੇ ਜਾਣ ਦਾ ਨਿਕਲਿਆ, ਜਿਸ ਨੇ ਬਲਦੀ ਪੁਰ ਤੇਲ ਦਾ ਕੰਮ ਕੀਤਾ ਤੇ ਸ਼੍ਰੋਮਣੀ ਕਮੇਟੀ ਵਿਰੁਧ ਵੀ ਰੋਸ ਦੇ ਮਤੇ ਥਾਂ ਥਾਂ ਤੋਂ ਪਾਸ ਕਰ ਕੇ ਭੇਜੇ ਜਾਨ ਲਗੇ। ੧੨, ੧੩, ੧੪ ਜੂਨ ੧੯੪੧ ਨੂੰ ਪਿੰਡ ਸ਼ੇਰ ਪੁਰਾ ਵਿਖੇ ਭਾਰੀ ਸਾਲਾਨਾ ਦੀਵਾਨ ਹੋਣਾ ਸੀ। ਇਸ ਸਮੇਂ ਨੂੰ ਲਾਭਵੰਦਾ ਜਾਣ ਕੇ ਪੰਥ ਦੇ ਸਮੂੰਹ ਵਿਦਵਾਨਾਂ, ਸੰਤਾਂ, ਮਹੰਤਾਂ, ਰਾਗੀਆਂ, ਪ੍ਰਚਾਰਕਾਂ, ਐਡੀਟਰਾ, ਲਿਖਾਰੀਆਂ ਆਦਿ ਨੂੰ ਇਨ੍ਹਾਂ ਤਰੀਕਾਂ ਤੇ ਇਥੇ ਪੁਜਨ ਲਈ ਪਤਰ ਭੇਜੇ ਗਏ। ੧੪ ਜੂਨ

Digitized by Panjab Digital Library | www.panjabdigilib.org

੧੯੪੧ ਨੂੰ ਇਕ ਬੜੀ ਭਾਰੀ ਪੰਥਕ ਇਕੱਤਰਤਾ ਹੋਈ ਜਿਸ ਵਿਖੇ ਹੇਠ ਲਿਖੇ ਸਜਨ ਵੀ ਸ਼ਾਮਲ ਹੋਏ। ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾ, ਗਿਆਨੀ ਆਤਮਾ ਸਿੰਘ ਜੀ ਐਡੀਟਰ ਸੁਖ ਜੀਵਨ ਮੋਗਾ, ਵੈਦ ਕੇਸਰ ਸਿੰਘ ਜੀ ਡਾਲਾ, ਮਹੰਤ ਨਿੱਕਾ ਸਿੰਘ ਜੀ ਮਢੋ, ਗਿਆਨੀ ਹਰਭਗਤ ਸਿੰਘ ਜੀ ਨਾਰੰਗ-ਵਾਲ, ਸੰਤ ਚੰਨਣ ਸਿੰਘ ਜੀ ਰਾਮਗੜ੍ਹ, ਭਾਈ ਕਪੂਰ ਸਿੰਘ ਜੀ ਮਲਕ, ਸঃ ਈਸਰ ਸਿੰਘ ਜੀ "ਤੂਰ" ਸ਼ੇਰ ਪੁਰਾ, ਗਿਆਨੀ ਚੰਨਣ ਸਿੰਘ ਜੀ, ਸੰਤ ਸਿਧਾਹੀ ਸੰਤ ਵਸਾਖਾ ਸਿੰਘ ਜੀ ਕਿਸ਼ਨ ਪੁਰਾ, ਭਾਈ ਕੁੰਢਾ ਸਿੰਘ ਜੀ ਗਾਲਬ, ਭਾਈ ਨਿਰੰਜਨ ਸਿੰਘ ਜੀ ਸਿਧਵਾਂ ਬੇਟ, ਗਿਆਨੀ ਮਾਨ ਸਿੰਘ ਜੀ ਦੁਆਬਾ ਜਥੇਦਾਰ ਸ਼ਾਮ ਸਿੰਘ ਜੀ ਮੁਕੰਦਪੁਰ, ਸ: ਬਚਨ ਸਿੰਘ ਜੀ ਗੁਜਰਵਾਲ ਆਦਿ ਸਜਨਾਂ ਨੇ ਆਪੋ ਆਪਣੇ ਵਿਚਾਰ ਦੱਸੇ।

ਸੰਤ ਵਿਸਾਖਾ ਸਿੰਘ ਜੀ ਨੇ ਨਿੰਮ੍ਰਤਾ ਭਾਵ ਨਾਲ ਕਿਹਾ ਕਿ ਮਾਮਲਾ ਦਿਨੋ ਦਿਨ ਗੁੰਝਲਦਾਰ ਹੋ ਰਿਹਾ ਹੈ। ਸ਼੍ਰੋ: ਕਮੇਟੀ ਪਾਸ ਇਕ ਡੈਪੂਟੇਸ਼ਨ ਭੇਜਿਆ ਜਾਵੇ। ਸਾਰਿਆਂ ਦੀ ਪ੍ਰਵਾਨਗੀ ਨਾਲ ਹੇਠ ਲਿਖੇ ਸੱਜਣ ਡੈਪੂਟੇਸ਼ਨ ਲਈ ਨੀਅਤ ਕੀਤੇ ਗਏ।

ਸੰਤ ਵਿਸਾਖਾ ਸਿੰਘ ਜੀ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ, ਜਥੇਦਾਰ ਬਚਿਤਰ ਸਿੰਘ ਜੀ ਰਾਮ ਪੁਰ, ਜਥੇਦਾਰ ਸ਼ਾਮ ਸਿੰਘ ਜੀ ਮੁਕੰਦ ਪੁਰ, ਸঃ ਸੇਵਾ ਸਿੰਘ ਜੀ ਘੁੰਗਰਾਣਾ, ਸঃ ਆਤਮਾ ਸਿੰਘ ਜੀ ਐਡੀਟਰ ਸੁਖ ਜੀਵਨ ਮੋਗਾ, ਵੈਦ ਕੇਸਰ ਸਿੰਘ ਜੀ, ਗਿਆਨੀ ਅਰਜਨ ਸਿੰਘ ਜੀ, ਸঃ ਬਚਨ ਸਿੰਘ ਜੀ ਗੁਜਰਵਾਲ, ਸঃ ਨਿਗੰਦਰ ਸਿੰਘ ਜੀ ਲੁਧਿਆਣਾ, ਸঃ ਗੁਰਦਿਆਲ ਸਿੰਘ ਕੁਠਾਲਾ ਰਿঃ ਮਲੇਰ ਕੋਟਲਾ, ਗਿਆਨੀ ਸਾਧੂ ਸਿੰਘ ਜੀ, ਗਿਆਨੀ ਜੀਵਾ ਸਿੰਘ ਜੀ, ਪ੍ਰੋਫੈਸਰ ਰਾਮ ਸਿੰਘ ਜੀ ਬੀ. ਏ. ਬੀ. ਟੀ., ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਆਦਿ ਸ਼੍ਰੋঃ ਕਮੇਟੀ ਪਾਸੋਂ ਮਿਲਨ ਦੀ ਤਰੀਕ ਤੇ ਸਮਾਂ ਲੈਕੇ ਇਹ ਡੈਪੂਟੇਸ਼ਨ ਮਿਲਿਆ। ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਤੇ ਸੰਤ ਵਿਸਾਖਾ ਸਿੰਘ ਜੀ ਬੀਮਾਰ ਹੋਣ ਕਰਕੇ ਨਾ ਜਾ ਸਕੇ। ਕਮੇਟੀ ਦੇ ਮੁਖੀਆਂ ਨੂੰ ਸਾਰੇ ਹਾਲ ਵਿਸਥਾਰ ਸਹਿਤ ਦਸੇ। ਬੀੜਾਂ ਤੋੜੀਆਂ ਦੇ ਪੱਤਰੇ ਵਿਖਾਏ ਪਰ ਕਮੇਟੀ ਦੇ ਮੈਂਬਰ ਕੋਈ ਤਸਲੀ ਬਖਸ਼ ਭਰੋਸਾ ਨਾ ਦਿਤਾ ਬਲਕਿ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸঃ ਹਰਨਾਮ ਸਿੰਘ ਜੀ ਨੇ ਇਹ ਕਹਿਣੋਂ ਵੀ ਸੰਕੋਚ ਨਾ ਕੀਤਾ ਕਿ "ਕੀ ਪਤਾ ਹੈ ਕਿ ਕੂਕਿਆਂ ਨੂੰ ਬਦਨਾਮ ਕਰਨ ਲਈ ਤੁਸਾਂ ਆਪ ਹੀ ਬੀੜ ਤੋੜ ਕੇ ਪੱਤਰੇ ਅੱਡੋ ਅੱਡ ਕੀਤੇ ਹੋਣ" ਜਿਸ ਨੂੰ ਸੁਣ ਕੇ ਡੈਪੂਟੇਸ਼ਨ ਦੇ ਸਜਨ ਰੋਸ ਵਜੋਂ ਵਾਕ ਆਊਟ ਕਰ ਆਏ। ਥੋੜੇ ਚਿਰ ਮਗਰੋਂ ਫੇਰ ਗਲ ਬਾਤ ਹੋਣ ਲਗੀ। ਡੈਪੂਟੇਸ਼ਨ ਦੇ ਸਜਨਾਂ ਇਥੋਂ ਤੱਕ ਵੀ ਕਿਹਾ ਕਿ ਤੁਸੀਂ ਜਥੇਦਾਰ ਮੋਹਨ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਹੀ ਨੀਅਤ ਕਰੋ। ਅਸੀਂ ਸਾਬਤ ਕਰਾਂਗੇ ਕਿ ਕੂਕਿਆਂ ਨੇ ਬੀੜਾਂ ਤੋੜੀਆਂ ਹਨ। ਸ਼੍ਰੋਮਣੀ ਕਮੇਟੀ ਅਜੇਹਾ ਕਰਨ ਤੋਂ ਇਨਕਾਰ ਕਰ ਗਈ ਤੇ ਡੈਪੂਟੇਸ਼ਨ ਮੁੜ ਆਇਆ। ਇਸ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਵਲੋਂ ਇਕ ਹੋਰ ਐਲਾਨ ਨਿਕਲਿਆ ਕਿ "ਕਮੇਟੀ ਪੱਤਰਾ ਪਾਠ ਨੂੰ ਨਵੀਂ ਕਾਢ ਸਮਝਦੀ ਹੈ, ਇਸ ਵਾਸਤੇ ਇਸ ਦੇ ਹੱਕ ਵਿਚ ਨਹੀ" ਇਸ ਦਾ ਸਾਫ ਭਾਵ ਇਹ ਸੀ ਕਿ ਕਮੇਟੀ ਇਸ ਤਰ੍ਹਾਂ ਬੀੜਾਂ ਦੀ ਬਿਅਦਬੀ ਕਰਨ ਤੇ ਪੱਤਰਾ ਪਾਠ ਨੂੰ ਅਯੋਗ ਨਹੀਂ ਸਮਝਦੀ, ਕੇਵਲ ਨਵੀਂ ਕਾਢ ਸਮਝਦੀ ਹੈ।

(ਦੋ ਸਾਲ ਮਗਰੋਂ ਕਾਢ ਪੁਰਾਣੀ ਹੋਕੇ ਰੀਤ ਬਣ ਜਾਵੇਗੀ। ਸੰਪਾਦਕ)

ਕਮੇਟੀ ਨੇ ਇਸ ਐਲਾਨ ਵਿਚ ਕੂਕਿਆਂ ਦੇ ਇਸ ਕਰਮ ਵਿਰੁਧ ਐਜੀਟੇਸ਼ਨ ਕਰਨ ਵਾਲਿਆਂ

Digitized by Panjab Digital Library | www.panjabdigilib.org

ਨੂੰ ਵੀ ਰੱਜ ਕੇ ਕੋਸਿਆ। ਆਮ ਗੁਰ ਸੰਗਤਾਂ ਨੇ ਕਮੇਟੀ ਦੇ ਇਸ ਐਲਾਨ ਦੀ ਉਨੀ ਕਦਰ ਵੀ ਨਾ ਕੀਤੀ ਜਿਤਨੀ ਕੀਮਤ ਦੇ ਕਾਗਜ਼ਾਂ ਪੁਰ ਇਹ ਛਾਪਿਆ ਸੀ। ਕਮੇਤੀ ਦੇ ਇਸ ਐਲਾਨ ਦੇ ਨਾਲ ਹੀ ਨਾਮਧਾਰੀਆਂ ਵਲੋਂ ਵੀ ਇਕ ਐਲਾਨ ਨਿਕਲਿਆ ਕਿ 'ਪੰਥ ਨੂੰ ਗਲਤ ਫਹਿਮੀ ਲਗੀ ਹੈ, ਅਸਾਂ ਕੋਈ ਅਪਰਾਧ ਨਹੀਂ ਕੀਤਾ, ਬੇ ਸਮਝ ਸਜਣ ਐਵੇਂ ਰੌਲਾ ਪਾ ਰਹੇ ਹਨ।

ਇਨ੍ਹਾਂ ਐਲਾਨਾਂ ਮਗਰੋਂ ਤੇ ਸ਼ਰੋਮਣੀ ਕਮੇਟੀ ਪਾਸੋਂ ਮੁੜੇ ਡੈਪੂਟੇਸ਼ਨ ਦੇ ਮਿਲੇ ਵੀਚਾਰਾਂ ਮਗਰੋਂ ਵਿਚਾਰ ਹੋ ਕੇ ਕੂਕਿਆਂ ਵਿਰੁਧ ਐਜੀਟੇਸ਼ਨ ਦਾ ਹੜ ਵਗ ਤੁਰਿਆ। ਥਾਂ ਥਾਂ ਕੂਕਿਆਂ ਦੀ ਵਿਰੋਧਤਾ ਤੇ ਬਾਈਕਾਟ ਹੋਣ ਲਗਾ, ਪ੍ਰੈਸ ਅਤੇ ਪਲੇਟਫਾਰਮ ਤੋਂ ਐਜੀਟੇਸ਼ਨ ਸ਼ੁਰੂ ਹੋ ਗਈ। ਸ਼ੇਰੇ ਪੰਜਾਬ, ਖਾਲਸਾ ਐਡਵੋਕੇਟ, ਖਾਲਸਾ ਸਮਾਚਾਰ, ਦਲੇਰ ਖਾਲਸਾ, ਫਤਹਿ, ਸੁਖ ਜੀਵਨ, ਗੜਗਜ ਆਦਿ'ਪੰਥਕ ਅਖਬਾਰਾਂ ਨੇ ਆਪਣੇ ਫਰਜ਼ਾਂ ਨੂੰ ਜਾਣਦਿਆਂ ਜ਼ਬਰਦਸਤ ਲੇਖ ਲਿਖੇ, ਪਰ 'ਅਕਾਲੀ' ਅਖਬਾਰ ਨੇ ਨਾਮਧਾਰੀਆਂ ਦਾ ਹੀ ਪੱਖ ਲਿਆ। ਜਿਸਤੋਂ ਸੰਗਤਾਂ ਵਿਰੁਧ 'ਅਕਾਲੀ' ਅਖਬਾਰ ਵਿਰੁਧ ਵੀ ਰੋਸ ਪੈਦਾ ਹੋਣ ਲਗਾ। ਇਸ ਅੰਦੋਲਨ ਨੂੰ ਜਾਰੀ ਰੱਖਣ ਤੇ ਅਸਰਦਾਰ ਬਣਾਉਣ ਲਈ ਪਹਿਲਾਂ ਛੋਟੀਆਂ ਛੋਟੀਆਂ ਕਾਨਫਰੰਸਾਂ, ਅਖੀਰ ਤੇ ਦਿਤੇ ਅੰਤਕੇ ਅਨੁਸਾਰ ਥਾਂ ਥਾਂ ਹੋਈਆਂ ਕਿ ਜਦ ਤਕ ਕੂਕੇ ਆਪਣੇ ਅਪਰਾਧ ਦੀ ਮੁਆਫੀ ਨਾ ਮੰਗਣ ਇਨ੍ਹਾਂ ਦਾ ਥਾਂ ਥਾਂ ਬਾਈਕਾਟ ਕੀਤਾ ਜਾਵੇ।

ਇਸ ਸਮੇਂ ਭਾਵੇਂ ਸ਼ਰੋਮਣੀ ਕਮੇਟੀ ਪਾਸੋਂ ਕੋਈ ਆਸ ਨਹੀਂ ਸੀ ਕਿ ਉਹ ਨਾਮਧਾਰੀਆਂ ਦੀ ਇਸ ਕਾਰਵਾਈ ਵਿਰੁਧ ਕੋਈ ਐਕਸ਼ਨ ਲਵੇ, ਪਰ ਫਿਰ ਵੀ ਇਹ ਜ਼ਰੂਰੀ ਜਾਣ ਕੇ ਕਿ ਸ਼ਰੋਮਣੀ ਕਮੇਟੀ ਦੇ ਜਨਰਲ ਮੈਂਬਰਾਂ ਨੂੰ ਪਰੇਰਨਾ ਕਰਕੇ ਦੇਖਿਆ ਜਾਵੇ। ਸੋ ਸ਼ਰੋਮਣੀ ਕਮੇਟੀ ਦੇ ਦਸ ਮੈਂਬਰਾਂ ਦੀ ਰਾਹੀਂ ਕਮੇਟੀ ਦਾ ਜਨਰਲ ਸਮਾਗਮ ਕੀਤੇ ਜਾਣ ਦੀ ਮੰਗ ਦਾ ਨੋਟਿਸ ਦਿਤਾ ਗਿਆ ਤੇ ਮਤੇ ਬਣਾ ਕੇ ਭੇਜੇ ਗਏ ਜਿਸ ਪੁਰ ੨੬ ਅਕਤੂਬਰ ੧੯੪੧ ਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਸ਼ਰੋਮਣੀ ਕਮੇਟੀ ਦਾ ਜਨਰਲ ਸਮਾਗਮ ਹੋਇਆ। ਜਦੋਂ ਮੈਂਬਰਾਂ ਵਲੋਂ ਆਏ ਮਤਿਆਂ ਪੁਰ ਵਿਚਾਰ ਸ਼ੁਰੂ ਹੋਈ ਤਾਂ ਮਾਸਟਰ ਕਪੂਰ ਸਿੰਘ ਜੀ ਮੋਨਪੁਰ ਲੁਦਿਹਾਨਾ ਨੇ ਇਹ ਮਤਾ ਪੇਸ਼ ਕੀਤਾ—

> "ਅੱਜ ਦਾ ਇਹ ਸ਼ਰੋਮਣੀ ਗੁਃ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਪਾਸ ਕਰਦਾ ਹੈ ਕਿ ਸ਼ਰੋਮਣੀ ਗੁਃ ਪ੍ਰਬੰਧਕ ਕਮੇਟੀ ਦੀ ਇਹ ਪਾਲਸੀ ਜੋ ਉਨ੍ਹਾਂ ਨੇ ਬਾਬਾ ਪਰਤਾਪ ਸਿੰਘ ਜੀ ਦੇ ਪ੍ਰਚੱਲਤ 'ਪੱਤਰਾ ਪਾਠ' ਸੰਬੰਧੀ ਅਖਤਿਆਰ ਕੀਤੀ ਹੋਈ ਹੈ, ਤੇ ਜਿਸਦੇ ਅਧਾਰ ਤੇ ਸ਼ਰੋਮਣੀ ਕਮੇਟੀ ਨੇ ਮਈ ਤੇ ਜੁਲਾਈ ਵਿਚ ਦੋ ਐਲਾਨ ਭੀ ਕਢ ਚੁਕੇ ਸਨ, ਕੇਵਲ ਚੰਦ ਇਕ ਸਜਣਾਂ ਜਾਂ ਇਕ ਧੜੇ ਦੀ ਪਾਲਿਸੀ ਹੈ। ਅਜ ਦਾ ਜਨਰਲ ਇਜਲਾਸ ਇਸ ਪਾਲਿਸੀ ਨਾਲ ਜ਼ੋਰਦਾਰ ਅਸੰਮਤੀ ਪ੍ਰਗਟ ਕਰਦਾ ਹੈ।"

ਮਾਸਟਰ ਜੀ ਨੇ ਐਲਾਨ ਵੀ ਪੜ੍ਹਕੇ ਸੁਣਾਏ ਤੇ ਦਸਿਆ ਕਿ ਪਹਿਲੇ ਵਿਚ ਅਜੇਹੇ ਪਾਠਾਂ ਦੀ ਨਖੇਧੀ ਵੀ ਨਹੀਂ ਕੀਤੀ ਪਰ ਦੂਜੇ ਵਿਚ ਨਵੀਂ ਕਾਢ ਦਸੀ ਹੈ। ਪਰ ਕਈ ਸ਼ਬਦ ਅਜੇਹੇ ਕਟਾਖਸ਼ ਵਾਲੇ ਵੀ ਐਜੀਟੇਸ਼ਨ ਕਰਨ ਵਾਲਿਆਂ ਲਈ ਹਨ ਜੋ ਸ਼ਰੋਮਣੀ ਕਮੇਟੀ ਵਰਗੀ ਧਾਰਮਿਕ ਜਮਾਤ ਨੂੰ ਨਹੀਂ ਲਿਖਣੇ ਚਾਹੀਦੇ।

ਸਃ ਸੇਵਾ ਸਿੰਘ ਜੀ ਘੁੰਗਰਾਣਾ ਤੇ ਗਿਆਨੀ ਸ਼ੇਰ ਸਿੰਘ ਜੀ ਵਲੋਂ ਵੀ ਇਸ ਭਾਵ ਦੇ ਮਤੇ ਸਨ। ਸਃ ਸੇਵਾ ਸਿੰਘ ਹੋਰਾਂ ਆਪਣਾ ਮਤਾ ਵਾਪਸ ਲੈ ਲਿਆ ਪਰ ਗਿਆਨੀ ਸ਼ੇਰ ਸਿੰਘ ਹੋਰਾਂ

Digitized by Panjab Digital Library | www.panjabdigilib.org

ਆਖਿਆ ਕਿ ਜੇ ਮਾ: ਕਪੂਰ ਸਿੰਘ ਜੀ ਮੇਰੇ ਮਤੇ ਦਾ ਪਹਿਲਾ ਅੰਕ ਆਪਣੇ ਮਤੇ ਨਾਲ ਲਾਉਣਾ ਮੰਨ ਲੈਣ ਤਾਂ ਮੈਂ ਮਤਾ ਵਾਪਸ ਲੈ ਲੈਂਦਾ ਹਾਂ। ਮਾਸਟਰ ਕਪੂਰ ਸਿੰਘ ਹੋਰਾਂ ਇਹ ਮੰਨ ਲਿਆ ਤੇ ਉਨ੍ਹਾਂ ਦੇ ਉਪਰਲੇ ਮਤੇ ਨਾਲ ਉਸਦਾ ਗਿਆਨੀ ਸ਼ੇਰ ਸਿੰਘ ਜੀ ਦੇ ਮਤੇ ਦਾ ਪਹਿਲਾ ਅੰਕ ਇਸਤਰਾਂ ਦਾ ਲਾ ਕੇ ਪੈਰਾ ਨੰ. ੨ ਬਣਾਇਆ ਗਿਆ। ਪੈਰਾਂ ਨੰ; ੨ (ੳ) "ਇਹ ਸਮਾਗਮ ਕੂਕਿਆਂ ਦੇ ਪਤਰਾ ਪਾਠ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਸਮਝਦਾ ਹੈ, ਇਸ ਸਮਾਗਮ ਦੀ ਰਾਇ ਵਿਚ ਨਾਮਧਾਰੀ ਫਿਰੰਕਾ ਜਦ ਤਕ ਇਸ ਅਪਰਾਧ ਦੀ ਖੁਲ੍ਹੀ ਮੁਆਫੀ ਆਪਣੇ ਆਗੂ ਬਾਬਾ ਪ੍ਰਤਾਪ ਸਿੰਘ ਦੁਆਰਾ ਨਾ ਮੰਗੇ ਤਦ ਤਕ ਹਰ ਇਕ ਸਿਖ ਇਨ੍ਹਾਂ ਦਾ ਪੂਰਾ ਬਾਈਕਾਟ ਕਰੇ। ਇਨ੍ਹਾਂ ਦੇ ਹਥੋਂ ਖਾਣ ਪੀਣ ਤੇ ਇਨ੍ਹਾਂ ਨਾਲ ਮਿਲ ਕੇ ਗਲ ਬਾਤ ਕਰਨ ਤੋਂ ਵੀ ਪੂਰਾ ੨ ਪਰਹੇਜ਼ ਕੀਤਾ ਜਾਵੇ।"

ਗਿਆਨੀ ਕਰਤਾਰ ਸਿੰਘ ਜੀ ਨੇ ਇਸ ਮਤੇ ਵਿਰੁਧ ਇਕ ਹੋਰ ਮਤਾ ਪੇਸ਼ ਕੀਤਾ ਕਿ "ਸ਼ਰੋਮਣੀ ਕਮੇਟੀ ਤੇ ਨਾਮਧਾਰੀ ਦਰਬਾਰ ਵਲੋਂ ਇਸ ਮਾਮਲੇ ਸੰਬੰਧੀ ਕਢੇ ਗਏ ਐਲਾਨਾਂ ਨਾਲ ਸ਼ਰੋਮਣੀ ਕਮੇਟੀ ਦੇ ਇਸ ਇਜਲਾਸ ਦੀ ਤਸਲੀ ਹੋ ਗਈ ਹੈ ਤੇ ਮਜ਼ੀਦ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ।" ਇਸ ਸੰਬੰਧ ਵਿਚ ਗਿਆਨੀ ਸ਼ੇਰ ਸਿੰਘ ਜੀ, ਸ: ਕਰਤਾਰ ਸਿੰਘ ਝੱਬਰ, ਸ: ਗੁਰਬਖਸ਼ ਸਿੰਘ ਜੀ, ਸ: ਆਤਮਾ ਸਿੰਘ ਜੀ ਨਾਮਧਾਰੀ ਰਾਵਲ ਪਿੰਡੀ, ਸ: ਅਮਰ ਸਿੰਘ ਜੀ ਸ਼ੇਰੇ ਪੰਜਾਬ, ਸ: ਸੇਵਾ ਸਿੰਘ ਜੀ ਘੁੰਗਰਾਣਾ ਨੇ ਹਿਸਾ ਲਿਆ। ਸ: ਹਰਚਰਨ ਸਿੰਘ ਬਾਜਵਾ ਦੀ ਬੇਨਤੀ ਪੁਰ, ਪ੍ਰਧਾਨ ਜੀ ਨੇ ੧੫ ਮਿੰਟਾਂ ਲਈ ਆਪਸ ਵਿਚ ਵਿਚਾਰ ਕਰਨ ਲਈ ਇਜਲਾਸ ਮੁਲਤਵੀ ਕੀਤਾ। ਜਦੋਂ ਫਿਰ ਇਕੱਤਰਤਾ ਅਰੰਭ ਹੋਈ ਤਾਂ ਸ: ਆਤਮਾ ਸਿੰਘ ਜੀ ਨਾਮਧਾਰੀ ਜਨਰਲ ਸਕੱਤਰ ਨਾਮਧਾਰੀ ਦਰਬਾਰ ਨੇ ਨਾਮਧਾਰੀ ਦਰਬਾਰ ਵਲੋਂ ਇਕ ਐਲਾਨ ਇਸ ਭਾਵ ਦਾ ਪੜ੍ਹਿਆ ਕਿ "ਇਸ ਸੰਬੰਧ ਵਿਚ ਜੋ ਸਾਡੇ ਭਰਾਵਾਂ ਨੂੰ ਦੁਖ ਸੀ, ਉਸ ਤੋਂ ਦਰਬਾਰ ਖੇਦ ਵੀ ਪ੍ਰਗਟ ਕਰ ਚੁੱਕਾ ਹੈ, ਪ੍ਰੰਤੂ ਕੁਝ ਸੱਜਣ ਅਜੇ ਤਕ ਸੰਤੁਸ਼ਟ ਨਹੀਂ ਹੋਏ, ਏਸ ਲਈ ਨਾਮਧਾਰੀ ਦਰਬਾਰ ਫੇਰ ਐਲਾਨ ਕਰਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਸ ਦੀ ਸ਼ਾਨ ਅਨੁਸਾਰ ਸਤਿਕਾਰ ਕਰਨਾ ਆਪਣਾ ਧਰਮ ਸਮਝਦੇ ਹਾਂ ਤੇ ਪੰਥਕ ਏਕਤਾ ਪੰਥਕ ਜਜ਼ਬਾਤ ਦਾ ਏਹਤਰਾਮ ਕੀਤਾ ਜਾਵੇਗਾ ਤੇ ਫਿਰ ਕੋਈ ਐਸੀ ਗੱਲ ਦਰਬਾਰ ਨਹੀਂ ਹੋਣ ਦੇਵੇਗਾ"।

ਜਿਸ ਤੋਂ ਪ੍ਰਧਾਨ ਜੀ ਨੇ ਮਾਸਟਰ ਕਪੂਰ ਸਿੰਘ ਜੀ ਨੂੰ ਪੁੱਛਿਆ ਕਿ ਕੀ ਇਸ ਨਾਲ ਤੁਹਾਡੀ ਤਸੱਲੀ ਹੈ ਤੇ ਤੁਸੀਂ ਮਤਾ ਵਾਪਸ ਲੈਣ ਨੂੰ ਤਿਆਰ ਹੋ, ਤਾਂ ਉਨ੍ਹਾਂ ਕਿਹਾ ਕਿ ਮਤੇ ਵਿਚ ਕੁਝ ਅਖਰ ਠੀਕ ਕੀਤੇ ਜਾਣ ਤੇ 'ਗਲ' ਦੇ ਥਾਂ 'ਗਲਤੀ' ਨਹੀਂ ਕਰੇਗਾ ਕੀਤਾ ਜਾਵੇ,ਪਰ ਸ: ਆਤਮਾ ਸਿੰਘ ਹੋਰਾਂ ਇਕ ਅੱਖਰ ਵੀ ਵਧ ਘਟ ਕਰਨ ਤੋਂ ਇਨਕਾਰ ਕਰ ਦਿਤਾ, ਤਾਂ ਪ੍ਰਧਾਨ ਜੀ ਨੇ ਪਹਿਲਾਂ ਗਿਆਨੀ ਕਰਤਾਰ ਸਿੰਘ ਜੀ ਦਾ ਉਪਰ ਦਸਿਆ ਮਾਸਟਰ ਕਪੂਰ ਸਿੰਘ ਜੀ ਦੇ ਮਤੇ ਦੇ ਵਿਰੁਧ ਮਤਾ ਪੇਸ਼ ਕੀਤਾ ਜੋ ੮੦ ਵੋਟਾਂ ਨਾਲ ਪਾਸ ਹੋ ਗਿਆ।

ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਪਾਰਟੀ ਪਾਲਸੀ ਤੇ ਹੁਕਮ ਵਿਚ ਹੀ ਚਲਦੇ ਹੋਣ ਕਰਕੇ ਸੰਗਤਾਂ ਦਾ ਭਰੋਸਾ ਇਨ੍ਹਾਂ ਉਤੋਂ ਵੀ ਉਠ ਗਿਆ। ਹੁਣ ਉਨ੍ਹਾਂ "ਆਪਣੇ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ" ਦੇ ਗੁਰਵਾਕ ਪੁਰ ਅਮਲ ਕਰਦਿਆਂ ਗੁਰੂ ਦਾ ਆਸਰਾ ਲੈ ਕੇ ਇਸ

Digitized by Panjab Digital Library | www.panjabdigilib.org

ਘੋਰ ਬੇਅਦਬੀ ਦਾ ਪਸਚਾਤਾਪ ਕਰਨ ਲਈ ਕਮਰ ਕਸੇ ਕਰ ਲਏ ਤੇ ਨਗਾਰੇ ਪੁਰ ਚੋਟ ਲਾ ਦਿਤੀ ਕਿ ਹੁਣ ਸਾਰੇ ਪੰਥ ਦਾ ਮਿਲਵਾਂ ਫੈਸਲਾ ਲਿਆ ਜਾਵੇ। ਇਸ ਦੀ ਪੂਰਤੀ ਦਾ ਪ੍ਰਬੰਧ ਕਰਨ ਲਈ ਇਕ ਇਕੱਤ੍ਰਤਾ ਵਿਖੇ ੧੯੪੧ ਨੂੰ ਅਕਾਲੀ ਜਥਾ ਜ਼ਿਲਾ ਲੁਧਿਹਾਣਾ ਵਲੋਂ ਸਦੀ ਗਈ। ਤਿਨ ਚਾਰ ਘੰਟੇ ਦੀ ਲੰਮੀ ਵਿਚਾਰ ਮਗਰੋਂ ਇਕ ਬੜੀ ਭਾਰੀ ਕਾਨਫਰੰਸ ਕਰਨ ਦੀ ਵਿਚਾਰ ਹੋਈ ਤੇ ਗਿਆਨੀ ਹਰਭਗਤ ਸਿੰਘ ਜੀ ਦੇ ਤਜਵੀਜ਼ ਕਰਨ ਤੇ ਇਸ ਦਾ ਨਾਮ "ਪਹਿਲੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫ੍ਰੰਸ" ਪ੍ਰਵਾਨ ਕੀਤਾ ਗਿਆ।

ਕਾਨਫ੍ਰੰਸ ਅੱਡਾ ਮੁੱਲਾਂ ਪੁਰ ਵਿਖੇ ਕਰਨ ਦਾ ਫੈਸਲਾ ਕਰਕੇ ੨੧-੨੨ ਫਰਵਰੀ ੧੯੪੨ ਦੀਆਂ ਤਰੀਕਾਂ ਨੀਯਤ ਕੀਤੀਆਂ ਗਈਆਂ।

'ਗੁਰਸਿਖ ਮੀਤ ਚਲਹੁ ਗੁਰ ਚਾਲੀ' ਦੇ ਗੁਰਵਾਕ ਪੁਰ ਚਲਦਿਆਂ ਹੋਇਆਂ 'ਪੰਚ ਪ੍ਰਵਾਨ, ਪੰਚ ਪ੍ਰਧਾਨ' ਦੀ ਪੁਰਾਤਨ ਮਰਯਾਦਾ ਅਨੁਸਾਰ ਇਕ ਗੁਰਮਤ ਦੇ ਕਾਰਜ ਲਈ ਪੰਜ ਪਿਆਰਿਆਂ ਦੀ ਪ੍ਰਧਾਨਗੀ ਹੇਠ ਹੀ ਕਾਨਫਰੰਸ ਦਾ ਸਾਰਾ ਪ੍ਰਬੰਧ ਤੇ ਸਾਰਾ ਕੰਮ ਕਰਨਾ ਪ੍ਰਵਾਨ ਕੀਤਾ ਤੇ ਸਭ ਤੋਂ ਪਹਿਲਾਂ ਗਿਆਨੀ ਗੁਰਦਿਆਲ ਸਿੰਘ ਜੀ ਬੋਪਾਰਾਇ, ਭਾਈ ਚੰਨਣ ਸਿੰਘ ਜੀ ਰਾਮਗੜ੍ਹ, ਜਥੇਦਾਰ ਈਸਰ ਸਿੰਘ ਜੀ 'ਤੂਰ' ਸ਼ੇਰਪੁਰਾ, ਗਿਆਨੀ ਸਾਧੂ ਸਿੰਘ ਜੀ ਗੁ: ਰੇਰੂ ਸਾਹਿਬ ਰਾਮਪੁਰ, ਬਾਬੂ ਚਰਨਜੀਤ ਸਿੰਘ ਜੀ ਰਈਸ ਤਖਰ ਇਨ੍ਹਾਂ ਪੰਜਾਂ ਪਿਆਰਿਆਂ ਦੀ ਪ੍ਰਧਾਨਗੀ ਹੇਠ ਸਵਾਗਤ ਕਮੇਟੀ ਨੀਅਤ ਕੀਤੀ ਗਈ। ਅੱਡਾ ਦਾਖਾ ਵਿਖੇ ਦਫਤਰ ਖੋਲਿਆ ਗਿਆ। ਦੇਸਾਂ ਦੇਸਾਂਤਰਾਂ ਵਿਚ ਸਦੇ ਪੱਤਰ ਭੇਜੇ ਗਏ। ਹਜ਼ਾਰਾਂ ਸੁਸਾਇਟੀਆਂ, ਸਜਨਾਂ ਵਲੋਂ ਪੱਤਰ ਪੁਜੇ ਜਿਨ੍ਹਾਂ ਵਿਚੋਂ ਕੁਝ ਜ਼ਰੂਰੀ ਇਥੇ ਦਿੰਦੇ ਹਾਂ।

ੴ ਸ੍ਰੀ ਅਕਾਲ ਜੀ ਸਹਾਇ

ਤਖਤ ਸ੍ਰੀ ਦਮਦਮਾ ਸਾਹਿਬ, "ਗੁਰੂ ਕਾਂਸ਼ੀ" ਡਾਕਘਰ ਤਲਵੰਡੀ ਸਾਬੋ ਰਿ: ਪਟਿਆਲਾ।

ਚਿਠੀ ਨੰ: ੩੨੭ ਮਿਤੀ ੯ ਫੱਗਣ ੧੯੯੮

ਸ੍ਰੀਮਾਨ ਸਕੱਤਰ ਸਾਹਿਬ ਜੀ

ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸ.

ਅੱਡਾ ਮੁਲਾਂ ਪੁਰ।

ਪ੍ਰੇਮ ਕ੍ਰਿਪਾਲੂ ਜੀਓ

ਕੂਕਿਆਂ ਦੇ ਪੱਤਰਾ ਪਾਠ ਸਬੰਧੀ ਤਖਤ ਸ੍ਰੀ ਦਮਦਮਾ ਸਾਹਿਬ, ਗੁਰੂ ਕਾਂਸ਼ੀ ਵਲੋਂ ਇਹ ਹੁਕਮ ਹੈ ਕਿ ਪਤਰਾ ਪਾਠ ਕਰਕੇ ਕੂਕਿਆਂ ਨੇ ਸਮੂਹ ਸਿਖ ਸੰਗਤਾਂ ਦੇ ਹਿਰਦਿਆਂ ਨੂੰ ਦੁਖਤ ਕੀਤਾ ਹੈ ਅਤੇ ਗੁਰੂ ਪੰਥ ਦੀ ਪਵਿਤਰ ਮਰਯਾਦਾ ਨੂੰ ਭੰਗ ਕਰਨ ਦਾ ਭਾਰੀ ਦੋਸ਼ ਕੀਤਾ ਹੈ। ਅਜੇਹੇ ਅਪਰਾਧੀ ਨੂੰ ਸਖਤ ਤੋਂ ਸਖਤ ਦੰਡ ਦੇਣਾ ਚਾਹੀਦਾ ਹੈ, ਜਿਸ ਤੋਂ ਅੱਗੇ ਨੂੰ ਇਸ ਤਰ੍ਹਾਂ ਮਨਮਤ ਕਰਨ ਦੀ ਕਿਸੇ ਨੂੰ ਦਲੇਰੀ ਨਾ ਪਵੇ। ਗੁਰੂ ਖਾਲਸਾ ਪੰਥ ਵਿਚ ਕੋਈ ਦੇਹਧਾਰੀ ਮਨੁਖ ਗੁਰੂ ਨਹੀਂ ਅਖਵਾ ਸਕਦਾ, ਜੋ ਗੁਰੂ ਸਦਾਉਂਦਾ ਹੈ ਉਹ ਗੁਰੂ ਘਰ ਦਾ ਦੋਖੀ ਹੈ।

ਦਾਸ: ਲਾਲ ਸਿੰਘ ਹੈਡ ਗ੍ਰੰਥੀ ॥

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

(ਪ੍ਰਬੰਧਕ ਕਮੇਟੀ)

ਸ੍ਰੀ ੧੦੮ ਤਖਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਿਟੀ (ਬਿਹਾਰ)

ਚਿਠੀ ਨੰਃ ੭੧੧ ਤਰੀਕ ੧੪ — ੨ — ੧੯੪੨

ਸੇਵਾ ਵਿਖੇ

ਗਿਃ ਦਿਆਲ ਸਿੰਘ ਜੀ ਪ੍ਰਾਪੇਗੰਡਾ ਸਕੱਤ੍ਰ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ ਅੱਡਾ ਮੁਲਾਂ ਪੁਰ ।

ਸ੍ਰੀਮਾਨ ਜੀ

ਵਾਹਿਗੁਰੂ ਜੀ ਕੀ ਫਤਹਿ । ਆਪ ਦੀ ਪੁਛ ਦੇ ਉਤਰ ਵਿਚ ਬੇਨਤੀ ਹੈ ਕਿ ਆਪ ਦੇ ਕਾਗਜ਼ ਧਾਰਮਕ ਸਲਾਹਕਾਰਾਂ ਕੋਲ ਭੇਜ ਦਿਤੇ ਹਨ, ਜੋ ਉਤਰ ਉਹ ਦੇਣ ਗੇ ਆਪ ਪਾਸ ਭੇਜ ਦਿਤਾ ਜਾਵੇਗਾ । ਤਸਲੀ ਰਖੋ । ਕੋਈ ਸੇਵ ?

ਦਾਸਃ ਅਜੀਤ ਸਿੰਘ ਸੁਪ੍ਰੰਟੈਂਡੰਟ ॥

## "ਚੀਫ ਖਾਲਸਾ ਦੀਵਾਨ ਦਾ ਫੈਸਲਾ"

ਗੁਰਮਤਾ ਨੰਃ ੧੬੯੩ ਤਰੀਕ ੮ ਜੂਨ ੧੯੪੧

ਕਾਰਜ ਸਾਧਕ ਤੇ ਜਨਰਲ ਕਮੇਟੀ ਚੀਃ ਖਾਃ ਦੀਵਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਡੋ ਅੱਡ ਪਤਰਿਆਂ ਤੋਂ ਵਖੋ ਵਖਰੇ ਥਾਂਈ ਅਲੱਗ ੨ ਸਜਣਾਂ ਪਾਸੋਂ ਇਕ ੨ ਪਤਰੇ ਦਾ ਪਾਠ ਕਰਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾ ਲਖ ਪਾਠ ਕਰਾਣ ਦੇ ਯਤਨ ਪਰ ਬਾਹਰੋਂ ਆਈਆਂ ਪੱਤਰਕਾਵਾਂ ਤੇ ਉਨ੍ਹਾਂ ਦੀਆਂ ਵਿਚਾਰਾਂ ਅਤੇ ਇਤਰਾਜ਼ਾਂ ਪੁਰ ਪੂਰਨ ਤੇ ਦੀਰਘ ਵਿਚਾਰ ਹੋਣ ਤੋਂ ਉਪ੍ਰੰਤ ਫੈਸਲਾ ਹੋਇਆ ਕਿਃ

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੋਲ੍ਹਕੇ ਅੱਡੋ ਅੱਡ ਪੱਤਰੇ ਕਰਕੇ ਉਪਰ ਲਿਖੇ ਪਾਠਾਂ ਦੇ ਯਤਨ ਵਿਚ ਵੰਡੇ ਜਾਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤਯੰਤ ਬੇਅਦਬੀ ਹੋਈ ਹੈ। ਐਸੀ ਕਾਰਵਾਈ ਕਿਸੇ ਸਿਖ ਮਾਤਰ ਤੋਂ ਜਾਂ ਕਿਸੇ ਸੰਗਤ ਤੋਂ ਹੋਣੀ ਬੜੀ ਅਯੋਗ ਤੇ ਨਿੰਦਨੀਯ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਦਾ ਸਰੂਪ ਹਨ ਤੇ ਗੁਰਯਾਈ ਦੀ ਗੱਦੀ ਉਤੇ ਜੁਗੋ-ਜੁਗ ਲਈ ਬਿਰਾਜਮਾਨ ਹਨ ।

(੨) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨਣ ਲਈ ਛਪੇ ਹੋਏ ਫਰਮਿਆਂ ਦਾ (ਜਿਨ੍ਹਾਂ ਦੇ ਉਤੇ ਆਦਿ ਤੋਂ ਲੈਕੇ ਅੰਤ ਤਕ ਚਲਦੇ ਸਫੇ ਦਰਜ ਹੋਣ) ਅੱਡੋ ਅੱਡ ਪੱਤਰੇ ਕਰਕੇ ਵਖਰੀ ਥਾਂ ਵਖੋ ਵਖਰੇ ਸਜਨਾਂ ਨੂੰ ਅੱਡੋ ਅੱਡ ਉਹਨਾਂ ਪਤਰਿਆਂ ਦਾ ਪਾਠ ਕਰਾਨ ਲਈ ਉਪਰ ਲਿਖੇ ਪਾਠਾਂ ਦੇ ਪੜ੍ਹਨ ਵਿਚ ਵੰਡੇ ਜਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਬੇਅਦਬੀ ਹੈ ਤੇ ਐਸੀ ਕਾਰਵਾਈ ਕਿਸੇ ਸਿਖ ਮਾਤ੍ਰ ਪਾਸੋਂ ਹੋਣੀ ਮਹਾਂ ਅਯੋਗ ਤੇ ਵਿਵਰਜਤ ਹੈ।

Digitized by Panjab Digital Library | www.panjabdigilib.org

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਭੋਗ ਪਾਉਣਾ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਹੋਣਾ ਹੀ ਉਚਿਤ ਹੈ। ਵੱਖੋ ਵੱਖ ਪਤਰਿਆਂ ਤੋਂ ਅੱਡੋ ਅੱਡ ਥਾਂਈ ਅਲੱਗ ਅਲੱਗ ਸਜਣਾਂ ਤੋਂ ਪਾਠ ਕਰਾਉਣਾ ਤੇ ਐਸੇ ਪਾਠ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਕਹਿਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਦੀ ਬੇਅਦਬੀ ਹੈ ਅਤੇ ਇਹ ਗੱਲ ਗੁਰਸਿੱਖੀ ਵਿਚ ਵਿਵਰਜਤ ਅਤੇ ਬੜੀ ਅਯੋਗ ਹੈ।

(੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦਾ ਸਰੂਪ ਹਨ। ਸ੍ਰੀ ਦਸਮੇਸ਼ ਜੀ ਤੋਂ ਪਿਛੋਂ ਜੁਗੋ ਜੁਗ ਲਈ ਗੁਰਿਆਈ ਦੀ ਗਦੀ ਤੇ ਬਿਰਾਜਮਾਨ ਹਨ, ਕਿਸੇ ਸਿਖ ਮਾਤ੍ਰ ਪਾਸੋਂ ਕੋਈ ਐਸੀ ਕਾਰਵਾਈ ਹੋਣੀ, ਜਿਸ ਦਾ ਅਸਰ ਸਿੱਧਾ ਜਾਂ ਵਲੇਵੇਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਤੇ ਪੂਰਨ ਸਤਿਕਾਰ ਨੂੰ ਨੀਵਾਂ ਕਰੇ ਜਾਂ ਘਟਾਵੇ ਬਹੁਤ ਅਯੋਗ ਅਤੇ ਵਿਵਰਜਤ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਪ੍ਰੇਮ ਕ੍ਰਿਪਾਲੂ ਜੀਓ

ਆਪ ਜੀ ਦੀ ਪਤ੍ਰਿਕਾ ਦੇ ਉਤਰ ਵਿੱਚ ਬੇਨਤੀ ਹੈ ਕਿ ਮੇਰੀ ਰਾਇ ਉਹੋ ਹੈ ਜੋ ਚੀਫ ਖਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਹੋਈ ਸੀ। ਉਸ ਵਿਚ ਹਰ ਪਹਿਲੂ ਤੋਂ ਇਸ ਵਿਸ਼ੇ ਤੇ ਰੋਸ਼ਨੀ ਪਾਕੇ ਠੀਕ ਸਿਧਾਂਤ ਦਸਿਆ ਗਿਆ ਹੈ ..........। ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਵਾਹਿਗੁਰੂ ਆਪ ਨੂੰ ਆਪਣੇ ਨੇਕ ਕੰਮ ਵਿਚ ਕਾਮਯਾਬੀ ਬਖਸ਼ੇ।

ਅੰਮ੍ਰਿਤਸਰ ਆਪ ਦਾ ਹਿਤਕਾਰੀ

੧੫. ੨. ੪੨ ਵੀਰ ਸਿੰਘ

ਜੋਗ: ਭਾਈ ਦਿਆਲ ਸਿੰਘ ਜੀ

ਸਕੱਤ੍ਰ ਸਰਬ ਹਿੰਦ ਅਕਾਲੀ ਕਾਨਫ੍ਰੰਸ ਮੁਲਾਂ ਪੁਰ ਜ਼ਿਲਾ ਲੁਧਿਆਣਾ।

ੴ ਸਤਿਗੁਰ ਪ੍ਰਸਾਦਿ

ਕਮਾਲੀਆ

(੧) ਸ੍ਰੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦ ਪਰ ਸ੍ਰੀ ਕਲਗੀਧਰ ਸਚੇ। ਪਾਤਸ਼ਾਹ ਜੀ ਆਪ ਅਸਥਾਪਨ ਕੀਤਾ ਹੈ। ਇਸੇ ਪਰ ਅਮਲ ਕਰਦੇ ਸਰਬਤ ਗੁਰੂ ਪੰਥ ਦਾ ਸਤਿਕਾਰ ਯੋਗ ਇਹੋ ਹੀ ਸਦਾ ਦਾ ਸਤਿਗੁਰੂ ਹੈ।

ਹੋਰ ਮਹਾਂ ਪੁਰਖ ਸਤਿਕਾਰ ਯੋਗ ਹਨ, ਕਰਨੀ ਵਾਲੇ ਗੁਰਮੁਖ ਤਾਂ ਹਨ ਪਰ 'ਸਤਿਗੁਰ ਬਾਝਹੁ ਗੁਰ ਨਹੀਂ ਕੋਈ'

(੨) ਸ੍ਰੀ ਸਤਿਗੁਰੂ ਜੀ ਦੇ ਪੱਤਰੇ ਪੱਤਰੇ ਕਰਕੇ ਪਾਠ ਕਰਵਾਨਾ ਅਤੀ ਅਯੋਗ ਹੈ ਔਰ ਮਹਾਨ ਦੋਸ਼ ਹੈ।

ਦਾਸ: ਸੰਗਤ ਸਿੰਘ 'ਕਮਾਲੀਆ'

ਤ੍ਰੀਕ: ੧੭ - ੨ - ੪੨

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸ੍ਰੀ ਗੁਰੂ ਸਿੰਘ ਸਭਾ ਪੂਨਾ

ਸੈਕਟਰੀ

ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ
ਮੁਲਾਂ ਪੁਰ (ਜ਼ਲਾ ਲੁਧਿਆਣਾ)

ਸ੍ਰੀਮਾਨ ਜੀ

ਸ੍ਰੀ ਗੁਰੂ ਸਿੰਘ ਸਭਾ ਪੂਨਾ, ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ ਦੀ ਹਰ ਪਹਿਲੂ ਤੋਂ ਕਾਮਯਾਬੀ ਦੀ ਚਾਹਵਾਨ ਹੈ।

ਸੇਵਕ: ਦਲੀਪ ਸਿੰਘ ਸੈਕਟਰੀ
ਤਰੀਖ: ੧੯ ਫਰਵਰੀ ੧੯੪੨

ਇਸ ਪਹਿਲੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫ੍ਰੰਸ ਨੂੰ ਰੋਕਣ ਲਈ ਕੂਕਿਆਂ ਵਲੋਂ ਸੇਵਕਾਂ ਨੂੰ ਬਦਨਾਮ ਕਰਨ ਲਈ ਗੁੰਮਨਾਮ ਇਸ਼ਤਿਹਾਰ ਕਢਾਏ ਗਏ, ਕਤਲ ਦੀਆਂ ਧਮਕੀਆਂ ਵੀ ਦਿਤੀਆਂ ਗਈਆਂ, ਮਾਇਆ ਦੇ ਜਾਲ ਵੀ ਸੁਟੇ ਗਏ। ਪਾੜੋ ਤੇ ਮਾਰੋ ਦੀ ਪਾਲਸੀ ਵੀ ਵਰਤੀ ਗਈ ਪਰ ਕਲਗੀਧਰ ਪਾਤਸ਼ਾਹ ਦੀ ਮਿਹਰ ਦਾ ਸਦਕਾ ਖਾਲਸਾ ਨਿਰਭੈ ਹੋਕੇ ਆਪਣੇ ਅਸੂਲ ਤੇ ਖੜੋ ਕੇ ਸਭ ਤਕਲੀਫਾਂ ਤੇ ਔਕੜਾਂ ਨੂੰ ਸਹਿੰਦਾ ਹੋਇਆ ਕਾਨਫ੍ਰੰਸ ਦੀ ਤਿਆਰੀ ਵਿਚ ਰੁਝਾ ਰਿਹਾ ਤੇ ਸਵਾਗਤ ਕਮੇਟੀ ਦੇ ਮੁਖੀਆਂ ਦੀ ਅਣਥਕ ਸੇਵਾ ਤੇ ਸੰਗਤਾਂ ਦੀ ਗੂੜ੍ਹੀ ਮਿਲਵਰਤਨ ਦਾ ਸਦਕਾ ਪਹਿਲੀ ਕਾਨ-ਫਰੰਸ ਬੜੀ ਉਚੀ ਸ਼ਾਨ ਵਿਚ ਹੋਈ (ਜਿਸ ਦੇ ਹਾਲ ਅਗੇ ਆਉਣਗੇ)

ਸੰਪਾਦਕ

ਖਿਆਲ ਸੀ ਕਿ ਪੰਥ ਦੇ ਇਸ ਫੈਸਲੇ ਮਗਰੋਂ ਕੂਕੇ ਤੇ ਸ਼੍ਰੋ: ਕਮੇਟੀ ਦੇ ਮੁਖੀ ਆਪਣੀ ਭੁਲ ਤੇ ਪਸਚਾਤਾਪ ਕਰਕੇ ਸਿਧੇ ਰਾਹ ਤੇ ਆਉਣਗੇ ਪਰ ਅਜੇਹਾ ਨਹੀਂ ਹੋਇਆ। ਸੰਗਤਾਂ ਦੀ ਪ੍ਰੇਰਨਾ ਤੋਂ ਸ: ਅਮਰ ਸਿੰਘ ਜੀ ਸ਼ੇਰੇ ਪੰਜਾਬ ਨੇ ਸ਼੍ਰੋ: ਗੁ: ਪ੍ਰ: ਕਮੇਟੀ ਦੀ ੭ ਮਾਰਚ ੧੯੪੨ ਨੂੰ ਹੋਣ ਵਾਲੀ ਜਨਰਲ ਇਕਤ੍ਰਤਾ ਵਿਚ ਇਹ ਮੱਤਾ ਪੇਸ਼ ਕੀਤਾ:—

ਕਿ ਸਿਖ ਧਰਮ ਅਨੁਸਾਰ ਜੋ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਪਰੰਤ ਗੁਰਗਦੀ ਪਰ ਬਿਰਾਜਮਾਨ ਜੁਗੋ ਜੁਗ ਨਹੀਂ ਮੰਨਦਾ ਅਤੇ ਜੋ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਤੋਂ ਲੈਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਸਾਂ ਸਤਿਗੁਰਾਂ ਦੀ ਤੁਲਨਾ ਕਿਸੇ ਹੋਰ ਪ੍ਰਾਣੀ ਨੂੰ ਦੇਂਦਾ ਹੈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਦੇਹਧਾਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੁਰ ਗੱਦੀ ਪਰ ਬਿਰਾਜਮਾਨ ਸਮਝਦਾ ਹੈ ਤੇ ਜੋ ਪ੍ਰਾਣੀ ਗੁਰਬਾਣੀ ਵਿਚ ਵਾਧਾ ਘਾਟਾ ਕਰਦਾ ਯਾ ਜਾਣ ਬੁਝ ਕੇ ਵਾਧੇ ਘਾਟੇ ਨਾਲ ਬਾਣੀ ਪੜ੍ਹਦਾ ਹੈ ਯਾ ਜੋ ਆਦਮੀ ਅਰਦਾਸ ਵਿਚ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਦੀ ਥਾਂ ਕਿਸੇ ਦੇਹਧਾਰੀ ਦਾ ਨਾਮ ਲੈਕੇ ਬਾਣੀ ਭੰਗ ਕਰਦਾ ਹੈ ਜਾਂ ਜੋ ਦਸਾਂ ਸਤਿਗੁਰਾਂ ਦੇ ਤੁਲ ਸਮਝਦਾ ਹੈ ਯਾ

Digitized by Panjab Digital Library | www.panjabdigilib.org

ਆਖ ਕੇ ਕਿਸੇ ਹੋਰ ਦੇਹਧਾਰੀ ਵਿਯਕਤੀ ਯਾ ਵਿਯਕਤੀਆਂ ਦੇ ਨਾਮ ਦੀ ਅਰਦਾਸ ਕਰਦਾ ਹੈ ਅਤੇ ਜੋ ਪ੍ਰਾਣੀ ਖਾਲਸੇ ਦੀ ਰਹਿਤ ਵਿਚੋਂ ਪਵਿੱਤਰ ਕ੍ਰਿਪਾਨ ਨੂੰ ਖਾਰਜ ਕਰਨ ਦਾ ਐਲਾਨ ਕਰਦਾ ਜਾਂ ਖਾਰਜ ਸਮਝਦਾ ਹੈ ਜਾਂ ਅੰਮ੍ਰਿਤ ਦੀ ਮਰਯਾਦਾ ਭੰਗ ਕਰਦਾ ਹੈ "ਉਹ ਪ੍ਰਾਣੀ ਸਿਖ ਨਹੀਂ ਹੈ" ਉਹ ਖਾਲਸੇ ਦੇ ਗੁਰਦਵਾਰਿਆਂ ਤੇ ਤਖਤ ਸਾਹਿਬਾਂ ਦੀ ਸੇਵਾਦਾਰ ਸ਼੍ਰ: ਗੁ: ਪ੍ਰ: ਕਮੇਟੀ ਯਾ ਕਿਸੇ ਲੋਕਲ ਕਮੇਟੀ ਦਾ ਮੈਂਬਰ ਨਹੀਂ ਹੋਣਾ ਚਾਹੀਦਾ ਨਾ ਉਸ ਦੀ ਕਿਸੇ ਤਖਤ ਸਾਹਿਬ ਯਾ ਗੁਰਦਵਾਰਾ ਸਾਹਿਬ ਵਿਚ ਅਰਦਾਸ ਹੋਣੀ ਚਾਹੀਦੀ ਹੈ।

ਸ: ਅਮਰ ਸਿੰਘ ਜੀ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਭਾਵੇਂ ਪੋਲੀਟੀਕਲ ਤੌਰ ਤੇ ਸਾਡ ਲੱਖਾਂ ਇਖਤਲਾਫ ਹੋਣ ਜਿਥੋਂ ਤੱਕ ਧਾਰਮਕ ਅਸੂਲਾਂ ਦਾ ਸੰਬੰਧ ਹੈ, ਸਾਡੀ ਰਹਿਤ ਇਕੋ ਹੈ। ਇਕੋ ਅਕਾਲ ਪੁਰਖ ਵਿਚ ਸਾਡਾ ਯਕੀਨ ਹੈ। ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰ-ਬਾਣੀ ਸਬੰਧੀ ਸਾਡੇ ਵਿਚ ਕੋਈ ਮਤ ਭੇਦ ਨਹੀਂ। ਜਿਹੜਾ ਸ਼ਖਸ ਸਾਡੀ ਇਸ ਵਾਹਦਤ ਨੂੰ ਕਟਦਾ ਹੈ ਉਹ ਨਾ ਕੇਵਲ ਸਿਖ ਹੀ ਨਹੀਂ ਸਗੋਂ ਸਿਖੀ ਨਾਲ ਧਰੋਹ ਕਰਦਾ ਹੈ। ਕੂਕਿਆਂ ਨੇ ਹਮੇਸ਼ਾਂ ਪੰਥ ਨਾਲ ਧਰੋਹ ਕੀਤਾ ਹੈ ਤੇ ਇਤਿਹਾਸ ਵਿਗਾੜਿਆ ਹੈ। ਜੇ ਉਨ੍ਹਾਂ ਨੂੰ ਰੋਕਿਆ ਨਾ ਗਿਆ ਤਾਂ ਸਿਖੀ ਬਰਬਾਦ ਹੋ ਜਾਵੇਗੀ। ਇਸ ਚੀਜ਼ ਨੂੰ ਹੁਣ ਹੀ ਰੋਕਣਾ ਚਾਹੀਦਾ ਹੈ।

ਸ: ਬਦਨ ਜੀ ਗੁਜਰਵਾਲ ਨੇ ਇਸ ਦੀ ਤਾਈਦ ਕੀਤੀ।

ਗਿਆਨੀ ਕਰਤਾਰ ਸਿੰਘ ਜੀ ਨੇ ਕਿਹਾ ਕਿ ਇਹ ਮੁਆਮਲਾ ਨਿਹਾਇਤ ਜ਼ਰੂਰੀ ਤੇ ਨਿਰੋਲ ਧਾਰਮਕ ਹੈ ਮੇਰੀ ਰਾਇ ਵਿਚ ਇਹ ਸ਼੍ਰੋਮਣੀ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਦੇ ਸਪੁਰਦ ਹੋਣਾ ਚਾਹੀਦਾ ਹੈ। ਧਾਰਮਕ ਸਲਾਹਕਾਰ ਕਮੇਟੀ ਵਲੋਂ ਹੀ ਇਹ ਤਜਵੀਜ਼ ਹੋਣੀ ਚਾਹੀਦੀ ਹੈ ਕਿ ਇਸ ਸਬੰਧੀ ਕੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੇਰੀ ਇਹ ਵੀ ਰਾਇ ਹੈ ਕਿ ਧਾਰਮਕ ਸਲਾਹ-ਕਾਰ ਕਮੇਟੀ ਜੋ ਰਾਇ ਦੇਵੇ ਪਹਿਲੇ ਨਾਮਧਾਰੀਆਂ ਨੂੰ ਉਸ ਅਨੁਸਾਰ ਗੁਰਮਤ ਦੇ ਉਲਟ ਗਲਾਂ ਦੂਰ ਕਰਨ ਲਈ ਕਹਿਣਾ ਚਾਹੀਦਾ ਹੈ ਤੇ ਮੁੜ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਪੇਸ਼ ਹੋਣਾ ਚਾਹੀਦਾ ਹੈ।

ਜਥੇਦਾਰ ਮੋਹਣ ਸਿੰਘ ਜੀ ਨੇ ਇਸ ਦੀ ਤਾਈਦ ਤੇ ਸ. ਕਰਤਾਰ ਸਿੰਘ ਦੀਵਾਨਾ ਨੇ ਇਸਦੀ ਤਾਈਦ ਮਜੀਦ ਕੀਤੀ। ਸ. ਸੇਵਾ ਸਿੰਘ ਘੁੰਗਰਾਣਾ ਨੇ ਕਿਹਾ ਕਿ ਧਾਰਮਕ ਸਲਾਹਕਾਰ ਕਮੇਟੀ ਦੀ ਰਾਏ ਪ੍ਰਕਾਸ਼ਤ ਕਰਕੇ ਪਹਿਲਾਂ ਵਿਦਵਾਨਾਂ ਵਿਚ ਵੰਡੀ ਜਾਵੇ। ਸ. ਕਰਤਾਰ ਸਿੰਘ ਜੀ ਝੱਬਰ ਨੇ ਕਿਹਾ ਕਿ ਕੂਕਿਆਂ ਦਾ ਤੇ ਪੰਥ ਦਾ ਵਿਰੋਧ ਗੁਰਗੱਦੀ ਕਰਕੇ ਹੈ। ਸ. ਅਮਰ ਸਿੰਘ ਜੀ ਸ਼ੇਰੇ ਪੰਜਾਬ ਨੇ ਕਿਹਾ ਕਿ ਮੇਰੇ ਮਤੇ ਵਿਚ ਕੂਕਿਆਂ ਦਾ ਨਾਮ ਨਹੀਂ। ਮੇਰਾ ਭਾਵ ਜਿਹੜੇ ਭੀ ਇਸ ਮਤੇ ਦੀ ਜ਼ੱਦ ਵਿਚ ਆਉਂਦੇ ਹੋਣ। ਜਥੇਦਾਰ ਊਧਮ ਸਿੰਘ ਨਾਗੋਕੇ ਨੇ ਕਿਹਾ ਕਿ ਸ. ਅਮਰ ਸਿੰਘ ਦਾ ਨਿਸ਼ਾਨਾ ਕੇਵਲ ਕੂਕੇ ਹੀ ਹਨ, ਹਾਲਾਂ ਕਿ ਕਈ ਹੋਰ ਵੀ ਸੱਜਨ ਹਨ। ਆਖਰਕਾਰ ਸ. ਅਮਰ ਸਿੰਘ ਜੀ ਦਾ ਮਤਾ ਗਿਆਨੀ ਕਰਤਾਰ ਸਿੰਘ ਤੇ ਜਥੇਦਾਰ ਊਧਮ ਸਿੰਘ ਜੀ ਦੀਆਂ ਤਰਮੀਮਾਂ ਸਹਿਤ ਧਾਰਮਕ ਸਲਾਹਕਾਰ ਕਮੇਟੀ ਦੇ ਸਪੁਰਦ ਕੀਤੇ ਜਾਣ ਸੰਬੰਧੀ ਹੇਠ ਲਿਖਿਆ ਫੈਸਲਾ ਹੋਇਆ—

"ਸਰਬ ਸੰਮਤੀ ਨਾਲ ਪਾਸ ਹੋਇਆ ਕਿ ਸ: ਅਮਰ ਸਿੰਘ ਜੀ ਦਾ ਮਤਾ ਸਣੇ ਜਥੇਦਾਰ ਊਧਮ ਸਿੰਘ ਜੀ ਵਲੋਂ ਦਸੇ ਗਏ ਹੋਰ ਇਸ ਤਰ੍ਹਾਂ ਦੇ ਇਤਰਾਜ਼ ਯੋਗ ਮਾਮਲਿਆਂ ਨੂੰ ਧਾਰਮਕ

Digitized by Panjab Digital Library | www.panjabdigilib.org

ਸਲਾਹਕਾਰ ਕਮੇਟੀ ਦੇ ਸਪੁਰਦ ਕੀਤਾ ਜਾਵੇ, ਜੋ ਇਸ ਤਰ੍ਹਾਂ ਦੇ ਸਭ ਲੋਕਾਂ ਸੰਬੰਧੀ ਆਪਣੀ ਰਾਏ ਪਰਗਟ ਕਰੇ ਤੇ ਇਹ ਵੀ ਤਜਵੀਜ਼ ਕਰੇ ਕਿ ਕਿਸ ਕਿਸ ਵਿਰੁਧ ਕੀ ਕੀ ਐਕਸ਼ਨ ਲਿਆ ਜਾਣਾ ਚਾਹੀਦਾ ਹੈ। ਧਾਰਮਕ ਸਲਾਹਕਾਰ ਕਮੇਟੀ ਦਾ ਫੈਸਲਾ ਲੋਕ ਰਾਇ ਲਈ ਪ੍ਰਕਾਸ਼ਤ ਕੀਤਾ ਜਾਵੇ, ਲੋਕ ਰਾਇ ਸਮੇਤ ਇਹ ਮਾਮਲਾ ਦੁਬਾਰਾ ਧਾਰਮਕ ਸਲਾਹਕਾਰ ਕਮੇਟੀ ਦੇ ਪੇਸ਼ ਹੋਵੇ ਤੇ ਉਕਤ ਕਮੇਟੀ ਦੇ ਆਖਰੀ ਫੈਸਲੇ ਦੇ ਚਾਨਣੇ ਵਿਚ ਸੰਬੰਧਤ ਲੋਕਾਂ ਨੂੰ ਆਪਣੇ ਨੁਕਸ ਦੂਰ ਕਰਨ ਲਈ ਕਿਹਾ ਜਾਵੇ, ਉਪਰੰਤ ਇਹ ਮਾਮਲਾ ਜਨਰਲ ਕਮੇਟੀ ਦੇ ਸਪੁਰਦ ਹੋਵੇ।"

ਇਸ ਤਰ੍ਹਾਂ ਦੀ ਹੇਰਾ ਫੇਰੀ ਨਾਲ ਇਹ ਅਤਿ ਜ਼ਰੂਰੀ ਵਿਚਾਰ ਸ਼ਰੋਮਣੀ ਕਮੇਟੀ ਨੇ ਇਕ ਲੰਮੇ ਸਮੇਂ ਦੀ ਘੁੰਮਣ ਘੇਰੀ ਵਿਚ ਪਾ ਦਿਤੀ ਗਈ।

## ਗੁਰਮਤਿਆਂ ਦਾ ਸੰਖੇਪਭਾਵ ਜੋ ਕੂਕਾ ਕੁਫਰ ਤੋੜ ਕਾਨਫ੍ਰੰਸ ਮੁਲਾਂਪੁਰ ਵਿਖੇ ਪਾਸ ਹੋਏ

ਪਹਿਲੀ ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ ਦਾ ਸਮਾਗਮ:-

੧. ਇਹ ਸਮਾਗਮ ਪ੍ਰਗਟ ਕਰਦਾ ਹੈ ਕਿ ਦਸਮ ਪਾਤਸ਼ਾਹੀਆਂ ਇਕ ਜੋਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦਾ ਪ੍ਰਗਟ ਸਰੂਪ, ਗੁਰ ਗੱਦੀ ਪੁਰ ਜੁਗੋ ਜੁਗ ਅਟੱਲ ਹੈ, ਇਨ੍ਹਾਂ ਤੋਂ ਬਿਨਾਂ ਪੰਥ ਦਾ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ।

੨. ਪਾਸ ਹੋਇਆ ਕਿ ਕੂਕਿਆਂ ਨੇ ਪਵਿਤਰ ਬੀੜਾਂ ਤੋੜ ਕੇ, ਪੱਤਰਾ ਪੱਤਰਾ ਕਰਕੇ, ਘੋਰ ਅਨਰਥ ਤੇ ਪਾਪ ਕੀਤਾ ਹੈ। ਪੱਤਰਾ-ਪਾਠ ਦੀ ਨਵੀਂ ਮਰਯਾਦਾ ਗੁਰਮਤ ਤੋਂ ਉਲਟ ਹੈ। ਇਸ ਘੋਰ ਬੇਅਦਬੀ ਦਾ ਪ੍ਰਾਸਚਿਤ ਨਾ ਹੋਣ ਕਰਕੇ ਇਨ੍ਹਾਂ ਆਪਣੇ ਕਰਮ ਨੂੰ ਹੋਰ ਸੰਗੀਨ ਬਣਾ ਲਿਆ ਹੈ।

੩. ਪਾਸ ਹੋਇਆ ਕਿ ਕੂਕਿਆਂ ਵਲੋਂ ਗੁਰਬਾਣੀ, ਅਰਦਾਸ, ਅੰਮ੍ਰਿਤ ਦੀ ਮਰਯਾਦਾ ਵਿਚ ਭੰਨ ਤੋੜ ਤੇ ਬਾਬਾ ਪ੍ਰਤਾਪ ਸਿੰਘ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਦਧਵੇ ਥਾਂ ਜਾ ਨਸ਼ੀਨ ਕਹੌਣਾ ਆਦਿ ਭਾਰੀ ਅਪਰਾਧ ਹਨ। ਇਨ੍ਹਾਂ ਗੁਰਮਤ ਵਿਰੋਧੀ ਕਾਰਨਾ ਕਰਕੇ ਸਭ ਕੂਕੇ ਸਿਖੀ ਤੋਂ ਖਾਰਜ ਹਨ। ਕੋਈ ਸਿਖ ਇਨ੍ਹਾਂ ਨਾਲ ਕਿਸੇ ਕਿਸਮ ਦੀ ਸਾਂਝ ਨਾ ਰਖੇ।

ਪਾਸ ਹੋਇਆ ਕਿ ਅਕਾਲੀ ਅਖਬਾਰ ਚੂੰਕਿ ਗੁਰੂ ਗੋਬਿੰਦ ਸਿੰਘ ਜੀ ਦੀ ਹਮਸਰੀ ਕਰਨ ਵਾਲੇ ਕੂਕਿਆਂ ਦੀ ਹੌਸਲਾ ਅਫਜਾਈ ਤੇ ਉਨ੍ਹਾਂ ਦੇ ਕਰਤਵ ਦੀ ਸ਼ਾਲਾਘਾ ਕਰਦਾ ਹੈ, ਇਸ ਲਈ ਕੋਈ ਸਿਖ ਅਕਾਲੀ ਅਖਬਾਰ ਨਾ ਪੜ੍ਹੇ।

੫. ਕੂਕਿਆਂ ਤੋਂ ਗੁਰਦੁਆਰਿਆਂ ਵਿਖੇ ਪਾਠ ਕੀਰਤਨ ਨਾ ਕਰਵਾਏ ਜਾਣ।

੬. ਪਾਸ ਹੋਇਆ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀ ਕੂਕਾ ਨਿਵਾਜ ਪਾਲਸੀ ਤੇ ਕੂਕਿਆਂ ਵਲੋਂ ਆਏ ਦਿਨ ਕੀਤੀਆਂ ਜਾ ਰਹੀਆਂ ਗੁਰਮਤ ਵਿਰੋਧੀ ਗੱਲਾਂ ਪੁਰ ਕੋਈ ਐਕਸ਼ਨ ਨਾ ਲੈਣ ਪਰ ਕਮੇਟੀ ਤੇ ਘ੍ਰਿਣਾ ਪ੍ਰਗਟ ਕਰਦਾ ਹੈ।

੭. ਕੂਕਿਆਂ ਨੂੰ ਤਖਤ ਸਾਹਿਬਾਂ ਤੇ ਗੁ: ਕਮੇਟੀਆਂ ਵਿਚ ਮੈਂਬਰ ਨਾ ਲਿਆ ਜਾਵੇ।

Digitized by Panjab Digital Library | www.panjabdigilib.org

# ਦੂਜੀ ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ ਧਾਂਦਰਾ ਦੇ ਮਤੇ

੧. ਪਾਸ ਹੋਇਆ ਕਿ ਇਹ ਕਾਨਫ੍ਰੰਸ ਮੁਲਾਂ ਪੁਰ ਵਿਖੇ ਪਾਸ ਹੋਏ ਮਤਿਆਂ ਨੂੰ ਮੁੜ ਦੁਹਰੌਂਦੀ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਸਦੌਣ ਵਾਲਾ ਸ਼ਖ਼ਸ ਗੁਰੂ ਧ੍ਰੋਹੀ ਹੈ।

੨. ਪਾਸ ਹੋਇਆ ਕਿ ਸ਼੍ਰੋ: ਕਮੇਟੀ ਤੇ ਕੂਕਿਆਂ ਵਲੋਂ ਸੰਗਤਾਂ ਨੂੰ ਟਪਲਾ ਦੇਣ ਲਈ ਕੱਢੇ ਐਲਾਨ ਤੇ ਇਤਬਾਰ ਨਾ ਕੀਤਾ ਜਾਵੇ, ਹਾਲਾਂ ਤੱਕ ਵੀ ਭੈਣੀ ਵਿਚ ਪਤਰਾ ਪਾਠ ਕਰਕੇ ਭੋਗ ਪੈ ਰਹੇ ਹਨ, ਸੰਗਤਾਂ ਇਸ ਲਹਿਰ ਨੂੰ ਜਾਰੀ ਰੱਖਣ।

੩. ਪਾਸ ਹੋਇਆ ਕਿ:- ੭-੩-੪੨ ਦੀ ਸ਼੍ਰੋ: ਕਮੇਟੀ ਦੀ ਮੀਟਿੰਗ ਵਿਚ ਸ: ਅਮਰ ਸਿੰਘ ਜੀ ਸ਼ੇਰੇ ਪੰਜਾਬ ਵਲੋਂ ਕੂਕਿਆਂ ਨੂੰ ਸਿਖੀਓਂ ਖਾਰਜ ਕੀਤੇ ਜਾਣ ਵਾਲੇ ਪੇਸ਼ ਕੀਤੇ ਮਤੇ ਦੀ ਪ੍ਰੋੜਤਾ ਕਰਦਾ ਹੈ।

# ਤੀਜੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫਰੰਸ ਬੀਜਾ ਵਿਖੇ ਪਾਸ ਹੋਏ ਗੁਰਮਤੇ

੧. ਪਾਸ ਹੋਇਆ ਕਿ ਮੁਲਾਂ ਪੁਰ ਤੇ ਧਾਂਦੇਰ ਵਿਖੇ ਪਤਰਾ ਪਾਠ ਤੇ ਕੂਕਿਆਂ ਵਲੋਂ ਕੀਤੀ ਗਈ ਬੇਅਦਬੀ ਸਬੰਧੀ ਪਾਸ ਹੋਏ ਗੁਰਮਤਿਆਂ ਨੂੰ ਮੁੜ ਦੁਹਰਾਉਂਦਾ ਹੈ ਤੇ ਜਦ ਤਕ ਕੂਕੇ ਅਪਣੇ ਅਪਰਾਧ ਦੀ ਪੰਥਕ ਇਕੱਤ੍ਰਤਾ ਵਿਚ ਮੁਆਫੀ ਨਾ ਮੰਗਣ ਇਹ ਲਹਿਰ ਜਾਰੀ ਰਹੇਗੀ।

# ਚੌਥੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫਰੰਸ ਸੇਖਾ ਵਿਖੇ ਪਾਸ ਹੋਏ ਗੁਰਮਤੇ

੧. ਪਾਸ ਹੋਇਆ ਕਿ ਕੂਕਿਆਂ ਵਲੋਂ ਕੀਤੀ ਗਈ ਬੇਅਦਬੀ ਸਬੰਧੀ ਪਿਛਲੀਆਂ ਕਾਨਫਰੰਸਾਂ ਦੀਵਾਨਾਂ ਵਿਖੇ ਪਾਸ ਹੋਏ ਗੁਰਮਤਿਆਂ ਨੂੰ ਮੁੜ ਦੁਹਰਾਇਆ ਗਿਆ।

੨. ਪਾਸ ਹੋਇਆ ਕਿ ਆਮ ਸੰਗਤਾਂ ਦੀ ਗਿਆਤ ਲਈ ਕੂਕਿਆਂ ਵਲੋਂ ਕੀਤੀਆਂ ਗਈਆਂ ਸਾਰੀਆਂ ਗੁਰਮਤ ਵਿਰੋਧੀ ਕਾਰਵਾਈਆਂ ਤੇ ਪਤਰਾ-ਪਾਠ, ਬੀੜ ਤੋੜਨ ਸਬੰਧੀ ਸਾਰੀ ਐਜੀਟੇਸ਼ਨ ਕਾਨਫਰੰਸਾਂ ਆਦਿ ਦੀ ਕਾਰਵਾਈ ਪੁਸਤਕ ਦੀ ਸ਼ਕਲ ਵਿਚ ਤਿਆਰ ਕਰ ਕੇ ਛਾਪਣ ਤੇ ਵੰਡਣ ਦਾ ਅਧਿਕਾਰ "ਮਾਲਵਾ ਖਾਲਸਾ ਦਰਬਾਰ" ਨੂੰ ਦਿਤਾ ਜਾਂਦਾ ਹੈ।

ਨੋਟ:— ਦੂਜੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫ੍ਰੰਸ ਧਾਂਦਰਾ ਵਿਖੇ ਪਾਸ ਹੋਏ ਮਤੇ ਅਨੁਸਾਰ ਇਸ ਲਹਿਰ ਨੂੰ ਜਾਰੀ ਰਖਣ, ਮਾਲਵੇ ਦੀ ਜਥੇਬੰਦੀ, ਧਾਰਮਕ ਪ੍ਰਚਾਰ ਲਈ "ਮਾਲਵਾ ਖਾਲਸਾ ਦਰਬਾਰ" ਕਾਇਮ ਕੀਤਾ ਗਿਆ ਸੀ। ਉਸ ਮਗਰੋਂ ਇਸ ਲਹਿਰ ਦੀ ਸਾਰੀ ਜਦੋ ਜਹਿਦ ਕਾਨਫ੍ਰੰਸਾਂ ਆਦਿ ਦਾ ਪ੍ਰਬੰਧ "ਮਾਲਵਾ ਖਾਲਸਾ ਦਰਬਾਰ" ਵਲੋਂ ਹੀ ਹੁੰਦਾ ਰਿਹਾ। ਜਿਸ ਦੇ ਇਹ ਮੁਖੀ ਸੇਵਕ ਸਨ। ਜਥੇਦਾਰ ਬਚਿਤਰ ਸਿੰਘ ਜੀ ਰਾਮਪੁਰ ਪ੍ਰਧਾਨ

Digitized by Panjab Digital Library | www.panjabdigilib.org

ਸ: ਬਾਬੂ ਸਿੰਘ ਰਾਮਗੜ੍ਹ ਮੀਤ ਪ੍ਰਧਾਨ, ਸ: ਉਤਮ ਸਿੰਘ "ਲਿਖਾਰੀ" ਬਰਮਾ ਵਾਲੇ ਜਨਰਲ ਸਕੱਤਰ, ਸ: ਭਰਪੂਰ ਸਿੰਘ ਜੀ ਬੀ. ਏ. ਦੋਰਾਹਾ ਮੀਤ ਸਕਤਰ, ਸਰਦਾਰ ਚਰਨਜੀਤ ਸਿੰਘ ਜੀ ਰਈਸ ਤਖੱਰ ਖਜ਼ਾਨਚੀ, ਪ੍ਰੋ: ਰਾਮ ਸਿੰਘ ਜੀ ਬੀ. ਏ. ਬੀ. ਟੀ. ਧਾਂਦਰਾ ਪ੍ਰਾਪੇਗੰਡਾ ਸਕੱਤਰ, ਸ: ਸੇਵਾ ਸਿੰਘ ਜੀ ਘੁੰਗਰਾਣਾ, ਸ: ਸਰਬਗ ਸਿੰਘ ਜੀ ਰੁੜਕਾ, ਸ: ਦਲਜੀਤ ਸਿੰਘ ਜੀ ਲਲਤੋਂ, ਸ: ਦਿਆਲ ਸਿੰਘ ਜੀ ਘੁੰਗਰਾਣਾ।

## ਲਹਿਰ ਦੀ ਸਫਲਤਾ ਪਤਰਾ-ਪਾਠ ਬੰਦ, ਬੀੜਾਂ ਮੁੜ ਬੰਨੀਆਂ ਗਈਆਂ

ਉਪਰ ਆਏ ਸਮਾਂਚਾਰਾਂ ਦੀ ਐਜੀਟੇਸ਼ਨ ਦਿਨੋ ਦਿਨ ਵਧ ਰਹੀ ਸੀ। ਨਾਮਧਾਰੀਆਂ ਨਾਲ ਘ੍ਰਿਣਾ, ਬਾਈਕਾਟ, ਨਾ ਮਿਲਵਰਤਨ ਹੋ ਰਿਹਾ ਸੀ। ਸ਼੍ਰੋ: ਕਮੇਟੀ ਵਿਚ ਸ: ਅਮਰ ਸਿੰਘ ਜੀ ਸ਼ੇਰੇ-ਪੰਜਾਬ ਦੇ ਮਤੇ ਨੇ ਨਾਮਧਾਰੀ ਸਿਖੀਓਂ ਖਾਰਜ ਕੀਤੇ ਜਾਣ ਵਲ ਰੁਖ ਕੀਤਾ ਹੋਇਆ ਸੀ।

ਇਸੇ ਸਮੇਂ ਨਿਹੰਗ ਸਿੰਘਾਂ ਦੇ ਬੁੱਢੇ ਦਲ ਨੇ ਪਤਰਾ-ਪਾਠ ਤੇ ਬੀੜਾਂ ਦੀ ਬੇਅਦਬੀ ਨੂੰ ਰੋਕਣ ਦਾ ਐਲਾਨ ਕਰਕੇ ਭੈਣੀ ਸਾਹਿਬ ਪੁੱਜਨ ਦਾ ਪ੍ਰੋਗਰਾਮ ਬਣਾਇਆ ਸੀ। ਇਨ੍ਹਾਂ ਕਾਰਨਾਂ ਨੇ ਨਾਮ-ਧਾਰੀਆਂ ਨੂੰ ਹਠ ਧਰਮੀ ਛਡ ਕੇ, ਪਤਰਾ ਪਾਠ ਬੰਦ ਕਰਨ ਤੇ ਪੱਤਰੇ ਇਕਤਰ ਕਰਕੇ ਬੀੜ ਨੂੰ ਅਸਲੀ ਰੂਪ ਵਿਚ ਕਰਨ ਲਈ ਮਜਬੂਰ ਕਰ ਦਿਤਾ।

ਨਿਹੰਗ ਸਿੰਘਾਂ ਦਾ ਬੁੱਢਾ ਦਲ ਜਦੋਂ ਆਪਣੇ ਪ੍ਰੋਗਰਾਮ ਅਨੁਸਾਰ ਭੈਣੀ ਸਾਹਿਬ ਪੁਜਾ ਤਾਂ ਬਾਬਾ ਪ੍ਰਤਾਪ ਸਿੰਘ ਜੀ ਬੜੇ ਸਤਿਕਾਰ ਨਾਲ ਮਿਲੇ ਤੇ ਨਿਹੰਗ ਸਿੰਘਾਂ ਦੇ ਜਥੇ ਨੂੰ ਦਸਿਆ ਕਿ ਪਤਰਾ-ਪਾਠ ਤਾਂ ਅਗੇ ਹੀ ਬੰਦ ਕਰ ਚੁਕੇ ਹਾਂ, ਹੁਣ ਪਤਰੇ ਇਕੱਤਰ ਕਰਕੇ ਅਸਾਂ ਬੀੜਾਂ ਮੁਕੰਮਲ ਕਰ ਦਿਤੀਆਂ ਹਨ ਤੇ ਉਨ੍ਹਾਂ ਹੀ ਬੀੜਾਂ ਤੋਂ ਪੁਰਾਤਨ ਮਰਯਾਦਾ ਅਨੁਸਾਰ ਪਾਠ ਹੋ ਰਿਹਾ ਹੈ, ਜਿਸ ਤੋਂ ਬੁਢਾ ਦਲ ਦੇ ਨਿਹੰਗ ਸਿੰਘ ਪ੍ਰਕਾਸ਼ ਅਸਥਾਨ ਤੇ ਗਏ ਤੇ ਬੀੜਾਂ ਮੁਕੰਮਲ ਹੋਈਆਂ ਦੇਖੀਆਂ ਤਾਂ ਖੁਸ਼ੀ ਦੇ ਜੈਕਾਰੇ ਬੁਲਾਏ ਗਏ ਤੇ ਸਾਰਾ ਜਥਾ ਵਾਪਸ ਆ ਗਿਆ। ਧੰਨਭਾਗ! ਪੰਜਾਬੀ ਦੀ ਕਹਾਵਤ ਹੈ ਕਿ ਉਹ ਵੀ ਭੁਲਾ ਨਾ ਜਾਣੀਏ ਜੋ ਸੰਝ ਨੂੰ ਘਰ ਆ ਜਾਵੇ। ਵਾਹਿਗੁਰੂ ਦਾ ਕੋਟਾਨ ਕੋਟ ਸ਼ੁਕਰ ਹੈ ਕਿ ਉਸ ਨੇ ਸੇਵਕਾਂ ਦੀ ਘਾਲ ਥਾਂਇ ਪਾਈ ਤੇ ਪਤਰਾ ਪਾਠ ਜਾਰੀ ਕਰਨ ਦੀ ਨਵੀਂ ਰੀਤ ਬੰਦ ਹੋ ਗਈ ਤੇ ਤੋੜੀਆਂ ਬੀੜਾਂ ਮੁੜ ਤਿਆਰ ਬਰ ਤਿਆਰ ਹੋ ਗਈਆਂ। ਧੰਨਭਾਗ।

ਗਿਆਨੀ ਦਿਆਲ ਸਿੰਘ
ਸਕਤ੍ਰ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫ੍ਰੰਸਾਂ

ਉਤਮ ਸਿੰਘ 'ਲਿਖਾਰੀ' ਜਨਰਲ ਸਕਤ੍ਰ
ਮਾਲਵਾ ਖਾਲਸਾ ਦਰਬਾਰ ਲੁਧਿਆਣਾ

Digitized by Panjab Digital Library | www.panjabdigilib.org

# ਅੰਤਕਾ ਨੰ: ੧ "ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸਾਂ"

| ਕਾਨਫਰੰਸ | ਪਹਿਲੀ ਕਾਨਫ੍ਰੰਸ | ਦੂਜੀ ਕਾਨਫ੍ਰੰਸ | ਤੀਜੀ ਕਾਨਫ੍ਰੰਸ | ਚੌਥੀ ਕਾਨਫ੍ਰੰਸ |
|---|---|---|---|---|
| ਥਾਉਂ<br>ਤਰੀਕ, ਮਹੀਨਾ<br>ਸਾਲ, ਸੰਨ | ਅੱਡਾ ਮੁਲਾਂਪੁਰ<br>੨੧,੨੨ ਫਰਵਰੀ<br>ਸੰਨ ੧੯੪੨ | ਪਿੰਡ ਧਾਂਦਰਾ<br>੨੧,੨੨ ਫਰਵਰੀ<br>ਸੰਨ ੧੯੪੩ | ਪਿੰਡ ਬੀਜਾ<br>੨੬,੨੭,੨੮ ਫਰਵਰੀ<br>ਸੰਨ ੧੯੪੪ | ਪਿੰਡ ਸੇਖਾ<br>੯,੧੦,੧੧ ਜੂਨ<br>ਸੰਨ ੧੯੪੫ |
| ਪ੍ਰਧਾਨ ਪੰਜ ਪਿਆਰੇ | ਬਾਬਾ ਖੜਕ ਸਿੰਘ ਜੀ | ਬਾਬਾ ਖੜਕ ਸਿੰਘ ਜੀ | ਸ: ਧਰਮਨਿਤ ਸਿੰਘ ਜੀ | ਸ: ਤਿਰਲੋਚਨ ਸਿੰਘ ਜੀ |
| ,, | ਭਾਈ ਰਨਧੀਰ ਸਿੰਘ ਜੀ | ਭਾਈ ਰਨਧੀਰ ਸਿੰਘ ਜੀ | ਸ: ਖਜਾਨ ਸਿੰਘ ਰੌਲਪਿੰਡੀ | ਸ: ਸੁਰਜੀਤ ਸਿੰਘ ਮਜੀਠਾ |
| ,, | ਅਕਾਲੀ ਕੌਰ ਸਿੰਘ ਜੀ | ਸ: ਅਮਰ ਸਿੰਘ ਸ਼ੇਰੇ ਪੰਜਾਬ | ਅਕਾਲੀ ਕੌਰ ਸਿੰਘ ਜੀ | ਸ: ਅਮਰ ਸਿੰਘ ਸ਼ੇਰੇ ਪੰਜਾਬ |
| ,, | ਸੰਤ ਵਿਸਾਖਾ ਸਿੰਘ ਜੀ | ਭਾਈ ਟਹਿਲ ਸਿੰਘ ਨਿਹੰਗ | ਸ: ਹੁਕਮਾ ਸਿੰਘ ਜੀ | ਪ੍ਰੰ: ਕਰਤਾਰ ਸਿੰਘ (ਦਾਖਾ) |
| ,, | ਸੰਤ ਭਗਵਾਨ ਸਿੰਘ ਜੀ | ਸ: ਉਤਮ ਸਿੰਘ ਬਰਮਾਂ | ਸੰਤ ਨੰਦ ਸਿੰਘ ਜੀ ਭੌਰਲੇ | ਬਾਬਾ ਮਦਨ ਸਿੰਘ ਗੰਗਾ |
| ਸਵਾਗਤੀ ਪ੍ਰਧਾਨ | ਗਿ: ਗੁਰਦਿਆਲ ਸਿੰਘ ਜੀ | ਰਾਗੀ ਲਛਮਨ ਸਿੰਘਗੰਧਰਵ | ਸੰਤ ਭਗਵਾਨ ਸਿੰਘ ਜੀ | ਮਾ: ਹਰਨਾਮ ਸਿੰਘ ਸੇਖਾ |
| ,, | ਭਾਈ ਚੰਨਣ ਸਿੰਘ ਜੀ | ਜਮਾਂਦਾਰ ਪ੍ਰਤਾਪ ਸਿੰਘ | ਸੰਤ ਨੰਦ ਸਿੰਘ ਜੀ ਭੌਰਲੇ | ਸ: ਸਰਬਗ ਸਿੰਘ ਰੁੜਕਾ |
| ,, | ਜਥੇਦਾਰ ਈਸ਼ਰ ਸਿੰਘ ਤੂਰ | ਜਥੇਦਾਰ ਦਲਜੀਤ ਸਿੰਘ | ਸ: ਨੌਰੰਗ ਸਿੰਘ ਜੀ ਬੀਜਾ | ਪ੍ਰੋ: ਰਾਮ ਸਿੰਘ ਜੀ |
| ,, | ਗਿਆਨੀ ਸਾਧੂ ਸਿੰਘ ਜੀ | ਭਾਈ ਭਗਵਾਨ ਸਿੰਘ | ਸ: ਇੰਦਰ ਸਿੰਘ ਦਾਹੜ | ਸ: ਪ੍ਰੀਤਮ ਸਿੰਘ ਸੇਖਾ |
| ,, | ਬਾਬੂ ਚਰਨਜੀਤ ਸਿੰਘ ਭਖਰ | ਪ੍ਰਤਾਪ ਸਿੰਘ ਜੀ ਘਵੱਦੀ | ਬਾਬੂ ਚਰਨਜੀਤ ਸਿੰਘ ਭਖਰ | ਸ: ਵਰਿਆਮ ਸਿੰਘ ਰਾਮਪੁਰ |
| ਸਟੇਜ ਸਕੱਤਰ | ਗਿ: ਹਰਭਗਤ ਸਿੰਘ ਜੀ | ਗਿ: ਹਰਭਗਤ ਸਿੰਘ ਜੀ | ਉਤਮ ਸਿੰਘ ਲਿਖਾਰੀ ਬਰਮਾਂ | ਸ: ਉਤਮ ਸਿੰਘ ਲਿਖਾਰੀ |
| ਪ੍ਰਾਪੇਗੰਡਾ | | ਪ੍ਰੋ: ਰਾਮ ਸਿੰਘ ਜੀ ਬੀ.ਟੀ. | ਗਿ: ਭਰਪੂਰ ਸਿੰਘ ਦੋਰਾਹਾ | ਗਿ: ਦਿਆਲ ਸਿੰਘ ਜੀ |
| ਸਵਾਗਤੀ ਸਕੱਤਰ | ਗਿ:ਦਿਆਲ ਸਿੰਘ ਘੁੰਗਰਾਣਾ | ਗਿ:ਦਿਆਲਸਿੰਘ ਘੁੰਗਰਾਣਾ | ਗਿਆਨੀ ਦਿਆਲ ਸਿੰਘ | ਗਿ: ਭਰਪੂਰ ਸਿੰਘ ਦੋਰਾਹਾ |
| ,, | ਗਿ: ਬਖਤੌਰ ਸਿੰਘ ਮਾਜਰੀ | ਗਿ: ਬਖਤੌਰ ਸਿੰਘ ਮਾਜਰੀ | | |

Digitized by Panjab Digital Library | www.panjabdigilib.org

| | | | | |
|---|---|---|---|---|
| ਸਵਾਗਤੀ ਖਜ਼ਾਨਚੀ | ਬਾਬੂ ਨਗਿੰਦਰ ਸਿੰਘ | ਸ: ਬਚਨ ਸਿੰਘ ਜੀ | ਸ: ਸੋਹਣ ਸਿੰਘ ਜੀ | ਸ: ਕਿਸ਼ਨ ਸਿੰਘ ਜੀ |
| ਜਲੂਸ ਦੇ ਜਰਨੈਲ | ਜਥੇਦਾਰ ਸ਼ਾਮ ਸਿੰਘ | ਜਥੇਦਾਰ ਸ਼ਾਮ ਸਿੰਘ ਜੀ | ਸਃ ਸਰਬਗ ਸਿੰਘ ਰੁੜਕਾ | ਗਿਃ ਗੁਰਦਿਆਲ ਸਿੰਘ ਮ: |
| ,, | ਜਥੇਦਾਰ ਬਚਿਤਰ ਸਿੰਘ | ਜਥੇਦਾਰ ਬਚਿਤਰ ਸਿੰਘ | ਸ: ਸੇਵਾ ਸਿੰਘ ਘੁੰਗਰਾਣਾ | ਜਥੇਦਾਰ ਪ੍ਰਤਾਪ ਸਿੰਘ |
| ,, | ਜਥੇਦਾਰ ਦਲਜੀਤ ਸਿੰਘ | ,, ਸੇਵਾ ਸਿੰਘ ਘੁੰਗਰਾਣਾ | ਸ: ਮਹਿੰਦਰ ਸਿੰਘ ਜੀ | ਸ: ਭਗਵਾਨ ਸਿੰਘ ਸੇਖਾ |
| ,, | ਸ: ਸੇਵਾ ਸਿੰਘ ਘੁੰਗਰਾਣਾ | ,, ਸਰਬਗ ਸਿੰਘ ਰੁੜਕਾ | ਸ: ਅਰਜਨ ਸਿੰਘ ਜੀ | ਸ: ਸ਼ਾਮ ਸਿੰਘ ਮੁਕੰਦਪੁਰ |
| ,, | ਸ: ਕੁੰਢਾ ਸਿੰਘ ਜੀ ਗਾਲਬ | | | ਸਃ ਸੇਵਾ ਸਿੰਘ ਘੁੰਗਰਾਣਾ |
| ਨਿਸ਼ਾਨ ਸਾਹਿਬ ਝੁਲੌਣ | | ਸੰਤ ਟਹਿਲ ਸਿੰਘ ਨਿਹੰਗ | ਗਿ: ਹਰਭਗਤ ਸਿੰਘ ਜੀ | ਸਃ ਜਗਤ ਸਿੰਘ ਜੀ ਮੋਗਾ |

ਨੋਟ:—(੧) ਸੇਖਾ ਕਾਨਫਰੰਸ ਦੀਆਂ ਤਰੀਕਾਂ ਦੋ ਵੇਰ ਬਦਲਣ ਕਰਕੇ ਸਃ ਤਿਰਲੋਚਨ ਸਿੰਘ ਜੀ, ਸਃ ਸੁਰਜੀਤ ਸਿੰਘ ਜੀ ਤੇ ਸਃ ਅਮਰ ਸਿੰਘ ਦੇ ਨਾ ਪਹੁੰਚ ਸਕਣ ਕਰਕੇ; ਜਰਨੈਲ ਸ਼ਾਮ ਸਿੰਘ ਜੀ, ਬਾਬਾ ਸੋਹਨ ਸਿੰਘ ਜੀ ਮੁਕਤਸਰ, ਸਃ ਮਹਿੰਦਰ ਸਿੰਘ ਜੀ ਕਾਨਫ਼ਰੰਸ ਦੇ ਪ੍ਰਧਾਨ ਪੰਜ ਪਿਆਰਿਆਂ ਵਿਚ ਲਏ ਸਨ।

ਨੋਟ ਨੰ: ੨ ਇਨ੍ਹਾਂ ਵਡੀਆਂ ਕਾਨਫ੍ਰੰਸਾਂ ਤੋਂ ਬਿਨਾਂ, ਹੋਰ ਵੀ ਸਾਲਾਨਾ ਕਾਫ੍ਰੰਸਾਂ ਤਖਤ ਸ੍ਰੀ ਦਮਦਮਾ ਸਹਿਬ, ਸਾਬੋ ਕੀ ਤਲਵੰਡੀ, ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਅਨੰਦ ਪੁਰ ਸਾਹਿਬ, ਹੋਲੇ ਮਹੱਲਿਆਂ ਦੇ ਸਮਿਆਂ ਤੇ ਗੁਰਦਵਾਰਾ ਫਤਹਿ ਗੜ੍ਹ ਸਾਹਿਬ ਜੀ ਦੇ ਸ਼ਹੀਦੀ ਜੋੜ ਮੇਲਿਆਂ ਦੇ ਦਿਨਾਂ ਤੇ ਅਤੇ ਜ਼ਿਲਾ ਲੁਧਿਆਣੇ ਦੇ ਪ੍ਰਸਿੱਧ ਮੇਲੇ ਛਪਾਰ ਦੇ ਸਮੇਂ ਵੀ ਕੀਤੀਆਂ ਜਾਂਦੀਆਂ ਰਹੀਆਂ, ਜਿਨ੍ਹਾਂ ਵਿਚ ਵੀ ਉਪਰਲੇ ਭਾਵ ਦੇ ਹੀ ਮਤੇ ਪਾਸ ਕੀਤੇ ਜਾਂਦੇ ਰਹੇ।

Digitized by Panjab Digital Library | www.panjabdigilib.org

# ਅੰਤਕਾ ਨੰ: ੨ ਕੂਕਿਆਂ ਦੇ ਪਤਰਾ ਪਾਠ ਵਿਰੁਧ ਇਕੱਤਰਤਾਵਾਂ, ਦੀਵਾਨ, ਕਾਨਫਰੰਸਾਂ

| | | | | |
|---|---|---|---|---|
| ੧. | ੨੦ ਅਪਰੈਲ | ੧੯੪੧ | ਗੁ: ਰੇਰੂ ਸਾਹਿਬ ਰਾਮ ਪੁਰ | ਲੁਧਿਹਾਣਾ |
| ੨. | ੨੭ ,, | ,, | ਗੁ: ਪਿੰਡ ਘੁੰਗਰਾਣਾ | ,, |
| ੩. | ੪ ਮਈ | ,, | ਗੁ: ਪਿੰਡ ਨੰਦ ਪੁਰ | ,, |
| ੪. | ੬ ,, | ,, | ਗੁ: ਫਲਾਹੀ ਸਾਹਿਬ ਪਿੰਡ ਦੋਲ | ,, |
| ੫. | ੮ ,, | ,, | ਬੰਨੇ ਦਾ ਹਾਤਾ ਸ਼ਹਿਰ ਲੁਧਿਆਣਾ | ,, |
| ੬. | ੧੦ ,, | ,, | ਗੁ: ਗੁਰੂਸਰ ਪਿੰਡ ਗੁੱਜਰ ਵਾਲ | ,, |
| ੭. | ੧੧ ,, | ,, | ਟਾਹਲੀਆਣਾ ਰਾਏਕੋਟ | ,, |
| ੮. | ੧੩ ,, | ,, | ਖੰਨਾ ਸ਼ਹਿਰ | ,, |
| ੯. | ੧੪ ,, | ,, | ਜਗਰਾਉਂ ਸ਼ਹਿਰ | ,, |
| ੧੦. | ੩੧ ,, ੨,੩ ਜੂਨ | ,, | ਸਮਰਾਲਾ, ਨੰਦ ਪੁਰ, ਕਲੋੜ ਆਦਿ | ,, |
| ੧੧. | ੫ ਜੂਨ | ,, | ਤਲਵੰਡੀ ਮਲ੍ਹੀਆਂ | ਫੀਰੋਜ਼ਪੁਰ |
| ੧੨. | ੧੨,੧੩,੧੪ ਜੂਨ | ,, | ਸ਼ੇਰ ਪੁਰਾ ਕਲਾਂ | ਲੁਧਿਆਣਾ |
| ੧੩. | ੨੪ ਜੂਨ | ,, | ਅੱਡਾ ਮੁਲਾਂਪੁਰ | ,, |
| ੧੪. | ੧ ਅਗਸਤ | ,, | ਗੁਰਦਵਾਰਾ ਗੁਰੂ ਸਰ ਮਦੋ | ਫੀਰੋਜ਼ਪੁਰ |
| ੧੫. | ੩ ,, | ,, | ਪਿੰਡ ਮੋਹੀ | ਲੁਧਿਆਣਾ |
| ੧੬. | ੧੦ ,, | ,, | ਗੁ: ਤਹਿਸੀਲ ਜਗਰਾਉਂ | ,, |
| ੧੭. | ੧੭ ,, | ,, | ਪਿੰਡ ਬਾਸੀਆਂ | ,, |
| ੧੮. | ੧੮ ,, | ,, | ਪਿੰਡ ਮਲਕ | ,, |
| ੧੯. | ੨੧,੨੨,੨੩ ਅਗਸਤ | ,, | ਗੁ: ਟਾਹਲੀ ਸਾਹਿਬ ਪਿੰਡ ਰਤਨ | ,, |
| ੨੦. | ੨੪,੨੫,੨੬ ,, | ,, | ਪਿੰਡ ਕਟਾਣੀ | ,, |
| ੨੧. | ੨੯ ਅਗਸਤ | ,, | ਪਿੰਡ ਖਟੜੇ ਚੁਹਾਰਮ | ,, |
| ੨੨. | ੪,੫,੬ ਸਤੰਬਰ | ,, | ਮੇਲਾ ਛਪਾਰ ਤੇ ਕਾਨਫਰੰਸ | ,, |
| ੨੩. | ੮ ਸਤੰਬਰ | ,, | ਗੁਰਦੁਆਰਾ ਕ੍ਰਿਸ਼ਨ ਪੁਰਾ ਕਲਾਂ | ਫੀਰੋਜ਼ਪੁਰ |
| ੨੪. | ੧੦ ਸਤੰਬਰ | ,, | ਗੁਰੂ ਨਾਨਕ ਹਰਿਗੋਬਿੰਦ ਸਰ (ਬੌਲੀ ਸਾਹਿਬ) ਸੋਢੀਵਾਲ | ਲੁਧਿਆਣਾ |

Digitized by Panjab Digital Library | www.panjabdigilib.org

# ਸਿੰਘ ਸਭਾ ਲਹਿਰ

ਜਿਸ ਸਮੇਂ ਸਿੱਖ ਰਾਜ ਦੀਆਂ ਹੱਦਾ ਜਮਰੌਦ ਤੱਕ ਪੁਜ ਗਈਆਂ ਤਾਂ ਸਿੱਖ ਕੌਮ ਦਾ ਸੂਰਜ ਸਿਖਰ ਪਰ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਤੇਜ ਪ੍ਰਤਾਪ ਦਾ ਸਦਕਾ ਸਿੱਖ ਕੌਮ ਦਾ ਹਰ ਪਾਸੇ ਬੋਲ ਬਾਲਾ ਸੀ। ਸਿੱਖ ਰਾਜ ਭਾਵੇ ਪੂਰਨ ਲੋਕ ਰਾਜਸੀ ਅਤੇ ਉਸ ਵਿਚ ਹਿੰਦੂ ਤੇ ਮੁਸਲਮਾਨ ਨਾਲ ਭੀ ਬਰਾਬਰੀ ਦਾ ਵਰਤਾਉ ਕੀਤਾ ਜਾਂਦਾ ਸੀ। ਪ੍ਰੰਤੂ ਉਸ ਸਮੇਂ ਪੰਜਾਬ ਵਿਚ ਸਿੱਖਾਂ ਦਾ ਸਤਿਕਾਰ ਬਹੁਤ ਵਧ ਗਿਆ ਸੀ। ਸਿੱਖ ਪੰਥ ਦੀ ਗਿਣਤੀ ਭੀ ਕਰੋੜਾਂ ਤਕ ਪੁਜ ਗਈ ਸੀ। ਅਤੇ ਸਿੱਖ ਹੋਣਾ ਫਖਰ ਦੀ ਗੱਲ ਸਮਝਿਆ ਜ ਦਾ ਸੀ। ਕੇਸ ਦਾਹੜਾ ਰਖਣ ਵਾਲੇ ਮਨੁਖ ਦਾ ਆਦਰ ਹੋਣ ਕਰਕੇ ਹਿੰਦੂ ਮੁਸਲਮਾਨ ਭੀ ਦਾਹੜਾ ਰਖਣ ਲਗ ਪਏ ਸਨ ਤੇ ਪੰਜਾਬ ਦਾ ਹਰ ਆਦਮੀ ਪੱਗ ਤਾਂ ਜ਼ਰੂਰ ਹੀ ਬੰਨ੍ਹਦਾ ਸੀ। ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਜੇਹੜੇ ਯੂਰਪੀਨ ਨੌਕਰ ਹੁੰਦੇ ਸਨ ਉਹ ਭੀ ਦਾਹੜੀ ਰਖਦੇ ਸਨ ਤੇ ਖਾਲਸਾ ਦਰਬਾਰ ਦਾ ਪ੍ਰਭਾਵ ਹਰ ਇਕ ਬਦੇਸ਼ੀ ਬਾੜੀ ਪਰ ਅਨੋਖਾ ਹੀ ਪੈਂਦਾ ਸੀ।

ਉਸ ਸਮੇਂ ਜੇਹੜੇ ਬਦੇਸ਼ੀ ਬਾੜੀ ਹਿੰਦ ਵਿਚ ਆਏ ਉਨ੍ਹਾਂ ਨੇ ਖਾਲਸਾ ਦਰਬਾਰ ਦੇ ਅਦੁਤੀ ਨਿਜ਼ਾਰਿਆਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ਇਹ ਇਕ ਹਕੀਕਤ ਹੈ ਕਿ ਦਾਹੜਾ ਰਖਣ ਵਾਲੇ ਮਨੁਖ ਦਾ ਚੇਹਰਾ ਪ੍ਰਭਾਵਸ਼ਾਲੀ ਬਣ ਜਾਂਦਾ ਹੈ। ਸਿੱਖ ਦਰਬਾਰ ਵਿਚ ਸਜੇ ਸੂਰਬੀਰ ਸਿੰਘਾਂ ਦੇ ਕੁੰਡਲਦਾਰ ਮੁਛਹਿਰੇ, ਚੌੜੇ ਮੱਥੇ, ਮੋਟੀਆ ਮੋਟੀਆਂ ਅੱਖਾਂ, ਤੇ ਸੁੰਦਰ ਚੇਹਰੇ ਬੜੇ ਰੋਅਬਦਾਰ ਹੁੰਦੇ ਸਨ। ਪਰ ਇਹ ਕੁਦਰਤੀ ਨਿਯਮ ਹੈ ਕਿ ਹਰ ਇਕ ਚੀਜ਼ ਦਾ ਆਦਿ ਅੰਤ ਮੌਜੂਦ ਹੈ। ਜਦੋਂ ਕੋਈ ਚੀਜ਼ ਸਿਖਰ ਤੇ ਪਹੁੰਚ ਜਾਂਦੀ ਹੈ ਤਾਂ ਉਸ ਦਾ ਗਿਰਾਉ ਸ਼ੁਰੂ ਹੋ ਜਾਂਦਾ ਹੈ। ਸਿਖ ਕੌਮ ਦਾ ਰੋਅਬ ਤੇ ਚੜ੍ਹਾਉ ਆਪਣੀ ਸਿਖਰ ਤੇ ਪੁਜ ਚੁਕਿਆ ਸੀ। ਏਸ਼ੀਆ ਦੇ ਕਿਸੇ ਭੀ ਦੇਸ਼ ਵਿਚ ਸਿਖ ਰਾਜ ਦੇ ਨਮੂਨੇ ਦੀ ਹਕੂਮਤ ਨਹੀਂ ਸੀ ਅਤੇ ਨਾ ਹੀ ਕਿਸੇ ਕੌਮ ਦਾ ਇਤਨਾ ਸਤਿਕਾਰ ਸੀ ਜਿਤਨਾ ਸਿੱਖ ਕੌਮ ਦਾ ਸੀ। ਇਸ ਦਾ ਫਲ ਇਹ ਹੋਇਆ ਕਿ ਸਿੱਖ ਤਾਕਤ ਦੇ ਨਸ਼ੇ ਵਿਚ ਗਲਤਾਨ ਹੋ ਗਏ। ਹੰਕਾਰ ਨੇ ਦਿਲ ਵਿਚ ਡੇਰੇ ਆ ਲਗਾਏ ਜਿਸ ਕਰਕੇ ਖਾਲਸਾ ਦਰਬਾਰ ਵਿਚ ਫੁਟ ਪੈ ਗਈ। ਭਰਾ ਦਾ ਭਰਾ ਵੈਰੀ ਬਣ ਗਿਆ। ਸਰਦਾਰ ਇਕ ਦੂਜੇ ਦੇ ਖੂਨ ਦੇ ਪਿਆਸੇ ਬਣ ਗਏ। ਫੁਟ ਨੇ ਸਿੱਖ ਰਾਜ ਦਾ ਜ਼ਵਾਲ ਸ਼ੁਰੂ ਕਰ ਦਿਤਾ ਅਤੇ ਉਹ ਵਿਸ਼ਾਲ ਰਾਜ ਜਿਸ ਦੀਆਂ ਹੱਦਾਂ ਜਮਨਾ ਤੇ ਜਮਰੌਦ ਨਾਲ ਟਕਰਾਉਂਦੀਆਂ ਸਨ ਥੋੜੇ ਜਿਹੇ ਸਮੇਂ ਅੰਦਰ ਹੀ ਖਤਮ ਹੋ ਗਿਆ। ਜਿਸ ਖਾਲਸਾ ਰਾਜ ਨੂੰ ਕਾਇਮ ਕਰਨ ਲਈ ਬੇਅੰਤ ਸਿਖ ਸ਼ਹੀਦ ਹੋਏ। ਪੰਜਾਬ ਦੀ ਧਰਤੀ ਨੂੰ ਕਈ ਵੇਰ ਖੂਨ ਨਾਲ ਰੰਗਿਆ ਤੇ ਬੜੀਆਂ ਕਠਨ ਘਾਲਨਾਂ ਘਾਲ ਕੇ ਜਿਸ ਨੂੰ ਕਾਇਮ ਕੀਤਾ ਗਿਆ ਫੁਟ ਦਾ ਸ਼ਿਕਾਰ ਹੋਏ ਸਿੱਖਾਂ ਨੇ ਉਸ ਨੂੰ ਦਿਨਾਂ ਵਿਚ ਹੀ ਖਤਮ ਕਰ ਦਿਤਾ।

ਰਾਜ ਭਾਗ ਗਿਆ ਕੇ ਸਿੱਖ ਕਖੋਂ ਹੌਲੇ ਹੋ ਗਏ। "ਉਚਾ ਚੜੈ ਸੋ ਪੀਵੈ ਪਇਆਲਾ" ਦੇ ਕਥਨ ਅਨੁਸਾਰ ਜਿਤਨੇ ਉਚੇ ਚੜ੍ਹੇ ਸਨ ਉਤਨੇ ਹੀ ਜ਼ੋਰ ਨਾਲ ਹੇਠਾਂ ਡਿਗੇ ਤੇ ਚਕਨਾ ਚੂਰ ਹੋ ਗਏ। ਗਵਾਂਢੀ ਕੌਮਾਂ ਸਤਿਕਾਰ ਕਰਨੋਂ ਹੱਟ ਗਈਆਂ। ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ

Digitized by Panjab Digital Library | www.panjabdigilib.org

ਵਿਚ ਬੁਰੀ ਤਰਾਂ ਜਕੜੇ ਗਏ। ਜਦ ਵਧਦੀ ਕਲਾ ਨਾ ਰਹੀ ਤਾਂ ਪਤਾ ਲਗਿਆ ਕਿ ਸਿੱਖ ਕੌਮ ਦਾ ਜੀਵਨ ਕਿੰਨਾਂ ਪਹਿਲੂਆਂ ਵਲੋਂ ਢਹਿੰਦੀਆਂ ਕਲਾਂ ਵੱਲ ਜਾ ਰਿਹਾ ਹੈ। ਅਨਪੜ੍ਹਤਾ, ਅਨਮਤਾ ਦੇ ਅਸਰ, ਤਾਕਤ ਹਥੋਂ ਖੁਸਣ ਦੇ ਝੋਰੇ ਤੇ ਨਸ਼ਿਆਂ ਦੀ ਵਰਤੋਂ ਨੇ ਕੌਮੀ ਆਚਰਨ ਨੂੰ ਬੇਹੱਦ ਕਮਜ਼ੋਰ ਕਰ ਦਿਤਾ। ਅੰਗਰੇਜ਼ਾਂ ਨੇ ਪੰਜਾਬ ਪਰ ਹਕੂਮਤ ਕਾਇਮ ਕਰਨ ਦੇ ਨਾਲ ਨਾਲ ਈਸਾਈ ਮਤ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਆਰੀਆ ਸਮਾਜ ਭੀ ਇਸ ਸਮੇਂ ਨਵਾਂ ਹੀ ਪੈਦਾ ਹੋਇਆ ਸੀ ਇਸ ਨੇ ਭੀ ਆਪਣੀਆਂ ਸਰਗਰਮੀਆਂ ਦਾ ਕੇਂਦਰ ਪੰਜਾਬ ਨੂੰ ਹੀ ਬਣਾਇਆ ਅਤੇ ਸਿੱਖ ਧਰਮ ਪਰ ਹਮਲੇ ਸ਼ੁਰੂ ਕਰ ਦਿਤੇ। ਜਿਥੇ ਅਨਮਤੀਆ ਵਲੋਂ ਸਿੱਖ ਧਰਮ ਪਰ ਹਮਲੇ ਹੋ ਰਹੇ ਸਨ ਉਥੇ ਧਰਮ ਦੀ ਰਾਖੀ ਕਰਨ ਵਾਲਿਆਂ ਨੇ ਆਪਣੀਆਂ ਗਦੀਆਂ ਥਾਪ ਕੇ ਸ਼ਖਸੀ ਪੂਜਾ ਕਰਾਉਣੀ ਸ਼ੁਰੂ ਕਰ ਦਿਤੀ।

## * ਮੌਕਾ ਤਾੜੂ ਲੋਕ *

ਸੋਢੀਆਂ ਬੇਦੀਆਂ ਤੇ ਵਡੇ ਵਡੇ ਮਹੰਤਾਂ ਨੇ ਸਿਖ ਕੌਮ ਦਾ ਗੁਰਮਤਿ ਵਲੋਂ ਨਿਸਚਾ ਕਮਜ਼ੋਰ ਹੋਇਆ ਵੇਖਕੇ ਆਪਣੀ ਪੂਜਾ ਕਰਾਉਣੀ ਅਰੰਭ ਕਰ ਦਿਤੀ। ਸਿਖ ਧਰਮ ਪਰ ਹਿੰਦੂ ਧਰਮ ਦਾ ਪ੍ਰਭਾਵ ਵਧਨ ਲਗਾ। ਉਦਾਸੀ ਸੰਤਾਂ ਨੇ ਜੋ ਗੁਰੂ ਨਾਨਕ ਦੇ ਮਤ ਦੇ ਪ੍ਰਚਾਰਕ ਸਨ। ਚਵੀਆਂ ਅਵਤਾਰਾਂ ਦੇ ਅਰਦਾਸੇ ਕਰਾਉਣੇ ਸ਼ੁਰੂ ਕਰ ਦਿਤੇ ਅਤੇ ਯਤਨ ਕੀਤਾ ਕਿ ਸਿਖ ਧਰਮ ਨੂੰ ਹਿੰਦੂ ਧਰਮ ਦਾ ਇਕ ਹਿਸਾ ਪਰਗਟ ਕੀਤਾ ਜਾਵੇ। ਇਸ ਪਰਕਾਰ ਜਦ ਹਰ ਪਾਸੇ ਤੋਂ ਧਰਮ ਪਰ ਹਮਲੇ ਹੋ ਰਹੇ ਸਨ ਅਤੇ ਆਪ-ਣੀਆਂ ਕੰਮਜ਼ੋਰੀਆਂ ਦੇ ਕਾਰਨ ਸਿਖ ਅਧੋਗਤੀ ਨੂੰ ਜਾ ਰਹੇ ਸਨ ਤਾਂ ਕੁਝ ਦਰਦੀ ਸਜਣਾਂ ਦੀ ਗ਼ੈਰਤ ਨੇ ਜੋਸ਼ ਖਾਧਾ। ਉਨ੍ਹਾਂ ਨੇ ਸੋਚਿਆ ਕਿ ਜੇ ਇਸ ਸਮੇਂ ਸਿਖ ਪੰਥ ਨੂੰ ਠੀਕ ਰਾਹ ਪਰ ਨਾ ਤੋਰਿਆ ਗਿਆ ਤਾਂ ਸਿਖ ਧਰਮ ਦਾ ਕਾਇਮ ਰਖਣਾ ਮੁਸ਼ਕਲ ਹੋ ਜਾਵੇਗਾ।

ਇਹ ਗਲ ਚਿਟੇ ਦਿਨ ਵਾਂਗ ਰੌਸ਼ਨ ਹੈ ਕਿ ਕਿਸੇ ਕਮ ਨੂੰ ਕਮਜ਼ੋਰ ਕਰਨ ਲਈ ਵਿਦਿਆ-ਰਥੀਆਂ ਵਿਚ ਉਸਦੇ ਵਿਰੁਧ ਪਰਚਾਰ ਕਰਨਾ ਸਭ ਤੋਂ ਵਧ ਕਾਰਗਰ ਹਥਿਆਰ ਹੁੰਦਾ ਹੈ। ਈਸਾਈ ਮਤ ਦੇ ਪਰਚਾਰਕਾਂ ਨੇ ਸਰਕਾਰ ਅੰਗਰੇਜ਼ੀ ਦੀ ਮਦਦ ਨਾਲ ਹਰ ਥਾਂ ਮਿਸ਼ਨ ਸਕੂਲ ਖੋਲੇ ਜਿਨ੍ਹਾਂ ਵਿਚ ਪੜਨ ਵਾਲੇ ਸਿਖ ਲੜਕਿਆਂ ਨੂੰ ਵਿਦਿਆ ਦੇਣ ਦੇ ਬਹਾਨੇ ਸਿਖ ਧਰਮ ਵਲੋਂ ਗੁਮਰਾਹ ਕੀਤਾ ਜਾਣ ਲਗਾ। ਵਿਦਿਆਰਥੀਆਂ ਦਾ ਦਿਮਾਗ ਕੋਰੇ ਕਾਗਜ਼ ਵਾਂਗ ਹੁੰਦਾ ਹੈ ਉਸ ਪਰ ਜੋ ਲਿਖ ਦਿਤਾ ਜਾਵੇ ਉਹੋ ਸਹੀ ਰਹਿੰਦਾ ਹੈ। ਇਸ ਕਰਕੇ ਜਿਹੜੇ ਸਿਖ ਲੜਕੇ ਮਿਸ਼ਨ ਸਕੂਲਾਂ ਵਿਚ ਪੜਦੇ ਸਨ ਉਨ੍ਹਾਂ ਨੇ ਸਿਖ ਧਰਮ ਪਰ ਨੁਕਤਾਚੀਨੀ ਕਰਨੀ ਸ਼ੁਰੂ ਕਰ ਦਿਤੀ। ਜਦ ਉਹ ਅਪਣੇ ਅਨਪੜ ਮਾਤਾ ਪਿਤਾ ਪਾਸ ਔਂਦੇ ਤਾਂ ਸਿਖੀ ਦੇ ਵਿਰੁਧ ਸਖਤ ਨੁਕਤਾਚੀਨੀ ਕਰਦੇ, ਇਸਦਾ ਫਲ ਇਹ ਹੋਇਆ ਕਿ ਸਿਖ ਬਜ਼ੁਰਗਾਂ ਨੇ ਇਹ ਅਨਭਵ ਕਰਨਾ ਸ਼ੁਰੂ ਕੀਤਾ ਕਿ ਜੇ ਸਿਖੀ ਵਿਰੁਧ ਹੋ ਰਹੇ ਪਰਚਾਰ ਦਾ ਅਸਰ ਜ਼ਾਇਲ ਨਾ ਕੀਤਾ ਗਿਆ ਤਾਂ ਸਿਖ ਲੜਕੇ ਲੜਕੀਆਂ ਦਾ ਸਿਖ ਰਹਿਣਾ ਕਠਣ ਹੋ ਜਾਵੇਗਾ।

Digitized by Panjab Digital Library | www.panjabdigilib.org

ਜਿਹਾ ਕਿ ਉਪਰ ਵਰਣਨ ਕੀਤਾ ਗਿਆ ਹੈ ਕਿ ਆਰੀਯਾ ਸਮਾਜ ਦਾ ਜ਼ੋਰ ਭੀ ਪੰਜਾਬ ਵਿਚ ਬਹੁਤਾ ਹੀ ਸੀ। ਹਿੰਦੂ ਭਾਈ ਵਪਾਰੀ ਹੋਣ ਕਰਕੇ ਮਾਲੀ ਤੌਰ ਪਰ ਸਭ ਤੋਂ ਅਗੇ ਸਨ ਅਤੇ ਇਸਾਈ ਮਤ ਦੇ ਪਰਚਾਰ ਦਾ ਉਨ੍ਹਾਂ ਨੂੰ ਭੀ ਖਤਰਾ ਸੀ। ਇਸ ਕਰਕੇ ਆਰੀਯਾ ਸਮਾਜ ਨੇ ਭੀ ਵਖਰੀਆਂ ਵਿਦਯਕ ਸੰਸਥਾਵਾਂ ਖੋਲਣੀਆਂ ਸ਼ੁਰੂ ਕਰ ਦਿਤੀਆਂ। ਸਿਖ ਬਚੇ ਇਨ੍ਹਾਂ ਸੰਸਥਾਵਾਂ ਵਿਚ ਭੀ ਦਾਖਲ ਹੋ ਜਾਂਦੇ ਤਾਂ ਉਨ੍ਹਾਂ ਪਰ ਹਰ ਭੀ ਬੁਰਾ ਅਸਰ ਪੈਂਦਾ ਕਿਉਂਕਿ ਤਰਕ ਵਿਤ੍ਰਕ ਕਰਨ ਵਿਚ ਆਰੀਯਾ ਸਮਾਜੀ ਵੀਰ ਸਭ ਤੋਂ ਮੂਹਰੇ ਸਨ। ਇਹੋ ਜਿਹੇ ਹਾਲਾਤ ਵਿਚ ਸਿਖਾਂ ਨੂੰ ਹਰ ਪਾਸੇ ਤੋਂ ਢਾਹ ਲਗ ਰਹੀ ਸੀ। ਉਹ ਜਿਧਰ ਜਾਂਦੇ ਹਰ ਪਾਸੇ ਅਨਿਮਤਿ ਦੇ ਪਰਚਾਰ ਦਾ ਬੁਰਾ ਅਸਰ ਪੈਂਦਾ।

ਹਾਲਾਤ ਇਥੋਂ ਤਕ ਖਰਾਬ ਹੋ ਗਏ ਕਿ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿਚ ਪੜਨ ਵਾਲੇ ਚਾਰ ਸਿਖ ਵਿਦਿਆਰਥੀਆਂ ਨੇ ਜਿਨ੍ਹਾਂ ਦੇ ਨਾਮ ਅਤਰ ਸਿੰਘ, ਸਾਧੂ ਸਿੰਘ ਤੇ ਆਇਆ ਸਿੰਘ ਆਦਿ ਸਨ, ਈਸਾਈ ਹੋਣ ਦਾ ਖਿਆਲ ਪਰਗਟ ਕੀਤਾ। ਇਹ ਵੇਖ ਕੇ ਸਿਖ ਹਿਰ-ਦਿਆਂ ਵਿਚ ਹਲ ਚਲ ਮਚ ਗਈ। ਹਰ ਥਾਂ ਇਕੱਠੇ ਹੋਕੇ ਸਿੰਘ ਇਹ ਵਿਚਾਰਾਂ ਕਰਨ ਲਗੇ ਕਿ ਇਨ੍ਹਾਂ ਹਾਲਾਤਾਂ ਦਾ ਕਿਵੇਂ ਮੁਕਾਬਲਾ ਕੀਤਾ ਜਾਵੇ? ਇਸ ਬੇਚੈਨੀ ਵਿਚੋਂ ਸਿੰਘ ਸਭਾ ਲਹਿਰ ਪੈਦਾ ਹੋਈ। ਇਸ ਲਹਿਰ ਦਾ ਮਕਸਦ ਸ਼ਹਿਰਾਂ ਵਿਚ ਸਿੰਘ ਸਭਾਵਾਂ ਕਾਇਮ ਕਰਕੇ ਖਾਲਸਾ ਸਕੂਲ ਖੋਹਲਣੇ ਸਨ। ਗੁਰਮਤਿ ਸਾਹਿਤ ਦੀ ਖੋਜ ਕਰਨੀ ਅਤੇ ਅਨਮਤੀਆਂ ਵਲੋਂ ਸਿਖ ਧਰਮ ਪਰ ਹੋ ਰਹ ਹਮਲਿਆਂ ਦਾ ਮੂੰਹ ਤੋੜ ਉਤਰ ਦੇਣਾ ਸੀ। ਸਿਖ ਵਿਦਵਾਨਾਂ ਨੇ ਜਥੇਬੰਦ ਹੋਕੇ ਐਸਾ ਹੰਭਲਾ ਮਾਰਿਆ ਕਿ ਸਿਖ ਕੌਮ ਫਿਰ ਜਥੇਬੰਦ ਹੋ ਗਈ। ਗਿਆਨੀ ਦਿੱਤ ਸਿੰਘ ਜੀ ਨੇ ਆਰੀਯਾ ਸਮਾਜ ਦੇ ਬਾਨੀ ਸ੍ਵਾਮੀ ਦਯਾ ਨੰਦ ਨਾਲ ਬਹਿਸ ਮੁਬਾਹਿਸੇ ਕਰਕੇ ਉਨ੍ਹਾਂ ਨੂੰ ਤਿੰਨ ਵੇਰ ਹਾਰ ਦਿਤੀ ਅਤੇ ਸ੍ਵਾਮੀ ਜੀ ਨੂੰ ਪੰਜਾਬ ਛਡਣ ਲਈ ਮਜਬੂਰ ਕਰ ਦਿਤਾ।

ਸਭ ਤੋਂ ਪਹਿਲਾਂ ਸ: ਠਾਕਰ ਸਿੰਘ ਸੰਧਾਂਵਾਲੀਏ ਨੇ ਸ੍ਰੀ ਅੰਮ੍ਰਿਤਸਰ ਵਿਚ ਸਿਖ ਮੁਖੀਆਂ ਦੀ ਇਕ ਇਕਤ੍ਰਤਾ ਬੁਲਾਈ ਜਿਸ ਵਿਚ ਸਾਰੀਆਂ ਸੰਪ੍ਰਦਾਵਾਂ ਦੇ ਮੁਖੀ, ਵਡੇ ਵਡੇ ਗੁਰਦਵਾਰਿਆਂ ਦੇ ਪ੍ਰਬੰਧਕ ਤੇ ਸਿਖ ਪਤਵੰਤਿਆਂ ਨੂੰ ਪੁਜਣ ਲਈ ਲਿਖਿਆ ਗਿਆ। ਇਸ ਇਕਤ੍ਰਤਾ ਵਿਚ ਸਿਖਾਂ ਦੀ ਵਿਦਯਕ, ਧਾਰਮਕ ਤੇ ਭਾਈ ਚਾਰਕ ਦਸ਼ਾ ਪਰ ਵਿਚਾਰਾਂ ਕੀਤੀਆ ਗਈਆਂ।

ਕਾਫੀ ਵਿਚਾਰਾਂ ਕਰਨ ਉਪਰੰਤ ਅਸੂ ਵਦੀ ੧੦ ਸੰਮਤ ੧੯੩੦ ਬਿ: ਨੂੰ ਸ੍ਰੀ ਅੰਮ੍ਰਿਤਸਰ ਜੀ ਵਿਚ ਪਹਿਲੀ ਸ੍ਰੀ ਗੁਰੂ ਸਿੰਘ ਸਭਾ ਕਾਇਮ ਹੋਈ। ਇਸ ਸਭਾ ਦੇ ਸਕਤ੍ਰ ਪ੍ਰਸਿਧ ਗਿਆਨੀ ਖਾਨਦਾਨ ਦੇ ਰਤਨ ਗਿ: ਗਿਆਨ ਸਿੰਘ ਜੀ ਅਤੇ ਸ: ਅਮਰ ਸਿੰਘ ਜੀ ਮੀਤ ਸਕੱਤ੍ਰ ਤੇ ਸ: ਧਰਮ ਸਿੰਘ ਜੀ ਮਜੀਠੇ ਬੁੰਗੇ ਵਾਲੇ ਖਜ਼ਾਨਚੀ ਥਾਪੇ ਗਏ। ਇਸ ਸਭਾ ਵਲੋਂ ਖਾਲਸਾ ਸਕੂਲ ਖੋਹ ਲਿਆ ਗਿਆ ਅਤੇ ਗੁਰਮੁਖੀ ਵਿਚ ਪਹਿਲਾ ਅਖਬਾਰ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਜਿਸ ਦੇ ਐਡੀਟਰ ਸ: ਮਈਆ ਸਿੰਘ ਜੀ ਸਨ। ਇਸ ਸਮੇਂ ਗਿ: ਦਿੱਤ ਸਿੰਘ ਜੀ, ਭਾਈ ਮਈਆ ਸਿੰਘ ਜੀ, ਡਾਕਟਰ ਜੈ ਸਿੰਘ ਜੀ; ਭਾਈ ਗੁਰਮੁਖ ਸਿੰਘ ਜੀ; ਭਾਈ ਜਵਾਹਰ ਸਿੰਘ ਜੀ: ਡਾਕਟਰ ਚਰਨ ਸਿੰਘ ਜੀ; ਭਾਈ ਕਾਹਨ ਸਿੰਘ ਜੀ ਜੀ ਨਾਭਾ, ਗਿ: ਠਾਕਰ ਸਿੰਘ ਜੀ, ਪੰਡਤ ਗੁਰਬਖਸ਼ ਸਿੰਘ ਜੀ ਪਟਿਆਲਾ, ਭਾ: ਮੂਲ ਸਿੰਘ ਜੀ

Digitized by Panjab Digital Library | www.panjabdigilib.org

ਗੁਰ ਮੂਲਾ, ਆਦਿ ਸਜਨਾਂ ਨੇ ਸਿਖ ਕੌਮ ਵਿਚ ਜਾਗਰਤ ਲਿਆਉਣ ਲਈ ਵਧ ਚੜ੍ਹਕੇ ਕੰਮ ਕੀਤਾ।

ਸ੍ਰੀਮਾਨ ਗਿ: ਦਿਤ ਸਿੰਘ ਜੀ ਓਰੀਐਂਟਲ ਕਾਲਜ ਵਿਚ ਪੰਜਾਬੀ ਦੇ ਪ੍ਰੋਫੈਸਰ ਲਗ ਗਏ ਅਤੇ ਆਪ ਜੀ ਨੇ ਲਾਹੌਰ ਤੋਂ "ਖਾਲਸਾ" ਅਖਬਾਰ ਜਾਰੀ ਕੀਤਾ ਜਿਸ ਨੇ ਖੰਡਨ ਮੰਡਨ ਦੇ ਸਬੰਧ ਵਿਚ ਬਹੁਤ ਸ਼ਾਨਦਾਰ ਕੰਮ ਕੀਤਾ। ਗਿਆਨੀ ਦਿਤ ਸਿੰਘ ਜੀ ਕਮਾਲ ਦੇ ਦਲੀਲ ਬਾਜ਼ ਤੇ ਹਾਜ਼ਰ ਜਵਾਬ ਸਨ। ਆਪ ਜੀ ਦੀਆਂ ਅਕੱਟ ਦਲੀਲਾਂ ਦਾ ਉਤਰ ਕੋਈ ਵਿਦਵਾਨ ਨਹੀਂ ਦੇ ਸਕਦਾ ਸੀ। ਓਸ ਸਮੇਂ ਦੇ ਪਰਸਿਧ ਪੰਡਤ ਸਵਾਮੀ ਦਯਾ ਨੰਦ ਜੀ ਭੀ ਗਿਆਨੀ ਜੀ ਪਾਸੋਂ ਹਾਰ ਖਾ ਚੁਕੇ ਸਨ। ਛੋਟੇ ਮੋਟੇ ਪੰਡਤਾਂ ਦੀ ਤਾਂ ਭਲਾ ਕੀ ਵਟੀਂਦੀ ਸੀ। ਗਿਃ ਦਿਤ ਸਿਘ ਜੀ ਸਿੰਘ ਸਭਾ ਲਹਿਰ ਦੀ ਰੂਹ ਸਨ। ਆਪ ਨੇ ਲਿਖਕੇ ਤੇ ਬੋਲਕੇ ਸਿਖੀ ਦਾ ਬਹੁਤ ਜ਼ਿਆਦਾ ਪ੍ਰਚਾਰ ਕੀਤਾ। ਗਿਆਨੀ ਜੀ ਨੇ ਗੁਰ-ਮਤਿ ਸਾਹਿਤ ਲਿਖਣ ਵਿਚ ਵਧ ਚੜ੍ਹਕੇ ਹਿਸਾ ਲਿਆ। ਆਪ ਜੀ ਦੀਆਂ ਲਿਖੀਆਂ ਪੁਸਤਕਾਂ ਅਜ ਭੀ ਗੁਰਮਤਿ ਖੋਜੀਆਂ ਲਈ ਪ੍ਰਕਾਸ਼ ਘਰ ਦਾ ਕੰਮ ਦਿੰਦੀਆਂ ਹਨ।

ਉਸ ਸਮੇਂ ਦੇ ਪ੍ਰਸਿਧ ਵਿਦਵਾਨ ਗਿਃ ਗਿਆਨ ਸਿੰਘ ਜੀ ਨੇ ਭੀ ਸਿਖ ਇਤਹਾਸ ਦੀ ਖੋਜ ਦਾ ਕੰਮ ਆਰੰਭ ਕੀਤਾ ਅਤੇ ਆਪ ਨੇ ਕਈ ਗਰੰਥ ਲਿਖੇ। ਸਿਖ ਵਿਦਵਾਨਾਂ ਨੂੰ ਜਥੇਬੰਦ ਕਰਕੇ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਕੌਮ ਨੂੰ ਢਹਿੰਦੀਆਂ ਕਲਾਂ ਵਿਚ ਜਾਣ ਤੋਂ ਬਚਾਇਆ ਸੀ। ਸ੍ਰੀ ਅੰਮ੍ਰਿਤਸਰ ਵਿਚ ਉਸ ਵੇਲੇ ਸਿਖ ਵਿਦਵਾਨਾਂ ਦੀਆਂ ਇਕੱਤ੍ਰਤਾ ਹੁੰਦੀਆਂ ਜਿਨ੍ਹਾਂ ਵਿਚ ਸਿਖ ਇਤਹਾਸ ਵਿਚ ਪ੍ਰਚਲਤ ਹੋਈਆਂ ਗੁਰਮਤਿ ਵਿਰੋਧੀ ਕਥਾਵਾਂ ਪਰ ਵਿਚਾਰ ਕਰਨ ਉਪਰੰਤ ਸਿਟੇ ਪ੍ਰਕਾਸ਼ਤ ਕੀਤੇ ਜਾਂਦੇ। ਇਸ ਲਹਿਰ ਦਾ ਸਦਕਾ ਸਿਖ ਕੌਮ ਛੇਤੀ ਹੀ ਸੰਭਲ ਗਈ ਤੇ ਹਰ ਸ਼ਹਿਰ ਵਿਚ ਸਭਾਵਾਂ ਕਾਇਮ ਹੋ ਗਈਆਂ।

ਸ੍ਰੀ ਅੰਮਰਿਤਸਰ ਸਾਹਿਬ ਦੀ ਸ੍ਰੀ ਗੁਰੂ ਸਿੰਘ ਸਭਾ ਦੇ ਕੰਮ ਨੂੰ ਵੇਖ ਕੇ ਲਾਹੌਰ ਦੇ ਮੁਖ ਸਿਖਾਂ ਦੀਆਂ ਭੀ ਅਖਾਂ ਖੁਲੀਆਂ ਅਤੇ ਉਨ੍ਹਾਂ ਨੇ ੧੮੭੯ ਈ: ਵਿਚ ਸ੍ਰੀ ਗੁਰੂ ਸਿੰਘ ਸਭਾ ਲਹੌਰ ਕਾਇਮ ਕੀਤੀ। ਖਾਲਸਾ ਦੀਵਾਨ ਲਹੌਰ ਅਤੇ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਭੀ ਸੋਹਣਾ ਕੰਮ ਕੀਤਾ। ੧੮੮੦ ਈ: ਨੂੰ ਸਿੰਘ ਸਭਾ ਲਹੌਰ ਨੂੰ ਸਿੰਘ ਸਭਾ ਅੰਮ੍ਰਿਤਸਰ ਦੀ ਸ਼ਾਖ ਬਣਾਕੇ ਇਕ ਜਨਰਲ ਸਭਾ ਬਣਾਈ ਗਈ ਜਿਸ ਦੇ ਮੁਖ ਉਪਦੇਸ਼ ਇਸ ਪਰਕਾਰ ਹਨਃ—

੧. ਸਾਰੀਆਂ ਸਿਖ ਸੰਪਰਦਾਵਾਂ ਵਿਚ ਸਿਖੀ ਪਿਆਰ ਪੈਦਾ ਕਰਨਾ ਤੇ ਸਿਖਾਂ ਨੂੰ ਧਰਮ ਵਿਚ ਪਰਪਕ ਕਰਨਾ।

੨. ਸਿਖ ਧਰਮ ਦੀ ਸਰੇਸ਼ਟਾ ਨੂੰ ਪਰਗਟ ਕਰਨਾ ਅਤੇ ਥਾਂ ਪੁਰ ਥਾਂ ਇਸ ਸਰੇਸ਼ਟ ਧਰਮ ਦੀ ਚਰਚਾ ਕਰਨੀ।

੩. ਜਿਨ੍ਹਾਂ ਗ੍ਰੰਥਾਂ ਵਿਚ ਇਸ ਧਰਮ ਦੀ ਵਡਿਆਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਵਧ ਤੋਂ ਵਧ ਗਿਣਤੀ ਵਿਚ ਪ੍ਰਕਾਸ਼ਤ ਕਰਨਾ।

੪. ਸੰਪ੍ਰਦਾਈ ਬਾਣੀ ਨੂੰ ਪਰਗਟ ਕਰਨਾ ਅਤੇ ਉਨ੍ਹਾਂ ਇਤਹਾਸਕ ਗ੍ਰੰਥਾਂ ਦੀ ਸੁਧਾਈ ਕਰਨਾ ਜਿਨ੍ਹਾਂ ਵਿਚ ਗੁਰਮਿਤ ਵਿਰੋਧੀ ਗਲਾਂ ਦਰਜ ਹਨ।

Digitized by Panjab Digital Library | www.panjabdigilib.org

੫. ਪੰਜਾਬੀ ਬੋਲੀ ਵਿਚ ਵਿਦਿਆ ਪੜ੍ਹਨ ਦਾ ਪ੍ਰਚਾਰ ਕਰਨਾ ਤੇ ਪੰਜਾਬੀ ਨੂੰ ਉਨਤ ਕਰਨ ਲਈ ਇਸ ਵਿਚ ਅਖਬਾਰਾਂ ਤੇ ਰਸਾਲੇ ਪ੍ਰਕਾਸ਼ਤ ਕਰਨੇ।

੬. ਜੋ ਲੋਕ ਸਿਖੀ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਨੇ ਇਸਦੇ ਵਿਰੁਧ ਕੁਝ ਕਿਹਾ ਜਾਂ ਸੁਣਿਆ ਹੈ ਅਥਵਾ ਜੋ ਸਿਖ ਤਖਤਾਂ ਤੋਂ ਖਾਰਜ ਹਨ ਜਾਂ ਜਿਨ੍ਹਾਂ ਨੇ ਕੇਸਾਂ ਦੀ ਬੇਅਦਬੀ ਕਰਾਈ ਹੈ। ਜਿਹੜੇ ਸਰਕਾਰ ਦੇ ਫਸਾਦੀ ਗਿਣੇ ਹੋਣ, ਉਹ ਆਪਣੀ ਭੁਲ ਬਖਸ਼ਾਏ ਤੋਂ ਬਿਨਾ ਅਤੇ ਦੁਬਾਰਾ ਸਿਖ ਧਰਮ ਵਿਚ ਸ਼ਾਮਲ ਹੋਏ ਬਿਨਾਂ ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ।

੭. ਵਡੇ ਮੁਰਾਤਬੇ ਵਾਲੇ ਅੰਗਰੇਜ਼ ਅਫਸਰ ਵਿਦਯਕ ਸ਼ਾਖ ਦੇ ਮੈਂਬਰ ਬਣ ਸਕਦੇ ਹਨ ਅਤੇ ਦੂਜੀਆਂ ਕੌਮਾਂ ਵਾਲੇ ਭੀ ਉਹ ਸਜਨ ਸਭਾ ਦੇ ਮੈਂਬਰ ਬਣ ਸਕਦੇ ਹਨ ਜਿਨ੍ਹਾਂ ਸਬੰਧੀ ਇਹ ਨਿਸਚਾ ਹੋ ਜਾਵੇ ਕਿ ਉਹ ਸਿਖੀ ਧਰਮ ਅਤੇ ਪੰਜਾਬੀ ਬੋਲੀ ਦੇ ਖੈਰ ਖ਼ਾਹ ਹਨ।

੮. ਕਿਸੇ ਦੂਜੇ ਮਤ ਵਿਰੁਧ ਬਿਰਥਾ ਕਹਿਣਾ ਸੁਣਨਾ ਜਾਂ ਲਿਖਣਾ ਸਿੰਘ ਸਭਾ ਦਾ ਮੰਤਵ ਨਹੀਂ।

੯. ਸ੍ਰੀ ਗੁਰੂ ਸਿੰਘ ਸਭਾ ਦੀਆਂ ਮੀਟਿੰਗਾਂ ਵਿਚ ਸਰਕਾਰੀ ਮਾਮਲਿਆਂ ਤੇ ਬਹਿਸ ਨਹੀਂ ਹੋਵੇਗੀ।

੧੦. ਕੌਮ ਦੀ ਉਨਤੀ, ਸਰਕਾਰ ਦੀ ਫਰਮਾ ਬਰਦਾਰੀ, ਸਿਖ ਧਰਮ ਨਾਲ ਪਿਆਰ, ਪੰਜਾਬੀ ਬੋਲੀ ਦਾ ਪਰਚਾਰ ਤੇ ਹਰ ਚੰਗੀ ਗਲ ਨੂੰ ਉਤਸ਼ਾਹ ਦੇਣਾ ਸਭਾ ਦੇ ਮੁਖ ਆਸ਼ੇ ਹਨ। ਇਨ੍ਹਾਂ ਖਾਸ ਆਦਰਸ਼ਾਂ ਨੂੰ ਸਾਹਮਣੇ ਰਖਕੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਕੰਮ ਅਰੰਭ ਹੋਇਆ। ਖਾਲਸਾ ਦੀਵਾਨ ਸਿੰਘ ਸਭਾ ਦੇ ਅਧੀਨ ਸੀ ਇਸ ਕਰਕੇ ਇਨ੍ਹਾਂ ਜਥੇ ਬੰਦੀਆਂ ਨੇ ਉਸ ਸਮੇਂ ਦੇ ਹਾਲਾਤ ਅਨੁਸਾਰ ਚੰਗਾ ਕੰਮ ਕੀਤਾ। ਖਾਸ ਤੌਰ ਪਰ ਸਿਖ ਧਰਮ ਵਿਰੁਧ ਹੋ ਰਹੇ ਪਰਚਾਰ ਦਾ ਮੂੰਹ ਤੋੜ ਉਤਰ ਦਿਤਾ ਅਤੇ ਸਿਖਾਂ ਵਿਰੁਧ ਪਾਈਆਂ ਜਾ ਰਹੀਆਂ ਗਲਤ ਫਹਿਮੀਆਂ ਨੂੰ ਦੂਰ ਕੀਤਾ।

ਅੰਮ੍ਰਿਤਸਰ ਵਿਚ ਉਸ ਸਮੇਂ ਇਕ ਹੋਰ ਜਥੇਬੰਦੀ ਵਜੂਦ ਵਿਚ ਆਈ ਜਿਸ ਦਾ ਨਾਮ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਸੀ ਇਸ ਦਾ ਮਨੋਰਥ ਗੁਰਮਤਿ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨਾ ਸੀ। ਇਸ ਜਥੇਬੰਦੀ ਵਿਚ ਇਕੱਠੇ ਹੋਏ ਵਿਦਵਾਨਾਂ ਦੇ ਉਦਮ ਨਾਲ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ। ਜਿਨਾਂ ਵਿਚੋਂ ਗੁਰਪੁਰਬ ਪ੍ਰਕਾਸ਼, ਗੁਰਸਿਖ ਦੇ ਨਿੱਤ ਕਰਮ, ਸਦ ਸਿਧਾਂਤ ਗੁਰਮਤਿ ਸਿਧਾਂਤ ਗੁਰ ਬਿਲਾਸ ਕ੍ਰਿਤ ਕਵੀ ਸੁਖਾ ਸਿੰਘ ਜੀ, ਗੁਰ ਪਰਨਾਲੀ, ਖਾਲਸਾ ਮਨਮੋਦਕ ਗੁਰਪੁਰਬ ਕਰਨ ਵਿਧੀ, ਅਤੇ ਦਸਮ ਗ੍ਰੰਥ ਪਰ ਰੀਪੋਰਟਾਂ ਖਾਸ ਵਰਣਨ ਕਰਨ ਯੋਗ ਹਨ।

ਦਸਮ ਗ੍ਰੰਥ ਦੀ ਰੀਪੋਰਟ ਤਿਆਰ ਕਰਨ ਪਰ ਕਾਫੀ ਅਰਸਾ ਲਗਿਆ ਕਿਉਂਕਿ ਦਸਮ ਗੁਰੂ ਦੀ ਬਾਣੀ ਕੇਹੜੀ ਹੈ ਤੇ ਕੇਹੜੀ ਕਵੀਆਂ ਦੀ ਬਾਣੀ ਹੈ? ਇਸ ਦਾ ਨਿਰਨਾ ਕਰਨਾ ਬਹੁਤ ਕਠਨ ਕੰਮ ਸੀ। ਅੱਡ ਅੱਡ ਤਰਾਂ ਦੀਆਂ ਦਸਮ ਗ੍ਰੰਥ ਦੀਆਂ ੩੨ ਜਿਲਦਾਂ ਇਕਠੀਆਂ ਕੀਤੀਆਂ ਗਈਆਂ ਜਿਨਾਂ ਪਰ ਵਿਦਵਾਨਾਂ ਦੇ ਇਕ ਭਾਰੀ ਇਕਠ ਨੇ ਸ੍ਰੀ ਅਕਾਲ ਤਖਤ ਸਾਹਿਬ ਪਰ ਬੈਠ ਕੇ

Digitized by Panjab Digital Library | www.panjabdigilib.org

ਵਿਚਾਰ ਕੀਤੀ ਅਤੇ ਇਸ ਵਿਚਾਰ ਦਾ ਸਿਟਾ ਇਕ ਰੀਪੋਰਟ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤਾ ਗਿਆ। ਗਿਆਨੀ ਗਿਆਨ ਸਿੰਘ ਨੇ ਭੀ ਸਿਖ ਇਤਹਾਸ ਦੀ ਖੋਜ ਆਰੰਭ ਕੀਤੀ ਅਤੇ ਉਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ। ਇਸ ਤੋਂ ਉਪਰੰਤ ਖਾਲਸਾ ਟ੍ਰੈਕਟ ਸੁਸਾਇਟੀ ਭਾਈ ਕੌਰ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਦੇ ਉਦਮ ਨਾਲ ਬਣੀ ਜਿਸ ਨੇ ਗੁਰਮਤਿ ਸਾਹਿਤ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ।

ਖਾਲਸਾ ਦੀਵਾਨ ਅੰਮ੍ਰਿਤਸਰ ਦੀ ਪ੍ਰੇਰਣਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ ਤਿਆਰ ਹੋਣਾ ਆਰੰਭ ਹੋਇਆ ਮਹਾਰਾਜਾ ਬਿਕਰਮਾ ਸਿੰਘ ਜੀ ਫਰੀਦਕੋਟ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਸਰਪ੍ਰਸਤ ਸਨ ਇਸ ਕਰਕੇ ਦੀਵਾਨ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਆਪ ਦਾਨੀ ਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਤਿਆਰ ਕਰਾਉ। ਮਹਾਰਾਜਾ ਸਾਹਿਬ ਨੇ ਇਹ ਸਲਾਹ ਪ੍ਰਵਾਨ ਕਰਕੇ ਕੰਮ ਆਰੰਭ ਕਰ ਦਿਤਾ।

ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲਿਆਂ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਹੋਣਾ ਆਰੰਭ ਹੋਇਆ। ਬਾਬਾ ਸ਼ਮੇਰ ਸਿੰਘ ਜੀ ਪਟਨਾ ਸਾਹਿਬ, ਗਿ: ਭਜਨ ਸਿੰਘ ਜੀ ਅੰਮ੍ਰਿਤਸਰ, ਗਿ: ਸੰਤ ਸਿੰਘ ਜੀ ਕਪੂਰਥਲਾ, ਪੰਡਤ ਬਾਲਕ ਰਾਮ ਜੀ ਉਦਾਸੀ ਤੇ ਪੰਡਤ ਹਮੀਰਾ ਸਿੰਘ ਜੀ ਆਦਿਕ ਵਿਦਵਾਨਾ ਦੀ ਇਕ ਕਮੇਟੀ ਬਣਾ ਕੇ ਟੀਕੇ ਦਾ ਕੰਮ ਉਨ੍ਹਾਂ ਦੇ ਸਪੁਰਦ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਸਬੰਧੀ ਵਿਦਵਾਨਾਂ ਵਿਚ ਕਈ ਵੇਰ ਮਤ ਭੇਦ ਹੋਇਆ ਜਿਸ ਕਰਕੇ ਦੋਵੇਂ ਪੰਡਤ ਫਰੀਦਕੋਟ ਛਡ ਗਏ। ਭਾਵੇਂ ਉਨ੍ਹਾਂ ਦਾ ਭੀ ਗਿ: ਬਚਨ ਸਿੰਘ ਜੀ ਨਾਲ ਮਤਭੇਦ ਰਿਹਾ ਪ੍ਰੰਤੂ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਇਹ ਪਵਿੱਤਰ ਕਾਰਜ ਸਿਰੇ ਚੜ ਹੀ ਗਿਆ। ਮਹਾਰਾਜਾ ਬਿਕ੍ਰਮਾ ਸਿੰਘ ਜੀ ਆਪਣੇ ਜੀਵਨ ਵਿਚ ਇਸ ਕਾਰਜ ਨੂੰ ਸੰਪੂਰਣ ਹੁੰਦਾ ਨਾ ਵੇਖ ਸਕੇ। ਉਨ੍ਹਾਂ ਦੇ ਸਪੁਤਰ ਮਹਾਰਾਜਾ ਬਲਬੀਰ ਸਿੰਘ ਜੀ ਦੇ ਅਹਿਦ ਵਿਚ ਟੀਕਾ ਮੁਕੰਮਲ ਹੋ ਕੇ ਪ੍ਰਕਾਸ਼ਤ ਹੋਇਆ।

ਮਹਾਰਾਜਾ ਬਿਕ੍ਰਮਾ ਸਿੰਘ ਜੀ ਦਾ ਇਹ ਉਦਮ ਸ਼ਲਾਘਾ ਯੋਗ ਸੀ। ਭਾਵੇਂ ਟੀਕਾ ਕਰਨ ਵਾਲੇ ਵਿਦਵਾਨਾਂ ਨੇ ਬੋਲੀ ਐਸੀ ਵਰਤੀ ਹੈ ਜਿਸ ਨਾਲ ਕਈ ਥਾਈਂ ਅਰਥ ਮੂਲ ਨਾਲੋਂ ਭੀ ਔਖੇ ਪ੍ਰਤੀਤ ਹੁੰਦੇ ਹਨ ਪ੍ਰੰਤੂ ਖੋਜ ਕਰਨ ਵਾਲੇ ਸਜਨਾਂ ਨੂੰ ਇਸ ਟੀਕੇ ਤੋਂ ਕਾਫੀ ਲਾਭ ਪ੍ਰਾਪਤ ਹੁੰਦਾ ਹੈ ਅਤੇ ਗੁਰਬਾਣੀ ਨੂੰ ਸਮਝਣ ਵਿਚ ਸਹੂਲਤ ਮਿਲਦੀ ਹੈ। ਟੀਕਾ ਤਿਆਰ ਕਰਨ ਪਰ ਰਾਜ ਦਰਬਾਰ ਫਰੀਦਕੋਟ ਦੇ ਲਖਾਂ ਰੁਪਏ ਖਰਚ ਹੋਏ ਅਤੇ ਇਹ ਕਾਰਜ ਪੰਜ ਛੇ ਸਾਲਾਂ ਵਿਚ ਸੰਪੂਰਣ ਹੋਇਆ।

## ਸ੍ਰੀ ਗੁਰੂ ਸਿੰਘ ਸਭਾ ਲਾਹੌਰ

ਉਪਰ ਦਸਿਆ ਜਾ ਚੁਕਾ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਕੰਮ ਨੂੰ ਵੇਖ ਕੇ ਲਾਹੌਰ ਨਿਵਾਸੀ ਸਿਖਾਂ ਨੂੰ ਭੀ ਪ੍ਰੇਰਣਾ ਹੋਈ ਕਿ ਇਸ ਸ਼ਹਿਰ ਵਿਚ ਭੀ ਸਭਾ ਕਾਇਮ ਕੀਤੀ ਜਾਵੇ।

Digitized by Panjab Digital Library | www.panjabdigilib.org

ਸੰਨ ੧੮੭੭ ਨੂੰ ਓਰੀਐਂਟਲ ਕਾਲਜ ਲਾਹੌਰ ਵਿਚ ਪਹਿਲੀ ਵੇਰ ਪੰਜਾਬੀ ਦੀ ਪੜ੍ਹਾਈ ਆਰੰਭ ਹੋਈ ਜਿਸ ਦੇ ਪ੍ਰੋ: ਸ: ਹਰਸਾ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਨੀਯਤ ਹੋਏ। ਪ੍ਰੋ: ਗੁਰਮੁਖ ਸਿੰਘ ਜੀ ਪਹਿਲੇ ਹੀ ਇਸ ਕਾਲਜ ਵਿਚ ਪ੍ਰੋਫੈਸਰ ਸਨ। ਇਨ੍ਹਾਂ ਦੋਹਾਂ ਸਜਨਾ ਦੇ ਉਦਮ ਨਾਲ ਕਾਲਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਸ਼ੁਰੂ ਹੋ ਗਿਅ।

ਲਾਹੌਰ ਦੇ ਮੁਖੀ ਸਿਖਾਂ ਦਾ ਇਕੱਠ ਬੁਲਾ ਕੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਇਸ ਸਭਾ ਨੇ ਸਿੱਖਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਬਚਿਆਂ ਨੂੰ ਗੁਰਮੁਖੀ ਵਿਦਿਆ ਪੜ੍ਹਾਉਣ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਉਦਮਾ ਨਾਲ ਹੀ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਦੇ ਜਨਮ ਅਸਥਾਨ ਗੁ: ਚੂਨਾ ਮੰਡੀ ਲਾਹੌਰ ਵਿਚ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ।

ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਉਦਮ ਨਾਲ ਬਾਬਾ ਖੇਮ ਸਿੰਘ ਜੀ ਬੇਦੀ, ਸ: ਅਤਰ ਸਿੰਘ ਜੀ ਰਈਸ ਭਦੌੜ, ਸ: ਜਗਤ ਸਿੰਘ ਜੀ ਵਕੀਲ ਲਾਹੌਰ, ਮਹਾਰਾਜਾ ਹੀਰਾ ਸਿੰਘ ਸਾਹਿਬ ਨਾਭਾ, ਦੀਵਾਨ ਬੂਟਾ ਸਿੰਘ ਜੀ, ਸ: ਮੀਹਾਂ ਸਿੰਘ ਜੀ, ਸ: ਠਾਕੁਰ ਸਿੰਘ ਜੀ ਸੰਧਾਂਵਾਲੀਏ ਆਦਿਕ ਮੁਖੀ ਸਜਨ ਸ੍ਰੀ ਗੁਰੂ ਸਿਘ ਸਭਾ ਲਾਹੌਰ ਦੇ ਮੈਂਬਰ ਬਣ ਗਏ। ਇਸ ਸਮੇਂ ਦੀਵਾਨ ਬੂਟਾ ਸਿੰਘ ਜੀ ਸਭਾ ਭੇ ਪ੍ਰਧਾਨ ਤੇ ਪ੍ਰੋ. ਗੁਰਮੁਖ ਸਿੰਘ ਜੀ ਸਕੱਤ੍ਰ ਨੀਯਤ ਹੋਏ। ਸ: ਹਰਸਾ ਸਿੰਘ ਜੀ, ਭਾਈ ਰਾਮ ਸਿੰਘ ਤੇ ਸ: ਕਰਮ ਸਿੰਘ ਜੀ ਆਦਿ ਸਜਨਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਨੇ ਸਭਾ ਦੇ ਨਿਯਮ ਉਪਨਿਯਮ ਬਣਾਏ। ਸਭਾ ਦੇ ਸਾਹਮਣੇ ਉਸ ਸਮੇਂ ਦੋ ਵਡੇ ਮਨੋਰਥ ਸਨ।

੧. ਧਰਮ: ਜਿਸ ਵਿਚ ਆਸਾ ਦੀਵਾਰ, ਸ਼ਬਦਾਂ ਦਾ ਪੜ੍ਹਨਾ ਪੜ੍ਹਾਉਣਾ, ਛਪਵਾਉਣਾ, ਭਜਨ ਕੀਰਤਨ ਕਰਨਾ ਕਰਾਉਣਾ।

੨. ਵਿਦਿਆ: ਜਿਸ ਵਿਚ ਸਕੂਲ ਖੋਹਲਣੇ, ਰਸਾਲੇ ਕਢਣੇ ਤੇ ਪੰਜਾਬੀ ਬੋਲੀ ਦਾ ਪ੍ਰਚਾਰ ਕਰਨਾ ਆਦਿ।

ਇਸ ਸਮੇਂ ਸਿੱਖ ਮੁਖੀਆਂ ਵਿਚ ਪੂਰਨ ਏਕਤਾ ਸੀ ਅਤੇ ਉਹ ਸਿੱਖੀ ਪ੍ਰਚਾਰ ਦਾ ਵਧ ਚੜ੍ਹਕੇ ਉਪ੍ਰਾਲਾ ਕਰ ਰਹੇ ਸਨ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਤੇ ਅੰਮ੍ਰਿਤਸਰ ਨੂੰ ਇਕੱਠਿਆਂ ਕਰਕੇ ਜਨਰਲ ਸਭਾ ਬਣਾਈ ਗਈ ਅਤੇ ਇਸ ਪ੍ਰਕਾਰ ਮਿਲਵੇਂ ਯਤਨਾਂ ਨਾਲ ਨਵੇਂ ਨਵੇਂ ਸਕੂਲ ਖੁਲ੍ਹਣ, ਨਵੀਆਂ ਸਭਾਵਾਂ ਕਾਇਮ ਹੋਈਆਂ ਅਤੇ ਅਖਬਾਰ ਜਾਰੀ ਕਰਕੇ ਅਨਮਤੀਆਂ ਦੇ ਹਮਲਿਆਂ ਦਾ ਉਤ੍ਰ ਦਿੱਤਾ ਜਾਣ ਲਗਾ। ਪ੍ਰੋ: ਗੁਰਮੁਖ ਸਿੰਘ ਜੀ ਨੇ ਸ੍ਰੀਮਾਨ ਗਿ:- ਦਿੱਤ ਸਿੰਘ ਜੀ ਨੂੰ ਭੀ ਲਾਹੌਰ ਲੈ ਆਂਦਾ ਅਤੇ ਉਨ੍ਹਾਂ ਦੀ ਵਿਦਤਾ ਦਾ ਸਦਕਾ ਸਭਾ ਵਿਚ ਨਵਾਂ ਉਤਸ਼ਾਹ ਪੈਦਾ ਹੋ ਗਿਆ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੇ ਸਭ ਤੋਂ ਪਹਿਲਾਂ ਹਫ਼ਤਾ ਵਾਰ ਗੁਰਮੁਖੀ" ਅਖਬਾਰ ਜਾਰੀ ਕੀਤਾ ਸੀ।

ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਭੀ ਅਖਬਾਰ ਕਢੱਣ ਦਾ ਫੈਸਲਾ ਕੀਤਾ ਅਤੇ ਕਾਫ਼ੀ ਸੋਚ ਵਿਚਾਰ ਤੋਂ ਉਪ੍ਰੰਤ ਉਨ੍ਹਾਂ ਦਾ ਹਫ਼ਤਾ ਵਾਰ" ਖਾਲਸਾ ਗਜ਼ਟ,, ਅਤੇ ਮਾਹਵਾਰੀ ਰਸਾਲਾ "ਵਿਦਿਆਰਕ" ਅਰੰਭ ਹੋਇਆ। ਭਾਈ ਹਰਸਾ ਸਿੰਘ ਜੀ ਬੜੇ ਸੋਹਣੇ ਲੈਕਚਰਾਰ ਸਨ, ਗਿ:- ਦਿੱਤ ਸਿੰਘ ਜੀ ਭੀ ਧੜਲੇਦਾਰ

Digitized by Panjab Digital Library | www.panjabdigilib.org

ਵਿਖਿਆਨ ਦਾਤਾ ਸਨ ਇਸ ਪ੍ਰਕਾਰ ਪ੍ਰੋ: ਗੁਰਮੁਖ ਸਿੰਘ ਜੀ, ਗਿ: ਦਿੱਤ ਸਿੰਘ ਜੀ, ਸਰਦਾਰ ਹਰਸਾ ਸਿੰਘ ਜੀ ਆਦਿ ਸਜਨਾਂ ਦੀ ਇਕ ਟੀਮ ਬਣ ਗਈ ਜਿਸ ਨੇ ਗੁਰਮਿਤ ਪ੍ਰਚਾਰ ਦਾ ਇਤਨੇ ਉਤਸ਼ਾਹ ਨਾਲ ਕੰਮ ਕੀਤਾ ਕਿ ਸਾਰਾ ਪੰਜਾਬ ਉਨ੍ਹਾਂ ਪਾਸੋਂ ਗੁਰਮਤ ਰੌਸ਼ਨੀ ਲੈ ਕੇ ਜਾਗ ਉਠਿਆ। ਥਾਂ ਥਾਂ ਸਿੰਘ ਸਭਾਵਾਂ ਬਣ ਗਈਆਂ ਤੇ ਖਾਲਸਾ ਸਕੂਲ ਖੁਲ੍ਹਣੇ ਸ਼ੁਰੂ ਹੋਇ। ਇਨ੍ਹਾਂ ਸਭਾਵਾਂ ਅਤੇ ਸਕੂਲਾਂ ਨੇ ਸਿੱਖੀਪ੍ਰਚਾਰ ਵਿਚ ਕਿਤਨਾ ਹਿੱਸਾ ਪਾਇਆ ਜੇ ਉਸ ਸਾਰੇ ਦਾ ਵਿਸਥਾਰ ਕੀਤਾ ਜਾਵੇ ਤਾਂ ਹਰ ਇਕ ਸਭਾ ਦੇ ਕੰਮ ਦੀ ਇਕ ਵਖਰੀ ਕਿਤਾਬ ਬਣ ਸਕਦੀ ਹੈ।

ਇਨ੍ਹਾਂ ਦਿਨਾਂ ਵਿਚ ਆਰੀਆ ਸਮਾਜ ਦੇ ਸੰਸਥਾਪਕ ਸੁਵਾਮੀ ਦਇਆ ਨੰਦ ਜੀ ਪੰਜਾਬ ਦਾ ਦੌਰਾ ਕਰਨ ਆਏ। ਲਾਹੌਰ ਉਨ੍ਹਾਂ ਦੀਆਂ ਸਰਗਰਮੀਆਂ ਦਾ ਵਡੱਾ ਕੇਂਦਰ ਸੀ। ਉਨ੍ਹਾਂ ਨੇ ਸਿੱਖ ਧਰਮ ਵਿਰੁਧ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ ਸੁਣ ਕੇ ਸਿੱਖਾਂ ਵਿਚ ਰੋਸ ਦੀ ਲਹਿਰ ਦੌੜ ਗਈ। ਗਿਆਨੀ ਦਿੱਤ ਸਿੰਘ ਜੀ ਆਦਿਕ ਸਿੱਖ ਵਿਦਵਾਨਾਂ ਨੇ ਸੁਵਾਮੀ ਜੀ ਨਾਲ ਚਰਚਾ ਕਰਕੇ ਉਨ੍ਹਾਂ ਦੀਆਂ ਦਲੀਲਾਂ ਦਾ ਚੰਗੀ ਤਰ੍ਹਾਂ ਪੋਲ ਖੋਲ੍ਹਿਆ। ਸੁਵਾਮੀ ਜੀ ਨੇ ਸਤਿਆਰਥ ਪ੍ਰਕਾਸ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਿਰੁਧ ਲਿਖਦਿਆਂ ਹੋਇਆਂ ਕਿਹਾ ਸੀ ਕਿ ਗੁਰੂ ਜੀ ਨੇ ਆਪਣੀ ਬਾਣੀ ਵਿਚ ਵੇਦ ਪੜਤਾ ਬਰਮਾ ਮੂਏ ਚਾਰੋਂ ਵੇਦ ਕਹਾਣੀ" ਲਿਖਿਆ ਹੈ। ਸਿੱਖ ਵਿਦਵਾਨਾਂ ਨੇ ਉਨ੍ਹਾਂ ਨੂੰ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਹ ਪੰਗਤੀ ਨਹੀਂ ਲਿਖੀ ਹੋਈ ਇਸ ਲਈ ਜਾਂ ਇਹ ਪੰਗਤੀ ਗੁਰੂ ਗ੍ਰੰਥ ਸਾਹਿਬ ਵਿਚੋਂ ਕਢਕੇ ਦਸੋ ਜਾਂ ਇਹ ਮੰਨੋਂ ਕਿ ਸਵਾਮੀ ਜੀ ਨੇ ਇਹ ਮਨਘੜਤ ਪੰਗਤੀ ਲਿਖ ਕੇ ਝੂਠ ਬੋਲਿਆ ਹੈ। ਇਸ ਦਲੀਲ ਦਾ ਸੁਵਾਮੀ ਜੀ ਤੇ ਉਨ੍ਹਾਂ ਦੇ ਚੇਲੇ ਕੋਈ ਉਤਰ ਨਾ ਦੇ ਸਕੇ।

ਸ੍ਰੀ ਗੁਰੂ ਸਿੰਘ ਸਭ ਲਹੌਰ ਦੇ ਉਦਮ ਨਾਲ ਈਸਾਈ ਮਿਸ਼ਨਰੀ ਅਤੇ ਆਰੀਯਾ ਸਮਾਜੀਆਂ ਦੇ ਹਮਲਿਆਂ ਦਾਂ ਉਤ੍ਰ ਦਿਤਾ ਜਾਣ ਲਗਾ ਜਿਸਦਾ ਫਲ ਇਹ ਹੋਇਆ ਕਿ ਸਿਖ ਵਿਦਿਆਰਥੀਆਂ ਪਰ ਵਿਰੋਧੀਆਂ ਦੇ ਪਰਚਾਰ ਦਾ ਕੋਈ ਅਸਰ ਨਾ ਹੋਇਆ ਅਤੇ ਉਹ ਅਪਣੇ ਧਰਮ ਦੀਆਂ ਖੂਬੀਆਂ ਸਮਝ ਕੇ ਧਰਮ ਪਰ ਦ੍ਰਿੜ ਹੋ ਗਏ। ਸ੍ਰੀ ਗੁਰੂ ਸਿੰਘ ਸਭਾ ਲਹੌਰ ਦਾ ਸਭ ਤੋਂ ਸ਼ਾਨਦਾਰ ਉਦਮ ਇਹ ਸੀ ਕਿ ਉਸਨੇ ਲਾਲਾ ਹੀਰਾ ਨੰਦ ਜੀ ਨੂੰ ਪ੍ਰੇਰਣਾ ਕਰਕੇ ਗੁਰਮੁਖੀ ਦਾ ਟਾਈਪ ਤਿਆਰ ਕਰਵਾਇਆ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਪ੍ਰਕਾਸ਼ਤ ਕਰਾਈ। ਇਸ ਤੋਂ ਇਲਾਵਾ ਸਿਖ ਲੜਕਿਆਂ ਦੀ ਤਕਲੀਫ ਨੂੰ ਅਨਭਵ ਕਰਕੇ ਸ੍ਰੀ ਗੁਰੂ ਸਿੰਘ ਸਭਾ ਲਹੋਰ ਨ ਸ੍ਰੀ ਗੁਰੂ ਗੋਬਿੰਦ ਸਿੰਘ ਬੋਰਡਿੰਗ ਹਾਊਸ ਕਾਇਮ ਕੀਤਾ ਜੋ ੯ – ੧੦ ਸਾਲ ਤਕ ਵਿਦਿਆਰਥੀਆਂ ਨੂੰ ਸਹੂਲਤਾਂ ਦਿੰਦਾ ਰਿਹਾ। ਲਹੌਰ ਵਿਚ ਸਤਿਗੁਰਾਂ ਦੀਆਂ ਯਾਦਗਾਰਾਂ ਨੂੰ ਪਰਸਿਧ ਕਰਕੇ ਤੇ ਗੁਰਦਵਾਰਿਆਂ ਦੀ ਸੇਵਾ ਕਰਕੇ ਸਭਾ ਨੇ ਗੁਰੂ ਪੰਥ ਦੀ ਨਿਗਰ ਸੇਵਾ ਕੀਤੀ। ਇਤਨਾ ਸ਼ਾਨਦਾਰ ਕੰਮ ਕਰਦੇ ਹੋਏ ਭੀ ਸਭਾ ਦੇ ਸੇਵਕਾਂ ਵਿਚ ਮਤ ਭੇਦ ਪੇਦਾ ਹੋ ਗਏ ਜਿਸਦਾ ਫਲ ਇਹ ਹੋਇਆ ਕਿ ਇਕ ਦੀਆਂ ਦੋ ਸਭਾਵਾਂ ਬਣ ਗਈਆਂ। ਦੂਜੀ ਸਭਾ ਦਾ ਨਾਮ ਸ੍ਰੀ ਗੁਰੂ ਹਿਤਕਾਰਨੀ ਸਿੰਘ ਸਭਾ ਰਖਿਆ ਗਿਆ। ਭਾਵੇਂ ਫੁਟ ਚੰਗੀ ਨਹੀਂ ਹੁੰਦੀ ਪ੍ਰੰਤੂ ਇਹ ਦੋਵੇਂ ਸਭਾਵਾਂ ਸਿਖੀ ਦਾ ਪਰਚਾਰ ਕਰਨ ਵਿਚ ਇਕ ਦੂਜੀ ਨਾਲੋਂ ਅਗੇ ਵਧਣ ਦੇ ਖਿਆਲ ਨਾਲ ਵਧ ਚੜ੍ਹਕੇ ਕੰਮ ਕਰਦੀਆਂ ਰਹੀਆਂ ਜਿਸ ਕਰਕੇ ਕੰਮ ਦੀ ਰਫਤਾਰ ਹੋਰ ਭੀ ਤੇਜ਼ ਹੋ ਗਈ ਅਤੇ ਸੇਵਕਾਂ ਦੇ ਮਤ ਭੇਦ

Digitized by Panjab Digital Library | www.panjabdigilib.org

ਦਾ ਕੋਈ ਬੁਰਾ ਨਤੀਜਾ ਨਾ ਨਿਕਲਿਆ। ਇਸ ਤਰ੍ਹਾਂ ਲਹੌਰ ਦੀਆਂ ਪੰਥਕ ਜਥੇਬੰਦੀਆਂ ਧਰਮ ਪ੍ਰਚਾਰ ਵਿਚ ਵਧ ਚੜ੍ਹਕੇ ਹਿਸਾ ਲੈਂਦੀਆਂ ਰਹੀਆਂ।

ਸੰਨ ੧੮੮੨ ਵਿਚ ਸਿਖਾਂ ਨੇ ਬਹੁਤ ਸਾਰੇ ਦਸਤਖਤ ਕਰਾ ਕੇ ਸਰਕਾਰ ਪਾਸੋਂ ਇਹ ਮੰਗ ਕੀਤੀ ਕਿ ਪਿੰਡਾਂ ਵਿਚ ਗੁਰਮੁਖੀ ਲਿਪੀ ਤੇ ਪੰਜਾਬੀ ਬੋਲੀ ਵਚ ਵਿਦਿਆ ਪੜ੍ਹਾਉਣ ਦਾ ਪਰਬੰਧ ਕੀਤਾ ਜਾਵੇ। ਸਿਖ ਰਿਆਸਤਾਂ ਨੇ ਭੀ ਇਸ ਸਾਂਝੇ ਮੁਤਾਲਬੇ ਦੀ ਪੂਰੀ ੨ ਹਮਾਇਤ ਕੀਤੀ। ਸਾਰੇ ਸਿਖਾਂ ਵਲੋਂ ਅੰਮ੍ਰਿਤਸਰ ਵਿਚ ਮਿ: ਹੰਟਰ ਪ੍ਰੈਜ਼ੀਡੈਂਟ ਐਜੂਕੇਸ਼ਨਲ ਕਮਿਸ਼ਨ ਦੀ ਸੇਵਾ ਵਿਚ ਇਕ ਧੰਨਵਾਦ ਪੱਤ੍ਰ ਪੇਸ਼ ਕੀਤਾ ਗਿਆ ਜਿਸ ਤੋਂ ਪਿਛੋਂ ਪੰਜਾਬੀ ਬੋਲੀ ਵਲ ਭੀ ਸਰਕਾਰ ਦਾ ਧਿਆਨ ਹੋਇਆ ਅਤੇ ਗੁਰਮੁਖੀ ਲਿਪੀ ਦੇ ਵਾਧੇ ਲਈ ਯਤਨ ਹੋਣ ਲਗੇ। ਇਸ ਤੋਂ ਉਪਰੰਤ ਇਹ ਲੋੜ ਅਨਭਵ ਕੀਤੀ ਗਈ ਕਿ ਸਾਰੀਆਂ ਸਿੰਘ ਸਭਾਵਾਂ ਨੂੰ ਇਕ ਕੇਂਦਰੀ ਜਥਬੰਦੀ ਦੀ ਲੜੀ ਵਿਚ ਪ੍ਰੋਇਆ ਜਾਵੇ। ਸਭ ਤੋਂ ਪਹਿਲਾਂ ਕੇਂਦਰੀ ਸਿਖ ਜਥੇ ਬੰਦੀ ਕਾਇਮ ਕਰਨ ਦਾ ਖਿਆਲ ਉਸ ਸਮੇਂ ਦੇ ਮੁਖੀਆਂ ਦੇ ਦਿਮਾਗ ਵਿਚ ਆਇਆ। ਪ੍ਰੋ: ਗੁਰਮੁਖ ਸਿੰਘ ਜੀ ਨੇ ਓਰੀਐਂਟਲ ਕਾਲਜ ਵਿਚੋਂ ਨੌਕਰੀ ਛਡ ਦਿਤੀ ਅਤੇ ਆਪਣਾ ਸਾਰਾ ਜੀਵਨ ਸਿਖ ਪੰਥ ਦੀ ਸੇਵਾ ਲਈ ਅਰਪਣ ਕਰ ਦਿਤਾ। ਆਪ ਦਿਨ ਰਾਤ ਇਕ ਕਰਕੇ ਨਵੀਆਂ ਸਭਾਵਾਂ ਕਾਇਮ ਕਰਨ ਵਿਚ ਜੁਟ ਗਏ। ਕਿਉਂਕਿ ਪਹਿਲੀ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤ-ਸਰ ਵਿਚ ਕਾਇਮ ਹੋਈ ਸੀ। ਇਸ ਕਰਕੇ ਕੇਂਦਰੀ ਜਥੇ ਬੰਦੀ ਭੀ ਇਥੇ ਹੀ ਕਾਇਮ ਕਰਨ ਦਾ ਫੈਸਲਾ ਹੋਇਆ।

ਪੰਜਾਬ ਦੇ ਰਾਈਸਾਂ ਨੇ ਇਹ ਗਲ ਅਨਭਵ ਕਰ ਲਈ ਕਿ ਕੇਂਦਰੀ ਜਥੇ ਬੰਦੀ ਕਾਇਮ ਹੁੰਦਿਆਂ ਹੀ ਉਸ ਪਰ ਕਬਜ਼ਾ ਕਰ ਲਿਆ ਜਾਵੇ। ਸਾਧਾਰਨ ਸਿਖ ਜੰਤਾ ਵਿਚ ਉਸ ਸਮੇਂ ਬਹੁਤੀ ਜਾਗਰਤ ਨਹੀਂ ਆਈ ਸੀ ਇਸ ਕਰਕੇ ਵਡੇ ਵਡੇ ਸਰਦਾਰਾਂ ਦਾ ਇਹ ਮਨੋਰਥ ਪੂਰਾ ਹੋਣਾ ਕਠਨ ਨਹੀਂ ਸੀ। ਕੇਂਦਰੀ ਜਥੇ ਬੰਦੀ ਦਾ ਨਾਮ ਖਾਲਸਾ ਦੀਵਾਨ ਰਖਿਆ ਗਿਆ ਜੋ ਪਿਛੋਂ ਜਾਕੇ ਚੀਫ ਖਾਲਸਾ ਦੀਵਾਨ ਦੇ ਨਾਮ ਤੋਂ ਪਰਸਿਧ ਹੋਇਆ। ਖਾਲਸਾ ਦੀਵਾਨ ਦੀ ਪਹਿਲੀ ਚੋਣ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਪਰਧਾਨ ਚੁਣੇ ਗਏ ਅਤੇ ਚੀਫ ਸਕੱਤਰ ਦੀ ਸੇਵਾ ਪ੍ਰੋ: ਗੁਰਮੁਖ ਸਿੰਘ ਜੀ ਦੇ ਸਪੁਰਦ ਹੋਈ। ਵੈਸਾਖੀ ਅਤੇ ਦੀਵਾਲੀ ਪਰ ਵਡੇ ਜੋੜ ਮੇਲੇ ਕਰਨ ਦਾ ਫੈਸਲਾ ਕੀਤਾ ਗਿਆ। ਦੀਵਾਨ ਦਾ ਕੰਮ ਬਹੁਤ ਵਧ ਜਾਣ ਕਰਕੇ ਇਸ ਕੰਮ ਨੂੰ ਅਡ ਅਡ ਹਿਸਿਆਂ ਵਿਚ ਵੰਡ ਦਿਤਾ ਗਿਆ ਤਾਂ ਮੰਤ੍ਰੀਆਂ ਦੀ ਇਕ ਕਮੇਟੀ ਬਣਾਈ ਗਈ ਜਿਸ ਵਿਚ ਹੇਠ ਲਿਖੇ ਅਨਸਾਰ ਕੰਮ ਦੀ ਵੰਡ ਕੀਤੀ ਗਈ। ਦੋ ਧਰਮ ਸਕੱਤ੍ਰ ਅਰਥਾਤ ਮਜ਼ਹਬੀ ਕਾਰਵਾਈ ਦੇ ਮੰਤਰੀ, ਦੋ ਪ੍ਰੈਸ ਸਕਤ੍ਰ, ਦੋ ਵਿਦਯਕ ਸਕਤਰ, ਦੋ ਅਰਥ ਮੰਤਰੀ, ਦੋ ਰਿਆਸਤਾਂ ਨਾਲ ਲਿਖਾ ਪੜ੍ਹੀ ਕਰਨ ਵਾਲੇ ਮੰਤਰੀ ਤੇ ਦੋ ਚੀਫ ਸਕਤਰ।

ਸੰਮਤ ੪੧੪ ਨਾਨਕ ਸ਼ਾਹੀ ਬਸੰਤ ਪੰਚਮੀ ਵਾਲੇ ਦਿਨ ਇਕ ਜਨਰਲ ਇਕੱਤ੍ਰਤਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਦੀਵਾਨ ਦੇ ਮਨੋਰਥਾਂ ਤੇ ਨਿਯਮਾਂ ਉਪਨਿਯਮਾਂ ਦਾ ਖਰੜਾ ਤਿਆਰ ਕਰਕੇ ਸਾਰੀਆਂ ਸਬੰਧਤ ਸਭਾਵਾਂ ਨੂੰ ਭੇਜਿਆ ਜਾਵੇ ਤੇ ਉਨ੍ਹਾਂ ਦੀ ਰਾਇ ਨਾਲ ਤਰਮੀਮਾ ਕਰਕੇ ਪਾਸ ਕੀਤਾ ਜਾਵੇ। ਪ੍ਰੋ: ਗੁਰਮੁਖ ਸਿੰਘ ਜੀ ਦੇ ਜ਼ੁਮੇ ਇਹ ਸੇਵਾ ਲਗ ਗਈ। ਉਹਨਾਂ ਨੇ ਖਰੜਾ ਤਿਆਰ ਕੀਤਾ। ਪਰੰਤੂ ਕਈ ਕਾਰਨਾਂ ਕਰਕੇ ਇਹ ਖਰੜਾ ਪ੍ਰਚਲਤ ਨਾ ਹੋ ਸਕਿਆ।

Digitized by Panjab Digital Library | www.panjabdigilib.org

ਉਪਰ ਲਿਖੇ ਫੈਸਲੇ ਅਨੁਸਾਰ ਇਹ ਦੀਵਾਨ ੧੯੯੬ ਤੱਕ ਬਹੁਤ ਸੋਹਣਾ ਕੰਮ ਕਰਦਾ ਰਿਹਾ। ਵੈਸਾਖੀ ਅਤੇ ਦੀਵਾਲੀ ਪਰ ਸਾਰੀਆਂ ਸਭਾਵਾਂ ਦੇ ਪ੍ਰਤਿਨਿਧ ਇਕਤ੍ਰ ਹੋ ਕੇ ਪੰਥਕ ਭਲਾਈ ਦੀਆਂ ਵਿਚਾਰਾਂ ਕਰਦੇ ਰਹੇ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਰਬ ਰਾਹ ਨਾਲ ਹੋਣ ਕਰਕੇ ਦੀਵਾਨ ਦੇ ਹੱਕ ਵਿਚ ਹੁਕਮ ਨਾਮੇ ਜਾਰੀ ਹੋਏ ਪਰੰਤੂ ਹੌਲੀ ਹੌਲੀ ਦੀਵਾਨ ਵਿਚ ਹਿੰਦੂ ਖਿਆਲ ਦੇ ਸਜਨਾਂ ਦਾ ਜ਼ੋਰ ਵਧ ਗਿਆ ਜਿਸ ਕਰਕੇ ਛੂਤ ਛਾਤ ਉਡਾਣ ਤੇ ਸਿਖਾਂ ਪਰ ਪੈ ਰਹੇ ਹਿੰਦੂ ਅਸਰ ਨੂੰ ਖਤਮ ਕਰਨ ਵਿਚ ਇਹ ਜਥੇਬੰਦੀ ਕੋਈ ਖਾਸ ਉਪਰਾਲਾ ਨਾ ਕਰ ਸਕੀ ਅਤੇ ਜੇ ਕਿਸੇ ਨੇ ਨਿਰੋਲ ਗੁਰਮਤਿ ਪ੍ਰਚਾਰਨ ਦਾ ਯਤਨ ਕੀਤਾ ਤਾਂ ਉਸ ਵਿਰੁਧ ਫਤਵੇ ਜਾਰੀ ਹੋਣ ਲਗ ਪਏ।

ਅੰਤ ਦੀਵਾਨ ਦੇ ਮੁਖੀਆਂ ਵਿਚ ਦੋ ਪਰਸਪਰ ਵਿਰੋਧੀ ਵਿਚਾਰ ਧਾਰਾ ਕਾਇਮ ਹੋ ਗਈਆਂ। ਕਈ ਸਜਨ ਇਸ ਖਿਆਲ ਦੇ ਸਨ ਕਿ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਅਸਰ ਹਠੋਂ ਕਢ ਕੇ ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ ਜਾਵੇ ਤੇ ਦੂਜੇ ਖਿਆਲ ਦੇ ਸਜਨ ਹਿੰਦੂਆਂ ਨਾਲੋਂ ਅੱਡ ਹੋਣਾ ਨਹੀਂ ਚਾਹੁੰਦੇ ਸਨ। ਅਤੇ ਛੂਤ ਛਾਤ ਤੇ ਜ਼ਾਤ ਪਾਤ, ਤੇ ਆਰਤੀ ਆਦਿ ਦੇ ਸਵਾਲ ਪਰ ਉਹ ਹਿੰਦੂਆਂ ਵਾਂਗ ਹੀ ਕਟੜ ਪੰਥੀ ਬਣਕੇ ਟਕਰ ਲੈਣੀ ਚਾਹੁੰਦੇ ਸਨ।

ਖਾਲਸਾ ਦੀਵਾਨ ਅੰਮ੍ਰਿਤਸਰ ਵਿਚ ਬੇਦੀ ਖੇਮ ਸਿੰਘ ਜੀ ਤੇ ਮਹਾਰਾਜਾ ਬਿਕ੍ਰਮਾ ਸਿੰਘ ਜੀ ਫਰੀਦਕੋਟ ਦਾ ਜ਼ੋਰ ਸੀ। ਬੇਦੀ ਸਾਹਿਬ ਗੁਰੂ ਅੰਸ ਹੋਣ ਦੇ ਮਾਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗਦੇਲਾ ਲਾ ਕੇ ਬੈਠਦੇ ਸਨ ਜਿਸ ਨੂੰ ਕਟੜ ਸਿੰਘ ਸਭਾਈ ਖਿਆਲਾਂ ਦੇ ਸਿੰਘ ਪ੍ਰੋ: ਗੁਰਮੁਖ ਸਿੰਘ ਜੀ ਤੇ ਗਿ: ਦਿੱਤ ਸਿੰਘ ਜੀ ਆਦਿਕ ਸਜਨ ਠੀਕ ਨਹੀਂ ਸਮਝਦੇ ਸਨ। ਇਸ ਤੋਂ ਇਲਾਵਾ ਇਸ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਦ ਜ਼ੋਰ ਸੀ ਜੋ ਛੂਤ ਛਾਤ ਕਾਇਮ ਰਖਣੀ ਚਾਹੁੰਦੇ ਸਨ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ ਭੀ ਮੂਰਤੀ ਪੂਜਾ ਕਰਾਉਂਦੇ ਸਨ। ਗਿ: ਦਿੱਤ ਸਿੰਘ ਜੀ ਬੜੇ ਸੁਧਾਰਕ ਖਿਆਲਾਂ ਦੇ ਵਿਦਵਾਨ ਸਨ। ਆਪ ਦਾ ਜਨਮ ਇਕ ਅਛੂਤ ਘਰਾਣੇ ਵਿਚ ਹੋਇਆ ਸੀ ਇਸ ਕਰਕੇ ਆਪ ਛੂਤ ਛਾਤ ਵਿਰੁਧ ਧੜਲੇਦਾਰ ਤਕਰੀਰਾਂ ਕਰਿਆ ਕਰਦੇ ਸਨ ਜੋ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੂੰ ਚੰਗੀਆਂ ਨਹੀਂ ਲਗਦੀਆਂ ਸਨ।

ਪ੍ਰੋ: ਗੁਰਮੁਖ ਸਿੰਘ ਜੀ ਭੀ ਕੱਟੜ ਗੁਰਮਤਿ ਵਿਚਾਰਾਂ ਦੇ ਸਜਨ ਸਨ ਇਸ ਕਰਕੇ ਉਨ੍ਹਾਂ ਨੇ ਗਿ: ਦਿੱਤ ਸਿੰਘ ਜੀ ਦੀ ਡਟ ਕੇ ਹਮਾਇਤ ਕੀਤੀ। ਜਿਸ ਦਾ ਫਲ ਇਹ ਹੋਇਆ ਕਿ ਖਾਲਸਾ ਦੀਵਾਨ ਵਿਚ ਦੋ ਧੜੇ ਬਣ ਗਏ। ਬਾਬਾ ਖੇਮ ਸਿੰਘ ਜੀ, ਰਾਜਾ ਬਿਕ੍ਰਮਾ ਸਿੰਘ ਤੇ ਅੰਮ੍ਰਿਤਸਰ ਦੇ ਪੁਜਾਰੀ ਇਕ ਪਾਸੇ ਹੋ ਗਏ ਅਤੇ ਗਿ: ਦਿੱਤ ਸਿੰਘ, ਭਾਈ ਹਰਸਾ ਸਿੰਘ ਤੇ ਪ੍ਰੋ: ਗੁਰਮੁਖ ਸਿੰਘ ਦੂਜੇ ਪਾਸੇ, ਦੋਹਾਂ ਧੜਿਆਂ ਦਾ ਮਤਭੇਦ ਅਸੂਲੀ ਸੀ ਇਸ ਕਰਕੇ ਦੋਹਾਂ ਖਿਆਲਾਂ ਦੇ ਸਜਨਾਂ ਨੇ ਆਪਣੇ ਵਿਚਾਰਾਂ ਦਾ ਵਧ ਚੜ ਕੇ ਪ੍ਰਚਾਰ ਕੀਤਾ। ਸਿੰਘ ਸਭਾਵਾਂ ਭੀ ਦੋ ਹਿਸਿਆਂ ਵਿਚ ਵੰਡੀਆਂ ਗਈਆਂ। ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕਾਂ ਵਿਚ ਛੂਤ ਛਾਤ, ਹਿੰਦੂਨੁਮਾ ਸਿੱਖ ਰੀਤੀਆਂ ਕਰਨ,

Digitized by Panjab Digital Library | www.panjabdigilib.org

ਠਾਕਰਾਂ ਦੀ ਪੂਜਾ ਤੇ ਆਰਤੀ ਆਦਿ ਕਈ ਗੱਲਾਂ ਐਸੀਆਂ ਸਨ ਜਿੰਨ੍ਹਾਂ ਨੂੰ ਗੁਰਮਤਿ ਦੇ ਅਸਲ ਅਰਥ ਸਮਝਣ ਵਾਲੇ ਵਿਦਵਾਨਾਂ ਨੇ ਪਸੰਦ ਨਾ ਕੀਤਾ। ਅਖੌਤੀ ਅਛੂਤ ਜ਼ਾਤੀਆਂ ਦੇ ਸਿੰਘਾਂ ਨੇ ਖਾਲਸਾ ਦੀਵਾਨ ਪਾਸ ਦਰਖਾਸਤਾਂ ਦਿਤੀਆਂ ਕਿ ਅੰਮ੍ਰਿਤਧਾਰੀ ਸਿੰਘਾਂ ਨੂੰ ਸੰਗਤ ਪੰਗਤ ਵਿਚ ਅਭੇਦ ਵਰਤਾਇਆ ਜਾਵੇ ਅਤੇ ਗੁਰਸਿੱਖੀ ਦੇ ਮੁਢਲੇ ਅਸੂਲਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਦੀਵਾਨ ਦੇ ਪ੍ਰਬੰਧਕ ਕਈ ਢੰਗਾਂ ਨਾਲ ਇਨ੍ਹਾਂ ਦਰਖਾਸਤਾਂ ਦਾ ਉਤਰ ਦੇਣ ਵਿਚ ਟਾਲ ਮਟੋਲ ਕਰਦੇ ਰਹੇ। ਰਾਜਾ ਸਾਹਿਬ ਫਰੀਦਕੋਟ ਤੇ ਬੇਦੀ ਖੇਮ ਸਿੰਘ ਜੀ ਦਾ ਗਦੇਲੇ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਣਾ ਭੀ ਸਿੰਘਾਂ ਨੂੰ ਅਖਰਨ ਲੱਗਾ। ਇਨ੍ਹਾਂ ਗੱਲਾਂ ਤੋਂ ਇਤਨੇ ਸਖਤ ਮਤਭੇਦ ਪੈਦਾ ਹੋਏ ਕਿ ਸਿੰਘ ਸਭਾ ਲਹਿਰ ਦੇ ਮੋਢੀ ਦੋ ਧੜਿਆਂ ਵਿਚ ਵੰਡੇ ਗਏ ਅਤੇ ਉਨ੍ਹਾਂ ਦੀ ਆਪੋ ਵਿਚ ਸਖਤ ਟੱਕਰ ਹੋਣੀ ਸ਼ੁਰੂ ਹੋ ਗਈ।

## ਇਕ ਤੋਂ ਦੋ ਸਭਾਵਾਂ

ਉਕਤ ਵਿਰੋਧ ਦਾ ਫਲ ਇਹ ਹੋਇਆ ਕਿ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਬਾਨੀ ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿ: ਦਿਤ ਸਿੰਘ ਜੀ ਨੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਮੁਕਾਬਲੇ ਪਰ ਖਾਲਸਾ ਦੀਵਾਨ ਲਾਹੌਰ ਕਾਇਮ ਕਰ ਲਿਆ। ਸਿਘ ਸਭਾਵਾਂ ਭੀ ਦੋ ਹਿਸਿਆਂ ਵਿਚ ਵੰਡੀਆਂ ਗਈਆਂ। ਕੁਝ ਸਿੰਘ ਸਭਾਵਾਂ ਲਾਹੌਰ ਦੀਵਾਨ ਨਾਲ ਸਬੰਧਤ ਹੋ ਗਈਆਂ ਅਤੇ ਕੁਝ ਅੰਮ੍ਰਿਤਸਰ ਦੀਵਾਨ ਨਾਲ। ਇਸ ਪਰਕਾਰ ਇਹ ਖਿਚੋਤਾਣ ਵਧਦੀ ਗਈ। ਪ੍ਰੋ: ਗੁਰਮੁਖ ਸਿੰਘ ਜੀ ਨੇ ਅੰਮ੍ਰਿਤਸਰ ਦੀਵਾਨ ਦੇ ਸੈਕਟਰੀ ਦੇ ਔਹਦੇ ਤੋਂ ਅਸਤੀਫਾ ਦੇ ਦਿਤਾ। ਭਾਵੇਂ ਖਾਲਸਾ ਦੀਵਾਨ ਅੰਮ੍ਰਿਤਸਰ ਚਲਦਾ ਰਿਹਾ ਪਰ ਇਸ ਦੀ ਰੂਹ ਨਿਕਲ ਚੁਕੀ ਸੀ। ਰਾਜਾ ਸਾਹਿਬ ਫਰੀਦਕੋਟ ਅਤੇ ਬੇਦੀ ਖੇਮ ਸਿੰਘ ਜੀ ਦੇ ਸਰਮਾਏ ਦੇ ਜ਼ੋਰ ਨਾਲ ਇਸ ਦੀਵਾਨ ਨੂੰ ਜੀਉਂਦਾ ਰਖਣ ਦਾ ਯਤਨ ਕੀਤਾ ਗਿਆ। ਪਰਤੂ ਸਰਗਰਮ ਵਰਕਰ ਅੱਡ ਹੋ ਜਾਣ ਕਰਕੇ ਦੀਵਾਨ ਦੀ ਜਥੇਬੰਦੀ ਕਮਜ਼ੋਰ ਪੈ ਗਈ।

ਰਾਜਾ ਸਾਹਿਬ ਫਰੀਦਕੋਟ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਲਈ ੭੫੦੦੦ ਰੁਪਏ ਦਾਨ ਦਿਤਾ ਅਤੇ ਬਿਜਲੀ ਲਗਵਾਉਣ ਲਈ ੨੫੦੦੦ ਰੁਪਏ ਵਖ ਦਿਤੇ। ਉਹਨਾਂ ਦਾ ਭਾਵ ਆਪਣਾ ਪਰਭਾਵ ਕਾਇਮ ਰਖਣ ਤੋਂ ਸੀ। ਬੇਦੀ ਖੇਮ ਸਿੰਘ ਜੀ ਨੇ ਪਠੋਹਾਰ ਵਿਚ ਇਸਤ੍ਰੀ ਵਿਦਿਆ ਤੇ ਸਿਖੀ ਦਾ ਕਾਫੀ ਪ੍ਰਚਾਰ ਕੀਤਾ ਸੀ। ਇਸ ਕਰਕੇ ਇਹਨਾਂ ਦੋਹਾਂ ਸਜਣਾਂ ਦਾ ਉਸ ਸਮੇਂ ਦੇ ਸਿਖਾਂ ਵਿਚ ਬੜਾ ਸਤਕਾਰ ਸੀ ਜਿਸ ਕਰਕੇ ਖਾਲਸਾ ਦੀਵਾਨ ਅੰਮ੍ਰਿਤਸਰ ਚਲਦਾ ਰਿਹਾ ਅਤੇ ਇਹਨਾਂ ਦੋਹਾਂ ਸਜਣਾਂ ਨੇ ਪੰਜਾਬ ਦੇ ਧਨਾਢ ਸਿਖਾਂ ਨੂੰ ਆਗੂ ਬਣਾਈ ਰਖਣ ਲਈ ਬੜੇ ਯਤਨ ਕੀਤੇ।

## ਖਾਲਸਾ ਦੀਵਾਨ ਲਾਹੌਰ

ਖਾਲਸਾ ਦੀਵਾਨ ਲਾਹੌਰ ਸੰਨ ੧੮੮੬ ਵਿਚ ਕਾਇਮ ਕੀਤਾ ਗਿਆ। ਇਸ ਦੇ ਪਹਿਲੇ ਚੀਫ ਸਕੱਤਰ ਪ੍ਰੋ: ਗੁਰਮੁਖ ਸਿੰਘ ਜੀ ਥਾਪੇ ਗਏ। ਪ੍ਰਬੰਧਕਾਂ ਨੇ ਦੀਵਾਨ ਨੂੰ ਜਾਇੰਟ ਸਟਾਕ ਕੰਪਨੀਜ਼ ਐਕਟ ਨੰ: ੨੧ ਸੰਨ ੧੮੬੦ ਅਨੁਸਾਰ ਰਜਿਸਟ੍ਰ ਕਰਾ ਲਿਆ। ਦੀਵਾਨ ਦੇ ਸਰਪ੍ਰਸਤ ਗਵਰਨਰ

Digitized by Panjab Digital Library | www.panjabdigilib.org

ਪੰਜਾਬ ਤੇ ਕਮਾਂਡਰ ਇਨ ਚੀਫ ਬਣਾਏ ਗਏ। ਖਾਲਸਾ ਦੀਵਾਨ ਲਾਹੌਰ ਦੇ ਨਿਯਮ, ਉਪ ਨਿਯਮ ਇਸ ਪਰਕਾਰ ਲਿਖੇ ਹਨ।

੧. ਸਿੰਘਾਂ ਦੀ ਉਸ ਕੌਮੀ ਮਜਲਸ ਦਾ ਨਾਂ ਖਾਲਸਾ ਦੀਵਾਨ ਹੈ ਜਿਸ ਵਿਚ

[ੳ] ਕਈ ਐਸੀਆਂ ਸਿੰਘ ਸਭਾਵਾਂ ਦੇ ਪ੍ਰਤਿਨਿਧ ਹਨ ਜੋ ਸਭਾਵਾਂ ਭਿੰਨ ਭਿੰਨ ਥਾਵਾਂ ਪਰ ਕਾਇਮ ਹਨ।

[ਅ] ਐਸੀਆਂ ਰਿਆਸਤਾਂ ਦੇ ਨੁਮਾਇੰਦੇ ਹਨ ਜਿਥੇ ਕੋਈ ਸਬੰਧਤ ਸਿੰਘ ਸਭਾ ਨਹੀਂ ਹੈ। ਐਸੇ ਸਿੰਘਾਂ ਦੀ ਗਿਣਤੀ ੧੫ ਤੋਂ ਵਧੀਕ ਨਹੀਂ ਹੋਵੇਗੀ।

੨. ਸਬੰਧਤ ਸਿੰਘ ਸਭਾਂ ਦਾ ਅਰਥ ਅਜੇਹੀ 'ਸ੍ਰੀ ਗੁਰੂ ਸਿੰਘ ਸਭਾ' ਹੈ ਜੋ ਨੇਮਾਂ ਅਨੁਸਾਰ ਖਾਲਸਾ ਦੀਵਾਨ ਨਾਲ ਸਬੰਤ ਹੈ। ਅਤੇ ਐਸੀ ਸਿੰਘ ਸਭਾ ਦੇ ਪ੍ਰਤੀਨਿਧ ਦਾ ਅਰਥ ਉਹ ਮੁਖਤਾਰ ਹੈ ਜਿਸ ਨੂੰ ਐਸੀ ਸਿੰਘ ਸਭਾ ਕਾਇਮ ਕਰੇ ਜਾਂ ਜਿਸ ਨੂੰ ਖਾਲਸਾ ਦੀਵਾਨ ਐਸੀ ਸਿੰਘ ਸਭਾ ਵਲੋਂ ਚੁਣ ਲਵੇ ਕਿ ਉਹ ਖਾਲਸਾ ਦਾ ਸਹਾਇਕ ਬਣੇ।

## ਖਾਲਸਾ ਦੀਵਾਨ ਦੇ ਮਨਸ਼ਾ ਇਹ ਹਨ

[ੳ] ਖਾਲਸਾ ਪੰਥ ਵਿਚ ਲਾਭਦਾਇਕ ਵਿਦਿਆ ਤੇ ਗੁਣਾਂ ਦਾ ਪਰਚਾਰ ਕਰਨਾ।

[ਅ] ਵਿਦਿਆ ਤੇ ਹੁਕਮ ਦੀ ਬਿਰਧੀ ਕਰਨਾ।

[ੲ] ਪੰਜਾਬੀ ਭਾਖਾ ਦੀ ਉਨਤੀ ਕਰਨੀ ਅਤੇ ਹੋਰ ਬੋਲੀਆਂ ਵਿਚੋਂ ਤਰਜਮੇ ਕਰਕੇ ਇਸ ਨੂੰ ਭਰਪੂਰ ਕਰਨਾ।

[ਸ] ਖਾਲਸਾ ਧਰਮ ਦੇ ਗ੍ਰੰਥਾਂ [ਗੁਰੂ ਗ੍ਰੰਥ ਸਾਹਿਬ ਬਾਨੀ] ਦੇ ਯਥਾਰਥ ਅਰਥ ਕਰਨੇ ਅਤੇ ਉਹਨਾਂ ਵਿਚ ਜੋ ਅਡ ਅਡ ਭਾਖਾਂ ਹਨ ਉਹਨਾਂ ਦੇ ਸ਼ਬਦਾਂ ਤਾਰੀਖ ਅਰਥਾਂ ਤੇ ਉਤਪਤੀ ਤੇ ਅਦਲਾ ਬਦਲੀ ਦਾ ਨਿਰਨਾ ਕਰਨਾ।

ਹ] ਮਾਨਸਕ, ਸਦਾਚਾਰਕ ਤੇ ਸਮਾਜਕ ਅਵਸਥਾ ਦੀ ਉਨਤੀ ਕਰਨੀ ਤੇ ਖਾਲਸਾ ਧਰਮ ਦੇ ਸਚੇ ਨਿਯਮਾਂ ਦਾ ਪਰਚਾਰ ਕਰਨਾ।

[ਕ] ਇਸਤਰੀ ਵਿਦਿਆ ਨੂੰ ਵਧਾਉਣਾ।

[ਖ] ਸਿੰਘਾਂ ਦੇ ਯਤੀਮ ਬਚਿਆਂ ਦੀ ਵਿਦਿਆ ਤੇ ਪਾਲਣਾ ਲਈ ਯਤੀਮ ਖਾਨਾ ਖੋਲ੍ਹਣਾ।

[ਗ] ਹੁਨਰ ਅਤੇ ਕਾਸ਼ਤਕਾਰੀ ਵਿਦਿਆ ਦੇਣ ਲਈ ਕਾਲਜ ਤੇ ਮਦਰਸੇ ਜਾਰੀ ਕਰਨੇ।

(ਘ) ਲਾਭਦਾਇਕ ਪੋਥੀਆਂ ਤੇ ਰਸਾਲੇ ਛਾਪਣ ਲਈ ਪਰੈਸ ਜਾਰੀ ਕਰਨੇ।

(ਙ) ਲਾਭਦਾਇਕ ਵਿਦਿਆ ਵਿਸਥਾਰਨ ਦੇ ਪਲੇ ਨੂੰ ਵਧਾਉਣ ਲਈ ਭਿੰਨ ਭਿੰਨ ਅਸਥਾਨਾਂ ਵਿਚ ਸ਼ਾਖਾਂ (ਸਿੰਘ ਸਭਾ) ਖੜੀਆਂ ਕਰਨੀਆਂ।

(ਚ) ਸਰਕਾਰ ਅੰਗਰੇਜੀ ਅਗੇ ਖਾਲਸਾ ਪੰਥ ਦੇ ਹਕੂਕ ਪਰਗਟ ਕਰਨੇ ਅਤੇ ਸਿਖਾਂ ਨੇ ਸਰਕਾਰ ਅੰਗਰੇਜ਼ੀ ਦੇ ਰਾਜ ਦੀਆਂ ਅਨਗਿਣਤ ਬਰਕਤਾਂ ਦਸਣੀਆਂ।

(ਛ) ਅਗੇ ਆਉਣ ਵਾਲੀਆਂ ਨਸਲਾਂ ਵਿਚ ਪੰਥਕ ਉਨਤੀ ਦੇ ਖਿਆਲ ਪੈਦਾ ਕਰਨੇ ਤੇ ਜਮਾਤੀ

Digitized by Panjab Digital Library | www.panjabdigilib.org

ਤਾਕਤ ਪੈਦਾ ਕਰਨੀ। ਜਿਸ ਤੋਂ ਮਿਲਕੇ ਉਨਤੀ ਕਰਨ ਦਾ ਖਿਆਲ ਬ੍ਰਿਧੀ ਪਾਉਂਦਾ ਹੈ ਅਤੇ ਜੋ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ, ਫਰਮਾ ਬਰਦਾਰੀ ਅਤੇ ਸ਼ੁਕਰ ਗੁਜ਼ਾਰੀ ਨੂੰ ਚੰਗੀ ਤਰ੍ਹਾਂ ਪਕਾ ਕਰਦਾ ਹੈ।

(ਜ) ਸਿਖਾਂ ਦੀ ਮੌਜੂਦਾ ਅਵਸਥਾ ਉਨਤੀ ਕਰਨ ਹਿਤ ਇਨ੍ਹਾਂ ਅਤੇ ਹੋਰਨਾਂ ਉਦੇਸ਼ਾਂ ਦੇ ਪੂਰਾ ਕਰਨ ਲਈ ਨਵੇਂ ਵਾਜਬੀ ਤਰੀਕੇ ਅਖਤਿਆਰ ਕਰਨੇ।

ਇਨ੍ਹਾਂ ਮੁਖ ਮਨੋਰਥਾਂ ਤੋਂ ਬਿਨਾਂ ਦੀਵਾਨ ਦੇ ਹੋਰ ਬਹੁਤ ਸਾਰੇ ਨਿਯਮ ਉਪਨਿਯਮ ਬਣਾਏ ਗਏ ਸਨ ਜੋ ਰਜਿਟਰਡ ਕਰਵਾਏ ਗਏ। ਉਕਤ ਨਿਯਮ ਪ੍ਰੋ: ਗੁਰਮੁਖ ਸਿੰਘ ਜੀ ਨੇ ਖਾਲਸਾ ਦੀਵਾਨ ਅੰਮ੍ਰਿਤਸਰ ਲਈ ਤਿਆਰ ਕੀਤੇ ਸਨ ਪ੍ਰੰਤੂ ਆਪੋ ਵਿਚ ਮਤ ਭੇਦ ਹੋਣ ਕਰਕੇ ਉਸ ਸਮੇਂ ਪਾਸ ਨਾ ਹੋ ਸਕੇ। ਇਨ੍ਹਾਂ ਨਿਯਮਾਂ ਅਨਸਾਰ ਖਾਲਸਾ ਦੀਵਾਨ ਲਹੌਰ ਨੇ ਇਕ ਕਾਰਜ ਸਾਧਕ ਕਮੇਟੀ ਚੁਣੀ ਜਿਸਦੇ ਸਪੁਰਦ ਦੀਵਾਨ ਨੂੰ ਚਲਾਉਣਾ ਸੀ। ਅਤੇ ਹੋਰ ਕਈ ਸਬ ਕਮੇਟੀਆਂ ਆਦਿਕ ਬਣਾਕੇ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਕੀਤਾ ਗਿਆ। ਖਾਲਸਾ ਦੀਵਾਨ ਅੰਮ੍ਰਿਤਸਰ ਦੇ ਗਲਤ ਪ੍ਰਾਪੇਗੰਡੇ ਨੂੰ ਰੋਕਣ, ਪੰਜਾਬੀ ਭਾਸ਼ਾ ਦੀ ਉਨਤੀ ਅਤੇ ਸਿਖੀ ਦੇ ਸੁਨਹਿਰੀ ਅਸੂਲਾਂ ਦਾ ਪਰਚਾਰ ਕਰਨ ਲਈ ਪੰਜਾਬੀ ਅਖ-ਬਾਰਾਂ ਅਤੇ ਪਰੈਸ ਦਾ ਸਿਲਸਲਾ ਜਾਰੀ ਕੀਤਾ ਗਿਆ।

ਪ੍ਰੋ: ਗੁਰਮੁਖ ਸਿੰਘ ਜੀ ਨੇ ਇਕ ਰਸਾਲਾ ਕਢਿਆ ਜਿਸਦਾ ਨਾਮ "ਸੁਧਾਰਕ" ਸੀ। ਇਸ ਵਿਚ ਆਪ ਨੇ ਸਿਖਾਂ ਨੂੰ ਹਿੰਦੂ ਧਰਮ ਦੇ ਮਿਲ ਗੋਭੇ ਵਿਚੋਂ ਕਢਣ ਲਈ ਬੜੇ ਧੜਲੇਦਾਰ ਲੇਖ ਲਿਖੇ। ਜੋ ਬਾਬਾ ਖੇਮ ਸਿੰਘ ਜੀ ਬੇਦੀ ਨੂੰ ਬਹੁਤ ਬੁਰੇ ਲਗੇ। ਪ੍ਰੋ: ਸਾਹਿਬ ਸਿੰਘ ਤੇ ਗਿ: ਦਿਤ ਸਿੰਘ ਜੀ ਨੇ ਅਪਣੀਆਂ ਪਰਭਾਵ ਸ਼ਾਲੀ ਲੇਖਣੀਆਂ ਦੇ ਜ਼ੋਰ ਨਾਲ ਵਿਰੋਧੀਆਂ ਦੇ ਛਕੇ ਛੁਡਾ ਦਿਤੇ। ਇਨ੍ਹਾਂ ਦੋਹਾਂ ਵਿਦਵਾਨਾਂ ਨੇ ਸਿਖ ਇਤਹਾਸ ਵਿਚ ਪਈਆਂ ਗਲਤਫਹਿਮੀਆਂ ਦਾ ਚੰਗਾ ਨਿਰਨਾ ਕੀਤਾ।

"ਸੁਧਾਰਕ" ਤੋਂ ਪਿਛੋਂ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ "ਖਾਲਸਾ" ਅਖਬਾਰ ਗੁਰਮੁਖੀ ਅਖਰਾਂ ਵਿਚ ਜਾਰੀ ਹੋਇਆ ਜਿਸਦੇ ਪਹਿਲੇ ਐਡੀਟਰ ਸ: ਝੰਡਾ ਸਿੰਘ ਜੀ ਨੀਯਤ ਹੋਏ। ਇਸ ਅਖਬਾਰ ਦੇ ਮੰਤਵ ਇਹ ਪਰਗਟ ਕੀਤੇ ਗਏ।

(੧) ਦਸ ਗੁਰਾਂ ਦੇ ਜੀਵਨ ਚਰਿਤਰਾਂ ਵਿਚੋਂ ਪਰਸੰਗ ਅਤੇ ਸ੍ਰੀ ਗੁਰ ਗਰੰਥ ਸਾਹਿਬ ਜੀ ਦੇ ਸਤਿ ਉਪਦੇਸ਼ਾਂ ਨੂੰ ਪਰਗਟ ਕਰਨਾ।

(੨) ਵਿਦਿਆ ਦੀ ਉਨਤੀ।

(੩) ਖਾਲਸਾ ਧਰਮ ਦੀ ਬਿਰਧੀ ਦੇ ਉਪਾਉ।

(੪) ਸਿੰਘ ਸਭਾ ਦੇ ਪ੍ਰਯੋਜਨ ਤੇ ਲਾਭ।

(੫) ਖਾਲਸਾ ਧਰਮ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਨਾ ਆਦਿ।

Digitized by Panjab Digital Library | www.panjabdigilib.org

ਗਿ: ਦਿਤ ਸਿੰਘ ਜੀ ਇਸ ਸਮੇਂ ਓਰੀਐਂਟਲ ਕਾਲਜ ਲਹੌਰ ਵਿਚ ਪਰੋਫੈਸਰ ਲਗ ਗਏ ਸਨ। ਆਪਨੇ ਇਸ ਅਖਬਾਰ ਲਈ ਇਤਨੇ ਸ਼ਾਨਦਾਰ ਲੇਖ ਲਿਖੇ ਕਿ ਇਹ ਅਖਬਾਰ ਥੋੜੇ ਅਰਸੇ ਵਿਚ ਹੀ ਹਰਮਨ ਪਿਆਰਾ ਬਣ ਗਿਆ। ਉਪਰੰਤ ਗਿਆਨੀ ਜੀ ਇਸਦੇ ਐਡੀਟਰ ਬਣ ਗਏ। ਪਰੋਫੈਸਰ ਗੁਰਮੁਖ ਸਿੰਘ ਜੀ ਨੇ ਹੁਣ ਦੌਰੇ ਕਰਨੇ ਸ਼ੁਰੂ ਕਰ ਦਿਤੇ ਅਤੇ ਸਿੰਘ ਸਭਾਵਾਂ ਕਾਇਮ ਕਰਕੇ ਇਤਨਾ ਪਰਚਾਰ ਕੀਤਾ ਕਿ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਢਿਲੜ ਤੇ ਸੁਸਤ ਪਰਬੰਧਕ ਖੁਣਸ ਖਾਣ ਲਗ ਪਏ।

ਕੰਮ ਕਰਕੇ ਅੱਗੇ ਵਧ ਜਾਣਾ ਬਹਾਦਰੀ ਹੈ, ਪ੍ਰੰਤੂ ਕੰਮ ਕਰਨ ਵਾਲੇ ਸੇਵਕਾਂ ਨਾਲ ਖੁਣਸ ਖਾ ਕੇ ਉਨ੍ਹਾਂ ਦੇ ਰਾਹ ਵਿਚ ਕੰਡੇ ਖਿਲਾਰਨਾ ਕੌਮ ਨਾਲ ਗਦਾਰੀ ਕਰਨਾ ਹੈ। ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕ ਮਾਇਆ ਦੇ ਲਿਹਾਜ਼ ਨਾਲ ਵਡੇ ਸਨ ਤੇ ਉਨ੍ਹਾਂ ਨੂੰ ਆਪਣੀ ਸਰਮਾਇਆਦਾਰੀ ਦਾ ਅਭਮਾਨ ਸੀ ਪ੍ਰੰਤੂ ਸਚੇ ਸੇਵਕਾਂ ਤੇ ਵਰਕਰਾਂ ਨੂੰ ਮਾਇਆ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਉਨ੍ਹਾਂ ਦਾ ਜੀਵਨ ਮਨੋਰਥ ਤਾਂ ਸੇਵਾ ਕਰਨਾ ਹੁੰਦਾ ਹੈ ਇਸ ਕਰਕੇ ਇਕ ਪਾਸੇ ਡਾਂ ਪ੍ਰੋ: ਗੁਰਮੁਖ ਸਿੰਘ ਜੀ ਤੇ ਗਿ: ਦਿਤ ਸਿੰਘ ਜੀ ਜੈਸੇ ਅਣਥਕ ਵਰਕਰ ਤੇ ਗਰੀਬ ਸਿਖ ਸਨ। ਦੂਜ ਪਾਸੇ ਬਾਬਾ ਖੇਮ ਸਿੰਘ ਜੀ ਬੇਦੀ ਤੇ ਮਹਾਰਾਜਾ ਫਰੀਦ ਕੋਟ ਜੈਸੇ ਮਾਇਆ ਧਾਰੀ। ਦੋਹਾਂ ਵਿਚ ਅਸੂਲੀ ਟਕਰ ਹੋਈ। ਮਾਇਆ ਧਾਰੀਆਂ ਨੇ ਧਨ ਦੇ ਜ਼ੋਰ ਨਾਲ ਸਚ ਨੂੰ ਦਬਾਉਣਾ ਚਾਹਿਆ ਪ੍ਰੰਤੂ ਇਸ ਟਕਰ ਵਿਚ ਅੰਤ ਉਨ੍ਹਾਂ ਨੂੰ ਹੀ ਹਾਰ ਹੋਈ। ਪੰਥ ਦੇ ਨਿਧੜਕ ਸੇਵਕਾਂ ਨੂੰ ਤੰਗ ਕਰਨ ਲਈ ਉਨ੍ਹਾਂ ਨੇ ਕਈ ਚਾਲਾਂ ਚਲੀਆਂ ਪ੍ਰੰਤੂ ਅੰਤ ਨੂੰ ਉਹ ਸਭ ਮਾਤ ਪੈ ਗਈਆਂ ਅਤੇ "ਕੂੜ ਨਾ ਪੁਜੇ ਸਚ ਨੂੰ ਸੌ ਘਾੜਤ ਘੜੀਐ" ਦੇ ਮਹਾਵਾਕ ਅਨਸਾਰ ਆਖਰ ਸਚ ਦਾ ਹੀ ਬੋਲ ਬਾਲਾ ਹੋਇਆ।

ਅਗਸਤ ੧੮੮੬ ਵਿਚ ਪ੍ਰੋ: ਗੁਰਮੁਖ ਸਿੰਘ ਜੀ ਦੌਰਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਪੁਜੇ। ਉਨ੍ਹਾਂ ਨੇ ਇਕ ਬੁੰਗੇ ਵਿਚ ਭਾਸ਼ਨ ਦਿਤਾ ਜਿਸ ਨੂੰ ਸੁਣ ਕੇ ਸਿੱਖ ਸੰਗਤਾਂ ਬਹੁਤ ਖੁਸ਼ ਹੋਈਆਂ ਅਤੇ ਉਨ੍ਹਾਂ ਪਾਸ ਬੇਨਤੀ ਕੀਤੀ ਕਿ ਸ੍ਰੀ ਮੰਜੀ ਸਾਹਿਬ ਵਿਚ ਦੀਵਾਨ ਕੀਤਾ ਜਾਵੇ। ਪ੍ਰੋ: ਸਾਹਿਬ ਸੰਗਤਾਂ ਦਾ ਹੁਕਮ ਕਿਵੇਂ ਮੋੜ ਸਕਦੇ ਸਨ? ਜਦ ਉਹ ਅਗਲੇ ਦਿਨ ਮੰਜੀ ਸਾਹਿਬ ਦੇ ਦੀਵਾਨ ਵਿਚ ਵਿਆਖਿਆਨ ਕਰਨ ਆਏ ਤਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਬੰਧਕ ਪੁਲਸ ਲਈ ਖੜੇ ਸਨ ਕਿ ਪ੍ਰੋ: ਸਾਹਿਬ ਨੇ ਸਰਬਰਾਹ ਦੀ ਆਗਿਆ ਕਿਉਂ ਨਹੀਂ ਲਈ। ਪ੍ਰੋ: ਸਾਹਿਬ ਮੌਕਾ ਪਛਾਣ ਗਏ ਤੇ ਗ੍ਰਿਫਤਾਰੀ ਦੇਣ ਤੋਂ ਸੰਕੋਚ ਕੀਤਾ। ਇਸ ਪ੍ਰਕਾਰ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕ ਕਈ ਥਾਈਂ ਜਿਥੇ ਉਨ੍ਹਾਂ ਦਾ ਜ਼ੋਰ ਚਲਦਾ ਪ੍ਰੋ: ਸਾਹਿਬ ਜੀ ਨੂੰ ਲੈਕਚਰ ਭੀ ਨਾ ਕਰਨ ਦਿੰਦੇ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹੋਰ ਕੁਰੀਤੀਆਂ ਤੋਂ ਇਲਾਵਾ ਮੂਰਤੀ ਪੂਜਾ ਭ ਹੁੰਦੀ ਸੀ ਇਸ ਦੇ ਖੰਡਨ ਕਰਨ ਲਈ ਪ੍ਰੋ: ਸਾਹਿਬ ਨੇ ਰਸਾਲਾ ਸੁਧਾਰਕ ਵਿਚ ਇਕ ਲੇਖ ਲਿਖਿਆ ਜਿਸ ਨੂੰ ਪੜ੍ਹਕੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਆਪੇ ਤੋਂ ਬਾਹਰ ਹੋ ਗਏ ਅਤੇ ਉਨ੍ਹਾਂ ਨੇ ਪ੍ਰੋ: ਗੁਰਮੁਖ ਸਿੰਘ ਜੀ ਵਿਰੁਧ ਇਕ ਸਾਜ਼ਸ਼ ਤਿਆਰ ਕੀਤੀ ਜਿਸ ਦਾ ਮਕਸਦ ਇਹ ਪ੍ਰਗਟ ਕਰਨਾ

Digitized by Panjab Digital Library | www.panjabdigilib.org

ਸੀ ਕਿ ਪ੍ਰੋ: ਸਾਹਿਬ ਨੇ ਆਪਣੇ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ। ਅਪਰੈਲ ੧੮੮੭ ਵਿਚ ਵੈਸਾਖੀ ਦਾ ਜੋੜ ਮੇਲਾ ਹੋਣਾ ਸੀ। ਇਸ ਨੂੰ ਨੇੜੇ ਆਉਂਦਾ ਵੇਖ ਕੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੇ ਪ੍ਰੋ: ਸਾਹਿਬ ਜੀ ਵਿਰੁਧ ਖੂਬ ਰੌਲਾ ਪਾਇਆ ਤੇ ਥਾਂ ਥਾਂ ਆਪਣੇ ਪ੍ਰਚਾਰਕ ਭੇਜ ਕੇ ਸੰਗਤਾਂ ਨੂੰ ਉਨ੍ਹਾਂ ਵਿਰੁਧ ਭੜਕਾਇਆ।

ਪ੍ਰੋ: ਸਾਹਿਬ ਦੇ ਅਸਲ ਲੇਖ ਨੂੰ ਤੋੜ ਮਰੋੜ ਕੇ ਇਸ ਢੰਗ ਨਾਲ ਸੰਗਤਾਂ ਦੇ ਪੇਸ਼ ਕੀਤਾ ਗਿਆ ਜਿਵੇਂ ਸਚ ਮੁਚ ਹੀ ਪ੍ਰੋ: ਸਾਹਿਬ ਬਹੁਤ ਵਡੇ ਦੋਸ਼ੀ ਸਨ। ਉਨ੍ਹਾਂ ਪਰ ਮੋਟੇ ਇਹ ਇਲਜ਼ਾਮ ਲਾਏ ਗਏ:-

੧. ਖਾਲਸੇ ਦੇ ਇਤਫਾਕ ਤੇ ਉਨਤੀ ਵਿਚ ਵਿਰੋਧ ਦਾ ਬੀ ਬੀਜਣਾ।

੨. ਖਾਲਸਾ ਦੀਵਾਨ ਅੰਮ੍ਰਿਤਸਰ ਨੂੰ (ਮਸਨੂਈ) ਬਨਾਉਟੀ ਦੀਵਾਨ ਆਖਣਾ ਅਤੇ ਸ੍ਰੀ ਅੰਮ੍ਰਿਤਸਰ ਵਿਚੋਂ ਖਾਲਸਾ ਦੀਵਾਨ (ਜਿਥੇ ਕਿ ਕਦੀ ੨ ਬੁਢੇ ਦਲ ਦੇ ਵੇਲਿਉਂ ਦੀਵਾਨ ਸ਼ਸ਼ੋਭਤ ਹੁੰਦਾ ਹੈ) ਨੂੰ ਉਲਟਾਉਣਾ ਤੇ ਲਾਹੌਰ ਵਿਚ ਖਾਲਸਾ ਦੀਵਾਨ ਬਨਾਉਣ ਦਾ ਯਤਨ ਕਰਨਾ।

੩. ਸ੍ਰੀ ਬਾਬਾ ਖੇਮ ਸਿੰਘ ਜੀ ਸਾਹਿਬ ਪ੍ਰੈਜ਼ੀਡੈਂਟ ਖਾਲਸਾ ਦੀਵਾਨ ਨੂੰ ਖਾਲਸਾ ਦੀਵਾਨ ਵਿਚ ਤਕੀਆ ਗਦੇਲਾ ਨਾ ਵਿਛਾਉਣ ਵਾਸਤੇ ਬੇ ਜਾ ਤੰਗ ਕਰਨਾ।

੪. ਭਾਈ ਬਾਲੇ ਤੇ ਸੁਮੇਰ ਪਰਬਤ ਨੂੰ ਆਖਣਾ ਕਿ ਇਹ ਕਦੇ ਹੋਏ ਹੀ ਨਹੀ।

੫. ਸ੍ਰੀ ਗੁਰੂ ਗ੍ਰੰਥ ਸਾਹਿਬ ਸਾਖਯਾਤ ਗੁਰਾਂ ਦੇ ਸਰੂਪ ਨੂੰ ਜੜ ਪਦਾਰਥ ਮੰਨਣਾ ਤੇ ਜਿੰਨਾਂ ਚਿਰ ਕੋਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਾ ਬੈਠਾ ਹੋਵੇ ਉਤਨਾ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਥਾ ਟੇਕਣ ਵਿਚ ਦੋਸ਼ ਸਮਝਣਾ।

ਇਹ ਮਸੌਦਾ ਤਿਆਰ ਕਰਕੇ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਇਜਲਾਸ ਫਰੀਦਕੋਟ ਵਿਚ ਸਦਿਆ ਗਿਆ ਜਿਸ ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੂੰ ਭੀ ਜਵਾਬ ਦਾਹਵਾ ਦੇਣ ਵਾਸਤੇ ਬੁਲਾਇਆ ਗਿਆ ਪ੍ਰੰਤੂ ਆਪ ਨਾ ਗਏ।

ਫਰੀਦ ਕੋਟ ਇਜਲਾਸ ਨੇ ਪ੍ਰੋ: ਸਾਹਿਬ ਵਿਰੁਧ ਮਤਾ ਪਾਸ ਕਰ ਦਿਤਾ ਜਿਸ ਵਿਚ ਲਿਖਿਆ ਸੀ, "ਭਾਈ ਗੁਰਮੁਖ ਸਿੰਘ ਜੀ ਸਬੰਧੀ ਦੀਵਾਨ ਨੇ ਇਹ ਰਾਇ ਪਰਗਟ ਕੀਤੀ ਕਿ ਐਸੀਆਂ ਅਨੁਚਿਤ ਕਾਰਵਾਈਆਂ ਕਰਨ ਵਾਲਾ ਪੁਰਸ਼ ਜਦ ਤਕ ਭੁਲ ਨਾ ਬਖਸ਼ਾਵੇ ਤਦ ਤਕ ਉਸ ਨੂੰ ਤਅਲਕਾਤ ਸੀ ਜੋ ਸਿੰਘ ਸਭਾ ਅਤੇ ਖਾਲਸਾ ਦੀਵਾਨ ਤੋਂ ਅਲਹਿਦਾ ਰਖਣਾ ਯੋਗ ਹੈ। ਇਸ ਫੈਸਲੇ ਨੂੰ ਪਰਕਾਸ਼ਤ ਕਰਨ ਵਾਲਿਆਂ ਵਿਚ ਰਾਜਾ ਸਾਹਿਬ ਫਰੀਦ ਕੋਟ, ਬਾਬਾ ਖੇਮ ਸਿੰਘ ਜੀ, ਬਾਬਾ ਸੁਮੇਰ ਸਿੰਘ, ਬਾਬਾ ਉਦੇ ਸਿੰਘ, ਭਾਈ ਸੰਤ ਸਿੰਘ ਗਿਆਨੀ ਕਪੂਰਥਲਾ ਆਦਿ ਦੇ ਦਸਤਖਤ ਸਨ।

ਇਸ ਫੈਸਲੇ ਦੀ ਪਰੋੜਤਾ ਜਨਰਲ ਸਭਾ ਅੰਮ੍ਰਿਤਸਰ ਤੋਂ ਕਰਾਈ ਗਈ ਤੇ ਇਕ ਐਲਾਨ ਪ੍ਰਕਾਸ਼ਤ ਕੀਤਾ ਗਿਆ ਜਿਸ ਪਰ ਸ੍ਰੀ ਦਰਬਾਰ ਸਾਹਿਬ ਦੇ ਹੈਡ ਪੁਜਾਰੀ, ਗ੍ਰੰਥੀ, ਸ: ਕਾਹਨ ਸਿੰਘ ਜੀ ਮਜੀਠੀਆ, ਭਾਈ ਸਰਦੂਲ ਸਿੰਘ ਜੀ ਗਿਆਨੀ ਤੇ ਡਾਕਟਰ ਚਰਨ ਸਿੰਘ ਜੀ ਆਦਿ ਸਜਣਾਂ ਦੇ

Digitized by Panjab Digital Library | www.panjabdigilib.org

ਦਸਤਖਤ ਸਨ। ਇਨ੍ਹਾਂ ਫੈਸਲਿਆਂ ਨੂੰ ਲੈਕੇ ਖੂਬ ਜਾਲ ਵਿਛਾਇਆ ਗਿਆ। ਥਾਂ ਥਾਂ ਪਰਚਾਰ ਕੀਤਾ ਗਿਆ ਕਿ ਪਰੋਫੈਸਰ ਗੁਰਮੁਖ ਸਿੰਘ ਜੀ ਸਿਖ ਪੰਥ ਵਿਚੋਂ ਕਢ ਦਿਤੇ ਗਏ ਹਨ।

ਕਿਤਨੇ ਦੁਖ ਦੀ ਗਲ ਹੈ ਕਿ ਜਿਹੜੇ ਵਿਦਵਾਨ ਪੰਥ ਦੇ ਦੁਸਮਨਾਂ ਨਾਲ ਸਖਤ ਟਕਰ ਲੈ ਰਹੇ ਸਨ ਅਤੇ ਜਿਨ੍ਹਾਂ ਨੇ ਅਪਣਾ ਸਾਰਾ ਜੀਵਨ ਪੰਥਕ ਭਲਾਈ ਲਈ ਅਰਪਣ ਕਰ ਦਿਤਾ ਸੀ। ਪੰਥਕ ਆਪੇ ਬਣੇ ਚੋਧਰੀ ਉਸ ਪੰਥ ਸੇਵਕ ਨੂੰ ਹੀ ਆਪਣੇ ਗੁਸੇ ਦਾ ਨਿਸ਼ਾਨਾ ਬਣਾ ਰਹੇ ਸਨ ਅਤੇ ਉਸਨੂੰ ਬਦ-ਨਾਮ ਕਰਨ ਅਤੇ ਆਪਣੀ ਲੀਡਰੀ ਕਾਇਮ ਰਖਣ ਲਈ ਪੰਥ ਦੀ ਖਾਤਰ ਮਰ ਮਿਟਣ ਵਾਲੇ ਸੇਵਕਾਂ ਨੂੰ ਸੇਵਾ ਦੇ ਮੈਦਾਨ ਵਿਚੋਂ ਕਢਣ ਦਾ ਯਤਨ ਕਰਨਾ। ਜਿਨ੍ਹਾਂ ਸਭਾਵਾਂ ਨੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਉਕਤ ਫੈਸਲੇ ਦੀ ਤਾਈਦ ਕੀਤੀ ਉਹ ਹੇਠ ਲਿਖੀਆਂ ਥਾਵਾਂ ਦੀਆਂ ਸਭਾਵਾਂ ਸਨ।

ਕਪੂਰਥਲਾ, ਸੰਧਵਾ ਜ਼ਿਲਾ ਜਲੰਧਰ, ਫਲੌਰ, ਸ਼ਾਹ ਕੋਟ, ਖਮਾਣੋ, ਘੜੂਆ, ਗੜ੍ਹੰਕਾ, ਖਰੜ ਬਸੀ, ਠਠਰੌਲੀ, ਮਨਰੌਲੀ, ਬੂੜੀਆ, ਲਧੜੇ, ਨਾਰੰਗਵਾਲ, ਜੰਡਿਆਲਾ, ਨਵਾ ਸ਼ਹਿਰ, ਕੀਰਤਪੁਰ, ਫੀਰੋਜ਼ਪੁਰ, ਗੁਜਰਾਂਵਾਲਾ, ਬਾਬੇ ਦੀ ਬੇਰ, ਰਾਵਲਪਿੰਡੀ, ਸੰਗਤ ਪੁਰ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਸ੍ਰੀ ਅਨੰਦਪੁਰ, ਸ੍ਰੀ ਪਟਨਾ ਸਾਹਿਬ, ਸੀ ਦਮਦਮਾ ਸਾਹਿਬ, ਪ੍ਰੋ: ਗੁਰਮਖ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਕ ਹੁਕਮਨਾਮਾ ਜਾਰੀ ਕਰਕੇ ਤਨਖਾਹੀਆ ਕਰਾਰ ਦਿਤਾ ਗਿਆ ਤੇ ਪੰਥ ਤੋਂ ਅਡ ਕਰ ਦਿਤਾ ਗਿਆ। ਨਮੂਨੇ ਦੇ ਤੌਰ ਪਰ ਹੁਕਮਨਾਮਾ ਹੇਠ ਦਰਜ ਕੀਤਾ ਜਾਂਦਾ ਹੈ।

ਸ੍ਰੀ ਅਕਾਲ ਸਹਾਇ | | ਅਕਾਲ ਸਹਾਇ
ਤਖਤ ਅਕਾਲ ਬੁੰਗਾ ਸਾਹਿਬ | ੧ਓ ਸਤਿਗੁਰ ਪ੍ਰਸਾਦਿ | ਸ੍ਰੀ ਦਰਬਾਰ ਸਾਹਿਬ

"ਹਮ ਜੁਮਲੇ ਸਿੰਘਾਨ ਪੁਜਾਰੀਅਨ" ਤਖਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਜੀ ਵਾ ਬਾਬਾ ਅਟਲ ਰਾਇ ਸਾਹਿਬ, ਵਾ ਝੰਡਾ ਬੁੰਗਾ ਸਾਹਿਬ, ਵਾ ਸ਼ਹੀਦ ਬੁੰਗਾ ਸਾਹਿਬ ਜੀ ਨੇ ਮੁਲਾਹਜੇ ਕਾਰਵਾਈ ਗੁਰਮੁਖ ਸਿੰਘ ਸਕਤ੍ਰ ਕਾਂਕੀਆਂ। ਮਾਲੂਮ ਹੂਆ ਕਿ ਇਸ ਸ਼ਖਸ ਨੇ ਚੰਦ ਜਗ੍ਹਾਂ ਬਰਖਲਾਫ ਗੁਰ ਇਸ਼ਟ ਕੇ ਤੌਹੀਨ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾ ਗੁਰ ਅੰਸ, ਵਾ ਗੁਰਬਾਣੀ ਕੇ ਤਹਿਰੀਰ ਵਾ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਤਕਾਦ ਸਿਖੀ ਧਰਮ ਸੇ ਬਿਲਕੁਲ ਬਰਖਲਾਫ ਹੈ ਇਸ ਵਾਸਤੇ ਹਮ ਤਮਾਮ ਪੁਜਾਰੀਅਨ ਵਾ ਗ੍ਰੰਥੀਅਨ ਸ੍ਰੀ ਗੁਰਦਵਾਰੇ ਹਾਇ ਅਮਦੂਹ ਸੇ ਅਲਹਿਦਾ ਕੀਆ ਗਿਆ ਹੈ। ਗੁਰਦਵਾਰੇ ਹਾਇ ਮੌਸੂਫ ਮੇਂ ਉਸ ਕੀ ਅਰਦਾਸ ਨਾ ਹੋ ਗੀ ਵਾ ਬਰਤਾਉ ਨਾ ਹੋ ਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖਸ ਉਸ ਕਾ ਪੈਰੋਕਾਰ ਨਾ ਹੋ ਜੋ ਸ਼ਖਸ ਉਸ ਕੀ ਪੈਰਵੀ ਕਰੇਗਾ ਵੋਹ ਭੀ ਬੇਮੁਖ ਔਰ ਲਾਇਕ ਤਨਖਾਹ ਪੰਥ ਕੇ ਸਮਝਾ ਜਾਇਗਾ ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਏਗਾ।

ਫ਼ਕਤ ਬਤਾਰੀਖ ਸਤਵੀਂ ਮਾਹ ਚੇਤ ਸੰਮਤ ੪੧੯ ਗੁਰੂ ਨਾਨਕ ਸ਼ਾਹੀ ਮੁਤਾਬਕ ੧੮ ਮਾਰਚ ਸੰਨ ੧੮੮੭ ਈ: ਦਸਤਖਤ ਹਾਜ਼ਰੀਨ, ਸਿੰਘਾਨ ਔਹਦੇਦਾਰਨ ਵਾ ਗ੍ਰੰਥੀਆਨ।

Digitized by Panjab Digital Library | www.panjabdigilib.org

ਜਿਸ ਸਮੇਂ ਇਹ ਹੁਕਮਨਾਮਾ ਨਿਕਲਿਆ ਤਾਂ ਭੋਲੇ ਭਾਲੇ ਸਿੰਘਾਂ ਨੇ ਇਸ ਗੱਲ ਪਰ ਭਰੋਸਾ ਕਰ ਲਿਆ ਕਿ ਸਚ ਮੁਚ ਹੀ ਪ੍ਰੋ: ਗੁਰਮੁਖ ਸਿੰਘ ਜੀ ਦਾ ਕਸੂਰ ਹੋਵੇਗਾ ! ਜਿਸ ਦੇ ਹਥ ਵਿਚ ਤਾਕਤ ਹੁੰਦੀ ਹੈ ਉਹ ਉਸ ਦੀ ਗਲਤ ਵਰਤੋਂ ਭੀ ਕਰ ਸਕਦਾ ਹੈ। ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਦੇ ਹਥ ਵਿਚ ਤਾਕਤ ਸੀ। ਉਹਨਾਂ ਨੇ ਉਸਦੀ ਗਲਤ ਵਰਤੋਂ ਕਰਕੇ ਪੰਥ ਦੇ ਸਚੇ ਸੁਚੇ ਸੇਵਕਾਂ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਬਾਕੀ ਨਾ ਛਡੀ। ਸ੍ਰੀ ਅਕਾਲ ਤਖਤ ਦੇ ਹੁਕਮਨਾਮੇ ਦਾ ਪੰਥ ਵਿਚ ਮੁਢ ਤੋਂ ਹੀ ਬਹੁਤ ਸਤਕਾਰ ਚਲਿਆ ਆਇਆ ਹੈ। ਇਸ ਕਰਕੇ ਪ੍ਰੋ: ਗੁਰਮੁਖ ਸਿੰਘ ਜੀ ਪਰ ਇਹ ਸਭ ਤੋਂ ਵਡਾ ਵਾਰ ਸੀ। ਪਰੋਫੈਸਰ ਸਾਹਿਬ ਨੇ ਆਪਣੀ ਨਿਰਦੋਸ਼ਤਾ ਪਰਗਟ ਕਰਨ ਲਈ ਬੜਾ ਯਤਨ ਕੀਤਾ ਪਰੰਤੂ ਉਹਨਾਂ ਦੀ ਆਵਾਜ਼ ਦੀ ਕੋਈ ਪਰਵਾਹ ਨਾ ਕੀਤੀ ਗਈ।

## ਆਪੋ ਆਪਣੇ ਕਰ

ਵੈਸਾਖੀ ਦੇ ਜੋੜ ਮੇਲੇ ਪਰ ਦੋਹਾਂ ਧੜਿਆ ਦੇ ਭਾਰੀ ਇਕਠ ਹੋਏ ਅਤੇ ਉਪਰ ਲਿਖੇ ਸਵਾਲਾਂ ਪਰ ਚੰਗੀ ਤਰਾਂ ਵੀਚਾਰਾਂ ਹੋਈਆਂ। ਖਾਲਸਾ ਦੀਵਾਨ ਲਾਹੌਰ ਦਾ ਇਜਲਾਸ ਲਾਲਾ ਬਾਸ਼ੀ ਰਾਮ ਦੇ ਮਕਾਨ ਪਰ ਹੋਇਆ ਜਿਸ ਵਿਚ ਪਟਿਆਲਾ, ਰਾਜ ਪੁਰਾ, ਜਲੰਧਰ, ਲਧਿਆਣਾ, ਤਰਨਤਾਰਨ, ਅੰਬਾਲਾ ਤੇ ਭਿੰਡਰਾ ਆਦਿਕ ਥਾਵਾਂ ਦੀਆਂ ੧੯ ਸਿੰਘ ਸਭਾਵਾਂ ਦੇ ਪ੍ਰਤਿਨਿਧ ਸ਼ਾਮਲ ਹੋਏ। ਦੂਜੇ ਪਾਸੇ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਇਜਲਾਸ ਗਿਆਨੀਆਂ ਦੇ ਬੁਰਜ ਵਿਚ ਹੋਇਆ, ਜਿਸ ਵਿਚ ਗਦੇਲਾ ਲਗਾਉਣ ਦੇ ਸਵਾਲ ਪਰ ਖੂਬ ਖੱਪ ਪੈਂਦੀ ਰਹੀ। ਸਿੰਘਾਂ ਵਲੋਂ ਪ੍ਰਬੰਧਕਾਂ ਪਰ ਸਖਤ ਨੁਕਤਾ ਚੀਨੀ ਕੀਤੀ ਗਈ ਜਿਸ ਤੋਂ ਘਬਰਾ ਕੇ ਉਨ੍ਹਾਂ ਨੇ ਅੱਗਲੇ ਦਿਨ ਦੇ ਇਜਲਾਸ ਵਿਚ ਕੇਵਲ ਅੰਮ੍ਰਿਤਸਰ ਦੇ ਮੈਂਬਰਾਂ ਤੇ ਕੁਝ ਆਪਣੇ ਖਾਸ ਆਦਮੀਆਂ ਨੂੰ ਹੀ ਸ਼ਾਮਲ ਹੋਣ ਦੀ ਆਗਿਆ ਦਿੱਤੀ ਅਤੇ ਬਾਕੀਆਂ ਨੂੰ ਅੰਦਰ ਹੀ ਨਾ ਆਉਣ ਦਿੱਤਾ। ਇਸ ਪ੍ਰਕਾਰ ਪ੍ਰੋ: ਸਾਹਿਬ ਵਿਰੁਧ ਫਿਰ ਫੈਸਲੇ ਕੀਤੇ ਗਏ। ਇਕ ਸਿੰਘ ਨੇ ਅੱਠ ਸਫੇ ਦਾ ਇਕ ਟ੍ਰੈਕਟ ਵੰਡਿਆ ਜਿਸ ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਬੰਧਕਾਂ ਪਰ ੪੦ ਦੋਸ਼ ਲਗਾਏ ਗਏ ਸਨ।

ਬਹੁਤੇ ਵਿਸਥਾਰ ਵਿਚ ਨਾ ਜਾਂਦੇ ਹੋਏ ਅਸੀਂ ਨਮੂਨੇ ਮਾਤ੍ਰ ਕੁਝ ਦੋਸ਼ ਹੇਠ ਦਰਜ ਕਰਦੇ ਹਾਂ।

੨. ਖਾਲਸਾ ਦੀਵਾਨ ਦੀ ਕਾਰਰਵਾਈ ਕਮੇਟੀ ਦੇ ਹੱਥ ਕਿਉਂ ਨਹੀਂ ਦਿਤੀ ਜਾਂਦੀ। ਆਪਾ ਧਾਪੀ ਕਿਉਂ ਕੀਤੀ ਜਾਂਦੀ ਹੈ ?

੬. ਜੋ ਸ਼ਖਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਤੱਕੀਆ (ਗਦੇਲਾ) ਲਗਾ ਕੇ ਬੈਠੇ ਉਸ ਨੂੰ ਕੀ ਬਬੇਕ ਲਗਾਨਾ ਚਾਹੀਦੇ ?

੭. ਜੋ ਸ਼ਖਸ ਦਸਾਂ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਨਾ ਬਾਰਵੀਂ ਤੇਰਵੀਂ ਜਾ ਚੌਧਵੀਂ ਪਾਤਸ਼ਾਹੀ ਮੰਨੇ ਜਾਂ ਲੋਕਾਂ ਪਾਸੋਂ ਅਖਾਵੇ ਉਸ ਨੂੰ ਖਾਲਸੇ ਦੀ ਤਰਫੋਂ ਕੀ ਦੰਡ ਲਗਾਨਾ ਚਾਹੀਏ ?

Digitized by Panjab Digital Library | www.panjabdigilib.org

੮. ਖਾਲਸਾ ਦੀਵਾਨ ਵਿਚ ਹੋ ਕੇ ਜਿਹੜਾ ਜਨੇਊ ਪਾਵੇ ਉਸ ਨੂੰ ਖਾਲਸਾ ਕੀ ਬਬੇਕ ਲਗਾ ਸਕਦਾ ਹੈ ?

੯. ਜੋ ਸ਼ਖਸ ਦਾਹੜੀ ਨੂੰ ਵਸਮੇਂ ਆਦਿਕ ਰੰਗ ਨਾਲ ਰੰਗੇ ਉਸ ਨੂੰ ਖਾਲਸਾ ਦੀਵਾਨ ਵਿਚੋਂ ਖਾਰਜ ਕਰਨਾ ਚਾਹੀਦਾ ਹੈ ਕਿ ਨਹੀਂ ?

੧੦. ਜੋ ਸ਼ਖਸ ਕਿਸੇ ਤਖਤ ਜਾਂ ਗੁਰਦੁਆਰੇ ਦਾ ਮਹੰਤ ਹੋ ਕੇ ਪਥਰਾਂ ਦੇ ਸਾਹਮਣੇ ਟੰਨ ਟੰਨ ਪੂੰ ਪੂੰ ਕਰਕੇ ਪੂਜਾ ਕਰੇ ਉਸ ਨੂੰ ਖਾਲਸਾ ਪੰਥ ਵਿਚ ਸਮਝਣਾ ਚਾਹੀਏ ਜਾ ਖਾਰਜਾ ਇਹ ਟ੍ਰੈਕਟ ਸੰਮਤ ੧੯੪੪ ਵਿਚ ਛਪਿਆ ।

ਇਸ ਜੋੜ ਮੇਲੇ ਤੋਂ ਪਿਛੋਂ ਸ੍ਰੀ ਮਾਨ ਗਿ: ਦਿੱਤ ਸਿੰਘ ਜੀ ਨੇ ਖਾਲਸਾ ਅਖਬਾਰ ਦਾ ਇਕ ਖਾਸ ਜ਼ਮੀਮਾ ਛਾਪਿਆ ਜਿਸ ਵਿਚ ਇਸ ਜੋੜ ਮੇਲੇ ਦੀ ਕਾਰਰਵਾਈ ਤੋਂ ਇਲਾਵਾ ਇਕ ਸੁਪਨ ਨਾਟਕ ਭੀ ਸੀ ਜਿਸ ਵਿਚ ਆਪ ਜੀ ਨੇ ਇਕ ਪਾਸੇ ਹੰਕਾਰ ਤੇ ਦੰਭ ਦੇ ਦੂਜੇ ਪਾਸੇ ਸਤਿ ਔਰ ਸੁਹਿਰਦਾ ਨੂੰ ਕਲੱਪਤ ਕਰਕੇ ਉਨ੍ਹਾਂ ਦਾ ਸੰਵਾਦ ਕਰਾਇਆ ਸੀ। ਮਹਾਰਾਜਾ ਬਿਕ੍ਰਮਾ ਸਿੰਘ ਜੀ ਤੇ ਬਾਬਾ ਖੇਮ ਸਿੰਘ ਜੀ ਨੇ ਇਸ ਨੂੰ ਆਪਣੇ ਉਪਰ ਹਮਲਾ ਸਮਝਿਆ । ਭਾਵੇਂ ਗਿ: ਦਿੱਤ ਸਿੰਘ ਜੀ ਨੇ ਕਈ ਵੇਰ ਆਪਣੇ ਅਖਬਾਰ ਵਿਚ ਇਹ ਪ੍ਰਗਟ ਕੀਤਾ ਕਿ ਇਹ ਨਾਟਕ ਚੰਦਰ ਪ੍ਰਬੋਧ ਨਾਟਕ ਵਾਂਗ ਹੀ ਗੁਣਾਂ ਔਗਣਾਂ ਦਾ ਸੰਵਾਦ ਰੂਪ ਹੈ ਪ੍ਰੰਤੂ ਰਾਜਾ ਸਾਹਿਬ ਤੇ ਬੇਦੀ ਜੀ ਦੀ ਤਸਲੀ ਨਾ ਹੋਈ ਅਤੇ ਉਨ੍ਹਾਂ ਨੂੰ ਨੋਟਿਸ ਦੇ ਕੇ ਗਿ: ਜੀ ਪਰ ਫਰੀਦਕੋਟ ਦੀ ਇਕ ਅਦਾਲਤ ਵਿਚ ਅਨਹਾਨੀ ਦਾ ਮੁਕਦਮਾ ਦਾਇਰ ਕਰਵਾ ਦਿਤਾ । ਇਸ ਤਰ੍ਹਾਂ ਪ੍ਰੋ: ਗੁਰਮੁਖ ਸਿੰਘ ਜੀ ਤੋਂ ਪਿਛੋਂ ਗਿ: ਦਿੱਤ ਸਿੰਘ ਜੀ ਨੂੰ ਭੀ ਨਿਸ਼ਾਨਾ ਬਣਾਇਆ ਗਿਆ ਅਤੇ ਇਕ ਗਰੀਬ ਸਿੱਖ ਨੂੰ ਤੰਗ ਕਰਨ ਲਈ ਮੁਕਦਮੇ ਬਾਜ਼ੀ ਦਾ ਜਾਲ ਵਿਛਾਇਆ ਗਿਆ ।

## "ਜਿਸ ਹਥ ਜੋਰ ਕਰ ਵੇਖੈ ਸੋਇ"

'ਜਿਸ ਕੀ ਲਾਠੀ ਉਸ ਕੀ ਭੈਂਸ' ਦੇ ਅਖਾਣ ਅਨੁਸਾਰ ਜਿਨ੍ਹਾਂ ਪਾਸ ਸਰਮਾਇਆ ਸੀ ਕਾਨੂੰਨ ਭੀ ਉਨ੍ਹਾਂ ਦੀ ਹੀ ਮਦਦ ਕਰਦਾ ਸੀ । ਕਾਫੀ ਤੰਗ ਕਰਨ ਪਿਛੋਂ ਗਿ: ਜੀ ਨੂੰ ੫੧) ਰੁਪਏ ਜੁਰਮਾਨਾ ਕਰਵਾਇਆ ਗਿਆ ਜੋ ਸੈਸ਼ਨ ਵਿਚ ਅਪੀਲ ਕਰਨ ਪਰ ਮਾਫ ਹੋ ਗਿਆ । ਗਿਆਨੀ ਜੀ ਵਿਰੁਧ ਮੁਕਦਮਾ ਬਾਵਾ ਉਦਯ ਸਿੰਘ ਪਾਸੋਂ ਕਰਾਇਆ ਗਿਆ ਸੀ ਪਰ ਰੁਪਇਆ ਰਾਜਾ ਸਾਹਿਬ ਫਰੀਦਕੋਟ ਤੇ ਬੇਦੀ ਸਾਹਿਬ ਦਾ ਹੀ ਖਰਚ ਹੁੰਦਾ ਸੀ । ਗਿ: ਦਿੱਤ ਸਿੰਘ ਜੀ ਨੂੰ ਨਿਰਦੋਸ਼ ਸਮਝ ਕੇ ਸ: ਅਤਰ ਸਿੰਘ ਜੀ ਭਦੌੜ ਅਤੇ ਸ: ਬਿਕ੍ਰਮਾ ਸਿੰਘ ਜੀ ਜਲੰਧਰ ਵਾਲਿਆਂ ਨੇ ਆਪ ਦੀ ਕਾਫੀ ਸਹਾਇਤਾ ਕੀਤੀ ਅਤੇ ਹੌਸਲਾ ਦਿਤਾ ਕਿ ਮੁਕਦਮੇਬਾਜ਼ੀ ਤੋਂ ਡਰ ਕੇ ਸਚਾਈ ਨੂੰ ਹਥੋਂ ਨਹੀਂ ਛਡਣਾ ਚਾਹੀਦਾ । ਇਸ ਮੁਕਾਬਲੇ ਵਿਚ ਕੌਮ ਦਾ ਕਾਫੀ ਰੁਪਇਆ ਅਤੇ ਸਮਾਂ ਖਰਚ ਹੋਇਆ । ਸਿੱਖ ਕੌਮ ਦੇ ਦੋ ਵਡੇ ਧਨੀਆਂ ਰਾਜਾ ਸਾਹਿਬ ਫਰੀਦਕੋਟ ਤੇ ਬੇਦੀ ਖੇਮ ਸਿੰਘ ਜੀ ਨੇ ਨਿਸ਼ਕਾਮ ਪੰਥ ਸੇਵਕਾਂ ਨੂੰ ਸੇਵਾ ਦੇ ਮੈਦਾਨ ਵਿਚੋਂ ਕਢਣ ਲਈ ਵਿਤੋਂ ਵਧ ਜ਼ੋਰ ਲਾਇਆ ਪ੍ਰੰਤੂ

Digitized by Panjab Digital Library | www.panjabdigilib.org

ਗੁਰਬਾਣੀ ਦਾ ਫੁਰਮਾਨ ਹੈ, "ਸਚਹੁ ਓਰੈ ਸਭ ਕੋ ਉਪਰ ਸਚ ਆਚਾਰ" ਸਚਾਈ ਸਭ ਤੋਂ ਉਚੀ ਚੀਜ਼ ਹੈ। ਧਨ ਤੇ ਰਾਜਸੀ ਤਾਕਤ ਆਦਿਕ ਸਾਰੀਆਂ ਚੀਜ਼ਾਂ ਸਚ ਦੀ ਉਚਾਈ ਨੂੰ ਨਹੀਂ ਪਹੁੰਚ ਸਕਦੀਆਂ। ਇਸ ਝਗੜੇ ਨੇ ਇਹ ਗੱਲ ਚੰਗੀ ਤਰਾਂ ਪ੍ਰਗਟ ਕਰ ਦਿਤੀ।

## "ਸਚਿਆਈ ਸੌ ਪੜਦਾ ਪਾੜ ਕੇ ਨਿਕਲਦੀ ਹੈ"

ਜਦ ਸਿੱਖ ਸੰਗਤਾਂ ਨੇ ਵੇਖਿਆ ਕਿ ਪ੍ਰੋ: ਗੁਰਮੁਖ ਸਿੰਘ ਤੇ ਗਿ: ਦਿੱਤ ਸਿੰਘ ਜੀ ਸਚਾਈ ਪਰ ਹਨ ਅਤੇ ਉਨ੍ਹਾਂ ਦੇ ਦਿਨਾਂ ਵਿਚ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣ ਦਾ ਚਾਉ ਤੇ ਉਮਾਹ ਠਾਠਾਂ ਮਾਰ ਰਿਹਾ ਹੈ। ਤਾਂ ਬਹੁਤ ਸਾਰੀਆਂ ਸਿੰਘ ਸਭਾਵਾਂ ਖਾਲਸਾ ਦੀਵਾਨ ਲਾਹੌਰ ਨਾਲ ਸਹਿਮਤ ਹੋ ਗਈਆਂ। ਗਿ: ਦਿੱਤ ਸਿੰਘ ਜੀ ਦੇ ਅਖਬਾਰ ਖਾਲਸਾ ਨੇ ਸਚਾਈ ਅਤੇ ਝੂਠ ਵਿਚ ਨਿਰਣਾ ਕਰਨ ਲਈ ਉਸ ਸਮੇਂ ਬਹੁਤ ਸੋਹਣੀ ਰੌਸ਼ਨੀ ਪਾਈ। ਇਸ ਅਖਬਾਰ ਦੀ ਅਸ਼ਾਇਤ ਭੀ ਵਧ ਗਈ ਸੀ। ਪਹਿਲੇ ਸਾਲ ਦੇ ਅੰਤ ਵਿਚ ਖਾਲਸਾ ਅਖਬਾਰ ਨੇ ਆਪਣੀ ਸੇਵਾ ਦਾ ਵੇਰਵਾ ਦੇਂਦਿਆਂ ਹੋਇਆਂ ਲਿਖਿਆ:—

੧. ਖਾਲਸਾ ਕੌਮ ਦੇ ਪੋਪਾਂ ਨੂੰ ਡਰ ਅਤੇ ਦਾਸ ਗੁਰੂ ਜੀ ਦੇ ਸਿੰਘਾਂ ਨੂੰ ਹੁਲਾਸ ਅਤੇ ਦ੍ਰਿੜਤਾ ਪੈਦਾ ਹੋ ਗਈ ਹੈ। ਜਿਵੇਂ ਜੰਮੇ ਹੋਏ ਦੁਧ ਵਿਚ ਮਧਾਣੀ ਪਾ ਕੇ ਰਿੜਕਣ ਨਾਲ ਮੱਖਣ ਤੇ ਛਾਹ ਅੱਡ ਹੋ ਜਾਂਦੇ ਹਨ ਇਸ ਪ੍ਰਕਾਰ ਖੁਦਗਰਜ਼ ਅਤੇ ਗੁਰੂ ਕੇ ਸਿੱਖ ਅੱਡ ਅੱਡ ਨਿਤ੍ਰਦੇ ਜਾਂਦੇ ਹਨ ਆਦਿ।

੨. ਜਨਮ ਸੰਸਕਾਰ ਖਾਲਸਾ ਧਰਮ ਅਨਸਾਰ ਹੋਣ ਲਗ ਪਏ ਹਨ।

੩. ਪੰਜ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖਾਲਸਾ ਧਰਮ ਅਨਸਾਰ ਹੋਏ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਦਿਨੋ ਦਿਨ ਪ੍ਰੀਤੀ ਵਧਦੀ ਜਾ ਰਹੀ ਹੈ। ਕੌਮੀ ਮੁਹਬਤ ਹਰ ਇਕ ਸਿੰਘ ਦੇ ਦਿਲ ਵਿਚ ਪੈਦਾ ਹੋ ਗਈ ਹੈ।

੫. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਦਰਸ਼ਨੀ ਦਰਵਾਜ਼ੇ ਪਰ ਮੂਰਤੀਆਂ ਦਾ ਲਗਣਾਂ ਇਸ ਪਤ੍ਰ ਦੀ ਪ੍ਰਾਰਥਨਾ ਨੇ ਹਟਾਇਆ ਹੈ ਅਤੇ ਜੋ ਬੁਤ ਪ੍ਰਸਤੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾਂ ਵਿਚ ਹੁੰਦੀ ਸੀ। ਉਹ ਭੀ ਇਸ ਪਤ੍ਰ ਦੀ ਪਰਾਰਥਨਾ ਨਾਲ ਘਟ ਗਈ ਹੈ।

੬. ਸਭ ਤੋਂ ਵਧਕੇ ਇਸ ਪਤਰ ਨੇ ਇਹ ਕੰਮ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੋ ਗੁਦੈਲਾ ਵਿਛਾਇਆ ਜਾਂਦਾ ਸੀ ਉਹ ਇਸ ਦੇ ਉਪਦੇਸ਼ ਕਰਕੇ ਉਠਾ ਦਿਤਾ ਗਿਆ ਹੈ।

ਇਸ ਰੀਪੋਰਟ ਤੋਂ ਪਰਗਟ ਹੁੰਦਾ ਹੈ ਕਿ ਖਾਲਸਾ ਅਖ਼ਬਾਰਾਂ ਦੀ ਆਵਾਜ ਦਾ ਕਿਨਾ ਪਰਭਾਵ ਸੀ। ਭਾਵੇਂ ਸ੍ਰੀ ਅੰਮਿਰਤਸਰ ਦੇ ਪੁਜਾਰੀ ਬਾਬਾ ਖੇਮ ਸਿੰਘ ਤੇ ਰਾਜਾ ਸਾਹਿਬ ਫਰੀਦਕੋਟ

Digitized by Panjab Digital Library | www.panjabdigilib.org

ਦੀ ਸਹਾਇਤਾ ਕਰਕੇ ਪੰਥ ਸੇਵਕਾਂ ਦੀਆਂ ਸਲਾਹਾਂ ਦੀ ਘਟ ਹੀ ਪਰਵਾਹ ਕਰਦੇ ਸਨ ਪਰੰਤੂ ਸਿੰਘਾਂ ਵਿਚ ਉਸ ਸਮੇਂ ਜੋ ਜਾਗਰਤਾ ਆ ਰਹੀ ਸੀ ਉਸਦਾ ਸਦਕਾ ਪੁਜਾਰੀਆਂ ਨੂੰ ਭੀ ਕੁਝ ਨਾ ਕੁਝ ਸੁਧਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ। ਸਭ ਤੋਂ ਵਡਾ ਮੋਰਚਾ ਛੂਤ ਛਾਤ ਹਟਾਉਣ ਦਾ ਸੀ ਜੋ ਅਜੇ ਤਕ ਫਤਹਿ ਨਹੀਂ ਸੀ ਹੋਇਆ। ਖਾਲਸਾ ਦੀਵਾਨ ਲਾਹੌਰ ਨਾਲ ਬਹੁਤ ਸਾਰੀਆਂ ਨਵੀਆਂ ਸਿੰਘ ਸਭਾਵਾਂ ਸਬੰਧਤ ਹੋ ਗਈਆਂ ਸਨ ਜਿਨ੍ਹਾਂ ਵਿਚੋਂ ਰਾਜਪੁਰਾ, ਖੰਨਾ, ਦਾਉਦਪੁਰ, ਸਲੌਦੀ, ਚਮਕੌਰ ਸਾਹਿਵ, ਰੋਪੜ, ਫੀਰੋਜ਼ਪੁਰ, ਮੋਦੇ, ਸਿਆਲ ਕੋਟ, ਭਿੰਡਰ ਆਦਿਕ ਦੇ ਨਾਮ ਵਰਨਣ ਕਰਨ ਯੋਗ ਹਨ। ਇਥੇ ਇਹ ਪਰਗਟ ਕਰਨਾ ਭੀ ਜ਼ਰੂਰੀ ਹੈ ਕਿ ਉਸ ਸਮੇਂ ਖਾਲਸਾ ਦੀਵਾਨ ਲਹੌਰ ਦੇ ਔਹਦੇਦਾਰ ਕਿਹੜੇ ੨ ਸਜਨ ਸਨ ਃ

ਪ੍ਰਧਾਨਃ— ਸ: ਅਤਰ ਸਿੰਘ ਜੀ ਰਈਸ ਭਦੌੜ।

ਮੀਤ ਪਰਧਾਨਃ— ਸ: ਧਰਮ ਸਿੰਘ ਜੀ ਘਰਜਾਖ, ਸ: ਗੁਰਦਿਤ ਸਿੰਘ ਜੀ ਆਨਰੇਰੀ ਮਜਿਸਟਰੇਟ ਅੰਮਿਰਤਸਰ, ਭਾਃ ਗੁਰਦਿਤ ਸਿੰਘ ਜੀ ਰਈਸ ਲਹੌਰ।

ਚੀਫ ਸਕਤਰਃ— ਭਾਃ ਗੁਰਮੁਖ ਸਿੰਘ ਜੀ ਪਰੋਫੈਸਰ ਓਰੀਐਂਟਲ ਕਾਲਜ ਲਹੌਰ।

ਜਾਇੰਟ ਸਕਤ੍ਰਃ— ਭਾਈ ਮਈਆ ਸਿੰਘ ਪੰਜਾਬ ਬੁਕ ਡਿਪੋ।

ਅਸਿਸਟੈਂਟ ਸਕਤ੍ਰਃ— ਭਾਈ ਬਿਸ਼ਨ ਸਿੰਘ ਜੀ। ਭਾਈ ਤੇਜਾ ਸਿੰਘ ਜੀ ਦਫਤਰ ਅਕਾਊਂਟੈਂਟ ਜਨਰਲ।

ਖਜ਼ਾਨਚੀਃ— ਭਾਈ ਨਿਕਾ ਸਿੰਘ ਜੀ ਦਫਤਰ ਸਿਵਲ ਮਿਲਟਰੀ ਗਜ਼ਟ ਲਹੌਰ।

ਜ਼ੁਮੇਵਾਰ ਫੰਡਃ— ਸ: ਪਰਤਾਪ ਸਿੰਘ ਜੀ ਦੀਵਾਨ ਪਟਿਆਲਾ।
ਸ: ਪਰਤਾਪ ਸਿੰਘ ਜੀ ਵਜ਼ੀਰ ਨਾਭਾ।
ਸ: ਗੁਰਦਿਤ ਸਿੰਘ ਜੀ ਅੰਮ੍ਰਿਤਸਰ।
ਸ: ਜਵਾਹਰ ਸਿੰਘ ਜੀ ਕਪੂਰਥਲਾ।

ਕਾਰਜ ਸਾਧਕ ਕਮੇਟੀ ਦੇ ਪਰਧਾਨ ਸ: ਧਰਮ ਸਿੰਘ ਜੀ ਘਰ ਜਾਖ ਸਨ ਅਤੇ ਸਹਾਇਕ ਵਿਚ ਬਾਬੂ ਚੰਦਾ ਸਿੰਘ ਜੀ ਵਕੀਲ ਫੀਰੋਜ਼ਪੁਰ, ਤੇ ਗਿਃ ਦਿਤ ਸਿੰਘ ਆਦਿ ਭੀ ਸਨ। ਇਨ੍ਹਾਂ ਸਾਰਿਆਂ ਸੇਵਕਾਂ ਨੇ ਲਿਖਕੇ ਅਤੇ ਬੋਲਕੇ ਸਿਖ ਕੌਮ ਨੂੰ ਠੀਕ ਰਾਹ ਪਰ ਤੋਰਨ ਦਾ ਜਤਨ ਕੀਤਾ ਅਤੇ ਆਪਣੇ ਸਮੇਂ ਵਿਚ ਬਹੁਤ ਸੋਹਣਾ ਕੰਮ ਕੀਤਾ। ਪਰੋਫੈਸਰ ਗੁਰਮੁਖ ਸਿੰਘ ਜੀ ਦੀ ਹਿੰਮਤ ਨਾਲ ਇਕ ਖਾਲਸਾ ਪਰੈਸ ਕਾਇਮ ਹੋਇਆ ਸੀ ਜੋ ਪਿਛੋਂ ਖਾਲਸਾ ਦੀਵਾਨ ਨੂੰ ਦਿਤਾ ਗਿਆ ਅਤੇ ਜਿਸ ਵਿਚ ਅਖਬਾਰ, ਰਸ ਲੇ, ਤੇ ਗੁਰਮਤਿ ਦੀਆਂ ਪੁਸਤਕਾਂ ਛਾਪ ਕੇ ਮੁਫਤ ਵੰਡੀਆਂ ਜਾਂਦੀਆਂ ਰਹੀਆਂ। ਪਰੈਸ ਨੂੰ ਜਾਰੀ ਰਖਣ ਲਈ ਇਕ ਪਰੈਸ ਕਮੇਟੀ ਬਣੀ ਹੋਈ ਸੀ ਅਤੇ ਗੁਰਮੁਖੀ ਹਿੰਦੀ ਤੇ ਅੰਗਰੇਜ਼ੀ ਦੀ ਛਪਾਈ ਲਈ ਅਡ ਅਡ ਸਲਾਹਕਾਰ ਨੀਯਤ ਕੀਤੇ ਗਏ ਸਨ। ਗੁਰਮੁਖੀ ਛਪਾਈ ਦੇ ਕੰਮ ਲਈ ਭਾਃ ਕਾਹਨ ਸਿੰਘ ਜੀ ਨਾਭਾ ਭਾਃ ਗੁਰਮੁਖ ਸਿੰਘ ਤੇ ਭਾਈ ਪ੍ਰੇਮ ਸਿੰਘ ਜੀ ਦੀ ਸਲਾਹਕਾਰ ਕਮੇਟੀ ਸੀ।

Digitized by Panjab Digital Library | www.panjabdigilib.org

ਅੰਗਰੇਜ਼ੀ ਦੀ ਛਪਾਈ ਵਾਸਤੇ ਮਿਃ ਜੇ ਕੈਂਬਲ ਪਰੋਫੈਸਰ ਸਾਇੰਸ ਗੌਰਮੈਂਟ ਕਾਲਜ ਲਹੌਰ ਤੇ ਸੋਢੀ ਸੁਜਾਨ ਸਿੰਘ ਜੀ ਬੀ. ਏ. ਪਟਿਆਲਾ ਦੀ ਕਮੇਟੀ ਬਣੀ ਹੋਈ ਸੀ ਅਤੇ ਅੰਗਰੇਜ਼ੀ ਚਿ ਤਰਜਮੇ ਕਰਨ ਦੀ ਸੇਵਾ ਮਿਃ ਐਮ. ਮੈਕਾਲਫ ਸਾਹਿਬ ਦੇ ਸਪੁਰਦ ਸੀ। ਖਾਲਸਾ ਦੀਵਾਨ ਲਹੌਰ ਨੇ ਸਿਖ ਧਰਮ ਨੂੰ ਹਿੰਦੂ ਧਰਮ ਵਿਚ ਜਜ਼ਬ ਹੋਣ ਤੋਂ ਬਚਾਉਣ ਲਈ ਬੜਾ ਸ਼ਲਾਘਾ ਯੋਗ ਕੰਮ ਕੀਤਾ ਅਤੇ ਅਨਮਤੀਆਂ ਦੇ ਹਮਲਿਆਂ ਦਾ ਮੂੰਹ ਤੋੜ ਉਤਰ ਦਿਤਾ। ਬਹੁਤ ਸਾਰੀਆਂ ਪੁਸਤਕਾਂ ਪਰਕਾਸ਼ਤ ਹੋਈਆਂ ਜਿਨ੍ਹਾਂ ਦੇ ਮੋਢੀ ਲਿਖਾਰੀਆਂ ਵਿਚੋਂ ਗਿਃ ਦਿਤ ਸਿੰਘ ਜੀ, ਭਾਃ ਗੁਰਮੁਖ ਸਿੰਘ ਜੀ, ਮਿਃ ਮੈਕਾਲਫ ਸਾਹਿਬ ਅਤੇ ਭਾਈ ਕਾਹਨ ਸਿੰਘ ਜੀ ਨਾਭਾ ਦੇ ਨਾਮ ਵਰਣਨ ਯੋਗ ਹਨ।

ਖਾਲਸਾ ਦੀਵਾਨ ਲਹੌਰ ਨੇ ਪੰਥ ਦੀ ਜੋ ਸ਼ਾਨਦਾਰ ਸੇਵਾ ਕੀਤੀ ਉਸਦਾ ਮੋਟਾ ਮੋਟਾ ਵੇਰਵਾ ਉਪਰ ਆ ਚੁਕਿਆ ਹੈ ਪਰੰਤੂ ਦੀਵਾਨ ਨੇ ਸਭ ਤੋਂ ਵਧ ਸ਼ਾਨਦਾਰ ਕੰਮ ਇਹ ਕੀਤਾ ਕਿ ਖਾਲਸਾ ਕਾਲਜ ਅਮਿਰਤਸਰ ਬਣਾਇਆ ਅਤੇ ਮਿਃ ਮੈਕਾਲਫ ਸਾਹਿਬ ਨੂੰ ਪਰੇਰਣਾ ਕਰਕੇ ਸਿਖ ਇਤਹਾਸ ਅੰਗਰੇਜ਼ੀ ਵਿਚ ਲਿਖਵਾਇਆ। ਇਨ੍ਹਾਂ ਦੋ ਵਡੇ ਕੰਮਾਂ ਬਾਰੇ ਇਥੇ ਥੋੜਾ ਜਿਹਾ ਵਿਸਥਾਰ ਕਰਨਾ ਜ਼ਰੂਰੀ ਹੈ।

## ਮੈਕਾਲਫ ਸਾਹਿਬ ਦਾ ਇਤਹਾਸ

ਮਿ: ਮੈਕਾਲਫ ਸਾਹਿਬ ਆਇਰਲੈਂਡ ਵਿਚ ਪੈਦਾ ਹੋਏ। ਆਪ ਦਾ ਜਨਮ ੨੬ ਸਤੰਬਰ ਸੰਃ ੧੮੩੭ ਈਃ ਨੂੰ ਆਇਰਲੈਂਡ ਵਿਚ ਹੋਇਆ। ਵਿਦਿਆ ਪ੍ਰਾਪਤ ਕਰਕੇ ਆਪ ਨੇ ਆਈ. ਸੀ. ਐਸ. ਦਾ ਇਮਤਿਹਾਨ ਇੰਗਲੈਂਡ ਵਿਚ ਪਾਸ ਕੀਤਾ ਅਤੇ ਸਰਕਾਰ ਅੰਗਰੇਜ਼ੀ ਦੇ ਹੁਕਮ ਅਨੁਸਾਰ ਪੰਜਾਬ ਚਿ ਡਿਪਟੀ ਕਮਿਸ਼ਨਰ ਲਗ ਗਏ। ਕੁਝ ਸਾਲ ਡਿਪਟੀ ਕਮਿਸ਼ਨਰ ਰਹਿਕੇ ਪਿਛੋਂ ਆਪ ਡਵੀਯਨਲ ਜਜ ਬਣ ਗਏ।

ਮਿਃ ਮੈਕਾਲਫ ਸਾਹਿਬ ਬੜੇ ਵਿਦਵਾਨ ਸਨ। ਆਪ ਜੀ ਦੀਆਂ ਰੁਚੀਆਂ ਲਿਖਣ ਵਲ ਹੀ ਲਗੀਆਂ ਰਹਿੰਦੀਆਂ ਸਨ। ਲਹੌਰ ਵਿਚ ਆਪ ਜੀ ਨੂੰ ਪਰੋਫੈਸਰ ਗੁਰਮੁਖ ਸਿੰਘ ਜੀ ਅਤੇ ਗਿਃ ਦਿਤ ਸਿੰਘ ਜੀ ਆਦਿਕ ਸਿਖ ਵਿਦਵਾਨਾਂ ਦੀ ਸੰਗਤ ਹੋਈ ਜਿਸ ਤੋਂ ਸਿਖ ਧਰਮ ਨੂੰ ਪੜ੍ਹਨ ਤੇ ਸਮਝਣ ਦਾ ਅਵਸਰ ਮਿਲਿਆ। ਸਿਖ ਧਰਮ ਦਾ ਆਪ ਪਰ ਬਹੁਤ ਪ੍ਰਭਾਵ ਪਿਆ। ਸਿਖ ਇਤਹਾਸ ਨੂੰ ਆਪ ਦੁਨੀਆਂ ਦੀਆ ਸਭ ਕੌਮਾਂ ਤੋਂ ਵਧ ਮਹਾਨਤਾ ਭਰਿਆ ਸਮਝਦੇ ਸਨ। ਸਿਖਾਂ ਨੇ ਇਤਹਾਸ ਬਨਾਉਣ ਵਿਚ ਕਮਾਲ ਕਰ ਦਿਤੀ ਪ੍ਰੰਤੂ ਉਨ੍ਹਾਂ ਪਾਸ ਇਤਹਾਸ ਨੂੰ ਸੋਹਣੇ ਢੰਗ ਨਾਲ ਲਿਖਣ ਵਾਲੇ ਵਿਦਵਾਨ ਨਹੀਂ ਸਨ। ਮਿਃ ਮੈਕਾਲਫ ਸਾਹਿਬ ਦੇ ਦਿਲ ਵਿਚ ਸਿਖ ਪੰਥ ਦੀ ਕਲਮ ਦਵਾਰਾ ਸੇਵਾ ਕਰਨ ਦਾ ਖਿਆਲ ਪੈਦਾ ਹੋਇਆ। ਪਹਿਲਾਂ ਤਾਂ ਆਪ ਨੌਕਰੀ ਕਰਦੇ ਹੋਏ ਹੀ ਸਿਖ ਧਰਮ ਸਬੰਧੀ ਵਾਕਫੀਅਤ ਕਰਦੇ ਰਹੇ ਅਤੇ ਸਿਖ ਵਿਦਵਾਨਾਂ ਦੀ ਸੰਗਤ ਤੋਂ ਲਾਭ ਉਠਾਉਂਦੇ ਰਹੇ ਪਰੰਤੂ ਜਦੋਂ ਆਪ ਜੀ ਨੂੰ ਖੋਜ ਦੇ ਕੰਮ ਵਿਚ ਬਹੁਤ ਸੁਆਦ ਆਉਣ ਲਗ ਪਿਆ ਤਾਂ ਆਪ ਜੀ ਨੇ ਨੌਕਰੀ ਛਡ ਦਿਤੀ ਅਤੇ ਸਾਰਾ ਵਕਤ ਸਿਖ ਕੌਮ ਦੀ ਸੇਵਾ ਵਿਚ ਲਗਾਉਣ ਲਗ ਪਏ। ਸਿਖ ਵਿਦਵਾਨਾਂ ਨੇ ਆਪ ਜੀ ਨੂੰ ਪਰੇਰਨਾ ਕੀਤੀ ਕਿ ਸਿਖ ਇਤਹਾਸ ਅੰਗਰੇਜ਼ੀ ਵਿਚ ਲਿਖਿਆ ਜਾਵੇ ਤਾਂਕਿ ਅੰਗਰੇਜ਼ੀ ਪੜ੍ਹੇ ਲਿਖੇ ਲੋਕ ਸਿਖ ਇਤਹਾਸ ਤੋਂ

Digitized by Panjab Digital Library | www.panjabdigilib.org

ਜਾਣੂ ਹੋਣ। ਇਥੇ ਇਹ ਗਲ ਭੀ ਸਮਝ ਲੈਣੀ ਜ਼ਰੂਰੀ ਹੈ ਕਿ ਇਸ ਤੋਂ ਪਹਿਲਾਂ ਫਾਰਸੀ, ਉਰਦੂ, ਹਿੰਦੀ ਤੇ ਪੰਜਾਬੀ ਬੋਲੀ ਵਿਚ ਲਿਖੀਆਂ ਹੋਈਆਂ ਸਿਖ ਇਤਹਾਸ ਦੀਆਂ ਪੁਸਤਕਾਂ ਤਾਂ ਮਿਲ ਸਕਦੀਆਂ ਸਨ ਪਰੰਤੂ ਅੰਗਰੇਜ਼ੀ ਵਿਚ ਸਿਖ ਇਤਹਾਸ ਦੀ ਕੋਈ ਖਾਸ ਪੁਸਤਕ ਨਹੀਂ ਸੀ। ਅੰਗਰੇਜ਼ੀ ਬੋਲੀ ਦਾ ਪਰਭਾਵ ਹਿੰਦੋਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਵਧ ਰਿਹਾ ਸੀ ਇਸ ਕਰਕੇ ਸਿਖ ਵਿਦਵਾਨਾਂ ਨੇ ਐਨ ਸਮੇਂ ਸਿਰ ਇਹ ਵਿਚਾਰ ਕੀਤੀ ਕਿ ਅੰਗਰੇਜ਼ੀ ਵਿਚ ਸਿਖ ਇਤਹਾਸ ਲਿਖਾਉਣਾ ਜ਼ਰੂਰੀ ਹੈ।

ਮਿ: ਮੈਕਾਲਫ ਨਾਲੋਂ ਯੋਗ ਸਜਣ ਉਸ ਸਮੇਂ ਹੋਰ ਕੋਈ ਨਹੀਂ ਮਿਲਦਾ ਸੀ ਅਤੇ ਖਾਸ ਗਲ ਇਹ ਸੀ ਕਿ ਮੈਕਾਲਫ ਸਾਹਿਬ ਦੇ ਦਿਲ ਵਿਚ ਪੰਥ ਦੀ ਸੇਵਾ ਕਰਨ ਦੀ ਕਾਫੀ ਲਗਨ ਸੀ। ਸਿਖ ਧਰਮ ਦੇ ਸਮਝਣ ਲਈ ਮਿ: ਮੈਕਾਲਫ ਸਾਹਿਬ ਨੇ ਮਹਾਰਾਜਾ ਸਾਹਿਬ ਨਾਭਾ ਪਾਸ ਬੇਨਤੀ ਕਰਕੇ ਭਾਈ ਕਾਹਨ ਸਿੰਘ ਜੀ ਪਾਸੋਂ ਵਸ਼ੇਸ਼ ਸਿਖਿਆ ਲੈਣ ਦੀ ਪ੍ਰਵਾਨਗੀ ਲੈ ਲਈ ਅਤੇ ਆਪ ਕੁਝ ਚਿਰ ਲਈ ਨਾਭੇ ਚਲੇ ਗਏ। ਭਾਈ ਕਾਹਨ ਸਿੰਘ ਜੀ ਦੀ ਸੰਗਤ ਨਾਲ ਆਪ ਜੀ ਨੂੰ ਖੋਜ ਕਰਨ ਦਾ ਹੋਰ ਭੀ ਉਤਸ਼ਾਹ ਪੈਦਾ ਹੋਇਆ ਅਤੇ ਆਪ ਨੇ ਆਪਣਾ ਜੀਵਨ ਮਨੋਰਥ ਹੀ ਖੋਜ ਕਰਕੇ ਪੁਸਤਕਾਂ ਲਿਖਣੀਆ ਬਣਾ ਲਿਆ। ਸਿਖ ਧਰਮ ਬਾਰੇ ਲਿਖੀ ਆਪ ਦੀ "ਸਿਖ ਰਿਲੀਜਨ" (ਅੰਗਰੇਜ਼ੀ) ਪੁਸਤਕ ਬਹੁਤ ਪ੍ਰਸਿਧ ਹੋਈ। ਖੋਜ ਕਰਦਿਆਂ ਹੋਇਆਂ ਮਿਸਟਰ ਮੈਕਾਲਫ ਸਾਹਿਬ ਨੂੰ ਇਕ ਪੁਰਾਤਨ ਜਨਮ ਸਾਖੀ ਮਿਲੀ ਜਿਸ ਨੂੰ ਸਿਖ ਵਿਦਵਾਨਾਂ ਨੇ ਸੋਧ ਕੇ ਛਾਪਿਆ। ਇਹ ਭੀ ਬਹੁਤ ਚੰਗੀ ਇਤਹਾਸਕ ਪੁਸਤਕ ਹੈ ਜੋ ਮਿ: ਮੈਕਾਲਫ ਸਾਹਿਬ ਦੀ ਖੋਜ ਦਾ ਹੀ ਫਲ ਹੈ। ਇਸ ਸਮੇਂ ਵਿਚ ਖਾਲਸਾ ਦੀਵਾਨ ਲਾਹੌਰ ਤੇ ਮਹਾਰਾਜਾ ਸਾਹਿਬ ਨਾਭਾ ਆਦਿ ਮਿ: ਮੈਕਾਲਫ ਸਾਹਿਬ ਦੀ ਮਾਲੀ ਸਹਾਇਤਾ ਕਰਦੇ ਰਹੇ। ਗਿ: ਦਿਤ ਸਿੰਘ ਜੀ, ਭਾਈ ਹਜ਼ਾਰਾ ਸਿੰਘ ਜੀ ਗਿਆਨੀ ਸਰਦੂਲ ਸਿੰਘ ਜੀ ਤੇ ਭਾਈ ਸੰਤ ਸਿੰਘ ਜੀ ਗਿਆਨੀ ਆਪ ਨੂੰ ਸਲਾਹ ਮਸ਼ਵਰਾ ਦਿੰਦੇ ਰਹੇ। ਇਸ ਪਰਕਾਰ ਸਿਖ ਵਿਦਵਾਨਾਂ ਨੇ ਮਿ: ਮੈਕਾਲਫ ਸਾਹਿਬ ਤੋਂ ਯੋਗ ਸੇਵਾ ਲਈ। ਅੰਤ ਵਿਚ ਮਹਾਨ ਖੋਜੀ ਵਿਦਵਾਨ ੧੫ ਮਾਰਚ ੧੯੧੩ ਨੂੰ ਚੜ੍ਹਾਈ ਕਰ ਗਏ। ਦੁਖ ਦੀ ਗਲ ਹੈ ਕਿ ਮਿਸਟਰ ਮੈਕਾਲਫ ਸਾਹਿਬ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਜੋ ਟੀਕਾ ਅਰੰਭ ਕੀਤਾ ਸੀ ਉਹ ਸੰਪੂਰਨ ਨ ਹੋ ਸਕਿਆ। ਸਿਖ ਕੌਮ ਨੇ ਭੀ ਇਸ ਵਿਦਵਾਨ ਦੀ ਉਹ ਕਦਰ ਨਹੀਂ ਪਾਈ ਜੋ ਪਾਉਣੀ ਚਾਹੀਦੀ ਸੀ।

## ਕੁਰਬਾਨੀ ਦੀ ਕਦਰ ਕਰਨਾ ਹਰ ਸਿਖ ਦਾ ਫਰਜ਼ ਹੈ

ਚੀਫ ਖਾਲਸਾ ਦੀਵਾਨ ਦੀ ਸਾਜਨਾ ਤੇ ਇਸ ਕੰਮ ਨੂੰ ਚਾਲੂ ਰਖਣ ਸਬੰਧੀ ਸਵਰਗਵਾਸੀ ਸ: ਸੁੰਦਰ ਸਿੰਘ ਜੀ ਮਜੀਠੀਆ ਦੇ ਖਾਨਦਾਨ ਦੀ ਸੇਵਾ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਆਪ ਜੀ ਨਰਮ ਖਿਆਲੀਏ ਸਨ ਪਰੰਤੂ ਇਹ ਗਲ ਤਾਂ ਹਰ ਸਮਝਦਾਰ ਸਿਖ ਅਨਭਵ ਕਰਦਾ ਰਿਹਾ ਹੈ। ਕਿ ਆਪ ਦੇ ਦਿਲ ਵਿਚ ਸਿਖ ਕੌਮ ਦੀ ਉਨਤੀ ਦਾ ਖਿਆਲ ਕੁਟ ਕੁਟ ਕੇ ਭਰਿਆ ਹੋਇਆ ਸੀ ਅਤੇ ਆਪ ਨੇ ਆਪਣੇ ਢੰਗ ਨਾਲ ਸਿਖ ਕੌਮ ਦੀ ਵਰਤਮਾਨ ਯੋਗ ਸੇਵਾ ਕੀਤੀ। ਚੀਫ ਖਾਲਸਾ ਦੀਵਾਨ ਦੀ ਵਿਦਿਅਕ ਤੇ ਧਾਰਮਿਕ ਸੇਵਾ ਭੀ ਪ੍ਰਸੰਸਾ ਕਰਨ ਯੋਗ ਹੈ। ੧੯੦੩ ਤੋਂ ਅਜ ਤਕ ਇਹ ਪੰਥਕ ਜਥੇਬੰਦੀ ਅਨ ਪੜ੍ਹਤਾ ਵਿਰੁਧ ਜਦੋ-ਜਹਿਦ ਕਰਦੀ ਆ ਰਹੀ ਹੈ। ੧੯੦੮ ਵਿਚ ਐਜੂਕੇਸ਼ਨਲ ਕਾਨਫਰੰਸ ਦਾ

Digitized by Panjab Digital Library | www.panjabdigilib.org

ਅਰੰਭ ਹੋਇਆ ਜੋ ਹਰ ਸਾਲ ਸਿਖਾਂ ਵਿਚ ਵਿਦਿਅਕ ਪ੍ਰਚਾਰ ਲਈ ਨਵਾਂ ਉਤਸ਼ਾਹ ਤੇ ਉਮਾਹ ਪੈਦਾ ਕਰਦੀ ਹੈ। ਇਸ ਤੋਂ ਬਿਨਾਂ ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਕਈ ਆਸ਼ਰਮ ਭੀ ਚਲ ਰਹੇ ਹਨ, ਜਿਨ੍ਹਾਂ ਨੇ ਸਿਖ ਪੰਥ ਦੀ ਉਨਤੀ ਵਿਚ ਸ਼ਾਨਦਾਰ ਹਿਸਾ ਪਾਇਆ ਹੈ।

ਸਿਖੀ ਰਹਿਤ ਮਰਯਾਦਾ ਕਾਇਮ ਰਖਣ ਤੇ ਸਿਖੀ ਦਾ ਪਰਚਾਰ ਕਰਨ ਹਿਤ ਭੀ ਚੀਫ ਖਾਲਸਾ ਦੀਵਾਨ ਪ੍ਰਚਾਰਕ ਰਖ ਕੇ ਸ਼ਲਾਘਾ ਯੋਗ ਉਦਮ ਕਰਦਾ ਹੈ। ਭਾਵੇਂ ਉਸ ਦੇ ਪਰਚਾਰ ਕਰਨ ਦੇ ਢੰਗ ਨਾਲ ਕਿਸੇ ਨੂੰ ਕੋਈ ਮਤ ਭੇਦ ਹੋਵੇ ਪਰੰਤੂ ਆਪਣੇ ਨੀਯਤ ਕੀਤੇ ਪਰੋਗਰਾਮ ਅਨੁਸਾਰ ਦੀਵਾਨ ਨੇ ਆਪਣੇ ਯਤਨ ਹਮੇਸ਼ਾ ਜਾਰੀ ਰਖੇ ਹਨ। ਇਸ ਕਰਕੇ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਸਿੰਘ ਸਭਾ ਲਹਿਰ ਦੇ ਜਾਰੀ ਕੀਤੇ ਕੰਮ ਨੂੰ ਚੀਫ ਖਾਲਸਾ ਦੀਵਾਨ ਨੇ ਸੋਹਣੇ ਢੰਗ ਨਾਲ ਹੁਣ ਤਕ ਜਾਰੀ ਰਖਿਆ ਹੈ।

ਗੁਰਮਤਿ ਲਿਟ੍ਰੇਚਰ ਤਿਆਰ ਕਰਵਾਉਣ ਤੇ ਛਪਵਾਉਣ ਵਿਚ ਭੀ ਚੀਫ ਖਾਲਸਾ ਦੀਵਾਨ ਦਾ ਬੜਾ ਸ਼ਾਨਦਾਰ ਹਿੱਸਾ ਹੈ। ਭਾਈ ਸਾਹਿਬ ਡਾ: ਵੀਰ ਸਿੰਘ ਜੀ ਦੀ ਅੰਮ੍ਰਿਤ ਮਈ ਲੇਖਣੀ ਨੇ ਚੀਫ ਖਾਲਸਾ ਦੀਵਾਨ ਦੇ ਇਸ ਉਦਮ ਨੂੰ ਸਾਰੇ ਸਿੱਖ ਜਗਤ ਵਿਚ ਉਘਾ ਕਰ ਦਿਤਾ ਹੈ। ਦੀਵਾਨ ਨੇ ਕਈ ਮਨੋਹਰ ਸ਼ਖਸੀਅਤਾਂ ਪੰਥ ਦੇ ਸਾਹਮਣੇ ਲਿਆਂਦੀਆਂ ਜਿਨ੍ਹਾਂ ਵਿਚੋਂ ਸੁਰਗਵਾਸੀ ਸ: ਹਰਬੰਸ ਸਿੰਘ ਜੀ ਅਟਾਰੀ, ਸੰਤ ਸੰਗਤ ਸਿੰਘ ਜੀ ਕਮਾਲੀਆ, ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਰਾਗੀ, ਆਦਿ ਦੇ ਨਾਮ ਖਾਸ ਤੌਰ ਪਰ ਵਰਨਣ ਕਰਨ ਯੋਗ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਦੀਵਾਨ ਨੇ ਸਿੰਧ ਵਿਚ ਸਿਖੀ ਪ੍ਰਚਾਰ ਕਰਨ ਵੱਲ ਜੋ ਧਿਆਨ ਦਿੱਤਾ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਿੰਧ ਦੇ ਕੋਨੇ ਕੋਨੇ ਵਿਚ ਫੈਲ ਗਿਆ। ਇਹ ਭੀ ਦੀਵਾਨ ਦੀ ਖਾਸ ਵਰਣਨ ਯੋਗ ਪੰਥਕ ਸੇਵਾ ਹੈ।

## ਚੀਫ਼ ਖਾਲਸਾ ਦੀਵਾਨ ਦੀ ਸੇਵਾ

ਸਿੰਘ ਸਭਾ ਲਹਿਰ ਦਾ ਇਤਹਾਸ ਪੜਨੇ ਪਰ ਇਸ ਸਿੱਟੇ ਪਰ ਪੁਜਦੇ ਹਨ ਕਿ ਇਸ ਲਹਿਰ ਨੇ ਈਸਾਈ ਧਰਮ ਦੇ ਪ੍ਰਚਾਰ ਤੇ ਆਰੀਆ ਸਮਾਜ ਦੇ ਸਿੱਖ ਧਰਮ ਵਿਰੋਧੀ ਪ੍ਰਾਪੇਗੰਡੇ ਦਾ ਬੜੀ ਸਫਲਤਾ ਨਾਲ ਟਾਕਰਾ ਕੀਤਾ। ਗੁਰਮਤਿ ਦੇ ਪ੍ਰਸਿੱਧ ਖੋਜੀ ਤੇ ਵਿਦਵਾਨ ਗਿ: ਦਿੱਤ ਸਿੰਘ ਜੀ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਆਦਿਕ ਸਜਣਾਂ ਨੇ ਪ੍ਰੈਸ ਤੇ ਪਲੇਟ ਫਾਰਮ ਰਾਹੀਂ ਆਰੀਆ ਸਮਾਜ ਦੇ ਸਿੱਖ ਧਰਮ ਪਰ ਕੀਤੇ ਗਏ ਹਮਲਿਆਂ ਦਾ ਢੁਕਵਾਂ ਉਤਰ ਦਿਤਾ। ਸਿੱਧੇ ਮੈਦਾਨ ਵਿਚ ਆਉਣ ਦੀ ਥਾਂ ਆਰੀਆ ਸਮਾਜੀਆਂ ਨੇ ਹੁਣ ਇਕ ਨਵੀਂ ਚਾਲ ਚਲੀ। ਵਪਾਰੀ ਹੋਣ ਕਰਕੇ ਪੰਜਾਬੀ ਹਿੰਦੂ ਬਹੁਤੇ ਧਨਾਢ ਸਨ ਇਸ ਕਰਕੇ ਉਨ੍ਹਾਂ ਨੇ ਪੰਜਾਬ ਵਿਚ ਵਿਦਯਕ ਸੰਸਥਾ. ਾਂ ਦਾ ਜਾਲ ਫੈਲਾ ਕੇ ਆਪਣੇ ਮੱਤ ਦਾ ਪ੍ਰਚਾਰ ਕਰਨਾ ਚਾਹਿਆ। ਇਸ ਨਵੀਂ ਚਾਲ ਦਾ ਸਿੱਖਾਂ ਪਰ ਬਹੁਤ ਬੁਰਾ ਅਸਰ ਪੈਣ ਲੱਗਾ। ਉਧਰ ਚੋਣਵੇਂ ਆਗੂਆਂ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਖਾਲਸਾ ਦੀਵਾਨ ਲਾਹੌਰ ਤੇ ਅੰਮ੍ਰਿਤਸਰ ਕਮਜ਼ੋਰ ਹੋ ਗਏ। ਸਿੰਘ ਸਭਾ ਲਹਿਰ ਦਾ ਪੈਦਾ ਕੀਤਾ ਉਤਸ਼ਾਹ ਸਿੰਘਾਂ ਵਿਚੋਂ ਘਟਨ ਲਗਾ।

Digitized by Panjab Digital Library | www.panjabdigilib.org

ਇਸ ਚਿੰਤਾ ਜਨਕ ਦਸ਼ਾ ਨੂੰ ਵੇਖਕੇ ਪੰਥ ਦੇ ਸਿਆਣੇ ੨ ਸਜਨਾਂ ਨੇ ਵਿਚਾਰ ਕੀਤੀ ਕਿ ਵਿਦਯਕ ਮੈਦਾਨ ਵਿਚ ਭੀ ਗਵਾਂਢੀ ਕੌਮਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਇਕ ਕੇਂਦਰੀ ਜਥੇਬੰਦੀ ਦੀ ਲੋੜ ਹੈ । ਜੀਵਨ ਦੇ ਦੂਜੇ ਪਹਿਲੂਆਂ ਵਿਚ ਭੀ ਅਗਵਾਈ ਦੀ ਲੋੜ ਸੀ ਇਸ ਕਰਕੇ ਸਾਰੇ ਪੰਥਕ ਮੁਖੀਆਂ ਨੂੰ ਸਦੇ ਪੱਤਰ ਭੇਜ ਕੇ ਮਲਵਈ ਬੁੰਗਾ ਸ੍ਰੀ ਅੰਮ੍ਰਿਤਸਰ ਵਿਚ ਇਕ ਪ੍ਰਤਿਨਿਧ ਇਕੱਠ ਬੁਲਾਇਆ ਗਿਆ ਸਾਰੇ ਮੁਖੀ ਇਸ ਗਲ ਨਾਲ ਸਹਿਮਤ ਸਨ ਕਿ ਸਿੱਖ ਕੌਮ ਨੂੰ ਇਕ ਕੇਂਦਰੀ ਜਥੇਬੰਦੀ ਦੀ ਲੋੜ ਹੈ ਇਸ ਲਈ ੩੦ ਅਕਤੂਬਰ ੧੯੦੨ ਈਸਵੀ ਵਾਲੇ ਦਿਨ ਚੀਫ ਖਾਲਸਾ ਦੀਵਾਨ ਕਾਇਮ ਕੀਤਾ ਗਿਆ* । ੨੯ ਸਿੰਘ ਸਭਾਵਾਂ ਉਸੇ ਦਿਨ ਦੀਵਾਨ ਨਾਲ ਸਬੰਧਤ ਹੋ ਗਈਆਂ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਦਾ ਕੰਮ ਨਵੇਂ ਉਤਸ਼ਾਹ ਨਾਲ ਆਰੰਭ ਹੋਇਆ ।

ਚੀਫ ਖਾਲਸਾ ਦੀਵਾਨ ਕਾਇਮ ਕਰਨ ਦੇ ਮੁਖ ਮਨੋਰਥ ਇਹ ਪਰਗਟ ਕੀਤੇ ਗਏ ਹਨ:—

੧. ਖਾਲਸਾ ਪੰਥ ਦੀ ਆਤਮਕ, ਮਾਨਸਕ, ਸਦਾਚਾਰ, ਵਿਦਯਕ, ਭਾਈਚਾਰਕ ਤੇ ਪਦਾਰਥਕ ਬ੍ਰਿਧੀ ਤੇ ਭਲਾਈ ਲਈ ਉਪਰਾਲਾ ਕਰਨਾ ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਦਵਾਰਾ ਪ੍ਰਚਾਰ ਕਰਨਾ ।

੩. ਗੁਰਬਾਣੀ, ਗੁਰ ਇਤਿਹਾਸ ਤੇ ਪ੍ਰਮਾਣੀਕ ਬਾਣੀਆਂ ਦਾ ਪ੍ਰਚਾਰ ਕਰਨਾ ।

੪. ਪੰਥ ਖਾਲਸਾ ਦੇ

(ੳ) ਰਾਜਸੀ ਹੱਕਾਂ ਦੀ ਰਾਖੀ ਕਰਨਾ ।

(ਅ) ਉਨ੍ਹਾਂ ਨੂੰ ਸਰਕਾਰ ਦੀ ਸੇਵਾ ਵਿਚ ਪ੍ਰਗਟ ਕਰਨਾ ।

(ੲ) ਉਨ੍ਹਾਂ ਦੀ ਪੂਰਨਤਾ ਲਈ ਸਮੇਂ ਸਮੇਂ ਵਿਧਾਨਕ ਢੰਗ ਨਾਲ ਯਤਨ ਕਰਨੇ ।

ਜਿਹਾ ਕਿ ਉਪਰ ਪ੍ਰਗਟ ਕੀਤਾ ਗਿਆ ਹੈ ਆਰੀਆ ਸਮਾਜ ਦੀਆਂ ਵਿਦਯਕ ਸੰਸਥਾਵਾਂ ਰਾਹੀਂ ਸਿੱਖ ਵਿਦਿਆਰਥੀਆਂ ਨੂੰ ਪਤਤ ਕਰਨ ਦੀ ਖਤਰਨਾਕ ਲਹਿਰ ਦਾ ਮੁਕਾਬਲਾ ਕਰਨ ਲਈ ਚੀਫ ਖਾਲਸਾ ਦੀਵਾਨ ਨੇ ਖਾਲਸਾ ਸਕੂਲਾਂ ਤੇ ਕਾਲਜਾਂ ਦੀ ਕਾਇਮੀ ਲਈ ਉਦਮ ਅਰੰਭ ਕੀਤਾ । ਖਾਲਸਾ ਕਾਲਜ ਅੰਮ੍ਰਿਤਸਰ ਜੈਸੀ ਮਹਾਨ ਵਿਦਯਕ ਸੰਸਥਾ ਇਸੇ ਉਦਮ ਦਾ ਨਤੀਜਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕੋਨੇ ਕੋਨੇ ਵਿਚ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਭੀ ਸਿੱਖ ਵਿਦਯਕ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਅਤੇ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਵਿਦਯਕ ਮੈਦਾਨ ਖਾਲਸਾ ਪੰਥ ਗਵਾਂਢੀ ਕੌਮਾਂ ਨਾਲੋਂ ਅੱਗੇ ਲੰਘਿਆ । ਇਹ ਵਿਦਯਕ ਮੁਕਾਬਲਾ ਇਕ ਪਹਿਲੂ ਤੋਂ

*ਚੀਫ ਖਾਲਸਾ ਦੀਵਾਨ ਦੇ ਪਹਿਲੇ ਪ੍ਰਧਾਨ ਭਾ: ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ (ਜ਼ਿਲਾ ਲੁਧਿਆਣਾ) ਅਤੇ ਸਕੱਤ੍ਰ ਸੋਢੀ ਸੁਜਾਨ ਸਿੰਘ ਜੀ ਬੀ. ਏ. ਪਟਿਆਲਾ ਅਤੇ ਸ: ਸੁੰਦਰ ਸਿੰਘ ਜੀ ਮਜੀਠੀਆ ਚੁਣੇ ਗਏ । ੧੮ ਸਜਨਾਂ ਦੀ ਇਕ ਹੋਰ ਕਾਰ ਸਾਧਕ ਕਮੇਟੀ ਬਣਾ ਕੇ ਜਥੇਬੰਦੀ ਮੁਕੰਮਲ ਕਰਨ ਦਾ ਉਦਮ ਆਰੰਭ ਕੀਤਾ ਗਿਆ ।

Digitized by Panjab Digital Library | www.panjabdigilib.org

ਸਮੁਚੇ ਤੌਰ ਪਰ ਪੰਜਾਬ ਸੂਬੇ ਲਈ ਬੜਾ ਲਾਭਵੰਦਾ ਸਾਬਤ ਹੋਇਆ ਕਿਉਂਕਿ ਹਰ ਇਕ ਕੌਮ ਨੇ ਵਿਦਿਆ ਪ੍ਰਚਾਰ ਲਈ ਵਿਤੋਂ ਵਧ ਯਤਨ ਕੀਤੇ।

ਇਸ ਤੋਂ ਪਹਿਲਾਂ ਸਿੱਖ ਵਿਦਿਆ ਵਿਚ ਗਵਾਂਢੀ ਕੌਮਾਂ ਨਾਲੋਂ ਬਹੁਤ ਪਿਛੇ ਸਨ ਪ੍ਰੰਤੂ ੧੯੪੧ ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਸਿੱਖ ਅਗੇ ਲੰਘ ਗਏ। ਕੁਝ ਅੰਕੜੇ ਇਸ ਪ੍ਰਕਾਰ ਹਨ:—

| ਕੌਮ | ਫੀ ਸਦੀ | ਮਰਦ | ਇਸਤ੍ਰੀਆਂ |
|---|---|---|---|
| ਸਿੱਖ | ੧੭.੦੩ | ੧੨.੧੩ | ੪.੯੦ |
| ਹਿੰਦੂ | ੧੬.੩੫ | ੧੧.੮੯ | ੪.੪੬ |
| ਈਸਾਈ | ੭.੭੬ | ੪.੭੯ | ੩.੦੭ |
| ਮੁਸਲਮਾਨ | ੬.੯੭ | ੫.੫੨ | ੧.੪੫ |

ਇਸ ਤੋਂ ਬਿਨਾਂ ਸਿੱਖ ਰਾਜ ਖਤਮ ਹੋਣ ਪਿਛੋਂ ਸਿੱਖਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਘੱਟ ਰਹੀ ਸੀ। ੧੯੦੧ ਦੀ ਜਨ ਸੰਖਿਆ ਅਨੁਸਾਰ ਸਾਰੇ ਹਿੰਦੁਸਤਾਨ ਵਿਚ ਸਿੱਖਾਂ ਦੀ ਗਿਣਤੀ ਇਕ ਕਰੋੜ ਤੋਂ ਘਟ ਕੇ ੨੧੯੫੩੩੯ ਰਹਿ ਗਈ ਸੀ ਜੋ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਆਦਿ ਦੇ ਪ੍ਰਭਾਵ ਨਾਲ ੧੯੪੧ ਵਿਚ ਫਿਰ ੫੬੯੧੪੪੭ ਤੱਕ ਪੁਜ ਗਈ। ਇਨ੍ਹਾਂ ਅੰਕੜਿਆਂ ਤੋਂ ਪ੍ਰਗਟ ਹੁੰਦਾ ਹੈ ਕਿ ਜੇ ਸਿੱਖ ਕੌਮ ਵਿਰੋਧੀ ਹਮਲਿਆਂ ਦਾ ਮੂੰਹ ਤੋੜ ਉਤਰ ਨਾ ਦਿੰਦੀ ਤਾਂ ਉਸ ਦੀ ਹਸਤੀ ਕਾਇਮ ਰਖਣੀ ਕਠਨ ਸੀ। ਚੀਫ ਖਾਲਸਾ ਦੀਵਾਨ ਨੇ ਭੀ ਸਿੱਖਾਂ ਵਿਚ ਵਿਦਿਆ ਫੈਲਾਉਣ, ਧਰਮ ਪ੍ਰਚਾਰ ਕਰਨ ਤੇ ਰਾਜਸੀ ਹੱਕਾਂ ਦੀ ਰਾਖੀ ਲਈ ਕਾਫੀ ਉਦਮ ਕੀਤਾ ਪ੍ਰੰਤੂ ਹੌਲੀ ਹੌਲੀ ਇਸ ਜਮਾਤ ਪਰ ਪਿਛੇ ਖਿੱਚੂ ਅਮੀਰ ਆਦਮੀਆਂ ਦਾ ਕਬਜ਼ਾ ਹੋ ਗਿਆ ਤੇ ਉਨ੍ਹਾਂ ਨੇ ਇਸ ਨੂੰ ੧੯੦੪ ਵਿਚ ਰਜਿਸਟਰ ਕਰਵਾ ਕੇ ਸਾਧਾਰਨ ਸਿੱਖਾਂ ਦੇ ਮੈਂਬਰ ਬਣਨ ਪਰ ਪਾਬੰਦੀਆਂ ਲਗਾ ਦਿਤੀਆਂ। ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਰਾਜਸੀ ਮੈਦਾਨ ਵਿਚ ਚੀਫ ਖਾਲਸਾ ਦੀਵਾਨ ਸਿੱਖ ਜਨਤਾ ਦੀ ਠੀਕ ਅਗਵਾਈ ਨਾ ਕਰ ਸਕਿਆ ਤੇ ਇਸ ਦਾ ਰੁਝਾਨ ਬਹੁਤਾ ਵਿਦਿਆ ਪ੍ਰਚਾਰ ਵੱਲ ਹੀ ਰਿਹਾ। ਇਸ ਦਾ ਫਲ ਇਹ ਹੋਇਆ ਕਿ ਰਾਜਸੀ ਅਗਵਾਈ ਲਈ ਸਿੱਖ ਪੰਥ ਨੇ ਸੈਂਟਰਲ ਸਿੱਖ ਲੀਗ ਤੇ ਸ਼੍ਰੋ: ਅਕਾਲੀ ਦਲ ਜੈਸੀਆਂ ਨਵੀਆਂ ਜਥੇਬੰਦੀਆਂ ਖੜੀਆਂ ਕਰ ਲਈਆਂ ਜਿਨ੍ਹਾਂ ਨੇ ਚੀਫ ਖਾਲਸਾ ਦੀਵਾਨ ਤੋਂ ਰਾਜਸੀ ਅਗਵਾਈ ਕਰਨ ਦਾ ਹੱਕ ਖੋਹ ਲਿਆ।

## ਖਾਲਸਾ ਕਾਲਜ ਅੰਮ੍ਰਿਤਸਰ

ਖਾਲਸਾ ਕਾਲਜ ਅੰਮ੍ਰਿਤਸਰ ਸਿਖ ਕੌਮ ਦੀ ਸ਼੍ਰੋਮਣੀ ਵਿਦਯਕ ਸੰਸਥਾ ਹੈ। ਇਸ ਦੀਆਂ ਸ਼ਾਨਦਾਰ ਬਿਲਡਿੰਗਾਂ, ਤੇ ਖੁਲੀਆਂ ਗਰਾਊਂਡਾਂ ਦਰਸ਼ਕਾਂ ਪਰ ਬਹੁਤ ਜ਼ਿਆਦਾ ਪਰਭਾਵ ਪਾਉਂਦੀਆਂ ਹਨ ਅਤੇ ਸਿਖ ਕੌਮ ਦੀ ਸ਼ਾਨ ਦਾ ਸੁੰਦਰ ਮੁਜ਼ਾਹਰਾ ਕਰਦੀਆਂ ਹਨ। ਆਮ ਤੌਰ ਪਰ ਸਿਖਾਂ ਵਿਚ ਇਹ ਖਿਆਲ ਪਰਚਲਤ ਹੈ ਕਿ ਖਾਲਸਾ ਕਾਲਜ ਅੰਮ੍ਰਿਤਸਰ ਚੀਫ ਖਾਲਸਾ ਦੀਵਾਨ ਦੇ ਯਤਨ ਦਾ ਫਲ ਹੈ

Digitized by Panjab Digital Library | www.panjabdigilib.org

ਭਾਵੇਂ ਚੀਫ ਖਾਲਸਾ ਦੀਵਾਨ ਨੇ ਇਸ ਸੰਸਥਾ ਦੀ ਉਨਤੀ ਲਈ ਅਪਣੇ ਜਨਮ ਤੋਂ ਲੈਕੇ ਹੁਣ ਤਕ ਕਾਫੀ ਹਿਸਾ ਪਾਇਆ ਹੈ ਪਰੰਤੂ ਇਹ ਪਰਗਟ ਕਰਨਾ ਜ਼ਰੂਰੀ ਹੈ ਕਿ ਖਾਲਸਾ ਕਾਲਜ ਦੀ ਬੁਨਿਆਦ ਚੀਫ ਖਾਲਸਾ ਦੀਵਾਨ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਰਖੀ ਗਈ ਸੀ। ਖਾਲਸਾ ਦੀਵਾਨ ਲਹੌਰ ਦੇ ਪਰਬੰਧਕਾਂ ਅਤੇ ਖਾਸ ਕਰਕੇ ਪਰੋਫੈਸਰ ਗੁਰਮੁਖ ਸਿੰਘ ਜੀ, ਗਿ: ਦਿਤ ਸਿੰਘ ਜੀ, ਭਾਈ ਜਵਾਹਰ ਸਿੰਘ ਜੀ ਆਦਿਕ ਸਜਨਾਂ ਦੇ ਦਿਮਾਗ਼ ਵਿਚ ਸਭ ਤੋਂ ਪਹਿਲਾਂ ਇਹ ਖਿਆਲ ਆਇਆ ਕਿ ਸਿਖਾਂ ਦੀ ਇਕ ਕੇਂਦਰੀ ਵਿਦਯਕ ਸੰਸਥਾ ਹੋਣੀ ਚਾਹੀਦੀ ਹੈ।

ਕੇਂਦਰੀ ਸਿਖ ਜਥੇਬੰਦੀ ਕਾਇਮ ਕਰਨ ਪਿਛੋਂ ਲਹੌਰ ਜਾਂ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਖੋਹਲਣ ਦਾ ਖਿਆਲ ਉਸ ਸਮੇਂ ਦੇ ਸਿਖ ਆਗੂਆਂ ਵਿਚ ਜ਼ੋਰ ਫੜ ਰਿਹਾ ਸੀ। ਸਭ ਤੋਂ ਪਹਿਲਾਂ ੧੮੯੦ ਈ: ਵਿਚ ਖਾਲਸਾ ਦੀਵਾਨ ਲਹੌਰ ਨੇ ਖਾਲਸਾ ਕਾਲਜ ਅਸਥਾਪਨ ਕਮੇਟੀ ਬਣਾਈ ਜਿਸਦੇ ੧੨੧ ਮੈਂਬਰ ਸਨ। ੨੨ ਫਰਵਰੀ ੧੮੯੦ ਈ: ਨੂੰ ਕਮੇਟੀ ਦੀ ਇਕਤ੍ਰਤਾ ਹੋਈ ਜਿਸ ਵਿਚ

Col. W. R. M. Holroyd director Public Instruction Punjab.

ਪਰਧਾਨ ਚੁਣੇ ਗਏ। ਆਪ ਦੇ ਵਲਾਇਤ ਚਲੇ ਜਾਣ ਪਿਛੋਂ W.H. ਰਾਟੀਗਨ ਬੈਰਿਸਟ੍ਰ ਪ੍ਰਧਾਨ ਲਹੌਰ ਬਣੇ ਅਤੇ ਮੀਤ ਪ੍ਰਧਾਨ ਸ: ਅਤਰ ਸਿੰਘ ਜੀ ਰਈਸ ਭਦੌੜ ਚੁਣੇ ਗਏ। ਜਦ ਇਹ ਕਮੇਟੀ ਬਣ ਗਈ ਤਾਂ ਥਾਂ ਥਾਂ ਇਹ ਝਗੜਾ ਚਲ ਪਿਆ ਕਿ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬਣੇ ਜਾਂ ਲਹੌਰ ਵਿਚ? ਸਿਖ ਮੁਖੀਆਂ ਨੇ ਇਹ ਭੀ ਅਨਭਵ ਕੀਤਾ ਕਿ ਸਰਕਾਰ ਦੀ ਸਹਾਇਤਾ ਬਿਨਾ ਇਹ ਮਹਾਨ ਕਾਰਜ ਸਿਰੇ ਨਹੀਂ ਚੜ ਸਕਦਾ ਇਸ ਕਰਕੇ ਉਸ ਸਮੇਂ ਦੇ ਗਵਰਨਰ ਪੰਜਾਬ ਨੂੰ ਇਕ ਐਡਰਸ ਪੇਸ਼ ਕਰਕੇ ਬੇਨਤੀ ਕੀਤੀ ਗਈ ਕਿ ਸਰਕਾਰ ਇਸ ਕੰਮ ਵਿਚ ਸਿਖਾਂ ਦੀ ਸਹਾਇਤਾ ਕਰੇ। ਪਹਿਲੇ ਸਰਕਾਰ ਨੇ ਰਾਮ ਬਾਗ ਦੇ ਨੇੜੇ ਕਾਲਜ ਵਾਸਤੇ ਜ਼ਮੀਨ ਦੇਣੀ ਚਾਹੀ ਪਰੰਤੂ ਕਈ ਕਾਰਨਾਂ ਕਰਕੇ ਇਹ ਪਰਵਾਨ ਨਾ ਕੀਤੀ ਗਈ ਅਤੇ ਹੁਣ ਵਾਲੀ ਜ਼ਮੀਨ ਪਸੰਦ ਕੀਤੀ ਗਈ ਜਿਸ ਨੂੰ ਕਮੇਟੀ ਨੇ ਖਰੀਦ ਲਿਆ ਤੇ ੫ ਮਾਰਚ ੧੮੯੨ ਈ: ਨੂੰ ਕਾਲਜ ਦੀ ਨੀਂਹ ਰਖੀ ਗਈ।

੧੪ ਅਪਰੈਲ ਨੂੰ ਖਾਲਸਾ ਕਾਲਜ ਕੌਂਸਲ ਬਣਾਕੇ ਰਜਿਸਟ੍ਰ ਕਰਾਈ ਗਈ ਅਤੇ ਉਸ ਦਾ ਪਹਿਲਾ ਇਜਲਾਸ ੧੮ ਦਸੰਬਰ ੧੮੯੨ ਈ: ਨੂੰ ਹੋਇਆ। ਇਸ ਤੋਂ ਸਿਧ ਹੋਇਆ ਕਿ ਖਾਲਸਾ ਕਾਲਜ ਅੰਮ੍ਰਿਤਸਰ ਕਾਇਮ ਕਰਨ ਦਾ ਸਿਹਰਾ ਭੀ ਖਾਲਸਾ ਦੀਵਾਨ ਲਹੌਰ ਦੇ ਪ੍ਰਬੰਧਕਾਂ ਦੇ ਸਿਰ ਹੈ। ਚੀਫ਼ ਖਾਲਸਾ ਦੀਵਾਨ ੧੯੦੨ ਵਿਚ ਬਣਿਆ ਤੇ ਜਦ ਖਾਲਸਾ ਦੀਵਾਨ ਲਹੌਰ ਦੇ ਸਰਗਰਮ ਵਰਕਰ ਚਲਾਣੇ ਕਰ ਗਏ ਤਾਂ ਖਾਲਸਾ ਕਾਲਜ ਅੰਮ੍ਰਿਤਸਰ ਦੀ ਡਾਵਾਂ ਡੋਲ ਹਾਲਤ ਵੇਖਕੇ ਉਸਦਾ ਪ੍ਰਬੰਧ ਚੀਫ ਖਾਲਸਾ ਦੀਵਾਨ ਨੇ ਸੰਭਾਲ ਲਿਆ। ਉਪਰ ਲਿਖੀ ਲਿਖਤ ਤੋਂ ਪਰਗਟ ਹੋਇਆ ਕਿ ਖਾਲਸਾ ਦੀਵਾਨ ਲਹੌਰ ਨੇ ਪੰਥਕ ਭਲਾਈ ਦੇ ਜਿਥੇ ਹੋਰ ਬਹੁਤ ਸਾਰੇ ਕੰਮ ਕੀਤੇ ਉਥੇ ਸਭ ਤੋਂ ਵਡੇ ਕੰਮ ਖਾਲਸਾ ਕਾਲਜ ਕਾਇਮ ਕਰਨਾ ਅਤੇ ਮੈਕਾਲਫ ਸਾਹਿਬ ਪਾਸੋਂ ਸਿਖ ਇਤਹਾਸ ਲਿਖਵਾਉਣਾ ਸੀ।

ਇਥੇ ਇਹ ਪਰਗਟ ਕਰਨਾ ਭੀ ਜ਼ਰੂਰੀ ਹੈ ਕਿ ਖਾਲਸਾ ਦੀਵਾਨ ਅੰਮ੍ਰਿਤਸਰ ਪਰ ਪਿਛੇ ਖਿਚੂ ਤੇ ਵਡੇ ਮਾਇਆ ਧਾਰੀਆਂ ਦਾ ਕਬਜ਼ਾ ਹੋਣ ਕਰਕੇ ਉਹ ਉਤਨੀ ਪੰਥਕ ਸੇਵਾ ਨਾ ਕਰ ਸਕਿਆ ਜਿਸ ਦੀ ਉਸ ਪਾਸੋਂ ਉਮੀਦ ਸੀ।

Digitized by Panjab Digital Library | www.panjabdigilib.org

੮ ਅਗਸਤ ੧੯੯੮ ਈ: ਨੂੰ ਮਹਾਰਾਜਾ ਸਾਹਿਬ ਬਿਕ੍ਰਮਾ ਸਿੰਘ ਜੀ ਫਰੀਦਕੋਟ ਗੁਰਪੁਰੀ ਸਿਧਾਰ ਗਏ ਜਿਸ ਕਰਕੇ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਕੰਮ ਬਹੁਤ ਹੀ ਮਧਮ ਪੈ ਗਿਆ ਅਤੇ ਪਿਛੋਂ ਚੀਫ ਖਾਲਸਾ ਦੀਵਾਨ ਨੇ ਇਸ ਘਾਟੇ ਨੂੰ ਪੂਰਾ ਕਰਨ ਲਈ ਸੇਵਾ ਦੇ ਮੈਦਾਨ ਵਿਚ ਕਦਮ ਰਖਿਆ। ਮਹਾਰਾਜਾ ਸਾਹਿਬ ਫਰੀਦਕੋਟ ਨੇ ਸਭ ਤੋਂ ਵਡਾ ਪੰਥ ਭਲਾਈ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਾ ਕੇ ਕੀਤਾ।

ਉਪਰ ਪ੍ਰਗਟ ਕੀਤਾ ਜਾ ਚੁਕਾ ਹੈ ਕਿ ਖਾਲਸਾ ਦੀਵਾਨ ਵਿਚ ਸਰਗਰਮ ਵਰਕਰ ਕਾਫੀ ਸਨ ਜਿਸ ਕਰਕੇ ਇਹ ਦੀਵਾਨ ਤਰਕੀ ਕਰਦਾ ਚਲਾ ਗਿਆ। ਧੀਰੇ ਧੀਰੇ ਇਸ ਨਾਲ ੩੮ ਸਿੰਘ ਸਭਾਵਾਂ ਸਬੰਧਤ ਹੋ ਗਈਆਂ ਜਿਨਾਂ ਦੇ ਨਾਮ ਇਹ ਹਨ:—

| | ਸ੍ਰੀ ਗੁਰੂ ਸਿੰਘ ਸਭਾ | | ਸ੍ਰੀ ਗੁਰੂ ਸਿੰਘ ਸਭਾ |
|---|---|---|---|
| ੧. | ਸ੍ਰੀ ਅੰਮ੍ਰਿਤਸਰ | ੨. | ਲਾਹੌਰ |
| ੩. | ਸਯਦ ਕਸਰਾਂ ਰਾਵਲਪਿੰਡੀ | ੪. | ਬੁਤਾਲਾ (ਅੰਮ੍ਰਿਤਸਰ) |
| ੫. | ਬੋਪਾਰਾਇ (ਲੁਧਿਆਣਾ) | ੬. | ਪਟਿਆਲਾ |
| ੭. | ਫਿਰੂਕਾ (ਸ਼ਾਹਪੁਰ) | ੮. | ਕੋਹਾਟ |
| ੯. | ਖੇਮ ਕਰਨ (ਲਾਹੌਰ) | ੧੦. | ਮੋਗਾ (ਫੀਰੋਜ਼ਪੁਰ) |
| ੧੧. | ਸ਼ਿਮਲਾ | ੧੨. | ਪਿਸ਼ਾਵਰ |
| ੧੩. | ਪਿਸ਼ਾਵਰ (ਸਦਰ) | ੧੪. | ਰਾਵਲਪਿੰਡੀ |
| ੧੫. | ਨਾਗੋਕੇ (ਅੰਮ੍ਰਿਤਸਰ) | ੧੬. | ਸ਼ਾਮ ਨਗਰ |
| ੧੭. | ਕਠਾਣੀਆਂ | ੧੮. | ਸਰਾਲੀ |
| ੧੯. | ਤਿਮੋਵਾਲ | ੨੦. | ਭਿਟੇ ਵੱਢ |
| ੨੧. | ਮੁਛਲ | ੨੨. | ਮੀਆਂਵਿੰਡ |
| ੨੩. | ਗੁਜਰਖਾਨ | ੨੪. | ਜਿਹਲਮ |
| ੨੫. | ਬਲਕੇਸ (ਜਿਹਲਮ) | ੨੬. | ਲੁਧਿਆਣਾ |
| ੨੭. | ਬਹਿਲੋਲਪੁਰ | ੨੮. | ਕਕੜਵਾਲ |
| ੨੯. | ਕਾਜਲਾ | ੩੦. | ਰੋਪੜ |
| ੩੧. | ਬਹਾਦਰਪਰ | ੩੨. | ਬੜੰਬਰ |
| ੩੩. | ਭਸੌੜ | ੩੪. | ਫਤਹਿਗੜ (ਸਰਹਿੰਦ) |
| ੩੫. | ਬੜਕੀ (ਗੁਜਰਖਾਨ) | ੩੬. | ਮੀਆਂ ਮੀਰ |
| ੩੭. | ਰਿਆਸਤ ਨਾਹਣ | ੩੮. | ਪਮਾਲ (ਲੁਧਿਆਣਾ) |
| ੩੯. | ਮਨਸੂਰ | ੪੦. | ਦਾਖਾ |
| ੪੧. | ਘਨੌਰੀ ਖੁਰਦ | ੪੨. | ਘਨੌਰੀ ਕਲਾਂ |
| ੪੩. | ਬਨੰਲਾ (ਨਾਭਾ) | ੪੪. | ਕੈਰੋਂ |

Digitized by Panjab Digital Library | www.panjabdigilib.org

| | | | |
|---|---|---|---|
| ੪੫. | ਸਿਲ ਵਾਲੀ | ੪੬. | ਲਾਇਲਪੁਰ |
| ੪੭. | ਨਾਉਧੋਣੀ (ਮਲੇਰ ਕੋਟਲਾ) | ੪੮. | ਗੁਰਦਾਸਪੁਰ |
| ੪੯. | ਮਹਰਾਜ (ਫੀਰੋਜ਼ਪੁਰ) | ੫੦. | ਤਰਨਤਾਰਨ |
| ੫੧. | ਸੋਹਲ (ਅੰਮ੍ਰਿਤਸਰ) | ੫੨. | ਸਿਆਲਕੋਟ |
| ੫੩. | ਅੰਬਾਲਾ ਛਾਉਣੀ | ੫੪. | ਜੰਮੂ (ਕਸ਼ਮੀਰ) |
| ੫੫. | ਗੁਜਰਾਂਵਾਲਾ | ੫੬. | ਅਜਮੇਰ |
| ੫੭. | ਫੀਰੋਜ਼ਪੁਰ | ੫੮. | ਬੰਨੂ |
| ੫੯. | ਬਾਗੜੀਆਂ | ੬੦. | ਬੁਟਰ (ਫੀਰੋਜ਼ਪੁਰ) |
| ੬੧. | ਭਾਈ ਰੂਪਾ (ਨਾਭਾ) | ੬੨. | ਚਕਰਮ ਦਾਸ (ਸ਼ਾਹਪੁਰ) |
| ੬੩. | ਸਾਹੀਵਾਲ | ੬੪. | ਹਡਾਲੀ |
| ੬੫. | ਮਿਠਾ ਟਿਵਾਨਾ | ੬੬. | ਮੋਦੇ |
| ੬੭. | ਦਾਉਦਪੁਰ | ੬੮. | ਭਿੰਡਰ |
| ੬੯. | ਕੋਇਟਾ | ੭੦. | ਰਾਜਪੁਰਾ |
| ੭੧. | ਰਿਆਸਤ ਪੁਣਛਾ | ੭੨. | ਚਕਵਾਲ |
| ੭੩. | ਸਹਾਰਨਪੁਰ | ੭੪. | ਮੁਕਤਸਰ |
| ੭੫. | ਹਾਫਜ਼ਾਬਾਦ | ੭੬. | ਅਰੀਰਾ |
| ੭੭. | ਮੁਲਤਾਨ | ੭੮. | ਮਿੰਟਗੁਮਰੀ |
| ੭੯. | ੧੪ ਨੰਃ ਸਿਖ ਪਲਟਨ | ੮੦. | ਬਨੀਲ (ਜਹਲਮ) |
| ੮੧. | ਜੰਦਰਾਕਾ (ਮਿੰਟਗੁਮਰੀ) | ੮੨. | ਘੁੰਘਰੀਲਾ (ਰਾਵਲਪਿੰਡੀ) |
| ੮੩. | ਗਲੋਈਆਂ (ਸਿਆਲਕੋਟ) | ੮੪. | ਛੀਨਾ (ਅੰਮ੍ਰਿਤਸਰ) |
| ੮੫. | ਘਰਜਾਖ | ੮੬. | ਮੇਗਨ (ਜਿਹਲਮ) |
| ੮੭. | ਪਿਨਵਾਲ (ਜਿਹਲਮ) | ੮੮. | ਭਾਗੋ ਮਾਜਰਾ |
| ੮੯. | ਸਯਦ (ਰਾਵਲਪਿੰਡੀ) | ੯੦. | ਖਡੂਰ ਸਾਹਿਬ |
| ੯੧. | ਸ਼ਾਮ ਨਗਰ | ੯੨. | ਕਪੂਰਥਲਾ |
| ੯੩. | ਖਰੜ | ੯੪. | ਨਾਰੰਗਵਾਲ (ਲੁਧਿਆਨਾ) |
| ੯੫. | ਕੀਰਤਪੁਰ | ੯੬. | ਸਿਧਵਾਂ |
| ੯੭. | ਫਿਲੌਰ | ੯੮. | ਬਾਬੇ ਕੀ ਬੇਰ |
| ੯੯. | ਜਲੰਧਰ | ੧੦੦. | ਸ੍ਰੀ ਨਗਰ (ਕਸ਼ਮੀਰ) |
| ੧੦੧. | ਡਿੰਗਾ | ੧੦੨. | ਖਾਰੀਆਂ |
| ੧੦੩. | ਮੁਲਤਾਨ ਛਾਉਣੀ | ੧੦੪. | ਰੰਧਾਵਾ (ਸਿਆਲਕੋਟ) |
| ੧੦੫. | ਭਾਗੋਵਾਲ (ਗੁਜਰਾਤ) | ੧੦੬. | ਪੀਨਾਂਗ |
| ੧੦੭. | ਪਿੰਡ ਦਾਦਨ ਖਾਨ | ੧੦੮. | ਦਾਰੂਲ (ਪਟਿਆਲਾ) |

Digitized by Panjab Digital Library | www.panjabdigilib.org

੧੦੯. ਦੀਪਾਲਪੁਰ (ਮਿੰਟਗੁਮਰੀ) ੧੧੦. ਡੇਰਾ ਖਾਲਸਾ(ਰਾਵਲਪਿੰਡੀ)
੧੧੧. ਕਸੌਲੀ ੧੧੨. ਸ਼ੰਕਰ · (ਜਲੰਧਰ)
੧੧੩. ਸਿੰਘਪੁਰਾ ੧੧੪. ਗਾਲਬ ਕਲਾਂ (ਲੁਧਿਆਣਾ)
੧੧੫. ਜਨੇਤ ਪੁਰਾ (ਲੁਧਿਆਣਾ) ੧੧੬. ਗੁਜਰਵਾਲ (ਲੁਧਿਆਣਾ
੧੧੭. ਛਜਲ ਵਢੀ।

ਸਾਰੀਆਂ ਸਿੰਘ ਸਭਾਵਾਂ ਨੇ ਆਪਣੇ ੨ ਦਾਇਰੇ ਵਿਚ ਲੋਕ ਭਲਾਈ ਦੇ ਬਹੁਤ ਸਾਰੇ ਕੰਮ ਕੀਤੇ। ਗੁਰਦੁਆਰੇ ਬਣਾਏ, ਸਕੂਲ ਖੋਹਲੇ, ਧਰਮਸਾਲਾਂ ਬਣਾਈਆਂ, ਹਸਪਤਾਲ ਕਾਇਮ ਕੀਤੇ। ਜੇ ਉਨ੍ਹਾਂ ਸਾਰੀਆਂ ਦਾ ਪੂਰਾ ਪੂਰਾ ਵਿਸਥਾਰ ਦਿਤਾ ਜਾਵੇ ਤਾਂ ਵਿਸਥਾਰ ਬਹੁਤ ਵਧ ਜਾਵੇਗਾ ਇਸ ਲਈ ਇਥੇ ਕੇਵਲ ਇਹ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਕੀ ਸਿੱਟਾ ਨਿਕਲਿਆ ? ਅਤੇ ਇਸ ਦੌਰਾਨ ਵਿਚ ਸਿੱਖ ਕੌਮ ਨੇ ਕਿਹੜੇ ਪਹਿਲੂਆਂ ਤੋਂ ਉਨਤੀ ਕੀਤੀ ?

## ਸਿੰਘ ਸਭਾ ਲਹਿਰ ਦੇ ਨਤੀਜੇ

੧. ਸਭ ਤੋਂ ਪਹਿਲਾਂ ਇਸ ਲਹਿਰ ਦੇ ਅਸਰ ਨਾਲ ਹੀ ਸਿੰਘਾਂ ਨੇ ਸਭਾਵਾਂ ਕਾਇਮ ਕਰਕੇ ਜਥੇਬੰਦ ਹੋਣ ਦਾ ਉਪਰਾਲਾ ਕੀਤਾ।
੨. ਸਿੱਖ ਵਿਦਵਾਨਾਂ ਨੇ ਅਨਮਤੀਆਂ ਵਲੋਂ ਹੋ ਰਹੇ ਹਮਲਿਆਂ ਦਾ ਜਥੇਬੰਦ ਹੋ ਕੇ ਉਤਰ ਦਿਤਾ।
੩. ਨਿਰੋਲ ਗੁਰਮਤ ਸਾਹਿਤਕ ਤਿਆਰ ਕੀਤਾ ਗਿਆ ਤੇ ਗੁਰਬਾਣੀ ਦਾ ਕਾਫੀ ਪਰਚਾਰ ਹੋਇਆ।
੪. ਸਿੱਖ ਇਤਹਾਸ ਲਿਖਵਾਉਣ ਦਾ ਵਧ ਤੋਂ ਵਧ ਉਪਰਾਲਾ ਕੀਤਾ ਗਿਆ।
੫. ਖਾਲਸਾ ਸਕੂਲ ਖੋਹਲ ਕੇ ਸਿੱਖ ਵਿਦਿਆਰਥੀਆਂ ਨੂੰ ਅਨਮਤੀਆਂ ਦੇ ਅਸਰ ਤੋਂ ਬਚਾਇਆ ਗਿਆ।
੬. ਪੰਜਾਬੀ ਬੋਲੀ ਨੂੰ ਉਨਤ ਕਰਨ ਲਈ ਸਭ ਤੋਂ ਪਹਿਲਾਂ ਪੰਜਾਬੀ ਦੇ ਅਖਬਾਰ ਤੇ ਰਸਾਲੇ ਕਢੇ ਗਏ ਅਤੇ ਪੰਜਾਬੀ ਟਾਈਪ ਤਿਆਰ ਕਰਵਾ ਕੇ ਗ੍ਰੰਥ ਛਪਾਏ ਗਏ।
੭. ਖਾਲਸਾ ਸਕੂਲਾਂ ਵਿਚ ਪੰਜਾਬੀ ਬੋਲੀ ਪ੍ਰਚਲਤ ਕਰਨ ਵੱਲ ਧਿਆਨ ਦਿਤਾ ਗਿਆ।
੮. ਕੇਂਦਰੀ ਸਿੱਖ ਜਥੇਬੰਦੀ ਕਾਇਮ ਕਰਨ ਤੇ ਖਾਲਸਾ ਕਾਲਜ ਖੋਹਲਣ ਦਾ ਵਿਚਾਰ ਭੀ ਸਿੰਘ ਸਭਾ ਲਹਿਰ ਦੇ ਪ੍ਰਚਾਰ ਨਾਲ ਹੀ ਪੈਦਾ ਹੋਇਆ।
੯. ਸਿਖਾਂ ਦੇ ਰਸਮੋਂ ਰਵਾਜ ਗਰਮਤਿ ਅਨਸਾਰ ਕਰਨੇ ਸ਼ੁਰੂ ਹੋਇ ਤੇ ਖਾਸ ਤੌਰ ਪਰ ਅਨੰਦ ਕਾਰਜ ਦੀ ਮਰਯਾਦਾ ਪ੍ਰਚਲਤ ਕਰਨ ਵਲ ਵਿਸ਼ੇਸ਼ ਧਿਆਨ ਦਿਤਾ ਗਿਆ। ਅਤੇ ਸਿਖ ਪੰਥ ਦੇ ਸਮੁਚੇ ਯਤਨ ਨਾਲ ੨੨ ਅਕਤੂਬਰ ੧੯੦੧ ਈ: ਨੂੰ ਅਨੰਦ ਮੈਰਿਜ ਐਕਟ ਪਾਸ ਹੋਇਆ। ਜੋ ਮਹਾਰਾਜਾ ਰਿਪਦਮਨ ਸਿੰਘ ਨਾਭਾ ਨੇ ਆਪਣੇ ਟਿੱਕਾ ਹੋਣ ਦੇ ਸਮੇਂ ਵਿਚ ਵਾਇਸਰਇ ਦੀ ਕੌਂਸਲ ਦੇ ਮੈਂਬਰ ਦੇ ਹੁੰਦਿਆਂ

Digitized by Panjab Digital Library | www.panjabdigilib.org

ਕੌਂਸਲ ਵਿਚ ਪੇਸ਼ ਕੀਤਾ ਸੀ ਤੇ ਪਿਛੋਂ ਸ: ਸੁੰਦਰ ਸਿੰਘ ਜੀ ਮਜੀਠੀਆ ਦੀ ਮੈਂਬ ਸਮੇਂ ਪਾਸ ਹੋਇਆ ।

੧੦. ਸਿੰਘ ਸਭਾ ਲਹਿਰ ਵਿਚ ਮੁਸਲਮਾਨਾਂ ਤੇ ਹੋਰ ਜਾਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਦਾ ਪ੍ਰਚਾਰ ਅਮਲੀ ਤੌਰ ਪਰ ਹੋਇਆ । ਬਕਾ ਪੁਰ ਤਹਿਸੀਲ ਫਲੌਰ ਜ਼ਿਲਾ ਜਲੰਧਰ ਵਿਚ ਪੰਥ ਦਾ ਭਾਰਾ ਦੀਵਾਨ ਹੋਇਆ । ਜਿਸ ਵਿਚ ਮੌਲਵੀ ਕਰੀਮ ਬਖਸ਼ ਨੂੰ ਸਣੇ ਪ੍ਰਵਾਰ ਸ਼ੁਧ ਕਰਕੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ । ਜਿਨ੍ਹਾਂ ਦਾ ਨਾਮ ਸੰਤ ਲਖਬੀਰ ਸਿੰਘ ਪ੍ਰਸਿਧ ਹੋਇਆ । ਆਪ ਦੇ ਨਾਲ ੩੫ ਸਿੰਘਾਂ ਨੇ ਅੰਮ੍ਰਿਤ ਛਕਿਆ । ਏਹ ਦੀਵਾਨ ੧੪ ਜੂਨ ੧੯੦੩ ਈ: ਨੂੰ ਹੋਇਆ । ਇਸ ਵਿਚ ਸਾਰੇ ਇਲਾਕਿਆਂ ਦੇ ਜਥੇ ਤੇ ਮੁਖੀ ਸਿੰਘ ਸਜਣ ਸ਼ਾਮਲ ਹੋਏ । ਦੀਵਾਨ ਦੇ ਪ੍ਰਬੰਧ ਦਾ ਬਹੁਤਾ ਸਬੰਧ ਸਿੰਘ ਸਭਾ ਭਦੌੜ ਬਾਬੂ ਤੇਜਾ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨਾਲ ਹੀ ਸੀ ।

Digitized by Panjab Digital Library | www.panjabdigilib.org

# ਸਿੰਘ ਸਭਾ ਲਹਿਰ ਦੇ ਹੀਰੇ

ਸਿੰਘ ਸਭੀਏ ਗਿਆਨੀ ਤੇ ਲਿਖਾਰੀ। ਅਖਰ ਕਰਮ ਅਨੁਸਾਰ ਨਾਮ ਹੇਠ ਪੜ੍ਹੋ

ਖਾਲਸਾ ਰਾਜ ਦੇ ਡੁਬਣ ਤੇ ਮੁਰਝਾਇਆਂ ਹੋਇਆਂ ਅੰਗਰੇਜ਼ ਦੀ ਗੁਲਾਮੀ ਦੇ ਦਬਾਇਆਂ ਹੋਇਆਂ ਅੰਦਰੋਂ ਬਾਹਰੋਂ ਸੁਘੜ ਸਿਆਣੇ ਗੁਰਸਿਖਾਂ ਨੇ ਸਿੰਘ ਸਭਾ ਦੇ ਰੂਪ ਵਿਚ ਹੋ ਕੇ ਮੁੜ ਖਾਲਸੇ ਨੂੰ ਜਥੇਬੰਦ ਤੇ ਵਿਦਿਆ 'ਚ ਪ੍ਰਬੀਨਤਾ ਧਰਮ ਅਤੇ ਸਿਆਸਤ ਨੂੰ ਇਕਠੇ ਰਖ ਕੇ ਮੁੜ ਆਜ਼ਾਦੀ ਦੀ ਰਾਹ ਨੂੰ ਫੂਕਣ ਵਾਲੇ ਮੁਖੀ ਮੁਖੀ ਸਿੰਘ ਸਭਾ ਦੇ ਹੀਰਿਆਂ ਦੇ ਨਾਮ ਪੇਸ਼ ਕਰਦੇ ਹਾਂ ਜੋ ਅਖਰ ਕਰਮ ਅਨੁਸਾਰ ਨਾਮ ਕਰਨ ਕਰਕੇ ਅਗੜ ਪਿਛੜ ਹੋ ਗਏ ਹਨ, ਪਾਠਕ ਜਨ ਵਿਚਾਰ ਲੈਣ।

(ਅ)

ਸਰ ਅਤਰ ਸਿੰਘ ਸਰਦਾਰ

(ੲ)

ਈਸ਼ਰ ਸਿੰਘ ਕਿਸ਼ਨ ਪੁਰਾ
ਇੰਦਰ ਸਿੰਘ ਜੀ ਛੀਨੀਵਾਲ
ਇੰਦਰ ਸਿੰਘ ਜੀ ਗੁੜੇ
ਇਕਬਾਲ ਸਿੰਘ ਪ੍ਰਿੰਸੀਪਲ

(ਸ)

ਸੰਤੋਖ ਸਿੰਘ ਜੀ ਬੂੜੀਆ
ਸ਼ਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ
ਸਰੂਪ ਸਿੰਘ ਜੀ ਜ਼ੈਲਦਾਰ ਕਿਸ਼ਨ ਪੁਰਾ
ਸ਼ਾਮ ਸਿੰਘ ਜੀ ਨਿਹੰਗ ਮੁਹੰਮਦਪੁਰ [ਜਾਟੋਕਾ]
ਸੁੰਦਰ ਸਿੰਘ ਜੀ ਇੰਦਗੜ
ਸੁਜਾਨ ਸਿੰਘ ਜੀ ਸੋਢੀ ਬੀ.ਏ. ਪਟਿਆਲਾ
ਸਰੇਵਾ ਸਿੰਘ ਜੀ ਦੀਵਾਨ ਕੌਲ ਗੜ
ਸੁਖਾ ਸਿੰਘ ਅਨੰਦਪੁਰ
ਸ਼ਮਸ਼ੇਰ ਸਿੰਘ ਜੀ ਅਸ਼ੋਕ
ਸਰਦੂਲ ਸਿੰਘ ਕਵੀਸ਼ਰ
ਸਜਣ ਸਿੰਘ ਰੁੜਕਾ
ਸ਼ੇਰ ਸਿੰਘ ਡਾਕਟਰ ਬਿਲਾਸ ਪੁਰ
ਸੰਤ ਸਿੰਘ ਸੇਖੋਂ

(ਹ)

ਹੀਰਾ ਦਾਸ ਸੰਤ ਉਗੀ ਚਿਟੀ ਜਾਲੰਧਰ
ਹੈਬਾ ਸਿੰਘ ਬਾਬਾ ਲਹਿਰਾ
ਹਾਕਮ ਸਿੰਘ ਕਟਾਣੀ
ਹਾਕਮ ਸਿੰਘ ਨਾਬ ਪੁਰ
ਹਰਦਿਤ ਸਿੰਘ ਡਾਕਟਰ ਢਿਲੋਂ

(ਕ)

ਕਾਹਨ ਸਿੰਘ ਨਾਭਾ
ਕਰਤਾਰ ਸਿੰਘ ਦਾਖਾ
ਕਰਤਾਰ ਸਿੰਘ ਰਸੂਲਪੁਰ
ਕਪੂਰ ਸਿੰਘ ਮਲਕ
ਕਿਸ਼ਨ ਸਿੰਘ ਬਾਬੂ ਰਾਏਪੁਰ
ਕੇਹਰ ਸਿੰਘ ਰਾਏਪੁਰੀ
ਕ੍ਰਿਸ਼ਨਾ ਨੰਦ ਪੰਡਤ ਮਾਲੀ ਵਾਲੇ
ਕਿਸ਼ਨ ਸਿੰਘ ਮੇਧਨੀ

(ਖ)

ਖੇਮ ਸਿੰਘ ਬੇਦੀ

(ਗ)

ਗੁਰਦਾਸ ਜੀ ਗੁਰੂ ਘਰ ਦੇ ਦੂਜੇ ਲਿਖਾਰੀ
ਗੁਰਮੁਖ ਸਿੰਘ ਜੀ ਚੰਦੜ
ਗੁਰਬਖਸ਼ ਸਿੰਘ ਸੰਤ ਪਟਿਆਲਾ
ਗੁਰਬਖਸ਼ ਸਿੰਘ ਕੇਸਰੀ
ਗੁਰਦਿਤ ਸਿੰਘ ਕਪਤਾਨ ਰਾਏਪੁਰ
ਗਿਆਨ ਸਿੰਘ ਗਿਆਨੀ
ਗਾਲਬ ਕਲਾਂ, ਗਾਲਬ ਰਨਿ ਸਿੰਘ ਤੇ ਗਾਲਬ ਖੁਰਦ ਦੇ ਸਿੰਘ ਸਭੀਏ

Digitized by Panjab Digital Library | www.panjabdigilib.org

( ਘ )

ਘਨਈਆ ਸਿੰਘ ਬਾਬੂ ਦੋਲੇ

( ਚ )

ਚੰਨਣ ਸਿੰਘ ਜਨੇਤ ਪੁਰਾ

ਚੰਨਣ ਸਿੰਘ ਗਿਲ ਜ਼ਿੰਦਰ

ਚੰਨਣ ਸਿੰਘ ਗੁਰਮੇ

ਚੰਨਣ ਸਿੰਘ ਛੀਰਾ

ਚੰਨਣ ਸਿੰਘ ਚੂਹੜ ਚਕ

ਚੀਮਨੇ ਪਿੰਡ ਦੇ ਸਿੰਘ ਸਭੀਏ

ਚੰਦਾ ਸਿੰਘ ਵਕੀਲ

( ਜ )

ਜੈ ਸਿੰਘ ਫਲਾਸਫਰ ਰਾਵਲ ਪਿੰਡੀ

ਜਸਵੰਤ ਸਿੰਘ ਕੰਵਲ

( ਠ )

ਠੁਲਾ ਸਿੰਘ ਲਹਿਰਾ ਮੁਹਬਤ

( ਤ )

ਤਾਰਾ ਸਿੰਘ ਪੰਡਤ

ਨਿਰੋਤਮ ਪਟਿਆਲਾ

ਤੇਜਾ ਸਿੰਘ ਬਾਬੂ ਭਸੌੜ

ਤਲਵੰਡੀ ਮਲ੍ਹੀਆਂ ਦੇ ਸਿੰਘ ਸਭੀਏ

( ਦ )

ਦਿਤ ਸਿੰਘ ਗਿਆਨੀ ਅਨੰਦ ਪੁਰ ਕਲੌੜ

( ਧ )

ਧਰਮ ਸਿੰਘ ਹੈਡਮਾਸਟਰ ਫਲੇਵਾਲ

( ਨ )

ਨਿਕਾ ਸਿੰਘ ਪੰਡਤ ਭਾਗੋ ਮਾਜਰਾ

ਨਾਨਕ ਸਿੰਘ ਰਈਸ ਭਦੌੜ

ਨਰੈਣ ਸਿੰਘ ਬਾਸੀਆਂ

ਨਥਾ ਸਿੰਘ ਡਾਕਟਰ ਗੁਜਰਵਾਲ਼

ਨਿਧਾਨ ਸਿੰਘ ਨੰਬਰਦਾਰ

ਨੰਦ ਸਿੰਘ ਜਮਾਂਦਾਰ ਸੈਪਲੀ

ਨਰਿੰਦਰ ਸਿੰਘ ਜਨੇਤ ਪੁਰਾ

( ਪ )

ਪੈੜਾ ਭਾਈ ਮੋਖ ਗੁਰੂ ਘਰ ਦੇ ਪਹਿਲੇ ਲਿਖਾਰੀ

ਪ੍ਰਮੇਸ਼ਰਾ ਨੰਦ ਪੰਡਤ ਮੁਲਾਂ ਪੁਰ

( ਮ )

ਮਾਨ ਸਿੰਘ ਜਜ ਅੰਬਾਲਾ

ਮਹਿੰਦਰ ਸਿੰਘ ਕਚੌਰ

ਮਹਿਲਾ ਬਾਈਆ

ਮਘਰ ਸਿੰਘ ਰਜੀਵਾਲ

( ਰ )

ਰੂੜ ਸਿੰਘ ਦਾਇਆ ਛੋਟਾ

ਰਣਜੀਤ ਸਿੰਘ ਜ਼ੈਲਦਾਰ ਜਸਪਾਲੋਂ

ਰਾਮ ਸਿੰਘ ਗਿਆਨੀ ਧਮੋਟ

ਰਾਮ ਸਿੰਘ ਬੁਟਰ

( ਲ )

ਲਛਮਣ ਸਿੰਘ ਦਿਆਲ ਪੁਰਾ ਮਿਰਜੇ ਕੇ

ਲਛਮਣ ਸਿੰਘ ਖਾਨ ਪੁਰ

ਲਛਮਣ ਸਿੰਘ ਅੰਬਾਲਾ

ਲਾਲ ਸਿੰਘ ਸੰਗਰੂਰ

ਲਾਲ ਸਿੰਘ ਲਲਤੋਂ ਛੋਟੀ

ਲਾਲ ਸਿੰਘ ਕਮਲਾ ਅਕਾਲੀ

Digitized by Panjab Digital Library | www.panjabdigilib.org

# ਸਃ ਅਤਰ ਸਿੰਘ ਜੀ ਭਦੌੜ

ਜਨਮਃ— ਆਪ ਭਦੌੜ ਦੇ ਸ਼ਾਹੀ ਘਰਾਣੇ ਦੇ ਸਰਦਾਰ ਖੜਗ ਸਿੰਘ ਦੇ ਘਰ ੧੮੩੩ ਈਃ ਨੂੰ ਪੈਦਾ ਹੋਏ।

ਬਚਪਨਃ— ਆਪਦਾ ਬਚਪਨ ਆਪਣੇ ਮਾਤਾ ਪਿਤਾ ਦੀ ਗੋਦ ਵਿਚ ਅਮੀਰਾਨਾ ਠਾਠ ਵਿਚ ਲੰਘਿਆ।

ਵਿਦਿਆਃ— ਆਪ ਗੁਰਮੁਖੀ, ਸੰਸਕ੍ਰਿਤ, ਫਾਰਸੀ ਅਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ। ਆਪ ਉਚ ਲਿਆਕਤ ਦੇ ਮਾਲਕ ਸਨ। ਜਿਸਦੇ ਕਾਰਨ ਪੰਜਾਬ ਸਰਕਾਰ ਨੇ ਆਪ ਨੂੰ ਮਹਾ ਪਹੋ ਪਧਿਆਇਓ ਤੇ ਫਜ਼ਲਉਲਫਜ਼ਲਾ ਆਦਿ ਪਦਵੀਆਂ ਦੇ ਕੇ ਸਨਮਾਨਿਆ। ਆਪ ਏਸ਼ੀਆਟਿਕ ਸੁਸਾਇਟੀ ਆਫ ਬੰਗਾਲ ਤੇ ਪੰਜਾਬ ਯੂਨੀ-ਵਰਸਿਟੀ ਦੀ ਸੈਨਟ ਦੇ ਮੈਂਬਰ ਰਹੇ।

ਉਪਕਾਰਃ— ਆਪ ਖਾਲਸਾ ਕਾਲਜ ਅੰਮ੍ਰਿਤਸਰ ਦੇ ਕਾਇਮ ਕਰਨ ਵਾਲਿਆਂ ਮੋਢੀਆਂ ਸਜਣਾਂ ਵਿਚੋਂ ਇਕ ਸਨ ਤੇ ਖਾਲਸਾ ਦੀਵਾਨ ਲਾਹੌਰ ਦੇ ਪ੍ਰਧਾਨ ਅਤੇ ਚੀਫ ਖਾਲਸਾ ਦੀ ਪਹਿਲੀ ਪ੍ਰਧਾਨਗੀ ਦਾ ਮਾਨ ਪ੍ਰਾਪਤ ਹੋਇਆ। ਸਿੰਘ ਸਭਾ ਲਹਿਰ ਵਿਚ ਗੁਰਮਤ ਪ੍ਰਚਾਰ ਲਈ ਆਪ ਨੇ ਪ੍ਰੋ: ਗੁਰਮੁਖ ਸਿੰਘ ਦੀ ਬਹੁਤ ਮਦਦ ਕੀਤੀ। ਪੰਥ ਦੀਆਂ ਚੜ੍ਹਦੀਆਂ ਕਲਾਂ ਵੇਖਣ ਦੇ ਆਪ ਜੀ ਸਦਾ ਹੀ ਚਾਹਵਾਨ ਰਹਿੰਦੇ! ਆਪ ਦੇ ਦਿਲ ਵਿਚ ਖਾਲਸਾ ਪੰਥ ਦੀ ਉਨਤੀ ਦਾ ਅਮਿਟ ਪਿਆਰ ਸੀ। ਆਪ ਨੇ ਪੰਜਾਬੀ ਬੋਲੀ ਦੀ ਕਲਮੀ ਸੇਵਾ ਬਹੁਤ ਕੀਤੀ। ਆਪ ਪਹਿਲੇ ਲਿਖਾਰੀ ਹਨ ਜਿਨ੍ਹਾਂ ਦੇ ਸਿਖ ਧਰਮ ਬਾਰੇ ਅੰਗਰੇਜ਼ੀ ਵਿਚ ਪੁਸਤਕਾਂ ਲਿਖੀਆਂ। ਆਪ ਦੀਆਂ ਰਚਨਾਵਾਂ ਅਗੇ ਦਿਤੀਆਂ ਜਾਂਦੀਆਂ ਹਨਃ—

੧. ਸਾਖੀਬੁਧ (ਸੌ ਸਾਖੀ ਦਾ ਅਨੁਵਾਦ)
੨. ਟਰੈਵਲਜ਼ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ।
੩. ਰਹਿਤਨਾਮਾ ਪ੍ਰਹਿਲਾਦ ਰਾਏ ਅਤੇ ਨੰਦ ਲਾਲ।
੪. ਚੋਣਵੇ ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ।
੫. ਜਪਜੀ ਸਟੀਕ (ਉਰਦੂ)
੬. ਤਵਾਰੀਖ ਸਿਧੂ ਬਰਾੜਾ ਅਤੇ ਖਾਨਦਾਨ ਫੂਲ ਪੰਜਾਬੀ।

ਦਿਹਾਂਤਃ— ਆਪ ਜੀ ਦਾ ਦਿਹਾਂਤ ੧੦ ਜੂਨ ੧੮੯੬ ਈਃ ਨੂੰ ਹੋਇਆ।

# ਗਿਆਨੀ ਇੰਦਰ ਸਿੰਘ ਜੀ

ਜਨਮਃ— ਆਪ ਦਾ ਜਨਮ ਨਗਰ ਪਿੰਡ ਗੁੜੇ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਹੈ।

ਬਾਲਪਣਃ— ਆਪ ਦੀ ਪਹਿਲੀ ਉਮਰ ਪਿੰਡ ਵਿਚ ਸਾਥੀਆਂ ਨਾਲ ਖੇਡਦਿਆਂ ਦੀ ਲੰਘੀ ਪਰ ਆਪ ਪਹਿਲੇ ਦਿਨ ਤੋਂ ਤੀਖਣ ਬੁਧੀ ਰਖਦੇ ਸਨ।

Digitized by Panjab Digital Library | www.panjabdigilib.org

ਵਿਦਿਆਃ— ਆਪ ਗੁਰਮੁਖੀ ਵਿਦਿਆ ਚੰਗੀ ਤਰਾਂ ਪੜ੍ਹੇ ਹੋਏ ਸਨ। ਗੁਰਬਾਣੀ ਦੀ ਕਥਾ ਬੜੇ ਉੱਤਮ ਢੰਗ ਨਾਲ ਕਰਿਆ ਕਰਦੇ ਸਨ। ਆਪ ਦਾ ਗੁਰਬਾਣੀ ਨਾਲ ਕਾਫੀ ਪਿਆਰ ਸੀ। ਆਪ ਚੰਗੇ ਨਾਮ ਅਭਿਆਸੀ ਕੀਰਤਨ ਦੇ ਰਸੀਏ ਗੁਰਸਿਖ ਹੋਏ ਹਨ। ਆਪ ਉਚ ਆਦਰਸ਼ ਦੇ ਮਾਲਿਕ ਸਨ ਤੇ ਸਦਾ ਖਿੜੇ ਮਥੇ ਰਹਿੰਦੇ ਸਨ।

## ਇੰਦਰ ਸਿੰਘ ਜੀ ਗਿਆਨੀ ਛੀਨੀਵਾਲ

ਆਪ ਦਾ ਪਿੰਡ ਛੀਨੀਵਾਲ ਵਡੀ ਰਾਜ ਪਟਿਆਲਾ ਸੀ। ਆਪ ਕੀਰਤਨ ਦੇ ਧਨੀ ਅਤੇ ਗੁਰਮਤਿ ਪ੍ਰਚਾਰ ਦੇ ਚਿਰ ਤਕ ਅਨਿੱਨ ਸੇਵਕ ਰਹੇ ਹਨ। ਆਪ ਨੇ ਅਕਾਲ ਕਾਲਜ ਮਸਤੂਆਣਾ ਦਾ ਉਸ ਔਖੇ ਵੇਲੇ ਸੇਵਾ ਸਾਂਭੀ ਜਿਸ ਵੇਲੇ ਸੰਤ ਤੇਜਾ ਸਿੰਘ ਐਮ. ਏ. ਪ੍ਰਦੇਸ ਨੂੰ ਜਾਣ ਵੇਲੇ ਛਡ ਗਏ ਸਨ। ਸ਼ੋਕ! ਕਿ ਆਪ ਜੁਵਾਨੀ ਵਿਚ ਹੀ ਮਸਤੂਆਣੇ ਵਿਚ ਤਾਪ ਦੀ ਬੀਮਾਰੀ ਨਾਲ ਚਲਾਣਾ ਕਰ ਗਏ। ਹੁਣ ਆਪ ਦੇ ਭਤੀਜੇ ਗਿਆਨੀ ਕਾਲਾ ਸਿੰਘ ਜੀ ਕੀਰਤਨੀ ਜਥਾ ਬਣਾਕੇ ਗੁਰਮਤਿ ਪ੍ਰਚਾਰ ਦੀ ਸੇਵਾ ਕਰ ਕੇ ਆਪਦਾ ਜਨਮ ਸਫਲ ਅਤੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

## ਸਃ ਈਸ਼ਰ ਸਿੰਘ ਜੀ

ਸਰਦਾਰ ਈਸ਼ਰ ਸਿੰਘ ਪਿਤਾ ਸ: ਖਜ਼ਾਨ ਸਿੰਘ ਦੇ ਘਰ ਜਨਮ ਪਿੰਡ ਕਿਸ਼ਨਪੁਰਾ ਕਲਾਂ, ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ। ਆਪ ਜੀ ਗੁਰ ਇਤਹਾਸਦੇ ਖੋਜੀ ਤੇ ਸਿੰਘ ਸਭਾਵਾਂ ਵਿਚ ਪੂਰਾ ਹਿਸਾ ਤੇ ਪੂਰੇ ਅਕਾਲੀ ਹੋਏ ਹਨ। ਆਪ ਜੀ ਦੇ ਦੋ ਸੁਪੁਤ੍ਰ ਸ: ਨੰਦ ਸਿੰਘ ਸ: ਜਗੀਰ ਸਿੰਘ ਅਜ ਪੰਥ ਪਾਸ ਅਮਾਨਤ ਹਨ।

## ਸਃ ਇਕਬਾਲ ਸਿੰਘ ਬੋਪਾਰਾਏ ਪ੍ਰਿੰਸੀਪਲ

ਸ: ਇਕਬਾਲ ਸਿੰਘ ਜੀ ਐਮ. ਐਲ. ਏ. ਜਨਮ ਪਿੰਡ ਬੋਪਾਰਾਏ ਤਹਿਸੀਲ ਜਗਰਾਉ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਆਪ ਜੀ ਇਸ ਸਮੇਂ ਖਾਃ ਕਾਲਜ ਗੁਰੂਸਰ ਸਧਾਰ ਦੇ ਪ੍ਰਿੰਸੀਪਲ ਹਨ ਤੇ ਪੰਜਾਬ ਅਸੈਂਬਲੀ ਦੇ ਮੈਂਬਰ ਹਨ। ਅਤੇ ਸ਼੍ਰੋਃ ਗੁਃ ਪ੍ਰਃ ਕਮੇਟੀ ਦੇ ਮੈਂਬਰ ਹਨ। ਆਪ ਪੂਰਨ ਗੁਰਸਿਖ ਤੇ ਗੁਰ ਭਰੋਸੇ ਵਾਲੇ ਗੁਰਬਾਣੀ ਦੇ ਪੂਰਨ ਸ਼ਰਧਾਲੂ ਹਨ। ਦੁਨੀਆਂ ਦੀਆਂ ਕੁਲ ਨਿਆਮਤਾਂ ਨਾਲੋਂ ਆਪ ਸਿਖੀ ਦੀ ਦਾਤ ਨੂੰ ਸਭ ਤੋਂ ਸਰੇਸ਼ਟ ਸਮਝਦੇ ਹਨ। ਆਪ ਦੀਆਂ ਜੀਵਨ ਕਿਰਨਾਂ ਦੁਆਰਾ ਹਜ਼ਾਰਾਂ ਸਿਖ ਨੌਜਵਾਨਾਂ ਨੂੰ ਸਿਖੀ ਮਾਰਗ ਤੇ ਲਿਆਕੇ ਗੁਰੂ ਪੰਥ ਵਿਚ ਪ੍ਰਵੇਸ਼ ਕੀਤਾ ਅਤੇ ਅਕਾਲੀ ਮੋਰਚਿਆਂ ਵਿਚ ਸਜ਼ਾਵਾਂ ਵੀ ਕਟੀਆਂ।

## ਸੰਤੋਖ ਸਿੰਘ ਜੀ

ਸ੍ਰੀਮਾਨ ਵਿਦਿਆ ਸਾਗਰ ਕਵੀ ਚੂੜਾ ਮਣਿ ਭਾਈ ਸਾਹਿਬ ਸੰਤੋਖ ਸਿੰਘ ਜੀ ਪਿਤਾ ਦੇਵਾ ਸਿੰਘ ਪਿੰਡ ਬੂੜੀਆਂ ਜ਼ਿਲਾ ਅੰਬਾਲਾ ਦੇ ਘਰ ਜਨਮ ਹੋਇਆ। ਆਪ ਜੀ ਨੇ ਬਾਲ ਅਵਸਥਾ ਮਾਤਾ

Digitized by Panjab Digital Library | www.panjabdigilib.org

ਪਿਤਾ ਦੀ ਗੋਦ ਦੇ ਨਿਗ੍ਰਾਸ ਤੇ ਪਿਆਰ ਭਿੰਨੀਆਂ ਲੋਰੀਆਂ ਵਿਚ ਮਾਣਦੇ ਹੋਏ ਜਦ ਵਿਦਿਆ ਪੜ੍ਹਣ ਦੇ ਲਾਇਕ ਹੋਏ ਤਾਂ ਆਪ ਜੀ ਦੇ ਪਿਤਾ ਨੇ ਗੁਰਮਤ ਭਿੰਨੀ ਵਿਦਿਆ ਪ੍ਰਾਪਤ ਕਰਾਉਣ ਵਾਸਤੇ ਗੁਰੂ ਪੰਥ ਦੇ ਬ੍ਰਹਮ ਗਿਆਨੀ ਸਿੰਘ ਸਾਹਿਬ ਸੰਤ ਸਿੰਘ ਜੀ ਹੈਡ ਗਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਾਸ ਬਿਠਾਏ।

ਆਪ ਗੁਰੂ ਘਰੋਂ ਸਰੇਸ਼ਟ ਬੁਧੀ ਪ੍ਰਾਪਤ ਹੋਣ ਤੇ ਪੰਥ ਦੇ ਚਮਕਦੇ ਵਿਦਵਾਨਾਂ ਵਿਚ ਹੋਣ ਤੇ ਆਪ ਜੀ ਨੇ ਹੇਠ ਲਿਖੇ ਗਰੰਥ ਲਿਖ ਕੇ ਗੁਰੂ ਪੰਥ ਦੀ ਉਹ ਸੇਵਾ ਕੀਤੀ ਜੋ ਰਹਿੰਦੀ ਦੁਨੀਆ ਤਕ ਰੋਸ਼ਨ ਮੁਨਾਰੇ ਦਾ ਕੰਮ ਦੇਵੇਗੀ। ਸੰਮਤ ੧੮੮੦ ਵਿਖੇ ੧. ਗਰੰਥ ਅਮਰ ਕੋਸ਼ ੨. ਗੁਰ ਨਾਨਕ ਪ੍ਰਕਾਸ਼ ੩. ਜਪੁਜੀ ਸਾਹਿਬ ਦਾ ਗਰਬ ਗਜਨੀ ਟੀਕਾ ਸੰ: ੧੮੮੬ ੪. ਆਤਮ ਪੁਰਾਣ ਦਾ ਉਲਥਾ ੫. ਬਾਲਮੀਕ ਰਮਾਇਣ ਦਾ ਉਲਥਾ ੧੮੯੧ ੬. ਗੁਰ ਪ੍ਰਤਾਪ (ਸੂਰਜ ਪ੍ਰਕਾਸ਼) ਦੇ ਖਰੜੇ ਸੰ: ੧੯੦੦ ਵਿਚ ਤਿਆਰ ਕੀਤੇ। ਪਰੰਤੂ† ਸ਼ੋਕ ਹੈ ਕਿ ਆਪ ਦੇ ਹਥੀਂ ਪ੍ਰਕਾਸ਼ਤ ਨਾ ਕਰ ਸਕੇ ਪਰ ਸਤਿ ਪੁਰਖ ਜੋ ਬੀਜ ਬੀਜਦੇ ਹਨ ਉਹ ਨਿਸਫਲ ਕਦੇ ਨਹੀਂ ਜਾਂਦਾ। ਏਹ ਗੁਰ ਪ੍ਰਤਾਪ ਗਰੰਥ ਜੇ ਅਜ ਪੰਥ ਕੋਲ ਬੇ ਮੁਲਾ ਖਜ਼ਾਨਾ ਨਾ ਹੁੰਦਾ ਤਾਂ ਸਿਖਾਂ ਪਾਸ ਕੀ ਸੀ। ਜਿਸ ਤੋਂ ਗੁਰਮੁਖ ਪਿਆਰੇ ਤੇ ਭਰੋਸੇ ਵਾਲੇ ਗੁਰਸਿਖ ਇਤਿਹਾਸ ਨੂੰ ਪੜ੍ਹਦੇ ਤੇ ਅਨੰਦ ਮਾਣਦੇ ਹਨ। ਭਾਈ ਸਾਹਿਬ ਦੇ ਭਰਾਤਾ ਭਾਈ ਜੋਗ ਸਿੰਘ ਜੀ ਨੇ ਹੀਰ ਜੋਗਾ ਸਿੰਘ ਵਿਚ ਇਸ ਗਲ ਦਾ ਸਬੂਤ ਦਿਤਾ ਹੈ ਕਿ ਸਾਡੇ ਵਡੇ ਪੇਲ ਤੋਂ ਬੂੜੀਆ ਆਏ ਸਨ ਅਤੇ ਇਕੋ ਇਕ ਭਾਈ ਸਾਹਿਬ ਦੇ ਰਚਿਤ ਗਰੰਥ ਸੂਰਜ ਪ੍ਰਤਾਪ ਦੀ ਕਥਾ ਹੀ ਗੁਰੂ ਪੰਥ ਦੇ ਤਖਤਾਂ ਅਤੇ ਗੁਰ ਅਸਥਾਨਾਂ ਵਿਚ ਹੋ ਸਕਦੀ ਹੈ।

## ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ (ਬਿਹਾਰ)

ਸਿਖਾਂ ਦੇ ਤੀਜੇ ਸ੍ਰੀ ਗੁਰੂ ਅਮਰਦਾਸ ਜੀ ਦੇ ਬੰਸ ਵਿਚੋਂ ਬਾਬਾ ਸਾਧੂ ਸਿੰਘ ਜੀ ਦੇ ਘਰ ਜਨਮ ਹੋਇਆ। ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਬਿਹਾਰ ਸਿਖ ਪੰਥ ਵਿਚ ਉਚ ਕੋਟੀ ਦੇ ਵਿਦਵਾਨ ਤੇ ਕਾਵਿ ਦੇ ਲਿਖਾਰੀ ਸਨ। ਜਿਨ੍ਹਾਂ ਦੇ ਲਿਖੇ ਗਰੰਥ ਇਹ ਹਨ :—

ਗੁਰੂ ਨਾਨਕ ਦਿਗ ਵਿਜੇ (ਮਕੇ ਮਦੀਨੇ ਦੀ ਗੋਸ਼ਟ) ਬ੍ਰਹਮਾਂਡ ਪੁਰਾਣ (ਅਨੁਵਾਦ)
ਗੁਰ ਕਵਿਤਾਵਲੀ (ਸਤੋਤ੍ਰ) ਗੁਰ ਪਦ ਪਰੇਮ ਪ੍ਰਕਾਸ਼ (ਦਸ ਪਾਤਿਸ਼ਾਹੀਆਂ ਦਾ ਮੁਕੰਮਲ ਕਾਵਯ ਮਈ ਇਤਿਹਾਸ) ਦਾਰਿਦ੍ਰ ਦੁਖ ਦੰਡਣ ਦੋ ਹਾਵਲੀ।

ਖਾਲਸਾ ਪਚਾਸਾ, ਖਾਲਸਾ ਸ਼ਤਕ, ਖਾਲਸਾ ਪੰਚਾਸਿਕਾ, ਗੁਰ ਕੀਰਤ ਕਵਿਤਾਵਲੀ* ਅਤੇ ਆਪ ਜੀ ਪੰਜਾਬੀ ਹਿੰਦੀ ਤੇ ਗੁਜਰਾਤੀ ਦੇ ਚੰਗੇ ਵਿਦਵਾਨ ਸਨ। ਸੰਨ ੧੯੦੩ ਈਸਵੀ ਵਿਚ ਪੰਜਾਬ ਆਕੇ ਸਾਰੇ ਲਿਖਾਰੀ ਤੇ ਹਮਜੋਲੀਆਂ ਨੂੰ ਸਦਾ ਲਈ ਵਛੋੜਾ ਦੇ ਗਏ।

---

† ਭਾਈ ਸਾਹਿਬ ਜੀ ਦਾ ਸਰੀਰ ਸ਼ਾਂਤ ਹੋਣ ਤੋਂ ਪਿਛੋਂ ਛਪੇ।

* ਸ: ਸ਼ਮਸ਼ੇਰ ਸਿੰਘ ਅਸ਼ੋਕ ਦੇ ਲੇਖ— ਬਾਬਾ ਸੁਮੇਰ ਸਿੰਘ ਤੇ ਉਹਨਾਂ ਦੀ ਕਾਵਿ ਰਚਨਾ (ਖਾਲਸਾ ਸਮਾਚਾਰ ਅੰਮ੍ਰਿਤਸਰ ੪ ਅਗਸਤ ਸੰ: ੧੯੩੮ ਸਫਾ ੬ ਅਤੇ ਅਗਸਤ ੧੯੩੮ ਸਫਾ ੮) ਅਤੇ ਪੰਜਾਬ ਦੀਆਂ ਲਹਿਰਾਂ।

Digitized by Panjab Digital Library | www.panjabdigilib.org

# ਸ: ਸਰੂਪ ਸਿੰਘ ਜ਼ੈਲਦਾਰ ਕਿਸ਼ਨ ਪੁਰਾ

ਸ: ਅਤਰ ਸਿੰਘ ਥਾਨੇਦਾਰ ਆਹਲੂਵਾਲ ਦੇ ਰਾਜ ਦੇ ਗ੍ਰਹਿ ਪਿੰਡ ਕਿਸ਼ਨ ਪੁਰਾ ਕਲਾਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਜਨਮ ਹੋਇਆ।

ਬਾਲਪਨ : ਆਪ ਦਾ ਬਾਲਪਨ ਪਿੰਡ ਵਿਚ ਹੀ ਲੰਘਿਆ।

ਵਿਦਿਆ : ਆਪ ਨੇ ਗੁਰਮਖ਼ੀ ਵਿਦਿਆ ਛੋਟੀ ਉਮਰ ਵਿਚ ਹੀ ਪੜ੍ਹ ਲਈ ਤੇ ਆਪ ਸੰਤ ਗੁਲਾਬ ਦਾਸ ਚਠਿਆ ਵਾਲਿਆਂ ਦੇ ਸੰਗੀ ਬਣ ਗਏ। ਉਹਨਾਂ ਪਾਸੋਂ ਵਿਦਾਂਤ ਭਾਸ਼ਾ ਦੇ ਗਰੰਥ ਪੜ੍ਹੇ ਅਤੇ ਆਪ ਵੀ ਗੁਲਾਬ ਦਾਸ ਵਾਂਗ ਯੁਕਤੀ ਪ੍ਰਵਾਨ ਮੰਨੇ ਜਾਂਦੇ ਸਨ। ਆਪ ਦੀ ਸੰਗਤ ਨਾਲ ਗਿਕਾਨੀ ਦਿਤ ਸਿੰਘ ਜੀ ਚਠੀਂ ਪੁਜੇ ਅਤੇ ਪਰੋਫੇਸਰ ਗੁਰਮੁਖ ਸਿੰਘ ਨਾਲ ਮਿਲ ਕੇ ਸਿੰਘ ਸਭਾ ਦੇ ਮੋਦੀਆਂ ਅਤੇ ਅਰਭਕਾਂ ਵਿਚ ਹੋ ਗਏ।

ਭਾਈ ਦਿਤ ਸਿੰਘ ਗਿਆਨੀ ਜੀ ਦੀ ਪਰੇਰਨਾ ਨ ਲ ਕਿਸ਼ਨ ਪੁਰਾ ਕਲਾਂ ਵਿਚ ਸਿੰਘ ਸਭਾ ਦਾ ਸਮਾਗਮ ਕੀਤਾ, ਅੰਮ੍ਰਤ ਛਕਿਆ ਤੇ ਹੋਰਨਾਂ ਨੂੰ ਛਕਾਇਆ। ਆਪ ਨਾਲ ਬ੍ਰਾਹਮਣਾਂ ਦੇ ਚਕੇ ਹੋਏ ਜਟਾਂ ਨੇ ਬਹੁਤ ਵਿਰੋਧਤਾ ਕੀਤੀ। ਆਪ ਬਹੁਤ ਸਿਆਣੇ ਅਤੇ ਤੇਜ ਪ੍ਰਤਾਪ ਵਾਲੇ ਸਨ। ਆਪ ਨੇ ਕਿਸੇ ਦੀ ਪ੍ਰਵਾਹ ਨ ਕੀਤੀ ਅਤੇ ਸਿਖੀ ਅਸੂਲਾਂ ਤੇ ਡਟੇ ਰਹੇ।

ਆਪ ਜੀ ਦੇ ਸਪੁਤਰ ਸ: ਕਿਸ਼ਨ ਸਿੰਘ ਗੁਲਾਬ ਦਾਸੀਏ ਦੇ ਚਾਟੇ ਚੜ੍ਹੇ ਹੋਏ ਸਨ। ਆਪ ਦੇ ਜੀਵਨ ਤੋਂ ਪ੍ਰਭਾਵਤ ਹੋ ਕੇ ਸਮੇਤ ਆਪਣੇ ਪੁਤਰ ਸ: ਹਰਬੰਸ ਸਿੰਘ ਦੇ ਅੰਮ੍ਰਤ ਛਕਿਆ ਤੇ ਖਾਲਸਾ ਪੰਥ ਵਿਚ ਪ੍ਰਵੇਸ਼ ਕੀਤਾ। ਸ: ਹਰਬੰਸ ਸਿੰਘ ਨੇ ਪੰਥਕ ਗੁਰਦਵਾਰਾ ਸਾਹਿਬ ਕਿਸ਼ਨ ਪੁਰਾ ਕਲਾਂ ਦੇ ਤਿਆਰ ਕਰਨ ਵਿਚ ਦਾਸ ਨਾਲ ਖਾਸ ਮੁਖ ਪ੍ਰਬੰਧਕਾਂ ਵਿਚ ਸੀ।

# ਸ਼ਾਮ ਸਿੰਘ ਜੀ ਨਿਹੰਗ

ਜਨਮ : ਆਪ ਦਾ ਜਨਮ ਮੁਹੰਮਦ ਪੁਰ (ਜਾਟੋਂਕਾ) ਜ਼ਿਲਾ ਸਹਾਰਨ ਪੁਰ ਦਾ ਸੀ, ਪਰ ਆਪ ਦੇ ਵਡੇਰੇ ੧੮ਵੀਂ ਸਦੀ ਵਿਚ ਪਿੰਡ ਲੀਲ ਧਾਲੀਵਾਲ ਜ਼ਿਲਾ ਲੁਧਿਆਣਾ ਤੋਂ ਉਠ ਕੇ ਗਏ ਸਨ।

ਮੁਢਲਾ ਜੀਵਨ : ਆਪ ਦਾ ਪਹਿਲਾ ਨਾਮ ਹਰਿਕਸੇ ਸੀ, ਚੜ੍ਹਦੀ ਜੁਆਨੀ ਆਪ ਦਖਣ ਨੂੰ ਠੇਕੇਦਾਰੀ ਕਰਨ ਲਈ ਚਲੇ ਗਏ। ਉਥੇ ਪਠਾਣਾ ਦੀ ਕੁਸੰਗ ਕਰਕੇ ਡਾਕੇ ਮਾਰਨ ਵਿਚ ਜਿਹਲ ਹੋ ਗਏ। ਸਤਿ ਗੁਰੂ ਅਗੇ ਅਰਦਾਸ ਕੀਤੀ ਜੇ ਇਸ ਅਪੀਲ ਵਿਚ ਬਰੀ ਹੋ ਜਾਈਏ ਤਾਂ ਸਿੱਖ ਸੱਜ ਜਾਵਾਂਗੇ, ਅਰਦਾਸ ਪ੍ਰਵਾਨ ਹੋਈ, ਆਪ ਬਰੀ ਹੋ ਗਏ ਅਤੇ ਸਮੇਤ ਪਠਾਣ ਸਾਥੀਆਂ ਦੇ ਸਿੰਘ ਸਜ ਗਏ।

ਆਪ ਜੀ ਪੰਜਾਬ ਵਿਚ ਆ ਗਏ, ਅਤੇ ਸਿੱਖ ਸੇਵਕ ਜਥਾ ਲੁਧਿਆਣਾ ਨਾਲ ਮਿਲ ਕੇ ਇਲਾਕੇ ਵਿਚ ਸਿਖੀ ਦਾ ਬਹੁਤ ਪ੍ਰਚਾਰ ਕੀਤਾ, ਆਪ ਦੇ ਨਗਰ ਮੁਹੰਮਦ ਪੁਰ ਜ਼ਿਲਾ ਸਹਾਰਨ ਪੁਰ ਸੁੰਦਰ ਗੁਰਦਵਾਰਾ ਬਣਾਇਆ ਇਲਾਕੇ ਵਿਚ ਸਿਖੀ ਪ੍ਰਚਾਰ ਕੀਤਾ, ਅਨੇਕਾਂ ਨੂੰ ਅੰਮ੍ਰਿਤ ਛਕਾ ਕੇ

Digitized by Panjab Digital Library | www.panjabdigilib.org

ਫੌਜ ਵਿਚ ਭਰਤੀ ਕਰਾਇਆ। ਬੰਬਈ, ਉੜੀਸਾ, ਰਾਜਪੂਤਾਨਾ ਅਤੇ ਯੂ. ਪੀ. ਆਦਿ ਸਭ ਪ੍ਰਾਤਾਂ ਵਿਚ ਅਨੇਕਾ ਸਿੰਘ ਸਜਾਏ।

ਪੰਜਾਬ ਵਿਚ ਆਪ ਦੇ ਸਹਿਚਾਰੀ ਸਜਣ ਹੇਠ ਲਿਖੇ ਹਨ। ਕਰਨਲ ਗੋਪਾਲ ਸਿੰਘ ਮਹਿਮਾਂ ਸਿੰਘ ਵਾਲਾ, ਮਿਸਤਰੀ ਸ਼ੇਰ ਸਿੰਘ, ਗਾਲਪਰਣ ਸਿੰਘ, ਸੂਬੇਦਾਰ ਮੇਜਰ ਸੁੰਦਰ ਸਿੰਘ ਮਲਾਂ, ਸ: ਆਸਾ ਸਿੰਘ, ਸ: ਮੇਵਾ ਸਿੰਘ ਮਕਲਾ, ਸ: ਨਾਨਕ ਸਿੰਘ ਰਈਸ ਭਦੌੜ, ਪੰ: ਕਰਤਾਰ ਸਿੰਘ ਦਾਖਾ, ਗਿ: ਸਜਣ ਸਿੰਘ ਰੁੜਕਾ, ਸ: ਪੂਰਨ ਸਿੰਘ ਜਾਂਗ ਪੁਰ, ਹਕੀਮ ਵਿਸਾਖਾ ਸਿੰਘ ਤੇ ਭਾਈ ਕਾਹਨ ਸਿੰਘ ਹਸਨ ਪੁਰ, ਭਾਈ ਸਾਹਿਬ ਸਿੰਘ ਲਿਤਰ, ਭਾਈ ਮਿਤ ਸਿੰਘ, ਭਾਈ ਨਾਰੈਣ ਸਿੰਘ ਤੇ ਸ: ਮਹਿੰਦਰ ਸਿੰਘ ਛੋਟੇ ਜਿਧਮ, ਗੁੰਬੋ ਮਹਿੰਦਰ ਸਿੰਘ, ਗਾਲਬ ਰਣ ਸਿੰਘ, ਭਾਈ ਪ੍ਰੇਮ ਸਿੰਘ ਗਾਲਬ ਕਲਾਂ।

ਦਿਹਾਂਤ : ਆਪ ਜੁਲਾਈ ੧੯੨੩ ਵਿਚ ਪਨਿਆਲੀ ਜ਼ਿਲਾ ਸਹਾਰਨ ਪੁਰ ਵਿਚ ੬੭ ਸਾਲ ਉਮਰ ਭੋਗ ਕੇ ਪ੍ਰਲੋਕ ਸਧਾਰ ਗਏ।

# ਭਾਈ ਸੁੰਦਰ ਸਿੰਘ ਜੀ ਇੰਦ੍ਰਗੜ

ਜਨਮ : ਆਪ ਸ: ਭੁਮਣ ਸਿੰਘ ਦੇ ਗ੍ਰਹਿ ਮਾਤਾ ਧਰਮ ਕੌਰ ਦੇ ਉਦਰ ਤੋਂ ਪਿੰਡ ਇੰਦ ਗੜ ਤਹਿਸੀਲ ਜ਼ੀਰਾ ਵਿਚ ਪੈਦਾ ਹੋਏ।

ਅੰਮ੍ਰਿਤ ਪਾਨ : ਜਦ ਸਿੰਘ ਸਭਾ ਲਹਿਰ ਜ਼ੋਰਾਂ ਤੇ ਚਲ ਰਹੀ ਸੀ ਤਾਂ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਇੰਦ ਗੜ ਆਏ ਤੇ ਉਨ੍ਹਾਂ ਨੇ ਦੀਵਾਨ ਵਿਚ ਅੰਮ੍ਰਿਤ ਪਾਨ ਕਰਨ ਲਈ ਅਪੀਲ ਕੀਤੀ ਆਪ ਜੀ ਨੇ ਪਿੰਡ ਵਿਚੋਂ ਸਭ ਤੋਂ ਪਹਿਲਾਂ ਅੰਮ੍ਰਿਤ ਛਕਿਆ ਉਪ੍ਰੰਤ ਆਪ ਜੀ ਸਿੰਘ ਸਭਾ ਲਹਿਰ ਵਿਚ ਵਧ ਚੜਕੇ ਹਿਸਾ ਲੈਣ ਲਗੇ ਜਦ ਅਕਾਲੀ ਲਹਿਰ ਚਲੀ ਤਾਂ ਆਪ ਇਸ ਲਹਿਰ ਵਿਚ ਵੀ ਕਾਫੀ ਸੇਵਾ ਕੀਤੀ, ਜੈਤੋ ਵਿਚ ਗੋਲੀ ਚਲਣ ਸਮੇਂ ਫੱਟੜ ਹੋਏ ਆਪ ਨੇ ਦੋਹਾਂ ਲਹਿਰਾਂ ਵਿਚ ਬਹੁਤ ਸੇਵਾ ਕੀਤੀ।

# ਮੋਢੀ ਸੁਜਾਨ ਸਿੰਘ ਜੀ ਬੀ. ਏ. ਪਟਿਆਲਾ

ਆਪ ਜੀ ਚੀਫ ਖਾਲਸਾ ਦੀਵਾਨ ਦੇ ਮੋਢੀਆਂ ਵਿਚੋਂ ਸਨ, ਆਪ ਜੀ ਨੇ ਚੀਫ ਖਾਲਸਾ ਦੀਵਾਨ ਦੇ ਔਨਰੇਰੀ ਸਕੱਤ੍ਰ ਦੀ ਸੇਵਾ ਬੜੀ ਯੋਗਤਾ ਨਾਲ ਨਿਭਾਈ ਆਪ ਜੀ ਨੂੰ ਵੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਜਿਸ ਨੂੰ ਆਪ ਨੇ ਬੜੀ ਸੁਚੱਜਤਾ ਨਾਲ ਨਿਭਾਇਆ, ਆਪ ਰਿਆਸਤ ਪਟਿਆਲਾ ਵਿਚ ਫਾਰਨ ਮਨਿਸਟਰ ਦੇ ਅਹੁਦੇ ਤੇ ਦੋ ਸਾਲ ਲਗੇ ਰਹੇ, ਜਿਸ ਵਿਚ ਆਪ ਨੇ ਸ਼ਲਾਘਾ ਯੋਗ ਸੇਵਾ ਕੀਤੀ, ਪਰ ਸਿਹਤ ਖਰਾਬ ਹੋ ਜਾਣ ਦੇ ਕਾਰਨ ਆਪ ਅਸਤੀਫਾ ਦੇ ਕੇ ਅਡ ਹੋ ਗਏ।

Digitized by Panjab Digital Library | www.panjabdigilib.org

ਆਪ ਜੀ ਪਟਿਆਲਾ ਵਿਚ ਕਾਲਜ ਦੇ ਪ੍ਰੋਫੈਸਰ ਸਨ ਪਰ ਆਪਣੇ ਮਿਲਪੜੇ ਸਭਾ ਦੇ ਕਾਰਨ ਹਰਮਨ ਪਿਆਰੇ ਹੋ ਗਏ ਤੇ ਕਾਫੀ ਨਾਮਣਾ ਪ੍ਰਾਪਤ ਕੀਤਾ, ਆਪ ਜੀ ਉਚ ਆਚਰਣ ਦੇ ਪਾਲਕਸ਼ਨ ਸਿੰਘ ਸਭਾ ਦੇ ਮੁਖੀਆਂ ਚੋਂ ਤੇ ਕਟੜ ਗੁਰਮਤੀਆ ਵਿਚੋਂ ਸਨ ।

ਦਿਹਾਂਤ : ਆਪ ਜੀ ੧੯੧੫ ਨੂੰ ਪਟਿਆਲਾ ਵਿਚ ਗੁਰ ਪੁਰੀ ਸੁਧਾਰ ਗਏ ।

## ਦੀਵਾਨ ਸੋਢਾ ਸਿੰਘ ਜੀ ਕੌਲਗੜ੍ਹ

ਆਪ ਦਾ ਜਨਮ ਪਿੰਡ ਸੰਗਰੂਰ ( ਜੋ ਅਕਬਰ ਸਮੇਂ ਚਠਿਆਂ ਤੇ ਸੇਖੋਂ ਜ਼ਿਮੀਂਦਾਰਾਂ ਆਪ ਦੇ ਵਡੇ ਦੇ ਨਾਂ ਤੇ ਬੰਨ੍ਹਿਆ) ਵਿਚ ੧੭੯੦ ਦੇ ਲਗ ਪਗ ਹੋਇ ਰਾਜਾ ਸਾਹਿਬ ਸਿੰਘ ਆਪਣੀ ਰਾਣੀ ਆਸ ਕੌਰ ਸਮੇਤ ਆਪਣੇ ਸੁਹਰਿਆਂ ਨੂੰ ਜਾ ਰਿਹਾ ਸੀ ਰਸਤੇ ਵਿਚ ਬਹੁਤ ਤੇਹ ਲਗੀ ਸੋਢਾ ਸਿੰਘ ਡੰਗਰ ਚਾਰਦੇ ਚਾਰਦੇ ਨੇ ਆਪਣੇ ਕੂਹਨੇ ਵਿਚੋਂ ਪਾਣੀ ਪਿਆ ਕੇ ਪਿਆਸ ਦੂਰ ਕੀਤੀ, ਰਾਣੀ ਆਪਣੇ ਗੋਤੀਆਂ ਦਾ ਮੁੰਡਾ ਹੋਣ ਕਰਕੇ ਪਟਿਆਲੇ ਲੈ ਆਈ ।

ਵਿਦਿਆ : ਏਥੇ ਆਪ ਜੀ ਨੂੰ ਪੜ੍ਹਨੇ ਪਾਇਆ ਗਿਆ, ਆਪ ਨੇ ਉਰਦੂ, ਫ਼ਾਰਸੀ ਤੇ ਪੰਜਾਬੀ ਬਹੁਤ ਛੇਤੀ ਸਿਖੀ ਤੇ ਦਸਵੀਂ ਪਾਸ ਕਰਨ ਲਈ ਕਲਕਤੇ ਭੇਜ ਦਿੱਤੇ ਗਏ । ਆਪ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਅੰਗਰੇਜ਼ੀ ਵਿਦਿਆ ਪੜ੍ਹੀ । ਆਪ ਐਂਟਰੰਸ ਪਾਸ ਕਰਕੇ ਵਾਪਸ ਆਏ ਤੇ ਰਿਆਸਤ ਵਿਚ ਦੀਵਾਨ ਥਾਪੇ ਗਏ । ਆਪ ਦੀ ਖਲੀਫਿਆਂ ਬਹੁਤ ਵਿਰੋਧਤਾ ਕੀਤੀ ਪਰ ਆਪ ਨੇ ਸਭ ਤੇ ਕਾਬੂ ਪਾਲਿਆ ਆਪ ਨੇ ਰਿਆਸਤ ਨੂੰ ਬਹੁਤ ਰੌਣਕ ਦਿੱਤੀ, ਦੀਵਾਨੀ ਤੇ ਮਾਲੀ ਕਾਨੂੰਨ ਬਣਾਇਆ, ਰਿਆਸਤ ਵਿਚ ਅੱਠ ਆਨੇ ਬਿਘੇ ਪਰ ੭੪੦ ਪਿੰਡ ਵਸਾਏ । ਜਿਸ ਤੋਂ ਖ਼ੁਸ਼ ਹੋ ਕੇ ਇਕ ਲੱਖ ਬਿਘੇ ਜਮੀਨ ਜਾਗੀਰ ਵਜੋਂ ਦਿੱਤੀ । ਜਿਸ ਵਿਚ ਆਪ ਨੇ ਕੌਲ ਗੜ੍ਹ ਬੰਨ੍ਹਿਆਂ ਬੀੜ ਵਿਚ ਕਾਲ ਗੜ੍ਹ ਅਤੇ ਕਿਸ਼ਨ ਗੜ੍ਹ ਨਾਂ ਦੇ ਦੋ ਪਿੰਡ ਆਪ ਦੇ ਪੁਤਰਾਂ ਵਲੋਂ ਵਸਾਏ ਗਏ, ਬਾਕੀ ਦੇ ਪਿੰਡ ਆਪ ਦੀ ਮ੍ਰਿਤੂ ਪਿਛੋਂ ਖਲੀਫਿਆਂ ਜ਼ਬਤ ਕਰਾ ਦਿੱਤੇ ।

ਉਪਕਾਰ : ਆਪ ਨੇ ਰਿਆਸਤ ਦੇ ਗੁਰਦੁਆਰਿਆਂ ਦੀ ਬਹੁਤ ਸੇਵਾ ਕਰਾਈ, ਕੀਰਤ ਪੁਰ ਸਾਹਿਬ ਦਾ ਗੁਰਦੁਆਰਾ ਬਣਾਇਆ ਮਹਾਰਾਜਾ ਕਰਮ ਸਿੰਘ ਨੇ ਆਪ ਨੂੰ ੧੭੧੮ ਦੀ ਲਿਖਤੀ ਬੀੜ ਦੀ ਸੇਵਾ ਬਖ਼ਸ਼ੀ ।

ਆਪ ਨੇ ਮਹਾਰਾਜਾ ਨਰਿੰਦਰ ਸਿੰਘ ਨੂੰ ਕੁਸੰਗਤ ਤੋਂ ਰੋਕਿਆ ਅਤੇ ਆਪ ਦਾ ਝੁਕਾ ਧਰਮ ਵਲ ਲਿਆਂਦਾ ਜਿਸ ਦਾ ਸਦਕਾ ਆਪ ਇਕ ਉਘੇ ਕਵੀ ਅਤੇ ਧਰਮਾਤਮਾਂ ਰਾਜਾ ਹੋਏ । ਆਪ ਨੇ ਰਿਆਸਤ ਪਟਿਆਲਾ ਦੀ ਸ਼ਲਾਗਾਂ ਯੋਗ ਸੇਵਾ ਕੀਤੀ ।

## ਸ਼ਮਸ਼ੇਰ ਸਿੰਘ ਜੀ ਅਸ਼ੋਕ

ਜਨਮ : ਆਪ ਦਾ ਜਨਮ ਸ੍ਰੀ ਲਾਭ ਸਿੰਘ ਦੇ ਘਰ ਪਿੰਡ ਗੁਆਰਾ ਜ਼ਿਲਾ ਬਰਨਾਲਾ ਰਿਆਸਤ ਪਟਿਆਲਾ ਵਿਚ ੨੦ ਫ਼ਰਵਰੀ ੧੯੦੪ ਈ: ਨੂੰ ਹੋਇਆ ।

ਬਾਲਪਨ : ਆਪ ਦੀ ਮੁਢਲੀ ਅਵਸਥਾ ਪਿੰਡ ਵਿਚ ਲੰਘੀ ।

Digitized by Panjab Digital Library | www.panjabdigilib.org

ਵਿਦਿਆ : ਆਪ ਨੇ ਛੋਟੀ ਉਮਰ ਵਿਚ ਹੀ ਗੁਰਮੁਖੀ ਭਾਸ਼ਾ ਤੇ ਸੰਸਕ੍ਰਿਤੁ ਦੇ ਗ੍ਰੰਥ ਪੜ੍ਹੇ, ਆਪ ਦਾ ਝੁਕਾ ਮੁਢ ਤੋਂ ਹੀ ਇਤਿਹਾਸਕ ਅਤੇ ਸਾਹਿਤਕ ਗ੍ਰੰਥ ਪੜ੍ਹਨ ਵਲ ਹੋ ਗਿਆ। ਕੁਝ ਭਾਈ ਕਾਹਨ ਸਿੰਘ ਦੀ ਸੰਗਤ ਤੋਂ ਖੋਜ ਦੀ ਲਗਨ ਲਗੀ।

ਕੰਮ : ਆਪ ਦੀ ਰੁਚੀ ਵਧੇਰੇ ਖੋਜ ਵਲ ਹੀ ਹੋਣ ਕਰਕੇ ਆਪ ਸਿਖ ਨੈਸ਼ਨਲ ਕਾਲਜ ਲਾਹੌਰ ਵਿਚ ੧੯੪੩–੪੫ ਤੱਕ ਖ਼ੋਜ ਕਰਦੇ ਰਹੇ। ੧੯੪੫ ਤੋਂ ੪੭ ਤੱਕ ਸ਼੍ਰੋ: ਗੁ: ਪ੍ਰ: ਕਮੇਟੀ ਦੇ ਅਧੀਨ ਨੌਕਰੀ ਕੀਤੀ। ਅੱਜ ਕਲ ਪੰਜਾਬੀ ਵਿਭਾਗ ਪਟਿਆਲਾ ਵਿਚ ਪ੍ਰਾਚੀਨ ਹਥ ਲਿਖਤਾ ਦੀ ਖੋਜ ਵਿਚ ਲਗੇ ਹੋਏ ਹਨ।

ਸੁਭਾ : ਆਪ ਦਾ ਸੁਭਾ ਬਹੁਤ ਸਰਲ ਹੈ। ਰਹਿਣੀ ਬੜੀ ਸਾਦਾ ਹੈ, ਆਪ ਜੀ ਬਹੁਤ ਮਿਹਨਤੀ ਸਨ। ਆਪ ਦੀਆਂ ਛਪੀਆਂ ਪੁਸਤਕਾਂ ਇਹ ਹਨ। (੧) ਪੰਜਾਬ ਦੀਆਂ ਲਹਿਰਾਂ (੨) ਪੰਜਾਬੀ ਪੱਤ੍ਰਕਲਾਂ (੩) ਧਰਮ ਸਾਹਿਤ ਤੇ ਇਤਹਾਸ ਪ੍ਰਾਚੀਨ ਜੰਗ ਸਮੇਂ। (੪) ਸਿੰਘ ਸਭਾ ਲਹਿਰ ਦਾ ਇਤਹਾਸ। ਛਪਣ ਵਾਲੀਆਂ ਜੀਵਨ ਸ੍ਰੀ ਗੁਰੂ ਅਰਜਨ ਦੇਵ। (੫) ਮੁਦਰਾ ਰਾਸ਼ਕ ਨਾਟਕ ਅਨਵਾਦ, ਪੁਰਸ਼ ਪ੍ਰਖਿਆ ਅਨਵਾਦ। ੬) ਪੰਜਾਬੀ ਪਤ੍ਰਕਲਾਂ ਦਾ ਇਤਹਾਸ।

# ਭਃ ਸੁਖਾ ਸਿੰਘ ਜੀ

ਭਾਈ ਸੁਖਾ ਸਿੰਘ ਦਾ ਜਨਮ ੧੮੨੫ ਬਿਕਰਮੀ ਵਿਚ ਅਨੰਦ ਪੁਰ ਸਾਹਿਬ ਹੋਇਆ। ਆਪ ਨੇ ਗਿਆਨੀ ਭਗਵਾਨ ਸਿੰਘ ਜੀ ਤੋਂ ਧਰਮ ਵਿਦਿਆ ਪ੍ਰਾਪਤ ਕੀਤੀ ਅਤੇ ਆਪਣੀ ਯੋਗਤਾ ਦੇ ਸਦਕੇ ਸ੍ਰੀ ਕੇਸ ਗੜ੍ਹ ਸਾਹਿਬ ਤੇ ਤਖਤ ਸ੍ਰੀ ਪਟਨਾ ਸਾਹਿਬ ਕਾਫੀ ਸਮਾਂ ਗਰੰਥੀ ਰਹੇ। ਇਸ ਸਮੇਂ ੧੮੪੫ ਵਿਚ ਆਪ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਲਿਖੀ। ਇਸ ਪੁਸਤਕ ਦਾ ਨਾਮ ਗੁਰ ਬਲਾਸ ਹੈ। ਆਪ ਦਾ ਦਿਹਾਂਤ ੧੮੯੫ ਬਿਕਰਮੀ ਨੂੰ ਅਨੰਦਪੁਰ ਵਿਚ ਹੋਇਆ।

# ਸਰਦੂਲ ਸਿੰਘ ਜੀ ਕਵੀਸ਼ਰ

ਜਨਮਃ— ਆਪ ਜੀ ਦਾ ਜਨਮ ਸਰਦਾਰ ਕਿਰਪਾਲ ਸਿੰਘ ਦੇ ਘਰ ਪਿੰਡ ਬਾਗੜੀਆਂ ਵਿਚ ਹੋਇਆ। ਆਪ ਦਾ ਸਬੰਧ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰੀ ਕਵੀ ਘਰਾਣੇ ਨਾਲ ਹੋਣ ਕਰਕੇ ਆਪ ਨੂੰ ਵੀ ਕਵੀਸ਼ਰ ਕਿਹਾ ਜਾਣ ਲਗਾ।

ਵਿਦਿਆਃ— ਆਪ ਆਪ੍ਰਣੀ ਉਚ ਵਿਦਿਆ ਅਤੇ ਲਿਆਕਤ ਦੇ ਕਾਰਣ ਇਕ ਚੋਟੀ ਦੇ ਸਿਆਸਤਦਾਨਾਂ ਵਿਚੋਂ ਗਿਣੇ ਜਾਣ ਲਗੇ।

ਕੰਮਃ— ਆਪ ੧੨ ਸਾਲ ਸਰਬ ਹਿੰਦ ਕਾਂਗਰਸ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਹਿ ਚੁਕੇ ਹਨ ਤੇ ਫਾਰਵਰਡ ਬਲਾਕ ਦੇ ਵੀ ਪ੍ਰੈਜ਼ੀਡੈਂਟ ਰਹੇ ਹਨ। ਆਪ ਜੀ ਨੇ ਸ੍ਰੀ ਸੁਭਾਸ਼ ਚੰਦਰ ਬੋਸ ਨਾਲ ਮਿਲਕੇ ਕਾਫੀ ਕੰਮ ਕੀਤਾ। ਆਪ ਜੀ ਜਿਥੇ ਉਚ ਚੋਟੀ ਦੇ ਸਿਆਸਤਦਾਨ ਹਨ ਉਥੇ ਆਪ ਇਕ ਉਘੇ ਲਿਖਾਰੀ ਅਤੇ ਧੜਲੇਦਾਰ ਲੇਕਚਰਾਰ ਵੀ ਹਨ।

Digitized by Panjab Digital Library | www.panjabdigilib.org

ਸੁਭਾ:— ਆਪ ਆਪਣੇ ਬਜ਼ੁਰਗਾਂ ਵਾਂਗ ਉਦਾਰ ਦਿਲ, ਬੇਪ੍ਰਵਾਹ ਅਤੇ ਆਜ਼ਾਦ ਸੁਭਾ ਦੇ ਮਾਲਿਕ ਹਨ।

ਰਚਨਾਵਾਂ:—
੧. ਗੁਰੂ ਨਾਨਕ ਦੇਵ ਐਂਡ ਦੀ ਵਰਡ ਪੀਸ।
੨. ਗੁਰੂ ਗੋਬਿੰਦ ਸਿੰਘ ਐਂਡ ਨੈਸ਼ਨਲ ਮੂਵਮੈਂਟ।
੩. ਦੀ ਕਰਾਸ ਐਂਡ ਦੀ ਕਰਾਊਨ।
੪. ਰੀਪਬਲਿਕ ਨਿਜ਼ਮ ਇਨ ਰੀਲਿਜਨ।
੫. ਸਪਿਰਟ ਆਫ ਸਿਖਇਜ਼ਮ।
੬. ਟੂ ਜਿਊਲਜ਼ ਆਫ ਦੀ ਹਾਊਸ ਆਫ ਦੀ ਫੂਲ।
੭. ਦੀ ਪ੍ਰਾਬਲਮ ਆਫ ਲਾਈਫ ਆਫ ਗੁਰੂ ਨਾਨਕ ਸਾਲਵਡ ਇਟ।
੮. ਦੀ ਸਿਟੀ ਆਫ਼ ਜੋਏ ਦੀ ਸਿਖ ਸਟਡੀਜ਼ ੨੯ ਸਾਕਾ ਸ੍ਰੀ ਨਨਕਾਣ ਸਾਹਿਬ। (ਪੰਜਾਬੀ)

## ਸਜਣ ਸਿੰਘ ਜੀ ਰੁੜਕਾ

ਵਸਨੀਕ:— ਆਪ ਪਿੰਡ ਰੁੜਕਾ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ।

ਵਿਦਵਤਾ:— ਆਪ ਜੀ ਪੰਜਾਬੀ, ਹਿੰਦੀ, ਉਰਦੂ ਤੇ ਫਾਰਸੀ ਵਿਚ ਖਾਸ ਵਿਦਵਤਾ ਰਖਦੇ ਸਨ ੧੯੧੬ ਈ: ਵਿਚ ਪੰਜਾਬ ਯੂਨੀਵਰਸਿਟੀ ਦਾ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਆਪ ਜੀ ਗੁਰਬਾਣੀ ਦੇ ਗੂੜ ਗਿਆਨੀ ਸਨ। ਆਪ ਜੀ ਸੋਹਣੇ ਰਾਗੀ। ਕਵੀ ਅਤੇ ਪ੍ਰਚਾਰਕ ਵੀ ਸਨ।

ਕੰਮ:— ਆਪ ਜੀ ਨੇ ਸਿੰਘ ਸਭਾ ਲਹਿਰ ਵਿਚ ਬਹੁਤ ਕੰਮ ਕੀਤਾ। ਸਿਖ ਸੇਵਕ ਜਥਾ ਜ਼ਿਲਾ ਲੁਧਿਆਣਾ ਦੇ ਸਕੱਤਰ ਅਤੇ ਖਾਸ ਵਰਕਰ ਸਨ। ਆਪ ਜੀ ਅਨਮਤਾਂ ਦੇ ਪੂਰੇ ਜਾਣੂ, ਕਾਨੂੰਨਦਾਨ, ਹਾਜ਼ਰ ਜਵਾਬ ਤੇ ਚਰਚਾ ਵਿਚ ਅਦੁਤੀ ਸਨ। ਆਪ ਜੀ ਦਾ ਚੀਫ ਖਾਲਸਾ ਦੀਵਾਨ ਦੇ ਕਰਮਚਾਰੀਆਂ ਦੇ ਦਿਲਾਂ ਵਿਚ ਬਹੁਤ ਆਦਰ ਤੇ ਸਤਿਕਾਰ ਸੀ। ਆਪ ਜੀ ਦੀ ਜ਼ਬਾਨ ਵਿਚ ਬਹੁਤ ਰਸ, ਮਿਠਾਸ ਅਤੇ ਖਿਚ ਸੀ। ਆਪ ਆਪਣੇ ਨਗਰ ਵਿਚ ਸਿਖ ਇਤਹਾਸ ਭਾਈ ਗੁਰਦਾਸ ਦੀਆਂ ਵਾਰਾਂ ਕਬਿਤ ਸਵਯੇ, ਸੂਰਜ ਪ੍ਰਕਾਸ਼ ਆਦਿ ਦੀ ਕਥਾ ਕਈ ਸਾਲ ਕਰਦੇ ਰਹੇ।

ਰਚਨਾ:— ਅਕਾਲ ਉਸਤਤ ਦੇ ੨੦ ਸਵਯੀਆਂ ਦਾ ਟੀਕਾ ਬਹੁਤ ਸੁੰਦਰ ਢੰਗ ਨਾਲ ਕੀਤਾ ਜੋ ਵਿਦਵਾਨਾਂ ਵਿਚ ਬਹੁਤ ਸਲਾਹਿਆ ਗਿਆ। ਆਪ ਨੇ ਕਈ ਵਿਦਿਆਰਥੀਆਂ ਨੂੰ ਉਚ ਵਿਦਿਆ ਪੜ੍ਹਾਈ।

ਦਿਹਾਂਤ:— ਆਪ ਜੀ ੩੦ ਦਸੰਬਰ ੧੯੪੫ ਨੂੰ ਬਿਮਾਰ ਹੋਕੇ ਪ੍ਰਲੋਕ ਗਮਨ ਕਰ ਗਏ।

Digitized by Panjab Digital Library | www.panjabdigilib.org

# ਡਾਕਟਰ ਸ਼ੇਰ ਸਿੰਘ ਜੀ

ਡਾਕਟਰ ਸ਼ੇਰ ਸਿੰਘ ਜੀ ਚਿੰਤਕ ਸਿਖ ਵਿਦਵਾਨਾਂ ਵਿਚੋਂ ਹਨ ਸਿਧਾਂਤਕ ਦਰਿਸ਼ਟੀ ਕੋਨ ਤੋਂ ਧਰਮਾਂ ਦਾ ਮੁਤਾਲਿਆ ਕਰਨਾ ਆਪ ਦੀ ਵਿਚਾਰ ਵਿਸ਼ਾ ਰਿਹਾ ਹੈ।

ਆਪ ਦਾ ਜਨਮ ਬਿਲਾਸ ਪੁਰ ਜ਼ਿਲਾ ਫੀਰੋਜ਼ਪੁਰ ਹੋਇਆ ਕਾਲਜ ਵਿਦਿਆ ਪ੍ਰਾਪਤ ਕਰ ਕੇ ਉਚੀ ਤਾਲੀਮ ਲਈ ਵਲਾਇਤ ਚਲੇ ਗਏ। ਉਥੇ ਫਿਲਾਸਫੀ ਆਫ ਦੀ ਸਿਖ ਇਜ਼ਮ ਥੀਸਸ ਲਿਖ ਕੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਅਜੇਹੀ ਪੁਸਤਕ ਸਿਖੀ ਸਬਧੀ ਅਜੇ ਤੱਕ ਹੋਰ ਨਹੀਂ ਲਿਖੀ ਗਈ। ਅਜ ਕਲ ਆਪ ਗੌਰਮਿੰਟ ਕਾਲਜ ਲੁਧਿਆਣੇ ਫ਼ਿਲਾਸਫੀ ਦੇ ਪ੍ਰੋਫੈਸਰ ਹਨ ਰਚਨਾਂ ਇਹ ਹਨ:–(੧) ਫਿਲਾਸਫੀ ਆਫ ਦੀ ਸਿਖ ਇਜ਼ਮ, (੨) ਬਾਟਸ ਔਣ ਸਿੰਥ ਲਜਮ, (੩) ਮਰਨ ਪਿਛੋਂ. (੪) ਗੁਰਮਤ ਦਰਸ਼ਨ (ਅਨ ਛਪੀ) (੫) ਸਿਖ ਧਰਮ ਤੇ ਪਛੜੀਆਂ ਸ਼੍ਰੇਣੀਆਂ, (੬) ਪ੍ਰਦੇਸ ਯਾਤਰਾ।

# ਪ੍ਰੋ: ਸੰਤ ਸਿੰਘ ਜੀ ਸੇਖੋਂ

ਸ੍ਰੀ ਮਾਨ ਪ੍ਰੋਫੈਸਰ ਸੰਤ ਸਿੰਘ ਸੇਖੋਂ ਪ੍ਰਸਿੱਧਤਮ ਸਾਹਿੱਤਕ ਕਲਾਕਾਰ ਹਨ, ਆਪ ਸਾਮਜਵਾਦ ਖਿਆਲਾਂ ਦੇ ਅਗਾਹ ਵਧੂ ਲਿਖਾਰੀ ਹਨ।

ਜਨਮ: ਆਪ ਦਾ ਜਨਮ ਸ: ਹੁਕਮ ਸਿੰਘ ਦੇ ਘਰ ਪਿੰਡ ਦਾਖਾ ਜ਼ਿਲਾ ਲੁਧਿਆਣਾ ਵਿਚ ਹੋਇਆ।

ਬਾਲਪਣ: ਆਪ ਦਾ ਬਾਲਪਣ ਪਿੰਡ ਵਿਚ ਲੰਘਿਆ, ਆਪ ਮੁਢ ਤੋਂ ਹੀ ਹੁੰਦੜਹੇਲ ਸਨ।

ਵਿਦਿਆ: ਆਪ ਦੇ ਬਜ਼ੁਰਗ ਲਾਇਲ ਪੁਰ ਵਿਚ ਠੇਕੇ ਤੇ ਜ਼ਮੀਨ ਲੈ ਕੇ ਵਾਹੀ ਕਰਦੇ ਸਨ, ਆਪ ਉਥੇ ਚਲੇ ਗਏ ਤੇ ਲਾਇਲ ਪੁਰ ਤੋਂ ਮੈਟ੍ਰਿਕ ਪਾਸ ਕਰਕੇ ਲਾਹੌਰ ਕਾਲਜ ਤੋਂ ਐਮ. ਏ. ਕੀਤੀ।

ਕੰਮ: ਆਪ ਨੇ ਕਈਆਂ ਕਾਲਜਾਂ ਵਿਚ ਪ੍ਰੋਫੈਸਰੀ ਕੀਤੀ, ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਰਹੇ, ਹੁਣ ਗੁਰੂ ਸਰ ਸੁਧਾਰ ਕਾਲਜ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ।

ਰਚਨਾਵਾਂ: ਆਪ ਜਿਥੇ ਉਚ ਸਾਹਿਤਕਾਰ ਹਨ ਉਥੇ ਕਵੀ ਵੀ ਕਮਾਲ ਦੇ ਹਨ। ਆਪ ਅੰਗਰੇਜ਼ੀ, ਉਰਦੂ, ਪੰਜਾਬੀ ਦੇ ਪ੍ਰਸਿਧ ਲਿਖਾਰੀ ਹਨ ਅਤੇ ਅੰਗਰੇਜ਼ੀ ਵਿਚ ਕਵਿਤਾਵਾਂ ਲਿਖਦੇ ਹਨ।

ਆਪ ਦੀਆਂ ਰਚਨਾਵਾਂ ਛੇ ਘਰ, ਸਮਾਚਾਰ, ਲਹੂ ਮਿਟੀ, ਤਪਿਆ ਕਿਉਂ ਖਪਿਆ ਅਤੇ ਨਾਟ ਬਾਰੇ ਪ੍ਰਸਿਧ ਸਾਹਿਤਕ ਰਚਨਾਵਾਂ ਹਨ, ਆਪ ਨੇ ਪੰਜਾਬੀ ਸੰਥਾਵਲੀ ਵੀ ਲਿਖੀ ਹੈ।

# ਬਾਬਾ ਹੈਬਾ ਜੀ

ਆਪ ਪਿੰਡ ਲਹਿਰ ਬੇਗਾ ਬਾਹੀਆ ਦੇ ਵਸਨੀਕ ਸਨ। ਆਪ ਪ੍ਰਾਚੀਨ ਸੰਪਰਦਾਈ ਢੰਗ ਦੇ ਵਿਦਵਾਨ ਅਤੇ ਲਿਆਰੀ ਸਨ। ਆਪ ਤਤੇ ਪਰੇਮੀ, ਗੁਰਮਖ ਅਤੇ ਨਾਮ ਬਾਣੀ ਦੇ ਰਸੀਏ ਸਨ। ਆਪ

Digitized by Panjab Digital Library | www.panjabdigilib.org

ਦੀ ਲਿਖਾਈ ਬਹੁਤ ਸੁੰਦਰ ਸੀ। ਆਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲਿਰਾਰੀ ਸਨ। ਇਸ ਨਗਰ ਵਿਚ ਗੁਰਸਿਖੀ ਦਾ ਜੋ ਬੀਜ ਪੁੰਘਰਿਆ ਹੈ ਉਹ ਸਭ ਆਪ ਦੇ ਗੁਰਮਤਿ ਪਰਚਾਰ ਦਾ ਸਿਟਾ ਹੈ। ਇਸ ਨਗਰ ਦੇ ਅਕਾਲੀਆਂ ਨੇ ਅਕਾਲੀ ਲਹਿਰ ਵਿਚ ਬਹੁਤ ਸੇਵਾ ਕੀਤੀ। ਪਿੰਡ ਵਿਚ ਅਕਾਲੀ ਸਿੰਘਾਂ ਵਲੋਂ ਇਕ ਸੁੰਦਰ ਗੁਰਦਵਾਰਾ ਬਣਾਇਆ ਗਿਆ ਹੈ ਜਿਥੇ ਨਿਤ ਸਤਿਸੰਗ ਤੇ ਕਥਾ ਕੀਰਤਨ ਹੁੰਦਾ ਹੈ।

## ਸ: ਹਾਕਮ ਸਿੰਘ ਕਟਾਣੀ

ਆਪ ਦਾ ਜਨਮ ਨਗਰ ਕਟਾਣੀ ਦਾ ਹੈ। ਆਪ ਕਟੜ ਸਿੰਘ ਸਭੀਏ ਹਨ। ਆਪ ਗੁਰਬਾਣੀ ਦੇ ਨਰੋਲ ਸਿਧਾਂਤ ਦੀ ਕਥਾ ਕਰਦੇ ਹਨ। ਸੰਤ ਗੁਰਬਖਸ਼ ਸਿੰਘ ਦੀ ਤਰਾਂ ਆਪ ਦਾ ਬੋਲਣ ਢੰਗ ਬਹੁਤ ਮਿਠਾ ਹੈ। ਆਪ ਨੇ ਘਰੋਗੀ ਕੰਮ ਛਡਕੇ ਗੁਰਮਤਿ ਦਾ ਪਰਚਾਰ ਕਰਨਾ ਅਰੰਭ ਕੀਤਾ, ਆਪ ਗੁਰਬਾਣੀ ਦੇ ਪ੍ਰੇਮੀ ਅਤੇ ਨਿਤਨੇਮੀ ਹਨ।

## ਭਾ: ਹਾਕਮ ਸਿੰਘ ਜੀ ਨਾਬਪੁਰਾ

ਆਪ ਭੀ ਬਾਹੀਏ ਦੇ ਇਲਾਕੇ ਵਿਚ ਸਿੰਘ ਸਭਾ ਦੇ ਮੋਢੀ ਅਤੇ ਉਚਕਰਨੀ ਵਾਲੇ ਮਹਾਂ ਪੁਰਸ਼ ਸਨ। ਆਪ ਸਿੰਘ ਸਭਾ ਦੇ ਬੜੇ ਸਰਗਰਮ ਵਰਕਰ ਸਨ। ਆਪ ਜੀ ਨੇ ਆਪਣੇ ਨਗਰ ਵਿਚ ਬਹੁਤ ਵਿਹਾਰ ਸੁਧਾਰ ਕੀਤਾ। ਆਪ ਦੇ ਪਰਚਾਰ ਦਾ ਸੰਗਤ ਪਰ ਬਹੁਤ ਅਸਰ ਹੋਇਆ ਕਰਦਾ ਸੀ ਸੋ ਇਲਾਕੇ ਦੇ ਲੋਕ ਆਪ ਦਾ ਬਹੁਤ ਸਤਕਾਰ ਕਰਦੇ ਸਨ। ਆਪ ੧੦੦ ਸਾਲ ਦੀ ਪੂਰੀ ਉਮਰ ਭੋਗ ਕੇ ਸਵਰਗ ਪਧਾਰੇ।

## ਡਾਕਟਰ ਹਰਦਿਤ ਸਿੰਘ ਢਿਲੋਂ

ਡਾਕਟਰ ਹਰਦਿਤ ਸਿੰਘ ਢਿਲੋਂ ਪਿਤਾ ਰਾਮ ਸਿੰਘ ਦੇ ਘਰ ਮਾਤਾ ਦਯਾ ਕੌਰ ਦੀ ਸੁਭਾਗ ਕੁਖੋਂ ਪਿੰਡ ਬੁਟਰ ਜ਼ਿਲਾ ਫੀਰੋਜ਼ਪੁਰ ਵਿਖੇ (ਪਹਿਲ ਪਲੋਠੀ ਦੇ ਹੋਣ ਕਰਕੇ ਆਪ ਦਾ ਜਨਮ ਨਾਨਕੇ ਘਰ ਪਿੰਡ ਕਿਸ਼ਨ ਪੁਰਾ ਵਿਖੇ ੧੯੦੨ ਈ: ਨੂੰ ਹੋਇਆ) ਆਪ ਦੇ ਜਨਮ ਦੀ ਖੁਸ਼ੀ ਦੀਆਂ ਵਧਾਈਆਂ ਨਾਨਕੇ ਦਾਦਕੇ ਘਰ ਹੋਈਆਂ।

ਬਾਲਪਨ ਅਵਸਥਾ ਨਾਨਕੇ ਦਾਦਕੇ ਦੀਆਂ ਚਾ ਦੀਆਂ ਲੋਰੀਆਂ ਵਿਚ ਮਾਤਾ ਪਿਤਾ ਅਤੇ ਮਾਮੇ ਮਾਮੀਆਂ ਦੇ ਗੋਦ ਦੇ ਨਿਗਾਸ ਵਿਚ ਲੰਘ ਰਹੇ ਸੀ ਤਾਂ ੧੯੦੬ ਵਿਚ ਆਪ ਜੀ ਦੇ ਪਿਤਾ ਸਰਦਾਰ ਰਾਮ ਸਿੰਘ ਜੀ ਭਰ ਜਵਾਨੀ ਵਿਚ ਹਰਦਿਤ ਸਿੰਘ ਤੇ ਗੁਰਦਿਤ ਸਿੰਘ ਦੋ ਪੁਤਰਾਂ ਅਤੇ ਪਰਵਾਰ ਨਾਲੋਂ ਰਬੀ ਭਾਣੇ ਵਿਚ ਸਦੀਵ ਵਿਛੋੜਾ ਦੇ ਗਏ ਜਿਸ ਕਰਕੇ ਮਾਮਾ ਜਿਉਣ ਸਿੰਘ ਤੇ ਮਾਮੀ ਹਰਨਾਮ ਕੌਰ ਨੰ ਨਾਨਕੇ ਘਰ ਲਿਆ ਕਰਕੇ ਆਪਦੀ ਪਾਲਣਾ ਪੋਸਣਾ ਕਰਦਿਆਂ ਜਦ ਪੜਨ ਦੇ ਲਾਇਕ ਹੋਏ ਅਤੇ ਆਪ ਨੂੰ ਪਹਿਲੇ ਭਾਈ ਪਰੇਮ ਸਿੰਘ ਹੋਰਾਂ ਪਾਸ ਗੁਰਮੁਖੀ ਪੜਨੇ ਪਾਯਾ ਜੋ ਆਪ ਦੀ ਚਿਤੰਨ ਬੁਧੀ ਹੋਣ ਦੇ ਕਾਰਨ ਆਪ ਜੀ ਨੇ ਛੇਤੀ ਹੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ, ਫੇਰ ਸਕੂਲੇ ਪਾਏ ਗਏ ੧੯੧੫ਈ: 'ਚ ਪ੍ਰਾਇਮਰੀ ਪਾਸ ਕੀਤੀ ਜਿਸ ਤੇ ਮ: ਗਜਨ ਸਿੰਘ ਧੂਮਕੋਟ ਨੇ ਉਚੇਚੇ ਤੌਰ ਤੇ ਦਿਨ੍ਹਾਂ ਦੇ

Digitized by Panjab Digital Library | www.panjabdigilib.org

ਮਾਮਾ ਸਰਦਾਰ ਜੀਉਣ ਸਿੰਘ ਪਾਸ ਗਏ ਅਤੇ ਸਫਾਰਸ਼ ਕੀਤੀ ਕਿ ਇਹ ਲੜਕਾ ਹੋਣਹਾਰ ਜਾਪਦਾ ਹੈ ਇਸ ਨੂੰ ਸਹੀ ਇਲਮ (ਅੰਗਰੇਜ਼ੀ) ਜ਼ਰੂਰ ਪੜ੍ਹਾਉਣਾ ਚਾਹੀਦਾ ਹੈ ਜਿਸ ਤੇ ਸਰਦਾਰ ਜੀਉਣ ਸਿੰਘ ਨੇ ਮਾਸਟਰ ਤੇ ਹਰਦਿਤ ਸਿੰਘ ਦੇ ਕਹਿਣ ਤੇ ਪੜ੍ਹਾਈ ਦਾ ਸਿਲਸਿਲਾ ਜਾਰੀ ਰਖਿਆ।

ਹਰਦਿਤ ਸਿੰਘ ਆਪਣੀ ਜਮਾਤ ਦੇ ਚੰਗੇ ਚੰਗੇ ਵਿਦਿਆਰਥੀਆਂ ਵਿਚੋਂ ਇਕ ਹਨ ਤੇ ੧੯੧੮ ਵਿਚ ਵਜ਼ੀਫਾ ਹਾਸਲ ਕੀਤਾ। ਪੜ੍ਹਾਈ ਦੇ ਦਿਨਾਂ ਵਿਚ ਸਰਦਾਰ ਬਲਵੰਤ ਸਿੰਘ ਰੁਪਾਣਾ ਅਤੇ ਵਿਦਿ-ਆਰਥੀ ਆਪਦਾ ਪਿਆਰ ਤੇ ਸਤਿਕਾਰ ਬਹੁਤ ਹੀ ਰਖਦੇ ਸਨ। ੧੯੨੨ ਵਿਚ ਮੈਟਰਕ ਪਾਸ ਕੀਤਾ ਅਤੇ ਟਲੇਵਾਲ ਲੋਇਰ ਮਿਡਲ ਸਕੂਲ ਦੇ ਹੈਡਮਾਸਟਰ ਲਗੇ।

## "ਪਰਦੇਸ ਫੇਰੀ"

੧੯੨੩ ਵਿਚ ਸਰਦਾਰ ਮੰਨਾ ਸਿੰਘ ਜੀ ਸ: ਜੀਉਣ ਸਿੰਘ ਆਦਿ ਦੇ ਉਤਸ਼ਾਹ ਨਾਲ ਦਸੰਬਰ ੧੯੨੩ ਵਿਚ ਅਮ੍ਰੀਕਾ ਪੁਜੇ ਜਿਥੇ ਆਪ ਜੀ ਨੇ ਵਿਦਿਆ ਚਾਉ ਤੇ ਉਮਾਹ ਨਾਲ ਹਾਸਲ ਕੀਤੀ ਸਤੰਬਰ ੧੯੨੬ ਵਿਚ ਆਇਡਾ ਹੋ ਯੂਨੀਵਰਸਿਟੀ ਵਿਚ ਦਾਖਲ ਹੋ ਗਏ। ਗਰਮੀ ਦੀਆਂ ਛੁਟੀਆਂ ਵਿਚ ਕੰਮ ਕਰਨ ਲਈ ਕੈਲੇਫੋਰਨੀਆ ਚਲੇ ਜਾਂਦੇ ਅਤੇ ਪੜ੍ਹਾਈ ਸਮੇਂ ਯੂਨੀਵਰਸਿਟੀ ਤੋਂ ਬਹੁਤਾ ਬੋਝ ਉਠਾਉਂਦੇ। ਇਸ ਤਰਾਂ ਜੂਨ ੧੯੨੯ ਵਿਚ ਆਪ ਉਥੋਂ ਗਰੈਜੂਏਟ ਹੋਏ ਅਤੇ ਆਪ ਦੀ ਪੜ੍ਹਾਈ ਦੇ ਚੰਗੇ ਨਤੀਜਿਆਂ ਦੇ ਕਾਰਨ ਆਪ ਜੀ ਨੂੰ ਬੀ. ਏ. ਦੀ ਡਿਗਰੀ "ਹਾਈ" "ਆਨਰਜ਼" ਨਾਲ ਮਿਲੀ ਉਸ ਤੋਂ ਬਾਦ ਆਪ ਕੈਲੇਫੋਰਨੀਆ ਯੂਨੀਵਰਿਸਟੀ ਵਿਚ ਚਲੇ ਗਏ ਅਤੇ ਏਥੋਂ ੧੯੩੦ ਵਿਚ ਐਮ. ਏ. ਅਤੇ ੧੯੩੨ ਵਿਚ ਪੀ. ਐਚ. ਡੀ. ਦੀਆਂ ਡਿਗਰੀਆਂ ਪਰਾਪਤ ਕੀਤੀਆਂ। ਆਪ ਜੀ ਲਗ ਪਗ ੧੦ ਸਾਲ ਅਮਰੀਕਾ ਵਿਚ ਰਹਿੰਦੇ ਹੋਏ ਸਿਖੀ ਧਰਮ ਵਿਚ ਪਕੇ ਰਹੇ ਉਨ੍ਹਾਂ ਦਿਨਾਂ ਵਿਚ ਜਦ ਅਮਰੀਕਾ ਵਿਚ ਪੜ੍ਹ ਰਹੇ ਕਈ ਹੋਰ ਸਿੱਖ ਵਿਦਿਆਰਥੀਆਂ ਵਲੋਂ ਕੇਸ ਦਾੜ੍ਹਾ ਰਖਣ ਸਬੰਧੀ ਸ਼ਕਾਇਤਾਂ ਦੇਸ ਦੇ ਅਖਬਾਰਾਂ ਵਿਚ ਛਪੀਆਂ ਤਾਂ ਆਪ ਨੇ ਇਹਨਾਂ ਦਾ ਮੂੰਹ ਤੋੜਵਾਂ ਜਵਾਬ ਦਿਤਾ ਅਤੇ ਦਸਿਆ ਕਿ ਸਿਖ ਵਿਦਿਆਰਥੀਆਂ ਦੀ ਆਪਣੀ ਕਮਜ਼ੋਰੀ ਤੋਂ ਬਿਨਾ ਉਥੇ ਹੋਰ ਕੋਈ ਤਕਲੀਫ ਨਹੀਂ ਬਲਕਿ ਸਿਖੀ ਲਿਬਾਸ ਵਿਚ ਅਮ੍ਰੀਕਨ ਲੋਕ ਸਾਡੇ ਵਿਦਿਆਰਥੀਆਂ ਦੀ ਬਹੁਤ ਹੀ ਇਜ਼ਤ ਕਰਦੇ ਹਨ।

ਜੂਨ ੧੯੩੩ ਵਿਚ ਘਰ ਛਡਣ ਤੋਂ ਪੂਰੇ ਦਸ ਸਾਲ ਬਾਦ ਆਪ ਜੀ ਵਾਪਸ ਦੇਸ ਆ ਗਏ। ਇਥੇ ਆਰਥਕ ਮੰਦਵਾੜੇ ਦਾ ਹੜ ਚੜ੍ਹ ਰਿਹਾ ਸੀ। ਬੜੀਆਂ ਮੁਸ਼ਕਲਾਂ ਨਾਲ ੧੯੩੫ ਦੇ ਆਰੰਭ ਵਿਚ ਸਰ ਸੁੰਦਰ ਸਿੰਘ ਜੀ ਮਜੀਠੀਆ ਦੀ ਖਾਸ ਮਿਹਰਬਾਨੀ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲੇਕਚਰਾਰ ਦੀ ਅਸਾਮੀ ਮਿਲੀ। ਮਾਰਚ ੧੯੩੭ ਵਿਚ ਉਥੋਂ ਕੰਮ ਤੋਂ ਜਵਾਬ ਮਿਲ ਗਿਆ ਕਿਉਂਕਿ ਪ੍ਰਿੰਸੀਪਲ ਸਾਹਿਬ ਨੇ ਆਪਣੇ ਪੋਠੋਹਾਰੀ ਵਤਨੀ ਨੂੰ ਨਿਵਾਜਣਾ ਸੀ। ਦੋ ਢਾਈ ਸਾਲ ਕਾਫੀ ਮੁਸ਼ਕਲ ਵਿਚ ਗੁਜਾਰਨੇ ਪਏ। ੧੯੩੯ ਦੇ ਅਰੰਭ ਵਿਚ ਫੇਰ ਦੁਬਾਰਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੀ ਆਪ ਜੀ ਨੂੰ ਪਰੋਫੈਸਰ ਦੀ ਅਸਾਮੀ ਤੇ ਸਥਾਪਤ ਕੀਤਾ ਗਿਆ ਅਤੇ ੧੯੪੫ ਤਕ ਆਪ ਇਸ ਅਸਾਮੀ ਤੇ ਬੜੀ ਯੋਗਤਾ ਨਾਲ ਕੰਮ ਕਰਦੇ ਰਹੇ।

ਸਤੰਬਰ ੧੯੪੫ ਵਿਚ ਮਹਾਰਾਜਾ ਫਰੀਦਕੋਟ ਨੇ ਆਪ ਜੀ ਨੂੰ ਨਵੇਂ ਬਣੇ ਬਿਕ੍ਰਮ ਕਾਲਜ ਆਫ ਕਾਮ੍ਰਸ ਦਾ ਪ੍ਰਿੰਸੀਪਲ ਥਾਪਿਆ ਅਤੇ ਅਗਲੇ ਸਾਲ ਆਪ ਜੀ ਨੂੰ ਬ੍ਰਿਜਿੰਦਰਾ ਕਾਲਜ ਵਿਚ

Digitized by Panjab Digital Library | www.panjabdigilib.org

ਤਬਦੀਲ ਕੀਤਾ ਗਿਆ। ਪੈਪਸੂ ਬਣਨ ਤੋਂ ਬਾਦ ਆਪ ਜੀ ਰਣਧੀਰ ਕਾਲਜ ਕਪੂਰਥਲਾ, ਮਹਿੰਦਰਾ ਕਾਲਜ ਪਟਿਆਲਾ ਅਤੇ ਰਾਜਿੰਦ੍ਰਾ ਕਾਲਜ ਬਠਿੰਡਾ ਤੋਂ ਆਪ ਜੀ ਨੂੰ ਪੀ. ਐਚ. ਡੀ. ਡਾਇਰੈਕਟਰ ਵਿਦਿਅਕ ਵਿਭਾਗ ਪੈਪਸੂ (ਪਟਿਆਲਾ) ਵਿਚ ਸੇਵਾ ਕਰਦੇ ਰਹੇ ਹਨ। ਜਿਥੇ ਭੀ ਆਪ ਗਏ ਹਨ ਆਪ ਜੀ ਦੇ ਹਰਮਨ ਪਿਆਰੇ ਸੁਭਾ ਨੇ ਵਿਦਿਆਰਥੀਆਂ, ਪਰੋਫੈਸਰਾਂ ਅਤੇ ਆਮ ਜਨਤਾ ਨੂੰ ਆਪਣੇ ਵਲ ਖਿਚਿਆ ਹੈ ਅਤੇ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਦੇ ਭਾਗੀ ਹੋਏ ਹਨ। ਆਪ ਜੀ ਨੂੰ ਗੁਰਬਾਣੀ ਨਾਲ ਬਹੁਤ ਪਿਆਰ ਹੈ ਤੇ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੀਦਾਰ ਅਪੇ ਪਾਠ ਕਰਦੇ ਹਨ।

ਆਪ ਜੀ ਮਾਲਵੇ ਦੇ ਚੋਟੀ ਦੇ ਵਿਦਵਾਨਾਂ ਵਿਚੋਂ ਹਨ ਅਤੇ ਆਪ ਜੀ ਨੇ ਆਰਥਿਕ ਵਿਦਿਆ ਵਿਚ ਵਿਸ਼ੇਸ਼ਤਾ ਪ੍ਰਾਪਤ ਕੀਤੀ ਹੈ। ਆਪ ਜੀ ਨੇ ਜੋ ਪੁਸਤਕਾਂ ਲਿਖੀਆਂ ਹਨ ਉਨ੍ਹਾਂ ਵਿਚੋਂ "ਅਰਥ ਵਿਗਆਨ ਦੇ ਮੁਢਲੇ ਅਸੂਲ" ਪੰਜਾਬੀ ਸਾਹਿਤ ਵਿਚ ਖਾਸ ਵਾਧੇ ਦਾ ਕਾਰਨ ਹੈ। ਆਪ ਜੀ ਦੀਆਂ ਰਚਤ ਹੋਰ ਪੁਸਤਕਾਂ "ਗਰੀਬ ਹਿੰਦੁਸਤਾਨ", "ਪੂਰਬ ਅਤੇ ਪਛਮ" "ਅਮ੍ਰੀਕਾ ਦਾ ਚਕਰ" 'ਸਾਡਾ ਦੇਸ਼" "ਅਮੈਰਕਿਨ ਕਾਲਜ ਲਾਈਫ ਅਤੇ ਅਸੈਂਸਲਜ਼ ਆਫ ਇਕਨਾਮਿਕਸ" ਹਨ ਜਿਨ੍ਹਾਂ ਵਿਚੋਂ ਅਖੀਰਲੀਆਂ ਦੋ ਅੰਗਰੇਜ਼ੀ ਵਿਚ ਲਿਖੀਆਂ ਹੋਈਆਂ ਹਨ। ਆਪ ਜੀ ਦੀ ਜੀਵਨ ਕਹਾਣੀ ਭੀ ਛੇਤੀ ਹੀ ਪਬਲਕ ਦੇ ਸਾਹਮਣੇ ਆਉਣ ਵਾਲੀ ਹੈ।

ਆਪ ਜੀ ਦੇ ਦੋ ਬਚੇ ਹਨ। ਇਕ ਲੜਕੀ ਤੇ ਇਕ ਲੜਕਾ। ਗੁਰਬਚਨ ਨੂੰ ਆਪ ਸਦਾ ਹੀ "ਬੀਬਾ ਬਚੀ" ਅਤੇ ਰਾਜਿੰਦ੍ਰ ਨੂੰ "ਰਾਜਾ ਬਚੀ" ਦੇ ਨਾਉਂ ਨਾਲ ਪੁਕਾਰਦੇ ਹਨ। ਰਾਜਿੰਦ੍ਰ ਨੂੰ ਉਚ ਵਿਦਿਆ ਪ੍ਰਾਪਤੀ ਲਈ ਅਮ੍ਰੀਕਾ ਭੇਜਿਆ ਹੋਇਆ ਹੈ।

## ਸੰਤ ਹੀਰਾ ਦਾਸ ਚਿੱਟੀ ਵਾਲੇ

ਪੰਥ ਭੂਸ਼ਣ, ਵਿਦਿਆ ਸਾਗਰ, ਸ਼ਰੋਮਣੀ ਵਿਦਵਾਨ, ਗੁਰਮਤ ਖੋਜੀ ਤੇ ਗੁਰਮਤ ਹਤਾਇਸ਼ੀ ਸੰਤ ਹੀਰਾ ਦਾਸ ਜੀ ਚਿਟੀ ਵਾਲੇ ਇਕ ਜਗਤ ਪ੍ਰਸਿੱਧ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਵੇਲੇ ਅਨਮਤੀਆਂ ਨੂੰ ਉਹ ਮੂੰਹ ਤੋੜਵੀਆਂ ਹਾਰਾਂ ਦਿਤੀਆਂ ਕਿ ਸਿੱਖ ਇਤਹਾਸ ਵਿਚ ਸਦਾ ਸੂਰਜ ਵਾਂਗ ਚਮਕਦੀਆਂ ਰਹਿਣਗੀਆਂ।

ਆਪ ਇਕ ਜ਼ਿਮੀਂਦਾਰ ਘਰਾਣੇ ਵਿਚ ਪਿੰਡ ਮੂਮ ਰਿਆਸਤ ਪਟਿਆਲਾ ਵਿਚ ਪੈਦਾ ਹੋਏ।

ਬਾਲਪਣ : ਆਪ ਦੀ ਬਾਲ ਅਵਸਥਾ ਪਿੰਡ ਵਿਚ ਹੀ ਲੰਘੀ ਤੇ ਆਪ ਦੀ ਪਾਲਨਾ ਪੋਸਨਾ ਬੜੇ ਚਾਅ ਨਾਲ ਆਪ ਦੇ ਮਾਪਿਆਂ ਵਲੋਂ ਕੀਤੀ ਗਈ।

ਵਿਦਿਆ : ਆਪ ਜੀ ਨੇ ਮੁਢਲੀ ਵਿਦਿਆ ਪਿੰਡ ਵਿਚ ਪੜ੍ਹੀ ਪਰ ਆਪ ਉਚ ਵਿਦਿਆ ਪ੍ਰਾਪਤ ਕਰਨ ਲਈ ਕਾਂਸ਼ੀ (ਬਨਾਰਸ) ਚਲੇ ਗਏ ਤੇ ਉਥੋਂ ਸੰਸਕ੍ਰਿਤ ਦੇ ਪੰਡਤ ਤੇ ਵੈਦਿਕ ਦੇ ਧਨੰਤਰ ਬਣ ਕੇ ਆਏ ਤੇ ਪੰਜਾਬ ਵਿਚ ਜਦ ਆਪ ਆਏ ਤਾਂ ਆਪ ਜੀ ਨੂੰ ਵੈਦਿਕ ਦੇ ਧਨੰਤਰ ਕਹਿਕੇ ਨਿਵਾਜਿਆ ਜਾਣ ਲਗਾ।

ਉਪਕਾਰ : ਜਿਨ੍ਹੀ ਦਿਨੀ ਆਪ ਜੀ ਕਾਂਸ਼ੀ ਚੋਂ ਪੜ੍ਹਕੇ ਆਏ ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਦੇਵ ਸਮਾਜ ਲਹਿਰ, ਆਰੀਆ ਲਹਿਰ ਆਦਿ ਚਲ ਰਹੀਆਂ ਸਨ ਤੇ ਆਰੀਆ ਸਮਾਜੀ ਗੁਰਮਤਿ

Digitized by Panjab Digital Library | www.panjabdigilib.org

# ਸਿੰਘ ਸਭਾ ਲਹਿਰ ਦੇ ਹੀਰੇ




ਸ: ਮਾਨ ਸਿੰਘ ਜੀ ਜੱਜ ਅੰਬਾਲਾ (ਸਫਾ ੨੮੮)



ਸ੍ਰੀਮਾਨ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ (ਸਫਾ ੨੯੦)

Digitized by Panjab Digital Library | www.panjabdigilib.org

ਮਹਾਨ ਕੋਸ਼ ਦੇ ਪ੍ਰਸਿਧ ਲਿਖਾਰੀ



ਸ੍ਰੀ ੧੦੮ ਭਾਈ ਕ੍ਹਾਨ ਸਿੰਘ ਜੀ ਨਾਭਾ (ਸਫਾ ੨੫੩)

ਸਿੰਘ ਸਭਾ ਲਹਿਰ ਦੇ ਮੁਖੀ



ਸ: ਜਵਾਹਰ ਸਿੰਘ ਜੀ (ਸਫਾ ੨੨੯)

Digitized by Panjab Digital Library | www.panjabdigilib.org

ਵਿਰੁਧ ਚਿਕੜ ਸੁੱਟ ਰਹੇ ਸਨ, ਜਦ ਆਪ ਜੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਆਪ ਜੀ ਸੰਬਾਦ ਦੇ ਮੈਦਾਨ ਵਿਚ ਉਤਰ ਆਏ, ਅਤੇ ਆਪ ਜੀ ਨੇ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਨੂੰ ਉਹ ਹਾਰਾਂ ਦਿਤੀਆਂ ਕਿ ਮੁੜ ਕੇ ਕਿਸੇ ਨੇ ਵੀ ਆਪ ਨਾਲ ਚਰਚਾ ਕਰਨ ਲਈ ਮੂੰਹ ਨਹੀਂ ਕੀਤਾ ਆਪ ਸਭ ਤੋਂ ਵਧ ਕੇ ਸੰਬਾਦ ਅਰਤਰਕ ਕਰਨ ਵਿਚ ਬਹੁਤ ਤਕੜੇ ਸੀ। ਸੰਤ ਗੁਰਬਖਸ਼ ਸਿੰਘ ਜੀ ਪਟਿਆਲਾ, ਗਿ: ਦਿਤ ਸਿੰਘ ਜੀ, ਪ੍ਰੋ: ਗੁਰਮੁਖ ਸਿੰਘ ਜੀ ਤੇ ਆਪ ਜੀ ਦਾ ਇਕ ਅਜੇਹਾ ਮੰਡਲ ਬਣਿਆ ਕਿ ਅਨਮਤੀਆਂ ਵਿਚ ਆਪ ਦੇ ਨਾਮ ਦੀ ਧਾਂਕ ਬੈਠ ਗਈ।*

ਸੁਭਾ : ਆਪ ਦਾ ਸੁਭਾ ਬਹੁਤ ਤੇਜ਼ ਸੀ, ਆਪ ਬਹੁਤ ਨਿਡਰ ਤੇ ਨਿਰਭੈ ਸਨ, ਕਈ ਵਾਰ ਆਪ ਜੀ ਚਰਚਾ ਕਰਨ ਲਈ ਬ੍ਰਾਹਮਣ ਦੀਆਂ ਮੰਡਲੀਆਂ ਵਿਚ ਇਕਲੇ ਚਲੇ ਜਾਇਆ ਕਰਦੇ ਸਨ ਤੇ ਕਦੇ ਵੀ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਸੀ। ਆਪ ਸ਼ਸਤਰ ਤੇ ਸ਼ਾਸਤਰ ਦੋਹਾਂ ਵਿਦਿਆਂ ਵਿਚ ਬਹੁਤ ਪ੍ਰਬੀਨ ਸਨ, ਆਪ ਦਿਲ ਦੇ ਦਲੇਰ ਅਤੇ ਸਰੀਰ ਦੇ ਬੜੇ ਹੀ ਰਿਸਟ ਪੁਸ਼ਟ ਸਨ, ਆਪ ਜੀ ਨਾਮਧਾਰੀ ਕੇਸ਼ ਬੁਚੜ ਵਢਣ ਵਾਲਿਆਂ ਦੇ ਨਾਲ ਸਨ, ਆਪ ਇਕ ਤਾਂ ਉਦਾਸੀ ਭੇਖ ਵਿਚ ਰਹਿੰਦੇ ਸਨ, ਦੂਜੇ ਦੌੜਦੇ ਬਹੁਤੇ ਸਨ, ਮੌਕਾ ਤਾੜ ਕੇ ਨਿਕਲ ਗਏ। ਇਸੇ ਤਰ੍ਹਾਂ ਆਪ ਜੀ ਦਖਣ ਹੈਦਰਾਬਾਦ ਵਿਚ ਬੁਚੜਾਂ ਨੂੰ ਗਊ ਵਢਦੇ ਵੇਖ ਕੇ ਐਨੇ ਜੋਸ਼ ਵਿਚ ਆ ਕੇ ਲਲਕਾਰਾ ਮਾਰਿਆ ਕਿ ਸਭ ਬੁਚੜ ਭਜ ਗਏ,† ਆਪ ਜੀ ਨੇ ੩੨ ਵਰ੍ਹੇ ਡਟ ਕੇ ਗੁਰਮਤਿ ਦਾ ਪ੍ਰਚਾਰ ਕੀਤਾ, ਅਨਮਤੀਆਂ ਅਤੇ ਬ੍ਰਾਹਮਣਾਂ ਨੂੰ ਚਰਚਾ ਵਿਚ ਹਾਰਾਂ ਦਿਤੀਆਂ, ਆਪ ਜੀ ਪਿਛਲੀ ਅਵਸਥਾ ਵਿਚ ਚਿੱਟੀ ਚਲੇ ਗਏ ਤੇ ਉਥੇ ਹੀ ਬਾਕੀ ਦੀ ਆਯੂ ਬਤੀਤ ਕੀਤੀ।

### ਆਪ ਜੀ ਦੇ ਮੁਖੀ ਪ੍ਰਬੰਧਕ

ਜਨੇਤ ਪੁਰਾ ਸ੍ਰੀ ਮਾਨ ਸੰਤ ਬ੍ਰਹਮਪ੍ਰਕਾਸ਼, ਭਾਈ ਸੰਤ ਮੋਹਣ ਸਿੰਘ, ਭਾਈ ਮੋਹਣ ਸਿੰਘ, ਹਾਕਮ ਸਿੰਘ, ਹੀਰਾ ਸਿੰਘ, ਗੁਰਦਿਤ ਸਿੰਘ, ਖੇਮ ਸਿੰਘ, ਬੇਲਾ ਸਿੰਘ, ਸ਼ੇਰ ਸਿੰਘ, ਨਿਧਾਨ ਸਿੰਘ, ਨਰਿੰਦਰ ਸਿੰਘ, ਗਜਣ ਸਿੰਘ, ਜੰਡੀ ਭਾਈ ਜੋਗਿੰਦਰ ਸਿੰਘ, ਦੁਲਾ ਸਿੰਘ, ਹਰਨਾਮ ਸਿੰਘ, ਪ੍ਰਧਾਨ ਸਿੰਘ, ਨਥਾ ਸਿੰਘ, ਕਾਲਾ ਸਿੰਘ, ਬੋਪਾ ਰਾਇ ਭਾਈ ਰੂੜ ਸਿੰਘ ਆਦਿ।

੧੭ ਫਗਣ ਸੰਮਤ ੧੯੯੩ ਵਿਚ ਆਪ ਪਿੰਡ ਚਿਟੀ ਵਿਚ ਹੀ ਪ੍ਰਲੋਕ ਗਮਨ ਕਰ ਗਏ। ਇਸ ਵੇਲੇ ਆਪ ਦੀ ਉਮਰ ੧੧੯ ਵਰ੍ਹੇ ਦੀ ਸੀ, ਪਰ ਫਿਰ ਭੀ ਆਪ ਦਾ ਸਰੀਰ ਅਜੇ ਤਕੜਾ ਸੀ।

## ਕਾਹਨ ਸਿੰਘ ਸਃ ਬਃ ਜੀ ਨਾਭਾ

ਪੰਥ ਰਤਨ, ਵਿਦਿਆ ਭੂਸ਼ਨ ਸ: ਬ: ਕਾਹਨ ਸਿੰਘ ਜੀ ਨਾਭਾ ਚੋਟੀ ਦੇ ਵਿਦਵਾਨ ਹੋਏ ਹਨ। ਆਪ ਜੀ ਦਾ ਨਾਮ ਵਿਦਵਾਨਾਂ ਵਿਚ ਖਾਸ ਸਤਿਕਾਰ ਨਾਲ ਲਿਆ ਜਾਂਦਾ ਹੈ।

*ਆਪ ਜੀ ਬ੍ਰਹਮ ਪ੍ਰਕਾਸ਼ ਜਨੇਤ ਪੁਰੇ ਵਾਲਿਆਂ ਦੇ ਹਮ ਜਮਾਤੀ ਸਨ, ਉਨ੍ਹਾਂ ਕਰਕੇ ਹੀ ਆਪ ਜੀ ਜਨੇਤ ਪੁਰੇ ਆਉਣ ਲਗੇ, ਆਪ ਦੇ ਪ੍ਰਚਾਰ ਦੇ ਅਡੇ ਜਨੇਤ ਪੁਰਾ, ਜੰਡੀ, ਬੋਪਾ ਰਾਇ, ਕਿਲੀ ਚਾਹਲ, ਸ਼ੇਰ ਪੁਰਾ ਕਲਾਂ, ਭਿੰਡਰ, ਮਹਿਣਾ ਆਦਿ ਵਿਚ ਸਨ, ਆਪ ਜੀ ਗਤਕੇ ਦੇ ਚੰਗੇ ਖਿਲਾਰੀ ਸਨ ਆਪ ਨੇ ਕਈ ਵਾਰ ਬ੍ਰਾਹਮਣਾਂ ਨੂੰ ਚਾਹਟਾ ਵੀ ਛਕਾਇਆ ਸੀ।

†੧ ਨਵੰਬਰ ੧੯੨੫ ਦੇ ਹਿੰਦੂ ਅਖਬਾਰ ਨੇ ਆਪ ਜੀ ਦੀ ਇਸ ਵੀਰਤਾ ਦਾ ਜ਼ਿਕਰ ਕਰਦੇ ਹੋਏ ਆਪ ਜੀ ਨੂੰ ਭੀਸ਼ਮ ਪਿਤਾਮਾਂ ਦੇ ਉਨ੍ਹਾਂ ਨਾਲ ਸੰਬੋਧਨ ਕੀਤਾ।

Digitized by Panjab Digital Library | www.panjabdigilib.org

ਜਨਮ : ਆਪ ਬਾਬਾ ਨਰੈਣ ਸਿੰਘ ਜੀ ਦੇ ਘਰ ਪਿੰਡ ਪਿਤੋ ਰਿਆਸਤ ਨਾਭਾ ਵਿਚ ੧੮੬੧ ਈ: ਪੈਦਾ ਹੋਏ ।

ਬਚਪਣ : ਆਪ ਦੀ ਮੁਢਲੀ ਉਮਰ ਪਿੰਡ ਵਿਚ ਹੀ ਲੰਘੀ, ਆਪ ਛੋਟੇ ਹੁੰਦੇ ਹੀ ਹੁੰਦੜ ਹੇਲ ਪ੍ਰਤੀਤ ਹੁੰਦੇ ਸਨ ।

ਵਿਦਿਆ : ਆਪ ਨੇ ਛੋਟੀ ਉਮਰ ਵਿਚ ਹੀ ਗੁਰਮੁਖੀ ਵਿਦਿਆ ਪੜ੍ਹੀ, ਭਾਈ ਬੀਰ ਸਿੰਘ ਜਲਾਲ ਕੇ ਪਾਸੋਂ ਕਾਵਿ ਦੇ ਗ੍ਰੰਥ ਪੜ੍ਹੇ, ਭਾਈ ਜਵਾਹਰ ਸਿੰਘ ਜੀ ਪਾਸੋਂ ਗੁਰਮਤਿ ਦੇ ਗ੍ਰੰਥ ਪੜੇ, ਅੰਗਰੇਜ਼ੀ ਤੇ ਫਾਰਸੀ ਵਿਦਿਆ ਪੜੀ, ਦੋ ਤਿੰਨ ਸਾਲ ਫਿਰ ਕੇ ਉਰਦੂ, ਫਾਰਸੀ ਤੇ ਅੰਗਰੇਜ਼ੀ ਪੜ੍ਹੀ, ਆਪਦੀ ਬੁਧੀ ਮੁਢ ਤੋਂ ਹੀ ਤਿੱਖੀ ਸੀ ਤੇ ਆਪ ਨੂੰ ਵਿਦਿਆ ਪੜ੍ਹਨ ਦਾ ਮੁਢ ਤੋਂ ਹੀ ਚਾਅ ਸੀ ।

ਆਪ ਜੀ ਪੂਰਨ ਗ੍ਰਹਿਸਤੀ ਸਨ, ਆਪ ਦੇ ਸਪੁਤਰ ਭਗਤ ਸਿੰਘ ਹਨ, ਜੋ ਬਹੁਤ ਵਿਦਵਾਨ ਹਨ ਜਿਨ੍ਹਾਂ ਨੂੰ ਆਪ ਜੀ ਸਦਾ ਹਰੀ ਜੀ ਕਹਿ ਕੇ ਪਿਆਰਦੇ ਸਨ ।

ਨਾਭਾ ਦਰਬਾਰ ਵਿਚ ਪਹੁੰਚ .

ਆਪ ਜੀ ਚਿਹਨ ਚੱਕਰ ਤੋਂ ਬਹੁਤ ਹੁਸ਼ਿਆਰ ਪ੍ਰਤੀਤ ਹੁੰਦੇ ਸਨ, ਮਹਾਰਾਜਾ ਹੀਰਾ ਸਿੰਘ ਜੀ ਨੇ ਆਪ ਜੀ ਨੂੰ ਆਪਣੇ ਪਾਸ ਸਦਿਆ ਤੇ ਟਿੱਕਾ ਰਿਪਦਮਨ ਸਿੰਘ ਦਾ ਅਧਿਆਪਕ ਨੀਯਤ ਕਰ ਦਿਤੇ ਆਪ ਜੀ ਨਾਭਾ ਵਿਖੇ ਨਾਜ਼ਮੀ ਅਤੇ ਜਜੀ ਦੀਆਂ ਕੁਰਸੀਆਂ ਤੇ ਸ਼ਸੋਭਤ ਹੋਏ ।

ਉਪਕਾਰ : ਆਪ ਜੀ ਨੇ ਮਿ: ਮਿਕਾਲਫ ਨੂੰ ਗੁਰਸਿਖੀ ਮਾਰਗ ਤੋਂ ਜਾਣੂ ਕੀਤਾ ਅਤੇ ਸਿਖ ਇਤਿਹਾਸ ਦੀ ਖੋਜ ਕਰਨ ਦਾ ਸ਼ੌਕ ਪੈਦਾ ਕੀਤਾ, ਸਿਖੀ ਰਿਲੀਜਨ ਜੈਸੀ ਵਡੀ ਅੰਗਰੇਜ਼ੀ ਪੁਸਤਕ ਲਿਖਵਾਉਣੀ ਆਪ ਦੇ ਮਹਾਨ ਕਾਰਜਾਂ ਵਿਚੋਂ ਇਕ ਸ਼ਲਾਘਾ ਯੋਗ ਕਾਰਜ ਹੈ, ਜਿਸ ਦੇ ਪਰੂਫ ਪੜਨ ਦੀ ਸੇਵਾ ਭਾਈ ਸਾਹਿਬ ਨੇ ਵਲਾਇਤ ਜਾ ਕੇ ਕੀਤੀ । ਮਹਾਨ ਕੋਸ਼ ਆਪ ਦੀ ਸਭ ਤੋਂ ਵਿਸ਼ੇਸ ਰਚਨਾ ਹੈ ਜੋ ੧੪ ਸਾਲ ਦੀ ਲਗਾਤਾਰ ਮਿਹਨਤ ਕਰਕੇ ੧੯੨੬ ਵਿਚ ਪੂਰੀ ਤਿਆਰ ਕੀਤੀ ਗਈ ।

ਆਪ ਦੀਆਂ ਪ੍ਰਸਿਧ ਰਚਨਾਵਾਂ ਇਹ ਹਨ:- ੧. ਗੁਰਮਤਿ ਪ੍ਰਭਾਕਰ, ੨. ਗੁਰਮਤਿ ਸੁਧਾਕਰ, ੩. ਗੁਰ ਛੰਦ ਦਿਵਾਕਰ, ੪. ਗੁਰ ਸ਼ਬਦ ਅਲੰਕਾਰ, ੫. ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ੬. ਹਮ ਹਿੰਦੂ ਨਹੀਂ, ੭. ਅਨੇਕਾਰਥ ਕੋਸ਼, ੮. ਸਦ ਪ੍ਰਮਾਰਥਾ, ੯. ਚੰਡੀ ਦੀ ਵਾਰ ਸਟੀਕ, ੧੦. ਰੂਪਦੀਪ ਪਿੰਗਲ ਸਟੀਕ, ਸ਼ਰਾਬ ਨਿਸ਼ੇਧ ਗੁਰ ਮਹਿਮਾ ਗੁਰ ਗਿਰਾ ਕਸੌਟੀ, ਤੇ ਗੁਰਮਤਿ ਮਾਰਤੰਡ ਛਪਣ ਵਾਲੀਆਂ ਹਨ, ਆਪ ਦਾ ਦਿਹਾਂਤ ੨੩ ਨਵੰਬਰ ੧੯੩੮ ਨੂੰ ਹੋਇਆ ।

## ਕਰਤਾਰ ਸਿੰਘ ਦਾਖਾ

ਵਿਦਿਆ ਮਾਰਤੰਡ ਪੰਡਤ ਕਰਤਾਰ ਸਿੰਘ ਜੀ ਦਾਖਾ ਸਾਹਿਤ ਚਾਰਯ ਪੁਰਾਤਨ ਢੰਗ ਦੇ ਸ਼੍ਰੋਮਣੀ ਵਿਦਵਾਨਾਂ ਚੋਂ ਇਕ ਗਿਣਤੀ ਦੇ ਮਹਾਨ ਪੰਡਤ ਹਨ । ਆਪਦੀ ਤੁਲਤਾ ਵਰਤਮਾਨ ਕਾਲ ਵਿਚ ਸ਼ਾਇਦ ਹੀ ਕੋਈ ਹੋਵੇ ।

ਜਨਮ : ਆਪ ਜੀ ਸ: ਰਾਮ ਸਿੰਘ ਦੇ ਘਰ ਪਿੰਡ ਦਾਖਾ ਜ਼ਿਲਾ ਲੁਧਿਆਣਾ ਵਿਚ ੧੩ ਸਤੰਬਰ ੧੮੮੮ ਈ: ਨੂੰ ਪੈਦਾ ਹੋਏ ।

Digitized by Panjab Digital Library | www.panjabdigilib.org

ਬਾਲਪਨ : ਆਪ ਜੀ ਦੀ ਮੁਢਲੀ ਅਵਸਥਾ ਨਗਰ ਵਿਚ ਹੀ ਲੰਘੀ, ਤੇ ਸੁਰਤ ਸੰਭਾਲਣ ਪਰ ਆਪਣੇ ਪਿਤਾ ਨਾਲ ਸ਼ਾਹੂਕਾਰੇ ਕੰਮ ਵਿਚ ਹਥ ਵਟਾਉਣ ਲਗ ਪਏ ।

ਵਿਦਿਆ : ਆਪ ਦਾ ਮਨ ਪਿਤਾ ਪੁਰਖੀ ਕਿਤੇ ਸ਼ਾਹੂਕਾਰੇ ਤੋਂ ਉਪਰਾਮ ਹੋ ਗਿਆ, ਤੇ ਆਪ ਦਾ ਝੁਕਾ ਵਿਸ਼ੇਸ਼ ਕਰਕੇ ਵਿਦਿਆ ਵਾਲਾ ਹੋ ਗਿਆ । ਪੰਡਤ ਬਸੰਤ ਸਿੰਘ ਪਟਿਆਲਾ ਪਾਸੋਂ ਵਿਦਿਆ ਪੜ੍ਹੀ, ਆਪ ਸੰਸਕ੍ਰਿਤ ਵਿਦਿਆ ਦੇ ਮਹਾਨ ਪੰਡਤ ਹਨ । ਵਿਆਕਰਣ ਅਤੇ ਨਿਆਏ ਵਿਦਿਆ ਦੇ ਆਪ ਧੁਰੰਧਰ ਵਿਦਵਾਨ ਹਨ । ਪ੍ਰਾਚੀਨ ਨਾਇਕਾ ਵਾਂਗ ਆਪ ਦਾ ਸ਼ਾਸਤਰਾਥ ਕਰਨ ਦਾ ਢੰਗ ਵੀ ਨਿਰਾਲਾ ਹੈ । ਆਪ ਨੇ ਪ੍ਰਸਿੱਧ ਪੰਡਤ ਗੰਗੇਸ੍ਰਾ ਨੰਦ ਨੂੰ ੧੯੩੦ ਈ: ਦੇ ਕੁੰਭ ਦੇ ਮੇਲੇ ਤੇ ਸਖਤ ਹਾਰ ਦਿੱਤੀ । ਦਯਾ ਨੰਦ ਵਲੋਂ ਕੀਤੀਆਂ ਗਲਤ ਬਿਅਨੀਆਂ ਦਾ ਉਤੱਰ ਆਪ ਨੇ ਬੜੀ ਵਿਦਵਤਾ ਨਾਲ "ਖੜਗ ਖਾਲਸਾ" ਨਾਮੀ ਪੁਸਤਕ ਵਿਚ ਦਿੱਤਾ ਹੈ ।

ਕੰਮ : ਆਪ ਕੁਝ ਸਮਾਂ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ । ਸ੍ਰੀ ਦਮਦਮਾਂ ਸਾਹਿਬ ਵਿਖੇ ਗੁਰਮਤਿ ਉਪਦੇਸ਼ਕ ਵਿਦਿਆਲਾ ਖੋਲ੍ਹ ਕੇ ਕਾਫ਼ੀ ਸਮਾਂ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ । ਓਥੋਂ ਗੁਰੂ ਕਾਂਸ਼ੀ ਪਤ੍ਰ ਨਾਮ ਦਾ ਮਾਸਕ ਪਤਰ ਜਾਰੀ ਕੀਤਾ। ਕੁਝ ਚਿਰ ਮਹਿਕਮਾ ਪੰਜਾਬੀ ਵਿਭਾਗ ਪਟਿਆਲਾ ਵਿਚ ਰਹੇ।

ਸ਼ਾਦੀ : ਆਪ ਜੀ ਗ੍ਰਹਿਸਤੀ ਹਨ, ਆਪ ਜੀ ਦੇ ਤਿੰਨ ਪੁਤਰ ਹਨ ।

ਸੁਭਾ : ਆਪ ਦਾ ਸੁਭਾ ਸਾਦਾ ਤੇ ਆਜ਼ਾਦ ਤਬੀਅਤ ਦੇ ਮਾਲਕ ਹਨ, ਆਪ ਜੀ ਦੀ ਯਾਦ ਸ਼ਕਤੀ ਬਹੁਤ ਕਮਾਲ ਦੀ ਹੈ । ਆਪ ਸਿਖ ਇਤਹਾਸ ਦੇ ਬਹੁਤ ਖੋਜੀ ਹਨ, ਹੁਣ ਮਾਲਵਾ ਇਤਹਾਸ ਦੀ ਸੋਧ ਸੁਧਾਈ ਵਿਚ ਨਾਲ ਹਥ ਵਟਾ ਰਹੇ ਹਨ ।

ਆਪ ਜੀ ਦੀਆਂ ਰਚਨਾਂ ਹੇਠ ਲਿਖੇ ਅਨੁਸਾਰ ਹਨ ।। (੧) ਜਪੁਜੀ ਸਾਹਿਬ ਸਟੀਕ (੨) ਅਲੰਜਾਰ ਨਿਰਨਯ (੩) ਗੁਰਮਖੀ ਹਿੰਦੀ ਦਾ ਟਾਕਰਾ (੪) ੨੦ ਸਵਯੇ ਤੇ ਦਸ ਦੋਹਰੇ ਪਾ : ੧੦ (੫) ਜੰਗ ਯੁਰਪ ਵਿਚ ਸਿੱਖਾਂ ਦੀ ਬਹਾਦਰੀ ।

੧. ਸ੍ਰੀ ਗੁਰੂ ਵਿਆਕਰਣ ਪੰਚਾਇਣ
੨. ਸ੍ਰੀ ਗੁਰੂ ਭੱਟ ਬਾਣੀ ਸਟੀਕ
੩ ਸ੍ਰੀ ਗੁਰੂ ਭੱਟ ਬਾਣੀ ਪ੍ਰਕਾਸ਼
੪. ਮੂਲ ਮੰਤ੍ਰ ਪ੍ਰਕਾਸ਼ ( ਦਾਰਸ਼ਨਿਕ ਢੰਗ ਨਾਲ ਮੂਲ ਮੰਤ੍ਰ ਦੇ ਅਰਥ )
੫. ਸਾਂਖ ਦਰਸ਼ਨ ਵਾਸ਼ ( ਪੰਜਾਬੀ )
੬. ਸਿੰਮ੍ਰਤੀ ਸਾਰ ( ਮੰਨੂੰ ਅਤੇ ੧੮ ਹੋਰ ਸਿੰਮ੍ਰਤੀ ਦੇ ਸੰਖੇਪ ਨੋਟ )
੭. ਅਲੰਕਾਰ ਦਰਸ਼ਨ ( ਪੰਜਾਬੀ )
੮. ਨਿਤਨੇਮ ਸਟੀਕ
੯. ਰਾਮ ਰਹਸ ( ਸੁਖਮਨੀ ਸਾਹਿਬ ਦੇ ਨੋਟ )
੧੦. ਦਰਸ਼ਨ ਪਰਿਭਾਸ਼ਾ ( ਪੰਜਾਬੀ ਵਿਚ ਸਭ ਦਰਸ਼ਨਾਂ ਅਤੇ ਸੰਪਰਦਾਵਾਂ ਦਾ ਸਾਰ )
੧੧. ਛੰਦ ਰਤਨਾਵਲੀ ( ਪਿੰਗਲ ਸਟੀਕ )
੧੨. ਸ਼ਰੁਤ ਬੋਧ ਅਤੇ ਬ੍ਰਿਤ ਰਤਨਾਕਰ(ਸਟੀਕ)
੧੩. ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ
੧੪. ਨਿਆਇ ਦਰਸ਼ਨ ਭਾਸ (ਅਪੂਰਣ)
੧੫. ਅਲੰਕਾਰ ਖੰਡਨ ,,
੧੬. ਕਵੀ ਮਹਾਰਾਜੇ ,,
੧੭. ਸਹਜ ਚੰਦ੍ਰਮਾ ਨਾਟਕ ,,
੧੮. ਭਗਤ ਬਾਣੀ ਸਟੀਕ (ਅਪੂਰਣ)
੧੯. ਉਭਯਾਲੰਕਾਰ ਵਿਚਾਰ ,,
੨੦. ਰਿਗ ਵੇਦ ਪੰਜਾਬੀ ਅਨੁਵਾਦ ,,
੨੧. ਸਾਮ ਵੇਦ ਭਾਸ਼ ,,
੨੨. ਪੰਚ ਤੰਤ੍ਰ ਸਾਰ ,,
੨੩. ਸੰਦੇਸ਼ ਸ਼ਤਕ ,,
੨੪. ਸ੍ਰੀ ਗੁਰੂ ਪ੍ਰਮਾਣ ਸਾਗਰ ,,
੨੫. ਸ੍ਰੀ ਗੁਰੂ ਨਿਗਮ ਨਿਘੰਟੂ ,,
੨੬. ਸ੍ਰੀ ਗੁਰੂ ਆਗਮ ਪ੍ਰਕਾਸ਼ ,,
੨੭. ਸ੍ਰੀ ਗੁਰੂ ਮਤ ਆਮਨਾਯ ,,

Digitized by Panjab Digital Library | www.panjabdigilib.org

੨੮. ਸ੍ਰੀ ਗੁਰੂ ਨਿਗਮ ਨਿਰੁਕਤ ,,
੨੯. ਸ੍ਰੀ ਗੁਰੂ ਮਤ ਸਿਧਾਂਤ ਦਰਸ਼ਨ ,,
੩੦. ਸ੍ਰੀ ਗੁਰੂ ਗ੍ਰੰਥ ਕੋਸ਼ ,,
੩੧. ਸ੍ਰੀ ਗੁਰੂ ਗ੍ਰੰਥ ਅਭਿਧਾਨ ,,
੩੨. ਸ੍ਰੀ ਗੁਰੂ ਗ੍ਰੰਥ ਸਾ: ਸਟੀਕ ,,
੩੩. ਸ੍ਰੀ ਗੁਰਮਤ ਮੀਮਾਂਸਾ ,,
੩੪. ਨਜਾਜ ਸਰਬਸ਼ (ਪੰਜਾਬੀ) ,,
੩੫. ਵਿਆਕਰਣ ਖੰਡਨ (ਅੰਮ੍ਰਿਤਸਰੀ)
ਵਿਆਕਰਣ ਦਾ ਪ੍ਰਲਾਪ (ਅਪੂਰਣ)
੩੬. ਪੰਜਾਬੀ ਭਾਸ਼ਾ ਤੇ ਸਾਹਿਤਯ ਦਾ ਇਤਿਹਸ
੩੭. ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ

## ਕਰਤਾਰ ਸਿੰਘ ਗਿਆਨੀ ਰਸੂਲ ਪੁਰ

ਸ੍ਰੀਮਾਨ ਗਿਆਨੀ ਕਰਤਾਰ ਸਿੰਘ ਜੀ ਗੁਰਬਾਣੀ, ਗੁਰ ਇਤਿਹਾਸ ਦੇ ਖੋਜੀ ਅਤੇ ਲਿਖਾਰੀ ਕਟੜ ਗੁਰਮਤੀਏ ਆਪ ਦੀ ਕਾਵਿ ਤੇ ਲਿਖਤ ਅਤੀ ਰਸ ਭਿੰਨੀ ਹੁੰਦੀ ਹੈ।

ਜਨਮ– ਆਪ ਦਾ ਜਨਮ ਹਜਾਰਾ ਸਿੰਘ ਦੇ ਘਰ ਮਾਤਾ ਪਰਤਾਪ ਕੌਰ ਦੀ ਸੁਭਾਗ ਕੁਖੋਂ ਪਿੰਡ ਰਸੂਲ ਪੁਰ ਥਾਣਾ ਸਿਧਵਾਂ ਬੇਟ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਬਾਲਪਨ– ਆਪ ਦੇ ਪਿੰਡ ਦੇ ਹਾਣੀ ਤੇ ਲੋਕਾਂ ਦੇ ਖਿਆਲ ਅਨੁਸਾਰ ਲੰਘਿਆ। ਆਪ ਜੀ ਦੀ ਤੀਖਣ ਬੁਧੀ ਮੁਢ ਤੋਂ ਹੀ ਸੁਘੜ ਸਿਆਣੇ ਹੋਣ ਤੇ ਸਾਧ ਅਸਾਧ ਪਛਾਣਨ ਤੇ ਸਭ ਨੂੰ ਛਡ ਕੇ ਆਪ ਦਿਆਂ ਵਿਚ ਜਾਂ ਰਲਣ ਤੇ ਅਲਾਹੀ ਅੰਮ੍ਰਿਤ ਦੀ ਦਾਤ ਪਰਾਪਤ ਹੋਣ ਤੇ ਸਿਖ ਪੰਥ ਵਿਚ ਪ੍ਰਵੇਸ਼ ਹੋਏ। ਹੁਣ ਨਿਰੋਲ ਗੁਰਬਾਣੀ ਦੀ ਤੜਪ ਵਿਚ ਢੂੰਡਦਿਆਂ ਨੂੰ ਗਿਆਨੀ ਗੁਰਮੁਖ ਪਿਆਰੇ ਗਿਆਨੀ ਸੁੰਦਰ ਸਿੰਘ ਰਾਉਵਾਲ ਦੀ ਸੰਗਤ ਪਰਾਪਤ ਹੋਣ ਤੇ ਸਾਰੀਆਂ ਸਿਕਾਂ ਪੂਰੀਆਂ ਹੋ ਗਈਆਂ। ਇਲਾਕੇ ਵਿਚ ਆਪ ਜੀ ਦੀ ਕਾਫੀ ਜੀਵਨ ਸੁਗੰਧੀ ਫੈਲੀ ਤਾਂ ਪ੍ਰਉਪਕਾਰੀ ਭਾਈ ਨਰੈਣ ਸਿੰਘ ਜੀ ਬਾਨੀ ਗਰਲ ਸਕੂਲ ਸਿਧਵਾਂਖੁਰਦ ਵਾਲੇ ਬੜੇ ਜਤਨਾਂ ਨਾਲ ਇਹਨਾਂ ਨੂੰ ਲੈ ਗਏ ਏਥੋਂ ਹੀ ਹਾਈ ਸਕੂਲ ਵਡੇ [ਦੁਆਬਾ] ਅਤੇ ਗੁਰੂਸਰ ਸਿਧਾਰ ਵਾਲੇ ਆਦਿ ਸਫਾਰਸ਼ਾਂ ਨਾਲ ਲੈ ਕੇ ਜਾਂਦੇ ਸਨ। ਆਪ ਜੀ ਇਸ ਇਲਾਕੇ ਵਿਚ ਪੰਥ ਦੇ ਗੁਝੇ ਹੀਰੇ ਹਨ। ਆਪ ਜੀ ਦੀਆਂ ਲਿਖਤਾਂ ਇਹ ਹਨ

੧. ਬੀਬੀ ਨਾਨਕੀ ਜੀ ੨. ਬੀਬੀ ਜੱਸੀ ਗਿਲਾਂ ਵਾਲੀ ਕੁਆਰੀ ਗੋਰੇ ਦੀ ਮਾਤਾ ੩. ਜੀਵਨ ਬੀਬੀ ਹਰ ਪਰਕਾਸ਼ ਕੌਰ ਮੈਨੇਜਰ ਕਾਲਜ ਸਿਧਵਾਂ ਖੁਰਦ ੪. ਮਹਾਰਾਣੀ ਖੜਗ ਕੌਰ ੫. ਨਾਮਬਾਣੀ ਸਦੁ। ਆਪ ਪੰਜਾਬੀ ਦੇ ਪਰਸਿਧ ਲਿਖਾਰੀ ਅਤੇ ਗੁਰਮਤ ਪਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਮੁਖ ਪਰਬੰਧਕ ਅਤੇ ਦਾਸ ਦੇ ਸਚੇ ਹਿਤਕਾਰੀਆਂ ਚੋਂ ਹਨ।

## ਕਪੂਰ ਸਿੰਘ ਜੀ ਮਲਕ

ਸ੍ਰੀਮਾਨ ਭਾਈ ਕਪੂਰ ਸਿੰਘ ਜੀ ਪਿਤਾ ਸਾਹਿਬ ਸਿੰਘ ਦੇ ਘਰ ਮਾਤਾਂ ਬਿਸ਼ਨ ਕੌਰ ਦੀ ਸੁਭਾਗੀ ਗੋਦ ਵਿਖੇ ਜਨਮ ਪਿੰਡ ਮਲਕ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਬਾਲਪਨਃ– ਮਾਤਾ ਪਿਤਾ ਦੀਆਂ ਮਿਠੀਆਂ ਲੋਰੀਆਂ ਵਿਚ ਬਤੀਤ ਕਰਦੇ ਹੋਏ ਛੇਵੇਂ ਸਾਲ ਪਿੰਡ ਦੇ ਗੁਰਦੁਆਰੇ ਸੰਤ ਦੂਲਾ ਸਿੰਘ ਜੀ ਦੇ ਪਾਸ ਪੜਨ ਬਿਠਾਏ ਗਏ ਜਿਥੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਤੇ ਜਗਰਾਉਂ ਸਕੂਲ ਵਿਖੇ ਦਾਖਲ ਕਰਾਏ ਗਏ। ਏਥੋਂ ਮਿਡਲ ਪਾਸ ਕਰਕੇ ਫੌਜ ਵਿਚ ਜਾ ਭਰਤੀ ਹੋਏ। ਕੁਝ ਚਿਰ ਬਾਦ ਆਪ ਜੀ ਦੀ ਸ਼ਾਦੀ ਬੀਬੀ ਸ਼ਾਮ ਕੌਰ ਕਿਸ਼ਨਪਰਾ ਕਲਾਂ ਜ਼ਿ: ਫੀਰੋਜ਼ਪਰ

Digitized by Panjab Digital Library | www.panjabdigilib.org

ਪੁਰ ਨਾਲ ਹੋਈ ਅਤੇ ਆਪ ਨੂੰ ਅਕਾਲ ਪੁਰਖ ਨੇ ਇਕ ਪੁਤ੍ਰ ਦੀ ਦਾਤ ਬਖਸ਼ੀ ਜਿਸਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨਾਮੇ ਅਨੁਸਾਰ ਭਾਈ ਬਚਨ ਸਿੰਘ ਰਖਿਆ।

ਆਪ ਜੀ ਨੇ ੧੫ ਸਿਖ ਰਜਮੰਟ ਵਿਚ ਪਿਨਸ਼ਨ ਹਾਸਲ ਕਰਕੇ ਪਿੰਡ ਨਿਜ ਦੇ ਖੇਤ ਵਿਚ ਕੁਟੀਆ ਪਾਕੇ ਭਜਨ ਸਿਮਰਨ ਅਤੇ ਮਨ ਪ੍ਰਚਾਵੇ ਵਾਸਤੇ ਇਕ ਬਗੀਚਾ ਲਾਕੇ ਦਿਨ ਕਟੀ ਤੇ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਪਿੰਡ ਦੇ ਗੁਰਦੁਆਰੇ ਸਾਹਿਬ ਦੀ ਨਵੀਂ ਇਮਾਰਤ ਤਿਆਰ ਕੀਤੀ ਜਿਸ ਦੇ ਦਰਸ਼ਨ ਕਰਨ ਤੇ ਅਵਸ਼ ਮੂੰਹੋਂ ਨਿਕਲਦਾ ਹੈ "ਡਿਠੇ ਸਭੇ ਥਾਉਂ ਨਹੀਂ ਤੁਧ ਜੇਹਿਆ" ਆਪ ਜੀ ਹਥੀਂ ਸੇਵਾ ਗੁਰਬਾਣੀ ਦਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਮਤ ਪ੍ਰਚਾਰਦੇ ਹਨ। ਆਪ ਜੀ ਦੇ ਅੰਦਰ ਸਿਖੀ ਪਿਆਰ ਅਤੇ ਦਰਦ ਕੁਟ ੨ ਕੇ ਭਰਿਆ ਹੈ। ਆਪ ਗਰੀਬਾਂ ਅਤੇ ਬੀਮਾਰਾਂ ਦੀ ਪਰੇਮ ਸਹਿਤ ਸੇਵਾ ਕਰਦੇ ਹਨ। ਆਪ ਦਸਵੰਧ ਕਢ ਛਕਣ ਵਾਲੇ ਗੁਰੂ ਪੰਥ ਦੇ ਸੇਵਕ ਅਤੇ ਸੇਵਾ ਦਾ ਜਜ਼ਬਾ ਰਖਣ ਵਾਲੇ ਹਨ। ਆਪ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਮੁਖੀ ਪ੍ਰਬੰਧਕਾਂ ਵਿਚੋਂ ਅਤੇ ਚੌਥੀ ਕਾਨਫਰੰਸ ਜੋ ਗੁਰਮਤ ਪ੍ਰਚਾਰਕ ਸਿੰਘ ਸਭਾ ਦੀ ਛਤਰ ਛਾਇਆ ਹੇਠ ਆਪ ਜੀ ਦੇ ਨਗਰ ਗੁਰੂ† ਪਿਆਰਿਆਂ ਵਲੋਂ ਕਰਾਈ ਗਈ ਸੀ। ਉਸ ਦੇ ਸੁਆਗਤੀ ਪ੍ਰਧਾਨ ਤੇ ਇਸ ਸਭਾ ਦੇ ਜਨਰਲ ਸਕਤ੍ਰ ਹਨ।

ਆਪ ਗੁਰੂ ਪੰਥ ਦੀ ਆਗਿਆ ਅਨੁਸਾਰ ਸੇਵਾ ਕਰਨ ਵਾਲੇ ਗੁਰ ਦਰਬਾਰੀ ਤੇ ਸੁੰਦਰ ਦੀਦਾਰੀ ਸਿਖ ਹਨ।

## ਬਾਬੂ ਕਿਸ਼ਨ ਸਿੰਘ ਜੀ ਰਾਏਪੁਰ

ਇਨ੍ਹਾਂ ਦਾ ਜਨਮ ੧੯੪੫ ਬਿਃ ਦਾ ਸੀ। ਆਪ ਅੰਗਰੇਜ਼ੀ, ਫਾਰਸੀ, ਹਿੰਦੀ ਅਤੇ ਪੰਜਾਬੀ ਦੇ ਵਿਦ੍ਵਾਨ ਸਨ। ਸੰਸਕ੍ਰਿਤ ਦਾ ਭੀ ਆਪ ਨੂੰ ਚੰਗਾ ਸ਼ੌਕ ਸੀ। ਆਪ ਇੰਜਨੀਅਰਿੰਗ ਕਾਲਜ ਰੰਗੂਨ ਦੇ ਗ੍ਰੇਜੂਏਟ ਸਨ। ਚੋਖਾ ਚਿਰ ਬ੍ਰਹਮਾ ਵਿਚ ਓਵਰਸੀਅਰ ਰਹੇ। ਫੇਰ ਉਥੋਂ ਨੌਕਰੀ ਛਡ ਕੇ ਬਸਾਂ ਦਾ ਵਿਉਪਾਰ ਕਲਕਤੇ ਕਰਦੇ ਰਹੇ। ਫੇਰ ਰਾਇਪੁਰ ਆਕੇ ਪੰਥਕ ਸੋਸਾਇਟੀਆਂ ਵਿਚ ਰਹਿਕੇ ਸੇਵਾ ਕਰਦੇ ਰਹੇ ਅਤੇ ਕਈ ਵਾਰ ਦੇਸ ਵਿਚ ਐਸ. ਡੀ. ਓ. ਦੇ ਪਦ ਤੇ ਰਹੇ। ਆਪ ਨੂੰ ਸਾਹਿਤ ਦਾ ਬਹੁਤ ਸ਼ੌਕ ਸੀ ਜਦੋਂ ਆਪ ਖਾਃ ਹਾਃ ਸਕੂਲ ਰਾਇਪੁਰ ਦੇ ਸੰਚਾਲਕ ਸਨ ਤਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਸ਼ੇ ਪਰ ਵਿਦ੍ਵਾਨਾਂ ਨੂੰ ਸਦ ਕੇ ਸਕੂਲ ਵਿਚ ਵਿਖਆਨ ਕਰਾਇਆ ਕਰਦੇ ਸਨ। ਆਪ ਨੇ ਰਾਏਪੁਰ ਦਾ ਇਤਹਾਸ ਅਤੇ ਪੰਜਾਬੀ ਸੰਕੇਤ ਨਾਮੇ ਦੋ ਪੁਸਤਕ ਭੀ ਲਿਖੇ ਹਨ ਜਿਸ ਵਿਚ ਵਿਆਕਰਣ, ਗਾਈਡ ਤੇ ਭੂਗੋਲ ਦੀਆਂ ਸਗਿਆਵਾਂ ਹਨ। ਮਹਾ ਸ਼ੋਕ! ਕਿ ਆਪ ਦਾ ਚਲਾਣਾ ਉਦੋਂ ੪ ਜੂਨ ੧੯੪੪) ਨੂੰ ਹੋਇਆ ਜਦੋਂ ਰਚਨਾ ਦੀ ਉਮੰਗ ਪੂਰੇ ਜੋਬਨ ਤੇ ਪੁਜ ਚੁਕੀ ਸੀ।

---

† ਸ: ਚੰਦਾ ਸਿੰਘ ਸ: ਰਤਨ ਸਿੰਘ ਸ: ਭਾਨ ਸਿੰਘ ਸ: ਬਿਸ਼ਨ ਸਿੰਘ ਮਿਸਤਰੀ ਸ: ਉਤਮ ਸਿੰਘ ਵੈਦ ਸ: ਮਿਤ ਸਿੰਘ ਸ: ਗੰਗਾ ਸਿੰਘ ਮਿਸਤਰੀ ਸ: ਸਰੂਪ ਸਿੰਘ ਆੜ੍ਹਤੀਆਂ ਗਿਃ ਦਾਰਾ ਸਿੰਘ ਸ: ਕੇਹਰ ਸਿੰਘ ਸ: ਦਿਆਲ ਸਿੰਘ ਪੰਃ ਪ੍ਰਕਾਸ਼ ਚੰਦ ਸ. ਮਲਕੀਤ ਸਿੰਘ ਨੰਬਰਦਾਰ ਸਃ ਚੇਤਾ ਸਿੰਘ ਸ: ਜੋਗਿੰਦਰ ਸਿੰਘ ਭਗਤ ਜੀਤ ਸਿੰਘ ਸੰਤ ਪ੍ਰੇਮ ਸਿੰਘ ਸ: ਕੇਹਰ ਸਿੰਘ ਸਃ ਉਜਾਗਰ ਸਿੰਘ ਸ: ਅਰਜਨ ਸਿੰਘ ਸ: ਰਣ ਸਿੰਘ ਸ: ਮਿਤ ਸਿੰਘ ਸ: ਠਾਕਰ ਸਿੰਘ ਸ: ਉਦੇ ਸਿੰਘ, ਸ: ਸੇਵਾ ਸਿੰਘ, ਸ: ਬੰਤਾ ਸਿੰਘ, ਸ: ਨਾਹਰ ਸਿੰਘ, ਸ: ਸੁਚਾ ਸਿੰਘ; ਸ: ਗੁਜਰ ਸਿੰਘ, ਆਦਿ ਨੇ ਪ੍ਰੇਮ ਸਹਿਤ ਕਰਨ ਤੇ ਕਾਮਯਾਬੀ ਦਾ ਸਿਹਰਾ ਇਹਨਾਂ ਦੇ ਸਿਰ ਤੇ ਸੀ।

Digitized by Panjab Digital Library | www.panjabdigilib.org

# ਭਾਈ ਕਿਹਰ ਸਿਘ ਜੀ ਰਾਇਪੁਰੀ

ਭਾਈ ਕੇਹਰ ਸਿੰਘ ਦਾ ਜਨਮ ਪਿਤਾ ਹਰਦਿਤ ਸਿੰਘ ਦੇ ਘਰ ੧੮੮੫ ਈਃ ਪਿੰਡ ਰਾਏਪੁਰ ਜ਼ਿਲਾ ਲੁਧਿਆਣਾ ਵਿਖੇ ਹੋਇਆ। ਬਾਲਪਨ ਤੋਂ ਬਾਦ ਵਿਦਿਆ ਪਿੰਡ ਵਿਚ ਪੜ੍ਹੀ। ੧੯੦੩ ਈਃ ਵਿਚ ਆਪ ਰਸਾਲੇ ਵਿਚ ਭਰਤੀ ਹੋਏ। ਪੂਰੇ ਦਸ ਸਾਲ ਫੌਜ ਵਿਚ ਨੌਕਰੀ ਕਰਕੇ ਫੇਰ ਪਰਦੇਸ ਚੀਨ, ਜਪਾਨ ਹੁੰਦੇ ਹੋਏ ਕੈਨੇਡਾ ਦੇ ਸ਼ਹਿਰ ਵੈਨਕੋਵਰ ਪਹੁੰਚੇ। ੧੯੧੫ ਵਿਚ ਵੈਨਕੋਵਰ ਤੋਂ ਯੂ. ਐਸ. ਏ. [ਅਮਰੀਕਾ] ਗਏ। ਕੈਲੇਫੋਰਨੀਆ ਦੇ ਇਲਾਕੇ ਵਿਚ ਕੰਮ ਕਾਜ ਸ਼ੁਰੂ ਕੀਤਾ। ੧੯੧੯ ਈ: ਵਿਚ ਹੋਰ ਸਜਣਾਂ ਮਿਤਰਾਂ ਨਾਲ ਰਲਕੇ ਗਰੇਵਾਲ ਐਜੂਕੇਸ਼ਨ ਸੁਸਾਇਟੀ ਕਾਇਮ ਕੀਤੀ ਜਿਸਦਾ ਸਦਕਾ ਅਜ ਰਾਇਪੁਰ ਵਿਚ ਸ਼ਾਨਦਾਰ ਖਾਲਸਾ ਹਾਈ ਸਕੂਲ ਚਲ ਰਿਹਾ ਹੈ। ਆਪ ਜੀ ਇਸ ਸੁਸਾਇਟੀ ਦੇ ਖਜ਼ਾਨਚੀ ਕਾਫੀ ਚਿਰ ਰਹੇ ਹਨ। ੧੯੨੩ ਈਃ ਵਿਚ ਆਪ ਨੇ ਪੈਸੀਫਿਕ ਕੋਸਟ ਖਾਲਸਾ ਦੀਵਾਨ ਸਟਾਕਟਨ ਦੇ ਸਕੱਤ੍ਰ ਬਣਕੇ ਸੇਵਾ ਕੀਤੀ। ੧੯੨੪ ਈ: ਵਿਚ ਗਦਰ ਪਾਰਟੀ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ੧੯੨੫ ਤੋਂ ੧੯੨੭ ਈਃ ਤਕ ਗੁਰਦੁਆਰਾ ਸਟਾਕਟਨ [ਕੈਲੇਫੋਰਨੀਆਂ] ਦੇ ਅਨਰੇਰੀ ਗ੍ਰੰਥੀ ਦੀ ਸੇਵਾ ਭੁਗਤਾਈ। ੧੯੨੮ ਈ: ਵਿਚ ਆਪ ਖਾਲਸਾ ਦੀਵਾਨ ਸਟਾਕਟਨ ਦੇ ਸਕੱਤ੍ਰ ਰਹੇ। ੧੯੪੮ ਈ: ਵਿਚ ਆਪ ਨੇ ਇਮਪੀਰੀਅਲ ਵੈਲੀ ਖਾਲਸਾ ਸੁਸਾਇਟੀ ਕਾਇਮ ਕਰਕੇ ਇਲਾਕੇ ਦੀਅ ਸੰਗਤਾਂ ਨੂੰ ਅਪੀਲ ਕੀਤੀ ਜਿਸ ਦੀ ਸਕਤ੍ਰੀ ਦੀ ਸੇਵਾ ਭੀ ਆਪ ਦੇ ਹਿਸੇ ਆਈ ਤੇ ਗੁਰਦੁਆਰਾ ਐਲ ਸੈਨਟਰੋ ਕਾਇਮ ਹੋਇਆ। ਹੁਣ ੧੯੫੩ ਈਃ ਤੋਂ ਆਪ ਇਸ ਗੁਰਦੁਆਰੇ ਦੇ ਆਨਰੇਰੀ ਗ੍ਰੰਥੀ ਹਨ ਜੋ ਬੜੀ ਯੋਗਤਾ ਨਾਲ ਸੇਵਾ ਭੁਗਤਾ ਰਹੇ ਹਨ। ਅਜੇਹੇ ਸਜਣਾਂ ਦੀ ਹਿੰਮਤ ਤੇ ਪ੍ਰੇਮ ਦਾ ਸਦਕਾ ਹੀ ਹੈ ਕਿ ਪ੍ਰੇਮੀ ਸਜਣਾਂ ਨੇ ਦੇਸ ਵਿਚ ਵਿਦਿਅਕ ਤੇ ਧਾਰਮਿਕ ਅਜ਼ਾਦੀ ਲਈ ਜੋ ਘਾਲਣਾ ਘਾਲੀ ਹੈ ਉਹ ਸੂਰਜ ਦੀ ਤਰਾਂ ਰੋਸ਼ਨ ਹੈ। ਅਜੇਹੇ ਨਿਸ਼ਕਾਮ ਸੇਵਕਾਂ ਦੀ ਕੌਮ, ਦੇਸ ਤੇ ਪੰਥ ਨੂੰ ਸਦਾ ਲੋੜ ਹੈ।

# ਪੰਡਤ ਕ੍ਰਿਸ਼ਨਾ ਨੰਦ ਜੀ ਮਾਲੀਵਾਲੇ

ਆਪ ਦਾ ਜਨਮ ਨਾਭੇ ਅਤੇ ਭਵਾਨੀ ਗੜ ਦੇ ਵਿਚਾਲੇ 'ਮਾਲੀ' ਨਾਮੇ ਪਿੰਡ ਵਿਚ ਹੋਇਆ। ਆਪ ਪਿੰਡ ਦੇ ਡੇਰੇ ਦੇ ਉਦਾਸੀ ਸੰਤਾਂ ਦੇ ਹੀ ਚੇਲੇ ਹਨ। ਪੰਃ ਭੈਰੋਂ ਦਤ ਨਾਭੇ ਵਾਲੇ ਪਾਸੋਂ ਨਿਆਇ ਅਤੇ ਵਿਆਕਰਣ ਪੜ੍ਹਿਆ। ਫੇਰ ਕਾਂਸ਼ੀ ਵਿਚ ਭੀ ਚੋਖਾ ਚਿਰ ਅਧੈਨ ਕਰਕੇ ਉਥੇ ਦੀ ਸ਼ਾਸਤ੍ਰੀ ਪਾਸ ਕੀਤੀ। ਆਪ ਨੂੰ ਪਹਿਲੀ ਅਵਸਥਾ ਤੋਂ ਹੀ ਸੰਸਕ੍ਰਿਤ ਦੀ ਛੰਦਾਬੰਦੀ ਰਚਣ ਦੀ ਬੜੀ ਯੋਗਤਾ ਹੈ। ੪੦ ਬਰਸ ਤੋਂ ਉਪਰ ਹੋਏ, ਜਦੋਂ ਕਿ ਗੁਰੂ ਨਾਨਕ ਚੰਦ੍ਰੋਦਯ ਛਪਿਆ ਸੀ। ਉਸ ਵਿਚ ਕ੍ਰਿਸ਼ਨ ਦਾਸ ਕਰਕੇ ਇਨ੍ਹਾਂ ਦੀ ਵਕਤਾ ਹੋਣ ਦਾ ਪਰਿਚਯ ਮਿਲਦਾ ਹੈ। ਇਕ "ਈਸ਼੍ਵਰ ਸਿੱਧੀ" ਨਾਮ ਦਾ ਸੰਸਕ੍ਰਿਤ ਗ੍ਰੰਥ ਆਪ ਦਾ ਰਚਿਆ ਹੋਇਆ ਪ੍ਰਸਿਧ ਹੈ। ਹੋਰ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਿਚ ਹੁਣੇ ਹੀ ਇਕ ਸੰਸਕ੍ਰਿਤ ਦਾ ਚੋਖੇ ਆਕਾਰ ਦਾ ਕਵਿਤਾ ਦਾ ਗ੍ਰੰਥ ਆਪ ਨੇ ਰਚਿਆ ਹੈ। ਸਾਧੂ ਬੋਲੇ ਦਾ ਇਤਹਾਸ ਭੀ ਆਪ ਨੇ ਛੰਦਾ ਬੰਦੀ ਵਿਚ ਰਚਨਾ ਕੀਤਾ ਹੈ। ਆਪ ਵੈਦ ਭੀ ਉਚ ਕੋਟੀ ਦੇ ਹਨ। ਸਭ ਤੋਂ ਵਡੀ ਸਿਫਤ ਇਨ੍ਹਾਂ ਵਿਚ ਇਹ ਹੈ ਕਿ ਵਿਦ੍ਵਾਨਾਂ ਨੂੰ ਦੇਖਕੇ ਬੜੇ ਪ੍ਰਸੰਨ ਹੁੰਦੇ ਹਨ। ਈਰਖਾ ਨਹੀਂ ਕਰਦੇ। ਆਪ ਦੀ ਆਯੂ ੭੨ ਬਰਸ ਦੀ ਹੈ ਫੇਰ ਭੀ ਰਚਨਾ ਦਾ ਕੰਮ ਆਪ ਨੇ ਭਾਈ ਸਾਹਿਬ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਬਣਾਉਣ ਵੇਲੇ ਬੜਾ ਸਯੋਗ ਦਿਤਾ ਜਿਸ ਕਰਕੇ ਆਪ ਦਾ ਨਾਉਂ ਸਿਖ ਸਾਹਿਤ ਵਿਚ ਸਦਾ ਅਮਰ ਰਹੇਗਾ।

Digitized by Panjab Digital Library | www.panjabdigilib.org

ਆਪ ਅਜ ਤਕ ਭਾ: ਸਾਹਿਬ ਕਾਹਨ ਸਿੰਘ ਨਾਭਾ ਦੇ ਪ੍ਰਯਤਨ ਨਾਲ ਖਨੌੜੇ ਦੇ ਮਹੰਤ ਹਨ ਅਤੇ ਵੈਦਿਕ ਕਰਨੀ ਤੇ ਸੰਸਕ੍ਰਿਤ ਵਿਚ ਗ੍ਰੰਥ ਲਿਖਦੇ ਰਹਿਣਾ ਇਨ੍ਹਾਂ ਦਾ ਨਿਤ ਦਾ ਬਿਉਹਾਰ ਹੈ।

## ਕਿਸ਼ਨ ਸਿੰਘ ਜੀ ਗਿਆਨੀ ਮੇਧਨੀ

ਪਿੰਡ ਮੇਧਨੀ ਰਿਃ ਨਾਭਾ ਵਿਚ (ਧੂਰੀ ਦੇ ਕੋਲ) ਗਿਃ ਕਿਸ਼ਨ ਸਿੰਘ ਜੀ ਦਾ ਜਨਮ ਹੋਇਆ ਆਪ ਨੇ ੧੯੨੧ ਵਿਚ ਗੁਰਮਤ ਉਪਦੇਸ਼ਕ ਕਾਲਜ ਲੁਧਿਆਣਾ ਵਿਖੇ ਪੰ: ਕਰਤਾਰ ਸਿੰਘ ਦਾਖਾ ਤੋਂ ਪੜ੍ਹਕੇ ਪੰਜਾਬ ਯੂਨੀਵਰਿਸਟੀ ਦਾ 'ਗਿਆਨੀ' ਦਾ ਇਮਤਿਹਾਨ ਪਾਸ ਕੀਤਾ। ਉਥੋਂ ਜਾਕੇ ਆਪ ਨੇ ਵਿਰਕਤ ਰਹਿਕੇ ਗੁਰਬਾਣੀ ਦਾ ਬਹੁਤ ਅਭਿਆਸ ਕੀਤਾ। ਇਸ ਤੋਂ ਬਿਨਾ ਕਾਵ੍ਯ ਅਤੇ ਭਾਸ਼ਾ ਵਿਚ ਨਿਆਇ ਅਤੇ ਵੇਦਾਂਤ ਗ੍ਰੰਥਾਂ (ਮੋਕਸ਼ ਪੰਥ ਆਦਿ) ਵਿਚ ਨਿਪੁਣਤਾ ਪ੍ਰਾਪਤ ਕੀਤੀ। ਆਪ ਨੇ "ਸੰਤ ਜੀਵਨ" ਨ ਮ ਦਾ ਸੰਤ ਮੱਘਰ ਸਿੰਘ ਜੀ ਦਾ ਜੀਵਨ ਚਰਿਤ੍ਰ ਛੰਦਾਂ ਵਿਚ ਬਣਾਇਆ। ਆਪ ਪਰਜਾ ਮੰਡਲ ਦੇ ਪ੍ਰਧਾਨ ਭੀ ਰਹੇ। ਸ਼ੋਕ ਕਿ ਜਿਸ ਵੇਲੇ ਆਪ ਮਸਤੂਆਣਾ ਦੇ ਪ੍ਰਧਾਨ ਸਨ ਉਸ ਸਮੇਂ ਬਹਿੰਗਮਾਂ ਵਲੋਂ ਸ਼ਹੀਦ ਕੀਤੇ ਗਏ।

## ਸਨਮਾਨ ਯੋਗ ਬਾਬਾ ਖੇਮ ਸਿੰਘ ਜੀ ਬੇਦੀ

ਸਤਿਕਾਰ ਯੋਗ ਬਾਬਾ ਖੇਮ ਸਿੰਘ ਜੀ ਬੇਦੀ ਸਾਹਿਬ ਚਾਹੇ ਆਪਦੇ ਆਪ ਨੂੰ ਦੇਹਧਾਰੀ ਗੁਰੂ ਸਦੌਣ ਦੇ ਪੂਰਨ ਚਾਹਵਾਨ ਹੋਣ ਤੇ ਆਪਦੀ ਸਿਖੀ ਸੇਵਕੀ ਦਾ ਇਲਾਕਾ ਐਨਾਂ ਲੰਮਾਂ ਚੌੜਾ ਸੀ ਜਿਸ ਦਾ ਦੌਰਾ ਆਇ ਸਾਲ ਦੇ ਸਾਲ ਕਾਰ ਭੇਟਾ ਲੈਂਦੇ ਤੇ ਪ੍ਰਚਾਰ ਕਰਦੇ ਸਨ, ਆਪ ਜੀ ਦੇ ਇਲਾਕੇ ਦੀ ਹਦਬੰਦੀ ਪੋਠੋਹਾਰ, ਮਾਝਾ, ਫੀਰੋਜ਼ਪੁਰ ਤੇ ਫਰੀਦਕੋਟ ਮਹਾਰਾਜਾ ਬਿਕ੍ਰਮ ਸਿੰਘ ਜੀ ਆਪ ਦੇ ਪੱਕੇ ਸ਼ਰਧਾਲੂ ਹੋਣ ਤੇ ਬੇਦੀ ਸਾਹਿਬ ਜੀ ਦੀ ਪ੍ਰੇਰਨਾ ਦਾ ਸਦਕਾ ਆਪ ਦੇ ਪੱਖ ਦੇ ਦੇ ਅੰਮ੍ਰਿਤਸਰੀਏ ਫਰੀਦਕੋਟ ਨੌਕਰ ਕਰਾਏ ਸਨ ਜਿਸ ਵਕਤ ਲਾਹੌਰ ਖਾਲਸਾ ਦੀਵਾਨ ਕਾਇਮ ਹੋਇਆ, ਉਸ ਵੇਲੇ ਰਾਜਾ ਬਕ੍ਰਮ ਸਿੰਘ ਨੇ ਬਾਬਾ ਜੀ ਨੂੰ ਪੰਥਕ ਸੁਧਾਰ ਵਲ ਪ੍ਰੇਰਨਾ ਕਰਕੇ ਇਸ ਪਾਸੇ ਨੂੰ ਕੁਝ ਮੋੜਦਿਆਂ ਗੁਰਮਤ ਅਗੂਆਂ ਨਾਲ ਮਲਾਪ ਤੇ ਵਿਦਿਆਲੇ ਖੋਲਣ ਵਲ ਧਿਆਨ ਦੁਆਣ ਦਾ ਜਤਨ ਕੀਤਾ ਜਿਸ ਕਰਕੇ ਇਸ ਸਤਿਕਾਰ ਯੋਗ ਹਸਤੀ ਨੇ ਸਿਖ ਬੀਬੀਆਂ ਨੂੰ ਵਿਦਿਆ ਦਾਨ ਦੇਣ ਲਈ ਗੁਰਮੁਖੀ (ਪੰਜਾਬੀ) ਪਾਠਸ਼ਾਲਾ ਜਿਹਲਮ, ਰਾਵਲ ਪਿੰਡੀ, ਗੁਜਰਾਤ, ਧੰਨੀ, ਪੋਠੋਹਾਰ ਇਤ ਆਦਿ ਇਲਾਕਿਆਂ ਵਿਚ ਖੋਲ੍ਹੀਆਂ ਗਈਆਂ। ਸੰਨ ੧੮੭੬ ਵਿਚ ਬਾਬਾ ਜੀ ਦੇ ਚਲ ਰਹੇ ਸਕੂਲ ੪੦, ਸੰਨ ੧੮੭੯ ਵਿਚ ੪੨ ਮੁਕਦੀ ਗਲ ਕਿ ਬੇਦੀ ਸਾਹਿਬ ਜੀ ਨੇ ੧੮੭੦ ਤੋਂ ਲੈ ਕੇ ਆਪਣੇ ਸਚ ਖੰਡ ਪਧਾਰਨ ਤਕ ਸੰਨ ੧੯੧੬ ਈ: ਤਕ ਵਿਦਿਆ ਪ੍ਰਚਾਰ ਤੇ ੫੦੦੦੦) ਰੁਪਏ ਖਰਚ ਕੀਤੇ ਸਨ* ਅਤੇ ਸਿਖੀ ਪ੍ਰਚਾਰ ਵਿਚ ਬਹੁਤ ਹੀ ਵਧ ਚੜ੍ਹ ਕੇ ਹਿਸਾ ਲੈਂਦੇ ਸਨ।

## ਭਾਈ ਗੁਰਦਾਸ ਜੀ

ਸਭ ਤੋਂ ਪਹਿਲਾਂ ਵਿਦਵਾਨ ਜਿਨ੍ਹਾਂ ਦੀ ਲਿਖਤ ਸਾਨੂੰ ਮਿਲਦੀ ਹੈ ਭਾਈ ਗੁਰਦਾਸ ਜੀ ਹਨ ਆਪ ਉਸ ਸਮੇਂ ਦੇ ਪ੍ਰਚਲਤ ਸਿਧਾਂਤਾਂ ਦੇ ਟਾਕਰੇ ਤੇ ਗੁਰਮਤਿ ਦੇ ਦਰਿਸ਼ਟੀ ਕੋਣ ਸਪਸ਼ਟ

*ਦੇਖੋ ਸ: ਨਾਹਰ ਸਿੰਘ ਐਮ. ਏ. ਖਾਲਸਾ ਇਸਤ੍ਰੀ ੧੯੩੧ ਸਫਾ ੬੨,

Digitized by Panjab Digital Library | www.panjabdigilib.org

ਕਰਕੇ ਰਖਿਆ, ਅਸੀਂ ਉਨ੍ਹਾਂ ਨੂੰ ਮਹਾਨ ਵਿਦਵਾਨ ਕਵੀ ਲਿਖਾਰੀ ਤੇ ਸਿਖ ਮਿਸ਼ਨਰੀ ਦੇ ਰੂਪ ਵਿਚ ਸਫਲ ਹੁੰਦਾ ਵੇਖਦੇ ਹਾਂ।

ਆਪ ਦਾ ਜਨਮ ੧੬੦੦–੧੬੧੦ ਦੇ ਦਰਮਿਆਨ ਪਿੰਡ ਬਾਸਰ ਕੇ ਜ਼ਿਲਾ ਅੰਮ੍ਰਿਤਸਰ ਵਿਖੇ ਭਾਈ ਈਸ਼ਰ ਦਾਸ ਭੱਲਾ ਜੀ ਦੇ ਘਰ ਹੋਇਆ, ਬਚਪਨ ਵਿਚ ਹੀ ਗੁਰੂ ਅਮਰ ਦਾਸ ਨਾਲ ਗੋਂਦਵਾਲ ਆ ਗਏ ਏਥੇ ਹੀ ਸਿਖੀ ਤੇ ਹੋਰ ਧਰਮਾਂ ਦੀ ਵਿਦਿਆ ਚੰਗੀ ਤਰਾਂ ਪੜ੍ਹੀ ਗੁਰੂ ਅਮਰ ਦਾਸ ਜੀ ਨੇ ਆਪ ਦੀ ਤੀਖਣ ਬੁਧੀ ਦੇਖ ਕੇ ਆਪ ਨੂੰ ਚੰਬੇ ਵਲ ਪ੍ਰਚਾਰ ਲਈ ਭੇਜਿਆ ਗੁਰੂ ਰਾਮ ਦਾਸ ਤੇ ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਆਪ ਬਨਾਰਸ, ਆਗਰਾ, ਲਖਨਊ ਤੇ ਬਰਹਾਨ ਪੁਰ ਆਦਿਕ ਥਾਵਾਂ ਤੇ ਸਿਖੀ ਪ੍ਰਚਾਰ ਸੇਵਾ ਕਰਦੇ ਰਹੇ ਬਨਾਰਸ ਵਰਗੀ ਵਿਦਿਆ ਕੇਂਦਰ ਵਿਚ ਸਿਖ ਸਿਧਾਤਾਂ ਦਾ ਸਿਕਾ ਜਮਾਣਾ ਆਪ ਦਾ ਹੀ ਕੰਮ ਸੀ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਪ੍ਰਿਥੀ ਚੰਦ ਨੇ ਕਾਫੀ ਗੜ ਬੜ ਕਰਕੇ ਸਿਖਾਂ ਨੂੰ ਗਮਰਾਹ ਕੀਤਾ ਇਸ ਵੇਲੇ ਹੀ ਪਏ ਬੇਖਿੜੀਆਂ ਤੇ ਝਗੜਿਆਂ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁਢਾ ਜੀ ਆਦਿ ਸਿਖਾਂ ਨੇ ਹੀ ਸਿਆਣਪ ਨਾਲ ਨਿਪਟਾਇਆ ਫਿਰ ਗੁਰੂ ਅਰਜਨ ਦੇਵ ਜੀ ਨੇ ਹਿੰਦੁਸਤਾਨ ਦੇ ਮਹਾਂ ਪੁਰਸ਼ਾਂ ਤੇ ਸਤ ਗੁਰੂਆਂ ਦੀ ਬਾਣੀ ਦੇ ਲਿਖਣ ਦਾ ਮਹਾਨ ਕਾਰਜ ਅਰੰਭਿਆ ਉਸ ਸਮੇਂ ਭੀ ਲਿਖਾਈ ਦੀ ਸੇਵਾ ਦਾ ਸੁਭਾਗ ਸਮਾਂ ਆਪ ਜੀ ਨੂੰ ਪ੍ਰਾਪਤ ਹੋਇਆ।

ਆਪ ਜੀ ਦੀ ਰਚਨਾ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਂ ਵਿਚ ਮਿਲਦੀ ਹੈ ਹਿੰਦੀ ਦੇ ਪਪੲ (ਕਬਿਤ ਸਵਿਏ) ਨਾਮ ਦੇ ਪ੍ਰਸਿਧ ਹਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪ ਜੀ ਦੇ ੧੧੯ ਕਬਿਤ ਹੋਰ ਲਭ ਕੇ ਛਪਾਏ ਹਨ।

ਪੰਜਾਬੀ ਵਿਚ ੪੦ ਵਾਰਾਂ ਮਸ਼ਹੂਰ ਹਨ ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਦੀ ਦਿਗ ਵਿਜੈ ਪ੍ਰਚਾਰ ਯਾਤਰਾ ਤੇ ਬਾਕੀ ਪੰਜ ਗੁਰੂਆਂ ਦੀ ਸੰਖੇਪ ਕਥਾ ਹੈ ਇਸ ਵਾਰ ਵਿਚ ਮਾਨੂ ਕਵੀ ਜੀ ਨੇ ਆਪਣੇ ਹੀਰੋ ਸਤਿਗੁਰੂ ਜੀ ਦੀ ਸਿਧਾਂਤਕ ਜਿਤ ਦਰਸਾਈ ਹੈ। ਦਸਵੀਂ ਵਾਰ ਵਿਚ ਹਿੰਦੁਸਤਾਨ ਦੇ ਪ੍ਰਾਚੀਨ ਭਗਤਾਂ ਧ੍ਰੂ ਪਰੈਲਾਦ, ਵਲੀ ਅੰਬਰੀਕ ਜਨਕ, ਹਰੀ ਚੰਦ ਬਿਦ੍ਰ, ਦਰੋਪਤੀ, ਸੁਦਾਮਾਂ, ਜੈ ਦੇਵ, ਨਾਮ ਦੇਵ, ਤਰਲੋਚਨ ਧੰਨਾ, ਬੇਣੀ, ਕਬੀਰ, ਸੈਨ, ਰਵਿਦਾਸ, ਗੋਤਮ, ਬਾਲਮੀਕ, ਅਜਾਮਲ, ਗਨਕਾ, ਪੂਤਨਾ ਤੇ ਬਧਿਕ ਆਦਿ ਇਕ ਇਕ ਪੌੜੀ ਵਿਚ ਸੰਖੇਪ ਵਾਰਤਾ ਬਿਆਨ ਹੈ ੧੬ਵੀਂ ਵਾਰ ਇਤਿਹਾਸਕ ਤੌਰ ਤੇ ਬਹੁਮੁਲੀ ਚੀਜ਼ ਹੈ ਉਸ ਵਿਚ ਗੁਰੂ ਸਾਹਿਬ ਦੇ ਸਮਕਾਲੀ ਸਿਖਾਂ ਦੇ ਨਾਮ ਦਿਤੇ ਗਏ ਹਨ। ੩੬ਵੀਂ ਵਾਰ ਪ੍ਰਿਥੀ ਚੰਦ ਦੇ ਦੰਬਾਂ ਫਰੇਬਾਂ ਦਾ ਪਾਜ ਖੋਲ੍ਹਣ ਲਈ ਲਿਖੀ ਗਈ ਸੀ, ਇਸ ਨੂੰ ਮੀਣੀ ਦੀ ਵਾਰ ਭੀ ਆਖਿਆ ਜਾਂਦਾ ਹੈ ਮੀਣਾ ਇਕ ਨੀਚ ਜਾਤੀ ਦਾ ਨਾਮ ਹੈ ਵਿਰੋਧੀਆਂ ਦੀ ਨੀਚਤਾ ਪ੍ਰਗਟਾਉਣ ਲਈ ਇਹ ਨਾਮ ਪ੍ਰਗਟ ਹੋਇਆ ਸੀ ਸਮੁਚੇ ਤੌਰ ਤੇ ਭਾਈ ਜੀ ਦੀ ਰਚਨਾਂ ਗੁਰਮਤਿ ਸਿਧਾਤਾਂ ਨੂੰ ਸਾਫ ਸਾਫ ਸਮਝਾਉਣ ਵਾਲੀ ਹੋਣ ਕਰਕੇ (ਬਾਣੀ ਦੀ ਕੁੰਜੀ) ਦੇ ਨਾਮ ਨਾਲ ਯਾਦ ਕੀਤੀ ਜਾਂਦੀ ਹੈ ਆਪ ਦਾ ਦਿਹਾਂਤ ਗੋਇੰਦਵਾਲ ਵਿਚ ਭਾਦੋਂ ਸੁਦੀ ਅੱਠ ਨੂੰ ਹੋਇਆ।

## ਭਾਈ ਗੁਰਮੁਖ ਸਿੰਘ ਜੀ

ਭਾਈ ਗੁਰਮੁਖ ਸਿੰਘ ਪਿਤਾ ਬਸਾਵਾ ਸਿੰਘ ਚੋਧੜ ਜੱਟ ਦੇ ਘਰ ਜਿਨ੍ਹਾਂ ਦਾ ਪਿਛਾ, ਪਿੰਡ ਚੋਧੜ ਜ਼ਿਲਾ ਗੁਜਰਾਂ ਵਾਲੇ ਦੇ ਸੀ ਅਤੇ ਪਿਤਾ ਕਪੂਰਥਲੇ ਮਹਾਰਾਜਾ ਨਿਹਾਲ ਸਿੰਘ ਦੇ ਰਸੋਈਏ ਸਨ

Digitized by Panjab Digital Library | www.panjabdigilib.org

ਇਸ ਕਰਕੇ ਆਪ ਜੀ ਦਾ ਜਨਮ ਅਪ੍ਰੈਲ ਸੰਨ ੧੮੪੯ ਈ: ਨੂੰ ਕਪੂਰਥਲੇ ਵਿਚ ਹੋਇਆ ਅਤੇ ਭਾਈ ਬਸਾਵਾ ਸਿੰਘ ਦੇ ਨਾਲ ਕੰਵਰ ਬਿਕ੍ਰਮ ਸਿੰਘ ਜੋ ਬੜੇ ਵਿਦਵਾਨ ਤੇ ਕਾਵ ਦੇ ਮਾਹਰ ਅਤੇ ਗੁਰਮਤਿ ਖੋਜੀ ਤੇ ਬਾਣੀ ਦੇ ਰਸੀਏ ਸਨ। ਇਨ੍ਹਾਂ ਨਾਲ ਖਾਸਾ ਪਿਆਰ ਸੀ,, ਜਿਸ ਕਰਕੇ ਬਸਾਵਾ ਸਿੰਘ ਦੇ ਪੁਤ੍ਰ ਗੁਰਮੁਖ ਸਿੰਘ ਨੂੰ ਬਚਪਨ ਤੋਂ ਪਾਲਨ ਤੇ ਪੜ੍ਹਾਉਣ ਅਤੇ ਪਬਕ ਸੇਵਕ ਬਨਾਉਣ ਦੀਆਂ ਸਧਰਾਂ ਨੂੰ ਮੁਖ ਰਖਕੇ ਸੰਭਾਲਨਾਂ ਪੂਰੀ ੨ ਕੀਤੀ। ਹੁਣ ਭਾਈ ਗੁਰਮੁਖ ਸਿੰਘ ਨੇ ਮੁਢਲੀ ਵਿਦਿਆ ਕਪੂਰਥਲੇ ਹੀ ਹਾਸਲ ਕੀਤੀ। ਅਤੇ ਹੋਰ ਉਚੇਰੀ ਪੜ੍ਹਾਈ ਲਈ ਗਵਰਨਮੈਂਟ ਕਾਲਜ ਲਾਹੌਰ ਵਿਚ ਦਾਖਲ ਹੋਏ। ਇਨ੍ਹਾਂ ਹੀ ਦਿਨਾਂ ਅੰਦਰ ਸਿੰਘ ਸਭਾ ਅੰਮ੍ਰਿਤਸਰ ਵਿਚੋਂ ਕਾਇਮ ਹੋਈ, ਜਿਸ ਪਰ ਕੰਵਰ ਬਿਕ੍ਰਮ ਸਿੰਘ ਭਾਈ ਗੁਰਮੁਖ ਸਿੰਘ ਕਾਲਜ ਵਿਚੋਂ ਨਾਲ ਲੈਕੇ ਸਿੰਘ ਸਭਾ ਦੇ ਸਮਾਗਮਾਂ ਤੇ ਔਣ ਜਾਣ ਕਰਕੇ ਗੁਰਮਤਿ ਪ੍ਰਚਾਰ ਦੀ ਲਗਨ ਲਗੀ, ਤੇ ਬੀ. ਏ. ਵਿਚੋਂ ਹੀ ਹਟ ਕੇ ਸਿੰਘ ਸਭਾ ਦੇ ਮੋਢੀਆਂ ਦੇ ਨਾਲ ਸ਼ਾਮਲ ਹੋਕੇ ਮੈਦਾਨ ਵਿਚ ਆ ਗੱਜੇ, ਹੁਣ ਅੰਨ੍ਹਾਂ ਕੀ ਚਾਹੇ, ਦੋ ਅੱਖਾਂ ਬਾਗ ਕੰਵਰ ਸਾਹਿਬ ਜੀ ਵੀ ਜੋ ਚਾਂਹੁੰਦੇ ਸਨ ਉਹ ਅੱਜ ਪੂਰਨ ਹੋਇਆ ਵੇਖ ਕੇ ਅਤਿ ਪ੍ਰਸੰਨ ਹੋਕੇ ਵਾਹਿਗੁਰੂ ਦਾ ਸ਼ੁਕਰ ਕੀਤਾ।

ਭਾਈ ਗੁਰਮੁਖ ਸਿੰਘ* ਜਦੋਂ ਆਪ ਦੇ ਕਾਗਜ਼ ਦੇਖਣ ਤੋਂ ਪਤਾ ਲਗਦਾ ਹੈ। ਆਪ ਜੀ ਨੂੰ ਚਿਤ੍ਰਕਲਾਂ ਦਾ ਕਿੰਨਾਂ ਸ਼ੌਕ ਸੀ। ਸੰਨ ੧੮੭੩ ਵਿਚ ਜਦ ਆਪ ਅਜੇ ਪੜ੍ਹਦੇ ਸਨ ਤਾਂ ਮਹਿਕਮਾਂ ਤਾਲੀਮ ਦੇ ਕਾਇਮ ਮੁਕਾਮ ਡਾਇਰੈਕਟਰ ਮਿਸਟਰ ਸੀ, ਪਰਸਨ ਦਾ ਚਿਤ੍ਰ ਅਜੇਹਾ ਸੁੰਦਰ ਖਿਚਿਆ, ਕਿ ਜਿਸ ਨੂੰ ਵੇਖ ਕੇ ਉਹ ਅੰਗਰੇਜ਼ ਬੜਾ ਹੀ ਖੁਸ਼ ਹੋਇਆ ਕਿ ਭਾਈ ਗੁਰਮੁਖ ਸਿੰਘ ਨੂੰ ਇੰਜੀਨੀਅਰੀ ਦੀ ਪੜ੍ਹਾਈ ਲਈ ਰੁੜਕੀ ਭੇਜਣਾ ਪ੍ਰਵਾਨ ਕਰ ਲਿਆ। ਪਰ ਭਾਈ ਗੁਰਮੁਖ ਸਿੰਘ ਜੀ ਨੂੰ ਤਾਂ ਲਗਨ ਗੁਰਮਤਿ ਪ੍ਰਚਾਰ ਦੀ ਹੋਣ ਤੇ ਹੋਰ ਕੁਝ ਚੰਗਾ ਨਾ ਲਗੇ ਤੇ ਰੁੜਕੀ ਜਾਣਾ ਪਸੰਦ ਨਾ ਕੀਤਾ।

ਹੁਣ ਕੰਵਰ ਬਿਕ੍ਰਮ ਸਿੰਘ ਨੂੰ ਕਾਨੂੰਨ ਪੜ੍ਹਨ ਵਾਸਤੇ ਪ੍ਰੇਰਨਾ ਕੀਤੀ ਪਰ ਭਾਈ ਸਾਹਿਬ ਜੀ ਸਤਕਾਰ ਸਹਿਤ ਏਧਰੋਂ ਵੀ ਸਿਰ ਫੇਰ ਗਏ।

ਇਸ ਤਰ੍ਹਾਂ ਸੰਸਾਰਿਕ ਕੰਮਾਂ ਵਲੋਂ ਉਪਰਾਮਤਾ ਹੋਣ ਦੇ ਕਾਰਨ ਭਾਈ ਗੁਰਮੁਖ ਸਿੰਘ ਜੀ ਦੀਆਂ ਧਾਰਮਿਕ ਰੁਚੀਆਂ ਵਧ ਚੁਕੀਆਂ ਸਨ ਪਰ ਹੋਰ ਹਾਲ ਦੇਖਣ ਵਾਸਤੇ ਪੜ੍ਹੋ ਪੰਜਾਬ ਦੀਆਂ ਲਹਿਰੀ ਦਾ ਇਤਹਾਸ। ਸੰਨ ੧੮੭੬ ਈ: ਭਾਈ ਗੁਰਮੁਖ ਸਿੰਘ ਜੀ ਨੇ ਗੁਰਮਤਿ ਖੋਜ ਦੇ ਪਿਆਰਿਆਂ ਪਾਸ ਆਪ ਜੀ ਨੇ ਐਲਾਨ ਦੁਆਰਾ ਵਿਚਾਰ ਪੇਸ਼ ਕੀਤੇ।

੧. ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕਰਨਾ।

੨. ਸਿਖ ਧਾਰਮਿਕ ਤੇ ਵਿਹਾਰਿਕ ਵਿਦਿਆ ਦੇਣ ਦੇ ਯਤਨ ਕਰਨਾ।

੩. ਅਨਮਤ ਜਾਂ ਮਨਮਤ ਵਿਚੋਂ ਰਲ ਮਿਲਿਆਂ ਸਿਖਾਂ ਨੂੰ ਇਸ ਪਾਸਿਓਂ ਮੋੜ ਕੇ ਗੁਰਸਿਖ ਬਣਾਉਣਾ।

੪. ਅੰਗਰੇਜ਼ੀ ਹਕੂਮਤ ਦੇ ਨਾਲ ਜੁੜ ਕੇ ਚਲਣਾ † ਭਾਈ ਗੁਰਮੁਖ ਸਿੰਘ ਜੀ ਦੇ ਇਹ ਵਿਚਾਰ ਉਸ ਸਮੇਂ ਦੀ ਨੀਤੀ ਦੇ ਅਨੁਸਾਰ ਸਨ। ਪਹਿਲਾ ਕੰਮ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੂੰ ਮੁੜ ਨਵੇਂ ਸਿਰਿਓਂ ਅਰੰਭ ਕਰਕੇ ਜੱਸ ਖਟਿਆ ਜਿਸ ਦੀ ਫੁਲਾਵਟ ਅੱਜ ਸਾਰੇ ਪੰਜਾਬ ਵਿਚ ਹੀ ਨਹੀਂ, ਸਾਰੇ ਸੰਸਾਰ ਵਿਚ ਹੈ

---

* ਸ: ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਪੰਜਾਬ ਦੀਆਂ ਲਹਿਰਾਂ ਦਾ ਸਫਾ ੧੬੯।

† ਸੰਨ ੧੮੬੪ ਈ: ਨੂੰ ਭਾਈ ਗੁਰਮੁਖ ਸਿੰਘ ਵਲੋਂ ਰਾਜਾ ਸਾਹਿਬ ਕਪੂਰਥਲੇ ਨੂੰ ਲਿਖੇ ਖਤ ਪੱਤ੍ਰ ਵਿਚੋਂ।

Digitized by Panjab Digital Library | www.panjabdigilib.org

# ਸੰਤ ਗੁਰਬਖਸ਼ ਸਿਘ ਜੀ ਉਪਦੇਸ਼ਕ ਕਮੇਟੀ ਪਟਿਆਲਾ

੧. ਸ੍ਰੀਮਾਨ ਜੀ ਦਾ ਜਨਮ ੧੮੭੦ ਈਃ ਦੇ ਲਗ ਭਗ ਅਤੇ ਦੇਹਾਂਤ ੮ ਮਾਰਚ ੧੯੨੫ ਈਃ ਨੂੰ ਹੋਇਆ ।

੨. ਆਪ ਦੇ ਬਜ਼ੁਰਗ 'ਕਣਕਵਾਲ' ਭੰਗੂਆਂ (ਸੁਨਾਮ ਦੇ ਇਲਾਕੇ ਵਿਚ) ਦੇ ਰਹਿਣ ਵਾਲੇ ਸਨ । ਦੇਵਨੇਤ ਨਾਲ 'ਚੁੰਨੀ ਮਛਲੀ' (ਰਿਃ ਪਟਿਆਲਾ) ਜੋ ਅੰਬਾਲੇ ਤੇ ਲੁਦਿਹਾਣੇ ਦੇ ਵਿਚਕਾਰ ਹੈ ਜਾ ਵਸੇ । ਉਥੋਂ ਇਨ੍ਹਾਂ ਦੇ ਪਿਤਾ ਨਿਰਮਲੇ ਸਾਧੂ ਹੋ ਗਏ ਅਤੇ ਗ੍ਰਹਿਸਥ ਆਸ਼ਰਮ ਗ੍ਰਹਿਣ ਕੀਤਾ । ਹਾਂਸਰੋ (ਬੰਗਿਆ ਦੇ ਪਰੇ) ਜ਼ਿਲਾ ਹੁਸ਼ਿਆਰਪੁਰ ਬਾਗੀਚਾ ਅਤੇ ਸੁੰਦਰ ਮਕਾਨ ਬਣਾਕੇ ਟਿਕ ਗਏ । ਉਨ੍ਹਾਂ ਦੇ ਬੜੇ ਸੁਪੁਤ੍ਰ ਸੰਤ ਗੁਰਬਖਸ਼ ਸਿੰਘ ਜੀ ਸਾਧੂ ਤਾਂ ਹੋਏ ਪਰ ਗ੍ਰਹਿਸਤ ਗ੍ਰਹਿਣ ਨਹੀਂ ਕੀਤਾ । ਇਨ੍ਹਾਂ ਦੇ ਛੋਟੇ ਭਾਈ ਮਹਾ ਸਿੰਘ ਜੀ ਗ੍ਰਹਿਸਥੀ ਹੋਏ ਜੋ ਹੁਣ ਸਮੇਤ ਆਪਣੇ ਘਰ ਵਾਲੀ ਦੇ ਬੇ ਉਲਾਦੇ ਹੀ ਚਲਾਣਾ ਕਰ ਚੁਕੇ ਹਨ ।

੩. ਸੰਤ ਗੁਰਬਖਸ਼ ਸਿੰਘ ਹੁਰਾਂ ਨੇ ਪੰਡਿਤ ਅਤਰ ਸਿੰਘ ਜੀ ਨਿਰਮਲੇ ਫਤਿਆ ਬਾਦ (ਰਿ: ਕਪੂਰਥਲਾ) ਤੋਂ ਬ੍ਰਿਤੀ ਪ੍ਰਭਾਕਰ ਆਦਿ ਵੇਦਾਂਤ ਅਤੇ ਨਿਆਇ ਪਰਿਛੇਟ ਆਦਿ ਨਿਆਇ ਦੇ ਗ੍ਰੰਥ ਪੜ੍ਹੇ ਜੋ ਕਿ ਬ੍ਰਿਤੀ ਆਦਿ ਬਣਾਉਣ ਵਾਲੇ ਪੰਃ ਨਿਹਚਲ ਦਾਸ ਕੋਲੋਂ ਪੜ੍ਹੇ ਸੀ । ਸ੍ਰੀ ਗੁਰੂਬਾਣੀ ਅਤੇ ਇਤਿਹਾਸਕ ਗ੍ਰੰਥ ਕਿਸੇ ਹੋਰ ਨਾਂ ਤੋਂ ਪੜ੍ਹੇ ਅਤੇ ਜਬੋਵਾਲੀਏ ਪੰਃ ਵਰਿਆਮ ਸਿੰਘ ਦੀ ਸੰਗਤੇ ਨਾਲ ਸਿੰਘ ਸਭਾ ਦੇ ਪ੍ਰਚਾਰਕ ਬਣ ਗਏ । ਏਸ ਸਮੇਂ ਤੋਂ ਪਹਿਲਾਂ ਆਪ ਸਾਰੇ ਭਾਰਤ ਦੇ ਪ੍ਰਸਿਧ ੨ ਅਸਥਾਨਾਂ ਦੇ ਦਰਸ਼ਨ ਕਰ ਚੁਕੇ ਸਨ । ੧ ਸਤੰਬਰ ੧੯੦੧ ਈ: ਨੂੰ ਇਹ ਸਿੰਘ ਸਭਾ ਦਾਖਾ † ਦੇ ਪਹਿਲੇ ਸਮਾਗਮ ਉਪਰ ਉਪਦੇਸ਼ਕ ਦੇ ਰੂਪ ਵਿਚ ਆਏ । ਉਦੋਂ ਇਨ੍ਹਾਂ ਦੇ ਪ੍ਰਚਾਰ ਦੀ ਸੁ ਕੁਮਾਰ ਅਵਸਥਾ ਸੀ । ਉਸ ਸਮੇਂ ਇਨ੍ਹਾਂ ਦੀ ਆਯੂ ੩੦–੩੧ ਬਰਸ ਦੀ ਸੀ ਜਦੋਂ ਇਨਾਂ ਦੀ ਵਿਸ਼ੇਸ਼ ਪ੍ਰਸਿਧੀ ਹੋ ਗਈ ਤਾਂ ਕਰਨੈਲ ਸੁੰਦਰ ਸਿੰਘ ਸੇਖੋਂ ਭੋਤਨੇ ਵਾਲਿਆਂ ਦੀ ਰਾਹੀਂ ਦਸਵੰਧ ਕਮੇਟੀ ਪਟਿਆਲਾ ਦੇ ਮੁਲਾਜ਼ਿਮ ਹੋ ਗਏ ।

ਆਪ ਦੀ ਵਿਦਿਆ ਬੜੀ ਪ੍ਰਪਕ ਅਵਸਥਾ ਨੂੰ ਪੁਜੀ ਹੋਈ ਸੀ ਜੋ ਅੰਤ ਸਮੇਂ ਤਕ ਭੀ ਇਉਂ ਪ੍ਰਤੀਤ ਹੁੰਦਾ ਸੀ ਕਿ ਜਾਣੀ ਅਜ ਹੀ ਪੜ੍ਹਕੇ ਆਏ ਹਨ । ਸੰਸਕ੍ਰਿਤ ਵਿਆਕਰਣ ਤਾਂ ਆਪ ਦਾ ਲਘੂ ਕੌਮ ਦੀ ਤਕ ਹੀ ਸੀ, ਪਰ ਭਾਸ਼ਾ ਦੇ ਪੂਰਨ ਪੰਡਿਤ ਸਨ । ਅਤੇ ਸਿਮਰਤੀ ਪੁਰਾਣ ਆਪ ਦੇ ਬਹੁਤ ਕੰਠ ਸਨ ਜਿਨਾਂ ਦੇ ਸਦਕੇ ਉਨ੍ਹਾਂ ਸਨਾਤਨਧਰਮੀਆਂ ਅਤੇ ਆਰੀਯਾ ਸਮਾਜੀਆਂ ਵਿਚਾਰ ਵਿਚ ਸਦਾ ਵਿਜੈ ਪਰਾਪਤ ਕਰਦੇ ਰਹੇ । ਆਪ ਦੇ ਨਾਲ ਅਕਸਰ ਕਰਕੇ ਪੰਃ ਤਿਲਕ ਰਾਮ ਪਿੰਡ ਅਲੂਣੇ, ਪੰਃ ਸੁਖ ਲਾਲ ਰੋਪੜ ਅਤੇ ਪੰ: ਵਾਸਦੇਉ 'ਗੁਆਰਾ' ਆਦਿ ਬ੍ਰਾਹਮਣ ਚਰਚਾ ਕਰਦੇ ਹੁੰਦੇ ਸਨ । ਆਪ ਦੇ

ਆਪ ਦੀਆਂ ਹੇਠ ਲਿਖੀਆਂ ਬਹਿਸਾਂ ਬੜੀਆਂ ਪ੍ਰਸਿਧ ਹਨ ।

---

† ਕਝ ਸਮੇਂ ਪਿਛੋਂ ਗੱਜੂ ਮਾਜਰਾ (ਪਟਿਆਲਾ) ਦੇ ਰਹਿਣ ਵਾਲੇ ਭਾਈ ਲਾਲ ਸਿੰਘ ਤੇ ਬਿਸ਼ਨ ਸਿੰਘ ਨੂੰ ਪ੍ਰੇਰਕੇ ਢੱਢ ਸਾਰੰਗੀ ਨਾਲ ਕੀਰਤਨ ਕਰਨ ਲਈ ਅਪਣੇ ਨਾਲ ਲੈ ਲਿਆ ।

Digitized by Panjab Digital Library | www.panjabdigilib.org

(ੳ) ਪੰ: ਤਿਲਕ ਰਾਮ ਨਾਲ ਬਦੋਵਾਲ ਹੋਈ। (ਅ) ਪਮਾਲ ਪਿੰਡ ਹੋਈ। (ੲ) ਧਮੋਟ (ਪਟਿਆਲਾ) ਵਿਖੇ ਹੋਈ। (ਸ) ਪੰਃ ਵਾਸਦੇਉ ਨਾਲ ਚਮਕੌਰ ਸਾਹਿਬ ਹੋਈ। (ਹ) ਭੋਤਨੇ ਜ਼ਿਲਾ ਲੁਧਿਆਣਾ ਵਿਖੇ ਸੁਖ ਲਾਲ ਰੋਪੜ ਨਾਲ ਹੋਈ। (ਕ) ਉਗਾੜਾ ਜ਼ਿਲਾ ਲਾਹੌਰ ਵਿਖੇ ਸੁਖ ਲਾਲ ਨਾਲ ਇਤਿਆਦੀ ਚਰਚਾਵਾਂ ਦੇ ਵਿਸ਼ੇ ਉਸ ਸਮੇਂ ਖਾਲਸਾ ਆਨੰਦ ਵਿਵਾਹ, ਸੁਧੀ ਸ਼ਰਾਧ ਆਦਿ ਕਰਮ ਕਾਂਡ ਹੀ ਹੁੰਦੇ ਸਨ। ਸਭ ਚਰਚਾਵਾਂ ਵਿਚ ਆਪਨੇ ਵਿਜੈ ਪ੍ਰਾਪਤ ਕਰਕੇ ਆਪ ਨੇ ਸਭਾ ਜਿਤ ਹੋਣ ਦਾ ਸਬੂਤ ਦਿਤਾ।

ਉਸ ਸਮੇਂ ਗੁਰਮਤਿ ਦੇ ਯੋਗ ਉਪਦੇਸ਼ਕਾਂ ਦੀ ਬਹੁਤ ਥੜ ਸੀ। ਇਸ ਲਈ ਦੇਸ਼ ਭਰ ਦੀ ਹਰੇਕ ਸਿੰਘ ਸਭਾ ਉਪਰ ਆਪ ਨੂੰ ਜਾਣਾ ਪੈਂਦਾ ਸੀ। ਕਈ ਵਾਰ ਇਕ ਦਿਨ ਵਿਚ ਤਿੰਨ ੨ ਥਾਈਂ ਭੀ ਉਨ੍ਹਾਂ ਨੂੰ ਸੇਵਾ ਕਰਨੀ ਪੈਂਦੀ ਸੀ। ਆਪ ਜਤੀ ਹੋਣ ਦੇ ਕਾਰਨ ਸਰੀਰ ਦੇ ਰਿਸ਼ਟ ਪੁਸ਼ਟ, ਪੰਥ ਦੇ ਸਚੇ ਹਮਦਰਦ ਅਤੇ ਅਣਥਕ ਸੇਵਕ ਸਨ। ਆਪ ੮ ਮਾਰਚ ੧੯੨੫ ਨੂੰ ਨਮੂਨੀਏ ਦੀ ਬੀਮਾਰੀ ਨਾਲ ੫੫ ਬਰਸ ਦੀ ਅਵਸਥਾ ਵਿਚ ਪਟਿਆਲੇ ਚਲਾਣਾ ਕਰ ਗਏ। ਆਪਦੀ ਮ੍ਰਿਤ ਤੋਂ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੇ ਗਏ।

## ਸਃ ਗੁਰਬਖਸ਼ ਸਿੰਘ ਕੇਸਰੀ

ਜਨਮਃ—ਆਪ ਸ: ਧਿਆਨ ਸਿੰਘ ਦੇ ਘਰ ਪਿੰਡ ਹਸਨਪੁਰ ਜ਼ਿਲਾ ਅੰਬਾਲਾ ਵਿਚ ਸੰਨ ੧੮੮੧ ਈ: ਨੂੰ ਪੈਦਾ ਹੋਏ।

ਬਾਲਪਨਃ—ਆਪ ਦੀ ਮੁਢਲੀ ਅਵਸਥਾ ਪਿੰਡ ਵਿਚ ਹੀ ਲੰਘੀ।

ਵਿਦਿਆਃ—ਆਪਨੇ ਗੁਰਮੁਖੀ ਵਿਦਿਆ ਛੋਟੀ ਉਮਰ ਵਿਚ ਹੀ ਪ੍ਰਾਪਤ ਕਰ ਲਈ ਸੀ। ਉਰਦੂ ਅਤੇ ਫਾਰਸੀ ਦੀ ਵਿਦਿਆ ਪੜਦੇ ਅਤੇ ਕੁਰਾਲੀ ਦੇ ਸਕੂਲ ਵਿਚੋਂ ਪੜੀ। ਉਪਰੰਤ ਸਿਖ ਇਤਹਾਸ ਤੇ ਪੰਜਾਬੀ ਸਾਹਿਤ ਦਾ ਗਿਆਨ ਪ੍ਰਾਪਤ ਕੀਤਾ।

ਪ੍ਰਦੇਸ ਫੇਰੀਃ—੧੯੦੬ ਈ: ਵਿਚ ਮਲਾਇਆ ਨੂੰ ਚਲੇ ਗਏ, ਅਤੇ ਖਾਲਸਾ ਦੀਵਾਨ ਮਲਾਯਾ ਦੇ ਪ੍ਰਚਾਰਕ ਬਣੇ ਪਰ ਆਪ ਥੋੜੇ ਚਿਰ ਪਿਛੋਂ ਵਾਪਸ ਦੇਸ ਮੁੜ ਆਏ।

ਕੌਮੀ ਸੇਵਾਃ—ਆਪਨੇ ਭਾਈ ਦਿਤ ਸਿੰਘ ਕਨਿਆ ਪਾਠਸ਼ਾਲਾ ਰੋਪੜ ਦਾ ਪ੍ਰਬੰਧ ਆਪਣੇ ਹਥ ਵਿਚ ਲੈਕੇ ਉਸ ਨੂੰ ਬਹੁਤ ਉਨਤੀ ਦਿਤੀ। ਸੰਨ ੧੯੧੦ ਈ: ਵਿਚ ਗਿ: ਦਿਤ ਸਿੰਘ ਮੈਗਜ਼ੀਨ ਨਾਮੀ ਮਾਸਕ ਰਸਾਲਾ ਰੋਪੜ ਤੋਂ ਜਾਰੀ ਕੀਤਾ। ਆਪ ਨੇ ਕਈ ਇਕ ਅਖਬਾਰਾਂ ਦੀ ਐਡੀਟਰੀ ਦੀ ਸੇਵਾ ਕੀਤੀ। ਆਪ ਨੇ ਅਕਾਲੀ ਲਹਿਰ ਵਿਚ ਵੀ ਹਿਸਾ ਲਿਆ ਅਤੇ ਕਈ ਇਕ ਗੁਰਦਵਾਰਾ ਕਮੇਟੀਆਂ ਦੇ ਸਕੱਤਰ ਵੀ ਰਹੇ। ਆਪ ਪੰਜਾਬੀ ਦੇ ਚੰਗੇ ਕਵੀ ਹਨ। ਆਪ ਦੀਆ ਰਚਨਾਵਾਂ ਇਹ ਹਨ:—

ਨਿਕੀਆਂ ਜਿੰਦਾਂ ਵਡੇ ਸਾਕੇ। ਭੁਲੜ ਜਟ ਅਤੇ ਪੁਜਾਰੀ ਪ੍ਰਬੋਧ ਆਦਿ।

## ਗੁਰਦਿਤ ਸਿੰਘ ਜੀ ਕਪਤਾਨ ਰਾਇਪੁਰ

ਸ: ਗੁਰਦਿਤ ਸਿੰਘ ਚੂਹੜ ਚਕ ਦੇ ਪਿਨਸ਼ਨ ਆਉਣ ਤੋਂ ਪਿਛੋਂ ੧੫ ਨੰਬਰ ਵਿਚ ਸੂਬੇਦਾਰ ਮੇਜਰ ਅਤੇ ਕੈਪਟਨ ਬਣੇ। ਆਪ ਜਦੋਂ ਪਿਨਸ਼ਨ ਆਏ ਤਾਂ ਸਿੰਘ ਸਭਾ ਦਾ ਬਹੁਤ ਜ਼ੋਰ ਸੀ। ਆਪਨ ਸਰਲਾ ਅਤੇ ਨੇਕ ਸੁਭਾਉ ਅਨਸਾਰ ਧਰਮ ਪ੍ਰਚਾਰ ਦੀ ਸੇਵਾ ਕੀਤੀ। ਸਿਖ ਸੇਵਕ ਜੱਥਾ ਜ਼ਿ: ਲੁਧਿਆਣਾ ਜਿਸਨੇ ਯੂ. ਪੀ. ਵਿਚ ਭੀ ਕਈ ਥਾਈਂ ਪ੍ਰਚਾਰ ਕਰਕੇ ਗੁਰਦੁਆਰੇ ਬਣਵਾਏ।

Digitized by Panjab Digital Library | www.panjabdigilib.org

ਅਤੇ ਮਾਲਵੇ ਵਿਚ ਧਰਮ ਪ੍ਰਚਾਰ ਕੀਤਾ, ਦੋ ਸਾਲ ਤਕ ਪ੍ਰਧਾਨ ਰਹੇ। ਪੰਚ ਖਾਲਸਾ ਦੀਵਾਨ ਭਸੌੜ ਦੇ ਭੀ ਬਹੁਤ ਚਿਰ ਤਕ ਪ੍ਰਧਾਨ ਰਹੇ। ਆਪ ਜੈਸੇ ਨਿਰਮਾਣ ਅਤੇ ਉਤਸਾਲ ਸੇਵਕ ਫੌਜੀ ਸਰਦਾਰਾਂ ਵਿਚੋਂ ਕੋਈ ਟਾਵਾਂ ਹੀ ਹੋਇਆ ਹੈ।

## ਗਿਆਨੀ ਗਿਆਨ ਸਿੰਘ ਜੀ

ਸ੍ਰੀਮਾਨ ਗਿਆਨੀ ਗਿਆਨ ਸਿੰਘ ਜੀ ਪ੍ਰਸਿਧ ਸਿਖ ਇਤਹਾਸ ਦੇ ਪਹਿਲੇ ਖੋਜੀ ਹੋਏ ਹਨ ਜਿਨ੍ਹਾਂ ਨੇ ਸਿਖ ਇਤਹਾਸ ਵਾਰਤਿਕ ਲਿਖਕੇ ਉਹ ਪ੍ਰਉਪਕਾਰ ਕੀਤਾ ਹੈ, ਜੋ ਸੁਨਹਿਰੀ ਅਖਰਾਂ ਵਿਚ ਲਿਖੇ ਜਾਣ ਯੋਗ ਹੈ।

ਜਨਮਃ—ਆਪ ਦਾ ਜਨਮ ਸ: ਭਾਗ ਸਿੰਘ ਦੇ ਘਰ ਪਿੰਡ ਲੌਂਗੋਵਾਲ ਰਿਆਸਤ ਪਟਿਆਲਾ ਵਿਚ ੧੮੭੯ ਬਿਕਰਮੀ ਨੂੰ ਹੋਇਆ। ਆਪ ਦਾ ਘਰਾਣਾ ਭਾਈ ਮਨੀ ਸਿੰਘ ਸ਼ਹੀਦ ਨਾਲ ਸਬੰਧ ਰਖਦਾ ਹੈ।

ਵਿਦਿਆਃ—ਬਾਲ ਅਵਸਥਾ ਲੰਘਣ ਤੋਂ ਉਪਰੰਤ ਆਪ ਦਾ ਝੁਕਾ ਵਿਦਿਆ ਪ੍ਰਾਪਤੀ ਵਲ ਹੋ ਗਿਆ। ਆਪ ਨੇ ਨਿਰਮਲੇ ਸੰਤਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ।

ਫੌਜੀ ਨੌਕਰੀਃ—ਵਿਦਿਆ ਪ੍ਰਾਪਤ ਕਰਨ ਤੋਂ ਉਪਰੰਤ ਆਪਦਾ ਦਿਲ ਘਰੋਗੀ ਕੰਮਾਂ ਤੋਂ ਉਪ-ਰਾਮ ਹੋ ਗਿਆ ਤੇ ਆਪ ਪਟਿਆਲਾ ਫੌਜ ਵਿਚ ਭਰਤੀ ਹੋ ਗਏ ਪਰ ਫੌਜ ਵਿਚ ਸਟ ਲਗਣ ਨਾਲ ਲਤ ਤੋਂ ਆਰੀ ਹੋਕੇ ਆਪ ਪਿੰਡ ਆ ਗਏ। ਆਪ ਅਪਣੀ ਬਾਬਤ ਇਉਂ ਲਿਖਦੇ ਹਨਃ—

ਕੁਲ ਕਾਰਜ ਮਮਦੇਉ ਥੇ, ਖੇਤੀ ਔ ਸੰਗਰਾਮ।
ਲਾਤ ਨਿਕਾਰੀ ਹੋਨ ਤੇ, ਛੂਟ ਗਏ ਦੋਨੋਂ ਕਾਮ।
ਭੋ ਗਯਾਨ ਹਰਿ ਤੇਗ ਹਲ, ਛੁਟੇ ਤੋ ਮਤ ਕਰ ਸ਼ੋਕ।
ਹਲ ਤਲਵਾਰੋਂ ਬਲੀ ਹੈ, ਤੁਛ ਕਲਮ ਦੀ ਨੋਕ।

ਕਵਿਤਾ ਦੀ ਲਗਨਃ—ਜਦ ਆਪਜੀ ਪਿੰਡ ਆ ਗਏ ਤੇ ਆਪ ਤੋਂ ਵਾਹੀ ਦਾ ਕੰਮ ਨਾ ਚਲਿਆ ਤਾਂ ਆਪ ਨੂੰ ਕਵਿਵਾ ਲਿਖਣ ਦਾ ਸ਼ੋਕ ਪੈਦਾ ਹੋਇਆ ਤੇ ਆਪ ਨੇ ਕਵਿਤਾ ਵਿਚ ਸਿਖ ਇਤਹਾਸ ਲਿਖਿਆ ਜੋਕਿ ਸਿਖ ਇਤਹਾਸ ਵਿਚ ਆਪਦੀ ਮਾਅਰਕੇ ਦੀ ਪੁਸਤਕ ਹੈ।

ਇਸ ਪੁਸਤਕ ਨੂੰ ਪੰਥ ਵਲੋਂ ਬਹੁਤ ਸਲਾਹਿਆ ਗਿਆ ਜਿਸ ਪਰ ਆਪ ਨੂੰ ਸਿਖ ਇਤਹਾਸ ਨੂੰ ਵਾਰਤਿਕ ਵਿਚ ਲਿਖਣ ਦੀ ਧੁਨ ਲਗੀ। ਏਸੇ ਲਗਨ ਵਿਚ ੩੨-੩੩ ਵਰੇ ਸਾਰੇ ਹਿੰਦੁਸਤਾਨ ਦਾ ਕੋਨਾ ਕੋਨਾ ਛਾਣ ਮਾਰਿਆ ਤੇ ਬਹੁਤ ਕੁਝ ਲਿਖਿਆ। ਆਪਦੀ ਇਸ ਨਵੀਨ ਖੋਜ ਦਾ ਪਤਾ ਖਾਲਸਾ ਟ੍ਰੈਕਟ ਸੁਸਾਇਟੀ ਦੇ ਪ੍ਰਬੰਧਕਾਂ ਨੂੰ ਲਗਾ ਤਾਂ ਇਤਹਾਸ ਦੀ ਸ਼ਕਲ ਵਿਚ ਛਪਣ ਦੀ ਸ਼ਰਤ ਪਰ ਆਪ ਦੇ ਖਾਸੋਂ ਸਾਰੇ ਖਰੜੇ ਲੈ ਲਏ ਪਰ ਪਿਛੋਂ ਅਜੇਹੀ ਦੜਵਟੀ ਕਿ ਆਪ ਦੀ ਲਿਖਤ ਲੋਕਾਂ ਤਕ ਨਾ ਅਪੜ ਸਕੀ। ਆਪ ਇਸ ਬਾਰੇ ਆਪਣੇ ਦੁਖੀ ਹਿਰਦੇ ਵਿਚੋਂ ਇਉਂ ਲਿਖਦੇ ਹਨਃ—

ਮਿਹਨਤ ਮੇਰੀ ਬ੍ਰਿਧ ਕੀ, ਤੀਸ ਬਰਸ ਕੀ ਜੋਇ।
ਬੇਕਦਰਿਆਂ ਨਾਸ਼ੁਕਰਿਆਂ, ਬਿਰਥਾ ਰਾਖੀ ਖੋਇ।
ਮਮ ਰਚਨਾ ਸੇ ਪੰਥ ਕੋ, ਹੋਨਾ ਥਾ ਜੋ ਲਾਭ।
ਸੋ 'ਸੁਸਾਇਟੀ' ਨਹਿ ਭਯੋ, ਰਹਿ ਗਯੋ ਪੰਥ ਅਲਾਭ।

Digitized by Panjab Digital Library | www.panjabdigilib.org

ਸਾਗਰ ਸਮ ਮਮ ਕ੍ਰਿਤ ਸੌਂ, ਟ੍ਰੈਕਟ ਛਾਪ ਅਨੇਕ।
ਧਨ ਅਰ ਨਾਮ ਕਮਾ ਰਹੇ, ਪੰਥਕ ਆਗੂ ਨੇਕ।

ਆਪਨੇ ਕਈ ਸਾਲ ਚੁਪ ਚੁਪੀਤੇ ਲੰਘਾਏ, ਸੁਸਾਇਟੀ ਨੂੰ ਕਈ ਵਾਰ ਲਿਖਿਆ ਗਿਆ ਪਰ ਅਗੋਂ ਚੁਪ ਹੀ ਉਤਰ ਮਿਲੇ। ੧੫. ੮. ੧੯੧੬ ਨੂੰ ਮਾ: ਭੁਪਿੰਦਰ ਸਿੰਘ ਜੀ ਨੇ ਹੁਕਮ ਦਿਤਾ ਕਿ ਆਪ ਦੀਆਂ ਕੁਲ ਪੁਸਤਕਾਂ ਛਾਪੀਆਂ ਜਾਣ, ਤਦ ਜਾਕੇ ਆਪ ਦੀਆਂ ਰਚਨਾਵਾਂ ਜੋ ਅਗੇ ਲਿਖੀਆਂ ਹਨ ਛਪਕੇ ਪਬਲਕ ਵਿਚ ਆਈਆਂ।

੧. ਪੰਥ ਪ੍ਰਕਾਸ਼ ੨. ਤਵਾਰੀਖ ਗੁਰੂ ਖਾਲਸਾ (ਪਹਿਲਾ ਭਾਗ) ੩. ਸ਼ਮਸ਼ੇਰ ਖਾਲਸਾ (ਦੂਜਾ ਭਾਗ) ੪. ਰਾਜ ਖਾਲਸਾ (ਤੀਜਾ ਭਾਗ) ੫. ਸਰਦਾਰ ਖਾਲਸਾ (ਚੌਥਾ ਭਾਗ) ੬. ਪੰਥ ਖਾਲਸਾ (ਪੰਜਵਾਂ ਭਾਗ) ੭. ਗੁਰਧਾਮ ਸੰਗ੍ਰਹਿ ੮. ਨਿਰਮਲ ਪੰਥ ਪ੍ਰਦੀਪਕਾ ੯. ਰਿਪਦਮਨ ਪ੍ਰਕਾਸ਼ (ਪੰਜ ਹਿਸੇ) ੧੦. ਭੁਪਿੰਦਰਾ ਨੰਦ ੧੧. ਇਤਹਾਸ ਰਿਆਸਤ ਬਾਗੜੀਆਂ ੧੨. ਤਵਾਰੀਖ ਸ੍ਰੀ ਅੰਮ੍ਰਿਤਸਰ ੧੩. ਤਵਾਰੀਖ ਲਾਹੌਰ ੧੪. ਸੂਰਜ ਪ੍ਰਕਾਸ਼ ਵਾਰਤਕ (ਤਿੰਨ ਹਿਸੇ) ੧੫. ਇਤਹਾਸ ਭਾਈ ਰੂਪ ਚੰਦ ੧੬. ਰਮਾਇਣ ਭਾਈ ਮਨੀ ਸਿੰਘ ੧੭. ਉਲ ਮਾਲਾ ਰਮਾਇਣ ੧੮. ਗੁਰਪੁਰਬ ਪਰਕਾਸ਼ ੧੯. ਕੰਵਲ ਫੂਲ ਮਾਲਾ ੨੦. ਅੰਮ੍ਰਿਤ ਪ੍ਰਕਾਸ਼ ੨੧. ਨੀਤੀ ਪ੍ਰਕਾਸ਼ ੨੨. ਕਥਾ ਪੂਰਨ ਮਾਸ਼ੀ ੨੩. ਅਨਕ ਪ੍ਰਕਾਰ ੨੪. ਦੋਹਾਵਲੀ ੨੫. ਪ੍ਰਸ਼ਨੋਤਰੀ ੨੬. ਪਤਤ ਪਾਵਨ ੨੭. ਗਰਬ ਗੰਜਨੀ (ਜਪਜੀ ਸਟੀਕ)

ਦਿਹਾਂਤ:—ਆਪ ਜੀ ਦਾ ਦਿਹਾਂਤ ੧੯੨੫ ਈ: ਨੂੰ ਪਟਿਆਲੇ ਹੋਇਆ।

## ਗਾਲਬ ਕਲਾਂ ਗਾਲਬ ਰਣ ਸਿੰਘ ਤੇ ਗਾਲਬ ਖੁਰਦ ਦੇ ਸਿੰਘ ਸਭੀਏ:—

੧. ਕਪਤਾਨ ਰਤਨ ਸਿੰਘ ਜੀ ਪਿਤਾ ਰਾਮ ਸਿੰਘ ਦੇ ਘਰ ਪਿੰਡ ਤੇ ਡਾਕਖਾਨਾ ਜਨਮ ਗਾਲਬ ਕਲਾਂ। ਆਪ ਜੀ ਕਟੜ ਸਿੰਘ ਸਭੀਏ ਹੋਣ ਤੇ ਆਪ ਜੀ ਨੇ ਮਾਝਾ, ਦੁਆਬਾ ਤੇ ਮਾਲਵੇ ਦੇ ਸਿੰਘ ਸਭੀਈਆਂ ਨਾਲ ਮਿਲਕੇ ਬਹੁਤ ਸਰਗਰਮੀ ਨਾਲ ਕੰਮ ਕੀਤਾ ਜਿਸਦਾ ਸਦਕਾ ਹੇਠ ਲਿਖੇ ਸਿੰਘ ਸਭੀਏ ਜੁਆਨ ਸ੍ਰੀ ਗੁਰੂ ਕਲਗੀਧਰ ਜੀ ਦੀ ਅੰਮ੍ਰਿਤ ਦਾਤ ਪ੍ਰਾਪਤ ਕਰਕੇ ਪਿੰਡਾਂ ਵਿਚ ਗਜੇ।

੧. ਸ: ਗਜਦੇਵ ਸਿੰਘ ਪਿਤਾ ਸ: ਭਗਵਾਨ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਸੁਭਾਗੀ ਕੁਖੋਂ ਜਨਮ ਪਿੰਡ ਗਾਲਬ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

੨. ਹਰਬਖਸ਼ ਸਿੰਘ ਪਿਤਾ ਸ: ਮੁਕੰਦ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਸੁਲਖਣੀ ਗੋਦ ਦਾ ਨਿਗਾਸ ਮਾਣਿਆ।

੩. ਸ: ਪ੍ਰੇਮ ਸਿੰਘ ਪਿਤਾ ਸ: ਨਿਹਾਲ ਸਿੰਘ ਹੌਲਦਾਰ ਦੇ ਘਰ ਮਾਤਾ ਭੋਲੀ ਦੇ ਉਦਰ ਤੋਂ ਜਨਮ ਲੈਕੇ ਮਾਤਾ ਜੀ ਦੀ ਗੋਦ ਨੂੰ ਭਾਗ ਲਾਏ।

੪. ਹੌਲਦਾਰ ਵਰਿਯਾਮ ਸਿੰਘ ਪਿਤਾ ਸ: ਰਤਨ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਪ੍ਰਫੁਲਤ ਗੋਦ ਦੀ ਪਰਵਰਸ਼ ਪਾਈ।

੫. ਜ਼ੈਲਦਾਰ ਜੋਗਿੰਦਰ ਸਿੰਘ ਪਿਤਾ ਸ: ਨਰੈਣ ਸਿੰਘ ਦੇ ਘਰ ਮਾਤਾ ਸੰਤ ਕੌਰ ਦੀ ਸੁਭਾਗੀ ਗੋਦ ਵਿਚ ਅਨੰਦ ਮਾਣਿਆ।

੬. ਸ: ਕੁੰਡਾ ਸਿੰਘ ਪਿਤਾ ਸ: ਧਿਆਨ ਸਿੰਘ ਦੇ ਗ੍ਰਹਿ ਮਾਤਾ ਹੁਕਮ ਕੌਰ ਦੀ ਕੁਖੋਂ ਜਨਮ ਲਿਆ।

Digitized by Panjab Digital Library | www.panjabdigilib.org

੭. ਗਿਆਨੀ ਜੀਵਾ ਸਿੰਘ ਪਿਤਾ ਸ: ਵਿਸਾਖਾ ਸਿੰਘ ਮਾਤਾ ਰਤਨ ਕੌਰ ਦੀ ਸੁਲਖਣੀ ਗੋਦ ਵਿਖੇ ਜਨਮ ਲਿਆ। ਆਪ ਗੁਰ ਪ੍ਰਚਾਰਕ ਸਿੰਘ ਤੇ ਮੁਖੀ ਪ੍ਰਬੰਧਕਾਂ ਵਿਚੋਂ ਅਤੇ ਦਾਜ ਦੇ ਖਾਸ ਹਿਮੈਤੀ ਹਨ।

੮. ਭਾਈ ਕੂਮਾ ਸਿੰਘ ਗਰੰਥੀ ਤੋਪਖਾਨਾ ਬਬੇਕੀ ਹਠੀ ਤਪੀ ਜਪੀ ਪੂਰੇ ਸਨ।

ਗਾਲਬ ਰਣ ਸਿੰਘ ਵਾਲਾ

੯. ਸ: ਮਹਿੰਦਰ ਸਿੰਘ ਪਿਤਾ ਸੁੰਦਰ ਸਿੰਘ ਦੇ ਘਰ ਮਾਤਾ ਖ਼ੇਮ ਕੌਰ ਦੀ ਕੁਖੋਂ ਜਨਮ ਲਿਆ, ਗਾਲਬ ਰਣ ਸਿੰਘ ਵਾਲੀ।

੧੦. ਸੂਬੇਦਾਰ ਮੇਜਰ ਈਸ਼ਰ ਸਿੰਘ ਪਿਤਾ ਸ: ਕਾਹਨ ਸਿੰਘ ਦੇ ਘਰ ਮਾਤਾ ਰੂਪ ਕੌਰ ਦੀ ਸੁਲਖਣੀ ਗੋਦ ਤੋਂ ਜਨਮ ਹੋਇਆ।

੧੧. ਸ: ਸ਼ੇਰ ਸਿੰਘ ਮਿਸਤ੍ਰੀ ਪਿਤਾ ਸ: ਹਜ਼ਾਰਾ ਸਿੰਘ ਦੇ ਘਰ ਮਾਤਾ ਭੋਲੀ ਦੀ ਸੁਭਾਗੀ ਗੋਦ ਤੋਂ ਜਨਮ ਲਿਆ।

੧੨. ਜਮਾਂਦਾਰ ਹਜ਼ਾਰਾ ਸਿੰਘ ਪਿਤਾ ਸ: ਚੂਹੜ ਸਿੰਘ ਦੇ ਘਰ ਜਨਮ ਗਾਲਬ ਰਣ ਸਿੰਘ ਵਾਲੇ ਵਿਚ ਹੋਇਆ।

ਗਾਲਬ ਖੁਰਦ।

੧੩. ਸ: ਕਾਹਨ ਸਿੰਘ ਜੀ ਪੂਰੇ ਸੂਰੇ ਗੁਰਸਿਖ ਅਤੇ ਵੰਡ ਛਕਣ ਵਾਲੇ ਇਕ ਸਨ। ਨਿਰਭੈ ਸਿੰਘ ਸ: ਸੁੰਦਰ ਸਿੰਘ ਜਥੇਦਾਰ ਸ: ਪੂਰਨ ਸਿੰਘ ਸ: ਸੰਤਾ ਸਿੰਘ ਸ: ਆਲਾ ਸਿੰਘ ਆਦਿਕ ਸਿੰਘਾਂ ਨੇ ਮਿਲਕੇ ਤਿੰਨਾਂ ਗਾਲਬਾਂ ਨੇ ਇਕ ਸਭਾ ਤਿਆਰ ਕੀਤੀ ਤੇ ਗਾਲਬ ਕਲਾਂ ਵਿਖੇ ਦਫਤਰ ਤੇ ਗੁਰਦਵਾਰਾ ਕਾਇਮ ਕਰਕੇ ਸਿਖੀ ਪ੍ਰਚਾਰ ਦੁਆਰਾ ਜਾਗਰਤ ਪੈਦਾ ਕਰਨ ਦੇ ਸਿਰ ਤੋੜ ਜਤਨ ਅਰੰਭੇ।

**ਘਨਈਆ ਸਿੰਘ ਬਾਬੂ ਦੋਲੇ:-** ਆਪ ਲੁਧਿਆਣੇ ਸ਼ਹਿਰ ਦੇ ਨਾਲ ਲਗਦੇ ਪਿੰਡ ਦੋਲੇਵਾਲ ਦੇ ਵਸਨੀਕ ਸਨ। ਜਿਸ ਵੇਲੇ ਪ੍ਰੋ: ਗੁਰਮੁਖ ਸਿੰਘ ਹੁਰਾਂ ਨੇ ਲਾਹੌਰ ਵਿਖੇ ਸਿੰਘ ਸਭਾ ਅਸ- ਥਾਪਨ ਕੀਤੀ ਅਤੇ ਯੂਨੀਵਰਸਿਟੀ ਕਾਇਮ ਹੋਈ। ਖਾ: ਅਖਬਾਰ ਪ੍ਰਕਾਸ਼ਤ ਕੀਤਾ ਗਿਆ ਉਸ ਸਮੇਂ ਆਪ ਰੇਲਵੇ ਵਿਚ ਕਲਰਕ ਸਨ। ਅਤੇ ਉਪਰੋਕਤ ਕਾਰਜਾਂ ਦੀ ਪ੍ਰਬੰਧਕ ਅਤੇ ਮੋਢੀ ਮੰਡਲੀ ਦੇ ਕਾਰ-ਕੁਨ ਸਨ। ਜੋ ਉਸ ਵੇਲੇ ਤੋਂ ਲੈਕੇ ਲਗਾਤਾਰ ਸਿੰਘ ਸਭਾ ਦੇ ਸੇਵਕ ਰਹੇ। ਆਪ ਪੈਨ ਸਨ ਆਕੇ ਮਾ: ਖਾ: ਦੀਵਾਨ ਲੁਧਿਆਣਾ ਦੇ ਸਿਰ ਕਢਵੇਂ ਮੈਂਬਰ ਸੀ। ੧੯੧੨-੧੩ ਵਿਚ ਆਪਦਾ ਚਲਾਣਾ ਹੋਯਾ। ਸ਼ੋਕ! ਆਪਦੇ ਕੋਈ ਸੰਤਾਨ ਨਹੀਂ ਸੀ।

**ਸ: ਚੰਨਣ ਸਿੰਘ ਜੀ ਜਨੇਤਪੁਰਾ:—** ਜਨਮ:—ਆਪਦਾ ਜਨਮ ਸ: ਅਤਰ ਸਿੰਘ ਦੇ ਘਰ ਮਾਤਾ ਦਾਨ ਕੌਰ ਦੀ ਸੁਭਾਗੀ ਕੁਖੋਂ ਪਿੰਡ ਜਨੇਤਪੁਰਾ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਹੋਇਆ।

ਬਾਲਪਣ:—ਆਪ ਦੀ ਬਾਲਪਣ ਦੀ ਉਮਰ ਪਿੰਡ ਵਿਚ ਆਪਣੀ ਪਿਆਰੀ ਮਾਂ ਦੀ ਗੋਦ ਵਿਚ ਲੰਘੀ।

ਵਿਦਿਆ:—ਆਪ ਨੇ ਮੁਢਲੀ ਵਿਦਿਆ ਪਿੰਡ ਵਿਚ ਹੀ ਪੜ੍ਹੀ ਤੇ ਗੁਰਮੁਖੀ ਵਿਦਿਆ ਦੇ ਆਪ ਕਾਫੀ ਜਾਣੂ ਹਨ ਤੇ ਕਵਿਤਾ ਵੀ ਰਚ ਲੈਂਦੇ ਹਨ।

ਅਨੰਦ ਕਾਰਜ:—ਬੇਬੇ ਹਰਨਾਮ ਕੌਰ ਜੀ ਨਾਲ ਪਿੰਡ ਕੰਡਿਆਲ ਵਿਖੇ ਹੋਇਆ ਜੋ ਬੜੇ ਹੀ ਸਤਿਸੰਗ ਤੇ ਗੁਰੂ ਘਰ ਤੋਂ ਸੂਝ ਰਖਣ ਵਾਲੇ ਹਨ। ਬੇਬੇ ਜੀ ਦਾ ਜੀਵਨ ਪੁਰਾਤਨ ਬੀਬੀਆਂ ਵਰਗਾ ਹੈ।

Digitized by Panjab Digital Library | www.panjabdigilib.org

ਮਲਾਇਆਃ—ਆਪ ਜੀ ਮੁਛ ਫੁਟਦੇ ਹੀ ਮਲਾਇਆ ਵਿਚ ਚਲੇ ਗਏ ਤੇ ਉਥੇ ਐਫ. ਐਮ. ਐਸ. ਪੋਲੀਸ ਵਿਚ ਭਰਤੀ ਹੋ ਗਏ ਤੇ ਸਿਪਾਹੀ ਤੋਂ ਤਰਕੀ ਕਰਦੇ ਹੋਏ ਜਮਾਂਦਾਰ ਬਣ ਗਏ। ਉਥੇ ਹੀ ਆਪ ਜੀ ਨੇ ਅੰਗਰੇਜ਼ੀ ਪੜ੍ਹੀ।

ਕੰਮਃ—ਪੁਲੀਸ ਦੀ ਨੌਕਰੀ ਤੋਂ ਇਲਾਵਾ ਆਪ ਜੀ ਨੇ ਮਲਾਇਆ ਵਿਚ ਸਿਖੀ ਪ੍ਰਚਾਰ ਵਿਚ ਬਹੁਤ ਹਿਸਾ ਲਿਆ। ਗੁਰੂ ਕਲਗੀਧਰ ਦੀਵਾਨ ਦੇ ਤੇ ਪੰਚ ਖੰਡ ਭਸੌੜ ਦੇ ਕਟਰ ਮੈਂਬਰ ਰਹੇ। ਗੁਰਦੁਆਰਾ ਡੀਪੂ ਅਤੇ ਗੁਰਦੁਆਰਾ ਈਪੂ ਦੀਆਂ ਸੁੰਦਰ ਇਮਾਰਤਾਂ ਬਣਾਉਣੀਆਂ ਆਪਦੇ ਉਦਮ ਦਾ ਸਿਟਾ ਹੈ। ਹੁਣ ਜਮਾਂਦਾਰੀ ਪਿਨਸ਼ਨ ਲੈਕੇ ਆਪਣੇ ਨਗਰ ਜਨੇਤਪੁਰਾ ਵਿਚ ਟਿਕਦੇ ਹਨ। ਅਤੇ ਗੁਰਦਵਾਰਾਂ ਕਮੇਟੀ ਜਨੇਤਪੁਰਾ ਦੇ ਮੈਂਬਰ ਹਨ।

ਸੁਭਾਃ—ਆਪ ਸੁਭਾ ਦੇ ਅਣਖੀਲੇ ਹਨ। ਸਚੀ ਗਲ ਕਹਿਣ ਤੋਂ ਜ਼ਰਾ ਵੀ ਨਹੀਂ ਝਿਜਕਦੇ। ਆਚਰਣ ਦੇ ਬੜੇ ਉਚੇ ਹਨ।

ਆਪ ਜੀ ਗੁਰਮਤਿ ਪ੍ਰਚਾਰਕ ਸਿੰਘ ਸਭਾ ਦੇ ਮੁਢ ਤੋਂ ਹੀ ਸਰਗਰਮ ਮੈਂਬਰ ਅਤੇ ਕਾਰਕੁਨ ਹਨ। ਤੇ ਇਸ ਇਲਾਕੇ ਨੂੰ ਗੁਰਮਿਤ ਤੇ ਵਿਦਿਆ ਵਿਚ ਬਹੁਤ ਉਚਾ ਦੇਖਣ ਦੇ ਚਾਹਵਾਨ ਹਨ।

ਆਪ ਜੀ ਦੇ ਦੋ ਪੁਤਰ ਸਨ। ਵਡਾ ਸ: ਸਰਵਣ ਸਿੰਘ ਜੋ ਡਾਕਟਰੀ ਪਾਸ ਸਨ। ਇਸ ਕਰਕੇ ਹੀ ਇਨ੍ਹਾਂ ਦੀ ਕੀਰਤੀ ਸਾਰੇ ਮਲਾਇਆ ਵਿਚ ਫੈਲਣ ਤੇ ਹੋਰ ਸਾਰੇ ਹਸਪਤਾਲ ਮਾਤ ਪੈ ਗਏ ਸਨ।

ਅਫਸੋਸ! ਉਮਰ ਨੇ ਸਾਥ ਨਾ ਦਿਤਾ। ਸ਼ੋਕ! ਕਾਕਾ ਸੁਦਾਗਰ ਸਿੰਘ ਸਿੰਘਾਪੁਰ ਕੰਮ ਕਰਦੇ ਹਨ ਜੋ ਬੜੇ ਹੀ ਨੇਕ ਸੁਪੁਤ੍ਰ ਹਨ ‡

**ਚੰਨਣ ਸਿੰਘ ਗਿਆਨੀ**—ਆਪ ਪਿੰਡ ਗਿੱਲ ਜਿੰਦਰ, ਥਾਣਾ ਘੱਲ ਖੁਰਦ ਤੇ ਜ਼ਿਲਾ ਫੀਰੋਜ਼ਪੁਰ ਵਿਚ ਪੈਦਾ ਹੋਏ। ਪਿਤਾ ਭਾਈ ਜੀਊਣ ਸਿੰਘ ਦੇ ਘਰ ਤੇ ਮਾਤਾ ਮਾਈ ਰੂੜ ਕੌਰ ਜੀ ਦੀ ਗੋਦ ਵਿਖੇ।

ਆਪ ਜੀ ਦਾ ਬਚਪਨ ਪਿੰਡ ਵਿਚ ਹੀ ਬਤੀਤ ਹੋਇਆ। ਤੇ ਸੰਤ ਗੁਰਬਖਸ਼ ਦਾਸ ਉਦਾਸੀ ਕੋਲੋਂ ਮੁਢਲੇ ਗੁਰਮੁਖੀ ਅੱਖਰ ਸਿੱਖੇ। ਇਸ ਤੋਂ ਬਿਨਾਂ ਥੋੜ੍ਹੀ ਬਹੁਤ ਰਾਗ ਵਿੱਦਯਾ ਵੀ ਸਿੱਖੀ। ਇੰਨੇ ਨੂੰ ਅਕਾਲੀ ਲਹਿਰ ਸ਼ੁਰੂ ਹੋ ਗਈ ਤੇ ਆਪ ਜੀ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਹੋ ਗਏ। ਸਿੱਖੀ ਜੋਸ਼ ਠਾਠਾਂ ਮਾਰਣ ਲੱਗਾ ਤੇ ਜੈਤੋ ਦੇ ਮੋਰਚੇ ਦੇ ਪਹਿਲੇ ਜੱਥੇ ਵਿਚੋਂ ਸ਼ਾਮਲ ਜਾ ਹੋਏ। ਇੱਕ ਸਾਲ ਦੀ ਕੈਦ ਹੋਈ।

ਰਿਹਾ ਹੋਕੇ ਨੱਗਰਾਂ ਵਿਚ ਗੁਰਮਤਿ ਦਾ ਪ੍ਰਚਾਰ ਤੇ ਕੀਰਤਨ ਕਰਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਸਿੰਘਾਂ ਨੂੰ ਅਮ੍ਰਿਤ ਛਕਾਇਆ। ਆਪ ਨੇ ਪਿੰਡ ਝੋਕ ਟਹਿਲ ਸਿੰਘ, ਬੁੱਟਰ, ਤਾਰੇਵਾਲ ਤੇ ਸ਼ਾਮ ਸਿੰਘ ਵਾਲਾ ਤੋਂ ਬਿਨਾਂ ਰਿਆਸਤ ਫਰੀਦ ਕੋਟ ਦੇ ਵੀ ਕਈ ਪਿੰਡਾਂ ਵਿਚ ਸੰਗਤਾਂ ਨੂੰ ਪ੍ਰੇਰਨਾ ਕਰਕੇ ਸੁੰਦਰ ਗੁਰਦੁਵਾਰੇ ਤਿਆਰ ਕਰਵਾਏ। ਜਿਨ੍ਹਾਂ, ਦਿਨਾਂ ਵਿਚ ਤਾਰੇਵਾਲ ਦਾ ਗੁਰਦੁਆਰਾ ਤਿਆਰ ਹੋ ਰਿਹਾ ਸੀ ਤੇ ਆਪਣੇ ਘਰ ਇੱਕ ਲੜਕਾ ਪੈਦਾ ਹੋਇਆ। ਇਸ ਦਾ ਨਾਮ ਤ੍ਰਿਭਵਣ ਸਿੰਘ ਰੱਖਿਆ ਗਿਆ।

ਆਪ ਨੇ ਸਾਰੇ ਇਲ਼ਾਕੇ ਵਿਚ ਸਿੱਖੀ ਪ੍ਰਚਾਰ ਦੇ ਨਾਲ ਨਾਲ ਕੀਰਤਨ ਦੀ ਚੇਟਕ ਵੀ ਪੈਦਾ ਕੀਤੀ ਤੇ ਬਹੁਤ ਸਾਰੇ ਸਿੰਘਾਂ ਦਾ ਕੀਰਤਨੀ ਜੱਥਾ ਤਿਆਰ ਕੀਤਾ। ਭਾਈ ਜਿਉਣ ਸਿੰਘ, ਭਾਈ

---

‡ ਜਮਾਂਦਾਰ ਚੰਨਣ ਸਿੰਘ ਜੀ ਆਪ ਮੰਨੀ ਪ੍ਰਮੰਨੀ ਇਕ ਸਿਖ ਵਿਅਕਤੀ ਹਨ।

Digitized by Panjab Digital Library | www.panjabdigilib.org

ਸ਼ਾਮ ਸਿੰਘ, ਭਾ: ਰਤਨ ਸਿੰਘ, ਭਾ: ਕੇਹਰ ਸਿੰਘ, ਭਾਈ ਸ਼ੇਰ ਸਿੰਘ ਆਦਿ ਖਾਸ ਸੱਜਣ ਆਪ ਕੀਰਤਨ ਜੱਥੇ ਦਾ ਸ਼ਿੰਗਾਰ ਹਨ ।

**ਚੰਨਣ ਸਿੰਘ ਜੀ ਗੁਰਨੇ** ਆਪ ਪਿੰਡ ਗੁਰਨੇ ਰਿਆਸਤ ਪਟਿਆਲਾ ਦੇ ਜੰਮਪਲ ਹਨ ।

ਵਿਦਿਆ—ਆਪ ਨੇ ਚੰਗੇ ਚੰਗੇ ਸਿਆਣਾ ਪਾਸੋਂ ਗੁਰਮਤਿ ਅਤੇ ਵਿਦਾਂਤ ਦੇ ਗ੍ਰੰਥ ਪੜ੍ਹੇ, ਅਤੇ ਬ੍ਰਿਤੀ ਪ੍ਰਭਾਕਰ ਆਦਿ ਗ੍ਰੰਥਾਂ ਦੀ ਕਾਫੀ ਸੂਝ ਰਖਦੇ ਹਨ । ਆਪ ਗੁਰਮਤਿ ਦੇ ਗੂੜ ਗਿਆਨੀ ਹਨ । ਅਤੇ ਗੁਰਬਾਣੀ ਦੀ ਕਥਾ ਬੜੇ ਉਤਮ ਢੰਗ ਨਾਲ ਕਰਦੇ ਹਨ । ਆਪ ਨੂੰ ਕਵਿਤਾ ਦੀ ਵੀ ਲਗਨ ਹੈ ! ਸੁੰਦਰ ਕਵਿਤਾ ਰਚਦੇ ਹਨ ।

ਪ੍ਰਦੇਸ਼ ਫੇਰੀ—ਆਪ ਕੁਝ ਚਿਰ ਲਈ ਮਲਾਇਆ ਚਲੇ ਗਏ । ਉਥੇ ਆਪ ਜੀ ਗੁਰਮਤ ਦਾ ਪ੍ਰਚਾਰ ਕਰਦੇ ਰਹੇ । ਫਿਰ ਆਪ ਦੇਸ਼ ਆ ਗਏ !

ਸ਼ਾਦੀ—ਆਪ ਗ੍ਰਿਹਸਤੀ ਹਨ ਤੇ ਆਪ ਦੇ ਬੱਚੇ ਵੀ ਹਨ । ਪਰ ਆਪ ਗ੍ਰਿਹਸਤ ਵਿਚ ਕੇਵਲ ਫੁਲ ਵਾਂਗ ਰਹਿਦੇ ਹਨ ।

ਉਪਕਾਰ—ਆਪ ਨੇ ਕੰਨਿਆ ਮਹਾਂ ਵਿਦਿਆਲੇ ਵਿਚ ਬਹੁਤ ਚਿਰ ਅਧਿਆਪਕ ਰਹਿਕੇ ਸੇਵਾ ਕੀਤੀ । ਸਿੰਘ ਸਭਾ ਬਠੰਡਾ ਦੇ ਔਨਰੇਰੀ ਉਪਦੇਸ਼ਕ ਰਹੇ । ਇਸ ਵੇਲੇ ਆਪ ਅਕਾਲ ਕਾਲਜ ਮਸਤੂਆਣੇ ਸੰਪ੍ਰਦਾਈ ਗਿਆਨੀ ਕਲਾਸ ਦੇ ਇੰਨਚਾਰਜ ਹਨ । ਆਪ ਗੁਰਮਤਿ ਦੇ ਖੋਜੀ ਹਨ । ਅਤੇ ਸੁਹਣ ਕਥਾਗਰ ਹਨ । ਆਪ ਜੀ ਵਿਦਵਤਾ ਵਿਚ ਉਚ ਪੰਡਤਾਈ ਦਾ ਦਰਜਾ ਰਖਦੇ ਹਨ ।

ਸੁਭਾ ਆਪ ਮਿਲਪੜੇ ਗੁਰਸਿਖ ਹਨ । ਸਭਾ ਦੇ ਨਰਮ ਅਤੇ ਗੰਭੀਰ ਹਨ । ਗੁਰਮਤਿ ਦੇ ਕਟਰ ਹਾਮੀ ਅਤੇ ਰਹਿਤ ਦੇ ਪੱਕੇ ਧਾਰਨੀ ਹਨ ।

**ਸ: ਚੰਨਣ ਸਿੰਘ ਜੀ ਜ਼ੀਰਾ**—ਆਪ ਜੀ ਦਾ ਜਨਮ ਸ: ਉਤਮ ਸਿੰਘ ਜੀ ਦੇ ਘਰ ਮਾਤਾ ਰਤਨ ਕੌਰ ਦੀ ਕੁਖ ਤੋਂ ਹੋਇਆ । ਆਪ ਦਾ ਪਿਛਲਾ ਪਿੰਡ ਦਾਤਾ ਹੈ । ਆਪ ਜ਼ੀਰੇ ਵਿਚ ਨਾਨਕੀਂ ਡੇਰੀਤੋਂ ਆਏ ਹਨ ਅਤੇ ਜ਼ੀਰੇ ਵਿਚ ਸਿੰਘ ਸਭਾ ਲਹਿਰ ਵਿਚ ਆਪ ਨੇ ਪੰਥ ਦੀ ਬਹੁਤ ਸ਼ਾਨਦਾਰ ਸੇਵਾ ਕੀਤੀ ਅਤੇ ਜ਼ੀਰੇ ਵਿਚ ਸਿੰਘ ਸਭਾ ਕਾਇਮ ਕੀਤੀ ਜਿਸ ਦੇ ਆਪ ਪ੍ਰਧਾਨ ਰਹੇ । ਗੁਰਦਵਾਰੇ ਨੂੰ ਆਪ ਜੀ ਨੇ ਸੱਤ ਘੁਮਾਂ ਜ਼ਮੀਨ ਦਾਨ ਕੀਤੀ । ਆਪ ਨੇ ਅਕਾਲੀ ਲਹਿਰ ਵਿਚ ਭੀ ਹਿਸਾ ਲਿਆ ਤੇ ਪਹਿਲੇ ਸ਼ਹੀਦੀ ਜਥੇ ਦੀ ਨਿਧੜਕ ਹੋ ਕੇ ਸੇਵਾ ਕੀਤੀ । ਆਪ ਮਿਊਂਸਪਲ ਕਮੇਟੀ ਜ਼ੀਰਾ ਦੇ ਪ੍ਰਧਾਨ ਰਹਿ ਚੁਕੇ ਹਨ ।

**ਚੰਨਣ ਸਿੰਘ ਜੀ ਚੂਹੜ ਚੱਕ**—ਆਪ ਜੀ ਦਾ ਜਨਮ ਪਿੰਡ ਚੂਹੜ ਚੱਕ ਵਿਚ ਹੋਇਆ । ਆਪ ਵਿਹਾਰ ਸੁਧਾਰ ਦੇ ਪੱਕੇ ਹਾਮੀ ਸਨ ਤੇ ਇਸਤ੍ਰੀਆਂ ਨੂੰ ਗਹਿਣੇ ਨਾ ਪਾਉਣ ਦਾ ਪ੍ਰਚਾਰ ਕਰਦੇ ਹੁੰਦੇ ਸਨ । ਪਹਿਲੇ ਆਪ ਅਮਰੀਕਾ, ਪਾਨਾਮਾ ਵਿਚ ਰਹਿ ਆਏ ਸਨ ਇਸ ਲਈ ਆਪ ਦਾ ਨੁਕਤਾ ਨਿਗਾਹ ਬਹੁਤ ਵਸੀਹ ਹੋ ਗਿਆ ਸੀ । ਆਪ ਨੇ ਗੁਰ ਸਿੱਖੀ ਦਾ ਕਾਫੀ ਪ੍ਰਚਾਰ ਕੀਤਾ ਤੇ ਕਿਤਾਬਾਂ ਭੀ ਛਪਵਾਈਆਂ । ਆਪ ਨੇ ਦੇਸ਼ ਦੀ ਅਜ਼ਾਦੀ ਲਈ ਪੰਜ ਸਾਲ ਸਜ਼ਾ ਕੱਟੀ ਅਤੇ ਕੁਰਬਾਨੀਆਂ ਕਰਦੇ ਰਹੇ । ੬੨ ਸਾਲ ਦੀ ਉਮਰ ਵਿਚ ਆਪ ਚਲਾਣਾ ਕਰ ਗਏ ।

**ਪਿੰਡ ਚੀਮਨਾ ਦੇ ਸਿੰਘ ਸਭੀਏ**—ਪਿੰਡ ਚੀਮਨਾ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਦਾ ਇਕ ਉਘਾ ਪਿੰਡ ਹੈ, ਇਸ ਨਗਰ ਵਿਖੇ ਅਨਮਤੀਆਂ ਦਾ ਬਹੁਤ ਹੀ ਜ਼ੋਰ ਹੋਣ

Digitized by Panjab Digital Library | www.panjabdigilib.org

ਤੇ ਗੁਰਮਤ ਵਲੋਂ ਔੜ (ਵਾਹ) ਲਗੀ ਹੋਈ ਸੀ। ਕਿਉਂਕਿ ਇਸ ਪਿੰਡ ਵਿਚ ਉਦਾਸੀ ਸਾਧਾਂ ਦੀ ਬਹੁਤ ਆਵਾਜਾਈ ਤੇ ਬਾਹਮਣਾ ਦਾ ਜ਼ੋਰ ਤੇ ਕੋਈ ਨਾ ਕੋਈ ਭੇਡੂ ਸਾਧ ਜਾਂ ਬਾਹਮਣ ਆਇਆ ਰਹਿਣਾ ਜਿਸ ਨੇ ਰਜ ੨ ਕੇ ਸਿੰਘ ਸਭਾ ਦੇ ਖਿਲਾਫ਼ ਪ੍ਰਚਾਰ (ਜ਼ਾਹਰ ਉਗਲਛਣਾ) ਕਰਨਾ। ਇਹ ਕਿਉਂਕਿ ਇਸ ਇਲਾਕੇ ਵਿਚ ਸੰਤ ਹੀਰਾ ਦਾਸ ਜੀ ਸਿੰਘ ਸਭਾ ਦੇ ਜ਼ਰੀਏ ਸਿਖੀ ਪ੍ਰਚਾਰ ਨਾਲ ਇਲਾਕੇ ਵਿਚ ਗੁਰਮਤ ਜਾਗਰਤ ਪੈਦਾ ਕਰ ਰਹੇ ਸਨ। ਉਸ ਦੀ ਰੋਕ ਲਈ ਇਸ ਪਿੰਡ ਤੇ ਜਾਲ ਪਾ ਰਹੇ ਸਨ। ਪਰ ਹੁੰਦਾ ਉਹ ਹੈ ਜੋ ਗੁਰੂ ਨੂੰ ਮਨਜ਼ੂਰ ਹੋਵੇ, "ਸਭਨੀ ਛਾਲਾਂ ਮਾਰੀਆਂ ਕਰਤਾ ਕਰੇ ਸੋ ਹੋਏ" ਸਚੇ ਰਬ ਤੋਂ ਭੁਲਿਆਂ ਹੋਇਆਂ ਨੂੰ ਏਹ ਨਹੀਂ ਪਤਾ ਕਿ ਹਾਥੀ ਦੇ ਮਾਰਨ ਵਾਸਤੇ ਭੂਰੀ ਕੀੜੀ ਦਾ ਕਿਡਾ ਕ ਅਕਾਰ ਹੈ। ਘਣੇ ਜੰਗਲ ਵਾਸਤੇ ਅਗ ਦੀ ਚੰਗਿਆੜੀ ਕੀ ਚੀਜ਼ ਹੈ। ਸਾਬਣ ਦੀ ਸਿਲਾ ਵਾਸਤੇ, ਲੋਹੇ ਦੀ ਤਾਰ ਦਾ ਕਿੰਨਾ ਪੇਟ ਹੈ। ਜੈਸੇ ਇਹ ਚੀਜ਼ਾਂ ਅਹੰਕਾਰੀਆਂ ਦਾ ਅਭਿਮਾਨ ਤੋੜਨ ਵਾਸਤੇ ਪ੍ਰਮਾਤਮਾ ਨੇ ਕੁਦਰਤੀ ਪੈਦਾ ਕਰ ਰਖੀਆਂ ਹਨ।

ਇਸੇ ਪ੍ਰਕਾਰ ਅਨਮਤ ਦੇ ਜਾਲ ਨੂੰ ਫੀਤੀ ਫੀਤੀ ਕਰਨ (ਤੋੜਨ) ਵਾਸਤੇ ਬੇਅੰਤ ਵਾਹਿਗੁਰੂ ਨੇ ਇਸ ਨਗਰ ਵਿਚ* ਸਿੰਘ ਪੈਦਾ ਕੀਤੇ ਜਿਨਾਂ ਗੁਰੂ ਭਰੋਸੇ ਗੁਰਮਤ ਦਾ ਪ੍ਰਚਾਰ ਕਰਨਾ, ਗੁਰਪੁਰਬ ਮਨਾਉਣੇ, ਸਿਘ ਸਭਾ ਲੁਆਉਣੀਆਂ (ਗੁਰਸਿਖ ਸੰਤ ਵਿਦਵਾਨ ਲਿਆ ਕੇ) "ਕਰਤਾ ਵਲ ਤਾਂ ਸਭ ਕੋ ਵਲ" ਫੇਰ ਕੀ ਸੀ ਏਸ ਜਥੇ ਦੇ ਮੂਹਰੇ ਅਨਮਤੀਏ ਇਉਂ ਭਜ ਗਏ, ਜਿਵੇਂ ਸ਼ੇਰ ਆਇ ਤੋਂ ਜੰਗਲ ਦੇ ਸਾਰੇ ਜਾਨਵਰ ਭੈ ਭੀਤ ਹੋ ਕੇ ਭੱਜ ਜਾਂਦੇ ਹਨ।

ਹੁਣ ਗੁਰੂ ਭਰੋਸੇ ਗੁਰਦੁਆਰੇ ਦੀ ਸੇਵਾ ਆਰੰਭ ਤੇ ਸੰਪੂਰਨ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਗੁਰੂ ਜੀ ਤੋਂ ਪ੍ਰਸੰਨਤਾ ਪਾਈ। ਅਤੇ ਏਸੇ ਹੀ ਅਰਸੇ ਅੰਦਰ ਬਚੇ ਬਚੀਆਂ ਦੇ ਪੜ੍ਹਾਉਣ ਦਾ ਉਪਰਾਲਾ ਕਰਕੇ ਸਕੂਲ ਚਾਲੂ ਕੀਤਾ ਜਿਸ ਕਰਕੇ ਇਸ ਪਿੰਡ ਵਿਚੋਂ ਵਿਰਲਾ ਹੀ ਅਨਪੜ੍ਹ ਮਿਲੇਗਾ। ਗੁਰ ਅਸਥਾਨ ਤੇ ਸਕੂਲ ਦੀਆਂ ਸੁੰਦਰ ਇਮਾਰਤਾਂ ਤੇ ਯੋਗ ਥਾਂ ਹੋਣ ਤੇ ਅਕੇ ਥਕੇ ਮਨਾ ਵਿਚ ਉਤਸ਼ਾਹ ਭਰਦੀਆਂ ਹਨ।

## ਸ: ਗਜਨ ਸਿੰਘ ਜੀ ਚੀਮਨਾ

ਸ: ਗਜਨ ਸਿੰਘ ਪਿਤਾ ਰਾਮ ਸਿੰਘ ਦੇ ਘਰ ਮਾਤਾ ਹਰ ਕੋਰ ਦੀ ਸੁਭਾਗੀ ਕੁਖੋਂ ਜਨਮ ਪਿੰਡ ਚੀਮਨਾ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਜਨਮ ਲਿਆ। ਆਪ ਜੀ

*ਭਾਈ ਸੁੰਦਰ ਸਿੰਘ ਪਿਤਾ ਰਾਮ ਸਿੰਘ, ਭਾਈ ਦਸੌਂਦਾ ਸਿੰਘ ਪਿਤਾ ਸਮੁੰਦ ਸਿੰਘ, ਭਾਈ ਮਲ ਸਿੰਘ ਪਿਤਾ ਖਜਾਨ ਸਿੰਘ, ਭਾਈ ਭੋਲਾ ਸਿੰਘ ਪਿਤਾ ਦਲ ਸਿੰਘ, ਭਾਈ ਦੋਲ ਸਿੰਘ ਮਿਸਤਰੀ, ਭਾਈ ਗਜਣ ਸਿੰਘ ਪਿਤਾ ਰਾਮ ਸਿੰਘ ਮਾਤਾ ਹਰ ਕੋਰ, ਬਾਬੂ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਚੰਦ ਕੋਰ, ਰਾਮ ਸਿੰਘ ਪਿਤਾ ਕਰਤਾਰ ਸਿੰਘ ਮੇਜਰ ਦਾ ਪਿਤਾ, ਮਾਤਾ ਰਾਮ ਕੋਰ ਸੁਪਤਨੀ ਬਿਛੂ ਕਾਲੇ ਕਾ, ਜਮਾਂਦਾਰ ਹਰਦਿਆਲ ਸਿੰਘ ਪਿਤਾ ਅਤਰ ਸਿੰਘ ਮਾਤਾ ਦਾਨ ਕੋਰ, ਕਰਤਾਰ ਸਿੰਘ ਲਫਟੀਨੈਂਟ ਪਿਤਾ ਰਾਮ ਸਿੰਘ, ਚੰਦਾ ਸਿੰਘ ਪਿਤਾ ਨਿਧਾਨ ਸਿੰਘ, ਰਲਾ ਸਿੰਘ ਲਫਟੀਨੈਂਟ ਪਿਤਾ ਦੇਵਾ ਸਿੰਘ, ਨਾਹਰ ਸਿੰਘ ਸੂਬੇਦਾਰ ਪਿਤਾ ਸੇਵਾ ਸਿੰਘ, ਭਾਗ ਸਿੰਘ ਦਰਜ਼ੀ, ਭਾਗ ਸਿੰਘ ਹੋਲਦਾਰ ਪਿਤਾ ਗਜਣ ਸਿੰਘ, ਨਿਕਾ ਸਿੰਘ ਜਮਾਂਦਾਰ ਪਿਤਾ ਸੁੰਦਰ ਸਿੰਘ ਠਾਕਰ ਸਿੰਘ ਜਮਾਂਦਾਰ ਪਿਤਾ ਪੰਜਾਬ ਸਿੰਘ, ਨਿਕਾ ਸਿੰਘ ਸੂਬੇਦਾਰ ਪਿਤਾ ਰਵਦਾਸੀਆ, ਇੰਦਰ ਸਿੰਘ ਪਿਤਾ ਹਜ਼ਾਰਾ ਸਿੰਘ, ਜਗਤ ਸਿੰਘ ਪਿਤਾ ਰਵਦਾਸੀਆ, ਮਸਤਾਨ ਸਿੰਘ ਪਿਤਾ ਰਾਮ ਕ੍ਰਿਸ਼ਨ।

Digitized by Panjab Digital Library | www.panjabdigilib.org

ਬੜੀ ਤੀਖਣ ਬੁਧੀ ਤੇ ਕਟੜ ਸਿੰਘ ਸਭਾਈਏ ਹਨ। ਆਪ ਜੀ ਗੁਰ ਇਤਿਹਾਸ ਤੇ ਗੁਰਮਤ ਦੇ ਬੜੇ ਖੋਜੀ ਤੇ ਦਲੀਲ ਬਾਜ ਹਨ। ਜਿੱਥੇ ੨ ਸਿੰਘ ਸਭਾ ਦੇ ਖਿਆਲਾਂ ਦੇ ਸਿੰਘ ਜਾ ਕੇਂਦਰ ਸਨ। ਉਥੇ ੨ ਬਾਹਮਣਾ ਨੇ ਤੇ ਸਾਧਾ ਨੇ ਮਿਲ ਕੇ ਚੰਗੇ ੨ ਵਿਦਿਵਾਨ ਪੰਡਤ, ਸਾਧ ਲਿਆ ਬਿਠਾਏ। ਏਸਤ੍ਹਾਂ ਹੀ ਚੀਮਨੇ ਇਕ ਕੁਠੀਆ ਵਿਚ ਸੇਵਾ ਦਾਸ ਨਾਮੇ ਸਾਧ ਲਿਆ ਘੁਸੇੜਿਆ। ਜੋ ਨਿਤ ਪ੍ਰਤੀ ਕਥਾ ਬਾਰਤਾ ਸੁਣਾਕੇ ਸਿੰਘ ਸਭੀਆਂ ਦੀ ਭੰਡੀ ਤੇ ਮਨਮਤ ਫਲੌਣ ਵਾਸਤੇ ਇਕ ਛਾਂਟਕੇ ਖਲਾਫ ਧੜੇ ਵਲੋਂ ਭੇਜਿਆ ਹੋਇਆ ਸੀ। ਜਿਸ ਨੂੰ ਦੇਖ ਸੁਣਕੇ ਲਾਮਾਂ ਦੇ ਪਿੰਡਾਂ ਦੇ ਤੇ ਚੀਮਨੇ ਦੇ ਲੋਕ ਆਖਣ ਜੇ ਸ: ਸੁੰਦਰ ਸਿੰਘ ਤੇ ਸ: ਗਜ਼ਣ ਸਿੰਘ ਦੇ ਹੁੰਦਿਆ। ਏਥੇ ਏਸ ਸਾਧ ਦੇ ਪੈਰ ਜਮ ਗਏ ਤਾਂ ਸਾਰਾ ਇਲਾਕਾ ਹੀ ਸਿੱਖੀ ਤੋਂ ਖਾਰਜ ਹੋ ਜਾਊ। ਜਿਸ ਕੁਟੀਆਂ ਵਿਚ ਸੇਵਾ ਦਾਸ ਕਥਾ ਤੇ ਰਹਿੰਦਾ ਹੁੰਦਾ ਸੀ। ਉਸ ਦੇ ਅੱਗੇ ਸਃ ਗਜਣ ਸਿੰਘ ਦਾ ਖੇਤ ਸੀ। ਜਦ ਕਥਾ ਦਾ ਟੈਮ ਹੋਵੇ। ਸ: ਗਜਣ ਸਿੰਘ ਉਸ ਖੇਤ ਵਿਚ ਹਲ ਰੋਜ ਹੀ ਜੋੜ ਲਿਆ ਕਰੇ ਅਤੇ ਸਿੰਘ ਜੀ ਨੇ ਇਕ ਬੈੜਕੇ ਦਾ ਨਾਉ ਸੇਵਾ ਦਾਸ ਰਖਲਿਆ। ਹੁਣ ਸਿੰਘ ਬੈੜਕੇ ਨੂੰ ਹਕਣ ਵੇਲੇ ਆਖਿਆ ਕਰੇ। ਓਏ ਸੇਵਾ ਦਾਸਾਂ ਤੇਰੀ ਮੈ, ਮਾਂ,———ਦੀ ਓਏ ਸੇਵਾ ਦਾਸਾ ਤੂੰ ਤੈਨੂੰ ਲੈਣ ਚੂਹੜੇ। ਉਏ ਸੇਵਾਦਾਸਾ ਖਾ, ਪੀਕੇ ਹਰਾਮ ਕਰਦਾ ਹੈ। ਤੁਰ ਹਾਲ ਨਾਲ। ਹੁਣ ਸਿੰਘ ਜੀ ਪੂਰੀ ਜਟ ਤਰਜ ਵਿਚ ਬੈੜ੍ਹਕੇ ਨੂੰ ਹਕਣ ਤਾਂ ਸੇਵਾ ਦਾਸ ਕਥਾ ਵਾਚਕ ਤੇ ਸਰੋਤੇ ਸੇਵਾ ਦਾਸ ਦੀ ਕਥਾ ਬਜਾਏ ਸਿੰਘ ਦੀ ਕਥਾ ਸੁਣਕੇ ਸਾਰੇ ਹਸਦੇ ਲਿਟਦੇ ਫਿਰਨ ਤੇ ਫੇਰ ਕੀ ਹੋਇਆ ਸੇਵਾ ਦਾਸ ਜੀ ਤਾਂ ਰਾਤ ਨੂੰ ਹੀ ਪਤ੍ਰਾ ਵਾਚ ਗਏ। ਜਦ ਪਿੰਡ ਵਿਚ ਸਾਧ ਦੇ ਜਾਣ ਦਾ ਪਤਾ ਲੱਗਿਆ ਤਾਂ ਛੋਟੇ ੨ ਮੁੰਡੇ ਇਓਂ ਪੜਨ ॥ ਸ਼ੇਰ ਗਜਿਆ ਭਜ ਗਈ ਮਰਮਰਗਾਵਲੀ ਸੇਰ ਗਜਿਆ ਭਜ ਗਈ ਮਰਗਾਵਲੀ। ਆਪਜੀ ਦੇ ਪਿਤਾ ਜੀ ੧੯੧੪—੧੫ ਵਾਲੇ ਦੇਸ਼ ਭਗਤਾਂ ਦੀ ਜਮਾਤ ਚੋਂ ਸਨ ॥ ਆਪਜੀ ਪੂਰੇ ਸਿਆਸੀ ਤੇ ਧਾਰਮਕ ਖਿਆਲਾਂ ਦੇ ਪੱਕੇ ਹਨ। ਇਲਾਕੇ ਤੇ ਪਿੰਡਾਂ ਵਿਚ ਸਕੂਲ ਤੇ ਗੁਰੁਦੁਆਰਿਆਂ ਦੀ ਸੇਵਾ ਕਰਨ ਵਾਲਿਆਂ ਮੁਡੀਆਂ ਅਤੇ ਗੁਰਮਤ ਪ੍ਰਚਾਰਕ ਸਿੰਘ ਸਭਾ ਦੇ ਮੁਖ ਪ੍ਰਵੀਧਕਾਂ ਚੋਂ ਹਨ ਤੇ ਸਦਾ ਚੜ੍ਹਦੀ ਕਲਾ ਦੇਖਦੇ ਹਨ ਆਪਜੀ ਨੇ ਹੋਰ ਵੀ ਗੁਰਦੁਆਰੇ ਤੇ ਸਕੂਲ ਬਨਾਉਣ ਤੇ ਚਾਲੂ ਕਰਨ ਵਿਚ ਵਧ ਚੜਕੇ ਹਿੱਸੇ ਪਾਇ ਹਨ ॥ ਅਰ ਸਹਜ ਤੇ ਅਖੰਡ ਪਾਠ ਕਰਾਉਂਦੇ ਰਹਿੰਦੇ ਹਨ। ਆਪ ਗੁਰੂ ਪੰਥ ਦੀਆਂ ਚੜਦੀਆਂ ਕਲਾਂ ਦੇਖਣ ਦੇ ਬੜੇ ਹੀ ਚਾਹਵਾਨ ਹਨ।

## ਭਾਈ ਸੁੰਦਰ ਸਿੰਘ ਅਕਾਲੀ ਚੀਮਨਾ

ਗੁਰਮੁਖ ਪਿਆਰੇ ਭਾਈ ਸੁੰਦਰ ਸਿੰਘ ਪਿਤਾ ਰਾਮ ਸਿੰਘ ਦੇ ਘਰ ਜਨਮ ਪਿੰਡ ਚੀਮਨਾ ਤਹਿਸੀਲ ਜਗਰਾਓਂ ਜ਼ਿਲਾ ਲੁਧਿਆਣਾ ਵਿਖੇ ਹੋਇਆ।

ਬਚਪਨ ਤੋਂ ਬਾਦ ਆਪ ਜੀ ਨੂੰ ਪਿਤਾ ਜੀ ਵਲੋਂ ਗੁਰਮੁਖੀ ਪੜਨ ਵਾਸਤੇ ਲਾਇਆ ਗਿਆ। ਤੀਖਣ ਬੁਧ ਅਨੁਸਾਰ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋ ਕੇ ਗਏ। ਹੁਣ ਆਪ ਜੀ ਨੂੰ ਗੁਰਮਤ ਪ੍ਰਚਾਰ ਤੇ ਗੁਰਬਾਣੀ ਦੇ ਅਰਥ ਬੋਧ ਦਾ ਚਾਉ ਉਤਪਨ ਹੋਇਆ। ਜਿਸ ਕਰਕੇ ਆਪ ਸੰਤ ਸੁੰਦਰ ਸਿੰਘ ਜੀ ਪਾਸੋਂ ਅਰਥਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਿਆ। ਆਪ ਦੇ ਪਿੰਡ ਮਨਮਤ ਦੇ ਗੜ੍ਹ ਨੂੰ ਤੋੜਨ ਵਾਸਤੇ ਸਾਲ ਦੇ ਸਾਲ ਸਿੰਘ ਸਭਾ ਲੁਆਉਣੀਆਂ ਕਟੜ ਗੁਰਮਤ ਖਿਆਲੀ ਸੰਤ ਮਹਾਤਮਾ ਸਦ ਕੇ ਪ੍ਰਚਾਰ ਕਰਾਉਣਾ, ਜਿਸ ਕਰਕੇ ਆਪ ਜੀ ਦੇ ਪਿੰਡ ਵਿਚ ਸਿੰਘਾਂ ਹੀ ਸਿੰਘਾਂ ਦੇ ਦੀਦਾਰ ਹੁੰਦੇ ਹਨ। ਅਤੇ ਢੋਲਕੀ ਛੈਣਿਆਂ ਨਾਲ ਕੀਰਤਨ ਤੇ ਦੂਰ ਦੂਰ ਤਕ ਅਨੰਦ ਕਾਰਜ ਕਰਾਉਣ ਜਾਂਦੇ ਹਨ ਅਖੀਰ ਹੋਇਆ ਕੀ। ਗੁਰਮਤ ਦੇ ਹੜ੍ਹ ਅੱਗੇ ਮਨਮਤ ਰੇਤ ਦੀ ਕੰਧ ਬਾਂਗ ਕਿਧਰੇ

Digitized by Panjab Digital Library | www.panjabdigilib.org

ਰ_ੜ ਗਈ। ਹੁਣ ਇਸ ਸੁਭਾਗ ਨਗਰ ਵਿਚ ਗੁਰ ਕ੍ਰਿਪਾ ਸੇ ਗੁਰਮੁਖਾਂ* ਵਲੋਂ ਗੁਰਦੁਆਰੇ ਸਾਹਿਬ ਜੀ ਦੀ ਬੁਨਿਆਦ ਰਖੀ ਗਈ। ਜਿਸ ਦੀ ਇਮਾਰਤ ਅਤਿ ਸੁੰਦਰ ਤੇ ਬੜੇ ਸੋਹਣੇ ਮੌਕਿਆਂ ਤੇ ਹੈ। ਇਸੇ ਹੀ ਗੁਰਮੁਖ ਜੱਥੇ ਤੋਂ ਸ੍ਰੀ ਗੁਰੂ ਜੀ ਨੇ ਬੀਬੀਆਂ ਦੇ ਸਕੂਲ ਦੀ ਸੇਵਾ ਲਈ ਜਿਸ ਕਰਕੇ ਸਾਰੇ ਪਿੰਡ ਦੀਆਂ ਬੀਬੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਠਣਾਂ ਤੇ ਅੰਮ੍ਰਿਤਪਾਨ ਕਰਕੇ ਨਿਤ ਨੇਮਣਾ ਹੋਈਆਂ ਜਿਨਾਂ ਨ ਅਗਲੇ ਘਰੀਂ ਜਾਕੇ ਗੁਰਮਤ ਫਲਾਈ।

ਆਪ ਜੀ ਦੇ ਪਿੰਡ ਦੇ ਸਾਰੇ ਸਿੰਘ ਅਛੂਤ ਸੁਧਾਰ ਦੇ ਕਟੜ ਹਾਮੀ ਹੋਣ ਤੇ ਜਿੰਨੇ ਰਵਦਾਸੀਏ ਜਾ ਮਜ਼ਬੀ ਹਨ। ਸਭ ਅੰਮ੍ਰਿਤਪਾਨ ਕਰਕੇ ਗੁਰੂ ਨੇ ਜਹਾਜ ਚੜਕੇ ਗੁਰਮਤ ਦਾ ਅਨੰਦ ਮਾਣਦੇ ਆਪ ਬੜੇ ਹਠੀਏ ਸਿੰਘ ਹਨ। ਆਪ ਦੇ ਦਿਲ ਅੰਦਰ ਗੁਰੂ ਪੰਥ ਦੀਆਂ ਚੜਦੀਆਂ ਕਲਾਂ ਦੇਖਣ ਦੀ ਸਦਾ ਤੜਫ ਰਹਿੰਦੀ ਹੈ।

**ਚੰਦਾ ਸਿੰਘ ਜੀ ਵਕੀਲ ਫੀਰੋਜ਼ਪੁਰ** ਜਨਮ—ਆਪ ਜੀ ਇਕ ਮਾਨਨੀਯ ਅਰ ਉਚ ਘਰਾਣੇ ਵਿਚ ਪਿੰਡ ਕਾਲਿਆਂ ਵਾਲੇ (ਸਰਾਵਾ) ਵਿਖੇ ਪੈਦਾ ਹੋਏ।

ਬਾਲਪਣ—ਆਪ ਦੀ ਪਹਿਲੀ ਉਮਰ ਆਪਣੇ ਮਾਤਾ ਪਿਤਾ ਦੀ ਛਤਰ ਛਾਇਆ ਹੇਠ ਬੜੇ ਪਿਆਰ ਅਤੇ ਲਾਡ ਨਾਲ ਖੇਡਦਿਆਂ ਦੀ ਲੰਘੀ।

ਵਿਦਿਆ—ਆਪ ਜੀ ਦੇ ਪਿਤਾ ਨੇ ਆਪ ਨੂੰ ਵਿਦਿਆ ਪੜ੍ਹਾਉਣ ਦਾ ਬਹੁਤ ਚਾਅ ਸੀ। ਅਤੇ ਆਪ ਜੀ ਨੂੰ ਵਡੇ ਪ੍ਰੇਮ ਨਾਲ ਉਚ ਵਿਦਿਆ ਪੜ੍ਹਾਈ। ਪਰ ਅਫਸੋਸ ਸੀਤਲਾ ਨਿਕਲਨੇ ਕਰਕੇ ਆਪ ਜੀ ਨੇਤਰ ਹੀਣ ਹੋ ਗਏ। ਆਪ ਦੀਆਂ ਤੇ ਆਪ ਦੇ ਪਿਤਾ ਦੀਆਂ ਸਧਰਾਂ ਦਿਲ ਵਿਚ ਰਹਿ ਗਈਆਂ। ਪਰ ਆਪ ਮੁਢ ਤੋਂ ਹੀ ਚਿੰਤਨ ਬੁਧੀ ਅਤੇ ਯਾਦ ਸ਼ਕਤੀ ਕਮਾਲ ਦੀ ਦੇ ਮਾਲਕ ਸਨ। ਆਪ ਨੇ ਜੋ ਕੁਝ ਪੜ੍ਹਿਆ ਸੀ। ਸਭ ਕੰਠ ਕਰ ਲਿਆ ਤੇ ਲਾਹੌਰ ਰਹਿਕੇ L. L. B. ਦੀ ਪ੍ਰੀਖਿਆ ਪਾਸ ਕੀਤੀ।

ਕੰਮ—ਆਪ ਨੇ ਫੀਰੋਜ਼ਪੁਰ ਵਿਚ ਹੀ ਵਿਕਾਲਤ ਦੀ ਪ੍ਰੈਕਟਸ ਕਰਨੀ ਅਰੰਭ ਦਿਤੀ। ਜਿਸ ਵਿਚ ਆਪਨੂੰ ਕਾਫੀ ਸਫਲਤਾ ਪ੍ਰਾਪਤ ਹੋ ਗਈ ਤੇ ਆਪ ਇਲਾਕੇ ਵਿਚ ਇਕ ਪ੍ਰਸਿੱਧ ਵਕੀਲ ਗਿਣੇ ਜਾਣ ਲਗੇ, ਕੁਝ ਸਿੰਘ ਸਭਾ ਦਾ ਪ੍ਰਭਾਵ ਕੁਝ ਆਪ ਦੀ ਵਿਕਾਲਤ ਵਿਚ ਮਾਅਰਕੇ ਦੀ ਬਹਿਸ ਦਾ ਸਦਕਾ ਕਾਫੀ ਸੰਪਤਾ ਆਉਣ ਲਗੀ ਤੇ ਗੁਰਦੁਆਰਾ ਅਕਾਲ ਗੜ੍ਹ ਇਕ ਲੱਖ ਰੁਪਇਆ ਖਰਚ ਕੇ ਤਿਆਰ ਕਰਾਇਆ।

ਸਭ—ਆਪ ਦਾ ਸਭਾ ਅਣਖੀ ਸੀ। ਇਕ ਡਿਪਟੀ ਕਮਿਸ਼ਨਰ ਅੰਗ੍ਰੇਜ਼ ਨਾਲ ਅਣ ਬਣ ਦੇ ਕਾਰਨ ਕਿਉਂਕਿ ਉਹ ਹਿੰਦੁਸਤਾਨੀਆਂ ਨੂੰ ਗੰਦੀ ਮਖੀ ਆਖਿਆ ਕਰਦਾ ਸੀ, ਆਪ ਨੇ ਉਸ ਪਰ ਇਜ਼ਤ ਹਤਕ ਦਾ ਮੁਕਦਮਾਂ ਕਰਕੇ ਮੁਆਫੀਤਾ ਮੰਗਵਾਈ, ਪਰ ਉਸ ਨੇ ਦਿਲੀ ਈਰਖਾ ਰਖਕੇ ਆਪ ਪਰ ਝੂਠੇ ਮੁਕਦਮੇ ਕਰਕੇ ਆਪ ਨੂੰ ਬਹੁਤ ਹਾਨੀ ਪਹੁੰਚਾਈ। ਤੇ ਆਪ ਨੂੰ ਆਪਣੇ ਕੰਮ ਵਿਚ ਬਹੁਤ ਧੱਕਾ ਲਗਾ ਤੇ ਆਪ ਦੀ ਆਮਦਨੀ ਬਹੁਤ ਘਟ ਗਈ। ਆਪ ਨੂੰ ਆਪਣੇ ਪੰਥ ਅਤੇ ਕੌਮ ਦੀ ਜਿੱਥੇ ਤਨਮਨ ਤੇ ਧਨ ਨਾਲ ਸੇਵਾ ਕੀਤੀ, ਉਥੇ ਆਪ ਨੇ ਕਲਮੀ ਸੇਵਾ ਵੀ ਪੰਜਾਬੀ ਬੋਲੀ ਦੀ ਬਹੁਤ ਕੀਤੀ। ਆਪ ਦੀਆਂ ਰਚਨਾਵਾਂ ਇਹ ਹਨ ੧. ਸਿੱਖ ਮਹਾਂ ਭਾਰਤ ੨. ਜਪਾਜਾਪ (ਆਪ ਦੀ ਲਿਖਤਾਂ ਦੇ ਖਰੜੇ ੨੦ ਸੇਰ ਪੱਕੇ

---

* ਸ: ਭੋਲਾ ਸਿੰਘ ਸ: ਦਸੌਂਦਾ ਸਿੰਘ ਸ: ਗਜਣ ਸਿੰਘ ਸ: ਬਾਬੂ ਸਿੰਘ ਸ: ਮਲ ਸਿੰਘ ਸ: ਦਿਆਲ ਸਿੰਘ ਜਮਾਦਾਰ ਸ: ਭਾਗ ਸਿੰਘ ਹੌਲਦਾਰ ਸ: ਠਾਕਰ ਸਿੰਘ ਜਮਾਂਦਰ।

Digitized by Panjab Digital Library | www.panjabdigilib.org

ਦੇ ਲਗਭਗ ਹੋਣਗੇ। ਜੋ ਉਨਾਂ ਦੀ ਧਰਮ ਪਤਨੀ ਕਰਮ ਕੌਰ ਅਕਾਲਗੜ੍ਹ ਫੀਰੋਜ਼ਪੁਰ ਨੇ ਸੰਤ ਕੇਹਰ ਸਿੰਘ ਸ੍ਰੀ ਦਮਦਮਾਂ ਸਾਹਿਬ ਨੂੰ ਦੇ ਦਿਤੇ ਸਨ। ਜਿਨਾਂ ਪਾਸੋਂ ਮੇਰੇ ਪਰਮ ਸਨੇਹੀ ਰਾਗੀ ਬਲਵੰਤ ਸਿੰਘ ਕਿਲਾ ਰਾਏਪੁਰ ਅਤੇ ਸ: ਜਗੀਰ ਸਿੰਘ ਜੀ ਜੱਥੇਦਾਰ ਕਿਸ਼ਨ ਪੁਰਾ ਰਾਹੀ ਮੇਰੇ ਪਾਸ ਪੁਜ ਗਏ ਹਨ। ਜੇ ਵਾਹਿਗੁਰੂ ਅਤੇ ਗੁਰੂ ਪੰਥ ਦੀ ਕਿਰਪਾ ਹੋ ਗਈ ਤਾਂ ਛਪਾਉਣ ਦਾ ਯਤਨ ਕੀਤਾ ਜਾਵੇਗਾ।

**ਜੈ ਸਿੰਘ ਫਿਲਾਸਫਰ**—ਮੁਢਲੇ ਸਮਾਚਾਰ:—ਆਪ ਦਾ ਵਡੇਰਾ ਗਰੀਬੀ ਦੇ ਕਾਰਨ ਭਦੌੜ ਤੋਂ ਉਠ ਕੇ ਆਪਣੇ ਚਾਰ ਬਾਚਿਆਂ ਸਮੇਤ ਧਮਿਆਲ ਜ਼ਿਲਾ ਰਾਵਲਪਿੰਡੀ ਵਿਚ ਜਾ ਰਿਹਾ, ਦੇਵ ਨੇਤ ਉਥੇ ਜਾ ਕੇ ਇਕ ਬਚਾ ਘਰ ਹੋਇਆ, ਤਾਂ ਆਪ ਦੇ ਪਿਤਾ ਨੇ ਆਪ ਨੂੰ ਖਨਾਂ ਉਪਦੇਸ਼ਕ ਵਿਦਿਆਲਾ ਘਰ ਜਾਖ (ਗੁਜਰਾਂਵਾਲੇ ਵਿਚ ਧਾਰਮਿਕ ਵਿਦਿਆ ਪੜਨ ਲਈ ਭੇਜ ਦਿਤਾ)

ਵਿਦਿਅ:—ਜਿਥੇ ਆਪ ਜੀ ਨੇ ਗੁਰਬਾਣੀ ਅਤੇ ਨਿਆਏ ਸ਼ਸਤਰਾਂ ਦੀ ਭਾਸ਼ਾ ਵਿਚ ਚੰਗਾ ਪਠਨ ਪਾਠਨ ਕੀਤਾ, ਉਪ੍ਰੰਤ ਗਿਆਨੀ ਬਬੇਕਾ ਸਿੰਘ ਜੀ ਤਰਨ ਤਾਰਨ ਪੰਡਤ ਅਚੁੱਤਾ ਨੰਦ ਕੋਲੋਂ ਭੀ ਸ੍ਰੀ ਗੁਰੂ ਬਾਣੀ ਨਿਆਏ ਪਰਿ ਛੰਦ, ਬ੍ਰਿਤੀ ਪ੍ਰਭਾਕਰ ਆਦਿ ਗ੍ਰੰਥ ਪੜ੍ਹੇ।

ਕੰਮ:—ਸ: ਈਸ਼ਰ ਸਿੰਘ ਮੈਨੇਜਰ ਵਿਦਿਆਲਾ ਤਰਨ ਤਾਰਨ ਨੇ ਉਪਰਲੀ ਸੇਵਾ ਤੇ ਲਾ ਦਿਤਾ ਜਿਥੇ ਆਪ ਨੇ ਪੰਜ ਸਾਲ ਪੜ੍ਹਾਇਆ।

ਆਪ ਦੀ ਵਿਦਿਆ ਬੁਧੀ, ਸਿਮਰਨ ਸ਼ਕਤੀ, ਕਮਾਲ ਦੀ ਸੀ ਆਪ ਵਿਆਖਿਆਨ ਅਤੇ ਬਹਿਸ ਵਿਚ ਬਹੁਤ ਪਰਪਕ ਸੀ, ਆਪ ਜੀ ਨੇ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ। ਪਿਛਲੀ ਉਮਰ ਆਪ ਦੇ ਦਿਮਾਗ ਵਿਚ ਕੁਝ ਫਰਕ ਆ ਗਿਆ ਸੀ ਤੇ ਆਮ ਕਰਕੇ ਸਿਖ ਸੇਵਕ ਜਥਾ ਲੁਧਿਹਾਣਾ ਨਾਲ ਮਿਲ ਕੇ ਕੰਮ ਕਰਦੇ ਰਹੇ। ਆਪ ਉਕਤੀ ਬਕਤੀ ਵਿਚ ਲਾਸਾਨੀ ਸਨ ਸਿੰਘ ਸਭਾ ਦਾ ਬਹੁਤ ਪ੍ਰਚਾਰ ਕੀਤਾ ਆਪ ਨੂੰ ਫਿਲਾਫਰ ਦੇ ਉਪਨਾਮ ਨਾਲ ਯਾਦ ਕੀਤਾ ਜਾਂਦਾ ਸੀ।

**ਸ: ਜਸਵੰਤ ਸਿੰਘ ਜੀ ਕੰਵਲ**—ਆਪ ਵਰਤਮਾਨ ਕਾਲ ਦੇ ਉਚ ਚੋਟੀ ਦੇ ਉਪ ਨਿਆਸਕਾਰ ਹਨ। ਆਪ ਨੂੰ ਆਪ ਦੀ ਸਾਹਿਤਕ ਲੇਖਣੀ ਨੇ ਖਾਸ ਕਰ ਨਵ੍ਯੁਵਕਾਂ ਵਿਚ ਮਾਨਨੀਯ ਬਣਾ ਦਿਤਾ ਹੈ।

ਜਨਮ:—ਆਪ ਦਾ ਜਨਮ ਸ: ਮਹਾਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੇ ਉਦਰ ਤੋਂ ਪਿੰਡ ਢੁਡੀਕੇ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਬਾਲਪਣ:—ਆਪ ਦੀ ਪਹਿਲੀ ਅਵਸਥਾ ਪਿੰਡ ਵਿਚ ਗੁਜ਼ਰੀ।

ਵਿਦਿਆ:—ਆਪ ਨੇ ਮੈਟਰਿਕ ਤੱਕ ਵਿਦਿਆ ਪ੍ਰਾਪਤ ਕੀਤੀ, ਉਪ੍ਰੰਤ ਆਪ ਵਿਦਿਆ ਪ੍ਰਾਪਤੀ ਵਲੋਂ ਉਪਰਾਮ ਹੋ ਗਏ ਆਪ ਦੀ ਲਗਨ ਕੁਝ ਸਹਿਤ ਪੜਨ ਵਲ ਖੁਬ ਗਈ। ਆਪ ਦੀ ਬੁਧੀ ਬਹੁਤ ਹੀ ਤੀਖਣ ਹੈ ਆਪ ਨੇ ਆਪਣੀ ਕਲਮ ਨਾਵਲ ਲਿਖਣ ਲਈ ਚੁਕੀ ਤੇ ਵਡੇ ਵਡੇ ਲਿਖਾਰੀਆਂ ਨੂੰ ਮਾਤ ਪਾ ਦਿਤਾ।

ਕੰਮ ਅਤੇ ਰਚਨਾਵਾਂ:—ਆਪ ਮਾਲਵੇ ਦੇ ਜਮ ਪਲ ਹਨ, ਆਪ ਦੀ ਜੀਵਨੀ ਤੇ ਮਾਲਵੇ ਦੀ ਰਹਿਣੀ ਬਹਿਣੀ ਦਾ ਕੁਦਰਤੀ ਪ੍ਰਭਾਵ ਹੈ, ਸੋ ਆਪ ਦੀਆਂ ਰਚਨਾਵਾਂ ਦਾ ਮਹੌਲ ਮਾਲਵੇ ਦਾ ਹੈ।

ਰਚਨਾਵਾਂ:—੧. ਪਾਲੀ, ੨. ਸਚ ਨੂੰ ਫਾਂਸੀ, ੩. ਪੂਰਨਮਾਸ਼ੀ, ੪. ਕੰਡੇ, ੫. ਜ਼ਿੰਦਗੀ ਦੂਰ ਨਹੀਂ, ੬. ਜੀਵਨ ਕਣੀਆਂ ਆਦਿ, ਪਾਲੀ ਨਾਵਲ ਲਿਖ ਕੇ ਆਪ ਨਾਵਲਿਸਟ ਦੀ ਮੂਹਰਲੀ

Digitized by Panjab Digital Library | www.panjabdigilib.org

ਕਤਾਰ ਵਿਚ ਜਾ ਖੜੇ ਹਨ ਅਤੇ ਪੰਜਾਬੀ ਭਾਸ਼ਾ ਨੂੰ ਇਕ ਮਹਾਨ ਪਤਰ ਦਿਤਾ ਹੈ। ਆਪ ਦਾ ਲਿਖਣ ਢੰਗ ਸਾਈਕਾਲੋਜੀ ਕਲੀ ਹੈ। (ਮਨੋ ਵਿਗਿਆਨਕ ਹੈ)

**ਤਾਰਾ ਸਿੰਘ ਜੀ ਨਰੋਤਮ (ਪਟਿਆਲਾ)**—ਸ੍ਰੀ ਮਾਨ ਪੰਡਤ ਤਾਰਾ ਸਿੰਘ ਜੀ ਨਰੋਤਮ ਦਾ ਜਨਮ ਸੰਮਤ ੧੮੭੯ ਪਿੰਡ ਕਾਲਮਾਂ ਜ਼ਿਲਾ ਗੁਰਦਾਸ ਪੁਰ ਵਿਖੇ ਹੋਇਆ* ਆਪ ਜੀ ਥੋੜੇ ਅਰਸੇ ਅੰਦਰ ਚੰਗੇ ਵਿਦਵਾਨਾਂ ਦੀ ਗਿਣਤੀ ਵਿਚ ਗਿਣੇ ਗਏ ਕਿਉਂਕਿ ਆਪ ਜੀ ਛੋਟੀ ਉਮਰ ਵਿਚ ਵਿਦਵਾਨ ਨਿਰਮਲ ਭੇਖ ਵਿਚ ਸ਼ਾਮਲ ਹੋਣ ਤੇ ਆਪ ਜੀ ਦੇਸ ਦਸੰਤਰਾਂ ਵਿਚ ਵਿਚਰਦੇ ਵਿਚਰਦੇ ਥੋੜਾ ਅਰਸਾ ਗਿਰਵੜੀ ਜ਼ਿਲਾ ਹੁਸ਼ਿਆਰ ਪੁਰ ਰਹੇ, ਅਖੀਰ ਰਿਹਾਇਸ਼ ਪਟਿਆਲੇ ਕਰ ਲਈ। ਇਥੇ ਮਹਾਰਾਜਾ ਨਰਿੰਦਰ ਸਿੰਘ ਤੇ ਮਹਿੰਦਰ ਸਿੰਘ ਦੀ ਪਰੇਰਨਾ ਨਾਲ ਆਪ ਜੀ ਨੇ ਹੇਠ ਲਿਖੇ ਗ੍ਰੰਥ ਲਿਖੇ—

ਗੁਰੂ ਤੀਰਥ ਸੰਗਰਹਿ, ਗੁਰਮਤ ਨਿਰਣਯ ਸਾਗਰ, । ਭਾਵਾਰਥ ਦੀਪਿਕਾ। ਟੀਕਾ ਜਪੁਜੀ ਸਾਹਿਬ। ਅਕਾਲ ਮੂਰਤੀ ਪਰਦਰਸ਼ਨ। ਸ੍ਰੀ ਰਾਗ ਤੇ ਗਉੜੀ ਰਾਗ ਸਟੀਕ, ਗੁਰੂ ਗਿਰਾਰਥ ਕੋਸ਼ ਆਦਿ ਖਾਸਲਾ ਪੰਥ ਦੇ ਪਹਿਲੇ ਕੋਸ਼ਕਾਰ ਸਨ। ਜੋ ਸੰਮਤ ੧੯੪੮ ਵਿਚ ਗੁਰੂ ਪੰਥ ਤੇ ਭੇਖ ਨੂੰ ਸਦਾ ਲਈ ਅਚਾਨਕ ਹੀ ਵਿਛੋੜਾ ਦੇ ਗਏ, ਆਪ ਜੀ ਦੇ ਪਿਛੋਂ ਮਹਾਰਾਜਾ ਰਜਿੰਦਰ ਸਿੰਘ ਦੇ ਉਦਮ ਨਾਲ ਲਿਖਤਾਂ ਛਪਵਾਈਆਂ ਗਈਆਂ ਪੰਥ ਦੇ ਮੰਨੇ ਪ੍ਰਮੰਨੇ ਇਤਿਹਾਸਕਾਰ ਗਿ: ਗਿਆਨ ਸਿੰਘ ਜੀ ਆਪ ਦੇ ਸ਼ਾਗਿਰਦ ਸਨ।

**ਤੇਜਾ ਸਿੰਘ ਬਾਬੂ ਭਸੌੜ:**-- ਜਨਮ:— ਆਪ ਸ: ਬੁਧ ਸਿੰਘ ਦੇ ਘਰ ਮਾਤਾ ਜਿਉਣ ਕੌਰ ਦੀ ਕੁਖੋਂ ਪਿੰਡ ਰਾਮ ਗੜ ਰਿਆਸਤ ਪਟਿਆਲਾ ਵਿਚ ੨੦ ਪੋਹ ਸੰਮਤ ੧੯੨੩ ਨੂੰ ਪੈਦਾ ਹੋਏ।

ਬਾਲਪਣ:—ਆਪ ਦਾ ਬਾਲਪਣ ਪਿੰਡ ਦੀਆਂ ਗਲੀਆਂ ਵਿਚ ਖੇਡਦਿਆਂ ਲੰਘਿਆ।

ਵਿਦਿਆ:—ਆਪ ਮਿਡਲ ਤਕ ਵਿਦਿਆ ਪ੍ਰਾਪਤ ਕੀਤੀ। ਆਪਦਾ ਪਹਿਲਾ ਨਾਂ ਨਰੈਣ ਸਿੰਘ ਸੀ। ਅੰਮ੍ਰਿਤ ਛਕਕੇ ਤੇਜਾ ਸਿੰਘ ਰਖਿਆ, ਜੋ ਮਗਰੋਂ ਤੇਜਾ ਸਿੰਘ ਭਸੌੜੀਆਂ, ਭਸੌੜ ਨਾਨਕੀਂ ਰਹਿਣ ਕਰਕੇ ਕਿਹਾ ਜਾਣ ਲਗਾ।

ਨੌਕਰੀ:—ਘਰੋਂ ਉਪਰਾਮ ਹੋਕੇ ਪਟਿਆਲਾ ਫੌਜ ਵਿਚ ਜਾ ਭਰਤੀ ਹੋਏ। ਉਪਰੰਤ ਰੁੜਕੀ ਕਾਲਜ ਵਿਚ ਸਬ ਓਵਰਸੀਅਰੀ ਪਾਸ ਕਰਕੇ ਨਹਿਰ ਦੇ ਮਹਿਕਮਿਆਂ ਵਿਚ ਨੌਕਰੀ ਕਰਕੇ ਪੈਨਸ਼ਨ ਲੈਕੇ ਭਸੌੜ ਆ ਟਿਕੇ।

ਕੰਮ:—ਕੁਝ ਚਿਰ ਚੀਫ ਖਾਲਸਾ ਦੀਵਾਨ ਨਾਲ ਰਲਕੇ ਕੰਮ ਕੀਤਾ। ਸਿੰਘ ਸਭਾ ਭਸੌੜ ਤੇ ਪੰਚ ਖਾਲਸਾ ਦੀਵਾਨ ਦੇ ਕਈ ਸਾਲ ਸਕਤ੍ਰ ਬਣੇ ਰਹੇ। ਆਪ ਸਿੰਘ ਸਭਾ ਲਹਿਰ ਦੇ ਹਾਮੀ ਸਨ। ਆਪ ਨੇ ਰਹਿਤ ਪ੍ਰਕਾਸ਼ ਗ੍ਰੰਥ ਆਪਣੇ ਵਲੋਂ ਪ੍ਰਕਾਸ਼ ਕਰਕੇ ਜ਼ਰੂਰੀ ਨਿਯਮ ਪੇਸ਼ ਕੀਤੇ। ਆਪਨੇ ਖਾਲਸਾ ਕੁਆਰੀ ਕਾਲਜ ਭਸੌੜ ਵਿਚ ਜਾਰੀ ਕੀਤਾ।

ਰਾਗ ਮਾਲਾ ਗੁਰਬਾਣੀ ਨਾਹੀਂ ਇਸਦਾ ਖੰਡਣ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਾਧ ਘਾਟ ਕਰਕੇ ਸੈਂਚੀਆਂ ਛਪਾਈਆਂ। ਜਿਸ ਵਿਚ ਪੰਥ ਵਿਚ ਆਪ ਦੇ ਬਰਖਿਲਾਫ ਇਕ ਲਹਿਰ ਚਲ ਪਈ।

---

*ਇਤਹਾਸ ਪੰਜਾਬ ਦੀਆਂ ਲਹਿਰਾਂ ਸਫਾ ੨੫੩ ॥

Digitized by Panjab Digital Library | www.panjabdigilib.org

ਦੂਜੀ ਸ਼ਾਦੀ:—ਖਾਲਸਾ ਕੁਆਰੀ ਕਾਲਜ ਦੀ ਵਿਦਿਆਰਥਣ ਨਾਲ ਦੂਜੀ ਸ਼ਾਦੀ ਕਰਾਉਣ ਅਤੇ ਉਪਰੋਕਤ ਸੈਂਚੀਆਂ ਛਪਾਉਣ ਦੇ ਕਾਰਨ ਆਪ ਨੂੰ ਅਤੇ ਆਪ ਦੀ ਪਤਨੀ ਨਿਰੰਜਣ ਕੌਰ ਨੂੰ ਅਕਾਲ ਤਖਤ ਤੋਂ ਜਾਰੀ ਹੋਏ ਹੁਕਮ ਅਨੁਸਾਰ ਪੰਥ ਵਿਚੋਂ ਛੇਕ ਦਿਤਾ ਗਿਆ ਜਿਸਦੇ ਸਦਕਾ ਆਪ ਦੀ ਕੀਰਤੀ ਬਹੁਤ ਘਟ ਗਈ ਅਤੇ ਆਪ ਦੇ ਸਾਥੀ ਆਪ ਜੀ ਨੂੰ ਛਡ ਗਏ।

ਦਿਹਾਂਤ:—੧੪ ਭਾਦਰੋਂ ਸੰਮਤ ੧੯੯੦ ਨੂੰ ਆਪ ਜੀ ਇਸ ਸੰਸਾਰ ਤੋਂ ਚਲਦੇ ਬਣੇ।

{ਨੋਟ:— ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਹੁਕਮਨਾਮਾ}

ੴ ਵਾਹਿਗੁਰੂ ਜੀ ਕੀ ਫਤਿਹ ॥

ਸ੍ਰੀ ਅਕਾਲ ਜੀ ਸਹਾਇ

## ਹੁਕਮ ਨਾਮਾ

ਵਲੋਂ

ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ॥

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸਦੇ ਕੰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਰਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤਿ ਵਿਰੁਧ ਕਾਰਵਾਈਆਂ ਕੀਤੀਆਂ ਹਨ। ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਣ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖਤ ਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।

ਕੋਈ ਸਿਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ, ਨਾ ਅਪਣੇ ਪਾਸ ਰਖੇ, ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਜਾਂ ਹੋਰ ਜਿਸ ਕਿਸੇ ਪਾਸ ਹੋਣ ਉਹ ਸ੍ਰੀ ਅਕਾਲ ਤਖਤ ਸਾਹਿਬ ਘਲ ਦੇਣ।

੨੬ ਸਾਵਣ ਸੰਮਤ ਨਾਨਕ ਸ਼ਾਹੀ ੪੫੯
,, ,, ,, ਬਿਕਰਮੀ ੧੯੮੫
੯ ਅਗਸਤ ,, ਈਸਵੀ ੧੯੨੮

ਮੋਹਰ ਸ੍ਰੀ ਅਕਾਲ ਤਖਤ ਸਾਹਿਬ।

ਹੋਰ ਖੋਜ ਲਈ ਦੇਖੋ:— ਗੁ: ਪ੍ਰ: ਸੂ: ਸਫਾ ੧੦੬੪ ਦੀ † ਟਿਪਣੀ, ਖਾ: ਟ੍ਰੈ: ਸੁ: ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਅੰਤਿਕਾ ੨ ॥ ਗ: ਪ੍ਰ: ਸੂ: ਸਫਾ ੧੦੬੯ ਦੀ ਟਿਪਣੀ *।

ਵਲੋਂ ਦਾਸ ਅਜਮੇਰ ਸਿੰਘ ਲੋਹਗੜ।

**ਸ: ਗਹਿਲ ਸਿੰਘ ਜੀ ਤਲਵੰਡੀ ਮਲ੍ਹੀਆਂ ਤੇ ਹੋਰ ਸਿੰਘ—** ਗੁਰਮੁਖ ਪਿਆਰੇ, ਪਰਉਪਕਾਰੀ ਸ੍ਰੀਮਾਨ ਸ: ਗਹਿਲ ਸਿੰਘ ਜੀ ਸੁਰਗਵਾਸੀ ਇਕ ਉਘੀ ਪੰਥਕ ਪ੍ਰਸਿਧ ਹਸਤੀ ਹੋਏ ਹਨ। ਜਿਨਾਂ ਨੇ ਆਪਣੀ ਉਚ ਲਿਆਕਤ ਦਾ ਸਦਕਾ ਆਪਣਾ ਘਰਾਣਾ, ਪਿੰਡ ਜਾਂ ਇਲਾਕਾ ਹੀ ਉਚਾ ਨਹੀਂ ਚੁਕਿਆ ਸਗੋਂ ਸਾਰੇ ਮਾਲਵੇ ਨੂੰ ਹੀ ਉਚਾ ਚੁਕਿਆ। ਆਪ ਜੀ ਕਟੜ ਗੁਰਸਿਖ ਅਤੇ ਸਿੰਘ ਸਭੀਏ ਸਨ। ਆਪ ਵਿਹਾਰ ਸੁਧਾਰ ਅਤੇ ਸਮਾਜ ਸੁਧਾਰ ਦੇ ਪਕੇ ਹਾਮੀ ਸਨ।

Digitized by Panjab Digital Library | www.panjabdigilib.org

ਜਨਮਃ—ਆਪ ਦਾ ਜਨਮ ਸਰਦਾਰ ਖਜ਼ਾਨ ਸਿੰਘ ਦੇ ਘਰ ਮਾਤਾ ਕਾਹਨ ਕੌਰ ਦੀ ਸੁਭਾਗੀ ਕੁਖ ਤੋਂ ਪਿੰਡ ਤਲਵੰਡੀ ਮਲੀਆਂ ਤਹਿਸੀਲ ਜੀਰਾ, ਜ਼ਿਲਾ ਫੀਰੋਜ਼ਪੁਰ ਵਿਚ ੯ ਮਘਰ ਸੰਮਤ ੧੯੩੧ ਬਿ: ਨੂੰ ਸ਼ਾਮ ਦੇ ਚਾਰ ਵਜੇ ਹੋਇਆ ।

ਬਚਪਨਃ—ਆਪ ਜੀ ਮਾਪਿਆਂ ਦੇ ਇਕੋ ਇਕ ਪੁਤਰ ਸਨ ਅਤੇ ਤਿੰਨਾਂ ਭੈਣਾਂ ਦੇ ਜਨਮ ਪਿਛੋਂ ਆਪ ਦਾ ਜਨਮ ਹੋਇਆ ਸੀ । ਇਸ ਲਈ ਆਪ ਮਾਪਿਆਂ ਅਤੇ ਭੈਣਾਂ ਦੇ ਬੜੇ ਪਿਆਰੇ ਅਤੇ ਲਾਡਲੇ ਸਨ । ਪਰ ਅਫਸੋਸ ! ਜਦ ਆਪ ਦੋ ਸਾਲ ਦੇ ਹੋਏ ਤਾਂ ਆਪ ਜੀਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ।

ਵਿਦਿਆਃ—ਕੁਝ ਚਿਰ ਆਪ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਾ ਹੋ ਸਕਿਆ । ਦਾਦੀ ਨੇ ਪਾਲਣਾ ਪੋਸਣਾ ਕੀਤੀ । ਆਪ ਵਿਦਿਆ ਦੇ ਅਧਿਕ ਚਾਹਵਾਨ ਸਨ । ਆਪ ਨੂੰ ਕਿਸ਼ਨਪੁਰੇ ਸਕੂਲ ਵਿਚ ਪੜ੍ਹਨੇ ਪਾਇਆ ਗਿਆ । ੧੮੯੧ ਈ: ਵਿਚ ਪ੍ਰਾਇਮਰੀ ਪਾਸ ਕਰਕੇ ਆਪ ਨੇ ਵਜ਼ੀਫਾ ਪ੍ਰਾਪਤ ਕੀਤਾ । ੧੮੯੫ ਈ: ਵਿਚ ਮੋਗਾ ਵਰਨੈਕੂਲਰ ਸਕੂਲ ਵਿਚ ਮਿਡਲ ਪਾਸ ਕਰਕੇ ਡਿਸਟ੍ਰਕ ਬੋਰਡ ਦਾ ਵਜ਼ੀਫਾ ਹਾਸਲ ਕੀਤਾ ।

ਆਪ ਗੁਰਮਤ ਅਤੇ ਗੁਰਸਿਖੀ ਵਿਚ ਇਨੇ ਪੱਕੇ ਸਨ ਕਿ ਸਰਕਾਰੀ ਸਕੂਲ ਲੁਧਿਆਣਾ ਛਡਕੇ ਖਾਲਸਾ ਸਕੂਲ ਅੰਮ੍ਰਿਤਸਰ ਜਾ ਲਗੇ ਅਤੇ ਇਕ ਸਾਲ ਦੀ ਬਚਤ ਕਢਕੇ ਦਸਵੀਂ ਪਾਸ ਕਰ ਲਈ ਪਰ ਆਪ ਵਜ਼ੀਫਾ ਨਾ ਲੈ ਸਕੇ । ੧੮੯੯ ਵਿਚ ਪੰਜਾਬੀ ਦੀ ਉਚੀ ਵਿਦਿਆ ਪਾਸ ਕਰ ਲਈ । ਇਸ ਤਰਾਂ ਪੰਜਾਬੀ ਅਤੇ ਅੰਗਰੇਜ਼ੀ ਦੀ ਮਿਲੀ ਜੁਲੀ ਵਿਦਿਆ ਦੇ ਕਾਰਨ ਆਪ ਦੀ ਕਾਲਜ ਵਿਚ ਕਾਫੀ ਇਜ਼ਤ ਹੋਣ ਲਗ ਪਈ । ਆਪ ਨੇ ਐਫ. ਏ. ਦੀ ਤਿਆਰੀ ਕੀਤੀ ਪਰ ਅਸਫਲ ਰਹੇ ਅਤੇ ਬੇ ਆਸ ਹੋਕੇ ਕਾਲਜ ਛਡ ਦਿਤਾ ।

ਵਿਆਹਃ—ਸੰਨ ੧੮੯੪ ਦੇ ਲਗ ਪਗ ਆਪ ਦੀ ਸ਼ਾਦੀ ਸਃ ਸਰਮੁਖ ਸਿੰਘ ਜੀ ਚੂਹੜਕੇ ਪਟਿਆਲਾ ਦੀ ਲੜਕੀ ਨਾਲ ਹੋ ਗਈ ਜੋ ਬੜੀ ਹੀ ਨੇਕ ਅਤੇ ਸ਼ਾਂਤ ਸੁਭਾ ਦੀ ਸੀ ।

ਸੰਤਾਨਃ—ਆਪ ਜੀ ਦੇ ਤਿੰਨ ਸਪੁਤਰ ਸ: ਪਰਤਾਪ ਸਿੰਘ ਮੇਜਰ ਸ: ਬਲਵੰਤ ਸਿੰਘ ਕੈਪਟਨ ਸ: ਕਰਤਾਰ ਸਿੰਘ ਐਡਵੋਕੇਟ ਹੋਏ ।

ਕੰਮਃ—ਭਾਵੇਂ ਆਪ ਨੂੰ ਸ਼ਾਦੀ ਤੋਂ ਪਹਿਲਾਂ ਸਕੂਲ ਮਾਸਟਰ ਅਤੇ ਧਾਰਮਿਕ ਪਰੋਫੈਸਰ ਲਗਣ ਦਾ ਮਾਣ ਪ੍ਰਾਪਤ ਹੋ ਚੁਕਿਆ ਸੀ ਪਰ ਪੱਕੀ ਨੌਕਰੀ ਕੋਈ ਨਾ ਮਿਲੀ । ਸਿਖੀ ਦੀ ਲਗਨ ਮੁਨਸ਼ੀ ਜਵਾਹਰ ਸਿੰਘ ਜੀ ਪਾਸੋਂ ਆਪ ਨੂੰ ਲਗ ਚੁਕੀ ਸੀ । ਸੋ ਹੁਣ ਗਿਆਨੀ ਦਿਤ ਸਿੰਘ ਜੀਦੀ ਸੰਗਤ ਤੋਂ ਪ੍ਰਭਾਵਤ ਹੋਕੇ ਆਪ ਸਿੰਘ ਸਭਾ ਦੇ ਮੋਢੀਆਂ ਨਾਲ ਰਲਕੇ ਕੰਮ ਕਰਨ ਲਗੇ ।

ਕੁਝ ਚਿਰ ਪਿਛੋਂ ਆਪ ਦਾ ਮਿਲਾਪ ਐਮ. ਏ. ਮਿਕਾਲਫ ਨਾਲ ਹੋਇਆ ਜੋ ਸਿਖ ਇਤਹਾਸ ਲਿਖ ਰਹੇ ਸਨ । ਆਪ ਨੇ ਉਨਾਂ ਨਾਲ ਮਿਲਕੇ ਕੰਮ ਕੀਤਾ । ਉਹ ਆਪ ਤੇ ਬੜਾ ਪਰਸੰਨ ਹੋਇਆ ਤੇ ਆਪ ਨੂੰ ਪਟਿਆਲੇ ਲੈ ਗਿਆ ਤੇ ਉਥੇ ਨੌਕਰੀ ਪਰ ਲਾ ਦਿਤਾ ।

੧੯੦੪ ਵਿਚ ਆਪ ਰੀਜੈਨਸੀ ਕੌਂਸਲ ਦ ਪ੍ਰਧਾਨ ਦੇ ਸਕਤ੍ਰ ਬਣ ਗਏ । ੧੯੦੫ ਵਿਚ ਨਾਇਬ ਨਾਜ਼ਮ ਨੀਯਤ ਹੋਏ । ਆਪ ਨ ਪੂਰੇ ੨੮ ਸਾਲ ਪਟਿਆਲਾ ਸਰਕਾਰ ਦੇ ਮਹਿਕਮਿਆਂ ਵਿਚ ਨੌਕਰੀ ਕੀਤੀ । ੧੯੩੨ ਵਿਚ ਆਪ ਪੈਨਸ਼ਨ ਲੈਕੇ ਵਾਪਸ ਪਿੰਡ ਆ ਗਏ ।

ਸੁਭਾਃ—ਆਪ ਦਾ ਸੁਭਾ ਬੜਾ ਮਿਲਾਪੜਾ ਸੀ । ਆਪ ਉਚ ਆਚਰਨ ਦੇ ਮਾਲਕ ਸਨ । ਆਪ ਇਕ ਨਿਰਮਾਣ ਪੰਥਕ ਸੇਵਕ ਸਨ ।

Digitized by Panjab Digital Library | www.panjabdigilib.org

ਕੌਮੀ ਕੰਮਃ —ਆਪ ਨੇ ਜਿਥੇ ਆਪਣੀ ਨੌਕਰੀ ਵਿਚ ਸੋਭਾ ਪ੍ਰਾਪਤ ਕੀਤੀ ਉਥੇ ਕੌਮੀ ਕੰਮਾਂ ਵਿਚ ਵਧ ਚੜਕੇ ਹਿਸਾ ਲਿਆ। ਜਦੋਂ ਮਹਾਰਾਜਾ ਭੁਪਿੰਦਰ ਸਿੰਘ ਬਹੁਤ ਸਾਰੇ ਖਿਤਾਬ ਲੈਕੇ ਵਲੈਤੋਂ ਆਇਆ ਤਾਂ ਆਪ ਜੀ ਬੰਬਈ ਜਾ ਮਿਲੇ ਅਤੇ ਮੋਗੇ ਵਿਚ ਖਾਲਸਾ ਹਾਈ ਸਕੂਲ ਖੋਲਣ ਦੀ ਪ੍ਰਵਾਨਗੀ ਲਈ, ਇਸ ਦੀ ਪੂਰਤੀ ਲਈ ਮੋਗੇ ਦੇ ਚੌਗਿਰਦੇ ਵਿਚ ਬਹੁਤ ਪ੍ਰਾਇਮਰੀ ਸਕੂਲ ਜਾਰੀ ਕੀਤੇ ਗਏ। ਆਪ ਨੇ ਸਿੰਘ ਸਭਾ ਲਹਿਰ ਵਿਚ ਬਹੁਤ ਕੰਮ ਕੀਤਾ, ਬਹੁਤ ਕਲਮੀ ਸੇਵਾ ਕੀਤੀ। ਆਪ ਦੀਆਂ ਛਪੀਆਂ ਅਤੇ ਅਣਛਪੀਆਂ ਪੁਸਤਕਾਂ ਤੋਂ ਪਤਾ ਲਗਦਾ ਹੈ ਕਿ ਆਪ ਦੇ ਅੰਦਰ ਕਿੰਨਾ ਕੁ ਸਿਖੀ ਪਿਆਰ ਸੀ। ਆਪ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਮੋਢੀਆਂ ਵਿਚੋਂ ਸਨ, ਆਪ ਇਸ ਇਲਾਕੇ ਨੂੰ ਉੱਚਾ ਚੁਕਣ ਵਿਚ ਖਾਸ ਤਾਂਘ ਰਖਦੇ ਸਨ ਆਪ ਦਾ ਪਿਆਰ ਇਸ ਇਤਹਾਸ ਲਿਖਾਰੀ ਨਾਲ ਬਹੁਤ ਸੀ।

ਵਿਹਾਂਤਃ—ਆਪ ੭੩ ਸਾਲ ਦੀ ਆਯੂ ਅੰਦਰ ਕੁਝ ਸਮਾਂ ਬੀਮਾਰ ਰਹਿਕੇ ਕੇ ੨੬ ਦਸੰਬਰ ੧੯੪੮ ਵਿਚ ਸੁਰਗ ਵਾਸ ਹੋ ਗਏ।

**ਸਰਦਾਰ ਮੰਗਲ ਸਿੰਘ ਜੀ ਤਲਵੰਡੀ ਮਲ੍ਹੀਆਂ**—ਆਪ ਜੀ ਦਾ ਜਨਮ ਸ: ਜਵਾਹਰ ਸਿੰਘ ਦੇ ਘਰ ਤਲਵੰਡੀ ਮਲ੍ਹੀਆਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਕੰਮ:—ਜਿਸ ਵੇਲੇ ਸਿੰਘ ਸਭਾ ਲਹਿਰ ਆਰੰਭ ਹੋਈ, ਆਪ ਨੇ ਵਧ ਚੜ੍ਹਕੇ ਹਿਸਾ ਲਿਆ, ਆਮ ਲੋਕੀਂ ਵਹਿਮਾਂ ਭਰਮਾਂ ਵਿਚ ਫਸੇ ਹੋਏ ਸਨ, ਆਪ ਨੇ ਸਿੰਘ ਸਭਾ ਲਹਿਰ ਦਾ ਬਹੁਤ ਪ੍ਰਚਾਰ ਕੀਤਾ ਆਪ ਜੀ ਇਕ ਤਕੜੇ ਲੋਹੇ ਦੇ ਸੁਦਾਗਰ ਸਨ, ਆਪ ਦੀ ਦੁਕਾਨ ਲਾਇਲਪੁਰ ਵਿਚ ਸੀ, ਜਿਥੋਂ ਆਪ ਨੇ ਕਾਫੀ ਧਨ ਕਮਾਇਆ ਪਰ ਆਪ ਦੀ ਵਿਰਤੀ ਸਾਧੂਆਂ ਵਾਲੀ ਸੀ, ਆਪ ਨੇ ਸਿੰਘ ਸਭਾ ਲਹਿਰ ਦਾ ਬਹੁਤ ਪ੍ਰਚਾਰ ਕੀਤਾ ਤੇ ਆਪਣੇ ਦਸਵੰਧ ਨੂੰ ਗੁਰਮਤਿ ਦੇ ਪ੍ਰਚਾਰ ਤੇ ਖਰਚ ਕਰਦੇ, ਆਪ ਜੀ ਕਟੜ ਗੁਰਸਿੱਖ ਸਨ।

**ਮਾਸਟਰ ਅਲੋਖ ਸਿੰਘ ਜੀ ਤਲਵੰਡੀ ਮਲ੍ਹੀਆਂ**—ਜਨਮ—ਆਪ ਸ: ਸੁੰਦਰ ਸਿੰਘ ਦੇ ਘਰ ਮਾਤਾ ਜੈ ਕੌਰ ਦੇ ਉਦਰ ਤੋਂ ਪਿੰਡ ਤਲਵੰਡੀ ਮਲ੍ਹੀਆਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਪੈਦਾ ਹੋਏ।

ਬਾਲਪਣ:—ਆਪ ਦਾ ਬਾਲਪਣ ਪਿੰਡ ਵਿਚ ਲੰਘਿਆ।

ਵਿਦਿਆ:—ਛੋਟੀ ਉਮਰ ਵਿਚ ਆਪ ਨੇ ਗੁਰਮੁਖੀ ਵਿਦਿਆ ਪੜ੍ਹੀ ਮੁਢ ਤੋਂ ਹੀ ਆਪ ਜੀ ਧਾਰਮਿਕ ਰੁਚੀ ਵਾਲੇ ਸਨ।

ਉਪਰਾਮਤਾ:-ਘਰੋਗੀ ਕੰਮਾਂ ਤੋਂ ਉਪਰਾਮ ਹੋ ਕੇ ਮੁਛ ਫੁਟ ਹੁੰਦੇ ਹੀ ਫੌਜ ਵਿਚ ਜਾ ਭਰਤੀ ਹੋਏ ਤੇ ਪੈਨਸ਼ਨ ਲੈ ਕੇ ਆਏ, ਉਪਰੰਤ ਕਈ ਸਕੂਲਾਂ ਵਿਚ ਡਰਿਲ ਮਾਸਟਰ ਰਹੇ। ਤੇ ਸਾਥ ਹੀ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਆਪ ਦੀ ਦਿਲੀ ਇਛਾ ਸੀ ਕਿ ਮਾਲਵੇ ਦੇ ਇਸ ਪਛੜੇ ਇਲਾਕੇ ਨੂੰ ਵਧ ਤੋਂ ਵਧ ਉਚਾ ਕੀਤਾ ਜਾਵੇ।

ਜਿਸ ਸਮੇਂ ਗੁ: ਸਾ: ਕਿਸ਼ਨ ਪੁਰਾ ਕਲਾਂ ਵਿਚ ਦਾਸ ਦੇ ਪ੍ਰਾਰਥਨਾ ਕਰਨ ਤੇ ਗੁਰਮਤਿ ਪ੍ਰਚਾਰਕ ਸਿੰਘ ਸਭਾ ਦੀ ਨੀਂਹ ਰਖੀ, ਆਪ ਜੀ ਵੀ ਇਸ ਦੇ ਕਟੜ ਮੈਂਬਰ ਬਣ ਗਏ ਤੇ ਹੁਣ ਤੱਕ ਇਸ ਦੇ ਸਰਗਰਮ ਮੈਂਬਰ ਬਣ ਰਹੇ, ਆਪ ਦਾ ਭਾਈ ਸਾਹਿਬ ਸੁੰਦਰ ਸਿੰਘ ਜੀ ਨਾਲ ਅਤੁਟ ਪ੍ਰੇਮ

Digitized by Panjab Digital Library | www.panjabdigilib.org

ਸੀ, ਅਤੇ ਸਦਾ ਇਨ੍ਹਾਂ ਦੀ ਅਗਵਾਈ ਹੇਠ ਸੇਵਾ ਕਰਨ ਨੂੰ ਤਿਆਰ ਬਰ ਤਿਆਰ ਰਹਿੰਦੇ ਆਪ ਸੁਭਾ ਦੇ ਸਚੇ ਸੁਚੇ ਅਤੇ ਅਣਖੀਲੇ ਸਨ । ਆਪ ਦਾ ਜੀਵਨ ਇਕ ਆਦਰਸ਼ਿਕ ਜੀਵਨ ਸੀ । ਮਾਲਵੇ ਦੇ ਇਤਹਾਸ ਛਪਾਉਣ ਦੀ ਆਪ ਦੀ ਤੀਬਰ ਇਛਾ ਸੀ ਪਰ ਅਫਸੋਸ ਆਪ ਕੁਝ ਚਿਰ ਪਹਿਲੇ ਚਲਦੇ ਬਣੇ ।

ਦਿਹਾਂਤ:-ਆਪ ਜੀ ਲੰਮੀ ਚੌੜੀ ਉਮਰ ਭੋਗਦੇ ਹੋਏ ਪਿੰਡ ਤਲਵੰਡੀ ਮਲ੍ਹੀਆਂ ਵਿਚ ਪ੍ਰਲੋਕ ਗਮਨ ਕਰ ਗਏ ਅਤੇ ਪਿਛੇ ਆਪਣੀ ਮਿਠੀ ਯਾਦ ਇਕ ਪੁਤਰ ਗੁਰਬਖਸ਼ ਸਿੰਘ ਬੀਬੀਆਂ ਛਡ ਗਏ ਹਨ ।

**ਮੇਜਰ ਭਗਤ ਸਿੰਘ ਜੀ ਤਲਵੰਡੀ ਮਲ੍ਹੀਆਂ**—ਜਨਮ:-ਆਪ ਜੀ ਦਾ ਜਨਮ ਸ: ਲਹਿਣਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਭੋਲੀ ਦੀ ਕੁਖੋਂ ਪਿੰਡ ਤਲਵੰਡੀ ਮਲ੍ਹੀਆਂ (ਜ਼ਿਲਾ ਫੀਰੋਜ਼ਪੁਰ) ਵਿਚ ਹੋਇਆ ।

ਮੁਢਲੀ ਅਵਸਥਾ:-ਆਪ ਜੀ ਦਾ ਸਰੀਰ ਬਾਲਪਣ ਤੋਂ ਹੀ ਰਿਸ਼ਟ ਪੁਸ਼ਟ ਸੀ, ਆਪ ਜੀ ਨੂੰ ਮੁਢ ਤੋਂ ਹੀ ਖੇਡਣ ਅਤੇ ਘੁਲਣ ਦਾ ਖਾਸ ਸ਼ੌਕ ਸੀ ।

ਪ੍ਰਦੇਸ ਗਮਨ:-ਆਪ ਦਾ ਚਿਤ ਘਰੋਗੀ ਕੰਮਾਂ ਵਲੋਂ ਪਹਿਲਾਂ ਹੀ ਉਪਰਾਮ ਰਹਿੰਦਾ ਸੀ, ਤੇ ਸਦਾ ਹੀ ਘੁਲਣ ਖੇਡਣ ਵਲ ਲਗੇ ਰਹਿਣਾ ਤੇ ਆਪ ਦੇ ਪਿਤਾ ਦੀ ਰੁਚੀ ਖੇਤੀ ਬਾੜੀ ਦੇ ਕੰਮ ਵਿਚ ਲਾਉਣ ਦੀ ਸੀ । ਪਰ ਆਪ ਜੀ ਜੁਆਨ ਹੁੰਦੇ ਹੀ ਮਲਾਇਆ ਚਲੇ ਗਏ, ਤੇ ਉਥੇ ਐਫ. ਐਮ. ਐਸ. ਰੇਲਵੇ ਪੋਲੀਸ ਵਿਚ ਸਿਪਾਹੀ ਭਰਤੀ ਹੋ ਗਏ ਤਰੱਕੀ ਕਰਦੇ ੨ ਸਾਰਜਨ ਮੇਜਰ ਬਣ ਗਏ ।

ਉਪਕਾਰ:-ਆਪ ਜੀ ਪਹਿਲੇ ਦਿਨੋਂ ਉਤਸ਼ਾਹੀ ਅਤੇ ਉਪਕਾਰੀ ਸੁਭਾ ਰਖਦੇ ਸਨ, ਜਿਸ ਦੇ ਸਦਕਾ ਆਪ ਜੀ ਨੇ ਮਲਾਇਆ ਵਿਚ ਜਾ ਕੇ ਬੜੀ ਉਨਤੀ ਕੀਤੀ, ਆਪ ਉਥੇ ਲੋਕਾਂ ਦੇ ਹਰਮਨ ਪਿਆਰੇ ਬਣ ਗਏ, ਆਪ ਨੇ ਗੁਰਦਵਾਰਾ ਰੇਲਵੇ ਪੋਲੀਸ ਕੁਆਲਾ ਲੰਪਰ ਦੇ ਗੁਰਦਵਾਰੇ ਦੀ ਸੁੰਦਰ ਇਮਾਰਤ ਬਣਾਈ, ਗੁਰੂ ਕਲਗੀਧਰ ਦੀਵਾਨ ਮਲਾਇਆ ਵਿਚ ਵਧ ਚੜ੍ਹਕੇ ਹਿਸਾ ਲੈਂਦੇ ਰਹੇ, ਆਪ ਮਾਲਵੇ ਦੇਸ਼ ਨਾਲ ਬਹੁਤ ਪਿਆਰ ਕਰਦੇ ਸਨ, ਤੇ ਸਦਾ ਹੀ ਇਸ ਨੂੰ ਉਚ ਚਲਣ ਲਈ ਸੋਚਦੇ ਰਹਿੰਦੇ ਸਨ, ਆਪ ਗੁਰਮਤਿ ਪ੍ਰਚਾਰ ਸਿੰਘ ਸਭਾ ਦੇ ਅੰਤ੍ਰਿਗ ਕਮੇਟੀ ਦੇ ਆਦਿ ਤੋਂ ਹੁਣ ਤਕ ਮੈਂਬਰ ਚਲੇ ਆਉਂਦੇ ਸਨ । ਆਪ ਮਾਲਵਾ ਇਤਹਾਸ ਦੇ ਹਤੈਸ਼ੀ ਤੇ ਛੇਤੀ ਛਪਣ ਦੀ ਤੀਬਰ ਇਛਾ ਰਖਦੇ ਸਨ, ਪਰ ਅਫਸੋਸ ਮੌਤ ਨੇ ਮਨੋ ਕਾਮਨਾ ਪੂਰੀ ਨਾ ਹੋਣ ਦਿਤੀ ।

ਦਿਹਾਂਤ:-ਆਪ ਜੀ ਹੁਣੇ ਹੀ ਆਪਣੇ ਨਗਰ ਵਿਚ ਅਕਾਲ ਚਲਾਣਾ ਕਰ ਗਏ ।

**ਭਾਈ ਬਿਸ਼ਨ ਸਿੰਘ ਜੀ ਤਲਵੰਡੀ ਮਲ੍ਹੀਆਂ**—ਜਨਮ-ਆਪ ਜੀ ਸ: ਦੇਵਾ ਸਿੰਘ ਮਲ੍ਹੀ ਦੇ ਘਰ ਮਾਤਾ ਪ੍ਰੇਮ ਕੌਰ ਦੇ ਉਦਰ ਤੋਂ ਪਿੰਡ ਤਲਵੰਡੀ ਮਲ੍ਹੀਆਂ ਜ਼ਿਲਾ ਫੀਰੋਜ਼ਪੁਰ ਵਿਚ ਪੈਦਾ ਹੋਏ, ਆਪ ਜੀ ਭਾਈ ਸੁੰਦਰ ਸਿੰਘ ਜੀ ਦੇ ਚਚੇਰੇ ਭਾਈ ਹਨ, ਤੇ ਦੋਹਾਂ ਭਰਾਵਾਂ ਦਾ ਉਚਾ ਸੁਚਾ ਪਿਆਰ ਹੈ, ਜੋ ਇਸ ਕਲਜੁਗੀ ਕਾਲ ਵਿਚ ਹੈਰਾਨ ਕਰ ਦੇਣ ਵਾਲੀ ਗਲ ਹੈ, ਆਪ ਦੋਹਾਂ ਦਾ ਅਤੁਟ ਪਿਆਰ ਹੈ ।

ਮਲਾਇਆ ਦੀ ਯਾਤਰਾ:-ਆਪ ਜੀ ਜੁਆਨ ਅਵਸਥਾ ਵਿਚ ਆਪਣੇ ਭਾਈ ਸ: ਸੁੰਦਰ ਸਿੰਘ ਕੋਲ ਮਲਾਇਆ ਚਲੇ ਗਏ, ਤੇ ਉਥੇ ਉਨ੍ਹਾਂ ਦੇ ਪਾਸ ਹੀ ਆਪਣਾ ਘਰੋਗੀ ਕਾਰ ਵਿਹਾਰ ਕਰਦ

Digitized by Panjab Digital Library | www.panjabdigilib.org

ਰਹੇ, ਆਪ ਚੁਪ ਰਹਿ ਕੇ ਸੇਵਾ ਕਰਨ ਦੇ ਆਦੀ ਹਨ, ਤੇ ਸਦਾ ਆਪਣੇ ਆਪ ਨੂੰ ਲੁਕੋਕੇ ਰਖਦੇ ਹਨ, ਅਤੇ ਭਾਈ ਸੁੰਦਰ ਸਿੰਘ ਜੀ ਨਾਲ ਹਰ ਇਕ ਪਰਉਪਕਾਰ ਵਿਚ ਮਗਰ ਹੋ ਕੇ ਕਰਦੇ ਹਨ ।

ਸੁਭਾ:—ਆਪ ਦਾ ਸੁਭਾ ਸ਼ੀਲ. ਮਿਲਾਪੜਾ ਅਤੇ ਹਸਾਉਣਾ ਹੈ ਆਪ ਸਦਾ ਖਿੜੇ ਫੁਲ ਵਾਂਗ ਖਿੜੇ ਰਹਿੰਦੇ ਹਨ, ਆਪ ਦਾ ਸੁਭਾ ਬਹੁਤ ਹੀ ਮਿਲਨ ਸਾਰ ਹੈ, ਆਪ ਉਚ ਆਚਰਣ ਦੇ ਮਾਲਕ ਹਨ ਗੁਰੂ ਘਰ ਦੀ ਸੇਵਾਂ ਬੜੇ ਪ੍ਰੇਮ ਨਾਲ ਕਰਦੇ ਹਨ ।

ਆਪ ਜੀ ਹੁਣ ਆਪਣੇ ਨਗਰ ਵਿਚ ਹੀ ਟਿਕਦੇ ਹਨ, ਅਧੱਕ ਕਰਕੇ ਕਪੜੇ ਦਾ ਬਿਉਪਾਰ ਕਰਦੇ ਹਨ, ਆਪ ਜੀ ਗੁ: ਪ੍ਰ: ਸਿੰਘ ਸਭਾ ਅਤੇ ਇਤਹਾਸ ਕਮੇਟੀ ਮਾਲਵਾ ਦੇ ਅੰਤ੍ਰਿਗ ਮੈਂਬਰ ਹਨ । ਦੂਰ ਅੰ. ਸ਼ ਮਿਠ ਰਸ ਭਰੇ ਬਚਨਾ ਨਾਲ ਦੂਜੇ ਦੇ ਤਪੇ ਦਿਲ ਨੂੰ ਸ਼ਾਂਤ ਕਰ ਦਿੰਦੇ ਹਨ ।

**ਭਾਈ ਸੁੰਦਰ ਸਿੰਘ ਜੀ ਤਲਵੰਡੀ ਮੱਲ੍ਹੀਆਂ—** ਜਨਮ:—ਆਪ ਸ: ਅਤਰ ਸਿੰਘ ਜੀ ਦੇ ਘਰ ਮਾਤਾ ਧਰਮ ਕੌਰ ਦੀ ਕੁਖੋਂ ਪਿੰਡ ਤਲਵੰਡੀ ਮੱਲ੍ਹੀਆਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਪੈਦਾ ਹੋਏ ।

ਬਚਪਨ : ਆਪ ਜੀ ਦੀ ਮੁਢਲੀ ਅਵਸਥਾ ਆਪਣੇ ਮਾਪਿਆਂ ਦੀ ਪਿਆਰੀ ਗੋਦ ਵਿਚ ਲੰਘੀ ।

ਵਿਦਿਆ : ਛੋਟੀ ਉਮਰ ਵਿਚ ਹੀ ਆਪ ਗੁਰਮੁਖੀ ਅਖਰਾਂ ਤੋਂ ਜਾਣੂ ਹੋ ਗਏ ਸਨ, ਆਪ ਜੀ ਦੇ ਪਿਤਾ ਆਪ ਜੀ ਨੂੰ ਘਰੋਗੀ ਕੰਮਾਂ ਵਿਚ ਪ੍ਰਵਿਰਤ ਕਰਨਾ ਚਾਹੁੰਦੇ ਸਨ, ਪਰ ਆਪ ਦੀ ਰੁਚੀ ਸੈਲਾਨੀ ਸੀ, ਸੋ ਘਰੋਂ ਉਪ੍ਰਾਮ ਹੋ ਕੇ ਮਲਾਇਆ ਨੂੰ ਚਲੇ ਗਏ ।

ਕਾਰ ਵਿਹਾਰ : ਆਪ ਨੇ ਮਲਾਇਆ ਵਿਚ ਜਾ ਕੇ ਨੌਕਰੀ ਆਦਿ ਕਰਨ ਨਾਲੋਂ ਨਿਜੀ ਵਿਹਾਰ ਕਰਨਾ ਚੰਗਾ ਜਾਣਿਆ, ਅਤੇ ਦੁਕਾਨ ਖੋਲ੍ਹ ਲਈ, ਆਪ ਨੇ ਦੁਕਾਨਦਾਰੀ ਵਿਚ ਬੜੀ ਇਮਾਨਦਾਰੀ ਦਿਖਾਈ, ਜਿਸ ਕਰਕੇ ਆਪ ਦੀ ਦੁਕਾਨ ਬਹੁਤ ਚਲ ਪਈ, ਅਤੇ ਆਪ ਜੀ ਦੀ ਪ੍ਰਸਿਧੀ ਦੂਰ ਤੱਕ ਹੋ ਗਈ ।

ਉਪਕਾਰ : ਆਪ ਜੀ ਨੂੰ ਗੁਰੂ ਘਰ ਦੀ ਸੇਵਾ ਕਰਨ ਦਾ ਮੁਢ ਤੋਂ ਹੀ ਸ਼ੌਕ ਸੀ, ਸੋ ਪਰ ਸ਼ਹਿਰ ਵਿਚ ਸਰਕਾਰ ਪਾਸੋਂ ਜ਼ਮੀਨ ਮੁਲ ਲੈ ਕੇ ਸੁੰਦਰ ਗੁਰਦੁਆਰਾ ਬਣਾਇਆ, ਆਪ ਕਈ ਸਾਲ ਗੁ: ਕੰਮਪਰ ਦੀ ਕਮੇਟੀ ਦੇ ਪ੍ਰਧਾਨ ਰਹੇ ।

ਦੇਸ ਫੇਰੀ : ਕਾਫੀ ਚਿਰ ਪਿਛੋਂ ਆਪ ਜੀ ਆਪਣੇ ਨਗਰ ਆਏ ਤੇ ਇਥੇ ਪਿੰਡ ਵਿਚ ਗੁ: ਸਾ: ਬਣਾਉਣ ਦਾ ਉਦਮ ਅਰੰਭਿਆ । ਜਿਸ ਦੀ ਉਗਰਾਹੀ ਲਈ ਫਿਰ ਮਲਾਇਆ ਨੂੰ ਗਏ ਤੇ ਬਹੁਤ ਸਾਰੀ ਮਾਇਆ ਲਿਆ ਕੇ ਈਮਾਨਦਾਰੀ ਨਾਲ ਸਾਰੀ ਮਾਇਆ ਗੁਰਦੁਆਰੇ ਦੀ ਇਮਾਰਤ ਤੇ ਲਾਈ ਤੇ ਸ਼ਾਨਦਾਰ ਇਮਾਰਤ ਤਿਆਰ ਕੀਤੀ, ਆਪ ਨੇ ਆਪਣੇ ਨਗਰ ਲੜਕੇ ਲੜਕੀਆਂ ਦੇ ਪ੍ਰਾਇਮਰੀ ਸਕੂਲ ਜਾਰੀ ਕਰਾਏ ।

ਆਚਰਨ : ਆਪ ਦਾ ਆਚਰਣ ਬੜਾ ਚੰਗਾ ਹੈ, ਪੂਰਨ ਗੁਰਸਿਖ ਤੇ ਨਿਤਨੇਮੀ ਹੋਣ ਤੋਂ ਬਿਨਾਂ ਆਪ ਦਾ ਸੁਭਾਓ ਹੈ ਕਿ ਆਪ ਕਿਸੇ ਦੇ ਘਰੋਂ ਪ੍ਰਸ਼ਾਦ ਨਹੀਂ ਛਕਦੇ, ਹਥੀਂ ਕੀਤੀ ਕ੍ਰਿਤ ਪਰ ਭਰੋਸਾ ਹੈ । ਆਪ ਦੇ ਅੰਦਰ ਸਿਖੀ ਪਿਆਰ ਕੁਟ ਕੁਟ ਕੇ ਭਰਿਆ ਪਿਆ ਹੈ ।

ਆਪ ਜੀ ਗੁ: ਪ੍ਰ: ਸਿੰਘ ਸਭਾ ਦੇ ਮੋਢੀਆਂ ਵਿਚੋਂ ਹਨ । ਮਾਲਵਾ ਇਤਹਾਸ ਛਪੌਣ ਨਾਲ ਆਪ ਦਾ ਅਤੁਟ ਪ੍ਰੇਮ ਹੈ । ਆਪ ਜੀ ਇਸ ਵੇਲੇ ਬਿਰਧ ਅਵਸਥਾ ਵਿਚ ਹੋਣ ਕਰਕੇ ਵਧੇਰੇ

Digitized by Panjab Digital Library | www.panjabdigilib.org

ਸਮਾਂ ਪਿੰਡ ਵਿਚ ਹੀ ਟਿਕਦੇ ਹਨ। ਪਿੰਡ ਵਿਚ ਆਪ ਦਾ ਕਾਫੀ ਆਦਰ ਸਤਿਕਾਰ ਹੈ। ਬਚਿਆਂ ਜਵਾਨਾਂ ਤੇ ਬੁਢਿਆਂ ਨਾਲ ਆਪ ਦੇ ਇਕੋ ਜਿਹਾ ਪ੍ਰੇਮ ਹੈ। ਐਸੇ ਗੁਰਮਖਾਂ ਦੇ ਹੌਂਸਲੇ ਤੇ ਦਾਸ ਵਡੇ ਕੰਮ ਅਰੰਭ ਲੈਂਦਾ ਹੈ।

**ਪਾਲ ਸਿੰਘ ਪੰਛੀ:—** ਆਪ ਦਾ ਜਨਮ ਤਲਵੰਡੀ ਮਾਲੀਆਂ ਸ: ਪੂਰਨ ਸਿੰਘ ਦੇ ਘਰ ਮਾਤਾ ਆਸ ਕੌਰ ਦੀ ਕੁਖੋਂ ਤਸੀਲ ਜੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ।

ਬਾਲਪਣ ਅਵਸਥਾ ਆਪ ਪਿੰਡ ਦੇ ਮੁੰਡਿਆਂ ਨਾਲ ਬਤੀਤ ਕਰਦੇ ਸਤਵੇਂ ਸਾਲ ਵਿਚ ਪੈਰ ਧਰਿਆ। ਆਪ ਦੇ ਸੁਘੜ ਸਿਆਣੇ ਪਿਤਾ ਵਲੋਂ ੧੯੨੨ ਈ: ਨੂੰ ਪਿੰਡ ਦੇ ਡੇਰੇ ਪੜਣ ਵਾਸਤੇ ਬਠਾ-ਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਤੋਂ ਬਾਦ ਆਪ ਜੀ ਨੂੰ ਸਕੂਲ ਕੋਕਰੀ ਵਿਖੇ ਦਾਖਲ ਕਰਾਇਆ ਗਿਆ ਜਿਥੇ ਆਪ ਜੀ ਨੇ ਚਾਉ ਤੇ ਉਮਾਹ ਨਾਲ ਵਿਦਿਆ ਹਾਸਲ ਕਰਦੇ ਨੂੰ ਕਵੀ-ਸ਼ਰੀ ਕਰਨ ਦਾ ਉਤਸ਼ਾਹ ਪੈਦਾ ਹੋਇਆ।

ਆਪ ਦੀਆਂ ਰਚੀਆਂ ਰਚਨਾਂ 'ਪੰਛੀ ਪੈਲਾਂ' ਤੇ 'ਗਵਾਚੀਆਂ ਖੁਸ਼ੀਆਂ' ਦੋ ਕਿਤਾਬਾਂ ਛਪ ਚੁਕੀਆਂ ਹਨ।

ਆਪ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਦੇ ਮੋਢੀਆਂ ਅਤੇ ਗੁਰਮਤ ਖੋਜੀ ਪੰਜਾਬ ਪਰਾਂਤ ਵਿਚੋਂ ਆਪ ਚੋਟੀ ਦੇ ਕਵੀਸ਼ਰ ਢਾਢੀ ਹਨ ਜਿਸ ਕਰਕੇ ਆਪ ਦਾ ਨਾਂ ਪੰਜਾਬ ਦੇ ਬਚੇ ਬਚੇ ਦੀ ਰਸਨਾ ਤੇ ਅਤੇ ਪ੍ਰਦੇਸ ਵਾਸੀ ਰੀਕਾਡਾਂ ਦੁਆਰਾ ਜੋਸ਼ੀਲੇ ਤੇ ਭੜਕੀਲੇ ਪਰਸੰਗ ਸੁਣ ਕਰਕੇ ਯਾਦ ਕਰਦੇ ਹਨ।

ਕੁਰਬਾਨੀ:— ਸ਼ਰੋਮਣੀ ਅਕਾਲੀ ਦਲ ਵਲੋਂ ਜਦ ਵੀ ਕੋਈ ਮੋਰਚਾ ਲਗਾ ਹੋਵੇ ਆਪ ਜੀ ਸਦਾ ਹੀ ਪੰਥ ਦੀ ਤਨ ਮਨ ਦੁਆਰਾ ਸੇਵਾ ਕਰਦੇ ਕਈ ਦਫਾ ਜੇਹਲ ਯਾਤਰਾ ਕਰ ਆਏ ਹਨ।

ਸੁਭਾਓ:— ਦੂਰ ਅੰਦੇਸ਼ੀ ਮਿਠ ਬੋਲੇ ਹਰ ਮਨ ਪਿਆਰੇ ਗਹਿਰ ਗੰਭੀਰ ਸੁਭਾ ਦੇ ਮਾਲਕ ਹਨ।

**ਠੁਲਾ ਹਿੰਘ ਲਹਿਰਾ ਮੁਹਬੱਤ :—** ਸ: ਠੁਲਾ ਸਿੰਘ ਆਪ ਜੀ ਦਾ ਜਨਮ ਪਿੰਡ ਲਹਿਰਾ ਮੁਹਬਤ ਸ: ਉਦੇ ਸਿੰਘ ਦੇ ਘਰ ਹੋਇਆ। ਆਪ ਧਰਮ ਦੀ ਕਿਰਤ ਕਰਕੇ ਵੰਡ ਛਕਣ ਵਾਲੇ ਤੇ ਸਿਖ ਪ੍ਰਚਾਰ ਦੀ ਲਗਨ ਰਖਣ ਵਾਲੇ ਸਜਨ ਸਨ। ਸਾਧਾਰਨ ਜ਼ਿਮੀਦਾਰ ਹੁੰਦਿਆਂ ਹੋਇਆਂ ਭੀ ਆਪ ਦੇ ਗੁਣਾਂ ਦਾ ਸਦਕਾ ਨਾਭਾ ਪਟਿਆਲਾ ਦੇ ਮਹਾਂਰਾਜੇ ਆਪ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ ਅਤੇ ਜਦ ਨਾਭੇ ਪਟਿਆਲੇ ਦਾ ਝਗੜਾ ਅਰੰਭ ਹੋਇਆ ਤਾਂ ਆਪ ਜੀ ਨੇ ਬਾਹੀਏ ਦੀਆਂ ਪੰਚਾ-ਇਤਾਂ ਲੈ ਜਾਕੇ ਉਸਨੂੰ ਨਬੇੜਨ ਦਾ ਬਹੁਤ ਜਤਨ ਕੀਤਾ। ਆਪ ਦੇਸ ਤੇ ਕੌਮ ਦੇ ਸਚੇ ਸੇਵਕ, ਨਾਮ ਅਭਿਆਸੀ ਤੇ ਮਾਲਵੇ ਦੇ ਗੁਝੇ ਹੀਰੇ ਸਨ। ਸਿੰਘ ਸਭਾ ਦੇ ਪੂਰੇ ਹਮਾਇਤੀ ਤੇ ਕਾਰਕੁਨ ਸਨ।

## ਜਨੇਤਪੁਰਾ ਵਿਖੇ ਸਿਘ ਸਭਾ ਦਾ ਅਰੰਭਕ ਅਸਥਾਨ

ਸ੍ਰੀਮਾਨ ਸੰਤ ਬ੍ਰਹਮ ਪਰਕਾਸ਼ ਜੀ ਸ੍ਰੀ ਸੰਤ ਹੀਰਾ ਦਾਸ ਜੀ ਆਦਿ ਨੇ ਸਿੰਘ ਸਭਾ ਦਾ ਪਰਚਾਰ ਬੜੇ ਜ਼ੋਰ ਸ਼ੋਰ ਅਤੇ ਪੂਰੇ ਨਿਧੜਕ ਹੋਕੇ ਕਰਨ ਤੇ ਇਲਾਕਾ ਜਨੇਤਪੁਰਾ ਦੇ ਨੇੜ ਤੇੜ ਦੇ ਪਿੰਡਾਂ ਵਿਚ ਸਿੰਘ ਸਭਾ ਲਹਿਰ ਚਲਣ ਦੇ ਨਾਲ ਹੀ ਅੰਮ੍ਰਿਤ ਪਰਚਾਰ ਦਾ ਪਰਵਾਹ ਚਲਣ ਦੇ ਕਾਰਨ ਬਰਾਹਮਣਾਂ ਨੂੰ ਪੇਟ ਪੀੜਾ ਅਤੇ ਜਜਮਾਨ ਇਹਨਾਂ ਤੋਂ ਛੁਟਕਾਰਾ ਪਾਕੇ ਸੁਖ ਦਾ ਸਾਹ ਲੈਣ ਲਗੇ। ਏਸੇ ਹੀ ਦੌਰਾਨ ਵਿਚ ਸ੍ਰੀ ਸੰਤ ਸੰਤੋਖ ਸਿੰਘ ਜੀ ਨੇ ਪੂਰਨ ਰਹਿਤ ਮੁਯਾਦਾ ਦ੍ਰਿੜ ਕਰਾਉਣ ਦਾ ਉਪਕਾਰ ਔਰ ਅੰਮ੍ਰਿਤ ਮਈ ਗੁਰਬਾਣੀ ਦੀ ਕਥਾ ਦਾ ਪਰਵਾਹ ਸ੍ਰੀ ਸੰਤ ਗਿਆਨੀ ਸੁੰਦਰ ਸਿੰਘ ਜੀ ਅਤੇ ਕੀਰਤਨ ਦੀਆਂ

Digitized by Panjab Digital Library | www.panjabdigilib.org

ਲਹਿਰਾਂ ਸ੍ਰੀ ਸੰਤ ਸ਼ੇਰ ਸਿੰਘ ਜੀ ਆਦਿ ਦੇ ਚਲੌਣ ਤੇ ਹੇਠ ਲਿਖੇ ਨਗਰਾਂ ਦੇ ਸਿੰਘ ਸਾਹਿਬ ਦੇ ਜਥੇ-ਬੰਦ ਹੋਕੇ ਅਨਮਤੀਆਂ ਦਾ ਮੁਕਾਬਲਾ ਕਰਨ ਵਿਚ ਤਤਪਰ ਹੋਕੇ ਲਗੇ।

**ਜਨੇਤਪੁਰਾ**:..... ਨਿਧਾਨ ਸਿੰਘ ਸ਼ੇਰ ਸਿੰਘ ਹਾਕਮ ਸਿੰਘ ਮੋਹਣ ਸਿੰਘ ਹੌਲਦਾਰ ਗੁਰਦਿਤ ਸਿੰਘ ਬੇਲਾ ਸਿੰਘ ਕੇਹਰ ਸਿੰਘ ਅਤਰ ਸਿੰਘ ਖੇਮ ਸਿੰਘ ਸਰਦਾਰਾ ਸਿੰਘ ਨਰੈਣ ਸਿੰਘ ਹੀਰਾ ਸਿੰਘ ਮੇਂਹਗਾ ਸਿੰਘ ਸੁੰਦਰ ਸਿੰਘ ਟੇਕ ਸਿੰਘ ਅਮਰੀਕ ਸਿੰਘ ਕਾਲਾ ਸਿੰਘ ਬੂਟਾ ਸਿੰਘ ਵਰਿਆਮ ਸਿੰਘ ਖੁਸ਼ਹਾਲ ਸਿੰਘ ਬਦਨ ਸਿੰਘ ਮਖਣ ਸਿੰਘ ਰਾਮ ਸਿੰਘ ਸੇਵਾ ਸਿੰਘ ਚੰਦਾ ਸਿੰਘ ਵਸਾਵਾ ਸਿੰਘ ਗਜਣ ਸਿੰਘ ਸਜਣ ਸਿੰਘ ਤਾਰਾ ਸਿੰਘ ਦਲ ਸਿੰਘ ਦਲੇਲ ਸਿੰਘ ਸਦਾ ਸਿੰਘ ਦਸੌਂਧਾ ਸਿੰਘ ਲੈਹਣਾ ਸਿੰਘ ਨਿਹਾਲ ਸਿੰਘ।

ਅਬੂਪੁਰਾ ਦੇ ਸਿੰਘ:— ਗੁਰਦਿਤ ਸਿੰਘ ਪਟੂ, ਲੀਕਲ ਸਿੰਘ, ਈਸ਼ਰ ਸਿੰਘ, ਸੰਤ ਸਿੰਘ ਨਿਹੰਗ ਖੇਮ ਸਿੰਘ ਜੀ, ਅਣੋਖ ਸਿੰਘ, ਹਕੀਮ ਸਰਦਾਰਾ ਸਿੰਘ, ਦਯਾ ਸਿੰਘ, ਤੇਜਾ ਸਿੰਘ ਸੋਭਾ ਸਿੰਘ।

ਗਿਦੜਵਿੰਡੀ ਦੇ ਸਿੰਘ:— ਫੁਮਣ ਸਿੰਘ, ਸੁੰਦਰ ਸਿੰਘ, ਗਜਣ ਸਿੰਘ, ਤਰਲੋਕ ਸਿੰਘ ਗਿਆਨ ਸਿੰਘ, ਲਾਭ ਸਿੰਘ, ਪੂਰਨ ਸਿੰਘ, ਇੰਦਰ ਸਿੰਘ, ਕੇਹਰ ਸਿੰਘ, ਸੋਹਣ ਸਿੰਘ, ਲਹੌਰਾ ਸਿੰਘ ਚੰਦਾ ਸਿੰਘ।

ਮਨਸੀਹਾਂ ਬਾਜਨ ਦੇ ਸਿੰਘ:— ਬਾਬਾ ਸੁਧ ਸਿੰਘ, ਗੁਰਮੁਖ ਸਿੰਘ, ਸੁੰਦਰ ਸਿੰਘ, ਸ: ਕਰਤਾਰ ਸਿੰਘ ਐਡਵੋਕੇਟ, ਸ: ਅਵਤਾਰ ਸਿੰਘ ਵਕੀਲ, ਸ: ਗਜਣ ਸਿੰਘ, ਸ: ਨੰਦ ਸਿੰਘ, ਸ: ਸਰਦਾਰਾ ਸਿੰਘ, ਸ: ਹਜ਼ਾਰਾ ਸਿੰਘ ਆਦਿ।

ਸੋਢੀ ਵਾਲ ਦੇ ਸਿੰਘ:— ਸੋਹਣ ਸਿੰਘ, ਮੇਵਾ ਸਿੰਘ, ਸ: ਮਹਿੰਗਾ ਸਿੰਘ, ਪੂਰਨ ਸਿੰਘ, ਲਾਭ ਸਿੰਘ, ਬੰਤਾ ਸਿੰਘ, ਸਰਦਾਰਾ ਸਿੰਘ, ਹੌਲਦਾਰ ਵਰਿਆਮ ਸਿੰਘ।

ਬਗਸੀ ਪੁਰਾ ਦੇ ਸਿੰਘ:— ਭਾਈ ਮਾਘ ਸਿੰਘ, ਈਸ਼ਰ ਸਿੰਘ, ਹਰਨਾਮ ਸਿੰਘ ਨੰਬਰਦਾਰ, ਤੇ ਹਰਨਾਮ ਸਿੰਘ ਅਕਾਲੀ।

ਸਵਰ ਪੁਰਾ ਦੇ ਸਿੰਘ: - ਨਘਾਈਆ ਸਿੰਘ, ਰਾਮ ਦਿਤਾ ਸਿੰਘ ਅਤੇ ਜਗਤ ਸਿੰਘ।

ਜੰਡੀ ਦੇ ਸਿੰਘ:— ਭਾਈ ਜੁਗਿੰਦਰ ਸਿੰਘ, ਦੁਲਾ ਸਿੰਘ, ਹਰਨਾਮ ਸਿੰਘ, ਕਾਲਾ ਸਿੰਘ, ਨੱਥਾ ਸਿੰਘ, ਇੰਦਰ ਸਿੰਘ, ਈਸ਼ਰ ਸਿੰਘ, ਕੇਹਰ ਸਿੰਘ, ਅਜਾਇਬ ਸਿੰਘ ਫਤਹਿ ਸਿੰਘ, ਨੰਦ ਸਿੰਘ ਬਾਰਾ ਸਿੰਘ, ਸੁਚਾ ਸਿੰਘ, ਹਰਦਿਤ ਸਿੰਘ ਐਡਵੋਕੇਟ, ਪਰਧਾਨ ਸਿੰਘ ਸਬ ਉਵਰਸੀਅਰ ਆਦਿ।

ਸਿਧਵਾਂ ਬੇਟ ਦੇ ਸਿੰਘ ਸਭੀਏ:— ਨੰਬਰਦਾਰ ਨਥਾ ਸਿੰਘ, ਨੰਬਰਦਾਰ ਮਹਾਂ ਸਿੰਘ, ਬਾਬੂ ਸਿੰਘ ਧਿਆਨ ਸਿੰਘ ਡਾਕਟਰ ਦਯਾ ਸਿੰਘ ਡਾਕਟਰ ਕੇਹਰ ਸਿੰਘ ਅਕਾਲੀ ਨਿਰੰਜਣ ਸਿੰਘ ਮਘਰ ਸਿੰਘ ਮਿਸਤਰੀ ਮੇਂਹਗਾ ਸਿੰਘ ਮਿਸਤਰੀ ਸ: ਨਥਾ ਸਿੰਘ ਜਗਤ ਸਿੰਘ ਅਕਾਲੀ ਨੰ: ਜੈਮਲ ਸਿੰਘ ਅਕਾਲੀ ਮਹਿੰਦਰ ਸਿੰਘ ਸਜਣ ਸਿੰਘ ਪਟਵਾਰੀ ਹਰਨਾਮ ਸਿੰਘ ਪੰਨੂੰ ਗੁਜਰ ਸਿੰਘ ਅਤੇ ਸ਼ੇਰ ਸਿੰਘ ਆਦਿ।

**ਦਿਤ ਸਿੰਘ ਜੀ ਗਿਆਨੀ**—ਗਿਆਨੀ ਦਿਤ ਸਿੰਘ ਜੀ ਉਸ ਸਮੇਂ ਮੈਦਾਨ ਵਿਚ ਆਏ ਜਦੋਂ ਸਿੱਖ ਕੌਮ ਰਾਜਭਾਗ ਗੁਆਕੇ ਅਨਮਤੀਆਂ ਦੇ ਢਾਏ ਚੜ੍ਹਕੇ ਅਪਣੇ ਧਰਮ ਨੂੰ ਵੀ ਤਲਾਂਜਲੀ ਦੇ ਰਹੀ ਸੀ। ਅਤੇ ਸਿੱਖੀ ਆਨਸ਼ਾਨ ਮਿੱਟੀ ਵਿਚ ਮਿਲ ਰਹੀ ਸੀ। "ਜਨਨੀ ਜਨੇ ਤਾ ਭਗਤ ਜਨ

Digitized by Panjab Digital Library | www.panjabdigilib.org

ਕੇ ਦਾਤਾ ਕੈਸੂਰ" ਇਸ ਕਲਮ ਦੇ ਧਨੀ ਸੂਰਮੇ ਨੇ ਆਪਣੀ ਕਲਮੀ ਤਲਵਾਰ ਨਾਲ ਅਨਮਤੀਆਂ ਦੇ ਉਹ ਆਹੂ ਲਾਹੇ ਕਿ ਆਪ ਦੇ ਸਾਹਮਣੇ ਕਿਸੇ ਨੂੰ ਆਉਣ ਦਾ ਹੀਆ ਨਾ ਪਵੇ। ਘੂਕ ਸੁਤੀ ਸਿੱਖ ਕੌਮ ਨੂੰ ਹਲੂਣਾ ਦੇਕੇ ਜਗਾਇਆ। ਆਪ ਨੂੰ ਸਿੱਖ ਸਭਾ ਲਹਿਰ ਦਾ ਮੋਢੀ ਕਹਿਣਾ, ਆਪ ਨਾਲ ਪੂਰਾ ਪੂਰਾ ਇਨਸਾਫ ਕਰਨਾ ਹੈ।

ਜਨਮ—ਆਪ ਜੀ ਦਾ ਜਨਮ ੧੮੫੩ ਈ: ਪਿੰਡ ਕਲੌੜ ਤਹਿਸੀਲ ਬਸੀ ਰਾਜ ਪਟਿਆਲ ਵਿਚ ਸਰਦਾਰ ਦੀਵਾਨ ਸਿੰਘ ਰਵਦਾਸੀਏ ਦੇ ਘਰ ਹੋਇਆ।

ਬਾਲਪਣ—ਆਪ ਦੀ ਮੁਢਲੀ ਉਮਰ ਪਿੰਡ ਵਿਚ ਖੇਡਦਿਆਂ ਹੀ ਲੰਘੀ। ਆਪ ਛੋਟੇ ਹੁੰਦੇ ਹੀ ਕੁਝ ਨਿਆਰੇ ਖਿਆਲ ਦੇ ਸੀ। ਅਤੇ ਆਪ ਦੀ ਬੁਧੀ ਪਹਿਲੇ ਦਿਨੋ ਤੀਖਣ ਸੀ।

ਵਿਦਿਆ—ਆਪ ਜੀ ਘਰੋਗੀ ਕੰਮ ਤੋਂ ਉਪਰਾਮ ਹੋਕੇ ਵਿਦਿਆ ਪ੍ਰਾਪਤ ਲਈ ਘਰੋਂ ਨਿਕਲ ਤੁਰੇ ਤੇ ਮੁਢਲੀ ਵਿਦਿਆ ਸੰਤ ਗੁਰਬਖਸ਼ ਸਿੰਘ ਪਾਸੋਂ ਪੜੀ। ਫਿਰ ਆਪ ਜੀ ਚਠਿਆਂ ਖਾਲ ਜ਼ਿਲਾ ਲਾਹੌਰ ਗੁਲਾਬ ਦਾਸੀਆਂ ਦੇ ਡੇਰੇ ਰਹੇ, ਤੇ ਉਥੇ ਤਰਕ ਵਾਦੀ ਦੇ ਬਹੁਤ ਗ੍ਰੰਥ ਪੜੇ।

ਅੰਮ੍ਰਿਤਪਾਨ—ਆਪ ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਸਿੱਖੀ ਪ੍ਰਚਾਰ ਦਾ ਕੰਮ ਅਰੰਭਿਆ। ਸਿੰਘ ਸਭਾ ਦੀ ਨੀਂਹ ਰਖਣ ਵਾਲਿਆਂ ਮੋਢੀਆਂ ਵਿਚੋਂ ਆਪ ਇਕ ਹਨ। ਸਿੰਘ ਸਭਾ ਦਾ ਪ੍ਰਚਾਰ ਕਰਨ ਅਰੰਭ ਦਿਤਾ। ਗਿਆਨੀ ਜੀ ਨੇ ਦਯਾ ਨੰਦ ਵਰਗੇ ਤਰਕਵਾਦੀ ਪੰਡਤਾਂ ਨਾਲ ਤਿੰਨ ਵਾਰ ਸ਼ਾਸਤ੍ਰ ਅਰਥ ਕਰੇ ਉਸ ਨੂੰ ਹਾਰ ਦਿਤੀ।

ਕਲਮੀ ਸੇਵਾ—ਆਪ ਦੀ ਕਲਮੀ ਸੇਵਾ ਇਕ ਅਦੁਤੀ ਸੇਵਾ ਹੈ। ਜਿਥੇ ਆਪ ਸਟੇਜ ਦੇ ਚੰਗੇ ਬਕੱਤਾ ਸਨ। ਉਥੇ ਆਪ ਕਲਮ ਦੇ ਮਾਅਰਕੇ ਦੇ ਲਿਖਾਰੀ ਸਨ। ੧੮੮੬ ਵਿਚ ਲਾਹੌਰ ਤੋਂ ਖਾਲਸਾ ਅਖਬਾਰ ਚਲਾਈ। ਆਪ ਦੀ ਵਾਰਤਕ ਤੇ ਕਵਿਤਾ ਅਤੀ ਸਾਦੀ ਪਰ ਬਹੁਤ ਜ਼ੋਰਦਾਰ ਹੁੰਦੀ ਸੀ। ਦਲੀਲ ਬਾਜ਼ੀ ਅਤੇ ਇਕ ਦਿਮਾਗੀ ਟੂਕਾ ਤੇ ਦਲੇਰੀ ਭਰਪੂਰ ਇਹ ਆਪਦੀ ਰਚਨਾ ਦੇ ਖਾਸ ਗੁਣ ਸਨ। ਆਪ ਜੀ ਓਰੀਐਂਟਲ ਕਾਲਜ ਲਾਹੌਰ ਵਿਚ ਕਈ ਸਾਲ ਪ੍ਰੋਫੈਸਰ ਲਗੇ ਰਹੇ। ਖਾਲਸਾ ਅਖਵਾਰ ਦੇ ਐਡੀਟਰ ਰਹੇ, ਤੇ ਆਪ ਨ ਸਿੱਖ ਕੌਮ ਦੀ ਵਧ ਚੜਕੇ ਸੇਵਾ ਕੀਤੀ। ਆਪ ਚੰਗੇ ਕਵੀ ਅਤੇ ਲਿਖਾਰੀ ਸਨ। ਆਪ ਨੇ ਅੱਗੇ ਲਿਖੇ ਗ੍ਰੰਥ ਰਚੇ।

੧. ਗੁਰ ਨਾਨਕ ਪ੍ਰਬੋਧ ੨. ਗੁਰਬਾਣੀ ਪ੍ਰਬੋਧ, ੩. ਸ਼ਹੀਦੀ ਪ੍ਰਬੋਧ, ੪. ਗੁਰੂ ਅਰਜਨ ਚਰਿਤ੍ਰ ੫. ਪੰਥ ਪ੍ਰਬੋਧ ੬. ਨਕਲੀ ਸਿੱਖ ਪ੍ਰਬੋਧ ੭. ਰਾਜ ਪ੍ਰਬੋਧ ਨਾਟਕ ੮. ਦੁਰਗਾ ਪ੍ਰਬੋਧ ੯. ਧਮਾਂ ਪ੍ਰਬੋਧ ੧੦. ਦੰਭ ਨਿਵਰਨ ੧੧. ਨੀਤੀ ਪ੍ਰਗਾਸ ੧੨. ਧਰਮ ਦਰਪਣ ੧੩. ਪੰਥ ਸੁਧਾਰ ੧੪. ਪ੍ਰਤਗਿਆ ਪਾਲਣ ੧੫. ਖਾਲਸੇ ਦੇ ਬੋਲੇ ੧੬. ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ ੧੭. ਸੁਲਤਾਨ ਪੁਆੜਾ ੧੮ ਗੁਗਾ ਗਪੋੜਾ ੧੯. ਅੰਮ੍ਰਿਤ ਵਧਾਈ ੨੦ ਭਾਰਤ ਮੰਗਲ ੨੧. ਸਿੱਖ ਬਚੇ ਦੀ ਸ਼ਹੀਦੀ ੨੨. ਸਿੰਘਣੀਆਂ ਦੇ ਸਿਦਕ ੨੩. ਭਾਈ ਬੋਤਾ ਸਿੰਘ ਦੀ ਸ਼ਹੀਦੀ ੨੪. ਭਾਈ ਤਾਰੂ ਸਿੰਘ ਦੀ ਸ਼ਹੀਦੀ ੨੫. ਭਾਈ ਸੁਬੇਗ ਸਿੰਘ ਦੀ ਸ਼ਹੀਦੀ ੨੬. ਭਾਈ ਤਾਰਾ ਸਿੰਘ ਧਾਈਏਂ ਦੀ ਸ਼ਹੀਦੀ ੨੭. ਪਲਟਨ ਨੰ: ੧੫ ਦੀ ਬਹਾਦਰੀ ੨੮. ਆਰਤੀ ਪ੍ਰਬੋਧ ੨੯. ਗੁਰੂ ਨਾਨਕ ਦਰਸ਼ਨ ੩੦. ਡਰਪੋਕ ਸਿੰਘ ੩੧. ਦਿਤ ਹਰੀ ਉਪਦੇਸ਼ ਮਾਲਾ ੩੨. ਮਨ ਸੰਬੋਧਨ ੩੩. ਸਾਹਿਬ ਦਿਆਲ ਕੇ ਖਿਆਲੋਂ ਕੀ ਪੜਤਾਲ ਆਦਿ।

ਦਿਹਾਂਤ— ਆਪ ਜੀ ਸਿਖ ਕੌਮ ਦੀ ਸੇਵਾ ਕਰਦੇ ਹੋਏ ੬ ਸਤੰਬਰ ੧੯੦੨ ਨੂੰ ਪ੍ਰਲੋਕ ਗਮਨ ਕਰ ਗਏ। ਆਪ ਜੀ ਦੀ 'ਦੰਭ ਨਿਵਾਰਣ' ਪੁਸਤਕ ਵਿਚੋਂ ਆਪ ਦੀ ਲੇਖਣੀ ਬਾਰੇ ਦੇਖੋ ਕਿ ਗਿਆਨੀ ਜੀ

Digitized by Panjab Digital Library | www.panjabdigilib.org

ਕਿੰਨੇ ਉਚ ਖਿਆਲੀ ਕਵੀ ਸਨ। ਦੋਹਰਾ

ਸੁਣੋ ਪਿਆਰੋ ਕੰਨ ਦੇ ਇਹ ਅਦਭੁਤ ਇਕ ਬਾਤ, ਅਗ ਜਲਾ ਕੇ 'ਸਾਧ' ਹੈ ਕੈਸੇ ਘੀ ਜਲਾਤ।
ਬਾਲ ਬਚੇ ਦੇ ਮੂੰਹ ਤੋਂ ਖੋਹਣ ਲਗਾ ਘੀਉ, ਵਿਚ ਅਗ ਦੇ ਫੂਕ ਕੇ ਕਰੇ ਸੁਖਾਲਾ ਜੀਉ।
ਪਰ ਉਸ ਦੇ ਕੁਝ ਵੱਸ ਨਹੀਂ ਹੈ ਵੇਦਾਂ ਉਪਦੇਸ਼, ਘਿਉ ਜਲਾਓ ਦਬ ਕੇ ਜਾਵਣ ਸਭ ਕਲੇਸ਼।

ਇਹਨਾਂ ਸਤਰਾਂ ਵਿਚ ਅਗਨ ਪ੍ਰਸਤੀ ਤੇ ਦਯਾ ਨੰਦ ਵਲ ਇਸ਼ਾਰਾ ਹੈ।

'ਦੰਭ ਨਿਵਾਰਣ' ਪੁਸਤਕ ਦੇ ਅਖੀਰ ਵਿਚ ਇਕ ਬੜੀ ਸੁੰਦਰ ਕਵਿਤਾ, ਉਰਦੂ ਵਿਚ ਲਿਖੀ ਹੋਈ ਹੈ:–

ਹੂਆ ਜਬ ਨਾਸ਼ ਭਾਰਤ ਕਾ ਕਹਾਂ ਥੇ ਯਿਹ ਦਯਾ ਨੰਦ ਜੀ।
ਗੰਗਾ ਮੇਂ ਦਰਸ ਕਰਤੇ ਥੇ ਕਿ ਲੇਤੇ ਥੇ ਬਹੁ ਅਨੰਦ ਜੀ।
ਬਣੇ ਮੰਦਰ ਮਸੀਤਾਂ ਸਭ ਕਹੇਂ 'ਬ੍ਰਾਹਮਣ' 'ਰਸੂਲ ਅੱਲਾ'।
ਚਲੇ ਸ਼ਮਸ਼ੇਰ ਔਰੰਗੀ ਕਹਾਂ ਥੇ ਯਿਹ ਦਯਾ ਨੰਦ ਜੀ।
ਹਿੰਦੂ ਖੂਨ ਕੀ ਨਦੀ ਬਹਿਤੀ ਜੈਸੇ ਚਲਤਾ 'ਬਹਿਰ ਕੁਲਜ਼ਮ'।
ਨਾ ਬਾਂਦਾ ਬੰਧ ਕਿਸੇ ਨੇ ਭੀ ਕਹਾਂ ਥੇ ਯਿਹ ਦਯਾ ਨੰਦ ਜੀ।
ਬਚਾਤੇ ਥੇ ਜੋ ਜਾਨ ਆਪਣੀ ਔਰ ਕਹਿਤੇ ਥੇ 'ਅੱਲਾ'।
ਕਹਾਂ ਮਨੂੰ ਸਿਮ੍ਰਤੀ ਥੀ ਕਹਾਂ ਥੇ ਯਿਹ ਦਯਾ ਨੰਦ ਜੀ।

ਇਹਨਾਂ ਉਪਰੋਕਤ ਸਤਰਾਂ ਵਿਚ ਤਵਾਰੀਖੀ ਸਚਿਆਈਆਂ ਬਿਆਨ ਕਰਕੇ ਸੁਆਮੀ ਦਯਾ ਨੰਦ ਦੀ ਕਿਸ ਤਰਾਂ ਖੁੰਭ ਠੱਪੀ ਹੈ?

ਵੇਦ ਬ੍ਰਾਹਮਣ ਸੂਤਰਕਾਰਾਂ ਦੇਸ ਭਲਾ ਕੀ ਕੀਤਾ;
ਦਿਤਾ ਦਰਬ ਅਗ ਨੂੰ ਐਵੇਂ ਪੁਰਖਾਂ ਤੋਂ ਖੋਹ ਲੀਤਾ।
ਸੋਮ ਲਤਾ ਅਰ ਹੋਰ ਦਵਾਈ ਜੋ ਰੰਗੀ ਨੂੰ ਦੇਂਦੇ।
ਰਾਜ਼ੀ ਕਰਕੇ ਉਸ ਨੂੰ ਉਸ ਤੋਂ ਕਈ ਅਸੀਸਾਂ ਲੈਂਦੇ।
ਮਿਠੀ ਮਿਸਰੀ ਸ਼ਕਰ ਦਾ ਕੀ ਸੁਆਦ ਅਗ ਨੂੰ ਆਯਾ।
ਜਿਸ ਨੇ ਵਾਂਗ ਕਾਠ ਦੇ ਉਸ ਨੂੰ ਐਵੇਂ ਚਾ ਜਲਾਇਆ
ਇਸ ਤੋਂ ਤਾਂ ਕੀ ਚੰਗਾ ਹੁੰਦਾ ਕਿਸੇ ਗਰੀਬ ਵਿਚਾਰੇ।
ਸ਼ਰਬਤ ਕਰਕੇ ਚਾਹ ਪਿਲਾਂਦੇ ਸੋਭਾ ਹੁੰਦੀ ਸਾਰੇ।

**ਸ: ਧਰਮ ਸਿੰਘ ਹੈਡਮਾਸਟਰ–** ਸ: ਧਰਮ ਸਿੰਘ ਹੈਡਮਾਸਟਰ, ਪਿੰਡ ਫਲੇਵਾਲ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਹਨ। ਆਪ ਜੀ ਪੂਰਨ ਗੁਰਸਿਖਾਂ ਵਾਲੀ ਜ਼ਿੰਦਗੀ ਸਰਬ ਪ੍ਰਵਾਰ ਸਮੇਤ ਮਾਣਦੇ ਹੋਇਆਂ ਨੇ ਸਿੰਘ ਸਭਾ ਦੇ ਮੋਢੀਆਂ ਨਾਲ ਮੋਢਾ ਲਾ ਕੇ ਗੁਰਮਤ ਦਾ ਪਰਚਾਰ ਕੀਤਾ।

**ਨਿੱਕਾ ਸਿੰਘ ਪੰਡਤ ਜੀ:-** ਆਪ ਭਾਗੂ ਮਾਜਰਾ ਤੇਹਸੀਲ ਖਰੜ ਜ਼ਿਲਾ ਅੰਬਾਲਾ ਦੇ ਰਹਿਣ ਵਾਲੇ ਸਨ। ਆਪ ਸੁਰਤ ਸੰਭਾਲ ਦੇ ਸਾਰ ਹੀ ਵਿਦਵਾਨਾਂ ਦੀ ਸੰਗਤ ਹੋਣ ਤੇ ਵਿਦਿਆ ਪੜ੍ਹਨ ਦਾ ਪ੍ਰੇਮ ਉਤਪਨ ਹੋਣ ਤੇ ਧਰਮ ਸ਼ਾਸਤ੍ਰ ਅਤੇ ਭਾਸ਼ਾ ਦੇ ਗ੍ਰੰਥ ਪੜ੍ਹੇ ਅਤੇ ਆਪ ਨੂੰ ਦੀਵਾਨਾਂ ਤੇ ਬੋਲਣ ਦਾ ਤੇ ਚਰਚਾ ਕਰਨ ਦਾ ਢੰਗ ਔਂਣ ਤੇ ਧਰਮ ਸ਼ਾਸਤ੍ਰ ਪਰਮਾਣ ਬਹੁਤ ਕੰਠ ਸਨ,

Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਉਹ ਵਿਖਿਆਨਾਂ ਵਿਚ ਸੋਹਣੇ ਢੰਗ ਨਾਲ ਵਰਤਿਆ ਕਰਦੇ ਸਨ। ਚਰਚਾ ਦਾ ਆਪ ਨੂੰ ਖਾਸ ਬਲ ਹੋਣ ਕਰਕੇ ਜਿਥੇ ੨ ਚਰਚਾ ਕੀਤੀ, ਗੱਜ ਬੱਜ ਕੇ ਜੈ ਹੁੰਦੀ। ਆਪ ਦੇ ਜੀਵਨ ਸਬੰਧੀ ਪੂਰਾ ਨਾ ਮਸਾਲਾ ਮਿਲਣ ਤੇ ਸੰਖੇਪ ਹੀ ਹੈ।

## ਗਿ: ਜਲਮੇਜਾ ਸਿੰਘ ਜੀ ਗੁਲਾਬ ਗੜ੍ਹ

ਆਪ ਦਾ ਜਨਮ ਜਮਨਾ ਨਦੀ ਦੇ ਕੋਲ ਉਦੇ ਰਾਮ ( ਜਾਟ ) ਦੇ ਘਰ ੧੯੦੦ ਦੇ ਲਗ ਪਗ ਹੋਇਆ। ਆਪ ਦਾ ਕੁਛ ਸਬੰਧ ਮਾਲਵੇ ਵਿਚ ਜੌੜੀ ( ਤਰਨਤਾਰਨ) ਕੋਲ ਸੀ, ਇਸ ਕਰਕੇ ਆਪ ਉਥੇ ਆ ਰਹੇ। ਜੁਆਨ ਹੋ ਕੇ ਰਸਾਲੇ ਵਿਚ ਭਰਤੀ ਹੋ ਗਏ ਕੁਝ ਦਿਨ ਬਾਦ ਆਪ ਨਾਮ ਕਟਾ ਕੇ ਆ ਗਏ, ਅਤੇ ਗੁਰਮਤ ਪੜ੍ਹਨ ਦਾ ਸ਼ੌਕ ਲੱਗਾ। ਆਪ ਨੇ ਗੁਰਮੁਖੀ ਅਤੇ ਸ਼ਾਸਤ੍ਰੀ, ਕੁਝ ਸੰਸਕ੍ਰਿਤ ਪੜ੍ਹ ਕੇ ਇਤ-ਆਦਿ ਆਪ ਨੇ ੧੯੨੫ ਈ: ਦੇ ਲਗ ਪਗ ਆਪ ਨੇ ਪ੍ਰਚਾਰ ਦੀ ਸੇਵਾ ਅਰੰਭੀ ਅਤੇ ਆਪ ਨੇ ਹੇਠ ਲਿਖੇ ਵਿਦਵਾਨ ਸਜਣਾਂ ਦੇ ਜੱਥੇ ਵਿਚ ਸ਼ਾਮਲ ਹੋਏ। ਪੰਡਤ ਲਛਮਣ ਸਿੰਘ ਜੀ ਅੰਬਾਲਾ, ਬਾਵਾ ਦਸੌਂਧਾ ਸਿੰਘ ਜੀ ਭੱਲੇ ਅਬਦੁੱਲਾ ਪੁਰ, ਗਿ: ਮਹਿੰਦਰ ਸਿੰਘ ਕਦੋਰ ਖਰੜ, ਟਿੱਕਾ ਫਤਹਿ ਜੰਗ ਸਿੰਘ ਰਈਸ, ਭਾਈ ਸਾਹਿਬ ਸਿਧੂ ਵਾਲ, ਭਾਈ ਸਾਹਿਬ ਬਾਗੜਿਆਂ, ਭਾਈ ਸਾਹਿਬ ਕਾਹਨ ਸਿੰਘ ਨਾਭਾ, ਸਰਦਾਰ ਜਵਾਹਰ ਸਿੰਘ ਰਈਸ ਮੁਸਤਫਾ ਬਾਦ ਅੰਬਾਲਾ, ਸ: ਬਚਨ ਸਿੰਘ ਜੀ ਪੰਜੋਖਰਾ, ਭਾਈ ਕ੍ਰਿਪਾਲ ਸਿੰਘ ਜੀ ਅਰਸ਼ੀ, ਇਤ ਆਦਿ ਸਜ਼ਣਾਂ ਨੇ ਗੁਰੂ ਨਾਨਕ ਮਿਸ਼ਨਰੀ ਸੋਸਾਇਟੀ ਸਥਾਪਨ ਕੀਤੀ ਅਤੇ ਵਿਦਵਾਨ ਸਜਣਾਂ ਦੀ ਮੰਡਲੀ ਜੋ ਸਮਾਗਮਾਂ ਤੇ ਜਾ ਕੇ ਮੁਖਤ ਪ੍ਰਚਾਰ ਦੀ ਸੇਵਾ ਕਰਦੇ ਹੁੰਦੇ ਸੀ। ਦਸ ਬਰਸਾਂ ਦੇ ਲਗ ਪਗ ਜਿਸ ੨ ਸੋਸਾਇਟੀ ਨੇ ਬਹੁਤ ਸੇਵਾ ਕੀਤੀ, ਪ੍ਰੰਤੂ ਸ਼ੱਕ ਹੈ ਕਿ ੧੯੩੬ ਜਾਂ ੩੭ ਵਿਚ ਭਾਈ ਜਲਮੇਜਾ ਸਿੰਘ ਦਾ ਚਲਾਣਾਂ ਹੋ ਗਿਆ। ਜਿਸ ਤੋਂ ਸੋਸਾਇਟੀ ਦਾ ਕੰਮ ਮਧਮ ਪੈ ਗਿਆ ਅਤੇ 'ਸੂਰਜ' ਨਾਮ ਦਾ ਮਾਸਕ ਪਤ੍ਰ ਭੀ ਬੰਦ ਹੋ ਗਿਆ, ਜਿਸ ਦੇ ਆਪ ਐਡੀਟਰ ਸਨ।

**ਸ੍ਰਦਾਰ ਨਰਿੰਦਰ ਸਿੰਘ ਜੀ ਜਨੇਤਪੁਰਾ:—** ਜਨਮ:— ਆਪ ਸ: ਲਹਿਣਾ ਸਿੰਘ ਦੇ ਘਰ ਪਿੰਡ ਜਨੇਤਪੁਰਾ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਪੈਦਾ ਹੋਏ।

ਬਾਲਪਣ:— ਆਪ ਜੀ ਦੀ ਮੁਢਲੀ ਆਯੂ ਆਪਣੇ ਮਾਤਾ ਪਿਤਾ ਦੀ ਛਤਰ ਛਾਇਆ ਹੇਠ ਬੜੇ ਪ੍ਰੇਮ ਪਿਆਰ ਨਾਲ ਲੰਘੀ। ਆਪਣੇ ਬਜ਼ੁਰਗ ਪਿਤਾ ਦੇ ਇਕਲੌਤੇ ਪੁਤਰ ਹੋਣ ਕਰਕੇ ਆਪ ਜੀ ਨੂੰ ਬੜੇ ਲਾਡਾਂ ਨਾਲ ਪਾਲਿਆ ਗਿਆ।

ਰੁਚੀ:— ਆਪ ਜੀ ਬਾਲ ਅਵਸਥਾ ਤੋਂ ਹੀ ਧਾਰਮਿਕ ਰੁਚੀ ਵਾਲੇ ਸਨ। ਆਪਣੇ ਸਤਿਕਾਰ ਯੋਗ ਪਿਤਾ ਵਾਂਗ ਹੀ ਆਪ ਸੰਤਾਂ ਦੇ ਸਤਿ ਸੰਗੀ ਬਣ ਗਏ ਤੇ ਆਪ ਜੀ ਨੂੰ ਸੰਗਤ ਦੀ ਰੰਗਤ ਛੋਟੀ ਉਮਰ ਤੋਂ ਹੀ ਲਗੀ।

ਵਿਦਿਆ:— ਭਾਵੇਂ ਆਪ ਸਕੂਲੀ ਵਿਦਿਆ ਪਰਾਪਤ ਨਹੀਂ ਕਰ ਸਕੇ ਪਰ ਗੁਰਮਖੀ ਵਿਦਿਆ ਦੀ ਆਪ ਨੂੰ ਕਾਫੀ ਸੂਝ ਹੈ। ਆਪ ਸ਼ੁਧ ਅਖੰਡ ਪਾਠੀ ਅਰ ਸੋਹਣੇ ਬਕਤੇ ਹਨ। ਤੇ ਸੰਤਾਂ ਮਹਤਾਂ ਦੇ ਮੁਢ ਤੋਂ ਹੀ ਸੰਗੀ ਹਨ।

ਸ਼ਾਦੀ:— ਆਪ ਦੀ ਸ਼ਾਦੀ ਬੇਬੇ ਸੰਤ ਕੌਰ ਨਾਲ ਪਿੰਡ ਧੂੜ ਕੋਟ ਜ਼ਿਲਾ ਫੀਰੋਜ਼ਪੁਰ ਨਾਲ ਹੋਈ। ਆਪ ਜੀ ਨੇ ਗੁਰੂ ਨਾਨਕ ਹਰਿ ਗੋਬਿੰਦ ਸਰ (ਬਾਉਲੀ ਸਾਹਿਬ) ਦੀ ਬਹੁਤ ਸੇਵਾ ਕੀਤੀ। ਆਪ ਇਸ ਦੇ ਕਈ ਸਾਲ ਲਗਾਤਾਰ ਖਜ਼ਾਨਚੀ ਰਹੇ। ਸੇਵਾ ਬੜੀ ਸਿਆਣਪ ਅਤੇ ਈਮਾਨਦਾਰੀ ਨਾਲ ਨਿਭਾਈ। ਕਈ ਸਾਲ ਗੁਰਮਤਿ ਪ੍ਰਚਾਰਕ ਸਿੰਘ ਸਭਾ ਦੇ ਮੋਢੀ ਮੈਂਬਰਾਂ ਤੇ ਸਭਾ ਦੇ ਭੀ ਖਜ਼ਾ-

Digitized by Panjab Digital Library | www.panjabdigilib.org

ਨਚੇ ਰਹੇ ਹਨ। ਆਪ ਨੇ ਸ਼ੁਰੂ ਤੋਂ ਲੈਕੇ ਇਸ ਇਲਾਕੇ ਵਿਚ ਦਾਸ ਨੇ ਅਨੰਦ ਕਾਰਜ ਦੀ ਹਰ ਸੰਪ੍ਰਦਾਇ ਨਾਲ ਰਲਕੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ। ਇਸ ਇਲਾਕੇ ਵਿਚ ਜਦ ਦਾਸ ਦੇ ਅਨੰਦ ਕਾਰਜ ਤੇ ਪ੍ਰਕਰਮਾ ਕਰਨ ਦੀ ਰਸਮ ਅਰੰਭ ਕੀਤੀ ਤਾਂ ਆਪ ਨੇ ਬੜੀ ਦਲੇਰੀ ਨਾਲ ਸਾਥ ਦਿਤਾ ਤੇ ਸਦਾ ਹੀ ਆਈਆਂ ਸਮਾਜਿਕ ਔਕੜਾਂ ਨੂੰ ਹਸਦੇ ਮਥੇ ਝਲਦੇ ਰਹੇ ਜੋ ਗੁਰਮਤ ਹੀਣ ਟਕੇ ਬਟੋਰੂ ਅਣਹੋਏ ਪੰਗੇ ਲਿਆ ਕਰਨ ਉਨ੍ਹਾਂ ਨੂੰ ਐਸਾ ਮੂੰਹ ਤੋੜਵਾਂ ਉਤਰ ਦੇਣ ਜੋ ਮੁੜ ਬੋਲਣ ਜੋਗੇ ਨਾ ਰਹਿਣ।

ਸੁਭਾਃ— ਆਪ ਦਾ ਸੁਭਾ ਬਹੁਤ ਨਰਮ ਹੈ ਅਤੇ ਹਰ ਇਕ ਨੂੰ ਖੁਸ਼ ਰਖਣ ਦੀ ਦਿਲ ਵਿਚ ਸਦਾ ਚਾਹ ਰਖਦੇ ਹਨ। ਆਪ ਨਗਰ ਜਨੇਤਪੁਰਾ ਦੇ ਗੁਰਦਵਾਰੇ ਦੇ ਵੀ ਮੋਢੀਆਂ ਵਿਚੋਂ ਹਨ। ਬੜੇ ਪਰੇਮ ਨਾਲ ਸੇਵਾ ਕਰਦੇ ਹਨ। ਆਪ ਦੀ ਯਾਦ ਸ਼ਕਤੀ ਬਹੁਤ ਤੇਜ਼ ਹੈ। ਨਗਰ ਜਨੇਤਪੁਰੇ ਦੀ ਬੰਸਾਵਲੀ ਦਾ ਛਜਰਾ ਜ਼ਬਾਨੀ ਯਾਦ ਹੈ ਜੋ ਇਤਹਾਸ ਵਿਚ ਦਿਤਾ ਗਿਆ ਹੈ।

ਆਚਰਨ— ਆਪ ਉਚ ਆਚਰਨ ਦੇ ਮਾਲਿਕ ਹਨ ਅਤੇ ਕਟਰ ਗੁਰਸਿਖ ਤੇ ਸਿੰਘ ਸਭਾ ਦੇ ਖਿਆਲ ਦੇ ਹਨ। ਆਪ ਜੀ ਦੇ ਪੁਤ੍ਰਾਂ ਨਾਲੋਂ ਪਿਆਰੀਆਂ ਦੋ ਬੀਬੀਆਂ ਮਹਿੰਦਰ ਕੌਰ ਤੇ ਪਰੀਤਮ ਕੌਰ ਹਨ। ਇਸ ਵੇਲੇ ਆਪ ਨਗਰ ਵਿਚ ਹੀ ਟਿਕਦੇ ਹਨ। ਨਗਰ ਦੀ ਪੰਚਾਇਤ ਦੇ ਮੈਂਬਰ ਤੇ ਇਲਾਕੇ ਦੀ ਬੈਂਕ ਦੇ ਵੀ ਸਰਗਰਮ ਮੈਂਬਰ ਹਨ।

**ਨਾਨਕ ਸਿੰਘ ਰਈਸ ਭਦੌੜ—** ਆਪ ਜੀ ਦਾ ਜਨਮ ਭਦੌੜ ਦੇ ਸ਼ਾਹੀ ਘਰਾਣੇ ਵਿਚ ਹੋਇਆ। ਆਪ ਜੀ ਮੁਢ ਤੋਂ ਹੀ ਗਰਮਤਿ ਦੇ ਪਰੇਮੀ, ਬਾਣੀ ਦੇ ਰਸੀਏ ਅਤੇ ਸਿੰਘ ਸਭਾ ਲਹਿਰ ਦੇ ਸਰਗਰਮ ਸੇਵਕ ਸਨ। ਆਪਨੇ ਇਲਾਕੇ ਵਿਚ ਸਿੰਘ ਸਭਾ ਦਾ ਬਹੁਤ ਪਰਚਾਰ ਕੀਤਾ ਤੇ ਗੁਰਮਤਿ ਦੀਆਂ ਪੁਸਤਕਾਂ ਮੁਲ ਲੈਕੇ ਮੁਫ਼ਤ ਵੰਡਦੇ ਸਨ।

ਉਪਕਾਰਃ— "ਖਾਲਸਾ ਪੰਥ ਦੀ ਹਕੀਕਤ" ਗੰਦੀ ਪੁਸਤਕ ਦੀ ਡਟਕੇ ਵਿਰੋਧਤਾ ਕੀਤੀ। ਉਸ ਦੇ ਪ੍ਰਕਾਸ਼ ਕਰਤਾ ਰੌਣਕ ਰਾਮ ਅਤੇ ਵਿਸ਼ੇਸ਼ਰ ਦਤ ਦੇ ਉਪਰ ਬਰਨਾਲਾ ਅਦਾਲਤ ਵਿਚ ਮੁਕਦਮਾ ਚਲਾਕੇ ਸਜ਼ਾ ਦਿਵਾਉਣ ਵਿਚ ਆਪ ਨੇ ਵਧ ਚੜ ਕੇ ਹਿਸਾ ਲਿਆ। ਆਪ ਇਕ ਰਈਸ ਘਰਾਣੇ ਵਿਚੋਂ ਹੁੰਦੇ ਹੋਏ ਗੁਰਬਾਣੀ ਦੇ ਨਿਤਨੇਮੀ ਅਤੇ ਪਰੇਮੀ ਸਨ।

ਦਿਹਾਂਤਃ— ਸ਼ੋਕ! ਕਿ ਆਪ ਭਰ ਜੁਆਨੀ ਵਿਚ ਹੀ ਚਲਾਣਾ ਕਰ ਗਏ।

**ਜਮਾਂਦਾਰ ਨੰਦ ਸਿੰਘ ਸੈਂਪਲੀ—**ਭਾਈ ਨੰਦ ਸਿੰਘ ਪਿਤਾ ਦੀਵਾਨ ਸਿੰਘ ਜੀ ਦੇ ਘਰ ਪਿੰਡ ਸੈਂਪਲੀ ਰਿਆਸਤ ਪਟਿਆਲਾ ਵਿਖੇ ੧੯੧੯ ਬਿਃ ਨੂੰ ਹੋਇਆ।

ਜਦ ਮੁਛ ਫੁਟ ਹੋਏ ਤਾਂ ਆਪ ਪਟਿਆਲੇ ਨੰਬਰ੨ ਪਲਟਨ ਵਿਚ ਸਿਪਾਹੀ ਭਰਤੀ ਹੋ ਗਏ। ਆਪ ਛੇਤੀ ਮੇਹਨਤ, ਨੇਕ ਨਾਮੀ, ਇਮਾਨਦਾਰੀ ਹੋਣ ਤੇ ਜਮਾਂਦਾਰੀ ਹਾਸਲ ਕਰ ਲਈ।

ਜਮਾਂਦਾਰੀ ਗੁਰੂ ਦੀ ਦਾਤ ਸਮਝ ਕੇ, ਗੁਰੂ ਘਰ ਦੇ ਸ਼ਰਧਾਲੂ ਸੇਵਕ ਬਣ ਗਏ। ਜਿਸ ਕਰਕੇ ਕਰਨਲ ਸੁੰਦਰ ਸਿੰਘ ਜੀ ਤੇ ਮੇਜਰ ਈਸ਼ਰ ਸਿੰਘ ਜੀ ਨੇ ਆਪ ਦੇ ਨਾਲ ਜਮਾਂਦਾਰ ਨੰਦ ਸਿੰਘ ਨੂੰ ਲੈ ਕੇ ਫਤਹਿ ਗੜ੍ਹ ਸਾਹਿਬ ਜੀ ਦੇ ਜੋੜ ਮੇਲੇ ਤੇ ਫੌਜੀ ਲੰਗਰ ਜਾਰੀ ਕੀਤਾ ਅਤੇ ਸੰਗਤਾਂ ਦੇ ਜ਼ਿਆਦਾ ਇਕੱਠ ਨੂੰ ਇਕ ਲੰਗਰ ਦੇ ਨ ਝਲਣ ਤੇ ਮਾਤਾ ਗੁਜਰੀ ਜੀ ਦੇ ਨਾਮ ਤੇ ਦੂਜਾ ਲੰਗਰ ਜਾਰੀ ਕੀਤਾ। ਤਾਂ ਆਖ ਜੀ ਪੈਨਸ਼ਨ ਪਰ ਆਉਣ ਤੇ ਫਤਹ ਗੜ੍ਹ ਹੀ ਕਮਰ ਕਸੇ

Digitized by Panjab Digital Library | www.panjabdigilib.org

ਖੋਲ੍ਹਕੇ ਲੰਗਰ ਦੀ ਸੇਵਾ ਵਿਚ ਡਟ ਗਏ ।

ਇਸ ਵਾਸਤੇ ਸਰਹੰਦ ਤਹਿਸੀਲ ਅਕਾਲੀ ਜਥੇ ਨੇ ਤਹਿਸੀਲ ਦੇ ਜਥੇਦਾਰ ਤੇ ਰਿਆਸਤ ਪਟਿਆਲਾ ਦੇ ਮੀਤ ਪ੍ਰਧਾਨ ਚੁਣ ਲਏ ਗਏ ।

ਆਪ ਜੀ ੨੦੦੧ ਬਿ: ੬ ਪੋਹ ਨੂੰ ਪਿੰਡ ਭਗੜਾਨਾਂ ਵਿਖੇ ਜੋੜ ਮੇਲੇ ਵਾਸਤੇ ਰਸਦ ਇਕਠੀ ਕਰਦੇ ੨ ਨਮੂਨੀਏ ਨਾਲ ਬੀਮਾਰ ਹੋ ਗਏ, ਇੱਥੋਂ ਜਨਮ ਨਗਰ ਸੈਂਪਲੀ ਲੈ ਗਏ ਜਿਥੇ ਜਾ ਕੇ ਆਪ ੧੫ ਪੋਹ ੨੦੦੧ ਬਿਃ ਨੂੰ ੫੦ ਸਾਲ ਲੰਗਰ ਦੀ ਸੇਵਾ ਕਰਕੇ ਅੰਮ੍ਰਿਤ ਵੇਲੇ ੧੦ ਬਜੇ ਪਰਲੋਕ ਸਧਾਰ ਗਏ । ਆਪ ਜੀ ਦੀ ਗੁਰੂ ਪੰਥ ਪਾਸ ਇਮਾਨਤ ਦੇ ਪੁਤ੍ਰ ਸਃ ਸੁਰਜਨ ਸਿੰਘ ਥਾਨੇਦਾਰ ਪਟਿਆਲਾ ਪੋਲੀਸ ਵਿਚ ਸ: ਕਰਤਾਰ ਸਿੰਘ ਪਿੰਡ ਸੈਂਪਲੀ ਹਨ ।

ਆਪ ਦੀ ਯਾਦਗਾਰ, ਮੂੰਹੋਂ ਬੋਲਦੀ ਲੰਗਰ ਇਮਾਰਤ ਹੈ ।

**ਭਾਈ ਨਰੈਣ ਸਿੰਘ ਜੀ—** ਆਪ ਦਾ ਜਨਮ ਸ: ਲਾਲ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਸੁਭਾਗੀ ਕੁਖੋਂ ਪਿੰਡ ਬਾਸੀਆਂ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਹੋਇਆ ।

ਬਾਲਪਣਃ— ਆਪ ਦੀ ਮੁਢਲੀ ਉਮਰ ਨਗਰ ਵਿਚ ਹੀ ਲੰਘੀ । ਆਪ ਛੋਟੀ ਉਮਰ ਤੋਂ ਹੀ ਚੰਗੀ ਸੂਝ ਅਤੇ ਚਿਤੰਨ ਬੁਧੀ ਰਖਦੇ ਸੀ ।

ਵਿਦਿਆਃ— ਆਪ ਨੇ ਗੁਰਮੁਖੀ ਵਿਦਿਆ ਪਿੰਡ ਦੇ ਗੁਰਦੁਆਰੇ ਵਿਚ ਪੜ੍ਹੀ ।

ਕੰਮਃ—ਵਿਦਿਆ ਪ੍ਰਾਪਤੀ ਤੋਂ ਉਪਰੰਤ ਆਪ ਜੀ ਨੇ ਸਿਖੀ ਧਾਰਣ ਕੀਤੀ । ਆਪ ਜੀ ਨੂੰ ਕੀਰਤਨ ਕਰਨ ਦੀ ਬੜੀ ਲਗਨ ਸੀ । ਆਪ ਦਾ ਗਲਾ ਬੜਾ ਰਸੀਲਾ ਸੀ, ਜਿਸ ਕਰਕੇ ਸੰਗਤਾਂ ਆਪ ਨਾਲ ਬਹੁਤ ਪਰੇਮ ਕਰਨ ਲਗ ਪਈਆਂ । ਆਪ ਨੇ ਅਕਾਲੀ ਲਹਿਰ ਅਰ ੧੯੪੭ ਦੀ ਦੇਸ ਵੰਡ ਦੇ ਸਮੇਂ ਬਹੁਤ ਵਧ ਚੜ ਕੇ ਹਿਸਾ ਲਿਆ । ਜਿਸ ਵਿਚ ਹੋਰ ਵੀ ਹਰ ਮਨ ਪਿਆਰੇ ਹੋ ਗਏ ।

**ਨਥਾ ਸਿੰਘ ਜੀ ਡਾਕਟਰ ਗੁਜਰਵਾਲਃ--** ਆਪ ਦਾ ਜਨਮ ਨਗਰ ਗੁਜਰਵਾਲ ਜ਼ਿਲਾ ਲੁਧਿਆਣਾ ਦਾ ਹੈ । ਆਪ ਬੜੇ ਉਪਕਾਰੀ ਅਤੇ ਉਦਮੀ ਕਦਰ ਸਿੰਘ ਸਭੀਏ ਸਨ । ਅ ਜ਼ਿਲਾ ਲੁਧਿਆਣਾ ਵਿਚ ਸਿੰਘ ਸਭਾ ਦਾ ਬਹੁਤ ਪ੍ਰਚਾਰ ਕੀਤਾ । ਲੁਧਿਆਣਾ ਸ਼ਹਿਰ ਤੋਂ ਆਪ ਨੇ ਸਭ ਤੋਂ ਪਹਿਲਾਂ ਪੰਜਾਬੀ ਦਾ ਅਖਬਾਰ ਅਤੇ ਪਰੈਸ ਜਾਰੀ ਕੀਤਾ । ਆਪ ਮਾਲਵਾ ਖਾਲਸਾ ਦੀਵਾਨ ਦੇ ਸਰਗਰਮ ਵਰਕਰ ਅਤੇ ਖਾਃ ਹਾਃ ਸਕੂਲ ਦੇ ਮੋਢੀਆਂ ਵਿਚੋਂ ਸਨ ਤੇ ਆਪ ਪਿਨਸ਼ਨ ਲੈਕੇ ਆਏ ਸਨ ।

ਆਪ ਨੇ ਆਪਣੀ ਨੌਕਰੀ ਦੇ ਸਮੇਂ ਅਪਣੇ ਪਾਸੋਂ ਫੀਸ ਦੇਕੇ ਗਰੀਬ ਬਚਿਆਂ ਨੂੰ ਅੰਗ੍ਰੇਜ਼ੀ ਪੜਾਈ ਅੰਤ ਤਕ ਸਿੰਘ ਸਭਾ ਗੁਜਰਵਾਲ ਦੇ ਸਹਾਇਕ ਅਤੇ ਸੇਵਕ ਰਹੇ । ਆਪ ਦੇ ਉਦਮ ਨਾਲ ਸਮਾਣੇ, ਦਾਖੇ, ਗੁਜਰਵਾਲ ਅਤੇ ਹਸਨ ਪੁਰ ਸਿੰਘ ਸਭਾ ਕਾਇਮ ਹੋਈਆਂ ।

ਦਿਹਾਂਤਃ— ਆਪ ਕੁਝ ਚਿਰ ਬਿਮਾਰ ਰਹਿਕੇ ਪਰਲੋਕ ਗਮਨ ਕਰ ਗਏ ।

**ਨੰਬਰਦਾਰ ਨਿਧਾਨ ਸਿਘ ਜੀ--** ਭਾਈ ਨਿਧਾਨ ਸਿੰਘ ਜੀ ਦਾ ਜਨਮ ਪਿੰਡ ਕਿਸ਼ਨ ਪੁਰਾ ਕਲਾਂ ਤਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ । ਨਾਮ ਅਭਿਆਸੀ ਤੇ ਸਿੰਘ ਸਭੀਏ ਕਟੜ ਹੋਇ ਹਨ । ਅ ਪ ਜੀ ਗਰੀਬਾਂ ਦੇ ਹਮਦਰਦ ਤੇ ਉਦਾਰ ਦਿਲ ਸਨ । ਜਦ ਕਿਸੇ ਕਰਜ ਦਾਰ ਨੇ ਆਕੇ ਉਖਾਈ ਜ਼ਾਹਿਰ ਕੀਤੀ ਤਾਂ ਉਸ ਵੇਲੇ ਕਾਗਜ਼ ਤੇ ਲੀਕ ਮਾਰ ਕੇ ਕਹਿਣਾ ਕਿ ਬੇਫਿਕਰ

Digitized by Panjab Digital Library | www.panjabdigilib.org

ਹੋਕੇ ਗੁਰੂ ਨਾਨਕ ਦਾ ਧਿਆਨ ਧਰਿਆ ਕਰ। ਆਪ ਜੀ ਦੇ ਚਾਰ ਪੁਤਰ ਹੋਇ ਸਨ।

(੧) ਜੋਗਿੰਦਰ ਸਿੰਘ (੨) ਬੰਤਾ ਸਿੰਘ (੩) ਜਸਵੰਤ ਸਿੰਘ (੪) ਮਥਰਾ ਸਿੰਘ * ਨੰਬਰ ੧ ਤੋਂ ੩ ਤਕ ਬੜੇ ਸੁਲਗ ਨੇਕ ਨੀਯਤ ਤੇ ਗੁਰੂ ਸੇਵਾ ਵਾਲੇ ਹਨ।

(—* ਮਸੀਣਾ ਸਾਃ—)

**ਗੁਰੂਪੰਥ ਦੇ ਪਹਿਲੇ ਲਿਖਾਰੀਃ-** ਭਾਈ ਪੈੜਾ ਮੋਖਾ ਜਾਤੀ ਦਾ ਪ੍ਰੇਮੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ। ਇਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਖਡੂਰ ਸਾਹਿਬ ਹਾਜਰ ਰਿਹਾ। ਇਸ ਨੇ ਪਹਿਲੀ ਜਨਮ ਸਾਖੀ ਲਿਖੀ ਜੋ ਭਾਈ ਬਾਲੇ ਵਾਲੀ ਕਰਕੇ ਪ੍ਰਸਿੱਧ ਹੈ। ਇਸ ਜਨਮ ਸਾਖੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤ੍ਰਾਂ ਨੂੰ ਸਾਰੀ ਦੁਨੀਆਂ ਦੇ ਕੋਨੇ ੨ ਪ੍ਰਗਟਾਇ ਕੇ ਪੰਥ ਦੀ ਬਹੁਮੁਲੀ ਸੇਵਾ ਅਤੇ ਜਪੁ ਦੇ ਭਾਗੀ ਬਣੇ।

**ਗੁਰੂ ਪੰਥ ਦੇ ਤੀਜੇ ਲਿਖਾਰੀ–** ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਮਹਾਂ ਕਾਵ ਬੂੜੀਆਂ।

ਜਨਮ– ਪਿਤਾ ਦੇਵਾ ਸਿੰਘ ਦੇ ਘਰ ਪਿੰਡ ਬੂੜੀਆ ਵਾਲੇ ਹੋਇਆ।

ਵਿਦਿਆ– ਬ੍ਰਹਮ ਗਿਆਨੀ ਸੰਤ ਸਿੰਘ ਜੀ ਪਿੰਡ ਛਾਹ ਪੁਰ ਗੁੰਬੀ ਸ੍ਰੀ ਦਰਬਾਰ ਸਾਹਿਬ ਤੋਂ ਵਿਦਿ ਪ੍ਰਾਪਤ ਕੀਤੀ।

ਆਪ ਜੀ ਦੀ ਰਚਨਾ– (੧) ਅਮਰ ਕੋਸ਼,

(੨) ਨਾਨਕ ਪ੍ਰਕਾਸ਼, ਬਿ: ਸੰ: ੧੮੮੦,

(੩) ਜਪੁਜੀ ਸਾਹਿਬ ਦਾ ਗਰਬ ਗੰਜਨੀ ਟੀਕਾ ਬਿ: ਸੰ: ੧੮੮੬ ਵਿਚ ਸਮਾਪਤ ਕੀਤਾ।

(੪) ਆਤਮ ਪੁਰਾਣ ਦਾ ਉਲਥਾ–

(੫) ਬਾਲਮੀਕੀ ਰਾਮਾਇਣ ਦਾ ਉਲਲਾ ੧੮੯੧ ਬਿ: ਵਿਚ ਹੋਇਆ।

(੬) ਗੁਰ ਪ੍ਰਤਾਪ (ਸੂਰਜ ਪ੍ਰਕਾਸ਼) ਸੰ: ਬਿ: ੧੯੦੦ ਵਿਚ ਖਰੜੇ ਤਿਆਰ ਕੀਤੇ।

(੭) ਅਨੇਕ ਅਰਥ ਨਾਮ ਮਾਲਾ

੧੮੮੧ ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਪਤੀ ਦੇ ਦਰਬਾਰ ਵਿਚ ਰਹੇ ਬਿ: ਸੰ: ੧੮੮੩ ਵਿਚ ਭਾਈ ਉਦੇ ਸਿੰਘ (ਰਾਜਾ) ਕੈਂਥਲ ਵਾਲੇ ਦੇ ਪਾਸ ੧੯੦੧ ਬਿ: ਤਕ ਰਹੇ ਕਿਸੇ ਘਣਾ ਨੰਦ ਨਾਮੇ ਫਕੀਰ ਦੇ ਲਿਖੇ ਜਪੁਜੀ ਸਾਹਿਬ ਦਾ ਖੰਡਨ ਦਾ ਮੂੰਹ ਤੋੜ ਉਤਰ ਦਿਤਾ ਜਿਸ ਤੇ ਭਾਈ ਉਦੇ ਸਿੰਘ ਨੇ ਮੋਹਥਲੀ ਨਾਮ ਦਾ ਪਿੰਡ ਬਖਸੀਸ਼ ਵਿਚ ਦਿਤਾ।

੧੮੫੭ ਈ: ਵਿਚ ਸ੍ਰੀ ਅਨੰਦ ਪੁਰ ਸਾਹਿਬ ਵਿਚ ਚਲੇ ਗਏ ਏਥੇ ਹੀ ਆਪ ਜੀ ਸਚਖੰਡ ਨੂੰ ਚੜ੍ਹਾਈ ਕੀਤੀ।

ਆਪ ਜੀ ਦੇ ਵਡੇ ਭਾਈ ਸੰਤ ਜੋਗ ਸਿੰਘ ਨਿਰਮਲੇ ਦੀ ਰਚਨਾ ਹੀਰ ਦੇ ਅੰਤ ਵਿਚ ਲਿਖਿਆ ਹੈ:–

Digitized by Panjab Digital Library | www.panjabdigilib.org

ਦੋਹਰਾ:- ਦੇਸ ਮਾਲਵੇ ਦੇ ਵਿਖੇ ਨਗਰ ਬੂੜੀਆ ਜਾਨ ॥
ਜਮਨਾ ਤੀਰ ਕਦੰਬ* ਢਿਗ ਅਤੀ† ਜਮਿਰਧ ਪਛਾਨ ॥

ਦੋਹਰਾ:- ਦੇਵਾ ਸਿੰਘ ਸ਼ੁਭ ਨਾਮ ਹੈ ਪਿਤਾ ਹਮਾਰੋ ਜਾਨ ।
ਪਹਿਰ ਪੁਰਾਤਨ ਤੇ ਬਸੇ ਨਗਰ ਪੇਲ ਤੋਂ ਆਨ ।

**ਪੰਡਤ ਪ੍ਰਮੇਸ੍ਵਰਾ ਨੰਦ ਮੁਲਾਂਪੁਰ**— ਆਪ ਪਿੰਡ ਟਿਬਾ (ਸਾਨ੍ਹੇਵਾਲ ਕੋਲ) ਜ਼ਿਲਾ ਲੁਧਿਆਣਾ ਦੇ ਉਦਾਸੀ ਡੇਰੇ ਦੇ ਸਾਧੂ ਸਨ, ਇਨ੍ਹਾਂ ਦਾ ਪਹਿਲਾ ਨਾਂ ਅਤਰ ਦਾਸ ਸੀ, ਮੁਲਾਂਪੁਰ ਦੇ ਡੇਰੇ (ਦਰਵਾਜੇ ਉਪਰ) ਰਿਹਾ ਕਰਦੇ ਸੀ ।

ਵਿਦਵਤਾ— ਆਪ ਬਹੁਤ ਵਿਦਵਾਨ ਸਨ, ਸਾਹਿਤ ਪਦਾਰਥ ਕਰਾਉਣ ਵਿਚ ਆਪ ਨੂੰ ਕਮਾਲ ਹਾਸਲ ਸੀ, ੧੯੧੩-੧੪ ਵਿਚ ਖਾ: ਪ੍ਰਾ: ਵਿਦਿਆਲਾ ਵਿਚ ਨਿਆਏ ਅਤੇ ਲਘੂ ਕੌਮ ਦੀ ਪੜ੍ਹਾਇਆ ਕਰਦੇ ਸਨ, ਉਪਰੰਤ ਦਿਲ ਉਦਾਸ ਹੋਣ ਪਰ ਆਪ ਉਚ ਵਿਦਿਆ ਪ੍ਰਾਪਤ ਕਰਨ ਲਈ ਖਾਦਪ ਖੰਡਣ ਪੜ੍ਹਨ ਲਈ ਚਲੇ ਗਏ, ਜਿਸ ਦਾ ਆਪ ਨੇ ਆ ਕੇ ਪੰਜਾਬੀ ਵਿਚ ਅਨੁਵਾਦ ਕੀਤਾ ਆਪ ਨੇ ਸਿੰਘ ਸਭਾ ਲਹਿਰ ਸਮੇਂ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ ।

**ਬਲਵੰਤ ਸਿੰਘ ਜੀ ਗਿਆਨੀ ਕੋਠਾ ਗੁਰੂ**—ਗੁਰਮੁਖ ਪਿਆਰੇ ਗਿ: ਬਲਵੰਤ ਸਿੰਘ ਜੀ ਪਿਤਾ ਬੁਘਾ ਸਿੰਘ ਜੀ ਮਾਨ ਦੇ ਘਰ ਮਾਤਾ ਵੀਰ ਕੌਰ ਦੀ ਸੁਭਾਗੀ ਕੁਖੋਂ ਜਨਮ ੧੦ ਸਾਵਣ ੧੯੯੦ ਬਿ: ਮੁਤਾਬਕ ੨੫ ਜੂਨ ੧੯੨੫ ਈ: ਨੂੰ ਕੋਠਾ ਗੁਰੂ ਜ਼ਿਲਾ ਬਠਿੰਡਾ ਵਿਖੇ ਦਿਨ ਮੰਗਲਵਾਰ ਨੂੰ ਹੋਇਆ, ਆਪ ਜੀ ਦਾ ਬਚਪਨ ਨਿਹਾਇਤ ਪ੍ਰਸੰਨਤਾ ਨਾਲ ਪਾਲਨ ਪੋਸਨ ਬੜੇ ਚਾਉ ਤੇ ਪਿਆਰ ਨਾਲ ਲੰਘਿਆ ।

ਹੁਣ ਪਿਤਾ ਜੀ ਵਲੋਂ ਆਪ ਨੂੰ ਵਿਦਿਆ ਪੜ੍ਹਨ ਪਾਉਣਾ ਆਪ ਦੇ ਵਿਦਿਆ ਦਾਤਿਆਂ ਦੇ ਸ਼ੁਭ ਨਾਮ:-

(੧) ਭਗਤ ਕਾਲੂ ਜੀ ਤੋਂ ਮੁਢਲੀ ।
(੨) ਸੁਆਮੀ ਵੈਰਾਗ ਪੁਰੀ ਜੀ ਸੰਨਿਆਸੀ ਤੋਂ ਹਿੰਦੂ ਧਰਮ ਦੇ ਪੁਸਤਕ ।
(੩) ਭਾਈ ਚੰਦਾ ਸਿੰਘ ਜੀ ਤੋਂ ਸ੍ਰੀ ਦਸਮੇਸ਼ ਪਿਤਾ ਜੀ ਦੇ ਬਾਣੀ ਦੇ ਅਰਥ ਬੋਧ ।
(੪) ਸੰਤ ਧਰਮ ਦਾਸ ਉਦਾਸੀ ਤੋਂ ਸੂਰਜ ਪ੍ਰਕਾਸ਼ ਆਦਿਕ ਸਿਖ ਇਤਿਹਾਸ ।
(੫) ਸੁਆਮੀ ਬੁਧ ਪ੍ਰਕਾਸ਼ ਜੀ ਉਦਾਸੀ ਤੋਂ ਛੰਦ ਸ਼ਾਸਤ੍ਰ (ਪਿੰਗਲ) ਸਮੁਦ੍ਰੀਕ ਜੋਤਿਸ਼ ।
(੬) ਇਕ ਬੰਗਾਲੀ ਬਾਵਾ ਜੀ ਤੋਂ ਬੰਗਾਲੀ ਭਾਸ਼ਾ ।
(੭) ਗਿਆਨੀ ਜਵਾਹਰ ਸਿੰਘ ਜੀ ਤੋਂ ਸੰਗੀਤ ।
(੮) ਪੰਡਤ ਦੇਵੀ ਦਿਆਲ ਜੀ ਤੋਂ ਵਿਆਕਰਣ ।

ਗੁਰਮਤ ਪ੍ਰਚਾਰ ਅਤੇ ਸੇਵਾ:— ਸਤਿਗੁਰੂ ਜੀ ਵਲੋਂ ਆਪ ਜੀ ਦੀ ਸ੍ਰੇਸ਼ਟ ਬੁਧੀ ਹੋਣ ਦੇ ਕਾਰਨ ਛੋਟੀ ਅਵਸਥਾ ਵਿਚ ਹੀ ਇਤਨੀ ਵਿਦਿਆ ਪ੍ਰਾਪਤ ਕਰਕੇ ਆਪ ਜੀ, "ਗੁਰਮਤਿ ਰਿਦੈ ਗਰੀਬੀ ਆਵੈ" ਦੇ ਅਨੁਸਾਰ ਆਪ ਗੁਰੂ ਘਰ ਦੀ ਸੇਵਾ ਵਿਚ ਗੁਰਦੁਆਰਾ ਗੰਗਸਰ ਗੁਰਦੁਆਰਾ

*ਏਹ ਕੈਂਬਾਂ ਦੇ ਬਿਰਛਾਂ ਦਾ ਨਾਮ ਹੈ ।
†ਧਨੀਆਂ ਦਾ ਨਗਰ ਸੀ ।

Digitized by Panjab Digital Library | www.panjabdigilib.org

ਕੋਠਾ ਗੁਰੂ ਆਦਿ ਅਸਥਾਨਾਂ ਦੀ ਸੇਵਾ ਬੜੇ ਸਿਦਕ ਨਾਲ ਕਰਨ ਤੇ ਆਪ ਦੀ ਨਿਰਮਲ ਆਤਮਾਂ ਤੋਂ ਗੁਰਮਤ ਪ੍ਰਚਾਰ ਕਰਨ ਦੀਆਂ ਲਹਿਰਾਂ ਉਠਣ ਤੇ ਇਲਾਕੇ ਵਿਚ ਪ੍ਰਚਾਰ ਕਰਨਾ ਅਰੰਭਿਆ ਅਤੇ ਆਪ ਕਲੇ ਇਸ ਘਾਟੇ ਨੂੰ ਪੂਰਾ ਕਰਨ ਤੇ ਅਸਮਰਥ ਜਾਣਦੇ ਹੋਇਆਂ ਨੇ ਇਲਾਕੇ ਦੇ ਗੁਰਮਤ ਖੋਜੀ ਸਜਣਾਂ ਨੂੰ ਪ੍ਰੇਰ ਕੇ ਸ੍ਰੋਮਣੀ ਗੁਰਮਤ ਪ੍ਰਚਾਰਕ ਸਭਾ ਕਾਇਮ ਕਰਕੇ ਇਲਾਕੇ ਵਿਚ ਗੁਰਮਤ ਦਾ ਹੜ੍ਹ ਚਲਾਇਆ ।

ਆਪ ਦੀ ਰਚਨਾ:-- (੧) ਅਦੁਤੀ ਸੇਵਕ, (੨) ਰੂਪ ਦੀਪ ਪਿੰਗਲ ਸਟੀਕ ਪ੍ਰਕਾਸ਼ ਕੀਤਾ, (੩) ਸਿਖ ਹੀਰੇ ਜੋ ੭੫੪ ਸਫੇ ਦੇ, (੪) ਸਿਖ ਪੰਥ ਪ੍ਰਕਾਸ਼, (੫) ਕੂਕਿਆਂ ਦੀ ਗੁਰਤਾ, ੬ ਨਿਰਭੈ ਸੇਵਕ ਇਤ ਆਦਿ ।

ਆਪ ਦੀ ਰਸ ਭਿੰਨੀ ਅਤੇ ਮਨ ਮੋਹਣੀ ਲੇਖਣੀ ਦੇ ਖਰੜੇ ਹੋਰ ਭੀ ਹਨ ਅਤੇ ਆਪ ਨਿਸ਼ਕਾਮ ਸੇਵਕ ਉਚੇ ਦਰਜੇ ਦੇ ਲਿਖਾਰੀ, ਕਵੀ ਤੇ ਗੁਰਮਤ ਖੋਜੀ ਹੋਣ ਤੇ ਆਪ ਹਰੇਕ ਦੇ ਹਿਰਦੇ ਵਿਚ ਥਾਂ ਮਲੀ ਬੈਠੇ ਹਨ, ਐਸੇ ਗੁਰਮੁਖਾਂ ਨਿਰਮਾਣ ਸੇਵਕਾਂ ਤੇ ਪੰਥ ਨੂੰ ਸਦਾ ਹੀ ਮਾਣ ਹੁੰਦਾ ਹੈ ।

**ਮਾਨ ਸਿੰਘ ਜੀ ਜਜ ਅੰਬਾਲਾ**—ਸ੍ਰੀ ਮਾਨ ਸ੍ਰ: ਮਾਨ ਸਿੰਘ ਜੀ ਜ਼ਿਲਾ ਅੰਬਾਲਾ ਦੇ ਜਮਪਲ ਸਨ ।

ਮੁਢਲੀ ਅਵਸਥਾ—ਆਪ ਦੀ ਬਾਲ ਪੁਣੇ ਦੀ ਅਵਸਥਾ ਆਪਣੇ ਮਾਪਿਆ ਦੀ ਪਿਆਰ ਔਰ ਲਾਡਲੀ ਗੋਦ ਵਿਚ ਖੇਡਦਿਆਂ ਲੰਘੀ । ਆਪ ਛੋਟੇ ਹੁੰਦੇ ਹੀ ਬਹੁਤ ਤੀਖਣ ਬੁਧ ਔਰ ਹੁੰਦੜਹੇਲ ਸਨ ।

ਵਿਦਿਆ—ਆਪ ਨੇ ਆਪ ਦੀ ਮੁਢਲੀ ਵਿਦਿਆ ਮਿਸ਼ਨ ਹਾਈ ਸਕੂਲ ਤੇ ਏ ਐਸ ਹਾਈ ਸਕੂਲ ਅੰਬਾਲਾ ਵਿਚ ਪੜੀ ਆਪ ਜੀ ਦੇ ਸੀਨੇ ਵਿਚ ਮੁਢ ਤੋਂ ਹੀ ਸਿੱਖੀ ਪਿਆਰ ਦਾ ਸੋਮਾਂ ਮੌਜੂਦ ਸੀ । ਆਪ ਜੀ ਉਚ ਵਿਦਿਆ ਪ੍ਰਾਪਤ ਕਰਨ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਜਾ ਦਾਖਲ ਹੋਏ ਅਤੇ ਕਾਲਜ ਵਿਚ ਪੜਾਈ ਕਰਨ ਤੋਂ ਇਲਾਵਾ ਆਪ ਨੇ ਕਾਲਜ ਵਿਚ ਖਾਲਸਾ ਜੰਗਮੈਨ ਐਸੋਸੀਏਸ਼ਨ ਕਾਇਮ ਕੀਤੀ ਅਤੇ 'ਖਾਲਸਾ ਯੰਗ ਮੈਨ ਮੈਗਜ਼ੀਨ' ਨਾਮ ਦਾ ਮਾਸਿਕ ਅੰਕ ਲਿਖਣਾ ਜਾਰੀ ਕੀਤਾ । ਜਿਹੜਾ ਕਿ ਕਾਲਜ ਦੇ ਵਿਦਿਆਰਥੀਆਂ ਤੋਂ ਬਿਨਾਂ ਹੋਰਾਂ ਸਿੱਖਾਂ ਵਿਚ ਵੀ ਬੜੇ ਸਤਿਕਾਰ ਅਤੇ ਗਹੁ ਨਾਲ ਪੜ੍ਹਿਆ ਜਾਂਦਾ ਸੀ । ਆਪ ਨੇ ਬੀ. ਏ ਕਰਨ ਤੋਂ ਉਪ੍ਰੰਤ ਐਲ. ਐਲ. ਬੀ ਦਾ ਇਮਤਿਹਾਨ ਪਾਸ ਕੀਤਾ ।

ਸ਼ਾਦੀ—ਆਪ ਸ਼ਾਦੀ ਸ਼ੁਦਾ ਸਨ । ਆਪ ਦੀ ਸੰਤਾਨ ।

ਕੰਮ—ਆਪ ਜੀ ਜਿੱਥੇ ਇਕ ਚੰਗੇ ਲਿਖਾਰੀ ਸਨ । ਉਥੇ ਕਵੀ ਵੀ ਕਮਾਲ ਦੇ ਸਨ । ਆਪ ਦੇ ਪੰਜਾਬੀ ਪਿਆਰ ਨੂੰ ਅਪਨਾਉਣ ਲਈ ਆਪ ਨੂੰ ਖਾਲਸਾ ਕਾਲਜ ਵਲੋਂ ਗਿ: ਦਿਤ ਸਿੰਘ ਗੋਲਡਮੈਡਲ ਦਿਤਾ ਗਿਆ ।

ਆਪ ਜੀ ਅਜੇ ਬੀ.ਏ. ਵਿਚ ਹੀ ਪੜਦੇ ਸਨ ਕਿ ਆਪ ਦੀ ਉਚ ਲਿਆਕਤ ਦਾ ਸਦਕਾ ਆਪ ਨੂੰ ਚੀਫ ਖਾਲਸਾ ਦੀਵਾਨ ਦਾ ਮੈਂਬਰ ਲਿਆ ਗਿਆ । ੧੯੨੦ ਤੋਂ ੧੯੨੨ ਤਕ ਆਪ ਮਿਊਂਸੀਪਲ ਕਮੇਟੀ ਅੰਬਾਲਾ ਦੇ ਮੈਂਬਰਰਹੇ । ੧੯੨੧ ਤੋਂ ੧੯੨੩ ਤਕ ਚੀਫ ਖਾਲਸਾ ਦੀਵਾਨ ਦੇ ਉਪ ਪ੍ਰਧਾਨ ਰਹੇ ਅਤੇ ਕੇਂਦਰੀ ਲੈਜਿਸਲੇਟਵ ਐਸੰਬਲੀ ਦੇ ਮੈਂਬਰ ਰਹੇ ।

Digitized by Panjab Digital Library | www.panjabdigilib.org

ਆਪ ਜੀ ੧੯੨੨ ਵਿਚ ਲਾਹੌਰ ਚਲੇ ਗਏ। ੧੯੨੪ ਤੱਕ ਲਾਹੌਰ ਚੀਫ ਕੋਰਟ ਵਿਚ ਪ੍ਰੈਕਟਸ ਕੀਤੀ। ੧੯੨੭ ਤੋਂ ੧੯੩੦ ਤੱਕ ਖਾਲਸਾ ਹਾਈ ਸਕੂਲ ਲਾਹੌਰ ਦੇ ਮੈਨੇਜਰ ਰਹੇ। ੧੯੨੬ ਤੋਂ ੧੯੨੯ ਤਕ ਸ਼੍ਰੋ: ਗੁ: ਪ੍ਰ: ਕਮੇਟੀ ਦੇ ਕਨੂੰਨੀ ਸਲਾਹਕਾਰ ਰਹ, ੧੯੩੦ ਤੋਂ ੩੨ ਤੱਕ ਪਟਿਆਲਾ ਹਾਈ ਕੋਰਟ ਦੇ ਜੱਜ ਰਹੇ।

ਆਪ ਦੀ ਯੋਗਤਾ ਅਤੇ ਲਿਆਕਤ ਨੂੰ ਮੁਖ ਰਖਕੇ ਪੰਜਾਬ ਸਰਕਾਰ ਨੇ ਆਪ ਨੂੰ ਜੁਡੀਸ਼ਲ ਕਮਿਸ਼ਨ ਦਾ ਪ੍ਰਧਾਨ ਅਤੇ ਟ੍ਰਿਬਯੂਨਲ ਦਾ ਮੈਂਬਰ ਨੀਯਤ ਕੀਤਾ। ਪ੍ਰਬੀਨ ਕਾਨੂੰਨ ਦਾਨ ਹੋਣ ਕਰਕੇ ਆਪ ਨੇ ਬੜੇ ਹੀ ਸ਼ਲਾਘਾ ਯੋਗ ਕੰਮ ਕੀਤੇ। ਲਾਹੌਰ ਵਿਚ ਖਾਲਸਾ ਕਾਲਜਾ ਫਾਰ ਵਿਮੈਨ ਜਾਰੀ ਕੀਤਾ। ਲਾਹੌਰ ਵਿਚ ਅਖੰਡ ਪਾਠ ਕਮੇਟੀ ਬਣਾਕੇ ਲਾਹੌਰ ਦੇ ਸਿੱਖਾਂ ਨੂੰ ਗੁਰਬਾਣੀ ਦੀ ਚੇਟਕ ਲਈ ਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ।

੧੯੪੩ ਵਿਚ ਮਹਾਰਾਜਾ ਫਰੀਦਕੋਟ ਨੇ ਆਪ ਨੂੰ ਜੁਡੀਸ਼ਲ ਕਮੇਟੀ ਦਾ ਮੈਂਬਰ ਚੁਣਿਆ। ੧੯੪੮ ਤੱਕ ਆਪ ਇਸ ਅਹੁਦੇ ਉਮਰ ਯੋਗਤਾ ਨਾਲ ਕਾਨੂੰਨ ਦੀ ਰਾਖੀ ਕਰਦੇ ਰਹੇ। ੧੯੪੩ ਵਿਚ ਫਰੀਦਕਟ ਵਿਖੇ ਜੋ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ। ਇਸ ਦੀ ਕਾਮਯਾਬੀ ਦਾ ਸਿਹਰਾ ਆਪ ਦੇ ਸਿਰ ਸੀ।

ਰਿਆਸਤ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ ਦਾ ਯੂਨੀਅਨ ਬਣਨ ਸਮੇਂ ਰਾਜ ਪਰਮੁਖ ਸਾਹਿਬ ਨੇ ਆਪ ਨੂੰ ਹਾਈਕੋਰਟ ਦੇ ਜਜ ਨੀਯਤ ਕੀਤਾ।

ਰਚਨਾਵਾਂ—ਭਰਥਰੀ ਹਰੀ ਦੀ ਵੈਰਾਗ ਸ਼ਤਕ ਨੂੰ ਆਪ ਨੇ ਸੰਸਕ੍ਰਿਤ ਠੇਠ ਪੰਜਾਬੀ ਵਿਚ ਉਲਥਾਇਆ ਆਪ ਨੇ ਖਾਲਸਾ ਟ੍ਰੈਕਟ ਸੁਸਾਇਟੀ ਦੁਆਰਾ ਕਈ ਟ੍ਰੈਕਟ ਪ੍ਰਕਾਸ਼ਤ ਕਰਾਏ।

ਦਿਹਾਂਤ—ਪੰਥ ਦਾ ਇਹ ਨਿਰਮਾਣ ਸੇਵਕ, ਨਿਆਕਾਰੀ, ਵਿਦਅਕ ਰਤਨ ਸਿੰਘ ੬–੭ ਜਨਵਰੀ ੧੯੪੯ ਦੀ ਵਿਚਕਾਰਲੀ ਰਾਤ ਨੂੰ ਪਟਿਆਲੇ ਵਿਖੇ ਪ੍ਰਲੋਕ ਸੁਧਾਰ ਗਿਆ।

**ਗਿਆਨੀ ਮਹਿੰਦਰ ਸਿੰਘ ਘਟੌਰ ਜ਼ਿਲਾ ਅੰਬਾਲਾ--** ਆਪ ਖਰੜ ਕੋਲ 'ਘਟੌਰ' ਦੇ ਵਸਨੀਕ ਹਨ। ਆਪ ਨੇ ਪਹਿਲੀ ਅਵਸਥਾ ਵਿਚ ਖਾਃ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਵਿਖੇ ਧਾਰਮਿਕ ਵਿਦਿਆ ਪ੍ਰਾਪਤ ਕੀਤੀ। ਉਥੇ ਆਪ ਨੇ ਪੰਡਿੰਤ ਪਰਮੇਸ਼ਰਾ ਨੰਦ ਅਤੇ ਪੰਃ ਅਚੁਤਮਾ ਨੰਦ ਜੀ ਪਾਸੋਂ ਨਿਆਇ ਮੁਕਤਾਵਲੀ ਅਤੇ ਲਘੂ ਕੌਮ ਦੀ ਪੜ੍ਹਾਈ ਪਿਛੋਂ ਗਿਆਨੀ ਪਾਸ ਕੀਤੀ। ਆਪ ਖਾਲਸਾ ਹਾਈ ਸਕੂਲ ਖਰੜ ਦੇ ਆਰੰਭਕਾਂ ਵਿਚੋਂ ਹਨ। ਕਥਾ ਵਿਆਖਿਆਨ ਆਦ ਦੀ ਸੇਵਾ ਭੀ ਆਪ ਕਰਦੇ ਹਨ।

**ਸ. ਮਹਿਲ ਸਿੰਘ ਬਾਹੀਆ**—ਆਪ ਦਾ ਜਨਮ ਨਗਰ ਲਹਿਰਾ ਧੂੜ ਕੋਟ ਬਾਹੀਅ ਸਬ ਤਹਿਸੀਲ ਨਥਾਣਾ ਜ਼ਿਃ ਫੀਰੋਜ਼ਪੁਰ ਹੈ। ਆਪ ਦੀ ਪਹਿਲੀ ਉਮਰ ਘਰੋਗੀ ਕੰਮਾਂ ਵਿਚ ਲੰਘੀ। ਆਪ ਨੂੰ ਸਿਖੀ ਦੀ ਲਗਨ ਸਿੰਘ ਸਭਾ ਲਹਿਰ ਸਮੇਂ ਲਗੀ, ਅਤੇ ਸਿੰਘ ਸਭਾ ਲਹਿਰ ਦਾ ਬਾਹੀਏ ਵਿਚੋ ਪਰਚਾਰ ਕੀਤਾ। ਆਪ ਨੇ ਗੁਰੂ ਸਰ ਮਹਿਰਾਜ ਦੇ ਸਰੋਵਰ ਦੀ ਬਹੁਤ ਵਧ ਚੜ੍ਹਕੇ ਸੇਵਾ ਕੀਤੀ।

---

* ਕਾਲੀ ਦਾਸ ਰਚਿਤ ਵਿਕ੍ਰਮ ਉਰਵਸੀ' ਨਾਟਕ ਵਿਚ ਆਈ ਹੋਈ ਸੰਸਕ੍ਰਿਤ ਕਵਿਤਾ ਦਾ ਜੋ ਅਨੁਵਾਦ ਸ੍ਰ: ਮਾਨ ਸਿੰਘ ਪੰਜਾਬੀ ਕਾਵਯ ਰੂਪ ਵਿਚ ਕੀਤਾ। ਉਹ ਬਹੁਤ ਪ੍ਰਸੰਸਾ ਯੋਗ ਹੈ ਇਹ ਪੁਸਤਕ ਪੰ: ਯੂਨੀਵਰਸਟੀ ਵਲੋਂ ਕਈ ਸਾਲ ਗਿਆਨੀ ਦਾ ਕੋਰਸ ਰਹਿ ਚੁਕੀ ਹੈ।

Digitized by Panjab Digital Library | www.panjabdigilib.org

**ਮਘਰ ਸਿੰਘ ਰਜੀਵਾਲ**— ਆਪ ਜੀ ਦਾ ਜਨਮ ਪਿਤਾ ਸ਼ਾਮ ਸਿੰਘ ਦੇ ਘਰ ਮਾਤਾ ਨੰਦ ਕੌਰ ਪਿੰਡ ਰਜੀਵਾਲ ਤਹਿਸੀਲ ਜੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ।

ਬਾਲਪਨ:— ਚੜਦੀ ਅਵਸਥਾ ਪਿੰਡ ਦੇ ਮੁੰਡਿਆਂ ਵਾਂਗ ਗੁਜ਼ਾਰਦਿਆਂ ਨੂੰ ਸਤਿਗੁਰੂ ਜੀ ਦੀ ਅਪਾਰ ਕਿਰਪਾਲਤਾ ਦਾ ਸਦਕਾ ਆਪ ਜੀ ਦਾ ਅਨੰਦ ਕਾਰਜ ਬੇਬੇ ਭਗਵਾਨ ਕੌਰ ਆਲਮ ਵਾਲਾ ਨਾਲ ਹੋਣ ਤੇ ਆਪ ਨੂੰ ਕੌਮੀ ਸੇਵਾ ਅਤੇ ਗੁਰਮਤ ਦੀ ਚੇਟਕ ਲਗਣ ਤੇ ਆਪ ਜੀ ਦਾ ਝੁਕਾਉ ਪਿੰਡ ਸੁਧਾਰ ਤੇ ਵਿਦਿਆ ਪਰਚਾਰ ਵਲ ਹੋਇਆ ਅਤੇ ਆਪ ਜੀ ਹੋਰ ਸਿੰਘਾਂ ਦੇ ਸਮੇਤ ਦਾਸ ਦੇ ਪਾਸ ਆਕੇ ਗੁਰਮਤ ਪਰਚਾਰ ਅਤੇ ਗੁਰ ਦਰਬਾਰ ਦੇ ਬਨਾਉਣ ਅਤੇ ਪਿੰਡ ਦੇ ਇਤਫਾਕ ਵਾਸਤੇ ਬਚਨ ਕੀਤੇ ਤਾਂ ਦਾਸ ਨੇ ਇਨਾਂ ਸਾਰੀਆਂ ਗਲਾਂ ਦਾ ਮੁਢ ਅਵਿਦਿਆ ਦਸਦਿਆਂ ਬੇਨਤੀ ਕੀਤੀ ਕਿ ਜਿਨਾ ਚਿਰ ਵਿਦਿਆ ਪ੍ਰਵੇਸ਼ ਨਹੀਂ ਹੁੰਦੀ ਉਨਾ ਚਿਰ ਇਹਨਾਂ ਹਾਲਤਾਂ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੈ। ਤਦ ਵਿਦਿਆ ਬਾਰੇ ੫੦੦ ਪੰਜ ਸੌ ਰੁਪਯਾ ਅਤੇ ਢਾਈ ਘੁਮਾਂ ਜ਼ਮੀਨ ਦਾ ਸੰਕਲਪ ਕੀਤਾ ਜਿਸਦੇ ਕਾਰਨ ਗੁਰੂ ਨਾਨਕ ਐਜੂਕੇਸ਼ਨਲ ਹਾਈ ਸਕੂਲ ਜਨੇਰ ਹਰੀਕੇ ਪਤਣ ਵਾਲੀ ਸੜਕ ਤੇ ਜੋ ਬਾਰਾਂ ਪਿੰਡਾਂ ਦੀ ਸਰਪਰਸਤੀ ਹੇਠ ੩੬ ਕਿੱਲੇ ਜਮੀਨ ਅਤੇ ਹਜ਼ਾਰਾਂ ਰੁਪੈ ਦੀ ਇਮਾਰਤ ਦਾਨੀਆਂ ਦੇ ਦਾਨ ਨੂੰ ਸਫਲ ਕਰਦੀ ਹੋਈ ਦਮਕਾਂ ਦੇ ਰਹੀ ਹੈ।

**ਰਾਮ ਸਿੰਘ ਜੀ ਧਮੋਟ (ਪਟਿਆਲਾ)**—ਆਪ ਗੁਰਮੁਖੀ ਉਰਦੂ ਫਾਰਸੀ ਦੇ ਬੜੇ ਭਾਰੇ ਵਿਦਵਾਨ ਹਨ। ਆਪ ਨੂੰ ਗੁਰਮਤ ਪ੍ਰਚਾਰ ਦਾ ਉਮਾਹ ਛੋਟੀ ਉਮਰ ਤੋਂ ਹੀ ਹੋਣ ਕਰਕੇ ਆਪ ਗ੍ਰਿਹਸਤ ਵਿਚ ਵਿਰਕਤ ਹੀ ਰਹੇ। ਮਸਤੂਆਣੇ, ਦਮਦਮੇ ਸਾਹਿਬ, ਅਤੇ ਬਰਮਾ ਆਦਿ ਦੇਸ਼ ਵਿਚ ਆਪ ਨੇ ਗ੍ਰੰਥੀ-ਪ੍ਰਚਾਰਕ ਦੀ ਸੇਵਾ ਬਹੁਤ ਚਿਰ ਤਕ ਸੁਚਜੇ ਰਹਿਕੇ ਕੀਤੀ। ਆਪ ਪੰਜਾਬੀ ਬਣਾਉਣ ਦੇ ਆਸ਼ੇ ਨਾਲ ਬਹੁਤ ਸਾਰਾ ਪੰਜਾਬੀ ਸ਼ਬਦ ਭੰਡਾਰ ਜਮਾ ਕਰ ਰਹੇ ਹਨ। ਅਜ ਕਲ ਗੁਰਦੁਆਰਾ ਮੋਤੀਬਾਗ ਪਟਿਆਲਾ ਦੀ ਸੇਵਾ ਵਿਚ ਲੱਗੇ ਹੋਏ ਹਨ।

**ਲੁਧਿਆਣਾ**—ਸ: ਰਣਜੀਤ ਸਿੰਘ ਜ਼ੈਲਦਾਰ ਸਪੁਤ੍ਰ ਸ: ਗੁਜ਼ਰ ਸਿੰਘ ਪਿੰਡ ਜਸਪਾਲੋਂ ਜ਼ਿਲਾ ਲੁਧਿਆਣਾ। ਆਪਨੇ ਪਿੰਡ ਵਿਚ ਗਰਲਜ਼ ਹਾਈ ਸਕੂਲ ਤੇ ਲੜਕਿਆ ਦਾ ਸਕੂਲ ਕਾਇੰਮ ਕਰਨ ਵਿਚ ਸ਼ਾਨਦਾਰ ਹਿੱਸਾ ਪਾਇਆ। ਆਪ ਸਵਰਗ ਵਾਸ ਹੋ ਚੁਕੇ ਹਨ। ਅਜ ਕੱਲ ਸਕੂਲ ਦੀ ਸੇਵਾ ਪ੍ਰੋ: ਹਰਬੰਸ ਸਿੰਘ ਤੇ ਹੈਡ ਮਾਸਟਰ ਕਮਰ ਸਿੰਘ ਕਰ ਰਹੇ ਹਨ। ਚੌਥੇ ਸ਼ਹੀਦੀ ਜੱਥੇ ਦੀ ਸੇਵਾ ਕਰਨ ਕਰਕੇ ਆਪ ਨਜ਼ਰ ਬੰਦ ਰਹੇ।

**ਸ: ਰਾਮ ਸਿੰਘ ਜੀ ਬੁਟਰ**—ਭਾਈ ਰਾਮ ਸਿੰਘ ਪਿਤਾ ਬੂਟਾ ਸਿੰਘ ਦੇ ਘਰ ਮਾਤਾ ਮਤਾਬ ਕੌਰ ਦੀ ਸੁਭਾਗ ਕੁਖੋਂ ਪਿੰਡ ਬੁਟਰ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਖੇ ਹੋਇਆ।

ਬਚਪਨ—ਮਾਤਾ ਪਿਤਾ ਦੀ ਛਤਰ ਛਾਇਆ ਹੇਠ ਭੋਗਦੇ ਹੋਏ ਜਦ ੭ ਵੇਂ ਸਾਲ ਪੈਰ ਧਰਿਆ ਤਾਂ ਗੁਰਮੁਖੀ ਵਿਦਿਆ ਪੜਣ ਵਾਸਤੇ ਪਿੰਡ ਦੇ ਗੁਰਦੁਆਰੇ ਮਹੰਤ ਜੀ ਦੇ ਪਾਸ ਲਾਏ ਗਏ ਮਹੰਤ ਜੀ ਦੇ ਯਰੀਏ ਦੋਦਰ ਵਾਲੇ ਗੁਰਦੁਆਰੇ ਜਾਣ ਦਾ ਸਭਾਗ ਸਮਾਂ ਪ੍ਰਾਪਤ ਹੋਇਆ। ਇਸ ਗੁਰ ਅਸਥਾਨ ਤੇ ਵਡੇ ੨ ਸੰਤ ਬਿਕਰਤ ਪੰਡਤ ਗੁਰਮਤ ਖੋਜੀ ਸਿੰਘ ਸਭੀਏ ਅਤੇ ਵਿਦਵਾਨ ਬਹੁਤ ਹੀ ਔਂਦੇ ਜਿਹਨਾਂ ਦੀ ਸੰਗਤ ਤੇ ਆਪ ਜੀ ਕਟੜ ਸਿੰਘ ਸਭਾ ਦਾ ਪ੍ਰਚਾਰ ਕਰਨਾ ਅਰੰਭਿਆ ਜਿਸ ਕਰਕੇ ਪਿੰਡ ਤੇ ਇਲਾਕੇ ਵਿਚ ਸਿੰਘ ਸਭੀਏ ਬਹੁਤ ਤਿਆਰ ਹੋ ਗਏ। ਜੋ ਢੋਲਕੀ ਤੇ ਛੈਣਿਆਂ ਨਾਲ

Digitized by Panjab Digital Library | www.panjabdigilib.org

ਸਿਧੀਆ ਧਾਰਨਾ ਵਿਚ ਕੀਰਤਨ ਬੜੇ ਪ੍ਰੇਮ ਤੇ ਲਹਿਜੇ ਨਾਲ ਕਰਨ ਜਿਸ ਦਾ ਅਸਰ ਸ੍ਰੋਤਿਆਂ ਤੇ ਬਹੁਤ ਪੈਂਦਾ ਅਤੇ ਸਰਦਾਰ ਰਾਮ ਸਿੰਘ ਜੀ ਦੇ ਹਿਰਦੇ ਵਿਚ ਗੁਰਮਤ ਪ੍ਰਚਾਰ ਹਿਤ ਤੜਫ ਪੈਦਾ ਹੋਣ ਤੇ ਆਪ ਜੀ ਨੇ ਗਿਆਨੀ ਸ਼ੇਰ ਸਿੰਘ ਠਿਕਰੀ ਵਾਲੇ ਨੂੰ ਪਿੰਡ ਲੈਜਾਕੇ ਐਸਾ ਪ੍ਰੇਮ ਸੰਗਲ ਮਾਇਆ ਜੋ ਕਈ ਸਾਲ ਬੁਟਰ ਨੂੰ ਸਿੰਘ ਸਭਾ ਦਾ ਕੇਂਦਰ ਬਨਾਕੇ ਗੁਰਮਤ ਪ੍ਰਚਾਰ ਹਿਤ ਪਿੰਡ ਤੇ ਇਲਾਕੇ ਵਿਚ ਸਿੰਘ ਸਭਾ ਕਾਇਮ ਕਰਕੇ ਆਪਦੇ ਮਨ ਦੀਆਂ ਭੁਖਾਂ ਦੂਰ ਕੀਤੀਆਂ। ਆਪ ਜੀ ਦੀ ਸ਼ਾਦੀ ਸਰਦਾਰ ਗੁਰਮੁਖ ਸਿੰਘ ਦੀ ਸਪੁਤ੍ਰੀ ਸਰਦਾਰ ਜੀਉਣ ਸਿੰਘ ਦੀ ਭੈਣ ਦਿਆ ਕੌਰ ਕਿਸ਼ਨ ਪੁਰਾ ਕਲਾਂ ਸਾਥ ਹੋਈ ਹੁਣ ਏਹ ਪ੍ਰੇਮ ਜੋੜੀ ਪ੍ਰੇਮ ਸਹਤ ਗੁਰਮਤ ਮੰਡਲਾਂ ਵਿਚ ਅਨੰਦ ਮਾਣਦੇ ਅਤੇ ਆਏ। ਗੁਰਸਿੱਖਾਂ ਦੀ ਸੇਵਾ ਕਰਦੇ ਗੁਰਮਤ ਮੰਡਲ ਵਿਚ ਉਡਾਰੀਆਂ ਮਾਰ ਦੇ ਆਪਦੇ ਘਰ ਨੂੰ ਹੀ ਧਰਮ ਸਾਲਾ ਬਣਾ ਲਿਆ। ਹੁਣ ਗੁਣ ਗਾਵਤ ਜ਼ਿੰਦਗੀ ਬਤੀਤ ਕਰਿਦਿਆਂ ਕੁਝ ਅਰਸਾਂ ਤੋਂ ਬਾਦ ਆਪ ਜੀ ਦੇ ਘਰ ਅਕਾਲ ਪੁਰਖ ਜੀ ਨੇ ਪੁਤ੍ਰ ਦੀ ਦਾਤ ਬਖਸ਼ੀ ਪਰ ਆਪ ਜੀ* ਦਾ ਚਾਉ ਨਾ ਪੁਤਰ ਦੇ ਚਾਉ ਪੂਰੇ ਹੋਏ ਕਿਉਂਕਿ ਦਰਗਾਹੀ ਸਦਾ ਔਣ ਤੇ ਆਪ ਸਦੀਵ ਵਿਛੋੜਾ ਦੇ ਗਏ। ਹੁਣ ਆਪਦੇ ਸੁਭ ਸੰਦੇਸ ਸੰਗਤਾਂ ਦੇ ਨਾਂ ਵਿਚ ਗੂੰਜਾਂ ਪਾ ਰਹੇ ਹਨ। ਆਪ ਦੇ ਪੂਰਿਨਿਆਂ ਤੇ ਚਲਣ ਵਾਲੇ ਸਰਦਾਰ ਮਾਨ ਸਿੰਘ ਸਰਦਾਰ ਮਹ ਸਿੰਘ ਸਰਦਾਰ ਭਗਤ ਸਿੰਘ ਇਤ ਆਦਿ ਬੁਟਰ ਹਨ।

**ਰੂੜ ਸਿੰਘ ਸੂਬੇਦਾਰ ਦਾਇਆ ਛੋਟਾ-** ਜਨਮ– ਆਪ ਦਾ ਜਨਮ ਸਰਦਾਰ ਦੀਵਾਨ ਸਿਘ ਦੇ ਗ੍ਰਿਹਿ ਪਿੰਡ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।

ਬਾਲਪਨ– ਆਪ ਜੀ ਦੀ ਬਾਲਪਨ ਅਵਸਥਾ ਆਪਣੇ ਮਾਪਿਆਂ ਦੀ ਗੋਦ ਵਿਚ ਬੜੇ ਚਾਅ ਉਮਾਹ ਨਾਲ ਲੰਘੀ।

ਵਿਦਿਆ– ਆਪ ਜੀ ਦਾ ਸੁਭਾ ਪਹਿਲੇ ਦਿਨੋਂ ਹੀ ਧਾਰਮਿਕ ਸੀ। ਸੋ ਗੁਰਮਖੀ ਵਿਦਿਆ ਆਪ ਨੇ ਛੋਟੇ ਹੁੰਦਿਆਂ ਹੀ ਪੜ ਲਈ। ਆਪ ਜੀ ਨੂੰ ਵਿਦਿਆ ਪੜਣ ਦਾ ਬਹੁਤ ਸ਼ੌਕ ਸੀ।

ਕੰਮ– ਆਪ ਜੀ ਚੜ੍ਹਦੀ ਜਵਾਨੀ ਵਿਚ ਹੀ ਵਿਦਿਆ ਵਲੋਂ ਰੁਚੀ ਹਟਾ ਕੇ ਫੌਜ ਵਿਚ ਭਰਤ ਹੋ ਗਏ। ਸਪਾਹੀ ਤੋਂ ਤਰੱਕੀ ਕਰਦੇ ਕਰਦੇ ਪਹਿਲੀ ਲੜਾਈ ਵਿਚ ਜਮਾਂਦਾਰੀ ਪੈਨਸ਼ਨ ਆਏ ਦੂਜੀ ਵਡੀ ਲੜਾਈ ਵਿਚ ਆਪ ਨੂੰ ਫਿਰ ਸਦਿਆ ਗਿਆ। ਆਪ ਨੇ ਇਸ ਲੜਾਈ ਵਿਚ ਬਹੁਤ ਬਹਾਦਰੀ ਵਿਖਾਈ ਤੇ ਸਰਦਾਰ ਬਹਾਦਰ ਦਾ ਖਿਤਾਬ ਪ੍ਰਾਪਤ ਕੀਤਾ ਤੇ ਆਪ ਜੀ ਸੂਬੇਦਾਰੀ ਪਿਨਸ਼ਨ ਆਏ। ਜਦ ਤੋਂ ਪਿਨਸ਼ਨ ਲੈ ਕੇ ਆਏ ਹਨ, ਪਿੰਡ ਹੀ ਟਿਕਦੇ ਹਨ। ਆਪ ਜੀ ਦੇ ਉਦਮ ਨਾਲ ਪਿੰਡ ਵਿਚ ਸੁੰਦਰ ਗੁਰਦਵਾਰਾ ਬਣਿਆ ਹੋਇਆ ਹੈ। ਪਿੰਡ ਵੈਰਣੀਵਾਲ ਵਿਚ ਪ੍ਰਾਇਮਰੀ ਸਕੂਲ, ਡਾਕਖਾਨਾ ਅਤੇ ਖਾਸ ਪਿੰਡ ਵਿਚ ਗਰਲਜ਼ ਸਕੂਲ ਜਾਰੀ ਕਰਵਾਇਆ। ਪੰਚਾਇਤ ਬਣਨ ਸਮੇਂ ਆਪ ਪਿੰਡ ਦੀ ਪਹਿਲੀ ਪੰਚਾਇਤ ਦੇ ਸਰਪੰਚ ਬਣੇ ਤੇ ਇਸ ਕੰਮ ਨੂੰ ਯੋਗਤਾ ਨਾਲ ਨਿਭਾਇਆ।

ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਸਰਗਰਮ ਮੈਂਬਰ ਹਨ। ਆਪ ਨੇ ਸਭਾ ਨਾਲ ਮਿਲਕੇ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ। ਇਸ ਵੇਲੇ ਇਤਿਹਾਸ ਕਮੇਟੀ ਮਾਲਵਾ ਦੇ ਖਜ਼ਾਨਚੀ ਹਨ ਜਿਸ ਨੂੰ ਬੜੀ ਯੋਗਤਾ ਅਤੇ ਈਮਾਨਦਾਰੀ ਨਾਲ ਨਿਭਾ ਰਹੇ ਹਨ ਅਤੇ ਦਾਸ ਤੇ ਸਭਾ ਦੇ ਮੁਖੀ ਕਾਰਕੁਨ ਹਨ।

---

* ਪੁਤ੍ਰ ਦਾ ਨਾਮ ਸਾਰੇ ਸੰਸਾਰ ਪ੍ਰਸਿਧ ਡਾਕਟਰ ਹਰਿ ਦਿਤ ਜੀ ਢਿਲੋਂ ਜੋ ਪੈਪਸੂ (ਪਟਿਆਲਾ) ਵਿਚ ਪੀ. ਏਚ. ਡੀ. ਡਾਇਰੈਕਟਰ ਵਿਦਅਕ ਵਿਭਾਗ ਵਿਚ ਲੱਗੇ ਹਨ।

Digitized by Panjab Digital Library | www.panjabdigilib.org

ਸੁਭਾ– ਆਪ ਜੀ ਸਚਾਈ ਪਸੰਦ ਬਹੁਤ ਹਨ ਤੇ ਸਚੀ ਸੁਚੀ ਗਲ ਮੂੰਹ ਤੇ ਕਹਿਣ ਤੋਂ ਸੰਕੋਚ ਨਹੀਂ ਕਰਦੇ। ਹੁਣ ਪਿੰਡ ਵਿਚ ਹੀ ਘਰੋਗੀ ਕੰਮ ਕਾਰ ਕਰਦੇ ਹਨ ਅਤੇ ਪਿੰਡ ਦੇ ਗੁਰਦਵਾਰੇ ਤੇ ਸਕੂਲ ਦੇ ਮੁਖ ਪ੍ਰਬੰਧਕ ਹਨ। ਜਮਾਂਦਾਰ ਪੂਰਨ ਸਿੰਘ, ਦਫੇਦਾਰ ਅਲਬੇਲ ਸਿੰਘ, ਮਾਸਟਰ ਰਣਜੀਤ ਸਿੰਘ, ਮੇਹਰ ਸਿੰਘ, ਗਿਆਨੀ ਹਰਭਜਨ ਸਿੰਘ, ਝਗੜ ਸਿੰਘ, ਹੌਲਦਾਰ ਮਲ ਸਿੰਘ, ਜ: ਪਰਤਾਪ ਸਿੰਘ, ਹੌ: ਨਰੰਜਣ ਸਿੰਘ, ਸਹੇਲ ਸਿੰਘ ਆਦਿ ਆਪ ਜੀ ਦੇ ਸੰਗੀ ਹਨ।

**ਸ: ਲਛਮਣ ਸਿੰਘ ਦਿਆਲਪੁਰਾ ਮਿਰਜ਼ੇ ਕੇ**- ਆਪ ਪਿੰਡ ਦਿਆਲ ਪੁਰਾ ਮਿਰਜ਼ੇ ਕੇ ਰਿਆਸਤ ਸੰਗਰੂਰ ਵਿਚ ਪੈਦਾ ਹੋਏ। ਆਪ ਦੇ ਪਿਤਾ ਦਾ ਨਾਮ ਸਾਹਿਬ ਸਿੰਘ ਅਤੇ ਮਾਤਾ ਦਾ ਨਾਂ ਮਹਾਂ ਕੌਰ ਸੀ। ਬਾਲ ਉਮਰ ਵਿਚ ਗੁਰਮਖੀ ਵਿਦਿਆ ਪੜ੍ਹ ਕੇ ਜਵਾਨ ਹੁੰਦੇ ਹੀ ਬਰਮਾ ਫੌਜ ਵਿਚ ਜਾ ਭਰਤੀ ਹੋਏ ਤੇ ਹੌਲਦਾਰੀ ਦੇ ਅਹਦੇ ਤਕ ਪਹੁੰਚੇ।

ਉਪਕਾਰ : ਆਪ ਨੂੰ ਘਰੋਂ ਸੱਦਾ ਪੱਤਰ ਜਾਣ ਪਰ ਵਾਪਸ ਆਉਣਾ ਪਿਆ। ਜਦੋਂ ਆਪ ਮੁੜ ਕੇ ਆਏ ਤਾਂ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ। ਆਪ ਇਸ ਵਿਚ ਸ਼ਾਮਲ ਹੋ ਗਏ। ਆਪ ਨੇ ਗੁਰਪੁਰਬ ਮਨਾਉਣੇ, ਅਛੂਤ ਉਧਾਰ ਕਰਨਾ ਤੇ ਗੁਰਮਤ ਦਾ ਪਰਚਾਰ ਕਰਨਾ ਆਪਣੇ ਜੀਵਨ ਦੇ ਆਦਰਸ਼ ਬਣਾ ਲਿਆ। ਆਪ ਨੇ ਨਗਰ ਵਿਚ ੧੨੫ ਅਖੰਡ ਪਾਠਾਂ ਦਾ ਪ੍ਰਵਾਹ ਚਲਾਇਆ। ਨਗਰ ਵਲੋਂ ਚਾਰ ਹਜ਼ਾਰ ਰੁਪਿਆ ਧਰਮ ਅਰਥ ਦਾਨ ਕਰਾਇਆ। ਆਪ ਕਾਫੀ ਅਰਸਾ ਰਿਆਸਤੀ ਅਸੈਂਬਲੀ ਦੇ ਮੈਂਬਰ ਰਹੇ। ਆਪ ਦਾ ਇਲਾਕੇ ਵਿਚ ਕਾਫੀ ਸਤਿਕਾਰ ਸੀ। ਆਪ ਜੀ ਨੂੰ ਸੰਤ ਚੰਨਣ ਸਿੰਘ ਜੀ 'ਰਬ' ਦੀ ਸੰਗਤ ਕਰਨ ਦਾ ਵੀ ਸੁਭਾਗ ਪਰਾਪਤ ਹੋਇਆ। ਆਪ ਜੀ ਦਾ ਸ: ਜੋਗਾ ਸਿੰਘ ਜੀ ਦਿਆਲਪੁਰਾ ਨਾਲ ਖਾਸ ਪਿਆਰ ਸੀ।

**ਲਛਮਣ ਸਿੰਘ ਭਾਈ**-- ਆਪ ਤਹਿਸੀਲ ਖਾਨਪੁਰ, ਜ਼ਿਲਾ ਲੁਧਿਆਣੇ ਦੇ ਰਹਿਣ ਵਾਲੇ ਹਨ। ਆਪ ਸਫੈਦ ਪੋਸ਼ ਹਨ ਕੁਝ ਸਮਾਂ ਆਪ ਸ: ਧੰਨਾ ਸਿੰਘ ਢੰਡਾਰੀ ਦੀ ਥਾਂ ਜ਼ੈਲਦਾਰ ਭੀ ਰਹੇ ਹਨ।

ਆਪ ਗਿਆਨੀ ਸਜਣ ਸਿੰਘ ਦੇ ਸਾਥੀ ਅਤੇ ਸਿਖ ਸੇਵਕ ਜਥਾ ਲੁਧਿਆਣਾ ਦੇ ਮੋਢੀਆਂ ਵਿਚੋਂ ਸਨ, ਆਪ ਨੇ ਉਪ੍ਰੋਕਤ ਜਥੇ ਦੇ ਪ੍ਰਚਾਰਕ ਰਹਿ ਕੇ ਦੇਸ਼ ਪ੍ਰਦੇਸ਼ ਵਿਚ ਸਿਖੀ ਪ੍ਰਚਾਰ ਦੀ ਬਹੁਤ ਸੇਵਾ ਕੀਤੀ।

**ਪੰਡਤ ਲਛਮਨ ਸਿੰਘ**—ਆਪ ਅੰਬਾਲਾ ਸ਼ਹਿਰ ਵਿਚ ਰਹਿੰਦੇ ਹਨ। ਆਪ ਨੇ ਗ਼ਰੀਬੀ ਦੀ ਹਾਲਤ ਵਿਚ ਹੁੰਦਿਆਂ ਹੋਇਆਂ ਛੋਟੀ ਉਮਰ ਤੋਂ ਨਿਰਮਲੇ ਸਾਧੂ ਪੰਡਿਤ ਨਿਹਾਲ ਸਿੰਘ (ਠਾਕਰ) ਦੇ ਆਸ਼ਰਮ ਵਿਚ ਵਿਦਿਆ ਪ੍ਰਾਪਤ ਕੀਤੀ।

ਕੁਝ ਚਿਰ ਫੌਜ ਵਿਚ ਗ੍ਰੰਥੀ ਰਹੇ। ਯੂਰਪ ਦੀ ਵਡੀ (ਪਹਿਲੀ) ਲੜਾਈ ਵਿਚ ਫਰਾਂਸ ਆਦਿ ਵਿਚ ਰਹੇ। ਆਪ ਗੁਰੂ ਨਾਨਕ ਮਿਸ਼ਨਰੀ ਸੁਸਾਇਟੀ ਅਬਦੁੱਲਾ ਪੁਰ (ਅੰਬਾਲਾ) ਦੀ ਜਿੰਦ ਜਾਨ ਸਨ ਤੇ ਗੁਰਸਿੱਖੀ ਦੇ ਪ੍ਰਚਾਰ ਦੀ ਬਹੁਤ ਉਤਮ ਸੇਵਾ ਕਰ ਰਹੇ ਹਨ।

**ਲਾਲ ਸਿੰਘ ਜੀ ਸੰਗਰੂਰ**:-- ਆਪ ਦਾ ਜਨਮ ਪਿੰਡ ਕਨੇਚ ਜ਼ਿਲਾ ਲੁਧਿਆਣਾ ਵਿਚ ਸ: ਸੁਜਾਨ ਸਿੰਘ ਦੇ ਘਰ ਲਗ ਭਗ ੧੮੯੦ ਈ: ਨੂੰ ਹੋਇਆ।

ਬਾਲਪਣ:--ਆਪ ਦੀ ਮੁਢਲੀ ਉਮਰ ਪਿੰਡ ਵਿਚ ਗੁਜ਼ਰੀ।

Digitized by Panjab Digital Library | www.panjabdigilib.org

ਵਿਦਿਆ:—ਆਪ ਨੇ ਮੁਢਲੀ ਵਿਦਿਆ ਪਰਾਪਤ ਕਰਨ ਤੋਂ ਉਪਰੰਤ ਗੁਰਮਤਿ ਦਾ ਪਰਚਾਰ ਕਰਨਾ ਅਰੰਭ ਕੀਤਾ। ਆਪ ਦਾ ਮਿਲਾਪ ਬਾਬੂ ਤੇਜਾ ਸਿੰਘ ਭਸੌੜ ਨਾਲ ਹੋ ਗਿਆ ਤੇ ਪੰਚ ਖਾਲਸਾ ਦੀਵਾਨ ਵਿਚ ਕਾਫੀ ਸਮਾਂ ਕੰਮ ਕੀਤਾ। ਆਪ ਦੀਵਾਨ ਦੇ ਸਕੱਤ੍ਰ ਵੀ ਰਹੇ।

ਕੰਮ:—ਆਪ ਨੇ ਵਿਦਿਆ ਭੰਡਾਰ ਆਸ਼ਰਮ ਵਿਚ ਅਧਿਆਪਕ ਦੇ ਤੌਰ ਤੇ ਸੇਵਾ ਕੀਤੀ। ਆਪ ਵਿਚ ਇਹ ਵਿਸ਼ੇਸ਼ਤਾ ਹੈ ਕਿ ਆਪ ਸੰਪਰਦਾਈ ਗਿਆਨੀ ਹੁੰਦੇ ਹੋਏ ਇਕ ਚੰਗੇ ਲਿਖਾਰੀ ਹਨ। ਭਾਵੇਂ ਆਪ ਦੀ ਬੋਲੀ ਸੁਲਝੀ ਹੋਈ ਨਹੀਂ ਪਰ ਫਿਰ ਵੀ ਆਪ ਨੇ ਰਿਆਸਤੀ ਜਟਕੀ ਬੋਲੀ ਵਿਚ ਕਈ ਗ੍ਰੰਥ ਲਿਖ ਮਾਰੇ ਹਨ। ਆਪ ਲਿਖਾਰੀ ਅਤੇ ਬਕਤੇ ਵੀ ਹਨ।

ਆਪ ਦੀਆਂ ਰਚਨਾਵਾਂ ਇਹ ਹਨ:—

੧. ਗੁਰਮਿਤ ਮਾਰਤੰਡ ੨. ਤਵਾਰੀਖ ਗੁਰੂ ਖਾਲਸਾ ਪੰਥ (ਪੰਜ ਹਿਸੇ) ੩. ਖਾਲਸਾ ਨੀਤੀ ਧਰਮ ਸ਼ਾਸਤਰ ੪. ਸਿਖ ਕਾਨੂੰਨ ੫. ਗੁਰਮਤਿ ਜੀਵਨ ੬. ਸ੍ਰਿਸ਼ਟੀ ਰਚਨਾ ੭. ਪੰਥ ਪ੍ਰਸਿਧ ਹਸਤੀਆਂ ੮. ਸ੍ਰੀ ਗੁਰੂ ਗਰੰਥ ਸਾਹਿਬ ਦੇ ਕਠਨ ਪਾਠਾਂ ਦੀ ਕੁੰਜੀ ੯. ਕਕਾਰ ਫਲਾਸਫੀ ੧੦. ਖਾਲਸਾ ਸੰਸਕਾਰ ਵਿਧੀ ੧੧. ਭਾਈਚਾਰਕ ਸੁਧਾਰ ੧੨. ਗਹਿਣਾ ਪ੍ਰਹਾਰ ੧੩. ਭਾਈ ਗੁਰਦਾਸ ਦਰਸ਼ਨ ੧੪. ਨਿਤਨੇਮ ਸਟੀਕ ੧੫. ਪੰਜ ਤੰਤਰ ਸਟੀਕ ੧੬. ਆਜ਼ਾਦੀ ਦਾ ਦੇਵਤਾ ੧੭. ਗੁਰਮਤਿ ਤੇ ਇਸਲਾਮ ੧੮. ਜਾਤ ਪਾਤ ਖੰਡਨ ੧੯. ਅਨਮਤ ਖੰਡਨ ੨੦. ਖਟ ਦਰਸ਼ਨ ਆਦਿ।

**ਲਾਲ ਸਿੰਘ ਲਲਤੋਂ ਛੋਟੀ:** ਆਪ ਦਾ ਜਨਮ ਸ: ਰਾਮ ਸਿੰਘ ਦੇ ਘਰ ਮਾਤਾਂ ਰਾਮ ਕੌਰ ਦੀ ਕੁਖੋਂ ਪਿੰਡ ਲਲਤੋਂ ੧੮੮੪ ਈ: ਵਿਚ ਹੋਇਆ।

ਬਾਲਪਣ:—ਆਪ ਦਾ ਬਾਲਪਣ ਨਗਰ ਵਿਚ ਲੰਘਿਆ। ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਵਾਲੇ ਸਨ। ਆਪ ਨੇ ਆਪਣੇ ਨਗਰ ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕਿਆ ਅਤੇ ਸਭ ਤੋਂ ਪਹਿਲਾਂ ਸਿੰਘ ਸਜੇ।

ਵਿਦਿਆ:—ਆਪ ਨੇ ਗੁਰਮੁਖੀ ਵਿਦਿਆ ਪੜ੍ਹੀ ਉਪਰੰਤ ਆਪ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋ ਗਏ ਤੇ ਇਲਾਕੇ ਵਿਚ ਗੁਰਸਿਖੀ ਦਾ ਪਰਚਾਰ ਕੀਤਾ।

ਸੁਭਾ:—ਆਪ ਬਹੁਤ ਮਿਲਾਪੜੇ ਅਤੇ ਮਿਲਣਸਾਰੀ ਸਨ। ਆਪ ਪਾਸ ਸਿੰਘ ਸਭਾਈਏ, ਚੀਫ ਖਾਲਸਾ ਦੀਵਾਨ ਅਤੇ ਪੰਚ ਖਾਲਸਾ ਦੇ ਪ੍ਰਚਾਰਕ ਬਹਿ ਰਿਹਾ ਕਰਦੇ ਤੇ ਆਪ ਗੁਰਮਤਿ ਵਿਚਾਰਾਂ ਕਰਕੇ ਬਹੁਤ ਖੁਸ਼ ਹੁੰਦੇ।

**ਸ: ਲਾਲ ਸਿੰਘ ਜੀ ਕਮਲਾ ਅਕਾਲੀ—** ਆਪ ਦਾ ਜਨਮ ਨਗਰ ਭਨੋੜ ਜ਼ਿ: ਲੁਧਿਆਣਾ ਹੈ। ਸਕੂਲ ਅਤੇ ਕਾਲਜ ਦੀ ਉਚ ਵਿਦਿਆ ਪਰਾਪਤ ਕਰਨ ਤੋਂ ਉਪਰੰਤ ਆਪ ਜੀ ਕੁਝ ਚਿਰ ਬਰਮਾ ਵਿਚ ਪਰੋਫੈਸਰ ਲਗੇ ਰਹੇ। ਉਸ ਤੋਂ ਪਿਛੋਂ ਵਿਕਾਲਤ ਕੀਤੀ। ਕੁਝ ਚਿਰ ਆਪ ਪੰਜਾਬ ਅਸੈਂਬਲੀ ਦੇ ਮੈਂਬਰ ਵੀ ਰਹੇ। ਆਪ ਦੀ ਐਡੀਟਰੀ ਹੇਠ ਦੈਨਿਕ ਅਜੀਤ ਲਾਹੌਰ ਨਿਕਲਦਾ ਰਿਹਾ ਜਿਥੇ ਆਪ ਸਿਅ ਸੀ ਸੂਝ ਰਖਦੇ ਹਨ ਉਥੇ ਆਪ ਨੇ ਪੰਜਾਬੀ ਭਾਸ਼ਾ ਦੀ ਕਲਮੀ ਸੇਵਾ ਵੀ ਬਹੁਤ ਕੀਤੀ ਹੈ। ਆਪ ਦੀਆਂ ਪੁਸਤਕਾਂ ਦਾ ਵੇਰਵਾ ਅਗੇ ਇਸ ਤਰਾਂ ਹੈ:—

੧. ਸਰਬ ਲੋਹ ਦੀ ਵਹੁਟੀ ੨. ਕਰਮ ਗਤਿ ੩. ਵਲਾਇਤੀ ਸਫਰਨਾਮਾ ੪. ਮੌਤ ਰਾਣੀ ਦਾ ਘੁੰਡ ੫. ਜੀਵਨ ਨੀਤੀ ੬. ਵਿਚਾਰ ਮਾਲਾ ਆਦਿ।

Digitized by Panjab Digital Library | www.panjabdigilib.org

# ਮੌਜੂਦਾ ਆਜ਼ਾਦੀ ਦੇ ਮੋਢੀ

ਪ੧੯੧੪-੧੫ ਵਾਲੇ ਦੇਸ਼ ਭਗਤਾਂ
ਭਾਰਤ ਦੇ ਸਪੂਤਾਂ
ਇਨਕਲਾਬੀ ਯੋਧਿਆਂ
ਕੇਹਰ ਸ਼ੇਰਾਂ

ਜਿਨ੍ਹਾਂ
ਸਾਨੂੰ ਹਿੰਦੁਸਤਾਨੀਆਂ ਨੂੰ ਗੁਲਾਮੀ ਦੇ
ਪਿੰਜਰਿਆਂ ਚੋਂ ਕੱਢਣ ਲਈ
ਆਪ ਪਿੰਜਰਿਆਂ ਵਿਚ
ਪੈਣ ਵਾਲਿਆਂ
ਸੂਰਬੀਰਾਂ ਦਾ
ਕਾਂਡ

## ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਸਮਰਪਨ

ਗੁਲਾਮ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਸਤੇ ਲਖਾਂ
ਰੁਪਿਆ, ਸੋਹਲ ਤੇ ਪਿਆਰੀਆਂ ਜਿੰਦੜੀਆਂ ਨੂੰ
ਕਾਲ ਕੋਠੜੀਆਂ, ਲੋਹੇ ਦੇ ਪਿੰਜਰਿਆਂ, ਕਾਲੇ
ਪਾਣੀਆਂ ਵਿਚ ਬਤੀਤ ਕਰਨ ਤੋਂ
ਬਿਨਾ ਹੋਰ ਕਠਨ ਸਜ਼ਾਵਾਂ-
ਉਮਰ ਕੈਦਾਂ, ਬੈਂਤਾਂ, ਭੁਖ
ਹੜਤਾਲਾਂ ਆਦਿ
ਅਤੇ
ਫਾਂਸੀਆਂ ਦੇ ਤਖਤਿਆਂ ਤੇ ਹਸ ਹਸ ਕੇ ਚੜ੍ਹਣ
ਵਾਲੇ ਅੱਮਾ ਜਾਇਆਂ ਅਮਰ
ਅਤੇ ਜ਼ਿੰਦਾ ਸ਼ਹੀਦ ਬਾਬਿਆਂ
ਦੇ ਚਰਨਾਂ ਵਿਚ ਭੇਟ
ਪ੍ਰਵਾਨ ਹੋਵਣ ਤਾਂ
ਅਹੋ ਭਾਗ

ਗੁਰੂ ਪੰਥ ਤੇ ਕੌਮੀ ਪ੍ਰਵਾਨਿਆਂ ਦਾ ਦਾਸ

**ਵਿਸਾਖਾ ਸਿੰਘ ਸੰਤ ਸਿਪਾਹੀ**

Digitized by Panjab Digital Library | www.panjabdigilib.org

# ਮੁਖ---ਬੰਦ

"ਮਾਲਵੇ ਦਾ ਇਤਿਹਾਸ" ਲਿਖਣ ਦਾ ਜੋ ਸ਼ੁਭ ਯਤਨ ਸ੍ਰੀ ਮਾਨ ਸੰਤ ਵਿਸਾਖਾ ਸਿੰਘ ਜੀ ਸੰਤ ਸਿਪਾਹੀ ਜਨੇਤ ਪੁਰਾ ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਨੇ ਕੀਤਾ ਹੈ ਅਤਿ ਸ਼ਲਾਘਾ ਯੋਗ ਹੈ ਅਤੇ ਇਸ ਤੇ ਜਿਤਨਾ ਭੀ ਮਾਣ ਕੀਤਾ ਜਾਵੇ ਥੋੜਾ ਹੈ। ਸੰਤ ਜੀ ਨੇ ਇਹ ਇਤ੍ਰ ਮਹਾਨ ਪਰਉਪਕਾਰ ਕਰਕੇ ਕੇਵਲ ਮਾਲਵਾ ਨਿਵਾਸੀ ਸਜਣਾਂ ਨੂੰ ਹੀ ਨਹੀਂ ਨਿਵਾਜਿਆ ਬਲਕਿ ਸਮੁਚੇ ਤੌਰ ਤੇ ਸਾਰੇ ਦੇਸ ਦੀ ਅਜਿਹੀ ਨਿਘਰ ਸੇਵਾ ਕੀਤੀ ਹੈ ਜੋ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰਾ ਬਣਕੇ ਇਕ ਅਦੁਤੀ ਮਿਸਾਲ ਬਣੀ ਰਹੇਗੀ।

ਇਤਹਾਸ ਦੇ ਇਸ ਭਾਗ ਵਿਚ ਮਾਲਵੇ ਦੇ ਦੇਸ਼ ਭਗਤਾਂ ਦਾ ਵਰਨਣ ਹੈ। ਗਦਰ ਪਾਰਟੀ, ਗੁਰੂ ਨਾਨਕ ਜਹਾਜ਼, ਪਹਿਲਾ ਅਤੇ ਦੂਜਾ ਮੁਕੱਦਮਾ ਸਾਜ਼ਸ਼, ਲਾਹੌਰ, ਮਾਂਡਰੇ, ਸਾਜ਼ਸ਼ ਕੇਸ, ਅਤੇ ਰਸਾਲਾ ਨੰਬਰ ੨੨ ਦੇ ਸੂਰਬੀਰਾਂ ਦੇ ਹਾਲਾਤ ਲੜੀ ਵਾਰ ਇਸ ਭਾਗ ਵਿਚ ਅੰਕਤ ਹਨ। ਲਿਖਾਰੀ ਨੇ ਬੜੀ ਮਿਹਨਤ ਨਾਲ ਖੋਜ ਕੀਤੀ ਹੈ ਅਤੇ ਹਰ ਇਕ ਵਿਸ਼ੇ ਤੇ ਪੂਰੀ ਪੂਰੀ ਗਿਆਤ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ। ਲੇਖਣੀ ਨੂੰ ਕਿਸੇ ਪ੍ਰਕਾਰ ਦੀ ਰੰਗਤ ਨਹੀਂ ਦਿਤੀ ਗਈ ਅਤੇ ਪੂਰਾ ਜਤਨ ਕੀਤਾ ਗਿਆ ਹੈ ਕਿ ਜਿਥੋਂ ਤਕ ਸੰਭਵ ਹੋ ਸਕੇ ਹਾਲਾਤ ਨੂੰ ਇਤਹਾਸਕ ਦ੍ਰਿਸ਼ਟੀ ਕੋਣ ਤੋਂ ਹੀ ਦਰਸਾਇਆ ਜਾਵੇ।

ਗ਼ਦਰ ਪਾਰਟੀ ਦੇ ਸੰਖੇਪ ਇਤਿਹਾਸ ਵਿਚ ਦਸਿਆ ਗਿਆ ਹੈ ਕਿ ਜਦ ਹਿੰਦੁਸਤਾਨ ਦੀ ਆਮ ਜਨਤਾ ਰਾਜਸੀ ਗੁਲਾਮੀ ਦੀ ਨੀਂਦ ਵਿਚ ਘੂਕ ਸੁਤੀ ਹੋਈ ਸੀ ਅਤੇ ਆਜ਼ਾਦੀ ਦਾ ਨਾਉਂ ਲੈਣਾ ਭੀ ਸਰਕਾਰ ਵਲੋਂ ਮਹਾਂ ਪਾਪ ਸਮਝਿਆ ਜਾਂਦਾ ਸੀ ਤਾਂ ਪ੍ਰਦੇਸ ਗਏ ਸਜਣਾਂ ਨੇ ਕਿਸ ਤਰਾਂ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਦਾ ਉਦਮ ਕੀਤਾ ਅਤੇ ਆਪਣੇ ਇਸ ਜਤਨ ਨੂੰ ਸਫਲ ਕਰਨ ਲਈ ਕੀ ਕੀ ਘਾਲਾਂ ਘਾਲੀਆਂ। ਇਸ ਤਰਾਂ ਕੈਨੇਡਾ ਅਤੇ ਅਮਰੀਕਾ ਨਿਵਾਸੀ ਹਿੰਦੁਸ-ਤਾਨੀਆਂ ਨੇ ਆਰਾਮ ਦੀ ਜ਼ਿੰਦਗੀ ਛਡ ਕੇ ਕੇਵਲ ਆਪਣੇ ਗਾੜ੍ਹੇ ਪਸੀਨੇ ਦੀ ਕਮਾਈ ਹੀ ਦੇਸ਼ ਨੂੰ ਅਰਪਣ ਨਹੀਂ ਕੀਤੀ ਬਲਕਿ ਅਨੇਕ ਪ੍ਰਕਾਰ ਦੇ ਅਸਿਹ ਦੁਖੜੇ ਸਹਾਰਦੇ ਹੋਇਆਂ ਆਪਣੀਆਂ ਜਾਨਾਂ ਦੀ ਅਹੂਤੀ ਦੇਣੋਂ ਭੀ ਕੋਈ ਸੰਕੋਚ ਨਹੀਂ ਕੀਤਾ। ਸ: ਕਰਤਾਰ ਸਿੰਘ ਜੀ ਵਰਗੇ ਮੁਛ-ਫੁਟੇਂਦੇ ਗਭਰੂਆਂ ਨੇ ਕਿਸ ਤਰਾਂ ਹੱਸ ਹੱਸ ਕੇ ਫਾਂਸੀਆਂ ਤੇ ਲਟਕ ਕੇ ਸ਼ਹੀਦੀਆਂ ਪਾਈਆਂ, ਲੂੰ ਕੰਡੇ ਕਰਨ ਵਾਲੇ ਨਜ਼ਾਰੇ ਹਨ।

ਇਸੇ ਤਰ੍ਹਾਂ "ਕਾਮਾ ਗਾਟਾ ਮਾਰੂ" ਅਥਵਾ "ਗੁਰੂ ਨਾਨਕ ਜਹਾਜ਼" ਚਲਾਣ ਵਾਲੇ ਬਾਬਾ ਗੁਰਦਿਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਬਿਥਿਆ ਹਿਰਦੇ-ਵੇਧਕ ਹੈ। ਗੁਰੂ ਨਾਨਕ ਜਹਾਜ਼ ਦੀ ਕਹਾਣੀ ਆਜ਼ਾਦ ਕੌਮਾਂ ਵਲੋਂ ਗੁਲਾਮ ਕੌਮਾਂ ਨਾਲ ਕੀਤੇ ਗਏ ਸਲੂਕ ਦੀ ਮੂੰਹੋਂ-ਬੋਲਦੀ ਤਸਵੀਰ ਹੈ।

ਲਾਹੌਰ ਅਤੇ ਮਾਂਡਲੇ ਸਾਜ਼ਸ਼ੀ ਮੁਕਦਮਿਆਂ ਦੀਆਂ ਵਾਰਤਾਂ ਸਾਡੇ ਪੂਜ-ਨੀਕ ਦੇਸ਼-ਭਗਤਾਂ ਵਿਚ ਦੇਸ਼-ਪਿਆਰ ਦੇ ਅਥਾਹ ਸੋਮੇਂ ਹੋਣ ਅਤੇ ਦੇਸ਼ ਤੋਂ ਘੋਲ ਘੁਮਾਏ ਜਾਣ ਦੇ ਬੱਜਰ ਸਬੂਤ ਹਨ। ਦੇਸ਼ ਦੀ ਖਾਤਰ ਇਹਨਾਂ ਸੂਰਬੀਰਾਂ ਨੇ ਕਿਸ ਤਰਾਂ ਉਮਰ ਕੈਦਾਂ ਅਤੇ ਕਾਲੇ ਪਾਣੀਆਂ

Digitized by Panjab Digital Library | www.panjabdigilib.org

ਦੀਆਂ ਸਜ਼ਾਵਾਂ ਕਟੀਆਂ, ਕਿਸ ਤਰਾਂ ਸੱਤ ਸੱਤ ਸਾਲ ਇਹਨਾਂ ਨੂੰ ਪਿੰਜਰਿਆਂ ਵਿਚ ਜਾਨਵਰਾਂ ਵਾਂਗ ਤਾੜ ਕੇ ਤਸੀਹੇ ਦਿਤੇ ਗਏ ਅਤੇ ਕਿਸ ਤਰਾਂ ਕਈ ਸੂਰਬੀਰ ਜੇਹਲਾਂ ਵਿਚ ਹੀ ਮੁਸੀਬਤਾਂ ਝਲਦੇ ਝਲਦੇ ਸ਼ਹੀਦ ਹੋ ਗਏ। ਇਹ ਸਭ ਦਿਲ ਹਲਾ ਦੇਣ ਵਾਲੀਆਂ ਘਟਨਾਵਾਂ ਹਨ।

ਰਸਾਲਾ ਨੰਬਰ ੨੨ ਦੇ ਸੂਰਬੀਰਾਂ ਦੀ ਵਾਰਤਾ ਇਹ ਸਿਧ ਕਰਦੀ ਹੈ ਕਿ ਦੇਸ ਨੂੰ ਅਜ਼ਾਦ ਕਰਾਉਣ ਦੀ ਲਹਿਰ ਹਿੰਦੀ ਫੌਜਾਂ ਵਿਚ ਭੀ ਪ੍ਰਚਲਤ ਹੋ ਗਈ ਸੀ। ਗਦਰ ਪਾਰਟੀ ਦੇ ਸੇਵਾਦਾਰਾਂ ਨੇ ਹਿੰਦੀ ਫੌਜ ਨਾਲ ਮੇਲ ਜੋਲ ਕਰਕੇ ਉਹਨਾਂ ਨੂੰ ਦੇਸ ਦੀ ਆਜ਼ਾਦੀ ਲਈ ਪਰੇਰਿਆ ਸੀ। ਸਰਕਾਰੀ ਜਾਸੂਸਾਂ ਦੀ ਗਦਾਰੀ ਦੇ ਕਾਰਨ ਫੌਜਾਂ ਵਿਚ ਗਦਰ ਨਾ ਹੋ ਸਕਿਆ। ਪਰ ਇਸ ਸਬੰਧ ਵਿਚ ਫੌਜੀਆਂ ਦੀ ਸਮੁਚੀ ਹਮਦਰਦੀ ਅਤੇ ਖਾਸ ਤੌਰ ਤੇ ਰਸਾਲਾ ਨੰ: ੨੨ ਦੇ ਸੂਰਬੀਰਾਂ ਦੀਆਂ ਕੁਰਬਾਨੀਆਂ ਦੇਸ਼ ਦੇ ਇਤਿਹਾਸ ਨੂੰ ਚ ਰ ਚੰਦ ਲਾਣ ਵਾਲੀਆਂ ਹਨ।

ਲਿਖਾਰੀ ਨੇ ਗੁੜ੍ਹੇ ਦੇਸ਼ ਭਗਤਾਂ ਦੀਆਂ ਸੰਖੇਪ ਜੀਵਣੀਆਂ ਦੇ ਕੇ ਉਹਨਾਂ ਨੂੰ ਇਤਿਹਾਸ ਵਿਚ ਯੋਗ ਥਾਂ ਦਿਤੀ ਹੈ ਅਤੇ ਇਹਨਾਂ ਸੂਰਬੀਰਾਂ ਨੂੰ ਅਮਰ ਕਰਦਿਆਂ ਹੋਇਆਂ ਉਹ ਪਦਵੀ ਦਿਤੀ ਹੈ ਜਿਸ ਦੇ ਉਹ ਹਕਦਾਰ ਸਨ। ਸਾਡੀਆਂ ਆਉਣ ਵਾਲੀਆਂ ਨਸਲਾਂ ਦੇਸ ਭਗਤਾਂ ਦੀਆਂ ਇਹ ਜੀਵਨੀਆਂ ਪੜ ਕੇ ਹੁਲਾਸ ਲਿਆ ਕਰਨਗੀਆਂ। ਕੌਮਾਂ ਦਾ ਇਤਿਹਾਸ ਉਹਨਾਂ ਦੀ ਜਿੰਦ ਜਾਨ ਅਤੇ ਭਵਿਖਤ ਦੀ ਸ਼ਾਨ ਹੁੰਦੀ ਹੈ। ਸਾਨੂੰ ਅਥਾਹ ਮਾਨ ਹੈ ਕਿ ਮਾਲਵੇ ਦੀ ਪਵਿਤਰ ਧਰਤੀ ਦੇਸ਼ ਸੇਵਕ ਅਤੇ ਸ਼ਹੀਦ ਉਪਜਾਉ ਧਰਤੀ ਹੈ। ਇਹ ਧਰਤੀ ਦੇਸ਼ ਸੇਵਕਾਂ ਅਤੇ ਸ਼ਹੀਦਾਂ ਦੇ ਲਹੂ ਨਾਲ ਸਿੰਜੀ ਹੋਈ ਹੈ। ਇਹੀ ਗੁਣ ਅਤੇ ਰਵਾਇਤਾਂ ਹਨ ਜੋ ਸਾਨੂੰ ਢਾਰਸ ਦਿਵਾਉਂਦੀਆਂ ਹਨ ਕਿ ਭਵਿਖਤ ਵਿਚ ਭੀ ਇਸ ਧਰਤੀ ਵਿਚੋਂ ਸੂਰਬੀਰ ਯੋਧੇ, ਸੂਰਮੇਂ, ਦੇਸ਼ ਭਗਤ ਅਤੇ ਸ਼ਹੀਦ ਪੈਦਾ ਹੁੰਦੇ ਰਹਿਣਗੇ।

ਰਾਜਿੰਦਰਾ ਕਾਲਜ ਬਠਿੰਡਾ
੭ ਫਰਵਰੀ ੧੯੫੪

ਹਰਦਿਤ ਸਿੰਘ ਢਿਲੋਂ

# ਮਜੂਦਾ ਆਜ਼ਾਦੀ ਦੇ ਮੋਢੀ ਕੌਣ ?

**੧੯੧੪-੧੫ ਵਾਲੇ ਨੌਜਵਾਨ ਬਾਬੇ**—ਜੋ ਸਿੰਘ ਅਮਰੀਕ ਤੇ ਕੈਨੇਡਾ ਗਏ। ਜਿਸ ਵੇਲੇ ਉਹਨਾਂ ਨੇ ਆਪਣੀ ਗੁਲਾਮੀ ਦੀ ਜਿੰਦਗੀ ਨੂੰ ਉਥੋਂ ਦੀ ਆਜ਼ਾਦ ਜ਼ਿੰਦਗੀ ਨਾਲ ਟਕਰਾਇਆ ਤਾਂ ਉਹਨਾਂ ਨੂੰ ਹਿੰਦੁਸਤਾਨ ਕੁੰਭੀ ਨਰਕ ਵਿਚ ਪਿਆ ਭਾਸਿਆ। ਪੁਰਾਨੀ ਆਜ਼ਾਦੀ ਗੁਲਾਮੀ ਦੇ ਬੁਰਕੇ ਚੋਂ ਪਾਟ ਨਿਕਲੀ। ਅਤੇ ਖਾਲਸਈ ਕਰਤੱਵ ਨੇ ਜੋਸ਼ ਮਾਰਿਆ। ਹਿੰਦੁਸਤਾਨੀ ਦੁਖਿਆਰਿਆਂ ਮਜ਼ਲੂਮਾਂ ਲਈ ਦਿਲ ਦ੍ਰਵ ਆਏ। ਜੰਗ ਦਾ ਮੌਕਾ ਸੀ। ਹਿੰਦੁਸਤਾਨ ਨੂੰ ਚਾਲੇ ਪਾ ਦਿਤੇ। ਮਰਜੀਉੜਿਆਂ ਨੇ ਗੁਰਮਤਾ ਇਹ ਪਕਾਇਆ ਕਿ ਹਿੰਦੁਸਤਾਨ ਨੂੰ ਜਾਕੇ ਉਥੋਂ ਦੀ ਜਨਤਾ ਨੂੰ ਗਾੜ੍ਹੀ ਨੀਂਦੋਂ ਜਗਾਕੇ ਗੁਲਾਮੀ ਦੇ ਸੰਗਲ ਕਟਣੇ ਹਨ। ਅੱਗੋ ਗੁਲਾਮੀ ਆਉਂਦਿਆਂ ਨੂੰ ਗੋਲੀ ਦਾ ਨਿਸ਼ਾਨਾ ਤੇ ਫਾਂਸੀ ਲਟਕਾ ਦੇਂਦੀ ਹੈ। ਪਰ ਜਿਹੜੀ ਅੱਗ ਦਿਲ ਵਿਚ ਲੈਕੇ ਆਏ ਸਨ ਉਹ ਹਿੰਦੁਸਤਾਨ ਵਿਚ ਆਜ਼ਾਦੀ ਦੀ ਅੱਗ ਨੂੰ ਜੇ ਭੜਕਾ ਨਾ ਸਕੀ ਤਦ ਸੁਲਗਾ ਜਰੂਰ ਗਈ।

Digitized by Panjab Digital Library | www.panjabdigilib.org

ਜੇਹੜੇ ਬਾਬੇ ਉਹਨਾਂ ਵਿਚੋਂ ਜੇਹਲਾਂ ਦੀਆਂ ਲੰਮੀਆਂ ਸਜ਼ਾਵਾ ਕਟਕੇ ਤੇ ਬੇਕਾਰ ਹੋਕੇ ਜੇਹਲਾਂ ਤੋਂ ਬਾਹਰ ਆਏ। ਜਿਨਾਂ ਨੇ ਸਹਿਜੇ ੨ ਆਜ਼ਾਦੀ ਦੇ ਪਰਚਾਰ ਦੀ ਸਪਿਰਟ ਐਸੀ ਭਰੀ ਕਿ ਦੇਸ਼ ਭਗਤੀ ਤੇ ਪਰਜਾ ਭਗਤੀ ਦੀ ਸੁਚੀ ਭਾਹ ਹਰ ਪ੍ਰਾਣੀ ਦੇ ਹਿਰਦੇ ਵਿਚ ਜਗਾ ਦਿਤੀ। ਜਿਸ ਰਾਹੀਂ ਅਜ ਅਸੀਂ ਆਜ਼ਾਦੀ ਦਾ ਕੁਝਕ ਪ੍ਰਕਾਸ਼ ਵੇਖਿਆ ਹੈ। ਉਹਨਾਂ ਦੇ ਜੀਵਨ ਤੇ ਕੁਝਕ ਹਾਲਾਤ ਲਿਖਣ ਦਾ ਜਤਨ ਕੀਤਾ ਗਿਆ ਹੈ। ਜੇ ਆਪ ਜੀ ਅੱਗੇ ਨੰ: ਮੂਜਬ ਪੜ੍ਹੋ ਤੇ ਵਿਚਾਰੋ ਅਤੇ ਸਾਰੇ ਹਿੰਦੁਸਤਾਨ ਦੇ ਕੋਨੇ ੨ ਤੇ ਨਿਗ੍ਹਾ ਮਾਰਕੇ ਦੇਖੋ ਕਿਤੇ ਥੋਨੂੰ ਏਹਨਾਂ ੧੯੧੪-੧੫ ਵਾਲੇ ਬਾਬਿਆਂ ਚੋਂ ਕਿਸੇ ਦੇ ਨਾਮ ਤੇ ਕੋਈ ਯਾਦਾਸ਼ਤ ਬਣੀ ਹੋਈ ਨਜ਼ਰ ਔਂਦੀ ਹੈ? ਜੇ ਨਹੀਂ ਤਾਂ ਕਿਉਂ? ਏਹੋ ਬਾਤ ਆਪ ਸੋਚੋ। ਪਰ ਇਹ ਗਲ ਹੈਰਾਨੀ ਪੈਦਾ ਕਰਨ ਵਾਲੀ ਹੈ ਕਿ ਗੁਰ ਸਿੱਖ ਨੇਂ ਨਿਹਾਲਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੁਰਬਾਨਿਆਂ ਕੀਤੀਆਂ ਹਨ।

ਅਜ ਉਹਨਾਂ ਖੂਬੀਆਂ ਨੂੰ ਕਬਰ ਵਿਚ ਦਫਨਾ ਕਰ ਸਿੱਖਾਂ ਨਾਲ ਸਾਡੀ ਹਕੂਮਤ ਨੇ ਬੇਅਨਸਾਫੀ ਦਾ ਸਬੂਤ ਦਿਤਾ ਹੈ। ਏਹ ਕੋਈ ਨਿਰਾ ਖਿਆਲ ਹੀ ਨਹੀਂ ਸਗੋਂ ਨਿਗਰ ਸਚਾਈ ਹੈ। ਜੋ ਸਿਰ ਦਾ ਸੌਦਾ ਕਰਕੇ ਇਜ਼ਤ ਦੀ ਮੌਤ ਮਰਦਾ ਤੇ ਜਿਸ ਦੀ ਸ਼ਹੀਦੀ ਅਗਾਹਾਂ ਆਉਣ ਵਾਲੀਆਂ ਨਸਲਾਂ ਲਈ ਨਵਾਂ ਜੀਵਨ ਦੇਣ ਦਾ ਕਾਰਨ ਬਣਨ ਉਹਨਾਂ ਅਮਰ ਸ਼ਹੀਦਾਂ ਨੂੰ ਅਲੋਪ ਕਰਨਾ ਅਰ ਜਿਨ੍ਹਾਂ ਨੇ ਛੇ ਮਹੀਨੇ ਜਾਂ ਸਾਲ ਮੈਹਜ਼ ਸਜ਼ਾ ਕਿਤੇ ਕਟ ਲਈ ਤਾਂ ਓਨਾਂ ਦੇ ਨਾਮਾਂ ਤੇ ਯਾਦਦਾਸ਼ਤ, ਰਚਨੀਆਂ ਏਹ ਬੇਅਨਸਾਫੀ ਨਹੀਂ। ੧੯੧੪-੧੫ ਵਿਚ ੨੬ ਹਜ਼ਾਰ ਬਾਹਰਲੇ ਮੁਲਕਾਂ ਚੋਂ ਔਣ ਵਾਲੇ ਸਿੱਖਾਂ ਵਿਚ ਸਿਰਫ ੩੯ ਹਿੰਦੂ* ਸਿੱਖ ਸੀ। ੨੫ ਹਜ਼ਾਰ ਨੌਂ ਸ ਇਕਾਹਟ ਸਾਰੇ ਸਿੱਖ ਹੀ ਸਨ! ਜਿਨਾਂ ਦਾ ਨਾਮ ਲੈਣਾ ਵੀ ਅਜ ਆਜ਼ਾਦ ਹਿੰਦੁਸਤਾਨ ਦੀ ਛਾਤੀ ਤੇ ਰੜਕਦਾ ਹੈ। ਮੈਂ ਸਚ ਕਹਿੰਦਾ ਹਾਂ ਜੇ ਐਸਾ ਹੀ ਰਵਈਆ ਉਹਨਾਂ ਅਮਰ ਸ਼ਹੀਦਾਂ ਨਾਲ ਰਿਹਾ ਤਾਂ ਜ਼ਰੂਰ ਪਲਟਾ ਔਣ ਦਾ ਖਤਰਾਂ ਹੈ। ਮੈਂ ਮਾਜੂਦਾ ਹਕੂਮਤ ਨੂੰ ਚਿਤਾਵਨੀ ਤੇ ਉਨਾਂ ਮਰਜੀਵੜਿਆ ਦੀ ਯਾਦ ਵਿਚ ਇਹ ਕੁਝ ਲਿਖਣ ਦਾ ਜਤਨ ਕੀਤਾ ਹੈ। ਜੇ ਮੇਰੇ ਨਿਮਾਣੇ ਜਤਨ ਤੇ ਓਹ ਰੂਹਾਂ ਪ੍ਰਸੰਨ ਹਨ ਤਾਂ ਮੈਂ ਸਮਝਾਗਾਂ ਮੇਰਾ ਕਰਮ ਸਫਲ ਹੈ।

ਇਹ ਭਾਗ ਲਿਖਣ ਵਿਚ ਅਸੀਂ ਪਰਾ ੨ ਜਤਨ ਕੀਤਾ ਹੈ ਕਿ ਹਰ ਇਕ ਸੰਭਵ ਸੋਮੇਂ ਤੋਂ ਮਸਾਲਾ ਇਕਠਾ ਕੀਤਾ ਜਾਵੇ। ਪ੍ਰੰਤੂ ਇਹ ਕੰਮ ਇਤਨਾ ਮਹਾਨ ਹੈ ਕਿ ਕਿਸੇ ਲਿਖਾਰੀ ਨੂੰ ਇਹ ਬਕਨੀ ਹੋਣਾ ਅਸੰਭਵ ਹੈ। ਇਸ ਮਸਲੇ ਸਬੰਧੀ ਉਸ ਦੀ ਲਿਖਤ ਹੀ ਇਤਿਹਾਸ ਪੌੜੀ ਦਾ ਆਖਰੀ ਟੰਬਾ ਹੈ। ਸੰਭਵ ਹੈ ਕਿ ਜਿਨ੍ਹਾਂ ਵਿਸ਼ਿਆਂ ਤੇ ਇਸ ਭਾਗ ਵਿਚ ਵਿਚਾਰ ਕੀਤੀ ਗਈ ਹੈ। ਉਹਨਾਂ ਸਬੰਧੀ ਹੋਰ ਮਸਾਲਾ ਅਮਰੀਕਾ, ਕਨੇਡਾ, ਏਸ਼ੀਆਈ ਟਾਪੂਆਂ (ਸਿੰਘਾਂ ਪੁਰ, ਹਾਂਗ ਕਾਂਗ, ਸੰਘਾਈ ਆਦਿ) ਵਿਚ ਜਾਂ ਕੋਈ ਹੋਰ ਸਜਣਾਂ ਪਾਸ ਹੋਵੇ ਅਜਿਹਾ ਮਸਾਲਾ ਪ੍ਰਾਪਤ ਹੋਣ ਤੇ ਇਸ ਇਤਿਹਾਸ ਦੀਆਂ ਮੁੜ ਫੇਰ ਛਪਣ ਵਾਲੀਆਂ ਸੰਚੀਆਂ ਵਿਚ ਲੋੜੀਂਦਾ ਯੋਗ ਵਾਧਾ ਕੀਤਾ ਜਾ ਸਕਦਾ ਹੈ ਇਸ ਲਈ ਆਸ ਕੀਤੀ ਜਾਂਦੀ ਹੈ ਕਿ ਪ੍ਰਦੇਸੀ ਪਾਠਕ ਖਾਸ ਤੌਰ ਤੇ ਇਸ ਪਾਸੇ ਧਿਆਨ ਦੇਣਗੇ ਅਤੇ ਸਬੰਧਤ ਮਸਾਲਾ ਦਾਸ ਦੇ ਪਾਸ ਭੇਜ ਕੇ ਦਾਦ ਤੇ ਪ੍ਰਬੰਧਕਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ।

ਦਫਤਰ ਪੰਥਕ ਗੁਃ ਸਾਃ
ਕਿਸ਼ਨ ਪੁਰਾ
੧੪-੯-੧੯੫੪

ਦਾਸ-ਗੁਰੂ ਪੰਥ ਤੇ ਕੌਮੀ ਪ੍ਰਵਾਨਿਆਂ
ਦਾ ਰਿਣੀ ਵਿਸਾਖਾ ਸਿੰਘ
ਸੰਤ ਸਿਪਾਹੀ

* ਦੇਖੋ ਬੰਦੀ ਜੀਵਨ, ਸਤਿੰਦਰ ਨਾਥ ਸਨਿਆਲ।

Digitized by Panjab Digital Library | www.panjabdigilib.org

# ਗਦਰ ਪਾਰਟੀ

**ਗਦਰ ਪਾਰਟੀ ਦਾ ਸੰਖੇਪ ਇਤਹਾਸ—** ਸਦੀਆਂ ਤੋਂ ਗੁਲਾਮੀ ਦੀਆਂ ਛੰਜੀਰਾਂ ਵਿਚ ਜਕੜੇ ਹੋਏ ਹਿੰਦੁਸਤਾਨ ਨੂੰ ਅਜ਼ਾਦ ਕਰਵਾਣ ਦਾ ਬੀੜਾ ਸਭ ਤੋਂ ਪਹਿਲਾਂ ਕਿਸ ਨੇ ਚੁਕਿਆ ਅਤੇ ਹਿੰਦੁਸਤਾਨ ਗਦਰ ਪਾਰਟੀ ਦਾ ਜਨਮ ਕਿਥੇ ਅਤੇ ਕਿਸ ਤਰਾਂ ਹੋਇਆ, ਹਿੰਦੁਸਤਾਨੀ ਇਤਹਾਸਕਾਰਾਂ ਅਤੇ ਹਿੰਦ ਇਤਹਾਸ ਦੇ ਪ੍ਰੇਮੀਆਂ ਲਈ ਬੜੇ ਅਹਿਮ ਪ੍ਰਸ਼ਨ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉਤਰ ਇਕ ਦਿਲਚਸਪ ਕਹਾਣੀ ਬਣਾਉਂਦੇ ਹਨ। ਇਸ ਲਹਿਰ ਵਿਚ ਮਾਲਵਾ ਨਿਵਾਸੀ ਸਜਣਾਂ ਨੇ ਜੋ ਹਿਸਾ ਲਿਆ ਉਹ ਸੁਨਿਹਰੀ ਅਖਰਾਂ ਵਿਚ ਲਿਖਣ ਯੋਗ ਹੈ ਅਤੇ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰਾ ਬਣਕੇ ਹਾਰਦਿਕ ਮਾਣ ਕਰਨ ਦਾ ਕਾਰਨ ਬਣਿਆ ਰਹੇਗਾ।

ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਵਿਚ ਅਮ੍ਰੀਕਾ ਵਿਚ ਗ਼ਦਰ ਪਾਰਟੀ ਦੇ ਨਾਉਂ ਦੀ ਜਥੇਬੰਦੀ ਦਾ ਭਾਰੀ ਹਿਸਾ ਹੈ। ਇਸ ਪਾਰਟੀ ਦੀਆਂ ਸਰਗਰਮੀਆਂ ਨੇ ਦੇਸਾਂ ਪ੍ਰਦੇਸਾਂ ਵਿਚ ਧੁੰਮਾਂ ਪਾ ਦਿਤੀਆਂ ਅਤੇ ਦੁਨੀਆਂ ਦੀ ਪਹਿਲੀ ਲੜਾਈ ਸਮੇਂ ਇਸ ਪਾਰਟੀ ਦੇ ਬਹੁਤ ਸਾਰੇ ਸਜਣਾਂ ਨੇ ਹਿੰਦੁਸਤਾਨ ਵਿਚ ਆਕੇ ਉਹ ਰਾਜਸੀ ਜਾਗਰਤ ਪੈਦਾ ਕੀਤੀ ਜਿਸਦੀ ਮਿਸਾਲ ਕੋਈ ਵਿਰਲੀ ਹੀ ਮਿਲਦੀ ਹੈ। ਆਜ਼ਾਦੀ ਦੇ ਪਰਵਾਨਿਆਂ ਨ ਅੰਗਰੇਜ਼ਾਂ ਦੇ ਬੰਦੀ-ਖਾਨਿਆਂ ਵਿਚ ਅਸਿਹ ਕਸ਼ਟ ਸਹਾਰੇ ਅਤੇ ਫਾਂਸੀਆਂ ਨੂੰ ਹੱਸ ੨ ਕਰਦਿਆਂ ਖਿੜੇ ਮਥੇ ਚੁੰਮਕੇ ਸ਼ਹੀਦੀਆਂ ਪਰਾਪਤ ਕੀਤੀਆਂ। ਇਹਨਾਂ ਸ਼ਹੀਦੀ ਰੂਹਾਂ ਦੇ ਜਲਾਲ ਤੋਂ ਕਾਂਗਰਸ ਨੂੰ ਹਲੂਣਾ ਮਿਲਦਿਆਂ ਅਤੇ ਕਾਂਗਰਸ ਜੋ ਹੁਣ ਤਕ ਇਕ ਨਿਪੁਨਸਕ ਜਹੀ ਜਮਾਤ ਸੀ ਵਜੂਦ ਵਿਚ ਆਈ ਤੇ ਇਸ ਨੇ ਦੇਸ਼ ਦੀ ਅਜ਼ਾਦੀ ਨੂੰ ਆਪਣਾ ਮੁਖ ਮੰਤਵ ਬਣਾਇਆ।

ਹੁਣ ਅਸੀਂ ਇਸ ਪ੍ਰਸ਼ਨ ਵਲ ਆਉਂਦੇ ਹਾਂ ਕਿ ਹਿੰਦੁਸਤਾਨ ਗ਼ਦਰ ਪਾਰਟੀ ਦਾ ਜਨਮ ਕਿਥੋਂ ਅਤੇ ਕਿਸ ਤਰਾਂ ਹੋਇਆ। ਖੋਜ ਕਰਨ ਤੋਂ ਪਤਾ ਲਗਦਾ ਕਿ ਹਿੰਦੀ ਕਾਮਿਆਂ ਦੀ ਇਕ ਮੰਡਲੀ ੧੮੯੫ - ੧੯੦੦ ਦੇ ਵਿਚਕਾਰ ਕੈਨੇਡਾ ਤੇ ਅਮ੍ਰੀਕਾ ਵਿਚ ਗਈ। ੧੯੦੪ ਤਕ ਉਂਗਲੀਆਂ ਪਰ ਗਿਣੇ ਜਾਣ ਜੋਗੇ ਹਿੰਦੁਸਤਾਨੀ ਕੇਨੇਡਾ ਵਿਚ ਪਹੁੰਚੇ ਸਨ ਪ੍ਰੰਤੂ ਜੋ ਥੋੜੇ ਜਿਹੇ ਸਜਣ ਗਏ ਉਨ੍ਹਾਂ ਨੇ ਚਿਠੀਆਂ ਲਿਖ ੨ ਕੇ ਹੋਰ ਦੇਸ ਵਾਸੀਆਂ ਨੂੰ ਸਦਣਾ ਸ਼ੁਰੂ ਕਰ ਦਿਤਾ ਅਤੇ ਅਮ੍ਰੀਕਾ ਨੂੰ ਇਸ ਦੁਨੀਆਂ ਦਾ ਸੁਰਗ ਦਸ ੨ ਕੇ ਉਥੇ ਪੁਜਣ ਦੀ ਪਰੇਰਨਾ ਕੀਤੀ। ੧੯੦੪ ਤੋਂ ਪਿਛੋਂ ਤਾਂ ਹਿੰਦੀਆਂ ਨੇ ਅਮ੍ਰੀਕਾ ਵਲ ਵਹੀਰਾਂ ਪਾ ਦਿਤੀਆਂ। ਥੋੜੇ ਜਿਹੇ ਅਰਸੇ ਵਿਚ ਹਜ਼ਾਰਾਂ ਹਿੰਦੀ ਉਥੇ ਪੁਜ ਗਏ। ਪਹਿਲਾਂ ਤਾਂ ਗੋਰੇ ਭਾਰਤ ਵਾਸੀਆਂ ਦੀ ਮੇਹਨਤ ਕਰਨ ਦੀ ਸ਼ਕਤੀ ਵੇਖਕੇ ਬਹੁਤ ਖੁਸ਼ ਹੋਏ ਤੇ ਹੋਰ ਮਜ਼ਦੂਰ ਮੰਗਵਾਉਣ ਦਾ ਯਤਨ ਕਰਦੇ ਰਹੇ ਪਰੰਤੂ ਜਦ ਹਿੰਦੀਆਂ ਨੇ ਕੰਮ ਕਰਨ ਦੇ ਮੈਦਾਨ ਵਿਚ ਸਭ ਨੂੰ ਪਿਛੇ ਛਡ ਦਿਤਾ ਤੇ ਜਾਇਦਾਦਾਂ ਖਰੀਦਨੀਆਂ ਸ਼ੁਰੂ ਕਰ ਦਿਤੀਆਂ ਤਾਂ ਗੋਰਿਆਂ ਕੌਮਾਂ ਨੂੰ ਫਿਕਰ ਪੈ ਗਿਆ ਕਿ ਇਹ ਤਾਂ ਸਾਰਾ ਦੇਸ਼ ਰੋਕ ਲੈਣਗੇ। ਇਹ ਸੋਚਕੇ ਗੋਰਿਆਂ ਨੇ ਹਕੂਮਤ ਨੂੰ ਹਿੰਦੀਆਂ ਦੇ ਦਾਖਲੇ ਪਰ ਪਾਬੰਦੀਆਂ ਲਗਾਉਣ ਲਈ ਉਕਸਾਇਆ ਜਿਸ ਕਰਕੇ ਉਨ੍ਹਾਂ ਦੇਸਾਂ ਦੀਆਂ ਸਰਕਾਰਾਂ ਨੇ ਅਮ੍ਰੀਕਾ ਤੇ ਕੈਨੇਡਾ ਵਿਚ ਹਿੰਦੀਆਂ ਦੇ ਦਾਖਲੇ ਪਰ ਬੰਦਸ਼ਾਂ ਲਾ ਦਿਤੀਆਂ ਗਈਆਂ।

੧੯੦੪ ਤੋਂ ਲੈਕੇ ੧੯੦੭ ਤਕ ਬਹੁਤ ਸਾਰੇ ਹਿੰਦੁਸਤਾਨੀ ਅਮਰੀਕਾ ਵਿਚ ਪਹੁੰਚ ਗਏ। ਜਹਾਜ਼ਾਂ ਦੇ ਜਹਾਜ਼ ਭਰੇ ਜਾਂਦੇ ਤੇ ਅਮਰੀਕਾ ਦੇ ਕਿਨਾਰਿਆਂ ਪਰ ਹਿੰਦੀ ਜਾ ਉਤਰਦੇ। ਇਹਨਾਂ ਵਿਚ

Digitized by Panjab Digital Library | www.panjabdigilib.org

ਬਹੁਤੇ ਸਿਖ ਹੁੰਦੇ ਸਨ। ਹਿੰਦੂ ਤੇ ਮੁਸਲਮਾਨ ਟਾਵੇਂ ਟਾਵੇਂ ਹੁੰਦੇ ਸਨ। ਇਹ ਲੋਕ ਕਿਤਨੀਆਂ ਹੀ ਮੁਸ਼ਕਲਾਂ ਨਾਲ ਅਮਰੀਕਾ ਵਿਚ ਪੁਜਦੇ ਸਨ। ਇਸ ਬਾਰੇ ਬਾਬਾ ਦਲੀਪ ਸਿੰਘ ਜੀ ਫਾਹਲਾ ਨੇ ਕਿਹਾ ਕਿ ਇਕ ਵੇਰ ੭੦੦ ਹਿੰਦੋਸਤਾਨੀ ਇਕ ਜਹਾਜ਼ ਵਿਚ ਵੇਨਕੋਵਰ ਦੀ ਬੰਦਰਗਾਹ ਪਰ ਪੁਜੇ। ਇਹ ਗਰਮ ਜਲਵਾਯੂ ਦੇ ਦੇਸਾਂ ਵਿਚੋਂ ਗਏ ਸਨ ਇਸ ਕਰਕੇ ਇਨ੍ਹਾਂ ਦਾ ਪਹਿਰਾਵਾ ਸਰਦ ਮੁਲਕ ਦੇ ਅਨਕੂਲ ਨਹੀਂ ਸੀ। ਸਭ ਦੇ ਪਾਸ ਕੇਵਲ ਤਨ ਦੇ ਕਪੜੇ ਸਨ ਇਸ ਕਰਕੇ ਜਹਾਜ਼ ਵਾਲਿਆਂ ਨੇ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਚੰਦਾ ਇਕਠਾ ਕਰੋ ਤਾਂਕਿ ਤੁਹਾਨੂੰ ਗਰਮ ਕਪੜੇ ਲੈਕੇ ਦਿਤੇ ਜ ਣ। ਚੰਦਾ ਇਕਠਾ ਕਰਕੇ ਵੇਲਾ ਟਪਾਉ ਮਮੂਲੀ ਕਪੜੇ ਹੀ ਬਣਾਏ ਜਾਂਦੇ ਸੀ। ਸੰਨ ੧੯੧੦, ਤਕ ੧੦,੦੦੦ ਦੇ ਕਰੀਬ ਹਿੰਦੁ-ਸਤਾਨੀ ਕੈਨੇਡਾ ਦੀ ਧਰਤੀ ਤੇ ਉਤਰੇ। ਇਹਨਾਂ ਵਿਚ ੯੦ ਪ੍ਰਤੀ ਸੈਂਕੜਾ ਜਾਂ ੯੦੦੦ ਤੋਂ ਉਤੇ ਸਿੱਖ ਸਨ ਤੇ ੮੦ ਪ੍ਰਤੀ ਸੈਂਕੜਾ ਜਾਂ ੮੦੦੦ ਦੇ ਕਰੀਬ ਰੀਟਾਇਰ ਹੋਏ ਫੌਜੀ ਸਿਪਾਹੀ ਸਨ। ੧੯੦੮ ਤਕ ਸਿਖਾਂ ਦੀ ਜਾਇਦਾਦ ਦੋ ਕਰੋੜ ਪੰਦਰਾਂ ਲਖ ਦੀ ਹੋ ਚੁਕੀ ਸੀ।

ਇਕ ਗੁਲਾਮ ਦੇਸ਼ ਦੇ ਬਾਸ਼ਿੰਦੇ ਹੋਣ ਕਰਕੇ ਵਿਦੇਸ਼ਾਂ ਵਿਚ ਭਾਰਤ ਵਾਸੀਆਂ ਦਾ ਬੜਾ ਨਿਰਾਦਰ ਕੀਤਾ ਜਾਂਦਾ ਸੀ। ਚੰਗੇ ਚੰਗੇ ਹੋਟਲਾਂ ਤੇ ਕਲਬਾਂ ਆਦਿ ਵਿਚ ਹਿੰਦੀਆਂ ਦਾ ਦਾਖਲਾ ਬੰਦ ਸੀ। ਬੋਲਚਾਲ ਵਿਚ ਆਜ਼ਾਦ ਦੇਸ਼ਾਂ ਦੇ ਲੋਕ ਹਿੰਦੀਆਂ ਨੂੰ ਗੁਲਾਮ ਹੋਣ ਦੇ ਤਾਅਨੇ ਮਾਰਦੇ ਸਨ। ਇੰਨਾਂ ਸਾਰੀਆਂ ਗਲਾਂ ਨੇ ਅਣਖੀਲੇ ਹਿੰਦੁਸਤਾਨੀ ਨੌਜਵਾਨਾਂ ਦਾ ਜੀਣਾ ਦੁਭਰ ਕਰ ਦਿਤਾ ਤੇ ਇਹ ਸੋਚਣ ਲਈ ਮਜਬੂਰ ਕਰ ਦਿਤਾ ਕਿ ਇਸ ਨਿਰਾਦਰੀ ਤੇ ਅਪਮਾਨ ਨਾਲੋਂ ਮੌਤ ਚੰਗੀ ਹੈ। ਪੰਜਾਬੀ ਦੇ ਕਿਸੇ ਕਵੀ ਨੇ ਇਸ ਹਾਲਤ ਨੂੰ ਇਉਂ ਬਿਆਨ ਕੀਤਾ ਹੈ:—

ਮਾਰਦੇ ਨੇ ਮੇਹਣੇ ਸਾਨੂੰ ਦੂਸਰੇ ਆਜ਼ਾਦ ਲੋਕ, ਵੇਖਦੇ ਨੇ ਹਾਲ ਜਦੋਂ ਸਾਡੀ ਢੀਠਤਾਈ ਦਾ।
ਆਖਦੇ ਨੇ ਬੇਸ਼ਰਮ ਬੇ ਗੈਰਤ ਨਿਕੰਮੇ ਜੰਮੇਂ, ਲਜਿਆ ਦੇ ਮਾਰੇ ਮੂੰਹ ਥਲੇ ਨੂੰ ਛਪਾਈ ਦਾ।
ਨਿੰਮੋਝੂਣੇ ਹੋਈਏ ਅਗੋਂ ਔੜਦੀ ਨਾ ਗਲ ਕੋਈ, ਗਲਾਂ ਵਿਚ ਗਲ ਪਾਕੇ ਪਾਸਾ ਪਰਤਾਈ ਦਾ।
ਆਖ ਦਿਓ ਵੰਗਾਰ ਕੇ ਨਾ ਰਖਿਓ ਲਿਹਾਜ਼ ਕੋਈ, ਹੁਣ ਸਾਨੂੰ ਰਾਜ ਧਕੇਸ਼ਾਹੀ ਦਾ ਨਹੀਂ ਚਾਹੀਦਾ।

ਇਸ ਪ੍ਰਕਾਰ ਭਾਰਤ ਵਾਸੀਆਂ ਦਾ ਹਰ ਥਾਂ ਨਿਰਾਦਰ ਹੁੰਦਾ ਵੇਖ ਕੇ ਹਿੰਦੀਆਂ ਨੂੰ ਗੁਲਾਮੀ ਤੋਂ ਨਫਰਤ ਹੋਣ ਲਗੀ ਅਤੇ ਉਹਨਾਂ ਦੇ ਦਿਲਾਂ ਵਿਚ ਦੇਸ਼ ਭਗਤੀ ਦੇ ਭਾਵ ਜਾਗ ਪਏ। ਸਿਖਾਂ ਵਿਚ ਜਥੇਬੰਦੀ ਦਾ ਮਾਦਾ ਵਧੇਰੇ ਸੀ ਤੇ ਸਿਖ ਧਰਮ ਵਿਚ ਸੰਗਤ ਪੰਗਤ ਦੀ ਬਹੁਤੀ ਮਹਾਨਤਾ ਹੋਣ ਕਰਕੇ ਸਿਖਾਂ ਦਾ ਸੰਗਤ ਪੰਗਤ ਤੋਂ ਬਿਨਾ ਰਹਿਣਾ ਕਠਣ ਸੀ। ਇਸ ਕਰਕੇ ਸਭ ਤੋਂ ਪਹਿਲਾਂ ਸਿਖਾਂ ਨੇ ਅਮਰੀਕਾ ਤੇ ਕੈਨੇਡਾ ਵਿਚ ਆਪਣੀਆਂ ਜਥੇਬੰਦੀਆਂ ਬਣਾਈਆਂ ਅਤੇ ਗੁਰਦਵਾਰੇ ਸਥਾਪਨ ਕੀਤੇ। ਅਮਰੀਕਾ ਨਿਵਾਸੀ ਸਿਖਾਂ ਨੇ ਸਟਾਕਟਨ ਸ਼ਹਿਰ ਵਿਖ ਕੈਲੇ ਫੋਰਨੀਆ ਵਿਚ ਅਤੇ ਕੈਨੇਡਾ ਨਿਵਾਸੀ ਸਿਖਾਂ ਨੇ ਵੈਨਕੋਵਰ ਅਤੇ ਵਿਕਟੋਰੀਆ ਆਦਿ ਸ਼ਹਿਰਾਂ ਵਿਚ ਗੁਰਦਵਾਰੇ ਬਣਾਏ ਜੋ ਅਜ ਤਕ ਉਹਨਾਂ ਦੇਸ਼ਾਂ ਵਿਚ ਹਿੰਦੁਸਤਾਨੀਆਂ ਦੇ ਮੇਲ ਮਿਲਾਪ ਦੇ ਕੇਂਦਰ ਬਣੇ ਹੋਏ ਹਨ ਤੇ ਜਿਸ ਸਟੇਜ ਤੋਂ ਭਾਰਤ ਦੇ ਉਘੇ ਲੀਡਰ ਸ੍ਰੀ ਵਿਜੇ ਲਕਸ਼ਮੀ ਆਦਿ ਨੇ ਰਾਜਸੀ ਲੈਕਚਰ ਦਿਤੇ।

ਇਹਨਾਂ ਉਪ੍ਰਾਲਿਆਂ ਦਾ ਸਿਹਰਾ ਪ੍ਰਿੰਸੀਪਲ ਸੰਤ ਤੇਜਾ ਸਿੰਘ ਐਮ. ਏ. ਦੇ ਸਿਰ ਹੈ। ੧੯੦੭ ਵਿਚ ਖਾਲਸਾ ਦੀਵਾਨ ਸੁਸੈਟੀ ਵੈਨੋਵਰ ਬਣਾਈ। ਉਥੇ ਹੀ ਗੁਰਦੁਆਰਾ ਬਣਾਇਆ ਤੇ ਵਿਕਟੋਰੀਆ ਵਿਚ ਇਕ ਹੋਰ ਇਸੇ ਸਮੇਂ ਸਰਦਾਰ ਜਵਾਲਾ ਸਿੰਘ ਠੱਟੀਆਂ, ਸੰਤ ਵਿਸਾਖਾ ਸਿੰਘ ਦੇ ਨਾਲ ਪੈਸੇ ਫਿਕ ਕੋਸਟ ਖਾਲਸਾ ਦੀਵਾਨ ਸੁਸੈਟੀ ਕਾਇਮ ਹੋਈ ਤੇ ਸਟਾਕਟਨ ਵਿਚ ਗੁਰਦੁਆਰਾ

Digitized by Panjab Digital Library | www.panjabdigilib.org

ਬਣਿਆ। ਪਹਿਲੇ ਤਾਂ ਇਨ੍ਹਾਂ ਗੁਰਦਵਾਰਿਆਂ ਵਿਚ ਸਮਾਜਕ ਤੇ ਧਾਰਮਕ ਮਸਲਿਆਂ ਪਰ ਹੀ ਵਿਚਾਰਾਂ ਹੁੰਦੀਆਂ ਸਨ ਪ੍ਰੰਤੂ ਧੀਰੇ ਧੀਰੇ ਰਾਜਸੀ ਵਿਚਾਰਾਂ ਵਾਲੇ ਸਜਨਾਂ ਦਾ ਜ਼ੋਰ ਹੋ ਗਿਆ ਤੇ ਪੁਲੀਟੀਕਲ ਇਕੱਠ ਭੀ ਗੁਰਦਵਾਰਿਆਂ ਵਿਚ ਹੀ ਹੋਣ ਲਗੇ। ਸਿਖ ਲੀਡਰਾਂ ਤੋਂ ਛੁਟ ਇੰਗਲੈਂਡ ਤੋਂ ਪੜ੍ਹਾਈ ਕਰ ਕੇ ਆਏ ਪ੍ਰਸਿਧ ਦੇਸ਼ ਭਗਤ ਲਾਲਾ ਹਰਦਿਆਲ ਐਮ. ਏ. ਲਾਲਾ ਲਾਜਪਤ ਰਾਏ, ਰਾਜਾ ਮਹਿੰਦਰ ਪ੍ਰਤਾਪ ਸਿੰਘ, ਮਿ: ਰਹੀਮ, ਮੌਲਵੀ ਬਰਕਤ ਉਲਾ, ਆਦਿਕ ਦਾ ਸਵਾਗਤ ਗੁਰ-ਦੁਆਰਿਆਂ ਵਿਚ ਹੀ ਕੀਤਾ ਗਿਆ ਸੀ ਅਤੇ ਇਥੇ ਹੀ ਖੁਲੀਆਂ ਰਾਜਸੀ ਵਿਚਾਰਾਂ ਹੁੰਦੀਆਂ ਰਹੀਆਂ। ੧੯੧੧-੧੨ ਵਿਚ ਸਿਖਾਂ ਨੇ ਅਮਰੀਕਾ ਤੇ ਕੈਨੇਡਾ ਵਿਚ ਕਈ ਗੁਰਦਵਾਰੇ ਸਥਾਪਨ ਕੀਤੇ। ਇਸ ਤਰਾਂ ਗੁਰਦੁਵਾਰਿਆਂ ਦਾ ਆਸਰਾ ਲੈ ਕੇ ਭਾਰਤੀਆਂ ਨੂੰ ਜਥੇਬੰਦ ਹੋਣ ਦਾ ਅਵਸਰ ਪ੍ਰਾਪਤ ਹੋਇਆ।

ਗੁਰਦੁਆਰੇ ਹੀ ਅਮਰੀਕਾ ਤੇ ਕੇਨੇਡਾ ਵਿਚ ਰਾਜਸੀ ਜਾਗ੍ਰਤੀ ਲਿਆਉਣ ਦੇ ਅਥਾਹ ਸੋਮੇ ਸਨ ਤੇ ਸਿਖਾਂ ਨੇ ਰਾਜਸੀ ਭੱਠੀ ਵਿਚ ਆਪਣੇ ਆਪ ਨੂੰ ਹੋਰਨਾਂ ਤੋਂ ਪਹਿਲਾਂ ਤੇ ਬਹੁਤ ਵੱਧ ਗਿਣਤੀ ਵਿਚ ਝੋਕਿਆ। ਸਭ ਤੋਂ ਪਹਿਲਾਂ ਕੁਝ ਸਿਖਾਂ ਨੇ ਜੂਨ ੧੯੧੨ ਵਿਚ ਹਿੰਦੁਸਤਾਨੀ ਦੇਸ਼ ਭਗਤਾਂ ਦੀ ਇਕ ਇਕੱਤ੍ਰਤਾ ਬੁਲਾਈ। ਇਸ ਮਹਾਨ ਕੰਮ ਦੇ ਮੋਢੀ ਅਤੇ ਆਗੂ ਬਾਬਾ ਜਵਾਲਾ ਸਿੰਘ ਜੀ, ਬਾਬਾ ਅਰੂੜ ਸਿੰਘ ਜੀ ਚੂਹੜ ਚੱਕ, ਬਾਬਾ ਨਿਧਾਨ ਸਿੰਘ ਜੀ ਚੁੱਘਾ, ਬਾਬਾ ਸੋਹਣ ਸਿੰਘ ਜੀ ਭਕਨਾ, ਆਦਿ ਸਨ। ਇਹਨਾਂ ਬਾਬਿਆਂ ਦੀ ਗੋਦ ਵਿਚ ਖੇਡਣ ਵਾਲਾ ਮੁਛ ਫੁਟੇਂਦਾ ਗਭਰੂ ਸ: ਕਰਤਾਰ ਸਿੰਘ ਸਰਾਭਾ ਭੀ ਇਹਨਾਂ ਦੇ ਨਾਲ ਸੀ ਅਤੇ ਇਕਤ੍ਰਤਾ ਨੂੰ ਪੂਰੀ ਪੂਰੀ ਕਾਮਯਾਬ ਬਨਾਣ ਲਈ ਕੁਝ ਦੌੜ ਦਾ ਕੰਮ ਚਾਈਂ ਚਾਈਂ ਕਰਦਾ ਫਿਰਦਾ ਸੀ। ਇਸ ਇਕਤ੍ਰਤਾ ਵਿਚ ਬਹੁਤ ਸਾਰੇ ਦੇਸ਼ਭਗਤ ਇਕੱਠੇ ਹੋਏ ਜਿਸਵਿਚ ਗ਼ਦਰ ਅਖਬਾਰ ਕਢਣ ਦਾ ਫੈਸਲਾ ਕੀਤਾ ਗਿਆ ਜੋ ਸਭ ਤੋਂ ਪਹਿਲਾਂ ਕੇਵਲ ਪੰਜਾਬੀ ਵਿਚ ਨਿਕਲਿਆ ਤੇ ਇਸ ਦੇ ਪਹਿਲੇ ਐਡੀਟਰ ਸ: ਕਰਤਾਰ ਸਿੰਘ ਸਰਾਭਾ ਸਨ। ਇਸ ਅਖਬਾਰ ਨੇ ਆਜ਼ਾਦੀ ਦਾ ਬੜਾ ਜ਼ਬਰਦਸਤ ਪ੍ਰਚਾਰ ਕੀਤਾ ਜਿਸ ਨੂੰ ਸੁਣ ਕੇ ਹਰ ਪਾਸੇ ਤੋਂ ਇਹ ਮੰਗਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਇਹ ਅਖਬਾਰ ਹਿੰਦੀ, ਉਰਦੂ, ਅੰਗਰੇਜ਼ੀ ਤੇ ਗੁਜਰਾਤੀ, ਮਰ੍ਹਾਠੀ ਆਦਿਕ ਬੋਲੀਆਂ ਵਿਚ ਭੀ ਨਿਕਲਣਾ ਚਾਹੀਦਾ ਹੈ। ਜਿਉਂ ਜਿਉਂ ਮੰਗਾਂ ਵਧਦੀਆਂ ਗਈਆਂ ਇਹ ਅਖਬਾਰ ਕਈ ਬੋਲੀਆਂ ਵਿਚ ਛਪਣਾ ਸ਼ੁਰੂ ਹੋ ਗਿਆ।

ਲਾਲਾ ਹਰਦਿਆਲ ਉਸ ਸਮੇਂ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਪਰੋਫੈਸਰ ਸਨ। ਆਪ ਨੇ ਗੱਦਰ ਅਖਬਾਰ ਦਾ ਪ੍ਰਬੰਧ ਸੰਭਾਲ ਲਿਆ। ਇਸ ਤੋਂ ਪਿਛੋਂ ਇਸ ਅਖਬਾਰ ਨੇ ਬਹੁਤ ਤਰਕੀ ਕੀਤੀ ਅਤੇ ਸਾਰੀ ਦੁਨੀਆ ਵਿਚ ਇਸ ਦੀ ਧੂੰਮ ਮਚ ਗਈ। ੧੯੧੩ ਵਿਚ ਗਦਰ ਪਾਰਟੀ ਦੀ ਬੁਨਿਆਦ ਰਖੀ ਗਈ। ਜਿਸ ਦੀਆਂ ਸ਼ਾਖਾਂ ਸਾਰੇ ਦੇਸ਼ ਵਿਚ ਕਾਇਮ ਹੋ ਗਈਆਂ। ਪਹਿਲੀ ਵਡੀ ਲੜਾਈ ਅਰੰਭ ਹੋਣ ਤੋਂ ਪਹਿਲਾਂ ਭਾਰਤ ਵਾਸੀਆਂ ਵਿਚ ਆਜ਼ਾਦੀ ਦੀ ਜਦੋ ਜਹਿਦ ਕਰਨ ਲਈ ਜ਼ੋਰਦਾਰ ਪਰਚਾਰ ਕਰਨ ਦਾ ਪਰੋਗਰਾਮ ਬਣਾਇਆ ਗਿਆ।

ਗਦਰ ਪਾਰਟੀ ਦੇ ਆਦਰਸ਼ਾਂ ਦਾ ਪ੍ਰਚਾਰ ਗਦਰ ਅਖਬਾਰ ਤੋਂ ਬਿਨਾ 'ਗਦਰ ਦੀ ਗੂੰਜ' ਦੇ ਸਿਰਲੇਖ ਹੇਠ ਕਵਿਤਾ (ਬੈਂਤਾਂ) ਵਿਚ ਇਕ ਲੜੀ ਪ੍ਰਕਾਸ਼ਤ ਹੋਈ। "ਗੱਦਰ ਦੀਆਂ ਗੂੰਜਾਂ" ਵਿਚ ਰਤ ਦੀ ਗੁਲਾਮੀ ਹਥੋਂ ਦੁਖੀ ਭਾਰਤ ਵਾਸੀਆਂ ਦੀ ਮੂੰਹੋਂ ਬੋਲਦੀ ਤਸਵੀਰ ਖਿਚੀ ਹੋਈ ਸੀ। ਉਨ੍ਹਾਂ ਨਾਂ ਵਿਚ ਲਗ ਪਗ ਹਰ ਇਕ ਅਮਰੀਕਾ ਨਿਵਾਸੀ ਹਿੰਦੁਸਤਾਨੀ ਦੇ ਇਹਨਾਂ ਕਵਿਤਾਵਾਂ ਦਾ ਕਾਫੀ

Digitized by Panjab Digital Library | www.panjabdigilib.org

ਹਿਸਾ ਜ਼ਬਾਨੀ ਯਾਦ ਸੀ ਅਤੇ ਉਹ ਖੇਤਾਂ ਵਿਚ ਕੰਮ ਕਰਦੇ ਕਰਦੇ ਵਜਦ ਵਿਚ ਆ ਕੇ ਇਹਨਾਂ ਨੂੰ ਗਾਇਆ ਕਰਦੇ ਸਨ।

ਪਹਿਲੀ ਵਡੀ ਲੜਾਈ ਛਿੜਣ ਦੀਆਂ ਅਫਵਾਹਾਂ ਗੁਰਮਸਨ, ਦੁਨੀਆ ਦੇ ਸਿਆਸੀਆਂ ਆਕਾਸ਼ ਪਰ ਜੰਗ ਦੇ ਬੱਦਲ ਗਜ ਰਹੇ ਸਨ। ਇਹੋ ਜਿਹੀ ਹਾਲਤ ਵਿਚ ਭਾਰਤੀ ਦੇਸ਼ ਭਗਤਾਂ ਨੇ ਅਨਭਵ ਕੀਤਾ ਕਿ ਜਦੋਂ ਅੰਗਰੇਜ਼ ਜੰਗ ਵਿਚ ਫ਼ਸੇ ਹੋਣਗੇ ਤਾਂ ਦੇਸ਼ ਵਿਚ ਜਾਕੇ ਇਨਕਲਾਬ ਲਿਆਉਣ ਦਾ ਉਹ ਸੁਨਹਿਰੀ ਅਵਸਰ ਹੋਵੇਗਾ। ਇਹ ਹੋਚ ਕੇ ਬਦੇਸ਼ਾਂ ਵਿਚ ਰਹਿਣ ਵਾਲੇ ਹਿੰਦੀ ਦੇਸ਼ ਭਗਤਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ। ਸ. ਅਜੀਤ ਸਿੰਘ ਜੋ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਚਾਚਾ ਸਨ ਤੇ ਪਿੰਡ ਖਟਕੜ ਕਲਾਂ ਜ਼ਿਲਾ ਜਾਲੰਧਰ ਦੇ ਰਹਿਣ ਵਾਲੇ ਸਨ ਤੇ ਹੋਰ ਬਹੁਤ ਸਾਰੇ ਦੇਸ਼ ਭਗਤ ਉਸ ਸਮੇਂ ਜਰਮਨੀ ਵਿਚ ਪਹੁੰਚ ਚੁਕੇ ਸੀ। ਜਰਮਨੀ ਵਿਚ ਅੰਗਰੇਜ਼ਾਂ ਵਿਰੁਧ ਰਾਜਸੀ ਦ੍ਵੈਸ਼ ਕੁਟ ਕੁਟ ਕੇ ਭਰੀ ਹੋਈ ਸੀ। ਉਹਨਾਂ ਨੇ ਹਿੰਦੀਆਂ ਨੂੰ ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਲਈ ਉਭਾਰਨਾ ਸ਼ੁਰੂ ਕਰ ਦਿਤਾ। ਇਸ ਨਾਲ ਹਿੰਦੀਆਂ ਦੇ ਹੌਸਲੇ ਹੋਰ ਭੀ ਵਧ ਗਏ। ਹਿੰਦੀ ਦੇਸ਼ ਭਗਤਾਂ ਨੇ ਮੀਟਿੰਗ ਕਰਕੇ ਫੈਸਲੇ ਕੀਤੇ ਕਿ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਕਢਣ ਲਈ ਬਦੇਸ਼ਾਂ ਤੋਂ ਮਿਲਣ ਵਾਲੀ ਸਹਾਇਤਾਂ ਨੂੰ ਜੀਉ ਆਇਆਂ ਆਖਿਆ ਜਾਵੇ। ਇਸ ਗਲ ਦਾ ਗਦਰ ਅਖਬਾਰ ਰਾਹੀਂ ਖੁਲ੍ਹ ਕੇ ਪ੍ਰਚਾਰ ਕੀਤਾ ਗਿਆ। ਕਿਸੇ ਰਾਜਸੀ ਸਿਧਾਂਤ ਦੀ ਬਹਿਸ ਵਿਚ ਪੈਣ ਤੋਂ ਬਿਨਾ ਹੀ ਭਾਰਤ ਵ ਸੀ ਸਭ ਤੋਂ ਸਹਾਇਤਾ ਲੈਣੀ ਮੁਨਾਸਬ ਸਮਝਦੇ ਸਨ।

ਜਰਮਨੀ ਨੇ ਹਥਿਆਰ ਭੇਜਣ ਤੇ ਸਿਖਾਉਣ ਦਾ ਪ੍ਰਬੰਧ ਕੀਤਾ। ਗਦਰ ਪਾਰਟੀ ਦੀ ਇਹ ਤਾਕਤ ਇਸ ਸਮੇਂ ਬਹੁਤ ਵਧ ਗਈ ਸੀ। ਉਸ ਦੀਆਂ ਸ਼ਾਖਾਂ ਸਾਰੇ ਦੇਸ਼ਾਂ ਵਿਚ ਕਾਇਮ ਹੋ ਚੁਕੀਆਂ ਸਨ। ਗਦਰ ਅਖਬਾਰ ਪੰਜ ਛੇ ਬੋਲੀਆਂ ਵਿਚ ਛਪਦਾ ਸੀ। ਰੁਪਏ ਪੈਸੇ ਦੀ ਭੀ ਕੋਈ ਕਮੀ ਨਹੀਂ ਸੀ, ਹਿੰਦੁਸਤਾਨੀ ਦੇਸ਼ ਭਗਤ ਆਪਣੀਆਂ ਸਾਰੀਆਂ ਜਾਇਦਾਦਾਂ ਤੇ ਕਮਾਈ ਪਾਰਟੀ ਦੇ ਹਵਾਲੇ ਕਰ ਦਿੰਦੇ ਸਨ। ਇਸ ਕਰਕੇ ਪਾਰਟੀ ਪਾਸ ਕੁਰਬਾਨੀ ਕਰਨ ਵਾਲੇ ਨੌਜਵਾਨਾਂ, ਹਥਿਆਰ ਤੇ ਰੁਪਏ ਤਿੰਨੇ ਚੀਜ਼ਾਂ ਵਿਚੋਂ ਕਿਸੇ ਗਲ ਦੀ ਕਮੀ ਨਹੀਂ ਸੀ। ਸੰਤ ਵਿਸਾਖਾ ਸਿੰਘ, ਸ: ਜਵਾਲਾ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਹਥੀਂ ਕੰਮ ਕਰਕੇ ਗੁਰੂ ਕਾ ਲੰਗਰ ਚਲਾਏ। ਹਰ ਨਵਾਂ ਹਿੰਦੁਸਤਾਨੀ ਬੇਰੁਜ਼ਗਾਰ, ਗਰੀਬ ਜਾਂ ਵਿਦਿਆਰਥੀ ਇਹਨਾਂ ਪਾਸ ਬੇਮਿਆਦੇ ਸਮੇਂ ਲਈ ਟਿਕਿਆ ਰਹਿੰਦਾ। ਲੋੜਵੰਦਾਂ ਦੀ ਖੁਲ੍ਹੀ ਸਹੈਤਾ ਕੀਤੀ ਜਾਂਦੀ। ਸ: ਜਵਾਲਾ ਸਿੰਘ ਤੇ ਸੰਤ ਵਿਸਾਖਾ ਸਿੰਘ ਨੇ ਆਪਣਾ ਜੀਵਨ ਤੇ ਸਭ ਕੁਝ ਕੌਮ ਦੇ ਅਰਪਣ ਕਰਨ ਦਾ ਅਰਦਾਸਾ ਕੀਤਾ।

ਉਸ ਸਮੇਂ ਦੇ ਹਾਲਾਤ ਦੀ ਖੋਜ ਕਰਨ ਤੇ ਪਤਾ ਲਗਦਾ ਹੈ ਕਿ ਇਕ ਇਨਕਲਾਬੀ ਪਾਰਟੀ ਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਸੀ ਓਹ ਸਾਰੀਆਂ ਗਦਰ ਪਾਰਟੀ ਪਾਸ ਮੌਜੂਦ ਸਨ। ਪਰੰਤੂ ਇਕੋ ਚੀਜ਼ ਦੀ ਕਮੀ ਸੀ ਕਿ ਦੇਸ਼ ਨੂੰ ਇਨਕਲਾਬ ਲਈ ਤਿਆਰ ਨਹੀਂ ਕੀਤਾ ਗਿਆ ਸੀ। ਭਾਰਤ ਦੀ ਉਸ ਵੇਲੇ ਸਭ ਤੋਂ ਵਡੀ ਪਾਰਟੀ ਕਾਂਗਰਸ ਅੰਗਰੇਜ਼ਾਂ ਦੀ ਸਹਾਇਤਾ ਕਰਨ ਦਾ ਫੈਸਲਾ ਕਰ ਚੁਕੀ ਸੀ। ਗਦਰ ਪਾਰਟੀ ਦੇ ਵਡੇ ਗੜ੍ਹ ਪੰਜਾਬ ਤੇ ਬੰਗਾਲ ਵਿਚ ਸਨ। ਏਥੇ ਭੀ ਬਾਕੀ ਹਿੰਦੁਸਤਾਨੀਆਂ ਵਾਂਗ ਬਹੁਤੇ ਲੋਕ ਅੰਗਰੇਜ਼ਾਂ ਦੇ ਪਿਠੂ ਬਣੇ ਹੋਏ ਸਨ। ਇਸ ਕਰਕੇ ਗਦਰ ਪਾਰਟੀ ਨੂੰ ਪਹਿਲੀ ਵਡੀ ਲੜਾਈ ਦੇ ਦੌਰਾਨ ਵਿਚ ਆਪਣੇ ਮਕਸਦ ਵਿਚ ਸਫਲਤਾ ਨ ਮਿਲ ਸਕੀ।

ਗਦਰ ਪਾਰਟੀ ਨੇ ਕਿਹੜੇ ਕਿਹੜੇ ਮਹਾਨ ਕੰਮ ਕੀਤੇ? ਉਹਨਾਂ ਦਾ ਪੂਰਨ ਵਿਸਥਾਰ ਦੇਣਾ ਅਸੰਭਵ ਪ੍ਰਤੀਤ ਹੁੰਦਾ ਹੈ। ਬਦੇਸ਼ਾਂ ਵਿਚ ਰਹਿਣ ਵਾਲੇ ਦੇਸ਼ ਭਗਤਾਂ ਨੇ ਆਜ਼ਾਦੀ ਲਈ ਕਿਤਨਾ

Digitized by Panjab Digital Library | www.panjabdigilib.org

ਮਾਲੀ ਨੁਕਸਾਨ ਉਠਾਇਆ ? ਆਪਣੀਆਂ ਜਾਇਦਾਦਾਂ ਤੇ ਚਲ ਰਹੇ ਕਾਰੋਬਾਰ ਦੇਸ਼ ਦੀ ਆਜ਼ਾਦੀ ਤੋਂ ਕੁਰਬਾਨ ਕੀਤੇ। ਆਪਣੀਆਂ ਪਿਆਰੀਆਂ ਜਾਨਾਂ ਕਿਵੇਂ ਕੁਰਬਾਨ ਕੀਤੀਆਂ? ਜੇਲ੍ਹਾਂ ਵਿਚ ਜਵਾਨੀਆਂ ਕਿਵੇਂ ਗਾਲੀਆਂ? ਇਹਨਾਂ ਪ੍ਰਸ਼ਨਾਂ ਦੇ ਮੁਕੰਮਲ ਉਤਰ ਦੇਣ ਲਗੀਏ ਤਾਂ ਬਹੁਤ ਜ਼ਿਆਦਾ ਵਿਸਥਾਰ ਹੋ ਜਾਂਦਾ ਹੈ। ਥੋੜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗਦਰ ਪਾਰਟੀ ਨੇ ਅਦੁਤੀ ਦੇਸ਼ ਭਗਤ ਪੈਦਾ ਕੀਤੇ, ਭਾਰਤ ਵਾਸੀਆਂ ਵਿਚ ਸ੍ਵੈਮਾਨ ਜਗਾਇਆ, ਬਦੇਸ਼ਾਂ ਵਿਚ ਹਿੰਦੁਸਤਾਨ ਦੀ ਆਜ਼ਾਦੀ ਲਈ ਹਮਦਰਦੀ ਪੈਦਾ ਕੀਤੀ, ਅੰਗਰੇਜ਼ਾਂ ਦੇ ਅਤਿਆਚਾਰ ਤੇ ਦੇਸ਼ ਦੀ ਹੋ ਰਹੀ ਲੁਟ ਖਸੁਟ ਨੂੰ ਖੋਲ੍ਹ ਕੇ ਦਸਿਆ ਅਤੇ ਸਭ ਤੋਂ ਵਧ ਕੇ ਦੇਸ਼ ਵਾਸੀਆਂ ਵਿਚ ਇਹ ਭਰੋਸਾ ਪੈਦਾ ਕੀਤਾ ਕਿ ਹਿੰਦੀ ਦੇਸ਼ਭਗਤ ਅੰਗਰੇਜ਼ਾਂ ਪਾਸੋਂ ਦੇਸ਼ ਨੂੰ ਆਜ਼ਾਦ ਕਰਾ ਸਕਦੇ ਹਨ। ਉਸ ਸਮੇਂ ਪ੍ਰਦੇਸ਼ਾਂ 'ਚ ਗਏ ਸਿੱਖ ਹਿੰਦੂ ਮੁਸਲਮਾਨਾਂ ਵਿਚ ਕੌਮੀਅਤ ਦਾ ਐਸਾ ਜਜ਼ਬਾ ਪੈਦਾ ਹੋ ਗਿਆ ਸੀ ਕਿ ਉਨ੍ਹਾਂ ਵਿਚੋਂ ਧਾਰਮਕ ਦ੍ਵੇਸ਼ ਉੱਕਾ ਹੀ ਖ਼ਤਮ ਹੋ ਗਈ ਸੀ। ਜਿਥੇ ਅਸੀਂ ਇਹ ਵੇਖ ਕੇ ਖੁਸ਼ ਹੁੰਦੇ ਹਾਂ ਕਿ ਗਦਰ ਪਾਰਟੀ ਨੇ ਹਿੰਦੀਆਂ ਵਿਚ ਸੱਚਾ ਪ੍ਰੇਮ ਪਿਆਰ ਪੈਦਾ ਕੀਤਾ।

## ਦੁਨੀਆਂ ਦੀ ਪਹਿਲੀ ਲੜਾਈ ਤੋਂ ਬਾਅਦ

੧੯੨੫ ਵਿਚ ਸ: ਦਲੀਪ ਸਿੰਘ ਗਿਲ ਨੇ ਜਿਸ ਦਾ ਪਿੰਡ ਮੋਗੇ ਦੀ ਤਹਿਸੀਲ ਵਿਚ ਹੈ, ਅਮਰੀਕਾ ਦਾ ਚੱਕਰ ਲਾਇਆ, ਇਹ ਦੇਸ਼ ਭਗਤ ਬਹੁਤ ਸਮੇਂ ਲਈ ਯੂਰਪੀਨ ਦੇਸ਼ਾਂ ਵਿਚ ਗਮਨ ਕਰਨ ਤੋਂ ਬਾਅਦ ਦੱਖਣੀ ਅਮਰੀਕਾ ਪੁਜਾ ਅਤੇ ਉਥੋਂ ਇਨ੍ਹਾਂ ਦਿਨਾਂ ਵਿਚ ਕੈਲੇਫੋਰਨੀਆਂ ਦੇ ਹਿੰਦੁਸ-ਤਾਨੀਆਂ ਦੀ ਹਾਲਤ ਵੇਖਣ ਅਤੇ ਉਨ੍ਹਾਂ ਨੂੰ ਰਾਜਸੀ ਖਿਆਲਾਂ ਦੀ ਇਕ ਲੜੀ ਵਿਚ ਪ੍ਰੋਣ ਆਇਆ। ਇਸ ਨੇ ਗ਼ਦਰ ਪਾਰਟੀ ਦੇ ਕਰਮਚਾਰੀਆਂ ਨਾਲ ਮਿਲ ਕੇ ਕੈਲੇਫੋਰਨੀਆਂ ਨਿਵਾਸੀ ਹਿੰਦੁਸਤਾਨੀਆਂ ਵਿਚ ਬਹੁਤ ਜਾਗਰਤ ਪੈਦਾ ਕੀਤੀ ਅਤੇ ਪਾਰਟੀ ਦੇ ਆਦਰਸ਼ ਨੂੰ ਮੁੜ ਨਵੇਂ ਸਿਰੇ ਸੁਰਜੀਤ ਕੀਤਾ।

ਭਾ: ਮੱਸਾ ਸਿੰਘ ਜੀ ਘਾਲੀ ਤੇ ਭਾਈ ਨਧਾਨ ਸਿੰਘ ਜੀ ਮਹੇਸਰੀ ਵਾਲੇ, ਗਦਰ ਪਾਰਟੀਦੇ ਮੁਢਲੇ ਸੇਵਾਦਾਰਾਂ ਵਿਚੋਂ ਹਨ। ਇਹਨਾਂ ਦੋਹਾਂ ਸਜਣਾਂ ਨੇ ਪਾਰਟੀ ਦੇ ਅਰੰਭ ਤੋਂ ਲੈ ਕੇ ੧੯੨੮-੨੯ ਤੱਕ ਸਮੇਂ ੨ ਅਨੁਸਾਰ ਵਖੋ ਵਖਰੀਆਂ ਹੈਸੀਅਤਾਂ ਵਿਚ ਪਾਰਟੀ ਦੀ ਸੇਵਾ ਕੀਤੀ। ਜਦ ਇਹਨਾਂ ਦੀ ਸੇਵਾ ਦੀ ਲੋੜ ਪਾਰਟੀ ਦੇ ਦਫਤਰ ਵਿਚ ਹੋਣੀ ਤਾਂ ਇਹ ਦਫਤਰ ਵਿਚ ਚਲੇ ਜਾਂਦੇ ਤੇ ਜਦ ਉੱਥੇ ਉਹਨਾਂ ਤੋਂ ਬਿਨਾਂ ਕੰਮ ਸਰ ਸਕਦਾ ਤਾਂ ਉਹ ਬਾਹਰ ਖੇਤਾਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰਦੇ ਅਤੇ ਇਸ ਤਰ੍ਹਾਂ ਗਾੜ੍ਹੇ ਪਸੀਨੇ ਦੀ ਕੀਤੀ ਹੋਈ ਕਮਾਈ ਨੂੰ ਪਾਰਟੀ ਦੇ ਫ਼ੰਡ ਵਿਚ ਜਮ੍ਹਾਂ ਕਰਾਉਂਦੇ। ਬਾਹਰ ਕੰਮ ਕਰਨ ਸਮੇਂ ਨਾਲ ਦੇ ਹੋਰ ਸਾਥੀਆਂ ਨੂੰ ਪ੍ਰੇਰ ਕੇ ਪਾਰਟੀ ਲਈ ਉਗਰਾਹੀ ਕਰਦੇ, ਤਾਕਿ ਪਾਰਟੀ ਨੂੰ ਮਾਇਆ ਦੀ ਤੋਟ ਨਾ ਆਵੇ।

ਦੁਨੀਆਂ ਦੀ ਪਹਿਲੀ ਲੜਾਈ ਤੋਂ ਬਾਅਦ ਗ਼ਦਰ ਪਾਰਟੀ ਨੇ ਹਿੰਦ ਵਿਚੋਂ ਅਨਪੜ੍ਹਤਾ ਕਢਣ ਲਈ ਅਖਬਾਰ ਜਾਰੀ ਕਰਨ ਲਈ ਤੇ ਰਾਜਸੀ ਪਾਰਟੀਆਂ ਦੇ ਕੰਮ ਚਲਾਉਣ ਲਈ ਲਖਾਂ ਰੁਪਏ ਹਿੰਦ ਵਿਚ ਭੇਜੇ ਅਤੇ ਦੇਸ਼ ਭਲਾਈ ਦੇ ਹੋਰ ਬਹੁਤ ਸਾਰੇ ਕੰਮਾਂ ਵਿਚ ਹੱਥ ਵਟਾਇਆ।

ਇਹ ਗਲ ਦਾਹਵੇ ਨਾਲ ਕਹੀ ਜਾ ਸਕਦੀ ਹੈ ਕਿ ਗ਼ਦਰ ਪਾਰਟੀ ਹੀ ਉਸ ਸਮੇਂ ਇਕ ਐਸੀ ਰਾਜਸੀ ਪਾਰਟੀ ਸੀ ਜੋ ਦੇਸ਼ ਦੀ ਅਜ਼ਾਦੀ ਲਈ ਲੜ ਰਹੀ ਸੀ। ਭਾਰਤ ਤੋਂ ਬਾਹਰ ਗਏ ਹੋਏ ਬਹੁਤ ਸਾਰੇ ਹਿੰਦੁਸਤਾਨੀ ਇਸ ਪਾਰਟੀ ਦੀ ਅਗਵਾਈ ਹੇਠ ਵਡੀ ਤੋਂ ਵਡੀ ਕੁਰਬਾਨੀ ਕਰਨ

Digitized by Panjab Digital Library | www.panjabdigilib.org

ਲਈ ਤਿਆਰ ਸਨ ਪ੍ਰੰਤੂ ਦੇਸ਼ ਦੇ ਅੰਦਰੂਨੀ ਹਾਲਾਤ ਇੰਨਕਲਾਬ ਦੇ ਅਨਕੂਲ ਨਹੀਂ ਸੀ। ੧੯੧੪ ਵਿਚ ਬਿਦੇਸ਼ਾਂ ਤੋਂ ੨੫, ੩੦ ਹਜ਼ਾਰ ਹਿੰਦੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਾਪਸ ਆਏ ਪ੍ਰੰਤੂ ਉਹ ਗ਼ਦਰ ਕਰਨ ਵਿਚ ਸਫਲ ਨਾ ਹੋ ਸਕੇ। ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਪਹਿਲੀ ਵਡੀ ਲੜਾਈ ਦੇ ਦੌਰਾਨ ਵਿਚ ਦੁਨੀਆਂ ਦੇ ਵਡੇ ਦੇਸ਼ਾਂ ਰੂਸ, ਹਿੰਦ, ਆਇਰਲੈਂਡ ਤੇ ਮਿਸਰ ਵਿਚ ਇੰਨਕਲਾਬ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਨ੍ਹਾਂ ਦੇਸ਼ਾਂ ਦੇ ਦੇਸ਼ ਭਗਤ ਇਕ ਦੂਜੇ ਦੀ ਸਫਲਤਾ ਨੂੰ ਬੜੇ ਗਹੁ ਨਾਲ ਵੇਖ ਰਹੇ ਸਨ। ਭਾਰਤ ਵਿਚ ਗ਼ਦਰ ਫੇਲ੍ਹ ਹੋ ਗਿਆ। ਆਇਰਲੈਂਡ ਤੇ ਮਿਸਰ ਵਿਚ ਕੁਝ ਨਾ ਹੋ ਸਕਿਆ। ਪ੍ਰੰਤੂ ਰੂਸ ਦੇ ਦੇਸ਼ ਭਗਤ ਇੰਨਕਲਾਬ ਲਿਆਉਣ ਵਿਚ ਸਫਲ ਹੋ ਗਏ। ਇਸ ਘਟਨਾ ਦਾ ਸਾਰੇ ਦੇਸ਼ਾਂ ਪਰ ਅਸਰ ਹੋਇਆ ਤੇ ਹਿੰਦੁਸਤਾਨੀ ਦੇਸ਼ ਭਗਤ ਰੂਸ ਵਿਚੋਂ ਇੰਨਕਲਾਬ ਦੀ ਸਿਖਿਆ ਲੈਣ ਲਈ ਜਾਣ ਲਗੇ।

ਅਗੇ ਚਲਕੇ ਪਾਠਕ ਕਈ ਐਸੇ ਗਦਰੀ ਬਾਬਿਆਂ ਦਾ ਜੀਵਨ ਪੜ੍ਹਨਗੇ ਜਿਨ੍ਹਾਂ ਨੇ ਰੂਸ ਵਿਚੋਂ ਇੰਨਕਲਾਬ ਦੀ ਸਿਖਿਆ ਲਈ ਹੈ ਤੇ ਉਹ ਭਾਰਤ ਵਿਚ ਲੋਕ ਜਮ੍ਹੂਰੀ ਇੰਨਕਲਾਬ ਲਿਉਣ ਲਈ ਲੰਬੇ ਅਰਸੇ ਤੋਂ ਜਦੋਂ ਜਿਹਦੋ ਕਰਦੇ ਆ ਰਹੇ ਹਨ। ੧੯੨੦ ਤੋਂ ਪਿਛੋਂ ਗਦਰ ਪਾਰਟੀ ਦਾ ਸਬੰਧ ਰੂਸ ਦੀ ਬਾਲਸ਼ਵਿਕ ਪਾਰਟੀ ਨਾਲ ਹੋ ਗਿਆ ਅਤੇ ਪਹਿਲਾਂ ਬਾਬਾ ਰਤਨ ਸਿੰਘ ਪਿੰਡ ਡੱਬੇ ਰਾਇਪੁਰ ਜ਼ਿਲਾ ਜਲੰਧਰ ਤੇ ੧੯੨੮ ਤੋਂ ਪਿਛੋਂ ਸ: ਤੇਜਾ ਸਿੰਘ ਜੀ ਸੁਤੰਤ੍ਰ ਰੂਸ ਦੇ ਸਬੰਧ ਜੋੜ ਅਫਸਰ ਦਾ ਕੰਮ ਕਰਦੇ ਰਹੇ। ਏਸ਼ੀਆ ਦੇ ਹੋਰ ਕਈ ਦੇਸ਼ਾਂ ਦੀ ਜਨਤਾ ਤੇ ਉਥੋਂ ਦੇ ਦੇਸ਼ ਭਗਤ ਗਦਰ ਪਾਰਟੀ ਨਾਲ ਬਹੁਤ ਜ਼ਿਆਦਾ ਹਮਦਰਦੀ ਰਖਦੇ ਸਨ। ਪ੍ਰੰਤੂ ਅੰਗ੍ਰੇਜ਼ੀ ਸਾਮਰਾਜ ਦਾ ਜਾਲ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਸੀ ਜਿਸ ਕਰਕੇ ਹੋਰ ਦੇਸ਼ਾਂ ਦੇ ਦੇਸ਼ ਭਗਤਾਂ ਨੂੰ ਭੀ ਹਿੰਦੀਆਂ ਨਾਲ ਹਮਦਰਦੀ ਕਰਨ ਦੀ ਸਜ਼ਾ ਭੁਗਤਣੀ ਪੈਂਦੀ ਸੀ। ਮਸਾਲ ਦੇ ਤੌਰ ਤੇ ਕਾਬਲ ਦਾ ਬਾਦਸ਼ਾਹ ਸ਼ਾਹ ਅਮਾਨ ਉਲਾ ਉਨ੍ਹਾਂ ਹਿੰਦੀ ਦੇਸ਼ਭਗਤਾਂ ਨਾਲ ਹਮਦਰਦੀ ਰਖਣ ਦੇ ਅਪ੍ਰਾਧ 'ਚ ਗਦੀਓਂ ਲਾਹਿਆ ਗਿਆ। ਕਿਉਂਕਿ ਉਸਦਾ ਝੁਕਾਉ ਬਹੁਤਾ ਰੂਸ ਵਲ ਸੀ। ਗਦਰ ਪਾਰਟੀ ਦਾ ਰੂਸ ਨਾਲ ਸਬੰਧ ਪਹਿਲੀ ਲੜਾਈ ਤੋਂ ਪਿਛੋਂ ੧੯੨੨-੨੩ ਵਿਚ ਹੋਇਆ। ਇਸ ਤੋਂ ਉਪ੍ਰੰਤ ੨੦-੨੦, ੨੫-੨੫ ਹਿੰਦੀਆਂ ਦੀਆਂ ਕਈ ਟੋਲੀਆਂ ਰੂਸ ਵਿਚੋਂ ਰਾਜਸੀ ਮਾਮਲਿਆਂ ਦੀ ਟ੍ਰੇਨਿੰਗ ਲੈਣ ਲਈ ਜਾਂਦੀਆਂ ਰਹੀਆਂ ਜਿਸ ਦਾ ਹਿੰਦੁਸਤਾਨ ਨੂੰ ਉਤਨਾ ਲਾਭ ਨਾ ਪਹੁੰਚਿਆ ਜਿਤਨਾ ਕਿ ਪਹੁੰਚਣਾ ਚਾਹੀਦਾ ਸੀ। ਇਸ ਪ੍ਰਕਾਰ ਗਦਰ ਪਾਰਟੀ ਇੱਕ ਇਨਕਲਾਬੀ ਪਾਰਟੀ ਸੀ। ਜਿਸ ਵਿਚ ਕੰਮ ਕਰਨ ਵਾਲੇ ਦੇਸ਼ ਭਗਤਾਂ ਨੇ ਅਪਣੀਆਂ ਰੰਗਲੀਆਂ ਜਵਾਨੀਆਂ ਹੱਸ ਹੱਸ ਕੇ ਦੇਸ਼ ਤੋਂ ਕੁਰਬਾਨ ਕੀਤੀਆਂ ਅਤੇ ਜੋ ਬਚ ਰਹੇ ਉਨ੍ਹਾਂ ਨੇ ਸਹੀ ਅਰਥਾਂ ਵਿਚ ਲੋਕ ਰਾਜ ਸਥਾਪਨ ਹੋਣ ਤੱਕ ਆਜ਼ਾਦੀ ਦੀ ਜਦੋ ਜਿਹਦ ਜਾਰੀ ਰਖੀ। ਅਗਲੇ ਪੰਨਿਆ ਪਰ ਪਾਠਕ ਉਨ੍ਹਾਂ ਅਦੁਤੀ ਦੇਸ਼ ਭਗਤਾਂ ਦੇ ਜੀਵਨ ਸਮਾਚਾਰ ਪੜ੍ਹਨਗੇ। ਜਿੰਨਾਂ ਦੀਆਂ ਕੁਰਬਾਨੀਆਂ ਦਾ ਸਦਕਾ ਭਾਰਤ ਵਿਚੋਂ ਅੰਗ੍ਰੇਜ਼ ਦੀ ਗੁਲਾਮੀ ਦਾ ਨਾਸ਼ ਹੋਇਆ। ਇਨ੍ਹਾਂ ਪ੍ਰਸਿੱਧ ਪੰਜਾਬੀ ਦੇਸ਼ ਭਗਤਾਂ ਨ ਹੀ ਸਾਰੇ ਭਾਰਤ ਨੂੰ ਆਜ਼ਾਦੀ ਦਾ ਰਾਹ ਵਿਖਾਇਆ ਅਤੇ ਕੁਰਬਾਨੀ ਦੇ ਪੂਰਨੇ ਪਾਕੇ ਸੱਚੀ ਦੇਸ਼ ਭਗਤੀ ਦਾ ਸਬਕ ਪੜ੍ਹਾਇਆ। ਅੱਜ ਹਰ ਭਾਰਤ ਵਾਸੀ ਦਾ ਸਿਰ ਇਨ੍ਹਾਂ ਸ਼ਹੀਦਾਂ ਦਾ ਅੱਗੇ ਸ਼ਰਧਾ ਨਾਲ ਝੁਕ ਜਾਂਦਾ ਹੈ।

Digitized by Panjab Digital Library | www.panjabdigilib.org

# ਪਹਿਲਾ ਮੁਕਦਮਾ ਸਾਜ਼ਸ਼ ਲਾਹੌਰ

## ਅਜ਼ਾਦੀ ਦੇ ਮੋਢੀ ਸ਼ਹੀਦ ਕਰਤਾਰ ਸਿੰਘ ਸਰਾਭਾ

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨਕੇ ਹੇਤ"
ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤ"

ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਵਿਚ ਆਤਮ ਸ਼ਹੀਦਾਂ ਦੀ ਉਚੀ ਅਵਸਥਾ ਦਾ ਚਿਤ੍ਰ ਖਿਚਿਆ ਹੋਇਆ ਹੈ। ਪਰਉਪਕਾਰੀ ਰਾਜਸੀ ਸ਼ਹੀਦਾਂ ਦੀ ਕੁਰਬਾਨੀ ਦਾ ਦਰਜਾ ਭੀ ਪਰਮਾਤਮਾ ਨਾਲ ਇਕ ਮਿਕ ਹੋਣ ਵਾਲੇ ਸੰਤ ਭਗਤ ਪ੍ਰਹਲਾਦਿ ਦੀ ਰੂਹਾਨੀ ਅਥਵਾ ਆਤਮਕ ਸ਼ਹਾਦਤ ਤੋਂ ਕਿਸੇ ਗਲੋਂ ਘਟ ਨਹੀਂ। ਜਿਸ ਤਰਾਂ ਆਤਮਕ ਸ਼ਹੀਦ ਪਰਮਾਤਮਾ ਦੇ ਪਿਆਰ ਵਿਚ ਭਿਜਕੇ ਇਤਨੇ ਸਿਜ ਜਾਂਦੇ ਹਨ ਕਿ ਉਹ ਡਰੌਣੀ ਮੌਤ ਨੂੰ ਜੀ ਆਇਆਂ ਆਖਦੇ ਹਨ ਕਿਉਂਕਿ ਉਹਨਾਂ ਨੂੰ ਪੂਰਨ ਵਿਸ਼ਵਾਸ ਹੁੰਦਾ ਹੈ। "ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤ" ਏਸੇ ਨੂੰ ਪ੍ਰਨਾਣ ਲਈ ਆਪਣੇ ਆਪ ਨੂੰ "ਇਤ ਮਾਰਗ ਪੈਰ ਧਰੀਜੈ, ਸਿਰੁ ਦੀਜੈ ਕਾਣ ਨਾ ਕੀਜੈ" ਦੇ ਆਸੇ ਵਿਚ ਅਭੇਦ ਕਰਕੇ ਅਮਰ ਬਣਦੇ ਹਨ। ਸਾਡੇ ਨੌਜੁਆਨਾਂ ਨੇ ਜਿਸ ਅਦੁਤੀ ਚਾਉ ਨਾਲ ਦੇਸ਼ ਦੀ ਆਜ਼ਾਦੀ ਲਈ ਫਾਂਸੀਆਂ ਚੁੰਮ ਕੇ ਸ਼ਹੀਦੀਆਂ ਪਰਾਪਤ ਕੀਤੀਆਂ। ਦੇਸ਼ ਅਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਦੀ ਕਤਾਰ ਵਿਚ ਅਮਰ ਸ਼ਹੀਦ ਕਰਤਾਰ ਸਿੰਘ ਜੀ ਸਰਾਭਾ ਦਾ ਪਹਿਲਾ ਨੰਬਰ ਹੈ।

ਸ: ਕਰਤਾਰ ਸਿੰਘ ਜੀ ਦਾ ਜਨਮ ੧੮੯੬ ਈ: ਵਿਚ ਸ: ਮੰਗਲ ਸਿੰਘ ਜੀ ਦੇ ਗ੍ਰਹਿ ਵਿਖੇ ਜ਼ਿਲਾ ਲੁਧਿਆਣਾ ਦੇ ਪਿੰਡ ਸਰਾਭੇ ਵਿਚ ਹੋਇਆ। ਆਪ ਦੀ ਮਾਤਾ ਜੀ ਦਾ ਨਾਮ ਸਾਹਿਬ ਕੌਰ ਸੀ। ਮਾਤਾ ਪਿਤਾ ਨੇ ਆਪ ਨੂੰ ਬੜੇ ਚਾਉ ਮਲ੍ਹਾਰ ਨਾਲ ਪਾਲਿਆ। ਬਚਪਨ ਤੋਂ ਹੀ ਆਪ ਵਿਚ ਇਕ ਮਹਾਨ ਪੁਰਸ਼ ਵਾਲੇ ਚਿੰਨ੍ਹ ਵਿਖਾਈ ਦਿੰਦੇ ਸਨ। ਪ੍ਰਾਇਮਰੀ ਆਪਨੇ ਪਿੰਡ ਦੇ ਸਕੂਲ ਵਿਚੋਂ ਪਾਸ ਕੀਤੀ ਕੁਝ ਅਰਸਾ ਗੁਜਰਵਾਲ ਸਕੂਲ ਵਿਚ ਭੀ ਪੜਦੇ ਰਹੇ। ਫਿਰ ਆਪ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਪੜਨ ਲਗੇ। ਸਾਥੀ ਵਿਦਿਆਰਥੀਆਂ ਵਿਚੋਂ ਆਪ ਬੜੇ ਲਾਇਕ ਸਨ ਅਤੇ ਖੇਡਣ ਵਲ ਆਪ ਦੀ ਖਾਸ ਰੁਚੀ ਸੀ।

ਜਿਸ ਜਮਾਤ ਵਿਚ ਆਪ ਪੜਦੇ ਸਨ ਯੋਗਤਾ ਉਸ ਨਾਲੋਂ ਜ਼ਿਆਦਾ ਸੀ ਇਸ ਕਰਕੇ ਆਪ ਨੂੰ ਖਿਆਲ ਆਇਆ ਕਿ ਇਕ ਦੋ ਜਮਾਤਾਂ ਤੋਂ ਛਾਲ ਮਾਰਕੇ ਕਿਉਂ ਨਾ ਲੰਘ ਜਾਈਏ। ਇਹ ਸੋਚਕੇ ਆਪ ਨੇ ਖਾਲਸਾ ਸਕੂਲ ਤੋਂ ਸਰਟੀਫੀਕੇਟ ਲੈ ਲਿਆ ਤੇ ਉਸ ਪਰ ੭ ਜਮਾਤਾਂ ਦੀ ਥਾਂ ੯ ਲਿਖਕੇ ਆਰੀਯਾ ਸਕੂਲ ਵਿਚ ਦਾਖਲ ਹੋ ਗਏ। ਕੁਝ ਚਿਰ ਤਾਂ ਸਕੂਲ ਵਾਲਿਆਂ ਨੂੰ ਪਤਾ ਹੀ ਨਾ ਲਗਿਆ ਪਰ ਪਿਛੋਂ ਕਿਸੇ ਭੇਤੀ ਨੇ ਇਹ ਪ੍ਰਗਟ ਕਰ ਦਿਤਾ ਕਿ ਇਹ ਤਾਂ ਸਤਵੀਂ ਜਮਾਤ ਵਿਚ ਪੜਦਾ ਸੀ ਇਤਨੀ ਛੇਤੀ ਨੌਵੀਂ ਵਿਚ ਕਿਵੇਂ ਹੋ ਗਿਆ? ਇਸ ਪਰ ਸਕੂਲ ਵਾਲਿਆਂ ਨੇ ਆਪ ਵਿਰੁਧ ਐਕਸ਼ਨ ਲਿਆ ਤੇ ਆਪ ਪੜਾਈ ਛਡ ਕੇ ਉੜੀਸਾ ਵਿਚ ਅਪਣੇ ਚਾਚੇ ਪਾਸ ਚਲੇ ਗਏ ਜੋ ਪੁਲਸ ਵਿਚ ਨੌਕਰ ਸਨ। ਇਥੇ ਆਪ ਨੇ ਦਸਵੀਂ ਜਮਾਤ ਪਾਸ ਕਰ ਲਈ। ਸਕੂਲ ਪੜਨ ਵੇਲੇ ਕਰਤਾਰ ਸਿੰਘ ਬਹੁਤ ਫੁਰਤੀਲਾ, ਚੁਸਤ ਚਲਾਕ ਤੇ ਚਤਰ ਸੀ। ਹਰ ਸਮੇਂ ਟਪੂੰ ੨ ਕਰਦਾ ਰਹਿੰਦਾ ਸੀ। ਇਸ ਦੀਆਂ ਇਸ ਪਰਕਾਰ ਦੀਆਂ ਹਰਕਤਾਂ ਵੇਖਕੇ ਸਾਥੀ ਵਿਦਿਆਰਥੀਆਂ ਨੇ ਇਸ ਦਾ ਨਾਮ "ਉਡਣਾ ਸਪ" ਰਖ ਦਿਤਾ ਸੀ।

Digitized by Panjab Digital Library | www.panjabdigilib.org

ਸ: ਕਰਤਾਰ ਸਿੰਘ ਜੀ ਦੇ ਪਿਤਾ ਗੁਜ਼ਰ ਗਏ ਅਤੇ ਆਪ ਦੀ ਅਗੇ ਪੜ੍ਹਾਈ ਜਾਰੀ ਰਖਣ ਦੀ ਜ਼ੁਮੇਵਾਰੀ ਆਪ ਦੇ ਬਾਬਾ ਸ: ਬਦਨ ਸਿੰਘ ਜੀ ਪਰ ਆ ਪਈ। ਬਾਬਾ ਜੀ ਕਰਤਾਰ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਸ ਨੂੰ ਉਚੀ ਵਿਦਿਆ ਦੇ ਕੇ ਕਿਸੇ ਵਡੇ ਔਹਦੇ ਪਰ ਲਗਾਉਣਾ ਚਾਹੁੰਦੇ ਸਨ। ਆਪ ਦੇ ਤਿੰਨ ਚਾਚੇ ਚੰਗੀਆਂ ਸਰਕਾਰੀ ਨੌਕਰੀਆਂ ਪਰ ਸਨ। ਸਭ ਨਾਲ ਸਲਾਹ ਮਸ਼ਵਰਾ ਕਰਕੇ ਸ: ਬਦਨ ਸਿੰਘ ਜੀ ਨੇ ਆਪ ਨੂੰ ਉਚੀ ਵਿਦਿਆ ਪ੍ਰਾਪਤ ਕਰਨ ਲਈ ਅਮਰੀਕਾ ਭੇਜਣ ਦਾ ਫੈਸਲਾ ਕੀਤਾ।

ਬੰਦਾ ਜਿਹੜੀਆਂ ਸੋਚਾਂ ਸੋਚਦਾ ਹੈ ਉਹ ਸਾਰੀਆਂ ਪੂਰੀਆਂ ਨਹੀਂ ਹੁੰਦੀਆਂ। ਬਾਬਾ ਬਦਨ ਸਿੰਘ ਜੀ ਤਾਂ ਕੁਝ ਹੋਰ ਸੋਚਦੇ ਸਨ ਅਤੇ ਕਰਤਾਰ ਸਿੰਘ ਕਿਸੇ ਹੋਰ ਕੰਮ ਲਈ ਤਿਆਰ ਹੋ ਰਿਹਾ ਸੀ। ੧੯੧੧ ਵਿਚ ਆਪ ਅਮ੍ਰੀਕਾ ਚਲੇ ਗਏ। ਗੁਲਾਮੀ ਦੇ ਵਾਤਾਵਰਨ ਵਿਚੋਂ ਨਿਕਲ ਕੇ ਜਦੋਂ ਆਪ ਇਕ ਆਜ਼ਾਦ ਦੇਸ਼ ਵਿਚ ਪੁਜੇ ਤਾਂ ਆਪ ਨੂੰ ਗੁਲਾਮੀ ਤੇ ਅਜ਼ਾਦੀ ਦਾ ਫਰਕ ਅਨਭਵ ਹੋਇਆ।

ਆਜ਼ਾਦ ਦੇਸ਼ਾਂ ਵਿਚ ਉਸ ਸਮੇਂ ਗੁਲਾਮ ਭਾਰਤ ਵਾਸੀਆਂ ਦਾ ਬਹੁਤ ਤ੍ਰਿਸਕਾਰ ਕੀਤਾ ਜਾਂਦਾ ਸੀ। ਇਕ ਵਾਰੀ ਕਰਤਾਰ ਸਿੰਘ ਨੂੰ ਭਾਈਪਰਮਾ ਨੰਦ ਨੇ ਕਿਹਾ:—

"ਕਰਤਾਰ ਸਿੰਘ ! ਜੇ ਤੂੰ ਗਦਰ ਦੀ ਤਿਆਰੀ ਨਾ ਕਰਦਾ ਤਾਂ ਮੌਤ ਦੇ ਮੂੰਹ ਕਿਉਂ ਆਉਂਦਾ। ਅਮਰੀਕਾ ਦਾ ਸੁਖੀ ਜੀਵਨ ਛਡਕੇ ਤੂੰ ਗੁਲਾਮ ਦੇਸ਼ ਵਿਚ ਕਿਉਂ ਆਇਆ ? ਇਨ੍ਹਾਂ ਪਰਸ਼ਨਾ ਦੇ ਉਤਰ ਵਿਚ ਸ: ਕਰਤਾਰ ਸਿੰਘ ਨੇ ਕਿਹਾ- ਮੈਂ ਮਰਨਾ ਚਾਹੁੰਦਾ ਸਾਂ। ਭਾਈ ਸਾਹਿਬ ਨੇ ਕਿਹਾ ਕਿਉਂ ? ਤਾਂ ਆਪਨੇ ਉਤ੍ਰ ਦਿੱਤਾ ਜਦ ਅੰਗ੍ਰੇਜ਼ ਤੇ ਅਮਰੀਕਨ ਲੋਗ ਕਹਿੰਦੇ ਸਨ। ਡੈਮ ਹਿੰਦੂ ਤਾਂ ਮੈਨੂੰ ਬਹੁਤ ਗੁੱਸਾ ਉਦਾਸੀ ਅਤੇ ਆਜ਼ਾਦ ਲੋਕਾਂ ਦੇ ਤਾਹਨੇ ਮੇਹਣੇ ਸੁਣਕੇ ਮੈਂ ਦਿਲ ਹੀ ਦਿਲ ਵਿਚ ਫੈਸਲਾ ਕਰ ਲਿਆ ਸੀ ਕਿ ਅਸਾਂ ਦੇਸ਼ ਆਜ਼ਾਦ ਕਰਾਂਵਾਗਾਂ ਤੇ ਜਾਂ ਫਿਰ ਇਸ ਨਿਰਾਦਰ ਭਰੇ ਜੀਵਨ ਨਾਲੋਂ ਮੌਤ ਨੂੰ ਚੰਗਾ ਸਮਝਾਗਾਂ।

ਕਰਤਾਰ ਸਿੰਘ ਨੇ ਗੁਲਾਮ ਦੇਸ਼ਾਂ ਨੂੰ ਆਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਦੀਆਂ ਜੀਵਨੀਆ ਪੜੀਆ। ਉਨ੍ਹਾਂ ਦਾ ਇਹ ਅਸਰ ਹੋਇਆ। ਕਿ ਆਪ ਦੇਸ਼ ਤੋਂ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ। ਸ: ਕਰਤਾਰ ਸਿੰਘ ਜੀ ਨੂੰ ਆਜ਼ਾਦੀ ਦੀ ਲਗਣ ਕਿਵੇਂ ਲੱਗੀ। ਇਸ ਸਬੰਧੀ ਇਕ ਹੋਰ ਕਹਾਣੀ ਭੀ ਸੁਣਨ ਵਿਚ ਆਈ ਹੈ। ਜਦੋਂ ਆਪ ਅਮਰੀਕਾ ਵਿਚ ਪੜ੍ਹਿਆ ਕਰਦੇ ਸਨ ਤਾਂ ਆਪ ਇਕ ਅਮਰੀਕਨ ਬਿਰਧ ਇਸਤ੍ਰੀ ਦੇ ਘਰ ਰਿਹਾ ਕਰਦੇ ਸਨ। ਜਦ ਅਮਰੀਕਨਾ ਦੀ ਆਜ਼ਾਦੀ ਦਾ ਤਿਉਹਾਰ ਆਇਆ ਤਾਂ ਉਸ ਦੇਵੀ ਨੇ ਬਹੁਤ ਧੂਮ ਧਾਮ ਨਾਲ ਮਨਾਇਆ। ਸ: ਕਰਤਾਰ ਸਿੰਘ ਜੀ ਨੇ ਸਾਰਾ ਕੁਝ ਗਹੁ ਨਾਲ ਵੇਖਿਆ। ਅਮਰੀਕਨ ਇਸਤ੍ਰੀ ਨੇ ਆਜ਼ਾਦੀ ਦੀ ਖਾਤਰ ਲੜਨ ਵਾਲੇ ਅਮਰੀਕਨ ਦੇਸ਼ ਭਗਤਾਂ ਦੀਆਂ ਤਸਵੀਰਾਂ ਇਕ ਕਮਰੇ ਵਿਚ ਸਜਾਈਆਂ ਹੋਈਆਂ ਸਨ। ਉਸਨੇ ਉਨ੍ਹਾਂ ਤਸਵੀਰਾਂ ਨੂੰ ਫੁਲਾ ਨਾਲ ਸਜ਼ਾਇਆ। ਸ: ਕਰਤਾਰ ਸਿੰਘ ਨੇ ਪੁਛਿਆ। ਮੈਡਮ ਅੱਜ ਤੁਸੀਂ ਕਿੱਸ ਗੱਲ ਦੀ ਖੁਸ਼ੀ ਮਨਾ ਰਹੇ ਹੋ ? ਇਸਤ੍ਰੀ ਨੇ ਕਿਹਾ ਅੱਜ ਦੇ ਦਿਨ ਸਾਡਾ ਦੇਸ਼ ਆਜ਼ਾਦ ਹੋਇਆ ਸੀ। ਅਮਰੀਕਨ ਦਾ ਸਭ ਤੋਂ ਵਡਾ ਤਿਉਹਾਰ ਆਜ਼ਾਦੀ ਦਿੱਨ ਹੀ ਹੈ। ਇਸ ਨਜ਼ਾਰੇ ਨੂੰ ਵੇਖਕੇ ਸ: ਕਰਤਾਰ ਸਿੰਘ ਨੇ ਇਹ ਅਨੁਭਵ ਕੀਤਾ ਕਿ ਹਿੰਦ ਵਾਸੀ ਤਾਂ ਆਜ਼ਾਦੀ ਦੀ ਸੱਚੀ ਖੁਸ਼ੀ ਤੋਂ ਵਾਂਝੇ ਹਨ ਅਤੇ ਉਹ ਆਜ਼ਾਦੀ ਦੀਆਂ ਬਰਕਤਾਂ ਨੂੰ ਨਹੀਂ ਸਮਝਦੇ। ਇਸ ਦਿਨ ਤੋਂ ਆਪ ਇਕ ਸੋਚਣ ਲੱਗ ਪਏ ਕਿ ਦੇਸ਼ ਨੂੰ ਕਿਵੇਂ ਆਜ਼ਾਦ ਕਰਾਇਆ ਜਾਵੇ।

Digitized by Panjab Digital Library | www.panjabdigilib.org

# ਗਦਰ ਪਾਰਟੀ ਦਾ ਮੁਢ ਬੰਨ੍ਹਣਾ

ਆਜ਼ਾਦੀ ਦੀ ਲਗਣ ਹੋਰ ਭੀ ਬਹੁਤ ਸਾਰੇ ਦੇਸ਼ ਭਗਤਾਂ ਨੂੰ ਲਗ ਚੁਕੀ ਸੀ। ਹਿੰਦੋਸਤਾਨੀਆਂ ਨੇ ਗਦਰ ਪਾਰਟੀ ਬਨਾਉਣ ਦਾ ਫੈਸਲਾ ਕੀਤਾ ਜੋ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਹਰ ਪ੍ਰਕਾਰ ਦਾ ਯਤਨ ਕਰ ਸਕੇ ਅਤੇ ਵਿਦੇਸ਼ ਵਿਚ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰਾਪੇਗੰਡਾ ਕਰੇ। ਗਦਰ ਪਾਰਟੀ ਜੋ ਮਈ ੧੯੧੩ ਵਿਚ ਬਣੀ ਜਿਹੜੇ ਸਜਨ ਸਭ ਤੋਂ ਪਹਿਲਾਂ ਸ਼ਾਮਲ ਹੋਇ ਉਨ੍ਹਾਂ ਵਿਚੋਂ ਬਹੁਤੇ ਸਿੱਖ ਹੀ ਸਨ। ਇਸ ਦੇ ਮੋਢੀ ਭਾਈ ਭਗਵਾਨ ਸਿੰਘ ਸਨ। ਅਤੇ ਪ੍ਰਧਾਨ ਸ੍ਰਦਾਰ ਸੋਹਣ ਸਿੰਘ ਭੱਕਣਾ। ਗਦਰ ਪਾਰਟੀ ਨੇ ਆਪਣਾ ਅਖਬਾਰ ਕਢਣ ਦਾ ਭੀ ਫੈਸਲਾ ਕੀਤਾ ਅਤੇ ਇਹ ਅਖਬਾਰ ੧ ਨਵੰਬਰ ੧੯੧੩ ਨੂੰ ਪ੍ਰਕਾਸ਼ਤ ਹੋ ਗਿਆ। ਪਿਛੋਂ ਗੁਜਰਾਤੀ ਤੇ ਹਿੰਦੀ ਤੇ ਉਰਦੂ ਆਦਿ ਕਈ ਜਬਾਨਾਂ ਵਿਚ ਛਪਣਾ ਸ਼ੁਰੂ ਹੋ ਗਿਆ। ਲਾਲਾ ਹਰ ਦਿਆਲ ਐਮ. ਏ. ਜੋ ਉਸ ਸਮੇਂ ਬਰਕਲੇ (ਕੈਲਿਫ) ਯੂਨੀਵਰਸਟੀ ਵਿਚ ਪੜ੍ਹਾਉਂਦੇ ਸਨ। ਉਹ ਗਦਰ ਪਾਰਟੀ ਦੇ ਜਨਰਲ ਸਕੱਤ੍ਰ ਬਣੇ ਤੇ ਉਨ੍ਹਾਂ ਨੇ ਗਦਰ ਦੇ ਐਡੀਟਰ ਹੋਣਾ ਮੰਨ ਲਿਆ ਅਤੇ ਪੰਜ ਮਹੀਨੇ ਜ਼ੋਰ ਸ਼ੋਰ ਨਾਲ ਕੰਮ ਕੀਤਾ। ਸ: ਕਰਤਾਰ ਸਿੰਘ ਸਰਾਭਾ ਜੋ ੧੮ ਸਾਲ ਦਾ ਨੌਜਵਾਨ ਸੀ, ਅਖਵਾਰ ਦੇ ਕੰਮ ਵਿਚ ਜੁਟ ਗਿਆ। ਜਦ ਕਦੀ ਹਰਦਿਆਲ ਢਿੱਲਾ ਪੈਂਦਾ ਸੀ, ਤਾਂ ਸਰਾਭਾ ਉਸ ਵਿਚ ਜੋਸ਼ ਤੇ ਤਾਕਤ ਭਰਦਾ ਸੀ। ਮਾਰਚ ੧੯੧੪ ਤਕ ਉਸੇ ਤਰਾਂ ਕੰਮ ਨਿਭਦਾ ਰਿਹਾ।

ਲਾਲਾ ਹਰਦਿਆਲ ਦੀ ਯੋਗ ਐਡੀਟਰੀ ਨੇ ਗਦਰ ਪਾਰਟੀ ਦੇ ਕੰਮ ਨੂੰ ਤੇਜ਼ ਕਰਨ ਵਿਚ ਬੜੀ ਸਹਾਇਤਾ ਦਿਤੀ।

ਸ: ਕਰਤਾਰ ਸਿੰਘ ਜੀ ਗਦਰ ਅਖਬਾਰ ਦੇ ਐਡੀਟਰ ਭੀ ਰਹੇ। ਉਹ ਦਫਤਰ ਦਾ ਹਰ ਇਕ ਕੰਮ ਆਪਣੇ ਹਥਾਂ ਨਾਲ ਕਰਦੇ ਰਹੇ। ਜਦੋਂ ਤਕ ਵਡੀਆਂ ਮਸ਼ੀਨਾਂ ਨਹੀਂ ਲਾ ਲਈਆਂ ਅਤੇ ਬਿਜਲੀ ਨਹੀਂ ਸੀ ਮਿਲੀ ਕਰਤਾਰ ਸਿੰਘ ਜੀ ਮਸ਼ੀਨ ਚਲਾਉਣ, ਪਰਚੇ ਫੋਲਡ ਕਰਨ, ਟਿਕਟਾਂ ਲਗਾਉਣ ਆਦਿ ਦੇ ਕੰਮ ਖੁਦ ਕਰਦੇ ਸਨ। ਗਲ ਕੀ ਚਪੜਾਸੀ ਤੋਂ ਲੈਕੇ ਐਡੀਟਰ ਦੇ ਕੰਮ ਤਕ ਆਪ ਕਿਸੇ ਕੰਮ ਤੋਂ ਭੀ ਸੰਕੋਚ ਨਹੀਂ ਕਰਦੇ ਸਨ। ਆਪ ਵਿਚ ਕੰਮ ਕਰਨ ਦੀ ਲਗਨ ਵੇਖਕੇ ਦੇਸ਼ ਭਗਤ ਬਾਬੇ ਆਪ ਜੀ ਦੀ ਬਹੁਤ ਹੀ ਇਜ਼ਤ ਕਰਦੇ ਸਨ। ਭਾਰਤ ਨੂੰ ਆਜ਼ਾਦ ਕਰਾਉਣ ਦਾ ਜਜ਼ਬਾ ਸ: ਕਰਤਾਰ ਸਿੰਘ ਜੀ ਦੇ ਲੂੰ ਲੂੰ ਵਿਚ ਰਚਿਆ ਹੋਇਆ ਸੀ। ਦਿਨ ਰਾਤ ਆਪ 'ਫਰੰਗੀ ਨੂੰ ਮਾਰੋ' ਦੀ ਧੁਨ ਵਿਚ ਮਸਤ ਹੋਕੇ ਕੰਮ ਵਿਚ ਜੁਟੇ ਰਹਿੰਦੇ ਪਰ ਥਕਣ ਦਾ ਨਾਂ ਭੀ ਨਾ ਲੈਂਦੇ।

ਦੇਸ਼ ਨੂੰ ਆਜ਼ਾਦ ਕਰਾਉਣ ਸਮੇਂ ਸ਼ਾਇਦ ਹਵਾਈ ਜਹਾਜ਼ ਚਲਾਉਣ ਦੀ ਲੋੜ ਪਵੇ ਇਸ ਗਲ ਨੂੰ ਮੁਖ ਰਖਕੇ ਆਪ ਨੇ ਹਵਾਈ ਜਹਾਜ਼ਾਂ ਦੀ ਟਰੇਨਿੰਗ ਲੈਣ ਦਾ ਫੈਸਲਾ ਕੀਤਾ। ਆਪ ਪਹਿਲੇ ਹਿੰਦੁਸਤਾਨੀ ਸਨ ਜਿਨਾਂ ਨੇ ਇਹ ਟਰੇਨਿੰਗ ਲਈ। ਹਿੰਦੁਸਤਾਨੀਆਂ ਨੂੰ ਅਮਰੀਕਨ ਟਰੇਨਿੰਗ ਦੇਣਾ ਨਹੀਂ ਚਾਹੁੰਦੇ ਸਨ ਪਰ ਪਤਾ ਨਹੀਂ ਕਿਵੇਂ ਬਾਬਾ ਜਵਾਲਾ ਸਿੰਘ ਜੀਦੀ ਸਹਾਇਤਾ ਨਾਲ ਸ: ਕਰਤਾਰ ਸਿੰਘ ਜੀ ਨਿਊਯਾਰਕ ਦੀ ਇਕ ਕੰਪਨੀ ਵਿਚ ਦਾਖਲ ਹੋਏ ਤੇ ਆਪ ਨੇ ਥੋੜੇ ਸਮੇਂ ਵਿਚ ਹੀ ਹਵਾਈ ਜਹਾਜ਼ ਚਲਾਉਣਾ ਤੇ ਮੁਰੰਮਤ ਆਦਿ ਕਰਨੀ ਸਿਖ ਲਈ। ਇਹ ਵੇਖਕੇ ਕਈ ਦੋਸਤ ਕਿਹਾ ਕਰਦੇ ਸਨ ਕਰਤਾਰ ਸਿੰਘ ਤੂੰ ਤਾਂ ਸਚ ਮੁਚ ਅਫਲਾਤੂਨ ਹੈਂ।

ਹਵਾਈ ਜਹਾਜ਼ਾਂ ਦੀ ਟਰੇਨਿੰਗ ਲੈਣ ਤੋਂ ਪਿਛੋਂ ਆਪ ਗਦਰ ਅਖਬਾਰ ਦੇ ਦਫਤਰ ਵਿਚ ਕੰਮ ਕਰਨ ਲਗ ਪਏ। ਆਪ ਦੇ ਅੰਦਰ ਤਿਆਗ ਦਾ ਕਿਤਨਾ ਮਾਦਾ ਸੀ ਇਸ ਦਾ ਅੰਦਾਜ਼ਾ ਇਸ ਗਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਦ ਗਦਰ ਪਾਰਟੀ ਦੀ ਬੁਨਿਆਦ ਰਖੀ ਗਈ ਤਾਂ ਬਹੁਤ ਸਾਰੇ

Digitized by Panjab Digital Library | www.panjabdigilib.org

ਸਜਨਾਂ ਨੇ ਆਪਣੀਆਂ ਸਾਰੀਆਂ ਜਾਇਦਾਦਾਂ ਪਾਰਟੀ ਦੇ ਹਵਾਲੇ ਕਰ ਦਿਤੀਆਂ । ਸਰਦਾਰ ਕਰਤਾਰ ਸਿੰਘ ਜੀ ਪਾਸ ਉਸ ਸਮੇਂ ੨੫੦ ਡਾਲਰ ਸਨ । ਆਪ ਨੇ ਇਹ ਸਾਰੀ ਮਾਇਆ ਪਾਰਟੀ ਦੇ ਅਰਪਣ ਕਰ ਦਿਤੀ ਅਤੇ ਖੁਦ ਗਦਰ ਅਖਬਾਰ ਦੇ ਦਫਤਰ ਵਿਚ ਰੋਟੀ ਕਪੜੇ ਬਦਲੇ ਕੰਮ ਕਰਨ ਲਗ ਪਏ ।

ਗਦਰ ਅਖਬਾਰ ਨੇ ਵਿਦੇਸ਼ਾਂ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਵਿਚ ਅਜ਼ਾਦੀ ਦੀ ਅਮਿਟ ਲਗਨ ਪੈਦਾ ਕਰ ਦਿਤੀ ਅਤੇ ਉਹ ਦੇਸ਼ ਦੀ ਅਜ਼ਾਦੀ ਦੀ ਖਾਤਰ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ । ਜਿਸ ਸਮੇਂ ਕਾਮਾਗਾਟਾ ਮਾਰੂ ਜਹਾਜ਼ ਨੂੰ ਐਮੀਗ੍ਰੇਸ਼ਨ ਮਹਿਕਮੇ ਨੇ ਕਿਨਾਰੇ ਨਾ ਲਗਣ ਦਿਤਾ ਅਤੇ ਜਹਾਜ਼ ਦੇ ਮੁਸਾਫਰਾਂ ਪਰ ਗੋਰੇ ਹਮਲੇ ਕਰਨ ਲਗ ਪਏ ਤਾਂ ਕੁਝ ਗਦਰੀ ਦੇਸ਼ ਭਗਤਾਂ ਨੇ ਵੈਨਕੋਵਰ ਸ਼ਹਿਰ ਨੂੰ ਤਬਾਹ ਕਰਨ ਦੀਆਂ ਤਿਆਰੀਆਂ ਕਰ ਲਈਆਂ ਅਤੇ ਸ਼ੀਸ਼ਾ ਝੰਡੀ ਨਾਲ ਇਹ ਖਬਰ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਦੇ ਦਿਤੀ ਗਈ ਕਿ ਜੇ ਕਰ ਗੋਰਿਆਂ ਨੇ ਤੁਹਾਡੇ ਜਹਾਜ਼ ਨੂੰ ਡੋਬ ਦਿਤਾ ਅਤੇ ਤੁਹਾਡੀਆਂ ਜਾਨਾਂ ਨੂੰ ਖਤਰਾ ਪੈਦਾ ਹੋਇਆ ਤਾਂ ਅਸੀਂ ਸ਼ਹਿਰ ਵਿਚ ਸਾੜ ਫੂਕ ਦੀ ਪਾਲਸੀ ਪਰ ਅਮਲ ਕਰਦੇ ਹੋਏ ਸ਼ਹਿਰ ਨੂੰ ਰਾਤੋ ਰਾਤ ਹੀ ਤਬਾਹ ਕਰ ਦਿਆਂਗੇ ।

ਇਸ ਕਿਸਮ ਦੀਆਂ ਤਿਆਰੀਆਂ ਦੀ ਖਬਰ ਸਰਕਾਰ ਨੂੰ ਭੀ ਮਿਲ ਗਈ ਸੀ ਇਸ ਕਰਕੇ ਉਸ ਨੇ ਆਪਣਾ ਵਤੀਰਾ ਕਿਸੇ ਹਦ ਤਕ ਬਦਲ ਲਿਆ ਅਤੇ ਹਿੰਦੁਸਤਾਨੀਆਂ ਦੇ ਇਕ ਡੈਪੂਟੇਸ਼ਨ ਨੂੰ ਗੁਰੂ ਨਾਨਕ ਜਹਾਜ਼ ਪਰ ਭੇਜਿਆ ਕਿ ਜੇ ਉਹ ਵਾਪਸ ਜਾਣਾ ਮੰਨ ਲੈਣ ਤਾਂ ਸਰਕਾਰ ਰਸਦ ਪਾਣੀ ਲਈ ਕੁਝ ਰਕਮ ਦੇਣ ਲਈ ਤਿਆਰ ਹੈ । ਸ: ਭਾਗ ਸਿੰਘ, ਮਿ: ਰਹੀਮ ਤੇ ਸ: ਤਾਰਾ ਸਿੰਘ ਜੀ ਕੌਣੀ ਵਾਲੇ ਜਹਾਜ਼ ਪਰ ਆਏ ਅਤੇ ਉਨ੍ਹਾਂ ਨੇ ਬਾਬਾ ਗੁਰਦਿਤ ਸਿੰਘ ਜੀ ਤੇ ਸ: ਦਲਜੀਤ ਸਿੰਘ ਸਕੱਤ੍ਰ ਜਹਾਜ਼ ਕੰਪਨੀ ਨੂੰ ਇਸ ਗਲ ਪਰ ਰਜ਼ਾਮੰਦ ਕਰ ਲਿਆ ਕਿ ਜਹਾਜ਼ ਵਾਪਸ ਚਲਾ ਜਾਵੇ ।

ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਸਹਾਇਤਾ ਕਰਨ ਦੇ ਕੰਮ ਵਿਚ ਸ: ਕਰਤਾਰ ਸਿੰਘ ਜੀ ਨੇ ਭੀ ਵਧ ਚੜ ਕੇ ਹਿਸਾ ਲਿਆ । ਜਦ ਜਹਾਜ਼ ਵਾਪਸ ਚਲਾ ਗਿਆ ਅਤੇ ਜੰਗ ਛਿੜ ਗਈ ਤਾਂ ਅਮਰੀਕਾ ਤੇ ਕੈਨੇਡਾ ਵਿਚ ਰਹਿਣ ਵਾਲੇ ਹਿੰਦੀਆਂ ਨੇ ਫੈਸਲਾ ਕੀਤਾ ਕਿ ਇਸ ਸਮੇਂ ਦੇਸ਼ ਵਿਚ ਜਾ ਕੇ ਗਦਰ ਪੈਦਾ ਕਰਨ ਦੀ ਲੋੜ ਹੈ । ਗਦਰ ਪਾਰਟੀ ਦਾ ਉਸ ਸਮੇਂ ਜਰਮਨ ਸਰਕਾਰ ਨਾਲ ਸਬੰਧ ਸੀ ਅਤੇ ਜਰਮਨ ਸਰਕਾਰ ਨੇ ਇਹ ਭਰੋਸਾ ਦਿਵਾਇਆ ਸੀ ਕਿ ਅੰਗਰੇਜ਼ਾਂ ਵਿਰੁਧ ਗਦਰ ਕਰਨ ਲਈ ਉਹ ਹਥਿਆਰਾਂ ਆਦਿ ਦੀ ਮਦਦ ਕਰਨ ਲਈ ਤਿਆਰ ਹੈ ।

ਗਦਰ ਪਾਰਟੀ ਦੇ ਆਗੂ ਇਹ ਅਨਭਵ ਕਰਦੇ ਸਨ ਕਿ ਦੇਸ਼ ਨੂੰ ਅਜ਼ਾਦ ਕਰਾਉਣ ਲਈ ਕਿਸੇ ਬਾਹਰਲੀ ਤਾਕਤ ਤੇ ਸਹਾਇਤਾ ਲੈਣ ਵਿਚ ਕੋਈ ਹਰਜ ਨਹੀਂ, ਇਸ ਕਰਕੇ ਗਦਰ ਪਾਰਟੀ, ਜਿਸ ਦੀਆ ਸ਼ਾਖਾਂ ਉਸ ਸਮੇਂ ਸਾਰੀ ਦੁਨੀਆਂ ਵਿਚ ਫੈਲੀਆਂ ਹੋਈਆਂ ਸਨ । ਅੰਗਰੇਜ਼ਾਂ ਦੀਆਂ ਵਿਰੋਧੀ ਸ਼ਕਤੀਆਂ ਪਾਸੋਂ ਸਹਾਇਤਾ ਲੈਣ ਦਾ ਯਤਨ ਕਰਦੀ ਰਹੀ । ਬਹੁਤ ਸਾਰੇ ਹਿੰਦੁਸਤਾਨੀ ਇਨਕਲਾਬ ਪਸੰਦ ਉਸ ਸਮੇਂ ਭੱਜ ਕੇ ਜਰਮਨੀ ਵਿਚ ਚਲੇ ਗਏ ਸਨ ਅਤੇ ਉਥੇ ਬੈਠ ਕੇ ਹਿੰਦੁਸਤਾਨ ਵਿਚ ਇਨਕਲਾਬ ਲਿਉਣ ਦੀਆਂ ਤਿਆਰਿਆਂ ਕਰਦੇ ਰਹੇ । ਗਦਰ ਪਾਰਟੀ ਦੇ ੬–੭ ਹਜ਼ਾਰ ਹਿੰਦੁਸਤਾਨੀਆਂ ਨੇ ਅਮਰੀਕਾ ਤੇ ਕੇਨੇਡਾ ਵਿਚੋਂ ਵਾਪਸ ਹਿੰਦ ਆਉਣ ਦਾ ਫੈਸਲਾ ਕੀਤਾ, ਜੋ ਅੱਡ ਅੱਡ ਟੋਲੀਆਂ ਦੀ ਸ਼ਕਲ ਵਿਚ ਭਾਰਤ ਆਏ । ਪ੍ਰਸਿੱਧ ਇਨਕਲਾਬੀ ਲੀਡਰ ਸ੍ਰੀ ਮਹਿੰਦਰ ਨਾਥ ਸਾਹਨੇ ਵਾਲ, ਨੇ ਆਪਣੀ ਪੁਸਤਕ ਬੰਦੀ ਜੀਵਨ,ਦੇ ਸਫਾ ੨੩ ਪਰ ਲਿਖਿਆ ਹੈ "ਅਮ੍ਰੀਕਾ ਸੇ ਜੋ ਲੋਗ ਵਾਪਸ ਆਏ ਥੇ ਉਨ ਮੇਂ ਜ਼ਿਆਦਾ ਤਰ ਸਿਖ ਹੀ ਥੇ । ਐਸੇ ਆਦਮੀ ਸਿਰਫ ਅਨਗਿਣੇ ਥੇ ਜੋ ਸਿਖ ਨਾ ਥੇ । ਸ਼ਾਇਦ ਕੁਲ ੨੫–੩੦ ਹੋਂ ।

Digitized by Panjab Digital Library | www.panjabdigilib.org

ਬਹੁਤ ਜੋ ਕਿ ਅਜੀਜ਼ੋ ਅਕਾਰਬ ਸਭ ਕੁਛ ਥੇ । ਇਨ ਮੇਂ ਸੇ ਬਹੁਤੋਂ ਕੀ ਉਮਰ ੪੦ ਸਾਲ ਸੇ ਜ਼ਿਆਦਾ ਥੀ । ਬਾਅਜ਼ ਬਾਅਜ਼ ਤੋ ਬਿਲਕੁਲ ਬੁੱਢੇ ਥੇ । ਭਾਈ ਨਿਧਾਨ ਸਿੰਘ, ਭਾਈ ਸੋਹਣ ਸਿੰਘ, ਭਾਈ ਜਵਾਲਾ ਸਿੰਘ, ਭਾਈ ਕੇਸਰ ਸਿੰਘ, ਇੰਨ ਮੇਂ ਸੇ ਕਿਸੀ ਕੀ ਉਮਰ ਪਚਾਸ ਸਾਲ ਸੇ ਕੰਮ ਨਾ ਥੀ ।

ਉਪਰ ਲਿਖੇ ਹਵਾਲੇ ਤੋਂ ਪ੍ਰਗਟ ਹੁੰਦਾ ਹੈ ਕਿ ਗ਼ਦਰ ਪਾਰਟੀ ਵਿਚ ਜੋ ਵਾਪਸ ਦੇਸ਼ ਆਉਣ ਵਾਲੇ ਦੇਸ਼ ਭਗਤਾਂ ਵਿਚ ਬਹੁਤੇ ਸਿਖ ਸਨ† । ਸਿਖਾਂ ਵਿਚ ਤਿਆਗ,ਕੁਰਬਾਨੀ ਅਤੇ ਨਿਡਰਤਾ, ਦ੍ਰਿੜਤਾ, ਆਦਿਕ ਗੁਣ ਵਧੇਰੇ ਹੁੰਦੇ ਸਨ, ਇਸ ਕਰਕੇ ਜਦ ਦੇਸ਼ ਦੀ ਆਜ਼ਾਦੀ ਖਾਤਰ ਲੜਨ ਦਾ ਸਵਾਲ ਆਇਆ ਤਾਂ ਸਿੱਖ ਸਭ ਤੋਂ ਮੂਹਰਲੀ ਕਤਾਰ ਵਿਚ ਹੋ ਕੇ ਲੜੇ । ਅਮਰੀਕਾ ਵਿਚੋਂ ਗ਼ਦਰੀ ਸੂਰਮਿਆਂ ਦੀ ਜੋ ਪਹਿਲੀ ਟੋਲੀ ਹਿੰਦ ਆਈ ਸ: ਕਰਤਾਰ ਸਿੰਘ ਸਰਾਭਾ ਉਸ ਦੇ ਨਾਲ ਵਾਪਸ ਆਏ । ਉਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ ਭਗਤ ਤਾਂ ਫੜੇ ਗਏ ਅਤੇ ਸਿੱਧੇ ਜੇਹਲਾਂ ਵਿਚ ਭੇਜ ਦਿਤੇ ਗਏ ਪਰੰਤੂ ਸ: ਕਰਤਾਰ ਸਿੰਘ ਪੁਲਸ ਦੀਆਂ ਅਖਾਂ ਵਿਚ ਘਟਾ ਪਾ ਕੇ ਬਚ ਕੇ ਨਿਕਲ ਆਏ ਅਤੇ ਪੰਜਾਬ ਵਿਚ ਆ ਕੇ ਗ਼ਦਰ ਦੀਆਂ ਤਿਆਰੀਆਂ ਕਰਨ ਲਗੇ ।

ਮਨੁਖ ਦੇ ਖਿਆਲਾਂ ਪਰ ਉਸ ਦੀ ਉਮਰ ਦਾ ਬਹੁਤ ਅਸਰ ਹੁੰਦਾ ਹੈ । ਨੌਜਵਾਨਾਂ ਦੇ ਵਿਚਾਰ ਬਹੁਤ ਤੇਜ਼ ਹੁੰਦੇ ਹਨ । ਉਨ੍ਹਾਂ ਵਿਚ ਸ੍ਵੈ ਭਰੋਸਾ ਇਤਨਾ ਜ਼ਬਰਦਸਤ ਸੀ ਕਿ ਉਹ ਵਡੇ ਤੋਂ ਵਡੇ ਕੰਮ ਨੂੰ ਹੱਥ ਪਾਉਣ ਤੋਂ ਸੰਕੋਚ ਨਹੀਂ ਕਰਦੇ ਹਨ । ਇਕ ਦਿਨ ਜਦ ਪਾਰਟੀ ਮੀਟਿੰਗ ਵਿਚ ਇਸ ਗਲ ਤੇ ਵਿਚਾਰ ਹੋ ਰਹੀ ਸੀ ਕਿ ਬਨਾਰਸ ਤੋਂ ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬ ਬੁਲਾਇਆ ਜਾਵੇ ਤਾਂ ਸ੍ਰੀ ਸਚਿੰਦਰ ਨਾਥ ਸਾਨਿਆਲ ਨੇ ਕਿਹਾ ਉਨ੍ਹਾਂ ਨੇ ਮੈਨੂੰ ਪੰਜਾਬ ਦੇ ਹਾਲਾਤ ਵੇਖਣ ਲਈ ਭੇਜਿਆ ਹੈ । ਜੇ ਉਨ੍ਹਾਂ ਦੀ ਲੋੜ ਪ੍ਰਤੀਤ ਹੋਈ ਤਾਂ ਉਹ ਭੀ ਆ ਜਾਣਗੇ । ਇਸ ਪਰ ਅਮਰ ਸਿੰਘ ਨੇ ਕਿਹਾ ਸਾਡੇ ਪਾਸ ਹੋਰ ਸਭ ਕੁਝ ਹੈ ਪਰ ਕੋਈ ਯੋਗ ਲੀਡਰ ਨਹੀਂ । ਇਹ ਸੁਣਕੇ ਕਰਤਾਰ ਸਿੰਘ ਦਾ ਚਿਹਰਾ ਲਾਲ ਹੋ ਗਿਆ । ਉਸ ਨੇ ਕਿਹਾ—"ਦੇਖੋ ਭਾਈ ਯੂੰ ਹਿੰਮਤ ਕਿਉਂ ਹਾਰਤੇ ਹੋ ਕਾਮ ਕੇ ਵਕਤ ਦੇਖ ਲੇਨਾ ਤੁਮੀ ਲੋਗੋਂ ਮੇਂ ਸੇ ਛੁਪੇ ਰੁਸਤਮ ਨਿਕਲ ਆਏਂਗੇ ।"

ਇਸ ਦਾ ਭਾਵ ਇਹ ਸੀ ਕਿ ਲੀਡਰ ਸਾਡੇ ਵਿਚੋਂ ਹੀ ਪੈਦਾ ਹੋ ਸਕਦੇ ਹਨ ਕੇਵਲ ਆਪਣੇ ਆਪ ਪਰ ਭਰੋਸਾ ਕਰਨ ਦੀ ਲੋੜ ਹੈ । ਸ੍ਰੀ ਸਚਿੰਦਰ ਨਾਥ ਸਾਨਿਆਲ ਨੇ ਲਿਖਿਆ ਹੈ ਕਿ ਉਸ ਸਮੇਂ ਪੰਜਾਬ ਵਿਚ ਜਿਤਨੇ ਇੰਨਕਲਾਬੀ ਨੌਜਵਾਨ ਕੰਮ ਕਰਦੇ ਸਨ ਉਨ੍ਹਾਂ ਵਿਚੋਂ ਕਰਤਾਰ ਸਿੰਘ ਸਭ ਤੋਂ ਵਧੇਰੇ ਸਿਆਣਾ, ਅਤੇ ਜੋਸ਼ੀਲਾ ਵਰਕਰ ਸੀ । ਉਸ ਦੀ ਉਮਰ ਭਾਵੇਂ ੧੮ ਸਾਲ ਸੀ ਪਰ ਉਸ ਵਿਚ ਪਾਰਟੀ ਦੀ ਅਗਵਾਈ ਕਰਨ ਦੀ ਅਦਭੁਤ ਸ਼ਕਤੀ ਸੀ । ਭਾਈ ਪਰਮਾ ਨੰਦ ਨੇ ਆਪਣੀ ਪੁਸਤਕ ਆਪ ਬੀਤੀ ਵਿਚ ਲਿਖਿਆ ਹੈ ਕਿ ਕਰਤਾਰ ਸਿੰਘ ਹੀ ਅਸਲ ਵਿਚ ੧੯੧੪-੧੫ ਵਿਚ ਗਦਰ ਦੀ ਲਹਿਰ ਦਾ ਲੀਡਰ ਸੀ ਅਤੇ ਉਸ ਨੇ ਫੌਜਾਂ ਵਿਚ ਜਾ ਕੇ ਅਤੇ ਸਾਰੇ ਹਿੰਦੁਸਤਾਨ ਦੀਆਂ ਇੰਨਕਲਾਬ ਪਸੰਦ ਪਾਰਟੀਆਂ ਨਾਲ ਮਿਲ ਕੇ ਸਾਰੇ ਸੂਬਿਆਂ ਵਿਚ ਇਕੋ ਸਮੇਂ ਗਦਰ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ ਪਰੰਤ ਗਦਾਰ ਨਵਾਬ ਤੇ ਕ੍ਰਿਪਾਲ ਸਿੰਘ ਨੇ ਸਰਕਾਰ ਨੂੰ ਭੇਦ ਦੇ ਕੇ ਸਾਰੀ ਸਕੀਮ ਨੂੰ ਫੇਹਲ ਕਰ ਦਿਤਾ ।

---

†੨੬ ਹਜ਼ਾਰ ਆਏ ਜਿਨ੍ਹਾਂ ਵਿਚ ੨੯ ਹਿੰਦੂ ਮੁਸਲਮਾਨ ਦੇਖੋ ।

Digitized by Panjab Digital Library | www.panjabdigilib.org

ਗਦਰ ਪਾਰਟੀ ਦੀਆਂ ਸ਼ਾਖ਼ਾਂ ਉਸ ਸਮੇਂ ਬਰਮਾ, ਸਿਆਮ, ਮਲਾਇਆ, ਸਿੰਘਾ ਪੁਰ, ਚੀਨ, ਆਦਿ ਬਹੁਤ ਸਾਰੇ ਦੇਸ਼ਾਂ ਵਿਚ ਫੈਲੀਆਂ ਹੋਈਆਂ ਸਨ ਅਤੇ ਸਭ ਥਾਂ ਇਕੋ ਸਮੇਂ ਗਦਰ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ।

ਸ: ਕਰਤਾਰ ਸਿੰਘ ਜੀ ਜੋਸ਼ੀਲੇ ਨੌਜਵਾਨ ਹੋਣ ਕਰਕੇ ਸਭ ਪਰ ਛੇਤੀ ਭਰੋਸਾ ਕਰਕੇ ਆਪਣਾ ਮਕਸਦ ਪ੍ਰਗਟ ਕਰ ਦਿੰਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਸਾਰਾ ਹਿੰਦੁਸਤਾਨ ਹੀ ਇੰਨਕਲਾਬ ਦੇ ਰੰਗ ਵਿਚ ਰੰਗਿਆ ਹੋਇਆ ਹੈ ਅਤੇ ਕੋਈ ਨੌਜਵਾਨ ਐਸਾ ਨਹੀਂ ਜਿਸ ਨੂੰ ਦੇਸ਼ ਦੀ ਆਜ਼ਾਦੀ ਨਾਲ ਪਿਆਰ ਨਹੀਂ। ਦੇਸ਼ ਵਿਚ ਗ਼ਦਾਰ ਭੀ ਹੋ ਸਕਦੇ ਹਨ, ਇਸ ਦਾ ਇਸ ਨਿਸ਼ਕਪਟ ਨੌਜਵਾਨ ਨੂੰ ਕੀ ਪਤਾ ਸੀ? ਜਿਵੇਂ ਪ੍ਰਮਾਰਥ ਵਿਚ "ਤਿਸਕੇ ਭਾਣੇ ਕੋਇ ਨਾ ਭੂਲਾ ਜਿਨ ਸਗਲੋ ਬ੍ਰਹਮ ਪਛਾਤਾ" ਦੀ ਇਕ ਆਤਮਕ ਅਵਸਥਾ ਪੈਦਾ ਹੋ ਜਾਂਦੀ ਹੈ ਅਤੇ "ਬੁਰਾ ਨਾਹੀ ਸਭ ਭਲਾ ਹੀ ਹੇਰੇ ਹਾਰ ਨਹੀ ਸਭ ਜੇਤੇ" ਦਾ ਨਾਹਰਾ ਮਾਰਕੇ ਜਗਿਆਸੂ ਅਗੇ ਵਧਦਾ ਹੈ, ਸ: ਕਰਤਾਰ ਸਿੰਘ ਜੀ ਦੇਸ਼ ਪਿਆਰ ਵਿਚ ਇਸ ਹੱਦ ਤੱਕ ਮਗਨ ਹੋ ਗਏ ਸਨ ਕਿ ਉਨ੍ਹਾਂ ਨੂੰ ਭਾਰਤ ਦਾ ਕੋਈ ਭੀ ਨੌਜਵਾਨ ਗਦਾਰ ਨਹੀਂ ਸੀ ਪ੍ਰਤੀਤ ਹੁੰਦਾ।

ਜਦ ਕਿਸੇ ਮਨੁਖ ਦੇ ਸਮੁਚੇ ਦਿਲ ਤੇ ਦਿਮਾਗ ਨੂੰ ਆਦਰਸ਼ ਮੱਲ ਲੈਂਦਾ ਹੈ ਤਾਂ ਉਸ ਦੇ ਵਿਰੁਧ ਕੋਈ ਭੀ ਖਿਆਲ ਉਸ ਦੇ ਦਿਮਾਗ ਵਿਚ ਪੈਦਾ ਨਹੀਂ ਹੋ ਸਕਦਾ। ਇਹੋ ਜਿਹੀ ਅਵਸਥਾ ਸ: ਕਰਤਾਰ ਸਿੰਘ ਜੀ ਦੀ ਬਣ ਚੁਕੀ ਸੀ। ਭਾਰਤ ਦੀ ਆਜ਼ਾਦੀ ਉਨ੍ਹਾਂ ਦੇ ਜੀਵਨ ਦਾ ਪਵਿਤ੍ਰ ਮਨੋਰਥ ਬਣ ਚੁਕੀ ਸੀ। ਜਦ ਅਮਰੀਕਾ ਵਿਚ ਇਕ ਹੁਸਨ ਮਤੀ ਨੌਜਵਾਨ ਕੁੜੀ ਨੇ ਆਪ ਦੇ ਸਾਹਮਣੇ ਸ਼ਾਦੀ ਦਾ ਪ੍ਰਸਤਾਵ ਰਖਿਆ ਤਾਂ ਆਪ ਨੇ ਕਿਹਾ ਸੀ, "ਮੈਂ ਦੇਸ਼ ਦੀ ਅਜ਼ਾਦੀ ਲਈ ਜਦੋ ਜਹਿਦ ਕਰਨੀ ਚਾਹੁੰਦਾ ਹਾਂ, ਇਸ ਰਾਹ ਪਰ ਤੁਰਨ ਵਾਲਿਆਂ ਨੂੰ ਮੌਤ ਹੀ ਨਸੀਬ ਹੋਇਆ ਕਰਦੀ ਹੈ ਇਸ ਕਰਕੇ ਮੈਂ ਮੌਤ ਲਾੜੀ ਨਾਲ ਹੀ ਸ਼ਾਦੀ ਕਰਨ ਦਾ ਫੈਸਲਾ ਕਰ ਚੁਕਾ ਹਾਂ।" ਸ: ਕਰਤਾਰ ਸਿੰਘ ਜੀ ਨੂੰ ਅਜ਼ਾਦੀ ਨਾਲ ਇਤਨਾ ਗੂੜ੍ਹਾ ਪਿਆਰ ਹੋ ਚੁਕਿਆ ਸੀ ਕਿ ਸਾਰੀ ਦੁਨੀਆਂ ਦਾ ਰੂਪ ਭੀ ਜੇ ਇਕੱਠਾ ਹੋ ਕੇ ਉਸ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣਾ ਚਾਹੁੰਦਾ ਤਾਂ ਉਹ ਉਸ ਵਿਚ ਸਫਲ ਨਾ ਹੋ ਸਕਦਾ।

ਪੰਜਾਬੀਆਂ ਦਾ ਪ੍ਰੋਗਰਾਮ ਹੈ ਕਿ ਫੌਜਾਂ ਵਿਚ ਜਾ ਕੇ ਫੌਜੀ ਬਗਾਵਤ ਕੀਤੀ ਜਾਏ, ਬੰਗਾਲੀਆਂ ਲਈ ਨਵੀਂ ਚੀਜ਼ ਸੀ ਤੇ ਰਾਸ ਬਿਹਾਰੀ ਨੇ ਬਹੁਤ ਪਸੰਦ ਕੀਤੀ, ਉਹ ਪੰਜਾਬ ਵਿਚ ਆਏ। ਉਨ੍ਹਾਂ ਨੇ ਪੰਜਾਬੀ ਇੰਨਕਲਾਬ ਪਸੰਦਾਂ ਨੂੰ ਸਮਝਾਇਆ ਕਿ ਉਹ ਇੰਨਕਲਾਬ ਦੀਆਂ ਤਿਆਰੀਆਂ ਦਾ ਭੇਦ ਨਾ ਪ੍ਰਗਟ ਹੋਣ ਦੇਣ। ਬ੍ਰਿਟਿਸ਼ ਸਰਕਾਰ ਦਾ ਜਾਲ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਸੀ। ਕੈਨੇਡਾ ਦੀ ਸਰਕਾਰ ਪਾਸੋਂ ਹਿੰਦ ਸਰਕਾਰ ਨੂੰ ਸਾਰਾ ਭੇਦ ਮਿਲ ਗਿਆ ਸੀ ਕਿ ਗਦਰ ਪਾਰਟੀ ਦੇ ਮੈਂਬਰ ਕੀ ਇਰਾਦੇ ਲੈ ਕੇ ਵਾਪਸ ਆਏ ਹਨ। ਸਰਕਾਰੀ ਅਫਸਰਾਂ ਨੇ ਆਪਣੇ ਆਦਮੀ ਕ੍ਰਿਪਾਲ ਸਿੰਘ ਵਰਗੇ ਇੰਨਕਲਾਬ ਪਸੰਦਾਂ ਵਿਚ ਦਾਖਲ ਕਰ ਦਿਤੇ ਸਨ। ਸ: ਕਰਤਾਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਪੁਲਸ ਦੇ ਮੁਖਬਰਾਂ ਪਰ ਭੀ ਉਸੇ ਤਰਾਂ ਭਰੋਸਾ ਕੀਤਾ ਜਿਵੇਂ ਉਹ ਪਾਰਟੀ ਦੇ ਹੋਰ ਮੈਂਬਰਾਂ ਪਰ ਕਰਦੇ ਸਨ ਜੋ ਅਮਰੀਕਾ ਤੋਂ ਹੀ ਗਦਰ ਪਾਰਟੀ ਦੇ ਨਾਲ ਆਏ ਸਨ।

ਸ: ਕਰਤਾਰ ਸਿੰਘ ਜੀ ਨੇ ਸਾਰੇ ਹਿੰਦੁਸਤਾਨ ਵਿਚ ਫਿਰ ਕੇ ਇੰਨਕਲਾਬ ਪਸੰਦ ਪਾਰਟੀਆਂ ਨਾਲ ਸਬੰਧ ਜੋੜੇ ਅਤੇ ਸਾਰੇ ਹਿੰਦ ਵਿਚ ਇਕੋ ਸਮੇਂ ਗਦਰ ਕਰਨ ਦੀਆਂ ਤਿਆਰੀਆਂ ਕੀਤੀਆਂ।

Digitized by Panjab Digital Library | www.panjabdigilib.org

੨੧ ਫਰਵਰੀ ੧੯੨੫ ਨੂੰ ਗਦਰ ਕਰਨ ਦਾ ਦਿਨ ਨੀਯਤ ਕੀਤਾ ਗਿਆ ਸੀ। ਪਜਾਬ, ਸੂਬਾ ਸਰਹੱਦ ਤੇ ਯੂ. ਪੀ. ਦੀਆਂ ਛਾਉਣੀਆਂ ਵਿਚ ਇਕੋ ਸਮੇਂ ਗਦਰ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ। ਜਦ ਥੋਹੜੇ ਦਿਨ ਰਹਿੰਦੇ ਸਨ ਤਾਂ ਪੰਜਾਬ ਵਿਚ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਕ੍ਰਿਪਾਲ ਸਿੰਘ ਉਤੇ ਪ ਰਟੀ ਨੂੰ ਸ਼ੱਕ ਪਿ ਆ ਕਿ ਇਹ ਪੁਲਸ ਨੂੰ ਭੇਦ ਦਿੰਦਾ ਹੈ ਇਸ ਪਰ ਪਾਰਟੀ ਨੇ ਨਿਗਰਾਨੀ ਕਰਨੀ ਸ਼ੁਰੂ ਕਰ ਦਿਤੀ। ਇਸ ਪਰ ਕ੍ਰਿਪਾਲ ਸਿੰਘ ਨੇ ੨੧ ਫਰਵਰੀ ਦੀ ਪੁਲਸ ਨੂੰ ਖਬਰ ਦੇ ਦਿਤੀ। ਪਾਰਟੀ ਨੂੰ ਭੀ ਪਤਾ ਲਗ ਗਿਆ ਇਸ ਕਰਕੇ ਤਾਰੀਖ ੧੯ ਕਰ ਦਿਤੀ ਗਈ। ਪਰੰਤੂ ਪੁਲਸ ਨੇ ਬਹੁਤ ਵਡੇ ਪੈਮਾਨੇ ਪਰ ਗ੍ਰਿਫਤਾਰੀਆਂ ਆਰੰਭ ਕਰ ਦਿਤੀਆਂ ਸਨ, ਇਸ ਕਰਕੇ ਕਿਸੇ ਭੀ ਥਾਂ ਬਗਾਵਤ ਨਾ ਹੋਈ। ਮੇਰਠ ਛਾਉਣੀ ਵਿਚ ਦੋ ਫੌਜੀਆਂ ਭਾਈ ਹਜ਼ਾਰਾ ਸਿੰਘ ਪਿੰਡ ਭੈਣੀ ਕਲਾਂ ਤੇ ਭਾਈ ਈਸ਼ਰ ਸਿੰਘ ਪਿੰਡ ਰਕਬਾ ਜ਼ਿਲਾ ਲੁਧਿਆਣਾ ਨੂੰ ਗਦਰ ਪਾਰਟੀ ਨਾਲ ਸਬੰਧ ਰਖਣ ਦੇ ਦੋਸ਼ ਵਿਚ ਫਾਂਸੀ ਪਰ ਲਟਕਾ ਦਿਤਾ ਗਿਆ। ਸ: ਕਰਤਾਰ ਸਿੰਘ ਜੀ ਕੁਝ ਆਦਮੀਆਂ ਨੂੰ ਨਾਲ ਲੈ ਕੇ ਫੀਰੋਜ਼ਪੁਰ ਦੇ ਕਿਲੇ ਪਰ ਕਬਜ਼ਾ ਕਰਨ ਲਈ ਗਏ। ਅਗੋਂ ਸਰਕਾਰ ਨੂੰ ਪਤਾ ਲਗ ਗਿਆ ਸੀ, ਜਿਸ ਕਰਕੇ ੨੩ ਨੰਬਰ ਪਲਟਨ ਵਿਚੋਂ ਕਈ ਸਜਣ ਕਢੇ ਗਏ। ਇਸ ਤੋਂ ਪਹਿਲਾਂ ਨਵੰਬਰ ੧੯੧੪ ਵਿਚ ਇਕ ਪਾਰਟੀ ਜੋ ਇਸ ਛਾਉਣੀ ਨੂੰ ਆ ਰਹੀ ਸੀ ਉਸ ਦੀ ਰਾਹ ਵਿਚ ਪੁਲਸ ਨਾਲ ਮੁਠ ਭੇੜ ਹੋ ਗਈ ਜਿਸ ਵਿਚ ਕੁਝ ਆਦਮੀ ਮਾਰੇ ਗਏ। ਕੁਝ ਫੜੇ ਗਏ ਤੇ ਕੁਝ ਭਜ ਗਏ। ਸ: ਕਰਤਾਰ ਸਿੰਘ ਜੀ ਫੀਰੋਜ਼ਪੁਰ ਛਾਉਣੀ ਵਿਚੋਂ ਅਸਫਲ ਹੋ ਕੇ ਲਾਹੌਰ ਪੁਜੇ। ਧੜਾ ਧੜ ਗ੍ਰਿਫਤਾਰੀਆਂ ਹੋ ਰਹੀਆਂ ਸਨ। ਪੁਲਸ ਹਰ ਪਾਸੇ ਹਰਲ ਹਰਲ ਕਰਦੀ ਫਿਰ ਰਹੀ ਸੀ। ਸ: ਜਗਤ ਸਿੰਘ, ਬਾਬਾ ਹਰਨਾਮ ਸਿੰਘ ਟੁੰਡੀ ਲਾਟ ਤੇ ਸ: ਕਰਤਾਰ ਸਿੰਘ ਜੀ ਸਰਾਭਾ ਨੇ ਫੈਸਲਾ ਕੀਤਾ ਕਿ ਇਹੋ ਜਿਹੇ ਹਾਲਾਤ ਵਿਚ ਸਾਨੂੰ ਕਾਬਲ ਚਲੇ ਜਾਣਾ ਚਾਹੀਦਾ ਹੈ।

ਇਹ ਤਿੰਨੇ ਸਜਨ ਕਈ ਮੰਜ਼ਲਾਂ ਤਹਿ ਕਰਕੇ ਕਾਬਲ ਦੀ ਹੱਦ ਵਿਚ ਪਹੁੰਚ ਗਏ। ਇਕ ਦਿਨ ਬੈਠੇ ਬੈਠੇ ਸ: ਕਰਤਾਰ ਸਿੰਘ ਜੀ ਨੇ ਗਦਰ ਅਖਬਾਰ ਵਿਚ ਛਪੀ ਇਕ ਕਵਿਤਾ ਪੜ੍ਹਨੀ ਸ਼ੁਰੂ ਕਰ ਦਿਤੀ।

"ਬਣੀ ਸਿਰ ਸ਼ੇਰਾਂ ਦੇ ਕੀ ਜਾਣਾਂ ਭਜ ਕੇ"

ਇਹ ਪੰਗਤੀ ਪੜ੍ਹਦਿਆਂ ਹੋਇਆਂ ਇਨ੍ਹਾਂ ਸਜਨਾਂ ਨੂੰ ਖਿਆਲ ਆਇਆ ਕਿ ਸਾਡੇ ਸਾਥੀ ਫੜੇ ਜਾ ਰਹੇ ਹਨ। ਉਨ੍ਹਾਂ ਨੂੰ ਫਾਂਸੀਆਂ ਦਿਤੀਆਂ ਜਾਣਗੀਆਂ ਜਾਂ ਕਾਲੇ ਪਾਣੀ ਭੇਜੇ ਜਾਣਗੇ ਪਰੰਤੂ ਅਸੀਂ ਬਚ ਕੇ ਨਿਕਲ ਆਏ ਹਾਂ। ਇਹ ਤਾਂ ਸਾਡੀ ਇੰਨਕਲਾਬੀ ਸਪਿਰਟ ਦੇ ਵਿਰੁਧ ਹੈ। ਸਾਨੂੰ ਭਜ ਕੇ ਕਾਬਲ ਵਿਚ ਨਹੀਂ ਲੁਕਣਾ ਚਾਹੀਦਾ। ਵਾਪਸ ਪੰਜਾਬ ਵਿਚ ਜਾ ਕੇ ਫਿਰ ਇੰਨਕਲਾਬ ਦੀਆਂ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ। ਇਹ ਸੋਚ ਕੇ ਇਹ ਤਿੰਨੇ ਸਜਨ ਵਾਪਸ ਪੰਜਾਬ ਪਰਤ ਆਏ। ਸਰਗੋਧੇ ਦੀ ਬਾਰ ਵਿਚ ਇਕ ਚੱਕ ਵਿਚ ਇਨ੍ਹਾਂ ਲੈਕਚਰ ਦੇਣਾ ਸ਼ੁਰੂ ਕੀਤਾ ਤਦ ਇਕ ਫੌਜੀ ਸਰਦਾਰ ਨੇ ਇਨ੍ਹਾਂ ਨੂੰ ਫੜਾ ਦਿਤਾ।

ਤਿੰਨੇ ਸਾਥੀ ਗ੍ਰਿਫਤਾਰ ਕਰਕੇ ਹਥਕੜੀਆਂ ਬੇੜੀਆਂ ਪਾਕੇ ਲਾਹੌਰ ਲਿਆਂਦੇ ਗਏ। ਸ: ਕਰਤਾਰ ਸਿੰਘ ਜੀ ਗ੍ਰਿਫਤਾਰੀ ਤੋਂ ਪਿਛੋਂ ਭੀ ਉਸੇ ਤ੍ਰਾਂ ਖੁਸ਼ ਸਨ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਆਜ਼ਾਦੀ ਦੇ ਗੀਤ ਗਾਉਂਦੇ ਹੋਇ ਜਦ ਇਹ ਦੇਸ਼ ਭਗਤ ਲਾਹੌਰ ਪੁਜੇ ਤਾਂ ਇੰਨ੍ਹਾਂ ਦਾ ਹੌਸਲਾ

Digitized by Panjab Digital Library | www.panjabdigilib.org

ਵੇਖਕੇ ਲੋਕ ਹੈਰਾਨ ਰਹਿ ਜਾਂਦੇ ਸਨ। ਇਥੋਂ ਤੱਕ ਕਿ ਪੁਲਸ ਦੇ ਵੱਡੇ ਵੱਡੇ ਅੰਗ੍ਰੇਜ਼ ਅਫਸਰ ਭੀ ਸ: ਕਰਤਾਰ ਸਿੰਘ ਜੀ ਨੂੰ ਵੇਖਕੇ ਹੈਰਾਨ ਰਹਿ ਜਾਂਦੇ ਸਨ।

ਇਹ ਨੌਜਵਾਨ ਹੱਸ ਹੱਸ ਕੇ ਸਭ ਨਾਲ ਗੱਲਾਂ ਕਰਦਾ ਸੀ। ਸਪ੍ਰੇਂਟੈਂਡੈਂਟ ਨੇ ਉਨ੍ਹਾਂ ਨੂੰ ਕਿਹਾ ਮਿ: ਸੁਪ੍ਰੇਂਟੈਂਡੈਂਟ ਫਾਂਸੀ ਤਾਂ ਚੜ੍ਹਾਦਿਉਗੇ ਰੋਟੀ ਤਾਂ ਖਵਾ ਦਿਉ। ਉਹ ਪੁਲਸ ਵਾਲਿਆਂ ਨਾਲ ਭੀ ਇਉਂ ਗੱਲਾਂ ਕਰਦਾ ਸੀ ਜਿਵੇਂ ਉਹ ਉਸ ਦੇ ਹੀ ਸੰਗੀ ਸਾਥੀ ਹੁੰਦੇ ਹਨ। ਭਾਈ ਪ੍ਰਮਾ ਨੰਦ ਨੇ ਆਪਣੀ ਪੁਸਤਕ "ਆਪ ਬੀਤੀ" ਵਿਚ ਲਿਖਿਆ ਹੈ ਕਿ ਕਰਤਾਰ ਸਿੰਘ ਦਾ ਹੌਸਲਾ ਅਦੁਤੀ ਸੀ। ਉਸ ਨੂੰ ਮੌਤ ਦਾ ਉਕਾ ਹੀ ਡਰ ਨਹੀਂ ਸੀ। ਉਸਦੇ ਚਿਹਰੇ ਪਰ ਇਕੋ ਤ੍ਰਾਂ ਦਾ ਜਲਾਲ ਟਪਕਦਾ ਸੀ। ਉਹ ਹਰ ਸਮੇਂ ਗਾਉਂਦਾ ਰਹਿੰਦਾ ਸੀ ਅਤੇ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਉਸ ਨੂੰ ਨਾ ਹਾਰ ਦਾ ਫਿਕਰ ਹੈ ਨਾਂ ਮੌਤ ਦਾ ਡਰ।

ਮੁਕਦਮਾ ਲਾਹੌਰ ਜੇਹਲ ਵਿਚ ਇਕ ਸਪੈਸ਼ਲ ਅਦਾਲਤ ਵਿਚ ਚਲਾਇਆ ਗਿਆ। ਜਦ ਬਿਆਨ ਹੋਣ ਲੱਗੇ ਤਾਂ ਸ: ਕਰਤਾਰ ਸਿੰਘ ਜੀ ਨੇ ਕਿਹਾ ਕਿ ਅਸੀਂ ਆਪਣੇ ਦੁਖ ਦਸਣ ਲਈ ਅਖਬਾਰ ਕਢਣੇ ਚਾਹੁੰਦੇ ਸੀ। ਇਸੇ ਲਈ ਰੁਪਏ ਇਕਠੇ ਕਰਨ ਵਾਸਤੇ ਯਤਨ ਕੀਤੇ ਸਨ। ਡਾਕਿਆਂ ਵਿਚ ਸ਼ਾਮਲ ਹੋਣਾ ਆਪ ਨੇ ਮੰਨ ਲਿਆ ਸੀ ਤੇ ਕੁਝ ਗੱਲਾਂ ਏਧਰ ਉਧਰ ਜਾਣ ਸਬੰਧੀ ਬੀ ਮੰਨੀਆਂ ਸਨ। ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਮੁਕਦਮੇ ਦੇ ਡਰਾਮੇ ਨੂੰ ਇਹ ਇੰਨਕਲਾਬੀ ਕੋਈ ਅਹਿਮੀਅਤ ਨਹੀਂ ਦਿੰਦੇ ਸਨ। ਉਹ ਆਜ਼ਾਦੀ ਦੇ ਗੀਤ ਗਾਉਂਦੇ ਹੋਇ ਆਉਂਦੇ ਅਤੇ ਅਦਾਲਤ ਦੇ ਕਮਰੇ ਵਿਚ ਬੈਠਕੇ ਭੀ ਇਸ ਤ੍ਰਾਂ ਖਿੜਖਿੜ ਹਸਦੇ ਰਹਿੰਦੇ ਜਿਵੇਂ ਉਹ ਵਿਆਹ ਵਿਚ ਆਏ ਹੁੰਦੇ ਹਨ। ਮੁਕਦਮੇ ਵਿਚ ਇਸ ਪ੍ਰਕਾਰ ਦੀ ਬੇਪ੍ਰਵਾਹੀ ਦਸਦੀ ਹੈ ਕਿ ਉਹ ਆਪਣੇ ਆਪ ਨੂੰ ਸ਼ਹੀਦੀ ਲਈ ਤਿਆਰ ਕਰ ਚੁਕੇ ਸਨ।

ਇਕ ਵਾਰ ਕੁਝ ਸਜਨਾਂ ਨੂੰ ਫਾਂਸੀ ਦੀ ਸਜ਼ਾ ਹੋਈ। ਅਮ੍ਰਿਤ ਵੇਲੇ ਕੇਸੀ ਅਸ਼ਨਾਨ ਕਰਕੇ ਜਦ ਇਹਨਾਂ ਨੇ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚੋਂ ਫਾਂਸੀ ਹੋਣ ਵਾਲੀ ਥਾਂ ਨੂੰ ਚਲੇ ਗਏ ਤਾਂ ਜੇਹਲ ਦੇ ਸਿਹਨ ਵਿਚ ਲੰਘਣ ਵੇਲੇ ਜੇਹਲ ਵਿਚ ਪਿੱਛੇ ਰਹੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਕੇ ਪ੍ਰੇਮ ਮਈ ਲੋਰ ਵਿਚ ਗਾਉਣ ਲੱਗੇ—"ਸੁਣਨਾ ਖਾਲਸਾ ਜੀ ਸਾਡੇ ਕੂਚ ਡੇਰੇ, ਅਸੀਂ ਆਖਰੀ ਫਤੇਹ ਗਜਾ ਚਲੇ। ਕੰਮ ਅਸਾਂ ਦੇ ਅੱਜ ਤੋਂ ਖਤਮ ਹੋ ਗਏ, ਕੰਮ ਤੁਸਾਂ ਦੇ ਸ਼ੁਰੂ ਕਰਵਾ ਚਲੇ।" ਕੋਠੜਿਆਂ ਵਿਚ ਜ਼ੰਜ਼ੀਰਾਂ ਨਾਲ ਜਕੜੇ ਬੰਦ ਪਏ ਸੂਰਮਿਆਂ ਨੇ ਆਪਣੇ ਸ਼ਹੀਦ ਹੋਣ ਵਾਲੇ ਸਾਥੀਆਂ ਨੂੰ "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਗੂੰਜ ਵਿਚ ਵਿਦਾ ਕਰਦਿਆਂ ਹੋਇਆਂ ਬੇਨਤੀ ਕੀਤੀ, "ਸੱਚ ਖੰਡ ਜਾਣ ਵਾਲਿਉ, ਸਾਡੇ ਜਾਕੇ ਸੁਨੇਹੜੇ ਤੁਸੀਂ ਦੇਣੇ, ਜਿਸ ਤੋਂ ਭਾਸਦਾ ਸੀ ਕਿ ਇਹ ਪਿੱਛੇ ਰਹੇ ਸ਼ਹੀਦ ਸ਼ਹਾਦਤ ਦਾ ਪਿਆਲਾ ਪੀਣ ਲਈ ਆਪਣੇ ਸਾਥੀਆਂ ਨਾਲੋਂ ਭੀ ਬਹੁਤ ਉਤਾਵਲੇ ਸਨ ਅਤੇ ਪਿਛੇ ਰਹਿ ਜਾਣ ਦੀ ਘਾਟ ਨੂੰ ਮਹਿਸੂਸ ਕਰ ਰਹੇ ਸਨ। ਜੰਮ ਜੰਮ ਅਜਿਹੇ ਸੂਰਵੀਰ ਜੋਧੇ ਜਿਨ੍ਹਾਂ ਦਿਲਾਂ ਵਿਚ ਦੇਸ਼ ਦੀ ਅਜ਼ਾਦੀ ਲਈ ਇਤਨੀ ਤੜਪਨ ਸੀ ਕਿ ਹਰ ਇਕ ਦੂਸਰੇ ਤੋਂ ਪਹਿਲਾਂ ਜਾਮੇ ਸ਼ਹਾਦਤ ਪੀਣਾ ਚਾਹੁੰਦਾ ਸੀ।

**ਸਿੱਖ ਬਹਾਦਰ**—ਸਿੱਖ ਬਹਾਦਰ ਸਨ। ਉਨ੍ਹਾਂ ਦਾ ਨਿਸਚਾ ਸੀ ਕੀ ਆਤਮਾ ਅਮਰ ਹੈ ਇਸ ਲਈ ਜੇ ਮੈਨੂੰ ਫਾਂਸੀ ਦਿਤੀ ਗਈ ਤਾਂ ਆਪਣੀ ਇੱਛਾ ਅਨੁਸਾਰ ਮੈਂ ਆਪਣੇ ਅਧੂਰੇ ਕੰਮ ਨੂੰ ਪੂਰਾ ਕਰਨ ਲਈ ਦੁਬਾਰਾ ਜਨਮ ਲੈਕੇ ਆਵਾਂਗਾਂ। ਆਪਣੇ ਦਾਦਾ ਸ: ਬਦਨ ਸਿੰਘ ਜੀ ਨੂੰ ਪਤਾ ਲਗਿਆ

Digitized by Panjab Digital Library | www.panjabdigilib.org

ਕਿ ਕਰਤਾਰ ਸਿੰਘ ਨੂੰ ਫਾਂਸੀ ਦੀ ਸਜ਼ਾ ਹੋ ਗਈ ਹੈ । ਆਪ ਫਾਂਸੀ ਦੀ ਕੋਠੜੀ ਵਿਚ ਆਪਣੇ ੧੯ ਸਾਲ ਦੇ ਨੌਜਵਾਨ ਪੋਤਰੇ ਨਾਲ ਅੰਤਮ ਮੁਲਾਕਾਤ ਕਰਨ ਗਏ। ਕਰਤਾਰ ਸਿੰਘ ਦੇ ਮੁਖੜੇ ਤੇ ਇਕ ਅਨੋਖਾ ਜਲਾਲ ਵੇਖਕੇ ਆਪਦਾ ਹਿਰਦਾ ਹੋਰ ਭੀ ਮੋਹਿਆ ਗਿਆ । ਇਹ ਸੋਹਣੀ ਸੂਰਤ ਫਾਂਸੀ ਪਰ ਲਟਕ ਕੇ ਅਲੋਪ ਹੋ ਜਾਵੇਗੀ । ਇਹ ਸੋਚਕੇ ਬਾਬਾ ਜੀ ਦਾ ਹਿਰਦਾ ਦ੍ਰਵ ਉਠਿਆ। ਉਹ ਬਿਹਬਲ ਹੋ ਗਏ ।

ਕਰਤਾਰ ਸਿੰਘ ਬਿਲਕੁਲ ਅਡੋਲ ਸੀ । ਉਸ ਨੇ ਬਾਬਾ ਜੀ ਨੂੰ ਧੀਰਜ ਦਿੱਤਾ ਤੇ ਕਿਹਾ। ਬਾਬਾ ਜੀ ਗੁਰ ਸਿੱਖ ਹੋਕੇ ਇਹੋ ਜਿਹੀਆਂ ਗੱਲਾਂ ਕਰਦੇ ਹੋ ? ਕਿਤਨੀ ਉਲਟੀ ਖੇਡ ਵਰਤ ਰਹੀ ਸੀ ? ਬਿਰਧ ਬਾਬੇ ਨੂੰ ੧੯ ਸਾਲ ਦਾ ਨੌਜਵਾਨ ਧੀਰਜ ਦੇ ਰਿਹਾ ਸੀ। ਚਾਹੀਦਾ ਤਾਂ ਇਹ ਸੀ ਕਿ ਬਾਬਾ ਪੋਤਰੇ ਨੂੰ ਧੀਰਜ ਦਿੰਦਾ

ਆਪ ਨੂੰ ਲਾਹੌਰ ਸੈਂਟ੍ਰਲ ਜੇਹਲ ਵਿਚ ਸ੍ਰੀ ਵਿਸ਼ਨੂ ਗਨੇਸ਼ ਪਿੰਗਲੇ ਆਦਿ ਬਾਕੀ ਛੇਆਂ ਸਾਥੀਆਂ ਨਾਲ ਫਾਂਸੀ ਪਰ ਲਟਕਾ ਦਿੱਤਾ ਗਿਆ । ਸ਼ਹੀਦੀ ਜੀਵਨ ਦੇ ਕਰਤਾ ਸ: ਕ੍ਰਿਪਾਲ ਸਿੰਘ ਜੀ ਪੰਛੀ ਨੇ ਲਿਖਿਆ ਹੈ ਕਿ ਸ: ਕਰਤਾਰ ਸਿੰਘ ਜੀ ਦਾ ਮਨੋਰਥ ਭਾਰਤ ਨੂੰ ਆਜ਼ਾਦ ਕਰਾਕੇ ਇਕ ਅਜ਼ਾਦ ਰੀਪਬਲਿਕ ਕਾਇਮ ਕਰਨਾ ਸੀ। ਪ੍ਰੰਤੂ ਦੇਸ਼ ਉਸ ਸਮੇਂ ਜਾਗਿਆ ਨਹੀਂ ਸੀ ਇਸ ਕਰਕੇ ਆਪਦੀਆਂ ਦਿਲੀ ਭਾਵਨਾਵਾਂ ਉਸ ਸਮੇਂ ਅਮਲ ਵਿਚ ਨਾ ਆ ਸਕੀਆਂ ਪ੍ਰੰਤੂ ਉਨ੍ਹਾਂ ਦੀ ਸਪਿਰਟ ਨੇ ਹਿੰਦੋਸਤਾਨੀ ਨੌਜਵਾਨ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ। ਆਪ ੧੭ ਨਵੰਬਰ ੧੯੧੫ ਈ: ਲਾਹੌਰ ਸੈਂਟ੍ਰਲ ਜੇਹਲ ਵਿਚ ਸ਼ਹੀਦ ਹੋਏ।

## ਸਚਿੰਦਰ ਨਾਥ ਜੀ ਸਾਨਿਆਲ

ਸਚਿੰਦਰ ਨਾਥ ਜੀ ਸਾਨਿਆਲ— ਆਪ ਜੀ ਭਾਰਤ ਮਾਤਾ ਦੇ ਉਹਨਾਂ ਸਪੂਤਾਂ ਵਿਚੋਂ ਹਨ ਜਿਨ੍ਹਾਂ ਨੇ ਆਜ਼ਾਦੀ ਦੀ ਖਾਤਰ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ। ਆਪ ਜੀ ਨੂੰ ੧੯੧੪-੧੫ ਵਾਲੇ ਮੁਕਦਮੇ ਵਿਚ ਜਜ ਨੇ ਕਿਹਾ ਕਿ ਆਪ ਰਾਸ ਬਿਹਾਰੀ ਦੀ ਸਜੀ ਬਾਂਹ ਹਨ। ਓਦੋਂ ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ। ੧੯੧੯ ਵੇਲੇ ਸ਼ਾਹੀ ਐਲਾਨ ਅਨੁਸਾਰ ਆਪ ਰਿਹਾ ਕਰ ਦਿਤੇ ਗਏ। ਇਸ ਤੋਂ ਬਾਦ ਆਪ ਜੀ ਨੇ ਬਾਹਰ ਆ ਕੇ ਬੰਦੀ ਜੀਵਨ ਨਾਮੀ ਪੁਸਤਕ ਲਿਖੀ ਜਿਸ ਵਿਚ ਆਪ ਜੀ ਨੇ ੧੯੧੪ ਵਾਲੀ ਲਹਿਰ ਦੇ ਪੂਰੇ ਹਾਲ ਲਿਖੇ। ਆਪ ਨੂੰ ਫੇਰ ਬੰਗਾਲ ਦੇ ਕਾਲੇ ਕਾਨੂੰਨ ਅਨੁਸਾਰ ਗ੍ਰਿਫਤਾਰ ਕੀਤੇ ਗਏ। ਕੁਝ ਚਿਰ ਬਾਦ ਦੋ ਮੁਕਦਮੇਂ ਚਲਾ ਕੇ ਦੋ ਦੋ ਸਾਲ ਦੀਆਂ ਦੋ ਸਜ਼ਾਵਾਂ ਸੁਣਾਈਆਂ ਗਈਆਂ ਅਤੇ ਫਿਰ ਕਾਕੋਰੀ ਕੇਸ ਵਿਚ ਦੋ ਉਮਰ ਕੈਦਾਂ ਸੁਣਾ ਦਿਤੀਆਂ। ਆਪ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ। ਬੰਦੀ ਜੀਵਨ ਵਿਚ ਲਿਖਿਆ ਹੈ ਕਿ ਹਿੰਦੋਸਤਾਨੀ ਅਜ਼ਾਦੀ ਦੇ ਪ੍ਰਵਾਨੇ ੨੬–੨੭ ਹਜ਼ਾਰ ਜੋ ਪ੍ਰਦੇਸ ਆਏ ਸਨ ਉਹਨਾਂ ਵਿਚ ਕੁਲ ੨੬-੨੭ ਗੈਰ ਸਿਖ ਸਨ ਬਾਕੀ ਸਾਰੇ ਹੀ ਸਿਖ ਸਨ । ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਆਪ ਜੀ ਦੇ ਪੂਰੇ ਹਾਲ ਨਹੀਂ ਮਿਲਦੇ।

**ਰਾਸ ਬਿਹਾਰੀ ਜੀ ਬੋਸ**— ਆਪ ੧੯੧੪-੧੫ ਵਾਲੀ ਲਹਿਰ ਦੇ ਸਭ ਦਲਾਂ ਦੇ ਆਗੂ ਸਨ। ਆਪ ਹਿੰਦ ਦੇ ਸਰਾਜਸੀ ਅਸਮਾਨ ਵਿਚ (ਦੁਸ਼ਮਨਾਂ ਦੀਆਂ ਅੱਖਾਂ ਚੁੰਧਿਆਉ) ਸੂਰਜ ਸਨ। ਦਿਲੀ ਵਿਚ ਬੰਬ ਚਲਾਉਣ ਦਾ ਭੀ ਇੰਤਜ਼ਾਮ ਆਪ ਜੀ ਦੇ ਸਿਰ ਸੀ ਪਰ ਬੜੀ ਕੋਸ਼ਸ਼ ਕਰਨ ਤੇ ਭੀ ਗੌਰਮਿੰਟ ਆਪ ਨੂੰ ਫੜ ਨਾ ਸਕੀ। ਆਪ ਜੀ ਜਪਾਨ ਵਿਚ ਚਲੇ ਗਏ ਅਰ ਟੋਕੀਉ ਯੂਨੀਵਰਸਿਟੀ ਵਿਚ

Digitized by Panjab Digital Library | www.panjabdigilib.org

ਪਰੋਫੈਸਰ ਲਗ ਗਏ। ਹੁਣ ਆਪ ਜੀ ਨੂੰ ਵਿਦਿਆਰਥੀਆਂ ਨੂੰ ਕੌਮੀ ਰੰਗਤ ਦੇਣ ਦਾ ਕੁਦਰਤ ਵਲੋਂ ਸੁਨਿਹਰੀ ਮੌਕਾ ਮਿਲ ਗਿਆ। ਆਪ ਜੀ ਨੇ ਆਪਣੇ ਵਤਨੀ ਨੌਜਵਾਨਾਂ ਦੇ ਨਾਮ ਇਕ ਸੰਦੇਸ਼ਾ ਭੇਜਿਆ ਜਿਸ ਵਿਚ ਆਪ ਨੇ ਲਿਖਿਆ—"ਨੌਜਵਾਨਾਂ ਨੂੰ ਚਾਹੀਦਾ ਹੈ ਕਿ ਮੁਲਕ ਦੀ ਆਜ਼ਾਦੀ ਲਈ ਹਰ ਯੋਗ ਤਰੀਕੇ ਨਾਲ ਵਧ ਚੜ੍ਹਕੇ ਕੁਰਬਾਨੀਆਂ ਕਰਨ।

**ਬਾਬਾ ਗੁਰਮੁਖ ਸਿੰਘ**—ਆਪ ਪਿੰਡ ਲਲਤੋਂ ਜ਼ਿਲਾ ਲੁਧਿਆਣਾ ਵਿਚ ੧੮੯੮ ਈਸਵੀ ਨੂੰ ਪੈਦਾ ਹੋਏ। ਆਪ ਦੇ ਪਿਤਾ ਦਾ ਨਾਮ ਸ: ਹੁਸ਼ਨਾਕ ਸਿੰਘ ਤੇ ਮਾਤਾ ਦਾ ਨਾਮ ਪਰੇਮ ਕੌਰ ਹੈ। ਪਿੰਡ ਦੇ ਸਕੂਲ ਵਿਚੋਂ ਪ੍ਰਾਇਮਰੀ ਪਾਸ ਕਰਕੇ ਖਾਲਸਾ ਹਾਈ ਸਕੂਲ ਲੁਧਿਆਣੇ ਵਿਚ ਦਾਖਲ ਹੋ ਗਏ। ੧੯੧੪-੧੫ ਤੋਂ ਬਾਬਾ ਗੁਰਮੁਖ ਸਿੰਘ ਜੀ ਦੀ ਰਾਜਸੀ ਜ਼ਿੰਦਗੀ ਤੇ ਦੇਸ਼ ਭਗਤੀ ਸ਼ੁਰੂ ਹੁੰਦੀ ਹੈ।

ਆਪ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਵਿਚੋਂ ਸਨ ਤੇ ਜਦੋਂ ਇਸ ਜਹਾਜ਼ ਦੇ ਮੁਸਾਫਰਾਂ ਨੂੰ ਬਜ ਬਜ ਦੇ ਘਾਟ ਉਪਰ ਭੱਠੀ ਦੇ ਦਾਣਿਆਂ ਵਾਂਗ ਗੋਲੀਆਂ ਨਾਲ ਭੁਨਿਆ ਸੀ ਤਾਂ ਬਾਬਾ ਜੀ ਨੇ ਇਹ ਖੂਨੀ ਦ੍ਰਿਸ਼ ਆਪਣੀਆਂ ਅਖਾਂ ਨਾਲ ਵੇਖਿਆ ਤੇ ਗ੍ਰਿਫਤਾਰ ਹੋ ਗਏ। ਕੁਝ ਦੇਰ ਪਿੰਡ ਵਿਚ ਨਜ਼ਰਬੰਦ ਰਖੇ ਗਏ। ਲਾਹੌਰ ਸਾਜ਼ਸ਼ ਦੇ ਕੇਸ ਵਿਚ ਆਪ ਨੂੰ ਉਮਰ ਕੈਦ ਹੋਈ। ੧੯੧੫ ਦੇ ਅਖੀਰ ਵਿਚ ਆਪ ਨੂੰ ਅੰਡੇਮਾਨ ਭੇਜ ਦਿਤਾ ਗਿਆ।

### ਚਲਦੀ ਗੱਡੀ ਵਿਚੋਂ ਭੱਜਣਾ

੧੯੨੨ ਵਿਚ ਬਾਬਾ ਗੁਰਮੁਖ ਸਿੰਘ ਨੂੰ ਤ੍ਰਿਚਨਾਪਲੀ ਜੇਲ੍ਹ ਤੋਂ ਲਿਆ ਕੇ ਦੋਣਾ ਜੇਲ੍ਹ ਵਿਚ ਬਦਲੀ ਲਈ ਲਿਜਾਇਆ ਜਾ ਰਿਹਾ ਸੀ ਤਾਂ ਆਪ ਨੇ ਅਕੋਲਾ ਨਾਮੀ ਸਟੇਸ਼ਨ ਦੇ ਨੇੜੇ ਚਲਦੀ ਹੋਈ ਰੇਲ ਗਡੀ ਵਿਚੋਂ ਛਾਲ ਮਾਰ ਦਿਤੀ। ਸਖਤ ਸੱਟਾਂ ਲਗੀਆਂ ਪਰ ਪੋਲੀਸ ਦੇ ਸਿਪਾਹੀ ਆਪ ਨੂੰ ਪਕੜਨ ਵਿਚ ਕਾਮਯਾਬ ਨਾ ਹੋ ਸਕੇ। ਆਪ ਏਸੇ ਹਾਲਤ ਵਿਚ ਪੰਜਾਬ ਵਲ ਆਏ। ਆਪਣੇ ਦੋਸਤਾਂ ਮਿਤਰਾਂ ਨੂੰ ਖੁਫੀਆ ਹਾਲਤ ਵਿਚ ਮਿਲੇ। ਕੁਝ ਦੇਰ ਅੰਮ੍ਰਿਤਸਰ ਮਲਵਈ ਬੁੰਗੇ ਵਿਚ ਰਹੇ ਤੇ ਫੇਰ ਅਫਗਾਨਿਸਤਾਨ ਚਲੇ ਗਏ। ਆਪ ਅਫਗਾਨਿਸਤਾਨ ਤੋਂ ਰੂਸ ਚਲੇ ਗਏ। ਆਜ਼ਾਦ ਮੁਲਕਾਂ ਦੀ ਸੈਰ ਕੀਤੀ ਤੇ ਨਵੇਂ ਖਿਆਲਾਂ ਦੀ ਵਾਕਫੀ ਲਈ। ੧੯੨੮ ਵਿਚ ਆਪ ਅਸਤੰਬੋਲ ਵਿਚੀਂ ਹੁੰਦੇ ਹੋਏ ਅਮਰੀਕਾ ਚਲੇ ਗਏ। ਏਥੇ ਆਪ ਜੀ ਨੇ ਹਿੰਦੀ ਦੇਸ਼ ਭਗਤਾਂ ਦੇ ਨਾਲ ਮਿਲਕੇ ਰਾਜਸੀ ਕੰਮਾਂ ਵਿਚ ਹਿਸਾ ਲੇਣਾ ਸ਼ੁਰੂ ਕਰ ਦਿਤਾ ਤੇ ਆਪ ਦੀਆਂ ਇਹਨਾਂ ਸਰਗਰਮੀਆਂ ਦੇ ਕਾਰਨ ਅਮਰੀਕਾ ਵਾਲਿਆਂ ਨੇ ਬਾਬਾ ਜੀ ਨੂੰ ਅਮਰੀਕਾ ਛੱਡਣ ਲਈ ਮਜਬੂਰ ਕਰ ਦਿਤਾ।

ਆਪ ੧੯੩੦ ਵਿਚ ਫਿਰ ਅਫਗਾਨਿਸਤਾਨ ਪਹੁੰਚੇ ਪਰ ਇਸ ਵੇਲੇ ਪਹਿਲਾਂ ਵਾਲੀ ਹਾਲਤ ਨਹੀਂ ਰਹੀ ਸੀ। ਸ਼ਾਹ ਅਮਾਨ ਉਲਾ ਦੀ ਤਾਕਤ ਖਤਮ ਹੋ ਗਈ ਸੀ ਤੇ ਨਾਦਰ ਸ਼ਾਹ ਹੁਕਮਰਾਨ ਸੀ। ੧੯੩੨ ਵਿਚ ਨਾਦਰ ਸ਼ਾਹ ਬਾਦਸ਼ਾਹ ਦੀ ਹਕੂਮਤ ਨੇ ਆਪ ਨੂੰ ਕੈਦ ਕਰ ਲਿਆ। ਬਾਬਾ ਜੀ ਦੇ ਇਸ ਗ੍ਰਿਫਤਾਰੀ ਦੇ ਸਬੰਧ ਪੰਜਾਬ ਵਿਚ ਜ਼ੋਰਦਾਰ ਐਜੀਟੇਸ਼ਨ ਕੀਤੀ ਗਈ। ਅੰਤ ਗਿਆਰਾਂ ਮਹੀਨਿਆਂ ਮਗਰੋਂ ਬਾਬਾ ਗੁਰਮੁਖ ਸਿੰਘ ਜੀ ਤੇ ਇਹਨਾਂ ਦੇ ਸਾਥੀ ਪਿਰਥੀ ਸਿੰਘ ਰਿਹਾ ਕਰ ਦਿਤੇ ਗਏ। ਰਿਹਾ ਹੋ ਕੇ ਆਪ ਲਾਹੌਰ ਪਹੁੰਚ ਗਏ ਤੇ ਅਜੇਹੇ ਗੁਪਤ ਢੰਗ ਨਾਲ ਰਹਿੰਦੇ ਰਹੇ ਕਿ ਪੰਜਾਬ ਸੀ.ਆਈ.ਡੀ ਹਜ਼ਾਰ ਕੋਸ਼ਸ਼ਾਂ ਕਰਨ ਦੇ ਬਾਵਜੂਦ ਵੀ ਆਪ ਨੂੰ ਤਲਾਸ਼ ਨਾ ਕਰ ਸਕੀ। ਅਖੀਰ ਕਿਸੇ ਖਾਸ ਭੇਤੀ ਨੇ ਸਤੰਬਰ ੧੯੩੬ ਵਿਚ ਬਾਬਾ ਜੀ ਨੂੰ ਉਸ ਸਮੇਂ ਗ੍ਰਿਫਤਾਰ ਕਰਵਾ ਦਿਤਾ ਕਿ ਆਪ ਲਾਹੌਰ ਦੇ ਜਨਰਲ ਪੋਸਟ ਆਫਸ ਦੇ ਸਾਹਮਣੇ ਲੈਟਰ ਬਕਸ ਵਿਚ ਇਕ ਚਿਠੀ ਪਾ ਰਹੇ ਸਨ।

Digitized by Panjab Digital Library | www.panjabdigilib.org

ਆਪ ਨੂੰ ਸ਼ਾਹੀ ਕਿਲੇ ਲਾਹੌਰ ਵਿਚ ਬਹੁਤ ਕਰੜੇ ਤਸੀਹੇ ਦਿਤੇ ਗਏ। ਆਪ ੧੯੨੨ ਤੋਂ ਭਗੌੜੇ ਸਨ ਤੇ ਸ਼ਨਾਖਤ ਕਰ ਲੈਣ ਮਗਰੋਂ ੧੩ ਸਾਲ ਦੇ ਸਮੇਂ ਬਾਅਦ ਫਿਰ ਮੁਲਤਾਨ ਜੇਲ੍ਹ ਭੇਜੇ ਜਾਣ ਦੀ ਸਲਾਹ ਕੀਤੀ ਗਈ ਤੇ ਆਪ ਦੀ ਕੈਦ ਮੁੜ ਬਹਾਲ ਕਰ ਦਿਤੀ ਗਈ।

ਆਪਣੀ ਉਮਰ ਜੇਲ੍ਹ ਵਿਚ ਬਿਤਾਉਣ ਵਾਲੇ ਸਿਦਕੀ ਦੇਸ਼ ਭਗਤ ਦਾ ਲੁਧਿਆਣੇ ਸਟੇਸ਼ਨ ਉਪਰ ਸ਼ਾਨਦਾਰ ਸਵਾਗਤ ਕੀਤਾ ਗਿਆ। ਪਿੰਡ ਲਲਤੋਂ ਦੇ ਲੋਕਾਂ ਨੇ ਫੁਲਾਂ ਦੇ ਹਾਰ ਪਾਏ। ਸਤੰਬਰ ੧੯੪੬ ਵਿਚ ਹੋਈ ਪੰਜਾਬ ਕਿਸਾਨ ਕਾਨਫਰੰਸ ਜਾਂਗਪੁਰ (ਲੁਧਿਆਣਾ) ਦੀ ਸੁਆਗਤੀ ਕਮੇਟੀ ਦੇ ਆਪ ਪ੍ਰਧਾਨ ਸਨ। ਸਰੀਰ ਬੁਢਾ ਤੇ ਦਾਹੜਾ ਸਫੈਦ ਹੋਣ ਦੇ ਬਾਵਜੂਦ ਵੀ ਆਪ ਦੀ ਦਿਲੀ ਲਗਨ ਵਿਚ ਕੋਈ ਫਰਕ ਨਹੀਂ ਪਿਆ। ਜੇਲ੍ਹ ਤੋਂ ਬਾਹਰ ਆ ਕੇ ਆਪ ਪੰਜਾਬ ਕਮਿਊਨਿਸਟ ਪਾਰਟੀ ਦੇ ਪ੍ਰਧਾਨ ਚੁਣੇ ਗਏ ਤੇ ੧੯੪੮ ਵਿਚ ਕਮਿਊਨਿਸਟ ਪਾਰਟੀ ਨੂੰ ਗੈਰ-ਕਾਨੂੰਨੀ ਕਰਾਰ ਦਿਤੇ ਜਾਣ ਸਮੇਂ ਆਪ ਮਫਰੂਰ ਹੋ ਗਏ ਸਨ।

**ਸ: ਰੁਲੀਆ ਸਿੰਘ ਜੀ ਦੇਸ਼ ਭਗਤ ਸਰਾਭਾ:-** ਦੇਸ਼ ਪ੍ਰੇਮੀ ਜਦ ਸਰਾਭਾ ਦੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਵਰਣਨ ਪੜ੍ਹਦਾ ਹੈ ਤਾਂ ਉਸ ਦਾ ਜੀ ਕਰਦਾ ਹੈ ਕਿ ਸਰਾਭੇ ਦੀ ਪਵਿਤ੍ਰ ਧੂੜ ਨੂੰ ਉਠਾ ਕੇ ਮੱਥੇ ਨਾਲ ਲਗਾ ਲਵੇ। ਸ: ਰੁਲੀਆ ਸਿਘ ਜੀ ਦੇਸ਼ ਭਗਤ ਦਾ ਜਨਮ ਭੀ ਪਿੰਡ ਸਰਭਾ ਵਿਖੇ ਸ: ਜਗਤ ਸਿੰਘ ਜੀ ਦੇ ਘਰ ਮਾਤਾ ਦਯਾ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਬੜੇ ਆਜ਼ਾਦ ਖਿਆਲ ਸਨ। ਦਿੱਲ ਵਿਚ ਹਰ ਸਮੇਂ ਦੇਸ਼ ਪਿਆਰ ਦਾ ਜਜ਼ਬਾ ਠਾਠਾਂ ਮਾਰਦਾ ਰਹਿੰਦਾ ਸੀ। ੧੯੦੮ ਵਿਚ ਆਪ ਅਮਰੀਕਾ ਚਲੇ ਗਏ। ਜਦ ਗਦਰ ਪਾਰਟੀ ਦੀ ਬੁਨਿਆਦ ਰਖੀ ਗਈ ਤਾਂ ਆਪ ਨੇ ਭੀ ਇਸ ਵਿਚ ਵਧ ਤੋਂ ਵਧ ਸਹਾਇਤਾ ਕੀਤੀ। ਸ: ਕਰਤਾਰ ਸਿੰਘ ਜੀ ਸਰਾਭਾ, ਭੀ ਆਪ ਜੀ ਦੇ ਨਾਲ ਸਨ।

ਗਦਰ ਪਾਰਟੀ ਵਿਚ ਹਿੱਸਾ ਲੈਣ ਕਰਕੇ ਆਪਦੇ ਦਿਲ ਵਿਚ ਦੇਸ਼ ਪਿਆਰ ਦਾ ਅਮਿੱਟ ਜਜ਼ਬਾ ਪੈਦਾ ਹੋ ਗਿਆ। ਗਦਰ ਪਾਰਟੀ ਨੇ ਜਦ ਵਾਪਸ ਦੇਸ਼ ਵਿਚ ਆਕੇ ਗਦਰ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਸ: ਰੁਲੀਆ ਸਿੰਘ ਜੀ ਭੀ ਹੋਰ ਸਾਥੀਆਂ ਸਮੇਤ ਤੋਸ਼ਾ ਮਾਰੂ ਜਹਾਜ਼ ਵਿਚ ਸਵਾਰ ਹੋਕੇ ਵਾਪਸ ਆਏ। ਬੰਦਰਗਾਹ ਤੋਂ ਆਪ ਬਚਕੇ ਨਿਕਲ ਆਏ ਅਤੇ ਗਦਰ ਲਈ ਤਿਆਰੀਆਂ ਕਰਨ ਲਗੇ। ਗਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਆਪ ਸ: ਕਰਤਾਰ ਸਿੰਘ ਜੀ ਨਾਲ ਮਿਲਕੇ ਕੰਮ ਕਰਦੇ ਰਹੇ। ਜਦ ਪਕੜ ਧਕੜ ਸ਼ੁਰੂ ਹੋਈ ਤਾਂ ਆਪ ਭੀ ਸਿਧਵਾਂ ਤੋਂ ਗ੍ਰਿਫਤਾਰ ਕਰ ਲਏ ਗਏ।

ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਸ: ਰੁਲੀਆ ਸਿੰਘ ਜੀ ਨੂੰ ਭੀ ਫਾਂਸੀ ਦੀ ਸਜ਼ਾ ਹੋਈ ਜੋ ਪਿਛੋਂ ਕਾਲੇ ਪਾਣੀ ਦੀ ਸਜ਼ਾ ਵਿਚ ਬਦਲ ਗਈ। ਹੋਰ ਸਾਥੀਆਂ ਸਮੇਤ ਆਪ ਕਾਲੇ ਪਾਣੀ ਪੁਜੇ ਤਾਂ ਉਥੋਂ ਦੀ ਜੇਹਲ ਦਾ ਦਰੋਗਾ ਬਹੁਤ ਜ਼ਾਲਮੀ ਜੋ ਆਪਣੇ ਆਪ ਨੂੰ ਜਿਹਲ ਦਾ ਖੁਦਾ ਸਮਝਦਾ ਸੀ। ਦੇਸ ਭਗਤ ਬਾਬਿਆਂ ਨੇ ਇਸਦੀਆਂ ਸਖਤੀਆਂ ਵਿਰੁਧ ਜਦੋਜਿਹਦ ਆਰੰਭ ਕੀਤੀ ਤਾਂ ਜ਼ਾਲਮ ਦਾਰੋਗੇ ਨੇ ਆਪ ਤੇ ਆਪਦੇ ਸਾਥੀਆਂ ਪਰ ਸਖਤ ਮਾਰ ਕੁਟਾਈ ਕੀਤੀ। ੧੫ ਸਤੰਬਰ ੧੯੧੭ ਨੂੰ ਆਪ ਅੰਡੇਮਾਨ ਦੀ ਸੈਨਟ੍ਰਲ ਜੇਹਲ ਵਿਚ ਸ਼ਹੀਦ ਹੋ ਗਏ। ਆਪ ਦੀ ਕੁਰਬਾਨੀ ਦਾ ਇਹ ਫਲ ਹੋਇਆ।

**ਕਾਂਸ਼ੀ ਰਾਮ ਸ਼ਹੀਦ**—ਆਪ ਦਾ ਜਨਮ ਭਾਦਰੋਂ ਸ਼ੁਦੀ ੧੦ ਸੰਮਤ ੧੯੩੮ ਵਿਚ ਦਿਨ ਸੋਮਵਾਰ ਨੂੰ ਹੋਇਆ। ਸੱਤਾਂ ਵਰ੍ਹਿਆਂ ਦੀ ਉਮਰ ਵਿਚ ਆਪ ਨੂੰ ਮਿਡਲ ਸਕੂਲ ਮੁਰਿੰਡਾ

Digitized by Panjab Digital Library | www.panjabdigilib.org

(ਪਟਿਆਲਾ) ਵਿਚ ਪੜ੍ਹਣ ਲਈ ਦਾਖਲ ਕੀਤਾ ਗਿਆ । ਸੰਨ ੧੮੯੬ ਈ: ਵਿਚ ਅੱਠਵੀਂ ਜਮਾਤ ਪਾਸ ਕਰਕੇ ਪਟਿਆਲੇ ਤੋਂ ਸੰਨ ੧੮੯੮ ਵਿਚ ਦਸਵੀਂ ਦਾ ਇਮਤਿਆਨ ਪਾਸ ਕੀਤਾ। ਆਪ ਨੇ ਆਪਣੀ ਉਪਜੀ ਵਕਾ ਤੋਰਣ ਲਈ ਚਮਕੌਰ ਸਾਹਿਬ ਦੀ ਕੋਠੀ ਨਹਿਰ ਉਤੇ ਤਾਰ ਦਾ ਕੰਮ ਸਿੱਖਿਆ। ਇਸ ਤੋਂ ਮਗਰੋਂ ਆਪਨੇ 'ਡਗਸਈ' ਸਪਾਟੂ ਤੇ ਸ਼ਿਮਲੇ ਆਦਿ ਥਾਵੀਂ ਕਿਸੇ ਚੰਗੀ ਨੌਕਰੀ ਲੈਣ ਲਈ ਧੱਕੇ ਖਾਧੇ। ਅਖੀਰ ਕਿਸੇ ਪਾਸਿਉਂ ਕਾਮਯਾਬੀ ਹੁੰਦੀ ਨਾ ਵੇਖ ਆਪ ੩੦ ਰੁਪੈ ਮਾਹਵਾਰ ਤਨਖਾਹ ਉੱਤੇ ਡਿਸਟ੍ਰਿਕਟ ਬੋਰਡ ਅੰਬਾਲਾ ਦੇ ਦਫਤਰ ਵਿਚ ਕਲਰਕ ਰਹਿ ਪਏ।

੧੯੦੩ ਈ: ਦਿੱਲੀ ਦਾ ਸ਼ਾਹੀ ਦਰਬਾਰ ਸੀ। ਆਪ ਦਰਬਾਰ ਦੀ ਰੌਣਕ ਨੂੰ ਵੇਖਣ ਲਈ ਦਿੱਲੀ ਨਾ ਪਹੁੰਚੇ। ਬਦੇਸ਼ੀ ਹਾਕਮਾਂ ਦੀ ਆਉ ਭਗਤ ਲਈ ਤਿਆਰ ਕੀਤੀ ਸ਼ਾਹੀ ਠਾਠ ਬਾਠ ਵੇਖਕੇ ਕਾਂਸ਼ੀ ਰਾਮ ਦੀਆਂ ਅੱਖਾਂ ਚੁੰਧਿਆ ਗਈਆਂ। ਉਹ ਹੈਰਾਨ ਸੀ ਕਿ ਗ਼ਰੀਬ ਹਿੰਦੋਸਤਾਨ ਦੀ ਹਾਲਤ ਅਜੇਹੇ ਅਯੋਗ ਖਰਚਾਂ ਨੂੰ ਝੱਲਣ ਦੇ ਯੋਗ ਹੈ ?

ਬਾਹਰਲੀ ਦੁਨਿਆਂ ਵੇਖਣ ਲਈ ਆਪ ਹਾਂਗ ਕਾਂਗ ਹੁੰਦੇ ਹੋਏ ਜਪਾਨ ਪਹੁੰਚ ਗਏ। ਇਸ ਤੋਂ ਅੱਗੇ ਕੁੱਝ ਦਿਨ ਆਸਟ੍ਰੇਲੀਆ ਠਹਿਰਕੇ ਸਿੱਧੇ ਅਮਰੀਕਾ ਜਾ ਪਹੁੰਚੇ। ਏਥੇ ਅਜ਼ਾਦੀ ਦੀ ਹਵਾ ਨੇ ਜੀਵਨ ਵਿਚ ਨਵੀਂ ਸੋਝੀ ਲੈ ਆਂਦੀ। ਐਲਾਸਕਾ ਦੇ ਟਾਪੂ ਵਿਚ ਸੋਨੇ ਦੀ ਖਾਨ ਨੂੰ ਖੋਦਣ ਦਾ ਠੇਕਾ ਲੈਕੇ ਬਹੁਤ ਸਾਰਾ ਰੁਪਾਇਆ ਕਮਾ ਲਿਆ, ਜਿਹੜਾ ਕਿ ਇਸਦੀਆਂ ਕਈ ਪੁਸਤਕਾਂ ਲਈ ਕਾਫੀ ਸੀ।

ਪੰਜ ਸਾਲਾਂ ਮਗਰੋਂ ਵਾਪਸ ਹਿੰਦੋਸਤਾਨ ਆ ਗਏ ਤੇ ਚਿੱਤ ਵਿਚ ਇਹ ਫੈਸਲਾ ਕਰ ਲਿਆ ਕਿ ਆਪਣੇ ਦੇਸ਼ ਨੂੰ ਆਜ਼ਾਦ ਕਰਵਾਏ ਬਿਨਾਂ ਅਮਨ ਨਾਲ ਨਹੀਂ ਬੈਠਣਾ।

੧੬ ਨਵੰਬਰ ੧੯੧੩ ਨੂੰ ਕੇਵਲ ਇੱਕ ਦਿਨ ਆਪਣੇ ਪਿੰਡ ਮੜੌਲੀ ਜ਼ਿਲਾ ਅੰਬਾਲਾ ਵਿਚ ਰਹਿਕੇ, ਕਾਂਸੀ ਰਾਮ ਲਾਹੌਰ ਚਲਿਆ ਗਿਆ। ਇਨਾਂ ਦਿਨਾਂ ਵਿਚ ਇੰਨਕਲਾਬੀ ਪਾਰਟੀ ਵਿਚ ਕੰਮ ਕਰਣ ਵਾਲੇ ਸਿਰਲੱਥ ਨੌਜਵਾਨ ਕਈ ਮਨਸੂਬੇ ਗੁੰਦ ਰਹੇ ਸਨ। ਕਈ ਛਾਉਣੀਆਂ ਤੇ ਕਿਲਿਆਂ ਉੱਪਰ ਕਬਜ਼ੇ ਕਰਕੇ ਹੇਠਲੀ ਉਤੇ ਲਿਆਉਣ ਦਾ ਖਿਆਲ ਸੀ। ਪਰ ਦੁਸ਼ਟ ਕਿਰਪਾਲ ਸਿੰਘ ਦੇ ਭੇਤ ਦੇਣ ਦਾ ਸਦਕਾ ਇਹ ਜੁਗ ਪਲਟਾਉ ਸਕੀਮ ਕਾਮਯਾਬ ਨਾ ਹੋ ਸਕੀ। ਤੇ ਏਸੇ ਇੱਕ ਟੋਲੇ ਦੀ ਅਗਵਾਈ ਕਰਦਾ ਹੋਇਆ ਕਾਂਸੀ ਰਾਮ ਪਿੰਡ ਮਿਸਰੀ ਵਾਲਾ (ਫੀਰੋਜ਼ਪੁਰ) ਵਿਚੋਂ ਅਪਣੇ ਸੱਤ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਗਦਰ ਕਰਨ ਦੇ ਅਪਰਾਧ ਵਿਚ ਮੁਕਦਮਾ ਚਲਾਇਆ ਗਿਆ ਤੇ ਉੜਕ ਇਸ ਦੇਸ਼ ਭਗਤ ਨੂੰ ਸੈਂਟਰਲ ਜੇਹਲ ਲਾਹੌਰ ਵਿਚ ਫਾਂਸੀ ਦੇਕੇ ਖਤਮ ਕਰ ਦਿੱਤਾ।

## ਸ: ਜਗਤ ਸਿੰਘ ਜੀ ਵਿੰਝਲ ਸ਼ਹੀਦ ਗਦਰ ਪਾਰਟੀ

ਸ: ਜਗਤ ਸਿੰਘ ਜੀ ਵਿੰਝਲ ਵਿਚ ਸ: ਸਦਾ ਸਿੰਘ ਜੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖ ਤੋਂ ਹੋਇਆ। ੧੯੦੪ ਵਿਚ ਆਪ ਪਲਟਨ ਨੰ: ਪ੪ ਵਿਚ ਭਰਤੀ ਹੋ ਗਏ। ਕੁਝ ਚਿਰ ਪਿਛੋਂ ਆਪ ਨਾਮ ਕਟਾਏ ਤੋਂ ਬਿਨਾਂ ਹੀ ਬਰਮਾਂ ਚਲੇ ਗਏ, ਤੇ ਉਥੇ ਜਾ ਕੇ ਪਲਟਨ ਵਿਚ ਭਰਤੀ ਹੋ ਗਏ। ਫਿਰ ਆਪ ਨੂੰ ਹੋਰ ਦੇਸ਼ਾਂ ਦੀ ਸੈਰ ਕਰਨ ਦਾ ਚਾ ਪੈਦਾ ਹੋ ਗਿਆ। ਆਪ ਨਾਮ ਕਟਾਏ ਤੋਂ ਬਿਨਾਂ ਹੀ ਅਮਰੀਕਾ ਚਲੇ ਗਏ। ਬਰਮਾਂ ਤੇ ਹਿੰਦ ਵਿਚ ਆਪ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਹੋ ਗਏ।

ਅਮਰੀਕਾ ਵਿਚ ਆਪ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਗਦਰ ਪਾਰਟੀ ਨੂੰ ਜਥੇਬੰਦ ਕਰਨ ਵਿਚ ਆਪ ਨੇ ਵਧ ਚੜ੍ਹ ਕੇ ਹਿੱਸਾ ਲਿਆ। ਜਦ ਗਦਰੀ ਸੂਰਮੇਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਾਪਸ ਦੇਸ਼ ਆਏ ਤਾਂ ਆਪ ਭੀ ਉਨ੍ਹਾਂ ਦੇ ਨਾਲ ਸਨ। ਆਪ ਕਲਕਤੇ ਤੋਂ ਬਚ ਕੇ ਨਿਕਲ ਆਏ ਅਤੇ ਗੁਪਤ ਰਹਿ ਕੇ ਪ੍ਰਚਾਰ ਕਰਨ ਲਗੇ। ਗਦਰ ਕਰਨ ਦੀਆਂ ਤਿਆਰੀਆਂ ਵਿਚ ਆਪ ਨੇ ਸ਼ਾਨਦਾਰ ਹਿੱਸਾ ਪਾਇਆ। ਸਰਕਾਰ ਨੂੰ ਗਦਰ ਪਾਰਟੀ ਦੀਆਂ ਤਿਆਰੀਆਂ ਦਾ ਪਤਾ ਲਗ ਗਿਆ ਅਤੇ ਬਾਹਰੋਂ ਆਏ

Digitized by Panjab Digital Library | www.panjabdigilib.org

ਦੇਸ਼ ਭਗਤਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਸ: ਜਗਤ ਸਿੰਘ ਜੀ ਦੀ ਡਿਊਟੀ ਗਦਰ ਵਾਲੇ ਦਿਨ ਫੀਰੋਜ਼ ਪੁਰ ਕਿਲੇ ਪਰ ਕਬਜ਼ਾ ਕਰਨ ਲਈ ਲਗਾਈ ਗਈ ਸੀ। ਸ: ਕਰਤਾਰ ਸਿੰਘ ਸਰਾਭਾ ਦੀ ਅਗਵਾਹੀ ਹੇਠ ਆਪ ਨੇ ਕੰਮ ਕਰਨਾ ਸੀ, ਪ੍ਰੰਤੂ ਜਦ ਆਪ ਸਾਥੀਆਂ ਨੂੰ ਨਾਲ ਲੈ ਕੇ ਫੀਰੋਜ਼ ਪੁਰ ਪਹੁੰਚੇ ਤਾਂ ਪਤਾ ਲੱਗ ਗਿਆ ਕਿ ਗਦਰ ਦੀ ਸਕੀਮ ਸਰਕਾਰ ਨੂੰ ਭੇਦ ਮਿਲ ਜਾਣ ਕਰਕੇ ਫਿਹਲ ਹੋ ਗਈ ਹੈ ਅਤੇ ਦੇਸ਼ ਭਗਤਾਂ ਦੀਆਂ ਗ੍ਰਿਫਤਾਰੀਆਂ ਅਰੰਭ ਹੋ ਗਈਆਂ ਹਨ। ਸ: ਕਰਤਾਰ ਸਿੰਘ ਸਰਾਭਾ ਤਾਂ ਲਾਹੌਰ ਨੂੰ ਚਲੇ ਗਏ ਅਤੇ ਆਪ ਨੂੰ ਵਾਪਸ ਲੁਧਿਆਣੇ ਵੱਲ ਮੁੜ ਜਾਣ ਲਈ ਕਹਿ ਗਏ। ਆਪ ਟਾਂਗੇ ਪਰ ਬੈਠੇ ਸਾਥੀਆਂ ਸਮੇਤ ਮੋਗੇ ਵੱਲ ਨੂੰ ਆ ਰਹੇ ਸਨ ਕਿ ਘਾਲ ਖੁਰਦ ਦੇ ਥਾਨੇ ਪੁਲਸ ਨੇ ਟਾਂਗਾ ਰੋਕ ਲਿਆ ਤੇ ਤਲਾਸ਼ੀ ਲੈਣ ਲੱਗੇ। ਆਪ ਦੇ ਇਕ ਸਾਥੀ ਦੇ ਥਾਨੇਦਾਰ ਨੇ ਚੁਪੇੜਾਂ ਮਾਰੀਆਂ। ਸ: ਜਗਤ-ਸਿੰਘ ਜੀ ਇਹ ਅਪਮਾਨ ਬਰਦਾਸ਼ਤ ਨਾ ਕਰ ਸਕੇ ਅਤੇ ਪਸਤੌਲ ਕਢ ਕੇ ਥਾਨੇਦਾਰ ਨੂੰ ਮਾਰ ਦਿੱਤਾ। ਜ਼ੈਲਦਾਰ ਭੀ ਜ਼ਖਮੀ ਹੋ ਗਿਆ। ੬ ਸਾਥੀ ਫੜੇ ਗਏ, ਤੇ ਬਾਕੀ ਭੱਜ ਗਏ। ਸ: ਜਗਤ ਸਿੰਘ ਜੀ ਭੀ ਫੜੇ ਗਏ ਅਤੇ ਆਪ ਜੀ ਨੂੰ ਮਿੰਟਗੁਮਰੀ ਜੇਹਲ ਵਿਚ ਫਾਂਸੀ ਤੇ ਚੜ੍ਹਾ ਦਿੱਤਾ ਗਿਆ।

## ਬਾਬਾ ਚੂੜ੍ਹ ਸਿੰਘ ਜੀ ਲੀਲਾ

ਆਪ ਜੀ ਦਾ ਜਨਮ ਸ: ਬੂਟਾ ਸਿੰਘ ਪਿੰਡ ਲੀਲ੍ਹਾ ਜ਼ਿਲਾ ਲੁਧਿਆਣਾ ਵਿਖੇ ਹੋਇਆ, ਆਪ ਜੀ ਦੀ ਦੇਸ ਸੇਵਾ ਸੁਨਿਹਰੀ ਅਖਰਾਂ ਵਿਚ ਲਿਖੀ ਜਾਣ ਵਾਲੀ ਹੈ। ਜਦੋਂ ਆਪ ਅਮਰੀਕਾ ਤੋਂ ਵਾਪਸ ਆਪਣੇ ਦੇਸ ਆਏ ਤਾਂ ਮੌਕੇ ਦੀ ਸਰਕਾਰ (ਅੰਗਰੇਜ਼ਾਂ) ਨੇ ਆਪ ਜੀ ਦੇ ਵਿਰੁਧ ਬਗਾਵਤ ਕਰਨ ਦਾ ਕੇਸ ਚਲਾਇਆ, ਉਮਰ ਕੈਦ ਦੀ ਸਜ਼ਾ ਦੇ ਕੇ ਕਾਲੇ ਪਾਣੀ ਭੇਜਿਆ ਅਤੇ ਨਿਜੀ ਸਾਰੀ ਜਾਇਦਾਦ ਜਬਤ ਕਰ ਲਈ।

ਆਪ ਗੁਰਸਿਖ, ਦ੍ਰਿੜ੍ਹ ਇਰਾਦਾ ਰਖਣ ਵਾਲੇ ਅਤੇ ਪਰਉਪਕਾਰੀ ਸਨ, ਆਪ ਜੀ ਦੇ ਜੇਲ੍ਹ ਯਾਤਰਾ ਦੇ ਕਾਰਨਾਮਿਆਂ ਤੋਂ ਪਤਾ ਲਗਦਾ ਹੈ ਕਿ ਆਪ ਬਹੁਤ ਵਡੇ ਰੀਫਾਰਮਰ ਵੀ ਸਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗ ਵਾਲ ਨੇ ਆਪਣੀ ਪੁਸਤਕ "ਜੇਲ੍ਹ ਚਿਠੀਆਂ" ਵਿਚ ਆਪ ਜੀ ਦੇ ਜੇਲ੍ਹ ਜੀਵਨ ਤੇ ਇਉਂ ਰੋਸ਼ਨੀ ਪਾਈ ਹੈ।

ਆਪ ਨੇ ਜੇਲ੍ਹ ਦੇ ਕਰਮਚਾਰੀਆਂ ਦਾ ਬਹੁਤ ਭੈੜਾ ਸਲੂਕ ਦੇਖਿਆ ਅਤੇ ਉਨ੍ਹਾਂ ਦੇ ਵਿਰੁਧ ਕਈ ਵਾਰੀ ਅਵਾਜ਼ ਉਠਾਈ ਲੰਬੀਆਂ ੨ ਭੁਖ ਹੜਤਾਲਾਂ ਕੀਤੀਆਂ ਅੰਤ ਵਿਚ ਸਿਆਸੀ ਕੈਦੀਆਂ ਲਈ ਵਧ ਤੋਂ ਵੱਧ ਸਹੂਲਤਾਂ ਜੇਲ੍ਹਾਂ ਵਿਚ ਜ਼ਾਲਮ ਸਰਕਾਰ ਪਾਸੋਂ ਦਬਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਇਸ ਤੋਂ ਉਪਰੰਤ ਜੇਲ੍ਹ ਕਰਮਚਾਰੀਆਂ ਦਾ ਆਪ ਜੀ ਤੇ ਬਹੁਤ ਭਰੋਸਾ ਹੋਇਆ ਉਹ ਵੀ ਇਥੋਂ ਤਕ ਕਿ ਇਕ ਜੇਲ੍ਹ ਦੇ ਸੁਪ੍ਰੰਟਿੰਡੰਟ ਨੇ ਆਪ ਜੀ ਦੀ ਮਿਲਣੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਉਚੇਚੇ ਤੌਰ ਤੇ ਕਰਵਾਈ, ਜਦ ਕਿ ਉਹ ਦੂਸਰੇ ਲਾਹੌਰ ਕੇਸ ਦੀ ਸਜ਼ਾ ਭੁਗਤ ਰਹੇ ਸਨ। ਭਾਈ ਸਾਹਿਬ ਆਪ ਜੀ ਦੇ ਨਾਮ ਤੋਂ ਹੀ ਜਾਣੂ ਸਨ, ਇਕ ਦੂਜੇ ਦੇ ਦਰਸ਼ਨ ਨਹੀਂ ਸਨ ਕੀਤੇ, ਉਚੇਚੀ ਮਿਲਣੀ ਹੋਣ ਤੇ ਇਕ ਦੂਜੇ ਨਾਲ ਬਹੁਤ ਪਿਆਰ ਪੈਦਾ ਹੋ ਗਿਆ ਸੀ, ਮਿਲਣੀ ਸਮੇਂ ਸੁਪ੍ਰਡਿੰਟ ਸਾਹਿਬ ਜੇਲ੍ਹ ਨੇ ਆਪ ਨੂੰ ਇਸ਼ਾਰੇ ਦੇ ਨਾਲ ਹੀ ਕਹਿ ਦਿਤਾ ਸੀ, ਕਿ ਆਪ ਭਾਈ ਸਾਹਿਬ ਨੂੰ ਆਪਣੇ ਬੁਲਾਕ ਵਿਚ ਹੀ ਲੈ ਜਾਉ ਅਤੇ ਆਪਣੇ ਸੰਗ ਹੀ ਰਖੋ ਆਪ ਜੀ ਨੇ ਇਸੇ ਤਰਾਂ ਹੀ ਕੀਤਾ!

ਦੂਸਰੇ ਆਪ ਜੀ ਦੀ ਡਿਊਟੀ ਜੇਲ ਵਿਚ ਬਿਮਾਰਾਂ ਨੂੰ ਦੁਧ ਵੰਡਣ ਤੇ ਲਗੀ ਹੋਈ ਸੀ, ਆਪ ਦੁਧ ਬਿਮਾਰਾਂ ਨੂੰ ਬਹੁਤ ਪ੍ਰੇਮ ਨਾਲ ਛਕਾਇਆ ਕਰਦੇ ਸਨ, ਆਪ ਜੀ ਦਾ ਪ੍ਰੇਮ ਦੇਖ ਬਿਮਾਰ

Digitized by Panjab Digital Library | www.panjabdigilib.org

ਆਪ ਜੀ ਤੇ ਬਹੁਤ ਖੁਸ਼ ਸਨ। ਆਪ ਜੀ ਦਾ ਪਿਆਰ ਇਥੋਂ ਤੱਕ ਸੀ ਕਈ ਵਾਰੀ ਆਪਣਾ ਲੱਗਾ ਹੋਇਆ ਦੁਧ ਵੀ ਬਿਮਾਰਾਂ ਨੂੰ ਛਕਾ ਜਾਂਦੇ ਸਨ, ਆਪਣੀ ਸਿਹਤ ਦੀ ਜ਼ਰਾ ਵੀ ਪਰਵਾਹ ਨਹੀਂ ਸਨ ਕਰਦੇ।

ਆਪ ਜੀ ਨੂੰ ਕਈ ਸਾਲ ਜੇਲ੍ਹ ਕੱਟਣ ਤੋਂ ਬਾਦ ਰਿਹਾ ਕਰ ਦਿਤਾ ਗਿਆ। ਜੇਲ੍ਹਾਂ ਦੇ ਦੁਖ ਤਸੀਹਿਆਂ ਨੇ ਆਪ ਦੇ ਸਰੀਰ ਨੂੰ ਇਨਾਂ ਪਿੰਜਰਾ ਬਣਾ ਛਡਿਆ ਸੀ, ੧੯੩੩ ਈ: ਵਿਚ ਮੇਲਾ ਛਪਾਰ ਵਿਖੇ ਹੋਈ ਪੋਲੀਟੀਕਲ ਕਾਨਫਰੰਸ ਸਮੇਂ ਆਪ ਨੂੰ ਬਿਸਤਰੇ ਮਰੱਗ ਤੋਂ ਚੁਕ ਕੇ ਸਗਤਾਂ ਦੇ ਦਰਸ਼ਨ ਕਰਵਾਣ ਲਈ ਲਿਆਂਦਾ ਗਿਆ, ਸਟੇਜ ਤ ਨਹੀਂ ਸੀ ਬੈਠ ਸਕੇ, ਅਤੇ ਗਸ਼ੀਆਂ ਪੈ ਰਹੀਆਂ ਸਨ, ਇਸ ਤੋਂ ਥੋੜੇ ਦਿਨਾਂ ਬਾਦ ੯ ਸਤੰਵਰ ਸੰਨ ੧੯੩੩ ਈ: ਨੂੰ ਆਪ ਪ੍ਰਲੋਕ ਸੁਧਾਰ ਗਏ, ੧੯੪੮ ਈ: ਵਿਚ ਨਗਰ ਨਵਾਸੀਆਂ ਦੇ ਉਦਮ ਨਾਲ ਬਰਸੀ ਮੰਨਾਈ ਗਈ। ਦੀਵਾਨ ਸੱਜਾਇਆ ਗਿਆ। ਅਤੇ ਸੰਗਤਾਂ ਵਲੋਂ ਆਪ ਜੀ ਨੂੰ ਸਰਧਾਂਜਲੀ ਭੇਟ ਕੀਤੀ ਗਈ।

**ਭਾਈ ਬਸੰਤ ਕੁਮਾਰ ਜੀ:—** ਆਪ ਜੀ ਬੰਗਾਲ ਦੇ ਨਦੀਆ ਜ਼ਿਲਾ ਦੇ ਰਹਿਣ ਵਾਲੇ ਸਨ। ਜਿਨ੍ਹਾਂ ਦਿਨਾਂ ਵਿਚ ਸ੍ਰੀ ਰਾਸ ਬਿਹਾਰੀ ਜੀ ਡੇਹਰਾਦੂਨ ਸਨ। ਆਪ ਉਨਾਂ ਦੇ ਪਾਸ ਹਰੀ-ਦਾਸ ਨਾਮ ਰਖਾ ਕੇ ਨੌਕਰ ਰਹੇ ਸਨ। ਮਗਰੋਂ ਲਾਹੌਰ ਦੀ ਇਕ ਡਿਸਪੈਂਸਰੀ ਵਿਚ ਕੰਪੋਡਰ ਹੋ ਗਏ ਸਨ। ਉਸ ਸਮੇਂ ਭਾਈ ਬਾਲ ਮੁਕੰਦ ਨਾਲ ਮਿਲ ਕੇ ਆਪ ਪੰਜਾਬ ਦੀ ਜਥੇਬੰਦੀ ਦਾ ਕੰਮ ਕਰਦੇ ਸਨ। ਕਿਹਾ ਜਾਂਦਾ ਹੈ ਕਿ ਜਦੋਂ ੧੯੧੨ ਦਿਲੀ ਵਿਚ ਬੰਬ ਫਟਿਆ ਸੀ, ਆਪ ਉਨ੍ਹਾਂ ਦਿਨਾਂ ਵਿਚ ਲਾਹੌਰ ਦੇ ਜਥੇਬੰਦ ਸਨ।

ਅਵੱਧ ਬਿਹਾਰੀ ਦੀ ਸਹਾਇਤਾ ਨਾਲ ਲਾਹੌਰ ਲਾਰੈਂਸ ਗਾਰਡਨ ਵਾਲਾ ਬੰਬ ਭੀ ਆਪ ਜੀ ਦਾ ਹੀ ਰਖਿਆ ਹੋਇਆ ਦਸਿਆ ਜਾਂਦਾ ਹੈ। ਮਗਰੋਂ ਆਪ ਨੇ ਦੋ ਬੰਬ ਹੋਰ ਭੀ ਲਿਆਂਦੇ ਸਨ। ਦੀਨਾਂ ਨਾਥ ( ਵਾਇਦਾ ਮੁਆਫ਼ ) ਦੇ ਦਸੇ ਅਨੁਸਾਰ ਇਹ ਬੰਬ ਭਾ: ਬਾਲ ਮੁਕੰਦ ਕੋਲ ਰਖੇ ਗਏ ਸਨ। ਦਸੰਬਰ ੧੯੧੩ ਵਿਚ ਆਪ ਬੰਗਾਲ ਚਲੇ ਗਏ, ਅਤੇ ੧੯੧੪–੧੫ ਵਿਚ ਉਥੋਂ ਹੀ ਗ੍ਰਿਫਤਾਰ ਕਰਕੇ ਲਾਹੌਰ ਲਿਆਂਦੇ ਗਏ। ਅਦਾਲਤ ਚੋਂ ਪਹਿਲਾਂ ਆਪ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਮਿਲੀ ਸੀ, ਪਰ ਸਰ ਉਡਵਾਇਰ ਨੂੰ ਦਿਲੀ ਵਿਚ ਬੰਬ ਮਾਰਨ ਵਾਲੇ ਦਾ ਪਤਾ ਨਾ ਲੱਗਨ ਕਰਕੇ ਬੜੀਆਂ ਕਚੀਚੀਆਂ ਆ ਰਹੀਆਂ ਸਨ। ਉਸ ਨੇ ਆਪ ਨੂੰ ਭੀ ਫਾਂਸੀ ਦਿਤੇ ਜਾਣ ਦੀ ਅਪੀਲ ਕਰ ਦਿਤੀ। ਇਸ ਨੂੰ ਉਨ੍ਹਾਂ ਨੇ ਆਪ ਖੁਦ ਮੰਨਿਆ ਹੈ। ਭਲਾ ਦਸੋ ਪੁਲਸ ਨੇ ਕੀਤੀ ਹੋਵੇ ਅਪੀਲ ਅਤੇ ਉਸ ਤੇ ਸਿਫਾਰਸ਼ ਹੋਵੇ ਸਰ ਮਾਈਕਲ ਉਡਵਾਇਰ ਦੀ ਫਿਰ ਉਹ ਅਪੀਲ ਕਿਵੇਂ ਨਾ ਮਨਜ਼ੂਰ ਕੀਤੀ ਜਾਂਦੀ। ਅਪੀਲ ਮਨਜ਼ੂਰ ਹੋ ਗਈ ਅਤੇ ਆਪ ਨੂੰ ਭੀ ਫਾਂਸੀ ਦਿਤੀ ਗਈ ਆਪ ਦੇ ਸਬੰਧ ਵਿਚ ਜੱਜ ਨੇ ਲਿਖਿਆ ਹੈ। ਫਾਂਸੀ ਦੇ ਸਮੇਂ ਆਪ ਜੀ ਦੀ ਉਮਰ ੩੨ ਸਾਲ ਦੀ ਸੀ।

## ਭਾਨ ਸਿੰਘ ਜੀ ਸ਼ਹੀਦ

ਭਾਨ ਸਿੰਘ ਸ਼ਹੀਦ ਪਿਤਾ ਸਾਵਨ ਸਿੰਘ ਦੇਸ਼-ਭਗਤ ਦਾ ਜਨਮ ਪਿੰਡ ਸਨੇਤ ਜ਼ਿਲਾ ਲੁਧਿਆਣਾ ਵਿਚ ਹੋਇਆ। ਛੋਟੀ ਉਮਰ ਵਿਚ ਜਦੋਂ ਆਪ ਅਲ੍ਹੜ ਜੁਆਨ ਸਨ ਫੌਜ ਵਿਚ ਭਰਤੀ ਹੋ ਗਏ, ਪਰ ਏਥੇ ਦਿਲ ਨਾ ਮੰਨਿਆਂ ਤੇ ਨਾਮ ਕਟਾਕੇ ਅਮਰੀਕਾ ਚਲੇ ਗਏ ਤੇ ਕੈਲੀ-ਫ਼ੋਰਨੀਆ ਵਿਚ ਰਹਿਣਾ ਸ਼ੁਰੂ ਕਰ ਦਿਤਾ।

Digitized by Panjab Digital Library | www.panjabdigilib.org

੧੯੧੪ ਵਿਚ ਜਦੋਂ ਬਹੁਤ ਸਾਰੇ ਪ੍ਰਦੇਸੀ ਸੱਜਣ, ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਦੇ ਖਿਆਲ ਨਾਲ ਹਿੰਦੁਸਤਾਨ ਵਾਪਸ ਆਏ ਤਾਂ ਆਪ ਵੀ ਇਨ੍ਹਾਂ ਦੇ ਨਾਲ ਸਨ । ਆਪ ਨੂੰ ਬਜ ਬਜ ਦੇ ਘਾਟ ਤੋਂ ਗ੍ਰਿਫਤਾਰ ਕਰਕੇ ਕਾਲੇ ਪਾਣੀ ਭੇਜਿਆ ਗਿਆ । ਇਨ੍ਹਾਂ ਦਿਨਾਂ ਵਿਚ ਕਾਲੇ ਪਾਣੀ ਜੇਲ੍ਹ ਦੀਆਂ ਤਕਲੀਫਾਂ ਸ਼ਾਇਦ ਦੋਜ਼ਖ ਵਿਚ ਵੀ ਨਾ ਦਿਤੀਆਂ ਜਾਂਦੀਆਂ ਹੋਣ। ਭਾਈ ਭਾਨ ਸਿੰਘ ਨੇ ਬੇਅੰਤ ਕਸ਼ਟਾਂ ਨੂੰ ਆਪਣੇ ਉਪਰ ਝੱਲਿਆ । ਭਾਈ ਪਰਮਾ ਨੰਦ ਵੀ ਇਸ ਸਮੇਂ ਅੰਡੇਮਾਨ ਵਿਚ ਜੇਲ੍ਹ ਭੁਗਤ ਰਹੇ ਹਨ । ਪਰ ਉਹ ਅਫਸਰਾਂ ਨਾਲ ਚੰਗਾ ਮੇਲ ਮਿਲਾਪ ਰਖਦੇ ਸਨ ।

ਇਕ ਦਿਨ ਭਾਈ ਭਾਨ ਸਿੰਘ ਸਾਹਿਬ ਜੀ ਉਚੀ ਸੁਰ ਵਿਚ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਾਲਾ ਸ਼ਬਦ ਪੜ੍ਹ ਰਹੇ ਸਨ । ਜੇਲ੍ਹ ਦੇ ਦਰੋਗੇ ਨੇ ਆਪ ਨੂੰ ਉਚੀ ਬੋਲਣ ਤੋਂ ਰੋਕਿਆ ਪਰ ਭਾਈ ਸਾਹਿਬ ਜੀ ਸਗੋਂ ਹੋਰ ਮਸਤੀ ਵਿਚ ਆ ਗਏ । ਜੇਲ੍ਹ ਦਾ ਦਰੋਗਾ ਕਰੋਪੀ ਵਿਚ ਆ ਗਿਆ । ਡੰਡਾ ਬੇੜੀ ਲਾ ਕੇ ਕੋਠੀ ਵਿਚ ਬੰਦ ਕਰ ਦਿਤੇ ਤੇ ਕਈ ਮਹੀਨੇ ਏਸੇ ਦਸ਼ਾ ਵਿਚ ਰਹੇ । ਭਾਈ ਸਾਹਿਬ ਨੂੰ ਕਈ ਵੇਰੀ ਬਹੁਤ ਬੁਰੀ ਤਰਾਂ ਨਾਲ ਕੁਟਿਆ ਗਿਆ । ਮਾਰ ਕੁਟਾਈ ਏਨੀ ਕਰੜੀ ਕੀਤੀ ਸੀ ਕਿ ਆਪ ਦੇ ਬਚਣ ਦੀ ਕੋਈ ਉਮੀਦ ਨਾ ਵੇਖ ਕੇ ਭਾਈ ਭਾਨ ਸਿੰਘ ਨੂੰ ਜੇਲ੍ਹ ਤੋਂ ਬਾਹਰ ਹਸਪਤਾਲ ਵਿਚ ਭੇਜ ਦਿਤਾ ਤੇ ਆਪ ਏਥੇ ਆਪਣੇ ਸਚੇ ਸਤਿਗੁਰੂ ਤੇ ਮਿਤਰ ਪਿਆਰੇ ਨੂੰ ਆਪਣਾ ਹਾਲ ਦਸਦੇ ਹੋਏ ਅਕਾਲ ਚਲਾਣਾ ਕਰ ਗਏ । ਆਪ ਨੇ ਆਪਣੀ ਮੌਤ ਨਾਲ ਪਾਪ ਦੀਆਂ ਜੜਾਂ ਨੂੰ ਹੇਠਾਂ ਤੋਂ ਹਲੂਣਾ ਦਿਤਾ । ਭਾਈ ਭਾਨ ਸਿੰਘ ਜੀ ਦੀ ਸ਼ਹੀਦੀ ਸਦਾ ਲਈ ਅਮਰ ਰਹੇਗੀ ।

## ਬਾਬਾ ਨੰਦ ਸਿੰਘ ਜੀ

ਆਪ ਪਿੰਡ ਕੈਲਾ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ । ਪਿਤਾ ਸ: ਰਾਮ ਸਿੰਘ ਤੇ ਮਾਈ ਦਾ ਨਾਮ ਫੱਤੋ ਸੀ । ਆਪ ਉਪਜੀਵਕਾ ਖਾਤਰ ਅਮਰੀਕਾ ਚਲੇ ਗਏ ਤੇ ਆਪਣੇ ਬਹੁਤ ਸਾਰੇ ਸਾਥੀਆਂ ਸਮੇਤ ਸੁਤੇ ਹੋਏ ਦੇਸ਼ ਨੂੰ ਆਜ਼ਾਦੀ ਦਾ ਹਲੂਣਾ ਦੇਣ ਲਈ, ਤੋਸ਼ਾਮਾਰੂ ਜਹਾਜ਼ ਵਿਚ ਸਵਾਰ ਹੋ ਕੇ ਵਾਪਸ ਪੰਜਾਬ ਆ ਗਏ । ਸਰਕਾਰ ਆਪ ਨੂੰ ਬਾਗੀ ਸਮਝਦੀ ਸੀ । ਆਪ ਕਈ ਸਾਲ ਲੁਕ ਛੁਪ ਕੇ ਆਪਣੀਆਂ ਦੇਸ਼ ਸੁਤੰਤਰ ਦੀਆਂ ਕਾਰਵਾਈਆਂ ਨੂੰ ਜਾਰੀ ਰਖਦੇ ਰਹੇ । ਆਪ ਦੀ ਗ੍ਰਿਫਤਾਰੀ ਲਈ ਬਹੁਤ ਸਾਰਾ ਇਨਾਮ ਰਖਿਆ ਹੋਇਆ ਸੀ । ਅਖੀਰ ਕੈਲੇ ਪਿੰਡ ਦੇ ਇਕ ਆਦਮੀ ਨੇ ਬਾਬਾ ਨੰਦ ਸਿੰਘ ਨੂੰ ਗ੍ਰਿਫਤਾਰ ਕਰਵਾ ਦਿਤਾ । ਆਪ ਨੂੰ ਪਹਿਲਾਂ ਤਾਂ ਫਾਂਸੀ ਦਾ ਹੁਕਮ ਹੋਇਆ । ਅਪੀਲ ਨਾਲ ਫੇਰ ਉਪਰ ਕੈਦ ਦੀ ਸਜ਼ਾ ਰਹਿ ਗਈ । ਲਗਾਤਾਰ ਪੰਦਰਾਂ ਸਾਲ ਜੇਲ੍ਹ ਕਟੀ ਤੇ ਬੇਅੰਤ ਦੁਖੜੇ ਸਹਾਰੇ ।

ਜੇਲ੍ਹ ਤੋਂ ਵਾਪਸ ਆ ਕੇ ਵੀ ਦੇਸ਼ ਸੇਵਾ ਵਿਚ ਜੁਟੇ ਰਹੇ । ਕਈ ਸਾਲ ਕਾਂਗਰਸ ਪਾਰਟੀ ਦੇ ਮੈਂਬਰ ਰਹੇ ਤੇ ੧੯੫੦ ਵਿਚ ਕਾਂਗਰਸ ਪਾਰਟੀ ਨੂੰ ਛਡ ਕੇ ਸੋਸ਼ਲਿਸਟ ਪਾਰਟੀ ਵਿਚ ਸ਼ਾਮਲ ਹੋ ਗਏ । ਚੰਡੀਗੜ੍ਹ ਦੀ ਐਜੀਟੇਸ਼ਨ ਵਿਚ ਕਾਂਗਰਸੀ ਸਰਕਾਰ ਵਿਰੁਧ ਐਜੀਟੇਸ਼ਨ ਕਰਨ ਦੇ ਦੋਸ਼ ਵਿਚ ਕੈਦ ਕੀਤੇ ਗਏ । ਜੇਲ੍ਹ ਅਧਿਕਾਰੀਆਂ ਦੀ ਬਦਸਲੂਕੀ ਤੋਂ ਤੰਗ ਆ ਕੇ ਭੁਖ ਹੜਤਾਲ ਕਰ ਦਿਤੀ ਤੇ ੮੦ ਸਾਲਾਂ ਦੀ ਲੰਬੀ ਉਮਰ ਸਦਕਾ ਕੁਬੀ ਹੋਈ ਕਮਰ ਵਾਲਾ ਬਾਬਾ ਨੰਦ ਸਿੰਘ ਆਪਣੀ ਅਣਖ ਨੂੰ ਕਾਇਮ ਰਖਣ ਲਈ ੧੯੫੦ ਨੂੰ ਜਾਲੰਧਰ ਜੇਲ੍ਹ ਵਿਚ ਸ਼ਹੀਦ ਹੋ ਗਿਆ ।

## ਬਾਬਾ ਵਿਸਾਖਾ ਸਿੰਘ ਜੀ ਦਦੇਹਰ

ਬਾਬਾ ਵਿਸਾਖਾ ਸਿੰਘ ਜੀ ਪਿਤਾ ਦਿਆਲ ਸਿੰਘ ਜੀ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ ਆਪ ਦਾ ਜਨਮ ੧੯੩੪ ਬਿਕਰਮੀ ਵਿਚ ਹੋਇਆ । ਬਾਲਪਨ ਪਿੰਡ ਵਿਚ ਬਤੀਤ ਕਰਦਿਆਂ ਨ

ਪੜ੍ਹਾਈ ਕੀਤੀ । ਪੜ੍ਹਾਈ ਵਲੋਂ ਉਪਰਾਮ ਹੋ ਕੇ ਆਪ ਜੀ ਰਸਾਲਾ ਨੰਬਰ ੧੧ ਵਿਚ ਭਰਤੀ ਹੋ ਗਏ । ਏਥੋਂ ਨਾਮ ਕਟਾ ਕੇ ੧੯੦੭ ਈ: ਵਿਚ ਟਾਪੂਆਂ ਨੂੰ ਤੇ ਉਥੋਂ ਅਗੇ ਅਮਰੀਕਾ ਨੂੰ ਗਏ । ਅਮਰੀਕਾ ਵਿਚ ਆਪ ਧਰਮ ਪ੍ਰਚਾਰ ਦਾ ਕੰਮ ਕਰਦੇ ਰਹੇ ਤੇ ਸਟਾਕਟਨ ਗੁਰਦੁਆਰੇ ਦੇ ਬਣਾਉਣ ਦੇ ਉਦਮ ਵਿਚ ਹਿਸਾ ਲੈਂਦੇ ਰਹੇ ੧੯੧੪ ਈ: ਵਿਚ ਆਪ ਵਾਪਸ ਹਿੰਦੁਸਤਾਨ ਆਏ । ਫੇਰ ਪਹਿਲੇ ਮੁਕੱਦਮਾਂ ਸਾਜ਼ਸ਼ ਲਾਹੌਰ ਵਿਚ ਆਪ ਨੂੰ ੧੩ ਸਤੰਬਰ ੧੯੧੫ ਨੂੰ ਉਮਰ ਕੈਦ ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ ਆਪ ਕਾਲੇ ਪਾਣੀ ਰਹੇ ਤੇ ੧੯੨੦ ਈ: ਵਿਚ ਰਿਹਾ ਹੋ ਕੇ ਦੇਸ਼ ਆਏ । ਲਾਹੌਰ ਸੈਂਟਰਲ ਸਿਖ ਲੀਗ ਦਾ ਪਹਿਲਾ ਸਮਾਗਮ ੧੯੨੦ ਈ: ਵਿਚ ਹੋਇਆ । ਜਿਥੇ ਦੁਖੀ ਪਰਵਾਰਾਂ ਤੇ ਯਤੀਮਾਂ ਲਈ ਸਿੱਖ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਬਣੀ ਆਪ ਉਸ ਦੇ ਪਰਧਾਨ ਥਾਪੇ ਗਏ ਅਤੇ ਹੁਣ ਤਕ ਪ੍ਰਧਾਨ ਹਨ । ਆਪ ਨੇ ਸਾਰੇ ਝੋਲੀ ਫੇਰ ਕੇ ਦੁਖੀ ਪਰਵਾਰਾਂ ਤੇ ਯਤੀਮ ਬਚਿਆਂ ਨੂੰ ੭੦-੮੦ ਹਜ਼ਾਰ ਦੇ ਕਰੀਬ ਸਹਾਇਤਾ ਦੇ ਚੁਕੇ ਹਨ ।

ਬਾਬਾ ਜੀ ੧੭ ਸਤੰਬਰ ੧੯੩੧ ਈ: ਨੂੰ ਸ੍ਰੀ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਵਾਲੇ ਪੰਜਾਂ ਪਿਆਰਿਆਂ ਵਿਚੋਂ ਇਕ ਸਨ ਫੇਰ ੧੪ ਅਕਤੂਬਰ ੧੯੩੨ ਨੂੰ ਆਪ ਸ੍ਰੀ ਪੰਜਾ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਦੇ ਬੁਨਿਆਦੀ ਪਥਰ ਰਖਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਏ । ਗੁਰੂ ਪੰਥ ਵਲੋਂ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਥਾਪ ਕੇ ਨਿਵਾਜ਼ਿਆ ਗਿਆ, ਕਿਉਂਕਿ ਆਪ ਦਾ ਮਿਠਾ ਠੰਡਾ ਤੇ ਗੁਰਮੁਖ ਜੀਵਨ ਆਮ ਸਜਣਾਂ ਲਈ ਇਕ ਨਮੂਨਾ ਹੈ।

## ਇਸ ਤੋਂ ਅਗੇ ਕੁਰਬਾਨੀ ਦੇ ਪੁੰਜ ਗੁਰੂ ਪਿਆਰੇ ੧੯੧੪-੧੫ ਵਾਲੇ ਆਜ਼ਾਦੀ ਦੇ ਹਵਨ ਕੁੰਡ ਵਿਚ ਤਨ ਮਨ ਧਨ ਦੀ ਅਹੂਤੀ ਪੌਣ ਵਾਲੇ ਅਮਰ ਸ਼ਹੀਦਾਂ ਦੇ ਜੀਵਨ ਮੁਕੰਮਲ ਨਾ ਮਿਲਣ ਤੇ ਸੰਖੇਪ ਹਾਲ ਦਿੱਤਾ ਜਾਂਦਾ ਹੈ।

Digitized by Panjab Digital Library | www.panjabdigilib.org

# ਪਹਿਲਾ ਮੁਕਦਮਾ ਸਾਜ਼ਸ਼ ਲਾਹੌਰ ਦੇ ਕੁਝ ਕੁ ਹੋਰ ਬਹਾਦਰ

| | ਨਾਮ | | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|---|---|
| ਸ: | ਬਖਸ਼ੀਸ਼ ਸਿੰਘ ਜੀ | ਸ: | ਸੰਤਾ ਸਿੰਘ ਜੀ | ਗਿਲਵਾਲੀ | ਅੰਮ੍ਰਿਤਸਰ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ,, | ਜਗਤ ਸਿੰਘ ਜੀ | ,, | ਬੂੜ ਸਿੰਘ ਜੀ | ਸੁਰਸਿੰਗ | ਲਾਹੌਰ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ,, | ਹਰਨਾਮ ਸਿੰਘ ਜੀ | ,, | ਰੂੜ ਸਿੰਘ ਜੀ | ਭੱਟੀ ਗੁਰਾਯਾ | ਸਿਆਲ ਕੋਟ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ਸ੍ਰੀ | ਵਿਸ਼ਨੂੰ ਗਨੇਸ਼ ਪਿੰਗਲੇ | ਸ੍ਰੀ | ਗਨੇਸ਼ ਪਿੰਗਲੇ | ਟਲੇ ਸੁਆਨ ਧਮਨੇੜਾ | ਪੂਨਾ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ਸ: | ਸੁਰੈਣ ਸਿੰਘ | ਸ: | ਬੂੜ ਸਿੰਘ | ਗਿਲ ਵਾਲੀ | ਅੰਮ੍ਰਿਤਸਰ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ,, | ਸੁਰੈਣ ਸਿੰਘ | ,, | ਈਸ਼ਰ ਸਿੰਘ | ਗਿਲ ਵਾਲੀ | ਅੰਮ੍ਰਿਤਸਰ | ਸਜ਼ਾ ਫਾਂਸੀ ਤੇ ਜਾਇਦਾਦ ਜ਼ਬਤ |
| ,, | ਬਲਵੰਤ ਸਿੰਘ | ,, | ਮੀਰ ਸਿੰਘ | ਸਨਿਆਲਾ | ਅੰਮ੍ਰਿਤਸਰ | ਸਜ਼ਾ ਫਾਂਸੀ ਬਦਲਕੇ ਉਮਰ ਕੈਦ ਜ: ਜ਼ਬਤ |
| ,, | ਬਾਜ ਸਿੰਘ | ,, | ਚਤਰ ਸਿੰਘ | ਰੱਯਾ | ਅੰਮ੍ਰਿਤਸਰ | ਦੋ ਸਾਲ ਸਖਤ ਕੈਦ |
| ,, | ਭਾਨ ਸਿੰਘ | ,, | ਸਾਵਨ ਸਿੰਘ | ਸਨੇਤ | ਲੁਧਿਆਣਾ | ਉਮਰ ਕੈਦ ਕਾਲੇ ਪਾਣੀ ਜਾਇਦਾਦ ਜ਼ਬਤ |
| ,, | ਬਿਛਨ ਸਿੰਘ | ,, | ਜੁਵਾਲਾ ਸਿੰਘ | ਦਦੇਹਰ | ਅੰਮ੍ਰਿਤਸਰ | ,, ,, ,, |
| ,, | ਬਿਸ਼ਨ ਸਿੰਘ | ,, | ਕੇਸਰ ਸਿੰਘ | ਦਦੇਹਰ | ਅੰਮ੍ਰਿਤਸਰ | ,, ,, ,, |
| ,, | ਦਲੀਪ ਸਿੰਘ | ,, | ਕੇਸਰ ਸਿੰਘ | ਘਨੌਰੀ | ਰਿ: ਪਟਿਆਲਾ | ਸਤ ਸਾਲ ਸਖਤ ਕੈਦ |
| ,, | ਦੇਵਾ ਸਿੰਘ | ,, | ਸਾਹਿਬ ਸਿੰਘ | ਨੰਦ ਪੁਰ | ਲੁਧਿਆਣਾ | ਚਾਰ ਸਾਲ ਸਖਤ ਕੈਦ |
| ,, | ਗੁਹਮੁਖ ਸਿੰਘ | ,, | ਹੋਸਨਾਕ ਸਿੰਘ | ਲਲਤੋ | ,, | ਸਜ਼ਾ ਉਮਰ ਕੈਦ ਕਾਲੇ ਪਾਣੀ ਜਾ: ਜ਼ਬਤ |
| ,, | ਗੁਰਦਿਤ ਸਿੰਘ | ,, | ਗੁਰਮੁਖ ਸਿੰਘ | ਸੁਰ ਸਿੰਘ | ਲਾਹੌਰ | ,, ,, ,, |
| ,, | ਹਰਨਾਮ ਸਿੰਘ ਟੁੰਡੀਲਾਟ | | | ਹਰਿਆਣਾ | ਹੁਸ਼ਿਆਰ | ,, ,, ,, |
| ,, | ਇੰਦ੍ਰ ਸਿੰਘ ਗੁੰਬੀ | ,, | ਆਲਾ ਸਿੰਘ | ਮਲਾ | ਲੁਧਿਆਣਾ | ,, ,, ,, |
| ,, | ਇੰਦਰ ਸਿੰਘ | ,, | ਗੰਡਾ ਸਿੰਘ | ਭਸੀਣ | ਲਾਹੌਰ | ,, ,, ,, |
| ,, | ਇੰਦਰ ਸਿੰਘ | ,, | ਮੂਲਾ ਸਿੰਘ | ਸੁਰ ਸਿੰਘ | ਲਾਹੌਰ | ,, ,, ,, |
| ਸ੍ਰੀ | ਜਗਤ ਰਾਮ | ਸ੍ਰੀ | ਦਿਤੂ ਮਲ | ਹਰਿਆਣਾ | ਹੁਸ਼ਿਆਰ ਪੁਰ | ,, ,, ,, |
| ,, | ਜਮਨਾ ਦਾਸ | ,, | ਹਰੀ ਰਾਮ | ਬੜਾ ਗਾਓ | ਬਾਬਰ ਬੰਕੀ ਯੂ. ਪੀ. | ਤਿੰਨ ਸਾਲ ਸਖਤ ਕੈਦ |
| ਸ: | ਜਵੰਦ ਸਿੰਘ | ਸ: | ਉਤਮ ਸਿੰਘ | ਸੁਰ ਸਿੰਘ | ਲਾਹੌਰ | ਉਮਰ ਕੈਦ ਕਾਲੇ ਪਾਣੀ ਜਾਇਦਾਦ ਜ਼ਬਤ |
| ,, | ਕਾਲਾ ਸਿੰਘ | ,, | ਗੁਲਾਬ ਸਿੰਘ | ਅੰਮ੍ਰਿਤਸਰ | ਅੰਮ੍ਰਿਤਸਰ | ,, ,, ,, |

Digitized by Panjab Digital Library | www.panjabdigilib.org

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ | | |
|---|---|---|---|---|---|---|
| | | | | ਸਜ਼ਾ ਉਮਰ ਕੈਦ | ਕਾਲੇ ਪਾਣੀ | ਜਾਇਦਾਦ ਜ਼ਬਤ |
| ਸ: ਜਵਾਲਾ ਸਿੰਘ | ਸ: ਘਨੀਯਾ ਸਿੰਘ | ਠੱਟੀਆਂ | ਅੰਮ੍ਰਿਤਸਰ | | | |
| ,, ਕੇਸਰ ਸਿੰਘ | ,, ਭੂਪ ਸਿੰਘ | ਠਠਗੜ | ਅੰਮ੍ਰਿਤਸਰ | ,, | ,, | ,, |
| ,, ਖੁਸ਼ਹਾਲ ਸਿੰਘ | ,, ਸੁਚੇਤ ਸਿੰਘ | ਪਧਰੀ | ਅੰਮਿਤਸਰ | ,, | ,, | ,, |
| ,, ਕੇਹਰ ਸਿੰਘ | ,, ਨਿਹਾਲ ਸਿੰਘ | ਮਰਹਾਣਾ | ,, | ,, | ,, | ,, |
| ,, ਖੜਕ ਸਿੰਘ | ,, ਗੰਡਾ ਸਿੰਘ | ਬੋਪਾ ਰਾਇ ਕਲਾਂ | ਲੁਧਿਆਣਾ | ,, | ,, | ,, |
| ,, ਕ੍ਰਿਪਾਲ ਸਿੰਘ | ,, ਨਰੈਣ ਸਿੰਘ | ਬੋਪਾ ਰਾਇ ਕਲਾਂ | ਲੁਧਿਆਣਾ | ,, | ,, | ,, |
| ,, ਲਾਲ ਸਿੰਘ | ,, ਮੀਹਾਂ ਸਿੰਘ | ਭੂਰੇ | ਅੰਮਿਤਸਰ | ,, | ,, | ,, |
| ,, ਮਦਨਸਿੰਘ | ,, ਮਲ ਸਿੰਘ | ਗਾਗਾ | ਲਾਹੌਰ | ,, | ,, | ,, |
| ,, ਮੰਗਲ ਸਿੰਘ | ,, ਸਰਮੁਖ ਸਿੰਘ | ਲਾਲ ਪੁਰ | ਅੰਮ੍ਰਿਤਸਰ | ,, | ,, | ,, |
| ,, ਨੰਦ ਸਿੰਘ | ,, ਰਾਮ ਸਿੰਘ | ਕੈਲਾ | ਲੁਧਿਆਣਾ | ,, | ,, | ,, |
| ,, ਨਿਧਾਨ ਸਿੰਘ | ,, ਸੁੰਦਰ ਸਿੰਘ | ਚੁਗਾ | ਫੀਰੋਜ਼ਪੁਰ | ,, | ,, | ,, |
| ਸ੍ਰੀ ਪਰਮਾ ਨੰਦ | ਸ੍ਰੀ ਗਿਆ ਪ੍ਰਸਾਦ | ਸੁਕਰਾਦਾ ਖਰਕਾ | ਹਮੀਰਪੁਰ (ਯੂ.ਪੀ.) | ,, | ,, | ,, |
| ਸ੍ਰੀ ਪਰਮਾ ਨੰਦ | ਸ੍ਰੀ ਤਾਰਾ ਚੰਦ | ਕਰਯਾਲਾ | ਜੇਹਲਮ | ,, | ,, | ,, |
| ਸ: ਪ੍ਰਿਥੀ ਸਿੰਘ | ਸ: ਸ਼ਾਦੀ ਰਾਮ | ਸਾਭੂ (ਲਾਲੜੂ) | ਰਿ: ਪਟਿਆਲਾ | ,, | ,, | ,, |
| ,, ਪਿਆਰਾ ਸਿੰਘ | ,, ਲਖਾ ਸਿੰਘ | ਲੰਗੇਰੀ | ਹੁਸ਼ਿਆਰ ਪੁਰ | ,, | ,, | ,, |
| ,, ਪੂਰਨ ਸਿੰਘ | ,, ਹੁਸ਼ਿਆਰ ਸਿੰਘ | ਈਸੇਵਾਲ | ਲੁਧਿਆਣਾ | ,, | ,, | ,, |
| ਸ੍ਰੀ ਰਾਮ ਸਰਨ ਦਾਸ | ਸ੍ਰੀ ਸੰਤ ਰਾਮ | ਕਪੂਰਥਲਾ | ਰਿ: ਕਪੂਰਥਲਾ | ,, | ,, | ,, |
| ਸ: ਰੋੜਾ ਸਿੰਘ | ਸ: ਵਿਸਾਵਾ ਸਿੰਘ | ਰੋੜਾ | ਫੀਰੋਜ਼ਪੁਰ | ,, | ,, | ,, |
| ਸ: ਰੁਲੀਆ ਸਿੰਘ | ਸ: ਜਗਤ ਸਿੰਘ | ਸਰਾਭਾ | ਲੁਧਿਆਣਾ | ,, | ,, | ,, |
| ਸ: ਸਾਵਣ ਸਿੰਘ | ਸ: ਖੁਸ਼ਾਲ ਸਿੰਘ | ਚਬਾ | ਅੰਮ੍ਰਿਤਸਰ | ,, | ,, | ,, |
| ਸ: ਸ਼ੇਰ ਸਿੰਘ | ਸ: ਕੇਸਰ ਸਿੰਘ | ਵੇਈਂ ਪੁਈਂ | ਅੰਮ੍ਰਿਤਸਰ | ,, | ,, | ,, |
| ਸ: ਸੋਹਨ ਸਿੰਘ | ਸ: ਕਰਮ ਸਿੰਘ | ਭਕਨਾ | ਅੰਮ੍ਰਿਤਸਰ | ,, | ,, | ,, |
| ਸ: ਊਧਮ ਸਿੰਘ | ਸ: ਮੇਵਾ ਸਿੰਘ | ਕਸੇਲ | ਅੰਮ੍ਰਿਤਸਰ | ,, | ,, | ,, |
| ਸੰਤ ਵਿਸਾਖਾ ਸਿੰਘ | ਸ: ਦਯਾਲ ਸਿੰਘ | ਦਦੇਹਰ | ਅੰਮ੍ਰਿਤਸਰ | ,, | ,, | ,, |

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਸ: ਵਿਸਾਖਾ ਸਿੰਘ | ਸ: ਈਸ਼ਰ ਸਿੰਘ | ਗਿਲਵਾਲੀ | ਅੰਮ੍ਰਿਤਸਰ | ,, ,, ,, |
| ਸ: ਰੂੜ ਸਿੰਘ | ਸ: ਅਤਰ ਸਿੰਘ | ਚੂਹੜ ਚੱਕ | ਫੀਰੋਜ਼ਪੁਰ | ,, ,, ,, |
| ਸ: ਸਜਣ ਸਿੰਘ | ਸ: ਮੋਹਨ ਸਿੰਘ | ਨਾਰੰਗਵਾਲ | ਲੁਧਿਆਣਾ | ,, ,, ,, |
| ਸ੍ਰੀ ਰਾਮ ਰਖਾ | ਸ੍ਰੀ ਜਵਾਹਰ ਰਾਮ | ਸਸੋਲੀ | ਹੁਸ਼ਿਆਰ ਪੁਰ | ,, ,, ,, |
| ਸ: ਹਜ਼ਾਰਾ ਸਿੰਘ | ਸ: ਬੇਲਾ ਸਿੰਘ | ਦਦੇਹਰ | ਅੰਮ੍ਰਿਤਸਰ | ,, ,, ,, |
| ਸ: ਹਰੀ ਸਿੰਘ | ਸ: ਭਿਖਾ ਸਿੰਘ | ਨਥਾਣਾ | ਫੀਰੋਜ਼ਪੁਰ | ,, ,, ,, |
| ਰਹਿਮਤ ਅਲੀ | | ਵਜ਼ੀਦ ਕੇ | ਰਿ: ਪਟਿਆਲਾ | ,, ,, ,, |
| ਸ: ਬਖਸ਼ੀਸ਼ ਸਿੰਘ | ਸ: ਦੇਵਾ ਸਿੰਘ | ਖਾਨ ਪੁਰ | ਲੁਧਿਆਣਾ | ,, ,, ,, |
| ਸ: ਜੀਵਨ ਸਿੰਘ | ਸ: ਵਜ਼ੀਰ ਸਿੰਘ | ਧੂਰੇ ਸਿੰਘ ਵਾਲ | ਪਟਿਆਲਾ | ,, ,, ,, |
| ਸ: ਲਾਲ ਸਿੰਘ | ਸ: ਦਯਾ ਸਿੰਘ | ਸਹਾਬਾਨਾ | ਲੁਧਿਆਣਾ | ,, ,, ,, |
| ਸ: ਧਿਆਨ ਸਿੰਘ | ਸ: ਕਰਮ ਸਿੰਘ | ਉਮਰ ਪੁਰਾ | ਅੰਮ੍ਰਿਤਸਰ | ,, ,, ,, |
| ਸ: ਗਾਂਧਾ ਸਿੰਘ ਉ: ਭਗਤ ਸਿੰਘ | ਪਿਤਾ ਜਵਾਲਾ ਸਿੰਘ | ਕਚਰ ਭਨ | ਫੀਰੋਜ਼ਪੁਰ | ਨੂੰ ਸਪੈਸ਼ਲ ਟਰਿਬੂਨਲ ਨੇ ਮੌਤ ਦੀ ਸਜ਼ਾ ਦਿਤੀ |
| ਸ: ਬਿਆਮ ਸਿੰਘ | ਸ: ਦਯਾਲ ਸਿੰਘ | ਬੀਰਾਜ | ਪਟਿਆਲਾ | ਬੰਬ ਫਟਣ ਨਾਲ ਰਬੇ ਦੇ ਡਾਕੇ ਵਿਚ ਮਾਰੇ ਗਏ |
| ਸ: ਸੁਰਜਨ ਸਿੰਘ | ਸ: ਬੂਟਾ ਸਿੰਘ | ਫਤੇ ਗੜ | ਹੁਸ਼ਿਆਰ ਪੁਰ | ਨੂੰ ਸੈਸ਼ਨ ਜੱਜ ਫੀਰੋਜ਼ਪੁਰ ਨੇ ਮੌਤ ਦੀ ਸਜ਼ਾ ਦਿਤੀ ਅਤੇ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ |
| ਡਾ: ਹਰਦਿਤ ਸਿੰਘ | | | ਅੰਮ੍ਰਿਤਸਰ | |
| ਸ: ਹਰਨਾਮ ਸਿੰਘ | | ਹਰਿਆਣਾ | ਹੁਸ਼ਿਆਰ ਪੁਰ | |
| ਸ: ਹਜ਼ਾਰਾ ਸਿੰਘ | | ਦਦੇਹਰ | ਅੰਮ੍ਰਿਤਸਰ | |
| ਸ: ਹਰੀ ਸਿੰਘ | | ਨਥਾਣਾ | ਫੀਰੋਜ਼ ਪੁਰ | |
| ਸ: ਹਿਰਦੇ ਰਾਮ | | | ਰਿਆਸਤ ਮੰਡੀ | |
| ਸ: ਜਵਾਲਾ ਸਿੰਘ | | ਠਟੀਆ | ਅੰਮ੍ਰਿਤਸਰ | |
| ਸ: ਸ਼ਿਵ ਸਿੰਘ | | ਕੋਟਲਾ | ਹੁਸ਼ਿਆਰ ਪੁਰ | |
| ਸ: ਪ੍ਰੇਮ ਸਿੰਘ | ਸ: ਜੀਵਨ ਸਿੰਘ | ਸੁਰ ਸਿੰਗ | ਲਾਹੌਰ | ਫਾਂਸੀ |
| ਸ: ਸਜਣ ਸਿੰਘ | ਸ: ਝੰਡਾ ਸਿੰਘ | ਸੁਰ ਸਿੰਘ | ਲਾਹੌਰ | ਫਾਂਸੀ |

Digitized by Panjab Digital Library | www.panjabdigilib.org

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਸ: ਇੰਦਰ ਸਿੰਘ | ਸ: ਗੁਰਮੁਖ ਸਿੰਘ | ਪਧਰੀ ਕਲਾਂ | ਅੰਮ੍ਰਿਤਸਰ | ਫਾਂਸੀ |
| ਸ: ਵੀਰ ਸਿੰਘ | ਸ: ਖੜਕ ਸਿੰਘ | ਸਹੋਲ | ਅੰਮ੍ਰਿਤਸਰ | ਫਾਂਸੀ |
| ਸ: ਬਘੇਲ ਸਿੰਘ | ਸ: ਬਲ ਸਿੰਘ | ਬੂੜ ਚੰਦ | ਲਾਹੌਰ | ਫਾਂਸੀ |
| ਸ: ਲਾਲ ਸਿੰਘ | ਸ: ਸੁਚੇਤ ਸਿੰਘ | ਪਧਰੀ ਕਲਾਂ | ਅੰਮ੍ਰਿਤਸਰ | ਉਮਰ ਕੈਦ ਕਾਲੇ ਪਾਣੀ |
| ਸ: ਖਜਾਨ ਸਿੰਘ | ਸ: ਬੂੜ ਸਿੰਘ | ਬੂੜ ਚੰਦ | ਅੰਮ੍ਰਿਤਸਰ | ਚਾਰ ਸਾਲ ਕੈਦ |
| ਭਾਈ ਹਜ਼ਾਰਾ ਸਿੰਘ | | ਕੂਕਾ ਭੈਣੀ | ਲੁਧਿਆਣਾ | ਮੇਰਠ ਦੀ ਛਾਉਣੀ ਫਾਂਸੀ ਲਗੇ |
| ਭਾਈ ਈਸ਼ਰ ਸਿੰਘ | | ਰਕਬਾ | ਲੁਧਿਆਣਾ | ,, ,, ,, |
| ਡਾ: ਮਥਰਾ ਸਿੰਘ | | ਢੁਡਿਆਲ | ਰਾਵਲ ਪਿੰਡੀ | ,, ,, ,, |

ਕੁਝ ਸਿੰਘ ਸਜ਼ਾ ਹੋਇ ਪਿਛੋਂ ਈਰਾਨ ਵਿਚ ਫੜੇ ਗਏ ਤੇ ਫਾਂਸੀ ਲਗੇ।

ਰਸਾਲਾ ਨੰਬਰ ੧੩ ਵਿਚੋਂ ਭਾਈ ਲਛਮਣ ਸਿੰਘ ਦਸ ਹੋਰ ਸਿੰਘਾਂ ਸਮੇਤ ਮੇਰਠ ਦੀ ਛਾਉਣੀ ਫਾਂਸੀ ਲਗੇ

ਇਤ ਆਦਿ ਕੁਝ ਸਿੰਘ ਪੁਲਸ ਨਾਲ ਮੁਕਾਬਲਾ ਕਰਦੇ ਸ਼ਹੀਦ ਅਤੇ ਹਰਨ ਹੋਏ।

ਨੋਟ:— ਦੋ ਸਿੰਘ ਖਡੂਰ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਦੇ ਸਨ ਜੋ ਉਥੇ ਸ਼ਹੀਦ ਹੋਏ ਉਹਨਾਂ ਦਾ ਪਤਾ ਨਹੀਂ ਲਚਦਾ।

Digitized by Panjab Digital Library | www.panjabdigilib.org

# ਦੂਜਾ ਮੁਕਦਮਾ ਸਾਜ਼ਸ਼ ਲਾਹੌਰ

## ੩੦ ਮਾਰਚ ੧੯੧੬ ਫਾਂਸੀ ਦੇ ਤਖਤੇ ਪਰ ਲਟਕਣ ਵਾਲੇ ਸ਼ਹੀਦਾਂ ਦੇ ਜੀਵਨ

ਰਖਣ ਸਦਾ ਅਡੋਲ ਚਿਤ ਲਖਾਂ ਵਗਣ ਤੁਫਾਨ,
ਧਰਮ ਯੁਧ ਦੇ ਵਾਸਤੇ ਲਾਵਨ ਆਪਣੀ ਜਾਨ।

## ਭਾਈ ਉਤਮ ਸਿੰਘ ਜੀ

ਅਕਲ ਸ਼ਕਲ ਵਾਲਾ ਸਰੂ ਕੱਦ ਸੋਹਣਾ, ਜੀਹਨੂੰ ਦੇਖ ਜੀਉੜਾ ਨਹੀਂ ਰਜਦਾ ਸੀ।
ਇਹਨਾਂ ਅਖੀਆਂ ਦੇ ਨਾਲ ਦੇਖਿਆ ਮੈਂ, ਸ਼ੇਰ ਪਿੰਜਰੇ ਵਿਚ ਭੀ ਗੱਜਦਾ ਸੀ।
ਛਾਤੀ ਤਾਣ ਮੈਦਾਨ ਦੇ ਵਿਚ ਲੱਥਾ, ਜਦੋਂ ਬਿਗਲ ਲੜਾਈ ਦਾ ਵੱਜਦਾ ਸੀ।
ਇਹਦੀ ਨੇਕ ਨੁਹਾਰ ਦੇ ਨਾਲ ਸਾਥੀ, ਤਖਤਾ ਫਾਂਸੀ ਦਾ ਕਹਿਣ ਸੱਜਦਾ ਸੀ।

ਆਪ ਪਿੰਡ ਹਾਂਸ ਜ਼ਿਲਾ ਲੁਧਿਆਣਾ ਤਹਿਸੀਲ ਜਗਰਾਵਾਂ ਦੇ ਰਹਿਣ ਵਾਲੇ ਸਨ। ਆਪ ਦਾ ਨਾਮ ਪਿੰਡ ਵਿਚ ਰਾਘੋ ਸਿੰਘ ਪ੍ਰਸਿਧ ਸੀ, ਆਪ ਦੇ ਪਿਤਾ ਦਾ ਨਾਮ ਜੀਤਾ ਸਿੰਘ ਸੀ। ਜਿਥੇ ਆਪ ਬੜੇ ਖੂਬਸੂਰਤ ਤੇ ਦਰਸ਼ਨੀ ਜੁਆਨ ਸਨ, ਉਥੇ ਨਾਲ ਹੀ ਇਨਸਾਫ ਪਸੰਦ ਤੇ ਜ਼ੁਲਮ ਦੇ ਵੈਰੀ ਭੀ ਸਨ। ਆਪ ਕੈਨੇਡਾ ਨੂੰ ਚਲੇ ਗਏ ਤੇ ਉਧਰ ਦਿਲ ਖੋਹਲ ਕੇ ਕੌਮੀ ਸੇਵਾ ਕਰਦੇ ਰਹੇ। ਓੜਕ ਏਸੇ ਸਿਲਸਿਲੇ ਵਿਚ ਆਪ ੧੯੧੪-੧੫ ਦੇ ਕੌਮੀ ਪ੍ਰਵਾਨਿਆਂ ਨਾਲ ਚੋਣਵੇਂ ਸਜਣਾਂ ਦੀ ਹੈਸੀਅਤ ਵਿਚ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਤੋਸ਼ਾਮਾਰੂ ਜਹਾਜ਼ ਵਿਚ ਹਿੰਦੁਸਤਾਨ ਪਹੁੰਚੇ। ਇਧਰ ਆਉਂਦਿਆਂ ਹੀ ਆਪ ਨੇ ਕੰਮ ਆਰੰਭ ਕਰ ਦਿਤਾ ਤੇ ਕੌਮੀ ਫਕੀਰ ਬਣ ਕੇ ਦਿਨ ਰਾਤ ਇਸੇ ਕੰਮ ਵਿਚ ਲਗੇ ਰਹੇ। ਆਪ ਦੀਆਂ ਸਰਗਰਮੀਆਂ ਨੂੰ ਤਕ ਕੇ ਪੁਲਸ ਭੀ ਆਪ ਦਾ ਖਾਸ ਖਿਆਲ ਰਖਦੀ ਸੀ। ਸਾਲ ਭਰ ਆਪ ਨੇ ਖੂਬ ਦਿਲ ਖੋਲ੍ਹ ਕੇ ਕੰਮ ਕੀਤਾ। ਓੜਕ ਅਗਸਤ ੧੯੧੫ ਵਿਚ ਆਪ ਫਰੀਦਕੋਟ ਦੀ ਰਿਆਸਤ ਵਿਚ ਮਹਿਮੇਂ ਸਰਜਿਉਂ ਭਾਈ ਪੂਰਨ ਸਿੰਘ ਉਰਫ ਈਸ਼ਰ ਸਿੰਘ ਢੁਡੀਕੇ ਨਾਲ ਫੜੇ ਗਏ ਤੇ ਦੂਜੇ ਮੁਕਦਮਾ ਸਾਜ਼ਸ਼ ਵਿਚ ਆਪ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਜਿਸ ਨੂੰ ਸੁਣ ਕੇ ਆਪ ਨੇ ਅਦਾਲਤ ਦਾ ਧੰਨਵਾਦ ਕੀਤਾ ਤੇ ਅਜ਼ਾਦੀ ਦੇ ਗੀਤ ਗਾਉਂਦੇ ਹੋਏ ਹੱਸੂ ਹੱਸੂ ਕਰਦੇ ਜੂਨ ੧੯੧੬ ਵਿਚ ਸੈਂਟਰਲ ਜੇਲ੍ਹ ਲਹੌਰ ਵਿਚ ਫਾਂਸੀ ਚੜ੍ਹ ਗਏ।

ਆਪ ਆਜ਼ਾਦੀ ਦੇ ਇਤਨੇ ਪ੍ਰੇਮੀ ਸਨ ਕਿ ਹਵਾਲਾਤ ਵਿਚ ਬੰਦ ਹੋਏ ਪੁਲਿਸ ਕਰਮਚਾਰੀਆਂ ਨੂੰ ਭੀ ਇਹੋ ਸਿਖਿਆ ਦਿਆ ਕਰਦੇ ਸਨ। ਜਿਹਾ ਕਿ ਇਕ ਦਿਨ ਕੁਤਵਾਲੀ ਵਿਚ ਆਪ ਇਸ਼ਨਾਨ ਕਰ ਰਹੇ ਸਨ ਤਾਂ ਇਕ ਇਨਸਪੈਕਟਰ ਦਾ ਲੜਕਾ ਆਪ ਪਾਸ ਆਇਆ, ਆਪ ਨੇ ਉਸ ਨੂੰ ਕਿਹਾ ਕਾਕਾ ਤੂੰ ਅਜ਼ਾਦੀ ਚਾਹੁੰਦਾ ਹੈਂ ਕਿ ਗੁਲਾਮੀ ? ਉਸ ਲੜਕੇ ਨੇ ਉਤਰ ਦਿਤਾ ਕਿ ਅਜ਼ਾਦੀ। ਤਾਂ ਆਪ ਨੇ ਇਨਸਪੈਕਟਰ ਨੂੰ ਕਿਹਾ ਕਿ ਦੇਖ ਮੀਆਂ ਤੇਰੇ ਨਾਲੋਂ ਤਾਂ ਇਹ ਬਚਾ ਹੀ ਚੰਗਾ ਹੈ ਜਿਹੜਾ ਕਿ ਆਜ਼ਾਦੀ ਚਾਹੁੰਦਾ ਹੈ ਤੇ ਤੂੰ ਦਿਨੇ ਰਾਤ ਲੋਕਾਂ ਨੂੰ ਗੁਲਾਮੀ ਦੇ

Digitized by Panjab Digital Library | www.panjabdigilib.org

ਸੰਗਲਾਂ ਵਿਚ ਬੰਨ੍ਹ ਰਿਹਾ ਹੈਂ. ਤੈਨੂੰ ਇਸ ਆਪਣੇ ਪੁਤਰ ਤੋਂ ਸਿਖਿਆ ਲੈਣੀ ਚਾਹੀਦੀ ਹੈ। ਇਹ ਸੁਣ ਕੇ ਉਹ ਅਫਸਰ ਚੁਪ ਹੋ ਗਿਆ।

ਅਦਾਲਤ ਵਿਚ ਇਕ ਘੁਮਾਰ ਜਿਸ ਦੀ ਹਾਲਤ ਬਹੁਤ ਭੈੜੀ ਸੀ, ਆਪ ਦੇ ਵਿਰੁਧ ਗਵਾਹੀ ਦੇਣ ਲਈ ਆਇਆ ਤਾਂ ਆਪ ਨੇ ਉਸ ਦੀ ਦਸ਼ਾ ਨੂੰ ਦੇਖ ਕੇ ਕਿਹਾ ਕਿ ਦੇਖੋ ਇਹ ਦਸ਼ਾ ਹੈ ਸਾਡੇ ਭਰਾਵਾਂ ਦੀ! ਇਸ ਵਿਚਾਰੇ ਨੂੰ ਕੀ ਪਤਾ ਹੈ ਕਿ ਅਸੀਂ ਕਿਸ ਜੁਰਮ ਵਿਚ ਫੜੇ ਹੋਏ ਹਾਂ। ਇਸ ਪੁਰ ਰੰਜ ਕਰਨਾ ਸਰਾਸਰ ਸਾਡੀ ਬੇਵਕੂਫੀ ਹੈ। ਇਹ ਕਹਿੰਦੇ ਹੋਇਆਂ ਆਪ ਦੇ ਅੱਖਾਂ ਵਿਚ ਅਥਰੂ ਭਰ ਆਏ। ਇਹੋ ਜਿਹੀਆਂ ਅਨੇਕਾਂ ਗਲਾਂ ਆਪ ਦੀ ਰਹਿਮ ਦਿਲੀ, ਨਿਡਰਤਾ ਤੇ ਹੁਬਲ ਵਤਨੀ ਦੀਆਂ ਹਨ।

ਜਿਸ ਵੇਲੇ ਆਪ ਗ੍ਰਿਫਤਾਰ ਕਰਕੇ ਲੁਧਿਆਣੇ ਰੇਲਵੇ ਹਵਾਲਾਤ ਵਿਚ ਲਿਆਂਦੇ ਗਏ ਤਾਂ ਅਫਸਰਾਂ ਨੇ ਆਪ ਨੂੰ ਪੁਛਿਆ, 'ਸਰਦਾਰ ਜੀ ਦਸੋ ਤੁਸੀਂ ਕਿਥੇ ਕਿਥੇ ਰਹੇ, ਕਿਥੇ ਕਿਥੇ ਗਏ ਤੇ ਕੀ ਕੁਝ ਕੀਤਾ' ਆਪ ਨੇ ਸਹਿਜ ਸੁਭਾਉ ਉਤਰ ਦਿਤਾ, 'ਤੁਸੀਂ ਪੁਛ ਕੇ ਕੀ ਕਰੋਗੇ ? ਕੀ ਮੈਨੂੰ ਫਾਂਸੀ ਦੇ ਦਿਓਗੇ ਜਾਂ ਛੱਡ ਦੇਵੋਗੇ' ਉਨ੍ਹਾਂ ਉਤਰ ਦਿਤਾ ਕਿ ਨਹੀਂ ਅਸੀਂ ਤੁਹਾਨੂੰ ਅਦਾਲਤ ਵਿਚ ਲੈ ਜਾਵਾਂਗੇ' ਭਾਈ ਸਾਹਿਬ ਨੇ ਉਤਰ ਦਿਤਾ ਕਿ ਫਿਰ ਸਾਡਾ ਤੁਹਾਡੇ ਨਾਲ ਕੀ ਵਾਸਤਾ ਹੈ। ਅਸੀਂ ਜੋ ਕੁਝ ਕਹਿਣਾ ਹੋਊ ਅਦਾਲਤ ਵਿਚ ਹੀ ਕਹਿ ਲਵਾਂਗੇ। ਇਹ ਸੁਣ ਕੇ ਉਹ ਅਫਸਰ ਨਿਮੋਝੂਣੇ ਹੋ ਕੇ ਟੁਰ ਗਏ।

ਇਸੇ ਤਰ੍ਹਾਂ ਇਕ ਅਫਸਰ ਨਾਲ ਗਲ ਬਾਤ ਕਰਦਿਆਂ ਆਪ ਨੇ ਉਸ ਨੂੰ 'ਤੂੰ' ਕਹਿ ਕੇ ਮੁਖਾਤਬ ਕੀਤਾ ਤਾਂ ਉਸ ਅਫਸਰ ਨੇ ਕਿਹਾ ਕਿ 'ਮੈਂ ਇਕ ਅਫਸਰ ਹਾਂ ਤੁਸੀਂ ਮੇਰੇ ਨਾਲ ਜ਼ਰਾ ਸੋਚ ਸਮਝ ਕੇ ਬੋਲੋ' ਤਾਂ ਆਪ ਨੇ ਉਤਰ ਦਿਤਾ ਕਿ ਜਿਸ ਦੇ ਮੁਕਾਬਲੇ ਵਿਚ ਅਜ ਮੈਂ ਫੜਿਆ ਹੋਇਆ ਹਾਂ ਤੂੰ ਉਸ ਦੇ ਨੌਕਰਾਂ ਦਾ ਪੜ-ਨੌਕਰ ਹੈਂ। ਦਸ ਮੈਂ ਤੈਨੂੰ ਤੂੰ ਨ ਕਹਾਂ ਤਾਂ ਹੋਰ ਕੀ ਕਹਾਂ, ਤੇਰੀ ਮੇਰੇ ਸਾਹਮਣੇ ਇਹ ਹੈਸੀਅਤ ਹੈ। ਇਹ ਸੁਣ ਕੇ ਉਹ ਅਫਸਰ ਸ਼ਰਮਿੰਦਾ ਹੋ ਗਿਆ ਤੇ ਘੁਟ ਵਟ ਕੇ ਇਨਾਂ ਅਖਰਾਂ ਨੂੰ ਵਿਚੇ ਵਿਚ ਪੀ ਗਿਆ।

ਜਦ ਆਪ ਦੇਸ਼ ਭਗਤਾਂ ਦੇ ਕੰਮਾਂ ਵਿਚ ਰੁਝੇ ਹੋਏ ਏਧਰ ਉਧਰ ਫਿਰ ਰਹੇ ਸਨ ਤਾਂ ਆਪ ਦਾ ਹਿਰਦਾ ਭਗਤੀ ਭਾਵ ਦੇ ਉਮਾਹ ਵਿਚ ਇਤਨਾ ਪ੍ਰਸੰਨ ਰਹਿੰਦਾ ਸੀ ਕਿ ਆਪ ਸਿਦਕ ਤੇ ਭਰੋਸੇ ਵਿਚ ਇਤਨੇ ਨਿਮਗਨ ਤੇ ਅਡੋਲ ਸਨ ਕਿ ਸਦਾ ਗੁਰੂ ਦਸਮ ਪਾਤਸ਼ਾਹ ਜੀ ਦੇ ਇਸ ਸਵੱਯੇ ਦਾ ਪਾਠ ਕਰਦੇ ਰਹਿੰਦੇ ਸਨ।

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਯਤ, ਤੌ ਕਿਹ ਕੁੰਟ ਕਾਹਉ ਭਜ ਜਯੇ ॥
ਆਗੇ ਹੂੰ ਕਾਲ ਧਰੇ ਅਸਿਗਾਜਤ, ਛਾਜਤ ਹੈ ਜਿਹਤੇ ਨਸ ਜਯੇ ॥
ਐਸੋ ਨ ਕੈ ਗਯੋ ਕੋਊ ਸਦਾਵਰੇ, ਜਾਹਿ ਉਪਾਵਜ ਆਣ ਬਚਯੇ ॥
ਜਾਂਤੇ ਨ ਛੂਟੀਐ ਮੂੜ ਕਹੂੰ ਹਸਿ, ਤਾਂ ਕੀ ਨ ਕਿਉਂ ਸਰਣਾਗਤਿ ਜਯੇ ॥

ਆਪ ਨੇ ਫਾਂਸੀ ਚੜ੍ਹਨ ਸਮੇਂ ਤਕ ਇਹ ਸਿਦਕ ਨਿਭਾਇਆ। ਆਪ ਜਦ ਪਿੰਡ ਮਹਿਮਾ ਸਰਜਾ ਵਿਚ ਗ੍ਰਿਫਤਾਰ ਹੋਏ ਤਦ ਸਾਧੂ ਲਿਬਾਸ ਵਿਚ ਭਗਵੇਂ ਕਪੜੇ ਪਹਿਨੇ ਹੋਏ ਬਾਹਰ ਖੇਤਾਂ ਵਿਚ ਭਾ: ਈਸ਼ਰ ਸਿੰਘ ਸਮੇਤ ਸੈਰ ਕਰ ਰਹੇ ਸਨ ਤੇ ਆਪ ਦਾ ਐਟੋਮੈਟਿਕ ਪਸਤੌਲ ਨਿਵਾਸ ਅਸਥਾਨ ਤੇ ਪਿਆ ਸੀ। ਪਿੰਡ ਦੇ ਲੋਕਾਂ ਨੇ ਆਪ ਨੂੰ ਡਾਕੂ ਸਮਝਿਆ। ਇਸ ਦਾ ਕਾਰਨ ਇਹ ਸੀ ਕਿ ਇਕ ਦਿਨ ਪਿੰਡ ਦੇ ਲੋਕਾਂ ਕਿਹਾ ਕਿ 'ਸੰਤੋ! ਆਪ ਗਜਾ ਕਰਕੇ ਭੋਜਨ ਲੈ

Digitized by Panjab Digital Library | www.panjabdigilib.org

ਆਇਆ ਕਰੋ' ਤਾਂ ਭਾਈ ਉਤਮ ਸਿੰਘ ਬੋਲੇ । 'ਮੰਗਣਾ ਖਾਲਸੇ ਦਾ ਧਰਮ ਨਹੀਂ' ਏਥੋਂ ਲੋਕਾਂ ਨੂੰ ਸ਼ੱਕ ਪੈ ਗਿਆ, ਤੇ ਉਨਾਂ ਫਰੀਦਕੋਟ ਪੁਲਿਸ ਨੂੰ ਖਬਰ ਦੇ ਦਿਤੀ। ਜਦ ਪੁਲਸ ਵਾਲਿਆਂ ਆਪ ਨੂੰ ਫੜਿਆ ਤਾਂ ਆਪ ਨੇ ਉਨ੍ਹਾਂ ਨੂੰ ਭੀ ਦਸ਼ ਭਗਤੀ ਦਾ ਲੈਕਚਰ ਦੇਣਾ ਸ਼ੁਰੂ ਕਰ ਦਿਤਾ। ਉਸ ਵੇਲੇ ਅਫਸਰਾਂ ਨੂੰ ਇਨਾਂ ਦੀ ਅਸਲੀਅਤ ਦਾ ਪਤਾ ਲਗਾ । ਉਹ ਕਹਿਣ ਲਗੇ। ਸਰਦਾਰ ਜੀ ! ਅਸੀਂ ਤਾਂ ਤੁਹਾਨੂੰ ਡਾਕੂ ਸਮਝਕੇ ਫੜਿਆ ਹੈ, ਜੇ ਸਾਨੂੰ ਪਤਾ ਹੁੰਦਾ ਕਿ ਤੁਸੀਂ ਕੌਮੀ ਆਦਮੀ ਹੋ ਤਦ ਅਸੀਂ ਤੁਹਾਨੂੰ ਹਥ ਨ ਪਾਉਂਦੇ, ਹੁਣ ਅਸੀਂ ਤੁਹਾਡੀ ਗ੍ਰਿਫਤਾਰੀ ਨੂੰ ਰੋਕ ਨਹੀਂ ਸਕਦੇ ਇਸ ਲਈ ਮਜ਼ਬੂਰ ਹਾਂ ।

ਇਹ ਵਾਕਿਆ ੧੯ਸਤੰਬਰ ੧੯੧੫ ਦਾ ਹੈ, ਗਦਰ ਲਹਿਰ ਫੇਲ੍ਹ ਹੋਣ ਪਰ ਆਪ ਨੇ ਕਾਬਲ ਵਲ ਜਾਣ ਦਾ ਭੀ ਯਤਨ ਕੀਤਾ ਪਰ ਹੋਤੀ ਮਰਦਾਨ ਪੁਲਿਸ ਨੂੰ ਪਤਾ ਲਗ ਜਾਣ ਕਰਕੇ ਆਪ ਭਾਈ ਈਸ਼ਰ ਸਿੰਘ ਢੁਡੀਕੇ ਸਮੇਤ ਵਾਪਸ ਆ ਗਏ। ਆਪ ਉਤੇ ਕਈ ਅਲਜ਼ਾਮ ਸਨ। ਸਭ ਤੋਂ ਵਡਾ ਇਹ ਸੀ ਕਿ ਵੱਲਾ ਨਹਿਰ ਦੇ ਪੁਲ ਤੇ ਜੋ ਗਾਰਦ ਪਰ ਹਮਲਾ ਹੋਇਆ ਤੇ ਕੁਝ ਸਿਪਾਹੀ ਮਾਰੇ ਗਏ । ਉਸ ਬਾਰੇ ਜੋ ਮੀਟਿੰਗ ਕਪੂਰਥਲੇ ਹੋਈ ਸੀ, ਉਸ ਵਿਚ ਆਪ ਸ਼ਾਮਲ ਸਨ । ਜੋ ੫ ਜੂਨ ੧੯੧੫ ਨੂੰ ਹੋਈ, ਇਸੇ ਅਪਰਾਧ ਵਿਚ ਆਪ ਨੂੰ ਫਾਂਸੀ ਦੀ ਸਜ਼ਾ ਹੋਈ, ਤੇ ੧੧ ਜੂਨ ਵੱਲੇ ਪੁਲ ਪਰ ਹਮਲਾ ਹੋਇਆ, ਜਿਸ ਵਿਚ ਦੋ ਫੌਜੀ ਸਿਪਾਹੀ ਮਾਰੇ ਗਏ ਸਨ।

ਆਪ ੧੮ ਜੂਨ ੧੯੧੬ ਨੂੰ ਲਾਹੌਰ ਸੈਂਟਰਲ ਜੇਲ ਵਿਚ ਐਤਵਾਰ ਵਾਲੇ ਦਿਨ ਸਵੇਰੇ ਆਪਣੇ ਚਾਰ ਹੋਰ ਸਾਥੀਆਂ ਸਮੇਤ ਫਾਂਸੀ ਲਗੇ। ਉਹ ਸਮਾਂ ਬੜਾ ਸਹਿਮ ਦਾ ਸੀ, ਜੰਗ ਦੇ ਦਿਨ ਸਨ । ਇਸ ਲਈ ਅਫ਼ਸਰ ਲੋਕ ਮੌਕਾ ਦੇਖਕੇ ਜਦ ਠੀਕ ਸਮਝਦੇ ਰਾਜਸੀ ਕੈਦੀਆਂ ਨੂੰ ਫਾਂਸੀ ਲਾ ਦਿੰਦੇ ਤੇ ਇਨਾਂ ਦੀਆਂ ਲੋਥਾਂ ਵੀ ਵਾਰਸਾ ਨੂੰ ਨਹੀਂ ਦਿਤੀਆਂ ਜਾਂਦੀਆਂ ਸਨ । ਜੇਲ੍ਹ ਦੇ ਹਾਤੇ ਵਿਚ ਹੀ ਸਸਕਾਰ ਕਰ ਦਿਤੀਆਂ ਜਾਂਦੀਆਂ ਸਨ। ਆਪ ਦੇ ਨਾਲ ਸ਼ਹੀਦ ਹੋਣ ਵਾਲੇ ਸਜਣਾਂ ਦੇ ਨਾਮ ਇਹ ਹਨ:–(੧) ਭਾਈ ਬੀਰ ਸਿੰਘ ਸਪੁਤਰ ਬੂਟਾ ਸਿੰਘ ਪਿੰਡ ਬਾਹੋਵਾਲ ਜ਼ਿਲਾ ਹੁਸ਼ਿਆਰਪੁਰ। (੨) ਭਾਈ ਈਸ਼ਰ ਸਿੰਘ ਸਪੁਤਰ ਸਜਣ ਸਿੰਘ ਢੁਡੀਕੇ ਜ਼ਿਲਾ ਫੀਰੋਜ਼ਪੁਰ । (੩) ਭਾ: ਰੰਗਾ ਸਿੰਘ ਸਪੁਤਰ ਸ: ਗੁਰਦਿਤ ਸਿੰਘ ਪਿੰਡ ਖੁਰਦਪੁਰ ਜ਼ਿਲਾ ਜਲੰਧਰ । (੪) ਭਾਈ ਰੂੜ ਸਿੰਘ ਸਪੁਤਰ ਸਮੁੰਦ ਸਿੰਘ ਪਿੰਡ ਤਲਵੰਡੀ ਦੁਸਾਂਝ ਤਹਿਸੀਲ ਮੋਗਾ, ਜ਼ਿਲਾ ਫਰੋਜ਼ਪੁਰ।

( ਪੰਜਾਬੀ ਰਤਨ )

## ਭਾਈ ਈਸ਼ਰ ਸਿੰਘ ਜੀ ਸ਼ਹੀਦ ਢੁਡੀਕੇ

( ਢੁਡੀਕੇ ਦੀ ਜੀਵਨ ਵਿਥਿਆ )

ਚੌਦਾਂ ਪੰਦਰਾ ਵਿਚ ਪ੍ਰਦੇਸੀਆਂ ਨੂੰ, ਜਦੋਂ ਖਿਆਲ ਆਇਆ ਹਿੰਦੁਸਤਾਨ ਸੀ।
ਚਾਉ ਉਠਿਆ ਜਿਨ੍ਹਾਂ ਦੇ ਦਿਲਾਂ ਅੰਦਰ, ਪਿਆਰਾ ਦੇਸ਼ ਆਜ਼ਾਦ ਕਰਾਉਣ ਦਾ ਸੀ।
ਸੈਆਂ ਕੋਹਾਂ ਤੋਂ ਘੱਤ ਵਹੀਰ ਆਏ, ਜੀਹਨਾਂ ਚਾਉ ਸ਼ਹੀਦੀਆਂ ਮਾਣ ਦਾ ਸੀ।
ਖਾਕ ਵਤਨ ਦੀ ਵਿਚ ਗਿਆ ਰੱਲ 'ਸਾਥੀ, ਹੀਰਾ ਇਕ ਇਹ ਭੀ ਹਿੰਦੁਸਤਾਨ ਦਾ ਸੀ।

ਆਪ ਪਿੰਡ ਢੁਡੀਕੇ ਜ਼ਿਲਾ ਫੀਰੋਜ਼ ਪੁਰ ਦੇ ਰਹਿਣ ਵਾਲੇ ਸਨ । ਆਪ ਦੇ ਪਿਤਾ ਸਰਦਾਰ ਸੱਜਣ ਸਿੰਘ ਜੀ ਇਕ ਚੰਗੇ ਖਾਨਦਾਨ ਨਾਲ ਸੰਬੰਧ ਰਖਦੇ ਹਨ। ਆਪ ਬਾਲ ਅਵਸਥਾ ਤੋਂ ਹੀ ਆਜ਼ਾਦੀ ਦੇ ਬੜੇ ਪ੍ਰੇਮੀ ਸਨ । ਆਪ ਦੀ ਉਮਰ ਫਾਂਸੀ ਆਉਣ ਸਮੇਂ ਤਕਰੀਬਨ੩੫ ਸਾਲ ਹੋਵੇਗੀ।

Digitized by Panjab Digital Library | www.panjabdigilib.org

ਆਪ ਬੜੇ ਕੂਲੇ ਪ੍ਰੰਤੂ ਅਣਖੀਲੇ ਨੌਜਵਾਨ ਸਨ। ਆਪ ੧੯੦੭ ਵਿਚ ਅਮਰੀਕਾ ਗਏ ਤੇ ੧੯੧੪ ਵਿਚ ਅਮਰੀਕਾ ਤੋਂ ਆਪਣੇ ਸਾਥੀਆਂ ਨਾਲ ਦੇਸ਼ ਦੀ ਆਜ਼ਾਦੀ ਲਈ ਇਧਰ ਆਏ, ਤੇ ਦਿਲ ਖੋਹਲ ਕੇ ਉਸ ਸਮੇਂ ਦੇ ਦੇਸ਼ ਭਗਤਾਂ ਨਾਲ ਦੇਸ਼ ਦੀ ਆਜ਼ਾਦੀ ਲਈ ਹਰ ਮੁਮਕਿਨ ਤਰੀਕੇ ਨਾਲ ਯਤਨ ਕਰਦੇ ਰਹੇ। ਆਪ ਇਤਨੇ ਨਿਡਰ ਸਨ, ਕਿ ਖੁਲ੍ਹਮ ਖੁਲ੍ਹਾ ਸੱਥ ਵਿਚ ਜਿੱਥੇ ਭੀ ਚਾਰ ਆਦਮੀ ਜੁੜੇ ਹੋਣ, ਆਪਣਾ ਲੈਕਚਰ ਸ਼ੁਰੂ ਕਰ ਦਿੰਦੇ ਸਨ। ਭਾਵੇਂ ਉਧਰੋਂ ਆਉਂਦਿਆਂ ਸਾਰ ਹੀ ਆਪ ਦੇ ਵਰੰਟ ਜਾਰੀ ਹੋ ਗਏ, ਪਰ ਆਪ ਤਕਰੀਬਨ ਡੇਢ ਸਾਲ ਨਿਰਭੈ ਹੋ ਕੇ ਆਪਣਾ ਕੰਮ ਕਰਦੇ ਰਹੇ ਤੇ ਆਪਣੇ ਪਿੰਡ ਵਿਚ ਹਮੇਸ਼ਾ ਆਉਂਦੇ ਰਹੇ, ਪਰ ਪੁਲਸ ਦਾ ਆਪ ਨੂੰ ਗ੍ਰਿਫ਼ਤਾਰ ਕਰਨ ਦਾ ਹੀਆ ਨਹੀਂ ਸੀ ਪੈਂਦਾ।

ਉੜਕ ਆਪ ਫਰੀਦ ਕੋਟ ਦੀ ਰਿਆਸਤ ਵਿਚ ਪਿੰਡ ਮਹਿਮੇਂ ਸਰਜਿਓਂ ਭਾਈ ਉਤਮ ਸਿੰਘ ਜੀ ਹਾਂਸ, ਜ਼ਿਲਾ ਲੁਧਿਆਣਾ ਦੇ ਨਾਲ ਫੜੇ ਗਏ। ਆਪ ਨੂੰ ਲੁਧਿਆਣੇ ਵਿਚ ਲਿਆਂਦਾ ਗਿਆ, ਤੇ ਪੁਲਸ ਨੇ ਆਪ ਉਤੇ ਉਹ ੨ ਸਖਤੀ ਭਰੇ ਜ਼ੁਲਮ ਕੀਤੇ ਕਿ ਜਿਨ੍ਹਾਂ ਨੂੰ ਇਕ ਸਾਧਾਰਨ ਆਦਮੀ ਸੁਣਕੇ ਭੀ ਸਹਾਰ ਨਹੀਂ ਸਕਦਾ। ਪੁਲੀਸ ਚਾਹੁੰਦੀ ਸੀ ਕਿ ਕਿਸੇ ਵੈਨਕੋਵਰ ਤੋਂ ਆਏ ਨੂੰ ਵਾਇਦਾ ਮੁਆਫ਼ ਬਣਾ ਕੇ ਸਾਰੇ ਉਧਰਲੇ ਦੇਸ਼ ਭਗਤਾਂ ਨੂੰ ਫੰਜਾਲਿਆ ਜਾਵੇ। ਇਹੋ ਵਜਾ ਸੀ ਕਿ ਆਪ ਉਤੇ ਸਖਤੀ ਕੀਤੀ ਗਈ, ਪ੍ਰੰਤੂ ਆਪ ਇਹ ਜਾਣਦੇ ਹੋਏ ਕਿ ਮੈਨੂੰ ਫਾਂਸੀ ਆਉਣੀ ਹੈ, ਕਿਉਂਕਿ ਆਪ ਦੇ ਵਿਰੁਧ ਬੜੇ ਸਖਤ ਇਲਜ਼ਾਮ ਸਨ। ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਪੁਲੀਸ ਦੀਆਂ ਸਭ ਸਖਤੀਆਂ ਆਪਣੇ ਉਤੇ ਝਲ ਕੇ ਅਡੋਲ ਰਹੇ। ੧੯ ਅਕਤੂਬਰ ੧੯੧੫ ਨੂੰ ਲਾਹੌਰ ਸਾਜ਼ਸ਼ ਦਾ ਦੂਜਾ ਮੁਕਦਮਾ ਆਪ ਉਤੇ ਚਲਿਆ। ਆਪ ਹਵਾਲਾਤ ਵਿਚ ਸਦਾ ਗੁਰ ਬਾਣੀ ਦਾ ਪਾਠ ਕਰਦੇ ਰਹਿੰਦੇ ਸਨ, ਤੇ ਹਮੇਸ਼ਾ ਖੁਸ਼ ਰਹਿੰਦੇ ਸਨ। ਆਪ ਦਾ ਘੁੰਗਰੀਲਾ ਦਾੜ੍ਹਾ ਅਜਿਹਾ ਸੋਹਣਾਂ ਲਗਦਾ ਸੀ ਕਿ ਸਿਪਾਹੀ ਆਪ ਦੇ ਦਾੜ੍ਹੇ ਉਤੇ ਹੱਥ ਫੇਰ ਕੇ ਦਾੜ੍ਹੇ ਦੀ ਸਿਫ਼ਤ ਕਰਦਾ ਹੋਇਆ ਨਹੀਂ ਸੀ ਰਜਿਆ ਕਰਦਾ। ਆਪ ਹਮੇਸ਼ਾ ਆਪਣੇ ਦਿਲ ਵਿਚ ਇਹੋ ਚਿਤਵਣੀ ਚਿਤਵਿਆਂ ਤੇ ਅਰਾਧਨਾ ਕਰਿਆ ਕਰਦੇ ਸਨ 'ਹੇ ਅਕਾਲ ਪੁਰਖ, ਉਹ ਦਿਨ ਛੇਤੀ ਲਿਆ, ਜਦੋਂ ਕਿ ਮੈਂ ਇਸ ਪਿਆਰੇ ਹਿੰਦੁਸਤਾਨ ਦੀ ਖਾਤਰ ਆਪਣਾ ਇਹ ਸਰੀਰ ਲੇਖੇ ਲਾ ਕੇ ਸੁਰਖ਼ਰੂ ਹੋਵਾਂ'। ਇਕ ਵਾਰ ਆਪ ਦੇ ਵਕੀਲ ਨੇ ਆਪ ਨੂੰ ਕਿਹਾ ਕਿ ਭਾਈ ਸਾਹਿਬ, ਆਪ ਨੂੰ ਦਸ ਸਾਲ ਦੀ ਕੈਦ ਹੋਵੇਗੀ। ਤਦ ਆਪ ਨੇ ਬੜੀ ਦਿਲੇਰੀ ਨਾਲ ਉਤਰ ਦਿੱਤਾ ਕਿ ਮੈਂ ਕੈਦ ਹੋਣਾ ਹਰਗਿਜ਼ ਪਸੰਦ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਕਿ ਮੈਨੂੰ ਫਾਂਸੀ ਆਵੇ, ਕਿਉਂਕਿ ਮੈਂ ਜ਼ਾਲਮਾਂ ਦੀਆਂ ਜੇਹਲਾਂ ਵਿਚ ਰਹਿ ਕੇ ਦਿਨ ਕਟਣੇ ਪਸੰਦ ਨਹੀਂ ਕਰਦਾ।

ਆਪ ੧੯ ਸਤੰਬਰ ੧੯੧੫ ਨੂੰ ਆਪਣੇ ਸਾਥੀ ਭਾਈ ਉਤਮ ਸਿੰਘ ਹਾਂਸ ਨਾਲ ਰਿਆਸਤ ਫਰੀਦ ਕੋਟ ਦੇ ਪਿੰਡ ਮਹਿਜੇ ਸਰਜੇ ( ਦੂਜਾ ਨਾਮ ਮਾਨਾ ਭਗਵਾਨ ) ਤੋਂ ਫੜੇ ਗਏ ਸਨ। ਇਨ੍ਹਾਂ ਪਰ ਫੀਰੋਜ਼ ਪੁਰ ਦੇ ਕਿਲੇ ਤੇ ਹਮਲੇ ਕਰਨ ਵਿਚ ਸ਼ਾਮਲ ਹੋਣਾ ਤੇ ਭਾਈ ਉਤਮ ਸਿੰਘ ਵਾਲੇ ਸਾਰੇ ਹੀ ਦੋਸ਼ ਲਾਏ ਗਏ ਸਨ, ੩੦ ਮਾਰਚ ੧੯੧੬ ਨੂੰ ਆਪ ਨੂੰ ਦੂਜੇ ਮੁਕਦਮਾ ਸਾਜ਼ਸ਼ ਲਾਹੌਰ ਵਿਚ ਫਾਂਸੀ ਦੀ ਸਜ਼ਾ ਹੋਈ। ਜਿਸ ਨੂੰ ਆਪ ਨੇ ਬੜੀ ਖੁਸ਼ੀ ਨਾਲ ਸੁਣਿਆ, ੧੮ ਜੂਨ ੧੯੧੬ ਨੂੰ ਆਪ ਆਪਣੇ ਸਾਥੀਆਂ ਸਮੇਤ ਸੈਂਟ੍ਰਲ ਜੇਹਲ ਲਾਹੌਰ ਵਿਚ ਫਾਂਸੀ ਲਗੇ ਤੇ ਆਪ ਦਾ ਘੁੰਗਰੀਲਾ ਦਾੜ੍ਹਾ ਦੇਸ਼ ਦੀ ਖਾਤਰ ਕੁਰਬਾਨ ਹੋਇਆ, ਤੇ ਸਦਾ ਲਈ ਸਾਡੀਆਂ ਅਖੀਆਂ ਤੋਂ ਉਹਲੇ ਹੋ ਗਿਆ।

Digitized by Panjab Digital Library | www.panjabdigilib.org

# ਭਾਈ ਰੂੜ ਸਿੰਘ

ਭਾਵੇਂ ਰਹਿਣਿਓਂ ਬਹਿਣਿਓਂ ਸੀ ਸਾਦਾ ਵਤਨ ਪਿਆਰ ਦਿਲ ਵਿਚ ਠਾਠਾਂ ਮਾਰਦਾ ਸੀ।
ਗਲੋਂ ਤੋਕ ਗੁਲਾਮੀ ਦਾ ਲਾਹੁਣ ਦੇ ਲਈ ਥਾਂ ਥਾਂ ਤੇ ਬੀਰ ਲਲਕਾਰਦਾ ਸੀ।
ਨਿੱਕੀ ਜਾਨ ਨੂੰ ਤਲੀ ਤੇ ਧਰੀ ਫਿਰਦਾ ਮੋਹ ਛੱਡ ਕੇ ਕੁਲ ਸੰਸਾਰ ਦਾ ਸੀ।
ਦੇਸ਼ ਭਗਤਾਂ ਦੀ ਪਰ੍ਹੇ ਵਿਚ ਬਹਿ ਕੇ ਰੰਗ ਚੜ੍ਹਿਆ ਦੇਸ਼ ਪਿਆਰ ਦਾ ਸੀ।

ਭਾਈ ਰੂੜ ਸਿੰਘ ਪਿੰਡ ਤਲਵੰਡੀ ਦੁਸਾਂਝ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਦਾ ਨਾਮ ਸ: ਸਮੁੰਦ ਸਿੰਘ ਸੀ। ਫਾਂਸੀ ਲਗਣ ਵੇਲੇ ਆਪ ਦੀ ਉਮਰ ੪੦ ਸਾਲ ਦੀ ਸੀ। ਭਾਵੇਂ ਆਪ ਦਾ ਪਿੰਡ ਤਲਵੰਡੀ ਦੁਸਾਂਝ ਸੀ। ਆਪ ਦੀ ਰਿਹਾਇਸ਼ ਪਿੰਡ ਢੁਡੀਕੇ ਵਿਚ ਹੀ ਸੀ। ਕਿਉਂਕਿ ਇਥੇ ਆਪ ਦੇ ਨਾਣਕੇ ਸਨ।

ਜਦ ਢਡੀਕੇ ਵਿਚ ਦੇਸ਼ ਭਗਤਾਂ ਦਾ ਅੱਡਾ ਕਾਇਮ ਹੋਇਆ ਤੇ ਭਾਈ ਈਸ਼ਰ ਸਿੰਘ ਮਹਿੰਦਰ ਸਿੰਘ ਪਾਖਰ ਸਿੰਘ ਪਾਲ ਸਿੰਘ ਨੰ: ੧ ਪਾਲ ਸਿੰਘ ਨੰ: ੨ ਭਾਈ ਪਾਖਰ ਸਿੰਘ ਤੇ ਭਾਈ ਫੇਰਾ ਸਿੰਘ ( ਮਾਸਟਰ ) ਆਦਿ ਨੇ ਕੰਮ ਸ਼ੁਰੂ ਕੀਤਾ। ਤਾਂ ਇਥੇ ਸ: ਪ੍ਰੇਮ ਸਿੰਘ ( ਸੁਰ ਸਿੰਘ ਜ਼ਿਲਾ ਲਾਹੌਰ ) ਸ: ਬੰਤਾ ਸਿੰਘ ਇਲਾਕਾ ਜਲੰਧਰ ਭਾਈ ਬੂਟਾ ਸਿੰਘ ( ਅਕਾਲ ਗੜ੍ਹ ਖੁਰਦ ਜ਼ਿਲਾ ਲੁਧਿਆਣਾ ) ਭਾਈ ਉਤਮ ਸਿੰਘ ਹਾਂਸ ਆਦਿ ਦਾ ਏਧਰ ਫੇਰਾ ਤੋਰਾ ਹੋਣ ਲਗਾ। ਭਾਈ ਪਾਖਰ ਸਿੰਘ ਦੇ ਖੂਹ ਪਰ ਭਾ: ਈਸ਼ਰ ਸਿੰਘ ਭਾ: ਬੰਤਾ ਸਿੰਘ ਨੇ ਸਲਾਹ ਕੀਤੀ ਕਿ ਕੁਝ ਕਰਨਾ ਚਾਹੀਦਾ ਹੈ। ਸਲਾਹ ਇਹ ਠਹਿਰੀ ਕਿ ਮੈਗਜ਼ੀਨ ਪਰ ਹਮਲਾ ਕਰਕੇ ਹਥਿਆਰ ਹਾਸਲ ਕੀਤੇ ਜਾਣ। ਇਸ ਕੰਮ ਲਈ ਭਾ: ਰੂੜ ਸਿੰਘ ਤੇ ਇਕ ਹੋਰ ਜਣਾ ਕਪੂਰ ਥਲੇ ਨੂੰ ਅਜੀਤ ਵਾਲ ਸਟੇਸ਼ਨ ਤੋਂ ਸਵਾਰ ਹੋ ਕੇ ਗਏ। ਪੰਜ ਜੂਨ ਨੂੰ ਕਪੂਰ ਥਲੇ ਬਾਗ ਵਿਚ ਮੀਟਿੰਗ ਹੋਈ ਉਸ ਵਿਚ ੧੨ ਜੂਨ ਨੂੰ ਵੱਲਾ ਬਰਿਜ ਦੀ ਗਾਰਦ ਪਰ ਹਮਲਾ ਕਰਨ ਦੀ ਸਲਾਹ ਠਹਿਰੀ। ਆਪ ਨੇ ਬੜੇ ਹੌਸਲੇ ਨਾਲ ਆਪਣੇ ਆਪ ਨੂੰ ਇਸ ਸੇਵਾ ਲਈ ਪੇਸ਼ ਕੀਤਾ। ਆਪ ਪਰ ਦੇਸ਼ ਭਗਤਾਂ ਦੇ ਬਚਨਾਂ ਤੋਂ ਦੇਸ਼ ਭਗਤੀ ਦੀ ਲਹਿਰ ਦਾ ਇਤਨਾ ਅਸਰ ਹੋਇਆ ਕਿ ਭਾਵੇਂ ਆਪ ਨੂੰ ਉੱਚਾ ਸੁਣਦਾ ਸੀ ਤੇ ਆਪ ਦੀ ਇਕ ਅੱਖ ਭੀ ਖਰਾਬ ਸੀ ਪਰ ਆਪ ਫਰ ਭੀ ਇਸ ਲਹਿਰ ਵਿਚ ਸ਼ਾਮਲ ਹੋ ਗਏ। ਵੱਲ ਬਰਿਜ ਪਰ ਨੰ: ੪੨ ਦਿਉਲੀ ਰਜਮੰਟ ਦੀ ਗਾਰਦ ਲਗੀ ਹੋਈ ਸੀ। ੧੧ ਜੂਨ ਨੂੰ ਰਾਤ ਦੇ ੧ ਬਜੇ ਗਾਰਦ ਤੇ ਹਮਲਾ ਹੋਇਆ। ਹਮਲੇ ਵਿਚ ਸ਼ਾਮਲ ਹਠ ਲਿਖੇ ਸਜਣ ਦਸੇ ਗਏ ਹਨ:—

ਭਾ: ਹਰਨਾਮ ਸਿੰਘ ਭਾ: ਆਤਮਾ ਸਿੰਘ ਭਾ: ਰੂੜ ਸਿੰਘ ਭਾ: ਬੰਤਾ ਸਿੰਘ ਭਾ: ਲਛਮਣ ਸਿੰਘ ਭਾ: ਚੰਨਣ ਸਿੰਘ ਭਾ: ਕਾਲਾ ਸਿੰਘ ਭਾ: ਬੂਟਾ ਸਿੰਘ ਅਕਾਲ ਗੜ੍ਹ ਖੁਰਦ। ਇਹ ਸਭ ਇਕ ਵਖਰੇ ਮੁਕਦਮੇ ਵਿਚ ( ਭਾ: ਰੂੜ ਸਿੰਘ ਤੋਂ ਬਿਨਾਂ ) ਪਹਿਲਾਂ ਹੀ ਫਾਂਸੀ ਲਗ ਚੁਕੇ ਸਨ। ਇਸ ਹਾਦਸੇ ਵਿਚ ਫੌਜ ਦਾ ਇਕ ਸੰਤਰੀ ਤੇ ਇਕ ਆਦਮੀ ਹੋਰ ਦੋ ਜਣੇਂ ਮਾਰੇ ਗਏ ਸਨ। ਆਪ ੫ ਅਗਸਤ ੧੯੧੫ ਨੂੰ ਆਪਣੇ ਪਿੰਡ ਵਿਚ ਫੜੇ ਗਏ ਤੇ ਦੂਜੇ ਮੁਕੱਦਮੇ ਸਾਜ਼ਸ਼ ਲਾਹੌਰ ਵਿਚ ੩੦ ਮਾਰਚ ੧੯੧੬ ਨੂੰ ਆਪ ਨੂੰ ਫਾਂਸੀ ਦੀ ਸਜ਼ਾ ਹੋਈ ਤੇ ੧੭ ਜੂਨ ੧੯੧੬ ਨੂੰ ਆਪ ਲਾਹੌਰ ਦੀ ਸੈਂਟਰਲ ਜੇਹਲ ਵਿਚ ਆਪਣੇ ਦੂਜੇ ਦੋਹਾਂ ਸਾਥੀਆਂ ਭਾ: ਉਤਮ ਸਿੰਘ ਈਸ਼ਰ ਸਿੰਘ ਬੀਰ ਸਿੰਘ ਅਤੇ ਰੰਗਾ ਸਿੰਘ ਨਾਲ ਫਾਂਸੀ ਚੜ੍ਹ ਕੇ ਆਪਣਾ ਫਰਜ਼ ਪੂਰਾ ਕਰ ਗਏ।

ਆਪ ਇਕ ਸਿੱਧੇ ਸਾਦੇ ਜ਼ਿਮੀਂਦਾਰ ਸਨ ਤੇ ਢੁਡੀਕੇ ਵਿਚ ਰਹਿਣ ਕਰਕੇ ਆਪ ਦਾ ਮੇਲ ਦੇਸ਼ ਭਗਤਾਂ ਨਾਲ ਹੋਇਆ ਤੇ ਉਹਨਾਂ ਤੋਂ ਪਰੇਰਨਾ ਲੈ ਕੇ ਆਪ ਇਸ ਲਹਿਰ ਵਿਚ ਸ਼ਾਮਲ ਹੋਏ ਤੇ ਓੜਕ ਇਸੇ ਲਹਿਰ ਦੇ ਲੇਖੇ ਲੱਗ ਗਏ। ( ਪੰਜਾਬੀ ਰਤਨ )

Digitized by Panjab Digital Library | www.panjabdigilib.org

# ਭਾਈ ਬੀਰ ਸਿੰਘ ਜੀ (ਸ਼ਹੀਦ) ਗਦਰ ਪਾਰਟੀ

ਭਾਈ ਸਾਹਿਬ ਭਾ: ਬੀਰ ਸਿੰਘ ਜੀ ਸ਼ਹੀਦ ਦਾ ਜਨਮ ਪਿੰਡ ਬਾਹੋਵਾਲ ਜ਼ਿਲਾ ਹੋਸ਼ਿਆਰਪੁਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ: ਬੂਟਾ ਸਿੰਘ ਸੀ। ਆਪ ੧੯੦੬ ਵਿਚ ਕੈਨੇਡਾ ਗਏ। ਆਜ਼ਾਦ ਦੇਸਾਂ ਦੀ ਹਵਾ ਵੇਖਕੇ ਆਪ ਭੀ ਆਜ਼ਾਦੀ ਦੀ ਦੇਵੀ ਦੇ ਆਸ਼ਕ ਹੋ ਗਏ। ਕਾਮਾਗਾਟਾ ਮਾਰੂ ਜਹਾਜ਼ ਸਮੇਂ ਆਪ ਭਾਈ ਬਲਵੰਤ ਸਿਘ ਜੀ ਸ਼ਹੀਦ ਨਾਲ ਮਿਲਕੇ ਕੰਮ ਕਰਦੇ ਰਹੇ। ਲੋਕ ਭਲਾਈ ਦੇ ਕੰਮਾਂ ਵਿਚ ਆਪ ਦਿਲਚਸਪੀ ਲੈਂਦੇ ਰਹੇ। ੧੯੧੪ ਵਿਚ ਆਪ ਗਦਰ ਕਰਨ ਦੇ ਪਰੋਗਰਾਮ ਨੂੰ ਲੈ ਕੇ ਹਿੰਦ ਆ ਗਏ। ਇਥੇ ਆ ਕੇ ਆਪ ਜੀ ਨੇ ਗਦਰ ਦੀਆਂ ਤਿਆਰੀਆਂ ਵਿਚ ਹਿਸਾ ਲਿਆ। ਆਪ ਗਦਰ ਦੇ ਸਰਗਰਮ ਵਰਕਰਾਂ ਵਿਚੋਂ ਸਨ ਤੇ ਗਦਰ ਸਬੰਧੀ ਸਾਰੇ ਵਡੇ ਵਡੇ ਕੰਮਾਂ ਵਿਚ ਸ਼ਾਮਲ ਸਨ।

੬ ਜੂਨ ੧੯੧੫ ਨੂੰ ਆਪ ਚਿੱਟੀ ਪਿੰਡ ਦੇ ਪਾਸ ਇਕ ਖੂਹ ਪਰ ਇਸ਼ਨਾਨ ਕਰਦੇ ਹੋਏ ਗ੍ਰਿਫਤਾਰ ਹੋ ਗਏ। ਮੁਕਦਮਾ ਚਲਣ ਪੁਰ ਆਪ ਜੀ ਨੂੰ ਫਾਂਸੀ ਦੀ ਸਜ਼ਾ ਹੋਈ। ਆਪਣੇ ੬ ਹੋਰ ਸਾਥੀਆਂ ਸਮੇਤ ਆਪ ਜੀ ਲਾਹੌਰ ਜੇਹਲ ਵਿਚ ਆਜ਼ਾਦੀ ਦੇ ਗੀਤ ਗਾਉਂਦੇ ਹੋਏ ਫ ਸੀ ਪਰ ਲਟਕ ਗਏ।

ਆਪ ਨੂੰ ਚੱਬੇ ਤੇ ਸਾਹਨੇਵਾਲ ਦੇ ਰਾਜਸੀ ਡਾਕਿਆਂ ਵਿਚ ਕਤਲ ਦੇ ਸਬੰਧ ਵਿਚ ਆਪ ਨੂੰ ੩੦ ਮਾਰਚ ੧੯੧੬ ਈਸਵੀ ਨੂੰ ਸਜ਼ਾ ਹੋਈ ਸੀ। ਆਪ ੧੮ ਜੂਨ ੧੯੧੬ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਗੇ। ਆਪ ਬੜੇ ਕਦਾਵਰ ਜਵਾਨ ਸਨ ਤੇ ਤਨੋਂ, ਮਨੋਂ, ਧਨੋਂ ਦੇਸ਼ ਦੀ ਖਾਤਰ ਹਰ ਇਕ ਖਤਰੇ ਵਿਚ ਪੈ ਕੇ ਕੰਮ ਕਰਦੇ ਰਹੇ। ਇਕ ਵਾਰ ਬੰਬ ਚਲਣ ਨਾਲ ਆਪ ਫੱਟੜ ਵੀ ਹੋ ਗਏ ਸਨ।

**ਭਾਈ ਰੰਗਾ ਸਿੰਘ ਜੀ ਸ਼ਹੀਦ** ਆਪ ਦਾ ਜਨਮ ਪਿੰਡ ਖੁਰਦ ਪੁਰ ਜ਼ਿਲਾ ਜਾਲੰਧਰ ਵਿਚ ਸ: ਗੁਰਦਿਤ ਸਿੰਘ ਜੀ ਦੇ ਘਰ ਮਾਤਾ ਰੁਕਮਣੀ ਜੀ ਦੇ ਕੁਖੋਂ ਪੈਦਾ ਹੋਏ। ਆਪ ਮੁਢ ਤੋਂ ਹੀ ਦਲੇਰ, ਹੋਸਲੇ ਵਾਲੇ ਅਤੇ ਆਜ਼ਾਦ ਖਿਆਲ ਸਨ। ਆਪ ਦਾ ਜਿਸਮ ਬੜਾ ਸਡੌਲ ਸੀ ਤੇ ਆਪ ਕੁਸ਼ਤੀ ਕਰਿਆ ਕਰਦੇ ਸਨ।

੧੯੦੬ ਵਿਚ ਆਪ ਰਸਾਲਾ ਨੰ: ੩੦ ਵਿਚ ਨੌਕਰ ਹੋ ਗਏ। ੧੯੧੦ ਵਿਚ ਆਪ ਨੇ ਰਸਾਲੇ ਵਿਚੋਂ ਨਾਮ ਕਟਵਾ ਲਿਆ ਤੇ ਕੈਨੇਡਾ ਚਲੇ ਗਏ। ਕੈਨੇਡਾ ਵਿਚ ਆਪ ਦੇਸ਼ ਦੀ ਆਜ਼ਾਦੀ ਦਾ ਕੰਮ ਕਰਦੇ ਰਹੇ। ਜਦ ਗਦਰ ਪਾਰਟੀ ਦਾ ਮੁਢ ਬਝਿਆ ਤਾਂ ਆਪ ਭੀ ਉਸ ਵਿਚ ਸ਼ਾਮਲ ਹੋ ਗਏ। ਜਦ ੧੯੧੪ ਵਿਚ ਗਦਰ ਪਾਰਟੀ ਨੇ ਦੇਸ਼ ਵਿਚ ਆ ਕੇ ਗਦਰ ਕਰਨ ਦਾ ਪਰੋਗਰਾਮ ਬਣਾਇਆ ਤਾਂ ਆਪ ਭੀ ਤੋਸ਼ਾ ਮਾਰੂ ਜਹਾਜ਼ ਵਿਚ ਚੜ੍ਹਕੇ ਵਾਪਸ ਹਿੰਦ ਆਏ।

ਦੇਸ਼ ਵਿਚ ਆ ਕੇ ਆਪ ਗਦਰ ਦੀਆਂ ਤਿਆਰੀਆਂ ਕਰਨ ਲਗ ਪਏ। ਛਾਉਣੀਆਂ ਵਿਚ ਜਾ ਕੇ ਫੌਜਾਂ ਨੂੰ ਬਗਾਵਤ ਲਈ ਤਿਆਰ ਕਰਨਾ ਆਪ ਦੀ ਡਿਉਟੀ ਸੀ। ਇਕ ਦਿਨ ਆਪ ਹੋਤ ਮਰਦਾਨ ਛਾਉਣੀ ਵਿਚ ਸ਼ਰਬਤ ਦੀ ਦੁਕਾਨ ਪਰ ਸੁਤੇ ਹੋਏ ਸਨ ਕਿ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਬੜੇ ਬਹਾਦਰ ਦੇਸ਼ ਭਗਤ ਸਨ। ਆਪ ਦਾ ਸਬੰਧ ਢੁਡੀਕੇ ਦੇਸ਼ ਭਗਤਾਂ ਦੇ ਜਥੇ ਨਾਲ ਸੀ। ਆਪ ਦਾ ਸਬੰਧ ਵੱਲਾ ਪੁਲ ਦੇ ਗਾਰਦ ਦੇ ਹਮਲੇ ਦੇ ਨਾਲ ਸੀ, ਭਾਵੇਂ ਆਪ ਇਸ ਹਮਲੇ ਵਿਚ ਸ਼ਾਮਲ ਨਹੀਂ ਸਨ। ਇਸ ਤੋਂ ਪਹਿਲਾਂ ਇਕ ਵਾਰ ਹਮਲਾ ਕਰਨ ਗਏ, ਮੌਕਾ ਠੀਕ ਨ ਦੇਖ ਕੇ ਮੁੜ ਆਏ ਸਨ। ਆਪ ਨੂੰ ੩੦ ਮਾਰਚ ੧੯੧੬ ਨੂੰ ਫਾਂਸੀ ਦੀ ਸਜ਼ਾ ਹੋਈ ਤੇ ੧੮ ਜੂਨ ੧੯੧੬ ਨੂੰ ਆਪ ਜੀ ੩੫ ਸਾਲਾਂ ਦੀ ਉਮਰ ਵਿਚ ਆਪ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਚੜ੍ਹਾ ਦਿਤਾ ਗਿਆ।

Digitized by Panjab Digital Library | www.panjabdigilib.org

ਨਾਮ ਖੁਮਾਰੀ ਨਾਨਕਾ ਚੜ੍ਹੀ ਰਹਿ ਦਿਨ ਰਾਤ ॥




ਸ੍ਰੀ ੧੦੮ ਸ੍ਰੀਮਾਨ ਸ: ਰਣਧੀਰ ਸਿੰਘ ਜੀ ਨਾਰੰਗਵਾਲ, (ਸਫਾ ੩੩੧)

Digitized by Panjab Digital Library | www.panjabdigilib.org

# ੧੯੧੪ ਦੀ ਲਹਿਰ ਦੇ ਹੀਰੇ



ਗਿਆਨੀ ਨਾਹਰ ਸਿੰਘ ਜੀ,
ਗੁਜਰਵਾਲ ।



ਗਿਆਨੀ ਹਰਿਭਜਨ ਸਿੰਘ ਜੀ,
ਚਮਿੰਡਾ ।

Digitized by Panjab Digital Library | www.panjabdigilib.org

# ਕੈਦ ਹੋਏ

ਹਠੀ ਜਪੀ ਤਪੀ ਬਹੁ ਸੂਰੇ ਸਿੰਘ ਸਰਦਾਰ
ਸੰਤ ਰਣਿਧੀਰ ਸਿੰਘ ਜੀ ਕੀਰਤਨੀਏ ਸਚਿਆਰ

## ਗੁਰਮੁਖ ਪਿਆਰੇ ਭਾ: ਸਾਹਿਬ ਸੰਤ ਰਣਧੀਰ ਸਿੰਘ ਜੀ

ਗੁਰੂ ਪਿਆਰੇ ਭਾ: ਸਾਹਿਬ ਸੰਤ ਰਣਧੀਰ ਸਿੰਘ ਜੀ ਪਿਤਾ ਸ: ਨੱਥਾ ਸਿੰਘ ਦੇ ਘਰ ਮਾਤਾ ਪੰਜਾਬ ਕੋਰ ਦੀ ਸੁਭਾਗੀ ਕੁਖੋਂ (ਜੋ ਨਾਭਾ ਹਾਈ ਕੋਰਟ ਦੇ ਜੱਜ ਸਨ) ਪਿੰਡ ਨਾਰੰਗ ਵਾਲ ਜ਼ਿਲਾ ਲੁਧਿਆਣਾ ਵਿਖੇ ੧੪ ਜੂਨ ੧੮੭੮ ਈ: ਨੂੰ ਆਪ ਦਾ ਜਨਮ ਹੋਇਆ । ਆਪ ਨੇ ਬੀ ਏ. ਤਕ ਤਲੀਮ ਹਾਸਲ ਕੀਤੀ।

ਗੁਰੂ ਘਰ ਦਾ ਪ੍ਰੇਮ ਕਾਲਜ ਦੇ ਪੜ੍ਹਨ ਸਮੇਂ ਹੀ ਲਗਾ, ਉਪਰੰਤ ਆਪ ੧੯੦੧ ਤੋਂ ੩ ਤਕ ਤਹਿਸੀਲਦਾਰ ਰਹੇ । ਆਤਮ ਰੰਗਾਂ ਦੀ ਖਿਚ ਦੇ ਕਾਰਨ ਤਸੀਲਦਾਰੀ ਛਡ ਦਿਤੀ । ੧੪ ਜੂਨ ੧੯੦੩ ਈ: ਨੂੰ ਪਿਡ ਬਕਾ ਪੁਰ ਜ਼ਿਲਾ ਜਲੰਧਰ ਦੇ ਉਸ ਦੀਵਾਨ ਵਿਚ ਅੰਮ੍ਰਿਤ ਛਕਿਆ ਜਿਸ ਵਿਚ ਮੋਲਵੀ ਕਰੀਮ ਬਖਸ਼ ਅੰਮ੍ਰਿਤ ਛਕ ਕੇ ਸੰਤ ਲਖਬੀਰ ਸਿੰਘ ਜੀ ਬਣੇ । ਆਪ ੧੯੧੫ ਈ: ਤੋਂ ਪਹਿਲਾਂ ਕੁਝ ਚਿਰ ਐਹਮਦਾਬਾਦ ਵਿਚ ਰਹੇ ਫੇਰ ੧੯੦੭ ਈ: ਵਿਚ ਆਪ ਖਾਲਸਾ ਕਾਲਜ ਵਿਚ ਸੁਪ੍ਰਿੰਟੈਂਡੈਂਟ ਰਹੇ, ਉਪਰੰਤ ਆਪ ਸਤਿਸੰਗ ਮੰਡਲਾਂ ਵਿਚ ਕੀਰਤਨ ਤੇ ਅਖੰਡ ਪਾਠਾਂ ਦੇ ਅਨੰਦ ਲੈਂਦੇ ਰਹੇ, ੧੯੧੪ ਵਿਚ ਆਪ ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਵਾਲੇ ਜੱਥੇ ਵਿਚ ਸ਼ਾਮਲ ਹੋਏ, ੯ ਮਈ ੧੯੧੫ ਨੂੰ ਆਪ ਨਾਭੇ ਨਜ਼ਰ ਬੰਦ ਹੋਏ ਤੇ ੧੭ ਜੂਨ ਨੂੰ ਲੁਧਿਆਣੇ ਲਿਆ ਕੇ ਗਰਿਫਤਾਰ ਕੀਤੇ ਗਏ । ਫੇਰ ੩੦ ਮਾਰਚ ੧੯੧੬ ਈ: ਨੂੰ ਆਪ ਨੂੰ ਦੂਜਾ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਉਮਰ ਕੈਦ ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ । ਆਪ ਨੇ ਬੜੇ ੨ ਅਸਹਿ ਤਸੀਹੇ ਝੱਲੇ ੪ ਅਕਤੂਬਰ ੧੯੩੦ ਈ: ਨੂੰ ਲਾਹੌਰ ਸੈਂਟਰਲ ਜੇਲ ਤੋਂ ਰਿਹਾ ਹੋਏ, ੧੫ ਸਤੰਬਰ ੧੯੩੧ ਨੂੰ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੁਕਮ ਨਾਮੇ ਤੇ ਸ੍ਰੀ ਸਾਹਿਬ ਦੇ ਸਿਰਪਾਉ ਦੀ ਬਖਸ਼ਿਸ਼ ਹੋਈ ਇਹ ਵੱਡੀ ਤੋਂ ਵਡੀ ਇਜ਼ਤ ਹੈ ਜੋ ਇਕ ਗੁਰਸਿਖ ਨੂੰ ਮਿਲ ਸਕਦੀ ਹੈ। ੧੧ ਸਤੰਬਰ ੧੯੩੧ ਨੂੰ ਆਪ ਸ੍ਰੀ ਤਰਨ ਤਾਰਨ ਸਾਹਿਬ ਦੀ ਕਾਰ ਸੇਵਾ ਦੀ ਅਰੰਭਕ ਰਸਮ ਅਦਾ ਕਰਨ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਏ ੧੪ ਅਕਤੂਬਰ ੧੯੩੨ ਈ: ਨੂੰ ਸ੍ਰੀ ਪੰਜਾ ਸਾਹਿਬ ਦੇ ਹਰਿਮੰਦਰ ਦਾ ਬਨਿਆਦੀ ਪਥਰ ਰਖਣ ਵਾਲੇ ਪੰਜਾਂ ਸਿੰਘਾਂ ਵਿਚ ਸ਼ਾਮਲ ਸਨ। ਆਪ ਨੇ ਪਿਛਲੇ ੨੭ ਸਾਲ ਵਿਚ ਹਿੰਦੁਸਤਾਨ ਦੇ ਦੂਰ ੨ ਇਲਾਕਿਆਂ ਕਲਕਤਾ, ਬੰਬਈ, ਹਜ਼ੂਰ ਸਾਹਿਬ, ਪਟਨਾ ਸਾਹਿਬ, ਕਰਾਚੀ, ਐਹਮਦਾਬਾਦ ਆਦਿ ਗੁਰਦੁਆਰਿਆਂ ਤੇ ਥਾਵਾਂ ਦੀ ਯਾਤਰਾ ਕੀਤੀ। ਆਪ ਭਜਨ ਕੀਰਤਨ ਦੇ ਸ਼ੈਦਾਈ ਹਨ ਤੇ ਅਣਥਕ ਕੀਰਤਨੀਏ ਹਨ । ਆਪ ਦੀ ਹਸਤੀ ਬੇਮਿਸਾਲ ਇਸ ਕਰਕੇ ਹੈ ਕਿ ਆਪਨੇ ਜੇਲ ਵਿਚ ਹਾੜ, ਜੇਠ ਦੀਆਂ ਗਰਮੀਆਂ ਵਿਚ ਧਰਮ ਪ੍ਰਤਗਿਆ ਪਾਲਣ ਹਿਤ ਇਕ ਵਾਰ ੭ ਦਿਨ ਤੇ ਦੂਜੀ ਵਾਰ ੪੦ ਦਿਨ ਬਿਨਾਂ ਪਾਣੀ ਤੋਂ ਗੁਜ਼ਾਰੇ। ਦੁਨੀਆਂ ਵਿਚ ਭੁਖ ਹੜਤਾਲਾਂ ਤਾਂ ਬਹੁਤਿਆਂ ਨੇ ਕੀਤੀਆਂ ਹਨ ਪਰ ਬਿਨਾ ਜਲ ਗਰਮੀ ਦੀ ਸਖਤੀ ਵਿਚ ਕਾਇਮ ਰਹਿਣਾ ਇਕ ਅਜੀਬ ਗਲ ਹੈ । ਆਪ ਨੇ ਨਾਗਪੁਰ ਜੇਲ੍ਹ ਵਿਚ ਵਧ ਤੋਂ ਵਧ ਕਸ਼ਟ ਸਹੇ। ਮੁਲਤਾਨ ਸੈਂਟਰਲ ਜੇਲ੍ਹ ਵਿਚ ਡੇਢ ਸਾਲ ਕੇਵਲ ਭੁਜੇ ਛੋਲਿਆਂ ਪਰ ਗੁਜ਼ਾਰਾ ਕੀਤਾ।

ਆਪ ਨੇ ਇਨਾਂ ੨੭ ਬਰਸਾਂ ਵਿਚ ੨੪ ਪੁਸਤਕਾਂ ਲਿਖੀਆਂ ਹਨ। ਜਿਨਾਂ ਵਿਚੋਂ ਜੇਲ ਚਿਠੀਆਂ, ਗੁਰਮਤਿ ਨਾਮ ਅਭਿਆਸ ਕਮਾਈ, ਗੁਰਮਤਿ ਲੇਖ, ਗੁਰਮਤਿ ਪ੍ਰਲੋਕ, ਕਰਮ ਲਾ ਸ

Digitized by Panjab Digital Library | www.panjabdigilib.org

ਗੁਰਬਾਣੀ ਲਗਾਂ ਮਾਤਰਾਂ ਦੀ, ਵਿਲਖਣਤਾ ਅਨਹਦ, ਸਬਦ ਦਸਮ ਦੁਆਰ, ਰੰਗ ਲੇਸਜਣ, ਸਚਖੰਡ ਦਰਸ਼ਨ, ਚਰਨ ਕਮਲ ਦੀ ਮਹਿਮਾਂ, ਦਰਸ਼ਨ ਝਲਕਾਂ, ਜੋਤਿ ਵਿਗਾਸ, ਸਚੇ ਨਿਰਣੇ, ਸੰਤਪਦ ਨਿਰਣੇ, ਬਹੁਤ ਪ੍ਰਸਿਧ ਹਨ ।

ਆਪ ਨੇ ਸਭ ਤੋਂ ਵਡੀ ਗਲ ਇਹ ਕੀਤੀ ਹੈ ਕਿ ਅਨਹਦ ਸਬਦ ਦਸਮ ਦਆਰ ਪੁਸਤਕ ਵਿਚ ਜੋਗੀਆਂ ਤੇ ਸਿਖਾਂ ਦੇ ਦਸਮ ਦੁਆਰ ਦਾ ਫਰਕ ਦਸਿਆ ਹੈ। ਆਪ ਨੇ ਗੁਰਮਤਿ ਨਾਮ ਤੇ ਨਾਮ ਅਭਿਆਸ ਅਤੇ ਦਸਮ ਦੁਆਰ ਦੀ ਖੇਡਦੀ ਵਿਆਖਿਆ ਖੂਬ ਖੋਹਲ ਕੇ ਕੀਤੀ ਹੈ। ਜੋਤਿ ਵਿਕਾਸ ਵਿਚ ਆਤਮ ਖੇਡਾਂ ਦੀਆਂ ਰਮਜਾਂ ਚੰਗੀ ਤਰਾਂ ਦਸੀਆਂ ਹਨ। ਸਦਖੰਡ ਦਰਸ਼ਨ ਵਿਚ ਜਪੁਜੀ ਸਾਹਿਬ ਦੇ ਪੰਜਾਂ ਖੰਡਾਂ ਦਾ ਨਿਰਣਾ ਕੀਤਾ ਹੈ। ਗੁਰਮਤਿ ਨਾਮ ਦੀ ਕ੍ਰਿਤਮ ਨਾਮਾਂ ਤੋਂ ਵਿਸ਼ੇਸ਼ਤਾ ਦੱਸੀ ਹੈ। ਆਪ ਦੀ ਕਵਿਤਾ ਦੀ ਖੂਬੀ ਇਹ ਹੈ ਕਿ ਇਸ ਵਿਚ ਗੁਰੂ ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨਾਂ ਦਾ ਨਕਸ਼ਾ ਬੰਨਿਆ ਹੈ, ਆਪ ਦੇ ਜੀਵਨ ਸਬੰਧੀ ਜੇਲ ਚਿਠੀਆਂ ਪੁਸਤਕ ਖਾਸ ਪੜਨ ਵਾਲੀ ਹੈ। ਆਪ ਸਾਡੇ ਪੰਦਰਾਂ ਸਾਲ ਜੇਲ ਵਿਚ ਰਹੇ। ਆਪ ਦੀ ੩੨ ਸਾਲ ਜਾਇਦਾਦ ਜ਼ਬਤ ਰਹੀ । ਆਪ ਨੇ ਸਾਰੀ ਉਮਰ ਵਿਚ ਅੰਦਾਜ਼ਨ ਪੰਦਰਾਂ ਸੌ ਅਖੰਡ ਪਾਠ ਕੀਤੇ ਹਨ। ਹਰ ਸਾਲ ਦਸਮ ਪਾਤਸ਼ਾਹ ਦੇ ਗੁਰਪੁਰਬ ਸਮੇਂ ਅੰਮ੍ਰਿਤ ਪ੍ਰਚਾਰ ਕਰਦੇ ਹਨ।

**ਗਿ: ਹਰਭਜਨ ਸਿੰਘ** ਆਪ ਜੀ ਦੇ ਪਿਤਾ ਦਾ ਨਾਮ ਸ: ਫਤਹ ਸਿੰਘ ਪਿੰਡ ਚਮਿੰਡਾ ਜ਼ਿਲਾ ਲੁਧਿਆਣਾ ਹੈ। ਆਪ ੧੯੧੪-੧੫ ਦੀ ਆਜ਼ਾਦੀ ਲਹਿਰ ਵਿਚ ਛੋਟੀ ਉਮਰ ਵਿਚ ਹੀ ਸ਼ਾਮਲ ਹੋਏ। ੩੦ ਮਾਰਚ ੧੯੧੬ ਨੂੰ ਉਮਰ ਕੈਦ ਹੋਏ, ਚਾਰ ਸਾਲ ਬਾਦ ਰਿਹਾ ਹੋ ਗਏ। ਅਕਾਲੀ ਲਹਿਰ ਵਿਚ ਬੜੇ ਜੋਸ਼ ਨਾਲ ਕੰਮ ਕਰਦੇ ਰਹੇ ਅਤੇ ਸਦਾ ਕੌਮੀ ਲਹਿਰਾਂ ਦੇ ਹਾਮੀ ਰਹੇ, ਆਪ ਪੰਜਾਬੀ ਦੇ ਪ੍ਰਸਿਧ ਕਵੀ ਹਨ, ਮਾਲਵਾ ਕਵੀ ਸਭਾ ਦੇ ਮੈਂਬਰ ਹਨ, ਗੁਰੂ ਘਰ ਦੇ ਪਰੇਮੀ ਤੇ ਨਿਸ਼ਕਪਟ ਸਜਣ ਹਨ। ੧੯੧੪-੧੫ ਦੀ ਆਜ਼ਾਦੀ ਲਹਿਰ ਸਬੰਧੀ ਆਪ ਦੀਆਂ ਕਵਿਤਾਵਾਂ ਖਾਸ ਵਸ਼ੇਸ਼ਤਾ ਰਖਦੀਆਂ ਹਨ। ਆਪ ਕਈ ਸਾਲ ਅੰਮ੍ਰਿਤਸਰ ਪ੍ਰੈਸ ਵਰਕਰ ਯੂਨੀਅਨ ਦੇ ਪ੍ਰਧਾਨ ਰਹੇ। ਹੁਣ ਆਪ ਲੁਧਿਆਣੇ ਪੰਜਾਬ ਗਿਆਨੀ ਪਰੈਸ ਚਲਾ ਰਹੇ ਹਨ।

**ਬਾਬਾ ਰਾਮ ਸਿੰਘ** ਆਪ ਜੀ ਦੇ ਪਿਤਾ ਦਾ ਨਾਮ ਸਾਹਿਬ ਸਿੰਘ, ਪਿੰਡ ਫਲੇਵਾਲ ਜ਼ਿਲਾ ਲੁਧਿਆਣਾ ਹੈ। ਆਪ ਬੜੇ ਗੁਰਮਖ, ਤਿਆਗੀ ਤੇ ਵੈਰਾਗੀ ਅਰ ਗੰਭੀਰ ਸਜਨ ਹਨ। ੧੯੧੪-੧੫ ਵਾਲਿਆਂ ਨਾਲ ਉਮਰ ਕੈਦ ਹੋਏ ਤੇ ੩ ਸਾਲ ਬਾਦ ਰਿਹਾ ਹੋ ਗਏ। ਆਪ ਜੀ ਅਕਾਲੀ ਲਹਿਰ ਵਿਚ ਸਰਗਰਮੀ ਨਾਲ ਕੰਮ ਕਰਦੇ ਰਹੇ। ਇਹਨਾਂ ਦੇ ਸਾਰੇ ਹਾਲਾਤ ਲਈ ਪੜ੍ਹੋ ਪੁਸਤਕ 'ਗੁਰਮੁਖ ਬਾਬੇ' ਜੀਉਣੇ ਮੋੜ ਡਾਕੂ ਨੇ ਜਦੋਂ ਆਪਣੇ ਭਾਈ ਦੇ ਦੁਸ਼ਮਨ ਡੋਗਰ ਨੂੰ ਮਾਰਿਆ ਸੀ ਉਸ ਵੇਲੇ ਆਪ ਰਿਆਸਤ ਜੀਂਦ ਦੀ ਫੌਜ ਵਿਚ ਸਨ। ਆਪ ਦੇ ਸਾਹਮਣੇ ਹੀ ਏਹ ਵਾਕਿਆ ਹੋਇਆ।

**ਭਾਈ ਸੁਰਜਨ ਸਿੰਘ** ਆਪ ਦੇ ਪਿਤਾ ਦਾ ਨਾ ਮਹਾਂ ਸਿੰਘ ਤੇ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ ਹੈ ! ਆਪ ੧੯੧੪-੧੫ ਦੀ ਲਹਿਰ ਅਜ਼ਾਦੀ ਵਿਚ ੩੦ ਮਾਰਚ ੧੯੧੬ ਨੂੰ ਉਮਰ ਕੈਦ ਹੋਏ ਪੰਜ ਸਾਲ ਬਾਦ ਰਿਹਾ ਹੋ ਗਏ ਫਿਰ ਅਕਾਲੀ ਲਹਿਰ ਵਿਚ ਦੂਜੇ ਸ਼ਹੀਦੀ ਜਥੇ ਵਿਚ ਜੈਤੋ ਦੇ ਮੋਰਚੇ ਵਿਚ ਗਏ। ਆਪਦੇ ਦਾਦਾ ਬਾਬਾ ਚੇਨ ਸਿੰਘ ਭੀ ਨਾਮਧਾਰੀ ਲਹਿਰ ਸਮੇਂ ਜਦੋਂ ਬਾਬਾ ਰਾਮ ਜੀ ਫੜ ਗਏ ਸਨ ਤਦ ਆਪ ਨੂੰ ਭੀ ਚਾਰ ਮਹੀਨੇ ਲਾਹੌਰ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ ਸੀ।

Digitized by Panjab Digital Library | www.panjabdigilib.org

**ਬਾਬਾ ਹਰਨਾਮ ਸਿੰਘ ਗੁਜਰਵਾਲ** ਆਪ ਦੇ ਪਿਤਾ ਨਰੈਣ ਸਿੰਘ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ ਹੈ। ਆਪ ਟਾਪੂਆਂ ਵਿਚ ਤੋਪਖਾਨੇ ਨੌਕਰ ਸਨ। ਉਥੋਂ ਕਾਮਾ ਗਾਟਾ ਮਾਰੂ ਜਹਾਜ਼ ਵਿਚ ਵੈਨਕੋਵਰ, ਕਨੇਡਾ ਨੂੰ ਗਏ ਪਰ ਜਹਾਜ਼ ਹਿੰਦੋਸਤਾਨੀ ਹੋਣ ਕਾਰਨ ਬੰਦਰਗਾਹ ਤੇ ਨਾ ਲਗਣ ਦਿਤਾ ਤੇ ਵਾਪਸ ਭਾਰਤ ਨੂੰ ਮੋੜ ਦਿਤਾ ਗਿਆ। ੨੯ ਸਤੰਬਰ ੧੯੧੪ ਨੂੰ ਬਜ ਬਜ ਘਾਟ ਪਰ ਜਹਾਜ਼ ਦੇ ਮੁਸਾਫਰਾਂ ਨਿਹਥਿਆਂ ਪਰ ਬੇ ਹਿਸਾਬੀ ਗੋਲੀ ਚਲਾਈ ਗਈ ਤੇ ਬਹੁਤ ਸਿੰਘ ਸ਼ਹੀਦ ਹੋਏ। ਕੁਝ ਹਰਨ ਹੋ ਗਏ ਤੇ ਆਪ ਜੀ ਕੁਝ ਚਿਰ ਬਾਦ ਜੰਗਲ ਵਿਚੋਂ ਫੜੇ ਗਏ ਤੇ ਲੁਧਿਆਣੇ ਲਿਆ ਕੇ ਛਡੇ ਗਏ। ਆਪ ਜੀ ਆਜ਼ਾਦੀ ਲਹਿਰ ਵਿਚ ਸ਼ਾਮਲ ਹੋ ਗਏ। ੩੦ ਮਾਰਚ ੧੯੧੬ ਨੂੰ ਉਮਰ ਕੈਦ ਹੋਏ। ਪੰਦਰਾਂ ਸਾਲ ਪਿਛੋਂ ਰਿਹਾ ਕੀਤੇ ਗਏ। ਪਿਛੋਂ ਭੀ ਆਪ ਲੋਕ ਸੇਵਾ ਵਿਚ ਕੰਮ ਕਰਦੇ ਰਹੇ ਹਨ। ਫੇਰ ਭੀ ਕਈ ਵਾਰ ਜੇਲ੍ਹ ਜਾ ਚੁਕੇ ਹਨ। ਆਪ ਦਾ ਕੰਮ ਕੇਵਲ ਪਬਲਕ ਸੇਵਾ ਕਰਨਾ ਹੀ ਮੁਖ ਉਦੇਸ਼ ਮੰਨਿਆ ਹੋਇਆ ਹੈ। ਆਪ ੨੪ ਜੂਨ ੧੯੧੫ ਨੂੰ ਗ੍ਰਿਫ਼ਤਾਰ ਕੀਤੇ ਗਏ। ਆਪ ਨੂੰ ਪੁਲੀਸ ਪਿੰਡੋ ਹੀ ਲਿਆਈ ਸੀ ਤੇ ਗ੍ਰਿਫ਼ਤਾਰ ਲੁਧਿਆਣੇ ਕੋਤਵਾਲੀ ਵਿਚ ਕੀਤਾ। ਆਪ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਹਨ।

## ਸੱਜਨ ਸਿੰਘ ਗਿਆਨੀ ਨਾਰੰਗਵਾਲ

ਆਪ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਚ ਸ: ਮੀਹਾਂ ਸਿੰਘ ਦੇ ਘਰ ਮਾਈ ਇੰਦਰ ਕੌਰ ਦੀ ਕੁਖੋਂ ਪੈਦਾ ਹੋਏ। ੧੯੧੩ ਵਿਚ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀ ਹੋਣ ਸਮੇਂ ਆਪ ਨੇ ਗ਼ਦਰ ਦੀਆਂ ਗੂੰਜਾਂ ਸੁਣੀਆਂ। ਦੇਸ਼ ਦੀ ਗ਼ੁਲਾਮੀ ਨੂੰ ਅਨੁਭਵ ਕੀਤਾ ਤੇ ਚਿੱਤ ਵਿਚ ਅਜੀਬ ਕਿਸਮ ਦਾ ਜੋਸ਼ ਪੈਦਾ ਹੋ ਗਿਆ।

ਜਦੋਂ ਸ: ਕਰਤਾਰ ਸਿੰਘ ਸਰਾਭਾ ਤੇ ਸ: ਜਗਤ ਸਿੰਘ ਅਮਰੀਕਾ ਤੋਂ ਵਾਪਸ ਆਏ ਤਾਂ ਭਾਈ ਸੱਜਨ ਸਿੰਘ ਨੂੰ ਬਹੁਤ ਵੇਰੀ ਇਨਾਂ ਕੌਮੀ ਪਰਵਾਨਿਆਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਸੀ। ਹੌਲੀ ਹੌਲੀ ਪ੍ਰੇਮ ਰੰਗਣ ਜ਼ੋਰ ਪਕੜ ਗਈ ਤੇ ਗਿਆਨੀ ਸੱਜਣ ਸਿੰਘ ਸਕੂਲ ਛਡ ਕੇ ਸ: ਕਰਤਾਰ ਸਿੰਘ ਦੇ ਇੰਨਕਲਾਬੀ ਜਥੇ ਵਿਚ ਸ਼ਾਮਲ ਹੋ ਗਏ। ਸਾਜ਼ਸ਼ ਦੇ ਦੂਜੇ ਮੁਕੱਦਮੇ ਵਿਚ ਆਪ ਨੂੰ ਦੋਸ਼ੀ ਠਹਿਰਾਇਆ ਗਿਆ। ਦਫਾ ੧੨੧ ਅਨੁਸਾਰ ਆਪ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ ਤੇ ਨਾਲ ਹੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਸੁਣਾਇਆ ਗਿਆ। ਲਾਹੌਰ ਸੈਂਟਰਲ ਜੇਲ੍ਹ ਤੋਂ ਰਾਵਲ ਪਿੰਡੀ ਭੇਜੇ ਗਏ। ਕੁਝ ਦਿਨਾਂ ਬਾਅਦ ਇਸ ਕੇਸ ਦੇ ਸਾਰੇ ਕੈਦੀ ਹਜ਼ਾਰੀ ਬਾਗ਼ (ਸੂਬਾ ਬਿਹਾਰ) ਜੇਲ੍ਹ ਵਿਚ ਇਕੱਠੇ ਕੀਤੇ ਗਏ। ਇਸ ਜੇਲ੍ਹ ਵਿਚ ਪੰਜ ਸਾਲ ਰਹੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਏਥੇ ਹੀ ਕੈਦ ਸਨ। ਆਪ ਨੇ ਆਪਣੇ ਹੋਰਨਾਂ ਸਾਥੀਆਂ ਸਮੇਤ* ਜੇਲ੍ਹ ਵਿਚੋਂ ਹਰਨ ਹੋ ਜਾਣ ਦਾ ਮਤਾ ਪਾਸ ਕਰ ਲਿਆ।

---

*ਹਜ਼ਾਰੀ ਬਾਗ਼ ਜੇਲ੍ਹ ਵਿਚ ਅਠਾਰਾਂ ਸਿੰਘ ਕੈਦ, ਜੇਲ੍ਹ ਅਫਸਰਾਂ ਦੀਆਂ ਸਖਤੀਆਂ ਤੋਂ ਤੰਗ ਆ ਕੇ ਹਰਨ ਹੋ ਗਏ ਸਨ। ਇਹ ਘਟਨਾ ਪੜ੍ਹਕੇ ਸਿੱਖ ਸੂਰਬੀਰਾਂ ਦੀ ਦਲੇਰੀ ਦਾ ਪ੍ਰਤੱਖ ਰੂਪ ਅੱਖਾਂ ਅਗੇ ਆ ਜਾਂਦਾ ਹੈ। ਸਿੱਖ ਕੈਦ ਵਿਚ ਬੰਦ ਕੀਤੇ ਵੀ ਸਦਾ ਬਹਾਦਰ ਰਹਿੰਦੇ ਹਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਸ ਸਾਰੀ ਘਟਨਾ ਨੂੰ ਜੇਲ੍ਹ ਚਿੱਠੀਆਂ ਵਿਚ ਲਿਖਿਆ ਹੋਇਆ ਹੈ। ਇਤਿਹਾਸ ਪ੍ਰੇਮੀ ਪਾਠਕਾਂ ਨੂੰ ਕੈਦੀ ਸਿੰਘਾਂ ਦੀ ਸੂਰਬੀਰਤਾ ਦਾ ਦ੍ਰਿਸ਼ ਵਿਖਾਉਣ ਲਈ ਕੁਝ ਕੁ ਹਾਲ ਸੰਖੇਪ ਵਿਚ ਦਰਜ ਕਰਦੇ ਹਾਂ:—"ਇਹ ਫਰਵਰੀ ੧੯੧੯ ਦਾ ਜ਼ਿਕਰ ਹੈ,

Digitized by Panjab Digital Library | www.panjabdigilib.org

ਗਿ: ਸੱਜਣ ਸਿੰਘ ਨੇ ਦੇਸ਼–ਪਿਆਰ ਦੇ ਵੇਗ ਵਿਚ ਬੇਅੰਤ ਮੁਸੀਬਤਾਂ ਝੱਲੀਆਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗਿਆਨੀ ਜੀ ਬਾਬਤ ਇਉਂ ਲਿਖਦੇ ਹਨ:—

ਇਕ ਵਾਰੀ ਮੇਰੇ ਲਾਗੇ ਦੀ ਕੋਠੀ ਵਿਚ ਵੀਰ ਸੱਜਣ ਸਿੰਘ ਨਾਰੰਗਵਾਲ ਇਸ਼ਨਾਨ ਕਰਕੇ ਮੈਨੂੰ ਬਾਣੀ ਦਾ ਪਾਠ ਸੁਣਾਉਣ ਲੱਗੇ ਤਾਂ ਸਾਧੂ ਰਾਧਾ ਸਿੰਘ ਨੇ (ਜੋ ਉਸ ਵੇਲੇ ਪਹਿਰੇ ਤੇ

---

੧੮ ਸਿੰਘਾਂ ਨੇ ਹਜ਼ਾਰੀ ਬਾਗ਼ ਜੇਲ੍ਹ ਵਿਚ ਫੈਸਲਾ ਕਰ ਲਿਆ ਕਿ ਅਜ ਰਾਤ ਨੂੰ ਦੌੜ ਜਾਣਾ ਹੈ। ਉਨ੍ਹਾਂ ਇਥੋਂ ਹਰਨ ਹੋਣ ਦੀ ਸਮੱਗਰੀ ਇਕੱਠੀ ਕਰ ਛੱਡੀ ਹੋਈ ਸੀ। ਰਾਤ ਨੂੰ ਜੇਲ੍ਹ ਵਾਰਡਰਾਂ ਦੀਆਂ ਚਾਬੀਆਂ ਚੋਰੀ ਕਰਕੇ ਕੋਠੀਆਂ ਦੇ ਜੰਦਰੇ ਖੋਲ ਦਿਤੇ ਤੇ ਕੋਠੀਆਂ ਤੋਂ ਬਾਹਰ ਨਿਕਲ ਕੇ ਕੰਧ ਨੂੰ ਟੱਪ ਕੇ ਛਾਲਾਂ ਮਾਰਨ ਦੀ ਤਿਆਰੀ ਕਰਨ ਲਗੇ। ਬਾਰਾਂ ਵਜੇ ਤੋਂ ਲੈ ਕੇ ਤੜਕੇ ਦੇ ਤਿੰਨ ਵਜੇ ਤੱਕ ਇਉਂ ਸਮਝੋ ਕਿ ਹਜ਼ਾਰੀ ਬਾਗ਼ ਵਿਚ ਖਾਲਸੇ ਦਾ ਹੀ ਰਾਜ ਰਿਹਾ, ਨਾ ਕੋਈ ਉਠਿਆ ਨਾ ਬੋਲਿਆ। ਤਿੰਨ ਘੰਟਿਆਂ ਵਿਚ ਸਭ ਜੰਦਰੇ ਆਦਿ ਖੋਲ੍ਹ ਕੇ ਤਿਆਰੀ ਪੂਰੀ ਕਰ ਲਈ ਪਰ ਠੀਕ ਤਿੰਨ ਵਜੇ ਜੇਲ੍ਹ ਦਾ ਅਲਾਰਮ ਵੱਜ ਗਿਆ, ਹਫੜਾ ਦਫੜੀ ਪੈ ਗਈ। ਦਬਾ ਦਬ ਛਾਲਾਂ ਮਾਰਕੇ ਜੰਗਲਾਂ ਵਿਚ ਜਾ ਲੁਕੇ ਤੇ ਚਾਰ ਵਿਚਾਰੇ ਦੂਰੋਂ ਛਾਲਾਂ ਮਾਰਣ ਕਰਕੇ ਜ਼ਖਮੀ ਹੋ ਗਏ, ਪੈਰ ਪਾਟਣ ਸਦਕਾ ਤੁਰ ਨਾ ਸਕੇ ਤੇ ਅਗਲੇ ਦਿਨ ਮੂਧੇ ਮੂੰਹ ਪਏ ਪਕੜੇ ਗਏ। ਡੇਢ ਦੋ ਮਹੀਨਿਆਂ ਦੀ ਭਜ ਭਜਾਈ ਮਗਰੋਂ ਲਗ ਭਗ ਬਾਕੀ ਦੇ ਸਿੰਘ ਭੀ ਪਕੜੇ ਗਏ ਸਨ।

ਇਸ ਹਾਦਸੇ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਸਦੇ ਹਨ, "੧੮ ਸਿਖ ਅਲਾਰਮ ਦੀ ਆਵਾਜ਼ ਸੁਣ ਕੇ ਤੁਰਤ ਫੁਰਤ ਫਸੀਲ ਦੇ ਜਾ ਉਦਾਲੇ ਹੋਏ ਜੋ ਸਾਡੇ ਬਲਾਕ ਦੇ ਨੇੜੇ ਹੀ ਸੀ। ਪਰ ਅਜੇ ਫਸੀਲ ਦੇ ਨੇੜੇ ਪਹੁੰਚੇ ਹੀ ਸੀ ਕਿ ਅੰਦਰੋਂ ਕਈ ਕਸਾਈ ਸਨਧ ਬਧ ਸੰਗੀਨਾਂ ਵਾਲੀ ਜੇਲ੍ਹ, ਸਿਪਾਹੀਆਂ ਦੀ ਗਾਰਦ ਆ ਗਈ। ਬਾਹਰ ਵਾਰ ਮਿਲਟਰੀ ਪੁਲਸ ਦੀਆਂ ਗਾਰਦਾਂ ਫਾਲਣ ਹੋਣ ਲਗ ਪਈਆਂ। ਝਟ ਪਟ ਦੋ ਚਾਰ ਲੰਬੇ ਲੰਬੇ ਮਜ਼ਬੂਤ ਸਿੰਘਾਂ ਦੀਆਂ ਉਪਰੋ ਥਲੀ ਮੋਢਿਆਂ ਉਤੇ ਚੜ੍ਹ-ਖੜੀਆਂ ਸੀੜ੍ਹੀਆਂ ਬਣ ਗਈਆਂ। ਅਜੇ ਚਾਰ ਕੁ ਸਜਣ ਹੀ ਧੁਰ ਸਿਖਰ ਫਸੀਲ ਉਤੇ ਚੜ੍ਹੇ ਸਨ ਕਿ ਅੰਦਰਲੀ ਜੇਲ੍ਹ ਗਾਰਦ ਐਨ ਸਿਰ ਤੇ ਆ ਗਈ ਤੇ ਇਕ ਤਿਲਕਧਾਰੀ ਜਮਾਂਦਾਰ ਨੇ ਕਿਹਾ 'ਕਹਾਂ ਜਾਓਗੇ' ਤਾਂ ਉਪਰੋਂ ਇਕ ਸਿੰਘ ਨੇ ਹੇਠਲੇ ਸਿੰਘਾਂ ਨੂੰ ਲਲਕਾਰਾ ਮਾਰਿਆ ਕਿ "ਮਾਰੋ ਸਿਨ੍ਹ ਕੇ ਬੰਬ! ਕੀ ਦੇਖਦੇ ਹੋ, ਉਦੋਂ ਹੀ ਮਾਰੋਗੇ ਜਦੋਂ ਮੋਰੀਂ ਆ ਚੜ੍ਹਨਗੇ, ਜਕਾਂ ਤਕਾਂ ਕੀ ਕਰਦੇ ਹੋ, ਦਿਓ ਤੋੜਾ ਬੰਬ ਨੂੰ।" ਵੇਲੇ ਸਿਰ ਔੜਿਆ ਹਥਿਆਰ ਬੰਬ ਗੋਲੇ ਤੋਂ ਵੀ ਵਧ ਹੁੰਦਾ ਹੈ। ਬੰਬ ਆਦਿ ਤਾਂ ਸਿੰਘਾਂ ਪਾਸ ਕੁਝ ਨਹੀਂ ਸੀ, ਉਹਨਾਂ ਕੋਲ ਤਾਂ ਸਿਰਫ ਜੰਦਰੇ ਹੀ ਸਨ। ਸ੍ਰੀਮਾਨ ਭਾਈ ਗੁਜਰ ਸਿੰਘ ਜੀ ਨੂੰ ਜੋ ਉਸਾਣ ਆਇਆ ਤੇ ਉਪਰੋਂ ਹੱਲਾ ਸ਼ੇਰੀ ਦਿਤੀ ਤਾਂ ਤੁਰੰਤ ਹੀ ਦੀਆ-ਸਲਾਈ ਵਿਚੋਂ ਇਕ ਸੀਖ ਕਢਕੇ ਘਸਾਈ ਤੇ ਇਕ ਜੰਦਰਾ ਵਗਾਹ ਕੇ ਮਾਰਿਆ, ਜੋ ਭਜੇ ਜਾਂਦੇ ਤਿਲਕਧਾਰੀ ਦੀ ਪਿਠ ਉਤੇ ਲਗਾ। ਅੱਗ ਚਮਕਣ ਦੀ ਦੇਰ ਸੀ ਕਿ ਸਾਰੀ ਗਾਰਦ ਪਿਛਲੇ ਪੈਰੀਂ ਅਪਣੀ ਜਾਨ ਲੈਕੇ ਨੱਸ ਭੱਜੀ। ਸਾਹ ਨਾਲ ਸਾਹ ਨਾ ਰਲੇ। ਉਧਰ ਫਸੀਲ ਤੇ ਖੜੇ ਪਹਿਲੇ ਪੂਰ ਦੇ ਕਈ ਅਲੋਲ ਸਿੰਘਾਂ ਨੇ ਹੌਸਲੇ ਵਿਚ ਆਕੇ ਖੜਿਆਂ ਨੇ ਹੀ ਫਸੀਲੋਂ ਬਾਹਰ ਛਾਲਾਂ ਮਾਰ ਦਿੱਤੀਆਂ। ਪਹਿਲੇ ਪੂਰ ਦੇ ਛਾਲਾਂ ਮਾਰਣ ਵਾਲੇ ਪੰਜ ਛੇ ਸੱਜਣ ਤਾਂ ਡਿਗਦੇ ਹੀ ਤਕੜੇ ਜ਼ਖਮੀ ਹੋ ਗਏ। ਬਾਕੀਆਂ ਦੇ ਪੈਰ ਫਟ ਗਏ। ਇਹ ਤਲਖ ਤਜਰਬਾ ਦੇਖਕੇ ਬਾਕੀ ਦੇ ਰਹਿੰਦੇ ਸੱਜਣ ਤਾਂ ਫੇਰ ਫਸੀਲ ਤੋਂ ਲਮਕ ਕੇ ਛਾਲ ਮਾਰ ਉਤੱਰੇ, ਸੋ ਸਭ ਸਹੀ ਸਲਾਮਤ ਉਤਰ ਆਏ। ਇਨ੍ਹਾਂ ਲਮਕਣ ਵਾਲਿਆਂ ਸਹੀ ਸਲਾਮਤ ਸੱਜਣਾਂ ਵਿਚ ਅਜੇ ਪਹਿਲਾ ਸਿੰਘ ਇੰਦਰ ਸਿੰਘ ਸਿਖ ਚੌਲਤ ਵਾਲਾ ਉਤਰਿਆ ਹੀ ਸੀ ਕਿ ਬਾਹਰੋਂ

Digitized by Panjab Digital Library | www.panjabdigilib.org

ਸਨ) ਮੇਰੀ ਕੋਠੀ ਅੰਦਰ ਮੈਨੂੰ ਆ ਕੇ ਦਸਿਆ ਕਿ 'ਸਾਧੂ ਜੀ ਇਕ ਅਸਚਰਜ ਘਟਨਾ ਹੋ ਗਈ ਹੈ। ਮੈਂ ਤੋ ਦੇਖ ਕਰ ਦੰਗ ਰਹਿ ਗਿਆ ਹੂੰ। ਸਜਣ ਸਿੰਘ ਦੀ ਉਂਗਲੀ ਕਟ ਗਈ ਹੈ ਪਰ ਵੁਹ ਆਪ ਕੋ ਪਾਠ ਐਸੇ ਅਨੰਦ ਸੇ ਸੁਣਾਇ ਜਾ ਰਿਹਾ ਹੈ ਜੈਸੇ ਉਸ ਕੀ ਉਂਗਲੀ ਕਟੀ ਹੀ ਨਹੀਂ। ਧੰਨ ਹੈਂ ਸਤਿਗੁਰੂ ਕੇ ਸਿੱਖ! ਧੰਨ ਕਮਾਈ।' ਦਾਸ ਨੇ ਪਾਠ ਵਿਚ ਪਾਉੜੀ ਦਾ ਭੋਗ ਪੈਣ ਪਰ ਸੱਜਣ ਸਿੰਘ ਨੂੰ ਅਵਾਜ਼ ਮਾਰੀ "ਕਿਉਂ ਵੀਰ ਜੀ ਕੀ ਡੋਲ ਹੈ? ਇਹ ਖੇਡ ਕਿਵੇਂ ਵਰਤੀ?" ਤਾਂ ਉਹ ਬੋਲੇ ਕਿ ਕੁਝ ਨਹੀਂ। ਪਾਠ ਫੇਰ ਕਰਨ ਲਗ ਪਏ। ਪਰ ਸਾਧੂ ਰਾਧਾ ਸਿੰਘ ਜੀ ਦੂਜੀ ਛਿਨ ਹੀ ਸਜਣ ਸਿੰਘ ਦੀ ਸੱਜੀ ਚੀਚੀ ਦਾ ਕਟਿਆ ਹੋਇਆ ਪੋਟਾ ਲੈ ਕੇ ਮੇਰੇ ਪਾਸ ਆਏ ਤਾਂ ਮੈਂ ਉਸ ਨੂੰ ਆਖਿਆ ਕਿ ਜਾ ਕੇ ਉਸ ਦੀ ਉਂਗਲੀ ਨਾਲ ਹੀ ਜੋੜ ਦਿਓ। ਉਹ ਇਵੇਂ ਜਾ ਕੇ ਕਰਨ ਲੱਗਾ। ਪਰ ਸੱਜਣ ਸਿੰਘ ਨੇ ਕਰਨ ਨਾ ਦਿਤਾ ਅਤੇ ਆਖਿਆ ਕਿ ਇਹ ਭਾਣਾ ਹੀ ਏਵੇਂ ਸੀ। ਹੁਣ ਇਹ ਨਹੀਂ ਜੁੜੇਗੀ ਕਿਉਂਕਿ ਕੱਟੀ ਨੂੰ ਦੇਰ ਹੋ ਚੁੱਕੀ ਹੈ ਅਤੇ ਲਹੂ ਬਹੁਤਾ ਸਾਰਾ ਨਿਕਲ ਚੁੱਕਾ ਹੈ। ਇਕ ਤਾਂ ਉਸ ਨੇ ਬਚਨ ਨਾ ਮੰਨਿਆ ਦੂਜੇ ਉਸ ਨੇ ਆਪਣੀ ਚੀਚੀ ਦੇ ਟੁੰਡ ਨੂੰ ਪਾਣੀ ਬੱਤੀ ਬੰਨ੍ਹਣ ਦੇ ਥਾਂਉਂ ਤੇਲ ਵਿਚ ਬੋੜ ਦਿਤਾ। ਉਸ ਦੀ ਬਿਖ ਚੜ੍ਹ ਗਈ ਅਤੇ ਜਰਮੀਸਾਈਡ ਹੋ ਗਿਆ (ਪਲਮ ਦੌੜ ਗਈ) ਬਾਂਹ ਸੁੱਜ ਕੇ ਭੜੋਲਾ ਹੋ ਗਈ। ਤੱਤ ਕਾਲ ਅਤੇ ਤੁਰੰਤ ਹੀ ਹਸਪਤਾਲ ਰਪੋਟ ਦਿਤੀ ਗਈ। ਉਨ੍ਹਾਂ ਦਿਨਾਂ

---

ਮਲਿਟਰੀ ਪੁਲੀਸ ਆ ਗਈ। ਦੌਂਹ ਚੌਂਹ ਨੇ ਅ ਕੇ ਭੱਜੇ ਜਾਂਦੇ ਇੰਦਰ ਸਿੰਘ ਨੂੰ ਫੜਕੇ ਨੱਪ ਲਿਆ। ਤਾਂ ਕੋਲੋਂ ਹੀ ਖੜੀ ਛਾਲ ਮਾਰ ਕੇ ਜ਼ਖਮੀ ਹੋਏ ਸਜਣਾਂ ਵਿਚੋ ਇੱਕ ਸੱਜਣ, ਵੀਰ ਲਾਲ ਸਿੰਘ ਨਾਰੰਗ ਵਾਲ ਢੱਠਾ ਪਿਆ ਸੀ। ਉਸ ਜੋ ਦੇਖਿਆ ਕਿ ਵੀਰ ਇੰਦਰ ਸਿੰਘ ਕਸੂਤਾ ਕੁੜਿੱਕੀ ਵਿਚ ਆਣ ਫਸਿਆ ਹੈ, ਹਿੰਮਤ ਕਰਕੇ ਤੱਤੇ ਘਾਉ ਹੀ ਖੜੋਕੇ ਸਾਵਧਾਨ ਹੋ ਇੱਕ ਮਿਲਿਟਰੀ ਪੁਲਿਸੀਏ ਦੇ ਹੱਥੋਂ ਸੰਮਾਂ ਵਾਲੀ ਡਾਂਗ ਖੋਹ ਲਈ ਅਤੇ ਖੋਹ ਕੇ ਇੱਕ ਇੱਕ ਹੀ ਜੜੀ ਸੀ ਕਿ ਕਿਲਕਾਰੀਆਂ ਮਾਰਕੇ ਪਿਛਾਹਾਂ ਨੂੰ ਹੀ ਪੱਤਰਾ ਵਾਚ ਨੱਸੇ ਅਤੇ ਨੱਸਦੇ ਨੱਸਦੇ ਹੋਰ ਅੱਗੇ ਆਉਣ ਵਾਲੀ ਮਿਲਿਟਰੀ ਪੁਲਿਸ ਦੇ ਜੁਆਨਾਂ ਨੂੰ ਇਸ ਤਰ੍ਹਾਂ ਦੁਹਾਈ ਪੁਚਾਉਣ ਲੱਗੇ "ਅਰੇ ਪੰਜਾਬੀ ਸਿੱਖ ਹੈ ਰੇ, ਪੰਜਾਬੀ ਸਿੱਖਰੇ।" ਬੱਸ ਇਹ ਕਿਲਕਾਰੀ ਸੁਣਨ ਸਾਰ ਹੀ ਸਾਰੀ ਮਿਲਿਟਰੀ ਪੁਲਿਸ ਪਿਛਲ ਖੋਰੀ ਭੱਜ ਗਈ। ਮੈਦਾਨ ਸਾਫ ਹੋ ਗਿਆ। ਅੱਗੋ ਰੋਕਣ ਵਾਲਾ ਕੋਈ ਨਹੀਂ ਸੀ। ਫਸੀਲ ਟੱਪਕੇ ਅਠਾਰਾਂ ਦੇ ਅਠਾਰਾਂ ਸਿੰਘ ਹੀ ਪਾਰ ਗਏ। ਸਾਰੀ ਜੇਲ, ਵਿਚ ਹਾਹਾ ਕਾਰ ਮੱਚ ਗਈ।

(ਜੇਲ, ਯਾਤਰਾ ਭਾਗ ੩ ਸਫਾ ੯੬-੯੮)

ਇਨਾਂ ਅਠਾਰਾਂ ਸਿਘਾਂ ਦੇ ਇਹ ਨਾਮ ਸਨ।

੧. ਭਾ: ਅਤਰ ਸਿੰਘ ਜ਼ਿਲਾ ਜਿਹਲਮ ੨. ਭਾਈ ਅਰਜਨ ਸਿੰਘ ਜਗਰਾਉਂ (ਲੁਧਿਆਣਾ) ੩. ਭਾ: ਇੰਦਰ ਸਿੰਘ ਸਿਖ ਦੌਲਤ ਤਹਿਸੀਲ ਜਗਰਾਉਂ (ਲੁਧਿਆਣਾ) ੪. ਭਾ ਸੁੱਚਾ ਸਿੰਘ (ਅੰਮ੍ਰਿਤਸਰ) ੫. ਭਾ. ਸੱਜਣ ਸਿੰਘ ਨਾਰੰਗਵਾਲ ੬. ਭਾ: ਲਾਲ ਸਿੰਘ ਨਾਰੰਗਵਾਲ ੭. ਭਾ: ਸੁੰਦਰ ਸਿੰਘ (ਅਮ੍ਰਿਤਸਰ) ੮. ਭਾ: ਹਰਨਾਮ ਸਿੰਘ ਰਸੂਲਪੁਰ (ਲੁਧਿਆਣਾ) ੯. ਹਰਨਾਮ ਸਿੰਘ ਰਿ: ਕਪੂਰਥਲਾ ੧੦. ਭਾ: ਹਰੀ ਸਿੰਘ ਕੱਕੜ (ਅੰਮ੍ਰਿਤਸਰ) ੧੧. ਭਾ: ਹੀਰਾ ਸਿੰਘ ਚਰੜ (ਲਾਹੌਰੀ) ੧੨. ਭਾ: ਕੇਸਰ ਸਿੰਘ (ਲਾਹੌਰ) ੧੩. ਭਾ: ਕਿਰਪਾ ਸਿੰਘ ਲੰਗ ਮਜਾਰੀ (ਹੁਸ਼ਿਆਰਪੁਰ) ੧੪. ਭਾਈ ਕਰਮ ਸਿੰਘ ਕੋਟਲਾ ਅਜਨੇਰ (ਲੁਧਿਆਣਾ) ੧੫. ਭਾ: ਗੁੱਜਰ ਸਿੰਘ ਪਿੰਡ ਭਕਨਾ (ਅੰਮ੍ਰਿਤਸਰ) ੧੬. ਭਾਈ ਗੰਡਾ ਸਿੰਘ (ਲਾਹੌਰ) ੧੭. ਭਾ: ਪਾਖਰ ਸਿੰਘ ਦੁਦੀਕੇ (ਫੀਰੋਜ਼ਪੁਰ) ੧੮. ਭਾ: ਦਲ ਸਿੰਘ ਦੁਦੀਕੇ ਫੀਰੋਜ਼ਪੁਰ)

Digitized by Panjab Digital Library | www.panjabdigilib.org

ਵਿਚ ਇਕ ਨਵਾਂ ਸੁਪ੍ਰੰਟੰਡੰਟ ਆਇਆ ਸੀ। ਉਸ ਨਾਲ ਆਈ. ਐਮ. ਐਸ. ਸਿਵਲ ਸਰਜਨ ਵੀ ਹੈ ਸੀ । ਸੋ ਮੈਡੀਕਲ ਅਫਸਰ ਦੀ ਡੀਊਟੀ ਭੀ ਉਹੀ ਕਰਦਾ ਸੀ । ਇਹ ਗੋਰਾ ਸਰਜਰੀ ਅਤੇ ਤਿਬ ਦੋਹਾਂ ਵਿਚ ਬੜਾ ਮਾਹਰ ਸੀ। ਰਪੋਟ ਮਿਲਣ ਸਾਰ ਹੀ ਉਹ ਭਜਿਆ ਆਇਆ, ਉਸਦਾ ਨਾਮ ਮਿ: ਫਰੈਡਰਿਕ ਸੀ। ਆਉਂਦੇ ਸਾਰ ਹੀ ਉਸ ਨੇ ਸਜਨ ਸਿੰਘ ਦਾ ਮੁਲਾਹਜ਼ਾ ਕੀਤਾ ਅਤੇ ਹੁਕਮ ਦਿਤਾ ਕਿ ਇਸ ਨੂੰ ਹਸਪਤਾਲ ਲੈ ਚਲੋ । ਅਸੀਂ ਸਾਰਿਆਂ ਨੇ ਅਤੇ ਖਾਸ ਕਰਕੇ ਦਾਸ ਨੇ ਉਸ ਨੂੰ ਵੀਰ ਸਜਣ ਸਿੰਘ ਦਾ ਇਲਾਜ ਕਰਨ ਲਈ ਤੀਬਰ ਤਾਕੀਦ ਦੀ ਉਤਕੰਠਾ ਪਰਗਟ ਕੀਤੀ ਅਤੇ ਉਸਦੀ ਸੇਵਾ ਲਈ ਅਸਾਡੇ ਵਿਚੋਂ ਇਕ ਦੋ ਸਜਣ ਨਾਲ ਲੈ ਜਾਣ ਲਈ ਭੀ ਆਖਿਆ, ਪਰ ਉਸਨੇ ਸਾਨੂੰ ਭਰੋਸਾ ਦਿਵਾਇਆ ਕਿ ਸਜਨ ਸਿੰਘ ਦੀ ਸੇਵਾਦਾਰੀ ਹਰ ਪ੍ਰਕਾਰ ਭਲੀ ਬਿਧ ਹੋਵੇਗੀ। ਉਂਗਲੀ ਕਟਣ ਦੀ ਘਟਾ ਪ੍ਰਥਾਇ ਪੜਤਾਲ ਕਰਨ ਵਾਲੇ ਮਾਮਲੇ ਨੂੰ ਭੀ ਉਹ ਵਿਚੇ ਹੀ ਛਡ ਗਿਆ। ਕਿਉਂਕਿ ਇਸ ਤਰਾਂ ਕਰਨ ਨਾਲ ਇਲਾਜ ਵਿਚ ਤਤਪਰ ਹੋਣ ਲਈ ਬਿਘਨਕਾਰੀ ਸੀ। ਸ਼ਾਮ ਨੂੰ ਮੇਰੇ ਕੋਲ ਛੋਟਾ ਡਾਕਟਰ ਆਇਆ ਅਤੇ ਉਸ ਨੇ ਦਸਿਆ ਕਿ ਸਜਣ ਸਿੰਘ ਦੀ ਹਾਲਤ ਬਹੁਤ ਵਿਗੜ ਗਈ ਹੈ। ਸਾਰੇ ਸਰੀਰ ਵਿਚ ਪਲਮ ਦੌੜਣ ਦਾ ਖਤਰਾ ਹੈ। ਬਾਹਰੋਂ ਭੀ ਸਿਵਲ ਸਰਜਨ ਮੰਗਵਾਇਆ ਗਿਆ ਹੈ। ਉਸਦੀ ਅਤੇ ਸਾਡੀ ਸਾਰਿਆਂ ਦੀ ਇਹੋ ਰਾਇ ਹੈ ਕਿ ਬਾਂਹ ਕਟੇ ਜਾਣ ਬਿਨਾਂ ਹੋਰ ਕੋਈ ਚਾਰਾ ਨਹੀਂ। ਸੋ ਸਵੇਰੇ ਹੀ ਬਾਂਹ ਕਟੀ ਜਾਵੇਗੀ ਕਿਉਂਕਿ ਮੈਡੀਕਲ ਬੋਰਡ ਦਾ ਇਹ ਆਖਰੀ ਫੈਸਲਾ ਹੋ ਚੁਕਾ ਹੈ। ਉਹ ਤਾਂ ਇਹ ਸੁਣਾਉਣੀ ਸੁਣਾ ਕੇ ਚਲਾ ਗਿਆ ਅਤੇ ਦਾਸ ਨੇ ਇਸ ਬਲਾਕ ਅਤੇ ਇਰਦ ਗਿਰਦ ਦੇ ਬਲਾਕਾਂ ਦੀਆਂ ਕੋਠੀਆਂ ਵਿਚ ਸਾਰੇ ਵੀਰਾਂ ਨੂੰ ਇਹ ਮੰਦ ਸੋਇ ਸੁਣਾ ਭੇਜੀ। ਸਭ ਦਾ ਇਹ ਫੈਸਲਾ ਹੋਇਆ ਕਿ ਅੰਮ੍ਰਿਤ ਵੇਲੇ ਉਠਦੇ ਹੀ ਇਸ਼ਨਾਨ ਕਰਕੇ ਸਾਰੇ ਸਜਣ ਪੰਜ ਪੰਜ ਪਾਠ ਜਪੁਜੀ ਸਾਹਿਬ ਦੇ ਸਜਣ ਸਿੰਘ ਨਮਿਤ ਕਰਨ। ਸੋ ਦਰਦੇ ਦਿਲ ਦੇ ਦਿਲੀ ਦਰਦਮੰਦਾ ਨੇ ਐਸਾ ਹੀ ਕੀਤਾ। ਦਾਸ ਨੂੰ ਪੰਜ ਪਾਠਾਂ ਦਾ ਭੋਗ ਪਸਚਾਤ ਇਹ ਗੁਪਤ ਪ੍ਰੇਰਨਾ ਹੋਈ ਕਿ ਉਸ ਦੀ ਨਮਿੱਤ ਅਰਦਾਸਾ ਭੀ ਕੀਤਾ ਜਾਏ। ਸੋ ਦਾਸ ਨੇ ਬਿਨਾਂ ਕਿਸੇ ਦੀ ਸਲਾਹ ਲਏ ਦੇ ਅਤੇ ਬਿਨਾ ਕਿਸੇ ਨੂੰ ਦਸੇ ਹੀ ਗੁਪਤ ਅਰਦਾਸਾ ਭੀ ਸੋਧ ਦਿਤਾ। ਅਰਦਾਸੇ ਦੇ ਨਾਲ ਇਹ ਮੰਨਤਾ ਭੀ ਮੰਨੀ ਗਈ ਜੋ ਆਪ ਮਹਾਰੀ ਮੰਨੀ ਗਈ ਕਿ ਹੇ ਗੁਰੂ ਰਾਮ ਦਾਸ! ਵੀਰ ਸੱਜਣ ਸਿੰਘ ਜੀ ਦੀ ਬਾਂਹ ਨਾ ਕੱਟੀ ਜਾਵੇ ਅਤੇ ਆਪ ਦੇ ਦਰੋਂ ਘਰੋਂ ਵੀਰ ਦੀ ਬਾਂਹ ਅਰੋਗਤਾ ਦੀ ਬਖਸ਼ਸ਼ ਹੋ ਜਾਵੇ ਅਤੇ ਸਵਾ ਦਮੜੇ ਦਾ ਕੜਾਹ ਪ੍ਰਸ਼ਾਦ ਤੇਰੇ ਦਰਬਾਰ ਕਰਵਾਈਏ।''

''ਉਧਰ ਹਸਪਤਾਲ ਵਿਚ ਡਾਕਟਰ ਲੋਕਾਂ ਤੇ ਉਨ੍ਹਾਂ ਦੇ ਅਮਲੇ ਦਾ ਇਕੱਠ ਹੋ ਰਿਹਾ ਹੈ। ਬਾਂਹ ਕੱਟਣ ਦੇ ਸਭ ਸੰਦ ਬੰਤ ਭੀ ਆ ਗਏ। ਜੇਲ੍ਹ ਸਿਵਲ ਸਰਜਨੀ ਸੁਪ੍ਰੰਟੰਡੰਟ ਵੀਰ ਸੱਜਣ ਸਿੰਘ ਦੇ ਸਰਹਾਣੇ, ਕਮੀਜ਼ ਦੀਆਂ ਬਾਹਾਂ ਉਤੇ ਚਾੜ੍ਹ ਕੇ ਬਾਂਹ ਕੱਟਣ ਨੂੰ ਆਣ ਖੜੋਤਾ। ਅਗੇ ਵੀਰ ਸੱਜਣ ਸਿੰਘ ਸ਼ਬਦ ਲੋਰ ਦੀ ਨਿੰਦ੍ਰਾ ਵਿਚ ਸ਼ਾਂਤ ਪਿਆ ਸੀ। ਸੁਪ੍ਰੰਟੰਡੰਟ ਜਾਤਾ ਕਿ ਸੁੱਤਾ ਹੋਇਆ ਹੈ। ਬੋਲਿਆ! ਉਠ, ਕਲੋਰੋਫਾਰਮ ਸੁੰਘ ਵੀਰ ਨੇ ਅੱਖ ਉਘੇੜ ਕੇ ਆਖਿਆ, ਕਾਹਦੇ ਲਈ

ਸੁਪ੍ਰੰਟੰਡੰਟ:— ਤੇਰੀ ਬਾਂਹ ਕੱਟਣ ਦਾ ਉਪਰੇਸ਼ਨ ਹੋਣਾ ਹੈ।

ਸੱਜਨ ਸਿੰਘ:— ਤਾਂ ਫੇਰ ਕਲੋਰੋਫਾਰਮ ਸੁੰਘਾਉਣ ਦੀ ਕੀ ਲੋੜ ਹੈ? ਨਿਸ਼ੰਗ ਬਾਂਹ ਨੂੰ ਕੱਟ ਕੇ ਜੁਦਾ ਕਰ ਦੇਵੋ। ਜੇ ਜ਼ਿਮੁਕ ਜਾਵਾਂ ਤਾਂ ਆਖਣਾ।

ਇਹ ਸੁਣਕੇ ਸਰਜਨ ਦੇ ਸਰੀਰ ਵਿਚ ਇੱਕ ਝਰਨਾਟ ਜੇਹੀ ਫਿਰ ਗਈ। ਇੱਕ ਪਾਸੇ ਤਾਂ ਇਸ ਬੀਸ ਸਾਲਾ ਸਿੱਖ ਭੁਝੰਗੀ ਦੀ ਦਲੇਰੀ ਦੇਖਕੇ ਦੰਗ ਰਹਿ ਗਿਆ ਅਤੇ ਹੱਕਾ ਬੱਕਾ ਰਹਿ ਗਿਆ ਕਿ ਇਹ ਸਿੱਖ ਕਿਸ ਮਿੱਟੀ ਦੇ ਬਣੇ ਹੋਏ ਹਨ। ਦੂਜੇ ਪਾਸੇ ਉਸ ਦੇ ਹੱਥ ਵਿਚ ਉਤੇ ਉਠਣ ਦੀ ਤੇ ਬਾਂਹ

Digitized by Panjab Digital Library | www.panjabdigilib.org

ਕਟੱਣ ਦੀ ਇਛਾ ਹੀ ਨਾ ਰਹੀ। ਐਨ ਉਸੇ ਸਮੇਂ ਉਸ ਨੂੰ ਇਕ ਹੋਰ ਫੁਰਨਾ ਸਫੁਰਨ ਹੋਇਆ ਕਿ ਪਹਿਲਾਂ ਨਸ਼ਤਰ ਲਾਕੇ ਵੇਖੀਏ। ਸ਼ਾਇਦ ਨਸ਼ਤਰ ਨਾਲ ਗੰਦਾ ਖ਼ੂਨ ਨਿਕੱਲ ਜਾਵੇ ਅਤੇ ਫਾਇਦਾ ਹੋ ਜਾਵੇ। ਇਹ ਫੁਰਨਾ ਫੁਰਨ ਦੀ ਦੇਰ ਹੀ ਸੀ ਕਿ ਉਹ ਇਸ ਪਰ ਅਮਲ ਕਰਣ ਲਈ ਆਮਾਦਾ ਹੋ ਗਿਆ। ਮਾਨੋਂ ਕੋਈ ਅਮਰੀ ਇਸ਼ਾਰਾ ਉਸ ਨੂੰ ਮਿਲਿਆ ਜੋ ਅੱਗੇ ਐੜਿਆ ਹੀ ਨਹੀਂ ਸੀ। ਬੱਸ ਜਕ ਤਕ ਕੀ ਕਰਨੀ ਸੀ? ਨਸ਼ਤਰ ਲੱਗਾ ਦਿੱਤੀ, ਅਤੇ ਗੰਦੇ ਖ਼ੂਨ ਦਾ ਪਰਨਾਲਾ ਛੁਟ ਪਿਆ। ਛਿਨ ਵਿਚ ਹੀ ਸਾਰਾ ਸੋਜਾ ਲਹਿ ਗਿਆ ਅਤੇ ਸਾਰਾ ਜ਼ਹਰ ਉਤੱਰ ਗਿਆ। ਸੁਪ੍ਰਟੈਂਡੰਟ ਦੀਆਂ ਖ਼ੁਸ਼ੀਆਂ ਦੀ ਕੋਈ ਹੱਦ ਨਾ ਰਹੀ।"

ਅਜੇਹੀਆਂ ਬੇਅੰਤ ਖੰਡਾਂ ਵੇਖਦੇ ਤੇ ਮੁਸੀਬਤਾਂ ਝਾਗਦੇ ਗਿਆਨੀ ਸਜਨ ਸਿੰਘ ਜੀ ਕਈ ਸਾਲਾਂ ਮਗਰੋਂ ਰਿਹਾ ਹੋਏ। ਦੇਸ਼ ਪਿਆਰ ਦਾ ਜਜ਼ਬਾ ਉਸੇ ਤਰ੍ਹਾਂ ਕਾਇਮ ਹੈ। ਆਪ ਕਈ ਸਾਲ ਖਾਲਸਾ ਹਾਈ ਸਕੂਲ ਮਹਿਮਾ ਸਿੰਘ ਵਾਲਾ (ਨਾਰੰਗਵਾਲ ਤੋਂ ਦੋ ਮੀਲ ਹੈ) ਵਿਚ ਪੰਜਾਬੀ ਟੀਚਰ ਰਹੇ। ਆਪ ਦੇ ਦੋ ਲੜਕੇ ਸ: ਹਰਭਗਤ ਸਿੰਘ ਅਤੇ ਸ: ਮਾਨ ਸਿੰਘ ਹਨ। ਆਪ ਬਾਰੇ ਜੱਜਾਂ ਨੇ ਫੈਸਲੇ ਵਿਚ ਲਿਖਿਆ ਹੈ ਕਿ ਏਹ ਦੂਜਾ ਕਰਤਾਰ ਸਿੰਘ ਸਰਾਭਾ ਹੈ। ਜੇ ਇਸਦੀ ਉਮਰ ਛੋਟੀ ਨਾ ਹੁੰਦੀ ਤਾਂ ਅਸੀਂ ਇਸ ਨੂੰ ਫਾਂਸੀ ਦੀ ਸਜ਼ਾ ਦਿੰਦੇ। ਆਪ ਸਕੂਲ ਵਿਚ ਇਕ ਲਾਇਕ ਵਿਦਿਆਰਥੀ ਸਨ। ਆਪ ਦਾ ਸਰਕਾਰੀ ਵਜ਼ੀਫਾ ਭੀ ਸੀ।

**ਗਿ:- ਨਾਹਰ ਸਿੰਘ ਜੀ ਗੁਜਰਵਾਲ:-** ਆਪ ਮਾਲਵੇ ਦੇ ਚੋਟੀ ਦੇ ਲਿਖਾਰੀਆਂ ਵਿਚੋਂ ਹਨ। ਆਪ ਦਾ ਜਨਮ ਪਿੰਡ ਗੁਜੱਰ ਵਾਲ ਜ਼ਿਲਾ ਲੁਧਿਆਣਾ ਵਿਚ ਸ: ਠਾਕਰ ਸਿੰਘ ਦੇ ਘਰ ਵਿਚ ਹੋਇਆ। ਮਾਤਾ ਪਿਤਾ ਨੇ ਆਪ ਜੀ ਨੂੰ ਵਿਦਿਆ ਪੜ੍ਹਾਉਂਣ ਦਾ ਯਤਨ ਆਰੰਭ ਕੀਤਾ। "ਹੋਣਹਾਰ ਬਿਰਵਾ ਕੇ ਚਿਕਨ ਚਿਕਨੇ ਪਾਤ" ਦੀ ਅਖਾਵਤ ਅਨੁਸਾਰ ਜਦ ਆਪ ਸਕੂਲ ਵਿਚ ਪੜ੍ਹਦੇ ਸਨ, ਤਾਂ ਸਿਆਣੇ ਇਹ ਅੰਦਾਜ਼ਾ ਲਗਾ ਲੈਂਦੇ ਸਨ ਕਿ ਆਪ ਬੜੇ ਗੰਭੀਰ ਦੇਸ਼ ਭਗਤ ਅਤੇ ਲਿਖਾਰੀ ਹੋਣਗੇ। ਬਚਪਨ ਤੋਂ ਹੀ ਆਪ ਦੇ ਦਿਲ ਵਿਚ ਸਿਖੀ ਪ੍ਰੇਮ ਆਜ਼ਾਦੀ ਦੀ ਅਮਿੱਟ ਲਗਨ ਲਗ ਚੁਕੀ ਸੀ। ਖਾਲਸਾ ਪੰਥ ਦੇ ਸ਼ਹੀਦਾਂ ਤੇ ਆਜ਼ਾਦ ਦੇਸ਼ਾਂ ਦੇ ਦੇਸ਼ ਭਗਤਾਂ ਦੀਆਂ ਜੀਵਨੀਆਂ ਆਪ ਬੜੇ ਚਾ ਨਾਲ ਪੜ੍ਹਿਆ ਕਰਦੇ ਸਨ। ਵੱਡੇ ਵੱਡੇ ਮਨੁਖਾਂ ਦੀਆਂ ਜੀਵਨੀਆਂ ਪੜ੍ਹ ਕੇ ਆਪ ਦੇ ਦਿਲ ਵਿਚ ਦੇਸ਼ ਪਿਆਰ ਦਾ ਜਜ਼ਬਾ ਉਭਰ ਆਇਆ। ਮਾਲਵਾ ਸਕੂਲ ਲੁਧਿਆਣਾ ਵਿਚ ਪੜ੍ਹਾਈ ਦੇ ਸਮੇਂ ਆਪ ਭੁਜੰਗੀ ਸਭਾ ਦੇ ਸਕੱਤ੍ਰ ਰਹੇ।

੧੯੧੪ ਵਿਚ ਜਦ ਗ਼ਦਰੀ ਦੇਸ਼ ਭਗਤਾਂ ਨੇ ਅਮਰੀਕਾ ਤੇ ਕੈਨੇਡਾ ਤੋਂ ਵਾਪਸ ਆ ਕੇ ਗਦਰ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਆਪ ਦਾ ਨੌਜਵਾਨ ਦਿਲ ਭੀ ਦੇਸ਼ ਉਤੋਂ ਕੁਰਬਾਨ ਹੋਣ ਲਈ ਬੇਤਾਬ ਹੋ ਉਠਿਆ ਜਦ ਸ: ਕਰਤਾਰ ਸਿੰਘ ਸਰਭਾ, ਗਦਰ ਦੀਆਂ ਤਿਆਰੀ ਕਰ ਰਹੇ ਸਨ ਉਸ ਵਕਤ ਆਪ ਨੇ ਭੀ ਗਦਰ ਪਾਰਟੀ ਵਿਚ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਗਦਾਰਾਂ ਦੀ ਮੇਹਰਬਾਨੀ ਨਾਲ ਗਦਰ ਦੀ ਸਕੀਮ ਫੇਹਲ ਹੋ ਗਈ, ਅਤੇ ਦੇਸ਼ ਭਗਤਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ। ਗਿਆਨੀ ਜੀ ਨੂੰ ਭੀ ਗ੍ਰਿਫਤਾਰ ਕਰਕੇ ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ੩੦ ਮਾਰਚ ੧੯੧੬ ਤੋਂ ਕੈਦ ਦੀ ਸਜ਼ਾ ਦਿੱਤੀ ਗਈ। ਪੰਜ ਸਾਲ ਪਿਛੋਂ ਆਪ ਰਿਹਾ ਕਰ ਦਿੱਤੇ ਗਏ। ਬਾਹਰ ਆ ਕੇ ਭੀ ਆਪ ਜੀ ਨੇ ਆਜ਼ਾਦੀ ਦੇ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਅਕਾਲੀ ਲਹਿਰ ਚਲੀ ਤਾਂ ਆਪ ਉਸ ਵਿਚ ਸ਼ਾਮਲ ਹੋ ਕੇ ਸ਼ਾਨਦਾਰ ਕੰਮ ਕਰਦੇ ਰਹੇ। ਆਪ ਬੜੇ ਚੰਗੇ ਲਿਖਾਰੀ ਸਨ, ਇਸ ਕਰਕੇ ਜਦ ਬਦੇਸ਼ਾਂ ਵਿਚ ਰਹਿਣ ਵਾਲੇ ਮਲਵਈ ਦੇਸ਼ ਭਗਤਾਂ ਨੇ ਰੁਪਿਆ ਭੇਜ ਕੇ "ਅਸਲੀ ਕੌਮੀ ਦਰਦ" ਨਾਮ ਦਾ ਅਖਬਾਰ ਚਾਲੂ ਕੀਤਾ, ਤਾਂ ਗਿ: ਨਾਹਰ ਸਿੰਘ ਜੀ ਕਾਫ਼ੀ ਅਰਸਾ ਇਸ ਅਖਬਾਰ ਦੇ ਐਡੀਟਰ ਰਹੇ। ਆਪ ਜੀ ਦੀਆਂ ਗੰਭੀਰ ਤੇ ਮੁਦੱਲਲ ਲਿਖਤਾਂ ਨੇ

Digitized by Panjab Digital Library | www.panjabdigilib.org

ਬਹੁਤ ਸਾਰੇ ਨੌਜਵਾਨਾਂ ਨੂੰ ਦੇਸ਼ ਸੇਵਾ ਲਈ ਉਭਾਰਿਆ। ਆਪ ਦੀ ਲਿਖੱਤ ਵਿਚ ਸ਼ਾਂਤ ਰਸ ਪ੍ਰਧਾਨ ਹੁੰਦਾ ਸੀ। ਪ੍ਰੰਤੂ ਆਪ ਇਕ ਇਕ ਅੱਖਰ ਨੂੰ ਵਿਚਾਰ ਕੇ ਤੇ ਸਚਾਈ ਦੇ ਆਧਾਰ ਪਰ ਲਿਖਦੇ ਸਨ। ਇਸ ਤੋਂ ਉਪ੍ਰੰਤ ਆਪ ਸਿੱਖ ਸੇਵਕ, 'ਦੁਸ਼ਟ ਦੁਮਨ' 'ਗੁਰਸੇਵਕ,' ਆਦਿ ਪੱਤ੍ਰਾਂ ਦੇ ਭੀ ਸਫਲ ਐਡੀਟਰ ਰਹੇ, ਵਿਦਵਾਨ ਹਲਕਿਆਂ ਵਿਚ ਆਪ ਜੀ ਦੀਆਂ ਲਿਖਤਾਂ ਨੂੰ ਬਹੁਤ ਸਤਕਾਰ ਨਾਲ ਪੜ੍ਹਿਆ ਜਾਂਦਾ ਹੈ।

੧੯੨੮ ਵਿਚ ਸਿੱਖਾਂ ਦੇ ਰਾਜਸੀ ਮਾਮਲਿਆਂ ਨੂੰ ਹੱਲ ਕਰਨ ਲਈ ਸਿੱਖ ਲੀਗ ਕਾਇਮ ਹੋ ਗਈ, ਤਾਂ ਆਪ ਜ਼ਿਲਾ ਸਿੱਖ ਲੀਗ ਅੰਮ੍ਰਿਤਸਰ ਦੇ ਸਕੱਤ੍ਰ ਨੀਯਤ ਹੋਏ। ਇਸ ਜਥੇਬੰਦੀ ਵਿਚ ਆਪ ਨੇ ਬਹੁਤ ਸੋਹਣਾ ਕੰਮ ਕੀਤਾ। ਆਪ ਸਦਾ ਪੰਥਕ ਤੇ ਮੁਲਕੀ ਸੇਵਾ ਦੇ ਮੈਦਾਨ ਵਿਚ ਜਦੋਜਹਿਦ ਕਰਦੇ ਰਹੇ। ਇਸ ਦੌਰਾਨ ਵਿਚ ਆਪ ਦਾ ਧਿਆਨ ਪੁਸਤਕਾਂ ਲਿਖਣ ਵੱਲ ਹੋਇਆ। ਆਪ ਨੇ ਪੰਜਾ ਸਾਹਿਬ ਦਾ ਇਤਹਾਸ, ਗੁਰਮੁਖ ਬਾਬੇ, ਆਜ਼ਾਦੀ ਦੇ ਮੋਢੀ, ਚਹੁੰਆਂ ਜੁਗਾਂ ਦਾ ਨਬੇੜਾ, ਇਤਹਾਸ ਮੁਕਤਸਰ ਆਦਿਕ ਕਈ ਪੁਸਤਕਾਂ ਲਿਖੀਆਂ, ਅਤੇ ਭਾਈ ਰਣਧੀਰ ਸਿੰਘ ਜੀ ਦੀ ਲਿਖਤ ਦੋ ਦਰਜਨ ਪੁਸਤਕਾਂ ਪ੍ਰਕਾਸ਼ਤ ਕੀਤੀਆਂ। ਆਪ ਨੂੰ ਇਤਹਾਸ ਨਾਲ ਖਾਸ ਪ੍ਰੇਮ ਹੈ ਤੇ ਇਤਹਾਸਕ ਮਿਸਾਲਾਂ ਜਿਥੋਂ ਕਿਤੋਂ ਮਿਲ ਸਕੇ, ਹਰ ਢੰਗ ਨਾਲ ਲੈਂਣ ਲਈ ਜੁੱਟ ਪੈਂਦੇ ਹਨ। ਆਪ ਦੇ ਦਿਲ ਵਿਚ ਬਹੁਤ ਕੁਝ ਲਿਖਣ ਤੇ ਕਰਨ ਦਾ ਉਤਸ਼ਾਹ ਹੈ। ਪ੍ਰੰਤੂ ਮਾਇਕ ਔਕੜਾਂ ਤੇ ਘਰੇਲੂ ਰੌਝੇਵਿਆਂ ਤੇ ਸਰੀਰਕ ਕਸ਼ਟਾਂ ਕਰਕੇ ਆਪ ਦੇ ਸਾਰੇ ਦਿਲੀ ਅਰਮਾਨ ਪੂਰੇ ਨਹੀਂ ਹੋਏ। ਗਿ: ਨਾਹਰ ਸਿੰਘ ਜੀ ਦੀ ਵਿਦਵਤਾ, ਦੇਸ਼ ਪਿਆਰ, ਪੰਥ ਸੇਵਾ ਤੇ ਜ਼ੋਰਦਾਰ ਲੇਖਣੀ ਪਰ ਮਾਲਵਾ ਜਿਤਨਾ ਭੀ ਮਾਣ ਕਰੇ, ਥੋੜਾ ਹੈ। ਆਪ ਪਰ ਸਿੰਘ ਸਭਾ ਲਹਿਰ ਦਾ ਖਾਸ ਅਸਰ ਹੈ।

ਆਪ ਮਾਲਵੇ ਦਾ ਭੂਸ਼ਨ ਹਨ। ਜੇ ਕਿਤੇ ਆਪ ਨੂੰ ਪੂਰੀਆਂ ਸਹੂਲਤਾਂ ਪ੍ਰਾਪਤ ਹੁੰਦੀਆਂ, ਤੇ ਲਿਖਾਰੀਆਂ ਦੀ ਵੈਰਨ ਗ਼ਰੀਬੀ ( ਦਰਿਦੱਰਤਾ ) ਆਪ ਦੇ ਗੱਲ ਨਾਲ ਚਿੰਬੜੀ ਰਹਿੰਦੀ ਤੇ ਆਪ ਨੂੰ ਸਕੂਲਾਂ ਵਿਚ ਪੜ੍ਹਾਉਂਣ ਦੀ ਨੌਕਰੀ ਕਰਨ ਪਰ ਮਜਬੂਰ ਨਾ ਕਰਦੀ ਤਾਂ ਆਪ ਜੀ ਦੀ ਲੇਖਣੀ ਤੋਂ ਅਸੀ ਹੋਰ ਬਹੁਤ ਸਾਰੀਆਂ ਪੁਸਤਕਾਂ ਛਪੀਆਂ ਹੋਈਆਂ ਵੇਖਦੇ। ਅੱਜ ਕਲ ਆਪ ਆਪਣੇ ਪਿੰਡ ਵਿਚ ਹੀ ਰਹਿੰਦੇ ਹਨ। ਆਪ ਨੂੰ ਦੇਸ਼ ਭਗਤੀ ਦੀ ਲਹਿਰ ਵਿਚ ਹਿੱਸਾ ਲੈਣ ਕਰ ਕੇ ੧੯੨੪ ਵਿਚ ਡਿਸਟ੍ਰਿਕਟ ਬੋਰਡ ਦੀ ਨੌਕਰੀ ਤੋਂ ਅਲਿਹਿਦਾ ਕੀਤਾ ਗਿਆ ਸੀ। ਆਪ ੧੯੦੪ ਤੋਂ ਲਗਾਤਾਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਰਹੇ। ਜੇਲ੍ਹ ਤੋਂ ਬਾਹਰ ਲਗਾਤਾਰ ਉਨ੍ਹਾਂ ਨਾਲ ਆਪਣਾ ਸਬੰਧ ਨਿਭਾਈ ਜਾ ਰਹੇ ਹਨ। ਜੇਲ੍ਹ ਚਿਠੀਆਂ ਪੁਸਤਕ ਪੜ੍ਹਨ ਤੋਂ ਪੂਰੀ ਤਰਾਂ ਪਤਾ ਲਗਦਾ ਹੈ। ਹੁਣ ਆਪ ਅਪਰੈਲ ੧੯੫੫ ਤੋਂ ਪੰਜਾਬੀ ਰਤਨ ਹਫਤਾਵਾਰ ਅਖਬਾਰ ਲੁਧਿਆਣੇ ਦੇ ਐਡੀਟਰ ਹਨ। ਆਪ ਨੂੰ ਪੜ੍ਹਨ ਦਾ ਅਜੇ ਭੀ ਪ੍ਰੇਮ ਹੈ। ਇਸੇ ਕਰਕੇ ਆਪ ਨੇ ੬੩ ਬਰਸ ਦੀ ਉਮਰ ਵਿਚ ਬੀ. ਏ. ਪਾਸ ਕੀਤਾ। ਆਪ ਦੇ ਦੋ ਸਪੁਤਰ ਚੰਗੇ ਉਹਦਿਆਂ ਪਰ ਸਰਕਾਰੀ ਨੌਕਰੀ ਵਿਚ ਹਨ। ਆਪ ਦੇ ਪਿਤਾ ਜੀ ਦੇ ਫੋਟੋ ਦੇਖਣ ਤੋਂ ਇਕ ਗੁਰਮੁਖੀ ਤੇ ਸੁਹਾਵਣੇ ਦਾੜ੍ਹੇ ਦੇ ਦਰਸ਼ਨ ਹੁੰਦੇ ਹਨ, ਕਿਉਂਕਿ ਆਪ ਦਾ ਦਾੜ੍ਹਾ ਖੜਿਆਂ ਦਾ ਪੈਰਾਂ ਤੇ ਪੈਂਦਾ ਸੀ।

## ਭਾਈ ਇੰਦਰ ਸਿੰਘ (ਦੇਸ਼ ਭਗਤ)

ਭਾਈ ਇੰਦਰ ਸਿੰਘ ਪਿੰਡ ਸਿੱਖ ਦੌਲਤ ਜ਼ਿਲਾ ਲੁਧਿਆਣਾ ਵਿਚ ਸ: ਬਸੰਣ ਸਿੰਘ ਦੇ ਘਰ ਪੈਦਾ ਹੋਏ। ਆਪ ਨੂੰ ਆਪ ਦੇ ਮਾਮੇ ਤੇ ਪ੍ਰਸਿੱਧ ਦੇਸ਼ ਭਗਤ ਭਾਈ ਉਤਮ ਸਿੰਘ ਸ਼ਹੀਦ ਪਿੰਡ ਤੋਂ ਦੇਸ਼ ਪਿਆਰ ਦੀ ਲਗਣ ਲੱਗੀ। ਜੱਦ ਅਮਰੀਕਾ ਤੋਂ ਆਏ ਦੇਸ਼ ਭਗਤਾਂ ਨੇ ਹਥਿਆਰਬੰਦ ਬਗਾਵਤ ਕਰਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਬੀੜਾ ਉਠਾਇਆ ਤਾਂ ਆਪ ਭੀ ਉਸ ਪਾਰਟੀ ਵਿਚ

Digitized by Panjab Digital Library | www.panjabdigilib.org

ਸ਼ਾਮਲ ਹੋਕੇ ਦੇਸ਼ ਤੋਂ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ। ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ਭਾਈ ਇੰਦਰ ਸਿੰਘ ਜੀ ਨੂੰ ਉਮਰ ਕੈਦ ਦਿੱਤੀ ਗਈ। ਜੋ ਪਿੱਛੋਂ ਸਤ ਸਾਲ ਰਹਿ ਗਈ ਸੀ।

ਜੇਹਲਾਂ ਵਿਚ ਇੰਨਾਂ ਦੇਸ਼ ਭਗਤਾਂ ਪਰ ਬਹੁਤ ਜਿਆਦਾ ਅਤਿਆਚਾਰ ਕੀਤੇ ਗਏ। ਜਦ ਆਪ ਹਜਾਰੀ ਬਾਗ (ਮਦਰਾਸ) ਜੇਹਲ ਵਿਚ ਬੰਦ ਸਨ ਤਾਂ ਆਪਣੇ ਸਾਥੀਆਂ ਸਮੇਤ ਜੇਹਲ ਤੋੜ ਕੇ ਭੱਜ ਗਏ। ਪਿਛੋਂ ਆਪ ਨੂੰ ਜੰਗਲ ਵਿਚ ਫੜਨ ਆਏ ਪੁਲਸੀਆਂ ਤੇ ਪੇਂਡੂਆਂ ਨਾਲ ਆਪਣੇ ਸਾਥੀਆਂ ਸਮੇਤ ਖੂਬ ਟਾਕਰਾ ਕੀਤਾ ਤੇ ਪਿਛੋਂ ਫੜੇ ਗਏ। ਇਸ ਤੋਂ ਪਿਛੋਂ ਕਈ ਸਾਲਾਂ ਬਾਦ ਆਪ ਰਿਹਾ ਹੋਏ। ਆਪ ਨੇ ਉਮਰ ਦਾ ਕੀਮਤੀ ਹਿਸਾ ਜੇਲ੍ਹ ਵਿਚ ਹੀ ਗੁਜ਼ਾਰਿਆ। ਜੇਹਲਾਂ ਵਿਚ ਉਸ ਸਮੇਂ ਰਾਜਸੀ ਕੈਦੀਆਂ ਪਰ ਬਹੁਤ ਅਤਿਆਚਾਰ ਹੁੰਦੇ ਸਨ ਅਤੇ ਇਹ ਦੇਸ਼ ਭਗਤ ਜੇਹਲਾਂ ਦੇ ਸੁਧਾਰ ਲਈ ਲੰਬੀਆਂ ਲੰਬੀਆਂ ਭੁਖ ਹੜਤਾਲਾਂ ਤੇ ਕਠਨ ਮੁਸ਼ਕਲਾਤਾਂ ਦੇ ਦੁਖ ਝਲਦੇ ਹੁੰਦੇ ਸਨ। ਜੀਵਨ ਦਾ ਬੇਹਤਰੀਨ ਹਿਸਾ ਜੇਲ੍ਹਾਂ ਦੀਆਂ ਚਾਰਦੀਵਾਰੀਆਂ ਵਿਚ ਗੁਜ਼ਾਰਨਾ ਛੇਤੀ ਕੁਰਬਾਨ ਹੋਣ ਤੋਂ ਬਹੁਤਾ ਕਠਨ ਹੈ। ਉਸ ਸਮੇਂ ਜੋ ਜ਼ਿਹਨੀ ਦੁਖ ਅਨਭਵ ਹੁੰਦਾ ਹੈ ਉਸਦਾ ਸ਼ਬਦਾਂ ਵਿਚ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਭਾਈ ਇੰਦਰ ਸਿੰਘ ਇਕ ਸਚੇ ਦੇਸ਼ ਭਗਤ ਹਨ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਸ ਹਸ ਕਸ਼ਟ ਸਹਾਰੇ ਅਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਹੇ। ਆਪ ਦਾ ਹੋਨਹਾਰ ਪੁਤਰ ਬਸੰਤ ਸਿੰਘ ਪੰਥ ਪਾਸ ਅਮਾਨਤ ਹੈ।

**ਲਾਲ ਸਿੰਘ (ਨਾਰੰਗਵਾਲ):—** ਆਪ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ। ਪਿਤਾ ਦਾ ਨਾਮ ਸ: ਉਦੇ ਸਿੰਘ ਤੇ ਮਾਈ ਦਾ ਨਾਮ ਮਤਾਬ ਕੌਰ ਸੀ।

ਆਪ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਗਿਆਨੀ ਸੱਜਣ ਸਿੰਘ ਜੀ ਦੇ ਸਮੇਤ ੩੦ ਮਾਰਚ ੧੯੧੬ ਦੇ ਕੇਸ ਵਿਚ ਕੈਦ ਹੋਏ। ਪਹਿਲਾਂ ਉਮਰ ਕਦ ਦੀ ਸਜ਼ਾ ਸੁਣਾਈ ਗਈ ਸੀ, ਪਰ ਬਾਅਦ ਵਿਚ ੧੦ ਸਾਲ ਦੀ ਕੈਦ ਘਟਾ ਕੇ ਹਜ਼ਾਰੀ ਬਾਗ ਜੇਲ੍ਹ ਵਿਚ ਭੇਜ ਦਿਤੇ ਗਏ। ਇਸ ਜੇਲ੍ਹ ਵਿਚੋਂ ਫਰਨ ਹੋਣ ਵਾਲੇ ੧੮ ਸਿੰਘਾਂ ਵਿਚੋਂ ਆਪ ਵੀ ਇਕ ਸਨ।

ਆਪ ਨੂੰ ਹਜ਼ਾਰੀ ਬਾਗ ਜੇਲ੍ਹ ਵਿਚੋਂ ਬਦਲ ਕੇ ਤ੍ਰਿਚਨਾਪਲੀ ਭੇਜਿਆ ਗਿਆ ਤੇ ਕੁਝ ਮਹੀਨੇ ਅਕੇਲਾ ਜੇਲ੍ਹ ਵਿਚ ਕੈਦ ਰਖ ਕੇ ੧੯੨੪ ਵਿਚ ਰਿਹਾ ਕੀਤੇ ਗਏ। ਸ: ਮਹਾਂ ਸਿੰਘ, ਸ: ਅਜੀਤ ਸਿੰਘ ਤੇ ਸ: ਅਵਤਾਰ ਸਿੰਘ ਆਪ ਦੇ ਤਿੰਨ ਲੜਕੇ ਹਨ।

**ਦਲੀਪ ਸਿੰਘ ਗਿਆਨੀ (ਫੁਲਾਂ ਵਾਲ):—** ਆਪ ਪਿੰਡ ਫੁੱਲਾਂਵਾਲ ਜ਼ਿਲਾ ਲੁਧਿਆਣਾ ਵਿਖੇ ਸੰਮਤ ੧੯੧੫ ਬਿ: ਵਿਚ ਪੈਦਾ ਹੋਏ। ਪਿਤਾ ਸ: ਹਮੀਰ ਸਿੰਘ ਤੇ ਮਾਤਾ ਮਹਿਤਾਬ ਕੌਰ ਸੀ। ਮਾਤਾ ਪਿਤਾ ਛੋਟੀ ਉਮਰ ਵਿਚ ਹੀ ਗੁਜ਼ਰ ਗਏ। ਦਲੀਪ ਸਿੰਘ ਨੇ ਲਲਤੋਂ ਕਲਾਂ ਤੋਂ ਪ੍ਰਾਇਮਰੀ ਦਾ ਇਮਤਿਹਾਨ ਪਾਸ ਕੀਤਾ ਤੇ ਫੇਰ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਾਖਲ ਹੋ ਗਏ। ਏਥੇ ਰਹਿੰਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੰਗਤ ਹੋ ਗਈ ਤੇ ਨਾਮ-ਸਿਮਰਨ ਦਾ ਸ਼ੌਕ ਪੈਦਾ ਹੋ ਗਿਆ। ਇਨ੍ਹਾਂ ਦਿਨਾਂ ਵਿਚ ਸਿੰਘ ਸਭਾ ਦਾ ਜ਼ੋਰ ਸੀ। ਆਪ ਨੇ ਆਪਣਾ ਕੀਰਤਨੀ ਜਥਾ ਤਿਆਰ ਕੀਤਾ ਤੇ ਸਾਰੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਆਰੰਭ ਦਿਤੀ।

ਗੁ: ਰਕਾਬ ਗੰਜ ਦੀ ਕੰਧ ਢਾਹੇ ਜਾਣ ਵੇਲੇ ਆਪ ਨੇ ਹਕੂਮਤ ਹਿੰਦ ਦੇ ਇਸ ਨਖਿੱਧ

Digitized by Panjab Digital Library | www.panjabdigilib.org

ਰਵਈਏ ਵਿਰੁੱਧ ਸਖਤ ਐਜ਼ੀਟੇਸ਼ਨ ਕੀਤੀ। *ਫੀਰੋਜ਼ਪੁਰ ਦੇ ਕਿਲੇ ਉਪਰ ਧਾਵਾ ਬੋਲਣ ਵਾਲੇ ਜਥੇ ਵਿਚ ਆਪ ਸ਼ਾਮਲ ਸਨ। ਆਪ ਨੂੰ ਰਾਮ ਪੁਰਾ ਫੂਲ ਦੇ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ। ਆਪ ਤੇ ਗਿ: ਹਰਭਜਨ ਸਿੰਘ ਚਮਿੰਡਾ (ਲੁਧਿਆਣਾ) ਤੇ ਇਸ ਕੇਸ ਵਿਚ ਬਹੁਤ ਚਿਰ ਭਗੌੜੇ ਹੋਏ ਰਹੇ ਸਨ।

ਗਿਆਨੀ ਦਲੀਪ ਸਿੰਘ ਉਪਰ ਲਾਹੌਰ ਸਾਜ਼ਸ਼ ਕੇਸ ਨੰਬਰ ੨ ਵਾਲਾ ਮੁਕੱਦਮਾ ਚਲਾਇਆ ਗਿਆ। ਆਪ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤ ਹੋਣ ਦੀ ਸਜ਼ਾ ਹੋਈ। ਪਰ ਬਾਲ ਉਮਰ ਹੋਣ ਕਰਕੇ ਇਹ ਕੈਦ ਕੇਵਲ ਦੋ ਸਾਲ ਰਹਿ ਗਈ ਤੇ ਅੰਬਾਲਾ, ਮਿੰਟਗੁਮਰੀ ਆਦਿ ਜੇਲ੍ਹਾਂ ਵਿਚ ਬਹੁਤ ਸਾਰੀਆਂ ਮੁਸੀਬਤਾਂ ਭੁਗਤ ਰਿਹਾ ਹੋਏ।

ਸਿੱਖ ਟ੍ਰੈਕਟ ਸੁਸਾਇਟੀ ਦੇ ਸਵਾ ਸਾਲ ਸਕੱਤ੍ਰ ਰਹੇ। ਏਥੋਂ ਹਟ ਕੇ ਲੁਧਿਆਣਾ ਮਿਸ਼ਨ ਸਕੂਲ ਵਿਚ ਪੰਜਾਬੀ ਟੀਚਰ ਲੱਗ ਗਏ ਤੇ ਪੰਡਤ ਕਰਤਾਰ ਸਿੰਘ ਦਾਖਾ ਕੋਲੋਂ ਪੜ੍ਹ ਕੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਆਪ ਡੀ. ਬੀ. ਮਿਡਲ ਸਕੂਲ ਬੁੱਟਰ ਤੇ ਡੀ. ਬੀ. ਹਾਈ ਸਕੂਲ ਬੰਗਾ ਜ਼ਿਲਾ ਜਲੰਧਰ ਵਿਚ ਵੀ ਕੁਝ ਸਮੇਂ ਪੜ੍ਹਾਉਂਦੇ ਰਹੇ। ੧੬ ਮਈ ੧੯੨੪ ਤੋਂ ਲੈ ਕੇ ਆਪਣੀ ਨੌਕਰੀ ਦੇ ਅਖੀਰ ਤੱਕ ਡੀ. ਬੀ. ਮਿਡਲ ਸਕੂਲ ਨਥਾਣਾ ਵਿਚ ਪੰਜਾਬੀ ਟੀਚਰ ਰਹੇ ਤੇ ਇਸ ਇਲਕੇ ਵਿਚ ਗੁਰ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।

ਸ: ਰਣਬੀਰ ਸਿੰਘ ਬੀ.ਐਸ.ਸੀ.ਬੀ.ਟੀ. ਆਪ ਦੇ ਛੋਟੇ ਭਰਾ ਸਨ।

**ਕਾਹਨ ਸਿੰਘ ਹਸਨ ਪੁਰ:–** ਸ: ਕਾਹਨ ਸਿੰਘ ਦਾ ਜਨਮ ਨਗਰ ਕਾਹਨਪੁਰ ਵਿਚ ਸ: ਸਰੂਪ ਸਿੰਘ ਦੇ ਗ੍ਰਿਹਿ ਵਿਖੇ ਹੋਇਆ। ਆਪ ਜੀ ਦੇਸ਼ ਗਦਰੀ ਭਗਤਾਂ ਵਿਚੋਂ ਹਨ ਅਤੇ ੧੯੧੪–੧੫ ਵਿਚ ਆਪ ਗਦਰ ਪਾਰਟੀ ਵਿਚ ਹਿੱਸਾ ਲੈਂਦੇ ਰਹੇ, ਇਸ ਦੋਸ਼ ਵਿਚ ਆਪ ਨੂੰ ਸਾਜ਼ਸ਼ ਕੇਸ ਲਾਹੌਰ ਨੰ: ੨ ਵਿਚ ਚਾਰ ਸਾਲ ਸਖਤ ਕੈਦ ਭੋਗਣੀ ਪਈ। ਆਪ ਦਾ ਸਬੰਧ ਸ: ਕਰਤਾਰ ਸਿੰਘ ਜੀ ਸਰਾਭਾ ਨਾਲ ਰਿਹਾ, ਅਤੇ ਆਪ ਗਦਰ ਦੀਆਂ ਤਿਆਰੀਆਂ ਵਿਚ ਸਰਗਰਮ ਹਿੱਸੇ ਲੈਂਦੇ ਰਹੇ। ਆਪ ਨੇ ਅਕਾਲੀ ਲਹਿਰ ਵਿਚ ਭੀ ਵਧ ਚੜ੍ਹ ਕੇ ਹਿੱਸਾ ਲਿਆ। ਆਪ ਇਸ ਵੇਲੇ ੮੦ ਸਾਲ ਦੀ ਉਮਰ ਦੇ ਹਨ।

**ਭਾ: ਜਗਤ ਸਿੰਘ ਗੁਜਰ ਵਾਲ:–** ਭਾਈ ਜਗਤ ਸਿੰਘ ਦੇ ਪਿਤਾ ਦਾ ਨਾਮ ਸ: ਦੇਵਾ ਸਿੰਘ ਪਿੰਡ ਗੁਜਰ ਵਾਲ ਜ਼ਿਲਾ ਲੁਧਿਆਣਾ ਹੈ, ਆਪ ਅਮਰੀਕਾ ਤੋਂ ਆਏ ਸਨ। ਦੂਜੀ ਸਾਜ਼ਸ਼ ਲਾਹੌਰ ਵਿਚ ਉਮਰ ਕੈਦ ਹੋਏ। ਤਿੰਨ ਸਾਲ ਪਿਛੋਂ ਰਿਹਾ ਹੋਏ, ਆਪ ਦੇ ਭਾਈ ਰਾਮ ਸਿੰਘ ਬੜੇ ਪ੍ਰੇਮੀ ਸਿੰਘ ਸਨ, ਅਤ ਦੂਜੇ ਸ਼ਹੀਦੀ ਜਥੇ ਵਿਚ ਜੈਤੋ ਸ਼ਹੀਦ ਹੋ ਗਏ ਸਨ। ਭਾ: ਰਾਮ ਸਿੰਘ ੧੬ ਨਵੰਬਰ ੧੯੩੬ ਵਿਚ ਚਲਾਣਾ ਕਰ ਗਏ। ਆਪ ਤੋਂ ਪਿਛੋਂ ਸ: ਜਗਤ ਸਿੰਘ ਜੀ ਭੀ ਕੁਝ ਸਾਲ ਬਾਦ ਚਲਾਨਾ ਕਰ ਗਏ।

---

*ਫੀਰੋਜ਼ਪੁਰ ਦੇ ਕਿਲੇ ਉਪਰ ਧਾਵਾ ਬੋਲਕੇ, ਹਥਿਆਰ ਲੁੱਟਣ ਦੀ ਸਕੀਮ ਬਣਾਈ ਗਈ ਸੀ। ਸਾਰੀ ਤਿਆਰੀ ਮੁਕੰਮਲ ਕੀਤੀ ਜਾ ਚੁਕੀ ਸੀ ਪਰ ਕ੍ਰਿਪਾਲ ਸਿੰਘ ਜੋ ਅੰਮ੍ਰਿਤਸਰ ਪਾਰਟੀ ਦਾ ਮੈਂਬਰ ਸੀ, ਉਸ ਨੇ ਪੁਲੀਸ ਕੋਲ ਮੁਖਬਰੀ ਕਰ ਦਿਤੀ ਤੇ ਇਸ ਤਰਾਂ ਬਹੁਤ ਸਾਰੇ ਦੇਸ਼ ਭਗਤ ਪਿਛੋਂ ਫੜੇ ਗਏ। ਵਧੇਰੇ ਵਾਕਫੀ ਲਈ ਏਸੇ ਇਤਿਹਾਸਕ ਲੜੀ ਦੀ ਦੂਜੀ ਜਿਲਦ ਵੇਖੋ।

Digitized by Panjab Digital Library | www.panjabdigilib.org

**ਮਹਿਦਰ ਸਿੰਘ ਮਾਜਰੀ:**— ਆਪ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ ਹਨ। ਚੜ੍ਹਦੀ ਉਮਰ ਵਿਚ ਹੀ ਗਦਰ ਲਹਿਰ ਵਿਚ ਸ਼ਾਮਲ ਹੋਏ ਤੇ ੩੦ ਮਾਰਚ ੧੯੧੬ ਤੋਂ ਉਮਰ-ਕੈਦ ਹੋਏ। ਮਿੰਟਗੁਮਰੀ ਜੇਲ੍ਹ ਵਿਚ ਪੰਜ ਸਾਲ ਕੈਦ ਕਟ ਕੇ ਫੇਰ ਰਿਹਾ ਕੀਤੇ ਗਏ। ਅੱਜ ਕਲ ਆਪਣੇ ਨਗਰ ਮਾਜਰੀ ਤੈ: ਸਮਰਾਲਾ ਹੀ ਰਹਿੰਦੇ ਹਨ।

**ਭਾਈ ਅਰਜਨ ਸਿੰਘ ਈਨਾ**—ਭਾਈ ਅਰਜਨ ਸਿੰਘ ਜੀ ਈਨਾ ਦਾ ਜਨਮ ਸ਼ਹਿਰ ਜਗਰਾਉਂ ਅਗਵਾੜ ਲੋਪੋਂ ਜ਼ਿਲਾ ਲੁਧਿਆਨਾ ਵਿਚ ਸ: ਲਾਲ ਸਿੰਘ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਜੀ ਨੇ ਧਾਰਮਕ ਵਿਦਿਆ ਪੜ੍ਹੀ ਤੇ ਬਾਣੀ ਦੇ ਰਸੀਏ ਬਣ ਗਏ। ਦੇਸ਼ ਭਗਤੀ ਦਾ ਜਜ਼ਬਾ ਭੀ ਆਪ ਦੇ ਦਿਲ ਵਿਚ ਅਥਾਹ ਸੀ। ਜਦ ੧੯੧੪-੧੫ ਵਿਚ ਗਦਰ ਪਾਰਟੀ ਵਾਲੇ ਦੇਸ਼ ਭਗਤ ਅਮਰੀਕਾ ਤੇ ਕੈਨੇਡਾ ਆਦਿ ਤੋਂ ਵਾਪਸ ਆਕੇ ਗਦਰ ਦੀਆਂ ਤਿਆਰੀਆਂ ਕਰਨ ਲੱਗੇ ਤਾਂ ਸ: ਅਰਜਨ ਸਿੰਘ ਜੀ ਭੀ ਉਨ੍ਹਾਂ ਨਾਲ ਸ਼ਾਮਲ ਹੋ ਗਏ। ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ਆਪ ਜੀ ਨੂੰ ਉਮਰ ਕੈਦ ਦੀ ਸਜ਼ਾ ਹੋਈ। ਪੰਜਾਬ ਦੀਆਂ ਜੇਹਲਾਂ ਵਿਚ ਤਸੀਹੇ ਝਲਣ ਪਿਛੋਂ ਆਪ ਜੀ ਨੂੰ ਹਜ਼ਾਰੀ ਬਾਗ ਜੇਹਲ (ਬਿਹਾਰ) ਵਿਚ ਬਦਲ ਦਿੱਤਾ ਗਿਆ। ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨਾਰੰਗਵਾਲ ਤੇ ਹੋਰ ਬਹੁਤ ਸਾਰੇ ਦੇਸ਼ ਭਗਤ ਇਸ ਜੇਹਲ ਵਿਚ ਬੰਦ ਸਨ। ਜੇਹਲਾਂ ਦੇ ਤਸੀਹਿਆਂ ਦੀ ਵਿਸਥਾਰ ਸਹਿਤ ਵਿਥਿਆ ਭਾਈ ਰਣਧੀਰ ਸਿੰਘ ਜੀ ਨੇ ਜੇਹਲ ਚਿੱਠੀਆਂ ਨਾਮ ਦੀ ਪੁਸਤੱਕ ਵਿਚ ਖੋਹਲਕੇ ਲਿਖੀ ਹੈ। ਆਪ ਦਆਬੇ ਪਿੰਡ ਉਗੀ ਚਿੱਟੀ ਵਿਚ ਜੂਨ ੧੯੧੫ ਨੂੰ ਫੜੇ ਗਏ ਸਨ ਤੇ ੩੦ ਮਾਰਚ ੧੯੨੩ ਨੂੰ ਕੈਦ ਹੋ ਗਏ।

ਹਜ਼ਾਰੀ ਬਾਗ ਜੇਹਲ ਦੀਆਂ ਸਖਤੀਆਂ ਤੋਂ ਤੰਗ ਆਕੇ ਸਿਖ ਰਾਜਸੀ ਕੈਦੀਆਂ ਨੇ ਹਰਨ ਹੋਣ ਦਾ ਪ੍ਰੋਗ੍ਰਾਮ ਬਣਾਇਆ। ਭਾਈ ਅਰਜਨ ਸਿੰਘ ਜਗਰਾਉਂ ਜੰਗਲੇ ਤੋੜਨ ਲਈ ਸੱਬਲ ਲਿਆਏ ਤੇ ਭੱਜਣ ਦੀ ਤਿਆਰੀ ਵਿਚ ਪੂਰੇ ੨ ਜੋਸ਼ ਨਾਲ ਹਿੱਸਾ ਲਿਆ। ਕੁਝ ਸਿੰਘਾਂ ਨੂੰ ਤਾਂ ਉਚੀ ਫਸੀਲ ਤੋਂ ਛਾਲਾਂ ਮਾਰਨ ਕਰਕੇ ਸਖਤ ਸੱਟ ਲੱਗੀ ਅਤੇ ਉਹ ਛੇਤੀ ਫੜੇ ਗਏ ਅਤੇ ਸ. ਅਰਜਨ ਸਿੰਘ ਤੇ ਆਪ ਜੀ ਦੇ ਪੰਜ ਹੋਰ ਸਾਥੀ ਬਿਹਾਰ ਤੋਂ ਹਰਨ ਹੋਕੇ ਬਨਾਰਸ ਯੂ.ਪੀ. ਤੱਕ ਪੁਜ ਗਏ। ਰਸਤੇ ਵਿਚ ਇੰਨ੍ਹਾਂ ਦੇਸ਼ ਭਗਤਾਂ ਨੂੰ ਬੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਕਈ ਵੇਰ ਪੁਲਸ ਤੇ ਪਿੰਡਾਂ ਵਾਲਿਆਂ ਨਾਲ ਮੁਕਾਬਲਾ ਹੋਇਆ। ਸਿੰਘ ਸੋਟਿਆਂ ਨਾਲ ਹੀ ਸੈਕੜੇ ਆਦਮੀਆਂ ਦਾ ਮੂੰਹ ਫੇਰ ਦਿੰਦੇ ਰਹੇ। ਆਖਰ ਬਨਾਰਸ ਦੇ ਨੇੜੇ ਆਪ ਫੜੇ ਗਏ ਤੇ ਵਾਪਸ ਹਜ਼ਾਰੀ ਬਾਗ ਜੇਹਲ ਵਿਚ ਲਿਆਕੇ ਮੁਕਦਮਾ ਚਲਾਇਆ ਗਿਆ ਤੇ ਤਿੰਨ ਸਾਲ ਸਜ਼ਾ ਵਧਾ ਦਿੱਤੀ ਗਈ। ਆਪ ਪੂਰੀ ਉਮਰ ਕੈਦ ਕਟਕੇ ਰਿਹਾ ਹੋਇ। ਆਪ ਦੇ ਮਾਤਾ ਜੀ ਬੜੇ ਬਹਾਦਰ ਤੇ ਪੁਰਾਤਨ ਸਿੰਘਣੀਆਂ ਜੈਸੇ ਹਨ ਤੇ ਸਿੱਖੀ ਰਹਿਤ ਬਹਿਤ ਵਿਚ ਤਿਆਰ ਬਰਤਿਆਰ ਹਨ। ਆਪ ਦਾ ਖਾਨਦਾਨ ਪੂਰਨ ਗੁਰਸਿੱਖ ਹੈ। ਆਪਦੀਆਂ ਕੁਰਬਾਨੀਆਂ ਸਦਾ ਯਾਦ ਰਹਿਣ ਵਾਲੀਆਂ ਹਨ।

ਆਪਦੇ ਮਾਤਾ ਜੀ ਇਤਨੇ ਦਲੇਰ ਸਨ ਕਿ ਉਨਾਂ ਭਾਈ ਅਰਜਨ ਸਿੰਘ ਹੋਰਾਂ ਨੂੰ ਜਦ ਏਹ ਫੜੇ ਹੋਏ ਲੁਧਿਆਣੇ ਕੋਤਵਾਲੀ ਵਿਚ ਸਨ ਤਾਂ ਵੰਗਾਰਕੇ ਕਿਹਾ ਸੀ ਕਿਦੇ ਭੀ ਤਕੜਾ ਰਹੀਂ, ਡੋਲੀਂ ਨ ਕਿਤੇ ਕੁਝ ਮੂੰਹੋਂ ਕਹਿਕੇ ਕਿਸੇ ਹੋਰ ਨੂੰ ਐਵੇਂ ਨ ਫਸਾਈਂ।

Digitized by Panjab Digital Library | www.panjabdigilib.org

**ਬਾਬਾ ਮਸਤਾਨ ਸਿੰਘ ਜੀ:—** ਬਾਬਾ ਮਸਤਾਨ ਸਿੰਘ ਜੀ ਦਾ ਜਨਮ ਸ: ਮਹਿਤਾਬ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਨਾਰੰਗਵਾਲ ਲੁਧਿਆਣਾ ਵਿਚ ਹੋਇਆ। ਆਪ ੧੯੦੬-੭ ਵਿਚ ਹੀ ਅਮਰੀਕਾ ਚਲੇ ਗਏ। ਜਦ ਗਦਰ ਪਾਰਟੀ ਬਣੀ ਤਾਂ ਆਪ ਜੀ ਭੀ ਉਸ ਵਿਚ ਸ਼ਾਮਲ ਹੋ ਕੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦੇ ਰਹੇ। ਪਹਿਲੀ ਵਡੀ ਲੜਾਈ ਆਰੰਭ ਹੋਣ ਤੋਂ ਪਹਿਲਾਂ ਹੀ ਆਪ ਵਾਪਸ ਦੇਸ਼ ਆ ਗਏ। ਜਦ ਗਦਰ ਪਾਰਟੀ ਦੇ ਦੇਸ਼ ਭਗਤਾਂ ਨੇ ਵਾਪਸ ਆ ਕੇ ਗਦਰ ਦੀਆਂ ਤਿਆਰੀਆਂ ਆਰੰਭੀਆਂ ਤਾਂ ਆਪ ਭੀ ਉਨ੍ਹਾਂ ਵਿਚ ਹਿੱਸਾ ਲੈਂਦੇ ਰਹੇ। ਥਾਨਾ ਡੇਹਲੋਂ ਵਿਚ ਪੁਲਸ ਨੇ ਆਪ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਦੂਜਾ ਮੁਕਦਮਾ ਸਾਜ਼ਸ਼ ਕੇਸ ਲਾਹੌਰ ਵਿਚ ਆਪ ਨੂੰ ਉਮਰ ਕੈਦ ਹੋਈ। ਆਪ ਹਜ਼ਾਰੀ ਬਾਗ ਆਦਿਕ ਕਈ ਜੇਹਲਾਂ ਵਿਚ ਦੇਸ਼ ਦੀ ਖਾਤਰ ਤਸੀਹੇ ਝਲਦੇ ਰਹੇ। ਬਹੁਤ ਬਰਸ ਹੋਏ ਆਪ ਚਲਾਣਾ ਕਰ ਗਏ ਹਨ।

**ਸ: ਲਾਲ ਸਿੰਘ:—** ਆਪ ਪਿੰਡ ਕਮਾਲਪੁਰਾ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਪੈਦਾ ਹੋਏ। ਆਪ ਨੂੰ ਗਦਰ ਪਾਰਟੀ ਦੇ ਸਰਗਰਮ ਵਰਕਰ ਸਮਝ ਕੇ, ਸ਼ੰਘਾਈ ਤੋਂ ਗ੍ਰਿਫਤਾਰ ਕੀਤਾ ਗਿਆ ਤੇ ੧੬ ਸਾਲ ਦੀ ਸਜ਼ਾ ਦਾ ਹੁਕਮ ਹੋਇਆ ਪਰ ਬਾਅਦ ਵਿਚ ਰਿਹਾ ਕਰ ਦਿਤੇ ਗਏ।

੧੯੨੨ ਵਿਚ ਸ਼੍ਰੋ: ਅ: ਦਲ ਦੇ ਮੈਂਬਰ ਬਣਕੇ ਤਿੰਨ ਵੇਰੀ ਗੁਰੂ ਕੇ ਬਾਗ ਦੇ ਜਥੇ ਨਾਲ ਗਏ ਤੇ ਬੀ. ਟੀ. ਦੀਆਂ ਡਾਂਗਾਂ ਖਾ ਕੇ ਆਪਣੇ ਸਰੀਰ ਨੂੰ ਵਡਭਾਗਾ ਬਣਾਇਆ। ਜੈਤੋ ਦੇ ਮੋਰਚੇ ਵਿਚ ਵੀ ਸੇਵਾ ਕੀਤੀ। ਅਨੇਕਾਂ ਪ੍ਰਕਾਰ ਦੇ ਦੁਖ ਤਸੀਹੇ ਝੱਲੇ।

ਆਪ ਪੂਰਨ ਗੁਰਸਿੱਖ ਤੇ ਨਿਤਨੇਮੀ ਸਨ। ਆਪ ਨੇ ਆਪਣੇ ਪਿੰਡ ਕਮਾਲ ਪੁਰਾ ਵਿਚ ਲੜਕੀਆਂ ਅਤੇ ਲੜਕਿਆਂ ਦੇ ਹਾਈ ਸਕੂਲ ਕਾਇਮ ਕਰਨ ਵਿਚ ਹਿਸਾ ਲਿਆ ਅਤੇ ਸਾਰੀ ਉਮਰ ਦੇਸ਼ ਵਿਚੋਂ ਅਨਪੜ੍ਹਤਾ ਨੂੰ ਦੂਰ ਕਰਨ ਲਈ ਜਦੋ ਜਿਹਦ ਕਰਦੇ ਰਹੇ। ਆਪ ਜੀ ਦਾ ਇਲਾਕੇ ਵਿਚ ਬਹੁਤ ਹੀ ਸਤਿਕਾਰ ਸੀ। ਆਪ ਦੇ ਭਰਾਤਾ ਸ: ਜੀਵਾ ਸਿੰਘ ਜੀ ਨੇ ਆਪ ਦੇ ਵਿਦਿਆ ਪ੍ਰਚਾਰ ਦੇ ਮਿਸ਼ਨ ਨੂੰ ਚਲਾ ਰਹੇ ਹਨ।

**ਸ: ਮਹਿੰਦਰ ਸਿੰਘ ਜੀ ਢੁਡੀਕੇ:—** ਸ: ਮਹਿੰਦਰ ਸਿੰਘ ਜੀ ਨੂੰ ਭੀ ੧੯੧੪-੧੫ ਗਦਰ ਪਾਰਟੀ ਦਾ ਸਾਥ ਦੇਣ ਦੇ ਅਪਰਾਧ ਵਿਚ ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ਤਿੰਨ ਸਾਲ ਕੈਦ ਦੀ ਸਜ਼ਾ ਹੋਈ। ਆਪ ਜੀ ਦੇ ਪਿਤਾ ਦਾ ਨਾਮ ਸ: ਨੰਦ ਸਿੰਘ ਤੇ ਮਾਤਾ ਦਾ ਨਾਮ ਮਹਿਤਾਬ ਕੌਰ ਸੀ। ਆਪ ਜੀ ਨੇ ਦੇਸ਼ ਦੀ ਆਜ਼ਾਦੀ ਲਈ ਸਾਰੀ ਉਮਰ ਜਦੋ ਜਹਿਦ ਜਾਰੀ ਰਖੀ।

**ਸ: ਸ਼ਾਮ ਸਿੰਘ ਜੀ ਢੁਡੀਕੇ:—** ਸ: ਸ਼ਾਮ ਸਿੰਘ ਜੀ ਦਾ ਜਨਮ ਸ: ਭੋਲਾ ਸਿੰਘ ਜੀ ਦੇ ਘਰ ਪਿੰਡ ਢੁਡੀਕੇ ਵਿਚ ਹੋਇਆ। ਆਪ ਜੀ ਨੇ ਭੀ ੧੯੧੪-੧੫ ਵਿਚ ਗਦਰ ਪਾਰਟੀ ਦਾ ਸਾਥ ਦਿਤਾ ਅਤੇ ਗ੍ਰਿਫਤਾਰ ਕੀਤੇ ਗਏ। ਦੂਜਾ ਮੁਕਦਮਾ ਲਾਹੌਰ ਸਾਜ਼ਸ਼ ਕੇਸ ਵਿਚ ਆਪ ਨੂੰ ਤਿੰਨ ਸਾਲ਼ ਕੈਦ ਹੋਈ।

**ਸ: ਪਾਲਾ ਸਿੰਘ ਜੀ ਢੁਡੀਕੇ:—** ਸ: ਪਾਲਾ ਸਿੰਘ ਜੀ ਸਪੁਤਰ ਸ: ਬਗਾ ਸਿੰਘ

Digitized by Panjab Digital Library | www.panjabdigilib.org

ਜੀ ਦਾ ਜਨਮ ਪਿੰਡ ਢੁਡੀਕੇ ਵਿਚ ਹੋਇਆ। ਆਪ ੧੯੧੪-੧੫ ਵਿਚ ਗਦਰ ਪਾਰਟੀ ਦੇ ਸਾਥੀ ਸਨ ਅਤੇ ਇਸ ਦੋਸ਼ ਵਿਚ ਆਪ ਜੀ ਨੂੰ ੮ ਸਾਲ ਕੈਦ ਦੀ ਸਜ਼ਾ ਹੋਈ ਆਪ ਬਹੁਤ ਗਰਮ ਸੁਭਾ ਦੇ ਸਨ ਅਤੇ ਦੇਸ਼ ਭਗਤ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਢੁਡੀਕੇ ਦੇ ਇਕ ਹੋਰ ਸ: ਪਾਲਾ ਸਿੰਘ ਜੀ ਭੀ ਸਨ ਜਿਨ੍ਹਾਂ ਦੇ ਪਿਤਾ ਦਾ ਨਾਮ ਕਾਲਾ ਸਿੰਘ ਜੀ ਸੀ।

**ਪਾਲਾ ਸਿੰਘ:**—ਆਪ ਢੁਡੀਕੇ ਜ਼ਿਲਾ ਫੀਰੋਜ਼ਪੁਰ ਵਿਚ ਸ: ਕਾਲਾ ਸਿੰਘ ਦੇ ਘਰ ਮਾਈ ਧਰਮ ਕੌਰ ਦੀ ਕੁੱਖ ਤੋਂ ਪੈਦਾ ਹੋਏ। ਆਪ ੧੯੧੪-੧੫ ਦੇ ਖਾਸ ਵਰਕਰਾਂ ਵਿਚੋਂ ਸਨ। ਆਪ ਨੇ ਹੋਰ ਅਨੇਕਾਂ ਔਕੜਾਂ ਤੋਂ ਬਿਨਾਂ ਤਿੰਨ ਸਾਲ ਦੀ ਸਖਤ ਕੈਦ ਕੱਟੀ। ਪਿੰਡ ਢੁਡੀਕੇ ਵਿਚ ਵੀ ਦੇਸ਼ ਭਗਤਾਂ ਦਾ ਅੱਡਾ ਸੀ।

**ਪਾਖਰ ਸਿੰਘ:**—ਆਪ ਵੀ ਗਦਰ ਪਾਰਟੀ ਦੇ ਸਾਥੀ ਸਨ ਇਹ* ਸ: ਪਾਲਾ ਸਿੰਘ ਦੇ ਨਾਲ ਇਕੱਠੇ ਹੀ ਜੁਗ ਪਲਟਾਊ ਪਾਰਟੀ ਵਿਚ ਸ਼ਾਮਲ ਹੋਏ। ਇਹਨਾਂ ਦੇ ਪਿਤਾ ਸ: ਭਾਨ ਸਿੰਘ ਤੇ ਮਾਤਾ ਅਤਰ ਕੌਰ ਸੀ। ਆਪ ਨੂੰ ਦੂਜੇ ਮੁਕੱਦਮਾ ਸਾਜ਼ਸ਼ ਵਿਚ ਉਮਰ ਕੈਦ ਹੋਈ ਸੀ, ਤੇ ਆਪ ਕੈਨੇਡਾ ਤੋਂ ਆਏ ਸਨ ਆਪ ਦਾ ਹਾਲ ਜੇਲ੍ਹ ਚਿਠੀਆਂ ਵਿਚ ਵੀ ਆਉਂਦਾ ਹੈ।

**ਸ: ਬੂੜ ਸਿੰਘ ਜੀ ਵਿੰਝਲ (ਗਦਰੀ ਦੇਸ਼ ਭਗਤ)**—ਸ: ਬੂੜ ਸਿੰਘ ਜੀ ਵਿੰਝਲ ਗਦਰੀ ਸੂਰਬੀਰਾਂ ਵਿਚੋਂ ਸਨ। ਆਪਦਾ ਜਨਮ ੧੮੮੦ ਨੂੰ ਪਿੰਡ ਵਿੰਝਲ ਜ਼ਿਲਾ ਲੁਧਿਆਣਾ ਵਿਚ ਹੋਇਆ। ੧੮੯੯ ਵਿਚ ਆਪ ੫੪ ਨੰਬਰ ਪਲਟਨ ਵਿਚ ਭਰਤੀ ਹੋ ਗਏ। ਆਪਦੇ ਦਿੱਲ ਵਿਚ ਦੇਸ਼ ਪਿਆਰ ਦਾ ਜਜ਼ਬਾ ਹਰ ਸਮੇ ਠਾਠਾਂ ਮਾਰਦਾ ਰਹਿੰਦਾ ਸੀ ਇਸ ਕਰਕੇ ਆਪ ਬਹੁਤਾ ਚਿਰ ਪਲਟਨ ਦੀ ਨੌਕਰੀ ਨਾ ਕਰ ਸਕੇ। ੧੯੦੬ ਵਿਚ ਆਪ ਪਲਟਨ ਵਿਚੋਂ ਨਾਮ ਕਟਾਕੇ ਅਮਰੀਕਾ ਚਲੇ ਗਏ। ਅਮਰੀਕਾ ਵਿਚ ਆਪਦਾ ਬਹੁਤ ਸੋਹਣਾ ਕਾਰੋਬਾਰ ਚਲ ਪਿਆ। ਸੰਨ ੧੯੧੨ ਵਿਚ ਸ: ਕਰਤਾਰ ਸਿੰਘ ਜੀ ਸਰਾਭਾ ਜਦ ਅਮਰੀਕਾ ਵਿਚ ਪੜਨ ਗਏ ਤਾਂ ਸਭ ਤੋਂ ਪਹਿਲਾਂ ਆਪ ਜੀ ਪਾਸ ਹੀ ਠਹਿਰੇ ਸਨ। ਜਦ ਗਦਰ ਪਾਰਟੀ ਕਾਇਮ ਹੋਈ ਤੇ 'ਗਦਰ' ਅਖਬਾਰ ਕਢਣ ਦੀਆਂ ਤਿਆਰੀਆਂ ਹੋਣਾ ਲਗੀਆਂ ਤਾਂ ਸ: ਬੂੜ ਸਿੰਘ ਜੀ ਨੇ ੧੨ ਹਜ਼ਾਰ ਡਾਲਰ ਆਪਣੇ ਪਾਸੋਂ ਦਿੱਤਾ ਅਤੇ ਹੋਰ ਬਹੁਤ ਸਾਰਾ ਰੁਪਇਆ ਇਕਠਾ ਕਰਕੇ ਦਿੱਤਾ। 'ਗਦਰ ਦੀਆਂ ਗੂੰਜਾਂ' ਛਮ ਵਾਓਣ ਵਾਸਤੇ ਭੀ ਆਪ ਕਾਫੀ ਮਾਲੀ ਸਹਾਇਤਾ ਦਿੰਦੇ ਰਹੇ। ੧੯੧੪ ਵਿਚ ਜਦੋਂ ਫੌਜ ਵਿਚ ਬਗਾਵਤ ਫੈਲਾਣ ਦਾ ਪ੍ਰੋਗਰਾਮ ਬਣਾਇਆ

---

*ਪਿੰਡ ਢੁਡੀਕੇ (ਫੀਰੋਜ਼ਪੁਰ) ਲੁਧਿਆਣੇ-ਫੀਰੋਜ਼ਪੁਰ ਰੇਲਵੇ ਲਾਈਨ ਦੇ ਸਟੇਸ਼ਨ ਅਜੀਤਵਾਲ ਤੋਂ ਦੋ ਮੀਲ ਹੈ। ਪੰਜਾਬ ਦਾ ਮਸ਼ਹੂਰ ਲੀਡਰ ਲਾਲਾ ਲਾਜਪਤ ਰਾਇ, ਜਿਸ ਨੇ ਸਾਈਮਨ ਕਮਿਸ਼ਨ ਨੂੰ 'ਗੋ ਬੈਕ' ਕਹਿਣ ਦੇ ਦੋਸ਼ ਵਿਚ ਡਾਂਗਾਂ ਦੀ ਮਾਰ ਖਾਧੀ, ਢੁਡੀਕੇ ਪਿੰਡ ਵਿਚ ਪੈਦਾ ਹੋਇਆ ਸੀ, ਏਥੇ ਉਸ ਦੇ ਨਾਨਕੇ ਸਨ, ਸ; ਮਹਿੰਦਰ ਸਿੰਘ ਬੇਟਾ ਸ: ਨੰਦ ਸਿੰਘ, ਸ: ਸ਼ਾਮ ਸਿੰਘ ਬੇਟਾ ਸ: ਭੋਲਾ ਸਿੰਘ, ਸ: ਪਾਲਾ ਸਿੰਘ ਬੇਟਾ ਸ: ਬੱਗਾ ਸਿੰਘ ਆਦਿ ਸਾਰੇ ਸੱਜਣ ਗਦਰ ਪਾਰਟੀ ਦੇ ਸਾਥੀ ਸਨ। ਇਨ੍ਹਾਂ ਨੇ ਕੈਦਾਂ ਕੱਟੀਆਂ ਤੇ ਦੇਸ਼ ਦੀ ਅਜ਼ਾਦੀ ਨੂੰ ਨੇੜੇ ਲਿਆਂਦਾ। ਈਸ਼ਰ ਸਿੰਘ, ਪਾਲਾ ਸਿੰਘ ਤੇ ਪਾਖਰ ਸਿੰਘ ਦੇਸ਼ ਭਗਤ ਵੀ ਏਸੇ ਪਿੰਡ ਦੇ ਸਨ, ਜਿਨਾਂ ਦੇ ਜੀਵਨ ਏਸੇ ਪੁਸਤਕ ਵਿਚ ਦਿਤੇ ਗਏ ਹਨ।

Digitized by Panjab Digital Library | www.panjabdigilib.org

ਗਿਆ ਤਾਂ ਗਦਰ ਅਖਬਾਰ ਤੇ ਗਦਰ ਦੀਆਂ ਗੂੰਜਾਂ ਭਾਰੀ ਗਿਣਤੀ ਵਿਚ ਛਾਪਕੇ ਫੌਜਾਂ ਵਿਚ ਵੰਡੀਆਂ ਗਈਆਂ।

ਗਦਰ ਪਾਰਟੀ ਦੇ ਫੈਸਲੇ ਅਨੁਸਾਰ ਜਦ ਅਮਰੀਕਾ ਤੇ ਕੇਨੇਡਾ ਵਿਚ ਰਹਿਣ ਵਾਲੇ ਦੇਸ਼ ਭਗਤਾਂ ਨੇ ਵਾਪਸ ਦੇਸ਼ ਆਉਣ ਦਾ ਫੈਸਲਾ ਕੀਤਾ ਤਾਂ ਆਪਨੇ ਆਪਣੇ ਪਾਸੋਂ ਮਿ: ਪਿੰਗਲੇ ਮਿ: ਗੁਪਤਾ ਸ: ਕਰਤਾਰ ਸਿੰਘ ਆਦਿਕ ੧੩ ਦੇਸ਼ ਭਗਤਾਂ ਨੂੰ ਅਮਰੀਕਾ ਤੋਂ ਵਾਪਸ ਆਉਣ ਦਾ ਕਰਾਇਆ ਖਰਚ ਕਰ ਦਿੰਦੇ ਸਨ। ਆਪਦੀ ਇਸ ਉਦਾਰ ਦਿਲੀ ਦਾ ਸਦਕਾ ਬਹੁਤ ਸਾਰੇ ਭਰਾਵਾਂ ਦੇ ਕਾਰਜ ਸੌਰੇ ਅਤੇ ਦੇਸ਼ ਦੀਆਂ ਵਿਚਾਰ ਸੰਸਥਾਵਾਂ ਨੂੰ ਭੀ ਆਪਦੇ ਉਦਮ ਨਾਲ ਕਾਫੀ ਸਹਾਇਤਾ ਭੇਜੀ ਗਈ। ਵਾਪਸ ਦੇਸ਼ ਵਿਚ ਆਕੇ ਆਪਨੇ ਆਜ਼ਾਦੀ ਦੀ ਜਦੋਜਿਹਦ ਜਾਰੀ ਰਖੀ। ਓੜਕ ਆਪ ਮਿਸਰੀ ਵਾਲੇ ਦੇ ਪਾਸ ਪੁਲਿਸ ਨਾਲ ਟਾਕਰੇ ਵਿਚ ੨੭ ਨਵੰਬਰ ੧੯੧੪ ਨੂੰ ਸ਼ਹੀਦ ਹੋ ਗਏ।

**ਸ: ਬੂਟਾ ਸਿੰਘ ਜੀ (ਸ਼ਹੀਦ) (ਗਦਰੀ ਦੇਸ਼ ਭਗਤ)**—ਸ: ਬੂਟਾ ਸਿੰਘ ਜੀ ਦਾ ਜਨਮ ਪਿੰਡ ਅਕਾਲ ਗੜ੍ਹ ਖਰਦ ਵਿਚ ਸ: ਸ਼ੇਰ ਸਿੰਘ ਜੀ ਦੇ ਘਰ ਮਾਤਾ ਖੇਮ ਕੌਰ ਦੀ ਕੁਖ ਤੋਂ ਹੋਇਆ। ਆਪ ਬਚਪਨ ਤੋਂ ਹੀ ਆਜ਼ਾਦ ਖਿਆਲ ਸਨ। ੧੯੦੬ ਵਿਚ ਆਪ ਕੈਨੇਡਾ ਚਲੇ ਗਏ। ਆਜ਼ਾਦ ਦੇਸ਼ਾਂ ਵਿਚ ਰਹਿਕੇ ਆਪ ਨੂੰ ਪਤਾ ਲੱਗਿਆ ਕਿ ਗੁਲਾਮ ਹੋਣ ਕਰਕੇ ਹਿੰਦੀ ਭਰਾਵਾਂ ਦਾ ਕਿਤਨਾ ਨਿਰਾਦਰ ਕੀਤਾ ਜਾਂਦਾ ਹੈ। ਇਹ ਗਲ ਵੇਖਕੇ ਆਪਨੇ ਦੇਸ਼ ਨੂੰ ਆਜ਼ਾਦ ਕਰੌਣ ਦਾ ਪੱਕਾ ਇਰਾਦਾ ਧਾਰਲਿਆ। ਗਦਰ ਪਾਰਟੀ ਵਿਚ ਸ਼ਾਮਲ ਹੋਕੇ ਆਪ ਵਾਪਸ ਦੇਸ਼ ਆਏ। ਗਦਰ ਕਰਨ ਦਾ ਪ੍ਰੋਗਰਾਮ ਭਾਵੇ ਫੇਹਲ ਹੋ ਗਿਆ ਪਰ ਆਪ ਗੁਪਤ ਰਹਿਕੇ ਗਦਰ ਦੀਆਂ ਤਿਆਰੀਆਂ ਵਿਚ ਜੁਟੇ ਰਹੇ। ਆਪ ਦਾ ਸ਼ਰੀਰ ਬਹੁਤ ਫੁਰਤੀਲਾ ਸੀ। ਇਕ ਮੁਖਬਰ ਨੇ ਭੇਦ ਦੇਕੇ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਗ੍ਰਿਫਤਾਰ ਕਰਵਾ ਦਿੱਤਾ। ਆਪ ਨੇ ੧੧ ਜੂਨ ੧੯੧੫ ਨੂੰ ਹੋਰ ਸਾਥੀਆਂ ਨਾਲ ਵੱਲੇ ਦੀ ਨਹਿਰ ਦੇ ਪੁਲ ਪਰ ਫੌਜੀ ਗਾਰਦ ਹਥਿਆਰ ਲੈਣ ਲਈ ਹਮਲਾ ਕੀਤਾ। ਦੋ ਆਦਮੀ ਮਾਰੇ ਗਏ। ਉਸੇ ਮੁਕਦਮੇ ਵਿਚ ਆਪ ਦੇ ਫਾਂਸੀ ਦੀ ਸਜਾ ਹੋਈ। ਹੋਰ ਗਦਰੀ ਦੇਸ਼ ਭਗਤਾਂ ਨਾਲ ੧੯੧੫ ਦੇ ਪਿਛਲੇ ਮਹੀਨਿਆਂ ਵਿਚ ਲਾਹੌਰ ਵਿਚ ਫਾਂਸੀ ਤੇ ਚੜ੍ਹਾ ਦਿਤਾ ਗਿਆ। ਆਪ ਦੇ ਤਿੰਨ ਸਪੁਤ੍ਰ ਸ: ਗਜਨ ਸਿੰਘ ਹਜ਼ੂਰਾ ਸਿੰਘ ਬੰਤਾ ਸਿੰਘ ਹਨ।

## ਸ: ਕਿਸ਼ਨ ਸਿੰਘ ਜੀ ਝੋਰੜਾ (ਗਦਰੀ ਦੇਸ਼ ਭਗਤ)

ਸ: ਕਿਸ਼ਨ ਸਿੰਘ ਜੀ ਬੜੇ ਪ੍ਰਸਿਧ ਦੇਸ਼ ਭਗਤ ਹੋਏ ਹਨ। ਆਪ ਦਾ ਜਨਮ ਪਿੰਡ ਝੋਰੜਾ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਜੀ ਦੇ ਪਿਤਾ ਅਤਰ ਸਿੰਘ ਅਤੇ ਮਾਈ ਇੰਦਰ ਕੌਰ ਸੀ। ਆਪ ਜ਼ਵਾਨ ਹੋਏ ਤਾਂ ਬਦੇਸ਼ਾਂ ਵਿਚ ਜਾਣ ਦਾ ਖਿਆਲ ਪੈਦਾ ਹੋਇਆ। ੧੯੦੭ ਵਿਚ ਆਪ ਕੈਨੇਡਾ ਚਲੇ ਗਏ! ਸ਼ਹੀਦ ਭਾਈ ਬਲਵੰਤ ਸਿੰਘ ਜੀ ਗ੍ਰੰਥੀ ਗੁਰਦਵਾਰਾ ਵੈਨਕੋਵਰ ਦੇ ਉਪਦੇਸ਼ ਨਾਲ ਆਪਜੀ ਦੇ ਦਿਲ ਵਿਚ ਭੀ ਦੇਸ਼ ਪਿਆਰ ਦੀ ਲਗਨ ਲਗ ਗਈ! ਗਦਰ ਪਾਰਟੀ ਵਿਚ ਸ਼ਾਮਲ ਹੋਕੇ ਆਪ ਨੇ ਕਾਫੀ ਕੰਮ ਕੀਤਾ। ਜਦ ਗਦਰੀ ਦੇਸ਼ ਭਗਤਾਂ ਨੇ ਵਾਪਸ ਦੇਸ਼ ਆ ਕੇ ਗਦਰ ਕਰਨ ਦਾ ਪਰੋਗਰਾਮ ਬਣਾਇਆ ਤਾਂ ਆਪ ਭੀ ਤੋਸ਼ਾ ਮਾਰੂ ਜਹਾਜ਼ ਵਿਚ ਸਵਾਰ ਹੋਕੇ ਕਲਕਤੇ ਪੁਜੇ। ਇਥੇ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਲਾਹੌਰ ਸਾਜ਼ਸ਼ ਕੇਸ ਵਿਚ ਆਪ ਨੂੰ ਬਰੀ ਕਰ ਦਿਤਾ ਗਿਆ। ਰਿਹਾ ਹੋਕੇ ਆਏ ਤਾਂ ਆਪ ਤਿੰਨ ਸਾਲ ਤਕ ਨਜ਼ਰਬੰਦ ਰਹੇ। ਅਮ੍ਰੀਕਾ ਵਿਚ ਆਪ ਦੀ ਜੋ ਜਾਇਦਾਦ ਸੀ

Digitized by Panjab Digital Library | www.panjabdigilib.org

ਉਹ ਸਰਕਾਰ ਨੇ ਨੀਲਾਮ ਕਰ ਦਿਤੀ। ਇਸ ਤੋਂ ਪਿਛੋਂ ਆਪ ਕਾਂਗਰਸ ਵਿਚ ਸ਼ਾਮਲ ਹੋਕੇ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ ਅਤੇ ਦੋ ਸਾਲ ਕੈਦ ਕਟੀ। ਆਪ ਆਖਰੀ ਦਮ ਤਕ ਆਜ਼ਾਦੀ ਲਈ ਜਦੋ ਜਹਿਦ ਕਰਦੇ ਰਹੇ।

## ਭਾ; ਕਰਤਾ ਸਿੰਘ ਲਤਾਲਾ (ਗਦਰੀ ਦੇਸ਼ ਭਗਤ)

ਭਾਃ ਕਰਤਾਰ ਸਿੰਘ ਜੀ ਦਾ ਜਨਮ ਨਗਰ ਲਤਾਲਾ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਜੀਦੇ ਪਿਤਾ ਸ: ਉਤਮ ਸਿੰਘ ਤੇ ਮਾਤਾ ਅਤਰ ਕੌਰ ਸੀ। ਆਪ ੧੯੦੬ – ੭ ਵਿਚ ਅਮ੍ਰੀਕਾ ਚਲੇ ਗਏ। ਜਦ ਗਦਰ ਪਾਰਟੀ ਕਾਇਮ ਹੋਈ ਤਾਂ ਆਪ ਭੀ ਉਸ ਵਿਚ ਸ਼ਾਮਲ ਹੋ ਗਏ। ੧੯੧੪ ਵਿਚ ਜਦ ਗਦਰ ਪਾਰਟੀ ਨੇ ਦੇਸ਼ ਵਾਪਸ ਆਕੇ ਗਦਰ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਆਪ ਭੀ ਵਾਪਸ ਆਕੇ ਗਦਰ ਦੀਆਂ ਤਿਆਰੀਆਂ ਵਿਚ ਜੁਟੇ ਰਹੇ। ਗਦਰ ਦੀ ਸਾਜ਼ਸ਼ ਦਾ ਭੇਦ ਖੁਲਣ ਕਰ ਕੇ ਸਕਕਾਰ ਨੇ ਆਮ ਗ੍ਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਅਤੇ ਆਪ ਜੀ ਭੀ ਫੜੇ ਗਏ। ਆਪ ਕੁਝ ਅਰਸਾ ਜੇਹਲ ਵਿਚ ਭੀ ਰਹੇ। ਪਿਛੋਂ ਸਰਕਾਰ ਨੇ ਆਪ ਨੂੰ ਪਿੰਡ ਵਿਚ ਨਜ਼ਰਬੰਦ ਕਰ ਦਿਤਾ। ਅਕਾਲੀ ਲਹਿਰ ਵਿਚ ਭੀ ਆਪ ਵਧ ਚੜਕੇ ਹਿਸਾ ਲੈਂਦੇ ਰਹੇ।

**ਬਾਬਾ ਮਿਤ ਸਿੰਘ ਜੀ—** ਬਾਬਾ ਮਿਤ ਸਿੰਘ ਜੀ ਦਾ ਜਨਮ ਨਗਰ ਜੋਧ ਪੁਰ ਥਾਨਾ ਸਹਿਣਾ ਜ਼ਿਲਾ ਲੁਧਿਆਣਾ ਵਿਚ ਸਃ ਬੇਲਾ ਸਿੰਘ ਜੀ ਦੇ ਘਰ ਹੋਇਆ। ਜਦ ਆਪ ਜਵਾਨ ਹੋਏ ਤਾਂ ਆਪ ਦੇ ਦਿਲ ਵਿਚ ਬਦੇਸ਼ਾਂ ਦੀ ਸੈਰ ਕਰਨ ਦਾ ਸ਼ੌਕ ਪੈਦਾ ਹੋਇਆ। ਆਪ ਸਿਆਮ ਵਿਚ ਇੰਡੋਸ਼ਾਮ ਡਰੇਜ਼ਰ ਕੰਪਨੀ ਵਿਚ ਸੈਨਾ ਕਢਣ ਦਾ ਕੰਮ ਕਰਦੇ ਸਨ। ਜਦ ਗਦਰੀ ਦੇਸ਼ ਭਗਤਾਂ ਨੇ ੧੯੧੪ – ੧੫ ਵਿਚ ਅੰਗਰੇਜ਼ਾਂ ਵਿਰੁਧ ਹਥਿਆਰ ਬੰਦ ਬਗਾਵਤ ਕਰਨ ਦਾ ਪਰੋਗਰਾਮ ਬਣਾਇਆ ਤਾਂ ਬਾਬਾ ਮਿਤ ਸਿੰਘ ਜੀ ਭੀ ਗਦਰ ਅਖਬਾਰ ਪੜਕੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਸਿਆਮ ਵਿਚ ਗੜ ਬੜ ਹੋਣ ਕਰਕੇ ਜਦ ਚੀਨੀਆਂ ਨੇ ਜਾਪਾਨੀਆਂ ਦੀਆਂ ਦੁਕਾਨਾਂ ਲੁਟੀਆਂ ਤਾਂ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਭੀ ਗ੍ਰਿਫਤਾਰ ਕਰਕੇ ਅੰਗਰੇਜ਼ਾਂ ਦੇ ਹਵਾਲੇ ਕੀਤਾ ਗਿਆ। ਬਾਬਾ ਮਿਤ ਸਿਘ ਜੀ ਭੀ ਫੜੇ ਗਏ। ਪੰਜ ਸਾਲ ਤਕ ਆਪ ਰੰਗੂਨ ਸੰਟਰਲ ਜੇਹਲ ਵਿਚ ਰਹੇ ਅਤੇ ਹੋਰ ਕਈ ਜੇਹਲਾਂ ਵਿਚ ਆਪ ਜੀ ਨੇ ਤੇਹਰਾਂ ਸਾਲ ਕੈਦ ਕਟੀ ਅਤੇ ਬਹੁਤ ਸਾਰੀਆਂ ਮੁਸੀਬਤਾਂ ਸਹਾਰੀਆਂ।

**ਭਾਈ ਨਾਹਰ ਸਿੰਘ ਜੀ ਰਤੋਵਾਲ...** ਆਪ ਜੀ ਦਾ ਜਨਮ ਨਗਰ ਰਤੋਵਾਲ ਜ਼ਿਃ ਲੁਧਿਆਣਾ ਵਿਚ ਸਃ ਵਧਾਵਾ ਸਿੰਘ ਜੀਦੇ ਘਰ ਮਾਤਾ ਕਾਹਨ ਕੌਰ ਦੀ ਕੁਖ ਤੋਂ ਹੋਇਆ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜੀ ਅਤੇ ਕੀਰਤਨ ਕਰਨ ਲਗ ਪਏ। ੧੯੦੭ ਵਿਚ ਆਪ ਕੈਨੇਡਾ ਚਲੇ ਗਏ। ਜਦ ਕੌਮਾਗਾਟਾ ਮਾਰੂ ਜਹਾਜ਼ ਵੈਨਕੋਵਰ ਪੁਜਿਆ ਤਾਂ ਆਪ ਉਸ ਸਮੇਂ ਕੈਨੇਡਾ ਵਿਚ ਸਨ। ਜਹਾਜ਼ ਦੇ ਮੁਸਾਫਰਾਂ ਨਾਲ ਸਰਕਾਰ ਨੇ ਬਹੁਤ ਜ਼ੁਲਮ ਕੀਤਾ। ਜਿਸ ਦੇ ਵਿਰੁਧ ਹਿੰਦੀਆਂ ਵਿਚ ਜੋਸ਼ ਫੈਲ ਗਿਆ। ਗੁਰਦਵਾਰਾ ਵੈਨਕੋਵਰ ਵਿਚ ਮੀਟੰਗ ਹੋਈ। ਜਿਸ ਵਿਚ ਫੈਸਲਾ ਕੀਤਾ ਗਿਆ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੇਸ਼ ਵਾਪਸ ਜਾਣਾ ਚਾਹੀਦਾ ਹੈ। ਇਸ ਫੈਸਲੇ ਅਨਸਾਰ ਜੋ ਸਿੰਘ ਵਾਪਸ ਆਏ ਉਨ੍ਹਾਂ ਵਿਚ ਭਾਈ ਨਾਹਰ ਸਿੰਘ ਜੀ ਭੀ ਸ਼ਾਮਲ ਸਨ। ਆਪ ਨੂੰ ਕਲਕਤੇ ਦੀ ਬੰਦਰਗਾਹ ਪਰ ਹੀ ਗ੍ਰਿਫਤਾਰ ਕਰ ਲਿਆ ਗਿਆ। ਮੁਲਤਾਨ ਜੇਹਲ ਵਿਚ ਆਪ ਦੋ ਸਾਲ ਬੰਦ ਰਹੇ। ਇਥੋਂ ਆਪ ਜੀ ਨੂੰ ਕੈਂਬਲਪੁਰ ਜੇਹਲ ਵਿਚ ਭੇਜ ਦਿਤਾ ਗਿਆ।

Digitized by Panjab Digital Library | www.panjabdigilib.org

ਜਦ ਸਰਕਾਰ ਨੂੰ ਪਤਾ ਲਗਿਆ ਕਿ ਹੁਣ ਗਦਰ ਦਾ ਖਤਰਾ ਟਲ ਗਿਆ ਹੈ ਤਾਂ ਆਪ ਜੀ ਨੂੰ ਪਿੰਡ ਲਿਆ ਕੇ ਨਜ਼ਰਬੰਦ ਕੀਤਾ ਗਿਆ। ਦੋ ਸਾਲ ਆਪ ਪਿੰਡ ਵਿਚ ਨਜ਼ਰਬੰਦ ਰਹੇ। ਅਕਾਲੀ ਲੈਹਰ ਸਮੇਂ ਆਪ ਨੇ ਗੁਰਧਾਮੇ ਨੂੰ ਆਜ਼ਾਦ ਕਰਾਉਣ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਦਾ ਫੈਸਲਾ ਕਰ ਲਿਆ। ਨਨਕਾਣਾ ਸਾਹਿਬ ਭੀ ਆਪ ਜਥੇ ਨਾਲ ਗਏ। ਜੈਤੋ ਦੇ ਮੋਰਚੇ ਵਿਚ ਆਪ ੨੫ ਸਿੰਘਾਂ ਦਾ ਜਥਾ ਲੈਕੇ ਗਏ ਤੇ ਬਹੁਤ ਸਾਰੀਆਂ ਸਖਤੀਆਂ ਸਹਾਰੀਆਂ। ਆਪ ਨੂੰ ਬਾਵਲਕਾਂਟੀ ਲੈ ਜਾਕੇ ਰਿਹਾ ਕਰ ਦਿਤਾ ਗਿਆ। ਇਸ ਤੋਂ ਪਿਛੋਂ ਭੀ ਆਪ ਦੇਸ਼ ਤੇ ਪੰਥ ਦੀ ਭਲਾਈ ਲਈ ਕੰਮ ਕਰਦੇ ਰਹੇ। ਆਪ ਦਾ ਸੁਭਾ ਬਹੁਤ ਸਾਦਾ ਅਤੇ ਮਿਲਣਸਾਰ ਸੀ। ਆਪ ਦੇ ਵਿਚਾਰ ਅਰੰਭ ਤੋਂ ਹੀ ਧਾਰਮਕ ਸਨ ਇਸ ਕਰਕੇ ਸਾਰੀ ਉਮਰ ਹੀ ਗਰਬਾਣੀ ਦਾ ਪਾਠ ਬੜੇ ਪਰੇਮ ਨਾਲ ਕਰਦੇ ਰਹੇ। ਆਪ ਦਾ ਜੀਵਨ ਗੁਰਸਿਖੀ ਦੇ ਸਾਂਚੇ ਵਿਚ ਢਲਿਆ ਹੋਇਆ ਸੀ।

**ਬਾਬਾ ਕਿਸ਼ਨ ਸਿੰਘ ਹਾਂਸ...** ਬਾਬਾ ਕਿਸ਼ਨ ਸਿੰਘ ਜੀ ਦਾ ਜਨਮ ਪਿੰਡ ਵਡੇ ਹਾਂਸ ਜ਼ਿਲਾ ਲੁਧਿਆਣਾ ਵਿਚ ਸਃ ਜਮੀਅਤ ਸਿੰਘ ਦੇ ਘਰ ਹੋਇਆ। ਆਪ ਬਚਪਨ ਤੋਂ ਹੀ ਅਜ਼ਾਦੀ ਪਸੰਦ ਸਨ। ਜਵਾਨ ਹੋਏ ਤਾਂ ਆਪ ਅਮ੍ਰੀਕਾ ਚਲੇ ਗਏ ਅਤੇ ਗਦਰ ਪਾਰਟੀ ਵਿਚ ਕੰਮ ਕਰਦੇ ਰਹੇ। ਜਦ ਗਦਰ ਪਾਰਟੀ ਨੇ ਦੇਸ਼ ਵਿਚ ਵਾਪਸ ਆਕੇ ਗਦਰ ਕਰਨ ਦਾ ਪਰੋਗਰਾਮ ਬਣਾਇਆ ਤਾਂ ਆਪ ਜੀ ਭੀ ਵਾਪਸ ਆ ਗਏ। ਆਪ ਕਲਕਤੇ ਦੀ ਬੰਦਰਗਾਹ ਪਰ ਗ੍ਰਿਫਤਾਰ ਕਰ ਲਏ ਗਏ ਅਤੇ ਮੁਲਤਾਨ ਤੇ ਸਾਹੀਵਾਲ ਆਦਿ ਜੇਹਲਾਂ ਵਿਚ ਬੰਦ ਰਹੇ। ਪਿਛੋਂ ਸਰਕਾਰ ਨੇ ਆਪ ਨੂੰ ਰਿਹਾ ਕਰ ਦਿਤਾ। ਅਕਾਲੀ ਲਹਿਰ ਦੇ ਆਰੰਭ ਹੋਣ ਸਮੇਂ ਆਪ ਪੰਥ ਸੇਵਾ ਦੇ ਮੈਦਾਨ ਵਿਚ ਕੁਦ ਪਏ।

ਅਕਾਲੀ ਲਹਿਰ ਵਿਚ ਆਪ ਉਘੇ ਵਰਕਰ ਸਨ। ਆਪਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਨੇ ਗੁਰਦਵਾਰਿਆਂ ਦੀ ਅਜ਼ਾਦੀ ਲਈ ਅਦਾਲਤ ਵਿਚ ਧੜਲੇਦਾਰ ਬਿਆਨ ਦਿਤਾ। ਇਸ ਮੁਕਦਮੇ ਵਿਚ ਬਾਬਾ ਜੀ ਨੂੰ ਤਿੰਨ ਸਾਲ ਚਾਰ ਮਹੀਨੇ ਕੈਦ ਹੋਈ ਜੋ ਆਪ ਨੇ ਕੈਮਲਪੁਰ ਜੇਹਲ ਵਿਚ ਕਟੀ। ਰਿਹਾ ਹੋਕੇ ਆਏ ਤਾਂ ਆਪ ਨੂੰ ਤਿੰਨ ਸਾਲ ਨਜ਼ਰਬੰਦ ਰਖਿਆ ਗਿਆ। ਇਕ ਸਾਲ ਆਪ ਪਰ ਥਾਨੇ ਇਤਲਾਹ ਦੇਣ ਦੀ ਪਾਬੰਦੀ ਲਗਾਈ ਗਈ। ਆਪ ਦਾ ਸਾਰਾ ਜੀਵਨ ਹੀ ਦੇਸ਼ ਤੇ ਕੌਮ ਦੀ ਸੇਵਾ ਕਰਦਿਆਂ ਹੋਇਆਂ ਬੀਤਿਆ।

**ਦਫੇਦਾਰ ਪਿਆਰਾ ਸਿੰਘ ਜੀ ਸਰਾਭਾ** ਆਪ ਦੇਸ਼ ਭਗਤਾਂ ਦੀ ਜਨਮ ਭੂਮੀ ਨਗਰ ਸਰਾਭਾ ਜ਼ਿਲਾ ਲੁਧਿਆਣਾ ਵਿਚ ਸ: ਧਰਮ ਸਿੰਘ ਜੀ ਦੇ ਘਰ ਪੈਦਾ ਹੋਏ। ਜਵਾਨ ਹੋ ਕੇ ਆਪ ਫੌਜ ਵਿਚ ਭਰਤੀ ਹੋ ਗਏ। ਜਦ ਸ: ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਤੋਂ ਵਾਪਸ ਆ ਕੇ ਗਦਰ ਕਰਨ ਦੀਆਂ ਤਿਆਰੀਆਂ ਅਰੰਭ ਕੀਤੀਆਂ ਤਾਂ ਆਪ ਭੀ ਗਦਰ ਪਾਰਟੀ ਦੇ ਪਰੋਗਰਾਮ ਅਨੁਸਾਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਸ: ਕਰਤਾਰ ਸਿੰਘ ਨੇ ਆਪ ਨੂੰ ਚਿਠੀਆਂ ਲਿਖੀਆਂ ਸਨ ਜੋ ਫੜੀਆਂ ਗਈਆਂ। ਆਪ ਨੂੰ ਫੌਜ ਵਿਚੋਂ ਬਾਰਾ ਪਬਰਕਰ ਦਿਤਾ ਗਿਆ, ਆਪ ਦੇ ਸਾਥੀ ਜੋ ਪਿੰਡ ਰਕਬਾ ਤੇ ਭੈਣੀ ਦੇ ਰਹਿਣ ਵਾਲੇ ਫਾਂਸੀਆਂ ਪਰ ਲਟਕਾ ਦਿਤੇ ਗਏ। ਆਪ ਵਾਪਸ ਆ ਕੇ ਭੀ ਦੇਸ਼ ਦੀ ਅਜ਼ਾਦੀ ਲਈ ਜਦੋ-ਜਹਿਦ ਕਰਦੇ ਰਹੇ।

**ਭਾ. ਜਗਤ ਸਿੰਘ ਜੀ ਐਤੀਆਣਾ** ਸਰਦਾਰ ਜਗਤ ਸਿੰਘ ਜੀ ਦਾ ਜਨਮ ਪਿੰਡ ਐਤੀਆਣਾ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ: ਜੀਵਾ ਸਿੰਘ ਅਤੇ ਮਾਤਾ ਦਾ ਜੀਵਨ ਕੌਰ ਸੀ। ਬਚਪਨ ਵਿਚ ਆਪ ਨੇ ਗੁਰਮੁਖੀ ਵਿਦਿਆ ਪੜੀ। ਦਿਲ ਵਿਚ ਬਦੇਸ਼ਾਂ

Digitized by Panjab Digital Library | www.panjabdigilib.org

ਦੀ ਸੈਰ ਕਰਨ ਦਾ ਸ਼ੌਕ ਪੈਦਾ ਹੋ ਗਿਆ। ੧੯੦੬ ਵਿਚ ਆਪ ਕੈਨੇਡਾ ਚਲੇ ਗਏ। ਗ਼ਦਰ ਪਾਰਟੀ ਕਾਇਮ ਹੋਣ ਸਮੇਂ ਆਜ਼ਾਦੀ ਲਗਨ ਲਗੀ। ਗਦਰ ਅਖਬਾਰ ਦੀਆਂ ਜੋਸ਼ੀਲੀਆਂ ਲਿਖਤਾਂ ਨੇ ਆਪ ਜੀ ਪਰ ਬਹੁਤ ਅਸਰ ਪਾਇਆ। ਆਪ ਦੇਸ਼ ਦੀ ਆਜ਼ਾਦੀ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਜਦ ਗਦਰੀ ਸੂਰਮੇਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਵਾਪਸ ਦੇਸ਼ ਆਏ ਤਾਂ ਆਪ ਭੀ ਕੇਨੇਡਾ ਦੇ ਸੁਖੀ ਜੀਵਨ ਨੂੰ ਲੱਤ ਮਾਰਕੇ ਵਾਪਸ ਆ ਗਏ। ਕਲਕਤੇ ਪੁਜਦਿਆਂ ਹੀ ਪੁਲਸ ਨੇ ਆਪ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ਼ਾਹੀਵਾਲ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਬੰਦ ਰਹੇ। ਰਿਹਾ ਕਰਨ ਪਿਛੋਂ ਆਪ ਜੀ ਨੂੰ ਕਾਫੀ ਅਰਸਾ ਜੂਹ ਬੰਦ ਰਖਿਆ ਗਿਆ। ਆਪ ਜੀ ਦੇ ਦਿਲ ਵਿਚ ਆਜ਼ਾਦੀ ਦੀ ਅਮਿਟ ਲਗਨ ਸੀ ! ਆਪ ਜੀ ਦਾ ਸਪੁਤਰ ਜੀਉਣ ਸਿੰਘ ਭੀ ਲੋਕ ਭਲਾਈ ਦੇ ਕੰਮਾਂ ਵਿਚ ਚੰਗੀ ਦਿਲਚਸਪੀ ਰਖਦਾ ਹੈ।

## ਸ਼ਹੀਦ ਅਰਜਨ ਸਿੰਘ ਜੀ ਖਖਰਾਣਾ

ਸ: ਅਰਜਨ ਸਿੰਘ ਜੀ ਦਾ ਜਨਮ ਪਿੰਡ ਖਖਰਾਣਾ ਜ਼ਿਲਾ ਫੀਰੋਜ਼ਪੁਰ ਵਿਚ ਸੰਨ ੧੮੮੯ ਵਿਚ ਹੋਇਆ। ਬਚਪਨ ਵਿਚ ਆਪ ਨੇ ਵਿਦਿਆ ਪੜ੍ਹੀ ਤੇ ਜਵਾਨ ਹੁੰਦੇ ਹੀ ਆਪ ਦੇ ਦਿਲ ਵਿਚ ਬਦੇਸ਼ਾਂ ਦੀ ਸੈਰ ਕਰਨ ਦਾ ਚਾਅ ਪੈਦਾ ਹੋਇਆ ਅਤੇ ਰੋਜ਼ੀ ਦੀ ਤਲਾਸ਼ ਭੀ ਸੀ, ਇਸ ਕਰਕੇ ੧੮–੧੯ ਸਾਲ ਦੀ ਉਮਰ ਵਿਚ ਹੀ ਆਪ ਅਮਰੀਕਾ ਪਹੁੰਚ ਗਏ। ਅਮਰੀਕਾ ਵਿਚ ਗਦਰ ਪਾਰਟੀ ਕਾਇਮ ਹੋਈ ਤਾਂ ਆਪ ਭੀ ਉਸ ਵਿਚ ਸ਼ਾਮਲ ਹੋ ਕੇ ਦੇਸ਼ ਦੀ ਅਜ਼ਾਦੀ ਵਾਸਤੇ ਕੁਰਬਾਨ ਹੋਣ ਲਈ ਤਿਆਰ ਹੋ ਗਏ।

ਸ: ਕਰਤਾਰ ਸਿੰਘ ਸਰਾਭਾ ਤੇ ਹੋਰ ਹਿੰਦੁਸਤਾਨੀ ਦੇਸ਼ ਭਗਤਾਂ ਨਾਲ ਮਿਲ ਕੇ ਆਪ ਨੇ ਗਦਰ ਪਾਰਟੀ ਨੂੰ ਜਥੇਬੰਦ ਕਰਨ ਵਿਚ ਵਧ ਚੜ੍ਹ ਕੇ ਹਿਸਾ ਲਿਆ। ੧੯੧੪ ਵਿਚ ਜਦ ਗਦਰ ਪਾਰਟੀ ਨੇ ਦੇਸ਼ ਵਿਚ ਵਾਪਸ ਆਕੇ ਗਦਰ ਕਰਨ ਦਾ ਪਰੋਗਰਾਮ ਬਣਾਇਆ ਤਾਂ ਸ: ਅਰਜਨ ਸਿੰਘ ਜੀ ਪਹਿਲੇ ਜਥੇ ਦੇ ਨਾਲ ਦੇਸ਼ ਵਾਪਸ ਆ ਗਏ। ਆਪ ਦੇ ਕਈ ਸਾਥੀਆਂ ਨੇ ਪ੍ਰਣ ਲਿਆ ਸੀ ਕਿ ਅਸੀਂ ਆਪਣੇ ਘਰ ਵਾਪਸ ਨਹੀਂ ਜਾਵਾਂਗੇ ਸਗੋਂ ਗਦਰ ਦੀਆਂ ਤਿਆਰੀਆਂ ਕਰਦੇ ਹੋਏ ਹੀ ਮੁਲਕ ਦੀ ਖਾਤਰ ਕੁਰਬਾਨ ਹੋ ਜਾਵਾਂਗੇ। ਸ: ਅਰਜਨ ਸਿੰਘ ਜੀ ਖਖਰਾਣਾ ਨੇ ਭੀ ਇਹ ਪ੍ਰਣ ਲਿਆ ਕਿ ਮੈਂ ਪਿੰਡ ਨਹੀਂ ਜਾਵਾਂਗਾ। ਆਪ ਹਰ ਸਮੇਂ ਕੌਮੀ ਗੀਤ ਗਾਇਆ ਕਰਦੇ ਸਨ ਅਤੇ ਦੇਸ਼ ਪਿਆਰ ਦੇ ਨਸ਼ੇ ਵਿਚ ਰਹਿੰਦੇ ਸਨ। ਦੇਸ਼ ਵਿਚ ਵਾਪਸ ਆ ਕੇ ਆਪ ਇਨਕਲਾਬ ਦੀਆਂ ਤਿਆਰੀਆਂ ਵਿਚ ਰੁਝੇ ਰਹੇ

ਗਦਰ ਦੇ ਭੇਦ ਦੇਣ ਪਰ ਜਦ ਦੇਸ਼ ਭਗਤਾਂ ਤੇ ਗਦਰੀ ਸੂਰਬੀਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਤਾਂ ਆਪ ਉਸ ਸਮੇਂ ਲਾਹੌਰ ਵਿਚ ਹੀ ਸਨ। ਇਸ ਕਰਕੇ ਜਦ ਪਕੜ ਧਕੜ ਸ਼ੁਰੂ ਹੋਈ ਤਾਂ ਇਕ ਗੁਪਤ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਾਰੇ ਸਾਥੀ ਸ਼ਹਿਰ ਛਡ ਕੇ ਪਿੰਡਾਂ ਵਿਚ ਚਲੇ ਜਾਣ ਤੇ ਗਦਰ ਦੀਆਂ ਨਵੇਂ ਸਿਰੇ ਤਿਆਰੀਆਂ ਅਰੰਭ ਕਰਨ। ਸ: ਜਗਤ ਸਿੰਘ,ਸ: ਅਰਜਨ ਸਿੰਘ ਤੇ ਇਕ ਹੋਰ ਸਾਥੀ ਟਾਂਗੇ ਪਰ ਬੈਠਕੇ ਅਨਾਰਕਲੀ ਵਿਚੋਂ ਗੁਜ਼ਰ ਰਹੇ ਸਨ ਕਿ ਪੁਲਸ ਨੂੰ ਇਹਨਾਂ ਪਰ ਸ਼ਕ ਪਿਆ। ਪੁਲਸ ਦੇ ਹਵਾਲਦਾਰ ਨੇ ਟਾਂਗਾ ਖੜਾ ਕਰਨ ਲਈ ਕਿਹਾ, ਸ: ਅਰਜਨ ਸਿੰਘ ਜੀ ਦੇ ਪਾਸ ਭਰਿਆ ਹੋਇਆ ਪਸਤੌਲ ਸੀ। ਸਾਥੀਆਂ ਨੇ ਕਿਹਾ ਤਲਾਸ਼ੀ ਨਹੀਂ ਦੇਣੀ, ਪੁਲਸ ਵਾਲਿਆਂ ਨੂੰ ਮਾਰ ਕੇ ਭੱਜ ਚਲੋ।

ਇਹ ਹੁਕਮ ਦੇਣ ਦੀ ਦੇਰ ਸੀ ਕਿ ਹਵਾਲਦਾਰ ਦੀ ਲਾਸ਼ ਬਜ਼ਾਰ ਵਿਚ ਤੜਫਣ ਲੱਗੀ। ਸ: ਅਰਜਨ ਸਿੰਘ ਜੀ ਨੇ ਇਕ ਥਾਨੇਦਾਰ ਜ਼ਖਮੀ ਕੀਤਾ ਪਰ ਪੁਲਸ ਦੀ ਕਾਫੀ ਧਾੜ ਪੁਜ ਗਈ ਤੇ

Digitized by Panjab Digital Library | www.panjabdigilib.org

ਆਪ ਗ੍ਰਿਫਤਾਰ ਕਰ ਲਏ ਗਏ। ਪਹਿਲੇ ਲਾਹੌਰ ਸਾਜ਼ਸ਼ ਵਿਚ ਆਪ ਨੂੰ ਫਾਂਸੀ ਦੀ ਸਜ਼ਾ ਹੋਈ। ਆਪ ਪਰ ਅਨਾਰਕਲੀ ਵਿਚ ਮਹਿਸੂਮ ਅਲੀ ਹੈਡ ਕਾਨਸਟੇਬਲ ਨੂੰ ਮਾਰਨ ਦਾ ਦੋਸ਼ ਲਗਾਇਆ ਗਿਆ। ਏਹ ਕਤਲ ੨੦ ਫਰਵਰੀ ੧੯੧੫ ਨੂੰ ਹੋਇਆ। ਆਪ ਅਪਣੇ ਪ੍ਰਣ ਦੇ ਇਤਨੇ ਪੱਕੇ ਸਨ ਕਿ ਇਕ ਵੇਰ ਮੋਗੇ ਵਿਚ ਆਪਦਾ ਭਾਈ ਫਿਰਦਾ ਦਿਸਿਆ। ਅ ਪ ਉਸ ਤੋਂ ਜਾਣ ਬੁਝ ਕੇ ਪਾਸੇ ਹੋ ਗਏ ਕਿ ਜੇ ਮਿਲੇ ਤਾਂ ਉਹ ਘਰ ਜਾਣ ਲਈ ਮਜਬੂਰ ਕਰੇ ਅਤੇ ਮੇਰਾ ਪ੍ਰਣ ਟੁਟ ਜਾਵੇਗਾ। ਦੇਸ਼ ਦੀ ਖਾਤਰ ਕਿਤਨਾ ਤਿਆਗ ਹੈ।

ਫਾਂਸੀ ਦੀ ਕੋਠੜੀ ਵਿਚ ਆਪ ਦੀ ਮਾਈ ਮੁਲਾਕਾਤ ਕਰਨ ਲਈ ਉਸ ਨੇ ਕਿਹਾ ਪੁਤ੍ਰ ਤੂੰ ਕੰਮ ਤਾਂ ਚੰਗਾ ਕੀਤਾ ਪਰ ਤੈਨੂੰ ਫਾਂਸੀ ਦੇ ਦੇਣਗੇ ਤੂੰ ਮੈਥੋਂ ਸਦਾ ਲਈ ਜੁਦਾ ਹੋ ਜਾਵੇਗਾ। ਮੈਂ ਤੈਨੂੰ ਕਿਥੋਂ ਲਭਾਂ ਗੀ। ਆਪ ਨੇ ਕਿਹਾ ਮਾਈ ਇਕਠੇ ਹੋਣ ਦਾ ਢੰਗ ਤਾਂ ਮੈਂ ਦਸ ਦਿੰਦਾ ਹਾਂ ਤੂੰ ਭੀ ਇਕ ਬੰਬ ਬਣਾਕੇ ਕਿਸੇ ਗੋਰੇ ਅਫਸਰ ਨੂੰ ਮਾਰਦੇ ਤੈਨੂੰ ਭੀ ਫਾਂਸੀ ਦੇ ਦੇਣਗੇ ਤੇ ਆਪਾਂ ਇਕੱਠੇ ਹੋ ਜਾਵਾਂਗੇ। ਜਿਸ ਦਿਨ ਆਪ ਨੂੰ ਫਾਂਸੀ ਚੜਾਉਣ ਲਈ ਲੈ ਜਾ ਰਹੇ ਸਨ ਤਾਂ ਆਪ ਗਦਰ ਦੀ ਗੂੰਜਦੀਆਂ ਕਵਿਤਾਵਾਂ ਪੜ੍ਹਦੇ ਜਾ ਰਹੇ ਸਨ। ਫਾਂਸੀ ਦੀਆਂ ਕੋਠੜੀਆਂ ਵਿਚੋਂ ਆਵਾਜ਼ ਆਈ "ਸਚ ਖੰਡ ਜਾਣ ਵਾਲਿਆ ਕਲਗੀ ਵਾਲੇ ਨੂੰ ਸਨੇਹੜਾ ਸਾਡਾ ਦੇਣਾ।" ਅਗੋ ਆਵਾਜ਼ ਆਈ "ਸਤਿਗੁਰ ਸੁਤਿਆਂ ਨੂੰ ਬਾਹੋਂ ਫੜਕੇ ਜਗਲਉ ਮੇਰੇ ਵੀਰਨੇ।" ਕਿਤਨਾ ਅਜੀਬ ਦ੍ਰਿਸ਼ ਹੋਵੇਗਾ ਉਹ ਜਦ ਫਾਂਸੀਆਂ ਪਰ ਝੂਟੇ ਲੈਣਾ ਵਾਲੇ ਦੇਸ਼ ਭਗਤ ਅਜਾਦੀ ਦੇ ਗੀਤ ਗਾ ਰਹੇ ਹੋਣਗੇ ਅਤੇ ਲਾਹੌਰ ਜਿਹਲ ਦੀ ਫਿਜ਼ਾ ਆਜ਼ਾਦੀ ਦੇ ਗੀਤਾਂ ਨਾਲ ਗੂੰਜ ਰਹੀ ਹੋਵੇਗੀ। ਸ: ਅਰਜਨ ਸਿੰਘ ਜੀ ਸ਼ਹੀਦ ਜੈਸੇ ਗਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਸਾਡਾ ਦੇਸ਼ ਵਦੇਸ਼ੀ ਗੁਲਾਮੀ ਤੋਂ ਆਜ਼ਾਦ ਹੋਇਆ ਹੈ। ਇਸ ਲਈ ਆਉਣ ਵਾਲੀਆਂ ਨਸਲਾਂ ਇਨ੍ਹਾਂ ਦੀਆਂ ਕੁਰਬਾਨੀਆਂ ਪਰ ਫਖਰ ਕਰਿਆਂ ਕਰਨਗੀਆਂ।

## ਭਾਈ ਦਲੀਪ ਸਿੰਘ ਉਰਫ ਈਸ਼ਰ ਸਿੰਘ

ਆਪ ਦਾ ਜਨਮ ਪਿੰਡ ਜੰਡਾਲੀ ਜ਼ਿਲਾ ਹੋਸ਼ਿਆਰਪੁਰ ਵਿਚ ਹੋਇਆ। ਰੋਜ਼ਗਾਰ ਦੀ ਭਾਲ ਵਿਚ ਆਪ ਅਮਰੀਕਾ ਤੇ ਕੈਨੇਡਾ ਚਲੇ ਗਏ। ਪ੍ਰਸਿਧ ਗੱਦਾਰ ਰਾਮ ਚੰਦ ਭੱਟ ਦੇ ਕਤਲ ਸਮੇਂ ਆਪ ਅਮਰੀਕਾ ਵਿਚ ਸਨ। ੧੯੧੪ -੧੫ ਵਿਚ ਆਪ ਗਦਰ ਪਾਰਟੀ ਦੀਆਂ ਹਦਾਇਤਾਂ ਅਨੁਸਾਰ ਵਾਪਸ ਦੇਸ਼ ਵਿਚ ਆਏ। ਇਨਕਲਾਬ ਲਿਆਉਣ ਦੀ ਸਕੀਮ ਫੇਲ੍ਹ ਹੋ ਜਾਣ ਕਰਕੇ ਆਪ ਕਸ਼ਮੀਰ ਵਿਚ ਭਗਵਾਨ ਸਿੰਘ ਨਾਮ ਰਖਵਾ ਕੇ ਬਾਗਾਂ ਦੇ ਠੇਕੇ ਲੈਂਦੇ ਰਹੇ।

ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦਿਤੇ ਜਾਣ ਪਿਛੋਂ ਆਪ ੧੯੩੧ ਵਿਚ ਪੰਜਾਬ ਜੁਗ ਪਲਟਾਊ ਦਲ ਵਿਚ ਸ਼ਾਮਲ ਹੋ ਗਏ ਜਿਸ ਦਾ ਹੈਡਕੁਆਰਟਰ ਸਿੰਘ ਬੇਲਾ ਜ਼ਿਲਾ ਅੰਮ੍ਰਿਤਸਰ ਵਿਚ ਸੀ। ੧੯੩੨ ਵਿਚ ਗੁਰਦਾਸਪੁਰ ਸਾਜ਼ਸ਼ ਕੇਸ ਵਿਚ ਆਪ ਜੀ ਨੂੰ ਸਾਜ਼ਸ਼ ਦਾ ਮੋਢੀ ਪ੍ਰਗਟ ਕੀਤਾ ਗਿਆ। ਪ੍ਰਤੂ ਆਪ ਪੰਜ ਛੇ ਸਾਲ ਤੱਕ ਗ੍ਰਿਫਤਾਰ ਨਾ ਹੋ ਸਕੇ ਤੇ ਪੰਜਾਬ ਵਿਚ ਹੀ ਗੁਪਤ ਰਹਿਕੇ ਕੰਮ ਕਰਦੇ ਰਹੇ। ਆਪ ਜੀ ਨੇ ਆਪਣਾ ਨਾਮ ਸੰਤ ਈਸ਼ਰ ਸਿੰਘ ਰਖਲਿਆ ਸੀ। ਇੱਕ ਗਦਰ ਆਦਮੀ ਦੇ ਬਿਆਨ ਦੇਣ ਪਰ ਆਪ ਨੂੰ ਸਿੰਘ ਬੇਲੇ ਪਰ ਛਾਪਾ ਮਾਰਕੇ ਗ੍ਰਿਫਤਾਰ ਕਰ ਲਿਆ ਗਿਆ। ਇਸ ਕੇਸ ਵਿਚ ਪ੍ਰਸਿੱਧ ਇਨਕਲਾਬੀ ਵਰਕਰ ਸ: ਅਮਰ ਸਿੰਘ ਤੇਗ ਐਡੀਟਰ ਕਿਰਤੀ ਅਖਬਾਰ ਨੂੰ ਭੀ ਰਖਿਆ ਗਿਆ ਸੀ। ਪੁਲਸ ਨੇ ਬਾਬਾ ਈਸ਼ਰ ਸਿੰਘ ਜੀ ਦੇ ਮੂੰਹ ਪਰ ਗੰਦਗੀ ਦਾ ਤੋਬਰਾ ਚੜ੍ਹਾਇਆ ਜੋ ਬਹੁਤ ਬੁਰੀ ਸਜ਼ਾ ਸੀ। ਆਪ ਘਬਰਾਕੇ ਸਾਰੇ ਭੇਦ ਦਸਣ ਲਈ ਤਿਆਰ ਹੋ ਗਏ ਪ੍ਰੰਤੂ ਅਗਲੇ ਦਿਨ ਆਪ ਸੰਭਲ ਗਏ ਤੇ ਬਹੁਤ ਸਾਰੀਆਂ ਸਖਤੀਆਂ ਹੋਣ ਦੇ ਬਾਵਜੂਦ ਪੁਲੀਸ

Digitized by Panjab Digital Library | www.panjabdigilib.org

ਨੂੰ ਭੇਦ ਨਾ ਦਿੱਤਾ। ਗੁਰਦਾਸਪੁਰ ਸਾਜ਼ਸ਼ ਕੇਸ ਵਿਚੋਂ ਸਭ ਬਰੀ ਹੋ ਗਏ। ਗਦਾਰ ਰਬੇਲ ਸਿੰਘ ਦੇ ਕਤਲ ਦੇ ਸਬੰਧ ਵਿਚ ਆਪ ਫਿਰ ਫੜੇ ਗਏ। ਪਰ ਇਸ ਕੇਸ ਵਿਚੋਂ ਭੀ ਰਿਹਾ ਹੋ ਗਏ। ੧੯੩੯ ਵਿਚ ਆਪ ਅਚਾਨਕ ਇਕ ਬੀਮਾਰੀ ਨਾਲ ਅੰਮ੍ਰਿਤਸਰ ਹਸਪਤਾਲ ਵਿਚ ਚਲਾਣਾ ਕਰ ਗਏ। ਆਪ ਬਹੁਤ ਸਡੌਲ ਚੇ ਲੰਬੇ ਕਦ ਦੇ ਜਵਾਨ ਸਨ। ਇਕ ਵੇਰ ਆਪ ਪੰਜ ਛੇ ਮੀਲ ਤੱਕ ਗਡੇ ਦਾ ਜੂਲਾ ਬੈਲ ਦੇ ਬਰਾਬਰ ਖਿੱਚੀ ਚਲੇ ਗਏ। ਆਪ ਵਿਚ ਬਹੁਤ ਜ਼ਿਆਦਾ ਸ਼ਰੀਰਕ ਬਲ ਸੀ।

**ਹਰੀ ਸਿੰਘ ਉਸਮਾਨ...** ਆਪ ੧੮੭੯ ਈ: ਵਿਚ ਪਿੰਡ ਬਦੋਵਾਲ (ਲੁਧਿਆਣਾ) ਵਿਚ ਪੈਦਾ ਹੋਏ। ਆਪ ਦੇ ਪਿਤਾ ਸ: ਗੁਰਦਿਤ ਸਿੰਘ ਤੇ ਮਾਤਾ ਪ੍ਰੇਮ ਕੌਰ ਸੀ। ਵਿਦਿਆ ਮਿਡਲ ਤਕ ਪੜ੍ਹੀ ਤੇ ਕੁਝ ਕੁ ਅੰਗਰੇਜ਼ੀ ਵੀ ਸਿਖ ਲਈ। ੧੭ ਸਾਲ ਦੀ ਉਮਰ ਸੀ ਜਦੋਂ ਫੌਜ ਵਿਚ ਭਰਤੀ ਹੋ ਗਏ। ਫੌਜੀ ਨੌਕਰੀ ਨੂੰ ਛਡ ਕੇ ੧੯੦੭ ਵਿਚ ਮਨੀਲਾ (ਫਿਲਪਾਇਨ) ਚਲੇ ਗਏ। ੧੯੧੨ ਦੇ ਅਖੀਰ ਵਿਚ ਮਨੀਲਾ ਤੋਂ ਅਮਰੀਕਾ ਜਾ ਰਹੇ। ੧੯੧੩ ਵਿਚ ਗਦਰ ਪਾਰਟੀ ਦੇ ਮੈਂਬਰ ਬਣੇ। ਬੜੀ ਸਰਗਰਮੀ ਤੇ ਪੂਰੇ ਜੋਸ਼ ਨਾਲ ਕੰਮ ਕੀਤਾ। ਜਦੋਂ ਇੰਨਕਲਾਬੀ ਪਾਰਟੀ ਅਮਰੀਕਾ ਤੋਂ ਹਿੰਦੋ-ਸਤਾਨ ਵਲੇ ਤੁਰੀ ਤਾਂ ਆਪ ਦੇ ਜ਼ਿਮੇ ਡਿਊਟੀ ਲਗਾਈ ਗਈ ਸੀ ਕਿ ਗਦਰ ਸ਼ੁਰੂ ਹੋਣ ਤੋਂ ਮਗਰੋਂ ਜਿੰਨੇ ਵੀ ਹਥਿਆਰ ਲੋੜੀਂਦੇ ਹੋਣ ਸਾਰਿਆਂ ਦਾ ਪ੍ਰਬੰਧ ਕਰਨਾ ਹੋਵੇਗਾ। ਆਪ ਬਹੁਤ ਸਾਰੇ ਹਥਿਆਰ ਲੇਕੇ ਹਿੰਦ ਵਲ ਨੂੰ ਆਉਂਦੇ ਰਸਤੇ ਵਿਚ ਘੇਰੇ ਗਏ। ਆਪ ਰੂ ਪੋਸ਼ ਹੋਕੇ ਕਈ ਸਾਲ ਜਾਵਾ ਰਹੇ ਤੇ ਏਥੋਂ ਦੀ ਹੀ ਇਕ ਔਰਤ ਨਾਲ ਸ਼ਾਦੀ ਕਰ ਲਈ। ਕਾਰੋਬਾਰ ਕਰਣਾ ਸ਼ੁਰੂ ਕਰ ਦਿਤਾ ਤੇ ਚੰਗੀ ਕਾਮਯਾਬੀ ਪ੍ਰਾਪਤ ਹੋਈ।

ਦੂਜੀ ਜੰਗ ਸਮੇਂ ਜਾਪਾਨ ਨੇ ਕੁਝ ਕੁ ਸਿੱਖ ਅਪਣੀ ਫੌਜ ਵਿਚ ਭਰਤੀ ਕੀਤੇ ਸਨ ਤੇ ਇਸ ਮੌਕੇ ਹਰੀ ਸਿੰਘ 'ਉਸਮਾਨ' ਨੂੰ ਬਤੌਰ ਕੈਪਟਨ ਦੇ ਭਰਤੀ ਕੀਤਾ ਗਿਆ। ਹੈਡ ਕੁਆਰਟਰ ਸ਼ੰਘਾਈ ਸੀ।

ਜਦੋਂ ਸੁਭਾਸ਼ ਚੰਦਰ ਬੋਸ ਨੇ ਆਈ. ਐਨ. ਏ. ਕਾਇਮ ਕੀਤੀ ਤਾਂ ਆਪ ਸ਼ੇਰ ਹਿੰਦ ਬਰਗੇਡ ਦੇ ਜਰਨੈਲ ਸਨ। ਆਪ ਬੜੀ ਬਹਾਦਰੀ ਨਾਲ ਲੜੇ। ਆਪ ਦਾ ਕਦ ੬ ਫੁਟ, ਬੜੇ ਸੁਹਣੇ ਜੁਆਨ ਤੇ ਲੰਬੇ ਮੁਛਹਿਰਿਆਂ ਸਦਕਾ ਬਹੁਤ ਹੀ ਰੁਹਬ ਵਾਲੇ ਦਿਸਦੇ ਹਨ।

ਆਪ ਦੀ ਪਹਿਲੀ ਸ਼ਾਦੀ ਪਿੰਡ ਮਾਣਕ ਵਾਲ ਹੋਈ ਸੀ ਜਿਸ ਤੋਂ ਸ: ਜੀਉਣ ਸਿੰਘ ਪੈਦਾ ਹੋਏ।

ਆਪਣੇ ਪਿਆਰੇ ਦੇਸ਼ ਵਿਚੋਂ ਕਈ ਸਾਲ ਬਾਹਰ ਰਹਿਣ ਮਗਰੋਂ ੧੯੪੮ ਦੇ ਅਰੰਭ ਵਿਚ ਬਾਬਾ ਹਰੀ ਸਿੰਘ 'ਉਸਮਾਨ' ਆਪਣੇ ਜਨਮ ਨਗਰ ਵਿਚ ਆਇਆ। ਸਾਰੇ ਪਿੰਡ ਨੇ ਸੁਆਗਤ ਕੀਤਾ। ਬੈਂਡ ਬਾਜਿਆਂ ਨਾਲ ਜਲੂਸ ਕੱਢਿਆ ਤੇ ਇਸ ਬੁਢੇ ਦੇਸ਼ ਭਗਤ ਨੂੰ ਫੁਲਾਂ ਨਾਲ ਲਦ ਦਿਤਾ। ੧੭ ਨਵੰਬਰ ੧੯੪੮ ਨੂੰ ਸ: ਕਰਤਾਰ ਸਿੰਘ ਸਰਾਭਾ ਦੀ ਸਾਲਾਨਾ ਬਰਸੀ ਦੇ ਪ੍ਰਧਾਨ ਆਪ ਜੀ ਨੂੰ ਥਾਪਿਆ ਗਿਆ। ਅਜ ਕਲ ਆਪ ਬਦੋਵਾਲ ਰਹਿੰਦੇ ਹਨ।

**ਭਾਈ ਜਵੰਦ ਸਿੰਘ ਜੀ (ਸ਼ਹੀਦ)...** ਭਾਈ ਜਵੰਦ ਸਿੰਘ ਜੀ ਗਦਰ ਪਾਰਟੀ ਦੇ ਪ੍ਰਸਿਧ ਵਰਕਰ ਸਨ। ਆਪ ਜੀ ਦਾ ਜਨਮ ਨੰਗਲ ਕਲਾਂ ਥਾਨਾ ਮਾਹਲ ਪੁਰ ਜ਼ਿ: ਹੁਸ਼ਿਆਰ ਪੁਰ ਵਿਚ ੧੮੯੧ ਨੂੰ ਹੋਇਆ। ਆਪ ਜੀ ਦੇ ਪਿਤਾਂ ਦਾ ਨਾਮ ਸ: ਨਰਾਇਣ ਸਿੰਘ ਤੇ ਮਾਤਾ ਦਾ ਨਾਮ ਮਾਈ ਗੁਜਰੀ ਸੀ। ਆਪ ਦਾ ਸਰੀਰ ਬਚਪਨ ਤੋਂ ਹੀ ਫੁਰਤੀਲਾ ਅਤੇ ਸੁਭਾ ਹਸਮੁਖ ਸੀ। ਪਿੰਡ ਦੇ

Digitized by Panjab Digital Library | www.panjabdigilib.org

ਲੋਕ ਆਪ ਨੂੰ ਬੜੇ ਪਿਆਰ ਨਾਲ ਵੇਖਦੇ ਸਨ। ਸੋਲਾਂ ਸਾਲ ਦੀ ਉਮਰ ਵਿਚ ਆਪ ਕੈਨੇਡਾ ਜਾਣ ਲਈ ਤਿਆਰ ਹੋ ਗਏ। ਪਿਤਾ ਜੀ ਨੇ ਕਿਹਾ ਬੇਟਾ ਅਜੇ ਤੇਰੀ ਉਮਰ ਛੋਟੀ ਹੈ ਵਡਾ ਹੋਕੇ ਚਲਾ ਜਾਵੀਂ ਪਰ ਆਪ ਨੇ ਹਠ ਨਾ ਛਡਿਆ ਤੇ ਆਖਰਕਾਰ ਪਿਤਾ ਜੀ ਨੂੰ ਭੀ ਰਾਜ਼ੀ ਕਰ ਲਿਆ। ੧੯੦੭ ਵਿਚ ਆਪ ਕੈਨੇਡਾ ਪੁਜ ਗਏ।

੧੯੧੪ ਵਿਚ ਜਦ ਕੋਮਾਗਾਟਾ ਮਾਰੂ ਜਹਾਜ਼ ਕੈਨੇਡਾ ਪੁਜਿਆ ਤਾਂ ਉਸ ਦੇ ਮੁਸਾਫਰਾਂ ਨਾਲ ਕੈਨੇਡਾ ਦੀ ਸਰਕਾਰ ਨੇ ਬੜਾ ਜ਼ੁਲਮ ਕੀਤਾ। ਵਦੇਸ਼ੀਆਂ ਦੇ ਹਥੋਂ ਦੇਸ਼ ਵਾਸੀਆਂ ਦੀ ਇਹ ਦੁਰਦਸ਼ਾ ਹੁੰਦੀ ਵੇਖ ਕੇ ਸਾਰੇ ਹਿੰਦੀਆਂ ਨੂੰ ਬਹੁਤ ਦੁਖ ਹੋਇਆ। ਭਾਈ ਜਵੰਦ ਸਿੰਘ ਜੀ ਜਹਾਜ਼ ਦੇ ਮੁਸਾਫਰਾਂ ਦੀ ਸਹਾਇਤਾ ਲਈ ਵਧ ਚੜ੍ਹਕੇ ਹਿਸਾ ਲੈਂਦੇ ਰਹੇ। ਗਦਰ ਪਾਰਟੀ ਦੇ ਆਪ ਸਰਕਰਦਾ ਮੈਂਬਰਾਂ ਵਿਚੋਂ ਸਨ। ਇਕ ਦਿਨ ਇਕ ਇਕਤ੍ਰਤਾ ਵਿਚ ਗਦਰ ਪਾਰਟੀ ਦੇ ਮੈਂਬਰਾਂ ਪਾਸੋਂ ਕਸਮਾਂ ਲਈਆਂ ਗਈਆਂ ਕਿ ਅਸੀਂ ਅੰਗ੍ਰੇਜ਼ੀ ਸਰਕਾਰ ਨੂੰ ਖਤਮ ਕਰਨ ਲਈ ਕਿਸੇ ਪ੍ਰਕਾਰ ਦੀ ਕੁਰਬਾਨੀ ਤੋਂ ਸੰਕੋਚ ਨਹੀਂ ਕਰਾਂਗੇ। ਭਾਈ ਜਵੰਦ ਸਿੰਘ ਜੀ ਨੇ ਇਸ ਕਸਮ ਦਾ ਇਹ ਉਤਰ ਦਿੱਤਾ ਕਿ ਮੈਂ ਤਾਂ ਪਹਿਲਾਂ ਹੀ ਆਪਣਾ ਸਰਵੰਸ ਦੇਸ਼ ਦੀ ਖਾਤਰ ਕੁਰਬਾਨ ਕਰਨ ਦਾ ਫੈਸਲਾ ਕਰ ਚੁਕਿਆ ਹਾਂ, ਮੇਰੀ ਤਾਂ ਹੁਣ ਇਹੋ ਬੇਨਤੀ ਹੈ ਕਿ ਸਤਿਗੁਰੂ ਮੇਰੀ ਪ੍ਰਤਗਿਆ ਨੂੰ ਤੋੜ ਨਿਬਾਹੁਣ। ਜਿਸ ਸਮੇਂ ਗਦਰ ਪਾਰਟੀ ਦੇ ਮੈਂਬਰ ਵਾਪਸ ਹਿੰਦ ਆਏ ਤਾਂ ਆਪ ਜੀ ਭੀ ਉਹਨਾਂ ਦੇ ਨਾਲ ਆ ਗਏ। ਸਰਕਾਰ ਨੂੰ ਗਦਰ ਪਾਰਟੀ ਦੀਆਂ ਸਰਗਰਮੀਆਂ ਦਾ ਭੇਦ ਮਿਲ ਚੁਕਿਆ ਸੀ ਇਸ ਕਰਕੇ ਭਾਈ ਜਵੰਦ ਸਿੰਘ ਜੀ ਗੁਪਤ ਰਹਿ ਕੇ ਗਦਰ ਦੀਆਂ ਤਿਆਰੀਆਂ ਵਿਚ ਜੁਟ ਪਏ। ਗਦਰ ਪਾਰਟੀ ਦਾ ਅੱਡਾ ਲਾਹੌਰ ਵਿਚ ਸੀ। ਏਥੇ ਮੀਟਿੰਗ ਹੋਇਆ ਕਰਦੀ ਸੀ। ਇਕ ਦਿਨ ਜਦ ਆਪ ਉਸ ਮਕਾਨ ਵਿਚ ਆਏ ਜਿਥੇ ਆਪ ਰਹਿੰਦੇ ਸਨ, ਤਾਂ ਉਸ ਨੂੰ ਪੁਲਸ ਦਾ ਘੇਰਾ ਪਿਆ ਹੋਇਆ ਵੇਖਿਆ। ਇਥੋਂ ਆਪ ਬੜੀ ਚੁਸਤੀ ਨਾਲ ਬਚਕੇ ਨਿਕਲ ਗਏ। ਗਦਰ ਲਈ ਹਥਿਆਰ ਦੀ ਸਖਤ ਲੋੜ ਸੀ। ਸਰਕਾਰ ਨੇ ਪੁਲਾਂ ਦੀ ਰਖਿਆ ਲਈ ਸਾਰੇ ਪੁਲਾਂ ਪੁਰ ਪੁਲਸ ਦੇ ਪਹਿਰੇ ਲਗਾ ਰਖੇ ਸਨ। ਅੰਮ੍ਰਿਤਸਰ ਦੇ ਲਾਗੇ ਵੱਲੇ ਨਹਿਰ ਦੇ ਪੁਲ ਪਰ ਆਪ ਨੇ ਛਾਪਾ ਮਾਰ ਕੇ ਬੰਦੂਕਾਂ ਖੋਹਣ ਦਾ ਪ੍ਰੋਗ੍ਰਾਮ ਬਣਾਇਆ। ਇਸ ਹਮਲੇ ਵਿਚ ਪੁਲਸ ਦੇ ਦੋ ਸਿਪਾਹੀ ਮਾਰੇ ਗਏ ਅਤੇ ਭਾਈ ਜਵੰਦ ਸਿੰਘ ਜੀ ਸੱਤ ਬੰਦੂਕਾਂ ਤੇ ਚਾਰ ਸੌ ਕਾਰਤੂਸ ਖੋਹ ਕੇ ਲੈ ਗਏ। ਰਾਤੋ ਰਾਤ ਆਪ ਕਾਹੀ ਸਫਰ ਕਰਕੇ ਦੂਰ ਨਿਕਲ ਗਏ। ਸਵੇਰ ਨੂੰ ਸਭ ਪਾਸੇ ਤਾਰਾਂ ਖੜਕ ਗਈਆਂ। ਆਪ ਨੇ ਤੇ ਆਪ ਦੇ ਸਾਥੀਆਂ ਨੇ ਉਸ ਦਿਨ ਸਠ ਮੀਲ ਪੈਦਲ ਸਫਰ ਕੀਤਾ ਤੇ ਦਰਿਆ ਬਿਆਸ ਦੇ ਕਿਨਾਰੇ ਪੁਜ ਗਏ। ਇਨ੍ਹਾਂ ਦੇਸ਼ ਭਗਤਾਂ ਨੇ ਬੇੜੀ ਪਰ ਬੈਠ ਕੇ ਪਾਰ ਉਤਰਨ ਦਾ ਯਤਨ ਕੀਤਾ। ਵੱਲੇ ਪੁਲ ਦੀ ਘਟਨਾ ੧੧ ਜੂਨ ੧੯੧੫ ਨੂੰ ਹੋਈ ਸੀ।

ਪਿਛੋਂ ਆਵਾਜ਼ਾਂ ਆਈਆਂ ਕਿ ਬੇੜੀ ਵਾਪਸ ਮੋੜ ਲਿਆ ਇਹ ਸਰਕਾਰ ਦੇ ਚੋਰ ਹਨ। ਪਿਛੇ ਮੁੜ ਕੇ ਵੇਖਿਆ ਤਾਂ ਦੋ ਆਦਮੀ ਕਿਨਾਰੇ ਪਰ ਖੜੇ ਸਨ। ਭਾਈ ਜਵੰਦ ਸਿੰਘ ਨੇ ਦੋਹਾਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਅਗਲੇ ਕਿਨਾਰੇ ਪੁਜੇ ਤਾਂ ਇਕ ਹੋਰ ਆਦਮੀ ਰੌਲਾ ਪਾਉਣ ਲਗ ਪਿਆ ਤਾਂ ਆਪ ਨੇ ਉਸ ਨੂੰ ਭੀ ਥਾਂ ਰਖਿਆ ਅਤੇ ਜੰਗਲ ਵਿਚ ਜਾ ਵੜੇ। ਫੌਜ ਦੀਆਂ ਧਾੜਾਂ ਆਪ ਦੇ ਪਿਛੇ ਸਨ। ਇਕ ਦਿਨ ਅਜੀਬ ਘਟਨਾ ਵਾਪਰੀ। ਆਪ ਇਕ ਖੂਹ ਪਰ ਬੈਠੇ ਸਨ ਕਿ ਦੂਰੋਂ ਦੋ ਸਿਪਾਹੀ ਆਪਣੇ ਵਲ ਆਉਂਦੇ ਵੇਖੇ। ਉਨ੍ਹਾਂ ਨੂੰ ਵੇਖਕੇ ਆਪ ਚਦਰ ਤਾਣ ਕੇ ਲੇਟ ਗਏ। ਉਹ ਪਾਸ ਤੋਂ ਹੀ ਗਲਾਂ ਕਰਦੇ ਲੰਘ ਗਏ। ਇਕ ਨੇ ਕਿਹਾ ਇਹ ਕੌਣ ਪਿਆ ਹੈ ਦੂਜੇ ਨੇ ਕਿਹਾ ਆਪਾ ਕੀ ਲੈਣਾ ਹੈ ਕੋਈ ਸੰਤ ਹੋਵੇਗਾ। ਜਦੋਂ ਉਹ ਦੂਰ ਚਲੇ ਗਏ ਤਾਂ ਆਪ ਉਠੇ ਤੇ ਕਰਤਾਰ ਦਾ ਸ਼ੁਕਰ ਕੀਤਾ।

Digitized by Panjab Digital Library | www.panjabdigilib.org

ਸਰਕਾਰ ਨੇ ਆਪ ਦੀ ਗ੍ਰਿਫਤਾਰੀ ਲਈ ਇਨਾਮ ਰਖ ਦਿਤਾ । ਇਕ ਗਦਾਰ ਨੂੰ ਲਾਲਚ ਪੈਦਾ ਹੋ ਗਿਆ । ਉਹ ਆਪ ਦੇ ਹਮੇਸ਼ਾ ਨਾਲ ਰਹਿਣ ਲਗ ਪਿਆ ਤੇ ਇਸ ਨੇ ਆਪ ਨੂੰ ਪਿੰਡ ਕਾਲੇਵਾਲ (ਤਹਿਸੀਲ ਗੜ੍ਹਸ਼ੰਕਰ) ਵਿਚ ਗ੍ਰਿਫਤਾਰ ਕਰਵਾ ਦਿਤਾ। ਆਪ ਦੇ ਪਾਸ ਉਸ ਸਮੇਂ ਕੋਈ ਹਥਿਆਰ ਨਹੀਂ ਸੀ। ਪੁਲਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ। ਬਿਆਨ ਲੈਣ ਦਾ ਯਤਨ ਕੀਤਾ ਪਰ ਆਪਨੇ ਨਾ ਮਿਲਵਰਤਨ ਕਰ ਦਿੱਤੀ। ਅੰਤ ਆਪ ਜੀ ਨੇ ਅਦਾਲਤ ਵਿਚ ਭੀ ਸਭ ਕੁਝ ਸਚੋ ਸਚ ਦੱਸ ਦਿਤਾ ਅਤੇ ਦੇਸ਼ ਪਿਆਰ ਦੇ ਤਰਾਨੇ ਗਾਉਂਦੇ ਹੋਇ ੧੭ ਜੁਲਾਈ ੧੯੧੭ ਨੂੰ ਫਾਸੀ ਪਰ ਲਟਕ ਕੇ ਜੀਵਨ ਸਫਲ ਕਰ ਗਏ ।

**ਸ: ਰੋੜਾ ਸਿੰਘ**—ਆਪ ਦਾ ਜਨਮ ਪਿਤਾ ਵਿਸਾਵਾ ਸਿੰਘ ਪਿੰਡ ਰੋੜੇ ਜ਼ਿਲਾ ਫ਼ੀਰੋਜ਼ਪੁਰ ਦੇ ਘਰ ਹੋਇਆ । ਆਪ ਕਾਲੇ ਪਾਣੀ ਵਿਚ ਉਮਰ ਕੈਦ ਸੀ। ਰੋੜਾ ਸਿੰਘ ਦੇ ਗੌਣਾ ਬਨਾਉਣ ਸਮੇਂ ਗੋਲਾ ਅੰਦਰ ਚਲਿਆ ਗਿਆ ਤੇ ਸਖਤ ਬੀਮਾਰ ਹੋ ਗਿਆ। ਉਸ ਨੇ ਕਿਹਾ "ਅਸੀਂ ਦਿਲੀ ਦੀ ਗੱਦੀ ਲੈਣੀ ਸੀ ਕੋਈ ਵੱਗਆਂ ਵੱਛੀਆਂ ਦੇ ਚੋਰ ਨਹੀਂ । ਗੋਰਿਆਂ ਨੂੰ ਹਿੰਦ ਵਿਚ ਕਿਸ ਨੇ ਬੁਲਾਇਆ ਹੈ, ਤੁਸੀਂ ਚੋਰ ਹੋ ਹਿੰਦ ਨੂੰ ਲੁਟਦੇ ਸੀ ਅਸੀਂ ਆਪਣਾ ਘਰ ਬਚਾਉਂਦੇ ਸੀ ਕਸੂਰ ਤੁਹਾਡਾ ਹੈ ਜਾਂ ਸਾਡਾ ਹੈ।" ਸ਼ੰਘਾਈ ਤੋਂ ਗਦਰ ਪਾਰਟੀ ਨਾਲ ਰਲਿਆ ।

ਰੋੜਾ ਸਿੰਘ ਕਾਲੇ ਪਾਣੀਆਂ ਵਿਚ ਸ਼ਹੀਦ ਹੋਇਆ । ਇਹ ਕਾਲੇ ਪਾਣੀਆਂ ਵਿਚ ਪਹਿਲੇ ਨੰਬਰ ਦਾ ਜੋਸ਼ੀਲਾ ਤੇ ਬੜਾ ਜਜ਼ਬਾਤੀ ਸੀ।

**ਬਾਬਾ ਮਿਤ ਸਿੰਘ ਕੈਨੇਡੀਅਨ ਪੰਡੋਰੀ**—ਸ: ਮਿਤ ਸਿੰਘ ਜੀ ਪਿਤਾ ਸ: ਈਸ਼ਰ ਸਿੰਘ ਜੀ ਦੇ ਘਰ ਮਾਤਾ ਧਰਮ ਕੌਰ ਜੀ ਦੀ ਸੁਭਾਗੀ ਕੁਖੋਂ ਜਨਨ ਪਿੰਡ ਪੰਡੋਰੀ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ ਹੋਇਆ ।

ਆਪ ਜੀ ਬਾਲਪਨ ਤੋਂ ਬਾਦ ਕੁਝ ਵਿਦਿਆ ਪੜ੍ਹਦੇ ਸਾਰ ਕੈਨੇਡਾ ਮੁਲਕ ਵਿਚ ਚਲੇ ਗਏ ਜਿਥੇ ਜਾ ਕੇ ਆਪ ਜੀ ਨੂੰ ਮੁਲਕ ਅਜ਼ਾਦ ਕਰਾਉਣ ਦੀ ਲਗਨ ਲਗਣ ਤੇ ੧੯੧੪-੧੫ ਵਾਲੀ ਗਦਰ ਪਾਰਟੀ ਵਿਚ ਸ਼ਾਮਲ ਹੋ ਕੇ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਦੇ ਜਤਨ ਅਰੰਭਣ ਤੇ ਆਪ ਜੀ ਆਪ ਦੇ ਸਾਥੀਆਂ ਸਮੇਤ ਜੇਹਲ ਅੰਦਰ ਗਏ ਕੁਝ ਚਿਰ ਤੋਂ ਬਾਦ ਰਿਹਾ ਕੀਤੇ ਜਾਣ ਤੇ ਆਪ ਜੀ ਨੇ ਅਕਾਲੀ ਲਹਿਰ ਦੇ ਆਰੰਭ ਵਿਚ ਕੁਦ ੨ ਕੇ ਹਿਸਾ ਲਿਆ । ਇਸ ਵਾਸਤੇ ਆਪ ਜੀ ਨੂੰ ਸ਼ੋ: ਗੁ. ਪ੍ਰ: ਕਮੇਟੀ ਦੇ ਮੈਂਬਰ ਪੰਥ ਵਲੋਂ ਚੁਣੇ ਗਏ ਜਦ ਸ਼ੋ: ਗੁ: ਪ੍ਰ: ਕਮੇਟੀ ਨੂੰ ਬਾਗੀ ਕਰਾਰ ਗੌਰਮਿੰਟ ਵਲੋਂ ਦੇਣ ਤੇ ਆਪ ਜੀ ਨੂੰ ਜੇਹਲ ਅੰਦਰ ਜਾ ਕੇ ਅਸਹਿ ਤਹਿਸੀਹੇ ਦੇਣ ਤੇ ਭੀ ਗੁਰੂ ਭਰੋਸੇ ਅਡੋਲ ਰਹਿੰਦੇ ਹੋਏ ਕਾਮਯਾਬੀ ਨਾਲ ਰਿਹਾਈ ਪਾ ਕੇ ਆਏ। ਆਪ ਜੀ ਗੁਰੂ ਪੰਥ ਦੇ ਨਿਰਮਾਣ ਸੇਵਕ ਹਨ ।

**ਬਾਬਾ ਕਿਸ਼ਨ ਸਿੰਘ ਜੀ ਹੁਸਨਰ**—ਬਾਬਾ ਕਿਸ਼ਨ ਸਿੰਘ ਜੀ ਦਾ ਜਨਮ ਨਗਰ ਹੁਸਨਰ, ਜ਼ਿਲਾ ਫੀਰੋਜ਼ਪੁਰ ਵਿਚ ਸ: ਮਹਿਤਾਬ ਸਿੰਘ ਜੀ ਦੇ ਘਰ ਹੋਇਆ । ਬਚਪਨ ਵਿਚ ਆਪ ਜੀ ਨੇ ਕੇਵਲ ਗੁਰਮੁਖੀ ਵਿਦਿਆ ਪ੍ਰਾਪਤ ਕੀਤੀ। ੨੦ ਸਾਲ ਤੱਕ ਆਪ ਘਰ ਦਾ ਕੰਮ ਕਰਦੇ ਰਹੇ। ਉਪ੍ਰੰਤ ਬਿਦੇਸ਼ਾਂ ਵਿਚ ਜਾਣ ਦਾ ਸ਼ੌਕ ਪੈਦਾ ਹੋਇਆ ੧੯੦੭ ਵਿਚ ਆਪ ਕੈਨੇਡਾ ਚਲੇ ਗਏ। ਕੈਨੇਡਾ ਵਿਚ ਆਪ ਨੇ ਇਕ ਸ਼ਬਦੀ ਜਥਾ ਬਣਾਇਆ ਤੇ ਕੀਰਤਨ ਕਰਿਆ ਕਰਦੇ ਸਨ । ਜਦ ਗਦਰ ਪਾਰਟੀ ਨੇ ਗਦਰ ਅਖਬਾਰ ਕਢਕੇ ਆਜ਼ਾਦੀ ਪ੍ਰਾਪਤ ਕਰਨ ਲਈ ਜੋਸ਼ੀਲਾ ਪ੍ਰਚਾਰ ਕੀਤਾ ਤਾਂ ਆਪ ਨੂੰ ਭੀ ਦੇਸ਼ ਭਗਤੀ ਦੀ ਲਗਨ ਲਗ ਗਈ । ਆਪ ਕੌਮੀ ਕੰਮ ਵਿਚ ਵਧ ਚੜ੍ਹਕੇ ਹਿਸਾ

Digitized by Panjab Digital Library | www.panjabdigilib.org

ਲਿਆ ਕਰਦੇ ਸਨ।

ਕੌਮਾ ਗਾਟਾ ਮਾਰੂ ਜਹਾਜ਼ ਸਮੇਂ ਆਪ ਨੇ ਆਪਣੇ ਹਿੰਦੀ ਭਰਾਵਾਂ ਦੀ ਸੇਵਾ ਕਰਨ ਵਿਚ ਵਧ ਚੜ੍ਹਕੇ ਹਿਸਾ ਲਿਆ। ੧੯੧੯ ਵਿਚ ਆਪ ਹਾਂਗ ਕਾਂਗ ਪੁਜ ਗਏ ਤੇ ਪੰਜਾਬ ਵਾਪਸ ਆਉਣ ਦੀਆਂ ਤਿਆਰੀਆਂ ਕਰਨ ਲਗ ਪਏ। ਵਾਪਸ ਆਉਂਦੇ ਹੀ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਕੁਝ ਅਰਸਾ ਨਜ਼ਰ ਬੰਦ ਰਖਿਆ। ਫਿਰ ਆਪ ਜੀ ਨੂੰ ਰਿਹਾ ਕਰਕੇ ਨਿਗਰਾਨੀ ਕਰਦੇ ਰਹੇ। ਅਕਾਲੀ ਲਹਿਰ ਚਲਣ ਸਮੇਂ ਭੀ ਆਪ ਨੇ ਉਸ ਵਿਚ ਵਧ ਚੜ੍ਹ ਕੇ ਹਿਸਾ ਲਿਆ। ਅੰਤ ਸਮੇਂ ਤੱਕ ਆਪ ਦੇਸ਼ ਭਲਾਈ ਦੀ ਜਦੋ ਜਹਿਦ ਕਰਦੇ ਰਹੇ।

## ਤੀਜਾ ਮੁਕੱਦਮਾ ਸਾਜ਼ਿਸ਼ ਲਾਹੌਰ

## ਭਾਈ ਹਰੀ ਸਿੰਘ ਜੀ ਚੋਟੀਆਂ

ਭਾਈ ਹਰੀ ਸਿੰਘ ਜੀ ਦਾ ਜਨਮ ਪਿੰਡ ਚੋਟੀਆਂ ਜ਼ਿਲਾ ਫੀਰੋਜ਼ਪੁਰ ਵਿਚ ਸ: ਬੀਰ ਸਿੰਘ ਜੀ ਦੇ ਗ੍ਰਿਹਿ ਵਿਖੇ ਹੋਇਆ। ਆਪ ਬੜੇ ਸੁੰਦਰ ਸਡੌਲ ਜਵਾਨ ਸਨ। ੧੯੦੭ ਵਿਚ ਆਪ ਕੈਨੇਡਾ ਚਲੇ ਗਏ ਅਤੇ ਕਮੀ ਕੰਮਾਂ ਵਿਚ ਬੜੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। ਗਦਰ ਪਾਰਟੀ ਬਣਨ ਸਮੇਂ ਆਪ ਨੇ ਕਾਫੀ ਕੰਮ ਕੀਤਾ। ਆਪ ਗੁ: ਵੈਨਕੋਵਰ ਕੇਨੇਡਾ ਦੀ ਕਮੇਟੀ ਦੇ ਮੈਂਬਰ ਸਨ। ੧੯੧੪ ਵਿਚ ਆਪ ਗਦਰੀ ਸੂਰਬੀਰਾਂ ਦੇ ਨਾਲ ਰਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਾਪਸ ਆਏ। ਲਾਹੌਰ ਸਾਜ਼ਸ਼ ਕੇਸ ਵਿਚ ਆਪ ਜੀ ਨੂੰ ਗਦਰ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਖਤ ਸਜ਼ਾ ਹੋਈ। ਜੋ ਛੇ ਸਾਲ ਰਹਿ ਗਈ। ਆਪ ਹਜ਼ਾਰੀ ਬਾਗ ਜੇਹਲ ਵਿਚ ਭੀ ਕੈਦ ਰਹੇ ਹਨ ਅਤੇ ੧੯੨੦ ਵਿਚ ਰਿਹਾ ਹੋਏ। ਆਪ ਦੇ ਪੂਰੇ ਹਾਲ ਪੜ੍ਹਨ ਲਈ ਦੇਖੋ ਟ੍ਰੈਕਟ ਭਾ: ਹਰੀ ਸਿੰਘ ਕੈਨੇਡੀਅਨ ਦੀ ਵਿਥਿਆ।

## ਭਾ: ਕਰਤਾਰ ਸਿੰਘ ਜੀ ਗਦਰੀ ਦੇਸ਼ ਭਗਤ

ਆਪ ਜੀ ਦਾ ਜਨਮ ਪਿੰਡ ਨਵੇ ਚੰਦ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਬਚਪਨ ਤੋਂ ਹੀ ਆਜ਼ਾਦ ਖਿਆਲ ਪਰ ਧਾਰਮਕ ਰੁਚੀਆਂ ਵਾਲੇ ਸਜਨ ਸਨ। ੧੯੦੭ ਵਿਚ ਆਪ ਕੈਨੇਡਾ ਚਲੇ ਗਏ। ਉਥੇ ਅਪਨੇ ਧਾਰਮਕ ਤੇ ਕੌਮੀ ਕੰਮ ਵਿਚ ਵਧ ਚੜ੍ਹਕੇ ਹਿੱਸਾ ਲਿਆ। ਆਪ ਦੇ ਸਾਥੀ ਦਸਦੇ ਹਨ ਕਿ ਆਪ ਵਿਚ ਸਾਂਝੇ ਕੰਮਾਂ ਲਈ ਬਹੁਤ ਉਤਸ਼ਾਹ ਸੀ। ਦੇਸ਼ਦੀਆਂ ਵਿਦਿਅਕ ਸੰਸਥਾਵਾਂ ਨੂੰ ਆਪ ਜੀ ਨੇ ਕਾਫ਼ੀ ਸਹਾਇਤਾ ਇਕੱਠੀ ਕਰਕੇ ਭਿਜਵਾਈ। ਗੁਰਦੁਆਰਾ ਵੈਨਕੋਵਰ ਦੇ ਧਾਰਮਕ ਕੰਮਾਂ ਵਿਚ ਆਪ ਜੀ ਬਹੁਤ ਹਿੱਸਾ ਲਿਆ ਕਰਦੇ ਸਨ।

ਸੰਤ ਤੇਜਾ ਸਿੰਘ ਜੀ ਐਮ. ਏ. (ਮਸਤੂਆਣਾ) ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਨਿਕਟਵਰਤੀ ਉਨ੍ਹਾਂ ਦਿਨ ਵਿਚ ਕੈਨੇਡਾ ਗਏ ਹੋਇ ਸਨ। ਉਨ੍ਹਾਂ ਦੀ ਸੰਗਤ ਤੋਂ ਭਾ ਕਰਤਾਰ ਸਿੰਘ ਜੀ ਉਨ੍ਹਾਂ ਦੇ ਨਾਲ ਵੀ ਕੰਮ ਕਰਦੇ ਰਹੇ। ਧਾਰਮਕ ਰੁਚੀਆਂ ਹੋਣ ਦੇ ਬਾਵਜੂਦ ਆਪਦੇ ਹਿਰਦੇ ਵਿਚ ਦੇਸ਼ ਪਿਆਰ ਭੀ ਕੁਟ ਕੁਟ ਕੇ ਭਰਿਆ ਹੋਇਆ ਸੀ। ਅਮਰੀਕਾ ਵਿਚ ਜਾਕੇ ਹਿੰਦੋਸਤਾਨੀਆਂ ਦੇ ਆਚਰਨ ਪਰ ਕਾਫੀ ਬੁਰਾ ਅਸਰ ਪੈਂਦਾ ਸੀ। ਪ੍ਰੰਤੂ ਭਾਈ ਕਰਤਾਰ ਸਿੰਘ ਜੀ ਆਪਣੇ ਦੇਸ਼ ਦੀ ਸਭਯੱਤਾ ਨਾਲ ਬਹੁਤ ਪਿਆਰ ਕਰਦੇ ਸਨ। ਵਿਦੇਸ਼ੀ ਸਭਯਤਾ ਦਾ ਆਪ ਜੀ ਪਰ

Digitized by Panjab Digital Library | www.panjabdigilib.org

ਕੋਈ ਅਸਰ ਨਾ ਹੋਇਆ। ਸਾਦਾ ਪਹਿਰਾਵਾ ਤੇ ਉਚੇ ਵਿਚਾਰਾਂ ਦੇ ਅਸੂਲ ਪਰ ਆਪ ਸਖਤੀ ਨਾਲ ਅਮਲ ਕਰਿਆ ਕਰਦੇ ਸਨ।

੧੯੧੩ ਵਿਚ ਜਦ ਗਦਰ ਪਾਰਟੀ ਦੀ ਨੀਂਹ ਰਖੀ ਗਈ ਤਾਂ ਆਪ ਇਸ ਪਾਰਟੀ ਵਿਚ ਸ਼ਾਮਲ ਹੋਕੇ ਦੇਸ਼ ਦੀ ਆਜ਼ਾਦੀ ਲਈ ਪ੍ਰਚਾਰ ਕਰਦੇ ਰਹੇ। ਬਚਪਨ ਵਿਚ ਆਪ ਨੇ ਉਰਦੂ ਅੰਗ੍ਰੇਜ਼ੀ ਤੇ ਗੁਰਮੁਖੀ ਵਿਦਿਆ ਪੜ੍ਹੀ ਸੀ। ਇਸ ਕਰਕੇ ਕੈਨੇਡਾ ਵਿਚ ਜਾਕੇ ਆਪ ਬਹੁਤ ਸੋਹਣੀ ਅੰਗ੍ਰੇਜ਼ੀ ਬੋਲਣ ਲੱਗ ਪਏ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀਆਂ ਜੇਹਲ ਚਿੱਠੀਆਂ ਨਾਮ ਦੀ ਪੁਸਤਕ ਵਿਚ ਭਾਈ ਕਰਤਾਰ ਸਿੰਘ ਜੀ ਦੀਆਂ ਕੁਰਬਾਨੀਆਂ ਨਾਮ ਸਿਮਰਣ ਦਾ ਅਭਿਆਸ ਤੇ ਉਚੇ ਆਚਰਨ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ੧੯੧੪ ਵਿਚ ਜਦ ਗਦਰ ਪਾਰਟੀ ਵਾਲੇ ਦੇਸ਼ ਭਗਤ ਵਾਪਸ ਦੇਸ਼ ਨੂੰ ਆਏ ਤਾਂ ਆਪ ਜੀ ਭੀ ਉਨ੍ਹਾਂ ਦੇ ਨਾਲ ਆਏ। ਆਉਂਦੇ ਹੀ ਲੁਧਿਆਣੇ ਤੋਂ ਗ੍ਰਿਫਤਾਰ ਕਰ ਲਏ ਗਏ ਅਤੇ ਤੀਜੇ ਸਾਜ਼ਸ਼ ਕੇਸ ਵਿਚ ਆਪ ਨੂੰ ਪਹਿਲੇ ਫਾਂਸੀ ਦੀ ਸਜ਼ਾ ਹੋਈ ਜੋ ਪਿਛੋਂ ਉਮਰ ਕੈਦ ਕਾਲੇ ਪਾਣੀਆਂ ਵਿਚ ਤਬਦੀਲ ਹੋ ਗਈ। ਆਪ ਨੇ ਹਜ਼ਾਰੀ ਬਾਗ, ਨਾਗਪੁਰ, ਆਦਿਕ ਦੇਸ਼ ਦੀਆਂ ਕਈ ਭੈੜੀਆਂ ਤੇ ਦੇਸ਼ ਭਗਤਾਂ ਦੀਆਂ ਵੈਰਨ ਜੇਹਲਾਂ ਵਿਚ ਬੇਅੰਤ ਤਸੀਹੇ ਝੱਲੇ। ਉਸ ਸਮੇਂ ਜੇਹਲਾਂ ਦੀ ਭੈੜੀ ਖੁਰਾਕ ਸਿਹਤ ਦਾ ਸਤਿਆ ਨਾਸ ਕਰ ਦਿੰਦੀ ਸੀ। ਜੇਹਲਾਂ ਦੇ ਹਾਕਮ ਫਰਊਨ ਮਿਜਾਜ਼ ਤੇ ਆਕੜ ਖੋਰ ਹੁੰਦੇ ਸਨ। ਅਣਖੀਲੇ ਦੇਸ਼ ਭਗਤਾਂ ਦੀ ਉਨ੍ਹਾਂ ਨਾਲ ਹਰ ਸਮੇਂ ਟੱਕਰ ਰਹਿੰਦੀ ਸੀ। ਉਹ ਕਿਹੜਾ ਜ਼ੁਲਮ ਸੀ ਜੋ ਇੰਨ੍ਹਾਂ ਦੇਸ਼ ਭਗਤਾਂ ਪਰ ਨਹੀਂ ਕੀਤਾ ਜਾਂਦਾ ਸੀ? ਲੰਬੀਆਂ ਲੰਬੀਆਂ ਭੁੱਖ ਹੜਤਾਲਾਂ, ਕਰੜੀਆਂ ਮੁਸ਼ਕਤਾਂ ਤੇ ਸਾਲਾਂ ਬੱਧੀ ਪਿੰਜਰਿਆਂ ਵਿਚ ਬੰਦ ਰਹਿਣ ਕਰਕੇ ਦੇਸ਼ ਭਗਤਾਂ ਦੀ ਸੇਹਤ ਤਬਾਹ ਹੋ ਜਾਂਦੀ ਸੀ। ਭਾਈ ਰਣਧੀਰ ਸਿੰਘ ਨੇ ਆਪਣੀਆਂ ਜੇਹਲ ਚਿੱਠੀਆਂ ਵਿਚ ਉਸ ਸਮੇਂ ਦੀਆਂ ਜੇਹਲਾਂ ਦਾ ਬੜਾ ਦਰਦਨਾਕ ਨਕਸ਼ਾ ਖਿਚਿਆ ਹੈ।

ਗੁਰਬਾਣੀ ਦੇ ਆਸਰੇ ਇਹ ਦੇਸ਼ ਭਗਤ ਸਾਰੀਆਂ ਮੁਸੀਬਤਾਂ ਨੂੰ ਖਿੱੜੇ ਮੱਥੇ ਸਹਾਰਦੇ ਰਹੇ। ਆਪ ਨੇ ਪੂਰੇ ੨੦ ਸਾਲ ਜੇਹਲਾਂ ਦੀਆਂ ਭਿਆਨਕ ਸਖਤੀਆਂ ਦਾ ਮੁਕਾਬਲਾ ਕੀਤਾ। ਆਪ ਬੜੇ ਭਜਨੀਕ, ਉਪਕਾਰੀ ਤੇ ਹਿੱਤਕਾਰੀ ਸਜਨ ਸਨ। ਉਮਰ ਕੈਦ ਕਟਕੇ ਆਪ ਰਿਹਾ ਹੋ ਗਏ ਤੇ ਬਾਹਰ ਆਕੇ ਭੀ ਦੇਸ਼ ਦੀ ਆਜ਼ਾਦੀ ਲਈ ਜ਼ੋਰਦਾਰ ਆਵਾਜ਼ ਉਠਾਉਂਦੇ ਰਹੇ। ਆਪ ਨੇ ਅਪਣੇ ਲੰਬੇ ਤਜਰਬੇ ਦੇ ਆਧਾਰ ਪਰ ਕਈ ਪੁਸਤਕਾਂ ਲਿੱਖੀਆਂ ਹਨ। ਜਿਨਾਂ ਵਿਚੋਂ 'ਅੰਮ੍ਰਿਤ ਕੀ ਹੈ? 'ਉਮਰ ਕੈਦੀ ਦਾ ਸੁਪਨਾ' ਛਪੀਆਂ ਹੋਈਆਂ ਮਿਲਦੀਆਂ ਹਨ। ਅਤੇ ਅਮਰੀਕਾ ਕੈਨੇਡਾ ਦੇ ਹਿੰਦੋਸਤਾਨੀਆਂ ਦੀ ਵਿਥਿਆ ਅਰਥਾਤ ਨਵੀਂ ਦੁਨੀਆਂ ਅੱਜੇ ਅਣਛੱਪੀ ਗਿਆਨੀ ਨਾਹਰ ਸਿੰਘ ਜੀ ਗੁਜਰਵਾਲ ਪਾਸ ਪਈ ਹੈ। ਆਪਦਾ ਸਮਾਚਾਰ ਰੰਗਲੇ ਪੁਸਤਕ ਵਿਚ ਲਿਖਿਆ ਮਿਲਦਾ ਹੈ। ਜੋ ੪ ਅਪ੍ਰੈਲ ੧੯੪੪ ਨੂੰ ਆਪਣੇ ਪਿੰਡ ਵਿਚ ਹੀ ਚਲਾਣਾ ਕਰ ਗਏ।

Digitized by Panjab Digital Library | www.panjabdigilib.org

# ਦੂਜਾ ਮੁਕੱਦਮਾ ਸਾਜ਼ਸ਼ ਲਾਹੌਰ ਦੇ ਸੂਰਬੀਰਾਂ ਦੇ ਨਾਮ

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਗੰਡਾ ਸਿੰਘ | ਬਹਾਦਰ ਸਿੰਘ | ਖਾਪੜ ਖੇੜੀ | ਅੰਮ੍ਰਿਤਸਰ | ਸਜ਼ਾ ਫਾਂਸੀ ਬਦਲ ਕੇ ਕੈਦ ਕੀਤੇ ਗਏ |
| ਗੰਡਾ ਸਿੰਘ | ਜਵਾਲਾ ਸਿੰਘ | ਸੁਰ ਸਿੰਘ | ਲਾਹੌਰ | ,, ,, ,, |
| ਗੰਡਾ ਸਿੰਘ | | ਸੁਰ ਸਿੰਘ | ਲਾਹੌਰ | ,, ,, ,, |
| ਗੁਜਰ ਸਿੰਘ | ਸ਼ਾਮ ਸਿੰਘ | ਭਕਨਾ | ਅੰਮ੍ਰਿਤਸਰ | ,, ,, ,, |
| ਹਰੀ ਸਿੰਘ | ਅਮਰ ਸਿੰਘ | ਕਕੜ | ਅੰਮ੍ਰਿਤਸਰ | ,, ,, ,, |
| ਹਰਨਾਮ ਸਿੰਘ | ਭੂਮ ਸਿੰਘ | ਰਸੂਲ ਪੁਰ | ਅੰਮ੍ਰਿਤਸਰ | ,, ,, ,, |
| ਹਰਨਾਮ ਸਿੰਘ | ਸੁੰਦਰ ਸਿੰਘ | ਕਾਲਾ ਸੰਘਾ | ਕਪੂਰਥਲਾ | ,, ,, ,, |
| ਹੀਰਾ ਸਿੰਘ | ਮੰਨਾ ਸਿੰਘ | ਚਰੜ | ਲਾਹੌਰ | ਉਮਰ ਕੈਦ ਅਤੇ ਜਾਇਦਾ ਜ਼ਬਤ |
| ਨਰੈਣ ਸਿੰਘ | ਅਬਾਲੂ ਸਿੰਘ | ਬਾਲੋਂ | ਰਿ: ਪਟਿਆਲਾ | ,, ,, ,, |
| ਸ: ਲਾਭ ਸਿੰਘ | ਬੂੜ ਸਿੰਘ | ਵਲਟੋਹਾ | ਲਾਹੌਰ | ,, ,, ,, |
| ਸ: ਲਾਭ ਸਿੰਘ | ਰਾਮ ਸਿੰਘ | ਚਕ ਵਲੀਆਂ | ਲਾਹੌਰ | ,, ,, ,, |
| ਸ: ਫੇਰਾ ਸਿੰਘ | ਲਹਿਣਾ ਸਿੰਘ | ਕੋਟ ਝੰਡਾ ਸਿੰਘ | ਸਿਆਲਕੋਟ | ਦੋ ਸਾਲ ਕੈਦ |
| ਸ: ਅਤਰ ਸਿੰਘ | ਮਹਿਰਾ ਨੰਦ | ਧੀਮਕ ਪੁਰ | ਜੇਹਲਮ | ਉਮਰ ਕੈਦ ਜਾਇਦਾਦ ਜ਼ਬਤ |
| ਸ: ਬੋਗਾ ਸਿੰਘ | ਨੱਥਾ ਸਿੰਘ | ਝਾੜ ਸਾਹਿਬ | ਅੰਮ੍ਰਿਤਸਰ | ,, ,, ,, |
| ਸ: ਬਿਸ਼ਨ ਸਿੰਘ | ਵਸਾਖਾ ਸਿੰਘ | ਵਿਰਪਾਲ | ਅੰਮ੍ਰਿਤਸਰ | ,, ,, ,, |
| ਸ: ਬੁਢਾ ਸਿੰਘ | ਈਸ਼ਰ ਸਿੰਘ | ਸੁਰ ਸਿੰਘ | ਲਾਹੌਰ | ,, ,, ,, |
| ਸ: ਸੁਲਤਾਨ ਸਿੰਘ | ਮਾਘੀ ਰਾਮ | ਭਿਖੀ ਵਿੰਡ | ਲਾਹੌਰ | ਉਮਰ ਕੈਦ ਕਾਲੇ ਪਾਣੀ ਜੈਦਾਦ ਜ਼ਬਤ |
| ਸ: ਸੁੰਦਰ ਸਿੰਘ | ਰਤਨ ਸਿੰਘ | ਦੋਲੂਨੰਗਲ | ਅੰਮ੍ਰਿਤਸਰ | ,, ,, ,, |
| ਸ: ਸੂਜਾ ਸਿੰਘ | ਖੁਸ਼ਹਾਲ ਸਿੰਘ | ਵਲਟੋਹਾ | ਲਾਹੌਰ | ,, ,, ,, |
| ਸ: ਤੇਜਾ ਸਿੰਘ | ਦਿਆਲ ਸਿੰਘ | ਭਿਖੀ ਵਿੰਡ | ਲਾਹੌਰ | ,, ,, ,, |
| ਸ: ਠਾਕਰ ਸਿੰਘ | ਸੂਬਾ ਸਿੰਘ | ਠਠੀਆਂ | ਅੰਮ੍ਰਿਤਸਰ | ,, ,, ,, |
| ਸ: ਉਧਮ ਸਿੰਘ | ਜੀਵਨ ਸਿੰਘ | ਲਾਡੂਪੁਰਾ | ਗੁਰਦਾਸਪੁਰ | ,, ,, ,, |
| ਸੰਤ ਵਿਸਾਖਾ ਸਿੰਘ | ਈਸ਼ਰ ਸਿੰਘ | ਦਦੇਹਰ | ਅੰਮ੍ਰਿਤਸਰ | ,, ,, ,, |

Digitized by Panjab Digital Library | www.panjabdigilib.org

| | | | | |
|---|---|---|---|---|
| ਸ: ਦਾਨ ਸਿੰਘ | | ਧਲੇਕੇ | ਫੀਰੋਜ਼ਪੁਰ | ,, ,, ,, |
| ਸ: ਜੰਮੂ ਸਿੰਘ | ਵਸਾਊ ਸਿੰਘ | ਵਲਟੋਹਾ | ਲਾਹੌਰ | ਛੇ ਮਹੀਨੇ ਸਖਤ ਕੈਦ |
| ਸ: ਜਸਾ ਸਿੰਘ | ਨਥਾ ਸਿੰਘ | ਝਾੜ ਸਾਹਿਬ | ਅੰਮ੍ਰਤਸਰ | ਉਮਰ ਕੈਦ ਕਾਲੇ ਪਾਣੀ ਜੈਦਾਦ ਜ਼ਬਤ |
| ਸ: ਰਾਜਿੰਦਰ ਸਿੰਘ | ਮੰਗਲ ਸਿੰਘ | ਚੌਧਰੀ ਵਾਲਾ | ਅੰਮ੍ਰਤਸਰ | ,, ,, ,, |
| ਸ: ਕਰਮ ਸਿੰਘ | ਸੁੰਦਰ ਸਿੰਘ | ਕੋਟਲਾ ਅਜਨੇਰ | ਲੁਧਿਆਣਾ | ਉਮਰ ਕੈਦ ਕਾਲੇ ਪਾਣੀ ਜੈਦਾਦ ਜ਼ਬਤ |
| ਸ: ਕੇਸਰ ਸਿੰਘ | ਮੰਗਲ ਸਿੰਘ | ਸੁਰ ਸਿੰਘ | ਲਾਹੌਰ | ,, ,, ,, |
| ਸ: ਕਿਰਪਾ ਸਿੰਘ | ਜਵਾਹਰ ਸਿੰਘ | ਲੰਗ ਮ ਜਰੀ | ਹੁਸ਼ਿਆਰਪੁਰ | ,, ,, ,, |
| ਸ: ਲਾਭ ਸਿੰਘ | ਰਾਮ ਸਿੰਘ | ਚਕ ਵਾਲੀਆਂ | ਲਾਹੌਰ | ,, ,, ,, |
| ਸ: ਮਹਾਰਾਜ ਸਿੰਘ | ਨਿਹਾਲ ਸਿੰਘ | ਕਸੇਲ | ਅੰਮ੍ਰਤਸਰ | ਰਸਾਲਾ ਨੰ: ੨੩ ਛਾਉਣੀ ਲਾਹੌਰ |
| ਸ: ਮੰਗਲ ਸਿੰਘ | ਮੂਲਾ ਸਿੰਘ | ਵਲਟੋਹਾ | ਲਾਹੌਰ | ਉਮਰ ਕੈਦ ਕਾਲੇ ਪਾਣੀ ਜੈਦਾਦ ਜ਼ਬਤ |
| ਸ: ਨਥਾ ਸਿੰਘ | ਮੰਗਲ ਸਿੰਘ | ਧੁੰਨ | ਲਾਹੌਰ | ,, ,, ,, |
| ਸੰਤ ਸਿੰਘ | ਚੂਹੜ ਸਿੰਘ | ਅਨੰਦ ਪੁਰ ਕਲੌੜ | ਪਟਿਆਲਾ | ,, ,, ,, |
| ਸ਼ੇਰ ਸਿਘ | ਲਹਿਣਾ ਸਿੰਘ | ਠੀਕਰੀ ਵਾਲਾ | ਗੁਰਦਾਸਪੁਰ | ੧ ਸਾਲ ਸਖਤ ਕੈਦ |
| ਸੁਚਾ ਸਿੰਘ | ਗੁਰਦਿਤ ਸਿੰਘ | ਚੋਹਲਾ ਕਲਾਂ | ਅੰਮ੍ਰਤਸਰ | ਉਮਰ ਕੈਦ ਕਾਲੇ ਪਾਣੀ ਜੈਦਾਦ ਜ਼ਬਤ |
| ਗਜਨ ਸਿੰਘ | ਭੰਗਾ ਸਿੰਘ | ਬੁਰਜ ਲਿਟਾਂ | ਲੁਧਿਆਣਾ | ਚਾਰ ਸਾਲ ਬਾਦ ਛਡ ਦਿਤਾ |
| ਸ: ਸੁੰਦਰ ਸਿੰਘ | ਰਤਨ ਸਿੰਘ | ਦੌਲੂ ਨੰਗਲ | ਅੰਮ੍ਰਿਤਸਰ | ਸਖਤ ਕੈਦ |
| ਸ: ਡਾਕਟਰ ਸਿੰਘ | ਸੂਬਾ ਸਿੰਘ | ਭਟੀਆਂ | ਅੰਮ੍ਰਿਤਸਰ | ,, |
| ਸ: ਨਰੈਣ ਸਿੰਘ | ਬਿਸ਼ਨ ਸਿੰਘ | ਪਟਿਆਲਾ | ਪਟਿਆਲਾ | ,, |

ਇਹ ਭਾਈ ਨਰਾਇਣ ਸਿੰਘ ਲੋਹਟ ਬੱਦੀ ਦੇ ਅੱਡੇ ਨਾਲ ਸਬੰਧਤ ਸਨ, ਆਪ ਹਥਿਆਰ ਆਦਿ ਬਣਾਉਣ ਵਿਚ ਬੜੇ ਮਾਹਰ ਕਾਰੀਗਰ ਸਨ। ਆਪ ਨੂੰ ਇਸੇ ਸਬੰਧ ਵਿਚ ਉਮਰ ਕੈਦ ਹੋਈ ਸੀ। ਜੂਨ ੧੯੧੭ ਵਿਚ ਸੰਟਰਲ ਜੇਲ ਮਿਟਗੁਮਰੀ ਵਿਚ ੧੫ ਕੈਦੀਆਂ ਨੇ ਭੱਜਣ ਦਾ ਉਪਰਾਲਾ ਕੀਤਾ। ਉਸ ਵੇਲੇ ਆਪ ਵੀ ਉਨ੍ਹਾਂ ਵਿਚ ਸਨ। ਇਨ੍ਹਾਂ ਨੇ ਜੇਲ ਵਿਚ ੧੨ ਬੰਬ ਤੇ ੧੫ ਛਵੀਆਂ ਬਣਾਈਆਂ ਤੇ ਭਜਣ ਵਾਲਿਆਂ ਦੀਆਂ ਬੇੜੀਆਂ ਕੱਟ ਦਿਤੀਆਂ। ਦਿਨ ਦੇ ਦੋ ਵਜੇ ਇਨ੍ਹਾਂ ਨੇ ਭਜਣਾ ਸ਼ੁਰੂ ਕਰ ਦਿਤਾ ਪਰ ਪਾਉੜੀਆਂ ਟੁਟ ਜਾਣ ਕਰਕੇ ਇਹ ਲੋਕ ਭੱਜ ਨ ਸਕੇ। ਆਪ ਨੂੰ ਇਸ ਸਬੰਧ ਵਿਚ ਚਾਰ ਸਾਲ ਦੀ ਕੈਦ ਹੋਈ ਪਰ ੧੯੨੦ ਦੇ ਸ਼ਾਹੀ ਐਲਾਨ ਵਿਚ ਰਿਹਾ ਹੋ ਗਏ, ਕਈ ਸਾਲ ਹੋਏ ਆਪ ਚਲਾਣਾ ਕਰ ਚੁਕੇ ਹਨ।

ਦੂਜਾ ਮੁਕਦਮਾ ਸਾਜ਼ਸ਼ ਲਾਹੌਰ ਦੇ ਸੂਰਬੀਰ

ਸ: ਮੰਗਲ ਸਿੰਘ ਸਪੁਤਰ ਜਵੰਦ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ ਨੂੰ ਸਖਤ ਕੈਦ ਹੋਈ।

ਸ: ਫੁਮਣ ਸਿੰਘ ਸਪੁਤਰ ਗਣੇਸ਼ਾ ਸਿੰਘ ਪਿੰਡ ਕਲੇਰ ਜ਼ਿਲਾ ਜਾਲੰਧਰ ਨੂੰ ਭੀ ਸਖਤ ਕੈਦ ਹੋਈ।

# ਤੀਜਾ ਮੁਕੱਦਮਾ ਸਾਜ਼ਸ਼ ਲਾਹੌਰ ਦੇ ਸੂਰਬੀਰ

## ੫ ਜਨਵਰੀ ੧੯੧੭

| ਨਾਮ | ਪਿਤਾ | ਪਿੰਡ | ਜ਼ਿਲਾ | ਫਾਂਸੀ | ਸਜ਼ਾ | ਜਾ: ਜ਼ਬਤ |
|---|---|---|---|---|---|---|
| ਸ: ਬਲਵੰਤ ਸਿੰਘ (ਕੈਨੇਡੀਅਨ) | ਸ: ਮੀਰ ਸਿੰਘ | ਸਠਿਆਲਾ | ਅੰਮ੍ਰਿਤਸਰ | ਮੌਤ ਤੋਂ | ਉਮਰ ਕੈਦ ਕਾਲੇ ਪਾਣੀ | ਜਾਇਦਾਦ ਜ਼ਬਤ |
| ਸ: ਬਤਨ ਸਿੰਘ | ਸ: ਮੇਹਰ ਸਿੰਘ | ਕਾਹਰੀ | ਹੁਸ਼ਿਆਰਪੁਰ | ,, | ,, | ,, |
| ਸ: ਹਰੀ ਸਿੰਘ | ਸ: ਭਿਖਾ ਸਿੰਘ | ਚੋਟੀਆ | ਫੀਰੋਜ਼ਪੁਰ | ,, | ,, | ,, |
| ਸ: ਕੇਹਰ ਸਿੰਘ | ਸ: ਬਘੇਲ ਸਿੰਘ | ਸਾਹਨੇਵਾਲ | ਲੁਧਿਆਣਾ | ,, | ,, | ,, |
| ਸ: ਬਲਵੰਤ ਸਿੰਘ | ਸ: ਬੁਧ ਸਿੰਘ | ਖੁਰਦ ਪੁਰ | ਜਲੰਧਰ | ,, | ,, | ,, |
| ਸ: ਬਘੇਲ ਸਿੰਘ | ਸ: ਬਲ ਸਿੰਘ | ਬੂੜ ਚੰਦ | ਲਾਹੌਰ | ,, | ,, | ,, |
| ਮੌਲਵੀ ਅਬਦੁਲਾ | ਨਿਜ਼ਾਮ ਦੀਨ | ਜਗਰਾਉਂ | ਲੁਧਿਆਣਾ | ,, | ,, | ,, |

ਨੋਟ:—ਤਿੰਨ ਸਜਣ ਹੋਰ ਜਿਨਾਂ ਦੇ ਪੂਰੇ ਪਤੇ ਨਹੀਂ ਲਗੇ, ਬਲਵੰਤ ਸਿੰਘ ਆਦਿ ।

Digitized by Panjab Digital Library | www.panjabdigilib.org

**ਸ: ਸੁੰਦਰ ਸਿੰਘ ਜੀ ਵਹਿਣੀਵਾਲ—**ਸ: ਸੁੰਦਰ ਸਿੰਘ ਜੀ ਦੇਸ਼ ਭਗਤ ਦਾ ਜਨਮ ਨਗਰ ਵਹਿਣੀਵਾਲ ਵਿਚ ਸ: ਸੋਹਣ ਸਿੰਘ ਜੀ ਦੇ ਘਰ ਹੋਇਆ। ਆਪ ਜੀ ਨੇ ਬਚਪਨ ਵਿਚ ਗੁਰਮੁਖੀ ਵਿਦਿਆ ਪੜ੍ਹੀ। ਜਵਾਨ ਹੋਏ ਤਾਂ ਆਪ ਅਮਰੀਕਾ ਚਲੇ ਗਏ। ਗਦਰ ਪਾਰਟੀ ਕਾਇਮ ਹੋਣ ਪਰ ਆਪ ਜੀ ਨੇ ਭੀ ਹੋਰ ਸਾਥੀਆਂ ਸਮੇਤ ਇਸ ਵਿਚ ਵਧ ਚੜਕੇ ਹਿਸਾ ਲਿਆ। ਗਦਰ ਪਾਰਟੀ ਦੇ ਹੁਕਮ ਅਨੁਸਾਰ ਆਪ ਵਾਪਸ ਦੇਸ਼ ਆਏ।

ਗਦਰ ਦੀਆਂ ਤਿਆਰੀਆਂ ਵਿਚ ਆਪ ਕਾਫੀ ਸਹਾਇਤਾ ਕਰਦੇ ਰਹੇ ਪ੍ਰੰਤੂ ਆਪ ਗ੍ਰਿਫਤਾਰ ਨਾ ਹੋ ਸਕੇ। ਜਦ ਗਦਰ ਦੀ ਸਕੀਮ ਫੇਹਲ ਹੋ ਗਈ ਤਾਂ ਆਪ ਕੁਝ ਚਿਰ ਗੁਪਤ ਰਹਿ ਕੇ ਪਿੰਡ ਆ ਗਏ ਤੇ ਆਪਣੇ ਘਰੋਗੀ ਕੰਮਾਂ ਵਿਚ ਲਗ ਗਏ। ਆਪ ਜੀ ਦੇ ਦਿਲ ਵਿਚ ਦੇਸ਼ ਪਿਆਰ ਕੁਟ ਕੁਟ ਕੇ ਭਰਿਆ ਹੋਇਆ ਹੈ ਅਤੇ ਸਾਰੀ ਉਮਰ ਆਜ਼ਾਦੀ ਲਗੀ ਜਦੋ ਜਿਹਦ ਕਰਦਿਆਂ ਬਤੀਤ ਹੋਈ ਹੈ। ਆਪ ਜੀ ਦਾ ਸੁਭਾ ਬਹੁਤ ਗੰਭੀਰ ਹੈ।

## ਬਾਬਾ ਬਚਨ ਸਿੰਘ ਜੀ ਘੋਲੀਆ ਐਮ. ਐਲ. ਏ.

ਆਪ ਜੀ ਦਾ ਜਨਮ ਪਿੰਡ ਛੋਟਾ ਘੋਲੀਆ ਜ਼ਿਲਾ ਫੀਰੋਜਪੁਰ ਵਿਚ ਸ: ਭਗਵਾਨ ਸਿੰਘ ਜੀ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁਖ ਤੋਂ ੧੮੯੪ ਈ: ਵਿਚ ਹੋਇਆ। ਬਚਪਨ ਵਿਚ ਆਪ ਜੀ ਨੇ ਪੰਜਾਬੀ ਵਿਦਿਆ ਪੜੀ। ਆਪ ਗ੍ਰੀਬ ਕਿਸਾਨ ਘਰਾਣੇ ਨਾਲ ਸਬੰਧ ਰਖਦੇ ਸਨ। ਇਸ ਕਰਕੇ ਪਹਿਲੀ ਵਡੀ ਲੜਾਈ ਤੋਂ ਪਿਛੋਂ ਜਦ ਮੰਦਵਾੜਾ ਅਰੰਭ ਹੋਇਆ ਤਾਂ ਪੰਜਾਬ ਦੇ ਕਿਸਾਨਾ ਦੀ ਹਾਲਤ ਬਹੁਤ ਖਰਾਬ ਹੋ ਗਈ। ਬਾਬਾ ਬਚਨ ਸਿੰਘ ਜੀ ਨੇ ਘਰ ਦੀਆਂ ਤੰਗੀਆਂ ਤੋਂ ਦੁਖੀ ਹੋਕੇ ਦੂਜੇ ਦੇਸ਼ਾਂ ਵਿਚ ਜਾਣ ਦਾ ਇਰਾਦਾ ਬਣਾ ਲਿਆ। ੧੯੨੩ ਨੂੰ ਮਾਰਚ ਦੇ ਮਹੀਨੇ ਵਿਚ ਆਪ ਚੀਨ ਚਲੇ ਗਏ। ਦੋ ਮਹੀਨੇ ਆਪ ਸ਼ੰਘਾਈ ਵਿਚ ਰਹੇ। ਫਿਰ ਡਿਨਚਨ ਸ਼ਹਿਰ ਵਿਚ ਰਹੇ।

ਜਪਾਨ ਤੋਂ ਹੁੰਦੇ ਹੋਇ ਆਪ ਮਸਕਾਲੀ ਦਾ ਪਾਸ ਪੋਰਟ ਬਣਾ ਕੇ ਰਵਾਨਾ ਹੋਇ। ਕੋਬੇ ਵਿਚ ਭੀ ਆਪ ਰਹੇ। ਬੋਕੋਹਾਮਾ ਤੇ ਪਨਾਮਾ ਵਿਚ ਭੀ ਕੁਝ ਦਿਨ ਠਹਿਰੇ। ਆਪ ਦੇ ਨਾਲ ਵਰਿਆਮ ਸਿੰਘ ਘਾਲੀ, ਭਾਗ ਸਿੰਘ ਘਾਲੀ, ਦਲੇਲ ਸਿੰਘ ਘਾਲੀ, ਜੀਉਣ ਸਿੰਘ ਤੇ ਕਿਸ਼ਨ ਸਿੰਘ ਖੋਸੇ, ਬਚਨ ਸਿੰਘ ਤੇ ਬੁਧ ਸਿੰਘ ਮਾਹਲਾ ਆਦਿ ਸਜਨ ਸਨ। ਗੁਆਟੀਮਾਲਾ ਵਿਚ ਰਹਿਕੇ ਮੈਕਸੀਕੋ ਜਾਣ ਲਗੇ ਰਾਹ ਵਿਚ ਫੜੇ ਗਏ ਤੇ ਵਾਪਸ ਲਿਆਕੇ ਗੁਹਾਟੀਮਾਲਾ ਹੀ ਛੱਡੇ ਗਏ। ਇਕ ਸਾਲ ਕੋਬੇ ਵਿਚ ਰਹੇ ਇਥੋਂ ਆਪ ਜੀ ਨੇ ਪੇਰੂ ਦਾ ਪਾਸ ਪੋਰਟ ਬਣਾਇਆ। ਬਲੀਵੀਆ ਤੋਂ ਹੁੰਦੇ ਹੋਇ ਆਪ ਅਰਜਨ ਟਾਈਨ ਵਿਚ ਦਾਖਲ ਹੋ ਗਏ।

ਇਥੇ ਆਪ ਜੀ ਨੂੰ ਰੇਲਵੇ ਵਿਚ ਨੌਕਰੀ ਮਿਲ ਗਈ। ਕੁਝ ਚਿਰ ਪਹਿਲਾਂ ਆਪ ਗੰਨੇ ਦੀਆਂ ਮਿਲਾਂ ਵਿਚ ਕੰਮ ਕਰਦੇ ਰਹੇ। ਇੰਦਰ ਸਿੰਘ ਮਹੇਸਰੀ ਤੇ ਸ: ਬਚਨ ਸਿੰਘ ਰੇਲਵੇ ਵਿਚ ਇਕਠੇ ਨੌਕਰ ਹੋਇ। ਸਭ ਤੋਂ ਪਹਿਲਾਂ ੧੯੨੮ ਵਿਚ ਬਾਬਾ ਰਤਨ ਸਿੰਘ ਜੀ ਮਿਲੇ ਜੋ ਗਦਰ ਪਾਰਟੀ ਦੇ ਮੋਢੀ ਸਨ। ਬਾਬਾ ਬਚਨ ਸਿੰਘ ਜੀ ਨੇ ਆਪ ਨੂੰ ਕਈ ਡਾਲੇ ਦਿਤੇ। ਭਗਤ ਸਿੰਘ ਬਿਲਗਾ ਭੀ ਇਥੇ ਮਿਲੇ। ੧੯੨੯ ਵਿਚ ਜਦ ਥਰਡ ਇੰਟਰ ਨੈਸ਼ਨਲ ਦਾ ਇਕੱਠ ਹੋਇਆ ਤਦ ਬਾਬਾ ਰਤਣ ਸਿੰਘ ਜੀ ਦੀ ਥਾਂ ਸ: ਤੇਜਾ ਸਿੰਘ ਜੀ ਸੁਤੰਤ੍ਰ ਨੂੰ ਆਪਣਾ ਨੁਮਾਇੰਦਾ ਬਣਾਂਕੇ ਕੈਨੇਡਾ ਤੇ ਅਮ੍ਰੀਕਾ ਵਿਚ ਭੇਜਿਆ ਤਾਂ ਉਨ੍ਹਾਂ ਨੇ ਨਵੇਂ ਸਿਰੇ ਆ ਕੇ ਗਦਰ ਪਾਰਟੀ ਨੂੰ ਜਥੇ ਬੰਦ ਕੀਤਾ। ਅਰਜਨ ਟਾਈਨ ਵਿਚ ਉਸ ਸਮੇਂ ੬੦੦ ਹਿੰਦੋਸਤਾਨੀ ਸਨ ਜੋ ਗਦਰ ਪਾਰਟੀ ਨਾਲ ਸਬੰਧ ਰਖਦੇ ਸਨ ਤੇ ਚੰਦਾ ਦੇ ਕੇ ਪਾਰਟੀ

Digitized by Panjab Digital Library | www.panjabdigilib.org

ਨੂੰ ਮਜ਼ਬੂਤ ਕਰਦੇ ਸਨ । ਤੇਜਾ ਸਿੰਘ ਸੁਤੰਤ੍ਰ ਦੇ ਕਹਿਣ ਪਰ ਬਾਬਾ ਬਚਨ ਸਿੰਘ ਜੀ ਨੇ ਖਜ਼ਾਨਚੀ ਬਣਨਾ ਪ੍ਰਵਾਨ ਕਰ ਲਿਆ । ਆਪ ਤਿੰਨ ਸਾਲ ਖਜ਼ਾਨਚੀ ਦੇ ਔਹਦੇ ਪਰ ਰਹੇ ਤੇ ਬਹੁਤ ਸਾਰਾ ਰੁਪਇਆ ਗਦਰ ਪਾਰਟੀ ਨੂੰ ਇਕੱਠਾ ਕਰਕੇ ਭੇਜਿਆ ।

ਆਪ ਦੇ ਕੰਮ ਨੂੰ ਵੇਖ ਕੇ ਆਪ ਨੂੰ ਗਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੇਂਬਰ ਚੁਣ ਲਿਆ ਗਿਆ । ਕੇਂਦਰੀ ਕਮੇਟੀ ਮਾਸਕੋ ਵਿਚ ਪੁਲੀਟੀਕਲ ਟ੍ਰੇਨਿੰਗ ਲੈਣ ਲਈ ਆਦਮੀ ਭੇਜਦੀ ਸੀ । ਸ: ਤੇਜਾ ਸਿੰਘ ਸੁਤੰਤ੍ਰ ਦੇ ਜ਼ੋਰ ਦੇਣ ਪਰ ਬਾਬਾ ਬਚਨ ਸਿੰਘ ਜੀ ਭੀ ਮਾਸਕੋ ਜਾਣ ਲਈ ਤਿਆਰ ਹੋ ਗਏ ।

੧੯੩੪ ਵਿਚ ਆਪ ਇਕ ਜਥੇ ਨਾਲ ਜਿਸ ਵਿਚ ਬਚਨ ਸਿੰਘ ਤਖਾਣਵਧ, ਕੇਹਰ ਸਿੰਘ ਮਾਹਲਾ ਤੇ ਹਰਬੰਸ ਸਿੰਘ ਬੁਡਾਲਾ ਆਦਿ ਸਨ, ਮਾਸਕੋ ਪੁਜ ਗਏ । ਉਥੇ ਰੂਸ ਦੀ ਸਰਕਾਰ ਵਲੋਂ ਇੰਟਰ ਨੈਸ਼ਨਲ ਟ੍ਰੇਨਿੰਗ ਸਕੂਲ ਖੋਲਿਆ ਗਿਆ ਸੀ ਜਿਸ ਵਿਚ ਅੱਡ ਦੇਸ਼ਾਂ ਦੇ ਆਦਮੀਆਂ ਨੂੰ ਕਮਿਊਨਿਜ਼ਮ ਦੀ ਸਿਖਿਆ ਦੇਕੇ ਉਨ੍ਹਾਂ ਦੇ ਆਪਣੇ ਦੇਸ਼ਾਂ ਵਿਚ ਭੇਜਿਆ ਜਾਂਦਾ ਸੀ । ਹਿੰਦੋਸਤਾਨੀ ਸਾਥੀ ਭੀ ਉਥੇ ਪੜ੍ਹਦੇ ਰਹੇ । ਕੁਝ ਦਿਨ ਆਪਣੀ ਖੁਸ਼ੀ ਨਾਲ ਕਾਰਖਾਨਿਆਂ ਵਿਚ ਕੰਮ ਭੀ ਕੀਤਾ । ਪਰ ਬਹੁਤ ਸਮਾਂ ਪੜ੍ਹਾਈ ਪਰ ਹੀ ਖਰਚ ਹੁੰਦਾ ਸੀ । ਬਾਬਾ ਬਚਨ ਸਿੰਘ ਘੋਲੀਆ ਇਮਤਿਹਾਨ ਵਿਚ ਚੰਗੇ ਨੰਬਰ ਲੈ ਕੇ ਪਾਸ ਹੋਇ ।

ਇਥੋਂ ਸਿਖਿਆ ਦੇ ਕੇ ਸਭ ਨੂੰ ਇਕੱਲੇ ੨ ਦੇਸ਼ ਭੇਜਿਆ ਜਾਂਦਾ ਸੀ । ਆਪ ਜੇਨੇਵਾ ਤੇ ਫਰਾਂਸ ਆਦਿਕ ਤੋਂ ਹੁੰਦੇ ਹੋਇ ਆਏ । ਜਨੇਵਾ ਤੋਂ ਆਪ ਜਹਾਜ਼ ਪਰ ਚੜ੍ਹੇ ਤੇ ਬੰਬਈ ਆ ਕੇ ਉਤਰੇ । ਬੰਬਈ ਤੋਂ ਉਤਰਦੇ ਹੀ ਆਪ ਦੀ ਤਲਾਸ਼ੀ ਲਈ ਗਈ ਤੇ ਸੀ. ਆਈ. ਡੀ. ਮਗਰ ਲਗ ਗਈ । ਆਪ ਪਿੰਡ ਵਾਪਸ ਆਏ । ਚਾਰ ਸਾਲ ਤੋਂ ਆਪ ਦਾ ਕੋਈ ਖਤ ਪੱਤ੍ਰ ਨਹੀਂ ਆਇਆ ਸੀ । ਘਰ ਦੇ ਸਮਝਦੇ ਸਨ ਕਿ ਪਤਾ ਨਹੀਂ ਕੀ ਹੋਇਆ । ਪਰ ਆਪ ਰੂਸ ਨੂੰ ਇਹ ਪ੍ਰਣ ਕਰਕੇ ਗਏ ਸਨ ਕਿ ਘਰਦਿਆਂ ਨਾਲ ਕੋਈ ਖਤਪੱਤ੍ਰ ਨਹੀਂ ਕਰਨਗੇ । ਜਦ ਆਪ ਅਚਾਨਕ ਹੀ ਘਰ ਆ ਗਏ ਤਾਂ ਸਾਰਾ ਪ੍ਰਵਾਰ ਹੈਰਾਨ ਹੋ ਗਿਆ । ਅਜੇ ਆਪ ਨੇ ਰੱਜਕੇ ਗਲਾਂ ਬਾਤਾਂ ਭੀ ਨਹੀਂ ਕੀਤੀਆਂ ਸਨ ਕਿ ਪੰਜਾਬ ਦੀ ਪੁਲਸ ਆ ਗਈ ਤੇ ਆਪ ਜੀ ਨੂੰ ਫੜਕੇ ਲਹੌਰ ਦੇ ਕਿਲੇ ਵਿਚ ਲੈ ਗਈ । ਕਿਲੇ ਵਿਚ ਆਪ ਜੀ ਪਰ ਬਹੁਤ ਸਖਤੀਆਂ ਕੀਤੀਆਂ ਗਈਆਂ ਤੇ ਆਪ ਜੀ ਪਾਸੋਂ ਇਹ ਪੁਛਣ ਦਾ ਯਤਨ ਕੀਤਾ ਗਿਆ ਕਿ ਤੁਹਾਨੂੰ ਰੂਸ ਵਿਚ ਕੀ ਸਿਖਲਾਈ ਦਿਤੀ ਗਈ ਹੈ ਤੇ ਤੁਹਾਡੇ ਨਾਲ ਕੌਣ ਕੌਣ ਸਨ ? ਆਪ ਜੀ ਨੇ ਸਾਰੀਆਂ ਮੁਸੀਬਤਾਂ ਖਿੜੇ ਮਥੇ ਸਹਾਰੀਆਂ ਤੇ ਕੋਈ ਭੇਦ ਨਾ ਦਸਿਆ । ੨ ਮਹੀਨੇ ਤਸੀਹੇ ਦੇ ਕੇ ਆਪ ਜੀ ਨੂੰ ਕਿਲੇ ਵਿਚੋਂ ਰਿਹਾ ਕਰ ਦਿਤਾ ਗਿਆ ।

ਵਾਪਸ ਆਉਂਦੇ ਹੀ ਆਪ ਕਿਸਾਨ ਸਭਾ ਵਿਚ ਕੰਮ ਕਰਨ ਲੱਗ ਪਏ । ੧੯੩੭ ਵਿਚ ਦੋਧਰ ਵਿਚ ਭਾਰੀ ਕਿਸਾਨ ਕਾਨਫ੍ਰੰਸ ਹੋਈ । ਸਾਥੀ ਬਚਨ ਸਿੰਘ ਜੀ ਨੇ ਇਸ ਕਾਨਫ੍ਰੰਸ ਵਿਚ ਧੜੱਲੇ-ਦਾਰ ਤਕਰੀਰ ਕੀਤੀ ਅਤੇ ਇਲਾਕੇ ਵਿਚ ਆਪ ਜੀ ਦਾ ਨਾਮ ਪ੍ਰਸਿੱਧ ਹੋ ਗਿਆ । ਇਸ ਸਾਲ ਆਪ ਕਾਂਗਰਸ ਸੋਸ਼ਲਿਸਟ ਪਾਰਟੀ ਵਿਚ ਸ਼ਾਮਲ ਹੋਕੇ ਤਿਰੀਪੁਰਾ ਕਾਂਗਰਸ ਸਮਾਗਮ ਦੇ ਡੈਲੀਗੇਟ ਚੁਣੇ ਗਏ । ਤਿਰੀਪੁਰਾ ਵਿਚ ਪੰਜਾਬ ਦੇ ਡੈਲੀਗੇਟਾਂ ਨੇ ਨੇਤਾ ਜੀ ਸੁਭਾਸ਼ ਚੰਦ੍ਰ ਬੋਸ ਦਾ ਸਾਥ ਦਿਤਾ । ਕਾਰਣ ਇਹ ਸੀ ਕਿ ਪੰਜਾਬ ਵਿਚੋਂ ਸਾਰੇ ਡੈਲੀਗੇਟ ਅਗੇ ਵਧੂ ਖਿਆਲਾ ਦੇ ਗਏ ਸਨ । ਜਿਸ ਸਮੇਂ ਮਹਾਤਮਾ ਗਾਂਧੀ ਜੀ ਨੇ ਨੇਤਾ ਜੀ ਨਾਲ ਬੇਇਨਸਾਫੀਆਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਬਾਬਾ ਬਚਨ ਸਿੰਘ ਜੀ ਨੇ ਕਾਗਰਸ ਤੋਂ ਅਸਤੀਫਾ ਦੇ ਦਿਤਾ ।

Digitized by Panjab Digital Library | www.panjabdigilib.org

ਮਿੰਟਗੁਮਰੀ ਵਿਚ ਜਾਕੇ ਆਪ ਨੇ ਮੁਜ਼ਾਰਾ ਲਹਿਰ ਨੂੰ ਜਨਮ ਦਿੱਤਾ ਤੇ ਸਾਥੀ ਵਧਾਵਾ ਰਾਮ ਜੈਸੇ ਵਰਕਰ ਅੱਗੇ ਲਿਆਂਦੇ । ਇਥੇ ਆਪ ਜੀ ਨੇ ਕਮਿਊਨਿਸਟ ਪਾਰਟੀ ਜ਼ਿਲਾ ਮਿੰਟਗੁਮਰੀ ਦੀ ਨੀਂਹ ਰਖੀ। ਜੰਗ ਸ਼ੁਰੂ ਹੋਣ ਪਰ ਜਦ ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਇਆ ਤਾਂ ਆਪ ਅੰਡਰ ਗਰਾਊਂਡ ਰਹਿਕ ਕੰਮ ਕਰਦੇ ਰਹੇ । ੧੯੪੮ ਵਿਚ ਆਪ ਫੜੇ ਗਏ ਤੇ ਅੰਬਾਲਾ ਜੇਹਲ ਵਿਚ ਰਹੇ। ਜਦ ਤੇਜਾ ਸਿੰਘ ਸੁਤੰਤ੍ਰ ਨੇ ਲਾਲ ਕਮਿਊਨਿਸਟ ਪਾਰਟੀ ਬੰਨ੍ਹੀ ਤਾਂ ਆਪ ਨੇ ਭੀ ਉਨ੍ਹਾਂ ਦੇ ਪੁਰਾਣੇ ਸਾਥੀ ਹੋਣ ਕਰਕੇ ਲਾਲ ਕਮਿਊਨਿਸਟ ਪਾਰਟੀ ਦਾ ਸਾਥ ਦਿੱਤਾ। ੧੯੪੮ ਤੋਂ ਗ੍ਰਿਫਤਾਰ ਕਰਕੇ ਆਪ ਨੂੰ ੧੯੫੦ ਵਿਚ ਰਿਹਾ ਕੀਤਾ ਗਿਆ। ਤੇ ੬ ਮਹੀਨੇ ਪਿੰਡ ਜੂਹ ਬੰਦ ਰਖੇ ਗਏ। ੧੯੫੨ ਦੀਆਂ ਅਜ਼ਾਦ ਹਿੰਦੋਸਤਾਨ ਦੀਆਂ ਪਹਿਲੀਆਂ ਜਨਰਲ ਚੋਣਾਂ ਵਿਚ ਆਪ ਜ਼ਿਲਾ ਕਾਂਗਰਸ ਦੇ ਪ੍ਰਧਾਨ ਤੇ ਇਕ ਦਰਜਨ ਹੋਰ ਉਮੀਦਵਾਰ ਦੇ ਮੁਕਾਬਲੇ ਸਾਂਝੇ ਫਰੰਟ ਦੇ ਉਮੀਦਵਾਰ ਦੀ ਹੈਸੀਅਤ ਵਿਚ ੨੨ ਸੌ ਵੋਟਾਂ ਦੇ ਵਾਧੇ ਨਾਲ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ ।

**ਬਾਬਾ ਗੇਂਦਾ ਸਿੰਘ ਜੀ ਦੌਧਰ**—ਆਪ ਜੀ ਦਾ ਜਨਮ ਪਿੰਡ ਦੌਧਰ ਵਿਚ ਸ: ਬੁਧ ਸਿੰਘ ਜੀ ਦੇ ਘਰ ਮਾਤਾ ਸ਼ਾਮ ਕੌਰ ਦੀ ਕੁਖ ਤੋਂ ੧੮੮੭ ਈ: ਵਿਚ ਹੋਇਆ। ਜਦ ਆਪ ਜਵਾਨ ਹੋਇ ਤਾਂ ਰੋਜ਼ਗਾਰ ਦੀ ਤਲਾਸ਼ ਵਿਚ ਮਲਾਇਆ ਚਲੇ ਗਏ। ਇਥੇ ਆਪ ਜੀ ਦਾ ਮੇਲ ਗਦਰ ਪਾਰਟੀ ਦੇ ਆਦਮੀਆਂ ਨਾਲ ਹੋਇਆ । ਸ: ਤ੍ਰਲੋਕ ਸਿੰਘ ਥਾਨੇਦਾਰ ਦੌਧਰ ਪਾਸ ਗਦਰ ਅਖਬਾਰ ਆਉਂਦੀ ਸੀ ਉਸ ਨੇ ਅਪਣੇ ਸਾਥੀਆਂ ਨੂੰ ਸੁਨਾਣਾ ਸ਼ੁਰੂ ਕੀਤਾ । ਪਹਿਲੀ ਵਡੀ ਲੜਾਈ ਆਰੰਭ ਹੋਣ ਸਮੇਂ ਸ: ਤ੍ਰਲੋਕ ਸਿੰਘ ਜੀ ਤਾਂ ਮਲਾਇਆ ਵਿਚੋਂ ਕਢ ਦਿਤੇ ਗਏ ਤੇ ਬਾਬਾ ਗੇਂਦਾ ਸਿੰਘ ਅਦਿਕ ਕਈ ਸਜਨਾਂ ਨੂੰ ਥੋਹੜਾ ਚਿਰ ਹਿਰਾਸਤ ਵਿਚ ਰਖਕ ਛਡ ਦਿੱਤਾ ਗਿਆ ।

ਇਸ ਤੋਂ ਪਿਛੋਂ ਆਪ ਵਾਪਸ ਦੇਸ਼ ਆ ਗਏ ਤੇ ਫਿਰ ਕਲਕਤੇ ਚਲੇ ਗਏ । ਇਥੇ ਆਪ ਨੂੰ ਪ੍ਰਸਿੱਧ ਹਿੰਦੋਸਤਾਨੀ ਕਮਿਊਨਿਸਟ ਲੀਡਰ ਬਾਬਾ ਰਤਨ ਸਿੰਘ ਮਿਲਿਆ ਜੋ ਦੂਜੀ ਵਡੀ ਲੜਾਈ ਦੇ ਦੌਰਾਨ ਹਿਟਲਰ ਨੇ ਨਾਜ਼ੀਆ ਪਾਸੋਂ ਕਤਲ ਕਰਵਾ ਦਿੱਤਾ ਸੀ । ਇਸ ਦਾ ਰੂਸ ਦੀ ਕਮਿਊਨਿਸਟ ਪਾਰਟੀ ਨਾਲ ਸਿੱਧਾ ਸਬੰਧ ਸੀ ਤੇ ਇਹ ਅਮਰੀਕਾ ਦੀ ਗਦਰ ਪਾਰਟੀ ਦਾ ਮੋਢੀ ਸੀ । ਇਸ ਨੇ ਬਾਬਾ ਗੇਂਦਾ ਸਿੰਘ ਜੀ ਨੂੰ ਗਦਰ ਪਾਰਟੀ ਨਾਲ ਜੋੜਿਆ। ਇਸ ਤੋਂ ਪਿਛੋਂ ਬਾਬਾ ਜੀ ਮਜ਼ਦੂਰ ਜੱਥੇ ਬੰਦੀਆਂ ਕਰਨ ਲੱਗ ਪਏ ਤੇ ਪ੍ਰਿੰਸ ਆਫ ਵੇਲਜ਼ ਦੇ ੧੯੨੧ ਦੇ ਦੌਰੇ ਸਮੇਂ ਆਪ ਨੇ ਕਲਕਤੇ ਵਿਚ ਬਹੁਤ ਵਡੀ ਹੜਤਾਲ ਕਰਵਾਈ। ਆਪ ਨੂੰ ਗ੍ਰਿਫਤਾਰ ਕਰਕੇ ਚੀਫ ਪ੍ਰੈਜ਼ੀਡੈਂਸੀ ਜੇਹਲ ਵਿਚ ਰੱਖਿਆ ਗਿਆ ।

੧੯੨੭ ਵਿਚ ਆਪ ਨੇ ਕਿਰਤੀ ਦਲ ਬੰਗਾਲ ਕਾਇਮ ਕੀਤਾ ਤੇ ਇਕ ਅਖਬਾਰ ਕਢਿਆ। ਜੋ ਕਿਰਤੀ ਲਹਿਰ ਦਾ ਜ਼ਬਰਦਸਤ ਪ੍ਰਚਾਰਕ ਸੀ। ਆਪ ਕਿਰਤੀ ਦਲ ਬੰਗਾਲ ਦੇ ਸਕਤ੍ਰ ਸਨ। ਆਪ ਨੂੰ ਕਲਕੱਤੇ ਵਿਚ ਕਈ ਵੇਰ ਗ੍ਰਿਫਤਾਰ ਕੀਤਾ ਗਿਆ । ੧੯੩੦ ਵਿਚ ਆਪ ਪੰ: ਨਹਿਰੂ ਜੀ ਨਾਲ ਗ੍ਰਿਫਤਾਰ ਹੋਇ ਤੇ ਇਕੱਠੇ ਕੈਦ ਰਹੇ । ਐਂਟੀ ਇੰਪੀਰੀਅਲ ਲਹਿਰ ਦੇ ਆਪ ਖਾਸ ਆਗੂਆਂ ਵਿਚੋਂ ਸਨ । ਤੇ ਮਿ: ਜੀ ਐਮ ਸੇਨ ਗੁਪਤਾ ਦੇ ਸਾਥੀ ਸਨ। ਡੇਢ ਸਾਲ ਕੈਦ ਕਟਕੇ ਆਪ ਰਿਹਾ ਹੋਏ ਤੇ ਪੰਜਾਬ ਭੇਜ ਦਿਤੇ ਗਏ। ਪੁਲਸ ਦਾ ਇੱਕ ਖਾਸ ਸਿਪਾਹੀ ਆਪ ਦੀ ਨਿਗਰਾਨੀ ਲਈ ਮੁਕਰਰ ਸੀ। ਇਸ ਤੋਂ ਪਿਛੋਂ ਆਪ ਚੜ੍ਹਿੱਕ ਦੇ ਮੋਰਚੇ ਵਿਚ ਗ੍ਰਿਫਤਾਰ ਹੋਇ ਤੇ ਲਾਹੌਰ ਕਿਲੇ ਵਿਚ ਲੈ ਜਾਕੇ ਆਪ ਪਰ ਬਹੁਤ ਸਖਤੀਆਂ ਕੀਤੀਆਂ ਗਈਆਂ ।

੧੯੪੧ ਵਿਚ ਆਪ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ ਤੇ ਫਤਹਿਗੜ ਕੋਰੋਟਾਣਾ

Digitized by Panjab Digital Library | www.panjabdigilib.org

ਵਿਚ ਪੰਜਾਬ ਕਿਸਾਨ ਸਭਾ ਦਾ ਸਾਲਾਨਾ ਇਜਲਾਸ ਹੋਇਆ । ਆਪ ਨੂੰ ਪਹਿਲਾ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਤਿੰਨ ਸਾਲ ਨਜ਼ਰ ਬੰਦ ਰੱਖਿਆ ਗਿਆ । ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਦੇ ਆਪ ਵਡੇ ਸਹਾਇਕ ਸਨ ਤੇ ਕਲਕੱਤਾ ਆਦਿ ਤੋਂ ਦੇਸ਼ ਭਗਤਾਂ ਦੇ ਪ੍ਰਵਾਰਾਂ ਲਈ ਕਾਫੀ ਸਹਾਇਤਾ ਇਕਠੀ ਕਰਕੇ ਲਿਆਉਂਦੇ ਰਹੇ । ਇਸ ਸਮੇਂ ਭੀ ਆਪ ਕਮਿਊਨਿਸਟ ਪਾਰਟੀ ਦੇ ਸਰ ਗਰਮ ਮੈਂਬਰ ਹਨ ਤੇ ਲੋਕ ਲਹਿਰ ਦੀ ਸੁਚੱਜੀ ਅਗਵਾਈ ਕਰ ਰਹੇ ਹਨ ।

## ਮੁਕਦਮਾ ਪਦਰੀ

ਹੇਠ ਲਿਖੇ ਸਿੰਘਾਂ ਨੂੰ ਉਕਤ ਮੁਕਦਮੇਂ ਵਿਚ ਸਜ਼ਾਵਾਂ ਹੋਈਆਂ

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਸ. ਖੇਮ ਸਿੰਘ | ਸ. ਜੀਵਨ ਸਿੰਘ | ਸੁਰ ਸਿੰਘ | ਲਾਹੌਰ | ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ |
| ਸ. ਇੰਦਰ ਸਿੰਘ | ਸ. ਗੁਰਮੁਖ ਸਿੰਘ | ਪਦਰੀ ਕਲਾਂ | ਅੰਮ੍ਰਿਤਸਰ | ,, |

## ਜਗਤ ਪੁਰ ਦੇ ਸ਼ਹੀਦ

ਸ: ਕਾਲਾ ਸਿੰਘ ਜੀ ਅਤੇ ਸ: ਚੰਦਣ ਸਿੰਘ ਜੀ ਦੋਹਾਂ ਨੂੰ ਫਾਂਸੀ ਦੇ ਕੇ ਸ਼ਹੀਦ ਚੀਤਾ ਗਿਆ ।

## ਪੰਜਵਾਂ ਮੁਕਦਮਾ ਸਾਜ਼ਸ਼ ਮੰਡੀ ਰਿਆਸਤ

**ਮੀਆਂ ਜਵਾਹਰ ਸਿੰਘ ਜੀ** ਆਪ ਜੀ ਦੇ ਪਿਤਾ ਦਾ ਨਾਮ ਭੀਕਮ ਸਿਧੂ ਸੀ । ਪਿੰਡ ਸੈਨੀ ਮੋਰੀ ਮੰਡੀ ਰਿਆਸਤ ਵਿਚ ਰਹਿੰਦੇ ਸਨ । ਆਪ ਜੀ ਦੇ ਨਾਲ ਜੋ ਹੋਰ ਸਜਣ ਗ੍ਰਿਫਤਾਰ ਹੋਏ । ਇਹਨਾਂ ਪਰ ਮੰਡੀ ਵਿਚ ਹੀ ਮੁਕਦਮਾ ਸਾਜ਼ਸ਼ ਮੰਡੀ ਚਲਾਇਆ ਗਿਆ । ਸਭ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤ ਦੀ ਸਜ਼ਾ ਹੋਈ । ਮੀਆਂ ਜਵਾਹਰ ਸਿੰਘ ਮੰਡੀ ਵਾਲੀ ਰਾਣੀ ਦੇ ਭਰਾ ਸਨ । ਰਾਣੀ ਸਾਹਿਬ ਭੀ ਨਜ਼ਰਬੰਦ ਕੀਤੇ ਗਏ । ਮੀਆਂ ਜਵਾਹਰ ਸਿੰਘ ਮਿੰਟਗੁਮਰੀ ਜੇਲ੍ਹ ਵਿਚ ਭੇਜੇ ਗਏ । ਇਥੇ ਆਪ ਨੂੰ ਸਦਾ ਬੇੜੀ ਲਗੀ ਰਹਿੰਦੀ ਸੀ । ਕਿਉਂਕਿ ਅਦਾਲਤ ਨੇ ਆਪ ਨੂੰ ਖਤਰਨਾਕ ਲਿਖਿਆ ਸੀ । ਉਸ ਵੇਲੇ ਆਪ ਦੀ ਉਮਰ ੬੨ ਸਾਲ ਦੀ ਸੀ । ਆਪ ਬੜੇ ਕੱਦਵਰ ਜਵਾਨ ਰਾਜਪੂਤ ਸੂਰਬੀਰ ਸਨ । ਬੜੀ ਧੀਰਜ ਤੇ ਗੰਭੀਰਤਾ ਨਾਲ ਜੇਲ੍ਹ ਦੇ ਕਸ਼ਟ ਸਹਾਰਦੇ ਰਹੇ । ੧੯੧੮ ਵਿਚ ਆਪ ਨੂੰ ਵਡੀ ਮਾਤਾ (ਚੀਚਕ) ਨਿਕਲ ਆਈ ਤੇ ਉਸੇ ਬੀਮਾਰੀ ਨਾਲ ਆਪ ਦਾ ਚਲਾਣਾ ਹੋ ਗਿਆ ।

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਸ੍ਰੀ ਜਵਾਹਰ | ਜਿੰਦੂ | ਬਰਸੂ | ਮੰਡੀ ਰਿਆਸਤ | ਪੰਜ ਸਾਲ ਸਖਤ ਕੈਦ |
| ,, ਬਦਰੀ | ਮੀਆਂ ਜਵਾਹਰ ਸਿੰਘ | ਸੈਨਾ ਮੋਰੀ | ,, | ੧੮ ਮਹੀਨੇ ਸਖਤ ਕੈਦ ਜੈ: ਜ਼ਬਤ |
| ,, ਲੰਧੂ | ਟਿਕੂ | ਨਾਗਰ | ,, | ੧੪ ਸਾਲ ਸਖਤ ਕੈਦ ਜੈ: ਜ਼ਬਤ |
| ,, ਸਿਧੂ | ਫਕੀਰ | ਬਰਸੂ | ,, | ਤਿੰਨ ਸਾਲ ਸਖਤ ਕੈਦ ਜੈ; ਜ਼ਬਤ |
| ,, ਸਿਧੂ | ਪੀਰ ਸਹਾਇ | ਬਰਸੂ | ,, | ਉਮਰ ਕੈਦ ਕਾਲੇ ਪਾਣੀ ,, |
| ,, ਚੰਦਾ ਸਿੰਘ | | ਬੜੈਚ | ਲੁਧਿਆਣਾ | ਫਾਂਸੀ |

Digitized by Panjab Digital Library | www.panjabdigilib.org

# ਬਾਬਾ ਨਿਧਾਨ ਸਿੰਘ ਚੁੱਘਾ

ਅਣਖ ਲਈ ਜੋ ਜੀਵੰਦੇ ਉਹ ਨੇ ਸਦਾ ਅਮੀਰ,
ਬਾਝ ਅਣਖ ਤੋਂ ਜੀਵਣਾ ਦੌਲਤ ਮੰਦ ਦਿਲਗੀਰ।

ਬਾਬਾ ਨਿਧਾਨ ਸਿੰਘ ਪਿਤਾ ਸੁੰਦਰ ਸਿੰਘ ਪਿੰਡ ਚੁਘਾ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਆਪ ਜੀ ਦਾ ਜਨਮ ਹੋਇਆ। ਆਪ ਜੀ ਚੜ੍ਹਦੀ ਜਵਾਨੀ ਵਿਚ ਸ਼ੰਘਾਈ ਤੋਂ ਅਮਰੀਕਾ ਚਲੇ ਗਏ। ਉਥੇ ਆਪ ੩੨ ਸਾਲ ਰਹੇ, ਉਸ ਸਮੇਂ ਆਪ ਗਿਣਤੀ ਦੇ ਧਨੀ ਸਨ। ਆਪ ਗਰੀਬਾਂ ਤੇ ਯਤੀਮਾਂ ਦੀ ਸਹਾਇਤਾ ਕਰਿਆ ਕਰਦੇ ਸਨ। ਆਪ ਜੀ ਨੂੰ ਸੰਗਤਾਂ ਸੰਤ ਜੀ ਕਹਿ ਕੇ ਸਤਕਾਰਦੀਆਂ ਸਨ। ਬਾਣੀ ਦੇ ਬੜੇ ਅਭਿਆਸੀ ਸਨ ਅਤੇ ਸਦਾ ਇਸ ਸ਼ਬਦ ਦਾ ਪਾਠ ਕਰਦੇ ਰਹਿੰਦੇ ਸਨ:—

ਪਉੜੀ

ਜਾ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ।
ਤਧ ਸਭ ਕਿਛ ਮੈਨੂੰ ਸੌਂਪਿਆ ਜਾ ਤੇਰਾ ਬੰਦਾ।
ਲਖਮੀ ਤੋਟ ਨਾ ਆਵਈ ਖਾਇ ਖਰਚ ਰਹੰਦਾ।
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ।
ਇਹ ਵੈਰੀ ਮਿਤਰ ਸਭ ਕੀਤਿਆ ਨਹਿ ਮੰਗਹਿ ਮੰਦਾ।
ਲੇਖਾ ਕੋਇ ਨਾ ਪੁਛਈ ਜਾ ਹਰ ਬਖਸੰਦਾ।
ਅਨੰਦ ਭਇਆ ਸੁਖ ਪਾਇਆ ਮਿਲ ਗੁਰ ਗੋਬਿੰਦਾ।
ਸਭੇ ਕਾਜ ਸਵਾਰਿਐ ਜਾ ਤੁਧ ਭਾਵੰਦਾ।
(ਮਾਰੂ ਮਹਲਾ ੫)

ਏਸ ਸ਼ਬਦ ਦਾ ਆਪ ਗ੍ਰਿਫਤਾਰੀ ਤੇ ਕੈਦ ਹੋਣ ਦੇ ਦਿਨਾਂ ਵਿਚ ਪਾਠ ਕਰਿਆ ਕਰਦੇ ਸਨ। ਆਪ ਜੀ ੨੫ ਅਕਤੂਬਰ ੧੯੧੪ ਵਿਚ ਹਿੰਦੋਸਤਾਨ ਆਏ ਤੇ ੨੯ ਅਪਰੈਲ ੧੯੧੫ ਈਸਵੀ ਵਿਚ ਗ੍ਰਿਫ਼ਤਾਰ ਹੋਏ ਤੇ ੧੩ ਸਤੰਬਰ ੧੯੧੫ ਈਸਵੀ ਵਿਚ ਪਹਿਲਾ ਮੁਕਦਮਾ ਸਾਜ਼ਸ਼ ਲਾਹੌਰ ਵਿਚ ਪਹਿਲਾਂ ਆਪ ਨੂੰ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਜੋ ਪਿਛੋਂ ਬਦਲ ਕੇ ਉਮਰ ਕੈਦ ਵਿਚ ਤਬਦੀਲ ਹੋ ਗਈ। ਕੈਦ ਹੋਣ ਸਾਰ ਪਹਿਲਾਂ ਆਪ ਕਾਲੇ ਪਾਣੀ ਭੇਜੇ ਗਏ, ਉਥੋਂ ਫਿਰ ਮਦਰਾਸ ਹਾਤੇ ਤੇ ਸੀ ਪੀ. ਦੀਆਂ ਜੇਲ੍ਹਾਂ ਵਿਚ ਰਖੇ ਗਏ। ੨੮ ਨਵੰਬਰ ੧੯੩੦ ਈ: ਨੂੰ ਆਪ ਮੁਲਤਾਨ ਸੈਂਟਰਲ ਜੇਲ੍ਹ ਤੋਂ ਰਿਹਾ ਕੀਤੇ ਗਏ ਜਦ ਕਿ ਆਪ ਦੀ ਉਮਰ ੮੦ ਸਾਲ ਦੀ ਸੀ। ਬਹੁਤ ਬਿਰਧ ਹੋਣ ਕਰਕੇ ਸਾਰੇ ਦੰਦ ਝੜ ਗਏ ਸਨ, ਫੇਰ ਭੀ ਆਪ ਜੀ ਅਜ ਕਲ ਦੇ ਨੌਜਵਾਨਾਂ ਨਾਲੋਂ ਸਖਤ ਖਾਣਾ ਖਾਣ ਤੇ ਤੁਰਨ ਵਿਚ ਬਹੁਤ ਤਕੜੇ ਸਨ। ਆਪ ਇਕ ਦਫਾ ਦਾਸ ਨੂੰ ਗੁਰਦਵਾਰਾ ਗੁਰੂ ਨਾਨਕ ਗੋਬਿੰਦ ਸਰ, ਸੋਢੀਵਾਲ ਜ਼ਿਲਾ ਲੁਧਿਆਣਾ ਮਿਲਣ ਆਏ। ਆਪ ਜੀ ਜੂਹ ਬੰਦੀ ਹੋਣ ਕਰਕੇ ਦੂਸਰੇ ਦਿਨ ਪੁਲੀਸ ਆ ਗਈ ਤਾਂ ਆਪ ਜੀ ਪੈਦਲ ਚਲੇ ਤੇ ਕਿਸੇ ਕਰਮਚਾਰੀ ਨੂੰ ਨਾਲ ਨਾ ਮਿਲਣ ਦਿਤਾ। ੧੪ ਅਕਤੂਬਰ ੧੯੩੨ ਈਸਵੀ ਨੂੰ ਆਪ ਜੀ ਸ੍ਰੀ ਪੰਜਾ ਸਾਹਿਬ ਦੇ ਹਰਮੰਦਰ ਦਾ ਬੁਨਿਆਦੀ ਪਥਰ ਰਖਣ ਸਮੇਂ ਪੰਜ ਪਿਆਰਿਆਂ ਵਿਚ ਸ਼ਾਮਲ ਸਨ। ਗੁਰੂ ਪੰਥ ਵਲੋਂ ਆਪ ਜੀ ਸਿੰਘ ਸਭਾ ਮੋਗੇ ਦੇ ਗੁਰਦਵਾਰਾ ਲੋਹਗੜ੍ਹ ਦੀਨਾ ਦੇ ਪ੍ਰਧਾਨ ਨੀਅਤ ਕੀਤੇ ਸਨ ਅਤੇ ਜਿਸ ਆਜ਼ਾਦੀ ਖਾਤਰ ਆਪ ਜੀ ਨੇ ਲਖਾਂ ਰੁਪਿਆ ਤੇ ਸਾਰੀ ਜ਼ਿੰਦਗੀ ਜੇਲ੍ਹਾਂ ਵਿਚ ਕਸ਼ਟ ਸਹਾਰੇ ਉਹ ਅਖੀਂ ਨਾ ਵੇਖ ਸਕੇ।

Digitized by Panjab Digital Library | www.panjabdigilib.org

ਕੁਝ ਚਿਰ ਬੀਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ। ਆਪ ਦਾ ਜੀਵਨ ਬੜਾ ਸਾਦਾ ਤੇ ਹਰਇਕ ਦਾ ਹਰਮਨ ਪਿਆਰਾ ਹੋਣ ਤੇ ਆਪ ਜੀ ਦੀ ਅਰਥੀ ਨਾਲ ਮੋਗਾ ਸ਼ਹਿਰ ਦੀ ਹਰ ਇਕ ਕੌਮ ਸ਼ਾਮਲ ਹੋਈ ਤੇ ਪੂਰਨ ਹੜਤਾਲ ਹੋਈ। ਬਾਬਾ ਜੀ ਦੀ ਜ਼ਿੰਦਗੀ ਬੜੀ ਕੀਮਤੀ ਸੀ ਜਿਥੇ ਆਪ ਦ੍ਰਿੜ ਤੋਂ ਦ੍ਰਿੜ ਦੇਸ਼ ਭਗਤ ਰਹੇ ਓਥੇ ਆਪ ਬੰਦਗੀ ਵਾਲਾ ਜੀਵਨ ਧਾਰਮਿਕ ਨਿਸਚੇ ਅੰਦਰ ਭੀ ਇਕ ਨਮੂਨਾ ਬਣ ਕੇ ਰਹੇ। ਆਪ ਜੇਹੇ ਕੁਰਬਾਨੀ ਦੇ ਪੁੰਜ ਤੇ ਪਵਿਤਰ ਸੁਭਾ ਸਜਣਾਂ ਪੁਰ ਪੰਥ ਦੀਆਂ ਆਉਂਦੀਆਂ ਨਸਲਾਂ ਮਾਣ ਕਰਨਗੀਆਂ।

ਆਪ ਅਮਰੀਕਾ ਤੋਂ ਆਏ ਪ੍ਰਸਿਧ ਦੇਸ਼ ਭਗਤ ਲੀਡਰਾਂ ਵਿਚੋਂ ਸਨ। ਆਪ ਨੇ ਦੇਸ ਆ ਕੇ ਗਦਰ ਲਈ ਜਥੇਬੰਦੀ ਕਰਨੀ ਸ਼ੁਰੂ ਕੀਤੀ। ਦੂਰ ਦੂਰ ਪੰਜਾ ਸਾਹਿਬ, ਮੰਡੀ ਸਕੇਤ ਆਦਿ ਥਾਵੀਂ ਫਿਰ ਕੇ ਪ੍ਰਚਾਰ ਕੀਤਾ। ਆਪ ਨੇ ਮੰਡੀ ਦੀ ਮਹਾਰਾਣੀ ਨਾਲ ਮਿਲ ਕੇ ਕਿਲੇ ਪਰ ਕਾਇਮ ਹੋ ਕੇ ਗਦਰ ਕਰਨ ਦੀ ਸਕੀਮ ਬਣਾਈ ਸੀ। ਏਧਰ ਲੁਧਿਆਣੇ ਵਲ ਸਿੰਘਾਂ ਨੂੰ ਲੈਣ ਆਏ ਹੀ ਕਮਾਲਪੁਰੇ ਦੇ ਪਾਸ ੧੯ ਅਪਰੇਲ ੧੯੧੫ ਨੂੰ ਫੜੇ ਗਏ। ਆਪ ਪਰ ਵਡੇ ਵਡੇ ਲੋਕ ਵੀ ਇਤਬਾਰ ਕਰਦੇ ਸਨ। ਆਪ ਨੇ ਬਦੋਵਾਲ ਦੀ ਮੀਟਿੰਗ ਵਿਚ ਗਦਰ ਪਾਰਟੀ ਨੂੰ ਕਿਹਾ ਸੀ ਕਿ ਡਾਕੇ ਨਾ ਮਾਰੋ, ਰੁਪਏ ਦਾ ਪਰਬੰਧ ਮੈਂ ਕਰਾਂਗਾ। ਕਿਉਂਕਿ ਆਪ ਜੀ ਨੂੰ ਨਾਨਕ ਸਿੰਘ ਰਈਸ ਭਦੌੜ ਨੇ ਕਿਹਾ ਸੀ ਕਿ ਰੁਪਏ ਦੀ ਲੋੜ ਹੋਵੇ ਤਾਂ ਅਸੀਂ ਸਹਾਇਤਾ ਕਰਾਂਗੇ। ਆਪ ੩੨ ਸਾਲ ਸਿੰਘਾਪੁਰੀ ਰਹੇ ਤੇ ਫੇਰ ਅਮਰੀਕਾ ਗਏ, ਉਥੋਂ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋ ਕੇ ਪੰਜਾਬ ਆਏ। ਆਪ ਨੂੰ ਜੱਜਾਂ ਨੇ ਖਾਸ ਗਦਰ ਲੀਡਰ ਤੇ ਖਤਰਨਾਕ ਗਦਰੀ ਲਿਖਿਆ ਹੈ।

## ਬਾਬਾ ਰੂੜ ਸਿੰਘ ਜੀ ਚੂਹੜਚੱਕ

ਪ੍ਰਸਿਧ ਦੇਸ਼ ਭਗਤ ਬਾਬਾ ਰੂੜ ਸਿੰਘ ਜੀ ਦਾ ਜਨਮ ਪਿੰਡ ਚੂਹੜ ਚੱਕ ਜ਼ਿਲਾ ਫੀਰੋਜ਼ਪੁਰ ਵਿਚ ਸ: ਅਤਰ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਤਾ ਕਾਹਨ ਕੌਰ ਤੋਂ ਹੋਇਆ। ਮਾਤਾ ਪਿਤਾ ਨੂੰ ਆਪ ਦੀ ਯੋਗਤਾ ਪਰ ਭਰੋਸਾ ਸੀ ਇਸੇ ਕਰਕੇ ਆਪ ਜੀ ਨੂੰ ਵਿਦਿਆ ਪੜਾਉਣ ਦਾ ਪ੍ਰਬੰਧ ਕੀਤਾ ਗਿਆ। ਜਗਰਾਉਂ ਵਿਚ ਪੜਦੇ ਹੋਏ ਆਪ ਨੇ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਲਿਆ। ਉਸ ਸਮੇਂ ਵਿਦਿਆ ਦਾ ਇਹ ਮਿਆਰ ਕਾਫੀ ਉਚਾ ਸਮਝਿਆ ਜਾਂਦਾ ਸੀ। ਆਪ ਦੇ ਤਿੰਨ ਭਰਾ ਹੋਰ ਸਨ। ਆਪ ਨੂੰ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਖਿਆਲ ਪੈਦਾ ਹੋਇਆ। ੧੮੯੮ ਵਿਚ ਆਪ ਜੀ ਆਸਟ੍ਰੇਲੀਆ ਚਲੇ ਗਏ। ਉਥੇ ਆਪ ਜੀ ਨੇ ਚੰਗਾ ਧਨ ਕਮਾਇਆ। ਕੁਝ ਚਿਰ ਉਥੇ ਰਹਿ ਕੇ ਆਪ ਵਾਪਸ ਦੇਸ਼ ਆ ਗਏ। ਆਪਣਾ ਘਰ ਨਵਾਂ ਬਣਾਇਆ ਪ੍ਰੰਤੂ ਆਜ਼ਾਦ ਦੇਸ਼ਾਂ ਵਿਚ ਰਹਿ ਆਏ ਸਨ, ਇਸ ਕਰਕੇ ਆਪ ਦਾ ਦਿਲ ਗੁਲਾਮ ਹਿੰਦੁਸਤਾਨ ਵਿਚ ਨਾਂਹ ਲਗਿਆ। ਉਨ੍ਹਾਂ ਦਿਨਾਂ ਵਿਚ ਲੋਕ ਕੈਨੇਡਾ ਤੇ ਅਮਰੀਕਾ ਨੂੰ ਜਾ ਰਹੇ ਸਨ। ਬਾਬਾ ਜੀ ਦੇ ਦਿਲ ਵਿਚ ਭੀ ਅਮਰੀਕਾ ਜਾਣ ਦਾ ਖਿਆਲ ਪੈਦਾ ਹੋਇਆ। ਆਪ ਨੇ ਝਟ ਪਟ ਤਿਆਰ ਹੋ ਕੇ ਅਮਰੀਕਾ ਪਹੁੰਚ ਗਏ। ਅੰਗਰੇਜ਼ੀ ਤਾਂ ਆਪ ਨੇ ਪੜੀ ਹੋਈ ਸੀ ਪਰ ਉਥੇ ਜਾ ਕੇ ਇਸ ਜ਼ਬਾਨ ਦੀ ਹੋਰ ਭੀ ਮੁਹਾਰਤ ਹੋ ਗਈ। ਅਮਰੀਕਾ ਤੇ ਕੈਨੇਡਾ ਦੇ ਲੋਕ ਹਿੰਦੁਸਤਾਨੀਆਂ ਦਾ ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਬਹੁਤ ਨਿਰਾਦਰ ਕਰਦੇ ਸਨ।

ਬਾਬਾ ਜੀ ਨੇ ਜਦ ਬਦੇਸ਼ਾਂ ਵਿਚ ਹਿੰਦੁਸਤਾਨੀਆਂ ਦੀ ਦੁਰਦਸ਼ਾ ਵੇਖੀ ਤਾਂ ਆਪ ਨੇ ਇਹ ਅਨਭਵ ਕਰ ਲਿਆ ਕਿ ਜਦੋਂ ਤੱਕ ਦੇਸ਼ ਨੂੰ ਬ੍ਰਤਾਨਵੀ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਨਹੀਂ

Digitized by Panjab Digital Library | www.panjabdigilib.org

ਕਰਾਇਆ ਜਾਂਦਾ ਹਿੰਦੀ ਮਾਣ ਨਾਲ ਛਾਤੀ ਚੋੜੀ ਕਰਕੇ ਨਹੀਂ ਤੁਰ ਸਕਦੇ। ਬਾਬਾ ਜੀ ਹਿੰਦੁਸ- ਤਾਨੀਆਂ ਨੂੰ ਪ੍ਰੇਰਨਾ ਕਰਨ ਲੱਗ ਪਏ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੋਈ ਠੋਸ ਪ੍ਰੋਗਰਾਮ ਬਨਾਉਣਾ ਚਾਹੀਦਾ ਹੈ। ਉਧਰ ਅਮਰੀਕਾ ਤੇ ਕੈਨੇਡਾ ਦੀਆਂ ਸਰਕਾਰਾਂ ਹਿੰਦੀਆਂ ਨੂੰ ਬਾਹਰ ਕੱਢ ਦੇਣਾ ਚਾਹੁੰਦੀਆਂ ਸਨ। ਕਾਲੇ ਗੋਰੇ ਦਾ ਵਖੇਵਾਂ ਖਤਰਨਾਕ ਸੂਰਤ ਅਖਤਿਆਰ ਕਰ ਚੁਕਿਆ ਸੀ।

ਗੋਰਿਆਂ ਸਰਕਾਰਾਂ ਭਾਰਤੀਆਂ ਪਰ ਕਈ ਬਹਾਨਿਆਂ ਨਾਲ ਜ਼ੁਲਮ ਕਰਦੀਆਂ ਸਨ। ਇਸ ਚੀਜ਼ ਨੇ ਬਾਬਾ ਰੂੜ ਸਿੰਘ ਜੀ ਤੇ ਆਪ ਦੇ ਸਾਥੀਆਂ ਪਰ ਬਹੁਤ ਅਸਰ ਕੀਤਾ। ਇਨ੍ਹਾਂ ਦੇ ਦਿਲਾਂ ਵਿਚ ਦੇਸ਼ ਪਿਆਰ ਦੀ ਜਵਾਲਾ ਭੜਕ ਉਠੀ ਅਤੇ ਰੋਸ ਦੀ ਇਕ ਜ਼ਬਰਦਸਤ ਲਹਿਰ ਪੈਦਾ ਹੋਈ ਜਿਸ ਨੇ ਗਦਰ ਪਾਰਟੀ ਦਾ ਰੂਪ ਧਾਰਨ ਕਰ ਲਿਆ। ਬਾਬਾ ਜਵਾਲਾ ਸਿੰਘ ਜੀ, ਬਾਬਾ ਰੂੜ ਸਿੰਘ ਜੀ ਅਤੇ ਬਾਬਾ ਨਿਧਾਨ ਸਿੰਘ ਜੀ ਚੁਘਾ, ਬਾਬਾ ਸੋਹਣ ਸਿੰਘ ਭਕਨਾ ਆਦਿਕ ਦੇਸ਼ ਭਗਤਾਂ ਨੇ ਸਲਾਹ ਕੀਤੀ ਕਿ ਕੋਈ ਐਸੀ ਰਾਜਸੀ ਪਾਰਟੀ ਬਣਾਈ ਜਾਵੇ ਜੋ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਦੋ ਜ਼ਹਿਦ ਕਰੇ। ਅਮਰੀਕਨਾਂ ਨੇ ਕਿਵੇਂ ਆਜ਼ਾਦੀ ਪ੍ਰਾਪਤ ਕੀਤੀ? ਇਹ ਉਦਾਹਰਣ ਭਾਰਤ ਵਾਸੀਆਂ ਦੇ ਸਾਹਮਣੇ ਮੌਜੂਦ ਸੀ ਇਸ ਕਰਕੇ ਉਨ੍ਹਾਂ ਨੇ ਗਦਰ ਪਾਰਟੀ ਦੀ ਬੁਨਿਆਦ ਰਖੀ ਅਤੇ ਗਦਰ ਅਖਬਾਰ ਕੱਢਿਆ ਜੋ ਪੰਜਾਬੀ, ਉਰਦੂ, ਹਿੰਦੀ, ਗੁਜਰਾਤੀ, ਬੰਗਾਲੀ ਆਦਿਕ ਕਈ ਬੋਲੀਆਂ ਵਿਚ ਛਪਦਾ ਸੀ। ਜਿਨਾਂ ਬਜ਼ੁਰਗਾਂ ਨੇ ਗਦਰ ਪਾਰਟੀ ਦੀ ਨੀਂਹ ਰਖੀ ਬਾਬਾ ਰੂੜ ਸਿੰਘ ਜੀ ਉਨ੍ਹਾਂ ਵਿਚੋਂ ਚੋਣਵੇਂ ਆਗੂ ਸਨ।

ਅਮਰੀਕਾ ਤੇ ਕੈਨੇਡਾ ਦੇ ਗੋਰਿਆਂ ਨੇ ਏਸ਼ੀਆ ਦੇ ਲੋਕਾਂ, ਖਾਸ ਕਰ ਹਿੰਦੋਸਤਾਨੀਆਂ ਵਿਰੁਧ ਨਸਲੀ ਭਿੰਨਭੇਦ ਦਾ ਤੁਫਾਨ ਖੜਾ ਕਰ ਦਿਤਾ। ਉਨ੍ਹਾਂ ਦੇ ਪਾਸ ਹਕੂਮਤ ਦੀ ਤਾਕਤ ਸੀ। ਹਿੰਦੋਸਤਾਨੀ ਗੁਲਾਮ ਸਨ ਇਸ ਕਰਕੇ ਇਸ ਖਿਚੋ ਤਾਣ ਵਿਚ ਕਿਤਨੇ ਹਿੰਦੋਸਤਾਨੀ ਕੁਰਬਾਨੀ ਦੇ ਬਕਰੇ ਬਣਾਏ ਗਏ ਇਹ ਬਹੁਤ ਲੰਬੀ ਤੇ ਦੁਖ ਭਰੀ ਵਿਥਿਆ ਹੈ। ਗਦਰ ਪਾਰਟੀ ਦੀ ਬੁਨਿਆਦ ਰਖਣਵਾਲੇ ਗਦਰੀ ਸੂਰਬੀਰਾਂ ਵਿਚੋਂ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਰੂੜ ਸਿੰਘ ਚੂਹੜ ਚੱਕ, ਮਿ: ਅਬਦੁਲਾ ਜਗਰਾਓਂ, ਬਾਬਾ ਨਿਧਾਨ ਸਿੰਘ ਚੁਘਾ, ਬਾਬਾ ਚੂਹੜ ਸਿੰਘ ਲੀਲ, ਬਾਬਾ ਕਰਮ ਸਿੰਘ ਚੀਮਾਂ ਆਦਿ ਦੇ ਨਾਮ ਖਾਸ ਤੌਰ ਪਰ ਵਰਨਣ ਯੋਗ ਹਨ।

ਲਾਲਾ ਹਰ ਦਿਆਲ ਐਮ. ਏ. ਜੋ ਭਾਰਤ ਵਿਚੋਂ ਸਰਕਾਰੀ ਵਜ਼ੀਫੇ ਪਰ ਲੰਡਨ ਪੜ੍ਹਨ ਗਏ ਸਨ, ਪਰ ਉਥੇ ਗੋਰਿਆਂ ਦੀ ਨਸਲ ਤੇ ਰੰਗ ਦੇ ਕਾਰਨ ਹਿੰਦੁਸਤਾਨੀਆਂ ਤੋਂ ਨਫਰਤ ਕਰਨ ਦੇ ਕਾਰਨ ਆਪ ਪੜ੍ਹਾਈ ਵਿਚੋਂ ਹੀ ਛਡ ਕੇ ਲੰਡਨ ਤੋਂ ਅਮ੍ਰੀਕਾ ਚਲੇ ਗਏ। ਉਹ ਅਮ੍ਰੀਕਾ ਵਿਚ ਗਦਰ ਪਾਰਟੀ ਦੇ ਜਨਰਲ ਸਕੱਤ੍ਰ ਬਣੇ। ਉਹਨਾਂ ਨੇ ਗਦਰ ਅਖਬਾਰ ਨੂੰ ਐਡਿਟ ਕਰਨ ਦਾ ਜ਼ੁਮਾ ਲਿਆ। ਗਦਰ ਪਾਰਟੀ ਦੀ ਬੁਨਿਆਦ ੧੯੧੩ ਵਿਚ ਰਖੀ ਗਈ ਸੀ। ਇਸ ਸਮੇਂ ਇਕੱਠੇ ਹੋਇ ਸਾਰੇ ਸਜਨਾ ਨੇ ਪ੍ਰਣ ਲਿਆ ਸੀ ਕਿ ਅਸੀਂ ਪਾਰਟੀ ਦੇ ਹੁਕਮ ਅਨਸਾਰ ਦੇਸ਼ ਦੀ ਆਜ਼ਾਦੀ ਲਈ ਕਿਸੀ ਪ੍ਰਕਾਰ ਦੀ ਕੁਰਬਾਨੀ ਤੋਂ ਸੰਕੋਚ ਨਹੀਂ ਕਰਾਂਗੇ। ਬਾਬਾ ਜੀ ਭੀ ਉਨ੍ਹਾਂ ਪ੍ਰਣ ਕਰਨ ਵਾਲਿਆ ਵਿਚੋਂ ਸਨ। ਆਪ ਦੇ ਦਿੱਲ ਵਿਚ ਉਸ ਸਮੇਂ ਆਜ਼ਾਦੀ ਦੀ ਐਸੀ ਅਮਿੱਟ-ਲਗਨ ਲਗ ਗਈ ਕਿ ਅੰਤਮ ਸਵਾਸ ਤਕ ਆਪ ਦੇਸ਼ ਦੀ ਖੁਸ਼ਹਾਲੀ ਲਈ ਯਤਨ ਕਰਦੇ ਰਹੇ।

੧੯੧੪ ਵਿਚ ਜਦ ਪਹਿਲੀ ਵਡੀ ਲੜਾਈ ਆਰੰਭ ਹੋਈ ਤਾਂ ਗਦਰ ਪਾਰਟੀ ਦੇ ਦੇਸ਼ ਭਗਤਾ ਨੇ ਫੈਸਲਾ ਕੀਤਾ ਕਿ ਇਸ ਸਮੇਂ ਅੰਗ੍ਰੇਜ਼ਾਂ ਵਿਰੁਧ ਬਗਾਵਤ ਕਰਕੇ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੀਦਾ ਹੈ। ਇਸ ਫੈਸਲੇ ਅਨੁਸਾਰ ਅੰਗ੍ਰੇਜ਼ਾਂ ਦੀਆਂ ਵਿਰੋਧੀ ਤਾਕਤਾ ਪਾਸੋਂ ਮੱਦਦ ਲੈਣ ਦੇ ਭੀ ਯਤਨ ਆਰੰਭ

Digitized by Panjab Digital Library | www.panjabdigilib.org

ਹੋ ਗਏ ਅਤੇ ਗਦਰ ਅਖਬਾਰ ਤੇ ਗਦਰ ਦੀ ਗੂੰਜ ਆਦਿ ਜੋਸ਼ ਫੈਲਾਉਣ ਵਾਲੀਆਂ ਲਿਖਤਾਂ ਭਾਰੀ ਗਿਣਤੀ ਵਿਚ ਛਾਪਕੇ ਹਿੰਦੋਸਤਾਨੀਆਂ ਪਾਸ ਭੇਜੀਆਂ ਗਈਆਂ।

ਇਥੇ ਇਹ ਦਸਣਾ ਭੀ ਜ਼ਰੂਰੀ ਹੈ ਕਿ ਜਿੰਨਾ ਦੇਸ਼ ਭਗਤਾਂ ਨੇ ਉਸ ਸਮੇਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਜਦੋ ਜਿਹਦ ਆਰੰਭ ਕੀਤੀ, ਉਨ੍ਹਾਂ ਨੇ ਆਪਣਾ ਸਾਰਾ ਅਸਾਸਾ ਦੇਸ਼ ਲਈ ਕੁਰਬਾਨ ਕਰ ਦਿਤਾ ਸੀ। ਦੇਸ਼ ਵਾਸੀ ਉਸ ਸਮੇਂ ਗੁਲਾਮੀ ਦੀ ਨੀਂਦ ਵਿਚ ਘੂਕ ਸੁਤੇ ਪਏ ਸਨ। ਉਨ੍ਹਾਂ ਨੂੰ ਹਲੂਣ ਕੇ ਜਗਾਉਣ ਦੀ ਜ਼ੁਮੇਵਾਰੀ ਲੈਣ ਦੇ ਅਰਥ ਸਨ ਮੌਤ ਨੂੰ ਸੱਦਾ ਦੇਣਾ ਅਤੇ ਬ੍ਰਤਾਨਵੀ ਸਰਕਾਰ ਨਾਲ ਟੱਕਰ ਲੈਣਾ ਪਹਾੜ ਨਾਲ ਮਥਾ ਲਾਉਣ ਦੇ ਬਰਾਬਰ ਸੀ ਪਰ ਧੰਨ ਸੀ ਉਨ੍ਹਾਂ ਦੇ ਹੌਸਲੇ ਜਿਨ੍ਹਾਂ ਨੇ ਇਤਨੀ ਵਡੀ ਤਾਕਤ ਦੀਆਂ ਜੜਾ ਪੁਟਕੇ ਖਾਰੇ ਸਮੁੰਦਰ ਵਿਚ ਸੁਟਣ ਦਾ ਬੀੜਾ ਉਠਾਇਆ ਅਤੇ ਆਪਣਾ ਸਭ ਕੁਝ ਕੁਰਬਾਨ ਕਰਨ ਤੋਂ ਸੰਕੋਚ ਨਾ ਕੀਤਾ।

ਹੋਰ ਦੇਸ਼ ਭਗਤਾਂ ਦੇ ਨਾਲ ਬਾਬਾ ਜੀ ਭੀ ਦੇਸ਼ ਨੂੰ ਵਾਪਸ ਚਲ ਪਏ। ਰਸਤੇ ਵਿਚ ਹਾਂਗ ਕਾਂਗ, ਜਾਪਾਨ ਆਦਿ ਦੇਸ਼ਾਂ ਵਿਚ ਗਦਰ ਦਾ ਪ੍ਰਚਾਰ ਕਰਦੇ ਆ ਰਹੇ ਸਨ। ਜਹਾਜ਼ ਦੇ ਸਫਰ ਵਿਚ ਗਦਰੀ ਸੂਰਬੀਰ ਆਜ਼ਾਦੀ ਦੇ ਗੀਤ ਗਾਉਂਦੇ ਹੋਏ ਦੇਸ਼ ਪਿਆਰ ਦੀ ਧੁਨ ਵਿਚ ਇਤਨੇ ਮਗਨ ਸਨ ਕਿ ਉਹਨਾਂ ਦੇ ਚੇਹਰਿਆਂ ਤੋਂ ਅਨੋਖੀ ਭਾ ਟਪਕਦੀ ਸੀ। ਸਚ ਹੈ ਜਦ ਮਨੁਖ ਕਿਸੇ ਖਾਸ ਧੁਨ ਵਿਚ ਮਸਤ ਹੁੰਦਾ ਹੈ ਤਾਂ ਉਹ ਇਨਸਾਨੀ ਕਮਜ਼ੋਰੀਆਂ ਤੋਂ ਉਚਾ ਉਠ ਜਾਂਦਾ ਹੈ ਅਤੇ ਉਸਦੀ ਸੁਰਤੀ ਬਹੁਤ ਉਚੇ ਮੰਡਲਾਂ ਵਿਚ ਉਡਾਰੀਆਂ ਲਾਉਣ ਲਗ ਜਾਂਦਾ ਹੈ। ਗਦਰੀ ਦੇਸ਼ ਭਗਤ ਆਪਣੀਆਂ ਕੀਮਤੀ ਜਵਾਨੀਆਂ ਆਜ਼ਾਦੀ ਦੀ ਦੇਵੀ ਪਰ ਕੁਰਬਾਨ ਕਰ ਰਹੇ ਸਨ। ਇਸ ਕਰਕੇ ਜਿਨ੍ਹਾਂ ਨੇ ਉਸ ਸਮੇਂ ਉਹਨਾਂ ਦੇ ਦਰਸ਼ਨ ਕੀਤੇ ਉਹ ਦਸਦੇ ਹਨ ਕਿ ਉਨ੍ਹਾਂ ਦੇ ਚੇਹਰੇ ਅਤੇ ਦੇਸ਼ ਪਿਆਰ ਵਿਚ ਮਸਤ ਹੋਈਆਂ ਅਖਾਂ ਵੇਖਣ ਵਾਲਿਆਂ ਨੂੰ ਮੋਹ ਲੈਂਦੀਆਂ ਸਨ।

ਬਹੁਤ ਸਾਰੇ ਦੇਸ਼ ਭਗਤਾਂ ਨੂੰ ਤਾਂ ਆਪਣੇ ਵਤਨ ਦੀ ਸਰਜ਼ਮੀਨ ਤੇ ਕਦਮ ਰਖਦੇ ਹੀ ਗ੍ਰਿਫਤਾਰ ਕਰ ਲਿਆ ਗਿਆ। ਦੇਸ਼ ਵਿਚ ਉਸ ਸਮੇਂ ਇਹ ਹਾਲਤ ਪੈਦਾ ਹੋ ਚੁਕੀ ਸੀ,

"ਸਯਾਦ ਨੇ ਜਬ ਆਗ ਦੀ ਆਸ਼ਿਆਨੇ ਕੋ,
ਮਿਰੇ ਤਕੀਆ ਜਿਨ ਪਤੋਂ ਪਿ ਥਾ ਵੁਹੀ ਹਵਾ ਦੇਨੇ ਲਗੇ।"

ਜਿਨ੍ਹਾਂ ਦੇਸ਼ ਵਾਸੀਆਂ ਲਈ ਦੇਸ਼ ਭਗਤ ਬਾਬੇ ਆਜ਼ਾਦੀ ਦਾ ਸੰਦੇਸ਼ ਲੈ ਕੇ ਆਏ ਸਨ ਅੰਗਰੇਜ਼ਾਂ ਦੀ ਗੁਲਾਮੀ ਵਿਚ ਮਸਤ ਹੋਏ ਉਹੀ ਲੋਕ ਇਹਨਾਂ ਦੇ ਖੂਨ ਦੇ ਪਿਆਸੇ ਬਣੇ ਬੈਠੇ ਸਨ। ਅਤੇ ਦੇਸ਼ ਭਗਤਾਂ ਨੂੰ ਡਾਕੂ ਤੇ ਲੁਟੇਰੇ ਕਹਿ ਕੇ ਬਦਨਾਮ ਕਰ ਰਹੇ ਸਨ। ਬਾਬਾ ਜੀ ਜਦ ਜਹਾਜ਼ ਤੋਂ ਉਤਰੇ ਤਾਂ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਪਾਸੋਂ ਜਦ ਪੁਛ ਗਿਛ ਹੋਣ ਲਗ ਤਾਂ ਆਪਨੇ ਟੁਟੀ ਫੁਟੀ ਪੰਜਾਬੀ ਵਿਚ ਸਿਧੇ ਸਾਦੇ ਉਤਰ ਦਿਤੇ ਜਿਨ੍ਹਾਂ ਤੋਂ ਹਾਕਮਾਂ ਨੂੰ ਪਤਾ ਲਗਿਆ ਕਿ ਇਹ ਤਾਂ ਕੋਈ ਸਾਧਾਰਨ ਪੰਜਾਬੀ ਹੈ। ਆਪ ਦਾ ਲਿਬਾਸ ਭੀ ਬਹੁਤ ਸਾਦਾ ਸੀ। ਆਪ ਵੇਖਣ ਵਾਲਿਆਂ ਨੂੰ ਇਉਂ ਪ੍ਰਤੀਤ ਹੁੰਦੇ ਸਨ ਜਿਵੇਂ ਆਪ ਅਨਪੜ੍ਹ ਹੀ ਹਨ। ਬਾਬਾ ਜੀ ਨੂੰ ਲਾਹੌਰ ਲਿਆਕੇ ਰਿਹਾ ਕਰ ਦਿਤਾ ਗਿਆ। ਬਾਬਾ ਜੀ ਜਾਣਦੇ ਸਨ ਕਿ ਗਦਰ ਪਾਰਟੀ ਵਿਚ ਜੋ ਮੁਖਬਰ ਵੜੇ ਹੋਏ ਸਨ ਉਹਨਾਂ ਨੇ ਸਾਰਾ ਭੇਦ ਸਰਕਾਰ ਨੂੰ ਦੇ ਦਿਤਾ ਹੈ। ਇਸ ਲਈ ਸਾਨੂੰ ਭੀ ਪਿੰਡ ਕਿਸੇ ਨੇ ਨਹੀਂ ਰਹਿਣ ਦੇਣਾ। ਅੰਗਰੇਜ਼ ਸਰਕਾਰ ਦਾ ਰਾਜ ਬਹੁਤ ਦੂਰ ਤਕ ਫੈਲਿਆ ਹੋਇਆ ਸੀ ਅਤੇ ਉਸ ਦੇ ਵਸੀਲੇ ਇਤਨੇ ਜ਼ਿਆਦਾ ਸਨ ਕਿ ਉਸ ਪਾਸੋਂ ਕੋਈ ਗਲ ਬਾਤ ਰਖਣੀ ਬਹੁਤ ਕਠਨ ਸੀ। ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਨੇ ਅਤੇ ਹਾਂਗ ਕਾਂਗ ਦੇ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਦੀ ਅੰਗਰੇਜ਼ੀ ਸਰਕਾਰ ਨੂੰ ਖਬਰਾਂ ਦਿਤੀਆਂ

Digitized by Panjab Digital Library | www.panjabdigilib.org

ਸਨ ਕਿ ਗਦਰ ਪਾਰਟੀ ਦੇ ਮੈਂਬਰ ਦੇਸ਼ ਵਿਚ ਹਥਿਆਰ ਬੰਦ ਬਗਾਵਤ ਕਰਨ ਲਈ ਵਾਪਸ ਆ ਰਹੇ ਹਨ ਅਤੇ ਇਹਨਾਂ ਦਾ ਸਬੰਧ ਅੰਗਰੇਜ਼ਾਂ ਦੀਆਂ ਵਿਰੋਧੀ ਤਾਕਤਾਂ ਨਾਲ ਹੈ।

ਇੰਨ੍ਹਾਂ ਖਬਰਾਂ ਦੇ ਆਧਾਰ ਤੇ ਸਰਕਾਰ ਨੇ ਗ੍ਰਿਫਤਾਰੀਆਂ ਆਰੰਭ ਕਰ ਦਿਤੀਆਂ ਸਨ। ਇੰਨ੍ਹਾਂ ਸਾਰੀਆਂ ਗੱਲਾਂ ਦਾ ਬਾਬਾ ਜੀ ਨੂੰ ਪਤਾ ਸੀ। ਇਸ ਕਰਕੇ ਆਪ ਪਿੰਡ ਨਹੀਂ ਠਹਿਰੇ ਅਤੇ ਗੁਪਤ ਰਹਿਕੇ ਇੰਨਕਲਾਬ ਦੀਆਂ ਤਿਆਰੀਆਂ ਵਿਚ ਜੁੱਟੇ ਰਹੇ। ਉਨ੍ਹਾਂ ਦਿਨਾਂ ਵਿਚ ਬਾਹਰੋ ਜੋ ਭੀ ਹਿੰਦੋਸਤਾਨੀ ਆਉਂਦਾ ਸੀ। ਉਸ ਨੂੰ ਗ੍ਰਿਫਤਾਰ ਯਾ ਨਜ਼ਰਬੰਦ ਕਰ ਲਿਆ ਜਾਂਦਾ ਸੀ। ਜਾਂ ਪੁਛ ਗਿਛ ਕਰਕੇ ਛਡ ਦਿੱਤਾ ਜਾਂਦਾ ਸੀ। ਅੰਗ੍ਰੇਜ਼ ਦਾ ਜਰਮਨੀ ਜੈਸੇ ਦੁਸ਼ਮਨ ਨਾਲ ਵਾਹ ਪਿਆ ਸੀ। ਇਸ ਕਰਕੇ ਉਹ ਅੰਦਰੂਨੀ ਬਗਾਵਤ ਦੇ ਡਰ ਤੋਂ ਬਹੁਤ ਚੋਕੰਨਾ ਹੋ ਚੁਕਿਆ ਸੀ। ਇੰਨ੍ਹਾਂ ਦਿਨਾਂ ਵਿਚ ਕਈ ਨਿਰਦੋਸ਼ ਹਿੰਦੋਸਤਾਨੀ ਭੀ ਰਗੜੇ ਗਏ। ਜਿੰਨਾਂ ਦਾ ਗਦਰ ਪਾਰਟੀ ਨਾਲ ਕੋਈ ਸਬੰਧ ਨਹੀਂ ਸੀ ਤੇ ਜੋ ਕੇਵਲ ਆਪਣੇ ਪ੍ਰਵਾਰ ਨੂੰ ਮਿਲਣ ਆਏ ਹੋਏ ਸਨ।

ਗਦਰ ਕਰਨ ਦੇ ਮੋਢੀ ਸਰਦਾਰ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀ ਗ੍ਰਿਫਤਾਰ ਹੋ ਚੁਕੇ ਸਨ। ਪਹਿਲਾਂ ਲਾਹੌਰ ਸਾਜ਼ਸ਼ ਕੇਸ ਚਲਾਉਣ ਲਈ ਸਰਕਾਰ ਤਿਆਰੀਆਂ ਮੁਕੰਮਲ ਕਰ ਰਹੀ ਸੀ। ਇਸ ਕੇਸ ਵਿਚ ਬਾਬਾ ਰੂੜ ਸਿੰਘ ਜੀ ਵੀ ਗ੍ਰਿਫਤਾਰ ਹੋਏ। ਪੰਜ ਮਹੀਨੇ ਬਾਬਾ ਜੀ ਗੁਪਤ ਰਹਿ ਕੇ ਕੰਮ ਕਰਦੇ ਰਹੇ। ਇਕ ਦਿਨ ਪਿੰਡ ਕਮਾਲ ਪੁਰਾ ਜ਼ਿਲਾ ਲੁਧਿਹਾਣਾ ਵਿਚ ਪੁਲਸ ਨੇ ਆਪ ਨੂੰ ਤੇ ਬਾਬਾ ਨਿਧਾਨ ਸਿੰਘ ਜੀ ਚੁਘਾ ਨੂੰ ਘੇਰਾ ਪਾ ਲਿਆ। ਬਾਬਾ ਨਿਧਾਨ ਸਿੰਘ ਜੀ ਤਕੜੇ ਸਨ ਉਨ੍ਹਾਂ ਨੇ ਪੁਲਸ ਵਾਲਿਆਂ ਨੂੰ ਧਕਾ ਦੇ ਕੇ ਡੇਗ ਦਿਤਾ ਤੇ ਇਸ ਤਰਾਂ ਪੁਲਿਸ ਵਾਲਿਆਂ ਤੇ ਹੋਰ ਲੋਕਾਂ ਨਾਲ ਖਿਚਾ ਖਿਚੀ ਵਿਚ ਦੋਨੋਂ ਫੜੇ ਗਏ।

ਗ੍ਰਿਫਤਾਰੀ ਤੋਂ ਪਿਛੋਂ ਇਨ੍ਹਾਂ ਦੇਸ਼ ਭਗਤਾਂ ਨੂੰ ਬਹੁਤ ਤਸੀਹੇ ਦਿਤੇ ਗਏ। ਲਾਹੌਰ ਜੇਹਲ ਵਿਚ ਲਿਆਕੇ ਇੰਨਾ ਪਾਸੋਂ ਗਦਰ ਪਾਰਟੀ ਸਬੰਧੀ ਪੂਰੇ ਵਿਸਥਾਰ ਜਾਨਣ ਲਈ ਬਿਆਨ ਲੈਣ ਦੇ ਯਤਨ ਕੀਤੇ ਗਏ। ਜਿੰਨਾਂ ਦੇਸ਼ ਭਗਤਾਂ ਨੇ ਆਪਣਾ ਸਭ ਕੁਝ ਦੇਸ਼ ਦੀ ਖਾਤਰ ਕੁਰਬਾਨ ਕਰ ਦਿੱਤਾ ਸੀ। ਉਹ ਆਪਣੇ ਸਾਥੀਆਂ ਨੂੰ ਫਸਾਉਣ ਵਾਸਤੇ ਬਿਆਨ ਕਿਵੇਂ ਦੇ ਸਕਦੇ ਸਨ ?

ਗਦਰ ਪਾਰਟੀ ਨੇ ਹਿੰਦੋਸਤਾਨ ਦੀਆਂ ਛਾਉਣੀਆਂ ਤੇ ਦੇਸ਼ ਤੋਂ ਬਾਹਰ ਭੀ ਗਦਰ ਆਰੰਭ ਕਰਨ ਵਾਸਤੇ ੨੧ ਫ਼ਰਵਰੀ ੧੯੧੫ ਦਾ ਦਿਨ ਨੀਯਤ ਕੀਤਾ ਸੀ। ਉਸ ਸਮੇਂ ਹਿੰਦੋਸਤਾਨ ਵਿਚ ਅੰਗ੍ਰੇਜ਼ੀ ਫੌਜਾਂ ਬਹੁਤ ਥੋੜੀਆਂ ਸਨ ਅਤੇ ਦੇਸੀ ਫੌਜਾਂ ਸ: ਕਰਤਾਰ ਸਿੰਘ ਜੀ ਸਰਾਭਾ ਦੇ ਯਤਨਾਂ ਨਾਲ ਬਗਾਵਤ ਕਰਨ ਲਈ ਤਿਆਰ ਹੋ ਗਈਆਂ ਸਨ। ਜੇ ਇਸ ਸਾਜ਼ਸ਼ ਦਾ ਸਰਕਾਰ ਨੂੰ ਭੇਦ ਨਾ ਮਿਲਦਾ ਤਾਂ ਉਸ ਸਮੇਂ ਹੀ ਹਿੰਦੁਸਤਾਨ ਆਜ਼ਾਦ ਹੋ ਜਾਂਦਾ ਤੇ ਅੰਗ੍ਰੇਜ਼ਾਂ ਨੂੰ ਦੇਸ਼ ਵਿਚੋਂ ਕਢ ਦਿੱਤਾ ਜਾਂਦਾ। ਇਥੇ ਇਹ ਪ੍ਰਗਟ ਕਰਨਾ ਭੀ ਜ਼ਰੂਰੀ ਹੈ ਕਿ ਗਦਰ ਪਾਰਟੀ ਵਿਚ ਬਹੁਤੀ ਗਿਣਤੀ ਸਿੱਖਾਂ ਦੀ ਸੀ। ਇਸ ਕਰਕੇ ਮੁਕਦਮਿਆਂ ਵਿਚ ਤਕਰੀਬਨ ਸਾਰੇ ਸਿੱਖ ਹੀ ਮੁਲਜ਼ਮ ਬਣਾਏ ਗਏ।

ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਹੋਰ ਬਹੁਤ ਸਾਰੇ ਸਾਥੀਆਂ ਸਮੇਤ ਬਾਬਾ ਰੂੜ ਸਿੰਘ ਜੀ ਨੂੰ ਭੀ ਬ੍ਰਤਾਨਵੀ ਸਰਕਾਰ ਦਾ ਤਖਤਾ ਉਲਟਾਣ ਦੀ ਸਾਜ਼ਸ਼ ਕਰਨ ਦੇ ਦੋਸ਼ ਵਿਚ ਫ਼ਾਂਸੀ ਦੀ ਸਜ਼ਾ ਹੋਈ। ਉਪ੍ਰੰਤ ਇਹ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਗਈ। ਬਾਬਾ ਜੀ ਨੇ ਕੋਈ ਅਪੀਲ ਨਹੀਂ ਕੀਤੀ ਸੀ। ਜਦ ਆਪ ਨੂੰ ਇਹ ਪਤਾ ਲਗਿਆ ਕਿ ਫਾਂਸੀ ਤੋਂ ਉਮਰ ਕੈਦ ਰਹਿ ਗਈ ਹੈ ਤਾਂ ਆਪ ਨੂੰ ਬਹੁਤ ਦੁਖ ਹੋਇਆ। ਅਫਸੋਸ ਵਿਚ ਆਪ ਨੇ ਕਈ ਦਿਨ ਰੋਟੀ ਨਾ ਖਾਧੀ। ਜਦ ਕਾਰਣ ਪੁਛਿਆ ਤਾਂ ਬਾਬਾ ਜੀ ਨੇ ਕਿਹਾ ਮੈਂ ਚਾਹੁੰਦਾ ਸਾਂ ਕਿ ਜੋ ਪ੍ਰਤੱਗਿਆ ਮੈਂ ਗਦਰ ਪਾ

Digitized by Panjab Digital Library | www.panjabdigilib.org

ਵਿਚ ਸ਼ਾਮਲ ਹੋਣ ਸਮੇਂ ਕੀਤੀ ਸੀ, ਉਹ ਪੂਰੀ ਹੋ ਜਾਂਦੀ ਤੇ ਮੇਰਾ ਤਨ,ਮਨ,ਧਨ ਦੇਸ਼ ਤੋਂ ਕੁਰਬਾਨ ਹੋ ਜਾਂਦਾ ਪਰੰਤੂ ਕਿਤਨੇ ਦੁਖ ਦੀ ਗਲ ਹੈ ਕਿ ਸਾਥੀ ਕਰਤਾਰ ਸਿੰਘ ਸਰਾਭਾ ਜੈਸੇ ਛੋਟੀ ਉਮਰ ਦੇ ਨੌਜਵਾਨ ਤਾਂ ਫਾਂਸੀ ਪਰ ਲਟਕ ਕੇ ਆਪਣੇ ਸਿਰੋਂ ਦੇਸ਼ ਸੇਵਾ ਦਾ ਕਰਜ਼ ਲਾਹ ਜਾਣਗੇ ਅਤੇ ਮੇਰਾ ਜੀਵਨ ਸਾਰੀ ਉਮਰ ਇਸ ਅਫਸੋਸ ਵਿਚ ਘੁਲ ਘੁਲ ਕੇ ਬਤੀਤ ਹੋਵੇਗਾ ਕਿ ਮੈਂ ਆਪਣੇ ਸਾਥੀਆਂ ਨਾਲੋਂ ਪਿਛੇ ਕਿਉਂ ਰਹਿ ਗਿਆ। ਫਿਰ ਆਪ ਨੇ ਕਿਹਾ ਕਿਤਨਾ ਚੰਗਾ ਹੁੰਦਾ ਜੇ ਮੈਨੂੰ ਸਭ ਤੋਂ ਪਹਿਲਾਂ ਫਾਂਸੀ ਪਰ ਲਟਕਾਇਆ ਜਾਂਦਾ ਤੇ ਹੋਰ ਦੇਸ਼ ਭਗਤ ਮੈਥੋਂ ਪਿਛੋਂ ਲਟਕਾਏ ਜਾਂਦੇ ਤਾਕਿ ਮੇਰੀ ਪ੍ਰਤੱਗਿਆ ਭੀ ਪੂਰੀ ਹੋ ਜਾਂਦੀ ਤੇ ਜੇਹਲ ਦੀਆਂ ਸਖਤੀਆਂ ਤੋਂ ਛੁਟਕਾਰਾ ਮਿਲ ਜਾਂਦਾ। ਆਪ ੨੯ ਅਪਰੈਲ ੧੯੧੫ ਨੂੰ ਗ੍ਰਿਫਤਾਰ ਹੋਏ ਤੇ ੧੩ ਸਤੰਬਰ ੧੯੧੫ ਨੂੰ ਸਜ਼ਾ ਹੋਈ।

ਬਾਬਾ ਜੀ ਨੇ ਪੰਜਾਬ ਦੀਆਂ ਸਖਤ ਜੇਹਲਾਂ ਵਿਚ ਬਹੁਤ ਵੀਰਤਾ ਤੇ ਬਹਾਦਰੀ ਨਾਲ ਜੇਹਲਾਂ ਦੀਆਂ ਸਖਤੀਆਂ ਝਲੀਆਂ ਅਤੇ ਜੇਹਲਾਂ ਦਾ ਸੁਧਾਰ ਕਰਨ ਲਈ ਜੋ ਕੁਰਬਾਨੀਆਂ ਕੀਤੀਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ "ਜੇਹਲ ਚਿੱਠੀਆਂ" ਨਾਮ ਦੀ ਕਿਤਾਬ ਵਿਚ ਉਸ ਸਮੇਂ ਦੀਆਂ ਜੇਹਲਾਂ ਦੀ ਹਾਲਤ ਦਾ ਜੋ ਨਕਸ਼ਾ ਖਿਚਿਆ ਹੈ, ਉਸ ਨੂੰ ਪੜ੍ਹਕੇ ਰੋਂਗਟੇ ਖੜੇ ਹੋਜਾਂਦੇ ਹਨ। ਡੰਡਾ ਬੇੜੀਆਂ ਤੇ ਖੜੀਆਂ ਹਥਕੜੀਆਂ ਲਗਾਉਣੀਆਂ, ਬੈਂਤਾਂ ਦੀ ਸਜ਼ਾ, ਪਿੰਜਰਿਆਂ ਵਿਚ ਬੰਦ ਰਖਣਾ, ਭੁਖ ਹੜਤਾਲਾਂ ਤੇ ਪਾਣੀ ਪੀਣ ਦੀਆਂ ਹੜਤਾਲਾਂ ਆਦਿਕ ਜੇਹਲਾਂ ਦੀਆਂ ਸਖਤੀਆਂ ਝਲਦੇ ਹੋਏ ਆਪ ਦੀ ਸੇਹਤ ਤਬਾਹ ਹੋ ਗਈ। ਆਪ ਦੇ ਸਰੀਰ ਵਿਚ ਬਹੁਤ ਕਮਜ਼ੋਰੀ ਹੋ ਗਈ ਤੇ ਆਪ ਨੂੰ ਦਾਇਮੀ ਕਬਜ਼ ਦੀ ਬੀਮਾਰੀ ਲੱਗ ਗਈ।

੭ ਅਕਤੂਬਰ ੧੯੨੯ ਨੂੰ ਆਪ ਜੀ ਨੂੰ ਮੀਆਂ ਵਾਲੀ ਜੇਹਲ ਤੋਂ ਰਿਹਾ ਕੀਤਾ ਗਿਆ। ਇਸ ਸਮੇਂ ਆਪ ਜੀ ਦੇ ਕੇਸ ਸਫੈਦ ਹੋ ਗਏ ਸਨ। ਜੇਲ੍ਹ ਤੋਂ ਬਾਹਰ ਆ ਕੇ ਭੀ ਆਪ ਆਰਾਮ ਨਾਲ ਘਰ ਨਹੀਂ ਬੈਠੇ। ਸਗੋਂ ਦੇਸ਼ ਭਗਤ ਆਪਣੇ ਪੁਰਾਣੇ ਸਾਥੀਆਂ ਨਾਲ ਦੇਸ਼ ਸੇਵਾ ਦੇ ਕੰਮਾਂ ਵਿਚ ਲਗੇ ਰਹੇ।

ਧੀਰੇ ਧੀਰੇ ਆਪ ਜੀ ਦੇ ਹੋਰ ਸਾਥੀ ਭੀ ਜੇਲ੍ਹਾਂ ਤੋਂ ਬਾਹਰ ਆਉਣੇ ਸ਼ੁਰੂ ਹੋ ਗਏ। ੧੯੧੪-੧੫ ਵਾਲੇ ਦੇਸ਼ ਭਗਤ ਬਾਬੇ ਕਿਸਾਨਾਂ ਦੇ ਸਪੁਤ੍ਰ ਸਨ। ਜੇਹਲਾਂ ਵਿਚ ਰਹਿੰਦਿਆਂ ਇਨ੍ਹਾਂ ਨੇ ਪੜ੍ਹਿਆ ਸੀ ਕਿ ਅਸੀਂ ਭਾਵੇਂ ਆਪਣੇ ਦੇਸ਼ ਵਿਚ ਇੰਨਕਲਾਬ ਲਿਆਉਣ ਵਿਚ ਸਫਲ ਨਹੀਂ ਹੋਇ ਪ੍ਰੰਤੂ ਰੂਸ ਦੇ ਦੇਸ਼ ਭਗਤਾਂ ਨੇ ੧੯੧੭ ਵਿਚ ਆਪਣੇ ਦੇਸ਼ ਨੂੰ ਜ਼ਾਰਸ਼ਾਹੀ ਦੇ ਖੂਨੀ ਪੰਜੇ ਵਿਚੋਂ ਕਢਕੇ ਨਵੀਂ ਉਸਾਰੀ ਆਰੰਭ ਕਰ ਦਿਤੀ ਹੈ। ਰੂਸੀ ਦੇਸ਼ ਭਗਤਾਂ ਦੀ ਸਫਲਤਾ ਨੇ ਦੁਨੀਆਂ ਦੇ ਸਾਹਮਣੇ ਇਕ ਨਵਾਂ ਉਦਾਹਰਣ ਰਖਿਆ ਜਿਸ ਤੋਂ ਪ੍ਰੇਰਣਾ ਲੈ ਕੇ ਸਾਰੇ ਗੁਲਾਮ ਦੇਸ਼ਾਂ ਵਿਚ ਨਵੀਂ ਚੇਤਨਤਾ ਆ ਗਈ। ਹੁਣ ਸਾਰੀ ਦੁਨੀਆਂ ਦੋ ਕੈਂਪਾਂ ਵਿਚ ਵੰਡੀ ਗਈ ਸੀ ਇਕ ਪਾਸੇ ਲੋਕ ਜ਼ਮਹੂਰੀਅਤਾ ਉਨਤੀ ਦੇ ਮੈਦਾਨ ਵਿਚ ਤੇਜ਼ ਰਫਤਾਰ ਨਾਲ ਦੌੜੀਆਂ ਜਾ ਰਹੀਆਂ ਸਨ ਅਤੇ ਦੂਜੇ ਪਾਸੇ ਸਾਮਰਾਜੀ ਦੇਸ਼ ਆਪਣੇ ਗੁਲਾਮ ਦੇਸ਼ਾਂ ਦੀ ਜੰਨਤਾ ਦਾ ਖੂਨ ਬੜੀ ਬੇਦਰਦੀ ਨਾਲ ਵਹਾ ਰਹੇ ਸਨ। ਦੇਸ਼ ਭਗਤ ਬਾਬਿਆਂ ਨੇ ਦੁਨੀਆਂ ਦੀ ਹਾਲਤ ਦਾ ਬੜੀ ਗੰਭੀਰਤਾ ਨਾਲ ਪਠਨ ਪਾਠਨ ਕੀਤਾ ਅਤੇ ਇਹ ਨਤੀਜਾ ਕਢਿਆ ਕਿ ਮਜ਼ਦੂਰਾਂ ਕਿਸਾਨਾਂ ਨੂੰ ਜੱਥੇ ਬੰਦ ਕਰਕੇ ਹੀ ਉਹ ਇੰਨਕਲਾਬ ਲਿਆਦਾ ਜਾ ਸਕਦਾ ਹੈ, ਜਿਸ ਵਿਚ ਲੁਟ ਖਸੁਟ ਬੰਦ ਕਰਕੇ ਲੋਕਾਂ ਨੂੰ ਸਹੀ ਆਜ਼ਾਦੀ ਦਾ ਗਿਆਨ ਕਰਾਇਆ ਜਾ ਸਕਦਾ ਹੈ।

੧੯੩੬ ਵਿਚ ਬਾਬਾ ਜਵਾਲਾ ਸਿੰਘ ਜੀ ਤੇ ਹੋਰ ਦੇਸ਼ ਭਗਤਾਂ ਨੇ ਮਿਲਕੇ ਪੰਜਾਬ ਵਿਚ ਕਿਸਾਨ ਸਭਾ ਦੀ ਨੀਂਹ ਰਖੀ। ਇਸ ਤੋਂ ਦਿਨ ਤੋਂ ਮਜ਼ਦੂਰ ਕਿਸਾਨ ਏਕਤਾ ਦਾ ਸਹੀ ਅਰਥ ਵਿਚ

Digitized by Panjab Digital Library | www.panjabdigilib.org

ਪ੍ਰਚਾਰ ਹੋਣਾ ਆਰੰਭ ਹੋਇਆ। ਬਾਬਾ ਰੂੜ ਸਿੰਘ ਜੀ ਨੇ ਜ਼ਿ: ਫੀਰੋਜ਼ਪੁਰ ਵਿਚ ਕਿਸਾਨ ਸਭਾ ਕਾਇਮ ਕਰਕੇ ਕਿਸਾਨਾਂ ਨੂੰ ਜਥੇ ਬੰਦ ਕਰਨਾਸ਼ੁਰੂ ਕੀਤਾ। ਆਪ ਸੂਬਾ ਕਿਸਾਨ ਸਭਾ ਦੇ ਐਕਟਿੰਗ ਪ੍ਰਧਾਨ ਅਤੇ ਜ਼ਿਲਾ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ।

੧੯੩੭ ਵਿਚ ਅੰਗ੍ਰੇਜ਼ਾਂ ਨੇ ਸੂਬਜਾਤੀ ਖ਼ੁਦਮੁਖਤਾਰੀ ਦੀ ਪਹਿਲੀ ਕਿਸ਼ਤ ਦਿੱਤੀ ਤਾਂ ਸਾਰੇ ਭਾਰਤ ਵਿਚ ਅਸੈਂਬਲੀਆਂ ਦੀਆਂ ਚੋਣਾ ਹੋਈਆਂ। ਬਾਬਾ ਰੂੜ ਸਿੰਘ ਜੀ ਤਹਿਸੀਲ ਮੋਗਾ ਵਿਚੋਂ ਅਸ਼ੈਂਬਲੀ ਲਈ ਖੜੇ ਹੋਇ। ਆਪਦਾ ਮੁਕਾਬਲਾ ਕਰਨ ਦੀ ਕਿਸੇ ਨੂੰ ਭੀ ਹਿੰਮਤ ਨਾ ਪਈ ਅਤੇ ਬਿਨਾਂ ਮੁਕਾਬਲੇ ਪੰਜਾਬ ਅਸੈਂਬਲੀ ਦੇ ਮੈਂਬਰ ਚੁਣ ਗਏ।

ਅਸੈਂਬਲੀ ਵਿਚ ਜਾ ਕੇ ਆਪ ਕਿਸਾਨਾਂ ਦੇ ਹੱਕਾਂ ਲਈ ਅੰਦੋਲਨ ਕਰਦੇ ਰਹੇ। ਆਪ ਜੀ ਦੇ ਨਾਲ ਉਸ ਸਮੇਂ ਚਾਰ ਪੰਜ ਹੋਰ ਕਮਿਊਨਿਸਟ ਮੈਂਬਰ ਭੀ ਸਨ। ਸ: ਸੋਹਣ ਸਿੰਘ ਜੋਸ਼ ਤੇ ਸ: ਤੇਜਾ ਸਿੰਘ ਸੁਤੰਤ੍ਰ ਭੀ ਅਸੈਂਬਲੀ ਦੇ ਮੈਂਬਰ ਚੁਣੇ ਗਏ ਸਨ। ਇਨ੍ਹਾਂ ਦੇਸ਼ ਭਗਤਾਂ ਨੇ ਅਸੈਂਬਲੀ ਵਿਚ ਧੜੱਲੇ ਦਾਰ ਤਕਰੀਰਾਂ ਕੀਤੀਆਂ। ਬਾਬਾ ਰੂੜ ਸਿੰਘ ਜੀ ਜਦ ਅਸੈਂਬਲੀ ਵਿਚ ਬੋਲਦੇ ਸਨ ਤਾਂ ਇਉਂ ਪ੍ਰਤੀਤ ਹੁੰਦਾ ਸੀ ਕਿ ਆਪ ਗ਼ੀਬ ਕਿਸਾਨਾਂ ਦੇ ਦਿਲ ਦੀ ਸੱਚੀ ਆਵਾਜ਼ ਹਨ। ੧੯੩੮ ਵਿਚ ਥਾਨਾ ਬਾਘਾ ਪੁਰਾਣਾ ਤੇ ਨਿਹਾਲ ਸਿੰਘ ਵਾਲਾ ਵਿਚ ਫਸਲਾਂ ਗੜਿਆਂ ਨਾਲ ਤਬਾਹ ਹੋ ਗਈਆਂ। ਆਪਨੇ ਅਸੈਂਬਲੀ ਵਿਚ ਕਿਸਾਨਾ ਦੀ ਹਾਲਤ ਪਰ ਬੜੀਆਂ ਦਰਦ ਭਰੀਆਂ ਤਕਰੀਰਾਂ ਕੀਤੀਆਂ ਤੇ ਆਪਨੇ ਫਸਲਾਂ ਦੇ ਨਮੂਨੇ ਲੈ ਜਾ ਕੇ ਅਸੈਂਬਲੀ ਵਿਚ ਪੇਸ਼ ਕਰ ਕੀਤੇ। ਇਸ ਦਾ ਨਤੀਜਾਂ ਇਹ ਹੋਇਆ ਕਿ ਸਰਕਾਰ ਨੂੰ ਮਾਮਲੇ ਵਿਚ ਛੋਟ ਕਕਨੀ ਪਈ। ਇਸ ਤੋਂ ਇਲਾਵਾ ਆਪ ਨ ਕਿਸਾਨਾਂ ਨੂੰ ਪਾਣੀ ਘੱਟ ਮਿਲਦਾ ਵੇਖਕੇ ਕੋਕਰੀ ਰਾਜ ਬਾਹਾ ਕਢਣ ਵਾਸਤੇ ਸਰਕਾਰ ਨੂੰ ਪ੍ਰੇਰਨਾ ਦਿਤੀ ਅਤੇ ਇਸ ਵਿਚ ਆਪ ਨੂੰ ਪੂਰਨ ਸਰਲਤਾ ਮਿਲੀ।

ਉਧਰ ਤਾਂ ਕਿਸਾਨ ਮੰਦਵਾੜੇ ਦਾ ਸ਼ਿਕਾਰ ਹੋਣ ਕਰਕੇ ਬਹੁਤ ਦੁਖੀ ਸਨ ਅਤੇ ਆਪਣੀਆਂ ਜ਼ਮੀਨਾਂ ਗਹਿਣੇ ਰਖਕੇ ਗੁਜ਼ਾਰਾ ਕਰ ਰਹੇ ਸਨ। ਇਧਰ ਓਡ (ਇਕ ਖਾਨਾ ਬਦੋਸ਼ ਕੌਮ) ਫਸਲਾਂ ਉਜਾੜ ਕੇ ਕਿਸਾਨਾਂ ਨੂੰ ਸਖਤ ਨੁਕਸਾਨ ਪਹੁੰਚਾ ਰਹੇ ਸਨ। ਓਡ ਮੁਸਲਮਾਨ ਸਨ ਤੇ ਅਸੈਂਬਲੀ ਵਿਚ ਭੀ ਮੁਸਲਮਾਨਾਂ ਦਾ ਜ਼ੋਰ ਸੀ। ਇਸ ਕਰਕੇ ਓਡਾਂ ਸਬੰਧੀ ਕੋਈ ਸੁਣਵਾਈ ਨਹੀਂ ਸੀ ਹੁੰਦੀ। ਆਪਨੇ ਇਸ ਮਾਮਲੇ ਦਾ ਇਹ ਹਲ ਪੇਸ਼ ਕੀਤਾ ਕਿ ਸਰਕਾਰ ਪੰਜਾਬ ਓਡਾਂ ਨੂੰ ਬੰਜਰ ਜ਼ਮੀਨਾਂ ਦੇਕੇ ਆਬਾਦ ਕਰੇ ਇਸ ਨਾਲ ਦੋ ਸਵਾਲ਼ ਹਲ ਹੋ ਜਾਣਗੇ। ਇਕ ਤਾਂ ਓਡ ਅਬਾਦ ਹੋ ਜਾਣਗੇ ਤੇ ਦੂਜੇ ਜਿਨ੍ਹਾਂ ਕਿਸਾਨਾਂ ਦੀਆਂ ਉਹ ਫਸਲਾਂ ਉਜਾੜਦੇ ਹਨ ਉਹ ਬਚ ਜਾਣਗੇ। ਇਹ ਤਜਵੀਜ਼ ਬਹੁਤ ਚੰਗੀ ਸੀ ਪਰ ਉਸ ਵੇਲੇ ਦੀ ਸਰਕਾਰ ਨੇ ਇਸ ਵਲ ਧਿਆਨ ਨਾ ਦਿਤਾ।

ਜ਼ਿਲਾ ਫੀਰੋਜ਼ਪੁਰ ਦੇ ਪਿੰਡਾਂ ਪਰ ਤਾਜ਼ੀਰੀ ਚੌਕੀਆਂ ਦਾ ਬਹੁਤ ਜ਼ਿਆਦਾ ਬੋਝ ਪਾਇਆ ਜਾਂਦਾ ਸੀ। ਪੁਲਸ ਵਾਲੇ ਪੇਂਡੂ ਕਿਸਾਨਾਂ ਨੂੰ ਬਹੁਤ ਤੰਗ ਕਰਦੇ ਸਨ। ਬਾਬਾ ਰੂੜ ਸਿੰਘ ਜੀ ਨੇ ਅਸੈਂ-ਬਲੀ ਵਿਚ ਚੌਂਕੀਆਂ ਉਠਾਏ ਜਾਣ ਦੀ ਜ਼ੋਰਦਾਰ ਅਵਾਜ਼ ਉਠਾਈ। ਗਲ ਕੀ ਅਸੈਂਬਲੀ ਵਿਚ ਜਾਕੇ ਆਪ ਨੇ ਕਿਸਾਨਾਂ ਦੇ ਲਾਭਾਂ ਦੀ ਰਾਖੀ ਲਈ ਜ਼ਬਰਦਸਤ ਆਵਾਜ਼ ਉਠਾਈ। ਅਸੈਂਬਲੀ ਤੋਂ ਬਾਹਰ ਉਸ ਸਮੇਂ ਜੋ ਕਿਸਾਨ ਅੰਦੋਲਨ ਚਲ ਰਹੇ ਸਨ ਬਾਬਾ ਜੀ ਉਨ੍ਹਾਂ ਦੀ ਜਿੰਦ ਜਾਨ ਸਨ। ਕਿਸਾਨ ਮੋਰਚਾ ਲਾਹੌਰ ਤੇ ਚਰਿਕ ਦੀ ਆਪ ਨੇ ਸ਼ਾਨਦਾਰ ਅਗਵਾਈ ਕੀਤੀ।

ਕਿਸਾਨਾਂ ਨੂੰ ਆਪ ਪਰ ਬਹੁਤ ਜ਼ਿਆਦਾ ਭਰੋਸਾ ਸੀ ਅਤੇ ਆਪ ਕਿਸਾਨਾਂ ਦੇ ਭਲੇ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ ਸਨ। ਦੇਸ਼ ਦੀ ਆਜ਼ਾਦੀ ਲਈ ਘੋਲ

Digitized by Panjab Digital Library | www.panjabdigilib.org

ਕਰਨ ਵਾਸਤੇ ਉਸ ਸਮੇਂ ਸਾਰੀਆਂ ਅਗੇ ਵਧੂ ਪਾਰਟੀਆਂ ਭੀ ਕਾਂਗਰਸ ਵਿਚ ਸ਼ਾਮਲ ਹੋਕੇ ਲੜ ਰਹੀਆਂ ਸਨ ਪ੍ਰੰਤੂ ਬਹੁਤ ਛੇਤੀ ਕਾਂਗਰਸ ਵਿਚ ਅਗੇ ਵਧੂ ਤੇ ਪਿਛੇ ਖਿਚੂ ਕਾਂਗਰਸੀਆਂ ਦੇ ਦੋ ਧੜੇ ਹੋ ਗਏ। ਅਗੇ ਵਧੂ ਧੜੇ ਨੇ ਅਪਣੇ ਧੜੇ ਦਾ ਨਾਮ ਕਾਂਗਰਸ ਸੋਸ਼ਲਿਸਟ ਪਾਰਟੀ ਰਖ ਲਿਆ। ਬਾਬਾ ਜੀ ਕਈ ਸਾਲ ਇਸ ਪਾਰਟੀ ਦੇ ਸਰਗਰਮ ਮੈਂਬਰ ਰਹੇ ਅਤੇ ਅਗੇ ਵਧੂ ਧੜੇ ਦੀ ਪੁਰ ਜ਼ੋਰ ਹਮਾਇਤ ਕਰਦੇ ਰਹੇ।

੧੯੪੦ ਵਿਚ ਸਿਕੰਦਰ ਵਜ਼ਾਰਤ ਨੇ ਡੀਫੈਂਸ ਆਫ ਇੰਡੀਆ ਐਕਟ ਦੀ ਆੜ ਲੈਕੇ ਅਗੇ ਵਧੂ ਦੇਸ਼ ਭਗਤਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿਤੀਆਂ। ਪੰਜਾਬ ਦੇ ਚੋਣਵੇਂ ਦੇਸ਼ ਭਗਤ ਦੇਵਲੀ ਕੈਂਪ ਜੇਹਲ ਵਿਚ ਇਕਠੇ ਹੋ ਗਏ। ਉਥੇ ਰਾਜਸੀ ਮਸਲਿਆਂ ਪਰ ਗਰਮਾ ਗਰਮ ਬਹਿਸ ਹੋਇਆ ਕਰਦੀ ਸੀ। ਬਾਬਾ ਜੀ ਇਸ ਬਹਿਸ ਵਿਚ ਸ਼ਾਨਦਾਰ ਹਿਸਾ ਪਾਇਆ ਕਰਦੇ ਸਨ। ਇਸ ਸਮੇਂ ਕਮਿਊਨਿਸਟ ਪਾਰਟੀ ਆਫ ਇੰਡੀਆ ਨੇ ਫੈਸਲਾ ਕੀਤਾ ਕਿ ਕਾਂਗਰਸ ਤੇ ਸੋਸ਼ਲਿਸਟ ਪਾਰਟੀ ਨੂੰ ਛਡ ਕੇ ਵਖਰੀ ਪਾਰਟੀ ਬਣਾਈ ਜਾਵੇ ਤਾਂ ਬਾਬਾ ਜੀ ਸਾਰੀਆਂ ਪਾਰਟੀਆਂ ਨੂੰ ਛਡ ਕੇ ਕਮਿਊਨਿਸਟ ਪਾਰਟੀ ਵਿਚ ਆ ਗਏ। ਆਪ ਉਸ ਸਮੇਂ ਕਿਰਤੀ ਗਰੁਪ ਵਿਚ ਭੀ ਖਾਸ ਥਾਂ ਰਖਦੇ ਸਨ ਇਸ ਕਰ ਕੇ ਆਪ ਨੇ ਸਭ ਤੋਂ ਵਧ ਸ਼ਾਨਦਾਰ ਕਾਰਨਾਮਾ ਇਹ ਕੀਤਾ ਕਿ ਕਿਰਤੀ ਗਰੁਪ ਨੂੰ ਤੋੜ ਕੇ ਕਮਿਊਨਿਸਟ ਪਾਰਟੀ ਵਿਚ ਮਿਲਾ ਦਿਤਾ। ਜੇਲ੍ਹ ਵਿਚੋਂ ਜੋ ਚਿਠੀ ਭੇਜੀ ਗਈ ਉਸ ਪਰ ਆਪ ਦੇ ਦਸਤਖਤ ਸਨ। ਉਸ ਸਮੇਂ ਤੋਂ ਆਖਰੀ ਸਮੇਂ ਤਕ ਆਪ ਕਮਿਊਨਿਸਟ ਪਾਰਟੀ ਦੇ ਵਫਾਦਾਰ ਸਿਪਾਹੀ ਰਹੇ ਅਤੇ ਮਜ਼ਦੂਰਾਂ ਕਿਸਾਨਾਂ ਦੇ ਏਕੇ ਲਈ ਘੋਲ ਜਾਰੀ ਰਖਿਆ।

੧੯੪੭ ਵਿਚ ਜਦ ਕਮਿਊਨਿਸਟ ਪਾਰਟੀ ਵਿਚੋਂ ਨਿਕਲ ਕੇ ਸ: ਤੇਜਾ ਸਿੰਘ ਸੁਤੰਤ੍ਰ ਨੇ ਨਵੀਂ ਪਾਰਟੀ ਬਣਾਈ ਤਾਂ ਬਾਬਾ ਜੀ ਨੇ ਇਸ ਨੂੰ ਚੰਗਾ ਨਾ ਜਾਣਿਆ। ਆਪ ਸੈਂਟ੍ਰਲ ਪਾਰਟੀ ਵਿਚ ਰਹੇ। ਆਪ ਤੋਂ ਪੁਛਿਆ ਗਿਆ ਕਿ ਜਦ ਸੈਂਟ੍ਰਲ ਪਾਰਟੀ ਦੀ ਪਾਲਸੀ ਠੀਕ ਹੋ ਸਕਦੀ ਹੈ ਪਰ ਪਾਰਟੀ ਨਾਲੋਂ ਟੁਟਣ ਦੀ ਗਲਤੀ ਕਦੇ ਭੀ ਠੀਕ ਨਹੀਂ ਹੋ ਸਕਦੀ। ੧੯੪੭ ਦੇ ਫਿਰਕੂ ਫਸਾਦਾਂ ਵਿਚ ਆਪ ਬਿਰਧ ਅਵਸਥਾ ਹੋਣ ਦੇ ਬਾਵਜੂਦ ਮਜ਼ਲੂਮਾਂ ਦੀ ਰਖਿਆ ਕਰਦੇ ਰਹੇ ਅਤੇ ਜਿਥੋਂ ਤਕ ਹੋ ਸਕਿਆ ਆਪ ਨੇ ਬਚੇ ਬੁਢੇ ਤੇ ਇਸਤ੍ਰੀਆਂ ਦੀ ਰਖਿਆ ਕੀਤੀ।

੧੯੪੭ ਵਿਚ ਅੰਗਰੇਜ਼ਾਂ ਨੇ ਦੇਸ਼ ਦੇ ਟੁਕੜੇ ਕਰ ਕੇ ਤਾਕਤ ਕਾਂਗਰਸ ਤੇ ਲੀਗ ਦੇ ਹਵਾਲੇ ਕਰ ਦਿਤੀ। ਉਸ ਸਮੇਂ ਦੇ ਹਾਲਾਤ ਅਨੁਸਾਰ ਬਾਬਾ ਜੀ ਤੇ ਹੋਰ ਬਹੁਤ ਸਾਰੇ ਦੇਸ਼ ਭਗਤਾਂ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿਤੇ ਗਏ ਅਤੇ ਖਾਸ ਕਰ ਕਮਿਊਨਿਸਟ ਵਰਕਰਾਂ ਦੇ।

ਅੱਸੀ ਸਾਲ ਦੀ ਬਿਰਧ ਅਵਸਥਾ ਵਿਚ ਭੀ ੧੯੪੮ ਵਿਚ ਆਪ ਦੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਗਏ। ਬਾਬਾ ਜੀ ਨੇ ਇਨ੍ਹਾਂ ਵਾਰੰਟਾਂ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਗੁਪਤ ਰਹਿਕੇ ਕਿਸਾਨਾਂ ਦੀ ਭਲਾਈ ਦਾ ਅੰਦੋਲਨ ਜਾਰੀ ਰਖਿਆ। ਆਪ Under Ground (ਗੁਪਤ ਰਹਿਣ) ਦੀ ਹਾਲਤ ਵਿਚ ਹੀ ਚਲਾਣਾ ਕਰ ਗਏ ਤੇ ਆਪ ਦੀ ਲੋਥ ਪਾਰਟੀ ਦੇ ਵਰਕਰਾਂ ਨੇ ਰਾਤ ਨੂੰ ਘਰ ਪੁਚਾ ਦਿਤੀ ਤੇ ਆਪ ਦਾ ਸਸਕਾਰ ਚੁੜ ਚੱਕ ਕੀਤਾ ਗਿਆ।

**ਸ: ਭਾਗ ਸਿੰਘ ਜੀ ਸ਼ਹੀਦ**—ਸ: ਭਾਗ ਸਿੰਘ ਜੀ ਕੈਨੇਡੀਅਨ ਦਾ ਜਨਮ ਨਗਰ ਭਿਖੀ ਵਿੰਡ ਜ਼ਿਲਾ ਲਾਹੌਰ ਵਿਚ ਸ: ਨਰਾਇਣ ਸਿੰਘ ਜੀ ਸਫੈਦ ਪੋਸ਼ ਦੇ ਘਰ ਸੰਨ ੧੮੭੨ ਵਿਚ ਮਾਤਾ ਮਾਨ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ੨੦ ਸਾਲ ਦੀ ਅਵਸਥਾ ਤੱਕ ਚੰਗੀ ਗੁਰਮੁਖੀ ਵਿਦਿਆ ਪੜ੍ਹਨ ਲਈ ਸੀ। ਇਸ ਤੋਂ ਪਿਛੋਂ ਆਪ ਰਸਾਲਾ ਨੰਬਰ ੨੧ ਵਿਚ ਭਰਤੀ ਹੋ ਗਏ।

Digitized by Panjab Digital Library | www.panjabdigilib.org

ਰਸਾਲੇ ਵਿਚ ਆਪ ਜੀ ਸਬੰਧੀ ਇਹ ਪ੍ਰਸਿੱਧ ਸੀ ਕਿ ਆਪ ਬੜੇ ਆਜ਼ਾਦ ਖਿਆਲ ਸਜਨ ਸਨ। ਪੰਜ ਸਾਲ ਤੱਕ ਆਪ ਰਸਾਲੇ ਵਿਚ ਰਹੇ। ਬਾਹਰਲੇ ਮੁਲਕ ਵੇਖਣ ਦੇ ਖਿਆਲ ਨਾਲ ਆਪ ਨੇ ਨਾਮ ਕਟਵਾ ਲਿਆ ਤੇ ਹਾਂਗਕਾਂਗ ਪੁਜ ਕੇ ਪੁਲਸ ਵਿਚ ਭਰਤੀ ਹੋ ਗਏ।

ਹਾਂਗਕਾਂਗ ਵਿਚ ਆਪ ਨੇ ਢਾਈ ਸਾਲ ਤੱਕ ਪੁਲਸ ਦੀ ਨੌਕਰੀ ਕੀਤੀ। ਇਥੋਂ ਆਪ ਦਾ ਇਰਾਦਾ ਕੈਨਡਾ ਜਾਣ ਦਾ ਹੋਇਆ ਤੇ ਕੈਨੇਡਾ ਪੁਜ ਗਏ। ਰਾਹ ਵਿਚ ਆਪ ਜੀ ਦਾ ਭਾਈ ਸੁੰਦਰ ਸਿੰਘ ਜੀ ਨਾਲ ਗੂੜ੍ਹਾ ਪਿਆਰ ਹੋ ਗਿਆ। ਦੋਹਾਂ ਸਜਨਾਂ ਨੇ ਸੇਵਾ ਭਾਵ ਦੇ ਖਿਆਲ ਨਾਲ ਸ਼ਰਾਬ ਪੀਣੀ ਛੱਡ ਦਿੱਤੀ ਅਤੇ ਇਹ ਫੈਸਲਾ ਕਰ ਲਿਆ ਕਿ ਜੋ ਰੁਪਇਆ ਪੈਸਾ ਬੱਚੇਗਾ! ਉਹ ਦੇਸ਼ ਦੀਆਂ ਵਿਦਯਕ ਸੰਸਥਾਵਾਂ ਨੂੰ ਭੇਜ ਦਿੱਤਾ ਜਾਇਆ ਕਰੇ। ਕੈਨੇਡਾ ਪੁਜ ਕੇ ਆਪਦਾ ਪ੍ਰੇਮ ਭਾਈ ਬਲਵੰਤ ਸਿੰਘ ਜੀ ਗ੍ਰੰਥੀ ਗੁਰਦੁਆਰਾ ਵੈਨਕੋਵਰ ਨਾਲ ਪੈ ਗਿਆ, ਜਿਸ ਕਰਕੇ ਲੋਕ ਭਲਾਈ ਦੇ ਕੰਮ ਵਿਚ ਆਪ ਵਧ ਚੜ੍ਹਕੇ ਹਿੱਸਾ ਲੈਣ ਲੱਗ ਪਏ। ਕਾਫੀ ਅਰਸਾ ਆਪ ਗੁਰਦੁਆਰਾ ਵੈਨਕੋਵਰ ਦੇ ਸਕੱਤ੍ਰ ਅਤੇ ਪ੍ਰਧਾਨ ਰਹੇ।

ਜਿਸ ਸਮੇਂ ਹਿੰਦੋਸਤਾਨੀ ਮਜ਼ਦੂਰਾਂ ਤੇ ਕੈਨੇਡਾ ਦੀ ਸਰਕਾਰ ਵਿਚ ਟੱਕਰ ਹੋਈ ਤਾਂ ਕੈਨੇਡਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਸਭ ਹਿੰਦੋਸਤਾਨੀਆਂ ਨੂੰ ਕੈਨੇਡਾ ਵਿਚੋਂ ਕਢ ਕੇ ਹਾਡੂਰਾਸ ਦੇ ਟਾਪੂ ਵਿਚ ਵਸਾ ਦਿੱਤਾ ਜਾਵੇ। ਕੈਨੇਡੀਅਨ ਸਰਕਾਰ ਨੇ ਹਿੰਦੀਆਂ ਪਰ ਹਰ ਪ੍ਰਕਾਰ ਦਾ ਦਬਾਉ ਪਾਇਆ ਕਿ ਉਹ ਹਾਡੂਰਾਸ ਜਾਣਾ ਮੰਨ ਲੈਣ ਪ੍ਰੰਤੂ ਹਿੰਦੋਸਤਾਨੀਆਂ ਨੇ ਕਿਹਾ ਕਿ ਪਹਿਲਾਂ ਸਾਡਾ ਇਕ ਡੈਪੂਟੇਸ਼ਨ ਪੜਤਾਲ ਕਰਨ ਲਈ ਜਾਵੇਗਾ ਜੇ ਉਸ ਨੇ ਵਾਪਸ ਆਕੇ ਉਥੇ ਜਾਣ ਦੀ ਸਫਾਰਸ਼ ਕੀਤੀ ਤਾਂ ਅਸੀਂ ਚਲੇ ਜਾਵਾਂਗੇ। ਹਾਂਡੂਰਾਸ ਵਿਚ ਸੰਨ ੧੮੫੭ ਦੇ ਗਦਰ ਵੇਲੇ ਬਹੁਤ ਸਾਰੇ ਹਿੰਦੀਆਂ ਨੂੰ ਫੜਕੇ ਅੰਗ੍ਰੇਜ਼ਾਂ ਨੇ ਜ਼ਬਰਦਸਤੀ ਵਸਾਇਆ ਸੀ। ਉਹ ਵਿਚਾਰੇ ਬਹੁਤ ਦੁਖੀ ਸਨ।

ਜਿਹੜਾ ਡੈਪੂਟੇਸ਼ਨ ਪੜਤਾਲ ਕਰਨ ਗਿਆ ਸੀ। ਉਸ ਵਿਚ ਭਾਈ ਭਾਗ ਸਿੰਘ ਜੀ ਭੀ ਸਨ। ਇਸ ਡੈਪੂਟੇਸ਼ਨ ਦੇ ਤਿੰਨ ਮੈਂਬਰ ਸਨ ਜਿੰਨਾਂ ਨੂੰ ਸਰਕਾਰ ਨੇ ਪੰਜਾਹ ਪੰਜਾਹ ਹਜ਼ਾਰ ਡਾਲਰ ਰੁਪਏ ਦੀ ਰਿਸ਼ਵਤ ਦੇਕੇ ਇਹ ਕਿਹਾ ਕਿ ਉਹ ਹਿੰਦੀਆਂ ਨੂੰ ਉਥੇ ਜਾਣ ਦੀ ਸਫਾਰਸ਼ ਕਰਨ ਪ੍ਰੰਤੂ ਇੰਨ੍ਹਾਂ ਸਜਨਾਂ ਨੇ ਲਾਲਚ ਵਿਚ ਆਕੇ ਅਪਣੇ ਭਰਾਵਾਂ ਨੂੰ ਨਰਕ ਵਿਚ ਧਕੇਲਣ ਤੋਂ ਨਾਂਹ ਕਰ ਦਿੱਤੀ। ਗੁਰੂ ਨਾਨਕ ਮਾਈਨਿੰਗ ਕੰਪਨੀ ਬਨਾਉਣ ਵਿਚ ਭੀ ਆਪ ਨੇ ਬੜੇ ਉਤਸਾਹ ਨਾਲ ਹਿੱਸਾ ਲਿਆ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਸਹਾਇਤਾ ਕਰਨ ਸਮੇਂ ਭੀ ਭਾਈ ਭਾਗ ਸਿੰਘ ਜੀ ਕੈਨੇਡੀਅਨ ਨੇ ਬੜਾ ਸ਼ਾਨਦਾਰ ਹਿੱਸਾ ਲਿਆ। ਜਹਾਜ਼ ਜਿਸ ਵੇਲੇ ਵੈਨਕੋਵਰ ਪਹੁੰਚਿਆ ਤਾਂ ਹਾਲਾਤ ਦੀ ਬਦਲੀ ਦੇ ਕਾਰਨ ਜਹਾਜ਼ ਦਾ ਪੱਟ (ਚਾਰਟਰ) ਭਾਈ ਭਾਗ ਸਿੰਘ ਤੇ ਸੇਠ ਰਹੀਮ ਦੇ ਨਾਮ ਕੀਤਾ ਗਿਆ ਤੇ ਜਹਾਜ਼ ਦੇ ਕਿਰਾਏ ਦਾ ਰੁਪਇਆ ਭੀ ਕੈਨੇਡੀਅਨ ਹਿੰਦੀ ਭਰਾਵਾਂ ਨੇ ਹੀ ਅਦਾ ਕੀਤਾ।

ਗਦਰ ਪਾਰਟੀ ਬਨਾਉਣ ਤੇ ਗਦਰ ਅਖਬਾਰ ਜਾਰੀ ਕਰਨ ਸਮੇਂ ਭੀ ਭਾ: ਭਾਗ ਸਿੰਘ ਜੀ ਕਿਸੇ ਤੋਂ ਪਿਛੇ ਨਹੀਂ ਰਹੇ। ਗਲ ਕੀ ਕੈਨੇਡਾ ਦੇ ਪਬਲਿਕ ਜੀਵਨ ਵਿਚ ਸ: ਭਾਗ ਸਿੰਘ ਜੀ ਸਭ ਤੋਂ ਮੂਹਰੇ ਰਹੇ ਅਤੇ ਦੇਸ਼ ਭਲਾਈ ਦੇ ਹਰ ਕੰਮ ਵਿਚ ਜਾਨ ਜੋਖੋਂ ਵਿਚ ਪਾਕੇ ਭੀ ਹਿੱਸਾ ਲੈਂਦੇ ਰਹੇ। ਇੰਨਾ ਖੂਬੀਆਂ ਦੇ ਕਾਰਣ ਆਪ ਇਮੀਗ੍ਰੇਸ਼ਨ ਮਹਿਕੱਮੇ ਵਾਲਿਆਂ ਦੀਆਂ ਅੱਖਾਂ ਵਿਚ ਕੰਡੇ ਵਾਂਗ ਚੁਭਣ ਲੱਗ ਪਏ। ਮਿ: ਹਾਪਕਿਨਸਨ ਨੇ ਇਕ ਗਾਦਰ ਪੰਜਾਬੀ ਬੇਲਾ ਸਿੰਘ ਨੂੰ ਲਾਲਚ ਦੇਕੇ ਭਾ: ਭਾਗ ਸਿੰਘ ਦੇ ਮਾਰਨ ਲਈ ਤਿਆਰ ਕਰ ਲਿਆ। ਇਕ ਦਿਨ ਜਦ ਸੰਗਤ ਭਾਈ ਆਤਮਾ ਸਿੰਘ ਦਾ ਸਸਕਾਰ ਕਰਕੇ ਵਾਪਸ ਆਕੇ ਗੁਰਦੁਆਰੇ ਬੈਠੀ ਹੋਈ ਸੀ ਤਾਂ ਬੇਲਾ ਸਿੰਘ ਨੇ ਜੋ ਇਕ ਪਾਸੇ ਬੈਠਾ

Digitized by Panjab Digital Library | www.panjabdigilib.org

ਹੋਇਆ ਸੀ। ਭਾਈ ਭਾਗ ਸਿੰਘ ਪਰ ਗੋਲੀਆਂ ਦੀ ਵਰਖਾ ਕੀਤੀ। ਆਪ ਜ਼ਖਮੀ ਹੋਕੇ ਡਿੱਗ ਪਏ। ਭਾਈ ਬਤਨ ਸਿੰਘ ਜੀ ਨੇ ਕਾਤਲ ਨੂੰ ਫੜਨ ਦਾ ਯਤਨ ਕੀਤਾ। ਪ੍ਰੰਤੂ ਉਸ ਨੇ ਭਾਈ ਬਤਨ ਸਿੰਘ ਜੀ ਦੇ ਸੀਨੇ ਵਿਚੋਂ ਭੀ ਕਈ ਗੋਲੀਆਂ ਕੱਢ ਦਿਤੀਆਂ।

ਭਾਈ ਭਾਗ ਸਿੰਘ ਜੀ ਦੇ ਫੇਫੜਿਆਂ ਵਿਚੋਂ ਹਸਪਤਾਲ ਲੈ ਜਾ ਕੇ ਗੋਲੀਆਂ ਕੱਢੀਆਂ ਗਈਆਂ। ਆਪ ਦੀ ਹਾਲਤ ਖਰਾਬ ਹੋ ਰਹੀ ਸੀ। ਆਖੀਰ ਸਮੇਂ ਆਪ ਨੇ ਪਾਸ ਬੈਠੇ ਸਜਨਾਂ ਨੂੰ ਕਿਹਾ "ਮਨ ਦੀ ਚਾਹ ਤਾਂ ਇਹ ਸੀ ਕਿ ਕੌਮੀ ਆਜ਼ਾਦੀ ਦੇ ਮੈਦਾਨ ਜੰਗ ਵਿਚ ਜੂਝ ਕੇ ਸ਼ਹੀਦ ਹੁੰਦਾ' ਪਰ ਭਾਣਾ ਅਮਿੱਟ ਹੈ, ਅੱਜ ਇਸ ਬਿਸਤਰੇ ਪਰ ਸਰੀਰ ਛੱਡਣਾ ਪਿਆ।"

ਇਹ ਕਹਿ ਕੇ ਆਪ ਅੰਤਰ ਧਿਆਨ ਹੋ ਗਏ। ਪੁਲਸ ਨੇ ਕਾਤਲ ਨੂੰ ਫੜ ਕੇ ਝੂਠ ਮੂਠ ਦਾ ਮੁਕਦਮਾ ਚਲਾਇਆ। ਕਾਤਲ ਨੇ ਮੰਨ ਲਿਆ ਕਿ ਕਤਲ ਮੈਂ ਕੀਤੇ ਹਨ ਅਤੇ ਮੈਂ ਇਮੀਗਰੇਸ਼ਨ ਮਹਿਕਮੇ ਦਾ ਨੌਕਰ ਹਾਂ, ਪ੍ਰੰਤੂ ਇਥੇ ਦੀ ਅਦਾਲਤ ਨੇ ਕਾਤਲ ਨੂੰ ਰਿਹਾ ਕਰਕੇ ਆਪਣੀ ਇੰਨਸਾਫ਼ ਪਸੰਦੀ ਦੇ ਮੱਥੇ ਪਰ ਕਦੇ ਨਾ ਮਿੱਟਣ ਵਾਲਾ ਧੱਬਾ ਲਗਾਇਆ। ਭਾ: ਭਾਗ ਸਿੰਘ ਜੀ ਜੈਸੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਪੂਰਨ ਤੌਰ ਪਰ ਵਰਣਨ ਕਰਨਾ ਬਹੁਤ ਮੁਸ਼ਕਲ ਹੈ। ਇਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਭਾਰਤ ਵਰਸ਼ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਆਜ਼ਾਦ ਹੋ ਗਿਆ। ਆਪ ਦੇ ਪਾਸ ਇੱਕ ਭੁਜੰਗੀ ਸੀ, ਜਿਸ ਦਾ ਨਾਮ ਜੋਗਿੰਦਰ ਸਿੰਘ ਹੈ।

ਸ: ਭਾਗ ਸਿੰਘ ਜੀ ਦੇ ਚਿਹਰੇ ਦੀ ਸੁੰਦਰਤਾ ਅਦੁਤੀ ਸੀ। ਆਪ ਦਾ ਕੱਦ ਛੇ ਫੁਟ ਤੋਂ ਉਪਰ ਸੀ। ਇਕ ਵੇਰ ਗੋਰਿਆਂ ਦੇ ਕਿਸੇ ਦਫਤਰ ਵਿਚ ਜੋ ਮਕਾਨ ਦੀ ਆਖਰੀ ਮੰਜ਼ਲ ਤੇ ਸੀ, ਆਪ ਦਾ ਉਨ੍ਹਾਂ ਨਾਲ ਝਗੜਾ ਹੋ ਗਿਆ। ਗੋਰੇ ਧਮਕੀਆਂ ਦੇਣ ਲਗੇ ਤਾਂ ਆਪ ਤੇ ਆਪ ਦੇ ਸਾਥੀ ਦੋਵੇਂ ਮੁਕਾਬਲੇ ਲਈ ਤਿਆਰ ਹੋ ਗਏ। ਭਾ: ਭਾਗ ਸਿੰਘ ਨੇ ਕਿਹਾ, ਸਭ ਨੂੰ ਚੁਕ ਕੇ ਬਜ਼ਾਰ ਵਿਚ ਸੁਟ ਦਿਆਂਗਾ। ਇਹ ਸੁਣ ਕੇ ਗੋਰੇ ਠਠੰਬਰ ਗਏ ਅਤੇ ਗੱਲ ਨੂੰ ਹੋਰ ਪਾਸੇ ਟਾਲਣ ਲਗ ਪਏ। ਆਪ ਬੜੇ ਬਹਾਦਰ ਸਨ, ਦੇਸ਼ ਦੀ ਆਜ਼ਾਦੀ ਵਾਸਤੇ ਆਪ ਦੇ ਦਿੱਲ ਵਿਚ ਬਹੁਤੀ ਤੜਪ ਸੀ ਤੇ ਆਪ ਆਪਣੇ ਅੰਤਮ ਸਵਾਸ ਤੱਕ ਭੀ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ। ਆਪ ਵੈਨਕੋਵਰ ਵਿਚ ਹੀ ਸ਼ਹੀਦੀ ਪਾ ਗਏ। ਆਪ ਪਰ ੬ ਸਤੰਬਰ ੧੯੧੪ ਨੂੰ ਗੁਰਦੁਆਰੇ ਵਿਚ ਗੋਲੀ ਚਲੀ ਸੀ।

**ਸ: ਅਰਜਣ ਸਿੰਘ ਚੰਦ:—**ਸ: ਅਰਜਣ ਸਿੰਘ ਚੰਦ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਆਪ ਪੜ੍ਹਾਈ ਕਰਦੇ ਸਾਰ ਕੈਨੇਡਾ ਚਲੇ ਗਏ ਜਿਥੇ ਜਾ ਕੇ ਆਪ ਕੌਮੀ ਲਹਿਰਾਂ ਵਿਚ ਹਿਸਾ ਨਦੜੀ ਉਮਰ ਵਿਚ ਹੀ ਕਾਫੀ ਲੈਣ ਲਗੇ। ਆਪ ਜੀ ਦੇ ਸੀਨੇ ਅੰਦਰ ਦੇਸ਼ ਕੌਮ ਦਾ ਅਥਾਹ ਪਿਆਰ ਡਲਕ ਪੈਂਦਾ ਹੈ, ਜਦ ਆਪ ਜੀ ਕੈਨੇਡਾ ਤੋਂ ਪੰਜਾਬ ਆਇ ਤਾਂ ਆਪ ਜੀ ਨੇ ਮਾਲਵੇ ਨੂੰ ਇਕੱਤ੍ਰ ਕਰਕੇ ਇਕ ਮਾਲਵਾ ਕਾਨਫ੍ਰੰਸ ਵਡੇ ਪੈਮਾਨੇ ਤੇ ਤਕਰੀਬਨ ੧੯੪੧-੪੨ ਵਿਚ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਕੀਤੀ। ਜਿਥੇ ਆਪ ਹੋਰ ਕੰਮਾਂ ਵਿਚ ਨਪੁੰਨ ਹਨ ਉਥੇ ਆਪ ਨੂੰ ਕੌਮੀ ਲਹਿਰਾਂ ਦਾ ਮਸਾਲਾ ਇਕੱਤ੍ਰ ਕਰਨ ਦਾ ਬੜਾ ਸ਼ੌਕ ਹੈ। ਅਜ ਕਲ ਆਪ ਜੀ ਕੈਨੇਡਾ ਵਿਚ ਨਿਵਾਸ ਰਖਦੇ ਹਨ, ਦਾਸ ਨਾਲ ਆਪ ਜੀ ਦਾ ਗੂੜਾਂ ਪਿਆਰ ਹੈ।

Digitized by Panjab Digital Library | www.panjabdigilib.org

# ਮਾ: ਉਧਮ ਸਿੰਘ ਜੀ ਸ਼ਹੀਦ

ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ
ਕੌਮ ਪਰ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਪਸ਼ਾਵਰ ਤੋਂ ਅਗੇ ਸਰਹੱਦੀ ਇਲਾਕੇ ਵਿਚ ਇਕ ਜਗ੍ਹਾ ਐਸੀ ਹੈ ਜਿਥੇ ਮਾਸਟਰ ਉਧਮ ਸਿੰਘ ਜੀ ਪਠਾਣਾਂ ਦੇ ਹਥੋਂ ਮਾਰੇ ਗਏ ਸਨ। ਮਾ: ਉਧਮ ਸਿੰਘ ਪਿੰਡ ਕਸੇਲ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਦਾ ਨਾਮ ਮੇਵਾ ਸਿੰਘ ਸੀ। ਹਿੰਦ ਵਿਚ ਆਉਣ ਪਰ ਆਪ ਗ੍ਰਿਫ਼ਤਾਰ ਲਏ ਗਏ ਅਤੇ ਮੁਕਦਮਾ ਕਰਕੇ ਆਪ ਨੂੰ ਬਗਾਵਤ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਦਿਤੀ ਗਈ। ਆਪ ਪ੍ਰਹਿਲਾਂ ਸ਼ੰਘਾਈ ਤੇ ਫੇਰ ਅਮ੍ਰੀਕਾ ਦੇ ਸ਼ਹਿਰ ਮਹੋਰੋਮਨ ਵਿਚ ਰਹੇ। ਪ੍ਰਦੇਸਾਂ ਵਿਚ ਨੌ ਸਾਲ ਗੁਜ਼ਾਰੇ, ਆਪ ਆਉਂਦੇ ਹੀ ਮੁਲਤਾਨ ਜੇਹਲ ਵਿਚ ਨਜ਼ਰ ਬੰਦ ਕੀਤੇ ਗਏ। ਫੇਰ ਪਹਿਲੇ ਮੁਕਦਮੇ ਵਿਚ ਉਮਰ ਕੈਦ ਦੀ ਸਜ਼ਾ ਹੋਈ। ਪਹਿਲਾਂ ਕਾਲੇ ਪਾਣੀ ਰਹੇ, ਫੇਰ ਮਦਰਾਸ ਹਾਤੇ ਦੀਆਂ ਜੇਹਲਾਂ ਵਿਚ ਰਹੇ। ੧੯੨੩ ਵਿਚ ਇਨ੍ਹਾਂ ਦੀਆਂ ਬਦਲੀਆਂ ਸੀ. ਪੀ. ਦੀਆਂ ਜੇਹਲਾਂ ਵਿਚ ਕੀਤੀਆਂ ਗਈਆਂ। ਇਨ੍ਹਾਂ ਦੇ ਹਥਕੜੀ ਬੇੜੀ ਕੁਝ ਨਹੀਂ ਸੀ, ਇਹ ਮੌਕਾ ਪਾਕੇ ਖਿਸਕ ਗਏ ਤੇ ਅਫਗਾਨਿਸਤਾਨ ਪਹੁੰਚ ਗਏ, ਆਪ ਕਈ ਵਾਰ ਉਧਰੋਂ ਏਧਰ ਤੇ ਏਧਰੋਂ ਉਧਰ ਪਠਾਣਾਂ ਦੀ ਸਹਾਇਤਾ ਨਾਂਲ ਗੁਪਤ ਰਸਤਿਆਂ ਰਾਹੀਂ ਆਉਂਦੇ ਜਾਂਦੇ ਰਹੇ। ਇਕ ਵਾਰ ਇਹ ਕਾਬਲ ਵਲ ਨੂੰ ਜਾ ਰਹੇ ਸਨ ਕਿ ਪਠਾਣਾਂ ਨਾਲ ਸੌਦਾ ਨਾ ਬਣਿਆ। ਉਹ ਰੁਪਏ ਬਹੁਤੇ ਮੰਗਦੇ ਸਨ ਇਹ ਥੋੜੇ ਦਿੰਦੇ ਸਨ। ਉਹ ਪਠਾਣ ਰਸਤੇ ਵਿਚ ਇਕ ਥਾਂ ਬੈਠ ਗਏ। ਜਦ ਇਹ ਲੰਘਣ ਲਗੇ ਤਾਂ ਉਨ੍ਹਾਂ ਨੇ ਰੁਪਏ ਦੇ ਲਾਲਚ ਵਿਚ ਆ ਕੇ ਕਤਲ ਕਰ ਦਿਤੇ। ਆਪ ੧੯੨੬ ਦੇ ਮਾਰਚ ਮਹੀਨੇ ਵਿਚ ਚਲਾਣਾ ਕਰ ਗਏ। ਆਂਪ ਦਾ ਖਾਲਸਾ ਦੀਵਾਨ ਅਫਗਾਨਿਸਤਾਨ ਤੇ ਲਾਲ ਪੁਰੇ ਦੀ ਸੰਗਤ ਨਾਲ ਬਹੁਤ ਸਬੰਧ ਸੀ। ਆਪ ਦਾ ਸਸਕਾਰ ਵੀ ਲਾਲ ਪੁਰ ਦੀ ਸੰਗਤ ਨੇ ਕੀਤਾ। ਜਦ ਮਹਿਮੰਦ ਕਬੀਲੇ ਦੇ ਪਠਾਣਾਂ ਨੂੰ ਦਸਿਆ ਗਿਆ ਕਿ ਮਾਸਟਰ ਉਧਮ ਸਿੰਘ ਦੇਸ਼ ਭਗਤ ਸਨ ਤਦ ਉਹ ਬੜਾ ਪਛਤਾਏ। ਜਿਥੇ ਆਪ ਕਤਲ ਹੋਏ ਸਨ ਉਸ ਜਗਾਂ ਥੜਾ ਬਣਾ ਕੇ ਝੰਡਾ ਝੁਲਾ ਦਿਤਾ ਗਿਆ।

# ਸ: ਪ੍ਰਿਥੀ ਸਿੰਘ ਜੀ

ਪ੍ਰਿਥੀ ਸਿਘ ਪੁਤਰ ਸ਼ਾਦੀ ਰਾਮ ਪਿੰਡ ਲਾਭੂ-ਲਾਲੜੂ ਇਲਾਕਾ ਕਾਲਕਾ, ਰਿਆਸਤ ਪਟਿਆਲਾ ਦਾ ਵਸਨੀਕ ਹੈ। ਅਗਸਤ ੧੯੧੪ ਵਿਚ ਅਮ੍ਰੀਕਾ ਤੋਂ ਵਾਪਸ ਹਿੰਦੁਸਤਾਨ ਪਹੁੰਚਿਆ ਪਰ ੮ ਦਸੰਬਰ ੧੯੧੪ ਨੂੰ ਅੰਬਾਲੇ ਵਿਚ ਫੜਿਆ ਗਿਆ। ਗ੍ਰਿਫ਼ਤਾਰੀ ਵੇਲੇ ਇਸ ਦੀ ਥਾਣੇਦਾਰ ਅਮਰ ਸਿੰਘ ਨਾਲ ਲੜਾਈ ਹੋਈ ਤੇ ਲੜਦੇ ਹੋਏ ਦੋਨੋਂ ਹੀ ਬੇਹੋਸ਼ ਹੋ ਗਏ। ਇਸ ਨੂੰ ਫੇਰ ਗ੍ਰਿਫ਼ਤਾਰ ਕੀਤਾ ਗਿਆ। ੧੩ ਸਤੰਬਰ ੧੯੧੫ ਨੂੰ ਪਹਿਲੇ ਮੁਕਦਮਾ ਸਾਜ਼ਸ਼ ਲਾਹੌਰ ਵਿਚ ਇਸ ਨੂੰ ਫਾਂਸੀ ਦੀ ਦੀ ਸਜ਼ਾ ਹੋਈ, ਤੇ ਥਾਣੇਦਾਰ ਨਾਲ ਲੜਨ ਪਿਛੇ ਦਸ ਸਾਲ ਦੀ ਕੈਦ ਵਖਰੀ ਹੋਈ ਸੀ। ਪਿਛੋਂ ਫਾਂਸੀ ਦੀ ਸਜ਼ਾ ਟੁਟ ਕੇ ਕੇਵਲ ਉਮਰ ਕੈਦ ਦੀ ਸਜ਼ਾ ਰਹਿ ਗਈ ਸੀ। ਫੇਰ ਇਹ ਕਾਲੇ ਪਾਣੀ ਗਿਆ, ਉਥੋਂ ਮਦਰਾਸ ਜੇਲ੍ਹ ਵਿਚ ਲਿਆਂਦਾ ਗਿਆ। ਇਥੇ ਇਹ ਪਹਿਲੀ ਵੇਰ ਭੱਜਿਆ ਪਰ ਦੂਜੇ ਦਿਨ ਫੜਿਆ ਗਿਆ। ਫੇਰ ਵਾਰਧਾ (ਸੀ. ਪੀ) ਸਟੇਸ਼ਨ ਤੇ ੩੦ ਨਵੰਬਰ ਤੇ ੧ ਦਸੰਬਰ ੧੯੨੨ ਦੀ ਦਰਮਿਆਨੀ ਰਾਤ ਨੂੰ ਭੱਜਿਆ। ਉਪ੍ਰੰਤ ਬਾਬਾ ਗੁਰਮੁਖ ਸਿੰਘ ਨਾਲ ਕਾਬਲ, ਰੂਸ ਆਦਿ ਥਾਵਾਂ ਵਿਚ ਫਿਰਦਾ ਰਿਹਾ ੧੯ ਮਈ ੧੯੩੯ ਦੀ ਸਵੇਰ ਨੂੰ ਬੰਬਈ ਸ਼ਹਿਰ ਵਿਚੋਂ ਜੁਹੂ ਨਾਮੇ ਜਗ੍ਹਾ ਪਰ ਇਸ ਨੇ ਅਪਣੇ ਆਪ ਨੂੰ

Digitized by Panjab Digital Library | www.panjabdigilib.org

ਮਹਾਤਮਾ ਗਾਂਧੀ ਦੇ ਸਪੁਰਦ ਕਰ ਦਿਤਾ। ਮਹਾਤਮਾ ਜੀ ਨੇ ਇਲਾਕਾ ਗਿਰਦ ਨਿਵਾਹ ਬੰਬਈ ਦੇ ਡਿਸਟ੍ਰਕਟ ਮੈਜਿਸਟ੍ਰੇਟ ਨੂੰ ਲਿਖਿਆ ਕਿ ਪ੍ਰਿਥੀ ਸਿੰਘ ਮੇਰੇ ਪਾਸ ਆ ਗਿਆ ਹੈ, ਮੈਂ ਉਸ ਦੀ ਰਿਹਾਈ ਲਈ ਸਰਕਾਰ ਹਿੰਦ ਨਾਲ ਲਿਖਾ ਪੜ੍ਹੀ ਕਰਨੀ ਹੈ, ਜੇ ਤੁਸੀਂ ਉਸ ਨੂੰ ਕਾਨੂੰਨੀ ਤੌਰ ਤੇ ਖੁਲਾ ਨਹੀਂ ਛਡ ਸਕਦੇ ਤਾਂ ਆਕੇ ਗ੍ਰਿਫਤਾਰ ਕਰ ਸਕਦੇ ਹੋ। ੧੯ ਮਈ ੧੯੩੮ ਨੂੰ ਦਿਨ ਦੇ ੧ ਬਜੇ ਡਿਸਟ੍ਰਕਟ ਮੈਜਿਸਟ੍ਰੇਟ ਤੇ ਸੁਪ੍ਰਟੰਡੰਟ ਪੁਲੀਸ ਸਮੇਤ ਆਕੇ ਪ੍ਰਿਥੀ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਤੇ ਮਹਾਤਮਾਂ ਜੀ ਨੂੰ ਦਸਿਆ ਕਿ ਉਸ ਨਾਲ 'ਬੀ' ਕਲਾਸ ਦੇ ਕੈਦੀਆਂ ਵਾਲਾ ਸਲੂਕ ਕੀਤਾ ਜਾਏਗਾ। ਆਪ ਨੇ ਮਹਾ-ਤਮਾ ਗਾਂਧੀ ਨੂੰ ਇਹ ਭਰੋਸਾ ਦਿਤਾ ਸੀ ਕਿ ਮੈਂ ਹੁਣ ਸ਼ਾਂਤਮਈ ਦਾ ਧਾਰਨੀ ਹੋ ਗਿਆ ਹਾਂ। ਮਹਾਤਮਾ ਜੀ ਦੀ ਲਿਖਤ ਪੜਤ ਨਾਲ ਇਹ ਰਿਹਾ ਹੋ ਗਏ, ਫੇਰ ਕੁਝ ਚਿਰ ਪਿਛੋਂ ਆਪ ਨੇ ਇਹ ਕਹਿ ਦਿਤਾ ਕਿ ਮੇਰੇ ਖਿਆਲ ਪਹਿਲੇ ਵਾਲੇ ਹੀ ਹਨ। ਜਦ ਆਪ ਭਜੇ ਹਨ ਤਾਂ ਰਾਜ ਮੰਦਰੀ ਜੇਲ ਤੋਂ ਆਏ ਸਨ। ਇਨਾਂ ਦੇ ਹਥਕੜੀ ਬੇੜੀ ਕੁਝ ਨਹੀਂ ਲਾਈ ਗਈ ਸੀ। ਅਜ ਕਲ ਆਪ ਆਪਣੇ ਪਿੰਡ ਵਿਚ ਹੀ ਰਹਿੰਦੇ ਹਨ।

## ਸੰਤ ਸੁੰਦਰ ਸਿੰਘ ਜੀ ਕੈਨੇਡੀਅਨ (ਸੰਤ ਸਿਪਾਹੀ)

ਬਾਬਾ ਸੁੰਦਰ ਸਿੰਘ ਜੀ ਕੈਨੇਡੀਅਨ ਦਾ ਜਨਮ ਨਗਰ ਨਥੋਕੇ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਜਦ ਆਪ ਜਵਾਨ ਹੋਏ ਤਾਂ ਵਦੇਸ਼ਾਂ ਵਿਚ ਜਾਣ ਦਾ ਚਾ ਪੈਦਾ ਹੋਇਆ। ਆਪ ਕੈਨੇਡਾ ਚਲੇ ਗਏ। ਆਪ ਦਾ ਜੀਵਨ ਬਹੁਤ ਹੀ ਸਾਦਾ ਸੀ ਅਤੇ ਆਪਜੀ ਨੂੰ ਸਾਰੇ ਹਿੰਦੋਸਤਾਨੀ ਸੰਤ ਸਮਝਦੇ ਸਨ। ਉਸ ਦੇਸ਼ ਵਿਚ ਰਹਿ ਕੇ ਜਿਥੇ ਜੀਵਨ ਦਾ ਮਨੋਰਥ ਐਸ਼ ਕਰਨਾ ਸਮਝਿਆ ਜਾਂਦਾ ਹੈ ਆਪਣੇ ਗੁਰ ਸਿਖੀ ਆਚਰਨ ਨੂੰ ਕਾਇਮ ਰਖਣਾ ਇਹ ਵਿਰਲੇ ਗੁਰਮੁਖਾਂ ਦੇ ਹਿਸੇ ਆਇਆ ਹੈ।

ਆਪ ਸਚੇ ਸੁਚੇ ਤੇ ਸਾਫ ਹਿਰਦੇ ਦੇ ਮਾਲਕ ਸਨ ਇਸ ਲਈ ਬਦੇਸ਼ਾਂ ਵਿਚ ਗੁਲਾਮ ਹਿੰਦੀਆਂ ਨਾਲ ਜੋ ਨਿਰਾਦਰੀ ਭਰਿਆ ਵਰਤਾਉ ਕੀਤਾ ਜਾਂਦਾ ਸੀ ਉਸ ਨੂੰ ਵੇਖ ਕੇ ਆਪ ਦੇ ਦਿਲ ਵਿਚ ਆਜ਼ਾਦੀ ਦੀ ਅਮਿੱਟ-ਲਗਨ ਲਗ ਗਈ ਆਪਣੇ ਹਿੰਦੋਸਤਾਨੀਆਂ ਨੂੰ ਆਜ਼ਾਦੀ ਲਈ ਤਿਆਰ ਕਰਨਾ ਸ਼ੁਰੂ ਕਰ ਦਿਤਾ। ਗਦਰ ਪਾਰਟੀ ਦੀ ਕਾਇਮੀ ਲਈ ਮੈਦਾਨ ਤਿਆਰ ਕਰਨਾ ਇਹ ਆਪ ਜੀ ਜੈਸੇ ਦੇਸ਼ ਪ੍ਰੇਮੀਆਂ ਦਾ ਹੀ ਕੰਮ ਸੀ। ਜਦ ੧੯੧੪–੧੫ ਵਿਚ ਪਹਿਲੀ ਵਡੀ ਲੜਾਈ ਆਰੰਭ ਹੋਈ ਤਾਂ ਕੈਨੇਡਾ ਦੀ ਸਰਕਾਰ ਨੇ ਆਪਜੀ ਨੂੰ ਨਜ਼ਰਬੰਦ ਕਰ ਲਿਆ ਅਤੇ ਆਪ ਜ ੀਦਾ ੨੫੦੦੦) ਰੁਪਇਆ ਜੋ ਬੈਂਕ ਵਿਚ ਜਮਾ ਸੀ ਜ਼ਬਤ ਕਰ ਲਿਆ। ਜਦ ਕੋਮਾਗਾਟਾਮਾਰੂ ਜਹਾਜ਼ ਵੈਨਕੋਵਰ ਪੁਜਿਆ ਤੇ ਉਥੋਂ ਵਾਪਸ ਮੁੜਿਆ ਤਾਂ ਆਪ ਨਜ਼ਰਬੰਦੀ ਤੋੜ ਕੇ ਦੇਸ਼ ਨੂੰ ਵਾਪਸ ਆ ਗਏ ਅਤੇ ਕਿਸੇ ਹੋਰ ਰਸਤੇ ਤੋਂ ਗੁਰੂ ਨਾਨਕ ਕੈਨੇਡਾ ਜਹਾਜ਼ ਪਰ ਆਕੇ ਸਵਾਰ ਹੋ ਗਏ। ਆਪ ਨੇ ਇਸ ਜਹਾਜ਼ ਨੂੰ ਪੰਜ ਹਜ਼ਾਰ ਰੁਪਇਆ ਦਾਨ ਦਿਤਾ।

ਬੱਜ ਬੱਜ ਘਾਟ ਤੋਂ ਆਪ ਬਚ ਕੇ ਨਿਕਲ ਆਏ-ਅਰਸਾ ਪੰਜ ਸਾਲ ਤੱਕ ਅਬਚਲ ਨਗਰ ਹਜ਼ੂਰ ਸਾਹਿਬ ਰਹਿਕੇ ਸੇਵਾ ਕਰਦੇ ਰਹੇ। ਆਪ ਦੀਆਂ ਰੁਚੀਆਂ ਹੁਣ ਰਾਜਸੀ ਕੰਮ ਵਲੋਂ ਹਟ ਕੇ ਧਾਰਮਕ ਕੰਮਾਂ ਵਲ ਹੋ ਗਈਆਂ ਸਨ ਇਸ ਕਰਕੇ ਵਾਪਸ ਆ ਕੇ ਨਹਿਰ ਦੇ ਕਿਨਾਰੇ ਇਕ ਇਕਾਂਤ ਥਾਂ ਵੇਖ ਕੇ ਟੱਲੇਵਾਲ ਪਿੰਡ ਦੀ ਜੂਹ ਵਿਚ ਰਹਿਣ ਲੱਗ ਪਏ। ਪਿੰਡ ਵਿਚੋਂ ਬਹੁਤ ਸਾਰੇ ਸਜਨ ਆਪ ਜੀ ਦੇ ਸਾਥੀ ਪੈਦਾ ਹੋਗੇ।

ਪਟਿਆਲਾ ਪੁਲਸ ਨੇ ਆਪ ਜੀ ਨੂੰ ਇਥੋਂ ਕਢਣ ਦੇ ਬਹੁਤ ਯਤਨ ਕੀਤੇ ਪ੍ਰੰਤੂ ਉਹ ਸਫਲ ਨਾ ਹੋਈ। ਆਪ ਗੁਰਬਾਣੀ ਦੇ ਇਤਨੇ ਰਸੀਏ ਹੋ ਗਏ ਕਿ ਲਗਾਤਾਰ ਚਾਰ ਚਾਰ ਦਿਨ ਇਕਟੱਕ

Digitized by Panjab Digital Library | www.panjabdigilib.org

ਸਮਾਧੀ ਲਗਾਈ ਰਖਦੇ ਸਨ । ਅਭਿਆਸ ਨਾਲ ਆਪਜੀ ਨੂੰ ਭਵਿਖੱਤ ਦੀ ਸੋਝੀ ਹੋਣ ਲੱਗ ਪਈ ਸੀ। ਆਪ ਜੋ ਗਲ ਦਸਿਆ ਕਰਦੇ ਸਨ ਉਹ ਪੂਰੀਆਂ ਹੋ ਜਾਇਆ ਕਰਦੀਆਂ ਸਨ ।

ਆਪਨੇ ਗੁਰੂ ਸਾਹਿਬ ਜੀਦੇ ਮਿਸ਼ਨ ਅਨਸਾਰ ਅਤੁਟ ਲੰਗਰ ਚਲਾਇਆ । ਆਪ ਨੇ ਲੰਗਰ ਲਈ ਲਕੜਾਂ ਲਿਔਣ ਵਾਸਤੇ ਇਕ ਵੇਰ ਨਹਿਰ ਦੀਆਂ ਟਾਲੀਆਂ ਵਢ ਲਿਆਂਦੀਆਂ । ਨਹਿਰ ਦੇ ਹਾਕਮ ਨੇ ਆਪ ਵਿਰੁਧ ਮੁਕਦਮਾ ਚਲਾ ਦਿਤਾ। ਪ੍ਰੰਤੂ ਜਦ ਆਪ ਅਦਾਲਤ ਵਿਚ ਪੇਸ਼ ਹੋਏ ਤਾਂ ਆਪ ਜੀ ਦੀ ਬ੍ਰਹਿਮ ਗਿਆਨੀਆਂ ਵਾਲੀ ਬਿਰਤੀ ਵੇਖਕੇ ਮੁਕਦਮਾਂ ਵਾਪਸ ਲੈ ਲਿਆ ਗਿਆ।

ਆਪ ਜੀ ਦਾ ਅਕਾਲ ਚਲਾਣਾ ੨੧ ਫਰਵਰੀ ੧੯੩੨ ਪਿੰਡ ਟੱਲੇ ਵਾਲ ਵਿਚ ਹੋਇਆ। ਆਪਨੇ ਟਾਹਲੀ ਦੀ ਇਕ ਸੁਕੀ ਲਕੜੀ ਉਤੇ ਕੇਸਰੀ ਨਿਸ਼ਾਨ ਝੁਲਾਇਆ ਸੀ, ਆਪ ਜੀ ਦੇ ਸਾਥੀਆਂ ਨੇ ਆਪ ਜੀ ਦੀ ਪਵਿੱਤ੍ਰ ਯਾਦ ਨੂੰ ਕਾਇਮ ਰਖਣ ਲਈ ਉਸੇ ਥਾਂ ਇਕ ਸੌ ਪੰਦਰਾਂ ਫੁਟ ਨਿਸ਼ਾਨ ਸਾਹਿਬ ਝੁਲਾਇਆ। ਸੰਤ ਜੀ ਮਹਾਰਾਜ ਦੀ ਯਾਦ ਵਿਚ ਨਗਰ ਟਲੇ ਵਾਲ ਦੇ ਹਰ ਇਕ ਘਰ ਨੇ ਅਖੰਡ ਪਾਠ ਕਰਾਇਆ ਜਿਸ ਦੀ ਗਿਣਤੀ ਚਾਰ ਸੌ ਦੇ ਕਰੀਬ ਪੁਜ ਗਈ ਸੀ। ਆਪ ਜੀ ਦੇ ਸੇਵਕ ਸੰਤ ਲਾਲ ਸਿੰਘ ਜੀ ਬਿਰਕਤ ਗੁਰਦੁਵਾਰਾ ਟਲੇ ਵਾਲ ਦੀ ਸੇਵਾ ਕਰਵਾ ਰਹੇ ਹਨ ਅਤੇ ਆਪ ਜੀ ਨੇ ਪੰਜ ਸੌ ਤੋਂ ਵਧ ਅਖੰਡ ਪਾਠ ਕਰਵਾਏ ਹਨ ਅਤੇ ਦੋ ਹਜ਼ਾਰ ਸਿੰਘਾਂ ਨੂੰ ਅੰਮ੍ਰਿਤਪਾਨ ਕਰਾਇਆ ਹੈ। ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਕੈਨੇਡੀਅਨ ਸੱਚੇ ਅਰਥਾਂ ਵਿਚ ਸੰਤ ਸਿਪਾਹੀ ਸਨ ਅਤੇ ਦੇਸ਼ ਪਿਆਰ ਤੇ ਗੁਰੂ ਪਿਆਰ ਆਪ ਜੀ ਦੀ ਰਗ ਰਗ ਵਿਚ ਰਚਿਆ ਹੋਇਆ ਸੀ।

## ਸ੍ਰ: ਸੱਜਨ ਸਿੰਘ ਜੀ ਬੀਹਲਾ (ਦੇਸ਼ ਭਗਤ)

ਆਪ ਜੀਦਾ ਜਨਮ ਪਿੰਡ ਬਹੀਲਾ ਰਿ: ਪਟਿਆਲਾ ਵਿਚ ਹੋਇਆ। ਆਪ ਕੈਨੇਡਾ ਵਿਚ ਰਹੇ ਤੇ ਗ਼ਦਰ ਪਾਰਟੀ ਵਿਚ ਵਧ ਚੜ੍ਹਕੇ ਕੰਮ ਕੀਤਾ। ਦੇਸ਼ ਵਾਪਸ ਆ ਕੇ ਆਪਨੇ ਇਨਕਲਾਬੀ ਸਰਗਰਮੀਆਂ ਵਿਚ ਵਧ ਚੜ੍ਹਕੇ ਹਿੱਸਾ ਲਿਆ। ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਦੀ ਲਹਿਰ ਵਿਚ ਹਿੱਸਾ ਲੈਣ ਦੇ ਅਪ੍ਰਾਧ ਵਿਚ ਜਿਨ੍ਹਾਂ ਦੇਸ਼ ਭਗਤਾਂ ਪਰ ਮੁਕੱਦਮੇ ਚਲਾਏ ਗਏ ਆਪ ਭੀ ਉਨ੍ਹਾਂ ਵਿਚ ਸ਼ਾਮਲ ਸਨ ਇਸ ਕਰਕੇ ਆਪ ਜੀ ਨੂੰ ਕੈਦ ਦੀ ਸਜ਼ਾ ਦਿਤੀ ਗਈ। ਆਪ ਅਕਾਲੀ ਲਹਿਰ ਵਿਚ ਵੀ ਹਿੱਸਾ ਲੈਂਦੇ ਰਹੇ। ਕੈਨੇਡਾ ਵਿਚ ਆਪਨੇ ਕਾਮਾ ਗਾਟਾ ਮਾਰੂ ਜਹਾਜ਼ ਦੀ ਸਹਾਇਤਾ ਲਈ ਕਈ ਹਜ਼ਾਰ ਰੁਪੈ ਦੀ ਉਗਰਾਹੀ ਕਰਨ ਵਿਚ ਸਹਾਇਤਾ ਕੀਤੀ ਸੀ।

**ਭਾ: ਬੰਤਾ ਸਿੰਘ ਜੀ ਸ਼ਹੀਦ**—"ਭਾਰਤ ਵਰਸ਼ ਨੂੰ ਆਜ਼ਾਦ ਕਰਾਉਣ ਦੀ ਕੁੰਜੀ ਨੌਜਵਾਨਾਂ ਦੇ ਹੱਥ ਵਿਚ ਹੈ। ਜੇ ਉਹ ਚਾਹੁਣ ਤਾਂ ਦੇਸ਼ ਨੂੰ ਆਜ਼ਾਦ ਕਰਾਂ ਸਕਦੇ ਹਨ। ਆਜ਼ਾਦੀ ਕਿਸੇ ਭੀ ਮੁੱਲੋਂ ਮਹਿੰਗੀ ਨਹੀਂ। ਆਜ਼ਾਦੀ ਲਈ ਸੀਸ ਕੁਰਬਾਨ ਕਰਨਾ ਫਖਰ ਦੀ ਗੱਲ ਹੈ'। ਇਹ ਉਹ ਬਚਨ ਹਨ ਜੋ ਭਾਈ ਬੰਤਾ ਸਿੰਘ ਜੀ ਸ਼ਹੀਦ ਆਪਣੇ ਸਾਥੀਆਂ ਨੂੰ ਕਿਹਾ ਕਰਦੇ ਸਨ । ਆਪ ਦਾ ਜਨਮ ੧੮੯੦ ਨੂੰ ਪਿੰਡ ਸੰਗਵਾਲ ਜ਼ਿਲਾ ਜਲੰਧਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ: ਬੂਟਾ ਸਿੰਘ ਸੀ।

ਪੰਜ ਸਾਲਾਂ ਦੀ ਉਮਰ ਵਿਚ ਮਾਤਾ ਪਿਤਾ ਨੇ ਆਪ ਨੂੰ ਸਕੂਲ ਵਿਚ ਪੜ੍ਹਨ ਲਈ ਦਾਖਲ ਕਰਾ ਦਿੱਤਾ । ਆਪ ਦਾ ਦਿਮਾਗ ਬਹੁਤ ਵਚਿੱਤ੍ਰ ਸੀ। ਹਰ ਇਕ ਗੱਲ ਨੂੰ ਬਹੁਤ ਛੇਤੀ ਯਾਦ ਕਰ ਲਿਆ ਕਰਦੇ ਸਨ। ਸੱਤਵੀਂ ਤੇ ਅੱਠਵੀਂ ਦਾ ਇਮਤਹਾਨ ਆਪ ਨੇ ਇਕੋ ਸਾਲ ਵਿਚ ਦੇ ਦਿੱਤਾ ਸੀ।

Digitized by Panjab Digital Library | www.panjabdigilib.org

ਆਪ ਡੀ. ਏ. ਵੀ. ਸਕੂਲ ਜਲੰਧਰ ਵਿਚ ਪੜ੍ਹਿਆ ਕਰਦੇ ਸਨ। ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲਿਆ ਕਰਦੇ ਸਨ। ਆਪ ਨੇ ਉਸ ਵੇਲੇ ਸੇਵਾ ਭਾਵ ਨੂੰ ਮੁਖ ਰਖਕੇ ਸਕਾਉਟਾਂ ਦਾ ਇਕ ਜੱਥਾ ਬਣਾਇਆ। ਪੜ੍ਹ ਲਿਖਕੇ ਆਪ ਦੇ ਦਿਲ ਵਿਚ ਬਦੇਸ਼ਾਂ ਦੀ ਸੈਰ ਕਰਨ ਦਾ ਉਤਸ਼ਾਹ ਪੈਦਾ ਹੋਇਆ। ਪਹਿਲਾਂ ਆਪ ਚੀਨ ਵਿਚ ਗਏ। ਉਥੇ ਆਪ ਦੇ ਨਗਰ ਦੇ ਕੁਝ ਅਖੌਤੀ ਅਛੂਤ ਭਰਾ ਗਏ ਹੋਇ ਸਨ ਤੇ ਉਨ੍ਹਾਂ ਦੀ ਹਾਲਤ ਬੜੀ ਤਰਸ ਯੋਗ ਸੀ। ਆਪ ਨੇ ਉਨ੍ਹਾਂ ਦਾ ਸਾਰਾ ਖਰਚ ਪਲਿਉਂ ਕਰਕੇ ਉਨ੍ਹਾਂ ਨੂੰ ਵਾਪਸ ਪਿੰਡ ਲਿਆਂਦਾ। ਇਥੋਂ ਆਪ ਅਮਰੀਕਾ ਚਲੇ ਗਏ। ਅਮਰੀਕਾ ਵਿਚ ਪੁਜ ਕੇ ਭੀ ਆਪ ਨੇ ਨਿਜੀ ਜਾਇਦਾਦ ਬਨਾਉਣ ਦੀ ਥਾਂ ਲੋਕ ਭਲਾਈ ਦੇ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲਿਆ। ਹੋਰ ਸਾਥੀਆਂ ਸਮੇਤ ਆਪ ਭੀ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਗਦਰ ਪਾਰਟੀ ਨੂੰ ਸਫਲ ਕਰਨ ਲਈ ਮਾਲੀ ਸਹਾਇਤਾ ਭੀ ਦਿੰਦੇ ਰਹੇ। ੧੯੧੪ ਵਿਚ ਆਪ ਵਾਪਸ ਦੇਸ਼ ਆ ਗਏ। ਪਿੰਡ ਵਿਚ ਆਕੇ ਆਪ ਨੇ ਇਕ ਸਕੂਲ ਖੋਲਿਆ ਜਿਸ ਵਿਚ ਗੁਰਮੁਖੀ ਵਿਦਿਆ ਪੜ੍ਹਾਈ ਜਾਂਦੀ ਸੀ। ਆਪ ਨੇ ਪਿੰਡ ਵਿਚ ਇਕ ਪੰਚਾਇਤ ਭੀ ਬਣਾਈ ਜਿਸ ਦੇ ਮੁਖੀ ਆਪ ਸਨ। ਆਪ ਬਹੁਤ ਸ਼ਾਨਦਾਰ ਫੈਸਲੇ ਕਰਿਆ ਕਰਦੇ ਸਨ। ਇਕ ਵੇਰ ਆਪ ਜੀ ਨੇ ਚੀਫ ਕੋਰਟ ਦਾ ਫੈਸਲਾ ਰਦ ਕਰਕੇ ਪਿੰਡ ਵਿਚ ਦੋ ਪਾਰਟੀਆਂ ਦਾ ਫੈਸਲਾ ਕਰ ਦਿੱਤਾ।

ਅਮਰੀਕਾ ਤੋਂ ਵਾਪਸ ਆਏ ਦੇਸ਼ ਭਗਤਾਂ ਦਾ ਆਪ ਪਾਸ ਆਉਣਾ ਜਾਣਾ ਸੀ। ਇਸ ਕਰਕੇ ਆਪ ਨੂੰ ਗ੍ਰਿਫਤਾਰ ਕਰਨ ਲਈ ਅਚਾਨਕ ਹੀ ਪੁਲਸ ਨੇ ਛਾਪਾ ਮਾਰਿਆ। ਆਪ ਉਸ ਸਮੇਂ ਘਰ ਨਹੀਂ ਸਨ। ਪੁਲਸ ਨੇ ਤਲਾਸ਼ੀ ਲੈਕੇ ਆਪ ਦੇ ਬਹੁਤ ਸਾਰੇ ਕਾਗਜ਼ਾਤ ਕਬਜ਼ੇ ਵਿਚ ਕਰ ਲਏ। ਪਿਛੋਂ ਆਪ ਦੀ ਗ੍ਰਿਫਤਾਰੀ ਲਈ ਇਨਾਮ ਰਖਿਆ ਗਿਆ ਪਰ ਆਪ ਫੜੇ ਨਾ ਗਏ।

ਇਕ ਦਿਨ ਆਪ ਸ: ਸੱਜਨ ਸਿੰਘ ਖਖਰਾਣਾ ਨਾਲ ਲਾਹੌਰ ਦੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਲਈ ਪੁਜੇ। ਇਹ ਮੀਟਿੰਗ ਅਨਾਰਕਲੀ ਬਾਜ਼ਾਰ ਦੇ ਇਕ ਮਕਾਨ ਵਿਚ ਹੋਣੀ ਸੀ। ਪੁਲਸ ਨੂੰ ਏਨਾਂ ਦੋਹਾਂ ਪਰ ਸ਼ੱਕ ਪਿਆ। ਥਾਨੇਦਾਰ ਇਨ੍ਹਾਂ ਦੀ ਤਲਾਸ਼ੀ ਕਰਨ ਲਈ ਅੱਗੇ ਵਧਿਆ ਤਾਂ ਅਰਜਨ ਸਿੰਘ ਨੇ ਉਸ ਨੂੰ ਪਸਤੌਲ ਦਾ ਵਾਰ ਕਰਕੇ ਹੈਡ ਕਨਸਟੇਬਲ ਮਹਿਮੂਦ ਅਲੀ ਨੂੰ ਮਾਰ ਦਿੱਤਾ। ਦੋਵੇਂ ਸੱਜਨ ਭੱਜ ਨਿਕਲੇ ਪਰ ਸੱਜਨ ਸਿੰਘ ਜੀ ਫੜੇ ਗਏ। ਭਾਈ ਸਾਹਿਬ ਜੀ ਭੱਜਕੇ ਦੁਆਬੇ ਵਾਪਸ ਆ ਗਏ। ਦੋਸਤਾਂ ਨਾਲ ਸਲਾਹ ਕੀਤੀ ਕਿ ਹੁਣ ਕੀ ਕਰਨਾ ਚਾਹੀਦਾ ਹੈ। ਸਭ ਨੇ ਇਹ ਕਿਹਾ ਕਿ ਗਦਾਰ ਤੇ ਸਰਕਾਰ ਦੇ ਝੋਲੀ ਚੁਕਾਂ ਦਾ ਸਫਾਇਆ ਕੀਤਾ ਜਾਵੇ। ਭਾਈ ਬੂਟਾ ਸਿੰਘ ਤੇ ਜਵੰਦ ਸਿੰਘ ਨੂੰ ਨਾਲ ਲੈਕੇ ਆਪ ਨੇ ਜ਼ੈਲਦਾਰ ਚੰਦਾ ਸਿੰਘ ਨੂੰ ਕਤਲ ਕਰ ਦਿੱਤਾ।

ਅੰਮ੍ਰਿਤਸਰ ਪੁਲ ਤੇ ਛਾਪਾ ਮਾਰਨ ਸਮੇਂ ਭੀ ਆਪ ਜਵੰਦ ਸਿੰਘ ਜੀ ਦੇ ਨਾਲ ਸਨ। ਆਪ ਨੂੰ ਪਿੰਡ ਜੌੜੇ ਵਿਚ ਆਪ ਦੇ ਇਕ ਲਾਲਚੀ ਰਿਸ਼ਤੇਦਾਰ ਨੇ ਪੁਲਸ ਨੂੰ ਭੇਦ ਦੇਕੇ ਫੜਾ ਦਿੱਤਾ। ਡਿਪਟੀ ਕਮਿਸ਼ਨਰ ਦੀ ਕਚਹਿਰੀ ਵਿਚ ਆਪ ਜੀ ਨੂੰ ਪੇਸ਼ ਕੀਤਾ ਗਿਆ। ਆਪ ਨੇ ਅੰਗ੍ਰੇਜ਼ੀ ਵਿਚ ਉਨ੍ਹਾਂ ਨਾਲ ਇੱਕ ਘੰਟਾ ਬਹਿਸ ਕੀਤੀ। ਡਿਪਟੀ ਕਮਿਸ਼ਨਰ ਤੋਂ ਆਗਿਆ ਲੈ ਕੇ ਆਪ ਦਰਸ਼ਨ ਕਰਨ ਆਏ। ਪੰਜਾਬੀ ਭਰਾਵਾਂ ਦੇ ਸਾਹਮਣੇ ਪ੍ਰਭਾਵਸ਼ਾਲੀ ਤਕਰੀਰ ਕੀਤੀ। ਆਪ ਨੇ ਕਿਹਾ ਉਹ ਦਿਨ ਦੂਰ ਨਹੀਂ ਜਦੋਂ ਸਾਡਾ ਦੇਸ਼ ਆਜ਼ਾਦ ਹੋਵੇਗਾ ਤੇ ਇਹ ਲੋਕ ਜੋ ਅੱਜ ਸਰਕਾਰ ਦੇ ਪੁਰਜ਼ੇ ਹਨ ਸਾਡੀਆਂ ਮਿੰਨਤਾ ਕਰਨਗੇ। ਆਪ ਨੂੰ ਫਾਂਸੀ ਦੀ ਸਜ਼ਾ ਹੋ ਗਈ। ਆਪ ਨੇ ਇਹ ਕਹਿਕੇ ਫਾਂਸੀ ਦੇ ਰਸੇ ਨੂੰ ਗੱਲ ਵਿਚ ਪਾਇਆ।

Digitized by Panjab Digital Library | www.panjabdigilib.org

ਹੇ ਵਾਹਿਗੁਰੂ ਅੱਜ ਮੇਰੇ ਧੰਨਭਾਗ ਹਨ ਕਿ ਮੇਰੀ ਇਹ ਨਿਮਾਣੀ ਜਿੰਦੜੀ ਭੀ ਦੇਸ਼ ਤੇ ਕੌਮ ਦੀ ਖਾਤਰ ਲੱਗੀ ਹੈ।

ਆਪ ਵੱਲਾ ਪੁਲ ਦੇ ਹਮਲੇ ਵਿਚ ਬੀ ਸ਼ਾਮਲ ਸਨ, ਜੋ ੧੧ ਜੂਨ ੧੯੧੫ ਨੂੰ ਹੋਇਆ ਸੀ। ਇਸ ਵਿਚ ਦੋ ਫੌਜੀ ਮਾਰੇ ਗਏ ਸਨ। ਇਸ ਹਮਲੇ ਦੇ ਦੋਸ਼ ਤੇ ਸ: ਚੰਦਾ ਸਿੰਘ ਦੇ ਕਤਲ ਦੇ ਦੋਸ਼ ਵਿਚ ਆਪ ਹੋਰ ਸਾਥੀਆਂ ਸਮੇਤ ੧੯੧੫ ਦੇ ਪਿਛਲੇ ਮਹੀਨਿਆਂ ਵਿਚ ਸੈਂਟ੍ਰਲ ਜੇਲ੍ਹ ਲਹੌਰ ਵਿਚ ਫਾਂਸੀ ਲਗੇ।

**ਸ: ਰਲਾ ਸਿੰਘ ਲੀਲਾਂ** — ਸਰਦਾਰ ਜੀ ਦਾ ਜਨਮ ਨਗਰ ਲੀਲਾਂ ਜ਼ਿਲਾ ਲੁਧਿਆਣਾ ਹੈ। ਸ: ਦਸੌਂਧਾ ਸਿੰਘ ਦੇ ਘਰ ਪੈਦਾ ਹੋਏ। ਜ਼ਵਾਨ ਹੋਕੇ ਆਪ ਭੀ ਕੈਨੇਡਾ ਚਲੇ ਗਏ। ਉਥੇ ਆਪ ਜੀ ਗੁਰਦਵਾਰਿਆਂ ਦੀ ਸੇਵਾ ਅਤੇ ਧਾਰਮਕ ਕੰਮਾਂ ਵਿਚ ਵਧ ਚੜ੍ਹਕੇ ਹਿਸਾ ਲੈਂਦੇ ਰਹੇ। ੧੯੧੩ ਵਿਚ ਜਦ ਗਦਰ ਪਾਰਟੀ ਬਣੀ ਤਾਂ ਆਪ ਨੇ ਇਸ ਪਾਰਟੀ ਵਿਚ ਭੀ ਹਿਸਾ ਲਿਆ। ੧੯੧੪ ਵਿਚ ਆਪ ਵਾਪਸ ਦੇਸ਼ ਨਹੀਂ ਆਏ ਅਤੇ ਉਥੇ ਰਹਿਕੇ ਹੀ ਕੰਮ ਕਰਦੇ ਰਹੇ। ਆਪ ਜੀ ਦਾ ਰੋਸਾ ਸੀ ਕਿ ਅਮ੍ਰੀਕਾ ਨਿਵਾਸੀ ਸਿਖਾਂ ਨੂੰ ਆਪਣੇ ਦੇਸ ਚੋਂ ਅਨਪੜ੍ਹਤਾ ਦੂਰ ਕਰਨ ਲਈ ਯਤਨ ਕਰਨਾ ਚਾਹੀਦਾ ਹੈ। ਆਪ ਨੇ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਨੂੰ ਬਹੁਤ ਸਾਰੀ ਸਹਾਇਤਾ ਇਕਠੀ ਕਰਕੇ ਭੇਜੀ।

## ਕਾਮਰੇਡ ਹਜ਼ਾਰਾ ਸਿੰਘ ਜੀ "ਹਮਦਮ"

ਆਪ ਦਾ ਜਨਮ ਨਗਰ ਜਨੇਤ ਪੁਰਾ ਵਿਚ ਸ: ਗੁਰਦਿਤ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਰੂੜ ਕੌਰ ਦੀ ਕੁਖ ਤੋਂ ੧੯੦੬ ਵਿਚ ਹੋਇਆ। ਆਪ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਸਨ ਅਤੇ ਪੜ੍ਹਾਈ ਵਿਚ ਵਜ਼ੀਫਾ ਪ੍ਰਾਪਤ ਕਰਿਆ ਕਰਦੇ ਸਨ। ੬ ਸਾਲ ਦੀ ਅਵਸਥਾ ਵਿਚ ਆਪ ਨੇ ਸਿਧਵਾਂ ਬੇਟ ਦੇ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ। ੧੯੨੩ ਵਿਚ ਆਪ ਨੇ ਖਾਲਸਾ ਹਾਈ ਸਕੂਲ ਲੁਧਿ- ਆਣਾ ਵਿਚੋਂ ਮੈਟਰਕ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਐਫ. ਸੀ. ਕਾਲਜ ਲਹੌਰ ਵਿਚ ਦਾਖਲ ਹੋ ਗਏ। ਕਈ ਕਾਰਨਾਂ ਕਰਕੇ ਆਪ ਕਾਲਜ ਦੀ ਪੜ੍ਹਾਈ ਜਾਰੀ ਨਾ ਰਖ ਸਕੇ।

ਕਾਮਰੇਡ ਹਜ਼ਾਰਾ ਸਿੰਘ ਜੀ ਦੇ ਵਡੇ ਭਰਾ ਸ: ਪੂਰਨ ਸਿੰਘ ਜੀ ਕੋਮ ਗਾਟਾ ਮਾਰੂ ਜਹਾਜ਼ ਦੇ ਸਟੋਰ ਕੀਪਰ ਸਨ ਅਤੇ ਬਾਹਰਲੇ ਮੁਲਕਾਂ ਵਿਚ ਰਹਿ ਆਏ ਸਨ। ਉਨ੍ਹਾਂ ਨੇ ਆਪ ਨੂੰ ਆਜ਼ਾਦੀ ਦੀ ਲਗਨ ਲਗਾਈ ਅਤੇ ਕਿਹਾ ਕਿ ਜੇ ਉਚੀ ਵਿਦਿਆ ਪ੍ਰਾਪਤ ਕਰਨੀ ਹੈ ਤਾਂ ਅਮ੍ਰੀਕਾ ਜਾਣਾ ਚਾਹੀਦਾ ਹੈ। ਅਮ੍ਰੀਕਾ ਵਿਚ ਖੁਦ ਕਮਾਈ ਕਰਕੇ ਵਿਦਿਆ ਪ੍ਰਾਪਤ ਕਰਨ ਵਿਚ ਔਖ ਨਹੀਂ ਹੁੰਦੀ। ਇਹ ਗਲ ਆਪ ਦੇ ਦਿਲ ਲਗ ਗਈ ਤੇ ਆਪ ਅਮ੍ਰੀਕਾ ਜਾਣ ਦੀਆਂ ਤਿਆਰੀਆਂ ਕਰਨ ਲਗ ਪਏ।

੧੯੨੮ ਵਿਚ ਆਪ ਅਮ੍ਰੀਕਾ ਪੁਜ ਗਏ ਅਤੇ ਕਾਲਜ ਵਿਚ ਪੜ੍ਹਾਈ ਆਰੰਭ ਕਰ ਦਿਤੀ। ਇਥੇ ਆਪ ਦਾ ਮੇਲ ਬਾਬਾ ਗੁਰਮੁਖ ਸਿੰਘ ਜੀ ਤੇ ਹੋਰ ਦੇਸ਼ ਭਗਤਾਂ ਨਾਲ ਹੋਇਆ ਜਿਨ੍ਹਾਂ ਨੇ ਦੇਸ਼ ਪਿਆਰ ਦੀ ਐਸੀ ਸਿਖਿਆ ਦਿਤੀ ਕਿ ਆਪ ਗਦਰ ਪਾਰਟੀ ਵਿਚ ਸ਼ਾਮਲ ਹੋਕੇ ਆਜ਼ਾਦੀ ਦੀ ਜਦੋ ਜਹਿਦ ਕਰਨ ਲਗ ਪਏ। ਗਦਰ ਅਖਬਾਰ ਦਾ ਐਡੀਟਰ ਸ: ਸੂਰਤ ਸਿੰਘ ਹਟ ਗਿਆ ਸੀ ਇਸ ਕਰਕੇ ਕੁਝ ਅਰਸਾ ਆਪ ਗਦਰ ਅਖਬਾਰ ਦੇ ਐਡੀਟਰ ਭੀ ਰਹੇ। ਆਪ ਦੀਆਂ ਜੋਸ਼ੀਲੀਆਂ ਲਿਖਤਾਂ ਅਤੇ ਅਗੇ ਵਧੂ ਕਵਿਤਾਵਾਂ ਪੜ੍ਹਨ ਵਾਲਿਆਂ ਪਰ ਬਹੁਤ ਅਸਰ ਪਾਉਂਦੀਆਂ ਸਨ। ਅਮ੍ਰੀਕਾ ਵਿਚ ਰਹਿ

Digitized by Panjab Digital Library | www.panjabdigilib.org

ਕੇ ਆਪ ਨੇ ਕਮਿਊਨਿਜ਼ਮ ਦੀ ਚੰਗੀ ਪੜ੍ਹਾਈ ਕੀਤੀ। ਆਪ ਕਮਿਊਨਿਜ਼ਮ ਦੀ ਥਿਊਰੀ ਦੇ ਹਾਮੀ ਬਣ ਗਏ। ਅਮਰੀਕਾ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਕੇ ਆਪ ਸਰਗਰਮੀ ਨਾਲ ਕੰਮ ਕਰਦੇ ਰਹੇ।

ਅਮਰੀਕਾ ਦੀ ਸਰਕਾਰ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਉਸ ਦੀ ਪਰਜਾ ਵਿਚ ਕਮਿਊਨਿਜ਼ਮ ਦਾ ਪ੍ਰਚਾਰ ਕੀਤਾ ਜਾਵੇ। ਸਰਕਾਰ ਨੇ ਕਮਿਊਨਿਸਟਾਂ ਦੀ ਪਕੜ ਧਕੜ ਆਰੰਭ ਕੀਤੀ। ਸ਼ਹਿਰ ਲਾਗੇ ਸਟੇਟ ਕੈਲੇਫੋਰਨੀਆਂ ਵਿਚ ਛਾਪਾ ਮਾਰ ਕੇ ਆਪ ਜੀ ਨੂੰ ਭੀ ਗ੍ਰਿਫਤਾਰ ਕਰ ਲਿਆ ਗਿਆ।

ਕੈਲੇਫੋਰਨੀਆਂ ਦੀ ਸਰਕਾਰ ਚਾਹੁੰਦੀ ਸੀ ਕਿ ਕਮਿਊਨਿਸਟ ਪਾਰਟੀ ਨੂੰ ਕਾਨੂੰਨ ਵਿਰੁਧ ਜਮਾਤ ਕਰਾਰ ਦੇ ਕੇ ਇਸ ਲਹਿਰ ਨੂੰ ਕੁਚਲ ਦਿੱਤਾ ਜਾਵੇ। ਇਸ ਕਰਕੇ ਉਸ ਨੇ ਗ੍ਰਿਫਤਾਰ ਕੀਤੇ ਗਏ ਸਾਥੀਆਂ ਪਰ ਰਾਜ ਪਲਟਾਉਣ ਦਾ ਮੁਕੱਦਮਾ ਬਣਾਇਆ, ਜੋ ਉਹ ਸਾਬਤ ਨਾ ਕਰ ਸਕੀ। ਕਈ ਸਾਥੀ ਹਮਦਮ ਜੀ ਜੇਲ੍ਹ ਵਿਚ ਬੰਦ ਰਹੇ। ਮੁਕੱਦਮਾ ਸਾਬਤ ਨਾ ਕਰ ਸਕਣ ਪਿਛੋਂ ਅਮਰੀਕਨ ਕਮਊਨਿਸਟ ਤਾਂ ਰਿਹਾ ਕਰ ਦਿੱਤੇ ਗਏ। ਪ੍ਰੰਤੂ ਆਪ ਨੂੰ ਇਕ ਸਾਲ ਹੋਰ ਕੈਦ ਵਿਚ ਬੰਦ ਰਖਿਆ। ਜਦ ਆਪ ਰਿਹਾ ਹੋਏ ਤਾਂ ਕਿਸੇ ਤ੍ਰੀਕੇ ਨਾਲ ਰੂਸ ਚਲੇ ਗਏ ਤੇ ਉਥੇ ਜਾ ਕੇ ਕਮਿਊਨਿਜ਼ਮ ਦੀ ਚੰਗੀ ਤਰ੍ਹਾਂ ਸਿਖਿਆ ਪ੍ਰਾਪਤ ਕਰਕੇ ਹਿੰਦੁਸਤਾਨ ਵਿਚ ਵਾਪਸ ਆ ਗਏ ਤੇ ਇਥੇ ਕਮਿਊਨਿਸਟ ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਦੇ ਰਹੇ।

੧੯੪੭ ਵਿਚ ਦੇਸ਼ ਦੀ ਵੰਡ ਕਰਕੇ ਕਾਂਗਰਸ ਮਾਰਕਾ ਆਜ਼ਾਦੀ ਆਈ ਤਾਂ ੧੯੪੮ ਵਿਚ ਕਮਿਊਨਿਸਟ ਵਰਕਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਇਸ ਸਮੇਂ ਪਾਰਟੀ ਦਾ ਫੈਸਲਾ ਸੀ ਕਿ ਜੇਹੜੇ ਸਜਨ ਗੁਪਤ ਰਹਿਕੇ ਕੰਮ ਕਰ ਸਕਦੇ ਹਨ ਉਹ ਜੇਲ੍ਹਾਂ ਵਿਚ ਨਾ ਜਾਣ। ਇਸ ਫੈਸਲੇ ਅਨੁਸਾਰ ਸਾਥੀ ਹਜ਼ਾਰਾ ਸਿੰਘ ਜੀ ਹਮਦਮ ਭੀ ਕਈ ਸਾਲ ਗੁਪਤ ਰਹਕੇ ਕੰਮ ਕਰਦੇ ਰਹੇ। ੧੯੫੨ ਵਿਚ ਜਦ ਆਮ ਚੋਣਾਂ ਹੋਈਆਂ ਤਾਂ ਆਪ ਦੇ ਵਾਰੰਟ ਗ੍ਰਿਫਤਾਰੀ ਵਾਪਸ ਲਏ ਗਏ। ਅੱਜ ਕੱਲ ਆਪ ਫਿਰ ਬੜੀ ਸਰਗਰਮੀ ਨਾਲ ਕੰਮ ਕਰ ਰਹੇ ਹਨ ਅਤੇ ਆਪ ਦੀ ਗਿਣਤੀ ਚੋਣਵੇ ਕਮਿਊਨਿਸਟ ਵਰਕਰਾਂ ਵਿਚ ਕੀਤੀ ਜਾਂਦੀ ਹੈ।

## ਸ੍ਰੀ ਰਾਮ ਨਾਥ ਮੋਗਾ (ਨੌਜਵਾਨ ਭਾਰਤ ਸਭਾ ਦੇ ਦੇਸ਼ ਭਗਤ)

ਸ੍ਰੀ ਰਾਮ ਨਾਥ ਜੀ ਦਾ ਜਨਮ ਪਿੰਡ ਮੌੜ (ਪੈਪਸੂ) ਵਿਚ ਸ੍ਰੀ ਭਗਤ ਰਾਮ ਜੀ ਦੇ ਘਰ ਮਾਤਾ ਸੁਹਾਵੀ ਦੀ ਕੁਖ ਤੋਂ ਸੰਨ ੧੯੧੧ ਵਿਚ ਹੋਇਆ। ੧੯੨੮ ਦੇ ਦਸੰਬਰ ਵਿਚ ਆਪ ਨੌਜਵਾਨ ਭਾਰਤ ਸਭਾ ਦੇ ਮੈਂਬਰ ਬਣ ਗਏ। ਜਦੋਂ ੧੯੨੯ ਵਿਚ ਸ: ਭਗਤ ਸਿੰਘ ਦੇ ਸਾਥੀ ਤੇ ਪ੍ਰਸਿਧ ਦੇਸ਼ ਭਗਤ ਸ੍ਰੀ ਜਤਿੰਦ੍ਰ ਨਾਥ ਲੰਬੀ ਭੁਖ ਹੜਤਾਲ ਕਰਕੇ ਲਾਹੌਰ ਜੇਹਲ ਵਿਚ ਸ਼ਹੀਦ ਹੋ ਗਏ। ਉਨ੍ਹਾਂ ਦੀ ਮੌਤ ਦਾ ਨੌਜਵਾਨਾ ਦੇ ਦਿਲ ਪਰ ਬਹੁਤ ਅਸਰ ਹੋਇਆ। ਸ੍ਰੀ ਰਾਮ ਨਾਥ ਨੇ ਮੋਗਾ ਵਿਚ ਅੰਗਰੇਜ਼ੀ ਸਰਕਾਰ ਵਿਰੁਧ ਰੋਸ ਮਈ ਜਲੂਸ ਕਢਣ ਦਾ ਪ੍ਰਬੰਧ ਕੀਤਾ ਅਤੇ ਨੌਜਵਾਨ ਭਾਰਤ ਸਭਾ ਦੀ ਮੋਗਾ ਸ਼ਾਖ ਕਾਇਮ ਕੀਤੀ ਜਿਸ ਦੇ ਆਪ ਜਨਰਲ ਸਕੱਤ੍ਰ ਚੁਣੇ ਗਏ। ੧੯੨੯ ਵਿਚ ਲਾਹੌਰ ਕਾਂਗਰਸ ਦੇ ਵਾਲੰਟੀਅਰ ਬਣਕੇ ਗਏ। ੧੯੩੦ ਵਿਚ ਦੌਧਰ ਤੇ ਹੋਰ ਪਿੰਡਾਂ ਵਿਚ ਨੌਜਵਾਨ ਭਾਰਤ ਸਭਾ ਦੀਆਂ ਸ਼ਾਖਾਂ ਕਾਇਮ ਕੀਤੀਆਂ ਤੇ ਜਲਸੇ ਜਲੂਸ ਦਾ ਪ੍ਰੋਗਰਾਮ ਜਾਰੀ ਕੀਤਾ।

ਨੌਜਵਾਨ ਭਾਰਤ ਸਭਾ ਦੇ ਗੁਜਰਾਂ ਵਾਲਾ ਸਮਾਗਮ ਵਿਚ ਆਪ ਐਗਜ਼ੈਕਟਿਵ ਮੈਂਬਰ ਚੁਣੇ

Digitized by Panjab Digital Library | www.panjabdigilib.org

ਗਏ। ਵਾਪਸ ਆਉਂਦੇ ਹੋਇ ਆਪ ਫੀਰੋਜ਼ਪੁਰ ਫੜੇ ਗਏ ਤੇ ਦੋ ਮੁਕਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। ਅਟਕ ਜੇਹਲ ਵਿਚ ਆਪਨੇ ਬਹੁਤ ਤਸੀਹੇ ਸਹਾਰੇ। ਅਟਕ ਤੋਂ ਵਾਪਸ ਆ ਕੇ ਆਪਨੇ ਕਿਰਤੀ ਕਿਸਾਨ ਪਾਰਟੀ ਜ਼ਿਲਾ ਫੀਰੋਜਪੁਰ ਕਾਇਮ ਕਰਨ ਵਿਚ ਹਿੱਸਾ ਲਿਆ ਤੇ ਅੰਗ੍ਰੇਜ਼ੀ ਸਾਮਰਾਜ ਵਿਰੁਧ ਘੋਲ ਜਾਰੀ ਰਖਿਆ। ਜ਼ਿਲੇ ਦੀ ਕਿਰਤੀ ਕਿਸਾਨ ਪਾਰਟੀ ਦੇ ਆਪ ਜਨਰਲ ਸਕੱਤ੍ਰ ਸਨ। ਕਿਰਤੀ ਕਿਸਾਨ ਪਾਰਟੀ ਦੀਆਂ ਕਾਨਫ੍ਰੰਸਾਂ ਰੋਡੇ ਤੇ ਘੱਲਾਂ ਵਿਚ ਹੋਈਆਂ। ਇਨ੍ਹਾਂ ਜਲਸਿਆਂ ਵਿਚ ਤਕਰੀਰਾਂ ਕਰਨ ਦੇ ਅਪ੍ਰਾਧ ਵਿਚ ਸਾਥੀ ਕਰਮ ਸਿੰਘ ਅਜੀਤ ਵਾਲ, ਬਾਬਾ ਚੰਨਣ ਸਿੰਘ ਚੂਹੜਚੱਕ, ਇੰਦਰ ਸਿੰਘ ਕਿਰਤੀ ਨਵੇਂ ਚੰਦ ਤੇ ਰਾਮ ਨਾਥ ਗ੍ਰਿਫਤਾਰ ਕੀਤੇ ਗਏ ਅਤੇ ਪੁਲਸ ਨੇ ਇਨ੍ਹਾਂ ਪੁਰ ਇਕ ਸਾਲ ਮੁਕਦਮਾ ਚਲਾਇਆ ਕਿ ਇਹ ਸਾਥੀ ਕਿਲਾ ਫੀਰੋਜ਼ਪੁਰ ਪਰ ਕਬਜ਼ਾ ਕਰਕੇ ਰਾਜ ਉਲਟਾਉਣਾ ਚਹੁੰਦੇ ਸਨ। ਇਸ ਮੁਕਦਮੇ ਵਿਚ ਇਨ੍ਹਾਂ ਨੂੰ ਪੰਜ ਪੰਜ ਸਾਲ ਦੀਆਂ ਸਖਤ ਸਜ਼ਾਵਾਂ ਸੁਣਾਈਆਂ ਗਈਆਂ। ਸਜ਼ਾ ਸੁਣਾਨ ਤੋਂ ਪਹਿਲਾਂ ਇੰਨਸਪੈਕਟਰ ਸੀ. ਆਈ. ਡੀ. ਨੇ ਇਨ੍ਹਾਂ ਸਾਥੀਆਂ ਨੂੰ ਕਿਹਾ ਕਿ ਜੇ ਤੁਸੀਂ ਮਾਫੀ ਮੰਗ ਲਵੋ ਤੇ ਅਗੇ ਤੋਂ ਰਾਜਸੀ ਕੰਮ ਨਾ ਕਰਨ ਦਾ ਇਕਰਾਰ ਕਰੋ ਤਾਂ ਰਿਹਾ ਹੋ ਸਕਦੇ ਹੋ ਤੇ ਸਰਕਾਰ ਸਹਾਇਤਾ ਦੇਣ ਲਈ ਭੀ ਤਿਆਰ ਹੈ। ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਭੀ ਸਾਥੀ ਨੇ ਮਾਫੀ ਨਾ ਮੰਗੀ ਅਤੇ ਜਵਾਬ ਦਿਤਾ ਕਿ ਅਸੀਂ ਦੇਸ਼ ਦੀ ਆਜ਼ਾਦੀ ਲਈ ਵਡੀ ਤੋਂ ਵਡੀ ਮੁਸੀਬਤ ਸਹਾਰਨ ਲਈ ਤਿਆਰ ਹਾਂ।

**ਭਾਈ ਪ੍ਰੇਮ ਸਿੰਘ ਜੀ ਸਰਾਭਾਃ**—ਭਾਈ ਪ੍ਰੇਮ ਸਿੰਘ ਪਿਤਾ ਜੀਵਾ ਸਿੰਘ ਦੇ ਘਰ ਮਾਤਾ ਜੀਵਨ ਕੋਰ ਦੀ ਗੋਦ ਵਿਖੇ ਜਨਮ ੧੯੧੧ ਨੂੰ ਪਿੰਡ ਸਰਾਭਾ ਤਹਿਸੀਲ ਜਗਰਾਉਂ ਜ਼ਿਲਾ ਲਧਿਆਣਾ ਵਿਖੇ ਹੋਇਆ ਆਪ ਜੀ ਦੇ ਵਡੇ ਭਰਾਤਾ ਤੇਜਾ ਸਿੰਘ ਸਫਰੀ ਸਨ ਜਿਨ੍ਹਾਂ ਤੋਂ ਆਪ ਨੂੰ ਦੇਸ਼ ਸੇਵਾ ਦੀ ਚੇਟਕ ਲਗੀ। ਛੇਵੇਂ ਸ਼ਹੀਦੀ ਜਥੇ ਵਿਚ ਜਾਣ ਦਾ ਯਤਨ ਕੀਤਾ ਪ੍ਰੰਤੂ ਉਮਰ ਛੋਟੀ ਹੋਣ ਕਰਕੇ ਨਾ ਭੇਜਿਆ ਗਿਆ।

੧੯੨੮ ਦੇ ਅਖੀਰ ਕਲਕਤੇ ਆਪ ਦੇ ਭਰਾ ਸ: ਤੇਜਾ ਸਿੰਘ ਸਫਰੀ ਜੀ ਪਾਸ ਚਲੇ ਗਏ। ਸਾਈਮਨ ਕਮਿਸ਼ਨ ਦੇ ਬਾਈਕਾਟ ਵਿਚ ਵਧ ਚੜ੍ਹਕੇ ਕੰਮ ਕੀਤਾ। ਸੁਭਾਸ਼ ਚੰਦਰ ਬੋਸ ਨੇ ਪ੍ਰੇਮ ਸਿੰਘ ਦੀ ਬਹਾਦਰੀ ਵੇਖ ਕੇ ਸ਼ਾਬਾਸ਼ ਦਿਤੀ ਅਤੇ ਕਿਹਾ ਇਹੋ ਜਿਹੇ ਨੌਜਵਾਨ ਦੇਸ਼ ਆਜ਼ਾਦ ਕਰਾਉਣਗੇ ਪੰਜਾਬੀ ਨੌਜਵਾਨ ਸਭਾ ਦੀ ਬੁਨਿਆਦ ਰਖੀ। 'ਸਾਂਝੀਵਾਲ' ਹਫਤਾਵਾਰ ਅਖਬਾਰ ਕਢਿਆ। ਜਿਸ ਦੇ ਆਪ ਐਡੀਟਰ ਰਹੇ। ਅਖਬਾਰ ਸਰਕਾਰ ਨੇ ਬੰਦ ਕਰ ਦਿਤਾ। ਸਚਿੰਦ੍ਰ ਨਾਥ ਸਨਿਆਲ ਦੀ ਅਰਥੀ ਦੇ ਜਲੂਸ ਤੇ ਆਪ ਦੀ ਗ੍ਰਿਫਤਾਰੀ ਹੋਈ ਤੇ ਤਿੰਨ ਮਹੀਨੇ ਕੈਦ ਕਟੀ, ਬੰਗਾਲ ਸਾਜ਼ਸ਼ ਕੇਸ ੧੨ ਦੇਸ਼ ਭਗਤਾਂ ਪਰ ਮੁਕੱਦਮਾ। ਸੁਭਾਸ਼ ਚੰਦਰ ਬੋਸ ਨਾਲ ਪੰਜ ਪੰਜਾਬੀ, ਪ੍ਰੇਮ ਸਿੰਘ, ਬਚਨ ਦਾਸ ਘੱਵੱਦੀ, ਮਹਾਂ ਸਿੰਘ ਕਮਾਲਪੁਰਾ। ਪੰਜ ਬੰਗਾਲੀ ਚਾਰ ਚਾਰ ਸਾਲ ਲਈ ਕੈਦ ਕੀਤੇ ਗਏ, ਅਪੀਲ ਵਿਚ ੨ ਸਾਲ ਰਹਿ ਗਈ। ਜੇਹਲ ਵਿਚ ਕੁਟ ਸਮੇਂ ਸੁਭਾਸ਼ ਨੂੰ ਬਚੌਣ ਲਈ ਉਤੇ ਡਿੱਗ ਪਏ ਤੇ ਸੱਟਾਂ ਨਾਲ ਮਰਨਾਉਂ ਹੋ ਗਏ। ਉਹ ਸੁਭਾਸ਼ ਨੂੰ ਬਹੁਤ ਪਿਆਰ ਕਰਦੇ ਸਨ। ਕੈਦ ਖਤਮ ਹੋਣ ਪਿਛੋਂ ਸੁਭਾਸ਼ ਜੀ ਤੇ ਪ੍ਰੇਮ ਸਿੰਘ ਜੀ ਨੂੰ ੧੮੧੮ ਰੈਗੂਲੇਸ਼ਨ ਅਨਸਾਰ ਨਜ਼ਰਬੰਦ ਕਰ ਦਿਤਾ ਗਿਆ, ੧੯੩੨ ਪਿਛੋਂ ਬੰਗਾਲ ਵਿਚੋਂ ਜਿਲਾਵਤਨ ਕਰ ਦਿਤੇ ਗਏ ਫੇਰ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋਏ, ਉਪ੍ਰੰਤ ਜੇਲ੍ਹ ਵਿਚ ਹੀ ਭੁਖ ਹੜਤਾਲ ਦੇ ਕਾਰਨ ਗੁਜ਼ਰ ਗਏ। ਭਾਈ ਰਤਨ ਸਿੰਘ ਕਾਲੇ ਪਾਣੀ ਤੋਂ ਆਉਂਦਾ ਹੋਇਆ ਭੱਜ ਗਿਆ। ਲੁਧਿਹਾਣੇ ਦੇ ਨੇੜੇ ਤਾਰਾਂ

Digitized by Panjab Digital Library | www.panjabdigilib.org

ਕੁੱਟੀਆਂ ਤੇ ਗ੍ਰਿਫਤਾਰ ਹੋਏ। ਪੁਲਸ ਮੁਕਦਮਾ ਨਾ ਸਾਬਤ ਕਰ ਸਕੀ, ਆਪ ਡੇਢ ਮਹੀਨੇ ਪਿਛੋਂ ਰਿਹਾ ਹੋਏ।

੧੯੩੬ ਵਿਚ ਪਿੰਡ ਵਿਚ ਨਜ਼ਰਬੰਦ ਕਰ ਦਿਤੇ, ੧ ਸਾਲ ਨਜ਼ਰਬੰਦ ਰਹੇ, ੧੯੩੯ ਵਿਚ ਫਿਰ ਫੜੇ ਗਏ ਪਰ ਮੁਕਦਮਾ ਨਾ ਚਲ ਸਕਿਆ, ਇਕ ਮਹੀਨਾ ਜੇਹਲ ਵਿਚ ਰਖ ਕੇ ਛੱਡ ਦਿਤੇ। ਕੋਰੋਟਾਣੇ ਸੂਬਾ ਕਿਸਾਨ ਕਾਨਫਰੰਸ ਡਰਾਮਾ ਕਰਨ ਦੇ ਦੋਸ਼ ਵਿਚ ੨ ਸਾਲ ਕੈਦ ਹੋਈ ਪਰ ੮ ਮਹੀਨੇ ਕਟਕੇ ਰਿਹਾ ਹੋ ਗਏ। ਆਪ ਕਿਸਾਨ ਸਭਾ ਜ਼ਿਲਾ ਲੁਧਿਆਣਾ ਦੇ ਜਨਰਲ ਸੈਕਟ੍ਰੀ ਅਤੇ ਟੀਸੀ ਦੇ ਮੈਂਬਰ ਸਨ। ੧੯੪੮ ਵਿਚ ਫਿਰ ਗ੍ਰਿਫਤਾਰ ਕੀਤੇ ਗਏ। ਭੁਖ ਹੜਤਾਲ ਵਿਚ ਬੋਲ ਕੈਂਪ ਜੇਹਲ ਵਿਚ ਇਕ ਪਾਸਾ ਮਾਰਿਆ ਗਿਆ ਤੇ ਆਪ ਨੂੰ ਰਿਹਾ ਕਰ ਦਿਤਾ। ਪਿੰਡ ਵਿਚ ਨਜ਼ਰਬੰਦ ਕਰਨ ਦਿਤੇ। ਆਪ ਅੰਡਰ ਗਰਾਊਂਡ ਹੋ ਗਏ ਤੇ ਆਪਣਾ ਇਲਾਜ ਕਰਾਉਂਦੇ ਰਹੇ। ਫਿਰ ਆ ਕੇ ਕੰਮ ਕਰਨ ਲੱਗ ਪਏ। ਫਿਰ ਸਾਨ੍ਹੇਵਾਲ ਆ ਕੇ ਗ੍ਰਿਫਤਾਰ ਹੋਏ। ੧੯੪੯ ਵਿਚ ਲੁਧਿਹਾਣਾ ਜੇਲ੍ਹ ਅੰਦਰ ਭੁਖ ਹੜਤਾਲ ਤੇ ੨੯ ਸਤੰਬਰ ਨੂੰ ਮਾਰ ਕੁਟ ਦੇ ਕਾਰਨ ਜੇਲ੍ਹ ਵਿਚ ਮੌਤ ਹੋ ਗਈ। ਸਰਕਾਰ ਨੇ ਲਾਸ਼ ਨਹੀਂ ਦਿਤੀ। ਛੋਟੇ ਭਾਈ ਜਾਗੀਰ ਸਿੰਘ ਨੂੰ ਲਾਸ਼ ਲੈਣ ਗਏ ਕੁਟਿਆ ਗਿਆ ਤੇ ਹਿਰਾਸਤ ਵਿਚ ਰਖਿਆ, ਇਸ ਤੇ ਕੇਸ ਕੀਤਾ ਗਿਆ ਪਰ ਕੋਈ ਸੁਣਵਾਈ ਨਾ ਹੋਈ। ਇਨ੍ਹਾਂ ਦੇ ਪਿਤਾ ਸ: ਜੀਵਾ ਸਿੰਘ ਕਾਂਗਰਸ ਸਤਿਆਗ੍ਰਹਿ ਵਿਚ ਦੋ ਵੇਰ ਜੇਲ੍ਹ ਗਏ।

## ਸ: ਤੇਜਾ ਸਿੰਘ ਜੀ ਸਫਰੀ ਸਰਾਭਾ

ਆਪ ਦਾ ਜਨਮ ਪਿਤਾ ਸ: ਜੀਵਾ ਸਿੰਘ ਤੇ ਮਾਤਾ ਜੀਵਨ ਕੌਰ ਦੀ ਕੁਖੋਂ ੧੯੧੧ ਵਿਚ ਹੋਇਆ। ਸ: ਪ੍ਰੇਮ ਸਿੰਘ ਜੀ ਆਪ ਦੇ ਛੋਟੇ ਭਾਈ ਸਨ। ੧੯੧੯ ਵਿਚ ੧੦ ਨੰਬਰ ਰਸਾਲੇ ਵਿਚੋਂ ਨਾਂ ਕਟਾਇਆ। ਅਕਾਲੀ ਤਹਿਰੀਕ ਵਿਚ ਸ਼ਾਮਲ ਹੋ ਗਏ ਤੇ ਵਧ ਚੜ੍ਹ ਕੇ ਕੰਮ ਕਰਦੇ ਰਹੇ। ਹੇਰਾਂ ਦੇ ਗੁਰਦੁਆਰੇ ਪਰ ਕਬਜ਼ਾ ਕੀਤਾ। ਅਕਾਲੀ ਜੱਥੇ ਦੀ ਵਰਕਿੰਗ ਕਮੇਟੀ ਵਿਚ ਗੁਰੂ ਕੇ ਬਾਗ ਨੂੰ ਜੱਥਾ ਲੈ ਗਏ ਤੇ ਗ੍ਰਿਫਤਾਰ ਹੋ ਗਏ। ਤਿੰਨ ਮਹੀਨੇ ਜੇਲ੍ਹ ਵਿੱਚ ਰਹੇ। ਮੇਲਾ ਛਪਾਰ ਤੇ ਇਨ੍ਹਾਂ ਦੀ ਪ੍ਰਧਾਨਗੀ ਹੇਠ ਕਾਨਫ੍ਰੰਸ ਹੋਈ। ਜਿਸ ਕਰਕੇ ਵਾਰੰਟ ਨਿੱਕਲੇ ਤੇ ਫੜੇ ਗਏ। ਇਕ ਸਾਲ ਕੈਦ ਹੋਈ। ੧੯੨੪ ੩੧ ਜਨਵਰੀ ਨੂੰ ਮੁਲਤਾਨ ਤੋਂ ਰਿਹਾ ਹੋਇ। ਜੈਤੋ ਦੇ ਮੋਰਚੇ ਪਰ ਪਹਿਲੇ ਜੱਥੇ ਤੇ ਗੋਲੀ ਚਲਣ ਪਰ ਵਾਰੰਟ ਨਿਕਲ ਗਏ। ਤੀਜੇ ਸ਼ਹੀਦੀ ਜੱਥੇ ਵਿਚ ਜੈਤੋ ਗਏ। ਵਾਪਸ ਆਉਣ ਤੇ ਦੂਜੇ ਦਿਨ ਫਿਰ ਗ੍ਰਿਫਤਾਰ ਕੀਤੇ ਗਏ ਅਤੇ ਕੈਦ ਰਹੇ। ੨ ਸਾਲ ਕੈਦ ਤੇ ਦੋ ਸੌ ਰੁਪਇਆ ਜ਼ੁਰਮਾਨਾ ਭੀ ਹੋਇਆ। ਕਲਕੱਤੇ ੧੯੨੮ ਵਿਚ ਜਾਕੇ ਕਵੀ ਕੁਟੀਆ ਕਲਕੱਤਾ ਤੋਂ ਰਸਾਲਾ ਜਾਰੀ ਕੀਤਾ। ਕਲਕੱਤੇ ਵਾਰੰਟ ਜਾਰੀ ਹੋ ਗਏ ਅਤੇ ਪੰਜਾਬ ਵਿਚ ਭੀ ਵਾਰੰਟ ਨਿਕਲੇ। ਅੰਮ੍ਰਿਤਸਰ ਨੌਜਵਾਨ ਭਾਰਤ ਸਭਾ ਦੀ ਕਾਨਫ੍ਰੰਸ ਵਿਚ ਸ਼ਾਮਲ ਹੋਏ। ੧੨੪ ਏ. ਵਿਚ ਕਈ ਮੁਕਦਮਿਆਂ ਵਿਚ ਮਿਲਾਕ ਸਾਢੇ ਚਾਰ ਸਾਲ ਕੈਦ ਹੋਈ। ਭੁਖ ਹੜਤਾਲ ੪੮ ਦਿਨ ਰੱਖੀ। ਸ: ਭਗਤ ਸਿੰਘ ਹੋਰਾਂ ਨਾਲ ੧੯੩੦ ਵਿਚ ਏ. ਬੀ. ਕਲਾਸਾਂ ਦੇ ਵਿਰੁਧ ਰਾਵਲਪਿੰਡੀ ਜੇਲ੍ਹ ਵਿਚ ਪਹਿਲੀ ਜੁਲਾਈ ਤੋਂ ਭੁਖ ਹੜਤਾਲ ਕੀਤੀ ਜੋ ੩੧ ਦਿਨ ਜਾਰੀ ਰਹੀ। ਜ਼ਿਲਾ ਕਿਸਾਣ ਸਭਾ ਦੇ ਪ੍ਰਧਾਨ ਕੋਰੋਟਾਣਾ ਕਾਨਫਰੰਸ ਤੇ ਨਾ ਪੁਜ ਸਕੇ ਤੇ ਪਿੰਡ ਵਿਚ ਤਿੰਨ ਸਾਲ ਨਜ਼ਰਬੰਦ ਰਹੇ। ਕਿਸਾਨ ਮੋਰਚਾ ਲਾਹੌਰ ਵਿਚ ਗ੍ਰਿਫਤਾਰ ਹੋਏ ਤੇ ੯ ਮਹੀਨੇ ਕੈਦ ਕੱਟੀ। ਅੰਗਰੇਜ਼ਾਂ ਦੇ ਚਲੇ ਜਾਣ ਤੱਕ ਨਜ਼ਰਬੰਦ ਰਹੇ।

Digitized by Panjab Digital Library | www.panjabdigilib.org

੧੯੪੮ ਵਿਚ ਫਿਰ ਨਜ਼ਰਬੰਦ ਕਰਕੇ ਲੁਧਿਆਣੇ ਭੇਜੇ ਗਏ। ਦੋ ਮਹੀਨੇ ਭੁਖ ਹੜਤਾਲ ਕੀਤੀ। ਜੇਲ੍ਹ ਵਿਚੋਂ ਕਢ ਕੇ ਪਿੰਡ ਵਿਚ ਨਜ਼ਰਬੰਦ ਕੀਤੇ ਗਏ। ਤਿੰਨ ਚਾਰ ਸਾਲ ਤੋਂ ਪਿੰਡ ਵਿਚ ਨਜ਼ਰਬੰਦ ਰਹੇ ਹਨ। ਹੁਣ ਭੀ ਨਿਗਰਾਨੀ ਹੁੰਦੀ ਹੈ। ੧੯੪੮ ਵਿਚ ਚਾਰੇ ਲੜਕੇ ਟਾਈਫਾਈਡ ਨਾਲ ਬੀਮਾਰ ਸਨ। ਸ: ਜੀ ਨਜ਼ਰਬੰਦ ਸਨ ਆਪ ਨੇ ੧੦ ਦਰਖਾਸਤਾਂ ਦਿਤੀਆਂ ਕਿ ਮੈਨੂੰ ਲੁਧਿਹਾਣੇ ਇਲਾਜ਼ ਕਰਾਉਣ ਦੀ ਆਗਿਆ ਦਿਤੀ ਜਾਵੇ ਪਰ ਦੋ ਮਹੀਨੇ ਪਿਛੋਂ ਜਵਾਬ ਆਇਆ। ਇਕ ਲੜਕਾ ਅਮਰਜੀਤ ਸਿੰਘ ਗੁਜ਼ਰ ਚੁਕਾ ਸੀ। ੧੯੫੦ ਵਿਚ ਆਪ ਇਕ ਮਹੀਨਾ ਫਿਰ ਭੁਖ ਹੜਤਾਲ ਪਰ ਰਹੇ। ਕਈ ਸਾਲ ਹੋਏ ਆਪ ਚਲਾਣਾ ਕਰ ਚੁਕੇ ਹਨ। ਪਿਛੋਂ ਆਪ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ।

## ਬਾਬਾ ਨਿਧਾਨ ਸਿੰਘ ਜੀ ਮਹੇਸਰੀ ਐਮ. ਐਲ. ਏ.

ਬਾਬਾ ਨਿਧਾਨ ਸਿੰਘ ਜੀ ਮਹੇਸਰੀ ਐਮ. ਐਲ. ਏ. ਪੰਜਾਬ ਦੇ ਪ੍ਰਸਿੱਧ ਰਾਜਸੀ ਆਗੂਆਂ ਵਿਚੋਂ ਹੋਇ ਹਨ। ਆਪ ਦਾ ਜਨਮ ਪਿੰਡ ਮਹੇਸਰੀ ਜ਼ਿਲਾ ਫੀਰੋਜ਼ਪੁਰ ਵਿਚ ਸ: ਹੀਰਾ ਸਿੰਘ ਜੀ ਦੇ ਘਰ ਮਾਤਾ ਭੋਲੀ ਦੀ ਕੁਖ ਤੋਂ ਸੰਨ ੧੮੮੩ ਈ: ਵਿਚ ਹੋਇਆ। ਬਚਪਨ ਵਿਚ ਆਪ ਨੇ ਚੰਗੀ ਵਿਦਿਆ ਪੜ੍ਹੀ। ਜਦ ਆਪ ਜਵਾਨ ਹੋਇ ਤਾਂ ਆਜ਼ਾਦ ਦੇਸ਼ ਦੀ ਸੈਰ ਕਰਨ ਦਾ ਖਿਆਲ ਆਇਆ। ਆਪ ੧੯੧੦ ਵਿਚ ਦੇਸ਼ ਤੋਂ ਬਾਹਰ ਜਾਣ ਲਈ ਤਿਆਰ ਹੋ ਗਏ। ਮਧ ਪੂਰਬ ਦੇ ਕਈ ਦੇਸ਼ਾਂ ਵਿਚ ਹੁੰਦੇ ਹੋਇ ਆਪ ਉਥੇ ਪੁਜੇ ਜਿਥੇ ਪਨਾਮਾ ਨਹਿਰ ਦੀ ਖੁਦਾਈ ਹੋ ਰਹੀ ਸੀ। ੬ ਮਹੀਨੇ ਆਪ ਨੇ ਇਥੇ ਕੰਮ ਕੀਤਾ ਤੇ ਫਿਰ ਕਿਊਬਾ ਚਲੇ ਗਏ।

ਅਮ੍ਰੀਕਾ ਵਿਚ ਉਸ ਸਮੇਂ ਮਜ਼ਦੂਰੀ ਦੀ ਦਰ ਦੂਜੇ ਮੁਲਕਾਂ ਨਾਲੋਂ ਉੱਚੀ ਸੀ। ਪ੍ਰੰਤੂ ਉਥੇ ਦਾਖਲ ਹੋਣ ਪਰ ਕੁਝ ਪਾਬੰਦੀਆਂ ਲਗੀਆਂ ਹੋਈਆਂ ਸਨ। ਆਪ ਪੜ੍ਹਾਈ ਕਰਨ ਦੇ ਖਿਆਲ ਨਾਲ ਨਿਊਯਾਰਕ ਜਾ ਉਤਰੇ। ਅਮ੍ਰੀਕਾ ਵਿਚ ਮਜ਼ਦੂਰੀ ਕਰਦੇ ਹੋਏ ਪੜ੍ਹਾਈ ਕਰਨ ਦਾ ਸੋਹਣਾ ਪ੍ਰਬੰਧ ਸੀ ਇਸ ਕਰਕੇ ਆਪ ਜੀ ਨੇ ਸੋਚਿਆ ਕਿ ਇਥੇ ਦੋਵੇਂ ਗਲਾਂ ਹੋ ਸਕਣਗੀਆਂ। ਕੁਝ ਅਰਸਾ ਆਪ ਅਮ੍ਰੀਕਾ ਦੀਆਂ ਅੱਡ ਅੱਡ ਰਿਆਸਤਾਂ ਵਿਚ ਪੜ੍ਹਦੇ ਤੇ ਕੰਮ ਕਰਦੇ ਰਹੇ ਪ੍ਰੰਤੂ ਅਮ੍ਰੀਕਨਾ ਦਾ ਗੁਲਾਮ ਭਾਰਤ ਵਾਸੀਆਂ ਨਾਲ ਨਿਰਾਦਰੀ ਭਰਿਆ ਵਰਤਾਉ ਵੇਖ ਕੇ ਆਪਦੇ ਦਿਲ ਪਰ ਸਖਤ ਚੋਟ ਲੱਗੀ। ਇਸ ਸਮੇਂ ਆਪ ਨੂੰ ਪਹਿਲੀ ਵੇਰ ਆਜ਼ਾਦੀ ਤੇ ਗੁਲਾਮੀ ਵਿਚ ਫਰਕ ਅਨਭਵ ਹੋਇਆ।

ਕੈਲੇਫੋਰਨੀਆਂ ਵਿਚ ਉਸ ਸਮੇਂ ਬਹੁਤ ਸਾਰੇ ਭਾਰਤ ਵਾਸੀ ਪੁਜ ਗਏ ਸਨ ਤੇ ਚੰਗੀ ਰੌਣਕ ਲੱਗ ਗਈ ਸੀ ਇਸ ਕਰਕੇ ਆਪ ਭੀ ਕੈਲੇਫੋਰਨੀਆਂ ਪਹੁੰਚ ਗਏ। ਇਥੋਂ ਦੇ ਰਹਿਣ ਵਾਲੇ ਹਿੰਦੋ-ਤਾਨੀਆਂ ਨੇ ਉਸ ਸਮੇਂ ਧਾਰਮਕ ਤੇ ਸਭਕ ਸਰਗਰਮੀਆਂ ਆਰੰਭ ਕਰ ਦਿਤੀਆਂ ਸਨ।

ਇਸ ਸਿਟੇ ਤੇ ਪੁਜਣ ਦਾ ਫਲ ਇਹ ਹੋਇਆ ਕਿ ਰੂਸ ਦੀ ਬਾਲ ਸ਼ਵਿਕ ਪਾਰਟੀ ਤੇ ਦੂਜੇ ਦੇਸ਼ਾਂ ਦੀਆਂ ਇਨਕਲਾਬੀ ਪਾਰਟੀਆਂ ਦੇ ਸਬੰਧ ਗੂੜੇ ਹੋਣੇ ਸ਼ੁਰੂ ਹੋ ਗਏ। ਗਦਰ ਪਾਰਟੀ ਨੇ ਬਾਬਾ ਰਤਨ ਸਿੰਘ ਜੀ ਦੀ ਰਾਹੀਂ ਰੂਸ ਦੀ ਪਾਰਟੀ ਨਾਲ ਸਬੰਧ ਜੋੜਿਆ ਅਤੇ ਬਾਲ ਸ਼ਵਿਕ ਪਾਰਟੀ ਨੇ ਇਨਕਲਾਬ ਦੀ ਸਿਖਿਆ ਦੇਣ ਲਈ ਜੋ ਕੋਮਾਂਤ੍ਰੀ ਮੱਦਰਸਾ ਖੋਲਿਆ ਸੀ ਹਿੰਦੋਸਤਾਨੀ ਦੇਸ਼ ਭਗਤ ਭੀ ਉਸ ਵਿਚ ਪੜ੍ਹਨ ਲਈ ਜਾਣ ਲੱਗ ਪਏ।

੧੯੩੫ ਈਃ ਵਿਚ ਬਾਬਾ ਨਿਧਾਨ ਸਿੰਘ ਜੀ ਮਹੇਸਰੀ ਕਿਸੇ ਤਰੀਕੇ ਨਾਲ ਰੂਸ ਪਹੁੰਚ ਗਏ ਅਤੇ ਸਤ ਸਾਲ ਉਥੇ ਰਹੇ। ਇਸ ਅਰਸੇ ਵਿਚ ਆਪ ਨੇ ਉਥੋਂ ਕੀ ਸਿਖਿਆ? ਇਹ ਸਵਾਲ ਬੜੀ ਹ,

Digitized by Panjab Digital Library | www.panjabdigilib.org

ਖੋਜ ਦਾ ਮੁਥਾਜ ਹੈ। ਹੋ ਸਕਦਾ ਹੈ ਬਾਬਾ ਜੀ ਆਪਣੇ ਅਨਭਵ ਵਖਰੀ ਪੁਸਤਕ ਦੇ ਰੂਪ ਵਿਚ ਲਿਖਣ ਦਾ ਯਤਨ ਕਰਨ ਪ੍ਰੰਤੂ ਵਿਸਥਾਰ ਦੇ ਡਰ ਤੋਂ ਅਸੀਂ ਉਨ੍ਹਾਂ ਨੂੰ ਇਥੇ ਲਿਖਣ ਤੋਂ ਸੰਕੋਚ ਕਰਦੇ ਹਾਂ। ਉਸ ਸਮੇਂ ਰੂਸ ਸੋਸ਼ਲਿਸਟ ਇਨਕਲਾਬ ਦੀ ਅਰੰਭਕ ਦਸ਼ਾ ਵਿਚੋਂ ਲੰਘ ਰਿਹਾ ਸੀ ਪ੍ਰੰਤੂ ਜਿਸ ਖੂਬੀ ਨਾਲ ਉਥੋਂ ਦੇ ਇਨਕਲਾਬੀ ਲੀਡਰਾਂ ਨੇ ਦੇਸ਼ ਦੀ ਨਵੀਂ ਉਸਾਰੀ ਦਾ ਨਕਸ਼ਾ ਉਲੀਕਿਆ ਉਹ ਸਾਰੀ ਦੁਨੀਆਂ ਲਈ ਮਿਸਾਲ ਬਣ ਗਿਆ।

ਬਾਬਾ ਨਿਧਾਨ ਸਿੰਘ ਜੀ ਨੇ ਇਹ ਸਭ ਕੁਝ ਆਪਣੀਆਂ ਅਖਾਂ ਨਾਲ ਵੇਖਿਆ। ਆਪ ਇਨਕਲਾਬ ਨੂੰ ਸਫਲ ਕਰਨ ਵਾਲੇ ਲੀਡਰਾਂ ਨੂੰ ਮਿਲੇ। ਉਨ੍ਹਾਂ ਪਾਸੋਂ ਅਮਲੀ ਕੰਮ ਕਰਨ ਦੇ ਢੰਗ ਸਿਖੇ। ਰੂਸ ਦੀ ਜੰਤਾ ਦਾ ਆਪਣੇ ਸ਼ਾਨਦਾਰ ਭਵਿਖਤ ਦੀ ਉਸਾਰੀ ਲਈ ਅਮਿੱਟ ਉਤਸ਼ਾਹ ਵੇਖਿਆ। ਇਨਕਲਾਬ ਦੇ ਗਿਆਨ ਤੇ ਅਮਲੀ ਤਜਰਬੇ ਦੇ ਹਥਿਆਰਾਂ ਨਾਲ ਸਨਦਬਧ ਹੋਕੇ ਆਪ ੧੯੪੩ ਈ: ਵਿਚ ਵਾਪਸ ਦੇਸ਼ ਆ ਗਏ।

ਅੰਗਰੇਜ਼ੀ ਸਰਕਾਰ ਦੀ ਸੀ. ਆਈ. ਡੀ. ਦਾ ਜਾਲ ਦੁਨੀਆਂ ਦੇ ਕੋਨੇ ਕੋਨੇ ਵਿਚ ਫੈਲਿਆ ਹੋਇਆ ਸੀ। ਉਨ੍ਹਾਂ ਬੰਦਿਆਂ ਬਾਰੇ ਅੰਗਰੇਜ਼ਾਂ ਨੂੰ ਪਤਾ ਲੱਗ ਜਾਂਦਾ ਸੀ, ਜੋ ਰੂਸ ਵਿਚੋਂ ਇਨਕਲਾਬ ਦੀ ਟ੍ਰੇਨਿੰਗ ਲੈਂਣ ਜਾਂਦੇ ਸਨ। ਵਾਪਸ ਦੇਸ਼ ਆਉਂਦਿਆਂ ਹੀ ਉਨ੍ਹਾਂ ਪਰ ਸਖਤੀਆਂ ਦਾ ਚੱਕਰ ਸ਼ੁਰੂ ਹੋ ਜਾਂਦਾ ਸੀ। ਲਾਹੌਰ ਕਿਲੇ ਦੀਆਂ ਕਾਲ ਕੋਠੜੀਆਂ ਜਿੱਥੇ ਕਈ ਕਈ ਦਿਨ ਸੂਰਜ ਦੇ ਦਰਸ਼ਨ ਨਹੀਂ ਸੀ ਹੁੰਦੇ। ਬਦੇਸ਼ਾਂ ਤੋਂ ਆਏ ਦੇਸ਼ ਭਗਤਾਂ ਨੂੰ ਤਸੀਹੇ ਦੇਣ ਲਈ ਰਖੀਆਂ ਹੋਈਆਂ ਸਨ। ਹਰ ਇਕ ਦੇਸ਼ ਭਗਤ ਨੂੰ ਦੋ ਮਹੀਨੇ ਇਨ੍ਹਾਂ ਕੋਠੜੀਆਂ ਵਿਚ ਰਖ ਕੇ ਉਹ ਤਸੀਹੇ ਦਿੱਤੇ ਜਾਂਦੇ ਸਨ, ਜਿਨ੍ਹਾਂ ਨੂੰ ਲਿਖਣ ਲੱਗਿਆਂ ਕਲਮ ਦੀ ਜੀਭ ਭੀ ਪਾਟ ਜਾਂਦੀ ਹੈ। ਪੰਜਾਬ ਦੀ ਪੁਲੀਸ ਸਖਤੀਆਂ ਕਰਨ ਤੇ ਤਸੀਹੇ ਦੇਣ ਵਿਚ ਬਦਨਾਮ ਰਹੀ ਹੈ ਤੇ ਕਿਸੇ ਭੀ ਦੇਸ਼ ਦੀ ਪੁਲੀਸ ਇਸ ਦਾ ਮੁਕਾਬਲਾ ਨਹੀਂ ਸੀ ਕਰ ਸਕਦੀ। ਲਾਹੌਰ ਕਿਲੇ ਦੀਆਂ ਸਖਤੀਆਂ ਨੂੰ ਉਹੀ ਜਾਣ ਸਕਦਾ ਹੈ, ਜਿਸ ਪਰ ਉਹ ਵਾਪਰੀਆਂ ਹਨ, ਬਾਬਾ ਨਿਧਾਨ ਸਿੰਘ ਜੀ ਬਾਹਰੋਂ ਆਉਂਦੇ ਹੀ ਕਿਲੇ ਵਿਚ ਲੈ ਜਾ ਕੇ ਬੰਦ ਕਰ ਦਿੱਤੇ ਗਏ। ਉਥੇ ਆਪ ਨਾਲ ਜੋ ਬੀਤੀਆਂ ਉਹਨਾਂ ਦਾ ਲਿਖਣਾ ਕਲਮ ਦੀ ਤਾਕਤ ਤੋਂ ਬਾਹਰ ਹੈ।

ਕਿਲ੍ਹੇ ਵਿਚ ਆਪ ਪਾਸੋਂ ਇਹ ਪੁਛਣ ਦਾ ਯਤਨ ਕੀਤਾ ਗਿਆ ਕਿ ਆਪ ਕੀ ਟਰੇਨਿੰਗ ਲੈਕੇ ਆਏ ਹੋ ? ਤੇ ਆਪ ਦੇ ਹੋਰ ਸਾਥੀ ਕਿਹੜੇ ਕਿਹੜੇ ਹਨ ? ਪਰੰਤੂ ਆਪ ਅਡੋਲ ਰਹੇ ਤੇ ਕੁਝ ਭੀ ਨਾ ਦੱਸਿਆ, ਹਾਰ ਕੇ ਆਪ ਨੂੰ ਰਿਹਾ ਕਰ ਦਿਤਾ ਗਿਆ। ਪੰਜਾਬ ਦੇ ਰਾਜਸੀ ਵਰਕਰਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਸਾਡੇ ਵਿਚ ਅਜ ਇਕ ਐਸੀ ਮਹਾਨ ਸ਼ਖਸੀਅਤ ਦਾ ਵਾਧਾ ਹੋਇਆ ਹੈ, ਜਿਸ ਨੇ ਆਪਣੇ ਜੀਵਨ ਦਾ ਬਹੁਤ ਵਡਾ ਹਿਸਾ ਇਨਕਲਾਬੀ ਸਿਖਿਆ ਪ੍ਰਾਪਤ ਕਰਨ ਤੇ ਗਦਰ ਪਾਰਟੀ ਵਿਚ ਰਹਿ ਕੇ ਅਮਲੀ ਜਦੋ-ਜਹਿਦ ਕਰਦਿਆਂ ਬਤੀਤ ਕੀਤਾ ਹੈ। ਥਾਂ ਥਾਂ ਆਪ ਜੀ ਦਾ ਸਵਾਗਤ ਕੀਤਾ ਗਿਆ ਜਿਸ ਵਿਚ ਆਪ ਜੀ ਦੀਆਂ ਕੁਰਬਾਨੀਆਂ ਨੂੰ ਸੁੰਦਰ ਸ਼ਬਦਾਂ ਰਾਹੀਂ ਸਰਾਹਿਆ ਗਿਆ।

੧੯੧੭ ਵਿਚ ਬਾਬਾ ਨਿਧਾਨ ਸਿੰਘ ਜੀ ਨੂੰ ਅਮਰੀਕਾ ਵਿਚ ਹਿੰਦ-ਜਰਮਨ ਸਾਜ਼ਸ਼ ਕੇਸ ਵਿਚ ਦੋ ਵੇਰ ਗ੍ਰਿਫਤਾਰ ਕੀਤਾ ਗਿਆ। ਇਸ ਕੇਸ ਵਿਚ ਹੋਰ ਬਹੁਤ ਸਾਰੇ ਦੇਸ਼ ਭਗਤ ਹਿੰਦੋਸਤਾਨੀ ਤੇ ਜਰਮਨੀ ਫੜੇ ਗਏ ਸਨ। ਪਰ ਸਰਕਾਰ ਇਸ ਕੇਸ ਨੂੰ ਚੰਗੀ ਤਰ੍ਹਾਂ ਸਾਬਤ ਨਾ ਕਰ ਸਕੀ ਜਿਸ ਕਰਕੇ ਸਾਰੇ ਹੀ ਛਡਣੇ ਪਏ। ਪਹਿਲੀ ਵਡੀ ਲੜਾਈ ਦੇ ਦੌਰਾਨ ਵਿਚ ਜਰਮਨੀ ਦੇ ਲੋਕ ਉਹਨਾਂ ਦੇਸ਼ ਭਗਤਾਂ ਨੂੰ ਸਹਾਇਤਾ ਦੇਣੀ ਜ਼ਰੂਰੀ ਸਮਝਦੇ ਸਨ ਜੋ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਉਖਾੜਨੀਆਂ ਚਾਹੁੰਦੇ ਸਨ। ਬਾਬਾ ਨਿਧਾਨ ਸਿੰਘ ਜੀ ਨੂੰ ਜ਼ਿਲਾ ਫੀਰੋਜ਼ਪੁਰ ਵਿਚੋਂ ਤਿੰਨ ਵੇਰ ਪੰਜਾਬ ਅਸੈਂਬਲੀ ਵਿਚ

Digitized by Panjab Digital Library | www.panjabdigilib.org

ਭੇਜਣ ਦੇ ਯਤਨ ਕੀਤੇ ਗਏ। ਆਖਰੀ ਵੇਰ ਆਪ ੧੯੫੨ ਦੀਆਂ ਆਮ ਚੋਣਾਂ ਵਿਚ ਮਹਿਣਾ ਨਿਹਾਲ ਸਿੰਘ ਵਾਲਾ ਦੇ ਹਲਕੇ ਤੋਂ ਵੋਟਾਂ ਦੀ ਬਹੁਗਿਣਤੀ ਨਾਲ ਜਿਤਕੇ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ ਅਤੇ ਅਸੈਂਬਲੀ ਵਿਚ ਜਾ ਕੇ ਜਨਤਕ ਘੋਲ ਦੀ ਅਗਵਾਈ ਕੀਤੀ।

ਬਾਬਾ ਜੀ ਸਾਦਾ ਜੀਵਨ ਤੇ ਉਚੇ ਵਿਚਾਰਾਂ ਦੀ ਕਹਾਵਤ ਵਿਚ ਪੂਰਾ ਪੂਰਾ ਯਕੀਨ ਰਖਦੇ ਹਨ ਅਤੇ ਜਿਸ ਸਮੇਂ ਆਪ ਸਟੇਜ ਪਰ ਬੋਲਣ ਲਗਦੇ ਹਨ ਸਰੋਤੇ ਮੰਤ੍ਰ ਮੁਗਧ ਹੋ ਕੇ ਆਪ ਦੀ ਤਕਰੀਰ ਸੁਣਦੇ ਹਨ। ਆਪ ਦੀਆਂ ਦਲੀਲਾਂ ਬੜੀਆਂ ਵਜ਼ਨਦਾਰ ਹੁੰਦੀਆਂ ਹਨ ਅਤੇ ਜਨਤਾ ਵਿਚ ਰਾਜਸੀ ਸੂਝ ਬੂਝ ਪੈਦਾ ਕਰਨ ਲਈ ਜੋ ਯਤਨ ਆਪ ਨੇ ਕੀਤੇ ਉਹ ਬਹੁਤ ਘਟ ਸਜਨਾਂ ਦੇ ਹਿਸੇ ਆਏ ਹਨ। ਨਿਰੰਤਰ ਇਕ ਰਸ ਸਾਰਾ ਜੀਵਨ ਰਾਜਸੀ ਘੋਲ ਵਿਚ ਬਤੀਤ ਕਰਨਾ ਅਤੇ ਆਪਣੇ ਨਿਸ਼ਾਨੇ ਪਰ ਦ੍ਰਿੜ ਵਿਸ਼ਵਾਸ਼ ਰਖਣਾ ਆਪ ਦੇ ਜੀਵਨ ਦੀਆਂ ਖਾਸ ਵਿਸ਼ੇਸ਼ਤਾਈਆਂ ਹਨ।

## ਪਹਿਲਾ ਮੁਕੱਦਮਾ ਸਾਜ਼ਸ਼ ਲਾਹੌਰ ਦੇ ਉਹ ਦੇਸ਼-ਭਗਤ ਜੋ ੧੭ ਨਵੰਬ੍ਰ ੧੯੧੫ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਲਗੇ

| ਨਾਮ | ਪਿਤ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ਸ: ਕਾਲਾ ਸਿੰਘ | ਘਸੀਟਾ ਸਿੰਘ | ਸੁਰ ਸਿੰਘ | ਲਾਹਰ | ਫਾਂਸੀ ਲਗੇ |
| ਸ: ਹਰਨਾਮ ਸਿੰਘ ਟੁੰਡੀਲਾਟ | ਗੁਰਦਿਤ ਹਿੰਘ | ਕੋਟਲਾ | ਹੁਸ਼ਿਆਰਪੁਰ | ਉਮਰ ਕੈਦ ਜੈਦਾਦ ਜ਼ਬਤ |
| ਸ੍ਰੀ ਹਿਰਦੇ ਰਾਮ | ਗੱਜਣ ਸਿਘ | ਮੰਡੀ ਰਿਆਸਤ | ਹਿਮਾਚਲ ਪਹਾੜ | ਫਾਂਸੀ ਤੇ ਉਮਰ ਕੈਦ |
| ਸ੍ਰੀ ਜਮਨਾ ਦਾਸ ਦੂਜਾ | ਹਰੀ ਰਾਮ | ਬੜਾ ਗਾਉਂ | ਬਾਰਾ ਬੰਕੀ ਯੂ.ਪੀ. | ੩ ਸਾਲ ਕੈਦ |
| ਨਾਮ ਚਰਨ ਦਾਸ | ਰਾਮ ਸਿੰਘ | | ਇਹ ਰਾਸ ਬਿਹਾਰੀ ਬੋਸ ਦਾ ਲਾਂਗਰੀ ਸੀ | |
| ਸ: ਕ੍ਰਿਪਾਲ ਸਿੰਘ | ਨਰੈਣ ਸਿੰਘ | ਬੋਪਾਰਾਏ | ਲੁਧਿਆਣਾ | ਉਮਰ ਕੈਦ |
| ਸ: ਸ਼ਿਵ ਸਿੰਘ | ਮੁਨਸ਼ੀ | ਕੋਟਲਾ | ਹੁਸ਼ਿਆਰਪੁਰ | ਉਮਰ ਕੈਦ |
| ਸ: ਵਿਸਾਖਾ ਸਿੰਘ | ਮੀਹਾਂ ਸਿੰਘ | ਗਿਲ ਵਾਲੀ | ਅੰਮ੍ਰਿਤਸਰ | ਫਾਂਸੀ ਤੋਂ ਉਮਰ ਕੈਦ |

Digitized by Panjab Digital Library | www.panjabdigilib.org

# ਕੇਸ ਮਾਂਡਲਾ ਸਿੰਘਾ ਪੁਰ ਗਦਰ ਦੇ ਮੋਢੀ (ਬਾਦਸ਼ਾਹ ਦੇ ਖਿਲਾਫ)

ਇਸ ਕੇਸ ਦੇ ਕੁਲ ੭੦ ਮੈਂਬਰ ਸਨ, ਇਨ੍ਹਾਂ ਵਿਚੋਂ ਹੇਠ ਲਿਖੇ ਚਾਰ ਮੰਤਰੀ ਸਨ ਅਤੇ ਜਿਹਨਾਂ ਦੀਆਂ ਡਿਊਟੀਆਂ ਇਸ ਪ੍ਰਕਾਰ ਵੰਡੀਆਂ ਹੋਈਆਂ ਸਨ :—

੧. **ਮੌਲਵੀ ਮੁਜਤਵਾ**—ਆਪ ਦੇ ਪਿਤਾ ਦਾ ਨਾਂ ਸਯਦ ਹੁਸੈਨ ਸੀ ਅਤੇ ਸ਼ਹਿਰ ਜੋਨਪੁਰ (ਯੂ.ਪੀ.) ਦੇ ਰਹਿਣ ਵਾਲੇ ਸਨ। ਆਪ ਨੇ ਸਿਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦਾ ਇਤਫਾਕ ਕਰਾਉਣ ਅਤੇ ਰਾਜ ਪਲਟਾ ਦੇਣ ਦੀ ਡਿਊਟੀ ਸੀ, ਜੋ ਆਪ ਨੇ ਚੰਗੀ ਤਰ੍ਹਾਂ ਨਿਭਾਈ।

੨. **ਬਾਬੂ ਅਮਰ ਸਿੰਘ**—ਆਪ ਦੇ ਪਿਤਾ ਦਾ ਨਾਂ ਸ: ਵਰਿਆਮ ਸਿੰਘ ਸੀ ਆਪ ਸ਼ੇਰਪੁਰਾ ਕਲਾਂ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ। ਆਪ ਜੀ ਦੇ ਦੋ ਭਾਈ ਸ: ਰਤਨ ਸਿੰਘ ਤੇ ਸ: ਬਚਨ ਸਿੰਘ ਜੀ ਹੋਰੀਂ ਭੀ ਆਪ ਦੀ ਤਰ੍ਹਾਂ ਜੋਸ਼ੀਲੇ ਸਨ। ਆਪ ਦੀਆਂ ਦੋ ਭੈਣਾਂ ਸਨ। ਆਪ ਦਾ ਸਾਰਾ ਪ੍ਰਵਾਰ ਗੁਰੂ ਘਰ ਦਾ ਬਹੁਤ ਪਰੇਮੀ ਸੀ। ਆਪ ਦੀ ਸੇਵਾ ਚੋਫੀਓ ਜੱਜੀਰੇ ਬ੍ਰਹਮਾ ਵਿਚ ਹਿੰਦੂਆਂ, ਸਿਖਾਂ ਅਤੇ ਮੁਸਲਮਾਨਾ ਨੂੰ ਇਕਠੇ ਕਰਨ ਅਤੇ ਬਾਹਰ ਦੇ ਮੁਲਕਾਂ ਨਾਲ ਗੱਲ ਬਾਤ ਕਰਨ ਦੀ ਡਿਊਟੀ ਆਪ ਨੇ ਚੰਗੀ ਤਰ੍ਹਾਂ ਨਿਭਾਈ।

੩. **ਅਲੀ ਅਹਿਮਦ**—ਆਪ ਦੇ ਪਿਤਾ ਦਾ ਨਾਂ ਕੁਰਬਾਨ ਅਲੀ ਸੀ ਤੇ ਪਿੰਡ ਅਕਬਰ ਪੁਰ ਯੂ. ਪੀ. ਦੇ ਰਹਿਣ ਵਾਲੇ ਸਨ। ਆਪ ਨੇ ਸਾਮਾਨ ਆਦਿ ਪੈਦਾ ਕਰਨ ਦੀ ਜ਼ਿਮੇਂਵਾਰੀ ਲਈ ਸੀ, ਜੋ ਇਸ ਵਿਚ ਆਪ ਬਹੁਤ ਤਜਰਬੇਕਾਰ ਸਾਬਤ ਹੋਏ।

੪. **ਸ੍ਰੀ ਰਾਮ ਰੱਖਾ**—ਆਪ ਦੇ ਪਿਤਾ ਦਾ ਨਾਮ ਪੰਡਤ ਜਵਾਹਰ ਰਾਮ ਸੀ ਤੇ ਪਿੰਡ ਸਾਸੋਲੀ ਜ਼ਿਲਾ ਹਿਸਾਰ ਦੇ ਰਹਿਣ ਵਾਲੇ ਸਨ। ਆਪ ਜੀ ਨੇ ਸਾਰੇ ਮੈਂਬਰਾਂ ਨੂੰ ਸਿਖਲਾਈ ਕਰਨ ਦੀ ਡਿਊਟੀ ਅਦਾ ਕੀਤੀ।

ਨੋਟਃ— ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਰਕਾਰ ਨੂੰ ਪਤਾ ਲਗਣ ਤੇ ਸਾਰੇ ਮੈਂਬਰ ਗ੍ਰਿਫਤਾਰ ਕੀਤੇ ਗਏ ਤੇ ਸਾਰੀ ਸੋਸਾਇਟੀ ਫੇਲ੍ਹ ਹੋ ਗਈ।

Digitized by Panjab Digital Library | www.panjabdigilib.org

# ਮਾਂਡਲੇ ਸਾਜ਼ਸ਼ ਕੇਸ

ਭਾਰਤ ਵਰਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਕੱਢਣ ਲਈ ਕਈ ਲਹਿਰਾਂ ਚਲੀਆਂ ਅਤੇ ਕਈ ਵੇਰ ਹਕੂਮਤ ਵਿਰੁਧ ਹਥਿਆਰ ਬੰਦ ਬਗਾਵਤ ਕਰਨ ਦੇ ਸਾਧਨ ਹੋਏ। ਜੋ ਭਾਰਤ ਵਾਸੀ ਆਜ਼ਾਦ ਦੇਸ਼ਾਂ ਵਿਚ ਚਲੇ ਜਾਂਦੇ ਸਨ, ਉਨ੍ਹਾਂ ਦੇ ਮਨ ਵਿਚ ਗੁਲਾਮੀ ਵਿਰੁਧ ਨਫਰਤ ਪੈਦਾ ਹੋ ਜਾਂਦੀ ਸੀ। ਆਜ਼ਾਦ ਦੇਸ਼ਾਂ ਦੇ ਵਸਨੀਕ ਉਨ੍ਹਾਂ ਨੂੰ ਮਿਹਣੇ ਮਾਰਦੇ ਸਨ ਅਤੇ ਧਿਰਕਾਰ ਪਾਉਂਦੇ ਸਨ ਕਿ ਹਿੰਦੁਸਤ ਨ ਦੇ ਲੋਕ ਬੜੇ ਕਾਇਰ ਤੇ ਬੁਜ਼ਦਿਲ ਹਨ, ਜੋ ੫੦੦੦ ਮੀਲ ਤੋਂ ਆਏ ਮੁਠੀ, ਭਰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਨਿਕਲਣ ਦਾ ਯਤਨ ਨਹੀਂ ਕਰਦੇ।

ਅਣਖੀਲੇ ਹਿੰਦੁਸਤਾਨੀ ਇਹ ਭੀ ਸਮਝਦੇ ਸਨ ਕਿ ਉਹ ਆਜ਼ਾਦ ਦੇਸ਼ਾਂ ਦੀ ਕਤਾਰ ਵਿਚ ਖੜੇ ਨਹੀਂ ਹੋ ਸਕਦੇ। ਉਨਤੀ ਦੀ ਦੌੜ ਵਿਚ ਭੀ ਉਹ ਦੂਜੇ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਜਿਸ ਦਾ ਫਲ ਆਉਣ ਵਾਲੀਆਂ ਨਸਲਾਂ ਨੂੰ ਚੱਖਣਾ ਪਵੇਗਾ। ਜਿਥੇ ਆਜ਼ਾਦ ਦੇਸ਼ ਉਨਤੀ ਦੇ ਮਾਰਗ ਪਰ ਤੇਜ਼ੀ ਨਾਲ ਅਗੇ ਵਧ ਰਹੇ ਸਨ ਉਥੇ ਗੁਲਾਮ ਦੇਸ਼ ਮੁਰਦਾ ਲਾਸ਼ ਵਾਂਗ ਬੇ-ਹਰਕਤ ਸਨ। ਪਹਿਲੀ ਵਡੀ ਲੜਾਈ ਅ ਰੰਭ ਹੋਣ ਸਮੇਂ ਬਾਹਰਲੇ ਦੇਸ਼ਾਂ ਵਿਚ ਗਏ ਭਾਰਤ ਵਾਸੀਆਂ ਨੇ ਇਹ ਖਿਆਲ ਕੀਤਾ ਕਿ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦਾ ਇਹ ਸੁਨਹਿਰੀ ਅਵਸਰ ਹੈ। ਅਮ੍ਰੀਕਾ, ਕੈਨੇਡਾ, ਚੀਨ ਤੇ ਹੋਰ ਦੇਸ਼ਾਂ ਵਿਚੋਂ ਬਹੁਤ ਸਾਰੇ ਹਿੰਦੁਸਤਾਨੀ ਵਾਪਸ ਹਿੰਦੁਸਤਾਨ ਆ ਗਏ ਅਤੇ ਉਨ੍ਹਾਂ ਨੇ ਬਗਾਵਤ ਕਰਨ ਦਾ ਯਤਨ ਕੀਤਾ।

ਕੁਝ ਸੱਜਨ ਇੰਨਾਂ ਦਿਨਾਂ ਵਿਚ ਏਸ਼ੀਆਂ ਦੇ ਛੋਟੇ ਛੋਟੇ ਦੇਸ਼ਾਂ ਵਿਚ ਫਿਰਕੇ ਪ੍ਰਚਾਰ ਕਰ ਰਹੇ ਸਨ ਕਿ ਜਿਥੇ ਭੀ ਕੋਈ ਹਿੰਦੁਸਤਾਨੀ ਹੈ ਉਹ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੇ ਅੰਦੋਲਨ ਵਿਚ ਹਿਸਾ ਪਾਵੇ। ਪੰਡਤ ਸੋਹਨ ਲਾਲ ਪਾਠਕ ਇਕ ਪ੍ਰਸਿੱਧ ਦੇਸ਼ ਭਗਤ ਸਨ, ਜੋ ਅਮਰੀਕਾ ਤੋਂ ਹਿੰਦੁਸਤਾਨ ਨੂੰ ਆਉਂਦੇ ਹੋਏ ਸਿਆਮ ਤੇ ਬਰਮਾ ਵਿਚ ਰੁਕ ਗਏ ਅਤੇ ਇਥੋਂ ਦੇ ਹਿੰਦੁਸਤਾਨੀਆਂ ਨੂੰ ਜਥੇਬੰਦ ਕਰਨ ਲਗ ਪਏ। ਭਾਈ ਸੰਤੋਖ ਸਿੰਘ ਜੀ ਅਮਰੀਕਨ (ਦੂਜਾ ਨਾਮ ਨਿਹਾਲ ਸਿੰਘ) ਭੀ ਆਪ ਦੇ ਨਾਲ ਸਨ। ਭਾਈ ਸੰਤੋਖ ਸਿੰਘ ਜੀ ਤਾਂ ਹਿੰਦੁਸਤਾਨ ਆ ਗਏ ਅਤੇ ਪੰਡਤ ਜੀ ਸਿਆਮ ਤੇ ਬਰਮਾ ਵਿਚ ਰਹੇ। ਇਨ੍ਹਾਂ ਦੇ ਉੱਦਮ ਤੇ ਪ੍ਰਚਾਰ ਨਾਲ ਹੀ ਨਵੰਬਰ ੧੯੧੪ ਵਿਚ ਸਿੰਘਾ ਪੁਰ ਵਿਚ ਗਦਰ ਹੋਇਆ। ਹਿੰਦੁਸਤਾਨੀ ਪਲਟਣਾ ਵਿਗੜ ਗਈਆਂ। ਉਨ੍ਹਾਂ ਨੇ ਅੰਗਰੇਜ਼ਾਂ ਨੂੰ ਮਾਰਨਾ ਸ਼ੁਰੂ ਕਰ ਦਿਤਾ। ਇਸ ਦਾ ਵਿਸਥਾਰ ਹੋਰ ਥਾਂ ਦਿਤਾ ਗਿਆ ਹੈ।

੧੯੧੪-੧੫ ਵਿਚ ਬਾਬੂ ਅਮਰ ਸਿੰਘ ਜੀ, ਮੌਲਵੀ ਮੁਸਤਫਾ ਹੁਸੈਨ, ਮਿ: ਅਲੀ ਅਹਿਮਦ ਸਦੀਕੀ, ਪੰ: ਰਾਮ ਰਖਾ, ਸ: ਨਰਾਇਣ ਸਿੰਘ ਪਿੰਡ ਵਡੀ ਫੁਲੋ (ਪੈਪਸੂ) ਆਦਿਕ ਸਜਨਾਂ ਨੇ ਬਰਮਾ ਤੇ ਸਿਆਮ ਵਿਚ ਹਿੰਦੁਸਤਾਨੀਆਂ ਨੂੰ ਜਥੇਬੰਦ ਕੀਤਾ। ਇਨ੍ਹਾਂ ਸੱਜਨਾਂ ਨੇ ਬਿਦੇਸ਼ਾਂ ਤੋਂ ਹਥਿਆਰ ਮੰਗਾ ਕੇ ਹਥਿਆਰ ਬੰਦ ਬਗਾਵਤ ਕਰਨ ਦੀ ਸਕੀਮ ਬਣਾਈ। ਬਹੁਤ ਸਾਰੇ ਹਥਿਆਰ ਮੰਗਾਏ ਗਏ ਜੋ ਚੀਨ ਦੇ ਸੂਬਾ ਯੂਨਾਨ ਤੇ ਬਰਮਾ ਤੇ ਸਿਆਮ ਦੇ ਜੰਗਲਾਂ ਵਿਚ ਗੁਪਤ ਥਾਵਾਂ ਪਰ ਰਖੇ ਗਏ। ਸਿਆਮ ਵਿਚ ਭੀ ਤਿਆਰੀ ਕੀਤੀ ਗਈ ਸੀ ਤੇ ਦੋਹਾਂ ਦੇਸ਼ਾਂ ਵਿਚ ਇਕੱਠੀ ਬਗਾਵਤ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ।

ਬਾਬੂ ਅਮਰ ਸਿੰਘ ਜੀ ਦੂਜੇ ਦੇਸ਼ਾਂ ਨਾਲ ਗਲ ਬਾਤ ਕਰਨਾ ਅਤੇ ਹਥਿਆਰ ਆਦਿ ਮੰਗਾਉਣ ਦਾ ਕੰਮ ਕਰਦੇ ਸਨ। ਆਪ ਸਿਆਮ ਵਿਚ ਇੰਜਨੀਅਰ ਸਨ ਅਤੇ ਬਹੁਤ ਸਿਆਣੇ

Digitized by Panjab Digital Library | www.panjabdigilib.org

ਸਜਨ ਸਨ । ਪੰ: ਰਾਮ ਰਖਾ ਜੀ ਫੌਜੀ ਟ੍ਰੇਨਿੰਗ ਦੇਣ ਲਈ ਨੀਯਤ ਹੋਏ। ਇਸ ਜਥੇ ਵਿਚ ੭੦ ਆਦਮੀ ਸਨ । ਸਿੰਘਾ ਪੁਰ ਦੇ ਵਾਕਿਆ ਨੇ ਅੰਗਰੇਜ਼ੀ ਹਕੂਮਤ ਨੂੰ ਚੁਕੰਨਾ ਕਰ ਦਿਤਾ ਸੀ ਅਤੇ ਉਹ ਸਾਰੇ ਦੇਸ਼ਾਂ ਵਿਚ ਹਿੰਦੁਤਾਨੀਆਂ ਦੀ ਨਿਗਰਾਨੀ ਰੱਖਣ ਲਗ ਪਈ। ਬਰਮਾ ਵਿਚ ਭੀ ਉਸ ਸਮੇਂ ਅੰਗਰੇਜ਼ਾਂ ਦਾ ਰਾਜ ਸੀ ਇਸ ਲਈ ਹਿੰਦੁਸਤਾਨੀਆਂ ਦੀ ਨਿਗਰਾਨੀ ਕਰਦਿਆਂ ਹੋਇਆਂ ਹਕੂਮਤ ਨੂੰ ਕਿਸੇ ਤਰਾਂ ਉਕਤ ਸਾਜ਼ਸ਼ ਦਾ ਪਤਾ ਲੱਗ ਗਿਆ ਅਤੇ ਉਸ ਨੇ ਛਾਪੇ ਮਾਰ ਕੇ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਗ੍ਰਿਫਤਾਰ ਕਰ ਲਿਆ ।

ਇਸ ਕੇਸ ਦਾ ਨਾਮ ਮਾਂਡਲੇ ਸਾਜਸ਼ ਕੇਸ ਰਖਿਆ ਗਿਆ। ਅਤੇ ਹਿੰਦੋਸਤਾਨੀਆਂ ਵਿਰੁਧ ਮੁਕੱਦਮਾ ਚਲਾਇਆ ਗਿਆ। ਉਸ ਸਮੇਂ ਬਰਮਾ ਤੇ ਸਿਆਮ ਵਿੱਚ ਜਿਤਨੇ ਹਿੰਦੋਸਤਾਨੀ ਸਨ । ਉਹ ਸਾਰੇ ਹਿੰਦੂ ਮੁਸਲਮਾਨ ਸਿੱਖ ਬਹੁਤ ਪਿਆਰ ਨਾਲ ਰਹਿੰਦੇ ਸਨ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਭ ਦੇ ਦਿੱਲਾਂ ਵਿਚ ਇਕੋ ਲਗਣ ਲੱਗੀ ਹੋਈ ਸੀ। ਸਾਂਝੀ ਕੌਮੀਅਤ ਦਾ ਜਜ਼ਬਾ ਹਰ ਹਿੰਦੋਸਤਾਨੀ ਦੇ ਦਿੱਲਾਂ ਵਿਚ ਠਾਠਾਂ ਮਾਰ ਰਿਹਾ ਸੀ। ਮਾਂਡਲੇ ਸਾਜ਼ਸ਼ ਕੇਸ਼ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸਾਰੇ ਸ਼ਾਮਲ ਸਨ । ਇੰਨ੍ਹਾਂ ਦੇ ਦਿੱਲਾਂ ਵਿਚ ਬੜੇ ਵਲਵਲੇ ਸਨ। ਉਹ ਸਮਝਦੇ ਸੀ ਕਿ ਜਦ ਸਾਰੇ ਹਿੰਦੋਸਤਾਨ ਵਿਚ ਵਡੇ ਪੈਮਾਨੇ ਪਰ ਗਦਰ ਹੋ ਗਿਆ ਤਾਂ ਉਹ ਬਰਮਾ ਪਰ ਕਬਜ਼ਾ ਕਰ ਲੈਣਗੇ। ਸਾਰੇ ਦੇਸ਼ਾਂ ਦੇ ਹਿੰਦੋਸਤਾਨੀਆਂ ਦਾ ਇਕ ਦੂਜੇ ਨਾਲ ਸਬੰਧ ਸੀ । 'ਗਦਰ' ਅਖਬਾਰ ਰਾਹੀਂ ਉਨ੍ਹਾਂ ਨੂੰ ਹਰ ਇਕ ਦੇਸ਼ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਸਨ ।

ਮਾਂਡਲੇਸਾਜ਼ਸ਼ ਕੇਸ ਵਿਚ ੭੦ ਹਿੰਦੋਸਤਾਨੀ ਫੜੇ ਗਏ ਉਨ੍ਹਾਂ ਪਰ ਮੁਕੱਦਮਾ ਚਲਾਇਅ ਗਿਆ। ਇੰਨ੍ਹਾਂ ਵਿਚੋਂ ਹੇਠ ਲਿਖੇ ਸੱਜਨਾਂ ਨੂੰ ਫਾਂਸੀ ਚੜ੍ਹਾਇਆ ਗਿਆ।

(੧) ਪੰਡਤ ਸੋਹੇ ਵਲਾਲ ਪਾਠਕ ੧੦ ਫਰਵਰੀ ੧੯੧੬ ਨੂੰ ਫਾਂਸੀ ਚੜ੍ਹਾਏ ਗਏ ।

(੨) ਸ: ਹਰਨਾਮ ਸਿੰਘ ਪਿਤਾ ਲਾਭ ਸਿੰਘ ਕਾਰੀਗਰ (ਰਾਮਗੜ੍ਹੀਆ) ਅੰਮ੍ਰਿਤਸਰ ੧੪ ਨਵੰਬਰ ੧੯੧੬।

(੩) ਸ: ਨਰਾਇਣ ਸਿੰਘ ਪਿਤਾ ਅਬਾਲ ਸਿੰਘ (ਬ ਲੋ) ਪਿੰਡ ਵਡੋਫਲੋ ਜ਼ਿਲਾ ਬਠਿੰਡਾ।

(੪) ਪੰ: ਚਾਹਲੀਆ ਰਾਮ ਪਿਤਾ ਸੰਕਰ ਦਾਸ ਪਿੰਡ ਸਾਨ੍ਹੇਵਾਲ ਜ਼ਿਲਾ ਲੁਧਿਆਣਾ ੧੫ ਨਵੰਬਰ ੧੯੧੬।

(੫) ਸ: ਨਿਰੰਜਨ ਸਿੰਘ ਪਿੰਡ ਫੇਪਈ ਜ਼ਿਲਾ ਲੁਧਿਆਣਾ।

(੬) ਸ: ਪਾਲਾ ਸਿੰਘ ਪਿਤਾ ਜੈਮਲ ਸਿੰਘ ਪਿੰਡ ਸ਼ੇਰਪੁਰਾ ਖੁਰਦ ਜ਼ਿਲਾਂ ਲੁਧਿਆਣਾ।

(੭) ਭਾ: ਵਸਾਵਾ ਸਿੰਘ ਗੁੰਥੋ ੧੬ ਨਵੰਬਰ ੧੯੧੬ । ,, ,,

ਭਾਈ ਵਸਾਵਾ ਸਿੰਘ ਜੀ ਬੜੇ ਵਿਦਵਾਨ ਤੇ ਬ੍ਰਹਿਮ ਗਿਆਨੀ ਸਨ । ਪਿਤਾ ਝੰਡਾ ਸਿੰਘ ਪਿੰਡ ਵਾੜਾ ਜ਼ਿਲਾ ਹੁਸ਼ਿਆਰਪੁਰ। ਆਪ ਨੇ ਕਿਹਾ ਹਰ ਇੱਕ ਕੰਮ ਆਰੰਭ ਕਰਨ ਤੋਂ ਪਹਿਲਾਂ ਈਸ਼ਵਰ ਦੀ ਅਰਾਧਨਾ ਜ਼ਰੂਰੀ ਹੈ। ਇਸ ਕਰਕੇ ਜਦ ਉਪ੍ਰੋਕਤ ਸੱਜਨਾਂ ਨੇ ਇਕ ਮੀਟਿੰਗ ਕੀਤੀ ਤਾਂ ਉਸ ਵਿਚ ਗੁਮ ਥਾਂ ਜੰਗਲ ਵਿਖੇ ਅਖੰਡ ਪਾਠ ਕਰਨ ਦਾ ਫੈਸਲਾ ਕੀਤਾ ਗਿਆ । ਅਖੰਡ ਪਾਠ ਦੇ ਭੋਗ ਪਰ ਇਕੱਤ੍ਰ ਹੋਕੇ ਸਾਂਰਿਆ ਨੇ ਇਹ ਪ੍ਰਣ ਲਿਆ ਕਿ ਅਸੀਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖਾਤਰ ਆਪਣੇ ਖ਼ੂਨ ਦਾ ਆਖਰੀ ਕਤਰਾ ਭੀ ਬਹਾ ਦਿਆਂਗੇ।

Digitized by Panjab Digital Library | www.panjabdigilib.org

ਆਜ਼ਾਦੀ ਦੀ ਇਸ ਲਹਿਰ ਵਿਚ ਸਿੱਖ ਸਭ ਤੋਂ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ । ਭਾਵੇਂ ਉਸ ਸਮੇਂ ਹਿੰਦੂ ਮੁਸਲਮਾਨ ਸਿੱਖ ਦਾ ਸਵਾਲ ਨਹੀਂ ਸੀ। ਸਗੋਂ ਦੇਸ਼ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਦਾ ਸਰਬ ਸਾਂਝਾ ਮਕਸਦ ਸਾਹਮਣੇ ਸੀ ਪ੍ਰੰਤੂ ਇੰਨਕਲਾਬੀ ਸਿਪਾਹੀਆਂ ਵਿਚ ਸਿੱਖਾਂ ਦੀ ਗਿਣਤੀ ਬਹੁਤੀ ਹੋਣ ਕਰਕੇ ਉਨ੍ਹਾਂ ਦੇ ਜਜ਼ਬਾਤ ਦਾ ਖਾਸ ਖਿਆਲ ਰਖਿਆ ਜਾਂਦਾ ਸੀ। ਮਾਂਡਲੇ ਸਾਜ਼ਸ਼ ਆਰੰਭ ਕਰਨ ਤੋਂ ਪਹਿਲਾਂ ਅਖੰਡ ਪਾਠ ਕਰਨਾ ਸਾਬਤ ਕਰਦਾ ਹੈ ਕਿ ਉਸ ਸਮੇਂ ਹਿੰਦੂ ਮੁਸਲਮਾਨ ਗੁਰੂ ਗ੍ਰੰਥ ਸਾਹਿਬ ਦੇ ਪਾਠ ਇਕ ਸਾਂਝਾ ਪ੍ਰਾਰਥਨਾ ਦਾ ਵਸੀਲਾ ਸਮਝਦੇ ਸਨ। ਜੇ ਉਸ ਸਮੇਂ ਜੈਸੀ ਖੁਲ ਦਿਲੀ ਭਾਰਤ ਵਾਸੀਆਂ ਵਿਚ ਹਮੇਸ਼ਾ ਹੀ ਰਹਿੰਦੀ ਤਾਂ ਦੇਸ਼ ਦੇ ਟੁਕੜੇ ਨਾ ਹੁੰਦੇ ਅਤੇ ਨਾ ਹੀ ਫਿਰਕੂ ਫਸਾਦਾਂ ਵਿਚ ਇਕ ਦੂਜੇ ਦਾ ਖ਼ੂਨ ਬਹਾਇਆ ਜਾਂਦਾ।

ਮਾਂਡਲੇ ਸਾਜ਼ਸ਼ ਕੇਸ ਵਿਚ ਹੇਠ ਲਿਖੇ ਸਜਨਾਂ ਨੂੰ ਉਮਰ ਕੈਦ ਦੀਆਂ ਸਜਾਵਾਂ ਦੇਕੇ ਕਾਲੇ ਪਾਣੀ ਭੇਜਿਆ ਤੇ ਜਾਇਦਾਦ ਜ਼ਬਤ ਕੀਤੀ।

(੧) ਸ: ਕਪੂਰ ਸਿੰਘ ਪਿਤਾ ਮਿਤ ਸਿੰਘ ਪਿੰਡ ਮੋਹੀ ਜ਼ਿਲਾ ਲੁਧਿਆਣਾ ।

(੨) ਸ: ਹਰਦਿੱਤ ਸਿੰਘ ਪਿਤਾ ਭਗਵਾਨ ਸਿੰਘ ਪਿੰਡ ਲੰਮੇ ਜ਼ਿਲਾ ਲੁਧਿਆਣਾ ।

(੩) ਸੇਠ ਬੁਢਾ ਸਿੰਘ ਲਖਪਤੀ ਪਿਤਾ ਸ਼ਾਮ ਸਿੰਘ ਪਿੰਡ ਮਿਲੋਕੇ ਜ਼ਿਲਾ ਗੁਜਰਾਵਾਲਾ।

(੪) ਸ: ਜਿਊਣ ਸਿੰਘ ਪਿਤਾ ਈਸਰ ਸਿੰਘ ਪਿਲੌਰੇ ,,

(੫) ਪੰਡਤ ਚੇਤ ਰਾਜ ਜੀ ਪਿਤਾ ਬਿਸ਼ਨ ਦਾਸ ਪਿੰਡ ਵੈਰੋਵਾਲ ਜ਼ਿਲਾ ਸਿਆਲਕੋਟ। ਮਜੂਦਾ ਸ਼ਹਿਰ ਗੋਬਿੰਦ ਗੜ੍ਹ ਜ਼ਿਲਾ ਅੰਬਾਲਾ।

(੬) ਪੰਡਤ ਕ੍ਰਿਪਾ ਰਾਮ ਪਿਤਾ ਬਰਿਜ ਲਾਲ ਪਿੰਡ ਮੰਗਤ (ਮਿਲਟਰੀ ਕਲਰਕ) ਜ਼ਿਲਾ ਗੁਜਰਾਵਾਲਾ।

ਹੇਠ ਲਿਖੇ ਸੱਜਨਾਂ ਨੂੰ ਲੰਬੀਆਂ ਸਜਾਵਾਂ ਹੋਇਆਂ ।

(੧) ਸ: ਕਾਲਾ ਸਿੰਘ ਪਿੰਡ ਕਿਲ੍ਹਾ ਰਾਏਪੁਰ ਜ਼ਿਲਾ ਲੁਧਿਆਣਾ ।

(੨) ਸ: ਨਿਰੰਦਣ ਸਿੰਘ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ।

(੩) ਸ: ਰੋੜੂ ਸਿੰਘ ਜਗਰਾਉਂ ਜ਼ਿਲਾ ਲੁਧਿਆਣਾ।

## ਇਸ ਕੇਸ ਵਿਚੋਂ ਹੇਠ ਲਿਖੇ ਸੱਜਨ ਭਗੌੜੇ ਹੋ ਗਏ

ਅਤੇ ਦੂਜੇ ਦੇਸ਼ਾਂ ਵਿਚ ਜਾ ਵੜੇ ਜਾਂ ਹਿੰਦੋਸਤਾਨ ਪਹੁੰਚ ਗਏ।

੧. ਸ: ਸੰਤੋਖ ਸਿੰਘ ਅਮ੍ਰੀਕਨ ਪਿੰਡ ਤਤੀਆਂ ਸੋਟੀਆਂ (ਧਰਦੇ) ਅੰਮ੍ਰਿਤਸਰ। (ਦੂਜਾ ਨਾਮ ਨਿਹਾਲ ਸਿੰਘ)

੨. ਗੁਪਾਲ ਸਿੰਘ ਦੁਆਬੀਆ ।

੩. ਭਗਵਾਨ ਸਿੰਘ ਪੰਡਤ ਸ਼ਿਵਦਿਆਲ ਤੋਂ ਅੰਮ੍ਰਿਤ ਛਕਕੇ ਨਾਮ ਭਗਵਾਨ ਸਿੰਘ ਰਖਿਆ ਗਿਆ ।

੪. ਸੀਤਾ ਰਾਮ ਖੱਤਰੀ। (ਮਾਲਵਾ)

੫. ਕ੍ਰਿਪਾ ਸਿੰਘ ਅਮ੍ਰੀਕਨ ਦੁਆਬੀਆ ।

Digitized by Panjab Digital Library | www.panjabdigilib.org

੬. ਸੂਰਤ ਸਿੰਘ, ਬਖਸ਼ੀਸ਼ ਸਿੰਘ ਦੋਵੇਂ ਭਾਈ ਪਧਰੀ ਜ਼ਿਲਾ ਅੰਮ੍ਰਿਤਸਰ।
੭. ਦੀਵਾਨ ਸਿੰਘ ਪਿੰਡ ਸਾਨੇ ਵਾਲ ਜ਼ਿਲਾ ਲੁਧਿਆਣਾ।
੮. ਗੋਬਿੰਦ ਸਿੰਘ ਰਵਦਾਸੀਆ ਪਿੰਡ ਲੀਲ ਜ਼ਿਲਾ ਲੁਧਿਆਣਾ।
੯. ਲੱਖਾ ਸਿੰਘ ਮਧਰੀ ਜ਼ਿਲਾ ਅੰਮ੍ਰਿਤਸਰ।
੧੦. ਮੂਲਾ ਸਿੰਘ ਜ਼ਿਲਾ ਰੋਹਤਕ (ਹਥਿਆਰ ਜਮ੍ਹਾਂ ਕਰਦਾ ਸੀ।
੧੧. ਮਿਤ ਸਿੰਘ ਰਿ: ਪਟਿਆਲਾ ਪਿੰਡ ਜੋਧ।

ਹੇਠ ਲਿਖੇ ਸੱਜਨਾਂ ਦਾ ਸਭ ਕੁਝ ਜ਼ਬਤ ਕਰਕੇ ਉਹ ਦੇਸ਼ ਬਦਰ ਕੀਤੇ ਗਏ—

੧. ਸ: ਚੰਦਾ ਸਿੰਘ ਪਿੰਡ ਮਲਕ ਜ਼ਿਲਾ ਲੁਧਿਆਣਾ।
੨. ਸ: ਰਤਨ ਸਿੰਘ ਪਿੰਡ ਮਲਕ ਜ਼ਿਲਾ ਲੁਧਿਆਣਾ।
੩. ਸ: ਬਾਬੂ ਸਿੰਘ ਪਿੰਡ ਚੀਮਨਾ ਜ਼ਿਲਾ ਲੁਧਿਆਣਾ।
੪. ਸ: ਪ੍ਰੀਤਮ ਸਿੰਘ (ਜਾਸੂਸੀ)
੫. ਸ: ਸ਼ਾਮ ਸਿੰਘ ਪਿਤਾ ਕਾਕਾ ਸਿੰਘ, ਮਾਤਾ ਚੰਦ ਕੌਰ, ਪਿੰਡ ਸ਼ੇਰ ਪੁਰਾ ਕਲਾਂ, ਤਸੀਲ ਜਗਰਾਉਂ ਜ਼ਿਲਾ ਲੁਧਿਆਣਾ।
੬. ਸ: ਨਿਰੰਜਨ ਸਿੰਘ ਪਿੰਡ ਜੇਠੂ ਵਾਲ ਜ਼ਿਲਾ ਅੰਮ੍ਰਿਤਸਰ।
੭. ਪੰਡਤ ਕ੍ਰਿਪਾ ਰਾਮ ਮਿਲਟਰੀ ਕਲਰਕ।

ਦੂਜੇ ਮਾਂਡਲੇ ਸਾਜ਼ਸ਼ ਕੇਸ ਵਿਚ ਬਾਬੂ ਅਮਰ ਸਿੰਘ ਸ਼ੇਰ ਪੁਰਾ ਕਲਾਂ, ਸਯਦ ਮੁਸਤਫਾ ਹੁਸੈਨ ਸ਼ਹਿਰ ਜੋਨ ਪੁਰ ਯੂ.ਪੀ. ਅਤੇ ਮਿ: ਅਲੀ ਅਹਿਮਦ ਸਦੀਕੀ ਕਸਬਾ ਅਕਬਰ ਪੁਰ ਯੂ. ਪੀ. , ਪੰਡਤ ਸੋਹਣ ਲਾਲ ਪਾਠਕ ਤੇ ਸ਼: ਨਰਾਇਣ ਸਿੰਘ ਵਡੀਫੁਲੋ ਆਦਿ ਸਜਨ ਮੁਖੀ ਸਨ ਜਿਨ੍ਹਾਂ ਨੇ ਬਰਮਾਂ ਅਤੇ ਸਿਆਮ ਵਿਚ ਹਿੰਦੋਸਤਾਨੀਆਂ ਨੂੰ ਜਥੇ ਬੰਦ ਕੀਤਾ ਅਤੇ ਦੇਸ਼ ਨੂੰ ਸੁਤੰਤ੍ਰ ਕਰਾਉਣ ਲਈ ਸਿਰ ਧੜ ਦੀ ਬਾਜ਼ੀ ਲਗਾ ਦਿਤੀ। ਭਾਵੇਂ ਉਹ ਆਪਣੇ ਮਕਸਦ ਵਿਚ ਸਫਲ ਨਾ ਹੋਏ ਪ੍ਰੰਤੂ ਉਨ੍ਹਾਂ ਨੇ ਸਾਬਤ ਕਰ ਦਿਤਾ ਕਿ ਹਿੰਦੋਸਤਾਨੀ ਆਜ਼ਾਦੀ ਵਾਸਤੇ ਵਡੀ ਤੋਂ ਵਡੀ ਕੁਰਬਾਨੀ ਕਰ ਸਕਦੇ ਹਨ। ਇਹੀ ਲੋਕ ਸਨ ਜਿਨ੍ਹਾਂ ਨੇ ਹਿੰਦੋਸਤਾਨੀ ਨੌਜਵਾਨਾਂ ਦੇ ਦਿਲਾਂ ਵਿਚ ਆਜ਼ਾਦੀ ਦੀ ਤੜਪ ਪੈਦਾ ਕੀਤੀ ਅਤੇ ਗੁਲਾਮੀ ਦੀ ਨੀਂਦ ਵਿਚ ਘੂਕ ਸੁਤੇ ਪਏ ਹਿੰਦੋਸਤਾਨੀਆਂ ਨੂੰ ਝੰਜੋੜ ਕੇ ਜਗਾ ਦਿਤਾ। * ਪਹਿਲੀ ਵਡੀ ਲੜਾਈ ਦੇ

---

* ਅਲੋਰ ਸਿਟਾਰ ਪਰ ਕਬਜ਼ਾ ਕਰਨ ਤੋਂ ਪਿਛੋਂ ਜਾਪਾਨੀ ਅੰਗਰੇਜ਼ਾਂ ਦੇ ਬਚੇ ਖੁਚੇ ਫੌਜੀ ਸਿਪਾਹੀਆਂ ਨੂੰ ਜੰਗੀ ਕੈਦੀਆਂ ਦੇ ਕੈਂਪ ਵਿਚ ਇਕੱਠੇ ਕਰ ਰਹੇ ਸਨ। ਗਿ: ਪ੍ਰੀਤਮ ਸਿੰਘ ਜੀ ਨੇ ਜਾਪਾਨੀ ਅੰਗਰੇਜ਼ ਅਫਸਰਾਂ ਨਾਲ ਇਹ ਫੈਸਲਾ ਕਰ ਲਿਆ ਸੀ ਕਿ ਹਿੰਦੀ ਫੌਜੀ ਅਫਸਰਾਂ ਤੇ ਸਿਪਾਹੀਆਂ ਨਾਲ ਉਹੀ ਵਰਤਾਉ ਕੀਤਾ ਜਾਵ, ਜੋ ਇੰਡੀਪੈਂਡੈਂਸ ਲੀਗ ਦੇ ਮੁਖੀ ਆਗੂਆਂ ਦੀ ਮਰਜ਼ੀ ਹੋਵੇ। ਗਿ: ਜੀ ਨੇ ਜੰਗਲ ਵਿਚ ਜੋ ਆਪਣੇ ਆਦਮੀ ਹਿੰਦੀ ਫੌਜੀਆਂ ਨੂੰ ਲਭਣ ਲਈ ਭੇਜੇ ਹੋਏ ਸਨ। ਉਨਾਂ ਵਿਚੋਂ ਸਰਜਨ ਮੇਜਰ ਬਿਸ਼ਨ ਸਿੰਘ ਜੀ ਮਾਣੂਕ ਸਭ ਤੋਂ ਪਹਿਲਾਂ ਜਨਰਲ ਮੋਹਨ ਸਿੰਘ ਜੀ ਦੀ ਪਾਰਟੀ ਨੂੰ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਆਪ ਗਿ: ਪ੍ਰੀਤਮ ਸਿੰਘ ਜੀ ਨੂੰ ਮਿਲੋ। ਜਨਰਲ ਸਾਹਿਬ ਨੇ ਇਸ ਸਜਨ ਦੇ ਹੱਥ ਗਿਆਨੀ ਜੀ ਪਾਸ ਸੁਨੇਹਾ ਭੇਜਿਆ ਕਿ ਪਹਿਲਾਂ ਗਿਆਨੀ ਜੀ ਜੰਗਲ ਵਿਚ ਆ ਕੇ ਸਾਨੂੰ ਮਿਲਣ ਤਾਂ ਅਸੀਂ ਅਗਲੀਆਂ ਗੱਲਾਂ ਦਾ ਫੈਸਲਾ ਕਰ ਸਕਦੇ ਹਾਂ। ਗਿ: ਪ੍ਰੀਤਮ ਸਿੰਘ ਜੀ ਇਸ ਪਾਰਟੀ ਨੂੰ ਜੰਗਲ ਵਿਚ ਮਿਲੇ ਤੇ ਪ੍ਰਸਪਰ ਵਿਚਾਰਾਂ ਕਰਨ ਪਿਛੋਂ ਹਿੰਦੀ ਜਾਪਾਨੀ ਮਾਮਲਿਆਂ ਦੇ ਇੰਚਾਰਜ ਕਰਨਲ ਫ਼ਿਊਜੀ ਵਾਰਾ ਨੂੰ ਮਿਲਣ ਦਾ ਫੈਸਲਾ ਹੋ ਗਿਆ ਤੇ ਇਹ ਸਾਰਾ ਗਰੁਪ ਗਿਆਨੀ ਜੀ ਦੇ ਨਾਲ ਅਲੋਰ-ਸਟਾਰ ਪਜ ਗਿਆ।

Digitized by Panjab Digital Library | www.panjabdigilib.org

ਦੌਰਾਨ ਵਿਚ ਜਦੋਂ ਕਾਂਗਰਸੀ ਲੀਡਰ ਅੰਗਰੇਜ਼ਾਂ ਦੀਆਂ ਮੋਮੋਠਗਣੀਆਂ ਗੱਲਾਂ ਵਿਚ ਆ ਕੇ ਭਰਤੀ ਦੇਣ ਦਾ ਪ੍ਰਚਾਰ ਕਰਦੇ ਸਨ ਉਸ ਸਮੇਂ ਉਪਰ ਲਿਖੇ ਦੇਸ਼ ਭਗਤ ਆਜ਼ਾਦੀ ਦੀ ਖਾਤਰ ਤਨ,ਮਨ,ਧਨ ਕੁਰਬਾਨ ਕਰਨ ਪਰ ਤੁਲੇ ਹੋਏ ਸਨ।

ਦੁਖ ਨਾਲ ਕਹਿਣਾ ਪੈਂਦਾ ਹੈ ਕਿ ਆਜ਼ਾਦੀ ਦੀ ਸ਼ਮ੍ਹਾਂ ਦੇ ਇਹਨਾਂ ਪ੍ਰਵਾਨਿਆਂ ਦਾ ਇਤਹਾਸ ਪੂਰੇ ਵਿਸਥਾਰ ਨਾਲ ਨਹੀਂ ਲਿਖਿਆ ਜਾ ਸਕਦਾ। ਆਜ਼ਾਦੀ ਦੀ ਜਦੋ ਜਿਹਦ ਦਾ ਇਤਹਾਸ ਲਿਖਣ ਵਾਲੇ ਸਜਨ ਭੀ ਖਾਸ ਮਸਲਹਤਾ ਦੀ ਬਿਨਾ ਪਰ ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਉਤਨੀ ਅਹਿਮੀਅਤ ਨਹੀਂ ਦੇ ਰਹੇ ਜਿਤਨੀ ਦੇਣੀ ਚਾਹੀਦੀ ਹੈ। ਇਹ ਗਲ ਬਿਨਾਂ ਸੰਕੋਚ ਕਹੀ ਜਾ ਸਕਦੀ ਹੈ ਕਿ ਆਜ਼ਾਦੀ ਦੇ ਮਹੱਲ ਦੀ ਉਸਾਰੀ ਆਰੰਭ ਕਰਨ ਸਮੇਂ ਉਪਰ ਲਿਖੇ ਦੇਸ਼ ਭਗਤਾਂ ਨੇ ਆਪਣੇ ਸੀਸ ਨੀਹਾਂ ਵਿਚ ਚਿਣ ਦਿਤੇ। ਆਪਣੀਆਂ ਹੱਡੀਆਂ ਦਾ ਚੂਨਾ ਬਣਾਇਆ ਅਤੇ ਖ਼ੂਨ ਨਾਲ ਗਾਰਾ ਤਿਆਰ ਕੀਤਾ। ਇਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀਆਂ ਬਹੁਮੁਲੀਆਂ ਜਵਾਨੀਆਂ ਜੇਹਲਾਂ ਵਿਚ ਗਾਲ ਦਿਤੀਆਂ। ਹਿੰਦੋ-ਸਤਾਨ ਦੀ ਆਜ਼ਾਦੀ ਦੇ ਇਤਹਾਸ ਵਿਚ ਮਾਂਡਲੇ ਕੇਸ ਦਾ ਖਾਸ ਮਹੱਤਵ ਹੈ ਪ੍ਰੰਤੂ ਅਫਸੋਸ ਕਿ ਇਸ ਸਾਜ਼ਸ ਕੇਸ ਦੀਆਂ ਮਿਸਲਾਂ ਨਾ ਮਿਲਨ ਕਰਕੇ ਪੂਰਾ ਪੂਰਾ ਵਿਸਥਾਰ ਨਹੀਂ ਦਿਤਾ ਜਾ ਸਕਿਆ।

ਹੇਠ ਅਸੀਂ ਇਸ ਕੇਸ ਵਿਚ ਕੁਰਬਾਨੀਆਂ ਕਰਨ ਵਾਲੇ ਸਜਨਾ ਦੇ ਸੰਖੇਪ ਜੀਵਨ ਦੇ ਰਹੇ ਹਾਂ:—

## ਬਾਬੂ ਅਮਰ ਸਿੰਘ ਜੀ (ਦੇਸ਼ ਭਗਤ)

ਬਾਬੂ ਅਮਰ ਸਿੰਘ ਜੀ ਉਨ੍ਹਾਂ ਚੋਣਵੇਂ ਦੇਸ਼ ਭਗਤਾਂ ਵਿਚੋਂ ਹਨ, ਜਿਨ੍ਹਾਂ ਦਾ ਸਾਰਾ ਜੀਵਨ ਹੀ ਜਦੋ ਜਿਹਦ ਕਰਦਿਆਂ ਗੁਜ਼ਰਿਆ ਹੈ ਅਤੇ ਜਿਨ੍ਹਾਂ ਨੇ ਆਪਣੇ ਜੀਵਨ ਦਾ ਬੇਹਤਰੀਨ ਹਿੱਸਾ ਜੇਹਲਾਂ ਵਿਚ ਬਤੀਤ ਕੀਤਾ। ਆਪ ੨੨ ਸਾਲ ਕਾਲੇ ਪਾਣੀ ਦੀਆਂ ਜੇਹਲਾਂ ਵਿਚ ਰਹੇ ਅਤੇ **੭ ਸਾਲ ਲਗਾਤਾਰ ਪਿੰਜਰੇ ਵਿਚ ਬੰਦ ਰਹੇ।** ਆਪ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਆਰੰਭ ਕਰਨ ਵਾਲੇ ਮੋਢੀਆਂ ਵਿਚੋਂ ਹਨ।

ਆਪ ਦਾ ਜਨਮ ਪਿੰਡ ਸ਼ੇਰ ਪੁਰਾ ਕਲਾਂ ਜ਼ਿਲਾ ਲੁਧਿਹਾਣਾ ਵਿਚ ਸ: ਵਰਿਆਮ ਸਿੰਘ ਜੀ ਦੇ ਘਰ ੧੮੮੧ ਵਿਚ ਹੋਇਆ। ਬਾਬੂ ਜੀ ਦਾ ਬਚਪਨ ਨਾਨਕੇ ਪਿੰਡ ਸਟੌਲੀ ਵਿਚ ਗੁਜ਼ਰਿਆ ਅਤੇ ਇਥੇ ਆਪ ਜੀ ਨੇ ਪ੍ਰਾਇਮਰੀ ਪਾਸ ਕੀਤੀ। ਇਸ ਤੋਂ ਪਿਛੋਂ ਆਪ ਨੇ ਮਿਡਲ ਗੁਜਰਵਾਲ ਤੇ ਯੂਨੀਅਰ ਸੀਨੀਅਰ ਜਮਾਤਾਂ ਦੀ ਪੜ੍ਹਾਈ ਕਰਨ ਲਈ ਲੁਧਿਆਣੇ ਆਉਣਾ ਪਿਆ। ਇਥੇ ਆਪਣੇ ਪ੍ਰਾਈਵੇਟ ਤੌਰ ਪਰ ਫਾਰਸੀ ਜ਼ਬਾਨ ਭੀ ਪੜ੍ਹੀ ਜਿਸ ਦਾ ਆਪ ਦੇ ਜੀਵਨ ਪਰ ਬਹੁਤ ਅਸਰ ਹੋਇਆ ਅਤੇ ਆਪ ਫਾਰਸੀ ਦੇ ਚੰਗੇ ਵਿਦਵਾਨ ਬਣ ਗਏ।

ਬਾਬਾ ਅਮਰ ਸਿੰਘ ਜੀ ਨੇ ਜਰਮਨੀ ਤੇ ਜਾਪਾਨ ਨਾਲ ਗੰਢ ਤੁਪ ਕਰਕੇ ਆਜ਼ਾਦ ਹਿੰਦ ਫੌਜ ਕਾਇਮ ਕੀਤੀ ਅਤੇ ਆਪਣੇ ਵਲੋਂ ਗਿ: ਪ੍ਰੀਤਮ ਸਿੰਘ ਜੀ ਨੂੰ ਜਾਪਾਨੀਆਂ ਨਾਲ ਗੱਲ ਬਾਤ ਕਰਨ ਲਈ ਨੀਯਤ ਕੀਤਾ। ਆਪ ਬ੍ਰਿਧ ਹੋਣ ਕਰਕੇ ਕੰਮ ਘੱਟ ਕਰ ਸਕਦੇ ਸਨ। ਆਪ ਸਿੰਘਾ ਪੁਰ ਭੀ ਗਏ ਅਤੇ ਬਰਮਾ ਦੇ ਫਰੰਟ ਪਰ ਭੀ ਰਹੇ। ਅੰਗਰੇਜ਼ਾਂ ਦੇ ਚਲੇ ਜਾਣ ਪਰ ਆਪ ਭੇਸ ਬਦਲ ਕੇ ਅਤੇ ਬਰਮਾ ਤੋਂ ਤੁਰ ਕੇ ਹਿੰਦੁਸਤਾਨ ਪੁਜੇ।

Digitized by Panjab Digital Library | www.panjabdigilib.org

੧੯੦੧ ਵਿਚ ਆਪ ਬਰਮਾ ਚਲੇ ਗਏ ਇਥੇ ਪੁਜ ਕੇ ਆਪ ਓਵਰਸੀਅਰ ਬਣ ਗਏ। ਬਚਪਨ ਤੋਂ ਹੀ ਆਪ ਆਜ਼ਾਦੀ ਪਸੰਦ ਸਨ ਅਤੇ ਆਜ਼ਾਦੀ ਦੀ ਲਹਿਰ ਨਾਲ ਸਬੰਧ ਰਖਣ ਵਾਲਾ ਸਾਹਿੱਤਜ ਬੜੇ ਸ਼ੌਕ ਨਾਲ ਪੜ੍ਹਿਆ ਕਰਦੇ ਸਨ। ਪੰਜਾਬ ਦੇ ਪ੍ਰਸਿੱਧ ਦੇਸ਼ ਭਗਤ ਸ: ਅਜੀਤ ਸਿੰਘ ਨੇ (ਜੋ ਸ: ਭਗਤ ਸਿੰਘ ਦੇ ਚਾਚਾ ਜੀ ਸਨ) ਬਾਰ ਵਿਚ ਕਿਸਾਨਾਂ ਦੀ ਐਜੀਟੇਸ਼ਨ ਆਰੰਭ ਕੀਤੀ। ਇਸ ਸਮੇਂ ਜਗਤ ਵਿਚ ਆਮ ਮੰਦਵਾੜੇ ਦਾ ਭਿਆਨਕ ਦੌਰ ਚਲ ਰਿਹਾ ਸੀ। ਪੰਜਾਬ ਦੇ ਕਿਸਾਨਾਂ ਨੇ ਆਪਣੀਆਂ ਪਿਛਲੀਆਂ ਜ਼ਮੀਨਾਂ ਤੇ ਗਹਿਣੇ ਗੱਟੇ ਵੇਚ ਕੇ ਬਾਰਾਂ ਆਬਾਦ ਕੀਤੀਆਂ ਪ੍ਰੰਤੂ ਜਿਨਸਾਂ ਦੇ ਭਾ ਗਿਰ ਜਾਣ ਕਰਕੇ ਖੇਤੀ ਬਾੜੀ ਕਰਨ ਵਾਲਿਆਂ ਦਾ ਬਹੁਤ ਬੁਰਾ ਹਾਲ ਹੋ ਰਿਹਾ ਸੀ। ਇਹ ਸਮਾਂ ਸੀ ਕਿ ਕਿਸਾਨਾਂ ਵਿਚ ਜਾਗਰਤ ਪੈਦਾ ਕਰਕੇ ਉਨ੍ਹਾਂ ਨੂੰ ਜਥੇਬੰਦ ਕੀਤਾ ਜਾਵੇ। ਸ: ਅਜੀਤ ਸਿੰਘ, ਲਾਲਾ ਹਰਦਿਆਲ ਐਮ. ਏ. ਸੂਫੀ ਅੰਬਾ ਪ੍ਰਸ਼ਾਦ ਆਦਿਕ ਦੇਸ਼ ਭਗਤਾਂ ਨੇ ਬਾਰਾਂ ਵਿਚ ਕਿਸਾਨ ਅੰਦੋਲਨ ਆਰੰਭ ਕੀਤਾ।

"ਪੱਗੜੀ ਸੰਭਾਲ ਜੱਟਾ ਪੱਗੜੀ ਸੰਭਾਲ ਓਇ"

ਦਾ ਨਾਅਰਾ ਪੰਜਾਬ ਦੇ ਪਿੰਡ ਪਿੰਡ ਵਿਚ ਗੂੰਜਣ ਲੱਗ ਪਿਆ। ਬ੍ਰਿਟਿਸ਼ ਸਰਕਾਰ ਪੰਜਾਬ ਦੇ ਲੋਕਾਂ ਤੋਂ ਬਹੁਤ ਡਰਦੀ ਸੀ ਉਸ ਨੂੰ ਪਤਾ ਸੀ ਕਿ ਜੇ ਪੰਜਾਬ ਦਾ ਸਿਖ ਕਿਸਾਨ ਜਥੇਬੰਦ ਹੋ ਗਿਆ ਤਾਂ ਸਾਰੇ ਹਿੰਦੁਸਤਾਨ ਵਿਚੋਂ ਬ੍ਰਤਾਨਵੀ ਰਾਜ ਦੀਆਂ ਜੜ੍ਹਾਂ ਹਿੱਲਾ ਦੇਵੇਗਾ, ਇਸ ਕਰਕੇ ਉਸ ਨੇ ਉਪਰ ਲਿਖੇ ਦੇਸ਼ ਭਗਤਾਂ ਨੂੰ ਦੇਸ਼ ਨਿਕਾਲਾ ਦੇ ਦਿਤਾ।

ਜਦ ਆਪ ਬਰਮਾ ਵਿਚ ਸਨ ਤਾਂ ਲਾਲਾ ਲਾਜਪਤ ਰਾਇ ਜਗਰਾਉਂ ਅਤੇ ਸ: ਅਜੀਤ ਸਿੰਘ ਜੀ ਅੰਗਰੇਜ਼ੀ ਸਰਕਾਰ ਵਲੋਂ ਦੇਸ਼ ਨਿਕਾਲਾ ਦਿਤੇ ਜਾਣ ਪਿਛੋਂ ਬਰਮਾ ਪਹੁੰਚੇ। ਉਸ ਸਮੇਂ ਇਹ ਦੇਸ਼ ਭਗਤ ਬ੍ਰਤਾਨਵੀ ਸਰਕਾਰ ਦੀ ਪੁਲਸ ਦੀ ਹਿਰਾਸਤ ਵਿਚ ਸਨ। ਆਪਣੇ ਵਤਨ ਦੇ ਲੀਡਰਾਂ ਦੇ ਦਰਸ਼ਨ ਕਰਨ ਲਈ ਭਾਰਤ ਵਾਸੀ ਭਾਰੀ ਗਿਣਤੀ ਵਿਚ ਮਾਂਡਲੇ ਸਟੇਸ਼ਨ ਤੇ ਪੁਜ ਗਏ। ਬਾਬਾ ਅਮਰ ਸਿੰਘ ਜੀ ਭੀ ਸਵਾਗਤ ਕਰਨ ਵਾਲਿਆਂ ਵਿਚ ਸ਼ਾਮਲ ਸਨ। ਆਪ ਪਰ ਇਸ ਗੱਲ ਦਾ ਬੜਾ ਅਸਰ ਹੋਇਆ ਕਿ ਦੇਸ਼ ਦੀ ਆਜ਼ਾਦੀ ਲਈ ਆਵਾਜ਼ ਉਠਾਣ ਬਦਲੇ ਸਾਡੇ ਲੀਡਰਾਂ ਨੂੰ ਦੇਸ਼ ਨਿਕਾਲਾ ਦਿਤਾ ਗਿਆ ਹੈ ਅਤੇ ਬ੍ਰਤਾਨਵੀ ਸਰਕਾਰ ਗੁਲਾਮ ਹਿੰਦੁਸਤਾਨੀਆਂ ਨਾਲ ਕੁਤਿਆਂ ਨਾਲੋਂ ਭੀ ਭੈੜਾ ਵਰਤਾਉ ਕਰਦੀ ਹੈ।

ਇਨ੍ਹਾਂ ਦੇਸ਼ ਭਗਤਾਂ ਨੂੰ ਆਪਣੇ ਭਰਾਵਾਂ ਸਾਹਮਣੇ ਬੋਲਣ ਦੀ ਭੀ ਆਗਿਆ ਨਹੀਂ ਸੀ। ਹਿੰਦੁਸਤਾਨੀ ਇਨ੍ਹਾਂ ਪਾਸੋਂ ਆਪਣੇ ਪਿਆਰੇ ਵਤਨ ਦੇ ਹਾਲਾਤ ਸੁਣਨਾ ਚਾਹੁੰਦੇ ਸਨ। ਉਨ੍ਹਾਂ ਦੇ ਦਿਲ ਬੇਚੈਨ ਸਨ ਕਿ ਅਸੀਂ ਆਪਣੇ ਲੀਡਰਾਂ ਦੇ ਮੂੰਹੋ ਆਜ਼ਾਦੀ ਦੇ ਅੰਦੋਲਨ ਬਾਰੇ ਕੁਝ ਸੁਣੀਏ ਪ੍ਰੰਤੂ ਸਰਕਾਰ ਦੇ ਹੁਕਮ ਅਨੁਸਾਰ ਲੀਡਰਾਂ ਨੂੰ ਬੋਲਣ ਦੀ ਆਗਿਆ ਨਹੀਂ ਸੀ। ਬਾਬਾ ਅਮਰ ਸਿੰਘ ਜੀ ਦੇ ਦਿਲ ਵਿਚੋਂ ਅਵੱਸ਼ ਹੀ ਕਾਵਿਧਾਰਾ ਫੁਟ ਨਿਕਲੀ ਅਤੇ ਆਪ ਨੇ ਉਸ ਸਮੇਂ ਦੀ ਹਾਲਤ ਨੂੰ ਪ੍ਰਗਟ ਕਰਨ ਲਈ ਹੇਠ ਲਿਖਿਆ ਸ਼ੇਅਰ ਗੁਨ ਗੁਨਾਣਾ ਸ਼ੁਰੂ ਕਰ ਦਿਤਾ:—

ਮਾਂਡਲੇ ਪਕੜ ਲੇਆਈ ਹੈ ਸਰਕਾਰ ਤੁਮੇਂ, ਦਿਲ ਕੀ ਪੂਛੋ ਨ ਇਧਰ ਦੇਖ ਗ੍ਰਿਫ਼ਤਾਰ ਤੁਮੇਹ।
ਗਾਡੀ ਆਈ ਜੋ ਅਸਟੇਸ਼ਨ ਪਿ ਤੁਮ੍ਹਾਰੀ, ਦੇਖ ਤੇ ਥੇ ਵਹਾਂ ਹਸਰਤ ਭਰੇ ਗ਼ਮ ਖ਼ਾਰ ਤੁਮੇਹ।
ਕੁਛ ਨਾ ਬੋਲੇ ਨ ਬੁਲਾਏ ਉਠ ਚਲੇ ਚੁਪਕੇ ਸੇ, ਘੋੜਾ ਗਾੜੀ ਥੀ ਖੜੀ ਦੇਰ ਸੈ ਤਿਆਰ ਤੁਮੇਹ।
ਕਿਉਂ ਹਮੇ ਦਰਦ ਨਾ ਹੋ ਕੌਮ ਪਿ ਮਰਨੇ ਵਾਲੇ, ਜ਼ਿੰਦਗੀ ਮੌਤ ਹੂਈ ਐ ਸਧਰ ਤੁਮੇਹ।

Digitized by Panjab Digital Library | www.panjabdigilib.org

ਇਸ ਕਵਤਾ ਵਿਚ ਬਾਬਾ ਜੀ ਨੇ ਉਸ ਸਮੇਂ ਦਾ ਨਕਸ਼ਾ ਕਿਤਨੇ ਦਰਦ ਨਾਕ ਸ਼ਬਦਾਂ ਵਿਚ ਖਿੱਚਿਆ ਹੈ ।

"ਜ਼ਿੰਦਗੀ ਮੌਤ ਹੋਈ ਆਜ ਸੇ ਐ ਯਾਰ ਤੁਮੇਹ" ਵਿਚ ਆਪ ਨੇ ਅਪਣੇ ਮਨ ਨੂੰ ਹੀ ਸੰਬੋਧਣ ਕਰਕੇ ਕਿਹਾ ਕਿ ਐ ਮਨ (ਐਯਾਰ) ਅੱਜ ਤੋਂ ਤੇਰੀ ਜ਼ਿੰਦਗੀ ਮਤ ਵਿਚ ਤਬਦੀਲ ਹੋ ਗਈ ਹੈ। ਭਾਵੇਂ ਤੇਰਾ ਤਨ,ਮਨ,ਧਨ ਦੇਸ਼ ਦੇ ਅਰਪਨ ਹੋ ਗਿਆ ਹੈ ਅਤੇ ਅੱਜ ਤੋਂ ਇਹ ਚੀਜ਼ ਤੇਰੇ ਪਾਸ ਬਤੌਰ ਅਮਾਨਤ ਰਹਿਣਗੀਆਂ । ਇਕ ਸੱਚੇ ਗੁਰ ਸਿੱਖ ਵਾਂਗ ਬਾਬਾ ਜੀ ਨੇ ਜੋ ਪ੍ਰਣ ਲਿਆ ਉਸ ਨੂੰ ਤੋੜ ਨਿਭਾਇਆ । ਵਡੀਆਂ ਤੋਂ ਵਡੀਆਂ ਮੁਸੀਬਤਾਂ ਵਿਚ ਭੀ ਆਪ ਦੇ ਸਾਹਮਣੇ ਇਸ ਦਿਨ ਦਾ ਧਾਰਨ ਕੀਤਾ ਪ੍ਰਣ ਯਾਦ ਰਿਹਾ ਅਤੇ ਆਪ ਦੇਸ਼ ਸੇਵਾ ਦੇ ਮਾਰਗ ਪਰ ਅਗੇ ਹੀ ਅਗੇ ਵਧਦੇ ਚਲੇ ਗਏ ।

ਦੇਸ਼ ਪਿਆਰ ਦੀ ਆਪ ਨੂੰ ਐਸੀ ਰੰਗਤ ਚੜ੍ਹੀ ਕਿ ਉਹ ਗੁਝੀ ਨਾ ਰਹਿ ਸਕੀ । ਆਪ ਹਿੰਦੋਸਤਾਨ ਨੂੰ ਅੰਗ੍ਰੇਜ਼ਾਂ ਤੋਂ ਛੁੜਾਣ ਦੀਆਂ ਸਕੀਮਾਂ ਸੋਚਣ ਲੱਗੇ ਅਤੇ ਹਿੰਦੋਸਤਾਨੀਆਂ ਵਿਚ ਇਹ ਪ੍ਰਚਾਰ ਕਰਨ ਲਗ ਪਏ ਕਿ ਜਦੋਂ ਤੱਕ ਸਾਡਾ ਦੇਸ਼ ਆਜ਼ਾਦ ਨਹੀਂ ਹੁੰਦਾ ਓਨਾਂ ਚਿਰ ਹਿੰਦੋਸਤਾਨੀਆਂ ਨੂੰ ਵਦੇਸ਼ਾਂ ਵਿਚ ਕੋਈ ਸਤਿਕਾਰ ਦੀ ਨਿਗਾਹ ਨਾਲ ਨਹੀਂ ਵੇਖੇਗਾ । ਇਸ ਕਰਕੇ ਬ੍ਰਤਾਨੀਆਂ ਦੀ ਸੀ. ਆਈ. ਡੀ. ਨੇ ਪਤਾ ਲਗਾ ਲਿਆ ਕਿ ਬਾਬਾ ਜੀ ਆਜ਼ਾਦੀ ਸ਼ਮ੍ਹਾਂ ਦੇ ਪ੍ਰਵਾਨੇ ਬਣ ਚੁਕੇ ਹਨ ਅਤੇ ਆਪ ਭਾਰਤ ਵਾਸੀਆਂ ਨੂੰ ਅੰਗ੍ਰੇਜ਼ਾਂ ਵਿਰੁਧ ਉਭਾਰਦੇ ਰਹਿੰਦੇ ਹਨ । ਬ੍ਰਤਾਨਵੀ ਸਰਕਾਰ ਆਪ ਦੀ ਸਖਤ ਨਿਗਰਾਨੀ ਕਰਨ ਲੱਗ ਪਈ।

ਇਥੋਂ ਬਾਬਾ ਜੀ ਸਿਆਮ ਦਲੇ ਗਏ । ਉਥੇ ਉਨ੍ਹਾਂ ਦਿਨਾਂ ਵਿਚ ਇਕ ਰੇਲਵੇ ਲਾਈਨ ਬਣਦੀ ਸੀ। ਜਰਮਨੀ ਤੇ ਅੰਗਰੇਜ਼ਾਂ ਵਿਚ ਉਸ ਸਮੇਂ ਖਿਚੋਤਾਣ ਜਾਰੀ ਸੀ, ਇਸ ਲਈ ਜਰਮਨ ਹਿੰਦੋਸਤਾਨੀ ਲੋਕਾਂ ਨੂੰ ਚੰਗਾ ਸਮਝਦੇ ਸਨ। ਬਾਬਾ ਅਮਰ ਸਿੰਘ ਜੀ ਇਸ ਰੇਲਵੇ ਲਾਈਨ ਪਰ ਅਸਿਸਟੈਂਟ ਇੰਜਨੀਅਰ ਲੱਗ ਗਏ ਅਤੇ ਥੋਹੜੇ ਅਰਸੇ ਵਿਚ ਹੀ ਆਪ ਡਵੀਯਨਲ ਇੰਜਨੀਅਰ ਦੇ ਔਹਦੇ ਤੱਕ ਪੁਜ ਗਏ ਕਿਉਂਕਿ ਜਰਮਨ ਲੜਾਈ ਪਰ ਦਲੇ ਗਏ ਸਨ। ਆਪ ਬੜੇ ਸਿਆਣੇ ਤੇ ਆਪਣੇ ਕੰਮ ਦੇ ਮਾਹਰ ਸਨ। ਦੁਨਿਆਵੀ ਤੌਰ ਪਰ ਆਪ ਕਾਫੀ ਉਨਤੀ ਕਰ ਗਏ ਪ੍ਰੰਤੂ ਦੇਸ਼ ਦੀ ਆਜ਼ਾਦੀ ਲਈ ਆਪ ਦੇ ਦਿਲ ਵਿਚ ਜੋ ਤੜਪ ਸੀ ਉਹ ਚੈਨ ਨਹੀਂ ਲੈਣ ਦਿੰਦੀ ਸੀ। ਜਰਮਨ ਨਾਲ ਜਦੋਂ ਵੀ ਗਲਾਂ ਕਰਨ ਦਾ ਅਵਸਰ ਮਿਲਦਾ ਉਹ ਹਿੰਦੋਸਤਾਨੀਆਂ ਨੂੰ ਗੁਲਾਮੀ ਸਬੰਧੀ ਤਾਹਨੇ ਮਾਰਦੇ ਤੇ ਕਹਿੰਦੇ ਕਿ–"ਬਦ ਕਿਸਮਤ ਹਿੰਦੋਸਤਾਨੀ ਆਪ ਤਾਂ ਗੁਲਾਮ ਬਣੇ ਹੋਇ ਹਨ, ਦੂਜੇ ਦੇਸ਼ਾਂ ਨੂੰ ਭੀ ਅੰਗਰੇਜ਼ਾਂ ਦਾ ਗੁਲਾਮ ਬਣਾ ਰਹੇ ਹਨ ।"

ਆਜ਼ਾਦ ਦੇਸ਼ਾਂ ਦੇ ਵਸਨੀਕ ਉਨ੍ਹਾਂ ਦਿਨਾਂ ਵਿਚ ਹਿੰਦੋਸਤਾਨੀਆਂ ਨੂੰ ਇਹ ਕਿਹਾ ਕਰਦੇ ਸਨ ਕਿ ਇਹ ਆਜ਼ਾਦੀ ਦੇ ਦੁਸ਼ਮਨ ਹਨ। ਅੰਗਰੇਜ਼ਾਂ ਦੀ ਮਦਦ ਕਰਕੇ ਹੋਰ ਦੇਸ਼ਾਂ ਨੂੰ ਭੀ ਆਪਣੇ ਵਾਂਗ ਗੁਲਾਮ ਬਣਾ ਰਹੇ ਹਨ ਅਤੇ ਉਹ ਆਪਣੀ ਗੁਲਾਮੀ ਨੂੰ ਧਿਰਕਾਰ ਪਾਉਂਦੇ ਸਨ। ਬਾਬਾ ਅਮਰ ਸਿੰਘ ਜੀ ਦਾ ਇਕ ਵਡਾ ਅਫਸਰ ਹੋਣ ਦੀ ਹੈਸੀਅਤ ਵਿਚ ਆਜ਼ਾਦ ਦੇਸ਼ ਦੇ ਲੋਕਾਂ ਨਾਲ ਕਾਫੀ ਵਾਹ ਪੈਂਦਾ ਸੀ ਇਸ ਕਰਕੇ ਉਹ ਜਦ ਹਿੰਦੋਸਤਾਨੀਆਂ ਨੂੰ ਫਿਟਕਾਰਾਂ ਪੈਂਦੀਆਂ ਸੁਣਦੇ ਤਾਂ ਆਪ ਦਾ ਦਿਲ ਬੇਚੈਨ ਹੋ ਉਠਦਾ। ਉਨ੍ਹਾਂ ਦਿਨਾਂ ਵਿਚ ਦੇਸ਼ ਅੰਦਰ ਰਹਿਣ ਵਾਲੇ ਹਿੰਦੋਸਤਾਨੀਆਂ ਵਿਚ ਅੰਗਰੇਜ਼ਾਂ ਵਿਰੁਧ ਪ੍ਰਚਾਰ ਹੋ ਰਿਹਾ ਸੀ। ੧੯੧੩ ਵਿਚ ਗਦਰ ਅਖਬਾਰ ਹਿੰਦੋਸਤਾਨ ਦੀਆਂ ਚਾਰ ਪੰਜ ਬੋਲੀਆਂ ਵਿਚ ਨਿਕਲਦਾ ਸੀ, ਜੋ ਆਜ਼ਾਦੀ ਦਾ ਬਹੁਤ ਧੜੱਲੇ ਦਾਰ ਪ੍ਰਚਾਰਕ ਸੀ। ਇਸ ਅਖਬਾਰ ਦੀਆਂ ਜੋਸ਼ੀਲੀਆਂ ਲਿਖਤਾਂ ਪੜ੍ਹਕੇ ਹਿੰਦੋਸਤਾਨੀਆਂ ਵਿਚ ਆਜ਼ਾਦੀ ਦੀ ਅਮਿੱਟ ਲਗਨ ਲਗ ਜਾਂਦੀ ਸੀ।

Digitized by Panjab Digital Library | www.panjabdigilib.org

ਬਾਬਾ ਅਮਰ ਸਿੰਘ ਜੀ ਪਹਿਲਾਂ ਹੀ ਬਹੁਤ ਪ੍ਰਚਾਰਕ ਰਹੇ ਸਨ। ੧੯੧੪ ਵਿਚ ਅਮ੍ਰੀਕਾ ਤੇ ਕੈਨੇਡਾ ਵਿਚੋਂ ਹਿੰਦੋਸਤਾਨੀ ਵਾਪਸ ਹਿੰਦੋਸਤਾਨ ਆ ਰਹੇ ਸਨ। ਉਹਨਾਂ ਦਾ ਇਰਾਦਾ ਸੀ ਕਿ ਹਥਿਆਰ ਬੰਦ ਵਗਾਵਤ ਕਰਕੇ ਬ੍ਰਿਟਿਸ਼ ਸਰਕਾਰ ਦਾ ਤਖਤਾ ਉਲਟਾ ਦਿਤਾ ਜਾਵੇ। ਅਮ੍ਰੀਕਾ ਤੋਂ ਚਲੇ ਹੋਇ ਭਾਈ ਸੰਤੋਖ ਸਿੰਘ 'ਕਿਰਤੀ' ਅਤੇ ਪੰਡਤ ਸੋਹਣ ਲਾਲ ਪਾਠਕ ਸਿਆਮ ਵਿਚੋਂ ਆਏ। ਇਹਨਾਂ ਦੋਹਾਂ ਦੇਸ਼ ਭਗਤਾਂ ਨੇ ਬਾਬਾ ਅਮਰ ਸਿੰਘ ਜੀ ਤੇ ਸਿਆਮ ਵਿਚ ਰਹਿਣ ਵਾਲੇ ਹੋਰ ਹਿੰਦੀਆਂ ਨੂੰ ਇਹ ਜ਼ਿਹਨ ਨਸ਼ੀਨ ਕਰਾ ਦਿਤਾ ਕਿ ਭਾਰਤ ਨੂੰ ਆਜ਼ਾਦ ਕਰਾਉਣ ਦਾ ਇਹੋ ਸੁਨਹਿਰੀ ਅਵਸਰ ਹੈ। ਵਦੇਸ਼ਾਂ ਤੋਂ ਹਥਿਆਰ ਮੰਗਾਵਾ ਕੇ ਗਦਰ ਪਾਰਟੀ ਦੀ ਪ੍ਰੇਰਨਾ ਅਨਸਾਰ ਇੰਨਕਲਾਬ ਲਿਆਉਣ ਦਾ ਫੈਸਲਾ ਕੀਤਾ ਗਿਆ। ਬਾਬਾ ਅਮਰ ਸਿੰਘ ਜੀ, ਮੌਲਵੀ ਮੁਸਤਫਾ ਹੁਸੈਨ ਆਦਿ ਸਜਨਾਂ ਨੇ ਬਰਮਾਂ ਤੇ ਸਿਆਮ ਦੇ ਹਿੰਦੋਸਤੀਆਂ ਦੀ ਇਕ ਗਦਰ ਪਾਰਟੀ ਬਣਾਈ ਜਿਸ ਦਾ ਅਮ੍ਰੀਕਾ ਦੀ ਗਦਰ ਪਾਰਟੀ ਨਾਲ ਸਬੰਧ ਪੰਡਤ ਸੋਹਣ ਲਾਲ ਪਾਠਕ ਤੇ ਭਾਈ ਸੰਤੋਖ ਸਿੰਘ ਜੀ 'ਕਿਰਤੀ' ਰਾਹੀ ਜੋੜਿਆ ਗਿਆ।

ਬਾਬਾ ਅਮਰ ਸਿੰਘ ਜੀ ਬੜੇ ਗੰਭੀਰ ਵਿਚਾਰਵਾਨ ਤੇ ਦੂਰ ਅੰਦੇਸ਼ ਸਜਨ ਸਨ। ਨਾਲ ਹੀ ਪੰਡਤ ਸੋਹਣ ਲਾਲ ਜੀ ਅਤੇ ਭਾਈ ਸੰਤੋਖ ਸਿੰਘ ਜੀ ਬਹੁਤ ਸਿਆਣੇ ਸਜਨ ਸਨ, ਉਨ੍ਹਾਂ ਨੇ ਕਿਹਾ—

"ਕੋਹ ਤੂਰਕਾ ਜਲਵਾ ਹਰ ਬਾਰ ਨਹੀਂ ਹੋਤਾ, ਬਿਨਾ ਦਾਰ ਆਜ਼ਾਦੀ ਦੀਦਾਰ ਨਹੀਂ ਹੋਤਾ।"

ਤਿੰਨਾਂ ਨੇ ਫੈਸਲਾ ਕੀਤਾ ਕਿ ਅੰਗ੍ਰੇਜ਼ ਵਡੀ ਲੜਾਈ ਵਿਚ ਉਲਝੇ ਹੋਇ ਹਨ। ਦੇਸ਼ ਨੂੰ ਆਜ਼ਾਦ ਕਰਾਉਣ ਦਾ ਇਸ ਤੋਂ ਚੰਗਾ ਅਵਸਰ ਨਹੀਂ ਮਿਲ ਸਕਦਾ। ਇਸ ਤੋਂ ਪਿਛੋਂ ਇਨ੍ਹਾਂ ਸਜਨਾਂ ਨੇ ਵਦੇਸ਼ਾਂ ਤੋਂ ਹਥਿਆਰ ਮੰਗਾਕੇ ਜੰਗਲਾਂ ਵਿਚ ਗੁਪਤ ਅੱਡੇ ਬਣਾ ਕੇ ਉਨ੍ਹਾਂ ਵਿਚ ਜਮਾਂ ਕਰਨੇ ਸ਼ੁਰੂ ਕੀਤੇ ਅਤੇ ਅੰਡਰ ਗਰਾਉਂਡ ਫੋਰਟ ਬਣਾਏ। ਸਾਰੇ ਸਜਨਾਂ ਨੂੰ ਅੱਡ ਅੱਡ ਡਿਉਟੀਆਂ ਵੰਡੀਆਂ ਗਈਆਂ ਸਨ। ਬਾਬਾ ਜੀ ਇਸ ਪਾਰਟੀ ਦੇ ਵਦੇਸ਼ੀ ਮਾਮਲਿਆ ਦੇ ਇੰਨਚਾਰਜ ਸਨ। ਦੂਜੇ ਦੇਸ਼ਾਂ ਨਾਲ ਲਿਖਾ ਪੜ੍ਹੀ ਕਰਨੀ ਬਾਹਰੋ ਹਥਿਆਰ ਮੰਗਾਂਉਣੇ ਆਪਦੇ ਜ਼ੁਮੇ ਸੀ।

ਇਨ੍ਹਾਂ ਦਿਨਾਂ ਵਿਚ ਹੀ ਗਦਰ ਪਾਰਟੀ ਵਾਲਿਆਂ ਨੇ ਫੌਜਾਂ ਵਿਚ ਬਗਾਬਤ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਸੀ। ਸਿੰਘਾ ਪੁਰ ਵਿਚ ਠਹਿਰੀਆਂ ਹੋਈਆਂ ਹਿੰਦੋਸਤਾਨੀ ਪਲਟਣਾਂ ਨੇ ਬਗਾਵਤ ਕਰ ਦਿਤੀ। (ਇਸ ਦਾ ਵਿਸਥਾਰ ਹੋਰ ਥਾਂ ਪੜ੍ਹੋ)

ਇਸ ਘਟਨਾ ਤੋਂ ਸਰਕਾਰ ਅੰਗਰੇਜ਼ ਨੂੰ ਪਤਾ ਲਗ ਗਿਆ ਕਿ ਏਸ਼ੀਆਂ ਦੇ ਛੋਟੇ ਛੋਟੇ ਦੇਸ਼ਾਂ ਵਿਚ ਰਹਿਣ ਵਾਲੇ ਹਿੰਦੋਸਤਾਨੀ ਆਜ਼ਾਦੀ ਦੇ ਹਥਿਆਰ ਬੰਦ ਅੰਦੋਲਨ ਲਈ ਤਿਆਰ ਹੋ ਚੁਕੇ ਹਨ ਅਤੇ ਉਨ੍ਹਾਂ ਨੇ ਫੌਜਾਂ ਵਿਚ ਬਗਾਬਤ ਫੈਲਾਉਣ ਦਾ ਪ੍ਰੋਗ੍ਰਾਮ ਬਣਾਇਆ ਹੈ। ਇਹ ਗਲ ਹਿੰਦੋਸਤਾਨ ਵਿਚ ਗਦਰ ਕਰਨ ਦੀ ਤਾਰੀਖ ਨੀਯਤ ਕਰਨ ਤੋਂ ਭੀ ਪ੍ਰਗਟ ਹੋ ਗਈ ਸੀ ਅਤੇ ਕਈ ਗਦਾਰ ਹਿੰਦੋਸਤਾਨੀਆਂ ਨੇ ਸਰਕਾਰ ਨੂੰ ਸਾਰਾ ਭੇਦ ਦੇ ਦਿਤਾ ਸੀ।

ਜਿਸ ਸਮੇਂ ਸਰਕਾਰ ਨੂੰ ਇਹ ਪਤਾ ਲਗ ਗਿਆ ਕਿ ਬਦੇਸ਼ਾਂ ਵਿਚ ਰਹਿਣ ਵਾਲੇ ਭਾਰਤੀ ਗਦਰ ਮਚਾਉਣ ਲਈ ਤਿਆਰ ਹਨ ਤਾਂ ਉਸ ਨੇ ਸਿਆਮ, ਬਰਮਾ, ਅਫਗਾਨਿਸਤਾਨ, ਮਲਾਇਆ ਤੇ ਚੀਨ ਆਦਿ ਦੇਸ਼ਾਂ ਵਿਚ ਹਿੰਦੁਸਤਾਨੀਆਂ ਦੀ ਪਕੜ ਧਕੜ ਸ਼ੁਰੂ ਕਰ ਦਿਤੀ। ਸਿਆਮ ਤੇ ਬਰਮਾ ਵਿਚ ਬਾਬੂ ਅਮਰ ਸਿੰਘ ਜੀ ਦੀ ਪਾਰਟੀ ਦੇ ੭੦ ਦੇ ਕਰੀਬ ਆਦਮੀਆਂ ਵਿਰੁਧ ਸਰਕਾਰ ਅੰਗਰੇਜ਼ੀ ਦੇ ਖਿਲਾਫ ਸਾਜ਼ਸ਼ ਕਰਨ ਦੇ ਅਪ੍ਰਾਧ ਵਿਚ ਮੁਕਦਮੇ ਚਲਾਏ ਗਏ।

ਇਸ ਕੇਸ ਵਿਚ ਸਰਕਾਰ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਬਰਮਾ ਤੇ ਸਿਆਮ ਦੇ ਜੰਗਲਾਂ ਵਿਚ ਜਰਮਨ ਹਿੰਦੁਸਤਾਨੀਆਂ ਨੂੰ ਗੁਪਤ ਤਰੀਕੇ ਨਾਲ ਟਰੇਨਿੰਗ ਦਿੰਦੇ ਰਹੇ ਕਿ ਉਹ ਸਰਕਾਰ

Digitized by Panjab Digital Library | www.panjabdigilib.org

ਅੰਗਰੇਜ਼ੀ ਵਿਰੁਧ ਹਥਿਆਰਬੰਦ ਬਗਾਵਤ ਕਰਨ । ਮਾਂਡਲੇ ਸਾਜ਼ਸ਼ ਕੇਸ ਵਿਚ ਜਿਸਦਾ ਉਪਰ ਜ਼ਿਕਰ ਆ ਚੁਕਿਆ ਹੈ। ਬਾਬੂ ਅਮਰ ਸਿੰਘ ਜੀ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਆਪ ਜੀ ਨੂੰ ਹੋਰ ਸਾਥੀਆਂ ਸਮੇਤ ਕਾਲੇ ਪਾਣੀ ਭੇਜਿਆ ਗਿਆ। ਕਾਲੇ ਪਾਣੀ ਦੀ ਜੇਲ੍ਹ ਵਿਚ ਆਪ ਨੇ ਕਿਤਨੇ ਤਸੀਹੇ ਸਹੇ, ਇਹ ਅਕਹਿ ਤੇ ਅਸਹਿ ਵਿਥਿਆ ਹੈ। ਸਰਕਾਰ ਅੰਗਰੇਜ਼ੀ ਇਹ ਚਾਹੁੰਦੀ ਸੀ ਕਿ ਇਹਨਾਂ ਦੇਸ਼ ਭਗਤਾਂ ਨੂੰ ਤੜਫਾ ਤੜਫਾ ਕੇ ਮਾਰਿਆ ਆਵੇ। ਜੇਲ੍ਹ ਦਾ ਸੁਧਾਰ ਕਰਨ ਲਈ ਲੰਬੀਆਂ ਲੰਬੀਆਂ ਭੁਖ ਹੜਤਾਲਾਂ ਕਰਨੀਆਂ ਗਦਰੀ ਬਾਬਿਆਂ ਤੇ ਬਾਬੂ ਅਮਰ ਸਿੰਘ ਜਿਹੇ ਦੇਸ਼ ਭਗਤਾਂ ਦਾ ਹੀ ਕੰਮ ਸੀ।

ਬਾਬਾ ਜੀ ਨੂੰ ਗੁਰਬਾਣੀ ਪਰ ਬਹੁਤ ਜ਼ਿਆਦਾ ਭਰੋਸਾ ਹੈ। ਆਪ ਜੇਲ੍ਹ ਵਿਚ ਹਰ ਸਮੇਂ ਬਾਣੀ ਦੇ ਪਾਠ ਵਿਚ ਮਗਨ ਰਹਿੰਦੇ ਸਨ ਅਤੇ ਵਾਹਿਗੁਰੂ ਦੇ ਭਾਣੇ ਵਿਚ ਅਡੋਲ ਰਹਿਣਾ ਆਪ ਦਾ ਵਡਾ ਗੁਣ ਹੈ। ਆਪ ੭ ਸਾਲ ਤੱਕ ਪਿੰਜਰੇ ਵਿਚ ਬੰਦ ਰਹੇ ਅਤੇ ੨੨-੨੩ ਸਾਲ ਜੇਲ੍ਹਾਂ ਵਿਚ ਗੁਜ਼ਾਰੇ। ੧੧-੧੨ ਫਰਵਰੀ ੧੯੩੭ ਨੂੰ ਆਪ ਜੀ ਨੂੰ ਹਿੰਦ ਵਿਚ ਲਿਆਕੇ ਰਿਹਾ ਕੀਤਾ ਗਿਆ। ਜਦ ਆਪ ਰਿਹਾ ਹੋਕੇ ਆਏ ਤਾਂ ਆਪ ਪਰ ਪੰਜਾਬ ਵਿਚ ਸਖਤ ਨਿਗਰਾਨੀ ਰੱਖੀ ਜਾਂਦੀ ਸੀ। ਦੂਜੀ ਵਡੀ ਲੜਾਈ ਅਰੰਭ ਹੋਣ ਤੋਂ ਪਹਿਲਾਂ ਬਾਬਾ ਜੀ ਫਿਰ ਸਿਆਮ ਵਿਚ ਚਲੇ ਗਏ ਅਤੇ ਗਿਆਨੀ ਪ੍ਰੀਤਮ ਸਿੰਘ ਜੀ ਸਿੱਖ ਮਿਸ਼ਨਰੀ (ਸ਼ਹੀਦ) ਨੂੰ ਨਾਲ ਮਿਲਾਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਇੰਡੀਪੈਂਡੈਂਨਸ ਆਫ ਇੰਡੀਆ ਲੀਗ ਬਣਾਈ। ਇਸ ਤੋਂ ਪਿਛੋਂ ਆਪ ਆਜ਼ਾਦ ਹਿੰਦ ਫੌਜ ਖੜੀ ਕਰਨ ਵਿਚ ਭੀ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਦੋਹਾਂ ਵਡੀਆਂ ਲੜਾਈਆਂ ਦੇ ਦੌਰਾਨ ਆਪ ਨੇ ਅੰਗ੍ਰੇਜ਼ੀ ਸਰਕਾਰ ਦਾ ਤਖਤਾ ਉਲਟਾਣ ਦੇ ਵਿਤੋਂ ਵਧ ਯਤਨ ਕੀਤੇ। ਆਪ ਜੀ ਨੂੰ ਆਪਣੇ ਮਿਸ਼ਨ ਵਿਚ ਸਫਲਤਾ ਭੀ ਹੋਈ। ਆਜ਼ਾਦ ਹਿੰਦ ਫੌਜ ਦੇ ਕਾਇਮ ਹੋਣ ਦੀਆਂ ਖਬਰਾਂ ਸੁਣ ਕੇ ਅੰਗ੍ਰੇਜ਼ਾਂ ਨੂੰ ਪਤਾ ਲੱਗ ਗਿਆ ਕਿ ਹੁਣ ਹਿੰਦੋਸਤਾਨ ਪਰ ਕਬਜ਼ਾ ਰਖਣਾ ਕਠਨ ਹੈ। ਜੇ ਅਸੀਂ ਹਿੰਦੋਸਤਾਨ ਨੂੰ ਆਜ਼ਾਦੀ ਦੇਕੇ ਖੁਦ ਹੀ ਨਾ ਨਿਕਲੇ ਤਾਂ ਹਿੰਦੋਸਤਾਨੀ ਸਾਨੂੰ ਮਾਰਕੇ ਕਢ ਦੇਣਗੇ ਤੇ ਸਾਡੇ ਸਾਰੇ ਮੁਫਾਦ ਖਤਰੇ ਵਿਚ ਪੈ ਜਾਣਗੇ। ਇਹ ਸੋਚਕੇ ਅੰਗ੍ਰੇਜ਼ਾਂ ਨੇ ਕਾਂਗਰਸ ਤੇ ਮੁਸਲਮਲੀਗ ਦੇ ਲੀਡਰ ਨਾਲ ਸਮਝੌਤਾ ਕਰ ਲਿਆ ਤੇ ਆਮ ਹਿੰਦ ਵਿਚੋਂ ਚਲੇ ਗਏ। ਬਾਬਾ ਅਮਰ ਸਿੰਘ ਜੀ ਜੈਸੇ ਦੇਸ਼ ਭਗਤ ਅਜੇ ਅਨੁਭਵ ਕਰਦੇ ਹਨ ਕਿ ਅਸਲੀ ਆਜ਼ਾਦੀ ਅਜੇ ਆਉਣੀ ਹੈ।

ਬਾਬਾ ਜੀ ਅਮਲੀ ਜੀਵਨ ਜੀਉਣ ਦੇ ਆਦੀ ਸਨ। ਆਪ ਦਾ ਗਾਂਧੀ ਜੀ ਦੀ ਸਿਆਸਤ ਨਾਲ ਮੁਢ ਤੋਂ ਹੀ ਵਿਰੋਧ ਰਿਹਾ ਹੈ। ਆਪ ਗਾਂਧੀ ਜੀ ਦੀ ਸ਼ਾਂਤ ਮਈ ਨੂੰ ਬੁਜ਼ਦਿਲੀ ਸਮਝ ਕੇ ਡਟਕੇ ਵਿਰੋਧ ਕਰਦੇ ਹਨ। ਅਸਲ ਵਿਚ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਸਚੇ ਸਿੱਖ ਹਨ। ਆਪ ਦੀ ਪ੍ਰਵਾਰ ਭੀ ਸਾਰਾ ਗੁਰਸਿੱਖੀ ਦੀ ਰੰਗਣ ਵਿਚ ਰੰਗਿਆ ਹੋਇਆ ਹੈ। ਜੋ ਕੋਈ ਦੇਸ਼ ਭਗਤੀ ਤੇ ਸਿੱਖੀ ਨੂੰ ਪ੍ਰਸਪਰ ਵਿਰੋਧੀ ਚੀਜ਼ਾਂ ਸਮਝਦੇ ਹਨ। ਉਨ੍ਹਾਂ ਲਈ ਬਾਬਾ ਜੀ ਦਾ ਜੀਵਨ ਇਕ ਸਿਖਿਆ ਦਾਇਕ ਮਿਸਾਲ ਹੈ। ਆਪ ਇਸ ਸਮੇਂ ਆਪਣੇ ਨਾਨਕੇ ਪਿੰਡ ਸਹੌਲੀ ਵਿਚ ਹੀ ਰਹਿੰਦੇ ਹਨ।

Digitized by Panjab Digital Library | www.panjabdigilib.org

# ਬਾਬਾ ਅਮਰ ਸਿੰਘ ਜੀ ਦੀਆਂ ਕਵਤਾਵਾਂ

੧. ਹਮ ਆਪਨੀ ਯਹਿ ਜਾਨੇਂ ਵਿਦਾ ਕਰ ਚਲੇ ਹੈਂ, ਸ਼ਰੀਰੇ ਕੋ ਰੂਹ ਸੇ ਜੁਦਾ ਕਰ ਚਲੇ ਹੈਂ।
੨. ਫਰੰਗੀ ਕਾ ਬੇੜਾ ਡੁਬਾ ਕਰ ਚਲੇ ਹੈਂ, ਬ੍ਰਿਟਿਸ਼ ਫੌਜ ਕੈਦੀ ਬਣਾ ਕਰ ਚਲੇ ਹੈਂ।
੩. ਜਮਾਂ ਬਾਦਸ਼ਾਹ ਨੇ ਬੁਲਾਇਆ ਥਾਂ ਰਾਹ ਮੇਂ, ਖੁਦਾ ਕੇ ਫਰਿਸ਼ਤੇ ਬੁਲਾ ਕਰ ਚਲੇ ਹੈਂ।
੪. ਕੋਈ ਫਿਕਰ ਹਰਗਿਜ਼ ਨਾ ਕਰਨਾ ਹਮਾਰਾ, ਕਿ ਹਮ ਫਰਜ਼ ਅਪਣਾ ਅਦਾ ਕਰ ਚਲੇ ਹੈਂ।
੫. ਜੀਆ ਕੌਣ ਜੀਏਗਾ ਫਾਨੀ ਜਹਾ ਮੇਂ, ਸਬ ਆਖਰ ਕੋ ਨੌਬਤ ਬਜਾ ਕਰ ਚਲੇ ਹੈਂ।
੬. ਬੜੇ ਔਲੀਆ ਔਰ ਅਵਤਾਰ ਆਖਰ, ਵਫਾਤ ਅਪਣੀ ਮੂਸਾ ਭੀ ਪਾ ਕਰ ਚਲੇ ਹੈ।
੭ ਸ਼ਹੀਦੀ ਹੂਈ ਜੰਗ ਮੇ ਸਭ ਸੇ ਪਹਿਲੇ, ਸਿਲਾ ਆਪਣੀ ਮੇਹਨਤ ਕਾ ਪਾ ਕਰ ਚਲੇ ਹੈਂ।
੮. ਬਸ ਇਤਨਾ ਹੀ ਥਾ ਦਾਣਾਂ ਪਾਣੀ ਹਮਾਰਾ, ਲਿਖਾ ਥਾ ਜੋ ਆਪਣਾ ਵਹੁ ਖਾ ਕਰ ਚਲੇ ਹੈਂ।
੯. ਸੁਾਮੀ ਨਾਇਰਬੇ ਹਿੰਦੂ ਮੁਸਲਮਾਨ ਅਕਰਮ ਪ੍ਰੀਤਮ ਸਿੰਘ ਤੀਨੋ ਮਜ਼ਹਬ ਮਿਲਾ ਕਰ ਚਲੇ ਹੈਂ।
੧੦. ਕਿ ਹਿੰਦੂ ਮੁਸਲਮਾਨ ਮਿਲਕੇ ਰਹਿਣਾ, ਦੋ ਬਾਜ਼ੂ ਉਠਾ ਕਰ ਸਦਾ ਕਰ ਚਲੇ ਹੈਂ।
੧੧. ਇਲਾਹੀ ਮਦਦ ਹੈ ਯਹਿ ਜਾਪਾ ਹਮਾਰੀ, ਹਮ ਹਾਥ ਅਪਣਾ ਇਨਸੇ ਮਿਲਾ ਕਰ ਚਲੇ ਹੈਂ।
੧੨. ਜਾਪਾਂ ਸੇ ਮਿਲਕੇ ਫਰੰਗੀ ਕੋ ਮਾਰੋ ਯਹਿ ਇਲਾਮੇ ਸਿਆਸਾ ਪੜ੍ਹਾ ਕਰ ਚਲੇ ਹੈਂ।
੧੩. ਹਮੇ ਯਾਦ ਕਰ ਲੇਨਾ ਗਾਹੇ ਬਗਾਹੇ, ਆਜ਼ਾਦੀ ਕੇ ਲੀਏ ਕਜ਼ਾ ਕਰ ਚਲੇ ਹਾਂ।
੧੪. ਸੁਪਨ ਦੇ ਖਤੇ ਥੇ ਗਿਆਨੀ ਪ੍ਰੀਤਮ,ਖੁਲੀ ਆਂਖ ਜਾਗੇ ਜਗਾ ਕਰ ਚਲੇ ਹੈਂ।
੧੫. ਕੀਆ ਸ਼ੋਕ ਉਨਕਾ ਸਭੀ ਏਸ਼ੀਆਂ ਨੇ, ਬੜੀ ਏਕ ਮਜਲਸ ਲਗਾ ਕਰ ਚਲੇ ਹੈਂ।
੧੬. ਸਭੀ ਹਿੰਦੂ ਮੁਸਲਮ ਸਭੀ ਸਿੱਖ ਭਾਈ ਬੜਾ ਆਜ ਮਾਤਮ ਮਨਾਕਰ ਚਲੇ ਹੈਂ।
੧੭. ਲਿਖਾ ਮਰਸੀਆਂ ਆਜ ਬੰਦਾ ਨੇ ਉਨਕਾ ਆਜ਼ਾਦੀ ਕਾ ਰਸਤਾ ਬਤਾ ਕਰ ਚਲੇ ਹੈਂ।

ਸ: ਪ੍ਰੀਤਮ ਸਿੰਘ ਸਲਾਬਤ ਜੰਗ (ਸੈਨਾਪਤੀ) ਮਹਿਮ ਮਲਾਇਆ, ਚੰਦਾ ਸਿੰਘ ਮੋਹੀਆਂ ਗੁਰਦਾਸ ਪੁਰ, ਭਗਵਾਨ ਸਿੰਘ ਅੰਮ੍ਰਿਤਸਰ, ਕਿਸ਼ਨ ਸਿੰਘ ਅਰੋੜਾ, ਤੁਲੋਚਨ ਸਿੰਘ ਰੋੜਾ, (ਜਿਸ ਨੇ ਮੋਹਨ ਸਿੰਘ ਨੂੰ ਫੜਿਆ) ਤੇਜਾ ਸਿੰਘ, ਸਰਵਨ ਸਿੰਘ, ਗੁਪਾਲ ਸਿੰਘ, ਹਰਨਾਮ ਸਿੰਘ, ਕਰਤਾਰ ਸਿੰਘ, ਸਾਧੂ ਸਿੰਘ ਕੁਝ ਹਿੰਦੋਸਤਾਨੀਆਂ ਨਾਲ ਸਾਰੇ ੭੦ ਆਦਮੀ ਮਲਾਇਆ ਮਹਿਮ ਪਰ ਇਹ ਸਭ ਕੁਰਬਾਨ ਹੋਣ ਲਈ ਗਏ।

ਬਾਬਾ ਜੀ ਦਾ ਖਿਆਲ ਹੈ ਕਿ ਅੰਗ੍ਰੇਜ਼ੀ ਪੜ੍ਹੇ ਹੋਇ ਬੜਾਈ ਦੇ ਭੁਖੇ ਲੋਕਾਂ ਨੇ ਕਿਤਾਬਾਂ ਤੋਂ ਨੋਟ ਲਿਖ ਲਿਖ ਕੇ ਵਡਿਆਈ ਲਈ ਹੈ। ਇਹ ਸਭ ਮਾਤਾ ਦਾ ਮਾਲ ਹਨ ਇਨ੍ਹਾਂ ਵਿਚੋਂ ਕੁਰਬਾਨੀ ਕਰਨ ਵਾਲੇ ਕੋਈ। ਇਹ ਅਗਰੇਜ਼ੀ ਜਾਨਣ ਦੇ ਮਾਣ ਨਾਲ ਰੋਟੀ ਖਾਂਦੇ ਸਨ ਤੇ ਕੰਮ ਕਰਨ ਤੋਂ ਬਹੁਤ ਡਰਦੇ ਹਨ।

ਰਾਘਵਨ ਬੈਰਿਸਟ੍ਰ ਪੀਨਾਗ, ਮੈਨਨ ਬੇਰਿਸਟ੍ਰ ਸਿੰਘਾ ਪੁਰ ਆਦਿ ਵਲ ਇਸ਼ਾਰਾ ਹੈ। ਅੰਗਰੇਜ਼ਾਂ ਦੇ ਭਜਣ ਤੱਕ ਉਨ੍ਹਾਂ ਦੇ ਵਫਾਦਾਰ ਸਨ, ਪਿਛੋਂ ਇਧਰ ਵੀ ਸਭ ਤੋਂ ਮੂਹਰੇ ਹੋ ਗਏ ਤੇ ਅਸੀਂ ਵਿਸਥਾਰ ਤੋਂ ਡਰਦੇ ਹਾਂ। ਰਾਘਵਨ ਨੇ ਫਖਰ ਨਾਲ ਕਿਹਾ ਮੈਨੂੰ ਛੇ, ਸਤ ਹਜ਼ਾਰ ਰੁਪਏ ਮਾਹਵਾਰ

Digitized by Panjab Digital Library | www.panjabdigilib.org

ਅਮਦਨ ਸੀ, ਉਹ ਛੱਡ ਦਿਤੀ।

ਰਾਸ ਬਿਹਾਰੀ ਲੜਾਈ ਦੇ ਦਿਨਾਂ ਵਿਚ ਹੋਟਲ ਕਰਦਾ ਸੀ, ਜਿਸ ਵਿਚ ਸ਼ਰਾਬ ਵਿਕਦੀ ਸੀ। ਰਾਜਾ ਮਹਿੰਦਰ ਪ੍ਰਤਾਪ ਤੇ ਰਾਸ ਬਿਹਾਰੀ ਦਾ ਜਪਾਨੀਆਂ ਨੇ ਇਤਬਾਰ ਨਹੀਂ ਕੀਤਾ। ਗਰਜ਼ੇ ਕਿ ਜਿਤਨੀਆਂ ਗਲਾਂ ਲਿਖਾ ਪੜੀ ਵਿਚ ਆਕੇ ਹਿੰਦ ਪੁਜੀਆਂ ਹਨ ਓਹ ਅਸਲੀਅਤ ਨਹੀਂ ਹਨ।

ਸ਼ੁਭਾਸ਼ ਲੜਾਈ ਦੇ ਦਿਨਾਂ ਵਿਚ ਜਰਮਨੀ ਵਿਚ ਸਨ।

ਮਾਂਡਲੇ ਸਾਜ਼ਸ਼ ਵਿਚ ਜਦ ਬਾਬਾ ਜੀ ਤੇ ਮੁਸਤਫਾ ਹੁਸੈਨ, ਅਲੀ ਅਹਿਮਦ ਸਦੀਕੀ ਆਦਿ ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਸਨ ਤਾਂ ਸਦੀਕੀ ਨੇ ਕਿਹਾ ਬਾਵਾ ਜੀ ਹੁਣ ਕਵਿਤਾ ਬਣਾਉ ਤਾਂ ਜਾਣੀਏ। ਬਾਬਾ ਅਮਰ ਸਿੰਘ ਬੋਲੇ:—

ਹਿੰਦੁਸਤਾਨੀ ਭਾਈ ਇਲਜਾਮ ਮੇ ਗਦਰ ਕੇ ਪਕੜੇ ਗਏ ਹੈਂ ਕੋਈ ਜਹਾਂ ਸਾਠ ਇਧਰ ਉਧਰ ਕੇ।
ਹਥਕੜੀ ਉਸੇ ਜਕੜ ਕੇ ਜਬ ਹਮ ਕੋ ਲਾ ਰਹੇ ਥੇ, ਸਭ ਦੇਖਤੇ ਥੇ ਬਾਕੀ ਠੰਡਾ ਸਾ ਸਾਸ ਭਰ ਕੇ।
ਕਰ ਦੀਆ ਹੈ ਹਵਾਲੇ ਹਮ ਕੋ ਫਰੰਗੀਉਂ ਕੇ, ਸ਼ਾਹਿ ਸਿਆਮ ਨੇ ਭੀ ਲਾਚਾਰ ਮਾਰੇ ਡਰ ਕੇ।
ਹੂਆ ਸਿਆਮ ਮੇਂ ਕਿਆ ਕੋਈ ਫਸਾਦ ਝਗੜਾ, ਹਮ ਅਪਨੀ ਜਾ ਪਿ ਬੈਠੇ ਗਦਾਰ ਹੈਂ ਕਿਧਰ ਕੇ।
ਇਨਸਾਫ ਕੀ ਉਮੈਦੇਂ ਗੋਰੋਂ ਸੇ ਹੋ ਚੁਕੀ ਬਸ, ਦੁਸ਼ਮਨ ਹੈ ਜੋ ਹਮਾਰੇ ਕੁਚੇ ਜਹਾਨ ਭਰ ਕੇ।

ਉਪਰ ਲਿਖੀ ਕਵਿਤਾ ਸੁਣਾਈ ਤਾਂ ਸਭ ਹੱਸਣ ਲੱਗੇ ਤੇ ਕਹਿਣ ਲਗੇ ਹੁਣ ਕਵਿਤਾ ਨਹੀਂ ਬਣ ਸਕਦੀ। ਫੇਰ:—

ਬਰਮਾ ਕਾ ਮਾਡਲੇ ਕਾ ਸੁਣੋ ਆਪਨਾ ਹਾਲ ਭੀ, ਜਾਰੀ ਹੈ ਫਰੰਗ ਮੇਂ ਜੰਗੋ ਜਦਾਲ ਭੀ।
ਅਲਜ਼ਾਮ ਮੇਂ ਗਦਰ ਯਹਾਂ ਲਾਏ ਗਏ ਹੈਂ ਗੁਪਤ, ਕਰ ਸਕਤਾ ਨਹੀਂ ਆਪਨਾ ਦੇਖ ਭਾਲ ਭੀ।
ਬਰਮਾ ਮੇਂ ਫਾਂਸੀ ਦੇਤੇ ਹੈਂ ਲਾਲਾ ਸਿਆਮ ਸੇ, ਬਸ ਮੁਨਸਫੀ ਯਹੀ ਹੈ ਫਰੰਗੀ ਕੀ ਚਾਲ ਭੀ।
ਫਾਂਸੀ ਜਾਂ ਕਾਲਾ ਪਾਣੀ ਸਜ਼ਾ ਇਸ ਸੇ ਕਮ ਨਹੀਂ, ਰਖਤੇ ਹੈਂ ਪਿੰਜਰੇ ਮੇਂ ਸਦਾ ਡਾਲ ਡਾਲ ਭੀ।

ਆਪੀਂ ਹੈਂ ਮੁਨਸਫ ਮੁਦਈ ਆਪੇ ਵਕੀਲ ਹੈਂ, ਆਪ ਹੀ ਬਣਾਕੇ ਲਿਖਤੇ ਹੈਂ ਦੋ ਤਰਫਾ ਹਾਲ ਭੀ।
ਬਣ ਬਣ ਕੇ ਸ਼ਾਹਦ ਆ ਗਏ ਦਸ਼ਮਨ ਕੇ ਖੌਫ ਸੇ, ਉਠ ਉਠ ਕੇ ਅਜ ਗਏ ਆ ਗੁਜ਼ਰੇ ਕੰਗਾਲ ਭੀ।
ਅਪਨੇ ਪਰਾਏ ਆਏ ਥੇ ਅਪਨੀ ਤਰਫ ਸੇ ਭੀ, ਮਾਯੂਸ ਥੇ ਗਰੀਬ ਪਰੇਸ਼ਾਨ ਹਾਲ ਭੀ।
ਮਾਨੀ ਕਿਸੀ ਕੀ ਬਾਤ ਫਰੰਗੀ ਨੇ ਇਕ ਨਹੀਂ, ਦੇ ਕੇ ਸ਼ਹਾਦਤ ਉਠ ਗਏ ਮਸਾਂ ਜਮਾਲ ਭੀ।
ਨੇਕੀ ਬਦੀ ਮੇਂ ਸਾਥ ਭੀ ਰਾਮ ਰਖਾ ਹੈਂ, ਸਯਦ ਹੈ ਮੁਸਤਫਾ ਅਲੀ ਅਹਿਮਦ ਸਾ ਬਾਲ ਭੀ।
ਚਾਰੋਂ ਮੇਂ ਏਕ ਸਿੱਖ ਹੈ ਪੰਡਤ ਹੈਂ ਇਕ ਦੂਏ, ਸੁੰਨੀ ਭੀ ਹੈ ਸ਼ੀਆ ਭੀ ਹੈ ਹਜ਼ਰਤ ਕੀ ਆਲ ਭੀ।
ਸੁਨ ਸੁਨ ਕੇ ਕਾਨ ਹਸਤੇ ਹੈਂ ਗੋਰੋਂ ਕੀ ਗੁਫਤਗੂ, ਮੁਜਰਮ ਹੈ ਇਨ੍ਹੂ ਨਹੀਂ ਹੈ ਕੋਈ ਖਿਆਲ ਭੀ।
ਕੋਈ ਖੁਦਾ ਨਹੀਂ ਹੈ ਫਰੰਗੀ ਕੇ ਖਿਆਲ ਮੇਂ, ਜਾਰ ਜਹੀ ਹੈ ਗੋਯਾ ਖੁਦਾਇ ਇਜਜ਼ ਜਲਾਲ ਭੀ।
ਜ਼ਾਲਮ ਨਾ ਬਚ ਕੇ ਨਿਕਲੇਗਾ ਦੋਜ਼ਖ ਕੀ ਆਗ ਸੇ, ਖਾਹਿ ਸ਼ਹਿ ਦੋ ਜਹਾਨ ਹੋ ਔਰ ਬਾ ਕਮਾਲ ਭੀ।
ਯਾਰੋ ਸੁਣੋ ਫਜ਼ੂਲ ਨਹੀਂ ਹੈ ਅਪਨੀ ਦਾਸਤਾਂ, ਵੈਸੇ ਕਹਾ ਹੈ ਗੁਜ਼ਰਾ ਹੈ ਜੋ ਜੈਸਾ ਹਾਲ ਭੀ।
ਦੁਸ਼ਮਨ ਸੇ ਦੋ ਦੋ ਹਾਥ ਨ ਲੜ ਕਰ ਮਰੇ ਉਹ, ਜੀ ਮੇਂ ਹੀ ਰਹਿ ਗਿਆ ਸਭੀ ਰੰਜੋ ਮਲਾਲ ਭੀ।
ਕੁਰਬਾਨੀ ਯਹਿ ਭੀ ਕਾਬਲਿ ਤਾਰੀਫ ਖੂੰ ਤੋਂ ਹੈ, ਭਾਰਤ ਪੇ ਸਭ ਨੇ ਵਾਰ ਦੀਆ ਜਾਨੋ ਮਾਲ ਭੀ।
ਹਿੰਦੁਸਤਾਨੀਉਂ ਤੁਮੇ ਮਾਲੂਮ ਹੋ ਨ ਹੋ, ਭਗਤ ਅਪਨੀ ਜਾਨੇ ਵਾਰ ਗਏ ਪਿਛਲੇ ਸਾਲ ਭੀ।

Digitized by Panjab Digital Library | www.panjabdigilib.org

ਅੱਛਾ ਹੂਆ ਜੋ ਦਾਰ ਪਿ ਲਟਕਾਇ ਜਾਏਂਗੇ, ਛੁਟਣਾ ਮੁਹਾਲ ਹੋ ਗਿਆ ਥਾ ਮਾਇਆ ਜਾਲ ਭੀ।
ਅਨੱਰਥ ਕਾ ਹੈ ਨਾਸ਼ ਸਤਿਆ ਕੀ ਹੈ ਜੈ ਜ਼ਰੂਰ, ਬਾਕੀ ਫਰੰਗੀਤੋਂ ਕਾ ਰਹੇਗਾ ਨਾ ਖਿਆਲ ਭੀ।
ਹਿੰਦੂ ਕੋ ਰਾਮ ਰਾਮ ਮੁਸਲਮਾਨ ਕੋ ਸਲਾਮ, ਹਿੰਦੁਸਤਾਨ ਆਜ਼ਾਦ ਰਹੇ ਮਾਲਾ ਮਾਲ ਭੀ।
ਖੁਦ ਮਿਟ ਕੇ ਅਮਰ ਹੋ ਗਏ ਮੁਰਸ਼ਦ ਕੇ ਕੌਲ ਸੇ, ਨੁਕਤਾ ਬਤਾ ਗਏ ਥੇ ਯਹੀ ਸੋਹਨ ਲਾਲ ਭੀ।

ਮੂਸਾ ਜਮਾਲ ਰੰਗੂਨ ਦਾ ਕ੍ਰੋੜ ਪ੍ਰਤੀ ਸੇਠ ਸੀ ਜਿਸ ਦੇ ਦੁਨੀਆਂ ਭਰ ਵਿਚ ਜਹਾਜ਼ ਚਲਦੇ ਸਨ। ਇਸ ਨੇ ਕਿਹਾ ਅਲੀ ਅਹਿਮਦ ਮੇਰੇ ਪਾਸ ਨੌਕਰ ਸੀ, ਬਾਗੀ ਨਹੀਂ ਹੈ। ਇਹ ਅਮਰ ਸਿੰਘ ਸਾਡੀ ਕੰਪਨੀ ਵਿਚ ਨਕਸ਼ੇ ਨਵੀਸੀ ਦਾ ਕੰਮ ਕਰਦਾ ਸੀ, ਬਹੁਤ ਸਾਧਾਰਨ ਆਦਮੀ ਹੈ।

ਅੱਛਾ ਭਲਾ ਗੋਰਿਆਂ ਨੇ ਜੁਧ ਚ ਵਲਾਇਤ ਜਾ ਕੇ ਐਸੀ ਸਾਨੂੰ ਲੜਨੇ ਦੀ ਪਈ ਸੀ ਜ਼ਰੂਰ ਕੀ।
ਦਿਲ ਵਿਚ ਸੋਚੇ ਕੋਈ ਹੋਵੇ ਜੋ ਵਿਚਾਰਵਾਨ ਭਲਾ ਸਾਡਾ ਜਰਮਨਾਂ ਦੇ ਨਾਲ ਐ ਕਸੂਰ ਕੀ।
ਚਾਲ੍ਹੀਆਂ ਮਣਾਂ ਦੇ ਗੋਲੇ ਤੋਪ ਅਗੇ ਕੀਤਾ ਕਰਨ ਦਸੋ ਉਥੇ ਹਿੰਦ ਵਾਲੇ ਬੀਰ ਸੂਰ ਕੀ।
ਧੋਖੇ ਵਿਚ ਅਗੇ ਹਿੰਦ ਵਾਲੇ ਲੋਕ ਭੋਲੇ ਭਾਲੇ ਕੱਲੇ ਅੰਗਰੇਜ਼ ਦਾ ਹੈ ਕਿਤੇ ਮਕਦੂਰ ਕੀ।
ਇਹ ਮਾਰ ਮਿਟਨ ਕਰ ਸਿਟਨਗੇ ਸੁਆਹ ਸਾਡੀ ਜਿੱਤ ਭੀ ਜੇ ਜਾਣ ਸਾਨੂੰ ਦੇਣਗੇ ਹਜ਼ੂਰ ਕੀ।
ਦੋ ਰੁਪੈ ਦੀ ਜੁਗਨੀ ਹੈ ਮੁਲ ਸਾਡੀ ਜ਼ਿੰਦਗੀ ਦਾ ਕੱਚੀ ਪਿੱਲੀ ਭਾਈਆਂ ਪਿੱਟੀ ਰੋਟੀ ਨੂੰ ਤੰਦੂਰ ਕੀ।
ਹਿੰਦ ਦੇ ਸਿਪਾਹੀ ਤਨਖਾਹੀ ਸੀ ਖਜ਼ਾਨੇ ਹਿੰਦੋਂ ਤੇਰੇ ਮੂੰਹ ਨੂੰ ਮੌਤ ਦੇ ਮਹਿਮ ਐਡੀ ਦੂਰ ਕੀ।
ਗੋਰੇ ਏਥੋਂ ਜੋ ਹਲਾਏ ਉਥੋਂ ਹੋਰ ਮੰਗਵਾਏ ਏਨ੍ਹਾਂ ਪਾਪ ਜੋ ਕਮਾਏ ਸਾਡਾ ਕੋਹ ਐ ਕਸੂਰ ਕੀ।
ਕੀਤੀ ਫੌਜਾਂ ਦੀ ਤਿਆਰੀ ਬੋਲੀ ਹਿੰਦ ਨ ਵਿਚਾਰੀ ਲੋਕੋ ਦੇਖੋ ਇਹ ਮਕਾਰੀ ਅੰਗਰੇਜ਼ ਮਗਰੂਰ ਕੀ।
ਤੁਸੀਂ ਲੜੋ ਮਰੋ ਜਾ ਕੇ ਅਗਲੀ ਕਤਾਰ ਵਿਚ ਗੋਰੇ ਪਿਛੇ ਰਹਿਣ ਗੱਲ ਏਹੋ ਦਸਤੂਰ ਕੀ।
ਲੋਕ ਜਚਦੇ ਜਚਾਂਦੇ ਕੁਛ ਡਰਦੇ ਡਰਾਂਦੇ ਸੱਦ ਲਏ ਗੋਲੇ ਬਾਂਦੇ ਜੋ ਮਨਿੰਦ ਮਜ਼ਦੂਰ ਕੀ।
ਕੌਮ ਵਾਲਾ ਜੋਸ਼ ਤੇ ਪਿਆਰ ਕਰੋ ਪਿਆਰ ਵੀਰੋ ਸੌਣ ਦਾ ਨੀ ਵੇਲਾ ਜਿਵੇਂ ਮਿਟੀ ਮਨੂਰ ਕੀ।
ਮੌਕਾ ਗਿਆ ਹੱਥ ਨਹੀਂ ਆਵਣਾਂ ਇਹ ਬਾਰ ਬਾਰ ਕਰੋ ਕੁਰਬਾਨ ਜਾਣ ਸੂਲੀ ਮਨਸੂਰ ਕੀ।

**ਸ: ਹਰਦਿਤ ਸਿੰਘ ਜੀ—** ਸ: ਹਰਦਿਤ ਸਿੰਘ ਜੀ ਦਾ ਜਨਮ ਪਿੰਡ ਲੰਮੇ ਜ਼ਿਲਾ ਲੁਧਿਹਾਣਾ ਵਿਚ ਪਿਤਾ ਭਗਵਾਨ ਸਿੰਘ ਜੀ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁਖ ਤੋਂ ਹੋਇਆ। ਆਪ ਪ੍ਰਸਿਧ ਦੇਸ਼ ਭਗਤ ਹਨ। ੧੯੦੨ ਵਿਚ ਹਾਂਗ ਕਾਂਗ ਗਏ। ਤਿੰਨ ਚਾਰ ਸਾਲ ਇਥੇ ਰਹੇ ਅਤੇ ੧੯੦੬ ਵਿਚ ਵੀ. ਸੀ. ਕੈਨੇਡਾ ਚਲੇ ਗਏ। ਸਭ ਤੋਂ ਪਹਿਲਾਂ ਆਪ ਵੈਨਕੋਵਰ ਦੀ ਬੰਦਰਗਾਹ ਪਰ ਉਤਰੇ। ਵਦੇਸ਼ਾਂ ਵਿਚ ਹਿੰਦੁਸਤਾਨੀਆਂ ਦਾ ਕੋਈ ਸਤਿਕਾਰ ਨਹੀਂ ਸੀ। ਕੈਨੇਡਾ ਵਿਚ ਜਦ ਕੋਈ ਹਿੰਦੁਸਤਾਨੀ ਮਰ ਜਾਂਦਾ ਤਾਂ ਉਸ ਦਾ ਸਸਕਾਰ ਕਰਨ ਦੀ ਭੀ ਆਗਿਆ ਨਹੀਂ ਸੀ। ਉਥੋਂ ਦੇ ਕਾਨੂੰਨ ਅਨਸਾਰ ਮੁਰਦੇ ਨੂੰ ਦਫਨਾਇਆ ਜਾ ਸਕਦਾ ਸੀ ਪ੍ਰੰਤੂ ਹਿੰਦੁਸਤਾਨੀ ਦਬਾਉਣ ਦੇ ਵਿਰੁਧ ਸਨ। ਜਦ ਕੋਈ ਹਿੰਦੀ ਮਰਦਾ ਤਾਂ ਉਸ ਨੂੰ ਜੰਗਲਾਂ ਵਿਚ ਜਾਕੇ ਚੋਰੀ ਸਸਕਾਰ ਕਰਨਾ ਪੈਂਦਾ ਸੀ। ਸਰਦਾਰ ਹਰਦਿਤ ਸਿੰਘ ਜੀ ਨੇ ਇਹ ਮਹਿਸੂਸ ਕੀਤਾ ਕਿ ਇਸ ਪਾਬੰਦੀ ਨੂੰ ਦੂਰ ਕਰਨਾ ਚਾਹੀਦਾ ਹੈ। ਹੋਰ ਹਿੰਦੀਆਂ ਨਾਲ ਸਲਾਹ ਕਰਕੇ ਆਪ ਨੇ ਇਹ ਅੰਦੋਲਨ ਆਰੰਭ ਕੀਤਾ ਕਿ ਸਰਕਾਰ ਵੈਨਕੋਵਰ ਵਿਚ ਇਕ ਸ਼ਮਸ਼ਾਨ ਭੂਮੀ ਬਨਾਉਣ ਦੀ ਆਗਿਆ ਦੇਵੇ।

ਸਰਕਾਰੀ ਕਰਮਚਾਰੀਆਂ ਨੇ ਇਸ ਪਾਸੇ ਧਿਆਨ ਨਾ ਦਿਤਾ। ਹਿੰਦੁਸਤਾਨੀਆਂ ਨੇ ਜ਼ਬਰਦਸਤ ਐਜੀਟੇਸ਼ਨ ਕੀਤੀ। ਇਕ ਅੰਗਰੇਜ਼ ਕਰਨਲ ਹਿੰਦੁਸਤਾਨ ਰਹਿਕੇ ਗਿਆ ਸੀ। ਇਸ ਅੰਦੋਲਨ ਵਿਚ

Digitized by Panjab Digital Library | www.panjabdigilib.org

ਉਸ ਨੇ ਬਹੁਤ ਸਹਾਇਤਾ ਕੀਤੀ। ਉਸ ਨੇ ਅਖਬਾਰਾਂ ਵਿਚ ਲੇਖ ਲਿਖੇ ਜਦ ਕਿ ਭਾਰਤ ਵਿਚ ਅੰਗ੍ਰੇਜ਼ ਆਪਣੀਆਂ ਧਾਰਮਿਕ ਰਸਮਾਂ ਆਜ਼ਾਦੀ ਨਾਲ ਕਰਦੇ ਹਨ ਤਾਂ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਅੰਤਮ ਸੰਸਕਾਰ ਕਰਨ ਦੀ ਆਗਿਆ ਕਿਉਂ ਨਹੀਂ ਦਿਤੀ ਜਾਂਦੀ ? ਇਸ ਅੰਗਰੇਜ਼ ਅਫਸਰ ਨੇ ਇਥੋਂ ਤਕ ਲਿਖਿਆ ਕਿ ਜੇ ਅੰਗਰੇਜ਼ ਹਿੰਦੀਆਂ ਨੂੰ ਸਸਕਾਰ ਕਰਨ ਦੀ ਆਗਿਆ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਭਾਰਤ ਵਿਚੋਂ ਬੋਰੀਆ ਬਿਸਤਰਾ ਬੰਨ ਲੈਣਾ ਚਾਹੀਦਾ ਹੈ। ਇਸ ਅਫਸਰ ਦੀਆਂ ਲਿਖਤਾਂ ਦਾ ਬਹੁਤ ਅਸਰ ਹੋਇਆ ਅਤੇ ਸਰਕਾਰ ਨੇ ਹਿੰਦੁਸਤਾਨੀਆਂ ਵਾਸਤੇ ਸ਼ਮਸ਼ਾਨ ਭੂਮੀ ਬਨਾਉਣਾ ਪ੍ਰਵਾਨ ਕਰ ਲਿਆ। ਇਹ ਸ: ਹਰਦਿਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਪਹਿਲੀ ਫਤਹਿ ਸੀ।

ਇਸ ਸਫਲਤਾ ਦਾ ਨਤੀਜਾ ਇਹ ਹੋਇਆ ਕਿ ਉਸ ਦੇਸ਼ ਵਿਚ ਹਿੰਦੀਆਂ ਦਾ ਸਤਿਕਾਰ ਵਧ ਗਿਆ। ਅੱਗੇ ਜਿਥੇ ਉਨ੍ਹਾਂ ਦੀਆਂ ਲਾਸ਼ਾਂ ਜੰਗਲਾਂ ਵਿਚ ਰੁਲਦੀਆਂ ਸਨ ਹੁਣ ਉਹ ਆਪਣੇ ਧਰਮ ਅਨੁਸਾਰ ਅੰਤਮ ਸਸਕਾਰ ਕਰਨ ਲਗ ਪਏ।

ਸ: ਹਰਦਿਤ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਅਨੁਭਵ ਕੀਤਾ ਕਿ ਸਿਖਾਂ ਲਈ ਗੁਰਦਵਾਰਿਆਂ ਦੀ ਸਖਤ ਲੋੜ ਹੈ ਨਹੀਂ ਤਾਂ ਉਹ ਆਪਣੇ ਧਰਮ ਵਲੋਂ ਵੇਮੁਖ ਹੋਕੇ ਜੀਵਨ ਵਿਅਰਥ ਗਵਾ ਬੈਠਣਗੇ। ਇਹ ਸੋਚ ਕੇ ਇਨ੍ਹਾਂ ਨੇ ਵੈਨਕੋਵਰ ਕੈਨੇਡਾ ਤੇ ਵਿਕਟੋਰੀਆ ਵਿਚ ਗੁਰਦੁਆਰੇ ਬਨਾਉਣ ਦਾ ਪਰੋਗਰਾਮ ਬਣਾਇਆ। ਵਿਕਟੋਰੀਆ ਵਿਚ ਗੁਰਦੁਆਰਾ ਬਨਾਉਣ ਸਮੇਂ ਇਕ ਸਖਤ ਔਕੜ ਪੇਸ਼ ਆਈ। ਸਿਟੀ ਮੇਅਰ ਦਾ ਘਰ ਨੇੜੇ ਸੀ। ਉਹ ਗੁਰਦੁਆਰਾ ਬਨਾਉਣ ਦੀ ਇਸ ਕਰਕੇ ਵਿਰੋਧਤਾ ਕਰਦਾ ਸੀ ਕਿ ਉਥੇ ਕੀਰਤਨ ਹੋਇਆ ਕਰੇਗਾ ਤੇ ਬੇਅਰਾਮੀ ਹੋਵੇਗੀ। ਉਸ ਨਾਲ ਮੁਕੱਦਮੇ ਬਾਜ਼ੀ ਸ਼ੁਰ ਹੋ ਗਈ। ਵਾਹਿਗੁਰੂ ਦਾ ਭਾਣਾ ਐਸਾ ਹੋਇਆ ਕਿ ਮੁਕਦਮੇ ਦੇ ਦੌਰਾਨ ਵਿਚ ਹੀ ਉਸ ਦੀ ਮੌਤ ਹੋ ਗਈ ਤੇ ਮੁਕਦਮੇ ਦਾ ਫੈਸਲਾ ਸਿਖਾਂ ਦੇ ਹੱਕ ਵਿਚ ਹੋ ਗਿਆ। ਬਾਬਾ ਹਰਦਿਤ ਸਿੰਘ ਜੀ ਨੇ ਗੁਰਦੁਆਰਿਆਂ ਵਾਸਤੇ ੧੫੦੦੦ ਰੁਪਇਆ ਇਕਠਾ ਕਰਕੇ ਦਿਤਾ।

ਇਸ ਪ੍ਰਕਾਰ ਅਮਰੀਕਾ ਤੇ ਕੈਨੇਡਾ ਵਿਚ ਸਿਖ ਤੇ ਦੂਜੇ ਹਿੰਦੁਸਤਾਨੀ ਅਗੇ ਵਧ ਰਹੇ ਸਨ। ਮੇਹਨਤ ਮਜ਼ਦੂਰੀ ਕਰਨ ਵਿਚ ਉਹ ਸਭ ਤੋਂ ਅਗੇ ਸਨ। ਇਸ ਲਈ ਜਦ ਅੰਗਰੇਜ਼ਾਂ ਨੇ ਇਹ ਵੇਖਿਆ ਕਿ ਹਿੰਦੁਸਤਾਨੀ ਇਥੇ ਛਾ ਜਾਣ ਗੇ ਤਾਂ ਉਨ੍ਹਾਂ ਨੇ ਹਿੰਦੀਆਂ ਦਾ ਦਾਖਲਾ ਰੋਕਣ ਦਾ ਯਤਨ ਕੀਤਾ। ਹਿੰਦੀਆਂ ਦੇ ਦਾਖਲੇ ਪਰ ਪਾਬੰਦੀਆਂ ਲਗਾ ਦਿਤੀਆਂ ਗਈਆਂ ਪ੍ਰੰਤੂ ਜੋ ਹਿੰਦੋਸਤਾਨੀ ਪਹੁੰਚ ਚੁਕੇ ਸਨ ਉਨ੍ਹਾਂ ਨੂੰ ਕਿਵੇਂ ਕਢਿਆ ਜਾਵੇ? ਇਹ ਸਵਾਲ ਭੀ ਅੰਗਰੇਜ਼ਾਂ ਲਈ ਸਿਰ ਦਰਦੀ ਦਾ ਕਾਰਣ ਬਣ ਗਿਆ ਸੀ।

ਚਾਲਾਕ ਅੰਗਰੇਜ਼ਾਂ ਨੇ ਇਹ ਤਹਿਰੀਕ ਚਲਾਈ ਕਿ ਹਿੰਦੀਆਂ ਨੂੰ ਇਕ ਨਵੀਂ ਅਬਾਦੀ ਹੰਡੂਰਸ ਵਿਚ ਆਬਾਦ ਕੀਤਾ ਜਾਵੇ। ਇਹ ਆਬਾਦੀ ਨਾਰਥ ਤੇ ਸਾਊਥ ਅਮਰੀਕਾ ਦੇ ਵਿਚਕਾਰ ਹੈ। ਇਥੇ ਗਰਮੀ ਬਹੁਤ ਪੈਂਦੀ ਹੈ ਅਤੇ ਆਬਾਦੀ ਘਟ ਹੋਣ ਕਰਕੇ ਕਾਰੋਬਾਰ ਭੀ ਮੰਦਾ ਰਹਿੰਦਾ ਹੈ। ਕੇਨੇਡਾ ਤੇ ਅਮਰੀਕਾ ਦੀਆਂ ਅਖਬਾਰਾਂ ਵਿਚ ਇਸ ਗਲ ਪਰ ਜ਼ੋਰ ਦਿਤਾ ਗਿਆ ਹੈ ਕਿ ਸਾਰੇ ਹਿੰਦੁਸਤਾਨੀਆਂ ਨੂੰ ਇਸ ਨਵੀਂ ਆਬਾਦੀ ਵਿਚ ਇਕਠਾ ਕਰ ਦਿਤਾ ਜਾਵੇ। ਇਸ ਚਾਲ ਨੂੰ ਹਿੰਦੀਆਂ ਨੇ ਸਮਝ ਲਿਆ ਅਤੇ ਇਸ ਵਿਰੁਧ ਸਖਤ ਰੌਲਾ ਪਾਇਆ। ਹਿੰਦੀਆਂ ਨੇ ਕਿਹਾ ਕਿ ਸਾਡਾ ਇਕ ਪੜਤਾਲੀਆ ਕਮਿ-ਸ਼ਨ ਹੰਡੂਰਾਸ ਭੇਜਿਆ ਜਾਵੇ ਜੋ ਇਹ ਪਤਾ ਲਗਾਵੇ ਕਿ ਉਥੋਂ ਦਾ ਜਲਵਾਯੂ ਹਿੰਦੀਆਂ ਦੇ ਅਨਕੂਲ ਹੈ ਜਾਂ ਨਹੀਂ। ਇਸ ਐਜੀਟੇਸ਼ਨ ਵਿਚ ਸ: ਹਰਦਿਤ ਸਿੰਘ ਜੀ ਨੇ ਵਧ ਚੜ੍ਹ ਕੇ ਹਿਸਾ ਲਿਆ ਅਤੇ

Digitized by Panjab Digital Library | www.panjabdigilib.org

ਸਰਕਾਰ ਨੂੰ ਅਪਣੀ ਮੰਗ ਅਗੇ ਝੁਕਣ ਲਈ ਮਜਬੂਰ ਕਰ ਦਿਤਾ।

ਹੰਡੂਰਸ ਜਾਣ ਵਾਲੇ ਕਮਿਸ਼ਨ ਵਿਚ ਦੋ ਹਿੰਦੁਸਤਾਨੀ ਗਏ ਸਨ। ਸ: ਨਾਗਰ ਸਿੰਘ ਜੰਡਿ-ਆਲਾ ਅਤੇ ਸ: ਭਾਗ ਸਿੰਘ ਕੈਨੇਡੀਅਨ (ਸ਼ਹੀਦ) ਸਰਕਾਰ ਕੈਨੇਡਾ ਨੇ ਇਨ੍ਹਾਂ ਦੋਹਾਂ ਸਜਨਾਂ ਨੂੰ ਪੰਜਾਹ ਹਜ਼ਾਰ ਡਾਲਰ ਦੀ ਰਿਸ਼ਵਤ ਦੇਣ ਦਾ ਯਤਨ ਕੀਤਾ ਕਿ ਇਹ ਹਿੰਦੁਸਤਾਨੀਆਂ ਨੂੰ ਅਮ੍ਰੀਕਾ ਤੇ ਕੇਨੇਡਾ ਛਡ ਕੇ ਇਸ ਨਵੀਂ ਆਬਾਦੀ ਵਿਚ ਆਉਣ ਦੀ ਪ੍ਰੇਰਨਾ ਕਰਨ, ਪ੍ਰੰਤੂ ਸੱਚੇ ਦੇਸ਼ ਭਗਤਾਂ ਨੇ ਲਾਲਚ ਵਿਚ ਫਸਣ ਤੋਂ ਸਾਫ ਇਨਕਾਰ ਕੀਤਾ। ਉਨ੍ਹਾਂ ਨੇ ਵਾਪਸ ਆਕੇ ਹਿੰਦੀਆਂ ਨੂੰ ਦਸਿਆ ਕਿ ਉਥੋਂ ਦੀ ਜ਼ਮੀਨ ਚੰਗੀ ਨਹੀਂ ਤੇ ਜਲਵਾਯੂ ਠੀਕ ਨਹੀਂ, ਇਸ ਕਰਕੇ ਉਥੇ ਕਿਸੇ ਹਿੰਦੀ ਨੂੰ ਨਹੀਂ ਜਾਣਾ ਚਾਹੀਦਾ।

ਹੰਡੁਰਸ ਵਿਚ ਰਹਿਣ ਵਾਲੀ ਇਕ ਸੋਲ੍ਹਾਂ ਸਾਲ ਦੀ ਸਿਖ ਲੜਕੀ ਨੇ ਕਿਹਾ ਵਦੇਸ਼ਾਂ ਵਿਚ ਹਿੰਦੀਆਂ ਦਾ ਬਹੁਤ ਤ੍ਰਿਸਕਾਰ ਕੀਤਾ ਜਾਂਦਾ ਹੈ, ਇਸ ਲਈ ਮੈਂ ਅੱਜ ਤੋਂ ਪ੍ਰਣ ਕਰਦੀ ਹਾਂ ਕਿ ਜਦੋਂ ਤਕ ਦੇਸ਼ ਆਜ਼ਾਦ ਨਹੀਂ ਹੁੰਦਾ ਮੈਂ ਸ਼ਾਦੀ ਨਹੀਂ ਕਰਾਵਾਂਗੀ। ਇਸ ਨੌਜਵਾਨ ਲੜਕੀ ਦੇ ਦੇਸ਼ ਪਿਆਰ ਦੇ ਜਜ਼ਬੇ ਨੂੰ ਵੇਖ ਕੇ ਹਿੰਦੀ ਲੀਡਰ ਹੱਕੇ ਬੱਕੇ ਰਹਿ ਗਏ ਅਤੇ ਉਨ੍ਹਾਂ ਨੇ ਦ੍ਰਿੜ ਇਰਾਦਾ ਕਰ ਲਿਆ ਕਿ ਉਹ ਕੋਈ ਐਸੀ ਗੱਲ ਨਹੀਂ ਕਰਨ ਗੇ ਜੋ ਕਿ ਸਮੁਚੇ ਦੇਸ਼ ਵਾਸੀਆਂ ਦੇ ਲਾਭਾਂ ਦੇ ਉਲਟ ਹੋਵੇ। ਜੇ ਉਹ ਹਿੰਦੁਸਤਾਨੀ ਲਾਲਚ ਵਿਚ ਫਸ ਜਾਂਦੇ ਤਾਂ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਅਮ੍ਰੀਕਾ ਦੇ ਕਾਲੇ ਪਾਣੀ ਹੰਡੂਰਸ ਵਿਚ ਜ਼ਬਰਦਸਤੀ ਭੇਜਿਆ ਜਾਂਦਾ। ਆਪਣੇ ਆਗੂਆਂ ਦੀ ਸਲਾਹ ਅਨੁਸਾਰ ਹਿੰਦੁਸਤਾਨੀਆਂ ਨੇ ਸਾਫ ਕਹਿ ਦਿਤਾ ਕਿ ਸਾਨੂੰ ਮਰ ਜਾਣਾ ਮਨਜ਼ੂਰ ਹੈ ਪਰ ਹੰਡਰਸ ਨਹੀਂ ਜਾਵਾਂਗੇ। ਇਸ ਤਹਿਰੀਕ ਵਿਚ ਭੀ ਸ: ਹਰਦਿਤ ਸਿੰਘ ਦਾ ਕਾਫੀ ਹਿਸਾ ਹੈ। ਇਸ ਤੋਂ ਪਿਛੋਂ ਜਦ ਗੁਰੂ ਨਾਨਕ ਜਹਾਜ਼ ਵੈਨ ਕੋਵਰ ਪੁਜਿਆ ਤਾਂ ਸ: ਹਰਦਿਤ ਸਿੰਘ ਜੀ ਨੇ ਉਸ ਦੀ ਸਹਾਇਤਾ ਕਰਨ ਵਿਚ ਵਧ ਚੜ੍ਹ ਕੇ ਹਿਸਾ ਲਿਆ।

ਉਪ੍ਰੰਤ ਸਿਆਣੇ ੨ ਗੁਰੂ ਸਿਖਾਂ ਦੇ ਉਦਮ ਨਾਲ ਇਕ ਗੁਰੂ ਨਾਨਕ ਮਾਈਨਿੰਗ ਕੰਪਨੀ ਦੀ ਨੀਂਹ ਰੱਖੀ ਗਈ। ਇਸ ਕੰਪਨੀ ਦਾ ਭਾਵ ਹਿੰਦੋਸਤਾਨੀਆਂ ਲਈ ਕਾਰੋਬਾਰ ਪੈਦਾ ਕਰਨਾ ਸੀ ਅਤੇ ਇੱਕ ਬੈਂਕ ਚਾਲੂ ਕਰਨ ਦਾ ਭੀ ਖਿਆਲ ਸੀ। ਸਰਕਾਰ ਚਾਹੁੰਦੀ ਸੀ ਕਿ ਸੰਤ ਤੇਜਾ ਸਿੰਘ ਜੀ ਐਮ. ਏ. (ਮਸਤੂਆਂਣਾ) ਨੂੰ ਜੋ ਉਨ੍ਹਾਂ ਦਿਨਾਂ ਵਿਚ ਅਮਰੀਕਾ ਵਿਚ ਸਨ। ਬਾਹਰ ਕਢ ਦਿੱਤਾ ਜਾਵੇ। ਪ੍ਰੰਤੂ ਸਿਆਣੇ ਸਜਨਾਂ ਨੇ ਉਨ੍ਹਾਂ ਨੂੰ ਕੰਪਨੀ ਦਾ ਮੈਨੇਜਰ ਬਣਾ ਦਿੱਤਾ। ਇਸ ਕੰਪਨੀ ਵਲੋਂ ਡੇਢ ਸੌ ਏਕੜ ਜ਼ਮੀਨ ਖਰੀਦੀ ਗਈ ਜੋ ਹੁਣ ਤੱਕ ਹਿੰਦੀਆਂ ਪਾਸ ਹੈ। ਇਸ ਤੋਂ ਪਿਛੋਂ ਗਵਰਨਰ ਸਿੱਖ ਲੀਡਰਾਂ ਨਾਲ ਗਲਬਾਤ ਕਰਨ ਲਈ ਆਇਆ। ਉਸ ਨੇ ਸੰਤ ਤੇਜਾ ਸਿੰਘ ਜੀ ਨੂੰ ਬੁਲਾਇਆ। ਬੈਂਕ ਵਿਚੋਂ ਗ੍ਰੀਬਾਂ ਨੂੰ ਕਰਜ਼ੇ ਦਿੱਤੇ ਜਾਇਆ ਕਰਨਗੇ। ਗਵਰਨਰ ਨੂੰ ਕੋਈ ਉਤ੍ਰਨਾ ਆਇਆ। ਉਹ ਮੰਨ ਗਿਆ ਕਿ ਇਹ ਕੰਮ ਬਹੁਤ ਚੰਗਾ ਹੈ। ਇਸ ਮੰਤਵ ਵਿਚ ਭੀ ਹਿੰਦੋਸਤਾਨੀਆਂ ਦੀ ਜਿੱਤ ਹੋਈ। ਇਸ ਪ੍ਰਕਾਰ ਜੋ ਭੀ ਦੇਸ਼ ਭਲਾਈ ਦਾ ਕੰਮ ਉਸ ਸਮੇਂ ਕੈਨੇਡਾ ਤੇ ਅਮਰੀਕਾ ਵਿਚ ਰਹਿਣ ਵਾਲੇ ਹਿੰਦੀਆਂ ਨੇ ਕੀਤਾ। ਸ: ਹਰਦਿੱਤ ਸਿੰਘ ਜੀ ਉਸ ਵਿਚ ਵਧ ਚੜ੍ਹਕੇ ਹਿੱਸਾ ਲੇਂਦੇ ਰਹੇ।

ਉਨ੍ਹਾਂ ਦਿਨਾਂ ਵਿਚ ਅਮ੍ਰੀਕਾ ਅੰਦਰ ਗਏ ਹਿੰਦੋਸਤਾਨੀ ਤੇ ਖਾਸ ਕਰ ਸਿੱਖ ਇਹ ਸਮਝੇ ਸਨ ਕਿ ਜਦੋਂ ਤੱਕ ਦੇਸ਼ ਵਿਚੋਂ ਅਨਪੜ੍ਹਤਾ ਖਤਮ ਨਹੀਂ ਹੁੰਦੀ, ਸਾਡਾ ਦੇਸ਼ ਉਨਤੀ ਨਹੀਂ ਕਰ ਸਕਦਾ ਇਸ ਲਈ ਲਖਾਂ ਨਹੀਂ, ਕਰੋੜਾ ਰੁਪਏ ਦੇਸ਼ ਵਿਚ ਚਲ ਰਹੀਆਂ ਵਿਦਿਅਕ ਸੰਸਥਾਵਾਂ ਨੂੰ ਭੇਜੇ।

Digitized by Panjab Digital Library | www.panjabdigilib.org

ਕੰਨਿਆ ਪਾਠਸ਼ਾਲਾ ਕੈਰੋਂ, ਸਿੱਖ ਕੰਨਿਆ ਮਹਾਂ ਵਿਦਿਆਲਾ ਫੀਰੋਜ਼ ਪੁਰ, ਅਕਾਲ ਕਾਲਜ ਮਸਤੂਆਣਾ, ਖਾਲਸਾ ਹਾਈ ਸਕੂਲ ਦਮਦਮਾ ਸਾਹਿਬ, (ਗੁਰੂ ਕੀ ਕਾਸ਼ੀ) ਨੂੰ ਬਹੁਤ ਸਹਾਇਤਾ ਭੇਜੀ ਗਈ। ਹੋਰ ਭੀ ਬਹੁਤ ਸਾਰੇ ਵਿਦਿਅਕ ਆਸ਼ਰਮਾਂ ਨੂੰ ਸਹਾਇਤਾ ਭੇਜੀ ਗਈ। ਦੁਆਬੇ ਵਿਚ ਕੋਈ ਖਾਲਸਾ ਹਾਈ ਸਕੂਲ ਅਜਿਹਾ ਨਹੀਂ ਜਿਸ ਨੂੰ ਅਮ੍ਰੀਕਾ ਜਾਂ ਕੈਨੇਡਾ ਤੋਂ ਸਹਾਇਤਾ ਨਾ ਮਿਲੀ ਹੋਵੇ।

੧੯੧੪ ਵਿਚ ਜੰਗ ਸ਼ੁਰੂ ਹੋ ਗਈ। ਅਮ੍ਰੀਕਾ ਤੇ ਕੈਨੇਡਾ ਵਿਚ ਗਏ ਹਿੰਦੋਸਤਾਨੀਆਂ ਨੇ ਫੈਸਲਾ ਕੀਤਾ ਕਿ ਦੇਸ਼ ਵਿਚ ਵਾਪਸ ਚਲੋ ਜਾ ਕੇ ਗਦਰ ਕੀਤਾ ਜਾਵੇ ਅਤੇ ਦੇਸ਼ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਵਿਚੋਂ ਕਢਿਆ ਜਾਵੇ। ਇਸ ਫੈਸਲੇ ਅਨੁਸਾਰ ਹਜ਼ਾਰਾਂ ਹਿੰਦੋਸਤਾਨੀ ਜਿਨ੍ਹਾਂ ਵਿਚ ਬਹੁਤੇ ਸਿੱਖ ਸਨ ਹਿੰਦੋਸਤਾਨ ਵਾਪਸ ਆਏ। ਸ: ਹਰਦਿੱਤ ਸਿੰਘ ਜੀ ਵਾਪਸ ਆਉਂਦੇ ਹੋਇ ਸਿਆਮ ਤੇ ਬਰਮਾ ਵਿਚੋਂ ਹੋ ਕੇ ਆ ਰਹੇ ਸਨ। ਬਰਮਾ ਤੇ ਸਿਆਮ ਨਿਵਾਸੀ ਹਿੰਦੀਆਂ ਦੇ ਜਥੇ ਨੇ ਹਥਿਆਰ ਬੰਦ ਬਗਾਵਤ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਇਸ ਕਰਕੇ ਜਦ ਆਪ ਇਥੇ ਪਹੁੰਚੇ ਤਾਂ ਮਾਂਡਲੇ ਸਾਜਸ਼ ਕੇਸ ਵਿਚ ਆਪ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ। ਉਮਰ ਕੈਦ ਕੱਟ ਕੇ ਆਪ ਰਿਹਾ ਹੋਕੇ ਆਏ ਅਤੇ ਸਾਰੀ ਉਮਰ ਦੇਸ਼ ਸੇਵਾ ਕਰਦੇ ਰਹੇ।

ਆਪ ਦਾ ਸੁਭਾ ਬੜਾ ਗੰਭੀਰ ਹੈ ਅਤੇ ਆਪ ਦੀ ਵਾਕਫੀਅਤ ਬਹੁਤ ਜ਼ਿਆਦਾ ਹੈ। ਅਮਲੀ ਜੀਵਨ ਦੁਆਰਾ ਆਪਨ ਦੇਸ਼ ਦੀ ਆਜ਼ਾਦੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦਿਤੀ। ਲਖਾਂ ਰੁਪਏ ਕਮਾਕੇ ਸਾਂਝੀਆਂ ਵਿਦਿਅਕ ਸੰਸਥਾਵਾਂ ਨੂੰ ਦਾਨ ਦੇ ਦਿਤੇ। ਦੇਸ਼ ਪਿਆਰ ਦਾ ਜਜ਼ਬਾ ਆਪ ਦੇ ਦਿਲ ਵਿਚ ਬਹੁਤ ਜ਼ਿਆਦਾ ਸੀ। ਆਪ ਜੈਸੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਅਜ ਦੇਸ਼ ਸੁਤੰਤ੍ਰਤਾ ਮਾਣ ਰਿਹਾ ਹੈ ਤੇ ਵਦੇਸ਼ਾਂ ਵਿਚ ਹਿੰਦੀਆਂ ਦਾ ਆਦਰ ਸਤਿਕਾਰ ਵਧ ਰਿਹਾ ਹੈ।

## ਸ: ਨਰੈਣ ਸਿੰਘ (ਸ਼ਹੀਦ)

ਝੂਗਾ ਫੂਕੇ ਆਪਣਾ ਨਾਲ ਕਟਾਵੇ ਸੀਸ ॥
ਐਸੀ ਕਰਨੀ ਜੋ ਕਰੇ ਤਾਹਿ ਮਿਲੇ ਜਗਦੀਸ ॥

ਆਪ ਦਾ ਜਨਮ ਪਿੰਡ ਵਡੀ ਫੁਲੋ (ਪੇਪਸੂ) ਵਿਚ ਹੋਇਆ। ਰੁਜ਼ਗਾਰ ਦੀ ਭਾਲ ਵਿਚ ਆਪ ਬਰਮਾ ਚਲੇ ਗਏ। ਜਿਸ ਸਮੇਂ ਵਦੇਸ਼ਾਂ ਵਿਚ ਰਹਿਣ ਵਾਲੇ ਹਿੰਦੋਸਤਾਨੀਆਂ ਨੇ ਬ੍ਰਤਾਨਵੀ ਸਰਕਾਰ ਦਾ ਤਖਤਾ ਉਲਟਾਣ ਦੇ ਯਤਨ ਆਰੰਭ ਕੀਤੇ ਤਾਂ ਆਪ ਭੀ ਬਰਮਾ ਵਿਚ ਦੇਸ਼ ਭਗਤੀ ਦਾ ਜ਼ੋਰਦਾਰ ਪ੍ਰਚਾਰ ਕਰਦੇ ਰਹੇ। ਮਾਂਡਲੇ ਸਾਜ਼ਸ ਕੇਸ ਵਿਚ ਆਪ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਆਪਣੇ ਹੋਰ ਦੇਸ਼ ਭਗਤ ਸਾਥੀਆਂ ਸਮੇਤ ਆਪ ਮਾਂਡਲੇ ਜੇਹਲ ਵਿਚ ਹੀ ਫਾਸੀ ਪਰ ਲਟਕਾਏ ਗਏ। ਆਪ ਦੇ ਜੀਵਨ ਸਬੰਧੀ ਵਸ਼ੇਸ ਹਾਲਤ ਲਭਣ ਦਾ ਬਹੁਤ ਯਤਨ ਕੀਤਾ ਗਿਆ ਪ੍ਰੰਤੂ ਇਸ ਤੋਂ ਵਧ ਹਾਲਤ ਨਹੀਂ ਮਿਲੇ। ਆਪ ਦੇ ਸਾਥੀ ਬਾਬੂ ਅਮਰ ਸਿੰਘ ਜੀ ਸ਼ੇਰ ਪੁਰਾ ਦੀ ਜ਼ਬਾਨੀ ਪਤਾ ਲਗਿਆ ਹੈ ਕਿ ਆਪ ਵਿਚ ਦੇਸ਼ ਦੀ ਆਜ਼ਦੀ ਪ੍ਰਾਪਤ ਕਰਨ ਲਈ ਬੜਾ ਜੋਸ਼ ਸੀ ਅਤੇ ਕਿਹਾ ਕਰਦੇ ਸਨ ਕਿ ਜੇ ਮੇਰਾ ਸਰੀਰ ਦੇਸ਼ ਦੀ ਖਾਤਰ ਕੁਰਬਾਨ ਹੋ ਜਾਵੇ ਤਾਂ ਬੜੇ ਉਤਮ ਭਾਗ ਹਨ। ਆਪਦੇ ਦਿਲ ਦੀ ਇਹ ਇਛਾ ਪੂਰਨ ਹੋਈ। ਮਾਂਡਲੇ ਦੀ ਜੇਹਲ ਵਿਚ ਹਿੰਦੋਸਤਾਨੀ ਦੇਸ਼ ਭਗਤਾਂ ਨੇ ਆਪਣਾ ਸੀਸ ਬਲੀਦਾਨ ਦੇਕੇ ਸਾਬਤ ਕਰ ਦਿਤਾ ਹੈ ਕਿ ਪ੍ਰਦੇਸ਼ਾਂ ਵਿਚ ਜਾਣ ਪਰ ਭੀ ਸਚੇ ਦੇਸ਼ ਭਗਤ ਦੇਸ਼ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ। ਰਿਆਸਤੀ ਜਨਤਾ ਬਹੁਤ ਪਿਛੇ ਰਹੀ ਹੋਈ ਸੀ ਅਤੇ ਰਜਵਾੜਾ ਸ਼ਾਹੀ ਨੇ ਉਸ ਦੀਆਂ ਆਜ਼ਾਦੀ ਦੀਆਂ ਭਾਵਨਾਵਾਂ ਕੁਚਲਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਪ੍ਰੰਤੂ ਸ:

Digitized by Panjab Digital Library | www.panjabdigilib.org

ਨਰਾਇਨ ਸਿੰਘ ਦੇਸੀ ਰਿਆਸਤਾਂ ਦੇ ਵਸਨੀਕ ਹੁੰਦੇ ਹੋਇ ਭੀ ਬਹੁਤ ਅੱਗੇ ਵਧੂ ਦੇਸ਼ ਭਗਤ ਸਨ ਅਤੇ ਬਰਮਾ ਤੇ ਸਿਆਮ ਦੇ ਹਿੰਦੂਆਂ ਨੂੰ ਜਥੇ ਬੰਦ ਕਰਨ ਵਿਚ ਆਪਨੇ ਵਧ ਚੜ੍ਹ ਕੇ ਹਿਸਾ ਲਿਆ ।

## ਬਾਬਾ ਗੋਬਿੰਦ ਸਿੰਘ ਜੀ (ਦੇਸ਼ ਭਗਤ)

ਆਪ ਦਾ ਜਨਮ ਸ: ਸੁੰਦਰ ਸਿੰਘ ਜੀ ਦੇ ਘਰ ਮਾਤਾ ਮਰੀਆਂ ਦੀ ਕੁਖ ਤੋਂ ਸੰਨ ੧੮੮੫ ਵਿਚ ਹੋਇਆ । ਪੰਦਰਾਂ ਸੋਲ੍ਹਾਂ ਸਾਲ ਦੀ ਉਮਰ ਵਿਚ ਆਪ ਬਰਮਾ ਤੇ ਸਿਆਮ ਵਿਚ ਚਲੇ ਗਏ । ਸਿਆਮ ਵਿਚ ਉਸ ਸਮੇਂ ਇਕ ਜਰਮਨ ਠੇਕੇਦਾਰ ਰੇਲਵੇ ਲਾਈਨ ਬਣਵਾ ਰਹੇ ਸਨ । ਸ: ਗੋਬਿੰਦ ਵਿਚ ਭੀ ਇਸ ਲਾਈਨ ਪਰ ਕੰਮ ਕਰਨ ਲਗ ਪਏ । ਅਮ੍ਰੀਕਾ ਤੋਂ ਗਦਰ ਪਾਰਟੀ ਦੇ ਵਰਕਰਾ ਨੇ ਆ ਕੇ ਹਿੰਦੋਸਤਾਨੀਆਂ ਨੂੰ ਜਥੇ ਬੰਦ ਕੀਤਾ ਤਾਂ ਬਾਬੂ ਅਮਰ ਸਿੰਘ ਜੀ ਸ਼ੇਰ ਪੁਰਾ ਵਾਲੇ ਭੀ ਜੋ ਇਸ ਲਾਈਨ ਪਰ ਐਗਜ਼ੇਕਟਿਵ ਇੰਜਨੀਅਰ ਸਨ, ਗਦਰ ਪਾਰਟੀ ਵਿਚ ਸ਼ਾਮਲ ਹੋ ਗਏ । ਬਾਬਾ ਗੋਬਿੰਦ ਸਿੰਘ ਜੀ ਭੀ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ।

ਆਪ ਨੇ ਦਸਿਆ ਕਿ ਉਸ ਸਮੇਂ ਜਰਮਨ ਹਿੰਦੋਸਤਾਨੀਆਂ ਨੂੰ ਜੰਗਲਾਂ ਵਿਚ ਗੁਪਤ ਤ੍ਰੀਕੇ ਨਾਲ ਟ੍ਰੇਨਿੰਗ ਦਿਤਾ ਕਰਦੇ ਸਨ ਅਤੇ ਅੰਗਰੇਜ਼ਾਂ ਵਿਰੁਧ ਲੜਨ ਲਈ ਉਭਾਰਦੇ ਸਨ । ਮਾਂਡਲੇ ਸਾਜ਼ਸ਼ ਕੇਸ ਵਿਚ ਆਪ ਭੀ ਫੜੇ ਗਏ । ਤਿੰਨ ਸਾਲ ਤੱਕ ਆਪ ਹਵਾਲਾਤ ਵਿਚ ਰਹੇ । ਇਥੋਂ ਵਾਪਸ ਹਿੰਦ ਲਿਆ ਕੇ ਆਪ ਨੂੰ ਜ਼ੁਮਾਨਤ ਪਰ ਰਿਹਾ ਕੀਤਾ ਗਿਆ ਤੇ ਕਾਫੀ ਦੇਰ ਪੁਲਸ ਆਪ ਦੀ ਨਿਗਰਾਨੀ ਕਰਦੀ ਰਹੀ । ਆਪ ਦਾ ਪਿੰਡ ਲੀਲ੍ਹਾ ਜ਼ਿਲਾ ਲੁਧਿਆਣਾ ਹੈ ।

## ਬਾਬੂ ਹਰਨਾਮ ਸਿੰਘ ਜੀ (ਸ਼ਹੀਦ) ਸਾਹਰੀ ਹੁਸ਼ਿਆਰਪੁਰ

ਮਰਨਾ ਭਲਾ ਹੈ ਉਸ ਕਾ ਜੋ ਅਪਣੇ ਲੀਏ ਜੀਏ ।
ਜੀਤਾ ਹੈ ਵੋਹ ਜੋ ਮਰ ਚੁਕਾ ਹੈ ਕੌਮ ਕੇ ਲੀਏ ।

ਇਹ ਪੰਗਤੀਆਂ ਬਾਬੂ ਹਰਨਾਮ ਸਿੰਘ ਰਾਮਗੜ੍ਹੀਆਂ ਪਿਤਾ ਲਾਭ ਸਿੰਘ ਦੇ ਹਿਰਦੇ ਪਰ ਉਕਰੀਆਂ ਹੋਈਆਂ ਸਨ । ਆਪ ਇਨ੍ਹਾਂ ਨੂੰ ਕਈ ਵੇਰ ਪੜ੍ਹਿਆ ਕਰਦੇ ਸਨ । ਬਾਬੂ ਜੀ ਦਾ ਜਨਮ ਨਗਰ ਸਾਹਿਰੀ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ । ਆਪ ਜੀ ਦੇ ਪਿਤਾ ਸ: ਲਾਭ ਸਿੰਘ ਜੀ ਤੇ ਮਾਤਾ ਚੰਦ ਕੌਰ ਸੀ । ਆਪ ਦਾ ਖਾਨਦਾਨ ਉਘੇ ਖਾਨਦਾਨਾਂ ਵਿਚੋਂ ਹੈ । ਸੋਲ੍ਹਾਂ ਸਾਲ ਦੀ ਅਵਸਥਾ ਵਿਚ ਆਪ ਨੇ ਅਠਵੀਂ ਪਾਸ ਕਰਕੇ ੩੦ ਨੰਬਰ ਰਸਾਲੇ ਵਿਚ ਭਰਤੀ ਹੋ ਗਏ ।

ਉਥੇ ਆਪ ਅੰਗਰੇਜ਼ਾਂ ਦੀ ਗੁਲਾਮੀ ਵਿਰੁਧ ਪ੍ਰਚਾਰ ਕਰਿਆ ਕਰਦੇ ਸਨ । ਆਪ ਦੇ ਸਾਥੀ ਕਹਿੰਦੇ ਆਪ ਖੁਦ ਕਿਉਂ ਨੌਕਰੀ ਕਰਦੇ ਹੋ ? ਇਸ ਦਾ ਉਤਰ ਆਪ ਇਹ ਦਿੰਦੇ ਕਿ ਇਥੇ ਮੈਂ ਕਿਸੇ ਖਾਸ ਮਕਸਦ ਲਈ ਆਇਆ ਹਾਂ ਕੇਵਲ ਪੇਟ ਪਾਲਣ ਲਈ ਨਹੀਂ । ਆਪ ਨੇ ਡੇਢ ਕੁ ਸਾਲ ਨੌਕਰੀ ਕੀਤੀ । ਆਜ਼ਾਦ ਖਿਆਲ ਆਦਮੀ ਬਹੁਤਾ ਚਿਰ ਨੌਕਰੀ ਨਹੀਂ ਕਰ ਸਕਦਾ । ਭਾਈ ਬਲਵੰਤ ਸਿੰਘ ਜੀ ਸ਼ਹੀਦ ਭੀ ਇਸ ਰਸਾਲੇ ਵਿਚ ਨੌਕਰ ਸਨ । ਆਪ ਦਾ ਬਾਬੂ ਜੀ ਨਾਲ ਬਹੁਤ ਸਨੇਹ ਸੀ ਅਤੇ ਬਾਬੂ ਜੀ ਭੀ ਆਪ ਨੂੰ ਬੜੀਆਂ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਕਰਦੇ ਸਨ । ਦੋਹਾਂ ਸਜਣਾਂ ਵਿਚ ਗੂਹੜਾ ਮਿਤ੍ਰਾਨਾ ਹੋ ਗਿਆ । ਸਲਾਹ ਕਰਕੇ ਦੋਵੇਂ ਹੀ ਨੌਕਰੀ ਛਡ ਕੇ ਘਰ ਆ ਗਏ ਅਤੇ ਅਮਰੀਕਾ ਜਾਣ ਦੀਆਂ ਸਲਾਹਾਂ ਕਰਨ ਲਗੇ । ਪਹਿਲੇ ਆਪ ਬਰਮਾ ਗਏ । ਇਥੋਂ ਆਪ ਹਾਂਗ ਕਾਂਗ ਚਲੇ ਗਏ ਅਤੇ ਪੜ੍ਹੇ ਲਿਖੇ ਹੋਣ ਕਰਕੇ ਆਪ ਨੂੰ ਉਥੇ ਨੌਕਰੀ ਮਿਲ ਗਈ । ਇਥੇ ਆਪ ਚੰਗੇ ਪੈਸੇ ਕਮਾਉਣ ਲਗ

Digitized by Panjab Digital Library | www.panjabdigilib.org

ਪਏ ਪ੍ਰੰਤੂ ਆਪਣੇ ਖਰਚ ਤੋਂ ਜੋ ਪੈਸਾ ਬਚਦਾ ਉਹ ਸਾਰਾ ਆਪਣੇ ਦੇਸ਼ ਵਾਸੀ ਭਰਾਵਾਂ ਦੀ ਸਹਾਇਤਾ ਵਿਚ ਖਰਚ ਕਰ ਦਿੰਦੇ। ਕੌਮੀ ਕੰਮਾਂ ਲਈ ਚੰਦਾ ਇਕਠਾ ਕਰਕੇ ਭੀ ਆਪ ਕਾਫੀ ਸੇਵਾ ਕਰਿਆ ਕਰਦੇ ਸਨ। ਹਾਂਗ ਕਾਂਗ ਵਿਚ ਰਹਿਣ ਕਰਕੇ ਆਪ ਜੀ ਦੀ ਵਾਕਫੀਅਤ ਬਹੁਤ ਵਧ ਗਈ। ਅਮ੍ਰੀਕਾ ਨੂੰ ਜਾਣ ਵਾਲੇ ਹਿੰਦੁਸਤਾਨੀ ਹਾਂਗ ਕਾਂਗ ਹੋਕੇ ਜਾਇਆ ਕਰਦੇ ਸਨ। ਆਪ ਨੇ ਉਨ੍ਹਾਂ ਪਾਸੋਂ ਅਮ੍ਰੀਕਨ ਜ਼ਿੰਦਗੀ ਬਾਰੇ ਜਾਣ ਪਛਾਣ ਕੀਤੀ; ਆਪ ਨੂੰ ਪਤਾ ਲਗਿਆ ਕਿ ਅਮ੍ਰੀਕਾ ਵਿਚ ਜ਼ਿੰਦਗੀ ਦੂਜੇ ਕਈ ਦੇਸ਼ਾਂ ਨਾਲੋਂ ਚੰਗੀ ਸੁਤੰਤ੍ਰ ਗੁਜ਼ਰਦੀ ਹੈ ਤਾਂ ਆਪ ਅਮ੍ਰੀਕਾ ਜਾਣ ਲਈ ਤਿਆਰ ਹੋ ਗਏ। ਜਪਾਨੋਂ ਹੁੰਦੇ ਹੋਏ ਆਪ ਕੈਨੇਡਾ ਪੁਜ ਗਏ। ਵਿਕਟੋਰੀਆ ਵਿਚ ਇਕ ਸਾਲ ਰਹੇ। ਭਾਈ ਬਲਵੰਤ ਸਿੰਘ ਜੀ ਸ਼ਹੀਦ ਭੀ ਕੈਨੇਡਾ ਪੁਜ ਗਏ ਸਨ ਤੇ ਵੈਨਕੋਵਰ ਗੁਰਦੁਆਰੇ ਦੇ ਗ੍ਰੰਥੀ ਜਾ ਲਗੇ ਸਨ, ਇਸ ਲਈ ਬਾਬੂ ਜੀ ਉਨ੍ਹਾਂ ਨੂੰ ਮਿਲਣ ਲਈ ਜਾਇਆ ਕਰਦੇ ਸਨ।

ਬਾਬੂ ਜੀ ਨੇ ਪੰਜਾਬ ਦੀਆਂ ਵਿਦਯਕ ਸੰਸਥਾਵਾਂ ਨੂੰ ਬਹੁਤ ਸਾਰਾ ਰੁਪਇਆ ਇਕਠਾ ਕਰਕੇ ਭੇਜਿਆ। ਆਪ ਅਵਿਦਿਆ ਨੂੰ ਦੇਸ਼ ਵਿਚੋਂ ਖਤਮ ਕਰਨਾ ਚਾਹੁੰਦੇ ਸਨ। ਇਨ੍ਹਾਂ ਦਿਨਾਂ ਵਿਚ ਅਮ੍ਰੀਕਾ ਤੇ ਕੈਨੇਡਾ ਵਿਚ ਰਹਿਣ ਵਾਲੇ ਹਿੰਦੁਸਤਾਨੀ ਚੰਗੇ ਪੈਸੇ ਕਮਾਉਂਦੇ ਸਨ ਇਸ ਲਈ ਕੁਝ ਸਿਆਣੇ ਸਜਨਾਂ ਨੇ ਜਿਨ੍ਹਾਂ ਵਿਚੇ ਬਾਬੂ ਹਰਨਾਮ ਸਿੰਘ ਜੀ ਮੋਢੀ ਸਨ। ਇਕ "ਇੰਡੀਆ ਟ੍ਰੇਨਿੰਗ ਕੰਪਨੀ" ਬਣਾਈ ਤਾਂਕਿ ਜਿਨ੍ਹਾਂ ਹਿੰਦੀਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਉਨ੍ਹਾਂ ਨੂੰ ਨੌਕਰੀ ਭੀ ਦਿਤੀ ਜਾਇਆ ਕਰੇ ਤੇ ਧਨ ਭੀ ਕਮਾਇਆ ਜਾਵੇ। ਕੰਪਨੀ ਦਾ ਪਹਿਲਾ ਮੈਨੇਜਰ ਇਕ ਅੰਗਰੇਜ਼ ਹੀ ਰਖਿਆ ਗਿਆ ਕਿਉਂਕਿ ਹਿੰਦੀਆਂ ਨੂੰ ਏਡੇ ਵਡੇ ਪੈਮਾਨੇ ਪਰ ਕੰਮ ਕਰਨ ਦਾ ਪਤਾ ਨਹੀਂ ਸੀ। ਉਸ ਅੰਗਰੇਜ਼ ਦਾ ਦਿਲ ਬੇਈਮਾਨ ਹੋ ਗਿਆ। ਉਹ ਕੰਪਨੀ ਦੇ ਰੁਪਏ ਨੂੰ ਹੜਪ ਕਰਨ ਦੀਆਂ ਵਿਉਤਾਂ ਸੋਚਣ ਲਗ ਪਿਆ ਪ੍ਰੰਤੂ ਬਾਬੂ ਜੀ ਨੂੰ ਇਸ ਗਲ ਦਾ ਪਤਾ ਲਗ ਗਿਆ।

ਬਾਬੂ ਜੀ ਨੇ ਉਦਮ ਕਰਕੇ ਕੰਪਨੀ ਦੇ ਰੁਪਏ ਨੂੰ ਬਚਾ ਲਿਆ। ਇਹ ਸਰਮਾਇਆ ਡੇਢ ਲੱਖ ਦੇ ਕਰੀਬ ਸੀ। ਬਾਬੂ ਜੀ ਨੇ ਅਮ੍ਰੀਕਾ ਵਿਚ ਰਹਿਕੇ ਉਚੀ ਵਿਦਿਆ ਭੀ ਪ੍ਰਾਪਤ ਕਰ ਲਈ ਅਤੇ ਐਮ. ਏ. ਦੀ ਡਿਗਰੀ ਲੈ ਲਈ। ਉਪਰੰਤ ਆਪ ਕੈਨੇਡਾ ਚਲੇ ਗਏ ਅਤੇ ਉਥੋਂ ਆਪ ਨੇ ਇਕ ਅੰਗਰੇਜ਼ੀ ਦਾ ਅਖਬਾਰ "ਹਿੰਦੋਸਤਾਨ" ਕਢਿਆ। ਆਪ ਦੀਆਂ ਇਹੋ ਜਿਹੀਆਂ ਹਿੰਦੋਸਤਾਨੀਆਂ ਨੂੰ ਜਾਗਰਤ ਵਿਚ ਲਿਆਉਣ ਵਾਲੀਆਂ ਸਰਗਰਮੀਆਂ ਵੇਖ ਕੇ ਕੈਨੇਡਾ ਦੀ ਸਰਕਾਰ ਨੂੰ ਫਿਕਰ ਪੈ ਗਿਆ ਕਿ ਜੇ ਹਿੰਦੀ ਜਥੇਬੰਦ ਹੋ ਗਏ ਤਾਂ ਇਹ ਪਤਾ ਨਹੀਂ ਕੀ ਕਰਨਗੇ। ਸਰਕਾਰ ਕੈਨੇਡਾ ਨੇ ਆਪ ਵਿਰੁਧ ਬੰਬ ਬਨਾਉਣ ਦੀ ਸਿਖਿਆ ਦੇਣ ਦਾ ਝੂਠਾ ਦੂਸ਼ਨ ਲਗਾ ਕੇ ਨੋਟਿਸ ਦੇ ਦਿਤਾ ਕਿ ਆਪ ੪੮ ਘੰਟੇ ਦੇ ਅੰਦਰ ਅੰਦਰ ਕੈਨੇਡਾ ਵਿਚੋਂ ਨਿਕਲ ਜਾਉ। ਇਥੋਂ ਆਪ ਇਕ ਅਗਨ ਬੋਟ ਵਿਚ ਬੈਠ ਕੇ ਸ਼ਿਆਟਲ ਪੁਜ ਗਏ। ੨੦ ਮਾਰਚ ੧੯੧੧ ਨੂੰ ਆਪ ਕੈਲੇਫੋਰਨੀਆਂ ਵਿਚ ਪੁਜ ਗਏ। ਮਗਰੋਂ ਆਪ ਨੂੰ ਫਿਰ ਕੈਨੇਡਾ ਜਾਣ ਦੀ ਆਗਿਆ ਮਿਲ ਗਈ ਸੀ।

ਜਿਨ੍ਹਾਂ ਦੇਸ਼ ਭਗਤਾਂ ਨੇ ਗਦਰ ਪਾਰਟੀ ਦੀ ਬੁਨਿਆਦ ਰਖੀ। ਉਨ੍ਹਾਂ ਵਿਚੋਂ ਬਾਬੂ ਹਰਨਾਮ ਸਿੰਘ ਜੀ ਦਾ ਨਾਮ ਖਾਸ ਤੌਰ ਪਰ ਵਰਨਣ ਯੋਗ ਹੈ। ੧੯੧੩ ਦੇ ਨਵੰਬਰ ਮਹੀਨੇ ਦੀ ਪਹਿਲੀ ਤਾਰੀਖ ਤੋਂ ਗਦਰ ਅਖਬਾਰ ਨਿਕਲਣਾ ਆਰੰਭ ਹੋਇਆ। ਬਾਬੂ ਜੀ ਗਦਰ ਅਖਬਾਰ ਵਿਚ ਬੜੇ ਹੀ ਧੜਲੇਦਾਰ ਲੇਖ ਲਿਖਿਆ ਕਰਦੇ ਸਨ। ਆਪ ਤਸਵੀਰਾਂ ਵੀ ਬਣਾਇਆ ਕਰਦੇ ਸਨ, ਜਿਨ੍ਹਾਂ ਰਾਹੀਂ ਆਪ ਇਹ ਪ੍ਰਗਟ ਕਰਦੇ ਹੁੰਦੇ ਸਨ ਕਿ ਅੰਗਰੇਜ਼ੀ ਸਰਕਾਰ ਕਿਸ ਤ੍ਰੀਕੇ ਨਾਲ ਹਿੰਦੋਸਤਾਨ ਵਿਚ ਲੁਟ

Digitized by Panjab Digital Library | www.panjabdigilib.org

ਖਸੁਟ ਕਰ ਰਹੀ ਹੈ। ਭਾਃ ਗੁਰਦਿਤ ਸਿੰਘ ਤੇ ਭਾਃ ਦਲੀਪ ਸਿੰਘ ਨੂੰ ਅਮ੍ਰੀਕਾ ਦੀ ਸਰਕਾਰ ਨੇ ਬੰਬ ਕੇਸ ਬਣਾ ਕੇ ਗ੍ਰਿਫਤਾਰ ਕਰ ਲਿਆ। ਮਿਃ ਹਾਫਕਿਨਸਨ ਨੇ ਜੋ ਹਿੰਦੋਸਤਾਨੀਆਂ ਦਾ ਦੁਸ਼ਮਨ ਨੰਃ ੧ ਸੀ, ਦੋਹਾਂ ਦੋਸ਼ੀਆਂ ਨੂੰ ਕਿਹਾ ਕਿ ਜੇ ਉਹ ਇਹ ਬਿਆਨ ਦੇਣ ਕਿ ਸਾਨੂੰ ਬੰਬ ਬਨਾਉਣ ਦੀ ਸਿਖਿਆ ਬਾਬੂ ਹਰਨਾਮ ਸਿੰਘ ਜੀ ਦਿੰਦੇ ਹਨ ਤਾਂ ਉਨ੍ਹਾਂ ਨੂੰ ਛੱਡ ਜਾਵੇ ਗਾ ਪ੍ਰੰਤੂ ਉਹ ਸਜਣ ਅਡੋਲ ਰਹੇ। ਉਨ੍ਹਾਂ ਨੇ ਝੂਠ ਬੋਲਣ ਤੋਂ ਸਾਫ ਇਨਕਾਰ ਕਰ ਦਿਤਾ। ਭਾਃ ਗਰਦਿਤ ਸਿੰਘ ਨੂੰ ਚਾਰ ਸਾਲ ਤੇ ਭਾਈ ਦਲੀਪ ਸਿੰਘ ਜੀ ਨੂੰ ਦੋ ਸਾਲ ਦੀ ਸਜ਼ਾ ਹੋ ਗਈ। ਐਮੀਗ੍ਰੇਸ਼ਨ ਮਹਿਕਮੇ ਨੇ ਬਾਬੂ ਹਰਨਾਮ ਸਿਘ ਜੀ ਨੂੰ ਦੇਸ਼ ਨਿਕਾਲੇ ਦਾ ਹੁਕਮ ਦੇ ਦਿਤਾ। ਕੈਲੇਫੋਰਨੀਆਂ ਦੇ ਹਿੰਦੁਸਤਾਨੀ ਵੀਰਾਂ ਨੇ ਬਾਬੂ ਜੀ ਨੂੰ ੨੫ ਸ ਡਾਲਰ ਦੀ ਨਕਦ ਜ਼ਮਾਨਤ ਦੇਕੇ ਰਿਹਾ ਕਰਾ ਲਿਆ ਅਤੇ ਕੇਸ ਚਲਦਾ ਰਿਹਾ।

ਜਦ ਇਹ ਪ੍ਰਗਟ ਹੋਣ ਲਗਾ ਕਿ ਬਾਬੂ ਜੀ ਜਿੱਤ ਨਹੀਂ ਸਕਦੇ ਤਾਂ ਸਾਰੇ ਮਿੱਤ੍ਰਾਂ ਦੀ ਸਲਾਹ ਨਾਲ ਆਪ ਵਾਪਸ ਹਿੰਦੁਸਤਾਨ ਆਉਣ ਲਈ ਤਿਆਰ ਹੋ ਗਏ। ਰਸਤੇ ਵਿਚ ਆਪ ਚੀਨ ਜਾਪਾਨ ਆਦਿਕ ਦੇਸ਼ਾਂ ਵਿਚ ਆਜ਼ਾਦੀ ਦਾ ਪ੍ਰਚਾਰ ਕਰਦੇ ਹੋਏ ਸਿਆਮ ਆ ਗਏ। ਇਥੇ ਆਪ ਨੇ ਪੰਃ ਸੋਹਨ ਲਾਲ, ਭਾਃ ਰਾਮ ਸਿੰਘ, ਭਾ: ਬਲਵੰਤ ਸਿੰਘ ਸ਼ਹੀਦ ਭਾਈ ਸੰਤੋਖ ਸਿੰਘ ਜੀ ਕਿਰਤੀ ਨਾਲ ਮਿਲ ਕੇ ਕੰਮ ਕੀਤਾ ਅਤੇ ਮਾਂਡਲੇ ਸਾਜ਼ਸ਼ ਕੇਸ ਵਿਚ ਆਪ ਨੂੰ ਫਾਂਸੀ ਪਰ ਲਟਕਾ ਦਿਤਾ ਗਿਆ।

ਆਪ ਦੀ ਸ਼ਾਦੀ ਪਿੰਡ ਕੋਟਲੀ ਜ਼ਿਲਾ ਜਲੰਧਰ ਵਿਚ ਹੋਈ ਸੀ। ਆਪ ਦੇ ਕੋਈ ਸੰਤਾਨ ਨਹੀਂ ਸੀ। ਬਾਬੂ ਜੀ ਦੀ ਮਰਜ਼ੀ ਨਾਲ ਹੀ ਉਨ੍ਹਾਂ ਦੀ ਧਰਮ ਪਤਨੀ ਉਨ੍ਹਾਂ ਦੇ ਭਰਾ ਦੇ ਘਰ ਬਿਠਾ ਦਿਤੀ ਗਈ ਸੀ। ਆਪ ੧੯੦੭ ਤੋਂ ਦੇਸ਼ ਭਗਤੀ ਦੀ ਰੰਗਣ ਵਿਚ ਰੰਗੇ ਗਏ ਅਤੇ ਅੰਤ ਸਮੇਂ ਤਕ ਦੇਸ਼ ਭਗਤੀ ਦੇ ਗੀਤ ਗਾਉਂਦੇ ਰਹੇ। ਬਾਬੂ ਜੀ ਉਰਦੂ, ਫਾਰਸੀ, ਅੰਗਰੇਜ਼ੀ ਤੇ ਪੰਜਾਬੀ ਦੇ ਬੜੇ ਚੰਗੇ ਵਿਦਵਾਨ ਸਨ, ਇਸ ਕਰਕੇ ਆਪ ਨੇ ਗਦਰ ਪਾਰਟੀ ਨੂੰ ਜਥੇਬੰਦ ਕਰਨ ਵਿਚ ਵਧ ਚੜ੍ਹਕੇ ਹਿਸਾ ਲਿਆ। ੧੯੧੪-੧੫ ਦੇ ਦੇਸ਼ ਭਗਤ ਬਾਬਿਆਂ ਵਿਚ ਆਪ ਦਾ ਬਹੁਤ ਸਤਿਕਾਰ ਸੀ। ਅੰਤ ਆਪ ਦੇਸ਼ ਲਈ ਕੁਰਬਾਨ ਕਰ ਗਏ।

## ਸ੍ਰੀ ਸੋਹਨ ਲਾਲ ਪਾਠਕ

ਪੰਡਤ ਸੋਹਨ ਲਾਲ ਜੀ ਦਾ ਜਨਮ ਸ਼ਹਿਰ ਪੱਟੀ ਵਿਚ ਪਾਠਕ ਖਾਨਦਾਨ ਵਿਚ ਹੋਇਆ। ਆਪ ਮਾਤਾ ਮਿੱਤਾ ਦੇ ਵਡੇ ਸਪੁਤ੍ਰ ਸਨ। ਆਪ ਦੇ ਪਿਤਾ ਨੇ ਆਪ ਨੂੰ ਉਰਦੂ ਫਾਰਸੀ) ਸੰਸਕ੍ਰਿਤ ਤੇ ਅੰਗਰੇਜ਼ੀ ਵਿਦਿਆ ਦਿਤੀ। ਬੀ. ਏ. ਪਾਸ ਕਰਕੇ ਆਪ ਡੀ. ਏ. ਵੀ. ਕਾਲਜ ਲਾਹੌਰ ਵਿਚ ਪ੍ਰੋਫੈਸਰ ਲੱਗ ਗਏ। ਆਪ ਦੇ ਵਿਚਾਰ ਆਰੰਭ ਤੇ ਹੀ ਇੰਨਕਲਾਬੀ ਸਨ। ਵਿਦਿਆਰਥੀਆਂ ਵਿਚ ਆਪ ਦੇਸ਼ ਪਿਆਰ ਦਾ ਜਜ਼ਬਾ ਭਰਦੇ ਰਹਿੰਦੇ ਸਨ। ਆਪ ਦਾਂ ਆਚਰਨ ਬਹੁਤ ਉਚਾ ਸੁਚਾ ਸੀ। ਲਾਹੌਰ ਸ਼ਹਿਰ ਵਿਚ ਆਪਦਾ ਬਹੁਤ ਸਤਿਕਾਰ ਵਧ ਗਿਆ।

ਲਾਲਾ ਲਾਜਪਤ ਰਾਇ ਨੇ ਆਪਦੇ ਉਚੇ ਆਚਰਨ ਦਾ ਸਦਕਾ ਹੀ ਆਪਣੀ ਲੜਕੀ ਨੂੰ ਪੜ੍ਹਾਉਣ ਲਈ ਆਪ ਨੂੰ ਅਧਿਆਪਕ ਬਣਾਇਆ ਸੀ। ਜਦ ਲਾਲਾ ਲਾਜ ਪਤ ਰਾਇ ਦੇਸ਼ ਨਿਕਾਲਾ ਦੇਕੇ ਬਰਮਾ ਭੇਜੇ ਗਏ ਤਾਂ ਆਪਨੇ ਇਸ ਧੱਕੇ ਸ਼ਾਹੀ ਵਿਰੁਧ ਸਖਤ ਰੋਸ ਪ੍ਰਗਟ ਕੀਤਾ। ਲਾਲਾ ਜੀ ਨੇ ਅੰਪਾਇਰਡੇ ਪਰ ਜੋ ਜੁਸ਼ੀਲਾ ਲੈਕਚਰ ਦਿਤਾ, ਉਸ ਵਿਚ ਪੰਡਤ ਸੋਹਨ ਲਾਲ ਜੀ ਦੇ ਵਿਚਾਰਾਂ ਦਾ ਬਹੁਤ ਹਿੱਸਾ ਸੀ। ਅਸਲ ਵਿਚ ਆਪਨੇ ਹੀ ਲੈਕਚਰ ਤਿਆਰ ਕਰਕੇ ਲਾਲਾ ਜੀ ਨੂੰ ਬੋਲਣ ਵਾਸਤੇ ਪ੍ਰੇਰਿਆ ਸੀ।

ਜਦ ਪੰਜਾਬ ਦੀ ਸੀ. ਆਈ. ਡੀ. ਆਪਦੇ ਪਿਛੇ ਪੈ ਗਈ ਤਾਂ ਆਪ ਸਿਆਮ ਚਲੇ ਗਏ।

Digitized by Panjab Digital Library | www.panjabdigilib.org

ਉਥੇ ਆਪ ਨੇ ਕਪੜੇ ਦਾ ਵਪਾਰ ਆਰੰਭ ਕੀਤਾ। ਸਿਆਮ ਦੇ ਹਵਾ ਪਾਣੀ ਨੇ ਆਪ ਦੀ ਸਿਹਤ ਖਰਾਬ ਕਰ ਦਿਤੀ ਇਸ ਲਈ ਇਥੋਂ ਆਪ ਮਨੀਲਾ ਤੇ ਹਾਂਗਕਾਂਗ ਤੋਂ ਹੁੰਦੇ ਹੋਇ ਅਮ੍ਰੀਕਾ ਜਾ ਪੁਜੇ। ਉਥੇ ਆਪਦਾ ਇਰਾਦਾ ਅੰਗਰੇਜ਼ੀ ਦਵਾਈਆਂ ਤਿਆਰ ਕਰਨ ਦੀ ਟ੍ਰੇਨਿੰਗ ਲੈਣ ਦਾ ਸੀ ਪਰ ਆਪ ਦੇ ਪਾਸ ਸਰਮਾਇਆ ਨਹੀਂ ਸੀ ਜਿਸ ਨਾਲ ਆਪ ਪੜ੍ਹਾਈ ਕਰ ਸਕਦੇ। ਇਥੇ ਆਪ ਜੀ ਦਾ ਸਬੰਧ ਗਦਰ ਪਾਰਟੀ ਨਾਲ ਹੋ ਗਿਆ। ਜਦ ਗਦਰ ਪਾਰਟੀ ਨੇ ਹਿੰਦੋਸਤਾਨ ਪੁਜ ਕੇ ਗਦਰ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਤਾਂ ਆਪ ਭੀ ਵਾਪਸ ਦੇਸ਼ ਆਉਣ ਲਈ ਤਿਆਰ ਹੋ ਗਏ। ਆਪ ਸਿੱਧੇ ਦੇਸ਼ ਪੁੱਜਣ ਦੀ ਥਾਂ ਸਿਆਮ ਤੇ ਬਰਮਾਂ ਵਿਚੋਂ ਹੁੰਦੇ ਹੋਇ ਆ ਰਹੇ ਸਨ। ਜਦ ਆਪ ਸਿਆਮ ਪੁਜੇ ਤਾਂ ਬਰਮਾ ਤੇ ਸਿਆਮ ਦੇ ਹਿੰਦੀਆਂ ਨੂੰ ਜਥੇ ਬੰਦ ਕਰਨ ਲਗ ਪਏ। ਰੰਗੂਨ ਵਿਚ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਾਇਆ ਜਿਸ ਪਰ ਸਾਰੇ ਧਰਮਾਂ ਦੇ ਹਿੰਦੋਸਤਾਨੀ ਇਕਠੇ ਹੋਇ। ਭੋਗ ਪੈਣ ਸਮੇਂ ਆਪਨੇ ਗਦਰ ਪਾਰਟੀ ਦਾ ਪ੍ਰੋਗਰਾਮ ਦਸਿਆ। ਹਿੰਦੀ ਦੇਸ਼ ਭਗਤਾਂ ਨੇ ਫੈਸਲਾ ਕੀਤਾ ਕਿ ਜਦ ਦੇਸ਼ ਵਿਚ ਗਦਰ ਹੋਵੇ ਤਾਂ ਬਰਮਾ ਪਰ ਕਬਜ਼ਾ ਕਰ ਲਿਆ ਜਾਵੇ। ਬਾਹਰਲੇ ਦੇਸ਼ਾਂ ਵਿਚੋਂ ਬਹੁਤ ਸਾਰੇ ਹਥਿਆਰ ਮੰਗਾਏ ਗਏ ਪ੍ਰੰਤੂ ਅੰਗਰੇਜ਼ੀ ਸਰਕਾਰ ਨੂੰ ਇਸ ਸਾਜ਼ਸ਼ ਦਾ ਪਤਾ ਲਗ ਗਿਆ। ਸਿਆਮ ਤੇ ਬਰਮਾ ਵਿਚ ਗ੍ਰਿਫਤਾਰੀਆਂ ਹੋਈਆਂ। ਪੰਡਤ ਮੋਹਨ ਲਾਲ ਜੀ ਫੜੇ ਗਏ ਤੇ ਮਾਂਡਲੇ ਸਾਜ਼ਸ ਕੇਸ ਵਿਚ ਆਪ ਨੂੰ ਫਾਂਸੀ ਦੀ ਸਜ਼ਾਂ ਹੋਈ।

ਆਪ ਦਾ ਚਿਹਰਾ ਬਹੁਤ ਰੋਅਬ ਵਾਲਾ ਸੀ ਅਤੇ ਪੜ੍ਹੇ ਲਿਖੇ ਹੋਣ ਕਰਕੇ ਬੜੀ ਪ੍ਰਭਾਵ ਸ਼ਾਲੀ ਤਕਰੀਰ ਕਰਿਆ ਕਰਦੇ ਸਨ। ਆਪ ਭਾਵੇਂ ਸਰੀਰਕ ਤੌਰ ਪਰ ਕਮਜ਼ੋਰ ਸਨ ਪ੍ਰੰਤੂ ਆਤਮਕ ਬਲ ਬਹੁਤ ਸੀ। ਜੋ ਆਪਦੇ ਸਾਹਮਣੇ ਆਉਂਦਾ ਸੀ ਉਸ ਪਰ ਬਹੁਤ ਹੀ ਅਸਰ ਹੁੰਦਾ ਸੀ। ਆਪ ਜੀ ਦੇ ਸਾਥੀਆਂ ਨੇ ਦਸਿਆ ਹੈ ਕਿ ਆਪ ਨੂੰ ਫਾਂਸੀ ਪਰ ਲਟਕਾਉਣ ਸਮੇਂ ਕਿਸੇ ਨੂੰ ਫੰਦਾ ਗੱਲ ਵਿਚ ਪਾਉਣ ਦੀ ਹਿੰਮਤ ਨਹੀਂ ਪਈ। ਆਪ ਨੇ ਖੁਦ ਫੰਦਾ ਗਲ ਵਿਚ ਪਾਇਆ। ਬੜੀ ਬਹਾਦਰੀ ਨਾਲ ਆਪਨੇ ਆਪਣਾ ਆਪ ਦੇਸ਼ ਦੀ ਖਾਤਰ ਕਰਬਾਨ ਕੀਤਾ। ਪੰਡਤ ਮੋਹਨ ਲਾਲ ਜੀ ਇਕ ਉਚ ਕੋਟੀ ਦੇ ਵਿਦਵਾਨ ਸਨ। ਆਪ ਦੇ ਸਾਥੀ ਦੇਸ਼ ਭਗਤਾਂ ਨੇ ਦਸਿਆ ਹੈ ਕਿ ਆਪ ਦੇ ਦਿਲ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਅਮਿੱਟ ਲਗਨ ਸੀ।

ਸ੍ਰੀ ਮੋਹਨ ਲਾਲ ਜੀ ਦਾ ਉਪਦੇਸ਼ ਇਹ ਸੀ ਕਿ ਅੱਗੇ ਨੂੰ ਵੇਖੋ—

ਅਗਾਹ ਕੂ ਤ੍ਰਾਂਘ ਪਿਛਾ ਫੇਰ ਨ ਮੋਹਦੜਾ ਨਾਨਕ ਸਿਝ ਅਵੇਹਾ ਵਾਰ ਬੁਹੜ ਨ ਹੋਵੀ ਜਨਮੜਾ।

ਬੈਂਤ

੧. ਜੰਗ ਛਿੜ ਪਿਆ ਜਰਮਨ ਅੰਗ੍ਰੇਜ਼ ਵਾਲਾ, ਮਹਾਂ ਜੁਧ ਭਾਰੀ ਆਲਮਗੀਰ ਲੋਕੋ।
੨. ਮਾਰਨ ਆ ਗਿਆ ਵੈਰੀ ਨੂੰ ਹੋਰ ਕੋਈ, ਰਬੋਂ ਖੁਲ ਪਈ ਸਾਡੀ ਤਕਦੀਰ ਲੋਕੋ।
੩. ਦਿੱਤਾ ਰਬ ਨੇ ਬੜਾ ਸਨਹਿਰੀ ਮੌਕਾ, ਉਠੋ ਮੁਰਦਿਉ ਖਾ ਲਵੋ ਖੀਰ ਲੋਕੋ।
੪. ਗੋਰੇ ਲਗਦੇ ਕੀ ਸਾਡੇ ਹਰਾਮ ਜ਼ਾਦੇ, ਫੜਕੇ ਕਰ ਸਿਟੋ ਹੁਣ ਲੀਰ ਲੀਰ ਲੋਕੋ।
੫. ਆਲੂ ਕੋਲਾ ਤੇ ਪਸ਼ੂਆਂ ਦੇ ਖਾਣ ਵਾਲੇ, ਸਾਡੇ ਮਾਲ ਤੇ ਬਣ ਗਏ ਅਮੀਰ ਲੋਕੋ।
ਖਾਣ ਮਾਸ ਸ਼ਰਾਬ ਕਬਾਬ ਮੇਵੇ, ਪਹਿਨਣ ਅਤਲਸਾਂ ਸਰਜ ਹਰੀਰ ਲੋਕੋ।
ਸਾਡੇ ਮਾਲ ਤੇ ਖੂਬ ਬਹਾਰ ਕਰਦੇ, ਜਾ ਸ਼ਿਮਲਿਆ ਵਿਚ ਕਸ਼ਮੀਰ ਲੋਕੋ।
ਧੋਖਾ ਦੇ ਤਹਿਜ਼ੀਬ ਸਖੌਣ ਵਾਲਾ, ਮਾਲ ਲੈ ਗਏ ਲੁਟ ਕਸ਼ੀਰ ਲੋਕੋ।

Digitized by Panjab Digital Library | www.panjabdigilib.org

ਖਿਦਮਤ ਗਾਰ ਤਾਂ ਰਹਿਣ ਵਿਚ ਸੀਸ ਮਹਿਲਾਂ, ਸੁਨਹਿਰੀ ਘੜੀ ਸਮੇਤ ਜੰਜੀਰ ਲੋਕੋ।
ਤੇੜ ਰਹਿ ਗਈ ਹਿੰਦ ਦੇ ਵਾਰਸਾਂ ਦੇ, ਟੁਟੀ ਪਾਟੀ ਲੰਗੋਟੀ ਦੀ ਲੀਰ ਲੋਕੋ।
ਕੇਹੜੀ ਗਲ ਵਲੋਂ ਢੇਰੀ ਢਾਹ ਬੈਠੇ, ਕਾਹਤੋਂ ਹੋ ਬੈਠੇ ਐਵੇਂ ਕੀਰ ਲੋਕੋ।
ਰਾਮ ਕ੍ਰਿਸ਼ਨ ਅਵਤਾਰ ਤੇ ਗੁਰੂ ਨਾਨਕ, ਰਿਸ਼ੀ ਮੁਨੀ ਤੇ ਭਗਤ ਕਬੀਰ ਲੋਕੋ।
ਸਾਕਯ ਮੁਨੀ ਮਹਾਤਮਾ ਬੁਧ ਗੋਤਮ, ਸ਼ੰਕਰ ਚਾਰੀਯਾ ਹੋਰ ਫਕੀਰ ਲੋਕੋ।
ਦੁਰਗਾ ਦੇਵੀ ਭਵਾਨੀ ਪ੍ਰਚੰਡ ਸ਼ਕਤੀ, ਹਨੂਮਾਨ ਹਜ਼ਰਤ ਅਲੀ ਪੀਰ ਲੋਕੋ।
ਕੈਰੋਂ ਪਾਡੋਂ ਤੇ ਬਿਕ੍ਰਮਾ ਭੋਜ ਭਰਤਰੀ, ਰਣਜੀਤ ਸਿੰਘ ਜੇਸੇ ਸੂਰਮੇ ਬੀਰ ਲੋਕੋ।
ਅਕਬਰ ਸ਼ੇਰ ਸ਼ਾਹ ਜਹਾਂ ਅਬਲ ਫਜ਼ਲ, ਕਦੇ ਹੁੰਦੇ ਸਨ ਰਾਜੇ ਵਜ਼ੀਰ ਲੋਕੋ।
ਹਿੰਦੂ ਕਰਨ ਅਰਜਨ ਭੀਮ ਸੈਨ ਵਰਗੇ, ਮੁਸਲ ਮਾਨ ਸਨ ਖਾਨ ਸ਼ਮੀਰ ਲੋਕੋ।
ਗੁਰੂ ਗੋਬਿੰਦ ਸਿੰਘ ਬੰਦਾ ਸਿੰਘ ਬਾਬਾ ਸੂਰੇ ਹਿੰਦ ਵਾਲੇ ਮਹਾਬੀਰ ਲੋਕੋ।
ਨਾਨਾ ਸਾਹਿਬ ਤੇ ਤਾਤੀਆ ਰਾਣੀ ਝਾਂਸੀ, ਬੜੇ ਪੁਰਸ਼ ਸਨ ਗਹਿਰ ਗੰਭੀਰ ਲੋਕੋ।
ਪਿਛਲੇ ਧਰਮ ਤੇ ਕੀਰਤੀ ਕਾਰ ਨਾਮੇਂ, ਸੋਚ ਕਰੋ ਕੁਝ ਗੁਪਤ ਤਦਬੀਰ ਲੋਕੋ।
ਕਾਹ ਤੋਂ ਹੋ ਗਏ ਕੀਰ ਕੰਗਾਲ ਗੋਲੇ, ਤੁਸੀਂ ਸੁਣੀਦੇ ਸੀ ਬੜੇ ਬੀਰ ਲੋਕੋ।
ਭੁਲ ਚੁਕ ਅਸਾਡੜੀ ਮਾਫ ਕਰਨਾ, ਹਿਰਦੇ ਰਖਕੇ ਸ਼ਾਂਨਤੀ ਧੀਰ ਲੋਕੋ।
ਸੀਸ ਦੇਕੇ ਮੁਲਕ ਜਗਾ ਗਏ ਹਾਂ, ਫੇਰੀ ਆ ਗਏ ਸਾਧ ਫਕੀਰ ਲੋਕੋ।
ਦੇਸ਼ ਭਗਤਾਂ ਨੇ ਆਖਿਆ ਜਾਣ ਵੇਲੇ, ਕਾਲੇ ਪਾਣੀ ਸੁਟ ਅਖੀ ਓਨੀਰ ਲੋਕੋ।
ਇਕ ਦੂ ਵਾਢਿਉ ਗਦਰ ਦਾ ਕਰੋ ਤਿਆਰਾ, ਖਬਰਾਂ ਕਰ ਦਿਉ ਸ਼ਹਿਰ ਬਾਜ਼ਾਰ ਲੋਕੋ।
ਛੌਹੜੇ ਕਹੀਆਂ ਕੁਹਾੜੀਆਂ ਜਾਤੂ ਟੋਕੇ, ਚੰਗ ਭਲੇ ਹੈ ਇਹੋ ਹਥਿਆਰ ਲੋਕੋ।
ਸਾਰੇ ਪਟੜੀਆਂ ਰੇਲ ਦੀਆਂ ਚੁੱਕ ਸੁੱਟੋ ਜਗਾ ਜਗਾ ਤੋਂ ਵਢ ਦਿਉ ਤਾਰ ਲੋਕੋ।
ਦੇਸ਼ ਭਗਤਾਂ ਨੇ ਆਖਿਆ ਜਾਣ ਵੇਲੇ ਕਾਲੇ ਪਾਣੀ ਸਮੁੰਦਰੋਂ ਪਾਰ ਲੋਕੋ।

## ਮਿਃ ਅਲੀ ਅਹਿਮਦ ਸਦੀਕੀ (ਸ਼ਹੀਦ) ਮਾਂਡਲੇ ਸਾਜ਼ਸ਼ ਕੇਸ

ਆਪ ਕਸਬਾ ਮਾਕਬੂਰ ਪੁਰ (ਯੂ. ਪੀ.) ਉਤਰ ਪ੍ਰਦੇਸ਼ ਵਿਚ ਪੈਦਾ ਹੋਏ। ੧੯੧੧ ਵਿਚ ਹਿੰਦੀ ਮੁਸਲਮਾਨਾਂ ਦਾ ਇਕ ਡਾਕਟਰੀ ਮਿਸ਼ਨ ਤੁਰਕੀ ਦੇ ਮੁਸਲਮਾਨਾਂ ਦੀ ਸਹਾਇਤਾ ਕਰਨ ਲਈ ਗਿਆ। ਉਸ ਸਮੇਂ ਤੁਰਕੀ ਦੀ ਇਟਲੀ ਨਾਲ ਲੜਾਈ ਲਗੀ ਹੋਈ ਸੀ। ਹਿੰਦ ਤੋਂ ਗਏ ਮੁਸਲਮਾਨਾਂ ਦਾ ਤੁਰਕੀ ਦੇ ਦੇਸ਼ ਭਗਤਾਂ ਨੇ ਬੜਾ ਸ਼ਾਨਦਾਰ ਸੁਆਗਤ ਕੀਤਾ। ਤੁਰਕੀ ਦੇ ਦੇਸ਼ ਭਗਤ ਆਜ਼ਾਦੀ ਨਾਲ ਕਿਤਨਾ ਪਿਆਰ ਕਰਦੇ ਹਨ? ਇਨ੍ਹਾਂ ਗਲਾਂ ਨੇ ਹਿੰਦੁਸਤਾਨੀ ਮੁਸਲਮਾਨਾਂ ਦੇ ਦਿਲਾਂ ਪਰ ਬਹੁਤ ਹੀ ਅਸਰ ਪਾਇਆ। ਮਿਃ ਅਲੀ ਅਹਿਮਦ ਸਦੀਕੀ ਇਸ ਡਾਕਟਰੀ ਮਿਸ਼ਨ ਨਾਲ ਤੁਰਕੀ ਗਏ ਸਨ। ਆਪ ਨੂੰ ਉਥੋਂ ਹੀ ਦੇਸ਼ ਭਗਤੀ ਦੀ ਲਗਨ ਲੱਗ ਗਈ।

ਵਾਪਸ ਹਿੰਦ ਆਕੇ ਆਪ ਬਰਮਾ ਚਲੇ ਗਏ ਅਤੇ ਜਿਸ ਸਮੇਂ ਗਦਰ ਪਾਰਟੀ ਨੇ ਪਹਿਲੀ ਲੜਾਈ ਦੇ ਦੌਰਾਨ ਵਿਚ ਗਦਰ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਆਪ ਰੰਗੂਨ ਦੇ ਮੁਸਲਮਾਨਾਂ ਵਿਚ ਆਜ਼ਾਦੀ ਦਾ ਪ੍ਰਚਾਰ ਕਰਦੇ ਰਹੇ ਅਤੇ ਮਾਂਡਲੇ ਸਾਜ਼ਸ਼ ਵਿਚ ਸ਼ਾਮਲ ਹੋਕੇ ਅੰਗਰੇਜ਼ੀ ਸਰਕਾਰ ਦੀ ਗੁਲਾਮੀ ਨੂੰ ਖਤਮ ਕਰਨ ਲਈ ਯਤਨ ਕਰਨ ਲਗ ਪਏ। ਆਪ ਦਾ ਮੁਸਲਮਾਨਾਂ ਵਿਚ ਬਹੁਤ ਰਸੂਖ ਸੀ ਅਤੇ

Digitized by Panjab Digital Library | www.panjabdigilib.org

ਹਿੰਦੂ ਸਿਖ ਦੇਸ਼ ਭਗਤ ਭਰਾਵਾਂ ਨਾਲ ਆਪ ਦਾ ਬਹੁਤ ਪਿਆਰ ਸੀ। ਜਦ ੧੯੧੪ ਈ: ਵਿਚ ਆਪ ਮਾਂਡਲ ਸਾਜ਼ਸ਼ ਕੇਸ ਵਿਚ ਫੜੇ ਗਏ ਤਾਂ ਆਪ ਨੂੰ ਅੰਗਰੇਜ਼ਾਂ ਨੇ ਕਈ ਪ੍ਰਕਾਰ ਦੇ ਲਾਲਚ ਦਿਤੇ ਅਤੇ ਇਸ ਗਲ ਲਈ ਤਿਆਰ ਕਰਨਾ ਚਾਹਿਆ ਕਿ ਆਪ ਸਰਕਾਰੀ ਗਵਾਹ ਬਣ ਜਾਣ ਪ੍ਰੰਤੂ ਆਪ ਨੇ ਅਪਣੇ ਭਰਾਵਾਂ ਨਾਲ ਗਦਾਰੀ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਮਾਂਡਲੇ ਸਾਜ਼ਸ਼ ਕੇਸ ਵਿਚ ਆਪ ਨੂੰ ਉਮਰ ਕੈਦ ਹੋਈ। ਆਪ ਦੇ ਯਤਨ ਨਾਲ ਸਿੰਘਾਪੁਰ ਵਿਚ ਗਦਰ ਹੋਇਆ ਅਤੇ ਮਾਂਡਲੇ ਤੇ ਰੰਗੂਨ ਦੀਆਂ ਪਲਟਨਾਂ ਵਿਚ ਬਗਾਵਤ ਦਾ ਪ੍ਰਚਾਰ ਹੋਇਆਂ। ਆਪ ਮੁਸਲਮਾਨ ਦੇਸ਼ ਭਗਤਾਂ ਦੇ ਆਗੂ ਸਨ ਅਤੇ ਆਪ ਦੀ ਪ੍ਰੇਰਣਾ ਨਾਲ ਬਹੁਤ ਸਾਰੇ ਮੁਸਲਮਾਨ ਦੇਸ਼ ਲਈ ਕੁਰਬਾਨ ਹੋਣ ਵਾਸਤੇ ਤਿਆਰ ਹੋ ਗਏ। ਮਿਃ ਅਲੀ ਅਹਿਮਦ ਦੇ ਯਤਨਾਂ ਨਾਲ ਮੁਸਲਮਾਨਾਂ ਨੇ ਗਦਰ ਪਾਰਟੀ ਵਿਚ ਹਿਸਾ ਲੈਣਾ ਸ਼ੁਰੂ ਕੀਤਾ ਅਤੇ ਬਾਹਰਲੇ ਦੇਸ਼ਾਂ ਤੋਂ ਹਥਿਆਰ ਮੰਗਾਉਣ ਲਈ ਪੰਦਰਾਂ ਹਜ਼ਾਰ ਰੁਪਇਆ ਇਕਠਾ ਕਰਕੇ ਦਿਤਾ।

## ਮਿਃ ਮੁਸਤਫਾ ਹੁਸੈਨ (ਮਾਂਡਲੇ ਸਾਜ਼ਸ਼ ਕੇਸ)

ਆਪ ਦਾ ਜਨਮ ਪਿਤਾ ਸਯੱਦ ਹੁਸੈਨ ਸ਼ਹਿਰ ਜੌਨਪੁਰ ਮੁਹਲਾ ਦਕਰ ਸਾਰੀ ਉਤ੍ਰ ਪ੍ਰਦੇਸ਼ ਵਿਚ ਹੋਇਆ।। ਕਾਰੋਵਾਰ ਦੇ ਸਿਲਸਲੇ ਵਿਚ ਆਪ ਬਰਮਾ ਚਲੇ ਗਏ। ਜਿਸ ਸਮੇਂ ਬਰਮਾ ਵਿਚ ਹਿੰਦੋਸਤਾਨੀਆਂ ਨੇ ਗਦਰ ਕਰਨ ਦਾ ਪ੍ਰੋਗਰਾਮ ਬਣਾਇਆ, ਉਸ ਸਮੇਂ ਆਪ ਮੁਸਲਮਾਨਾਂ ਵਿਚ ਅਜ਼ਾਦੀ ਦਾ ਪ੍ਰਚਾਰ ਕਰਨ ਲਗੇ। ਅਮ੍ਰੀਕਾ ਤੋਂ ਆਏ ਗਦਰ ਪਾਰਟੀ ਦੇ ਮੈਂਬਰ ਮਿ: ਹਸਨ ਖਾਂ ਦੀ ਪਰੇਰਣਾ ਨਾਲ ਆਪ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਹਿੰਦੂ ਸਿਖਾਂ ਤੇ ਮੁਸਲਮਾਨਾਂ ਵਿਚ ਏਕਤਾ ਕਰਨ ਲਈ ਜ਼ਬਰਦਸਤ ਪ੍ਰਚਾਰ ਕਰਦੇ ਰਹੇ। ਆਪ ਜੀ ਦੇ ਯਤਨਾਂ ਨਾਲ ਹਿੰਦੋਸਤਾਨੀਆਂ ਨੇ ਬਰਮਾ ਪਰ ਕਬਜ਼ਾ ਕਰਨ ਦੀ ਇਕ ਸਕੀਮ ਤਿਆਰ ਕੀਤੀ ਪ੍ਰੰਤੂ ਅੰਗਰੇਜ਼ਾਂ ਨੂੰ ਪਤਾ ਲਗ ਗਿਆ ਤੇ ਉਨ੍ਹਾਂ ਨੇ ੭੨ ਹਿੰਦੋਸਤਾਨੀਆਂ ਪਰ ਮੁਕਦਮਾ ਚਲਾਇਆ। ਉਸ ਕੇਸ ਵਿਚ ਆਪ ਨੂੰ ਭੀ ਸਜ਼ਾ ਹੋਈ ਅਤੇ ਆਪ ਜੀ ਦਾ ਸਾਰਾ ਮਾਲ ਧਨ ਜ਼ਬਤ ਕਰ ਲਿਆ ਗਿਆ।

ਦੇਸ਼ ਦੀ ਅਜ਼ਾਦੀ ਲਈ ਮੁਸਲਮਾਨਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਦੇ ਆਪ ਮੋਢੀ ਸਨ ਅਤੇ ਇਸ ਖਿਆਲ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ ਕਿ ਹਿੰਦੋਸਤਾਨੀ ਭਾਈ ਭਾਈ ਹਨ ਇਨ੍ਹਾਂ ਵਿਚ ਫੁਟ ਪਾਉਣਾ ਦੇਸ਼ ਨੂੰ ਅੰਗਰੇਜ਼ਾਂ ਦਾ ਗੁਲਾਮ ਬਣਾਈ ਰਖਣਾ ਹੈ। ਆਪ ਗਦਰ ਪਾਰਟੀ ਵਿਚ ਸ਼ਾਮਲ ਹੋਏ ਅਤੇ ਆਪ ਦੇ ਯਤਨਾਂ ਨਾਲ ਗਦਰ ਅਖਬਾਰ ਉਰਦੂ ਜ਼ਬਾਨ ਵਿਚ ਛਪਣਾ ਸ਼ੁਰੂ ਹੋਇਆ। ਮੁਸਲਮਾਨਾਂ ਵਿਚ ਅਜ਼ਾਦੀ ਦਾ ਪ੍ਰਚਾਰ ਕਰਨ ਲਈ ਗਦਰ ਅਖਬਾਰ ਉਰਦੂ ਵਿਚ ਭੀ ਕਢਿਆ ਗਿਆ ਪ੍ਰੰਤੂ ਇਹ ਗਲ ਦੁਖ ਨਾਲ ਕਹਿਣੀ ਪੈਂਦੀ ਹੈ ਕਿ ਮੁਸਲਮਾਨ ਕੌਮ ਨੇ ਉਤਨੇ ਜੋਸ਼ ਨਾਲ ਆਜ਼ਾਦੀ ਦੀਆਂ ਲੜਾਈਆਂ ਵਿਚ ਹਿਸਾ ਨਹੀਂ ਲਿਆ, ਜਿਤਨੇ ਵਿਚ ਉਨ੍ਹਾਂ ਨੂੰ ਲੈਣਾ ਚਾਹੀਦਾ ਸੀ। ਮਿ: ਮੁਸਤਫਾ ਹੁਸੈਨ ਜੈਸੇ ਦੇਸ਼ ਭਗਤ ਮੁਸਲਮਾਨ ਉਂਗਲਾਂ ਤੇ ਗਿਣਨ ਵਾਲੇ ਹਨ।

## ਸ: ਨਿਰੰਜਨ ਸਿੰਘ ਜੀ (ਸ਼ਹੀਦ)

ਸ: ਨਿਰੰਜਨ ਸਿੰਘ ਜੀ ਪਿਤਾ ਸ: ਜੁਆਲਾ ਸਿੰਘ ਪਿੰਡ ਸੰਗਤ ਪੁਰਾ ਢੇਪਈ ਜ਼ਿਲਾ ਲੁਧਿਹਾਣਾ ਦੇ ਵਸਨੀਕ ਸਨ। ਆਪ ਨੇ ਦਸਵੀਂ ਪਾਸ ਕਰਨ ਸਮੇਂ ਇਹ ਅਨੁਭਵ ਕੀਤਾ ਕਿ

Digitized by Panjab Digital Library | www.panjabdigilib.org

ਈਸ਼ਵਰ ਨੇ ਆਪ ਨੂੰ ਬੜਾ ਵਚਿੱਤ੍ਰ ਦਿਮਾਗ ਬਖਸ਼ਿਆ ਹੈ। ਪੜ੍ਹਾਈ ਵਿਚ ਆਪ ਸਾਰੇ ਲੜਕਿਆਂ ਤੋਂ ਅੱਗੇ ਰਹਿੰਦੇ ਸਨ ਤੇ ਜੋ ਕੁਝ ਪੜ੍ਹਦੇ ਉਹ ਆਸਾਨੀ ਨਾਲ ਯਾਦ ਕਰ ਲੈਂਦੇ ਸਨ। ਬਚਪਨ ਤੋਂ ਹੀ ਆਪ ਨੂੰ ਦੇਸ਼ ਪਿਆਰ ਦੀ ਲੱਗਨ ਲਗ ਗਈ ਸੀ। ਰਾਜਸੀ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਰਖਦੇ ਸਨ। ਦੂਸਰੇ ਦੇਸ਼ਾਂ ਦੇ ਦੇਸ਼ ਭਗਤਾਂ ਦੀਆਂ ਜੀਵਨੀਆਂ ਬੜੇ ਸ਼ੌਕ ਨਾਲ ਪੜ੍ਹਿਆ ਕਰਦੇ ਹਨ।

ਆਪ ਦੇ ਇਕ ਸਬੰਧੀ ਬਰਮਾ ਵਿਚ ਰਹਿੰਦੇ ਸਨ। ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਪਿਛੋਂ ਉਨ੍ਹਾਂ ਨੇ ਆਪ ਨੂੰ ਬਰਮਾ ਵਿਚ ਸਬ ਓਵਰਸੀਅਰ ਲੱਗਾ ਦਿਤਾ। ਥੋੜ੍ਹੇ ਚਿਰ ਵਿਚ ਹੀ ਆਪ ਨੇ ਆਪਣੀ ਯੋਗਤਾ ਦਾ ਸਿਕਾ ਬਠਾ ਦਿਤਾ। ਜਦ ਬਰਮਾ ਤੇ ਸਿਆਮ ਦੇ ਦੇਸ਼ ਭਗਤ ਹਿੰਦੀਆਂ ਨੇ ਦੇਸ਼ ਨੂੰ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਹਥਿਆਰ ਬੰਦ ਬਗਾਵਤ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਆਪ ਨੇ ਉਸ ਵਿਚ ਵਧ ਚੜ੍ਹਕੇ ਹਿਸਾ ਲਿਆ। ਮਾਂਡਲੇ ਸਾਜ਼ਸ਼ ਕੇਸ ਵਿਚ ਆਪ ਭੀ ਗ੍ਰਿਫਤਾਰ ਕੀਤੇ ਗਏ ਅਤੇ ਆਪ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ੧੫ ਨਵੰਬਰ ੧੯੧੬ ਨੂੰ ਆਪ ਦੇਸ਼ ਦੀ ਖਾਤਰ ਹੱਸ ਹੱਸ ਕੇ ਫਾਂਸੀ ਚੜ੍ਹੇ। ਮਾਂਡਲੇ ਜੇਲ੍ਹ ਵਿਚ ਹੀ ਆਪ ਨੂੰ ਫਾਂਸੀ ਪਰ ਲਟਕਾਇਆ ਗਿਆ। ਆਪ ਦੇ ਦੂਜੇ ਸਾਥੀ ਪੰਡਤ ਸੋਹਣ ਲਾਲ ਪਾਠਕ ਤੇ ਸ: ਹਰਨਾਮ ਸਿੰਘ ਕਾਰੀ ਸਾਰੀ ਆਦਿਕ ਵਾਂਗ ਆਪ ਨੇ ਭੀ ਰਹਿਮ ਵਾਸਤੇ ਅਪੀਲ ਨਹੀਂ ਕੀਤੀ। ਜਦ ਆਪ ਨੂੰ ਰਹਿਮ ਦੀ ਅਪੀਲ ਕਰਨ ਲਈ ਕਿਹਾ ਗਿਆ ਤਾਂ ਆਪ ਨੇ ਕਿਹਾ, "ਮੈਂ ਤਾਂ ਇਹ ਪੰਜ ਭੂਤਕ ਸਰੀਰ ਦੇਸ਼ ਤੋਂ ਕੁਰਬਾਨ ਕਰਨ ਦਾ ਫੈਸਲਾ ਕਰ ਚੁਕਿਆ ਹਾਂ, ਇਸ ਨੂੰ ਬਚਾਉਣ ਦਾ ਕੀ ਲਾਭ ਹੈ?" ਧੰਨ ਹੈ ਆਪ ਦੀ ਦ੍ਰਿੜਤਾ ਤੇ ਹੌਸਲਾ। ਆਪ ਜੈਸੇ ਦੇਸ਼ ਭਗਤ ਹੀ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਸਕਦੇ ਹਨ।

## ਸ: ਪਾਲ ਸਿੰਘ ਜੀ ਸ਼ਹੀਦ (ਦੇਸ਼ ਭਗਤ)

ਚੁਕ ਗੁਲਾਮੀ ਦੇਸ਼ ਤੋਂ, ਕੀਤਾ ਮੁਲਕ ਆਜ਼ਾਦ ॥
ਗਲੀਂ ਪੁਆ ਕੇ ਫਾਂਸੀਆਂ, ਆਪ ਹੋਏ ਬਰਬਾਦ ॥

ਸ: ਪਾਲ ਸਿੰਘ ਜੀ ਪਿਤਾ ਸ: ਜੈਮਲ ਸਿੰਘ, ਮਾਤਾ ਨੰਦ ਕੌਰ ਸ਼ੇਰ ਪੁਰਾ ਖ਼ੁਰਦ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ। ਆਪ ਬਾਬੂ ਅਮਰ ਸਿੰਘ ਜੀ ਸ਼ੇਰ ਪਰਾ ਕਲਾਂ ਦੇ ਹਾਣੀ ਸੁਣੇ ਗਏ ਹਨ ਅਤੇ ਆਪ ਭੀ ਉਨ੍ਹਾਂ ਦੇ ਨਾਲ ਹੀ ਬਰਮਾ ਵਿਚ ਓਵਰਸੀਅਰ ਲੱਗੇ ਹੋਏ ਸਨ। ਜਦ ਬਰਮਾ ਤੇ ਸਿਆਮ ਦੇ ਹਿੰਦੁਸਤਾਨੀਆਂ ਨੇ ਜਥੇਬੰਦ ਹੋ ਕੇ ਅਤੇ ਹਥਿਆਰ ਇਕੱਠੇ ਕਰਕੇ ਬ੍ਰਿਟਿਸ਼ ਸਰਕਾਰ ਵਿਰੁਧ ਬਗਾਵਤ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਸ: ਪਾਲ ਸਿੰਘ ਭੀ ਇਸ ਜਥੇਬੰਦੀ ਵਿਚ ਸ਼ਾਮਲ ਹੋ ਗਏ। ਆਪ ਨੇ ਆਜ਼ਾਦੀ ਦੀ ਜਦੋ ਜਹਿਦ ਵਿਚ ਵਧ ਚੜ੍ਹ ਕੇ ਹਿਸਾ ਲੈਣ ਦਾ ਫੈਸਲਾ ਕੀਤਾ। ਆਪ ਬੜੇ ਸਿਆਣੇ ਤੇ ਦੂਰ ਅੰਦੇਸ਼ ਸਨ ਅਤੇ ਇਤਨੀ ਸਹਣੀ ਤਕਰੀਰ ਕਰਦੇ ਸਨ ਕਿ ਸੁਣਨ ਵਾਲਿਆਂ ਪਰ ਬਹੁਤ ਅਸਰ ਪੈਂਦਾ ਸੀ।

ਬਰਮਾ ਤੇ ਸਿਆਮ ਵਿਚ ਪਕੜ ਧਕੜ ਸ਼ੁਰੂ ਹੋ ਗਈ ਤਾਂ ਸ: ਪਾਲ ਸਿੰਘ ਜੀ ਭੀ ਫੜੇ ਗਏ। ਮਾਂਡਲੇ ਸਾਜ਼ਸ਼ ਕੇਸ ਵਿਚ ਆਪ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਕੁਝ ਸਾਥੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਕਰ ਦਿੱਤੀ ਪਰੰਤੂ ਆਪ ਨੂੰ ਮਾਂਡਲੇ ਜੇਲ੍ਹ ਵਿਚ ਹੀ ਫਾਂਸੀ ਪਰ ਲਟਕਾ ਦਿੱਤਾ ਗਿਆ।

Digitized by Panjab Digital Library | www.panjabdigilib.org

ਉਸ ਮੁੱਕਦਮੇ ਦੀ ਫਾਈਲ ਮਿਲ ਨਹੀਂ ਸਕੀ ਪ੍ਰੰਤੂ ਆਪ ਨੂੰ ਫਾਸੀ ਦੇਣ ਦੀ ਘਟਨਾ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਨੂੰ ਬ੍ਰਿਟਿਸ਼ ਸਰਕਾਰ ਬਹੁਤ ਜ਼ਿਆਦਾ ਖਤਰਨਾਕ ਸਮਝਦੀ ਸੀ। ਸ਼ੇਰ ਪੁਰਾ ਦੀ ਧਰਤੀ ਨੂੰ ਇਹ ਮਾਨ ਹੈ ਕਿ ਉਸ ਨੇ ਇਕ ਐਸਾ ਦੇਸ਼ ਭਗਤ ਪੈਦਾ ਕੀਤਾ ਜਿਸ ਨੇ ਦੇਸ਼ ਪਿਆਰ ਦੀ ਖਾਤਰ ਆਪਾ ਕੁਰਬਾਨ ਕਰਨ ਤੋਂ ਭੀ ਸੰਕੋਚ ਨਾ ਕੀਤਾ। ਸੱਚ ਤਾਂ ਇਹ ਹੈ ਕਿ ਇਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਸਾਡਾ ਦੇਸ਼ ਵਦੇਸ਼ੀ ਗੁਲਾਮੀ ਤੋਂ ਮੁਕਤ ਹੋਇਆ।

ਲਾਲਾ ਲਾਲ ਚੰਦ ਫਲਕ ਪਿਤਾ ਦੀਵਾਨ ਚੰਦ ਪਿੰਡ ਬਛੋਵਾਲੀ ਜ਼ਿਲਾ ਲਾਹੌਰ, ਪੰਡਤ ਪਿਆਰੇ ਲਾਲ ਪਿਤਾ ਜੁਆਲਾ ਪ੍ਰਸ਼ਾਦ ਕੂਚਾ ਲੇਲਾ ਮਜਨੂ ਲਾਹੌਰ, ਭਾ: ਬੂੜ ਸਿੰਘ ਖਸ ਦਿਲ ਪਿਤਾ ਸਾਵਨ ਸਿੰਘ ਸੂਤਰ ਮੰਡੀ ਲਾਹੌਰ ਤੇ ਦੋ ਸਜਣ ਹੋਰ ਸਨ। ਇਨ੍ਹਾਂ ਸੱਜਣਾਂ ਨੂੰ ਉਮਰ ਕੈਦ ਹੋਈ।

ਲਾਲਾ ਲਾਲ ਚੰਦ ਫਲਕ ੧੯੦੭ ਦੇ ਸ: ਅਜੀਤ ਸਿੰਘ ਆਦਿ ਦੇਸ਼ ਭਗਤਾਂ ਦੀ ਟੋਲੀ ਵਿਚੋਂ ਹਨ, ਆਪ ਉਰਦੂ ਦੇ ਬੜੇ ਮਸ਼ਹੂਰ ਕਵੀ ਸਨ। ਆਪ ਦੀ ੧੯੦੭ ਦੀ ਇਹ ਕਵਿਤਾ ਮਸ਼ਹੂਰ ਹੈ:—

ਸੂਫੀ ਔਰ ਅਜੀਤ ਨੇ ਤਰਕੀ ਕਾ ਰਾਹ ਲੀਆ, ਮਹਿਤੇ ਨੇ ਅਪਣਾ ਰੰਗ ਬਦਲ ਲੀਆ।
ਲਾਲਾ ਲਾਜਪਤ ਰਾਇ ਬੀ ਬਦਲ ਗਏ, ਐ ਫਲਕ ਤੂ ਭੀ ਬਦਲ ਕਿ ਜ਼ਮਾਨਾ ਬਦਲ ਗਿਆ।

ਫਲਕ ਆਪ ਦਾ ਤਖਲਸ ਹੈ, ਸੂਫੀ ਤੋਂ ਭਾਵ ਸੂਫੀ ਅੰਬਾ ਪ੍ਰਸ਼ਾਦ ਹੈ, ਅਜੀਤ ਤੋਂ ਭਾਵ ਸ: ਅਜੀਤ ਸਿੰਘ ਹੈ, ਮਹਿਤੇ ਤੋਂ ਭਾਵ ਮਹਿਤਾ ਅਨੰਦ ਕਿਸ਼ੋਰ ਹੈ। ਲਾਲਾ ਲਾਲ ਚੰਦ ਫਲਕ ਨੂੰ ੧੪ ਸਾਲ ਦੀ ਸਜਾ ਹੋਈ ਪਰ ਆਪ ਸਣੇ ਸ: ਬੂੜ ਸਿੰਘ ਤੇ ਪਿਆਰੇ ਲਾਲ ੧੯੨੦ ਵਿਚ ਹਜਾਰੀ ਬਾਗ ਜੇਲ ਤੋਂ ਰਿਹਾ ਹੋਏ ਸਨ। ਸ: ਬੂੜ ਸਿੰਘ ਪਹਿਲਾਂ ਲਾਹੌਰ ਫੇਰ ਰਿਹਾ ਹੋਕੇ ਆਪਣੇ ਭਾਈ ਸ: ਅਰੂੜ ਸਿੰਘ 'ਤਾਇਬ' ਪਾਸ ਰਹਿਣ ਲਗ ਪਏ ਸਨ ਪਰ ਪਿੱਛੋਂ ਛੇਤੀ ਹੀ ਗੁਜਰ ਗਏ।

## ਭਾ: ਬਾਬੂ ਸਿੰਘ ਜੀ ਚੀਮਨਾ

ਆਪ ਜੀ ਦਾ ਜਨਮ ਪਿੰਡ ਚੀਮਨਾ ਤਹਿਸੀਲ ਜਗਰਾਓਂ ਵਿੱਚ ਹੋਇਆ। ਬਚਪਨ ਤੋਂ ਹੀ ਆਪ ਜੀ ਦੇ ਖਿਆਲ ਆਜ਼ਾਦੀ ਪਸੰਦ ਸਨ। ੧੯੧੪ ਵਿਚ ਜਦ ਪ੍ਰਸਿੱਧ ਦੇਸ਼ ਭਗਤ ਬਾਬੂ ਅਮਰ ਸਿੰਘ ਜੀ ਸ਼ੇਰ ਪੁਰਾ ਆਦਿਕ ਸਜਨਾਂ ਨੇ ਗਦਰ ਪਾਰਟੀ ਨਾਲ ਸਬੰਧ ਕਾਇਮ ਕਰਕੇ ਬਰਮਾਂ ਦੀ ਸਰਕਾਰ ਦਾ ਤਖਤਾ ਉਲਟਾਣ ਦੀ ਸਕੀਮ ਬਣਾਈ ਤਾਂ ਸ: ਬਾਬੂ ਸਿੰਘ ਜੀ ਭੀ ਆਪ ਜੀ ਦੇ ਖਾਸ ਸਲਾਹ ਕਾਰਾਂ ਵਿਚੋਂ ਸਨ ਤੇ ਹਥਿਆਰ ਖਰੀਦਨ ਲਈ ਰੁਪਏ ਪੈਸੇ ਦੀ ਸਹਾਇਤਾ ਕਰਿਆ ਕਰਦੇ ਸਨ। ਮਾਂਡਲੇ ਕੇਸ ਵਿਚ ਸਰਕਾਰ ਅੰਗ੍ਰੇਜ਼ੀ ਆਪ ਪਰ ਮੁਕਦਮਾ ਤਾਂ ਨਾ ਚਲਾ ਸਕੀ ਪ੍ਰੰਤੂ ਜਿਨ੍ਹਾਂ ਦੇਸ਼ ਭਗਤਾਂ ਦੇ ਨਾਮ ਗਦਰ ਕਰਨ ਵਾਲਿਆਂ ਨੂੰ ਸਹਾਇਤਾ ਪਹੁੰਚਾਣ ਦੇ ਦੋਸ਼ ਵਿਚ ਲਿਖਕੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਬਾਬੂ ਸਿੰਘ ਜੀ ਭੀ ਉਨ੍ਹਾਂ ਵਿਚੋਂ ਸਨ। ਆਪ ਜੀ ਦਾ ਬਰਮਾਂ ਵਿਚ ਲੱਖਾਂ ਰੁਪਇਆਂ ਦਾ ਕਾਰੋਬਾਰ ਸੀ ਜੋ ਤਬਾਹ ਹੋ ਗਿਆ ਅਤੇ ਆਪ ਜੀ ਨੂੰ ਅੰਗਰੇਜ਼ੀ ਸਰਕਾਰ ਨੇ ਜਬਰੀ ਫੜਕੇ ਵਾਪਸ ਦੇਸ਼ ਭੇਜ ਦਿਤਾ।

## ਸ: ਚੰਦਾ ਸਿੰਘ ਤੇ ਸ: ਰਤਨ ਸਿੰਘ ਮਲਕ

ਇਹ ਦੋਵੇ ਸਕੇ ਭਾਈ ਸ: ਬੂਟਾ ਸਿੰਘ ਮਲਕ ਦੇ ਸਪੁਤਰ ਸਨ। ੧੯੧੪–੧੫ ਤੋਂ ਪਹਿਲਾਂ ਇਹ ਸਿਆਮ ਵਿਚ ਗਏ ਅਤੇ ਆਪਣਾ ਕਾਰੋਬਾਰ ਬੜੀ ਸ਼ਾਨ ਨਾਲ ਚਲਾਇਆ। ਇਨ੍ਹਾਂ ਦੀ ਬੰਕਾਕ

Digitized by Panjab Digital Library | www.panjabdigilib.org

ਵਿਚ ਕਪੜੇ ਦੀ ਦੁਕਾਨ ਸੀ। ਜਦ ਬਾਬੂ ਅਮਰ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਗਦਰ ਪਾਰਟੀ ਦੇ ਹੁਕਮ ਅਨੁਸਾਰ ਬਰਮਾਂ ਤੇ ਸਿਆਮ ਵਿਚ ਹਥਿਆਰ ਬੰਦ ਬਗਾਵਤ ਕਰਾਉਣ ਦੀਆਂ ਤਿਆਰੀਆਂ ਆਰੰਭ ਕੀਤੀਆਂ ਤਾਂ ਇਹ ਦੋਵੇਂ ਭਰਾ ਉਨ੍ਹਾਂ ਨਾਲ ਸ਼ਾਮਲ ਹੋ ਗਏ ਅਤੇ ਹਰ ਪ੍ਰਕਾਰ ਦੀ ਸਹਾਇਤਾ ਕਰਦੇ ਰਹੇ।

ਜਦ ਮਾਂਡਲੇ ਕੇਸ ਦੇ ਸਬੰਧ ਵਿਚ ਦੇਸ਼ ਭਗਤਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਤਾਂ ਇਹਨਾਂ ਦੀ ਦੁਕਾਨ ਦਾ ਸਾਰਾ ਸਾਮਾਨ ਜ਼ਬਤ ਕਰਕੇ ਇਨ੍ਹਾਂ ਨੂੰ ਡੀਪੋਰਟ ਕਰਕੇ ਵਾਪਸ ਹਿੰਦੁਸਤਾਨ ਭੇਜਿਆ ਗਿਆ। ਉਸ ਸਮੇਂ ਇਨ੍ਹਾਂ ਦਾ ੯੦ ਹਜ਼ਾਰ ਦਾ ਮਾਲ ਜ਼ਬਤ ਕੀਤਾ ਗਿਆ। ਅੰਗਰੇਜ਼ੀ ਸਰਕਾਰ ਸਾਰੇ ਹਿੰਦੁਸਤਾਨੀਆਂ ਨੂੰ ਬਾਗੀ ਸਮਝਕੇ ਉਨ੍ਹਾਂ ਪਰ ਕਰੜੀ ਨਿਗਾਹ ਰਖਦੀ ਸੀ ਅਤੇ ਉਨ੍ਹਾਂ ਦੇ ਕਾਰੋਬਾਰ ਤਬਾਹ ਕਰਨਾ ਚਾਹੁੰਦੀ ਸੀ। ਇਸ ਸਬੰਧ ਵਿਚ ਸ: ਚੰਦਾ ਸਿੰਘ ਜੀ ਤੇ ਉਨ੍ਹਾਂ ਦੇ ਭਰਾ ਸ: ਰਤਨ ਸਿੰਘ ਜੀ ਦੀ ਬੜੀ ਸ਼ਾਨ ਦਾਰ ਕੁਰਬਾਨੀ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਕਾਰੋਬਾਰ ਤਬਾਹ ਕਰਵਾਲਿਆ ਪਰ ਆਪਣੇ ਵੀਰਾਂ ਦੀ ਸਹਾਇਤਾ ਕਰਨ ਵਲੋਂ ਮੂੰਹ ਨਹੀਂ ਮੋੜਿਆ।

| ਨਾਮ | ਪਿਤਾ | ਪਿੰਡ | ਜ਼ਿਲਾ | ਸਜ਼ਾ | |
|---|---|---|---|---|---|
| ਗੋਪਾਲ ਸਿੰਘ | ਨਰੈਣ ਸਿੰਘ | ਸੋਹੀਆ | ਲੁਦਿਹਾਣਾ | ੧ ਸਾਲ | ਕੈਦ |
| ਭਗਵਾਨ ਸਿੰਘ | ਸਰਮੁਖ ਸਿੰਘ | ਬਿੜ੍ਹੰਗ | ਅੰਮ੍ਰਿਤਸਰ | ੧੮ ਮਹੀਨੇ | ,, |
| ਤਾਰਕਾ ਨਾਥ ਦਾਸ | ਕਲੀ ਮੋਹਣ ਦਾਸ | ਮੌਜਪੁਰ | ਚਵੀ ਪ੍ਰਗਣਾ (ਬੰਗਾਲ) | ੨੨ ਮਹੀਨੇ | ,, |
| ਗੋਬਿੰਦ ਬਿਹਾਰੀ ਲਾਲ | ਬਿਸ਼ਨ ਲਾਲ ਮਾਥਰ | —— | ਦਿਲੀ | ੧੦ ਮਹੀਨੇ | ,, |
| ਬਿਸ਼ਨ ਬਿਹਾਰੀ ਹਿੰਦੀ | —— | —— | —— | ੯ ਮਹੀਨੇ | ,, |
| ਸੰਤੋਖ ਸਿੰਘ | ਜੁਆਲਾ ਸਿੰਘ | ਸਰਦੇ | ਅੰਮ੍ਰਿਤਸਰ | ੨੧ ਮਹੀਨੇ | ,, |
| ਗੋਧਾ ਰਾਮ | ਛੰਨਾ ਰਾਮ | ਕਰਾਦਲੂ | ਸ਼ਾਹ ਪੁਰ | ੧੧ ਮਹੀਨੇ | ,, |
| ਨਰੰਜਨ ਦਾਸ | ਮੇਘ ਰਾਜ | ਪੁਰਾਣੀ ਕੋਤਵਾਲੀ | ਲਾਹੌਰ | ੬ ਮਹੀਨੇ | ,, |
| ਮਹਾਂਦੇਓ ਬਾਜੀ ਨੰਦੈਕਰ | ਆਬਾਜੀ | —— | —— | ੩ ਮਹੀਨੇ | ,, |
| ਮੁਨਸ਼ੀ ਰਾਮ | —— | —— | —— | ੨ ਮਹੀਨੇ | ,, |
| ਨਿਧਾਨ ਸਿੰਘ | —— | —— | —— | ੪ ਮਹੀਨੇ | ,, |
| ਇਮਾਮ ਦੀਨ | —— | —— | —— | ੪ ਮਹੀਨੇ | ,, |
| ਸੁਰੰਧਰਾ ਸੁਕਾਰ | —— | —— | —— | ੪ ਮਹੀਨੇ | ,, |
| ਚੰਦ੍ਰ ਕਾਂਤਾ ਚਕਰਵਰਤੀ | —— | —— | —— | ੧ ਮਹੀਨਾ | ,, |
| ਸੁੰਦਰ ਸਿੰਘ ਘਾਲੀ | —— | ਘਲ ਕਲਾਂ | ਫੀਰੋਜ਼ਪੁਰ | ੩ ਮਹੀਨੇ ਅਤੇ ੫੦੦੦ ਡਾਲਰ ਜੁਰਮਾਨਾ | ,, |

ਨੈਕ ਬਿਸ਼ਨ, ਬੋਹਮ ਅਤੇ ਵੇਰਡੇ ਨੂੰ ਤਿੰਨ ੨ ਸਾਲ ਕੈਦ ਅਤੇ ਤੇਰ੍ਹਾਂ ੨ ਹਜ਼ਾਰ ਡਾਲਰ ਜੁਰਮਾਨਾ

ਸ੍ਰੀ ਹਰੰਭਾ ਲਾਲ ਗੁਪਤਾ ਨੂੰ ੧੮ ਮਹੀਨੇ ਕੈਦ ਅਤੇ ੭੦੦ ਡਾਲਰ ਜੁਰਮਾਨਾ

| | | | | |
|---|---|---|---|---|
| ਗਿਆਨ ਚੰਦ | —— | —— | ਲਾਹੌਰ | ੭ ਸਾਲ ਸਖਤ ਕੈਦ ਕਾਲੇ ਪਾਣੀ |

Digitized by Panjab Digital Library | www.panjabdigilib.org

[ਨੋਟ] ਏਸ ਲਿਸਟ ਵਿਚ ਜਰਮਨ ਤੇ ਅਮ੍ਰੀਕਨ ਇਨਕਲਾਬੀਆਂ ਨੂੰ ਜੋ ਸਜ਼ਾਵਾਂ ਹੋਈਆਂ ਉਹ ਨਹੀਂ ਲਿਖੀਆਂ।

| ਨਾਮ | ਪਿਤਾ | ਪਿੰਡ | ਜ਼ਿਲਾ |
|---|---|---|---|
| ਧਿਆਨ ਸਿੰਘ | ਕਾਹਨ ਸਿੰਘ | ਬੰਗਾਸੀ ਪੁਰਾ | ਲੁਦਆਨਾ |
| ਚੰਦਾ ਸਿੰਘ | | ਬੜੈਚ | ,, ,, |

(ਇਹ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਸਨ)

| | | | |
|---|---|---|---|
| ਕਾਂਸ਼ੀ ਰਾਮ | | ਮੋਗਲੀ | ਅੰਬਾਲਾ |
| ਰਹਿਮਤ ਅਲੀ | | ਵਜੀਦ ਕੇ | ਰਿ: ਪਟਿਆਲਾ |
| ਬਖਸ਼ੀਸ਼ ਸਿੰਘ | ਦੇਵਾ ਸਿੰਘ | ਖਾਨ ਪੁਰ | ਲੁਧਿਹਾਣਾ |
| ਜੀਵਨ ਸਿੰਘ | ਵਜੀਦ ਸਿੰਘ | ਧੂਲੇ ਸਿੰਘ ਵਾਲਾ | ਰਿ: ਪਟਿਆਲਾ |
| ਲਾਲ ਸਿੰਘ | ਦੇਜਾ ਸਿੰਘ | ਸਹਾਬਆਨਾ | ਲੁਧਿਹਾਣਾ |
| ਧਿਆਨ ਸਿੰਘ | ਕਰਮ ਸਿੰਘ | ਉਮਰ ਪੁਰਾ | ਅੰਮ੍ਰਿਤਸਰ |
| ਜਗਤ ਸਿੰਘ | | ਬਿੰਜਲ | ਲੁਧਿਹਾਣਾ |

(ਉਪਰ ਲਿਖੇ ਸਿੰਘਾਂ ਨੂੰ ਜੱਜ ਫੀਰੋਜ਼ਪੁਰ ਨੇ ਫਾਂਸੀ ਦੀ ਸਜ਼ਾ ਦੇ ਕੇ ਸ਼ਹੀਦ ਕੀਤਾ)

ਰਾਧਾ ਸਿੰਘ ਉਰਫ ਜੁਆਲਾ ਸਿੰਘ ਕਰਰਭਨ ਫ਼ੀਰੋਜ਼ਪੁਰ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

ਵਰਿਆਮ ਸਿੰਘ ਅਮਲੀ ਦਿਆਲ ਸਿੰਘ ਬਰਾਜ ਰਿ: ਪਟਿਆਲਾ ਚਬੇ ਦੇ ਡਾਕੇ ਵਿਚ ਬੰਬ ਫਟੱਣ ਨਾਲ ਮਾਰਿਆ ਗਿਆ

| | | | |
|---|---|---|---|
| ਸੁਰਜਨ ਸਿੰਘ | ਬੂਟਾ ਸਿੰਘ | ਫਤਹਿ ਗੜ੍ਹ | ਹੁਸ਼ਿਆਰ ਪੁਰ |

(ਫਾਂਸੀ ਲਾਕੇ ਸ਼ਹੀਦ ਕੀਤਾ ਗਿਆ)

| | | | |
|---|---|---|---|
| ਜਸਵੰਤ ਸਿੰਘ | ਨਰੈਣ ਸਿੰਘ | ਨੰਗਲ ਕਲਾਂ | ਹੁਸ਼ਿਆਰ ਪੁਰ |

(ਫਾਂਸੀ ਲਾਕੇ ਸ਼ਹੀਦ ਕੀਤਾ ਗਿਆ)

| | | | |
|---|---|---|---|
| ਕਾਲਾ ਸਿੰਘ | | ਜਗਤ ਪੁਰਾ | ਅੰਮ੍ਰਿਤਸਰ |
| ਚੰਨਣ ਸਿੰਘ | ਬੇਲ ਸਿੰਘ | ਬੂੜ ਚੰਦ | ਲਾਹੌਰ |
| ਹਰਨਾਮ ਸਿੰਘ | | ਠਠੀਖਾਰਾ | ਅੰਮ੍ਰਿਤਸਰ |
| ਆਤਮਾ ਸਿੰਘ | ਬੂਟਾ ਸਿੰਘ | ਠਠੀਖਾਰਾ | ਜਲੰਧਰ |
| ਬੰਤਾ ਸਿੰਘ | | ਸੰਗਵਾਲ | |

(ਇਹ ਫਾਂਸੀ ਲਾਕੇ ਸ਼ਹੀਦ ਕੀਤੇ ਗਏ)

| | | | |
|---|---|---|---|
| ਬੇਲਾ ਸਿੰਘ | | ਠੀਕਰੀ ਵਾਲਾ | ੭ ਸਾਲ ਕੈਦ |
| ਹਰਨਾਮ ਸਿੰਘ | | ਫੈਜ਼ਾ ਬਾਦ | ੧੦ ,, ,, |

ਪੰਡਤ ਰਾਮ ਚੰਦ ਤੇ ਰਾਮ ਸਿੰਘ ਇਹ ਦੋਵੇਂ ਮਾਰੇ ਗਏ ਸਨ।

| | | | |
|---|---|---|---|
| ਅਰਜਨ ਸਿੰਘ | | ਖੁਖਰਾਣਾ | ਫੀਰੋਜ਼ਪੁਰ |

(ਫਾਂਸੀ ਲਾਕੇ ਸ਼ਹੀਦ ਕੀਤਾ)

| | | | |
|---|---|---|---|
| ਪਰੇਮ ਸਿੰਘ | ਜੀਵਨ ਸਿੰਘ | ਸੁਰ ਸਿੰਘ | ਲਾਹੌਰ |
| ਇੰਦਰ ਸਿੰਘ | ਗੁਰਮੁਖ ਸਿੰਘ | ਪਧਰੀ ਕਲਾਂ | ਅੰਮ੍ਰਿਤਸਰ |

(ਇਹਨਾਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ)

| | | | |
|---|---|---|---|
| ਬੀਰ ਸਿੰਘ | ਖੜਕ ਸਿੰਘ | ਸੋਹਲ | ਅੰਮ੍ਰਿਤਸਰ |
| ਸਜਣ ਸਿੰਘ | ਝੰਡਾ ਸਿੰਘ | ਸੂਰ ਵਿੰਡ | ਲਾਹੌਰ |

Digitized by Panjab Digital Library | www.panjabdigilib.org

| | | | | |
|---|---|---|---|---|
| ਬਘੇਲ ਸਿੰਘ | ਬਲ ਸਿੰਘ | ਬੂੜ ਚੰਦ | ਲਾਹੌਰ | |
| ਲਾਲ ਸਿੰਘ | ਸੁਚੇਤ ਸਿੰਘ | ਪਧਰੀ ਕਲਾਂ | ਅੰਮ੍ਰਿਤਸਰ | |
| (ਇਹਨਾਂ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤ ਹੋਈ) | | | | |
| ਖਜ਼ਾਨ ਸਿੰਘ | ਬੂੜ ਸਿੰਘ | ਬੂੜ ਚੰਦ | | ੪ ਸਾਲ ਕੈਦ |
| ਕਾਲਾ ਸਿੰਘ | ਵੰਨਣ ਸਿੰਘ | | ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। | |
| ਬੂਟਾ ਸਿੰਘ | ਸ਼ੇਰ ਸਿੰਘ | ਅਕਾਲ ਗੜ੍ਹ ਖੁਰਦ | ਲੁਧਿਹਾਣਾ (ਫਾਂਸੀ ਲਾਕੇ ਸ਼ਹੀਦ ਕੀਤਾ ਗਿਆ) | |
| ਗੁਲਾਮ ਹੁਸੈਨ | ਇਬਰਾਹੀਮ | | ਲਾਹੌਰ ਮੰਡੀ (੧ ਸਾਲ ਕੈਦ ਅਤੇ ੪੦੦ ਜੁਰਮਾਨਾ) | |
| ਗੁਰਦਿਆਲ ਸਿੰਘ | ਪ੍ਰੀਤਮ ਸਿੰਘ | | ਅਨਾਰਕਲੀ ਲਾਹੌਰ (੨ ਸਾਲ ਕੈਦ ਅਤੇ ੪੦੦ ਜੁਰਮਾਨਾ) | |
| ਸ਼ੇਰ ਸਿੰਘ | ਲਹਿਣਾ ਸਿੰਘ | ਠੀਕਰੀ ਵਾਲਾ | ਗੁਰਦਾਸ ਪੁਰ | ੭ ਸਾਲ ਕੈਦ |
| ਈਸ਼ਰ ਸਿੰਘ | ਸ਼ੇਰ ਸਿੰਘ ਦਾ ਭਰਾ | | | ੪ ,, ,, |
| ਕੇਸਰ ਸਿੰਘ | ਜੁਆਲਾ ਸਿੰਘ | ਠੀਕਰੀ ਵਾਲਾ | | ੩ ,, ,, |
| ਗੇਂਡੂ ਸਿੰਘ | | ਠੀਕਰੀ ਵਾਲਾ | | ੩ ,, ,, |
| ਬੀਰ ਸਿੰਘ | ਗਣੇਸ਼ਾ ਸਿੰਘ | ਠੀਕਰੀ ਵਾਲਾ | | ੨੧ ,, ,, |
| ਪੂਰਨ ਸਿੰਘ | ਨਿਹਾਲ ਸਿੰਘ | ਕੋਟ ਟੋਡਰ ਮਲ | ਗੁਰਦਾਸ ਪੁਰ | ੨੧ ,, ,, |
| ਆਤਮਾ ਸਿੰਘ | ਅਰਜਨ ਸਿੰਘ | ਠੀਕਰੀ ਵਾਲਾ | | ੧੪ ,, ,, |
| ਸੰਤਾ ਸਿੰਘ | | ਭਾਂਮ | ਗੁਰਦਾਸ ਪੁਰ | ੧੪ ,, ,, |
| ਲਭੂ ਰਾਮ | | ਅਰਜਨ ਪੁਰ | ਗੁਰਦਾਸ ਪੁਰ | ੧੫ ,, ,, |
| ਮੁਨਸ਼ੀ ਰਾਮ | | ਕੋਟ ਟੋਡਰ ਮਲ | ,, ,, | ੧੪ ,, ,, |
| ਟਹਿਲ ਸਿੰਘ | | ,, ,, | ,, ,, | ੧੪ ,, ,, |
| ਧਰਮ ਸਿੰਘ | | ਭਾਂਮ | ,, ,, | ੧੪ ,, ,, |
| ਕਾਲਾ ਸਿੰਘ | | ,, | ,, ,, | ੭ ,, ,, |
| ਬਹਾਦਰ ਸਿੰਘ | | ,, | ,, ,, | ੭ ,, ,, |
| ਭਗਤ ਸਿੰਘ | | ,, | ,, ,, | ੭ ,, ,, |

**ਭਾਈ ਈਸਰ ਸਿੰਘ**—ਰਸਾਲਾ ਨੰ:੧੨ ਵਿਚੋਂ ਭਾਈ ਈਸਰ ਸਿੰਘ ੨ ਰਕਬਾ ਲੁਧਿਆਣਾ, ਤੇ ਭਾਈ ਹਜ਼ਾਰਾਂ ਸਿੰਘ ਪਿੰਡ ਭੈਣੀ ਰਾਈਆਂ ਜ਼ਿਲਾ ਲੁਧਿਆਣਾ। ਏਹ ਦੋਨੋਂ ਸਜਣ ਬਾਰਵੇਂ ਰਸਾਲੇ ਵਿਚ ਮੇਰਠ ਛਾਉਣੀ ਸਨ। ਇਨ੍ਹਾਂ ਦਾ ਦੇਸ਼ ਭਗਤ ਪਿੰਗਲੇ ਨਾਲ ਮੇਲ ਹੋਇਆ। ਤੇ ੨੩ ਮਾਰਚ ੧੯੧੫ ਨੂੰ ਜਮਾਦਾਰ ਨਾਦਰ ਖਾਂ ਦੇ ਮੁਖਬਰੀ ਕਰਨ ਪਰ ਪਿੰਗਲੇ ਸਮੇਤ ਏਹ ਦੋਨੋ ਸਜਣ ਫੜੇ ਗਏ। ਕੋਰਟ ਮਾਰਸ਼ਲ ਹੋਕੇ ਫਾਂਸੀ ਲਗੇ ਤੇ ਮਿਸਟਰ ਪਿੰਗਲੇ ਪਹਿਲੇ ਮੁਕਦਮਾਂ ਸਾਜ਼ਸ਼ ਲਾਹੌਰ ਵਿਚ ੧੩ ਸਤਬੰਰ ੧੯੧੫ ਨੂੰ ਸਜ਼ਾਵਾਂ ਹੋਕੇ ੧੭ ਨਵੰਬਰ ੧੯੧੫ ਨੂੰ ਸੈਂਟਰਲ ਜੇਲ ਲਾਹੌਰ ਵਿਚ ਸਃ ਕਰਤਾਰ ਸਿੰਘ ਸਰਾਬਾ ਆਦਿ ਨਾਲ ਫਾਂਸੀ ਲਗੇ।

ਡਾ: ਮਥਰਾ ਸਿੰਘ ਢੁਡਿਆਲ ਜ਼ਿਲਾ ਰਾਵਲਪਿੰਡੀ ਦੇ ਰਹਿਣ ਵਾਲੇ ਪਿਛੋਂ ਇਰਾਨ ਵਿਚ ਫੜੇ ਗਏ ਤੇ ਫਾਂਸੀ ਲੱਗੇ।

Digitized by Panjab Digital Library | www.panjabdigilib.org

**ਬਾਗੀ ਇੰਨਕਲਾਬੀ**—ਪਹਿਲੀ ਵੱਡੀ ਲੜਾਈ ਸਮੇਂ ਹਿੰਦੋਸਤਾਨੀ ਦੇਸ਼ ਭਗਤਾਂ ਨੇ ਯਤਨ ਕੀਤਾ ਕਿ ਹਥਿਆਰ ਬੰਦ ਬਗਾਵਤ ਕਰਕੇ ਅੰਗ੍ਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇ। ਪ੍ਰੰਤੂ ਉਹ ਸਫਲ ਨਾ ਹੋ ਸਕੇ। ਹਿੰਦੋਸਤਾਨੀ ਸਿਪਾਹੀ ਜਦ ਦੂਜੇ ਦੇਸ਼ਾਂ ਵਿਚ ਜਾਕੇ ਲੜਦੇ ਸਨ ਤਾਂ ਆਜ਼ਾਦ ਦੇਸ਼ਾਂ ਦੇ ਲੋਕ ਉਨਾਂ ਨੂੰ ਮੇਹਣ ਮਾਰਦੇ ਸਨ ਕਿ "ਤੁਸੀਂ ਆਪ ਤਾਂ ਗੁਲਾਮ ਬਣੇ ਹੋਇ ਹੋ ਦੂਜਿਆ ਨੂੰ ਗੁਲਾਮ ਬਨਾਉਣ ਲਈ ਇਤਨੀ ਦੂਰ ਆਕੇ ਕਿਉਂ ਲੜ ਰਹੇ ਹੋ।" ਇਸਦਾ ਹਿੰਦੀ ਸਿਪਾਹੀਆਂ ਪਾਸ ਕੋਈ ਜਵਾਬ ਨਹੀਂ ਸੀ। ਉਨ੍ਹਾਂ ਨੂੰ ਆਪਣੀ ਗੁਲਾਮੀ ਵਿਰੁਧ ਘ੍ਰਿਣਾ ਪੈਦਾ ਹੋ ਜਾਂਦੀ ਸੀ।

ਪਹਿਲੀ ਵੱਡੀ ਲੜਾਈ ਦੇ ਦੌਰਾਨ ਵਿਚ ਹਿੰਦੁਸਤਾਨੀ ਫੌਜ ਪੰਜ ਨੰਬਰ ਲਾਈਟ-ਇਨਫੈਂਟ੍ਰੀ ਸਿੰਘਾ ਪੁਰ ਵਿਚ ਗਦਰ ਕਰਕੇ ਇਕ ਹਫਤਾ ਸਿੰਘਾ ਪੁਰ ਪਰ ਕਬਜ਼ਾ ਰਖਿਆ ਪ੍ਰੰਤੂ ਪਿਛੋਂ ਜਾਪਾਨੀ ਸਮੁੰਦਰੀ ਬੇੜ ਦੀ ਮਦਦ ਨਾਲ ਅੰਗਰੇਜ਼ਾਂ ਨੇ ਬੜੀ ਮੁਸ਼ਕਲ ਨਾਲ ਸਿੰਘਾ ਪੁਰ ਦਾ ਟਾਪੂ ਵਾਪਸ ਲਿਆ ਅਤੇ ਬਾਕੀ ਹਿੰਦੁਸਤਾਨੀ ਸਿਪਾਹੀਆਂ ਨੂੰ ਫੜ ਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ। ੧੯੩੯ ਵਿਚ ਜਦ ਦੂਜੀ ਵੱਡੀ ਲੜਾਈ ਆਰੰਭ ਹੋਈ ਤਾਂ ਫਿਰ ਹਿੰਦੁਸਤਾਨੀ ਦੇਸ਼ ਭਗਤਾਂ ਨੂੰ ਇਹ ਖਿਆਲ ਆਇਆ ਕਿ ਅੰਗਰੇਜ਼ ਦੀ ਗੁਲਾਮੀ ਵਿਚੋਂ ਨਿਕਲਣ ਦਾ ਇਕ ਵੇਰ ਫਿਰ ਯਤਨ ਕਰਨਾ ਚਾਹੀਦਾ ਹੈ। ਇਹ ਖਿਆਲ ਫੌਜਾਂ ਵਿਚ ਭੀ ਚੱਕਰ ਲਗਾ ਰਿਹਾ ਸੀ।

ਦੇਸ਼ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਫੜ ਚੁੱਕੀ ਸੀ। ਸਾਰੀਆਂ ਰਾਜਸੀ ਪਾਰਟੀਆਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਾਂਝਾ ਮੁਹਾਜ਼ ਬਣਾ ਕੇ ਲੜ ਰਹੀਆਂ ਸਨ। ਇਸ ਦਾ ਫਲ ਇਹ ਹੋਇਆ ਕਿ ੧੯੪੦ ਵਿਚ ੨੧ ਨੰ: ਰਸਾਲਾ ਤੇ ਕੁਝ ਹੋਰ ਫੌਜੀਆਂ ਨੇ ਮਿਲ ਕੇ ਫੈਸਲਾ ਕੀਤਾ ਕਿ ਦੇਸ਼ ਤੋਂ ਬਾਹਰ ਜਾ ਕੇ ਲੜਨ ਤੋਂ ਇੰਨਕਾਰ ਕਰ ਦਿੱਤਾ ਜਾਵੇ। ਜਿਨ੍ਹਾਂ ਫੌਜਾਂ ਨੇ ਬਾਹਰ ਜਾਣ ਤੋਂ ਇਨਕਾਰ ਕਰਨ ਦਾ ਫੈਸਲਾ ਕੀਤਾ, ਉਨ੍ਹਾਂ ਵਿਚ ਹਿੰਦੂ, ਮੁਸਲਮਾਨ, ਤੇ ਸਿੱਖ ਤਿੰਨੇ ਸ਼ਾਮਲ ਸਨ। ਸਾਰਿਆਂ ਨੇ ਆਪਣੇ ੨ ਇਸ਼ਟ ਨੂੰ ਹਾਜ਼ਰ ਨਾਜ਼ਰ ਜਾਣ ਕੇ ਸੁਗੰਧਾਂ ਚੁੱਕੀਆਂ ਕਿ ਕੁਝ ਭੀ ਹੋ ਜਾਵੇ ਅਸੀਂ ਇਸ ਫੈਸਲੇ ਤੋਂ ਮੁਨਕਰ ਨਹੀਂ ਹੋਵਾਂਗੇ।

ਹਿੰਦੁਸਤਾਨੀ ਰਾਜਸੀ ਪਾਰਟੀਆਂ ਦੇ ਵਰਕਰ ਭੀ ਇਨ੍ਹਾਂ ਫੌਜੀਆਂ ਨੂੰ ਮਿਲਦੇ ਸਨ ਤੇ ਇਹ ਭਰੋਸਾ ਦਵਾਉਂਦੇ ਸਨ ਕਿ ਸਾਰਾ ਦੇਸ਼ ਇਸ ਕੰਮ ਵਿਚ ਤੁਹਾਡੇ ਨਾਲ ਹੈ। ਜੁਲਾਈ ਦਾ ਮਹੀਨਾ ਸੀ ਜਦੋਂ ਅੰਗਰੇਜ਼ਾਂ ਨੇ ਇਨ੍ਹਾਂ ਫੌਜਾਂ ਨੂੰ ਸਮੁੰਦਰ ਪਾਰ ਜਾਣ ਦਾ ਹੁਕਮ ਦਿਤਾ। ਹਿੰਦੂ ਮੁਸਲਮਾਨ ਫੌਜੀ ਤਾਂ ਆਪਣੀਆਂ ਕਸਮਾਂ ਤੋੜ ਕੇ ਸਮੁੰਦਰ ਪਾਰ ਜਾਣ ਲਈ ਤਿਆਰ ਹੋ ਗਏ-ਪ੍ਰੰਤੂ ਇੱਕੀ ਨੰਬਰ ਰਸਾਲੇ ਦੇ ਸਿੱਖ ਸਿਪਾਹੀਆਂ ਨੇ ਕਿਹਾ ਕਿ ਅਸੀਂ ਆਪਣੇ ਇਸ਼ਟ ਦੀ ਕਸਮ ਖਾ ਚੁਕੇ ਹਾਂ ਇਸ ਕਰਕੇ ਭਾਵੇਂ ਹੇਠਲੀ ਉਤੇ ਆ ਜਾਵੇ ਅਸੀਂ ਬਾਹਰ ਜਾਣਾ ਪ੍ਰਵਾਨ ਨਹੀਂ ਕਰਾਂਗੇ। ਇਨ੍ਹਾਂ ਦੇਸ਼ ਭਗਤਾਂ ਨੂੰ ਅੰਗਰੇਜ਼ਾਂ ਨੇ ਕਈ ਪ੍ਰਕਾਰ ਦੀਆਂ ਧਮਕੀਆਂ ਦਿਤੀਆਂ ਤੇ ਸਮਝੌਤੀਆਂ ਭੀ ਦਿਤੀਆਂ। ਵਫਾਦਾਰੀ ਪਾਲਣ ਵਾਸਤੇ ਕਿਹਾ ਪ੍ਰੰਤੂ ੨੧ ਨੰਬਰ ਰਸਾਲੇ ਦੇ ਬਹਾਦਰ ਸਿਪਾਹੀਆਂ ਨੇ ਸਭ ਨੂੰ ਇਕੋ ਉੱਤਰ ਦਿਤਾ।

"ਅਸੀਂ ਆਪਣੇ ਦੇਸ਼ ਦੀ ਰਖਿਆ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ ਪ੍ਰੰਤੂ ਦੂਜੇ ਦੇਸ਼ਾਂ ਨੂੰ ਗੁਲਾਮ ਬਨਾਉਣ ਲਈ ਬਾਹਰ ਜਾਣ ਤੋਂ ਸਾਡਾ ਸਾਫ ਇਨਕਾਰ ਹੈ।" ਅੰਗਰੇਜ਼ ਇਹ ਉਤਰ ਸੁਣ ਕੇ ਹੈਰਾਨ ਰਹਿ ਗਏ। ਉਨ੍ਹਾਂ ਸਿਪਾਹੀਆਂ ਨੂੰ ਆਪਣੇ ਦ੍ਰਿੜ ਇਰਾਦੇ ਤੋਂ ਟਾਲਣ ਲਈ ਕਈ ਪ੍ਰਕਾਰ ਦੀਆਂ ਚਾਲਾਂ ਚਲੀਆਂ ਪ੍ਰੰਤੂ ਉਨ੍ਹਾਂ ਦੀ ਕੋਈ ਭੀ ਚਾਲ ਸਫਲ ਨਾ ਹੋਈ। ਬਾਹਰ ਜਾਣ ਤੋਂ ਇਨਕਾਰ ਕਰਨ ਵਾਲੇ ਬਹਾਦਰ ਸਿਪਾਹੀਆਂ ਦੀ ਗਿਣਤੀ ੧੮੦

Digitized by Panjab Digital Library | www.panjabdigilib.org

ਦੇ ਲਗ ਭਗ ਸੀ। ਦੁਨੀਆਂ ਨੇ ਇਕ ਵੇਰ ਫਿਰ ਇਹ ਵੇਖ ਲਿਆ ਕਿ ਸਿੱਖ ਆਪਣੇ ਪ੍ਰਣ ਦੇ ਕਿਤਨੇ ਪੱਕੇ ਹੁੰਦੇ ਹਨ। ਦੂਜੀਆਂ ਕੌਮਾਂ ਦੇ ਸਿਪਾਹੀ ਸੁਗੰਧਾ ਚੁਕ ਕੇ ਮੁਕਰ ਗਏ ਪ੍ਰੰਤੂ ਸਿੱਖਾਂ ਨੇ ਆਪਣੇ ਪ੍ਰਣ ਨੂੰ ਸਿਰ ਹਥੇਲੀ ਪਰ ਰਖ ਕੇ ਨਿਭਾਇਆ।

ਅੰਗਰੇਜ਼ਾਂ ਨੇ ਇਨ੍ਹਾਂ ਸਾਰੇ ਬਹਾਦਰ ਸਿਪਾਹੀਆਂ ਨੂੰ ਕੋਰਟ ਮਾਰਸ਼ਲ ਕੀਤਾ ਜਿਨ੍ਹਾਂ ਵਿਚੋਂ ਚਾਰ ਨੂੰ ਫਾਂਸੀ ਪਰ ਲਟਕਾਇਆ ਗਿਆ। ੧੦੬ ਨੂੰ ਲੰਬੀਆਂ ਸਜ਼ਾਵਾਂ ਦਿਤੀਆਂ ਗਈਆਂ ਅਤੇ ੭੦ ਸਿਪਾਹੀ ਬਾਰਾ ਪੱਥਰ ਕੀਤੇ ਗਏ। ਇਨ੍ਹਾਂ ਬਹਾਦਰਾਂ ਦੀ ਇਸ ਕੁਰਬਾਨੀ ਨੇ ਹਿੰਦੀ ਫੌਜਾਂ ਦੇ ਸਿਪਾਹੀਆਂ ਦੀ ਅਣਖ ਨੂੰ ਜ਼ਬਰਦਸਤ ਹਲੂਣਾ ਦਿਤਾ ਅਤੇ ਉਨ੍ਹਾਂ ਨੇ ਇਹ ਸੋਚਣਾ ਆਰੰਭ ਕੀਤਾ ਕਿ ਸਾਡੀਆਂ ਕੁਰਬਾਨੀਆਂ ਦਾ ਫਲ ਕਿਸ ਨੂੰ ਮਿਲੇਗਾ?

ਇਸ ਸੋਚ ਵਿਚੋਂ ਹੀ ਆਜ਼ਾਦ ਹਿੰਦ ਫੌਜ ਨੇ ਜਨਮ ਲਿਆ ਅਤੇ ਹਿੰਦੀ ਸਿਪਾਹੀਆਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਲੜਨ ਦਾ ਫੈਸਲਾ ਕੀਤਾ। ਹੇਠਾਂ ਅਸੀਂ ੨੧ ਨੰਬਰ ਰਸਾਲੇ ਦੇ ਬਹਾਦਰ ਸਿਪਾਹੀਆਂ ਦੀਆਂ ਕੁਰਬਾਨੀਆਂ ਦਾ ਸੰਖੇਪ ਇਤਿਹਾਸ ਦੇ ਰਹੇ ਹਾਂ।

## ਫਾਂਸੀ ਲਗਣ ਵਾਲੇ ਬਹਾਦਰ ਸੂਰਬੀਰ

**(੧) ਸ: ਆਸਾ ਸਿੰਘ ਸ਼ਹੀਦ:—** ਸ: ਆਸਾ ਸਿੰਘ ਜੀ ਸਪੁਤ੍ਰ ਸ: ਕਰਮ ਸਿੰਘ ਜੀ ਐਸ. ਡੀ. ਉ. ਪਿੰਡ ਨੰਦ ਪੁਰ ਜ਼ਿਲਾ ਲੁਧਿਆਣਾ ਨੂੰ ੨੨ ਸਾਲ ਦੀ ਜਵਾਨ ਅਵਸਥਾ ਵਿਚ ਹੀ ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰਨ ਦੇ ਦੋਸ਼ ਵਿਚ ਜ਼ਾਲਮ ਅੰਗਰੇਜ਼ੀ ਸਰਕਾਰ ਨੇ ਫਾਂਸੀ ਪਰ ਲਟਕਾ ਦਿਤਾ ਪ੍ਰੰਤੂ ਉਹ ਬਹਾਦਰ ਦੇਸ਼ ਭਗਤ ਤੇ ਆਜ਼ਾਦੀ ਦਾ ਪਰਵਾਨਾ ਹਸ ਹਸ ਕੇ ਫਾਂਸੀ ਦੇ ਝੂਟੇ ਲੈ ਗਿਆ। ਇਸ ਤੋਂ ਇਲਾਵਾ ਹੇਠ ਲਿਖੇ ਤਿੰਨ ਸਿੰਘਾਂ ਨੂੰ ਭੀ ਫਾਂਸੀ ਪਰ ਲਟਕਾ ਦਿਤਾ ਗਿਆ ਜਿਨ੍ਹਾਂ ਦੇ ਜੀਵਨ ਸਬੰਧੀ ਵਸ਼ੇਸ਼ ਵਿਸਥਾਰ ਨਾ ਦਿੰਦੇ ਹੋਏ ਅਸੀਂ ਕੇਵਲ ਨਾਮ ਹੀ ਦੇ ਰਹੇਗਾ।

ਇਨ੍ਹਾਂ ਸਜਣਾਂ ਤੋਂ ਬਿਨਾਂ ਇਸ ਰਸਾਲੇ ਦੇ ੧੩ ਦਫੇਦਾਰਾਂ ਤੇ ਕਈ ਹੋਰ ਅਫਸਰਾਂ ਨੂੰ ਭੀ ਮੌਤ ਦੀਆਂ ਸਜ਼ਾਵਾਂ ਹੋਈਆਂ ਪ੍ਰੰਤੂ ਪਿਛੋਂ ਕਮਾਂਡਰ ਇਨ ਚੀਫ ਨੇ ਉਨ੍ਹਾਂ ਦੀਆਂ ਸਜ਼ਾਵਾਂ ਆਪਣ ਵਸ਼ੇਸ਼ ਅਧਿਕਾਰਾਂ ਨਾਲ ੧੫-੧੫ ਸਾਲ ਕੈਦ ਵਿਚ ਬਦਲ ਦਿਤੀਆਂ। ਹੇਠਾਂ ਅਸੀਂ ਇਸ ਰਸਾਲੇ ਦੇ ਕੁਝ ਦੇਸ਼ ਭਗਤਾਂ ਦੀਆਂ ਸੰਖੇਪ ਜੀਵਨੀਆਂ ਦ ਰਹੇ ਹਾਂ, ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਇਨ੍ਹਾਂ ਸੂਰਬੀਰਾਂ ਨੇ ਦੇਸ਼ ਪਿਆਰ ਦੇ ਜਜ਼ਬੇ ਨੂੰ ਕਾਇਮ ਰੱਖਣ ਲਈ ਕਿਸ ਪ੍ਰਕਾਰ ਕਸ਼ਟ ਸਹਾਰੇ।

**ਜਗੀਰ ਸਿੰਘ ਰਸਾਲਦਾਰ ਮੇਜਰ:—** ਆਪ ਦਾ ਜਨਮ ਪਿੰਡ ਛੋਟੀ ਲਲਤੋਂ ਜ਼ਿਲਾ ਲੁਧਿਆਣਾ ਵਿਚ ੧੮੯੪ ਈ: ਨੂੰ ਸ: ਚੰਨਣ ਸਿੰਘ ਜੀ ਸਫੈਦ ਪਸ਼ ਦੇ ਘਰ ਵਿਚ ਹੋਇਆ। ਆਪ ਦੀ ਮਾਤਾ ਦਾ ਨਾਮ ਨਿਹਾਲ ਕੌਰ ਸੀ। ੧੭ ਦਸੰਬਰ ੧੯੧੩ ਨੂੰ ਆਪ ਰਸਾਲਾ ਨੰ: ੩੯ ਵਿਚ ਰਸਾਲਦਾਰ ਮੇਜਰ ਬਣ ਗਏ। ਆਪ ਦਾ ਫੌਜ ਵਿੱਚ ਬਹੁਤ ਸਨਮਾਨ ਸੀ ਜਿਸ ਦਾ ਅੰਦਾਜ਼ਾ ਇਸ ਗਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ੧੯੩੭ ਵਿਚ ਬ੍ਰਤਾਨੀਆ ਦੇ ਬਾਦਸ਼ਾਹ ਦੀ ਤਾਜਪੋਸ਼ੀ ਸਮੇਂ ਜੋ ਚਾਰ ਸੁੰਦਰ ਜਵਾਨ ਸਿਖ ਲੰਡਨ ਗਏ ਸਨ ਉਨ੍ਹਾਂ ਵਿਚ ਆਪ ਭੀ ਸ਼ਾਮਲ ਸਨ।

੧੭ ਜੁਲਾਈ ੧੯੪੦ ਨੂੰ ਰਸਾਲਾ ਨੰ: ੨੧ ਨੂੰ ਮੁਲਕ ਤੋਂ ਬਾਹਰ ਜਾਕੇ ਲੜਨ ਦਾ ਹੁਕਮ ਮਿਲਿਆ। ਆਪਣੇ ਹੋਰ ਸਾਥੀਆਂ ਸਮੇਤ ਰਸਾਲਦਾਰ ਮੇਜਰ ਜਗੀਰ ਸਿੰਘ ਜੀ ਨੇ ਭੀ ਇਹੋ ਉੱਤ੍ਰ ਦਿਤਾ ਕਿ ਅਸੀਂ ਆਪਣੇ ਦੇਸ਼ ਦੀ ਰਾਖੀ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ ਪਰ ਦੇਸ਼ ਤੋਂ ਬਾਹਰ ਜਾਕੇ ਨਹੀਂ ਲੜਾਂਗੇ।

Digitized by Panjab Digital Library | www.panjabdigilib.org

ਆਪ ਨੂੰ ਇਸ ਦੋਸ਼ ਵਿਚ ਕੋਰਟ ਮਾਰਸ਼ਲ ਕੀਤਾ ਗਿਆ ਅਤੇ ਆਪ ਦੀਆਂ ਪਿਛਲੀਆਂ ਖਿਦਮਾਤਾਂ ਦਾ ਲਿਹਾਜ਼ ਰਖਦੇ ਹੋਏ ਆਪ ਜੀ ਨੂੰ ਬਾਰਾ ਪਥਰ ਕਰਕੇ ਘਰ ਭੇਜ ਦਿਤਾ ਗਿਆ। ਆਪ ਜੀ ਦੀ ਇਸ ਸਮੇਂ ਸਤਾਈ ਸਾਲ ਦੀ ਸਰਵਿਸ ਸੀ ਅਤੇ ਪੈਨਸ਼ਨ ਤੇ ਹੋਰ ਇਨਾਮ ਆਦਿ ਮਿਲਣ ਦੀ ਆਸ ਸੀ ਪ੍ਰੰਤੂ ਆਪ ਜੀ ਨੇ ਦੇਸ਼ ਨਾਲ ਪਿਆਰ ਕਰਦੇ ਹੋਏ ਸਾਰਾ ਕੁਝ ਕੁਰਬਾਨ ਕਰ ਦਿਤਾ।

**ਦਫੇਦਾਰ ਪਿਆਰਾ ਸਿੰਘ ਜੀ:—** ਆਪ ਜੀ ਦਾ ਜਨਮ ਭੀ ਪਿੰਡ ਛੋਟੀ ਲਲਤੋਂ ਜ਼ਿਲਾ ਲੁਧਿਹਾਣਾ ਵਿਚ ਹੋਇਆ। ਆਪ ਨੇ ਭੀ ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰ ਦਿਤਾ ਸੀ ਇਸ ਕਰਕੇ ਪਹਿਲੇ ਤਾਂ ਆਪ ਜੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਪ੍ਰੰਤੂ ਪਿਛੋਂ ਉਹ ਉਮਰ ਕੈਦ ਵਿਚ ਬਦਲ ਦਿਤੀ ਗਈ। ਆਪ ਪੰਜ ਛੇ ਸਾਲ ਕਾਲੇ ਪਾਣੀ ਬੁਲਾਰਮ, ਤੇ ਇੰਦੌਰ ਜੇਹਲ ਆਦਿਕ ਵਿਚ ਬਹੁਤ ਸਾਰੇ ਤਸੀਹੇ ਝਲਦੇ ਰਹੇ ਅਤੇ ੧੯੪੭ ਤੋਂ ਪਿਛੋਂ ਜਦ ਦੇਸ਼ ਆਜ਼ਾਦ ਹੋ ਗਿਆ ਤਾਂ ਆਪ ਭੀ ਰਿਹਾ ਕੀਤੇ ਗਏ।

**ਸ: ਭਗਵਾਨ ਸਿੰਘ ਤੇ ਸ: ਜਗਮੇਲ ਸਿੰਘ:—** ਇਹ ਦੋਵੇਂ ਭਾਈ ਸਨ ਇਨ੍ਹਾਂ ਨੇ ਭੀ ੨੧ ਨੰ: ਰਸਾਲੇ ਦੇ ਦੇਸ਼ ਭਗਤਾਂ ਨਾਲ ਬਹੁਤ ਕਸ਼ਟ ਸਹਾਰੇ।

ਸ: ਗੁਰਬਚਨ ਸਿੰਘ ਸਪੁਤ੍ਰ ਸ: ਮੰਗਲ ਸਿੰਘ, ਸ: ਚਰਨ ਸਿੰਘ ਸਪੁੱਤ੍ਰ ਸ: ਸੰਤਾ ਸਿੰਘ, ਨਾਹਰ ਸਿੰਘ ਸਪੁਤ੍ਰ ਸ: ਹਰਨਾਮ ਸਿੰਘ, ਭਾ: ਭਗਵੰਤ ਸਿੰਘ ਸਪੁਤ੍ਰ ਸ: ਬਖਤੌਰ ਸਿੰਘ, ਭਾਈ ਅਪਾਰ ਸਿੰਘ ਸਪੁਤ੍ਰ ਹੌਲਦਾਰ ਗੇਂਦਾ ਸਿੰਘ, ਭਾ: ਅਲਬੇਲ ਸਿੰਘ ਸਪੁਤ੍ਰ ਸ: ਬਚਨ ਸਿੰਘ, ਸ: ਤੇਜਾ ਸਿੰਘ ਸਪੁਤ੍ਰ ਸ: ਭੋਲਾ ਸਿੰਘ, ਆਦਿਕ ਪਿੰਡ ਛੋਟੀ ਲਲਤੋਂ ਜ਼ਿਲਾ ਲੁਧਿਹਾਣਾ ਦੇ ਤਕਰੀਬਨ ੨੧-੨੨ ਨੌਜਵਾਨ ਸਨ, ਜਿਨ੍ਹਾਂ ਨੇ ੨੧ ਨੰਬਰ ਰਸਾਲੇ ਦੇ ਇਸ ਦ੍ਰਿੜ੍ਹਤਾ ਭਰੇ ਕਾਰਨਾਮੇ ਵਿਚ ਹਿੱਸਾ ਲਿਆ।

**ਸ: ਦਲੀਪ ਸਿੰਘ ਪਿੰਡ ਚਿਮਿੰਡੇ—** ਸ: ਦਲੀਪ ਸਿੰਘ ਜੀ ਦਾ ਜਨਮ ਸ: ਮਹਾਂ ਸਿੰਘ ਜੀ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁਖ ਤੋਂ ਜ਼ਿਲਾ ਲੁਧਿਆਣਾ ਵਿਚ ਹੋਇਆ। ੧੯੩੪ ਵਿਚ ਆਪ ਰਸਾਲਾ ਨੰ: ੨੧ ਵਿਚ ਭਰਤੀ ਹੋਏ ਅਤੇ ੧੯੪੦ ਵਿਚ ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰਨ ਦੇ ਦੋਸ਼ ਵਿਚ ਆਪ ਜੀ ਨੂੰ ੧੮ ਸਾਲ ਦੀ ਸਜ਼ਾ ਹੋਈ। ਬੁਲਾਰਮ, ਅੰਡੇਮਾਨ ਤੇ ਇੰਦੌਰ ਦੀਆਂ ਜੇਹਲਾਂ ਵਿਚ ਆਪ ਜੀ ਨੇ ਬਹੁਤ ਸਾਰੇ ਦੁਖ ਝੱਲੇ ਤੇ ੬ ਸਾਲ ਦੀ ਲੰਬੀ ਕੈਦ ਕਟ ਕੇ ਰਿਹਾ ਹੋਏ।

ਸ: ਕਰਤਾਰ ਸਿੰਘ ਜੀ ਪਿੰਡ ਕਲੇਰ ਜ਼ਿਲਾ ਲੁਧਿਆਣਾ ਭੀ ੨੧ ਨੰਬਰ ਰਸਾਲੇ ਦੇ ਬਹਾਦਰ ਸਿਪਾਹੀਆਂ ਨਾਲ ਕੈਦ ਹੋਏ।

**ਸ: ਕਰਨੈਲ ਸਿੰਘ ਜੀ ਵਿੰਝਲ—** ਆਪ ਜੀ ਦਾ ਜਨਮ ਸ: ਬਗਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਚੰਦ ਕੌਰ ਦੀ ਕੁਖ ਤੋਂ ਲੁਧਿਆਣਾ ਵਿਖੇ ਹੋਇਆ। ਆਪ ਭੀ ੨੧ ਨੰਬਰ ਰਸਾਲੇ ਵਿਚ ਹੋਰ ਸਾਥੀਆਂ ਸਮੇਤ ਆਪ ਜੀ ਨੇ ਭੀ ਸਮੁੰਦਰ ਪਾਰ ਜਾਣ ਤੋਂ ਇਨਕਾਰ ਕੀਤਾ ਤੇ ੪ ਸਾਲ ਦੀ ਕੈਦ ਕੱਟੀ। ਇੰਦੌਰ ਜੇਹਲ ਵਿਚ ਆਪ ਜੀ ਨੇ ਕਈ ਪ੍ਰਕਾਰ ਦੀਆਂ ਮੁਸੀਬਤਾਂ ਝੱਲੀਆਂ ਅਤੇ ਭੁੱਖ ਹੜਤਾਲ ਭੀ ਕੀਤੀ।

**ਭਾ: ਉਦੇ ਸਿੰਘ ਪਿੰਡ ਸਾਹਨੀ...** ਆਪ ਪਿੰਡ ਸਾਹਨੀ ਜ਼ਿਲਾ ਲੁਧਿਹਾਣਾ ਵਿਚ

Digitized by Panjab Digital Library | www.panjabdigilib.org

ਸ: ਛੁੰਮਣ ਸਿੰਘ ਜੀ ਦੇ ਘਰ ਪੈਦਾ ਹੋਏ। ਆਪ ਜੀ ਭੀ ੨੧ ਨੰਬਰ ਰਸਾਲੇ ਵਿਚ ਸਨ ਅਤੇ ਆਪ ਜੀ ਨੂੰ ੧੪ ਸਾਲ ਦੀ ਸਖਤ ਸਜ਼ਾ ਹੋਈ। ਆਪ ੬ ਸਾਲ ਪਿਛੋਂ ਰਿਹਾ ਹੋਏ।

**ਭਾਈ ਵਜ਼ੀਰ ਸਿੰਘ**—ਆਪ ਜੀ ਦਾ ਜਨਮ ਪਿੰਡ ਜੰਡ ਜ਼ਿਲਾ ਲੁਧਿਆਣਾ ਵਿਚ ਸ: ਭਗਤ ਸਿੰਘ ਦੇ ਘਰ ਮਾਤਾ ਰਾਇ ਕੌਰ ਦੀ ਕੁਖ ਤੋਂ ਪੈਦਾ ਹੋਏ। ਆਪ ੧੯੩੦ ਵਿਚ ਰਸਾਲਾ ਨੰਬਰ ੨੧ ਵਿਚ ਭਰਤੀ ਹੋਏ। ੧੯੪੦ ਵਿਚ ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰਨ ਦੇ ਦੋਸ਼ ਵਿਚ ਆਪ ਜੀ ਨੂੰ ੧੦ ਸਾਲ ਸਖਤ ਕੈਦ ਦੀ ਸਜ਼ਾ ਹੋਈ। ੬ ਸਾਲ ਆਪ ਨੇ ਅਡ ਅਡ ਜਿਹਲਾਂ ਵਿਚ ਤਸੀਹੇ ਝੱਲੇ ਸਨ।

**ਸਃ ਨਰਿੰਦਰ ਸਿੰਘ ਜੀ**—ਆਪ ਜੀ ਦਾ ਜਨਮ ਜ਼ਿਲਾ ਲੁਧਿਹਾਣਾ ਵਿਚ ਸਃ ਜਗਤ ਸਿੰਘ ਜੀ ਦੇ ਗ੍ਰਿਹ ਵਿਖੇ ਮਾਤਾ ਦਯਾ ਕੌਰ ਦੀ ਕੁਖ ਤੋਂ ਹੋਇਆ। ਆਪ ਜੀ ਨੂੰ ਭੀ ੧੦ ਸਾਲ ਦੀ ਸਜ਼ਾ ਹੋਈ ਤੇ ੬ ਸਾਲ ਤਸੀਹੇ ਸਹਿਣ ਪਿਛੋਂ ਰਿਹਾ ਹੋਕੇ ਆਏ।

**ਸ: ਹਰਭਜਨ ਸਿੰਘ ਜੀ**— ਆਪ ਜੀ ਦਾ ਜਨਮ ਸੂਬੇਦਾਰ ਮੇਜਰ ਡਾਕਟਰ ਕਰਤਾਰ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ ਦੀ ਕੁਖ ਤੋਂ ਪਿੰਡ ਬਲ਼ੋਵਾਲ ਵਿਚ ਹੋਇਆ। ਆਪ ੧੯੩੨ ਵਿਚ ਰਸਾਲਾ ਨੰਃ ੨੧ ਵਿਚ ਭਰਤੀ ਹੋਏ ਸਨ। ਆਪ ਜੀ ਨੂੰ ਬਾਹਰ ਜਾਣ ਤੋਂ ਇਨਕਾਰ ਕਰਨ ਕਰਕੇ ਬਾਰਾ ਪਥਰ ਕੀਤਾ ਗਿਆ।

**ਸ: ਅਜਾਇਬ ਸਿੰਘ ਨੰਗਲ ਛੋਟੇ**— ਆਪ ਦਾ ਜਨਮ ਭੀ ਇਕ ਪ੍ਰਸਿਧ ਸਿਖ ਘਰਾਣੇ ਵਿਚ ਕਪਤਾਨ ਅਤਰ ਸਿੰਘ ਜੀ ਦੇ ਘਰ ਮਾਤਾ ਕਿਸ਼ਨ ਕੌਰ ਦੀ ਕਖ ਤੋਂ ਹੋਇਆ। ਆਪ ਜੀ ਨੂੰ ੧੦ ਸਾਲ ਦੀ ਕੈਦ ਹੋਈ ਤੇ ੬ ਸਾਲ ਸਖਤ ਮੁਸੀਬਤਾਂ ਝਲ ਕੇ ਰਿਹਾ ਹੋਇ।

**ਸ: ਜੁਗਿੰਦਰ ਸਿੰਘ ਜੀ ਪਿੰਡ ਰੋੜੇ ਭੈਣੀ**— ਆਪ ਜੀ ਨੇ ਭੀ ੨੧ ਨੰਬਰ ਰਸਾਲੇ ਦੇ ਸਿਪਾਹੀਆਂ ਨਾਲ ਬਾਹਰ ਜਾਣ ਤੋਂ ਇਨਕਾਰ ਕੀਤਾ। ਆਪ ਨੂੰ ਇਸ ਦੋਸ਼ ਵਿਚ ੧੫ ਸਾਲ ਦੀ ਸਜ਼ਾ ਹੋਈ। ਆਪ ਨੇ ਬਹੁਤ ਮੁਸੀਬਤਾਂ ਝੱਲੀਆਂ।

**ਸ: ਗੁਰਬਖਸ਼ ਸਿੰਘ ਜੀ ਪਿੰਡ ਵੱਡੀ ਬੇਰ**— ਆਪ ਜੀ ਦੇ ਪਿਤਾ ਦਾ ਨਾਮ ਸਃ ਅਰਜਨ ਸਿੰਘ ਸੀ। ਆਪ ਜੀ ਨੇ ਭੀ ੨੧ ਨੰਬਰ ਰਸਾਲੇ ਦੇ ਬਾਗੀ ਇਨਕਲਾਬੀਆਂ ਨਾਲ ਮਿਲ ਕੇ ਕੈਦ ਕਟੀ ਅਤੇ ਬਹੁਤ ਸਾਰੇ ਸੀਹੇ ਸਹਾਰੇ।

**ਭਾ: ਅਜੀਤ ਸਿੰਘ ਜੀ ਕੂਹਲੀ ਕਲਾਂ ਲੁਧਿਹਾਨਾ**— ਆਪ ਜੀ ਦਾ ਜਨਮ ਪਿੰਡ ਕੂਹਲੀ ਕਲਾਂ ਵਿਚ ਸਃ ਖਜ਼ਾਨ ਸਿੰਘ ਜੀ ਦੇ ਗ੍ਰਿਹ ਵਿਖੇ ਮਾਤਾ ਪ੍ਰਤਾਪ ਕੌਰ ਦੀ ਕੁਖ ਤੋਂ ਹੋਇਆ। ਆਪ ਨੇ ਭੀ ੨੧ ਨੰਃ ਰਸਾਲੇ ਦੇ ਬਾਗੀਆਂ ਨਾਲ ਜੇਹਲ ਦੇ ਤਸੀਹੇ ਸਹੇ।

Digitized by Panjab Digital Library | www.panjabdigilib.org

# ੨੧ ਨੰਬ. ਰਸਾਲਾ (ਘੋੜ ਸਵਾਰ) ਫੌਜੀਆਂ ਦੀ ਲਿਸ਼ਟ ਜਿਨਾ ਸਮੁੰਦਰੋਂ ਪਾਰ ਜਾਕੇ ਲੜਨਤੋਂ ਇਨਕਾਰ ਕਰ ਦਿਤਾ ਅਤੇ ਉਨਾਂ ਨੂੰ ਜਨਰਲ ਕੋਰਟ ਮਾਰਸ਼ਲ ਵਲੋਂ ੨੬ ਜੁਲਾਈ ੧੯੪੦ ਨੂੰ ਫਾਸੀ ਤੇ ਸਜਾ ਦਿਤੀ ਗਈ ਅਤੇ ਕਈ,ਅਕਤੂਬਰ ੧੯੪੦ ਵਿਚ ਇਡੇਮਾਨ ਭੇਜੇ ਗਏ।

| ਨੰਬਰ | ਨਾਮ | ਪਿਤਾ ਦਾ ਨਾਮ | ਪਿੰਡ | ਡਾਕਖਾਨਾ | ਜਿਲਾ |
|---|---|---|---|---|---|
| ੧. | ਗੁਰਚਰਨ ਸਿੰਘ | ਬਲਵੰਤ ਸਿੰਘ | ਚੁਗਾਵਾਂ | ਚੁਗਾਵਾਂ | ਅੰਮ੍ਰਿਤਸਰ |
| ੨. | ਬਿਸ਼ਨ ਸਿੰਘ | ਗੁਰਦਿਤ ਸਿੰਘ | ਬੁਟਰ ਕਲਾਂ | ਬੁਟਰ ਕਲਾਂ | ਅੰਮ੍ਰਿਤਸਰ |
| ੩. | ਅਜੈਬ ਸਿੰਘ | ਜੇਠਾ ਸਿੰਘ | ਨੰਦ ਪੁਰ | ਨੰਦ ਪੁਰ | ਅੰਮ੍ਰਿਤਸਰ |
| ੪. | ਸਾਧੂ ਸਿੰਘ | | ਦਦੇਹਰ | ਦਦੇਹਰ | ਅੰਮ੍ਰਿਤਸਰ |
| ੫. | ਪਰਦੁਮਣ ਸਿੰਘ | ਨਿਹਾਲ ਸਿੰਘ | ਬਟਾਲਾ | ਬਟਾਲਾ | ਅੰਮ੍ਰਿਤਸਰ |
| ੬. | ਪਿਆਰਾ ਸਿੰਘ | ਅਮ੍ਰੀਕ ਸਿੰਘ | ਲਲਤੋਂ ਖੁਰਦ | ਲਲਤੋਂ ਖੁਰਦ | ਲੁਧਿਆਣਾ |
| ੭. | ਭਗਵੰਤਸਿੰਘ | ਬਖਤਾਵਰ ਸਿੰਘ | ਲਲਤੋਂ ਖੁਰਦ | ਲਲਤੋਂ ਖੁਰਦ | ਲੁਧਿਆਣਾ |
| ੮. | ਬਸੰਤ ਸਿੰਘ | ਬੂਟਾ ਸਿੰਘ | ਡਲਾਰੀ | ਬਟਾਲਾ | ਅੰਮ੍ਰਿਤਸਰ |
| ੯. | ਰਣਜੀਤ ਸਿੰਘ | ਬੂਟਾ ਸਿੰਘ | ਬਾਜੋਂ | ਬਾਜੋਂ | ਗੁਰਦਾਸਪੁਰ |
| ੧੦. | ਜੋਗਿੰਦਰ ਸਿੰਘ | ਸਾਹਿਬ ਸਿੰਘ | ਭੈਣੀ ਰੋੜਾ | ਪਖੋਵਾਲ | ਲੁਧਿਆਣਾ |
| ੧੧. | ਬਚਨ ਸਿੰਘ | ਕਾਕਾ ਸਿੰਘ | ਦਾਖਾ | ਦਾਖਾ | ਲੁਧਿਆਣਾ |
| ੧੨. | ਅਮਰਜੀਤ ਸਿੰਘ | ਕਰਤਾਰ ਸਿੰਘ | ਬਟਾਲਾ | ਬਟਾਲਾ | ਅੰਮ੍ਰਿਤਸਰ |
| ੧੩. | ਅਜੀਤ ਸਿੰਘ | ਕੇਹਰ ਸਿੰਘ | ਈਸੇਵਾਲ | ਈਸੇਵਾਲ | ਲੁਧਿਆਣਾ |
| ੧੪. | ਕਰਤਾਰ ਸਿੰਘ | ਫਗੱਾ ਸਿੰਘ | ਚੂਹੜਚਕ | ਚੂਹੜਚਕ | ਫੀਰੋਜਪੁਰ |
| ੧੫. | ਲਛਮਣ ਸਿੰਘ | ਵਰਿਆਮ ਸਿੰਘ | ਦਾਖਾ | ਦਾਖਾ | ਲੁਧਿਆਣਾ |
| ੧੬. | ਕਰਨੈਲ ਸਿੰਘ | ਵੀਰ ਸਿੰਘ | ਰਲਿਆਦੀ | ਖਾਸ | ਗੁਰਦਾਸਪੁਰ |
| ੧੭. | ਸੰਤਾ ਸਿੰਘ | ਬਿਸ਼ਨ ਸਿੰਘ | ਕੋਕਰੀਕਲਾਂ | ,, | ਫੀਰੋਜ਼ਪੁਰ |
| ੧੮. | ਨਾਹਰ ਸਿੰਘ | ਹਰਨਾਮ ਸਿੰਘ | ਲਲਤੋਂ ਕਲਾਂ | ,, | ਲੁਧਿਆਣਾ |
| ੧੯. | ਕਰਤਾਰ ਸਿੰਘ | ਹਰਨਾਮ ਸਿੰਘ | ਬ੍ਰਾਥੀਆਂ(ਬਾਦੇ) | ਸਾਥੀਆ | ਅੰਮ੍ਰਿਤਸਰ |
| ੨੦. | ਮਘਰ ਸਿੰਘ | ਗੇਂਦਾ ਸਿੰਘ | ਲਲਤੋਂ ਖੁਰਦ | ਲਲਤੋਂ | ਲੁਧਿਆਣਾ |
| ੨੧. | ਤੇਜ ਸਿੰਘ | ਭੋਲਾ ਸਿੰਘ | ,, ,, | ,, | ,, |
| ੨੨. | ਅਲਬੇਲ ਸਿੰਘ | ਬਚਨ ਸਿੰਘ | ,, ,, | ,, | ,, |
| ੨੩. | ਭਗਵੰਤ ਸਿੰਘ | ਗੁਰਦਿਤ ਸਿੰਘ | ,, ਕਲਾਂ | ,, | ,, |
| ੨੪. | ਜਗਮੇਲ ਸਿੰਘ | ਗੁਰਦਿਤ ਸਿੰਘ | ,, ,, | ,, | ,, |
| ੨੫. | ਗੁਰਚਰਨ ਸਿੰਘ | ਛਾਂਗਾ ਸਿੰਘ | ,, ,, | ,, | ,, |

Digitized by Panjab Digital Library | www.panjabdigilib.org

| ਨੰਬਰ | ਨਾਮ | ਪਿਤਾ | ਪਿੰਡ | ਡਾਕਖਾਨਾ | ਜਿਲਾ |
|---|---|---|---|---|---|
| ੨੬. | ਚਰਨ ਸਿੰਘ | ਸੰਤਾ ਸਿੰਘ | ਲਲਤੋਂ ਕਲਾਂ | ਲਲਤੋਂ | ਲੁਧਿਆਣਾ |
| ੨੭. | ਸਾਧੂਸਿੰਘ | ਮਿਤ ਸਿੰਘ | ਬਦੋਵਾਲ | ਖਾਸ | ,, |
| ੨੮. | ਸਰਦਾਰਾ ਸਿੰਘ | ਹਰਨਾਮ ਸਿੰਘ | ਝੋਕੇ | ਲਲਤੋਂ ਖੁਰਦ | ,, |
| ੨੯. | ਕਰਤਾਰ ਸਿੰਘ | ਸਰਦਾਰਾ ਸਿੰਘ | ਸਾਨੇਵਾਲ | ਸਾਨੇਵਾਲ | ,, |
| ੩੦. | ਅਜੈਬ ਸਿੰਘ | ਅਤਰ ਸਿੰਘ | ਨੰਗਲ ਖੁਰਦ | ਪਖੋਵਾਲ | ,, |
| ੩੧. | ਜੋਗਿੰਦਰ ਸਿੰਘ | ਕਰਤਾਰ ਸਿੰਘ | ਗੁਜਰਵਾਲ | ਖਾਸ | ,, |
| ੩੨. | ਕਰਨੈਲ ਸਿੰਘ | ਬੱਗਾ ਸਿੰਘ | ਬਿੰਜਲ | ਬਿੰਜਲ | ,, |
| ੩੩. | ਰਾਏ ਸਿੰਘ | ਸਰਦਾਰਾ ਸਿੰਘ | ,, | ,, | ,, |
| ੩੪. | ਵਜੀਰ ਸਿੰਘ | ਜਗਤ ਸਿੰਘ | ਜੰਡ | ਲਤਾਲਾ | ,, |
| ੩੫. | ਦਲੀਪ ਸਿੰਘ | ਮੋਹਣ ਸਿੰਘ | ਚਮਿੰਡਾ | ਚਮਿੰਡਾ | ,, |
| ੩੬. | ਬਖਤਾਵਰ ਸਿੰਘ | ਅਨੋਖ ਸਿੰਘ | ਦਲੇਆਂ | ਖਾਸ | ਲੁਧਿਆਣਾ |
| ੩੭. | ,, ,, | ਕਪੂਰ ਸਿੰਘ | ਚੀਮੇ | ਹਾਂਸ | ਲੁਧਿਆਣਾ |
| ੩੮. | ਸੁਦਾਗਰ ਸਿੰਘ | ਰੂੜ ਸਿੰਘ | ਚੂਹੜਚਕ | ਖਾਸ | ਫੀਰੋਜਪੁਰ |
| ੩੯. | ਮੋਹਣ ਸਿੰਘ | ਧਰਮ ਸਿੰਘ | ਜਸੋਵਾਲ ਕਲਾਰ | ,, | ਲੁਧਿਆਣਾ |
| ੪੦. | ਉਦੇ ਸਿੰਘ | ਬਮਣ ਸਿੰਘ | ਸਾਨੇਵਾਲ ਖੁਰਦ | ,, | ,, |
| ੪੧. | ਗੁਰਬਖਸ਼ ਸਿੰਘ | ਅਰਜਨ ਸਿੰਘ | ਬੇਰ ਕਲਾਂ | ਮਲੌਦ | ,, |
| ੪੨. | ਅਜੀਤ ਸਿੰਘ | ਖਜ਼ਾਨ ਸਿੰਘ | ਕੋਹਲੀ ਕਲਾਂ | ਬਾਬਰ ਪੁਰ | ,, |
| ੪੩. | ਗੁਰਚਰਨ ਸਿੰਘ | ਕਾਲਾ ਸਿੰਘ | ਪਖੋਵਾਲ | ਖਾਸ | ,, |
| ੪੪. | ਗੁਰਦਿਆਲ ਸਿੰਘ | ਗੰਡਾ ਸਿੰਘ | ਸ਼ੇਰਪੁਰ | ਖਾਸ | ਸੰਗਰੂਰ |
| ੪੫. | ਬਖਸ਼ੀ ਸਿੰਘ | ਭਗਵਾਨ ਸਿੰਘ | ਰਾਸ਼ਦਾ | ,, | ਲੁਧਿਆਣਾ |
| ੪੬. | ਹਰਚੰਦ ਸਿੰਘ | ਸੁਚਾ ਸਿੰਘ | ਚੁਹਾਨਕੇ | ,, | ਸੰਗਰੂਰ |
| ੪੭. | ਖਜਾਨ ਸਿੰਘ | ਲਛਮਣ ਸਿੰਘ | ਬਡੇਰਾ | ਕਾਲੇਕੇ | ,, |
| ੪੮. | ਚੰਦ ਸਿੰਘ | ਦਾਨ ਸਿੰਘ | ਅਕਾਂਵਾਲੀ | ਖਾਸ | ,, |
| ੪੯. | ਡੋਗਰ ਸਿੰਘ | ਗੁਰਦਿਤ ਸਿੰਘ | ਮਿਠੇਵਾਲ | ਲੋਹਟਵਦੀ | ,, |
| ੫੦. | ਅਜਾਇਬ ਸਿੰਘ | ਨਾਹਰ ਸਿੰਘ | ਹਰੀਗੜ | ਧਨੌਲਾ | ,, |
| ੫੧. | ਜੋਗਿੰਦਰ ਸਿੰਘ | ਪ੍ਰਤਾਪ ਸਿੰਘ | ਸਦਰ | ਸਦਰ | ਲੁਧਿਆਣਾ |
| ੫੨. | ਕ੍ਰਿਪਾਲ ਸਿੰਘ | ਸ੍ਰਦਾਰਾ ਸਿੰਘ | ਬਸੀਆਂ | ਖਾਸ | ,, |
| ੫੩. | ਦਲੀਪ ਸਿੰਘ | ਚੰਨਣ ਸਿੰਘ | ਭਨੋਹੜ | ,, | ,, |
| ੫੪. | ਜੋਗਿੰਦਰ ਸਿੰਘ | ਬਦਨ ਸਿੰਘ | ਬਸੀਆਂ | ,, | ,, |
| ੫੫. | ਮਹਿੰਦਰ ਸਿੰਘ | ਕੇਹਰ ਸਿੰਘ | ਭਟੀਆਂ | ,, | ,, |
| ੫੬. | ਫੂਲਾ ਸਿੰਘ | ਸਜਣ ਸਿੰਘ | ਨੰਗਲ | ਨਿਹਾਲੇਵਾਲ | ਫੀਰੋਜਪੁਰ |

Digitized by Panjab Digital Library | www.panjabdigilib.org

| ਨੰਬਰ | ਨਾਮ | ਪਿਤਾ | ਪਿੰਡ | ਡਾਕਖਾਨਾ | ਜ਼ਿਲਾ |
|---|---|---|---|---|---|
| ੫੭. | ਜਾਗੀਰ ਸਿੰਘ | ਸੁੰਦਰ ਸਿੰਘ | ਸਮਾਧਭਾਈ | ਖਾਸ | ਫੀਰੋਜ਼ਪੁਰ |
| ੫੮. | ਨਗਿੰਦਰ ਸਿੰਘ | ਜਗਤ ਸਿੰਘ | ਰੰਗੂਵਾਲ | ,, | ਲੁਧਿਆਣਾ |
| ੫੯. | ਅਮਰ ਸਿੰਘ | ਕਸ਼ਮੀਰ ਸਿੰਘ | ਢਿੰਡਸੇ | ਭਰੋਰ ਸਮਰਾਲਾ | ,, |
| ੬੦. | ਸਵਰਨ ਸਿੰਘ | ਸੰਤਾ ਸਿੰਘ | ਈਸੜੂ | ਖਾਸ | ,, |
| ੬੧. | ਦੇਵਾ ਸਿੰਘ | ਮਾੜੂ ਸਿੰਘ | ਮੋਹਣੀ | ਤਗੋਇਆ | ਹਿਸਾਰ |
| ੬੨. | ਸੁਰਜਨ ਸਿੰਘ | ਲਾਲ ਸਿੰਘ | ਕਾਲਖ | ਖਾਸ | ਲੁਧਿਆਣਾ |
| ੬੩. | ਜਗਦੇਵ ਸਿੰਘ | ਸਕੰਦਰ ਸਿੰਘ | ਜੈਲਵਾਸ | ਪਾਨੀ ਭਾਗ | ਭਰਤਪੁਰ |
| ੬੪. | ਇਬਰਾਹੀਮ ਖ਼ਾਂ | ਯਕੂਬ ਖ਼ਾਂ | ਗੋਨਾ | ਖਾਸ | ਰਾਜਸਥਾਨ |
| ੬੫. | ਮੁਹੰਮਦ ਯਕੂਬ ਖ਼ਾਂ | ਇਬਰਾਹੀਮ ਖ਼ਾਂ | ,, | ,, | ਗਵਾਲੀਅਰ |
| ੬੬. | ਸਰਮੇਲ ਸਿੰਘ | ਭਗਤ ਸਿੰਘ | ਰਲਆਲੀ | ,, | ਗੁਰਦਾਸਪੁਰ |
| ੬੭. | ਉਜਾਗਰ ਸਿੰਘ | ਸੁੰਦਰ ਸਿੰਘ | ਬਟਾਲਾ | ਖਾਸ | ਅੰਮ੍ਰਿਤਸਰ |
| ੬੮. | ਬਹਾਦਰ ਸਿੰਘ | ਸੁੰਦਰ ਸਿੰਘ | ,, | ,, | ,, |
| ੬੯. | ਦੇਵਾ ਸਿੰਘ | ਕੇਸਰ ਸਿੰਘ | ,, | ,, | ,, |
| ੭੦. | ਕਰਤਾਰ ਸਿੰਘ | ਸੰਤਾ ਸਿੰਘ | ,, | ,, | ,, |
| ੭੧. | ਸਦਾਗਰ ਸਿੰਘ | ਖੇਮ ਸਿੰਘ | ਬਟਾਲਾ | ਖਾਸ | ਅੰਮ੍ਰਿਤਸਰ |
| ੭੨. | ਦਲੀਪ ਸਿੰਘ | ਹੁਕਮ ਸਿੰਘ | ਅਕਾਲ ਗੱਡਾ | ਖਾਸ | ,, |
| ੭੩. | ਗੁਰਬਚਨ ਸਿੰਘ | ਉਜਾਗਰ ਸਿੰਘ | ਸਠਿਆਲਾ | ਖਾਸ | ,, |
| ੭੪. | ਦਲੀਪ ਸਿੰਘ | ਹਜ਼ਾਰਾ ਸਿੰਘ | ,, | ,, | ,, |
| ੭੫. | ਕਰਨੈਲ ਸਿੰਘ | ਪਾਲ ਸਿੰਘ | ਬਟਾਲਾ ਕਲਾਂ | ,, | ,, |
| ੭੬. | ਕੁੰਦਨ ਸਿੰਘ | ਲਾਭ ਸਿੰਘ | ,, | ,, | ,, |
| ੭੭. | ਚੰਨਣ ਸਿੰਘ | ਉਜਾਗਰ ਸਿੰਘ | ਕਮੋਕੇ | ,, | ,, |
| ੭੮. | ਸਾਧੂ ਸਿੰਘ | ਨਰੈਣ ਸਿੰਘ | ਬਾਨੇਵਾਲ | ,, | ,, |
| ੭੯. | ਪ੍ਰੀਤਮ ਸਿੰਘ | ਸੰਤਾ ਸਿੰਘ | ਖਾਨਪੁਰ | ਖਾਸ | ਅੰਮ੍ਰਿਤਸਰ |
| ੮੦. | ਮਖਣ ਸਿੰਘ | ,, ,, | ,, | ,, | ,, |
| ੮੧. | ਇੰਦਰ ਸਿੰਘ | ਪਾਲ ਸਿੰਘ | ਸਤੌਵਾਲ | ,, | ,, |
| ੮੨. | ਪੂਰਨ ਸਿੰਘ | ਹਜ਼ਾਰਾ ਸਿੰਘ | ,, | ,, | ,, |
| ੮੩. | ਕਰਮ ਸਿੰਘ | ਕਾਲਾ ਸਿੰਘ | ਜੋਹਧੇ | ,, | ,, |
| ੮੪. | ਸੁਰਜਣ ਸਿੰਘ | ਮੂਲਾ ਸਿੰਘ | ਸ਼ਾਹਪੁਰ | ਬਟਾਲਾ | ਅੰਮ੍ਰਿਤਸਰ |
| ੮੫. | ਤਾਰਾ ਸਿੰਘ | ਗੰਗਾ ਸਿੰਘ | ਸਹਲਾ ਤਾਜੇਵਾਲਾ | ਰਾਹੋਂ | ਜਲੰਧਰ |
| ੮੬. | ਹਜ਼ਾਰਾ ਸਿੰਘ | ਪੂਰਨ ਸਿੰਘ | ਖਪੜ ਖੇੜੀ | ਛਿਹਾਰਟਾ | ਅੰਮ੍ਰਿਤਸਰ |
| ੮੭. | ਸੰਤਾ ਸਿੰਘ | ,, | ,, | ,, | ,, |

Digitized by Panjab Digital Library | www.panjabdigilib.org

| ਨੰਬਰ | ਨਾਮ | ਪਿਤਾ | ਪਿੰਡ | ਡਾਕਖਾਨਾ | ਜਿਲਾ |
|---|---|---|---|---|---|
| ੮੮. | ਮਖਣ ਸਿੰਘ | ਬੂੜ ਸਿੰਘ | ਖਪੜ ਖੇੜੀ | ਛਿਹਰਟਾ | ਅੰਮ੍ਰਿਤਸਰ |
| ੮੯. | ਸਜਣ ਸਿੰਘ | ਮੇਹਰ ਸਿੰਘ | ਬਟਾ | ਖਾਸ | ,, |
| ੯੦. | ਅਤਰ ਸਿੰਘ | ਬਲਵੰਤ ਸਿੰਘ | ਭਗੜੀ ਵਾਲ | ,, | ,, |
| ੯੧. | ਮੱਸਾ ਸਿੰਘ | ਇੰਦਰ ਸਿੰਘ | ਨੰਦਪੁਰ | ਕੈਰੋਂ | ,, |
| ੯੨. | ਲਛਮਣ ਸਿੰਘ | ਹਜ਼ਾਰਾ ਸਿੰਘ | ,, | ਕੈਰੋਂ | ,, |
| ੯੩. | ਦੀਦਾਰ ਸਿੰਘ | ਅਮਰ ਸਿੰਘ | ਕੈਮਲ ਪੁਰ | ਬਟਾਲਾ | ,, |
| ੯੪. | ਨਰਿੰਜਣ ਸਿੰਘ | ਭਗਤ ਸਿੰਘ | ਭਿਖੀਵਿੰਡ | ਖਾਸ | ਅੰਮ੍ਰਿਤਸਰ |
| ੯੫. | ਚੰਚਲ ਸਿੰਘ | ਮੋਹਰ ਸਿੰਘ | ,, | ,, | ,, |
| ੯੬. | ਗਿਆਨ ਸਿੰਘ | ਮਿਹਾਨ ਸਿੰਘ | ,, | ,, | ,, |
| ੯੭. | ਬਹਾਦਰ ਸਿੰਘ | ਇੰਦਰ ਸਿੰਘ | ਚੇਲਾ | ਭਿਖੀਵਿੰਡ | ,, |
| ੯੮. | ਪ੍ਰੀਤਮ ਸਿੰਘ | ਮਿਤ ਸਿੰਘ | ਵੈਰਮ | ਖਾਲੜਾ | ,, |
| ੯੯. | ਬੂਟਾ ਸਿੰਘ | ਬਖਸ਼ੀਸ਼ ਸਿੰਘ | ਕਾਲੇਕੇ | ਖਾਸ | ,, |
| ੧੦੦. | ਠਾਕਰ ਸਿੰਘ | ,, | ,, | ,, | ਅੰਮ੍ਰਿਤਸਰ |
| ੧੦੧. | ਬਲਵੰਤ ਸਿੰਘ | ਨਰੈਣ ਸਿੰਘ | ਘੋਕੇ ਵਾਲ | ਰਮਦਾਸ | ਅੰਮ੍ਰਿਤਸਰ |
| ੧੦੨. | ਟਹਿਲ ਸਿੰਘ | ਸ਼ੇਰ ਸਿੰਘ | ਵਜੀਰ ਭੁਲਰ | ਬਿਆਸ | ,, |
| ੧੦੩. | ਚੰਨਣ ਸਿੰਘ | ਸਰਾਇਣ ਸਿੰਘ | ,, | ,, | ,, |
| ੧੦੪. | ਸੁਰਜਣ ਸਿੰਘ | ,, | ,, | ,, | ,, |
| ੧੦੫. | ਗੁਰਬਖਸ਼ ਸਿੰਘ | ਮੰਗਲ ਸਿੰਘ | ,, | ,, | ,, |
| ੧੦੬. | ਕਰਨੈਲ ਸਿੰਘ | ਲਾਲ ਸਿੰਘ | ਬਾਠ ਬਾਟੀ | ਖਾਰਾ | ,, |
| ੧੦੭. | ਜਰਨੈਲ ਸਿੰਘ | ਸੁਦਾਗਰ ਸਿੰਘ | ਲੋਹਰ | ਜੌਹਰ ਧਾਰੇਵਾਲ | ,, |
| ੧੦੮. | ਹਰਭਜਨ ਸਿੰਘ | ਬੂਟਾ ਸਿੰਘ | ਕੰਗ | ਖਾਸ | ,, |
| ੧੦੯. | ਪਾਲ ਸਿੰਘ | ,, | ਭਰੋਵਾਲ | ,, | ,, |
| ੧੧੦. | ਦਰਸ਼ਣ ਸਿੰਘ | ਮੋਹਣ ਸਿੰਘ | ਕਸੇਲ | ਖਾਸ | ,, |
| ੧੧੧. | ਠਾਕਰ ਸਿੰਘ | ,, | ਭੈਣੀਮੋਹਤਮ | ਜਾਪਲ | ,, |

Digitized by Panjab Digital Library | www.panjabdigilib.org

## ੨੧ ਨੰਬਰ ਰਸਾਲੇ ਦੇ ਫਾਂਸੀ ਲੱਗਣ ਵਾਲੇ ਬਹਾਦਰ ਸੂਰਬੀਰਾਂ ਵਿਚੋਂ ਜ਼ਿਲਾ ਅੰਮ੍ਰਿਤਸਰ

ਨੈਕ ਗੁਟਚਰਨ ਸਿੰਘ ਜੀ ਪਿੰਡ ਚੁਕਾਵਾਂ ਜ਼ਿਲਾ ਅੰਮ੍ਰਿਤਸਰ।
ਨੈਕ ਅਜੈਬ ਸਿੰਘ ਜੀ ਪਿੰਡ ਨੰਦ ਪੁਰ ਜ਼ਿਲਾ ਅੰਮ੍ਰਿਤਸਰ।
ਸਪਾਹੀ ਬਿਸ਼ਨ ਸਿੰਘ ਜੀ ਪਿੰਡ ਬੁਟਰ ਜ਼ਿਲਾ ਅੰਮ੍ਰਿਤਸਰ।
ਸਾਧੂ ਸਿੰਘ ਜੀ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ।

## ਸ: ਸੁਦਾਗਰ ਸਿੰਘ ਚੂਹੜ ਚੱਕ ਜ਼ਿਲਾ ਫੀਰੋਜ਼ਪੁਰ

ਆਪ ਦਾ ਜਨਮ ਪਿੰਡ ਚੂਹੜ ਚਕ ਵਿਚ ਸ: ਰੂੜ ਸਿੰਘ ਜੀ ਦੇ ਘਰ ਵਿਚ ਹੋਇਆ। ਅਠਾਰਾਂ ਸਾਲ ਦੀ ਉਮਰ ਵਿਚ ਆਪ ੨੧ ਨੰ: ਰਸਾਲੇ ਵਿਚ ਭਰਤੀ ਹੋਏ। ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰਨ ਵਿਚ ਆਪ ਨੇ ਕਾਫੀ ਹਿਸਾ ਲਿਆ ਤੇ ਹੋਰ ਨੌਜਵਾਨ ਜਵਾਨਾਂ ਨੂੰ ਭੀ ਅਪਣੇ ਨਾਲ ਤਿਆਰ ਕਰ ਲਿਆ। ਕੋਟ ਮਾਰਸ਼ਲ ਨੇ ਆਪ ਨੂੰ ਪੰਜ ਸਾਲ ਸਖਤ ਕੈਦ ਦੀ ਸਜ਼ਾ ਦਿਤੀ।

## ਸ; ਫੂਲਾ ਸਿੰਘ ਜੀ ਚੂਹੜ ਚਕ ਜ਼ਿਲਾ ਫੀਰੋਜ਼ਪੁਰ

ਆਪ ਜੀ ਦਾ ਜਨਮ ਸ: ਸਜਣ ਸਿੰਘ ਦੇ ਘਰ ਮਾਤਾਂ ਕ੍ਰਿਸ਼ਨ ਕੌਰ ਦੇ ਕੁਖ ਤੋਂ ਹੋਇਆ। ਆਪ ਨੇ ਭੀ ੨੧ ਨੰਬਰ ਰਸਾਲੇ ਦੇ ਬਹਾਦਰਾਂ ਨਾਲ ਕੈਦ ਕਟੀ।

## ੨੩ਵੇਂ ਰਸਾਲੇ ਦੇ ਫੌਜੀਆਂ ਨੂੰ ਇਨਕਲਾਬੀ ਲਹਿਰ ਵਿਚ ਹਿਸਾ ਲੈਣ ਦੇ ਦੋਸ਼ ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ

| ਨਾਂਮ | ਪਿੰਡ | ਫਾਂਸੀ |
|---|---|---|
| ਸ. ਭਾਗ ਸਿੰਘ | ਗੂੜੀ ਵਾਲਾ | ਅੰਮ੍ਰਿਤਸਰ—ਫਾਂਸੀ |
| ਸ. ਮੋਤਾ ਸਿੰਘ | — — | — — |
| ਸ. ਤਾਰਾ ਸਿੰਘ | — — | — — |
| ਸ. ਦਫੇਦਾਰ ਵਧਾਵਾ ਸਿੰਘ | ਰੂੜੀ ਵਾਲਾ | — — |
| ਸ. ਇੰਦ੍ਰ ਸਿੰਘ | ਸਾਬਾਜ ਪੁਰ | ,, ,, |
| ਸ. ਦਫੇਦਾਰ ਲਛਮਨ ਸਿੰਘ | ਚੂਸਲੇ ਵੜ | ,, ,, |
| ਸ. ਰੂਟਾ ਸਿੰਘ | ਕਸੇਲ | ,, ,, |
| ਸ. ਗੁਜਰ ਸਿੰਘ | ਲਹੁਕੇ | ,, ,, |
| ਸ. ਮਹਾਂਰਾਜ ਸਿੰਘ | ੨੩ ਨੰਬਰ ਰਸਾਲਾ ਛਾਉਣੀ | ਲਾਹੌਰ ,, |
| ਸ. ਜੇਠਾ ਸਿੰਘ | ,, ,, | ,, ,, |
| ਸ. ਬੁਧ ਸਿੰਘ | ਢੋਟੀਆਂ | ਅੰਮ੍ਰਿਤਸਰ ,, |
| ਮੌ. ਅਬਦੁਲਾ (ਮਨੀਲਾ ਵਾਲੇ) | ਨਜਾਮ ਦੀਨ ਜਗਿਰਾਓਂ | ਲੁਧਿਆਣਾ ,, |

ਮੌਤ ਦੀ ਸਜਾ ਬਦਲ ਕੇ ਉਮਰ ਕੈਦ ਕਾਲੇ ਪਾਣੀ ਵਾਲੇ ਸੂਰਬੀਰ

| | | |
|---|---|---|
| ਸ. ਬਿਸ਼ਨ ਸਿੰਘ | ਢੋਈਆਂ | ਅੰਮ੍ਰਿਤਸਰ ਉਮਰ ਕੈਦ ਕਾਲੇ ਪਾਣੀ |

Digitized by Panjab Digital Library | www.panjabdigilib.org

| | | | | |
|---|---|---|---|---|
| ਸ. ਬਿਸ਼ਨ ਨੰ: ੨ | ,, | ,, | ,, | ,, |
| ਸ. ਨੱਥਾ ਸਿੰਘ | ,, | ,, | ,, | ,, |
| ਸ. ਕੇਹਰ ਸਿੰਘ | ,, | ,, | ,, | ,, |
| ਸ. ਚੰਨਣ ਸਿੰਘ | ਢੰਢ ਕਸੇਲ | ,, | ,, | ,, |
| ਨੰਦ ਸਿੰਘ | ਰਾਏਕੇ ਬੁਰਜ | ,, | ,, | ,, |

੧੨੮ ਵੀ ਪੈਨੀਅਰ ਦੇ ਸਰਦਾਰ ਫੂਲਾ ਸਿੰਘ ਸ਼ਹੀਦ ਕੀਤੇ ਗਏ।

ਰਸਾਲਾ ਨੰਬਰ ੧੨ ਦੇ ਜੁਆਨਾਂ ਵਿਚੋਂ ਭਾਈ ਈਸ਼ਰ ਸਿੰਘ ਜੀ ਪਿੰਡ ਰਕਬਾ ਜ਼ਿਲਾ ਲੁਧਿਆਣਾ, ਭਾਈ ਹਜ਼ਾਰਾ ਸਿੰਘ ਜੀ ਪਿੰਡ ਭੈਣੀ ਕੂਕਾ ਜ਼ਿਲਾ ਲੁਧਿਆਣਾ, ਡਾ: ਮਥਰਾ ਸਿੰਘ ਪਿਤਾ ਹਰੀ ਸਿੰਘ ਪਿੰਡ ਢੁਡਿਆਲ ਜ਼ਿਲਾ ਜੇਹਲਮ; ਇਹ ਤਿੰਨੇ ਫਾਸੀ ਲਾਏ ਗਏ।

ਨੋਟ:—੧੦ ਸਿੰਘਾਂ ਫਾਂਸੀ ਵਾਲਿਆਂ ਦੇ ਨਾਮਾਂ ਦਾ ਪਤਾ ਨਹੀਂ ਲੱਗਾ।

ਸਿੰਘਾ ਪੁਰ ਦੇ ਗਦਰ ਸਬੰਧੀ ਫੜੇ ਗਏ ਗਦਰੀਆਂ ਵਿਚੋਂ ੪੧ ਜਆਨਾਂ ਨੂੰ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉਡਾਇਆ ਗਿਆ ਅਤੇ ੧੨੫ ਨੂੰ ਮੌਤ ਤੋਂ ਘਟ ਸਜਾਵਾਂ ਦਿਤੀਆਂ ਗਈਆਂ, ਜੋ ਇੱਕ ਕਲਾਬੀ ਜੋਧੇ ਭਗੋੜੇ ਹੋਏ ਉਨ੍ਹਾਂ ਦੀ ਗਿਣਤੀ ਹਜਾਰਾਂ ਦੀ ਹੈ, ਜੋ ਗੋਲੀ ਦਾ ਨਸ਼ਾਨਾਂ ਬਣਾਏ ਗਏ ਜਾਂ ਦੇਸ਼ ਪ੍ਰਦੇਸ਼ ਅਤੇ ਜੰਗਲਾਂ ਵਿਚ ਮਰ ਗਏ ਉਹਨਾਂ ਦੀ ਗਿਣਤੀ ਕਰਨੀ ਅਤ ਕਠਨ ਹੈ, ਇਸ ਵਾਸਤੇ ਇਹ ਗਿਣਤੀ ਮੁਕੰਮਲ ਨਾ ਸਮਝੀ ਜਾਵੇ।

# ਭਾਈ ਹਰਨਾਮ ਸਿੰਘ ਪਿੰਡ ਕਾਲਾ ਸੰਘਾ (ਰਿ: ਕਪੂਰ ਥਲਾ)

ਇਹਨਾਂ ਦੇ ਪਿਤਾ ਦਾ ਨਾਮ ਸ: ਸੁੰਦਰ ਸਿੰਘ ਹੈ। ਇਹ ਤਿੰਨ ਸਜਣ ੨੬ ਨੰਬਰ ਪਲਟਣ ਫੀਰੋਜ਼ਪੁਰ ਛਾਉਣੀ ਦੇ ਦੇਸ਼ ਵਗਤਾਂ ਨਾਲ ਗਦਰ ਲਹਿਰ ਵਿਚ ਸ਼ਾਮਲ ਸਨ। ਆਪ ਨੂੰ ਇਸ ਲਹਿਰ ਵਿਚ ਸ਼ਾਮਲ ਹੋਣ ਦੇ ਕਾਰਨ ਹੀ ੧੯ ਫਰਵਰੀ ੧੯੧੫ ਨੂੰ ਫੌਜ ਵਿਚੋਂ ਨਾਮ ਕਟਕੇ ਘਰ ਭੇਜ ਦਿਤਾ ਗਿਆ ਸੀ। ਆਪਦੇ ਨਾਲ ਦੇ ਸਾਥੀਆਂ ਦੇ ਨਾਮ ਭਾਈ ਕ੍ਰਿਪਾ ਸਿੰਘ ਸਪੁਤ੍ਰ ਜਵਾਹਰ ਸਿੰਘ ਪਿੰਡ ਲੰਮਾਗਰੀ ਜ਼ਿਲਾ ਹੁਸ਼ਿਆਰ ਪੁਰ ਤੇ ਭਾ: ਲਾਭ ਸਿੰਘ ਸਪੁਤ੍ਰ ਰਾਮ ਸਿੰਘ ਪਿੰਡ ਚਕ ਵੱਲੀਆਂ ਦਾ ਖੱਤ੍ਰੀ ਜ਼ਿਲਾ ਲਾਹੌਰ ਹਨ। ਇਹ ਸਾਰੇ ਤੇ ਹੋਰ ਬਹੁਤ ਸਾਰੇ ਜੁਆਨ ਗਦਰ ਲਹਿਰ ਵਿਚ ਸ਼ਾਮਲ ਸਨ, ਜੇ ਸਰਕਾਰ ਨੂੰ ਭੇਤ ਨਾ ਮਿਲਦਾ ਤਦ ੨੬ ਨੰਬਰ ਪਲਟਨ ਦੇ ਲੋਕਾਂ ਤੇ ਹੋਰ ਜੁਆਨਾਂ ਨੇ ਫੀਰੋਜ਼ਪੁਰ ਦੇ ਜ਼ਿਲੇ ਪਰ ਕਬਜ਼ਾ ਕਰਨਾ ਸੀ। ਭਾ: ਕ੍ਰਿਪਾ ਸਿੰਘ, ਭਾਈ ਹਰਨਾਮ ਸਿੰਘ ਪੰਦਰਾਂ ਪੰਦਰਾਂ ਸਾਲ ਪਿਛੋਂ ਰਿਹਾ ਹੋਏ। ਭਾਈ ਕ੍ਰਿਪਾ ਸਿੰਘ ਦਾ ਬਹੁਤਾ ਹਾਲ ਜੇਲ੍ਹ ਚਿੱਠੀਆਂ ਵਿੱਚ ਵੇਖੋ। ਭਾਈ ਹਰਨਾਮ ਸਿੰਘ ਦਾ ਹਾਲ ਵੀ ਓਥੇ ਦਰਜ ਹੈ। ਇਨ੍ਹਾਂ ਦੇ ਨਾਲ ਦਾ ਸਾਥੀ ਪਿਛੋਂ ਵਾਇਦਾ ਮਾਫ ਹੋ ਗਿਆ ਸੀ ਉਸ ਦਾ ਨਾਮ ਨਹੀਂ ਲਿਖਿਆ ਗਿਆ।

# ਅਣਖੀਲਾ ਫੌਜੀ ਇੰਦਰ ਸਿੰਘ

ਭਾਈ ਇੰਦਰ ਸਿੰਘ ਪਿਤਾ ਸ਼ੇਰ ਸਿੰਘ ਦੇ ਘਰ ਮਾਤਾ ਸੋਭ ਕੌਰ ਦੀ ਕੁਖੋਂ ਜਨਮ ਪਿੰਡ ਲੋਪੋ ਤਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਆਪ ਜੀ ਦੇ ਮਾਤਾ ਪਿਤਾ ਬਚਪਨ ਵਿਚ ਹੀ ਗੁਜ਼ਰਨ ਦੇ ਕਾਰਨ ਮਾਮਾਂ ਪ੍ਰਤਾਪ ਸਿੰਘ ਚੀਮਨਾ ਤਸੀਲ ਜਗਰਾਓਂ ਜ਼ਿਲਾ ਲੁਧਿਆਣਾ ਵਿਖੇ ਭਾਣਜੇ ਭਾਣਜੀਆਂ ਨੂੰ ਆਪਣੇ ਪਾਸ ਲੈ ਆਇਆ। ਚਾਹੇ ਮਾਤਾ ਪਿਤਾ ਦੇ ਲਾਡ ਹੋਰ ਕੋਈ ਪੂਰੇ ਨਹੀਂ ਕਰ ਸਕਦਾ ਪਰ ਮਾਮਾਂ ਪ੍ਰਤਾਪ ਸਿੰਘ ਨੇ ਮਾਪਿਆਂ ਵਾਲੇ ਲਾਡ ਪੂਰੇ ਕਰਨ ਵਿਚ ਕਸਰ ਨਹੀਂ ਛਡੀ ਕਿਉਂਕਿ

Digitized by Panjab Digital Library | www.panjabdigilib.org

ਮਾਪਿਆਂ ਦਾ ਫਰਜ ਹੁੰਦਾ ਹੈ ਕਿ ਸੁਚੱਜਤਾ ਨਾਲ ਪਾਲਣਾ,ਪੋਸਣਾ ਖੁਆਉਣਾ, ਪਹਿਨਾਉਣਾ, ਪੜ੍ਹਾਉਣਾ ਅਤੇ ਕੰਮ ਤੇ ਲੌਣਾ ਸੋ ਇਸ ਪ੍ਰਕਾਰ ਸ: ਪ੍ਰਤਾਪ ਸਿੰਘ ਨੇ ਭਾਈ ਇੰਦਰ ਸਿੰਘ ਦੇ ਬਚਪਨ ਦੇ ਫਰਜ ਪੂਰੇ ਕਰਦਿਆਂ ਜਦ ਵਿਦਿਆ ਦੇ ਯੋਗ ਹੋਇਆ ਤਾਂ ਆਪ ਜੀ ਨੇ ਸੰਤ ਜੀਵਾ ਸਿੰਘ ਦੇ ਪਾਸ ਪੜ੍ਹਨ ਬੈਠਾ-ਇਆ ਜਿਨ੍ਹਾਂ ਮਹਾਂ ਪੁਰਖਾਂ ਨੇ ਪਿੰਡ ਚੀਮਨੇ ਵਿਚ ਵਿਦਿਆ ਦਾ ਸੋਮਾ ਜਾਰੀ ਕੀਤਾ ਸੀ। ਉਨ੍ਹਾਂ ਨੇ ਬੜੇ ਪ੍ਰੇਮ ਨਾਲ ਥੋੜੇ ਹੀ ਅਰਸੇ ਵਿਚ ਅਖੰਡ ਪਾਠੀ ਅਤੇ ਸਿਖੀ ਅਸੂਲਾਂ ਤੇ ਧਾਰਨੀ ਕਰ ਦਿਤਾ ਜਿਸ ਕਰਕੇ ਆਪ ਹੁਣ ਸਿੰਘ ਸਭੀਆਂ ਦੇ ਨਾਲ *ਬਿਆਦਰ,ਸੰਗਤ ਕਰਨ ਦਾ ਉਮਾਹ ਰਖਿਆ ਕਰਨ ਤੇ ਹੁਣ ਮਾਮਾਂ ਪ੍ਰਤਾਪ ਸਿੰਘ ਨੇ ਸੋਚਿਆ ਕਿਸੇ ਕੰਮ ਤੇ ਲਾਕੇ ਆਪਣਾ ਫਰਜ ਅਦਾ ਕਰੀਏ ਸੋ ਇਸ ਖਿਆਲ ਨੂੰ ਮੁਖ ਰੱਖਦਿਆਂ ਹੋਇਆਂ ਸਿਆਣੇ ਸਿਆਣੇ ਸਿੰਘਾਂ ਨੂੰ ਨਾਲ ਲੈ ਕੇ ਸੰਤ ਜੀਵਾ ਸਿੰਘ ਜੀ ਦੇ ਪਾਸ ਜਾ ਕੇ ਬੇਨਤੀ ਦੁਆਰਾ ਖਿਆਲ ਪ੍ਰਗਟ ਕੀਤੇ ਜਿਨ੍ਹਾਂ ਨੂੰ ਸੁਣ ਉਪਕਾਰੀ ਸੰਤ ਜੀ ਨੇ ਭਲੀ ਪ੍ਰਕਾਰ ਪ੍ਰਵਾਨ ਕਰਕੇ ਬਚਨ ਕੀਤਾ ਕਿ ਸਫਰ ਮੈਨਾਂ ਰੁੜਕੀ ਵਿਚ ਭਰਤੀ ਕਰਾਇਆ ਜਾਵੇ ਸੋ ਇਸ ਗੁਰਮਤੇ ਅਨੁਸਾਰ ਭਾਈ ਇੰਦਰ ਸਿੰਘ ਨੂੰ ਰੁੜਕੀ ਸਫਰ ਮੈਨਾਂ ਵਿਚ ਪ ੧-੧੯੦੯, ਨੰਬਰ ੧੮੩੨ ਸਿਪਾਹੀ ਭਰਤੀ ਕਰਾਇਆ ਗਿਆ, ਉਸ ਵਕਤ ਆਪ ਦਾ ਕਦ ਪ ਫੁਟ ਸਾਢੇ ਛੇ ਇੰਚ ਸੀ, ਰੰਗ ਗੋਰਾ, ਸੁਭਾ ਦਾ ਅਣਖੀਲਾ, ਸਤਸੰਗੀ ਨਾਂਮ ਬਾਣੀ ਦਾ ਪਿਆਰਾ, ਸਤਸੰਗੀ ਹੋਣ ਤੇ ਆਪ ਜੀ ਨੂੰ ਸੰਤ ਸਿਪਾਹੀ ਨਾਂਮ ਆਖਿਆ ਸੀ। ਪੰਥ ਦੇ ਸੁਚੇ ਹੀਰੇ ਸੰਤ ਅਮਰ ਸਿੰਘ ਜੀ ਰਾਂਮਗੜ ਵਾਲਿਆਂ ਦੀ ਸੰਗਤ ਰੁੜਕੀ ਸਫਰ ਮੈਨਾਂ ਵਿਚ ਪ੍ਰਾਪਤ ਹੋਈ, ਜਿਥੋਂ ਸੋਨੇ ਤੇ ਸੁਹਾਗੇ ਦਾ ਕੰਮ ਹੋਇਆ। ਉਸ ਵੇਲੇ ੧੯੧੪ ਦਾ ਜੰਗ ਲਗਾ ਸੀ, ਜੰਗ ਵਿਚ ਭਾਈ ਇੰਦਰ ਸਿੰਘ ਨੂੰ ਭੀ ਜਾਣਾ ਲਾਜ਼ਮੀ ਸੀ । ਜੰਗ ਦੇ ਦਿਨਾਂ ਵਿਚ ਸਿੱਖਾਂ ਨੂੰ ਟੋਪੀ ਲੈਣ ਦਾ ਹੁਕਮ ਹੋਇਆ ਤਾਂ ਇੰਦਰ ਸਿੰਘ ਨੇ ਟੋਪੀ ਲੈਣ ਤੋਂ ਇਨਕਾਰ ਕਰ ਦਿਤਾ । ਸੂਬੇਦਾਰ ਹੁੰਦਾ ਸਿੰਘ ਨੇ ਗਰੀ ਸਾਹਿਬ (ਅੰਗਰੇਜ਼) ਜੋ ਨੰਬਰ ੧ ਵੰਨ ਕੰਪਨੀ ਦਾ ਕਮਾਂਡਰ ਸੀ ਉਸ ਨੂੰ ਜਾ ਕੇ ਆਖਿਆ ਕਿ ਭਾਈ ਇੰਦਰ ਸਿੰਘ ਟੋਪੀ ਲੈਣ ਤੇ ਅਤੇ ਦਾੜ੍ਹਾ ਬੱਨਣ ਤੋਂ ਇਨਕਾਰ ਕਰਦਾ ਕਰਕਾ ਹੈ। ਸੂਬੇਦਾਰ ਤੋਂ ਇਹ ਬਚਨ ਸੁਣ ਕੇ ਕੰਪਨੀ ਕਮਾਂਡਰ ਨੇ ਕੈਦ ਕਰ ਦਿਤਾ। ਭਾਈ ਇੰਦਰ ਸਿੰਘ ਨੇ ਬਹੁਤ ਸਾਰੇ ਗੁਰਇਤਿਹਾਸ ਦੇ ਪ੍ਰਮਾਨ ਦਿਤੇ ਕਿ ਗੁਰ ਸਿੱਖਾਂ ਵਾਸਤੇ ਟੋਪੀ ਮਨ੍ਹਾਂ ਹੈ, ਸੋ ਕਿਸੇ ਨਾਂ ਸੁਣੀ ਤਾ ਭਾਈ ਇੰਦਰ ਸਿੰਘ ਨੇ ਗਾਰਦ ਵਿਚੋਂ ਰਫਲ ਲੈਕੇ ਗਰੀ ਸਾਹਿਬ ਨੂੰ ਗੋਲੀ ਨਾਲ ਮਾਰ ਦਿਤਾ । ਸੂਬੇਦਾਰ ਨੂੰ ਭੀ ਗੋਲੀ ਦਾ ਸ਼ੂਟ ਕਰ ਦਿਤਾ ਪਰ ਸੂਬੇਦਾਰ ਬਚ ਗਿਆ, ਕੁਝ ਚਿਰ ਬਾਦ ਗੁਰਮਤ ਅਸੂਲੀ ਅਣਖੀਲਾ ਭਾਈ ਇੰਦਰ ਸਿੰਘ ਗੋਲੀ ਨਾਲ ਉਸ ਲੋਕ ਦੇ ਵਾਸੀ ਹੋ ਗਏ ਜਿਥੇ ਗਰੀ ਸਾਹਿਬ ਨੂੰ ਘਲਿਆ ਸੀ ।

---

* ਭਾਈ ਸੁੰਦਰ ਸਿੰਘ, ਭਾਈ ਗੰਜਨ ਸਿੰਘ ਆੜਨੀਆਂ, ਭਾ: ਦਸੌਂਦਾ ਸਿੰਘ, ਭਾਈ ਮਲਹ ਸਿੰਘ, ਭਾਈ ਬਾਬੂ ਸਿੰਘ ਆਦਿ ।

Digitized by Panjab Digital Library | www.panjabdigilib.org

# ਗੁਰੂ ਨਾਨਕ ਜਹਾਜ਼

## ਹੇਠ ਲਿਖੇ ਜ਼ਿਲਿਆਂ ਵਿਚੋਂ ਸੂਰਬੀਰਾਂ ਦੀ ਗਿਣਤੀ

| | | | |
|---|---|---|---|
| ਯੂ. ਪੀ. | ੧ | ਅੰਬਾਲਾ | ੧੩ |
| ਅੰਮ੍ਰਿਤਸਰ | ੫੭ | ਲੁਧਿਹਾਣਾ | ੫੮ |
| ਫੀਰੋਜ਼ਪੁਰ | ੭੩ | ਨਾਭਾ | ੫ |
| ਫਰੀਦ ਕੋਟ | ੧ | ਕਪੂਰਥਲਾ | ੩ |
| ਕਲਸੀਆਂ | ੧ | ਪਟਿਆਲਾ | ੪੮ |
| ਜਲੰਧਰ | ੩੮ | ਹਿਸਾਰ | ੭ |
| ਲਾਹੌਰ | ੩ | ਹੁਸ਼ਿਆਰ ਪੁਰ | ੧੨ |
| ਲਾਇਲ ਪੁਰ | ੧ | ਸਿਆਲ ਕੋਟ | ੧ |
| ਜੇਹਲਮ | ੧ | ਗੁਜਰਾਂ ਵਾਲਾ | ੩ |
| ਗੁਰਦਾਸ ਪੁਰ | ੪ | ਸਾਹਿਪੁਰ | ੨੧ |
| ਝਾਂਸੀ | ੧ | | |

Digitized by Panjab Digital Library | www.panjabdigilib.org

# ਗੁਰੂ ਨਾਨਕ ਕੈਨੇਡਾ ਜਹਾਜ਼ ਦੀ ਵਿਥਿਆ

ਅਮਰੀਕਾ ਤੇ ਕੈਨਡਾ ਦੀ ਉਪਜਾਊ ਧਰਤੀ ਵਿਚ ਮਸ਼ੀਨਾਂ ਨਾਲ ਪੈਦਾਵਾਰ ਵਧਾਉਣ ਦੇ ਯਤਨਾਂ ਦਾ ਨਤੀਜਾ ਇਹ ਨਿਕਲਿਆ ਕਿ ਇਹ ਦੋਵੇਂ ਦੇਸ਼ ਕਾਫ਼ੀ ਅਮੀਰ ਹੋ ਗਏ। ਯੂਰਪ ਦੇ ਮੁਲਕਾਂ ਵਿਚੋਂ ਚੋਣਵੇਂ ਸਿਆਣੇ ਲੋਕਾਂ ਨੇ ਅਮਰੀਕਾ ਦੀ ਨਵੀਂ ਦੁਨੀਆਂ ਵਿਚ ਪੁੱਜ ਕੇ ਖੇਤੀ ਬਾੜੀ ਤੇ ਕਾਰਖਾਨਿਆਂ (ਜਾਂ ਉਦਯੋਗ) ਨੂੰ ਇਤਨੀ ਤਰੱਕੀ ਦਿੱਤੀ ਕਿ ਬਹੁਤ ਛੇਤੀ ਇਹ ਦੇਸ਼ ਸਾਰੀ ਦੁਨੀਆਂ ਦੇ ਧਿਆਨ ਦਾ ਕੇਂਦਰ ਬਣ ਗਏ। ਜਦ ਦੂਜੇ ਦੇਸ਼ਾਂ ਵਿਚ ਮਜ਼ਦੂਰ ਭੁਖੇ ਮਰ ਰਹੇ ਸਨ ਤਾਂ ਅਮਰੀਕਾ ਵਿਚ ਮਜ਼ਦੂਰੀ ਸਾਰੇ ਦੇਸ਼ਾਂ ਨਾਲੋਂ ਵੱਧ ਸੀ। ਭਾਰਤ ਵਰਸ਼ ਅੰਗਰੇਜ਼ਾਂ ਦੀ ਗੁਲਾਮੀ ਵਿਚ ਜਕੜਿਆ ਹੋਇਆ ਹੋਣ ਕਰਕੇ ਸਭ ਤੋਂ ਵਧ ਆਰਥਕ ਸੰਕਟ ਦਾ ਸ਼ਿਕਾਰ ਹਇਆ ਇਸ ਲਈ ਜਦ ਇਥੋਂ ਦੇ ਗਰੀਬ ਮਜ਼ਦੂਰ ਤੇ ਕਿਸਾਨ ਕੈਨੇਡਾ ਜਾਂ ਅਮਰੀਕਾ ਵਿਚ ਪੁਜ ਜਾਂਦੇ ਤਾਂ ਉਹ ਮਾਲਾ ਮਾਲ ਹੋ ਜਾਂਦੇ।

ਹਿੰਦੁਸਤਾਨੀ ਅਤੇ ਖਾਸ ਕਰਕੇ ਪੰਜਾਬੀ ਮਿਹਨਤ ਕਰਨ ਵਿਚ ਸਾਰੀ ਦੁਨੀਆਂ ਦੇ ਲੋਕਾਂ ਨਾਲੋਂ ਤਕੜੇ ਸਨ ਇਸ ਲਈ ਜਦ ਉਹ ਅਮਰੀਕਾ ਜੈਸੀ ਉਪਜਾਊ ਧਰਤੀ ਪਰ ਪੁਜੇ ਤਾਂ ਬੜੇ ਧਨਾਢ ਹੋ ਗਏ। ਭਾਰਤ ਵਾਸੀਆਂ ਵਿਚ ਇਹ ਰੁਝਾਨ ਪੈਦਾ ਹੋ ਗਿਆ ਕਿ ਜਿਸ ਨੇ ਗਰੀਬੀ ਤੋਂ ਛੁਟਕਾਰਾ ਪਾਉਣਾ ਹੈ ਉਹ ਕੈਨੇਡਾ ਜਾਂ ਅਮਰੀਕਾ ਚਲਾ ਜਾਵੇ। ੧੯੦੩–੪ ਵਿਚ ਹਿੰਦੁਸਤਾਨੀ ਕੈਨੇਡਾ ਤੇ ਅਮਰੀਕਾ ਵਿਚ ਗਏ। ੧੯੧੦ ਵਿਚ ਹਿੰਦੁਸਤਾਨੀਆਂ ਦੀ ਗਿਣਤੀ ੧੦,੦੦੦ ਸੀ, ਜਿਸ ਵਿਚ ੯੦ ਫੀ ਸਦੀ ਸਿੱਖ ਸਨ ਤੇ ੮੦ ਫੀ ਸਦੀ ਸਿਪਾਹੀ, ਉਹਨਾਂ ਦੀ ਰੋਜ਼ ਦੀ ਮਜ਼ਦੂਰੀ ਦਸ ਰੁਪੈ ਸੀ। ੧੯੦੮ ਵਿਚ ਕੇਵਲ ਸਿੱਖਾਂ ਨੇ ਦੋ ਕਰੋੜ ੧੫ ਲੱਖ ਦੀ ਜਾਇਦਾਦ ਬਣਾ ਲਈ ਸੀ।

ਜਦ ਅਮਰੀਕਾ ਤੇ ਕੈਨੇਡਾ ਦੇ ਲੋਕਾਂ ਨੇ ਵੇਖਿਆ ਕਿ ਪਛੜੇ ਹੋਏ ਦੇਸ਼ਾਂ ਦੇ ਲੋਕ ਆ ਕੇ ਉਨ੍ਹਾਂ ਦੀ ਮਜ਼ਦੂਰੀ ਤੇ ਮਿਹਨਤ ਦਾ ਮਿਆਰ ਘਟਾ ਰਹੇ ਹਨ ਅਤੇ ਇਸ ਨਾਲ ਉਨ੍ਹਾਂ ਦੇ ਸਾਹਮਣੇ ਕਈ ਪ੍ਰਕਾਰ ਦੀਆਂ ਨਵੀਆਂ ਉਲਝਨਾਂ ਆ ਖੜੀਆਂ ਹੁੰਦੀਆਂ ਹਨ, ਤਾਂ ਉਨ੍ਹਾਂ ਨੇ ਆਪਣੀ ਸਰਕਾਰ ਪਰ ਜ਼ੋਰ ਪਾਇਆ ਕਿ ਉਹ ਭਾਰਤ ਵਾਸੀਆਂ ਪਰ ਕੈਨੇਡਾ ਤੇ ਅਮਰੀਕਾ ਪੁਜਣ ਪਰ ਪਾਬੰਦੀਆਂ ਲਗਾ ਦੇਵੇ।

ਬਹੁਤ ਸਾਰੇ ਹਿੰਦੁਸਤਾਨੀ ਅਮਰੀਕਾ ਤੇ ਕੈਨੇਡਾ ਪੁੱਜਣ ਲਈ ਦੇਸ਼ ਤੋਂ ਚਲ ਪਏ ਅਤੇ ਉਹ ਚੀਨ, ਜਾਪਾਨ, ਬਰਮਾ, ਸਿਆਮ ਆਦਿਕ ਦੇਸ਼ਾਂ ਵਿਚ ਖਿਲਰ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਪੰਜਾਬ ਦੇ ਕਿਸਾਨ ਸਨ ਜਿਨ੍ਹਾਂ ਨੇ ਆਪਣੀਆਂ ਜ਼ਮੀਨਾਂ ਆਦਿ ਵੇਚ ਕੇ ਰਾਹ ਦਾ ਭਾੜਾ ਇਕੱਠਾ ਕੀਤਾ ਸੀ। ਬਹੁਤ ਸਾਰੇ ਵਿਦਿਆਰਥੀ ਭੀ ਅਮਰੀਕਾ ਵਿਚ ਪੜ੍ਹਨ ਲਈ ਜਾਣਾ ਚਾਹੁੰਦੇ ਸਨ, ਪ੍ਰੰਤੂ ਉਨ੍ਹਾਂ ਨੂੰ ਖਰਚ ਪੂਰਾ ਨਾ ਹੋਣ, ਪਾਸਪੋਰਟ ਨਾ ਮਿਲਣ, ਅਤੇ ਜਹਾਜ਼ੀ ਕੰਪਨੀਆਂ ਦੇ ਟਿਕਟ ਨਾ ਦੇਣ ਦੀਆਂ ਸਖਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ੯ ਮਈ ੧੯੧੦ ਪਿਛੋਂ ਕੈਨੇਡਾ ਵਿਚ ਬਾਹਰਲਿਆਂ ਦਾ ਦਾਖਲਾ ਬੰਦ ਕੀਤਾ ਗਿਆ। ਦਾਖਲੇ ਦੀਆਂ ਸ਼ਰਤਾਂ ਇਹ ਸਨ, (ੳ) ਆਪਣੇ ਮੁਲਕ ਤੋਂ ਸਿਧਾ ਲਗਾਤਾਰ ਇਕੋ ਜਹਾਜ਼ ਰਾਹੀਂ ਇਕ ਸਫਰ ਰਾਹੀਂ ਪੁਜੇ। (ਅ) ਜਾਂ ਹਰ ਮੁਸਾਫਰ ਕੋਲ ੨੦੦ ਡਾਲਰ ਜਾਂ ਛੇ ਸੌ ਰੁਪਿਆ ਜਮ੍ਹਾਂ ਹੋਵੇ। ਇਸ ਲਈ ਕੈਨੇਡਾ ਨਾ ਕੋਈ ਸਿੱਧਾ ਜਾਣ ਵਾਲਾ ਜਹਾਜ਼ ਸੀ ਤੇ ਨਾ ਹੀ ੨੦੦ ਡਾਲਰ ਹਰ ਮੁਸਾਫਰ ਕੋਲ ਸੌਖ ਨਾਲ ਹੋ ਸਕਦਾ ਸੀ। ਜਿਹੜੇ ਸੱਜਣ ਹਰ ਪ੍ਰਕਾਰ ਦੀਆਂ ਕਠਨਾਈਆਂ ਝਲ ਕੇ ਦੂਜੇ ਦੇਸ਼ਾਂ ਦੇ ਰਸਤੇ ਕੈਨੇਡਾ ਤੇ ਅਮਰੀਕਾ ਪੁੱਜਜਾਂਦੇ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚੋਂ ਬਾਹਰ ਕੱਢਣ ਲਈ ਕੋਈ ਨਾ ਕੋਈ ਬਹਾਨਾ

Digitized by Panjab Digital Library | www.panjabdigilib.org

ਘੜਿਆ ਜਾਂਦਾ। ਜਾਪਾਨ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਧਮਕੀ ਦਿਤੀ, ਤਾਂ ਸ਼ਰਤਾਂ ਨਰਮ ਹੋ ਗਈਆਂ, ਪਰ ਕੇਵਲ ਉਹਨਾਂ ਲਈ ਹੈ। ਇਸੇ ਤਰ੍ਹਾਂ ਚੀਨੀਆਂ ਨਾਲ, ਪਰ ਹਿੰਦੁਸਤਾਨੀ ਸਰਕਾਰ ਹਿੰਦੀਆਂ ਦੀ ਸਹਾਇਤਾ ਕਰਨ ਦੀ ਥਾਂ ਉਲਟੀ ਪਈ। ਇਸ ਤਰ੍ਹਾਂ ਹਿੰਦੁਸਤਾਨੀਆਂ ਦੀ ਹਰ ਥਾਂ ਬੇਇਜ਼ਤੀ ਹੋਣ ਲਗੀ। ਹਿੰਦੀਆਂ ਨੂੰ ਆਜ਼ਾਦ ਤੇ ਗੁਲਾਮ ਦੇਸ ਦੇ ਵਾਸੀ ਹੋਣ ਦਾ ਪਤਾ ਲਗਾ। ਇਸ ਬੇਇਜ਼ਤੀ ਨੂੰ ਦੂਰ ਕਰਨ ਲਈ ੧੫ ਦਸੰਬਰ ੧੯੧੧ ਵਿਚ ਯੂਨਾਈਟਡ ਇੰਡੀਆ ਲੀਗ ਤੇ ਖਾਲਸਾ ਦੀਵਾਨ ਸੁਸਾਇਟੀ ਵੈਂਕੋਵਰ ਕਾਇਮ ਕੀਤੀ ਗਈ। ੩ ਜਨਵਰੀ ਸੰ: ੧੯੧੪ ਈ: ਨੂੰ ਇਹੋ ਜਿਹੇ ਹਾਲਾਤ ਵਿਚ ਇਕ ਵੇਰ ਬਾਬਾ ਗੁਰਦਿਤ ਸਿੰਘ ਜੀ ਸਿੰਘਾਪੁਰ ਤੇ ਹਾਂਗ ਕਾਂਗ ਦੇ ਗੁਰਦਵਾਰੇ ਵਿਚ ਲੈਕਚਰ ਦੇਣ ਗਏ। ਬਾਬਾ ਜੀ ਸਿੰਘਾਪੁਰ ਵਿਚ ਗੌਰਮਿੰਟ ਰੇਲਵੇ ਕੰਟ੍ਰੈਕਟਰ ਸਨ ਅਤੇ ਆਪ ਦੀ ਮਾਲੀ ਹਾਲਤ ਚੰਗੀ ਸੀ। ਉਨ੍ਹਾਂ ਦਿਨਾਂ ਵਿਚ ਹਾਂਗ ਕਾਂਗ ਦੇ ਗੁਰਦਵਾਰੇ ਵਿਚ ਬਹੁਤ ਸਾਰੇ ਹਿੰਦੁਸਤਾਨੀ ਰੁਕੇ ਹੋਏ ਸਨ ਜੋ ਅਮਰੀਕਾ ਤੇ ਕੈਨੇਡਾ ਨੂੰ ਜਾਣਾ ਚਾਹੁੰਦੇ ਸਨ, ਪ੍ਰੰਤੂ ਉਨ੍ਹਾਂ ਨੂੰ ਟਿਕਟ ਨਹੀਂ ਸੀ ਮਿਲਦੇ। ਕਈ ਡਾਕਟਰਾਂ ਤੋਂ ਸਿਹਤ ਦੇ ਸਰਟੀਫੀਕੇਟ ਲਭਦੇ ਫਿਰਦੇ।

ਇਨ੍ਹਾਂ ਦੀ ਹਾਲਤ ਅਤਿ ਤਰਸ ਯੋਗ ਸੀ। ਰਾਹ ਵਿਚ ਰੁਕੇ ਰਹਿਣ ਕਰਕੇ ਬਹੁਤਿਆਂ ਦਾ ਖਰਚ ਮੁੱਕ ਜਾਂਦਾ ਤਾਂ ਉਹ ਦੂਜੇ ਦੇਸ਼ਾਂ ਵਿਚ ਮਜ਼ਦੂਰੀ ਜਾਂ ਨੌਕਰੀ ਕਰਨ ਲਈ ਮਜਬੂਰ ਹੋ ਜਾਂਦੇ। ੧੯੧੩ ਵਿਚ ਕੈਨੇਡਾ ਸਰਕਾਰ ਨੇ ਹਿੰਦੀਆਂ ਨੂੰ ਤੰਗ ਕੀਤਾ, ਮਹਾਤਮਾ ਗਾਂਧੀ ਨੂੰ ਦੱਖਣੀ ਅਫਰੀਕਾ ਵਿਚ ਕੈਦ ਕਰ ਲਿਆ, ਗੁਰਦਵਾਰਾ ਰਕਾਬ ਗੰਜ ਦਿੱਲੀ ਦੀਆਂ ਕੰਧਾਂ ਹਿੰਦ ਸਰਕਾਰ ਨੇ ਢਾਹ ਦਿਤੀਆਂ ਸਨ। ਮਲਾਇਆ ਵਿਚ ਬਿਨਾਂ ਵਜਾਹ ੬੦ ਸਿਖ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਘਟਨਾਵਾਂ ਨੇ ਮੇਰੇ ਮਨ ਤੇ ਭਾਰੀ ਅਸਰ ਪਾਇਆ'' (ਬਾਬਾ ਗੁਰਦਿਤ ਸਿੰਘ) ਆਪ ਨੇ ਸਰਕਾਰੀ ਠੇਕੇਦਾਰੀ ਛਡ ਦਿਤੀ। ਸਾਰੇ ਹਿੰਦੁਸਤਾਨੀਆਂ ਨੂੰ ਇਸ ਪ੍ਰਕਾਰ ਰੁਲਦਿਆਂ ਵੇਖਿਆ ਤਾਂ ਆਪ ਨੂੰ ਤਰਸ ਆ ਗਿਆ। ਸਃ ਰਾਏ ਸਿੰਘ (ਦਲਜੀਤ ਸਿੰਘ) ਅਤੇ ਸ: ਵੀਰ ਸਿੰਘ ਜੀ ਸਿਆਮ ਗੁ: ਹਾਂਗ ਕਾਂਗ ਵਿਚ ਠਹਿਰੇ ਹੋਏ ਸਨ। ਇਨ੍ਹਾਂ ਦੋਹਾਂ ਸਜਨਾਂ ਨੇ ਬਾਬਾ ਗੁਰਦਿਤ ਸਿੰਘ ਜੀ ਨੂੰ ਪ੍ਰੇਰਣਾ ਕੀਤੀ ਕਿ ਉਹ ਆਪਣਾ ਜਹਾਜ਼ ਕਰਾਏ ਪਰ ਲੈਕੇ ਪ੍ਰਦੇਸਾਂ ਵਿਚ ਰੁਲ ਰਹੇ ਭਾਰਤੀਆਂ ਨੂੰ ਕੈਨੇਡਾ ਪਹੁੰਚਾ ਦੇਣ। ਬਾਬਾ ਜੀ ਦੇ ਦਿਲ ਵਿਚ ਬੜਾ ਕੌਮੀ ਪਿਆਰ ਸੀ। ਆਪ ਨੇ ਭਰੋਸਾ ਦਿਵਾਇਆ ਕਿ ਮੈਂ ਜਹਾਜ਼ ਕਰਾਏ ਪਰ ਲੈਣ ਦਾ ਯਤਨ ਕਰਾਂਗਾ।

ਤਕਰੀਬਨ ੮ ਜਨਵਰੀ ੧੯੧੪ ਈ: ਨੂੰ ਬਾਬਾ ਜੀ ਵਾਪਸ ਸਿੰਘਾਪੁਰ ਆ ਗਏ ਅਤੇ ਕੋਈ ਜਹਾਜ਼ ਕਰਾਏ ਪਰ ਮਿਲ ਜਾਵੇ। ਬਾਬਾ ਜੀ ਕਈ ਕੰਪਨੀਆਂ ਪਾਸ ਗਏ ਕਿ ਉਹ ਜਹਾਜ਼ ਕਰਾਏ ਪਰ ਦੇ ਦੇਣ। ਇਕ ਦੋ ਜਹਾਜ਼ ਵਿਕਾਊ ਭੀ ਸਨ ਜਿਨ੍ਹਾਂ ਦਾ ਮੁਲ ੯੦ ਹਜ਼ਾਰ ਡਾਲਰ ਸੀ ਪ੍ਰੰਤੂ ਉਹ ਨਾਕਸ ਸਨ, ਇਸ ਲਈ ਉਹ ਨਾ ਖਰੀਦੇ ਗਏ। ਉਧਰੋਂ ਹਾਂਗ ਕਾਂਗ ਤੋਂ ਸ: ਦਲਜੀਤ ਸਿੰਘ ਤੇ ਵੀਰ ਸਿੰਘ ਆਦਿ ਦੀਆਂ ਚਿਠੀਆਂ ਪੁਜ ਰਹੀਆਂ ਸਨ ਕਿ ਆਪ ਜਹਾਜ਼ ਦਾ ਪ੍ਰਬੰਧ ਛੇਤੀ ਕਰਨ। ਸ: ਦਲਜੀਤ ਸਿੰਘ ਜੀ ਇਸ ਧਨ ਵਿਚ ਲਗੇ ਹੋਏ ਸਨ ਕਿ ਜਹਾਜ਼ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ। ਹਾਂਗ ਕਾਂਗ ਦੇ ਗੁਰਦਵਾਰੇ ਵਿਚ ਹਿੰਦੁਸਤਾਨੀਆਂ ਦਾ ਬਹੁਤ ਇਕਠ ਹੁੰਦਾ ਜਾਂਦਾ ਸੀ, ਰਾਹ ਵਿਚ ਰਹੇ ਹਿੰਦੋਸਤਾਨੀਆਂ ਦੀ ਹਾਲਤ ਦਿਨੋ ਦਿਨ ਖਰਾਬ ਹੁੰਦੀ ਜਾ ਰਹੀ ਸੀ। ਸ: ਦਲਜੀਤ ਸਿੰਘ ਜੀ ਨੇ ਮੁਸਾਫਰਾਂ ਦੀ ਲਿਸਟ ਬਨਾਉਣੀ ਆਰੰਭ ਕਰ ਦਿਤੀ ਅਤੇ ਉਨ੍ਹਾਂ ਪਾਸੋਂ ਲੋੜੀਂਦੇ ਪੈਸੇ ਭੀ ਇਕਠੇ ਕਰ ਲਏ।

ਆਪ ਹੌਸਲਾ ਹਾਰਨ ਵਾਲੇ ਨੌਜਵਾਨ ਨਹੀਂ ਸਨ ਇਸ ਕਰਕੇ ਆਪ ਨੇ ਬਾਬਾ ਜੀ ਵਲੋਂ ਪੇਸ਼ ਕੀਤੀ ਗਈ ਸ਼ਰਤ ਪੂਰੀ ਕਰ ਦਿਤੀ ਅਤੇ ਬਹੁਤ ਸਾਰੇ ਮੁਸਾਫਰਾਂ ਦੇ ਨਾਵਾਂ ਦੀ ਫਰਿਸਤ ਤਿਆਰ

Digitized by Panjab Digital Library | www.panjabdigilib.org

ਕਰ ਲਈ ਤੇ ਉਨ੍ਹਾਂ ਦੀ ਮਾਇਆ ਭੀ ਬੈਂਕ ਵਿਚ ਜਮਾਂ ਕਰਾ ਦਿਤੀ। ਸ: ਵੀਰ ਸਿੰਘ ਸਮਾਧ (ਫੀਰੋਜ਼ਪੁਰ) ਬਾਬਾ ਜੀ ਪਾਸ ਸਿੰਘਾ ਪੁਰ ਜਾਣ ਲਈ ਤਿਆਰ ਹੋ ਗਏ। ਆਪ ਅਜੇ ਜਹਾਜ਼ ਦਾ ਟਿਕਟ ਲੈਣ ਲਗੇ ਸਨ ਕਿ ਬਾਬਾ ਜੀ ਭੀ ਅਪਣੇ ੭ ਸਾਲ ਦੇ ਭੁਜੰਗੀ ਬਲਵੰਤ ਸਿੰਘ ਨੂੰ (ਇਨ੍ਹਾਂ ਦੀ ਮਾਤਾ ਸੁਰਗਵਾਸ ਹੋ ਗਈ) ਨਾਲ ਲੈਕੇ ਹਾਂਗ ਕਾਂਗ ਪੁਜ ਗਏ।

ਬਾਬਾ ਜੀ ਦੇ ਚੀਨੀ ਮਿਤ੍ਰ ਨੇ ਇਕ ਚੀਨ ਦੀ ਕੰਪਨੀ ਵਲ ਚਿਠੀ ਲਿਖੀ ਸੀ ਕਿ ਸਰਦਾਰ ਗੁਰਦਿਤ ਸਿੰਘ ਇਕ ਬਹੁਤ ਵਡੇ ਵਪਾਰੀ ਤੇ ਕਾਰੋਬਾਰੀ ਆਦਮੀ ਹਨ ਅਤੇ ਬੜੇ ਸਿਆਣੇ ਹਨ। ਇਸ ਚਿੱਠੀ ਦੇ ਵਸੀਲੇ ਨਾਲ ਚੀਨੇ ਭੀ ਬਾਬਾ ਜੀ ਦੀ ਸਹਾਇਤਾ ਕਰਨ ਲਗ ਪਏ ਅਤੇ ਅੰਤ ਆਪ ਇਕ ਜਾਪਾਨੀ ਕੰਪਨੀ ਪਾਸੋਂ ਕੋਮਾਗਾਟਾ ਮਾਰੂ ਜਹਾਜ਼ ਕਰਾਏ ਪਰ ਲੈਣ ਵਿਚ ਸਫਲ ਹੋ ਗਏ। ਇਹ ਜਹਾਜ਼ ੧੧੦੦) ਰੁਪਏ ਮਾਹਵਾਰ ਕਰਾਏ ਪਰ ਲੈ ਲਿਆ ਅਤੇ ਹਰ ਪ੍ਰਕਾਰ ਦੀ ਲਿਖਾ ਪੜ੍ਹੀ ਮੁਕੰਮਲ ਕਰ ਲਈ। ਇਹ ਸੌਦਾ ਇਕ ਜਰਮਨੀ ਏਜੰਟ ਰਾਹੀਂ ਹੋਇਆ ਸੀ, ਜਿਸ ਦਾ ਨਾਮ ਮਿ: ਏ. ਬੈਨੀ ਸੀ। ਇਹ ਆਦਮੀ ਬੜਾ ਲਾਲਚੀ ਸੀ।

੨੯ ਮਾਰਚ ਸੰਨ ੧੯੧੪ ਨੂੰ ਜਹਾਜ਼ ਚਾਰਟਰ ਕੀਤਾ ਗਿਆ। ਇਹ ਜਹਾਜ਼ ੬ ਮਹੀਨੇ ਵਾਸਤੇ ਠੇਕੇ ਪਰ ਲਿਆ ਗਿਆ ਸੀ ਅਤੇ ਇਸ ਦਾ ਕਰਾਇਆ ਕਿਸ਼ਤਾਂ ਰਾਹੀਂ ਅਦਾ ਕਰਨਾ ਸੀ। ਜਹਾਜ਼ ਦੀ ਮੁਰੰਮਤ ਰਾਹਦਾਰੀ ਦਾ ਖਰਚ ਆਦਿਕ ਸਭ ਬਾਬਾ ਗੁਰਦਿਤ ਸਿੰਘ ਜੀ ਦੇ ਸਪੁਰਦ ਸੀ।

ਐਸ. ਐਸ. ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਚਾਲੂ ਕੀਤੀ ਗਈ। ਗੁਰੂ ਨਾਨਕ ਸ਼ਿਪਿੰਗ ਨਾਮ ਦੀ ਇਕ ਕੰਪਨੀ ਬਣਾਈ, ਜਿਸ ਹੇਠ ਚਾਰ ਜਹਾਜ਼ਾਂ ਦਾ ਬੰਦੋਬਸਤ ਕੀਤਾ ਗਿਆ। ਕੋਮਾਗਾਟਾ ਮਾਰੂ ਜਹਾਜ਼ ਕੋਇਲੇ ਢੋਣ ਵਾਲਾ ਜਹਾਜ਼ ਸੀ, ਇਸ ਕਰਕੇ ਉਸ ਨੂੰ ਮੁਸਾਫਰਾਂ ਦੇ ਚੜ੍ਹਨ ਯੋਗ ਬਨਾਉਣ ਲਈ ਬਾਬਾ ਜੀ ਨੂੰ ਬਹੁਤ ਮਿਹਨਤ ਤੇ ਖਰਚ ਕਰਨਾ ਪਿਆ।

ਜਹਾਜ਼ ਤੋਰਨ ਤੋਂ ਪਹਿਲਾਂ ਇੰਜਨੀਅਰਾਂ ਪਾਸੋਂ ਇਹ ਪ੍ਰਵਾਨਗੀ ਲੈਣੀ ਪੈਂਦੀ ਹੈ ਕਿ ਜਹਾਜ਼ ਸਮੁੰਦਰ ਵਿਚ ਸਫਰ ਕਰਨ ਦੇ ਯੋਗ ਹੈ? ਇਸ ਤੋਂ ਇਲਾਵਾ ਸਾਰੇ ਮੁਸਾਫਰਾਂ ਨੂੰ ਅਰੋਗਤਾ ਦੇ ਪ੍ਰਮਾਣ-ਪੱਤ੍ਰ ਲੈਣੇ ਪੈਂਦੇ ਹਨ। ਇਹ ਸਾਰਾ ਪ੍ਰਬੰਧ ਕਰ ਲਿਆ ਗਿਆ ਅਤੇ ਇਕ ਪਤਿੱਤ ਡਾਕਟਰ ਰਘੁਨਾਥ ਸਿੰਘ ਨੂੰ [ਜੋ ਇਕ ਗ਼ਦਾਰ ਹਿੰਦੁਸਤਾਨੀ ਸੀ] ਮੁਸਾਫਰਾਂ ਦੀ ਦੇਖ ਭਾਲ ਲਈ ਨੌਕਰ ਰੱਖ ਲਿਆ ਗਿਆ। ਜਦ ਸਾਰੇ ਪ੍ਰਬੰਧ ਮੁਕੰਮਲ ਹੋ ਗਏ ਤ੍ਹਾਂ ੩੦ ਮਾਰਚ ੧੯੧੪ ਨੂੰ ਗੁਰੂ ਨਾਨਕ ਜਹਾਜ਼ ਦੀ ਅਖਬਾਰ ਵਿਚ ਰਵਾਨਗੀ ਦਾ ਐਲਾਨ ਹੋਇਆ। ਜਦ ਸਾਰੀਆਂ ਤਿਆਰੀਆਂ ਮੁਕੰਮਲ ਹੋ ਜਾਣ ਤਾਂ ਗਵਰਨਰ ਹਾਂਗ-ਕਾਂਗ ਪਾਸੋਂ ਆਖਰੀ ਪ੍ਰਵਾਨਗੀ ਲੈਣੀ ਪੈਂਦੀ ਹੈ ਪ੍ਰੰਤੂ ਜਦੋਂ ਹੋਰ ਸਾਰੇ ਪ੍ਰਬੰਧ ਹੋ ਚੁਕੇ ਹੋਣ ਤੇ ਪ੍ਰਵਾਨਗੀਆਂ ਮਿਲ ਚਕੀਆਂ ਹੋਣ ਤਾਂ ਗਵਰਨਰ ਨੂੰ ਸਿਰਫ ਸਹੀ ਪਾਉਣੀ ਪੈਂਦੀ ਹੈ। ਬਾਬਾ ਗੁਰਦਿਤ ਸਿਘ ਜੀ ਅਤੇ ਸਃ ਦਲਜੀਤ ਸਿੰਘ ਜੀ ਗਵਰਨਰ ਪਾਸੋਂ ਪ੍ਰਵਾਨਗੀ ਲੈਣ ਦੇ ਯਤਨ ਹੀ ਕਰ ਰਹੇ ਸਨ ਕਿ ਅਚਾ-ਨਕ ਪੁਲਸ ਨੇ ਜਹਾਜ਼ ਦੇ ਦਫਤਰ ਪਰ ਜੋ ਹਾਂਗ ਕਾਂਗ ਦੇ ਇਕ ਕਮਰੇ ਵਿਚ ਸੀ, ਛਾਪਾ ਮਾਰਿਆ ਤੇ ਸਾਰੇ ਕਾਗਜ਼ ਪੱਤ੍ਰ ਸਃ ਵੀਰ ਸਿੰਘ ਪਾਸੋਂ ਖੋਹ ਲਏ।

ਬਾਬਾ ਜੀ ਸ਼ਾਮ ਨੂੰ ਵਾਪਸ ਦਫਤਰ ਵਿਚ ਆਏ ਤਾਂ ਸਿਪਾਹੀ ਨੇ ਖਬਰ ਦਿਤੀ ਕਿ ਸੁਪ੍ਰੰਟੰਡੰਟ ਪੁਲਸ ਮਿਃ ਕਿੰਗ ਆਪ ਨੂੰ ਦਫਤਰ ਵਿਚ ਬੁਲਾ ਰਹੇ ਹਨ। ਜਦ ਬਾਬਾ ਜੀ ਸੁਪ੍ਰੰਟੰਡੰਟ ਪਾਸ ਪੁਜੇ ਤਾਂ ਉਥੇ ਗ੍ਰਿਫਤਾਰ ਕੀਤਾ ਗਿਆ। ਉਸ ਨੇ ਸਾਰੇ ਕਾਗਜ਼ ਪੱਤ੍ਰ ਵੇਖ ਕੇ ਗੌਰਮਿੰਟ ਦੇ ਸਕੱਤਰ ਨਾਲ ਟੈਲੀ-ਫੋਨ ਪਰ ਗਲਬਾਤ ਕੀਤੀ ਕਿ ਕਾਗਜ਼ਾਤ ਵੇਖਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਪਰ ਕੋਈ ਮੁਕੱਦਮਾ ਨਹੀਂ ਚਲ ਸਕਦਾ ਪਰ ਫਿਰ ਵੀ ਬਾਬਾ ਜੀ ਨੂੰ ੨੦੦ ਡਾਲਰਾਂ ਦੀ ਜ਼ਮਾਨਤ ਪਰ ਰਿਹਾ ਕੀਤਾ ਗਿਆ ਅਗਲੇ ਦਿਨ ਆਪ ਜੀ ਨੂੰ ਕਚਹਿਰੀ ਵਿਚ ਪੇਸ਼ ਕਰਕੇ ਮੁਕੱਦਮਾ ਵਾਪਸ ਲੈ ਲਿਆ ਗਿਆ।

Digitized by Panjab Digital Library | www.panjabdigilib.org

ਗਵਰਨਰ ਹਾਂਗ ਕਾਂਗ ਨੇ ਅੰਤਮ ਪ੍ਰਵਾਨਗੀ ਦੇਣ ਵਿਚ ਦੇਰ ਕਰ ਦਿਤੀ। ਉਹ ਕਈ ਤਰ੍ਹਾਂ ਦੇ ਟਾਲ ਮਟੋਲੇ ਕਰਨ ਲੱਗ ਪਿਆ। ਇਸ ਦੇਰੀ ਕਰਕੇ ਕਈ ਕਠਨਾਈਆਂ ਪੇਸ਼ ਆਈਆਂ। ਸਿਖ ਫੌਜੀਆਂ ਵਿਚ ਬੜਾ ਜੋਸ਼ ਸੀ, ਇਸ ਕਰਕੇ ਬਾਬਾ ਜੀ ਨੇ ਗਵਰਨਰ ਨੂੰ ਇਹ ਲਿਖਿਆ ਕਿ ਜੇ ਮੇਰੇ ਸਿਖ ਭਰਾ ਬੇਕਾਬੂ ਹੋਕੇ ਕੋਈ ਘਟਨਾ ਕਰ ਬੈਠੇ ਤਾਂ ਉਸ ਦਾ ਜ਼ੁੰਮੇਵਾਰ ਮੈਂ ਨਹੀਂ ਹੋਵਾਂਗਾ। ਬਾਬਾ ਜੀ ਦਾ ਇਕ ਮਿਤ੍ਰ ਅੰਗਰੇਜ਼ ਗਵਰਨਰ ਦਾ ਪ੍ਰਾਈਵੇਟ ਸਕੱਤ੍ਰ ਸੀ। ਉਹ ਆਪ ਨੂੰ ਇਕ ਦਿਨ ਅਚਾਨਕ ਹੀ ਮਿਲ ਪਿਆ ਅਤੇ ਉਸ ਨੇ ਕਿਹਾ ਕੋਈ ਸੇਵਾ ਦੱਸੋ। ਇਸ ਦਾ ਨਾਮ ਮਿਃ ਸਰਵਨ ਸਿੰਘ ਸੀ। ਇਸ ਨੇ ਅਗਲੇ ਦਿਨ ਬਾਬਾ ਜੀ ਨੂੰ ਆਪਣੇ ਦਫਤਰ ਵਿਚ ਸਦ ਕੇ ਪ੍ਰਵਾਨਗੀ ਪੱਤ੍ਰ ਦੇ ਦਿਤਾ।

ਅਗਲੇ ਦਿਨ ਗੁਰਦਵਾਰਾ ਹਾਂਗ ਕਾਂਗ ਵਿਚ ਖੂਬ ਚਹਿਲ ਪਹਿਲ ਹੋਈ ' ਕਿਥ ਤਾਂ ਹਿੰਦੁ-ਸਤਾਨੀ ਟਿਕਟਾਂ ਲਈ ਦਫਤਰਾਂ ਦੇ ਚੱਕਰ ਕਟਦੇ ਸਨ ਅਤੇ ਹਰ ਥਾਂ ਤੋਂ ਉਨ੍ਹਾਂ ਨੂੰ ਨਿਰਾਸਤਾ ਭਰਿਆ ਉਤਰ ਮਿਲਦਾ ਸੀ ਅਤੇ ਕਿਥੇ ਅੱਜ ਉਨ੍ਹਾਂ ਦਾ ਆਪਣਾ ਜਹਾਜ਼ ਕੇਨੇਡਾ ਜਾਣ ਲਈ ਤਿਆਰ ਖੜਾ ਸੀ, ਅਤੇ ਉਸ ਪਰ ਝੁਲ ਰਿਹਾ ਕੇਸਰੀ ਨਿਸ਼ਾਨ ਸਾਹਿਬ ਮੁਸਾਫਰਾਂ ਦੇ ਦਿਲਾਂ ਨੂੰ ਪ੍ਰਫੁਲਤ ਕਰ ਰਿਹਾ ਸੀ। ਸਿਖਾਂ ਨੂੰ ਤਾਂ ਬਹੁਤ ਖੁਸ਼ੀ ਸੀ। ਹਰ ਇਕ ਸਿਖ ਦਾ ਹਿਰਦਾ ਜਹਾਜ਼ ਨੂੰ ਵੇਖ ਕੇ ਗਦ ਗਦ ਹੋ ਰਿਹਾ ਸੀ ਅਤੇ ਉਹ ਮਾਣ ਨਾਲ ਛਾਤੀ ਚੋੜੀ ਕਰਕੇ ਹਾਂਗ ਕਾਂਗ ਦੇ ਬਾਜ਼ਾਰਾਂ ਵਿਚ ਫਿਰਦੇ ਸਨ।

੩ ਅਪਰੈਲ ੧੯੧੪ ਨੂੰ ਜਹਾਜ਼ ਨੇ ਚਲਣਾ ਸੀ,ਇਸ ਲਈ ਮੁਸਾਫਰਾਂ ਨੂੰ ਸਾਮਾਨ ਚੜ੍ਹਾਉਣ ਦੀ ਛੇਤੀ ਸੀ। ਹਾਂਗਕਾਂਗ ਨਿਵਾਸੀ ਹਿੰਦੁਸਤਾਨੀ ਜਹਾਜ਼ ਨੂੰ ਧੂਮ ਧਾਮ ਨਾਲ ਰਵਾਨਾ ਕਰਨ ਦੀਆਂ ਤਿਆਰੀਆਂ ਕਰਨ ਲੱਗੇ। ਇਹ ਵੀ ਫੈਸਲਾ ਕੀਤਾ ਗਿਆ ਕਿ ਜੁਗ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਸ਼ਹਾਨਾ ਅਦਬ ਨਾਲ ਜਹਾਜ਼ ਵਿਚ ਬਰਾਜਮਾਨ ਹੋਣੇ ਚਾਹੀਦੇ ਹਨ।

ਤਿੰਨ ਅਪ੍ਰੈਲ ਨੂੰ ਗੁਰਦੁਆਰਾ ਹਾਂਗਕਾਂਗ ਤੋਂ ਇਕ ਸ਼ਾਨਦਾਰ ਜਲੂਸ ਆਰੰਭ ਹੋਇਆ ਜੋ ਜਹਾਜ਼ ਪਰ ਜਾ ਕੇ ਖਤਮ ਹੋਇਆ। ਸਾਰੇ ਭਾਰਤ ਵਾਸੀਆਂ ਨੇ ਅਤੇ ਹੋਰ ਲੋਕਾਂ ਨੇ ਇਸ ਉਤਸ਼ਾਹ ਵਿਚ ਵਧ ਚੜ੍ਹਕੇ ਹਿਸਾ ਲਿਆ। ਕੀਰਤਨ ਦੀਆਂ ਇਲਾਹੀ ਧੁਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸ੍ਰੀ ਗੁਰੂ ਨਾਨਕ ਕੇਨੇਡਾ ਜਹਾਜ਼ ਪਰ ਪੁਜ ਗਈ। ੩ ਅਪ੍ਰੈਲ ੧੯੧੪ ਨੂੰ ਜੈਕਾਰਿਆਂ ਦੀ ਗੂੰਜ ਵਿਚ ੧੬੪ ਮੁਸਾਫਰਾਂ ਨੂੰ ਲੈਕੇ ਜਹਾਜ਼ ਨੇ ਚਲਣ ਦੀ ਤਿੰਨ ਵੇਰ ਵਿਸੱਲ ਕੀਤੀ ਅਤੇ ਕਪਤਾਨ ਦੇ ਹੁਕਮ ਮਿਲਦੇ ਹੀ ਉਹ ਦਰਸ਼ਕਾਂ ਦੀਆਂ ਅਖਾਂ ਤੋਂ ਹੌਲੀ ਹੌਲੀ ਉਹਲੇ ਹੋਣ ਲਗਾ। ਇਸ ਦਿਨ ਭਾਰਤ ਵਾਸੀ ਇਉਂ ਅਨਭਵ ਕਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਸਵਰਾਜ ਮਿਲ ਗਿਆ ਹੁੰਦਾ ਹੈ।

ਸ: ਵੀਰ ਸਿੰਘ ਤੇ ਇਕ ਹੋਰ ਸੱਜਨ ਨੂੰ ਇਕ ਦਿਨ ਪਹਿਲਾਂ ਸ਼ੰਘਾਈ ਭੇਜ ਦਿਤਾ ਗਿਆ ਸੀ ਤਾਕਿ ਜਿੰਨਾ ਨੇ ਸ਼ੰਘਾਈ ਤੋਂ ਸਵਾਰ ਹੋਣਾ ਹੈ ਉਨ੍ਹਾਂ ਸੱਜਨਾਂ ਨੂੰ ਤਿਆਰ ਕਰਨ ਅਤੇ ਜਹਾਜ਼ ਦੇ ਸੁਆਗਤ ਦੀਆਂ ਤਿਆਰੀਆਂ ਕਰਨ। ਭਾਈ ਹਰਨਾਮ ਸਿੰਘ ਮਨੀਲਾ ਦੇ ਟਾਪੂਆਂ ਵਿਚ ਭੇਜ ਦਿਤਾ ਗਿਆ ਤਾਕਿ ਉਹ ਉਥੋਂ ਚੱਲਣ ਵਾਲੇ ਸਜਨਾਂ ਨੂੰ ਨਾਲ ਲੈਕੇ ਜਪਾਨ ਪੁਜ ਜਾਣ ਤੇ ਉਥੋਂ ਉਨ੍ਹਾਂ ਨੂੰ ਵੀ ਸਵਾਰ ਕਰ ਲਿਆ ਜਾਵੇ।

ਜਹਾਜ਼ ਦੇ ਤੁਰਨ ਸਮੇਂ ਬਹੁਤ ਸਾਰੇ ਅਖਬਾਰਾਂ ਦੇ ਪ੍ਰਤਿਨਿਧ ਭੀ ਪੁਜੇ ਹੋਏ ਸਨ, ਜਿਨ੍ਹਾਂ ਨੇ ਵਾਪਸ ਜਾ ਕੇ ਸਾਰੀ ਦੁਨੀਆਂ ਦੇ ਅਖਬਾਰਾਂ ਵਿਚ ਖਬਰਾਂ ਪ੍ਰਕਾਸ਼ਤ ਕਰਵਾ ਦਿਤੀਆਂ। ਜਿਨ੍ਹਾਂ ਹਿੰਦੁ-ਸਤਾਨੀਆਂ ਨੇ ਇਹ ਖਬਰਾਂ ਪੜ੍ਹੀਆਂ ਉਨ੍ਹਾਂ ਦੇ ਦਿਲ ਬਹੁਤ ਖੁਸ਼ੀ ਹੋਏ। ਸ: ਦਲਜੀਤ ਸਿੰਘ (ਸ: ਰਾਏ ਸਿੰਘ) ਜੀ ਜਹਾਜ਼ ਦੇ ਸਕੱਤਰ ਥਾਪੇ ਗਏ ਅਤੇ ਆਪਨੇ ਸਾਰਾ ਕੰਮ ਬੜੀ ਯੋਗਤਾ ਨਾਲ ਨਿਭਾਇਆ। ਸ਼ੰਘਾਈ ਵਿਚ ਜਹਾਜ਼ ਦਾ ਬੜਾ ਸੁਾਗਤ ਹੋਇਆ ਅਤੇ ਇਥੋਂ ਚਲਕੇ ਜਹਾਜ਼ ਜਾਪਾਨ ਦ

Digitized by Panjab Digital Library | www.panjabdigilib.org

ਬੰਦਰਗਾਹ ਮੋਜ਼ੀ ਵਿਚ ਪਹੁੰਚ ਗਿਆ। ਇਸ ਬੰਦਰਗਾਹ ਵਿਚ ਹਿੰਦੁਸਤਾਨੀਆਂ ਨੂੰ ਜਹਾਜ਼ ਰਵਾਨਾ ਕਰਨ ਦੀ ਵਧਾਈ ਦੇਣ ਲਈ ਪ੍ਰੀਤੀ ਭੋਜਨ ਦਿਤਾ ਗਿਆ। ਜਾਪਾਨੀ ਇਸਤਰੀਆਂ ਨੇ ਆਪਣੇ ਸੁਰੀਲੇ ਗਾਣਿਆਂ ਨਾਲ ਭਾਰਤ ਵਾਸੀਆਂ ਦਾ ਦਿਲ ਪ੍ਰਸੰਨ ਕੀਤਾ। ਜਹਾਜ਼ ਦੇ ਮਾਲਕਾਂ ਨੇ ਇਥੇ ਜਹਾਜ਼ ਦਾ ਪਹਿਲਾ ਕਪਤਾਨ ਬਦਲ ਦਿਤਾ ਅਤੇ ਉਸ ਦੀ ਥਾਂ ਮਾਸਟੋ ਨਾਮ ਦਾ ਇਕ ਹੋਰ ਕਪਤਾਨ ਲਗਾ ਦਿਤਾ ਜੋ ਦਿਲਾ ਦਾ ਖੋਟਾ ਸੀ।

ਜਾਪਾਨ ਵਿਚੋਂ ਮੁਸਾਫਰਾਂ ਨੇ ਆਪਣੇ ਕੈਨੇਡਾ ਨਿਵਾਸੀ ਮਿਤ੍ਰਾਂ ਲਈ ਸੁਗਾਤਾਂ ਖਰੀਦੀਆਂ ਅਤੇ ਮੋਜੀ ਤੋਂ ਹੀ ਸ: ਹਰਨਾਮ ਸਿੰਘ ਜੀ ਦੇ ਮਨੀਲਾ ਤੋਂ ਆਏ ਸਾਥੀ ਜਹਾਜ਼ ਪਰ ਸਵਾਰ ਹੋਏ। ਇਥੋ ਕੋਇਲਾ ਭੀ ਲੱਦਿਆ ਗਿਆ ਜਿਸ ਦਾ ਕੈਨੇਡਾ ਪੁਜ ਕੇ ਕਾਫੀ ਮੁਨਾਫਾ ਮਿਲਣਾ ਸੀ। ਮੋਜੀ ਤੋਂ ਚਲ ਕੇ ਜਹਾਜ਼ ਜਾਪਾਨ ਦੀ ਦੂਜੀ ਬੰਦਰ ਗਾਹ ਯੋਕੋਹਾਮਾ ਪਹੁੰਚ ਗਿਆ। ਇਥੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਗਿਣਤੀ ੩੬੬ ਤਕ ਪੁਜ ਗਈ। ਇਥੋਂ ਦੇ ਹਿੰਦੁਸਤਾਨੀ ਮਿੱਤਰਾਂ ਨੇ ਆਪਣੇ ਭਰਾਵਾਂ ਦਾ ਬੜਾ ਸ਼ਾਨਦਾਰ ਸਵਾਗਤ ਕੀਤਾ। ਇਥੇ ਹੀ ਬਾਬਾ ਜੀ ਨੂੰ ਭਾਈ ਭਗਵਾਨ ਸਿੰਘ ਜੀ ਮਿਲੇ ਜੋ ਇਕ ਯੋਗ ਹਿੰਦੁਸਤਾਨੀ ਸਨ। ਉਨ੍ਹਾਂ ਨੇ ਦਸਿਆ ਕਿ ਕੈਨੇਡਾ ਦਾ ਇਮੀਗ੍ਰੇਸ਼ਨ ਮਹਿਕਮਾ ਬੜਾ ਖਰਾਬ ਹੈ। ਉਸ ਦੇ ਅਫਸਰ ਬਹੁਤ ਬਦਮਾਸ਼ ਹਨ ਅਤੇ ਉਹ ਹਿੰਦੁਸਤਾਨੀਆਂ ਨੂੰ ਬਹੁਤ ਤੰਗ ਕਰਦੇ ਹਨ। ਮੌਲਵੀ ਬਰਕਤ ਉਲ੍ਹਾ ਭੀ ਬਾਬਾ ਜੀ ਨੂੰ ਮਿਲਣ ਆਏ। ਇਹ ਦੋਵੇਂ ਸੱਜਨ ਸਰਕਾਰ ਅੰਗਰੇਜ਼ੀ ਦੀਆਂ ਨਜ਼ਰਾਂ ਵਿਚ ਬਾਗੀ ਸਨ, ਇਸ ਕਰਕੇ ਉਸ ਨੂੰ ਇਹ ਸ਼ੱਕ ਪੈ ਗਿਆ ਕਿ ਜਹਾਜ਼ ਵਿਚ ਬਹੁਤ ਸਾਰੇ ਐਸੇ ਸੱਜਨ ਸਫਰ ਕਰ ਰਹੇ ਹਨ ਜੋ ਇੰਨਕਲਾਬੀ ਖਿਆਲ ਦੇ ਹਨ।

ਸ: ਬਲਵੰਤ ਸਿੰਘ ਜੀ ਗ੍ਰੰਥੀ ਗੁ: ਵੈਨਕੋਵਾਰ ਕੈਨੇਡਾ (ਜੋ ਪਿਛੋਂ ਫਾਂਸੀ ਲਗਾਏ ਗਏ) ਭੀ ਇਥੇ ਬਾਬਾ ਜੀ ਨੂੰ ਮਿਲੇ ਅਤੇ ਉਨ੍ਹਾਂ ਨੇ ਇਸ ਗਲ ਪਰ ਬਹੁਤ ਖੁਸ਼ੀ ਪ੍ਰਗਟ ਕੀਤੀ ਕਿ ਸਿੱਖਾਂ ਦਾ ਜਹਾਜ਼ ਭੀ ਕੈਨੇਡਾ ਜਾ ਰਿਹਾ ਹੈ। ਸ: ਬਲਵੰਤ ਸਿੰਘ ਜੀ ਨੇ ਬਾਬਾ ਜੀ ਨੂੰ ਸਲਾਹ ਦਿਤੀ ਕਿ ਅਸੀਂ ਇਕ ਤੇਜ਼ ਰਫਤਾਰ ਜਹਾਜ਼ ਪਰ ਚੜ੍ਹਕੇ ਪਹਿਲਾਂ ਕੈਨੇਡਾ ਪੁਜ ਜਾਈਏ ਤੇ ਗੁਰੂ ਨਾਨਕ ਕੈਨੇਡਾ ਜਹਾਜ਼ ਦੇ ਸੁਆਗਤ ਦੀਆਂ ਤਿਆਰੀਆਂ ਕਰੀਏ। ਪ੍ਰੰਤੂ ਮੁਸਾਫਰਾਂ ਨੇ ਕਿਹਾ ਕਿ ਜੇ ਬਾਬਾ ਜੀ ਚਲੇ ਗਏ ਤਾਂ ਬਹੁਤ ਸਾਰੇ ਮੁਸਾਫਰ ਓਦਰ ਜਾਣਗੇ ਇਸ ਕਰਕੇ ਭਾਈ ਬਲਵੰਤ ਜੀ ਤਾਂ ਚਲੇ ਗਏ ਤੇ ਬਾਬਾ ਜੀ ਜਹਾਜ਼ ਪਰ ਹੀ ਰਹੇ। ਸ: ਬਲਵੰਤ ਸਿੰਘ ਜੀ ਨੇ ਖਾਲਸਾ ਦੀਵਾਨ ਵੈਨਕੋਵਾਰ ਕੈਨੇਡਾ ਨੂੰ ਪੁਜਣ ਦੀਆਂ ਤਾਰਾਂ ਦੇ ਦਿਤੀਆਂ ਸਨ।

ਕੈਨੇਡਾ ਦੇ ਸਿੱਖਾਂ ਤੇ ਹੋਰ ਭਾਰਤ ਵਾਸੀਆਂ ਵਿਚ ਇਹ ਸੁਣਕੇ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਹ ਆਪਣੇ ਭਰਾਵਾਂ ਦਾ ਸੁਵਾਗਤ ਕਰਨ ਦੀਆਂ ਜ਼ਬਰਦਸਤ ਤਆਰੀਆਂ ਕਰਨ ਵਿਚ ਲਗ ਗਏ। ਯੋਕੋਹਾਮਾਂ ਤੋਂ ਚਲਕੇ ਜਹਾਜ਼ ਨੇ ਸਿੱਧਾ ਵਿਕਟੋਰੀਆ (ਕੈਨੇਡਾ) ਪੁਜਣਾ ਸੀ, ਇਸ ਲਈ ਇਥੋਂ ਹਰਪ੍ਰਕਾਰ ਦਾ ਸਾਮਾਨ ਆਦਿ ਖਰੀਦਕੇ ਮੁਸਾਫਰਾਂ ਨੇ ਰੱਖ ਲਿਆ ਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ। ੧੮-੫-੧੯੧੪ ਨੂੰ ਰਾਜਾ ਸਿੰਘ ਬੋਟ ਤੇ ਭੇਜਿਆ ਕੇ ਕਾਮਾਗਾਟਾ ਮਾਰੂ ਜਹਾਜ ਪੋਰਟ ਅਲਬਰਨੀ ਘਾਟ ਪੁਰ ਲਾਇਆ ਜਾਵੇ।

੨੦-੫-੧੯੧੪ ਨੂੰ ਵਿਕਟੋਰੀਆ ਜਾਕੇ ਕਾਮਾਗਾਟਾ ਮਾਰੂ ਜਹਾਜ਼ ਪਾਸ ਛੋਟੇ ਬੋਟ ਰਾਹੀਂ ਜਾਣ ਦੀ ਕੋਸ਼ਸ਼ ਕੀਤੀ ਪਰ ਕੈਨੇਡਾ ਦੀ ਹਕੂਮਤ ਨੇ ਜਾਣ ਨਾ ਦਿਤਾ। ਬੋਟ ਰਾਹੀਂ ਜਾਣ ਵਾਲੇ ਸ: ਭਾਗ ਸਿੰਘ, ਸ: ਬਲਵੰਤ ਸਿੰਘ, ਸ: ਮਿੱਤ ਸਿੰਘ ਪੰਡੋਰੀ (ਲੁਧਿਆਣਾ), ਸ: ਹਰਨਾਧ ਸਿੰਘ, ਸ: ਰਤਨ ਸਿੰਘ, ਸ: ਉਤਮ ਸਿੰਘ ਹਾਂਸ। (ਲੁਧਿਆਣਾ)

ਜਹਾਜ਼ ਵਿਚ ਸ: ਭਾਨ ਸਿੰਘ ਤੇ ਡਾਕਟਰ ਰਘੂ ਨਾਥ ਸਿੰਘ ਦੋ ਆਦਮੀ ਹੋਰ ਐਸੇ ਸਨ, ਜੋ

Digitized by Panjab Digital Library | www.panjabdigilib.org

ਸਰਕਾਰ ਅੰਗਰੇਜ਼ੀ ਦੇ ਗੁਪਤ ਏਜੰਟ ਸਨ । ਇਹ ਰੀਪੋਰਟਾਂ ਭੇਜਦੇ ਰਹਿੰਦੇ ਸਨ । ਇਸ ਕਰਕੇ ਬਾਬਾ ਜੀ ਨੇ ਡਾਕਟਰ ਰਘੁਨਾਥ ਨੂੰ ਨੌਕਰੀ ਤੋਂ ਹਟਾਉਣ ਦਾ ਫੈਸਲਾ ਕੀਤਾ ਪ੍ਰੰਤੂ ਸ: ਦਲਜੀਤ ਸਿੰਘ ਸਕੱਤ ਦੇ ਕਹਿਣ ਪਰ ਉਸ ਨੂੰ ਫਿਰ ਰੱਖ ਲਿਆ ਗਿਆ ਜਿਸ ਕਰਕੇ ਉਸ ਨੇ ਅੱਗੇ ਚਲਕੇ ਗਦਾਰੀ ਕੀਤੀ ।

ਯੋਕੋਹਾਮਾ ਤੋਂ ਚਲ ਕੇ ੨੧ ਮਈ ੧੯੧੪ ਨੂੰ ਜਹਾਜ਼ ਵਿਕਟੋਰੀਆ ਪੁੱਜ ਗਿਆ । ਬੰਦਰਗਾਹ ਦੇ ਨੇੜੇ ਪੁਜਦਿਆਂ ਹੀ ਜਹਾਜ਼ ਨੂੰ ਘੇਰੇ ਵਿਚ ਲੈ ਲਿਆ ਗਿਆ । ਰਘਨਾਥ ਸਿੰਘ ਉਸ ਦੀ ਸਪਤਨੀ ਤੇ ਬੱਚਾ, ਸ: ਭਾਨ ਸਿੰਘ ਅਤੇ ਜਹਾਜ਼ ਦੇ ਕਪਤਾਨ ਨੂੰ ਉਤਰਨ ਦੀ ਆਗਿਆ ਦਿਤੀ ਗਈ ਪ੍ਰੰਤੂ ਬਾਬਾ ਜੀ ਨੂੰ ਜੋ ਜਹਾਜ਼ ਦੇ ਠੇਕੇਦਾਰ ਸਨ ਅਤੇ ਜਿਨ੍ਹਾਂ ਨੂੰ ਕਾਨੂੰਨ ਦੀ ਰੂ ਨਾਲ ਉਤਰਨੋਂ ਨਹੀਂ ਰੋਕਿਆ ਜਾ ਸਕਦਾ ਸੀ, ਨਾ ਉਤਰਨ ਦਿਤਾ ਗਿਆ ।

ਚਾਹੀਦਾ ਤਾਂ ਇਹ ਸੀ ਕਿ ਸਾਰੇ ਮੁਸਾਫਰਾਂ ਨੂੰ ਉਤਾਰ ਕੇ ਇਮੀਗ੍ਰੇਸ਼ਨ ਮਹਿਕਮੇ ਦੇ ਮੁਸਾਫਰ ਖਾਨੇ ਵਿਚ ਲੈ ਜਾਇਆ ਜਾਂਦਾ ਅਤੇ ਉਥੇ ਪੜਤਾਲ ਕੀਤੀ ਜਾਂਦੀ ਪ੍ਰੰਤੂ ਕੈਨੇਡਾ ਦੀ ਸਰਕਾਰ ਨੇ ਜਹਾਜ਼ ਨੂੰ ਇਸ ਤਰ੍ਹਾਂ ਘੇਰਾ ਪਾ ਲਿਆ ਜਿਵੇਂ ਉਸ ਵਿਚ ਕੈਦੀ ਹੁੰਦੇ ਹਨ ਅਤੇ ਉਨ੍ਹਾਂ ਦੀ ਨਿਗਰਾਨੀ ਰੱਖਣੀ ਜ਼ਰੂਰੀ ਹੁੰਦੀ ਹੈ । ਸਰਕਾਰੀ ਅਫਸਰਾਂ ਦਾ ਪਹਿਲਾ ਜਥਾ ਪੜਤਾਲ ਕਰਨ ਆਇਆ ਤਾਂ ਜਹਾਜ਼ ਦੇ ਕਪਤਾਨ ਨੇ ਯੋਕੋਹਾਮਾ ਦਾ ਪ੍ਰਵਾਨਗੀ ਪੱਤ੍ਰ ਕੱਢ ਕੇ ਲੁਕਾ ਦਿਤਾ ਅਤੇ ਅਫਸਰਾਂ ਨੂੰ ਇਹ ਜਵਾਬ ਦਿਤਾ ਕਿ ਪ੍ਰਵਾਨਗੀ ਪੱਤ੍ਰ ਨਹੀਂ ਹੈ । ਇਹ ਗੱਲ ਸੁਣ ਕੇ ਸ: ਦਲਜੀਤ ਸਿੰਘ ਸਕੱਤਰ ਨੂੰ ਬਹੁਤ ਗੁਸਾ ਆਇਆ ਤੇ ਉਹ ਕਪਤਾਨ ਦੇ ਦਫਤਰ ਵਿਚੋਂ ਅਸਲੀ ਕਾਗਜ਼ ਲਭ ਲਿਆਇਆ । ਇਸ ਪ੍ਰਕਾਰ ਕਪਤਾਨ ਦੀ ਬੇਈਮਾਨੀ ਦਾ ਭੇਦ ਖੁਲ ਗਿਆ ਤੇ ਮੁਸਾਫਰਾਂ ਪਰ ਪਹਿਲਾ ਹਮਲਾ ਕਰਨ ਦੀ ਚੋਂਦ ਵਿਚੇ ਰਹਿ ਗਈ । ੨੩-੪-੧੯੧੪ ਨੂੰ ਗੁਰੂ ਨਾਨਕ ਜਹਾਜ਼ ਵੈਨਕੋਵਰ ਪੁਜਾ ਸੀ । ੩੧-੫-੧੯੧੪ ਨੂੰ ਡੋਮੀਨੀਅਨ ਹਾਲ ਵਿਚ ਗੁਰੂ ਨਾਨਕ ਜਹਾਜ਼ ਬਾਰੇ ਲੈਕਚਰ ਹੋਏ ਜਿਸ ਤੇ ਕੌਮੀ ਦਾਨੀਆਂ ਨ ਮਾਇਆ ਦੇ ਖੁਲ੍ਹੇ ਗੱਫੇ ਦਿਤੇ ।

ਕੈਨੇਡਾ ਦੀ ਪੁਲੀਸ ਜਹਾਜ਼ ਦਾ ਸਖਤ ਪਹਿਰਾ ਦੇ ਰਹੀ ਸੀ । ਬੰਦਾ ਤਾਂ ਕੀ ਜਾਨਵਰ ਭੀ ਜਹਾਜ਼ ਦੇ ਨੇੜੇ ਨਹੀਂ ਸੀ ਪੁਜ ਸਕਦਾ । ਕੈਨੇਡਾ ਨਿਵਾਸੀ ਹਿੰਦੁਸਤਾਨੀ ਅਤੇ ਖਾਸ ਕਰਕੇ ਸਿੱਖ ਬੰਦਰਗਾਹ ਦੇ ਪਲੇਟ ਫਾਰਮ ਪਰ ਖੜੇ ਆਪਣੇ ਭਰਾਵਾਂ ਦਾ ਸੁਆਗਤ ਕਰਨ ਲਈ ਉਤਾਵਲੇ ਸਨ । ਘਾਟ ਤੇ ਬੇਅੰਤ ਭੀੜ ਸੀ ਪ੍ਰੰਤੂ ਮੁਸਾਫਰਾਂ ਦਾ ਕਸੂਰ ਇਹ ਸੀ ਕਿ ਉਹ ਇਕ ਗੁਲਾਮ ਦੇਸ਼ ਦੇ ਬਾਸ਼ਿੰਦੇ ਸਨ, ਇਸ ਕਰਕੇ ਉਨ੍ਹਾਂ ਦੇ ਦਿਲੀ ਭਾਵਾਂ ਦੀ ਕਦਰ ਕੌਣ ਕਰਦਾ ? ਕੈਨੇਡਾ ਨਿਵਾਸੀ ਹਿੰਦੁਸਤਾਨੀ ਆਪਣੇ ਭਰਾਵਾਂ ਦੇ ਦਰਸ਼ਨਾਂ ਨੂੰ ਤਰਸ ਰਹੇ ਸਨ ਪ੍ਰੰਤੂ ਸਰਕਾਰ ਨੇ ਮੁਸਾਫਰਾਂ ਤੇ ਉਨ੍ਹਾਂ ਦਾ ਸਵਾਗਤ ਕਰਨ ਵਾਲਿਆਂ ਦੇ ਵਿਚਕਾਰ ਧੱਕੇਸ਼ਾਹੀ ਦੀ ਇਕ ਦੀਵਾਰ ਖੜੀ ਕਰ ਦਿਤੀ ਸੀ, ਇਸ ਕਰਕੇ ਉਨ੍ਹਾਂ ਦਾ ਇਕ ਦੂਜੇ ਨਾਲ ਮਿਲਣਾ ਮੁਹਾਲ ਸੀ । ਜਹਾਜ਼ ਪਰ ਪੱਤਰ ਪ੍ਰਤੀਨਿਧ ਆਏ ਤੇ ਉਹ ਬਾਬਾ ਜੀ ਦਾ ਬਿਆਨ ਲਿਖ ਕੇ ਲੈ ਗਏ । ਇਸ ਤੋਂ ਪਿਛੋਂ ਡਾਕਟਰੀ ਪ੍ਰੀਖਿਆ ਹੋਈ ਅਤੇ ਜਹਾਜ਼ ਨੂੰ ਵੈਨਕੋਵਰ ਦੀ ਬੰਦਰਗਾਹ ਪਰ ਲੈ ਜਾਣ ਦੀ ਤਿਆਰੀ ਹੋਈ । ਕੈਨੇਡੀਅਨ ਪੁਲਸ ਦੇ ਪਹਿਰੇ ਵਿਚ ਹੀ ਜਹਾਜ਼ ੨੨ ਮਈ ੧੯੧੪ ਨੂੰ ਵੈਨਕੋਵਰ (ਕੈਨੇਡਾ) ਦੀ ਬੰਦਰਗਾਹ ਵਿਚ ਪੁੱਜ ਗਿਆ ਪ੍ਰੰਤੂ ਕੈਨੇਡਾ ਦੀ ਸਰਕਾਰ ਨੇ ਇਸ ਨੂੰ ਪਲੇਟ ਫਾਰਮ ਤੋਂ ਡੇਢ ਮੀਲ ਦੂਰ ਹੀ ਰੋਕ ਦਿਤਾ । ਇਸ ਦਿਨ ਜਹਾਜ਼ ਦਾ ਸੁਆਗਤ ਕਰਨ ਵਾਲੇ ਹਿੰਦੁਸਤਾਨੀ ਕੈਨੇਡਾ ਤੇ ਅਮਰੀਕਾ ਦੇ ਕੋਨੇ ਕੋਨੇ ਵਿਚੋਂ ਪੁੱਜੇ ਹੋਏ ਸਨ ਅਤੇ ਪਲੇਟ ਫਾਰਮ ਪਰ ਬਹੁਤ ਜ਼ਿਆਦਾ ਭੀੜ ਸੀ, ਪ੍ਰੰਤ ਗੋਰੇ ਸ਼ਾਹੀ ਇਨਸਾਫ ਦਾ ਦੀਵਾਲਾ ਨਿਕਲ ਚੁਕਾ ਸੀ, ਇਸ ਕਰਕੇ ਕਿਸੇ ਭੀ ਸੱਜਨ ਨੂੰ ਜਹਾਜ਼

Digitized by Panjab Digital Library | www.panjabdigilib.org

ਦੇ ਨੇੜੇ ਨਾ ਪਹੁੰਚਣ ਦਿਤਾ ਗਿਆ। ਆਪਣੇ ਭਰਾਵਾਂ ਲਈ ਲਿਆਂਦੀਆਂ ਖਾਣ ਪੀਣ ਦੀਆਂ ਚੀਜ਼ਾਂ ਖਰਾਬ ਹੁੰਦੀਆਂ ਵੇਖ ਕੇ ਹਿੰਦੁਸਤਾਨੀ ਵੀਰਾਂ ਨੇ ਇਮੀਗ੍ਰੇਸ਼ਨ ਮਹਿਕਮੇ ਦੇ ਰਾਹੀਂ ਗੋਰੇ ਸਿਪਾਹੀਆਂ ਹੱਥੀਂ ਜੋ ਚੀਜ਼ਾਂ ਭੇਜੀਆਂ ਉਹ ਗੋਰਿਆਂ ਨੇ ਰਾਹ ਵਿਚ ਖਰਾਬ ਕਰ ਦਿਤੀਆਂ ਅਤੇ ਸਮੁੰਦਰ ਵਿਚ ਗੋਤੇ ਦੇ ਕੇ ਮੁਸਾਫਰਾਂ ਨੂੰ ਫੜਾਉਣ ਲਗੇ। ਜਦ ਉਨ੍ਹਾਂ ਨੇ ਸ਼ਕਾਇਤ ਕੀਤੀ ਤਾਂ ਅਗੋਂ ਕਹਿੰਦੇ ਚੰਗਾ ਹੈ ਸਗੋਂ ਨਮਕੀਨ ਹੋ ਗਈ ਹੈ।

ਕਿਨਾਰੇ ਪਰ ਖੜੇ ਅਤੇ ਜਹਾਜ਼ ਵਿਚ ਕੈਦ ਕੀਤੇ ਹਿੰਦੁਸਤਾਨੀਆਂ ਨੂੰ ਅਜ ਚੰਗੀ ਤਰ੍ਹਾਂ ਅਹਿਸਾਸ ਹੋ ਗਿਆ ਕਿ ਗੁਲਾਮਾਂ ਦੀ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ। ਸਭ ਦੀਆਂ ਅਖਾਂ ਵਿਚੋਂ ਤ੍ਰੁੱਪ ਤ੍ਰੁੱਪ ਹੰਝੂ ਕਿਰ ਰਹੇ ਸਨ ਤੇ ਉਨ੍ਹਾਂ ਦੇ ਦਿਲਾਂ ਵਿਚ ਗੋਰਿਆਂ ਵਿਰੁਧ ਰੋਸ ਦਾ ਜ਼ਬਰਦਸਤ ਜਜ਼ਬਾ ਪੈਦਾ ਹੋ ਗਿਆ। ਹਰ ਹਿੰਦੁਸਤਾਨੀ ਇਹ ਸੋਚਣ ਲਈ ਮਜ਼ਬੂਰ ਸੀ ਕਿ ਜਿਨ੍ਹਾਂ ਹਿੰਦੁਸ-ਤਾਨੀਆਂ ਨੂੰ ਅੰਗਰੇਜ਼ੀ ਫੌਜਾਂ ਵਿਚ ਭਰਤੀ ਕਰਕੇ ਦੁਨੀਆਂ ਦੇ ਜਿਸ ਦੇਸ਼ ਵਿਰੁਧ ਲੜਾਉਣਾ ਚਾਹੁਣ ਲੜਾਉਣ ਲਈ ਲੈ ਜਾਂਦੇ ਹਨ ਅਤੇ ਬਲਦੀ ਦੇ ਬੂਥੇ ਝੋਕ ਦਿੰਦੇ ਹਨ ਉਨ੍ਹਾਂ ਨੂੰ ਹੀ ਅਜ ਆਪਣੀ ਇਕ ਕਾਲੋਨੀ ਵਿਚ ਉਤਰਨ ਨਹੀਂ ਦਿੰਦੇ। ਬਾਬਾ ਗੁਰਦਿਤ ਸਿੰਘ ਦੇ ਕਿਸੇ ਮਿੱਤ੍ਰ ਨੂੰ ਇਨ੍ਹਾਂ ਪਾਸ ਪੁਜਣ ਨਹੀਂ ਦਿਤਾ ਗਿਆ ਤੇ ਨਾ ਹੀ ਉਹਨਾਂ ਦੇ ਕੀਤੇ ਵਕੀਲ ਮਿਸਟਰ ਬਰਡ ਨੂੰ ਗਲ ਬਾਤ ਨਹੀਂ ਕਰਨ ਦਿਤੀ। ਸਰਕਾਰ ਦੇ ਇਸ ਜ਼ੁਲਮ ਵਿਰੁਧ ਭਾਰਤ ਵਾਸੀਆਂ ਵਿਚ ਸਖਤ ਰੋਸ ਪੈਦਾ ਹੋ ਗਿਆ। ਖਾਲਸਾ ਕਮੇਟੀ ਵਲੋਂ ਬ੍ਰਤਾਨੀਆਂ ਦੇ ਬਾਦਸ਼ਾਹ ਜਾਰਜ ਪੰਜਮ ਨੂੰ ਤਾਰ ਪਾਈ ਕਿ ਸਾਡਾ ਜਹਾਜ਼ ਧੱਕੇ ਨਾਲ ਕਿਨਾਰੇ ਨਹੀਂ ਲਗਣ ਦਿੰਦੇ ਆਪ ਕਿਰਪਾ ਕਰਕੇ ਸਾਡੇ ਨਾਲ ਇਨਸਾਫ ਕਰਾਓ। ਇਸ ਦਾ ਉਤ੍ਰ ਇਹ ਮਿਲਿਆ ਕਿ ਅਫਸੋਸ ਬਾਦਸ਼ਾਹ ਸਲਾਮਤ ਕੋਈ ਦਖਲ ਨਹੀਂ ਦੇ ਸਕਦੇ।

ਓਟਾਵਾ ਸ੍ਰਕਾਰ, ਹਿੰਦ ਸ੍ਰਕਾਰ, ਬ੍ਰਿਟਿਸ਼ ਪਾਰਲੀਮੈਂਟ, ਮਹਾਰਾਜਾ ਨਾਭਾ ਤੇ ਪਟਿਆਲਾ, ਚੀਫ ਖਾਲਸਾ ਦੀਵਾਨ, ਹਿੰਦੂ ਸਭਾ ਆਦਿ ਨੂੰ ਬਾਬਾ ਜੀ ਨੇ ਕੈਨੇਡਾ ਦੀ ਸਰਰਾਰ ਨੂੰ ਭੀ ਨੋਟਿਸ ਤਾਰਾਂ ਪਾਈਆਂ ਗਈਆਂ ਪਰ ਬੇਫਾਇਦਾ। ਜਹਾਜ਼ ਪੰਜ ਦਿਨ ਘਿਰਿਆ ਖੜੋਤਾ ਰਿਹਾ। ਮੁਸਾਫਰਾਂ ਪਾਸ ਖਾਣ ਨੂੰ ਭੀ ਕੁਝ ਨਹੀਂ ਸੀ। ਪਾਣੀ ਭੀ ਜਹਾਜ਼ ਵਿਚੋਂ ਮੁਕ ਗਿਆ ਜਿਸ ਕਰਕੇ ਸਖਤ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਿਛੋਂ ਇਮੀਗ੍ਰੇਸ਼ਮ ਅਫਸਰ ਮਿ: ਰੀਡ ਵਲੋਂ ਦੁਭਾਸੀਆ ਹਾਪ-ਕਿਨਸਨ ਜਹਾਜ਼ ਪਰ ਆਇਆ। ਉਹ ਬਾਬਾ ਗੁਰਦਿਤ ਸਿੰਘ ਜੀ ਨੂੰ ਕਹਿਣ ਲਗਾ ਮੈਂ ਆਪ ਜੀ ਨਾਲ ਗੁਪਤ ਗਲਬਾਤ ਕਰਨੀ ਹੈ। ਇਹ ਕਹਿ ਕੇ ਉਹ ਆਪ ਨੂੰ ਉਪਰਲੀ ਛਤ ਪਰ ਲੈ ਗਿਆ ਅਤੇ ਕਹਿਣ ਲਗਾ ਕਿ ਜੇ ਆਪ ਦੋ ਹਜ਼ਾਰ ਪੌਂਡ ਦੀ ਰਕਮ ਮੈਨੂੰ ਦਿਓ ਤਾਂ ਮੈ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਦਿਵਾ ਸਕਦਾ ਹਾਂ। ਤੰਗ ਆਏ ਹੋਏ ਬਾਬਾ ਜੀ ਨੇ ਇਹ ਗਲ ਭੀ ਮੰਨ ਲਈ ਪ੍ਰਤੂ ਉਸ ਨੂੰ ਕਿਹਾ ਇਕ ਹਜ਼ਾਰ ਹੁਣ ਲੈ ਲਵੋ ਤੇ ਇਕ ਹਜ਼ਾਰ ਮੁਸਾਫਰਾਂ ਦੇ ਉਤਰਨ ਪਿਛੋਂ ਦੇ ਦਿਆਂ ਗਾ। ਇਸ ਪਰ ਮਿਸਟਰ ਕਿਨਸਨ ਕਹਿਣ ਲਗੇ ਆਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੁਗੰਧ ਖਾਉ ਕਿ ਮੈਂ ਇਹ ਰਕਮ ਕਿਸੇ ਨੂੰ ਨਹੀਂ ਦਸਾਂਗਾ।

ਇਸ ਪਰ ਬਾਬਾ ਜੀ ਨੇ ਸੋਚਿਆ ਕਿ ਇਹ ਰਕਮ ਭੀ ਬਨਣ ਵਾਲੀ ਕੰਪਨੀ ਦੇ ਹਿਸਾਬ ਵਿਚ ਹੀ ਦੇਣੀ ਹੈ ਇਸ ਕਰਕੇ ਕੰਪਨੀ ਦੇ ਮੈਂਬਰਾਂ ਪਾਸ ਭੇਦ ਜ਼ਰੂਰ ਖੋਹਲਣਾ ਪਵੇਗਾ। ਇਹ ਸੋਚ ਕੇ ਬਾਬਾ ਜੀ ਨੇ ਸੁਗੰਧ ਚੁਕਣ ਤੋਂ ਨਾਂਹ ਕਰ ਦਿਤੀ ਅਤੇ ਮਿਃ ਕਿਨਸਨ "ਮੈਂ ਤੈਨੂੰ ਦੇਖਾਂਗਾ" ਕਹਿਕੇ ਉਤਰ ਗਿਆ। ਇਸ ਤੋਂ ਪਿਛੋਂ ਤਾਂ ਇਮੀਗ੍ਰੇਸ਼ਨ ਮਹਿਕਮੇ ਦਾ ਗੁਸਾ ਹੋਰ ਭੜਕ ਉਠਿਆ ਅਤੇ ਉਨ੍ਹਾਂ ਨੇ ਮੁਸਾਫਰਾਂ ਨੂੰ ਬਹੁਤ ਤੰਗ ਕਰਨਾ ਸ਼ੁਰੂ ਕਰ ਦਿਤਾ। ਜਹਾਜ਼ ਦੇ ਕਪਤਾਨ ਨੇ ਮਹਿਕਮਾ ਇਮੀਗ੍ਰੇਸ਼ਨ ਨੂੰ

Digitized by Panjab Digital Library | www.panjabdigilib.org

ਖਬਰ ਦੇ ਦਿਤੀ ਸੀ ਕਿ ਜਹਾਜ਼ ਦੇ ਠੇਕੇਦਾਰਾਂ ਨੇ ਜਹਾਜ਼ ਦੇ ਮਾਲਕਾਂ ਨੂੰ ੨੨ ਹਜ਼ਾਰ ਡਾਲਰ ਦੀ ਕਿਸ਼ਤ ੪ ਜੂਨ ਤਕ ਅਦਾ ਕਰਨੀ ਹੈ ਇਸ ਕਰ ਕੇ ਜੇ ਉਹ ਅਦਾ ਨਾ ਕਰ ਸਕਿਆ ਤਾਂ ਉਸ ਪਾਸੋਂ ਜਹਾਜ਼ ਖੋਹ ਲਿਆ ਜਾਵੇਗਾ। ਬਾਬਾ ਜੀ ਦਾ ਖਾਲਸਾ ਦੀਵਾਨ ਕੈਨੇਡਾ ਨਾਲ ਗੁਪਤ ਪੱਤ੍ਰ ਵਿਵਹਾਰ ਜਾਰੀ ਸੀ। ਸ: ਭਾਗ ਸਿੰਘ ਜੀ ਤੇ ਮਿ: ਰਹੀਮ ਉਸ ਸਮੇਂ ਕੈਨੇਡਾ ਨਿਵਾਸੀ ਹਿੰਦੁਸਤਾਨੀਆਂ ਦੇ ਲੀਡਰ ਸਨ। ਉਹ ਕਿਸ਼ਤ ਦਾ ਰੁਪਇਆ ਦੇਣ ਲਈ ਤਿਆਰ ਸਨ ਪ੍ਰੰਤੂ ਇਹ ਪ੍ਰਬੰਧ ਤਾਂ ਤਦ ਹੋ ਸਕਦਾ ਜੇ ਬਾਬਾ ਜੀ ਨੂੰ ਉਤਰ ਕੇ ਇਨ੍ਹਾਂ ਨੂੰ ਮਿਲਣ ਦਿੰਦੇ।

ਬਾਬਾ ਜੀ ਨੇ ਫਿਰ ਭੀ ਹੌਸਲਾ ਨਾ ਹਾਰਿਆ ਤੇ ਸ: ਭਾਗ ਸਿੰਘ ਜੀ ਤੇ ਮਿ: ਰਹੀਮ ਨੂੰ ਲਿਖਿਆ ਕਿ ਆਪ ਕਿਸ਼ਤ ਅਦਾ ਕਰ ਦਿਉ। ਉਹ ਰਕਮ ਲੈਕੇ ਕੰਪਨੀ ਦੇ ਮਾਲਕਾਂ ਨੂੰ ਦੇਣ ਗਏ ਪ੍ਰੰਤੂ ਉਨ੍ਹਾਂ ਨੇ ਨਾ ਲਈ। ਫਿਰ ਉਨ੍ਹਾਂ ਨੇ ਇਕ ਵਕੀਲ ਭੇਜ ਕੇ ਬਾਬਾ ਜੀ ਪਾਸੋਂ ਸਹੀ ਪੁਆਣੀ ਚਾਹੀ ਪ੍ਰੰਤੂ ਵਕੀਲ ਨੂੰ ਕਪਤਾਨ ਟੋਮੇ ਨੇ ਜਹਾਜ਼ ਪਰ ਨਾ ਚੜ੍ਹਨ ਦਿਤਾ, ਜਿਸ ਕਰਕੇ ਚਾਰਟਰ ਪਾਰਟੀ ਦੀ ਸ਼ਰਤ ਭੰਗ ਹੋ ਗਈ। ਇਸ ਤੋਂ ਪਿਛੋਂ ਬਾਬਾ ਜੀ ਨੇ ਕਪਤਾਨ ਨੂੰ ਨੋਟਿਸ ਦਿਤਾ ਕਿ ਆਪ ਨੇ ਮੇਰੇ ਡਾਕਟਰ ਨੂੰ ਜਹਾਜ਼ ਤੇ ਨਹੀਂ ਆਉਣ ਦਿਤਾ। ਇਸ ਦੇ ਕਾਰਣ ਜੋ ਸ਼ਰਤ ਭੰਗ ਹੋਈ ਹੈ ਉਸ ਦੀ ਜ਼ੁੰਮੇਵਾਰੀ ਆਪ ਦੇ ਸਿਰ ਹੈ, ਇਸ ਗੱਲ ਤੋਂ ਖਿੱਝ ਕੇ ਕਪਤਾਨ ਨੇ ਕਿਹਾ ਆਪ ਨੇ ਕਿਸ਼ਤ ਅਦਾ ਨਹੀਂ ਕੀਤੀ ਇਸ ਕਰ ਕੇ ਜਹਾਜ਼ ਦਾ ਕਬਜ਼ਾ ਆਪ ਪਾਸੋਂ ਲਿਆ ਜਾਂਦਾ ਹੈ। ਉਸ ਨੇ ਇਹ ਭੀ ਕਿਹਾ ਕਿ ਜੇ ਜਹਾਜ਼ ਦਾ ਕਬਜ਼ਾ ਸ: ਭਾਗ ਸਿੰਘ ਤੇ ਮਿ: ਰਹੀਮ ਦੇ ਹਵਾਲੇ ਕਰ ਦਿਤਾ ਜਾਵੇ ਤਾਂ ਤੁਸੀਂ ਖੁਸ਼ ਹੋ। ਬਾਬਾ ਜੀ ਨੇ ਕਿਹਾ ਮੈਂ ਤਿਆਰ ਹਾਂ। ਜਹਾਜ਼ ਦੇ ਏਜੰਟ ਨੇ ਛੇਕੜਲੀ ਕਿਸ਼ਤ ਦਾ ਰੁਪਇਆ ਭੀ ਸ: ਭਾਗ ਸਿੰਘ ਜੀ ਪਾਸੋਂ ਵਸੂਲ ਕਰ ਲਿਆ ਅਤੇ ਜਹਾਜ਼ ਦਾ ਕਬਜ਼ਾ ਉਨ੍ਹਾਂ ਨੂੰ ਭੀ ਨਾ ਦਿਤਾ। ਬਾਬਾ ਜੀ ਨੇ ਕੋਇਲਾ ਮਿ: ਰਹੀਮ ਪਾਸ ਵੇਚ ਦਿਤਾ ਪ੍ਰੰਤੂ ਸਰਕਾਰ ਨੇ ਉਨ੍ਹਾਂ ਨੂੰ ਭੀ ਕੋਇਲਾ ਉਤਾਰਨ ਦੀ ਆਗਿਆ ਨਾ ਦਿਤੀ।

ਮਹਿਕਮੇ ਨੇ ਇਕ ਹੋਰ ਚਾਲ ਚਲੀ ਕਿ ਇਕ ਅਫਸਰ ਕਾਗਜ਼ਾਂ ਤੇ ਪੁਸਤਕਾਂ ਦਾ ਇਕ ਬੰਡਲ ਲੈਕੇ ਆਇਆ ਅਤੇ ਕਹਿਣ ਲਗਾ ਇਹ ਆਪ ਦੇ ਪੜ੍ਹਨ ਲਈ ਹੈ। ਜਦ ਖੋਲ੍ਹਿਆ ਗਿਆ ਤਾਂ ਉਸ ਵਿਚ ਗਦਰ ਅਖਬਾਰ ਦੇ ਪਰਚੇ ਤੇ ਇਤਰਾਜ਼ ਯੋਗ ਪੁਸਤਕਾਂ ਸਨ। ਮੁਸਾਫਰਾਂ ਨੇ ਉਹ ਸਭ ਵਾਪਸ ਕਰ ਦਿਤੀਆਂ ਅਤੇ ਕਿਹਾ ਕਿ ਅਸੀਂ ਤਾਂ ਅਮਨ ਪਸੰਦ ਹਾਂ ਅਗੇ ਤੋਂ ਸਾਡੇ ਪਾਸ ਇਹ ਪਰਚੇ ਨਾ ਭੇਜਣਾ। ਇਮੀਗ੍ਰੇਸ਼ਨ ਵਾਲੇ ਇਹ ਚਾਹੁੰਦੇ ਸਨ ਕਿ ਜਹਾਜ਼ ਦੇ ਮੁਸਾਫਰਾਂ ਨੂੰ ਇਨਕਲਾਬੀ ਸਾਬਤ ਕੀਤਾ ਜਾਵੇ ਪ੍ਰੰਤੂ ਉਨ੍ਹਾਂ ਦੀ ਇਹ ਚਾਲ ਭੀ ਵਿਅਰਥ ਗਈ। ਜਹਾਜ਼ ਦੇ ਮੁਸਾਫਰਾਂ ਨੇ ਸਮਝ ਲਿਆ ਸੀ ਕਿ ਸਰਕਾਰ ਉਨ੍ਹਾਂ ਨੂੰ ਭੁਖਾ ਤਿਹਾਇਆ ਮਾਰਨਾ ਚਾਹੁੰਦੀ ਹੈ। ਉਨ੍ਹਾਂ ਨੇ ਅਕਾਲ ਪੁਰਖ ਵਾਹਿਗੁਰੂ ਪਾਸ ਅਰਦਾਸਾ ਕੀਤੀਆਂ ਕਿ ਇਹੋ ਜਿਹੇ ਜ਼ਾਲਮਾਂ ਦਾ ਬੇੜਾ ਗਰਕ ਹੋਵੇ। ਸ਼ਾਇਦ ਇਸ ਦਾ ਹੀ ਅਸਰ ਹੋਇਆ ਕਿ ਗੋਰਿਆਂ ਦਾ ਤੇਰ੍ਹਾਂ ਸੌ ਮੁਸਾਫਰਾਂ ਦਾ ਇਕ ਭਰਿਆ ਜਹਾਜ਼ ਜੋ ਇੰਗਲੈਂਡ ਤੋਂ ਕੈਨੇਡਾ ਨੂੰ ਆ ਰਿਹਾ ਸੀ, ਡੁਬ ਗਿਆ ਅਤੇ ਉਸ ਵਿਚੋਂ ਘਟ ਹੀ ਮੁਸਾਫਰ ਬਚੇ। ਅੰਗਰੇਜ਼ਾਂ ਨੇ ਖੁਦਾ ਦੀ ਇਸ ਆਵਾਜ਼ ਨੂੰ ਫਿਰ ਭੀ ਨਾ ਸੁਣਿਆ।

ਸ: ਭਾਗ ਸਿੰਘ ਤੇ ਮਿ: ਰਹੀਮ ੨੫ ਹਜ਼ਾਰ ਡਾਲਰ ਖਰਚ ਕਰ ਚੁਕੇ ਸਨ ਤੇ ਜਹਾਜ਼ ਦਾ ਚਾਰਟਰ ਉਨ੍ਹਾਂਦੇ ਨਾਮ ਹੋ ਚੁਕਾ ਸੀ, ਇਸ ਲਈ ਉਨ੍ਹਾਂ ਨੇ ਸਰਕਾਰ ਨੂੰ ਨੋਟਿਸ ਦਿਤਾ ਕਿ ਜਹਾਜ਼ ਖਾਲੀ ਕਰਕੇ ਸਾਡੇ ਹਵਾਲੇ ਕੀਤਾ ਜਾਵੇ ਪ੍ਰੰਤੂ ਉਨ੍ਹਾਂ ਦੀ ਕੌਣ ਸੁਣਦਾ ਸੀ। ਇਨ੍ਹਾਂ ਦੋਹਾਂ ਸੱਜਨਾਂ ਨੇ ਇਹ ਭੀ ਕਹਾ ਕਿ ਅਸੀਂ ਇਕ ਲੱਖ ਡਾਲਰ ਮੁਸਾਫਰਾਂ ਦੀ ਜ਼ਮਾਨਤ ਵਜੋਂ ਬੈਂਕ ਵਿਚ ਜਮ੍ਹਾਂ ਕਰਾ ਦਿੰਦੇ ਹਾਂ

Digitized by Panjab Digital Library | www.panjabdigilib.org

ਮੁਸਾਫਰਾਂ ਨੂੰ ਉਤਾਰ ਕੇ ਸਰਕਾਰ ਆਪਣੀ ਨਿਗਰਾਨੀ ਵਿਚ ਰੱਖੇ ਤੇ ਉਨ੍ਹਾਂ ਨੂੰ ਕਾਨੂੰਨੀ ਚਾਰਾ ਜੋਈ ਕਰਨ ਦੇਵੇ। ਜੇ ਅਦਾਲਤ ਦਾ ਫੈਸਲਾ ਉਨ੍ਹਾਂ ਦੇ ਉਲਟ ਹੋਵੇ ਤਾਂ ਜਹਾਜ਼ ਉਨ੍ਹਾਂ ਨੂੰ ਵਾਪਸ ਲੈ ਜਾਵੇਗਾ। ਜਦ ਤਕ ਇਹ ਫੈਸਲਾ ਨਹੀਂ ਹੁੰਦਾ ਜ਼ਹਾਜ਼ ਨੂੰ ਚਲਦਾ ਰੱਖਣ ਲਈ ਸਾਡੇ ਹਵਾਲੇ ਕੀਤਾ ਜਾਵੇ। ਜੇ ਅਸੀਂ ਇਨ੍ਹਾਂ ਸ਼ਰਤਾਂ ਪਰ ਅਮਲ ਨਾ ਕਰੀਏ ਤਾਂ ਸਾਡਾ ਰੁਪਇਆ ਜ਼ਬਤ ਕਰਕੇ ਮੁਸਾਫਰਾਂ ਨੂੰ ਉਸ ਵਿਚੋਂ ਕਰਾਇਆ ਦਿਤਾ ਜਾਵੇ।

ਇਸ ਨੂੰ ਭੀ ਸਰਕਾਰ ਨੇ ਰਦੀ ਦੀ ਟੋਕਰੀ ਵਿਚ ਸੁੱਟ ਦਿਤਾ ਕਿਉਂਕਿ ਸਰਕਾਰ ਬ੍ਰਤਾਨੀਆਂ ਨੇ ਕੈਨੇਡਾ ਦੀ ਸਰਕਾਰ ਨੂੰ ਲਿਖਿਆ ਸੀ ਕਿ ਇਸ ਜਹਾਜ਼ ਨੂੰ ਤਬਾਹ ਕਰਨਾਂ ਹੈ। ਇਸ ਕਰਕੇ ਉਥੇ ਮਜ਼ਲੂਮਾਂ ਦੀ ਕੌਣ ਸੁਣਦਾ ਸੀ। ਬ੍ਰਤਾਨਵੀ ਸਰਕਾਰ ਦੇ ਇਨਸਾਫ ਦਾ ਨਮੂਨਾ। ਇਕ ਮੁਨਸ਼ੀ ਨਾਮੇ ਮੁਸਾਫਰ ਪਾਸੋਂ ਆਪਣੀ ਮਰਜ਼ੀ ਦੇ ਬਿਆਨ ਕਰਾਕੇ ਉਸ ਦਾ ਫੈਸਲਾ ਸਭ ਦੇ ਮੱਥੇ ਮੜ੍ਹ ਦਿਤਾ। ਸਿਆਣੇ ਭਾਰਤਵਾਸੀ ਤੇ ਖੁਦ ਬਾਬਾ ਗੁਰਦਿਤ ਸਿੰਘ ਜੀ ਇਹ ਕਹਿੰਦੇ ਹੀ ਰਹੇ ਕਿ ਸਾਨੂੰ ਅਦਾਲਤ ਵਿਚ ਲੈ ਚਲੋ ਅਸੀਂ ਅਦਾਲਤ ਦਾ ਫੈਸਲਾ ਮੰਨਾਂਗੇ ਪ੍ਰੰਤੂ ਇਨਸਾਫ ਪ੍ਰਾਪਤ ਕਰਨ ਦਾ ਕਾਨੂੰਨੀ ਢੰਗ ਤਾਂ ਵਰਤਣ ਦਿਉ, ਪਰ ਉਨ੍ਹਾਂ ਦੀ ਇਕ ਨਾ ਸੁਣੀ ਗਈ। ਬਾਬਾ ਜੀ ਨੇ ਕਿਹਾ ਅਸੀਂ ਆਪਣਾ ਜਹਾਜ਼ ਬਰਾਜ਼ੀਲ ਲੈ ਜਾਂਦੇ ਹਾਂ, ਪਰ ਉਧਰ ਭੀ ਨਾ ਜਾਣ ਦਿਤਾ ਗਿਆ ਅਤੇ ਜਹਾਜ਼ ਨੂੰ ਜੰਗੀ ਜਹਾਜ਼ਾਂ ਨਾਲ ਡੋਬਣ ਦੀਆਂ ਧਮਕੀਆਂ ਦੇਕੇ ਵਾਪਸ ਕਰ ਦਿਤਾ ਗਿਆ।

ਇਥੇ ਇਹ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ ਕਿ ਜਹਾਜ਼ ਦੇ ਮੁਸਾਫਰ ਭੁੱਖ ਤੇਹ ਨਾਲ ਅਤਿ ਵਿਆਕਲ ਹੋ ਰਹੇ ਸਨ। ਇਕ ਦਿਨ ਇਕ ਬੱਚਾ ਬੇਹੋਸ਼ ਹੋ ਗਿਆ ਤਾਂ ਬਾਬਾ ਜੀ ਨੇ ਜਾਪਾਨੀ ਕਪਤਾਨ ਦੇ ਕਮਰੇ ਵਿਚੋਂ ਪਾਣੀ ਦੀ ਬੋਤਲ ਲਿਆਕੇ ਉਸ ਦੀ ਜਾਨ ਬਚਾਈ। ਇਕ ਦਿਨ ਮੁਸਾਫਰ ਨੇ ਜਹਾਜ਼ ਦੇ ਜਾਪਾਨੀ ਖਲਾਸੀਆਂ ਪਾਸੋਂ ਪਾਣੀ ਖੋਹ ਕੇ ਪੀਤਾ। ਸਰਕਾਰ ਨੇ ਜੰਗੀ ਜਹਾਜ਼ ਰੈਨਬੋ ਤੇ ਇਕ ਹੋਰ ਭੇਜ ਕੇ ਉਨ੍ਹਾਂ ਪਰ ਤੋਪਾਂ ਬੀੜ ਕੇ ਜਹਾਜ਼ ਨੂੰ ਵਾਪਸ ਜਾਣ ਲਈ ਧਮਕੀਆਂ ਦਿਤੀਆਂ ਤਾਂ ਦੁਖੀ ਹੋਏ ਮੁਸਾਫਰਾਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਜਹਾਜ਼ ਨੂੰ ਅੱਗ ਲਗਾ ਕੇ ਵਿਚੇ ਸੜ-ਮਰੀਏ ਅਤੇ ਕੈਨੇਡਾ ਦੀ ਸਰਕਾਰ ਦੇ ਮੱਥੇ ਐਸਾ ਕਲੰਕ ਲਗਾਈਏ ਜੋ ਕਦੇ ਨਾ ਮਿੱਟ ਸਕੇ। ਉਧਰ ਕੈਨੇਡਾ ਨਿਵਾਸੀ ਭਾਰਤੀਆਂ ਨੇ ਫੈਸਲਾਂ ਕਰ ਲਿਆ ਕਿ ਜੇ ਜਹਾਜ਼ ਨੂੰ ਤਬਾਹ ਕੀਤਾ ਗਿਆ ਤਾਂ ਉਹ ਸ਼ਹਿਰ ਨੂੰ ਤਬਾਹ ਕਰ ਦੇਣਗੇ। ਉਨ੍ਹਾਂ ਨੇ ਝੰਡੀ ਨਾਲ ਜਹਾਜ਼ ਵਾਲਿਆਂ ਨੂੰ ਇਹ ਫੈਸਲੇ ਦੀ ਖਬਰ ਦੇ ਦਿਤੀ ਸੀ। ਪ੍ਰੰਤੂ ਪਿਛੋਂ ਬਾਬਾ ਗੁਰਦਿਤ ਸਿੰਘ ਜੀ ਨੇ ਸਮਝਾ ਬੁਝਾ ਕੇ ਜਹਾਜ਼ ਨੂੰ ਅੱਗ ਲਾਉਣ ਦਾ ਫੈਸਲਾ ਰੱਦ ਕਰਵਾ ਦਿਤਾ ਅਤੇ ਮੁਕਾਬਲੇ ਦੀਆਂ ਤਿਆਰੀਆਂ ਕਰਨ ਲੱਗੇ। ਗੋਰਿਆਂ ਦਾ ਇਕ ਸਮੁੰਦਰੀ ਸ਼ੇਰ ਨਾਮੀ ਜਹਾਜ਼ ਸ੍ਰੀ ਗੁਰੂ ਨਾਨਕ ਕੈਨੇਡਾ ਜਹਾਜ਼ ਪਰ ਹਮਲਾ ਕਰਨ ਆਇਆ ਤਾਂ ਹਿੰਦਸਤਾਨੀਆਂ ਨੇ ਅਗੋਂ ਸਖਤ ਮੁਕਾਬਲਾ ਕੀਤਾ ਤੇ ਗੋਰੇ ਪੂਛ ਦਬਾਕੇ ਨਸ ਗਏ। ਗੋਰਿਆਂ ਪਾਸ ਪਸਤੌਲ ਤੇ ਬੰਦੂਕਾਂ ਸਨ, ਅਤੇ ਇਧਰ ਸਿੰਘਾਂ ਪਾਸ ਕੇਵਲ ਪਥਰ ਦੇ ਕੋਇਲੇ। ਗੋਲੀ ਚਲਨ ਨਾਲ ਜਹਾਜ਼ ਦੇ ਕਈ ਮੁਸਾਫਰ ਜ਼ਖਮੀ ਹੋ ਗਏ ਪ੍ਰੰਤੂ ਉਨ੍ਹਾਂ ਨੇ ਸਮੁੰਦਰੀ ਸ਼ੇਰ ਨੂੰ ਭਜਾ ਦਿਤਾ। ਇਹ ਹਮਲਾ ਰਾਤ ਨੂੰ ਹੋਇਆ। ਸਵੇਰੇ ਦਿਨ ਚੜ੍ਹਦਿਆਂ ਹੀ ਇਸ ਹਮਲੇ ਦੀਆਂ ਖਬਰਾਂ ਅਖਬਾਰਾਂ ਵਿਚ ਪ੍ਰਕਾਸ਼ਤ ਹੋ ਗਈਆਂ ਅਤੇ ਉਹ ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਲੱਗੇ। ਇਹ ਵੇਖਕੇ ਮਹਿਕਮਾ ਇਮੀਗ੍ਰੇਸ਼ਨ ਦੀ ਮੰਗ ਅਨੁਸਾਰ ਸਰਕਾਰ ਨੇ ੩੦੦੦੦ ਫੌਜ ਭੇਜ ਦਿਤੀ ਅਤੇ ਉਹ ਬੰਦਰਗਾਹ ਦੀ ਰਾਖੀ ਕਰਨ ਲਈ ਤਿਆਰ ਖੜੀ ਸੀ। ਇਹ ਭੀ ਪਤਾ ਲਗਿਆ ਸੀ ਕਿ ਜ਼ਾਲਮ ਅੰਗਰੇਜ਼ ਅਫਸਰਾਂ ਨੇ ਜਹਾਜ਼ ਨੂੰ ਡੋਬਣ ਦੀ ਸਾਜ਼ਸ਼ ਤਿਆਰ ਕੀਤੀ ਸੀ ਪ੍ਰੰਤੂ ਪਤਾ ਨਹੀਂ ਕਿਉਂ ਉਹ ਇਸ ਵਿਚ ਸਫਲ ਨਾ ਹੋਏ।

Digitized by Panjab Digital Library | www.panjabdigilib.org

ਜਦੋਂ ਦੋਵੇ ਜੰਗੀ ਜਹਾਜ਼ ਆ ਕੇ ਗੁਰੂ ਨਾਨਕ ਬੋਰਿਬ ਦੇ ਪਾਸ ਖੜੇ ਹੋ ਗਏ ਤਾਂ ਉਨ੍ਹਾਂ ਨੇ (ਰੇਨਬੋ ਦੇ ਕਪਤਾਨ ਨੇ) ਕਿਹਾ ਕਿ ਦੋ ਘੰਟੇ ਦੇ ਅੰਦਰ ਅੰਦਰ ਜਹਾਜ਼ ਵਾਪਸ ਮੋੜੋ ਨਹੀਂ ਤਾਂ ਸਾਰੇ ਮਾਰ ਦਿਤੇ ਜਾਉਗੇ। ਇਸ ਦਾ ਉਤਰ ਮੁਸਾਫਰਾਂ ਨੇ ਇਹ ਦਿਤਾ ਕਿ ਅਸੀਂ ਮਰਨ ਲਈ ਤਿਆਰ ਹਾਂ ਪ੍ਰੰਤੂ ਬਿਨਾ ਰਸਦ ਪਾਣੀ ਲਏ ਵਾਪਸ ਨਹੀਂ ਜਾਵਾਂਗੇ। ਜੰਗੀ ਜਹਾਜ਼ ਦੀਆਂ ਧਮਕੀਆਂ ਨੇ ਭਾਰਤ ਵਾਸੀਆਂ ਪਰ ਕੋਈ ਅਸਰ ਨਾ ਕੀਤਾ। ਜਹਾਜ਼ ਕਮੇਟੀ ਨੇ ਕੈਨੇਡਾ ਸਰਕਾਰ ਨੂੰ ਕਿਹਾ ਕਿ ਰਸਦ ਦਿਉ ਅਤੇ ਇਸ ਗੱਲ ਦਾ ਭਰੋਸਾ ਦਿਵਾਉ ਕਿ ਜਹਾਜ਼ ਨੂੰ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਤਾਂ ਅਸੀਂ ਵਾਪਸ ਜਾਣ ਲਈ ਤਿਆਰ ਹੋ ਸਕਦੇ ਹਾਂ। ਜੰਗੀ ਜਹਾਜ਼ ਦੇ ਅਫਸਰਾਂ ਨੇ ਭੀ ਇਹੋ ਰੀਪੋਟਾਂ ਕੀਤੀਆਂ ਕਿ ਹਿੰਦੀ ਮਰਨ ਮਾਰਨ ਲਈ ਤਿਆਰ ਹਨ। ਇਹ ਭੀ ਪਤਾ ਲਗਾ ਹੈ ਕਿ ਕੈਨੇਡੀ ਸਿੱਖਾਂ ਨੇ ਫੈਸਲਾ ਕੀਤਾ ਹੈ ਕਿ ਜੇ ਜਹਾਜ਼ ਨੂੰ ਸਰਕਾਰ ਨੇ ਤਬਾਹ ਕੀਤਾ ਤਾਂ ਉਸੇ ਸਮੇਂ ਰਾਤ ਨੂੰ ਵੈਨਕੋਵਰ ਸ਼ਹਿਰ ਨੂੰ ਫੂਕ ਕੇ ਸੁਆਹ ਕਰ ਦੇਣਾ ਹੈ।

ਸਭ ਪਾਸਿਆਂ ਤੋਂ ਦਬਾ ਪਿਆ ਤਾਂ ਕੈਨੇਡਾ ਦੀ ਸਰਕਾਰ ਨੇ ਕੈਨੇਡਾ ਨਿਵਾਸੀ ਹਿੰਦੀਆਂ ਨੂੰ ਕਿਹਾ ਕਿ ਆਪ ਜਾਕੇ ਜਹਾਜ਼ ਵਾਲਿਆਂ ਨੂੰ ਸਮਝਾਉ ਕਿ ਅਸੀਂ ਰਸਦ ਆਦਿ ਦੇਣ ਲਈ ਤਿਆਰ ਹਾਂ। ਇਹ ਗਲ ਸੁਣ ਕੇ ੨੧-੭-੧੯੧੪ ਨੂੰ ਗੁਰੂ ਨਾਨਕ ਜਹਾਜ਼ ਵਿਚ ਬੰਦ ਭਰਾਵਾਂ ਨਾਲ ਗੁਰ-ਮੱਤਾ ਸੋਧਣ ਵਾਸਤੇ ਹੇਠ ਲਿਖੇ ਸੱਜਣ ਆਏ।

(੧) ਸ: ਮਿਤ ਸਿੰਘ ਜੀ ਪੰਡੋਰੀ (ਲੁਧਿਆਣਾ), (੨) ਸ: ਉਤਮ ਸਿੰਘ ਹਾਂਸ (ਲੁਧਿਆਣਾ), (੩) ਸ੍ਰੀ ਮੁਹੰਮਦ ਅਕਬਰ ਜੀ, (੪) ਸ: ਕਰਤਾਰ ਸਿੰਘ ਜੀ ਚੰਦ (੫) ਸ: ਤਾਰਾ ਸਿੰਘ ਕੋਣੀ (ਫੀਰੋਜ਼-ਪੁਰ), (੬) ਸ: ਨੱਥਾ ਸਿੰਘ, (੭) ਸ: ਰਤਨ ਸਿੰਘ, (੮) ਅਰਜਨ ਸਿੰਘ ਸਿਖ ਦੋਲਤ (ਲੁਧਿਆਣਾ), (੯) ਗੰਗਾ ਸਿੰਘ, ਸ: ਭਾਗ ਸਿੰਘ ਭਿਖੀ ਵਿੰਡ ਵਾਲੇ ਆਦਿ ਜਹਾਜ਼ ਪੁਰ ਆਏ। ਆਪਣੇ ਭਰਾਵਾਂ ਦੇ ਦਰਸ਼ਨ ਕਰਕੇ ਹਿੰਦੁਸਤਾਨੀਆਂ ਵਿਚ ਖੁਸ਼ੀ ਦੀ ਲਹਿਰ ਦੋੜ ਗਈ। ਵਤਨੀ ਵੀਰ ਜੱਫੀਆਂ ਪਾ ਕੇ ਮਿਲੇ, ਦੁਖਾਂ ਦੀ ਦਰਦ ਭਰੀ ਕਹਾਣੀ ਸੁਣੀ ਸੁਣਾਈ। ਵੈਨਕੋਵਾਰ ਤੋਂ ਆਏ ਸੱਜਨਾਂ ਨੇ ਪ੍ਰੇਰਨਾ ਕੀਤੀ ਕਿ ਆਪ ਸਾਰੇ ਸੱਜਨ ਹਿੰਦੁਸਤਾਨ ਵਾਪਸ ਜਾਕੇ ਹਿੰਦ ਸਰਕਾਰ ਪਾਸੋਂ ਇਨਸਾਫ ਮੰਗੋ, ਪ੍ਰੰਤੂ ਹਿੰਦ ਸਰਕਾਰ ਨੇ ਬਜਬਜ ਘਾਟ ਪਰ ਜੋ ਇਨਸਾਫ ਕੀਤਾ ਉਸ ਦਾ ਵਰਨਣ ਅਗੇ ਚਲ ਕੇ ਆਵੇਗਾ। ਆਪਣੇ ਭਰਾਵਾਂ ਦੀ ਸਲਾਹ ਮੰਨ ਕੇ ਅਤੇ ਇਹ ਵੇਖ ਕੇ ਕਿ ਕੈਨੇਡਾ ਦੇ ਗੋਰੀ ਸਰਕਾਰ ਪਾਸੋਂ ਇਨਸਾਫ ਦੀ ਕੋਈ ਉਮੈਦ ਨਹੀਂ ਹੋ ਸਕਦੀ। ਗੁਰੂ ਨਾਨਕ ਕੈਨੇਡਾ ਜਹਾਜ਼ ਨੂੰ ਵਾਪਸ ਤੋਰਨ ਦਾ ਫੈਇਲਾ ਕੀਤਾ ਗਿਆ।

*ਰੇਨਬੋ ਤੇ ਦੂਜਾ ਜੰਗੀ ਜਹਾਜ਼ ਪਹਿਰੇ ਵਿਚ ਗੁਰੂ ਨਾਨਕ ਕੈਨੇਡਾ ਜਹਾਜ਼ ਨੂੰ ਬੰਦਰਗਾਹ ਵਿਚੋਂ ਬਾਹਰ ਕੱਢਕੇ ਚਲੇ ਗਏ। ਜਹਾਜ਼ ਸਿੱਧਾ ਯੋਕੋਹਾਮਾ (ਜਪਾਨ) ਨੂੰ ਰਵਾਨਾ ਹੋ ਗਿਆ, ਜਦ ਕੈਨੇਡਾ ਨਿਵਾਸੀਆਂ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਜੰਗੀ ਜਹਾਜ਼ ਵਾਪਸ ਆ ਗਏ ਹਨ ਤਾਂ ਉਨ੍ਹਾਂ ਨੇ ਇਕ ਅਗਨ ਬੋਟ ਕਰਾਏ ਪਰ ਲੈਕੇ ਤੇ ਉਸ ਵਿਚ ਵਾਇਰਲੈਸ ਲਗਾ ਕੇ ਗੁਰੂ ਨਾਨਕ ਕੈਨੇਡਾ ਜਹਾਜ਼ ਨੂੰ ਫਿਰ ਮਿਲਣ ਦਾ ਯਤਨ ਕੀਤਾ, ਤਾਕਿ ਜਹਾਜ਼ ਨੂੰ ਕਿਸੇ ਗੁਪਤ ਥਾਂ ਕਿਨਾਰੇ ਪਰ ਲਾਕੇ ਸਾਰੇ ਮੁਸਾਫਰਾਂ ਨੂੰ ਉਤਾਰ ਦਿਤਾ ਜਾਵੇ ਅਤੇ ਉਹ ਗੁਪਤ ਰਸਤਿਆਂ ਥਾਈਂ ਕੈਨੇਡਾ ਤੇ ਅਮ੍ਰੀਕਾ ਵਿਚ ਦਾਖਲ ਹੋ ਜਾਣ। ਵਾਹਿ ਗੁਰੂ ਦਾ ਭਾਣਾ ਐਸਾ ਹੋਇਆ ਕਿ ਕੈਨੇਡਾ ਨਿਵਾਸੀ ਭਾਰਤੀ ਵੀਰਾਂ ਦਾ ਇਹ ਯਤਨ ਭੀ ਨਿਸਫਲ ਗਿਆ। ਗੁਰੂ ਨਾਨਕ ਜਹਾਜ਼ ਵਿਚ ਵਾਇਰਲੈਸ ਨਹੀਂ ਸੀ ਇਸ ਕਰਕੇ ਆਪੋ ਵਿਚ ਗਲ ਬਾਤ ਨਾ ਹੋ ਸਕੀ, ਤੇ ਭਾਲ ਕਰਨ ਗਿਆ ਬੋਟ ਨਿਰਾਸ ਹੋਕੇ ਵਾਪਸ ਆ ਗਿਆ। ਜੇ ਇਹਨਾਂ ਦੋਹਾਂ ਦਾ ਮੇਲ ਹੋ ਜਾਂਦਾ ਤਾਂ ਇਸ ਤੋਂ ਪਿਛੋਂ ਵਾਪਰਨ ਵਾਲੀਆਂ ਘਟਨਾਵਾਂ ਨਾ ਵਾਪਰ ਦੀਆਂ ਅਤੇ ਅਤੇ ਮੁਸਾਫਰ ਆਪਣੇ ਮਕਸਦ ਵਿਚ ਸਫਲ ਹੋ ਜਾਂਦੇ।

* ੨੩. ੭. ੧੯੧੪ ਨੂੰ ਸਾਢੇ ਚਾਰ ਵਜੇ ਗੁਰੂ ਨਾਨਕ ਜਹਾਜ਼ ਵਾਪਸ ਮੁੜਿਆ।

Digitized by Panjab Digital Library | www.panjabdigilib.org

ਵੈਨਕੋਵਰ ਤੋਂ ਜਹਾਜ਼ ਨੂੰ ਪ੍ਰਵਾਨਗੀ ਪੱਤ੍ਰ ਹਾਂਗਕਾਂਗ ਦਾ ਮਿਲਿਆ ਸੀ, ਪ੍ਰੰਤੂ ਜਦ ਜਹਾਜ਼ ਯੋਕੋਹਾਮਾ ਨੂੰ ਰਵਾਨਾ ਕਰ ਦਿਤਾ ਸੀ, ਗੁਰੂ ਨਾਨਕ ਜਹਾਜ਼ ਅਜੇ ਵੈਨਕੋਵਰ ਤੋਂ ਚਲਕੇ ਰਸਤੇ ਵਿਚ ਹੀ ਸੀ ਕਿ ੪ ਅਗਸਤ ੧੯੧੪ ਨੂੰ ਅੰਗਰੇਜ਼ ਜਰਮਨ ਜੰਗ ਸ਼ੁਰੂ ਹੋ ਚੁਕੀ ਸੀ। ਹਾਂਗਕਾਂਗ ਦੇ ਗਵਰਨਰ ਨੇ ਬਾਬਾ ਗੁਰਦਿੱਤ ਸਿੰਘ ਜੀ ਨੂੰ ਨੋਟਸ ਦਿੱਤਾ ਕਿ ਜਹਾਜ਼ ਹਾਂਗਕਾਂਗ ਦੀ ਬੰਦਰਗਾਹ ਵਿਚ ਨਾ ਲਿਆਂਦਾ ਜਾਵੇ ਨਹੀਂ ਤਾਂ ਸਾਰੇ ਮੁਸਾਫਰਾਂ ਪਰ ਅਵਾਰਾ ਗਰਦੀ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਜਾਵੇਗਾ। ਜਾਪਾਨ ਵਿਚ ਅੰਗ੍ਰੇਜ਼ੀ ਰਾਜਦੂਤਾਂ ਨੇ ਹਿੰਦ ਸਰਕਾਰ, ਬ੍ਰਤਾਨਵੀ ਸਰਕਾਰ ਤੇ ਹਾਂਗਕਾਂਗ ਦੇ ਗਵਰਨਰ ਨਾਲ ਤਾਰਾਂ ਰਾਹੀਂ ਫੈਸਲਾ ਕੀਤਾ ਕਿ ਅੱਗੇ ਨੂੰ ਜਹਾਜ਼ ਕਿਸ ਬੰਦਰਗਾਹ ਵਲ ਰਵਾਨਾ ਕੀਤਾ ਜਾਵੇ। ਹਿੰਦੁਸਤਾਨ ਦੇ ਵਾਇਸਰਾਇ ਦਾ ਜਵਾਬ ਗਿਆ ਕਿ ਜਹਾਜ਼ ਨੂੰ ਕਲਕੱਤੇ ਭੇਜ ਦਿਤਾ ਜਾਵੇ ਅਸੀਂ ਆਪੇ ਸਾਰਾ ਪ੍ਰਬੰਧ ਕਰ ਲਵਾਂਗੇ।

ਜਹਾਜ਼ ਦੇ ਮੁਸਾਫਰ ਯੋਕੋਹਾਮਾ (ਜਾਪਾਨ) ਨਹੀਂ ਜਾਣਾ ਚਾਹੁੰਦੇ ਸਨ, ਇਸ ਕਰਕੇ ਜਹਾਜ਼ ਨੂੰ ਕੋਬੀ (ਜਾਪਾਨ) ਦੀ ਬੰਦਰਗਾਹ ਵਿੱਚ ਪਹੁੰਚਾਇਆ ਗਿਆ। ਇਥੇ ਇਕ ਸਿੰਧੀ ਪ੍ਰੋ: ਸ੍ਰੀ ਜਵਾਹਰ ਮਲਟੀ ਮਨਸੁਖਾਨੀ ਐਮ. ਏ. ਜਹਾਜ਼ ਪਰ ਆਏ। ਆਪ ਅਪਣੇ ਭਾਈ ਦੀ ਤਾਲੀਮ ਦਾ ਪ੍ਰਬੰਧ ਕਰਨ ਲਈ ਅਮ੍ਰੀਕਾ ਜਾ ਰਹੇ ਸਨ ਪ੍ਰੰਤੂ ਮੁਸਾਫਰਾਂ ਦੀ ਦਰਦ ਕਹਾਣੀ ਨੇ ਆਪ ਪਰ ਬਹੁਤ ਅਸਰ ਕੀਤਾ ਅਤੇ ਆਪ ਉਸ ਦਿਨ ਤੋਂ ਹੀ ਜਹਾਜ਼ ਦੇ ਮੁਸਾਫਰਾਂ ਨਾਲ ਇਨਸਾਫ਼ ਕਰਾਉਣ ਦੇ ਕੰਮ ਵਿਚ ਲੱਗ ਗਏ। ਆਪ ਦੇ ਯਤਨ ਨਾਲ ਕੋਬੀ ਵਿੱਚ ਰਹਿਣ ਵਾਲੇ ਹਿੰਦੀਆਂ ਨੇ ਬਾਬਾ ਗੁਰਦਿੱਤ ਸਿੰਘ ਜੀ ਤੇ ਜਹਾਜ਼ ਦੇ ਮੁਸਾਫਰਾਂ ਦਾ ਸ਼ਾਨਦਾਰ ਸ੍ਵਾਗਤ ਕੀਤਾ ਅਤੇ ਸ਼ਹਿਰ ਵਿਚ ਜਲੂਸ ਕਢਿਆ ਤੇ ਪ੍ਰੀਤੀ ਭੋਜਨ ਦਿੱਤੇ। ਬਾਬਾ ਜੀ ਨੇ ਕਿਹਾ ਸਾਡਾ ਗੁਲਾਮਾ ਦਾ ਕੀ ਮਾਣ ਹੈ, ਜਿਨ੍ਹਾਂ ਨੂੰ ਆਜ਼ਾਦ ਦੇਸ਼ ਦੇ ਲੋਕ ਹਕਾਰਤ ਭਰੀ ਨਜ਼ਰ ਨਾਲ ਵੇਖਦੇ ਹਨ ਪ੍ਰੰਤੂ ਹਿੰਦੁਸਤਾਨੀ ਭਰਾਵਾਂ ਨੇ ਕਿਹਾ ਇਸ ਵਿੱਚ ਆਪ ਦਾ ਕੀ ਕਸੂਰ ਹੈ। ਆਪਨੇ ਤਾਂ ਭਾਰਤ ਵਾਸੀਆਂ ਦਾ ਮਾਣ ਵਧਾਣ ਵਿੱਚ ਕੋਈ ਕਸਰ ਨਹੀਂ ਛੱਡੀ, ਸਫਲਤਾ ਮਿਲਣੀ ਜਾਂ ਨਾ ਮਿਲਣੀ ਕਰਤਾਰ ਦੇ ਵੱਸ ਹੈ।

ਜਾਪਾਨ ਵਿਚ ਰਹਿਣ ਵਾਲੇ ਭਾਰਤ ਵਾਸੀਆਂ ਦਾ ਉਤਸ਼ਾਹ ਵੇਖ ਕੇ ਜਹਾਜ਼ ਦੇ ਮੁਸਾਫਰਾਂ ਨੂੰ ਕੁਝ ਧੀਰਜ ਹੋਇਆ ਕਿ ਸਾਡੇ ਹਿੰਦੁਸਤਾਨੀ ਭਰਾ ਤਾਂ ਸਾਡੇ ਕੰਮ ਦੀ ਸ਼ਲਾਘਾ ਕਰਦੇ ਹਨ। ਬਹੁਤ ਸਾਰੇ ਮੁਸਾਫਰ ਹਾਂਗਕਾਂਗ ਉਤਰਨਾ ਚਾਹੁੰਦੇ ਸਨ ਕਿਉਂਕਿ ਉਹ ਇਥੋਂ ਹੀ ਗਏ ਸਨ ਪ੍ਰੰਤੂ ਹਾਂਗਕਾਂਗ ਦੇ ਗਵਰਨਰ ਨੇ ਧਕੇ ਸ਼ਾਹੀ ਨਾਲ ਕਿਸੇ ਨੂੰ ਭੀ ਹਾਂਗਕਾਂਗ ਉਤਰਨ ਨਾ ਦਿੱਤਾ ਅਤੇ ਸਭ ਨੂੰ ਕੈਦੀਆਂ ਵਾਂਗ ਕਲਕੱਤੇ ਦੀ ਬੰਦਰਗਾਹ ਵਲ ਭੇਜ ਦਿਤਾ ਗਿਆ। ਜਿਸ ਸਮੇਂ ਜਹਾਜ਼ ਸਿੰਘਾ ਪੁਰ ਪੁਜਿਆ ਤਾਂ ਉਥੇ ਭੀ ਕਈ ਮੁਸਾਫਰ ਉਤਰਨਾ ਨਾ ਚਾਹੁੰਦੇ ਸਨ। ਕਈਆਂ ਦਾ ਸਾਮਾਨ ਇਥੇ ਪਿਆ ਸੀ। ਬਾਬਾ ਗੁਰਦਿੱਤ ਸਿੰਘ ਜੀ ਦਾ ਸਮਾਨ ਇਥੇ ਹੀ ਸੀ ਪ੍ਰੰਤੂ ਸਿੰਘਾ ਪੁਰ ਦੇ ਗੋਰੇ ਅਫਸਰਾਂ ਨੇ ਵੈਨਕੋਵਰ ਦੇ ਅਫਸਰਾਂ ਨਾਲੋਂ ਭੀ ਸਖਤੀ ਭਰਿਆ ਵਰਤਾਉ ਕੀਤਾ ਅਤੇ ਜਹਾਜ਼ ਨੂੰ ਘੇਰੇ ਵਿਚ ਲੈਕੇ ਅੱਗੇ ਤੋਰ ਦਿਤਾ ਗਿਆ। ਸਿੰਘਾ ਪੁਰ ਦੀ ਬੰਦਰਗਾਹ ਤੋਂ ਦੂਰ ਹੀ ਜਹਾਜ਼ ਨੂੰ ਖੜਾ ਕੀਤਾ ਗਿਆ ਅਤੇ ਬੰਦਰ ਗਾਹ ਪਰ ਉਤਰਕੇ ਜ਼ਰੂਰੀ ਤਾਰਾਂ ਦੇਣ ਦੀ ਭੀ ਆਗਿਆ ਨਾ ਦਿਤੀ ਗਈ। ਇਨ੍ਹਾਂ ਗੱਲਾਂ ਤੋਂ ਪ੍ਰਗਟ ਹੁੰਦਾ ਹੈ ਕਿ ਜਹਾਜ਼ ਦੇ ਮੁਸਾਫਰ ਇਕਤ੍ਰਾਂ ਨਾਲ ਕੈਦੀ ਸਨ। ਉਨ੍ਹਾਂ ਦੀ ਕੋਈ ਭੀ ਗੱਲ ਅਫਸਰ ਸੁਨਣ ਲਈ ਤਿਆਰ ਨਾ ਹੋਏ ਅਤੇ ਸਭ ਨੂੰ ਕੈਦੀਆਂ ਵਾਂਗ ਅੱਗੇ ਤੋਰ ਦਿਤਾ। ਇਥੋਂ ਤੱਕ ਸਖਤੀ ਕੀਤੀ ਗਈ ਕਿ ਜਹਾਜ਼ ਦੀ ਕਮੇਟੀ ਨੂੰ ਸਬਜ਼ੀ ਭਾਜੀ ਅਤੇ ਹੋਰ ਸਾਮਾਨ ਖਰੀਦਨ ਦੀ ਭੀ ਆਗਿਆ ਨਾ ਦਿਤੀ ਗਈ। ਇਥੋਂ ਜਹਾਜ਼ ਕਲਕੱਤੇ ਵਲ ਆਇਆ ਪ੍ਰੰਤੂ ਹੁਗਲੀ ਰੋਕ ਲਿਆ ਗਿਆ।

Digitized by Panjab Digital Library | www.panjabdigilib.org

ਇਥੋਂ ਖੁਫੀਆ ਪੁਲਸ ਦੇ ਇੰਨਸਪੈਕਟਰ ਸੁਖਾ ਸਿੰਹੁ ਪਿੰਡ ਖੁਰਾਨਾ ਜ਼ਿਲਾ ਗੁਜਰਾਤ ਤੋਂ ਕੁਝ ਹੋਰ ਗ਼ਦਾਰ ਹਿੰਦੁਸਤਾਨੀ ਜਹਾਜ਼ ਪਰ ਆਏ ਜਿਨ੍ਹਾਂ ਨੇ ਸਾਰੇ ਮੁਸਾਫਰਾਂ ਦੀਆਂ ਤਲਾਸ਼ੀਆਂ ਲਈਆਂ। ਸਭ ਦੇ ਨਾਮ ਪਤੇ ਨੋਟ ਕੀਤੇ ਗਏ। ਗੋਰੇ ਅਫਸਰਾਂ ਆ ਕੇ ਜਹਾਜ਼ ਪਰ ਕਬਜ਼ਾ ਕਰ ਲਿਆ ਤੇ ਚਲਾਉਣ ਵਾਲੇ ਭੀ ਅੰਗਰੇਜ਼ ਹੀ ਲਗਾਏ ਗਏ। ਦੋ ਤਿੰਨ ਦਿਨ ਇਥੇ ਜਹਾਜ਼ ਖੜਾ ਰਖਕੇ ਜਦ ਹਰ ਪਰਕਾਰ ਦੀ ਪੜਤਾਲ ਹੋ ਗਈ ਤਾਂ ਜਹਾਜ਼ ੨੭ ਸਤੰਬਰ ੧੯੧੪ ਨੂੰ ਬਜਬਜ ਘਾਟ ਪਰ ਕਲਕਤੇ ਲਿਆ ਖੜਾ ਕੀਤਾ। ਮੁਸਾਫਰਾਂ ਨੂੰ ਕਹਿਣ ਲਗੇ ਉਤਰੋ ਤਾਂ ਮੁਸਾਫਰਾਂ ਨੇ ਕਿਹਾ ਕਿ ਕੋਬੀ ਦੇ ਬ੍ਰਿਟਿਸ਼ ਰਾਜਦੂਤ ਨੇ ਸਾਨੂੰ ਕਲਕੱਤੇ ਉਤ੍ਰਨ ਦਾ ਪ੍ਰਵਾਨਗੀ ਪੱਤ੍ਰ ਦਿਤਾ ਹੈ ਇਸ ਲਈ ਕਲਕਤੇ ਦੀ ਬੰਦਰਗਾਹ ਪਰ ਉਤਾਰੋ। ਇਸ ਪਰ ਗੋਰੇ ਅਫਸਰਾਂ ਨੇ ਧਮਕੀਆਂ ਦਿਤੀਆਂ ਅਤੇ ਮੁਸਾਫਰਾਂ ਨੂੰ ਬਿਨਾ ਸਾਮਾਨ ਉਤਾਰਨ ਦੇ ਹੀ ਥੋਹੜੇ ਜਿਹੇ ਮਿੰਟਾਂ ਵਿਚ ਉਤਾਰਿਆ ਗਿਆ।

ਮੁਸਾਫਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਭੀ ਨਾਲ ਉਤਾਰੀ ਅਤੇ ਉਹ ਪਲੇਟਫਾਰਮ ਪਰ ਬੈਠ ਗਏ। ਮੁਸਾਫਰਾਂ ਦਾ ਇਕ ਧੜਾ ਜਿਸ ਨੇ ਜਹਾਜ਼ ਕਮੇਟੀ ਦਾ ਕਰਜ਼ਾ ਦੇਣਾ ਸੀ, ਪਹਿਲਾਂ ਹੀ ਉਤ੍ਰ ਕੇ ਗੱਡੀ ਵਿਚ ਬੈਠ ਗਿਆ ਸੀ ਪ੍ਰੰਤੂ ਦੂਜੇ ਮੁਸਾਫਰਾਂ ਨੇ ਕਿਹਾ ਸਾਨੂੰ ਕਲਕਤੇ ਲੈਜਾਇਆ ਜਾਵੇ ਤਾਕਿ ਅਸੀਂ ਲਾਟ ਸਾਹਿਬ ਪਾਸ ਫਰਿਆਦ ਕਰ ਸਕੀਏ। ਪੁਲਸ ਸਭ ਨੂੰ ਜ਼ਬਰਦਸਤੀ ਗੱਡੀ ਪਰ ਚੜ੍ਹਾਉਣਾ ਚਾਹੁੰਦਾ ਸੀ। ਇਸ ਪਰ ਪੁਲਸ ਅਫਸਰਾਂ ਤੇ ਜਹਾਜ਼ ਕਮੇਟੀ ਦੇ ਮੈਂਬਰਾਂ ਵਿਚ ਕਈ ਉਤਰ ਪ੍ਰਸ਼ਨ ਹੋਏ। ਅਫਸਰਾਂ ਨੂੰ ਮੁਸਾਫਰਾਂ ਦੀਆਂ ਦਲੀਲਾਂ ਦਾ ਕੋਈ ਉਤਰ ਨਾ ਮਿਲਿਆ। ਇਕ ਵੱਡਾ ਪੁਲਸ ਅਫਸਰ ਜੋ ਅੰਗਰੇਜ਼ ਸੀ ਕਲਕਤੇ ਵਲ ਗਿਆ। ਥੋਹੜੀ ਜਿਹੀ ਪੁਲਸ ਨੂੰ ਉਥੇ ਦੇਖ ਭਾਲ ਲਈ ਛੱਡ ਗਿਆ। ਪਿਛੋਂ ਮੁਸਾਫਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਲੂਸ ਦੀ ਸ਼ਕਲ ਵਿਚ ਕਲਕੱਤੇ ਵੱਲ ਕੂਚ ਕੀਤਾ। ਇਕ ਗੋਰੇ ਅਫਸਰ ਨੇ ਪਸਤੌਲ ਤਾਣ ਕੇ ਅੱਗੇ ਹੋਕੇ ਰੋਕਣਾ ਚਾਹਿਆ ਤਾਂ ਭਾਈ ਇੰਦਰ ਸਿੰਘ ਅਕਾਲੀ ਚੜ੍ਹੱਕ ਨੇ ਛਾਤੀ ਤਾਣਕੇ ਕਿਹਾ ਲੈ ਮੇਰੇ ਗੋਲੀ ਮਾਰ ਇਹ ਸੁਣਕੇ ਉਹ ਅਫਸਰ ਪਿੱਛੇ ਹਟ ਗਿਆ। ਪੁਲਸ ਪਿਛੇ ਪਿਛੇ ਤੁਰਨ ਲੱਗੀ। ਇਤਨੀ ਦੇਰ ਮਗਰੋਂ ਘੋੜ ਸਵਾਰ ਗੋਰੇ ਆਏ ਜਿਨ੍ਹਾਂ ਨੇ ਮੁਸਾਫਰਾਂ ਨੂੰ ਰੋਕਣਾ ਚਾਹਿਆ ਪਰ ਉਹ ਨਾ ਰੁਕੇ। ਇਤਨੇ ਵਿਚ ਹੋਰ ਅਫਸਰ ਆ ਗਏ ਤੇ ਇਕ ਰਸਾਲਾ ਭੀ ਪਹੁੰਚ ਗਿਆ। ਉਹ ਪਸਤੌਲਾਂ ਵਿਚ ਗੋਲੀਆਂ ਭਰਨ ਲਗੇ। ਇਸ ਅਫਸਰ ਨੇ ਕਿਹਾ ਮੈਂ ਕਮਿਸ਼ਨਰ ਹਾਂ। ਮੈਨੂੰ ਲਾਟ ਸਾਹਿਬ ਨੇ ਤੁਹਾਡੀ ਗੱਲ ਸੁਣਨ ਵਾਸਤੇ ਭੇਜਿਆ ਹੈ, ਤੁਸੀਂ ਦੱਸੋ ਕੀ ਚਾਹੁੰਦੇ ਹੋ।

ਇਹ ਸੁਣ ਕੇ ਮੁਸਾਫਰ ਬਹੁਤ ਖੁਸ਼ ਹੋਏ ਕਿ ਅਸਾਡੀ ਆਵਾਜ਼ ਦਾ ਵਡੇ ਅਫਸਰਾਂ ਤੱਕ ਅਸਰ ਹੋਇਆ ਹੈ। ਕਮਿਸ਼ਨਰ ਨੇ ਪੁਛਿਆ ਤੁਸੀਂ ਕਿਧਰ ਜਾ ਰਹੇ ਹੋ, ਮੁਸਾਫਰਾਂ ਨੇ ਕਿਹਾ ਕਿ ਇਕ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਗੁਰਦ੍ਵਾਰਾ ਕਲਕਤਾ ਵਿਚ ਪਹੁੰਚਾਣੀ ਚਾਹੁੰਦੇ ਹਾਂ ਤੇ ਦੂਜੇ

Digitized by Panjab Digital Library | www.panjabdigilib.org

ਅਫਸਰਾਂ ਨੇ ਵਿਚੋਂ ਹੀ ਕਿਹਾ ਕਿ ਜ਼ਹਾਜ਼ ਪਰ ਚੜ੍ਹੋ ਨਹੀਂ ਤਾਂ ਗੋਲੀ ਨਾਲ ਉਡਾ ਦਿਤੇ ਜਾਵੋਗੇ। ਸਿਘਾਂ ਨੇ ਕਿਹਾ ਅਰਦਾਸ ਹੋ ਲੈਣ ਦਿਉ। ਇਤਨੀ ਦੇਰ ਵਿਚ ਅਫਸਰਾਂ ਨੇ ਬਾਬਾ ਜੀ ਦੇ ੭॥ ਸਾਲ ਦੇ ਸਪੁਤ੍ਰ ਬਲਵੰਤ ਸਿੰਘ ਨੂੰ ਫੜ ਲਿਆ ਤੇ ਉਸ ਨੂੰ ਦੂਰ ਲੈ ਚਲੇ, ਉਹ ਰੋਣ ਲੱਗ ਪਿਆ। ਬਾਬਾ ਜੀ ਨੇ ਤੇ ਉਨ੍ਹਾਂ ਦੇ ਸਾਥੀਆਂ ਨੇ ਸਮਝ ਲਿਆ ਕਿ ਹੁਣ ਗੋਲੀ ਚਲਾਉਣ ਦੀਆਂ ਨਿਸ਼ਾਨੀਆਂ ਹਨ। ਮੁਸਾਫਰਾਂ ਨੇ ਬਹੁਤ ਕਿਹਾ ਕਿ ਅਸੀਂ ਗੱਡੀ ਚੜ੍ਹਨ ਲਈ ਤਿਆਰ ਹਾਂ ਪ੍ਰੰਤੂ ਕੌਣ ਸੁਣਦਾ ਸੀ। ਇਤਨੀ ਦੇਰ ਵਿਚ ਗੋਲੀਆਂ ਦੀ ਵਰਖਾ ਹੋਣ ਲਗ ਪਈ। ਰਾਤ ਦਾ ਅੰਧੇਰਾ ਪਸਰਿਆ ਹੋਇਆ ਸੀ। ਵਿਚਾਰੇ ਮੁਸਾਫਰ ਭੱਜਕੇ ਇਧਰ ਉਧਰ ਲੁਕਣ ਲਗੇ ਪ੍ਰੰਤੂ ਚਾਰ ਚੁਫੇਰੇ ਫੌਜ ਦਾ ਘੇਰਾ ਸੀ ਉਹ ਭਜ ਕੇ ਕਿੱਧਰ ਜਾਂਦੇ। ਕਾਫੀ ਅਰਸਾ ਤੱਕ ਗੋਲੀ ਚਲਦੀ ਰਹੀ। ਜ਼ਖਮੀ ਤੜਫ ਤੜਫ ਤੇ ਮਰੇ ਪਰ ਕਿਸੇ ਨੇ ਉਨ੍ਹਾਂ ਦੇ ਮੂੰਹ ਵਿਚ ਪਾਣੀ ਤੱਕ ਨਾ ਪਾਇਆ। ਬਹੁਤ ਸਾਰੇ ਨਿਰਦੋਸ਼ ਆਦਮੀ ਜੋ ਇਨ੍ਹਾਂ ਜਹਾਜ਼ੀਆਂ ਨੂੰ ਫੌਜ ਦਾ ਘੇਰਾ ਪਿਆ ਵੇਖ ਰਹੇ ਸਨ, ਉਹ ਭੀ ਮਾਰੇ ਗਏ। ਅੰਧੇਰੇ ਵਿਚ ਫੌਜੀਆਂ ਦੀਆਂ ਆਪਣੀਆਂ ਗੋਲੀਆਂ ਨਾਲ ਕਈ ਫੌਜੀ ਭੀ ਮਾਰੇ ਗਏ ਜੋ ਪਿਛੋਂ ਜਹਾਜ਼ੀਆਂ ਦੇ ਸਿਰ ਲਗਾਏ ਗਏ ਅਤੇ ਉਸ ਸਮੇਂ ਦੀ ਅਨਿਆਈ ਸਰਕਾਰ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਪੁਲਸ ਤੇ ਫੌਜ ਨੇ ਗੋਲੀ ਇਸ ਕਰਕੇ ਚਲਾਈ ਕਿ ਮੁਸਾਫਰਾਂ ਨੇ ਉਨ੍ਹਾਂ ਪਰ ਹਮਲਾ ਕਰ ਦਿੱਤਾ ਸੀ।

ਇਸ ਹੱਤਿਆ ਕਾਂਡ ਵਿਚ ਭਾਰਤ ਮਾਤਾ ਦੇ ਕਿਤਨੇ ਪੁਤਰ ਸ਼ਹੀਦ ਹੋਏ? ਇਹ ਸਵਾਲ ਅਜੇ ਭੀ ਖੋਜ ਦਾ ਮੁਥਾਜ ਹੈ ਕਿਉਂਕਿ ਮੁਸਾਫਰਾਂ ਵਿਚ ਹਫੜਾ ਦਫੜੀ ਮਚ ਗਈ ਤੇ ਉਨ੍ਹਾਂ ਵਿਚੋਂ ਜੋ ਬਚ ਗਏ ਉਹ ਭਜ ਗਏ ਅਤੇ ਰਾਤ ਭਰ ਵਿਚ ਸਰਕਾਰ ਨੇ ਲਾਸ਼ਾਂ ਗ਼ਾਇਬ ਕਰ ਦਿਤੀਆਂ ਇਸ ਲਈ ਠੀਕ ਪਤਾ ਨਹੀਂ ਲਗ ਸਕਿਆ ਕਿ ਕਿਤਨੇ ਆਦਮੀ ਮਾਰੇ ਗਏ? ਬਾਬਾ ਜੀ ਦੀਆਂ ਲਿਖਤਾਂ ਤੋਂ ਇਹ ਸਿਧ ਹੁੰਦਾ ਹੈ ਕਿ ਗੋਲੀ ਚਲਣ ਦੀਆਂ ਆਵਾਜ਼ਾਂ ਸਾਰੀ ਰਾਤ ਆਉਂਦੀਆਂ ਰਹੀਆਂ, ਜਿਸ ਕਰ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਭੀ ਕੋਈ ਮੁਸਾਫਿਰ ਮਿਲ ਜਾਂਦਾ ਸੀ ਪੁਲਸ ਤੇ ਫੌਜ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੰਦੀ ਸੀ। ਇਸ ਪ੍ਰਕਾਰ ਭਾਰਤ ਦੇ ਬਹੁਮੁੱਲੇ ਹੀਰੇ ਬਿਨਾਂ ਕਸੂਰ ਦੇ ਗੋਲੀਆਂ ਦਾ ਨਿਸ਼ਾਨਾ ਬਣਾਏ ਗਏ। ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਦੀ ਵਿਥਿਆ ਵਿਚ ਬੱਜ ਬੱਜ ਘਾਟ ਦਾ ਹਤਿਆ ਕਾਂਡ ਬਹੁਤ ਹੀ ਦੁਖਦਾਈ ਘਟਨਾ ਹੈ।

ਅਣਖੀਲੇ ਹਿੰਦੁਸਤਾਨੀਆਂ ਨੇ ਤਾਂ ਇਸ ਘਟਨਾ ਨੂੰ ਸੁਣ ਕੇ ਦਿਲ ਵਿਚ ਇਹ ਪੱਕਾ ਇਰਾਦ ਧਾਰ ਲਿਆ ਸੀ ਕਿ ਜਦੋਂ ਤੱਕ ਅੰਗਰੇਜ਼ਾਂ ਦਾ ਜ਼ੁਲਮ ਰਾਜ ਖਤਮ ਨਹੀਂ ਹੁੰਦਾ ਉਹ ਚੈਨ ਨਾਲ ਨਹੀ ਬੈਠਣਗੇ, ਪ੍ਰੰਤੂ ਦੇਸ਼ ਵਿਚ ਇਹੋ ਜਿਹੇ ਬੇ-ਗ਼ੈਰਤੇ ਝੋਲੀ ਚੁਕ ਭੀ ਮੌਜੂਦ ਸਨ ਜਿਨ੍ਹਾਂ ਨੇ ਇਸ ਘਟਨ ਦੀ ਜ਼ੁੰਮੇਵਾਰੀ ਅੰਗਰੇਜ਼ੀ ਸਰਕਾਰ ਪਰ ਸੁਟਣ ਦੀ ਥਾਂ ਨਿਰਦੋਸ਼ੇ ਮੁਸਾਫਰਾਂ ਪਰ ਸੁਟੀ ਅਤੇ ਉਨ੍ਹਾਂ ਵਿਰੁਧ ਸਿਖ ਨਾ ਹੋਣ ਦੇ ਫਤਵੇ ਲਗਾਏ। ਸਿਖਾਂ ਵਿਚੋਂ ਝੋਲੀ ਚੁਕ ਤੇ ਸਰਕਾਰ ਪ੍ਰਸਤ ਸਿਖਾਂ ਤੇ ਪੁਜਾਰੀਆਂ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨੂੰ ਅਸਿਖ ਹੋਣ ਦਾ ਫਤਵਾ ਦਿਤਾ।

ਇਨ੍ਹਾਂ ਝੋਲੀ ਚੁਕਾਂ ਨੂੰ ਇਹ ਭੀ ਸਮਝ ਨਾ ਆਈ ਕਿ ਜੇਹੜੇ ਮੁਸਾਫਰਾਂ ਨੇ ਜਹਾਜ਼ ਦੇ ਤੁਰਨ ਸਮੇਂ "ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਏ" ਦੇ ਹੁਕਮ ਅਨਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕੀਤਾ ਅਤੇ ਦਸ ਗੁਰੂਆਂ ਦੇ ਪ੍ਰਗਟ ਸਰੂਪ ਨੂੰ ਜਹਾਜ਼ ਵਿਚ ਬਿਰਾਜਮਾਨ ਕਰਕੇ ਅੰਗ ਸੰਗ ਰਖਿਆ। ਜੋ ੬ ਮਹੀਨੇ ਦੇ ਸਮੁੰਦਰੀ ਸਫਰ ਵਿਚ ਹਰ ਰੋਜ਼ ਦੀਵਾਨ ਸਜਾਉਂਦੇ ਅਤੇ ਦੇਗ ਸਜਾ ਕੇ ਭੋਗ ਲਗਾਉਂਦੇ ਸਨ, ਉਹ ਤਾਂ ਸਿਖ ਨਹੀਂ ਤੇ ਇਹ ਸਰਕਾਰ ਦੇ ਇਸ਼ਾਰੇ ਪਰ ਕਠਪੁਤਲੀਆਂ ਵਾਂਗ ਨੱਚਣ ਵਾਲੇ ਝੋਲੀ ਚੁਕ ਵਡੇ ਸਿਖ ਹਨ।

jab Digital Library | www.

ਇਨ੍ਹਾਂ ਅਣਖਹੀਣ ਸਿਖਾਂ ਨੇ ਇਹ ਭੀ ਨਾ ਵਿਚਾਰਿਆ ਕਿ ਬੋਜ ਬੱਜ ਘਾਟ ਉਤੇ ਸਿਖਾਂ ਦੇ ਸੀਨਿਆਂ ਨੂੰ ਹੀ ਗੋਲੀਆਂ ਨਾਲ ਨਹੀਂ ਵਿੰਨਿਆ ਗਿਆ ਸਗੋਂ ਜੁਗੋ ਜੁਗ ਅਟੱਲ, ਦੋ ਜਹਾਨ ਦੇ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੀ ਗੋਲੀਆਂ ਲਗੀਆਂ ਅਤੇ ਮਹਾਂਰਾਜ ਦੀ ਪਵਿਤਰ ਦੇਹ ਜ਼ਮੀਨ ਪਰ ਰੁਲਦੀ ਰਹੀ ਅਤੇ ਅਜ ਤੱਕ ਉਸ ਦਾ ਪਤਾ ਨਹੀਂ ਕਿ ਕਿਸ ਹਾਲਤ ਵਿਚ ਹੈ? ਕਾਸ਼! ਕਿ ਸਿੱਖ ਕੌਮ ਇਸ ਸਮੇਂ ਆਜ਼ਾਦ ਹੁੰਦੀ ਅਤੇ ਉਹ ਗੋਰਿਆਂ ਨੂੰ ਇਸ ਕੁਕਰਮ ਦਾ ਉਹ ਬਦਲਾ ਦਿੰਦੀ ਜਿਸ ਨੂੰ ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਭੀ ਨਾ ਭੁਲਾ ਸਕਦੀਆਂ।

ਸਰਕਾਰ ਅੰਗਰੇਜ਼ੀ ਦੇ ਝੋਲੀ ਚੁਕਾਂ ਨੇ ਇਸ ਘਟਨਾਂ ਪਰ ਪੜਦਾ ਪਾਉਣ ਦਾ ਯਤਨ ਕੀਤਾ ਅਤੇ ਉਨ੍ਹਾਂ ਨੇ ਇਸ ਗੱਲ ਦਾ ਭੀ ਖਿਆਲ ਨਾ ਕੀਤਾ ਕਿ ਸਰਕਾਰ ਪਾਸੋਂ ਇਹ ਤਾਂ ਪੁਛਿਆ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਦੇਹ ਕਿਥੇ ਅਤੇ ਕਿਸ ਹਾਲਤ ਵਿਚ ਹੈ?

ਸ੍ਰੀ ਗੁਰੂ ਨਾਨਕ ਕੈਨੇਡਾ ਜਹਾਜ਼ ਦੀ ਸਾਰੀ ਵਿਥਿਆ ਹੀ ਭਾਵੇਂ ਬਹੁਤ ਦਰਦਨਾਕ ਹੈ ਅਤੇ ਇਹ ਗੁਲਾਮ ਹਿੰਦੁਸਤਾਨੀਆਂ ਦੀ ਨਿਰਾਦਰੀ ਤੇ ਬੇਬਸੀ ਦੀ ਮੂੰਹ ਬੋਲਦੀ ਤਸਵੀਰ ਹੈ ਪ੍ਰੰਤੂ ਸਭ ਤੋਂ ਵਧ ਦੁਖਦਾਈ ਤੇ ਹਿਰਦੇ ਵੇਧਕ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੀ ਹੈਂਕੜ ਭਰੇ ਗੋਰਿਆਂ ਨੇ ਬੇਅਦਬੀ ਕਰਕੇ ਸਾਰੀ ਸਿਖ ਕੌਮ ਦੀ ਅਣਖ ਨੂੰ ਵੰਗਾਰਿਆ ਪ੍ਰੰਤੂ ਸਿੱਖਾਂ ਦੇ ਆਪੇ ਬਣੇ ਚੌਧਰੀ ਟੱਸ ਤੋਂ ਮੱਸ ਨਾ ਹੋਏ ਅਤੇ ਉਨ੍ਹਾਂ ਨੇ ਰੋਸ ਭੀ ਪ੍ਰਗਟ ਨਾ ਕੀਤਾ।

ਗੁਰੂ ਨਾਨਕ ਕੈਨੇਡਾ ਜਹਾਜ਼ ਦੇ ਮੁਸਾਫਰਾਂ ਨੂੰ ਧੱਕੇ ਨਾਲ ਇਨਕਲਾਬੀ ਤੇ ਪੁਲੀਟੀਕਲ ਆਦਮੀ ਬਣਾ ਕੇ ਉਨ੍ਹਾਂ ਪਰ ਹੱਦ ਦਰਜੇ ਦਾ ਅਨਿਆ ਕੀਤਾ ਗਿਆ ਅਤੇ ਅੰਤ ਵਿਚ ਅਰਦਾਸਾ ਸੋਧ ਰਹੇ ਸਿਖਾਂ ਪਰ ਗੋਲੀਆਂ ਦੀ ਵਰਖਾ ਕੀਤੀ ਗਈ। ਇਸ ਘਟਨਾਂ ਨੇ ਦੇਸ਼ ਭਗਤ ਤੇ ਅਣਖੀਲੇ ਸਿਖਾਂ ਵਿਚ ਤਾਂ ਬੇਹਦ ਰੋਸ ਪੈਦਾ ਕਰ ਦਿਤਾ। ਵਿਦੇਸ਼ਾਂ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਨੇ ਗੁਰੂ ਨਾਨਕ ਕੈਨੇਡਾ ਜਹਾਜ਼ ਦੇ ਸ਼ੀਸ਼ੇ ਵਿਚੋਂ ਆਪਣੀ ਗੁਲਾਮੀ ਤੇ ਬੇਬਸੀ ਦੀ ਅਸਲ ਤਸਵੀਰ ਵੇਖ ਲਈ ਸੀ, ਇਸ ਕਰਕੇ ਉਨ੍ਹਾਂ ਨੇ ਪਹਿਲੀ ਲੜਾਈ ਦੇ ਆਰੰਭ ਹੁੰਦੇ ਹੀ ਅੰਗਰੇਜ਼ੀ ਸਰਕਾਰ ਵਿਰੁਧ ਫੈਸਲਾ ਕੁਨ ਜਦੋ-ਜਹਿਦ ਅਰੰਭ ਕਰਨ ਦਾ ਫੈਸਲਾ ਕਰ ਲਿਆ ਅਤੇ ਹਜ਼ਾਰਾਂ ਹਿੰਦੁਸਤਾਨੀ ਭਾਰਤ ਮਾਤਾ ਨੂੰ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਦੇਸ਼ ਨੂੰ ਵਾਪਸ ਆਏ।

ਅੰਤ ਵਿਚ ਇਹ ਪ੍ਰਗਟ ਕਰਨਾ ਜ਼ਰੂਰੀ ਹੈ ਕਿ ਜਿਹੜੇ ਸੱਜਨ ਇਸ ਜਹਾਜ਼ ਦੇ ਮੁਸਾਫਰਾਂ ਵਿਚੋਂ ਬਚ ਗਏ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦੇਸ਼ ਸੇਵਾ ਵਿਚ ਲਗਾ ਦਿਤਾ ਅਤੇ ਆਜ਼ਾਦੀ ਲਈ ਕੀਤੀ ਜਾ ਰਹੀ ਜਦੋ ਜਹਿਦ ਵਿਚ ਸਰਗਰਮ ਹਿਸਾ ਲੈਣ ਲੱਗ ਪਏ। ਸਰਕਾਰ ਦੇ ਪੱਖੀ ਇਹ ਗੱਲ ਕਹਿਣ ਲਗੇ ਕਿ ਫਿਰ ਸਰਕਾਰ ਦਾ ਇਹ ਅੰਦਾਜ਼ਾ ਗਲਤ ਕਿਵੇਂ ਨਿਕਲਿਆਂ ਕਿ ਜਹਾਜ਼ ਦੇ ਮੁਸਾਫਰ ਇਨਕਲਾਬੀ ਤੇ ਦੇਸ਼ ਭਗਤ ਸਨ? ਇਸ ਦਾ ਉਤਰ ਇਹ ਹੈ ਕਿ ਜਹਾਜ਼ ਵਿਚ ਜਾਣ ਵਾਲੇ ਸਜਨਾਂ ਵਿਚੋਂ ਬਹੁਤੇ ਵਪਾਰੀ, ਕਾਰੋਬਾਰੀ ਜਾਂ ਵਿਦਿਆ ਪੜ੍ਹਨ ਦੇ ਸ਼ੌਕੀਨ ਸਨ। ਹੋ ਸਕਦਾ ਹੈ ਵਿਚੋਂ ਦੋ ਚਾਰ ਰਾਜਸੀ ਵਿਚਾਰਾਂ ਦੇ ਭੀ ਹੋਣ ਪ੍ਰੰਤੂ ਸਰਕਾਰ ਨੇ ਜਹਾਜ਼ ਦੇ ਮੁਸਾਫਰਾਂ ਨਾਲ ਜੋ ਅਨਿਆ ਭਰਿਆ ਵਰਤਾ ਕੀਤਾ ਉਸ ਨੇ ਸਾਰਿਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿਤਾ ਕਿ ਜਦੋਂ ਤਕ ਅਸੀਂ ਗੁਲਾਮ ਹਾਂ ਸਾਡੀ ਵਪਾਰ ਕਰਕੇ ਜਾਂ ਪੜ੍ਹ ਕੇ ਵਡੇ ਹੋਣ ਦੀ ਖਾਹਸ਼ ਪੂਰੀ ਨਹੀਂ ਹੋ ਸਕਦੀ। ਸਰਕਾਰ ਦੀਆਂ ਧਕੇ-ਸ਼ਾਹੀਆਂ ਨੇ ਮੁਸਾਫਰਾਂ ਵਿਚ ਰੋਸ ਦਾ ਜਜ਼ਬਾ ਪੈਦਾ ਕਰ ਦਿਤਾ, ਜਿਸ ਕਰਕੇ ਉਹ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ।

Digitized by Panjab Digital Library | www.panjabdigilib.org

ਹੇਠਾਂ ਅਸੀਂ ਗੁਰੂ ਨਾਨਕ ਕੇਨੇਡਾ ਜਹਾਜ਼ ਦੇ ਮੁਸਾਫਰਾਂ ਦੀ ਜ਼ਿਲੇਵਾਰ ਫਹਿਰਿਸਤ ਦੇ ਰਹੇ ਹਾਂ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਜਹਾਜ਼ ਵਿਚ ਪੰਜਾਬੀ ਮਾਲਵਾ ਨਿਵਾਸੀ ਵੀਰਾਂ ਦਾ ਕਾਫੀ ਹਿਸਾ ਸੀ ਅਤੇ ਇਸ ਨੂੰ ਤਿਆਰ ਕਰਾਉਣ ਦੀ ਪ੍ਰੇਰਣਾ ਤੇ ਪ੍ਰਬੰਧ ਕਰਨ ਦਾ ਸਿਹਰਾ ਭੀ ਸ: ਰਾਇ ਸਿੰਘ ਕੋਣੀ ਤੇ ਸ: ਵੀਰ ਸਿੰਘ ਸੁਆਘ (ਫੀਰੋਜ਼ਪੁਰ) ਭਾਈ ਪੂਰਨ ਸਿੰਘ ਜਨੇਤ ਪੁਰਾ (ਲੁਧਿਹਾਣਾ) ਅਤੇ ਬਾਬਾ ਹਰਨਾਮ ਸਿੰਘ ਗੁਜ਼ਰਵਾਲ ਲੁਧਿਹਾਣਾ ਦੇ ਹੀ ਸਿਰ ਹੈ। ਬਾਬਾ ਗੁਰਦਿਤ ਸਿੰਘ ਜੀ ਦੀ ਕੁਰਬਾਨੀ ਅਦੁਤੀ ਹੈ ਅਤੇ ਜੇ ਉਨ੍ਹਾਂ ਦੀ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਤਿਆਰ ਕਰਨ ਦੀ ਸਕੀਮ ਸਫਲ ਹੋ ਜਾਂਦੀ ਤਾਂ ਆਪ ਭਾਰਤ ਵਾਸੀਆਂ ਦੀ ਬਹੁਤ ਜ਼ਿਆਦਾ ਸੇਵਾ ਕਰਦੇ ਪ੍ਰੰਤੂ ਵਾਹਿਗੁਰੂ ਨੂੰ ਕੁਝ ਇਸੇ ਤਰਾਂ ਹੀ ਮਨਜ਼ੂਰ ਸੀ ਕਿ ਇਹ ਸਕੀਮ ਸਰਕਾਰੀ ਅਫਸਰਾਂ ਦੀਆਂ ਧਕੇਸ਼ਾਹੀਆਂ ਦਾ ਸ਼ਿਕਾਰ ਹੋ ਗਈ।

# ਭਾਰਤ ਦੇ ਬਹੁਮੁੱਲੇ ਹੀਰੇ

## ਜਿਨ੍ਹਾਂ ਬੇਦੋਸ਼ ਤੇ ਬੇਕਸੂਰੇ ਸੂਰਬੀਰਾਂ ਨੂੰ ਪਿਆਰੇ ਵਤਨ ਪਰ ਪੈਰ ਧਰਦਿਆਂ, ਗੋਲੀਆਂ ਦਾ ਸ਼ਿਕਾਰ ਬਣਾ ਦਿਤਾ ਗਿਆ

## ਅਮਰ ਸ਼ਹੀਦਾਂ ਦੇ ਜੀਵਨ ਜ਼ਿਲਾ ਅਨੁਸਾਰ ਪੜ੍ਹੋ

# ਗੁਰੂ ਨਾਨਕ ਜਹਾਜ਼ ਦੇ ਬਾਨੀ

## ਬਾਬਾ ਗੁਰਦਿਤ ਸਿੰਘ ਜੀ ਸਰਹਾਲੀ

ਆ ਜਾ ਬੁਲ ਬਲ ਰਲ ਕੇ ਦੋਵੇਂ ਹਾਹਾ ਕਾਰ ਮਚਾਈਏ ॥
ਤੂੰ ਫੁਲਾਂ ਦੇ ਪਾ ਕੀਰਨੇ ਅਸੀਂ ਗਮ ਦੀ ਕਥਾ ਸੁਣਾਈਏ ॥

ਸ: ਗੁਰਦਿਤ ਸਿੰਘ ਪਿਤਾ ਹੁਕਮ ਸਿੰਘ ਜੀ ਦੇ ਘਰ ਜਨਮ ਪਿੰਡ ਸਰਹਾਲੀ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਤੋਂ ਬਾਅਦ ਵਿਦਿਆ ਖਤਮ ਕਰਨ ਸਾਰ ਸਿੰਘਾ ਪੁਰ, ਮਲਾਇਆ ਆਦਿ ਦੇਸ਼ਾਂ ਵਿਚ ਬਾਹਰ ਸਰਕਾਰੀ ਠੇਕੇਦਾਰੀ ਦਾ ਕੰਮ ਕਰਦੇ ਸਨ। ਉਸ ਵਕਤ ਆਪ ਜੀ ਨੂੰ ਸ: ਰਾਇ ਸਿੰਘ ਜੀ ਕੋਣੀ, ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ। ਸ: ਵੀਰ ਸਿੰਘ ਪਿੰਡ ਸੁਆਘ, (ਜ਼ਿਲਾ ਫੀਰੋਜ਼ਪੁਰ) ਭਾਈ ਪੂਰਨ ਸਿੰਘ ਜਨੇਤ ਪੁਰਾ ਅਤੇ ਕੈਨੇਡਾ ਵਿਚੋਂ ਬਾਬਾ ਹਰਨਾਮ ਸਿੰਘ ਜੀ ਗੁਜਰਵਾਲ ਲੁਧਿਆਣਾ ਆਦਿ ਆਪ ਜੀ ਜਹਾਜ਼ ਤਿਆਰ ਕਰਨ ਬਾਰੇ ਪ੍ਰੇਰਨਾ ਕਰਦੇ ਸਨ। ਜਦ ੧੯੦੯ ਵਿਚ ਉਹ ਦੇਸ਼ ਆਏ ਤਾਂ ਸ੍ਰੀ ਮਾਨ ਬਲਵੰਤ ਸਿਘ ਜੀ "ਗੰਥੀ" ਵੈਨਕੋਵਰ ਵਾਲੇ ਸ: ਗੁਰਦਿਤ ਸਿੰਘ ਜੀ ਨੂੰ ਸਰਹਾਲੀ ਸੁਤੇ ਸਿਧ ਹੀ ਮਿਲ ਪਏ। ਗ੍ਰੰਥੀ ਸਾਹਿਬ ਜੀ ਨੇ ਸ: ਗੁਰਦਿਤ ਸਿੰਘ ਜੀ ਨੂੰ ਕੈਨੇਡਾ ਜਹਾਜ਼ ਲੈ ਜਾਣ ਬਾਰੇ ਪ੍ਰੇਰਨਾ ਕੀਤੀ ਅਤੇ ਮਾਇਕ ਸਹਾਇਤਾ ਦੇਣ ਦਾ ਯਕੀਨ ਦੁਆਇਆ। ਗ੍ਰੰਥੀ ਜੀ ਜਹਾਜ਼ ਲੈ ਜਾਣ ਦਾ ਭਾਵ ਇਹ ਸੀ ਕਿ ਕੈਨੇਡਾ ਸਰਕਾਰ ਦੇ ਹੁਕਮ ਦੀ ਪਾਲਣਾ ਹੋ ਜਾਣ ਤੇ ਹਿੰਦੀਆਂ ਨੂੰ ਕੈਨੇਡਾ ਵਿਚ

Digitized by Panjab Digital Library | www.panjabdigilib.org

ਦਾਖਲ ਹੋ ਜਾਣ ਦਿਤਾ ਜਾਵੇਗਾ। ਜੇ ਹਿੰਦੀਆਂ ਨੂੰ ਕੈਨੇਡਾ ਨਾ ਜਾਣ ਦਿਤਾ ਤਾਂ ਕੈਨੇਡਾ ਸਰਕਾਰ ਦੇ ਢੋਲ ਦਾ ਪੋਲ ਖੁਲ੍ਹ ਜਾਵੇਗਾ ।

"ਜਿਤੁ ਜਿਤੁ ਲਾਵੇ ਤਿਤੁ ਤਿਤੁ ਲਗਨਾ"

ਦੇ ਵਾਕ ਅਨੁਸਾਰ ਜੋ ਅਕਾਲ ਪੁਰਖ ਕਰਾਉਣਾ ਚਾਹੁੰਦਾ ਹੈ ਉਹ ਜੇਹੇ ਸਜਣ ਤੇ ਸਾਧਨ ਕੁਦਰਤੀ ਮਿਲਦੇ ਹਨ। ਉਪਰ ਲਿਖੇ ਪਰੇਰਕਾਂ ਦੀ ਪ੍ਰੇਰਨਾ ਦਾ ਸਦਕਾ ਸ: ਗੁਰਦਿਤ ਸਿੰਘ ਜੀ ਛੁੱਟੀ ਕੱਟ ਕੇ ਜਾਂਦੇ ਜਹਾਜ਼ ਦੀਆਂ ਤਿਆਰੀਆਂ ਵਿਚ ਗੁਰੂ ਭਰੋਸੇ ਜੁਟ ਗਏ। ਬਾਬਾ ਜੀ ਗੁਰੂ ਭਰੋਸੇ ਵਾਲੇ ਗੁਰਸਿਖ ਸਨ। ਜਿਨ੍ਹਾਂ ਦੇ ਕਰਤਬਾਂ ਤੋਂ ਪ੍ਰਤੱਖ ਹੁੰਦਾ ਹੈ। ਜੈਸੇ ਹਰ ਇਕ ਕਾਰਜ ਦੇ ਆਰੰਭ ਵਿਚ ਕੀਤਾ ਲੋੜੀਆ ਕੰਮ ਸ਼ਬਦ ਪੜ੍ਹਕੇ ਅਰਦਾਸਾ ਕਰਨਾ। ਟੈਮ ਅਨੁਸਾਰ ਨਿਤਨੇਮ ਕਰਨਾ। ਕਾਮਾ ਗਾਟਾ ਮਾਰੂ ਜਹਾਜ਼ ਦਾ ਨਾਮ ਗੁਰੂ ਨਾਨਕ ਜਹਾਜ਼ ਰਖਣਾ। ਸ਼ਹਾਨਾ ਜਲੂਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਹਾਜ਼ ਵਿਚ ਸਥਾਪਤ ਕਰਨਾ ਤੇ ਗੁਰਦੁਆਰੇ ਵਾਸਤੇ ਸਪੈਸ਼ਲ ਕਮਰਾ ਰਖਣਾ, ਚਲਦੇ ਜਹਾਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਜ ਅਤੇ ਆਖੰਡ ਪਾਠ ਕਰਾਉਣੇ, ਖਾਸ ਕਾਰਜਾਂ ਵੇਲੇ ਦੇਗ ਸਜਾ ਕੇ ਅਰਦਾਸ ਕਰਨੀ। ਸ਼ਾਇਦ ਏਸੇ ਕਰਕੇ ਹੀ "ਆਪਣਾ ਵਿਗਾੜ ਪਰਾਇਆ ਸਾਡਾ" ਆਪ ਜੀ ਨੂੰ ਇਤਨੇ ਸਖਤ ਇਮਤਿਹਾਨ ਵਿਚ ਪਾਇਆ ਹੋਵੇ। ਜੋ ਇਸ ਪ੍ਰਉਪਕਾਰੀ ਸਿੰਘ ਜੀ ਨੂੰ ਗੁਰੂ ਨਾਨਕ ਜਹਾਜ਼ ਚਲਾਉਣ ਦਾ ਸਦਕਾ, ਸਾਡੀ ਬਦੇਸ਼ੀ ਸਰਕਾਰ ਨੇ ਗੁਰੂ ਨਾਨਕ ਜਹਾਜ ਦੇ ਸਾਰੇ ਮੁਸਾਫਰਾਂ ਨੂੰ ਤਕਲੀਫਾਂ ਦਿਤੀਆਂ ਉਨ੍ਹਾਂ ਦਾ ਅੰਦਾਜ਼ਾ ਲਾਉਣਾ ਦਿਮਾਗ਼ ਤੋਂ ਬਾਹਰ ਦੀ ਗੱਲ ਹੈ, ਜੋ ਮਾਲੀ ਨੁਕਸਾਨ ਹੋਇਆ ਉਸ ਦਾ ਇਸ ਪ੍ਰਕਾਰ ਵੇਰਵਾ ਹੈ:—

ਬਾਬਾ ਜੀ ਨੇ ਜਾਪਾਨੀ ਕੰਪਨੀ ਦੇ ਏਜੰਟ ਮਿ: ਏ: ਬੋਨੀ ਤੋਂ ੧੧੦੦੦) ਹਜ਼ਾਰ ਮਹਾਵਾਰੀ ਦੇਣਾ ਕਰਕੇ ਛੇ ਮਹੀਨੇ ਵਾਸਤੇ ਕਰਾਏ ਤੇ ਲਿਆ ਸੀ। ਕਰਾਏ ਦੀ ਪਹਿਲੀ ਕਿਸ਼ਤ ਪੇਸ਼ਗੀ ੧੧੦੦੦) ਹਜ਼ਾਰ ਡਾਲਰ ਦੇ ਕੇ, ਇਕ ਹਫਤੇ ਪਿਛੋਂ ਫਿਰ ੧੧੦੦੦) ਹਜ਼ਾਰ ਡਾਲਰ, ਇਕ ਮਹੀਨੇ ਪਿਛੋਂ ੨੨੦੦੦) ਡਾਲਰ, ਅੰਤਮ ਕਿਸਤ ੨੨੦੦੦) ਡਾਲਰ। ੪ ਜੂਨ ੧੯੧੪ ਤਕ ਅਦਾ ਕਰਨੀ ਅਤੇ ਲਿਖਤ ਪੜ੍ਹਤ ਜਾਪਾਨੀ ਕੰਪਨੀ ਨਾਲ ਦੋਹੀਂ ਪਾਸੀਂ ਹੋ ਗਈ। ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ, ੨੦੦) ਡਾਲਰ ਨਕਦ ਜ਼ਮਾਨਤ ਤੇ ਰਿਹਾ ਕਰ ਦਿਤਾ।

ਮੁਸਾਫਰ ੩੬੬ ਜਿਨ੍ਹਾਂ ਤੋਂ ਕਰਾਇ ਤੋਂ ਬਿਨਾ ੨੦੦ ਡਾਲਰ ਸਰਕਾਰੀ ਕਨੂੰਨ ਅਨੁਸਾਰ ਫੀ ਮੁਸਾਫਰ ਕੋਲ ਹੋਣਾ ਜ਼ਰੂਰੀ ਸੀ।

੧–੫–੧੦ ਅਕਤੂਬਰ ਨੂੰ ਸ਼ਾਹੀ ਗੋਰਜਨ ਦੇ ਤੋਪਖਾਨੇ ਇਕ ਤੋਪਚੀ ਨੇ ਜਿਹੜਾ ਅਜ ਕਲ ਫ਼ੋਰਟ ਵਿਲੀਅਮ ਦੇ ਵੈਰਲਸ ਸਟੇਸ਼ਨ ਤੇ ਲਗਾ ਹੈ, ਜਿਥੇ ਉਹ ਫੌਜੀ ਭੀ ਹਨ, ਜਿਨ੍ਹਾਂ ਨੇ ਬਜਬਜ ਵਿਚ ਕੰਮ ਕੀਤਾ ਸੀ। ਹਾਂਗਕਾਂਗ ਤੇ ਸੰਘਾਈ, ਬੌਕ ਦੀ, ਕਲਕੱਤੇ ਦੀ ਸ਼ਾਖ ਵਿਚ ਤਕਰੀਬਨ ੨੯੦ ਪੌਂਡਾਂ ਨੂੰ ਬਦਲਿਆ। ੨੯੦੦੦ ਜਾਪਾਨੀ ਬੈਂਕ ਦੇ ਨੋਟ ਤੁੜਾਏ।

## ਬਾਬਾ ਜੀ ਦਾ ਉਜ਼ਰ

ਮੈਂਨੂੰ ਦੋ ਮਹੀਨੇ ਪਾਣੀ ਵਿਚ ਕੈਦ ਰਖਕੇ ਮੇਰਾ ੮੦ ਲਖ ਰੁਪਏ ਦਾ ਨੁਕਸਾਨ ਕੀਤਾ। ਕਿਉਂਕਿ ਜਾਪਾਨੀ ਕੰਪਨੀ ਦੇ ਏਜੰਟ ਮਿ: ਏ ਬੋਨੀ ਨਾਲ ਗਲ ਬਾਤ ਕਰਕੇ ੧੧੦੦੦ ਮਹਾਵਰੀ ਕਰਾਏ ਤੇ ਲਿਆ।

੨੦ ਮਾਰਚ ੧੯੧੪ ਨੂੰ ਰਵਾਨਗੀ ਦਾ ਐਲਾਨ ਕੀਤਾ।

Digitized by Panjab Digital Library | www.panjabdigilib.org

੩ ਅਪ੍ਰੈਲ ੧੯੧੪ ਨੂੰ ਗੁਰੂ ਨਾਨਕ ਜਹਾਜ਼ ਹਾਂਗਕਾਂਗ ਤੋਂ ਮੁਸਾਫਰਾਂ ਨੂੰ ਲੈਕੇ ਕੈਨੇਡਾ ਨੂੰ ਰਵਾਨਾ ਕੀਤਾ।

੨੨ ਮਈ ੧੯੧੪ ਨੂੰ ਕੈਨੇਡਾ ਦੀ ਬੰਦਰਗਾਹ ਦੇ ਕੁਝ ਫਾਸਲੇ ਤੇ ਰੋਕਿਆ ਗਿਆ।

੨੩-੭-੧੯੧੪ ਨੂੰ ਸਾਢੇ ਚਾਰ ਬਜੇ ਕੈਨੇਡਾ ਤੋਂ ਹਾਂਗਕਾਂਗ ਨੂੰ ਵਾਪਸ ਕੀਤਾ।

੨੭ ਸਤੰਬਰ ੧੯੧੪ ਨੂੰ ਬੱਜ ਬੱਜ ਘਾਟ ਕਲਕੱਤੇ ਪੁਜਾ ਘੇਰਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਸਮੂੰਹ ਮੁਸਾਫਰਾਂ ਦੇ ਉਤਰਦਿਆਂ ਦੇ ਗੋਲੀਆਂ ਦੀ ਵਰਖਾ ਵਿਚ ਕੁਝ ਸ਼ਹੀਦ, ਕੁਝ ਹਰਨ ਹੋ ਗਏ, ਇਕ ਮੇਰਾ ਸਤ ਸਾਲ ਦਾ ਪੁਤ੍ਰ ਬਲਵੰਤ ਸਿੰਘ।

੨੪੦੦੦ ਡਾਲਰ ਦੀਆਂ ਹੁੰਡੀਆਂ ਦਾ ਜਿਕਰ ਤੇ ਉਹ ਹੁੰਡੀਆਂ ਤੇ ਹਿਸਾਬ ਦਾ ਜ਼ਿਕਰ ਤੇ ਨਕਦ ਸੋਨੇ ਤੇ ਪੌਂਡ ਅਤੇ ਹਾਂਗਕਾਂਗ ਦੇ ਸਿਕੇ ਦੇ ਨੋਟ, ਜਾਪਾਨੀ ਨੋਟਾ ਦਾ ਇਕ ਬੰਡਲ ਅਤੇ ਕਈ ਵਜਾ ਦੇ ਨੋਟ ਤੇ ਸੋਨੇ ਚਾਂਦੀ ਦੇ ਜ਼ੇਵਰ ਆਦਿ ਸਨ। ਇਹ ਸਾਰਾ ਮਾਲ ਮੇਰੇ ਖਜ਼ਾਨੇ ਵਿਚ ਸੀ।

ਸ੍ਰੀ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਦਾ ਲੁਟਿਆ ਲਗ ਭਗ ੧੫੦੦੦੦) ਛੇ ਮਹੀਨੇ ਵਿਚ ਲਗ ਭਗ ੩੫੦੦੦੦) ਸਾਢੇ ਤਿੰਨ ਲੱਖ ਤੇ ੨੫੦੦੦) ਪੰਝੀ ਹਜ਼ਾਰ ਆਦਮੀ ਜੋ ਸਫਰ ਕਰਨ ਨੂੰ ਤਿਆਰ ਹੁੰਦੇ ਸਨ। ਦੋ ਸੌ ਫੀ ਆਦਮੀ ਦੇ ਹਿਸਾਬ ਨਾਲ।

ਜਹਾਜ਼ ਕੋਲਾ ਢੋਣ ਵਾਲਾ ਹੋਣ ਕਰਕੇ ਬਾਬਾ ਜੀ ਨੂੰ ਸਫਾਈ ਕਰਨ ਤੇ ਬੜਾ ਹੀ ਖਰਚ ਕਰਨਾ ਪਿਆ। ਬੰਬਈ ਮਦਰਾਸ ਤੇ ਸੂਰਤ ਆਦਿ ਥਾਵਾਂ ਤੇ ਵਪਾਰ ਸ਼ੁਰੂ ਹੋਕੇ ਸੰਨ ੧੯੯੦ ਵਿਚ ਬੰਗਾਲ ਵਿਚ ਜਗ੍ਹਾ ਖਰੀਦੀ ਗਈ ਤੇ ਪੱਕੇ ਪੈਰ ਜੰਮ ਗਏ।

੩੦ ਮਾਰਚ ੧੯੧੪ ਨੂੰ ਗੁਰੂ ਨਾਨਕ ਜਹਾਜ਼ ਦੀ ਹਾਂਗ ਕਾਂਗ ਤੋਂ ਵੈਨਕੋਵਰ (ਕੈਨੇਡਾ) ਨੂੰ ਰਵਾਨਗੀ ਦਾ ਐਲਾਨ ਕੀਤਾ।

੩ ਅਪਰੈਲ ੧੯੧੪ ਨੂੰ ਗੁਰੂ ਨਾਨਕ ਜਹਾਜ਼ ੧੬੫ ਮੁਸਾਫਰ ਹਾਂਗ ਕਾਂਗ ਤੋਂ ਲੈਕੇ ਕੈਨੇਡਾ ਵਲ ਰਵਾਨਾ ਹੋਇਆ ਅਤੇ ਯੋਕੋਹਾਮਾ ਵਿਚ ਮੁਸਾਫਰਾਂ ਦੀ ਗਿਣਤੀ ੩੬੬ ਤਕ ਪੁਜ ਗਈ।

੨੨ ਮਈ ਦੀ ਰਾਤ ਨੂੰ ਗੁਰੂ ਨਾਨਕ ਜਹਾਜ਼ ਵਿਕਟੋਰੀਆ ਤੋਂ ਚਲ ਕੇ ਵੈਨਕੋਵਰ (ਕੈਨੇਡਾ) ਦੀ ਬੰਦਰਗਾਹ ਤੇ ਪੁਜਾ।

੨੨ ਜੁਲਾਈ ਨੂੰ ਗੁਰੂ ਨਾਨਕ ਜਹਾਜ਼ ਵੈਨਕੋਵਰ (ਕੈਨੇਡਾ) ਤੋਂ ਹਾਂਗ ਕਾਂਗ ਨੂੰ ਵਾਪਸ ਮੋੜ ਦਿਤਾ।

ਕੋਬੇ ਤੋਂ ਚਲ ਕੇ ਸ਼ਿੰਘਾਈ, ਹਾਂਗ ਕਾਂਗ ਤੇ ਸਿੰਘਾ ਪੁਰ ਤੋਂ ਹੁੰਦਾ ਹੋਇਆ ਗੁਰੂ ਨਾਨਕ ਜਹਾਜ਼ ੨੭ ਸਤੰਬਰ ੧੯੧੪ ਨੂੰ ਬੱਜ ਬੱਜ ਘਾਟ ਕਲਕਤੇ ਪੁਜਾ। ਜਿਥੇ ਨਕਲੀ ਸਿਖ ਸੁਖਾ ਸਿੰਘ ਪਿੰਡ ਖੁਰਾਨਾ ਜ਼ਿਲਾ ਗੁਜਰਾਤ ਇੰਨਸਪੈਕਟਰ ਪੁਲੀਸ ਹੋਰ ਆਦਮੀਆਂ ਨਾਲ ਪੁਜਾ ਤੇ ਨਾਮ ਪਤੇ ਨੋਟ ਕਰਕੇ ਜੁਗ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਨਿਰਦੋਸਿਆਂ ਨਿਹਥਿਆਂ ਗੁਰੂ ਪਿਆਰੇ ਸਿੰਘਾਂ ਤੇ ਗੋਲੀਆਂ ਵਰਸਾਈਆਂ ਗਈਆਂ। ਬਹੁਤ ਸ਼ਹੀਦ ਹੋ ਗਏ, ਕੁਝ ਫੜੇ ਗਏ, ਕੁਝ ਹਰਨ ਹੋ ਗਏ ਬਾਬਾ ਜੀ ਭੀ ਬਹੁਤ ਦੇਰ ਤਕ ਹਰਨ ਹੋਏ ਰਹੇ। ਬਾਬਾ ਜੀ ਦੀ ਗ੍ਰਿਫਤਾਰੀ ੨੬ ਨਵੰਬਰ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਜੀ ਲਖਾਂ ਦੀ ਤਦਾਦ ਦੇ ਜਲੂਸ ਵਿਚ ਆਪ ਪੇਸ਼ ਹੋਏ ਸਨ।

Digitized by Panjab Digital Library | www.panjabdigilib.org

# {ਬਾਬਾ ਜੀ ਤੇ ਮੁਕੱਦਮਾ ਅਦਾਲਤ ਅੰਮ੍ਰਿਤਸਰ ਵਿਚ}

# ਬਾਬਾ ਜੀ ਦੇ ਖਿਲਾਫ ਗਵਾਹ ਅਦਾਲਤ ਅੰਮ੍ਰਿਤਸਰ ਵਿਖੇ ੨੬-੬-੧੯੨੨

੧. ਰਘਬੀਰ ਸਿੰਘ ਸਫੈਦ ਪੋਸ਼
੨. ਮੰਗਲ ਸਿੰਘ ਸਫੈਦ ਪੋਸ਼
੩. ਮੇਲਾ ਸਿੰਘ ਕਾਨਸਟੇਬਲ ਖੁਫੀਆ ਪੋਲੀਸ
੪. ਗੋਪਾਲ ਸਿੰਘ ਨਾਇਬ ਤਹਿਸੀਲਦਾਰ
੫. ਫਕੀਰ ਹੁਸੈਨ ਸਬ ਇੰਨਸਪੈਕਟਰ

## ਜ਼ਿੰਮੇਵਾਰ ਸਰਕਾਰ ਹਿੰਦ, ਪਾਰਲੀਮੈਂਟ ਇੰਗਲੈਂਡ ਅਤੇ ਸਰਕਾਰ ਕੈਨੇਡਾ ਨੇ ਇਹ ਸਖਤ ਭੁੱਲਾਂ ਕੀਤੀਆਂ ਹਨਃ–

੧. ਮੈਨੂੰ ਜਹਾਜ਼ ਵਿਚ ਰੋਕਣ ਦੀ।
੨. ਮੈਨੂੰ ਅਦਾਲਤ ਵਿਚ ਪੇਸ਼ ਨਾ ਕਰਨਾ।
੩. ਮੁਸਾਫਰਾਂ ਦੀ ਜ਼ਮਾਨਤ ਨਾ ਲੈਣੀ।
੪. ਬਰਾਜ਼ੀਲ ਜਾਣ ਤੋਂ ਰੋਕਣਾ।
੫. ਨਵੇਂ ਠੇਕੇਦਾਰਾਂ ਨੂੰ ਜਹਾਜ਼ ਤੇ ਨਾ ਆਉਣ ਦੇਣਾ।
੬. ਰਾਸ਼ਨ ਖਰੀਦ ਕੇ ਪੁਚਾਣ ਦੀ ਅਜਾਜ਼ਤ ਨਾ ਦੇਣੀ।
੭. ਬਿਨਾ ਰਸਦ ਪਾਣੀ ਧਕੇ ਸ਼ਾਹੀ ਧਾੜ ਦਾ ਅਧੀ ਰਾਤ ਆਕੇ ਫਸਾਦ ਕਰਨਾ।

ਉਪਰ ਦਸੀਆਂ ਭੁੱਲਾਂ ਇਸ ਬਦਨੀਤੀ ਨਾਲ ਕੀਤੀਆਂ ਕਿ ਸਾਨੂੰ ਤਕਲੀਫਾਂ ਪੁਜਣ ਤੇ ਫਿਰ ਕੋਈ ਹਿੰਦੁਸਤਾਨੀ ਜਹਾਜ਼ੀ ਵਪਾਰ ਦਾ ਨਾਮ ਨਾ ਲਵੇ। ਬਾਬਾ ਗੁਰਦਿਤ ਸਿੰਘ ਮਾਲਕ ਗੁਰੂ ਨਾਨਕ ਜਹਾਜ਼। (ਜ਼ੁਲਮੀ ਕਥਾ ਸਫਾ ੨੭੭)

ਜੋ ਤਕਰੀਬਨ ੭-੮ ਸਾਲ ਤੋਂ ਬਾਦ ਰਿਹਾ ਹੋਕੇ ਦੇਸ਼ ਅਜ਼ਾਦ ਦੇਖ ਕੇ ਬੱਜ ਬੱਜ ਘਾਟ ਵਾਲੇ ਸਾਥੀ ਸ਼ਹੀਦਾ ਕੋਲ ਚਲੇ ਗਏ। ਹੁਣ ਗੁਰੂ ਪੰਥ ਪਾਸ ਆਪ ਜੀ ਦੀ ਅਮੋਲਕ ਅਮਾਨਤ ਸਰਦਾਰਰ ਬਲਵੰਤ ਸਿੰਘ ਆਪ ਜੀ ਦਾ ਪੁਤ੍ਰ ਹੈ। ਜਿਸ ਨਨੀ ਜੇਹੀ ਉਮਰ ੭ ਸਾਲ ਵਿਚ ਖਾਰੇ ਸਮੁੰਦਰ ਦੇ ਕਈ ਮਹੀਨੇ ਸਫਰ ਤੇ ਬੱਜ ਬੱਜ ਘਾਟ ਦੇ ਝਖੜ ਵਿਚ ਲੰਘ ਚੁਕੇ ਹਨ।

ਨੋਟਃ – ਅਮਰੀਕਨ, ਕੈਨੇਡੀਅਨ ਤੇ ਗੁਰੂ ਨਾਨਕ ਜਹਾਜ਼ ਦੇ ਕੌਮੀ ਮਰਜਿਉੜਿਆਂ ਦੀਆਂ ਕੁਰਬਾਨੀਆਂ ਨੇ ਸਿਖ ਕੌਮ ਨੂੰ ਝੰਜੋੜ ਕੇ ਗੂਹੜੀ ਆਲਸ ਤੋਂ ਉਠਾ ਕੇ ਅਕਾਲੀ ਲਹਿਰ ਨੂੰ ਜਨਮ ਦਿਤਾ।

"ਅਹਿ ਕਰਿ ਕਰੇ ਸੋ ਅਹਿ ਕਰ ਪਇ"

੧੯੧੪-੧੫ ਵਾਲੇ ਮਾਂਡਲਾ ਸਾਜ਼ਸ਼ ਕੇਸ ਵਾਲੇਃ—

ਗੁਰੂ ਨਾਨਕ ਜਹਾਜ਼ ਵਾਲਿਆਂ ਨੂੰ ਗੁਰਦਵਾਰਿਆਂ ਦੇ ਪੁਜਾਰੀਆਂ ਨੇ ਗੌਰਮਿੰਟ ਦੇ ਇਸ਼ਾਰੇ ਤੇ ਇਹ ਫਤਵਾ ਦਿਤਾ ਸੀ ਕਿ ਇਹ ਸਿਖ ਨਹੀਂ।

Digitized by Panjab Digital Library | www.panjabdigilib.org

ਗੌਰਮਿੰਟ ਕਹਿੰਦੀ ਸੀ ਕਿ ਇਹ ਵਪਾਰੀ ਨਹੀਂ ਡਾਕੂ ਹਨ, ਇਸ ਵਾਸਤੇ ਕਾਲੇ ਪਾਣੀ ਤੇ ਫਾਂਸੀਆਂ ਤੇ ਬੇਅੰਤ ਗੁਰੂ ਕੇ ਲਾਲਾਂ ਨੂੰ ਬੁਜ਼ਦਿਲ ਹਿੰਦੀਆਂ ਦੇ ਸਾਹਮਣੇ ਦਿਖਾ ੨ ਕੇ ਸ਼ਹੀਦ ਕੀਤਾ।

ਉਪਰ ਲਿਖੇ ਵਾਕ ਅਨੁਸਾਰਃ- ਪਹਿਲੇ- ਪੁਜਾਰੀਆਂ ਦੇ ਮੂੜੇ, ਅਕਾਲੀਆਂ ਨੇ ਬੰਨੇ। ਦੂਜੀ ਵਾਰ- ਆਜ਼ਾਦ ਹਿੰਦ ਫੌਜੀਆਂ ਨੇ ਜਿਵੇਂ ਜਿਵੇਂ ਅੰਗਰੇਜ਼ਾਂ ਨੇ ਹਿੰਦੀਆਂ ਨਾਲ ਜ਼ੁਲਮ ਕੀਤਾ ਸੀ ਉਸੇ ਤਰਾਂ ਸਜਾ ਭੁਗਤ ਕੇ ਹਿੰਦੋਸਤਾਨ ਚੋਂ ਬਿਸਤਰੇ ਲਿਪਟਾਏ।

ਧਰਮ ਦੀ ਜੈ ਪਾਪ ਦੀ ਖੈ
ਸਿੰਘਾਂ ਦਾ ਬੋਲ ਬਾਲਾ
ਜ਼ਾਲਮ ਦਾ ਮੂੰਹ ਕਾਲਾ

# ਭਾਈ ਮੇਵਾ ਸਿੰਘ ਜੀ ਸ਼ਹੀਦ

## ਦੀ ਜੀਵਨ ਵਿਥਿਆ

ਮੇਵਾ ਸਿੰਘ ਪਿਆਰੇ ਦੀ ਕੀਰਤੀ ਲਈ, ਸੱਤਾ ਨਹੀਂ ਜੇ ਮੇਰੀ ਜ਼ਬਾਨ ਦੇ ਵਿੱਚ।
ਨਹੀਂ ਲੱਭਦੇ ਹਰਫ ਜੋ ਵਰਤ ਸੱਕਾਂ, ਏਸ ਸੂਰਮੇ ਦੀ ਉਚੀ ਸ਼ਾਨ ਦੇ ਵਿੱਚ।
ਹਿੰਦੋਸਤਾਨ ਬਦਲੇ ਨਹੀਂ ਏਸ ਕੀਤਾ, ਸਰਫਾ ਰਤਾ ਭੀ ਜਿੰਦ ਘੁਮਾਨ ਦੇ ਵਿੱਚ।
ਐਹਾ ਚਮਕਿਆ ਵਿਚ ਪ੍ਰਦੇਸ'ਸਾਥੀ',ਚਾਨਣ ਆਣ ਹੋਇਆ ਹਿੰਦੋਸਤਾਨ ਦੇ ਵਿੱਚ।

ਸੰਸਾਰ ਵਿਚ ਕਈ ਪੁਰਸ਼ ਐਸੇ ਸਾਧਾਰਨ ਹੁੰਦੇ ਹਨ ਕਿ ਉਨ੍ਹਾਂ ਬਾਬਤ ਕਦੇ ਕਿਸੇ ਨੂੰ ਸੁਪਨੇ ਵਿਚ ਭੀ ਐਸਾ ਖਿਆਲ ਨਹੀਂ ਹੁੰਦਾ ਕਿ ਉਹ ਕਦੇ ਧਰਮ ਯਾਂ ਦੇਸ ਦੀ ਖਾਤਰ ਐਸਾ ਕੰਮ ਕਰਨਗੇ ਕਿ ਜਿਸ ਕਰਕੇ ਉਨ੍ਹਾਂ ਦਾ ਨਾਮ ਸਦਾ ਇਤਿਹਾਸ ਵਿਚ ਚਮਕਦਾ ਰਹੇ। ਪਰ ਜਦ ਕਦੇ ਸਮਾਂ ਆਇਆ ਤਾਂ ਕੁਦਰਤ ਨੇ ਐਸੇ ਸਾਧਾਰਨ ਪੁਰਸ਼ਾਂ ਪਾਸੋਂ ਅਜਿਹੇ ਵਡੇ ਵਡੇ ਕਾਰਨਾਮੇ ਕਰਵਾਏ ਕਿ ਜੋ ਇਤਹਾਸ ਅੰਦਰ ਇਕ ਬੜੀ ਪ੍ਰਸਿਧ ਯਾਦਗਾਰ ਬਣ ਗਏ ਤੇ ਜਿਨ੍ਹਾਂ ਕਰਕੇ ਉਨ੍ਹਾਂ ਦੇ ਨਾਮ ਸਦਾ ਲਈ ਦੁਨੀਆਂ ਵਿਚ ਰੋਸ਼ਨ ਹੋ ਗਏ।

ਐਸੀ ਹੀ ਮਿਸਾਲ ਭਾਈ ਸਾਹਿਬ ਭਾਈ ਮੇਵਾ ਸਿੰਘ ਜੀ ਸ਼ਹੀਦ ਦੀ ਹੈ। ਆਪ ਦੀ ਜਨਮ ਭੂਮੀ ਪਿੰਡ ਲੋਪੋਕੇ ਜ਼ਿਲਾ ਅੰਮ੍ਰਿਤਸਰ ਹੈ। ਆਪ ਬੜੀ ਸਾਦੀ ਤੇ ਧਾਰਮਿਕ ਜ਼ਿੰਦਗੀ ਵਾਲੇ ਸਾਧਾਰਨ ਪੁਰਸ਼ ਸਨ। ਆਪ ਆਪਣੇ ਨਗਰ ਵਿਚ ਘਰ ਦਿਆਂ ਨਾਲ ਖੇਤੀ ਬਾੜੀ ਦਾ ਕੰਮ ਕਰਿਆ ਕਰਦੇ ਸਨ। ਜਿਨ੍ਹਾਂ ਦਿਨਾਂ ਵਿਚ ਹਿੰਦੁਸਤਾਨੀ ਤੇ ਖਾਸ ਕਰਕੇ ਸਿਖ ਰੁਪਿਆ ਕਮਾਉਣ ਲਈ ਕੈਨੇਡਾ, ਅਮਰੀਕਾ ਤੇ ਹੋਰ ਟਾਪੂਆਂ ਵਲ ਗਏ ਤਾਂ ਆਪ ਭੀ ਕੈਨੇਡਾ ਚਲੇ ਗਏ। ਆਪ ਵੈਨਕੋਵਰ ਜਾ ਰਹੇ। ਆਪ ਜੀ ਧਾਰਮਕ ਜ਼ਿੰਦਗੀ ਬਤੀਤ ਕਰਿਆ ਕਰਦੇ ਸਨ ਤੇ ਵੈਨਕੋਵਰ ਵਿਚ ਭਾਈ ਰਾਮ ਸਿੰਘ ਸ਼ਹੀਦ ਨਾਲ ਰਿਹਾ ਕਰਦੇ ਸਨ।

### ਪ੍ਰਦੇਸਾਂ ਵਿਚ ਹਿੰਦੀਆਂ ਨੂੰ ਤਕਲੀਫਾਂ

੧੯੧੪-੧੫ ਵਿਚ ਅਮ੍ਰੀਕਾ ਆਦਿ ਦੇਸ਼ਾਂ ਵਿਚ ਤੇ ਹੋਰਨਾਂ ਟਾਪੂਆਂ ਵਿਚ ਹਿੰਦੀਆਂ ਨੂੰ ਦੂਜੀਆਂ ਕੌਮਾਂ ਵਾਲੇ ਲੋਕ ਗੁਲਾਮ ਸਮਝ ਕੇ ਬੜੀ ਨਫਰਤ ਕਰਦੇ ਸਨ ਤੇ ਤਾਹਨੇ ਤੇ ਮੇਹਣੇ ਦਿਆ ਕਰਦੇ ਸਨ। ਜਿਸ ਕਰਕੇ ਹਿੰਦੀਆਂ ਦੇ ਦਿਲ ਬੜੇ ਦੁਖੀ ਹੁੰਦੇ ਸਨ ਅਤੇ ਹਿੰਦੀਆਂ ਨੂੰ ਪ੍ਰਦੇਸ਼ਾਂ ਵਿਚ ਜਾਣ ਵਿਚ ਇਸੇ ਨਫਰਤ ਦੇ ਕਾਰਨ ਬੜੀਆਂ ਔਕੜਾਂ ਪੇਸ਼ ਆਉਂਦੀਆਂ ਸਨ। ਇਹੋ ਜੇਹੀਆਂ ਗਲਾਂ

Digitized by Panjab Digital Library | www.panjabdigilib.org

ਦੇ ਕਾਰਨ ਹੀ ਕਾਮਾ ਗਾਮਾ ਮਾਰੂ ਜਹਾਜ਼ ਹਿੰਦੀ ਮੁਸਾਫਰ ਲੈ ਕੇ ਕੈਨੇਡਾ ਨੂੰ ਗਿਆ ਤੇ ਅਮਰੀਕਾ ਵਿਚ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਲਹਿਰ ਚਲੀ ਤੇ ਗਦਰ ਪਾਰਟੀ ਕਾਇਮ ਹੋਇਆ। ਕੈਨੇਡਾ ਦੇ ਐਮੀਗ੍ਰੇਸ਼ਨ ਮਹਿਕਮੇ ਵਿਚ ਹਾਪਕਿਨਸਨ ਤੇ ਰੀਡ ਨਾਮੇ ਦੋ ਅਫਸਰ ਹਿੰਦੁਸਤਾਨੀਆਂ ਦੇ ਸਖਤ ਵਿਰੁਧ ਸਨ। ਹਾਪਕਿਨਸਨ ਤਾਂ ਅਕਸਰ ਹਿੰਦੀਆਂ ਨੂੰ ਇਹ ਕਹਿ ਕੇ ਚਿੜਾਇਆ ਕਰਦਾ ਸੀ ਕਿ "ਹਿੰਦੁਸਤਾਨੀ ਕਿਆ ਹੈ, ਹਮ ਨੇ ਉਸ ਕੇ ਬੂਟ ਕੇ ਤਲੇ ਕੇ ਨੀਚੇ ਮਲਾ ਹੂਆ ਹੈ।" ਇਹੋ ਜਿਹੀਆਂ ਗਲਾਂ ਨੇ ਹਿੰਦੀਆਂ ਦੇ ਦਿਲ ਛਾਨਣੀ ਛਾਨਣੀ ਕਰ ਸਿਟੇ ਸਨ।

## ਗੁਰਦੁਆਰਾ ਵੈਨਕੋਵਰ ਵਿਚ ਗੋਲੀ

ਦੈਵਨੇਤ ਨਾਲ ਇਨ੍ਹਾਂ ਹੀ ਦਿਨਾ ਅਰਥਾਤ ੧੯੧੪ ਵਿਚ ਕਾਮਾ ਗਾਟਾ ਮਾਰੂ ਜਹਾਜ਼ ਕੈਨੇਡਾ ਤੋਂ ਵਾਪਸ ਮੋੜਿਆ ਗਿਆ ਤੇ ਇਸ ਤੋਂ ਕੁਝ ਚਿਰ ਪਿਛੋਂ ਗੁਰਦੁਆਰਾ ਵੈਨਕੋਵਰ ਵਿਚ ਬੇਲਾ ਸਿੰਘ ਨਾਮੇ ਪਾਪੀ ਨੇ ਗੋਲੀ ਚਲਾ ਕੇ ਭਾਈ ਭਾਗ ਸਿੰਘ ਪ੍ਰਧਾਨ ਤੇ ਭਾਈ ਬਦਨ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਹੀਦ ਕਰ ਦਿਤਾ। ਇਸ ਸਾਕੇ ਨੇ ਸਾਰੇ ਸਿਖਾਂ ਦੇ ਹਿਰਦਿਆਂ ਨੂੰ ਬੜਾ ਖੇਦ ਪੁਚਾਇਆ। ਭਾਈ ਮੇਵਾ ਸਿੰਘ ਜੀ ਦੇ ਦਿਲ ਪੁਰ ਐਸੀ ਸੱਟ ਵੱਜੀ ਕਿ ਆਪ ਇਸ ਧਾਰਮਿਕ ਤੌਹੀਨ ਤੇ ਸਨਮਨ ਯੋਗ ਗੁਰਮੁਖਾਂ ਦੇ ਇਸ ਤਰ੍ਹਾਂ ਮਾਰੇ ਜਾਣ ਨੂੰ ਸਹਾਰ ਨ ਸਕੇ।

## ਪਾਪੀ ਨੂੰ ਜਮ ਦੇ ਧਾਮ ਪਚਾਉਣ ਦੀ ਤਿਆਰੀ

ਪਾਪੀ ਬੇਲਾ ਸਿੰਘ ਫੜਿਆ ਗਿਆ ਤੇ ਉਸ ਪਰ ਮੁਕੱਦਮਾ ਦਾਇਰ ਹੋ ਗਿਆ। ਪਾਪੀ ਬੇਲਾ ਸਿੰਘ ਨੇ ਅਦਾਲਤ ਦਿਚ ਬਿਆਨ ਕੀਤਾ ਕਿ ਮੈਂ ਜੋ ਕੁਝ ਕੀਤਾ ਹੈ ਉਹ ਐਮੀਗ੍ਰੇਸ਼ਨ ਦੇ ਮਹਿਕਮੇ ਦੇ ਅਫਸਰਾਂ ਦੇ ਕਹਿਣ ਪੁਰ ਕੀਤਾ ਹੈ। ਇਹ ਸੁਣ ਕੇ ਭਾਈ ਮੇਵਾ ਸਿੰਘ ਜੋ ਮੁਕਦਮਾਂ ਸੁਣਨ ਆਇਆ ਕਰਦੇ ਸਨ ਜਰ ਨਾ ਸਕੇ। ਉਨ੍ਹਾਂ ਪਸਤੌਲ ਲੈਕੇ ਉਸ ਨੂੰ ਚਲਾਉਣ ਦਾ ਢੰਗ ਸਿਖਣ ਤੇ ਨਿਸ਼ਾਨਾ ਲਾਉਣ ਦਾ ਅਭਿਆਸ ਕਰਨਾ ਆਰੰਭ ਕਰ ਦਿਤਾ। ਪਰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਭਾਈ ਮੇਵਾ ਸਿੰਘ ਹੋਰੀਂ ਇਹ ਕੰਮ ਕਿਉਂ ਕਰ ਰਹੇ ਹਨ। ਦੂਜੇ ਸਜਣ ਇਹ ਸਮਝਦੇ ਸਨ ਕਿ ਸ਼ਾਇਦ ਇਹ ਹਿੰਦੁਸਤਾਨ ਜਾਣ ਵਾਲੇ ਹਨ। ਆਪ ਨੇ ਆਪਣੇ ਵਲੋਂ ਐਮੀਗ੍ਰੇਸ਼ਨ ਦੇ ਉਨ੍ਹਾਂ ਹਤਿਆਰੇ ਅਫਸਰਾਂ ਨੂੰ ਜਿਨ੍ਹਾਂ ਗੁਰਦੁਆਰੇ ਅੰਦਰ ਗੋਲੀ ਚਲਵਾਉਣ ਦਾ ਅਪ੍ਰਾਧ ਕੀਤਾ ਸੀ, ਮਾਰਨ ਦੀ ਤਿਆਰੀ ਕਰ ਲਈ ਤੇ ਸਾਕਾ ਕਰਨ ਤੋਂ ਇਕ ਹਫਤਾ ਪਹਿਲਾਂ ਆਪਣੀਆਂ ਤਸਵੀਰਾਂ ਭੀ ਲੁਹਾ ਲਈਆਂ।

## ਕਚਹਿਰੀ ਵਿਚ ਹਾਪਕਿਨਸਨ ਨੂੰ ਗੋਲੀ ਮਾਰਨੀ

ਓੜਕ ਉਹ ਦਿਨ ਆ ਪੁਜਾ, ਜਦ ਕਿ ਆਪ ਨੇ ਧਾਰਮਿਕ ਹਤਕ ਕਰਨ ਵਾਲੇ ਨੂੰ ਜਮ ਦੇ ਪਾਸ ਪੁਚਾ ਦਿਤਾ। ਮੁਕੱਦਮਾ ਕਚਹਿਰੀ ਵਿਚ ਪੇਸ਼ ਹੋਇਆ। ਕਾਰਰਵਾਈ ਸ਼ੁਰੂ ਹੋ ਗਈ, ਭਾਈ ਮੇਵਾ ਸਿੰਘ ਜੀ ਆਪਣੇ ਨਾਲ ਪਿਸਤੌਲ ਭੀ ਛੁਪਾ ਕੇ ਲੈ ਗਏ। ਹਾਪਕਿਨਸਨ ਭੀ ਕਚਹਿਰੀ ਵਿਚ ਹਾਜ਼ਰ ਸੀ।

ਆਪ ਨੇ ਵੇਲਾ ਤਾੜ ਕੇ ਹਾਪ ਕਿਨਸਨ ਪੁਰ ਅਚਣਚੇਤ ਕਚਿਹਿਰੀ ਦੇ ਬਰਾਂਡੇ ਵਿਚ ਇਹ ਕਹਿ ਕੇ "ਕਿ ਪਾਪੀਆ ਤਕੜਾ ਹੋ ਜਾਹ" ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਅਦਾਲਤ ਵਿਚ ਇਕ ਦਮ ਖਿਲਬਿਲੀ ਮਚ ਗਈ ਭਾਜੜਾਂ ਪੈ ਗਈਆਂ, ਜੱਜ ਕੁਰਸੀ ਤੋਂ ਡਿੱਗ ਪਏ। ਜੇ ਭਾਈ ਸਾਹਿਬ ਚਾਹੁੰਦੇ ਤਾਂ ਭੱਜ ਸਕਦੇ ਸਨ। ਪਰ ਆਪ ਅਡੋਲ ਉਥੇ ਹੀ ਖੜੇ ਰਹੇ ਤੇ ਉਚੀ ਦੇ ਕੇ ਕਿਹਾ ਕਿ ਮੈਂ ਹਾਪਕਿਨਸਨ ਤੋਂ ਬਿਨਾਂ ਕਿਸੇ ਨੂੰ ਮਾਰਨਾ ਨਹੀਂ ਚਾਹੁੰਦਾ। ਮੈਂ ਜਿਸ ਨੂੰ ਮਾਰਨਾ ਸੀ ਉਸ ਨੂੰ ਮਾਰਿਆ ਹੈ। ਮੈਂ ਰੀਡ ਨੂੰ ਭੀ ਮਾਰਨਾ ਸੀ ਪਰ ਅਫਸੋਸ ਕਿ ਉਹ ਇਥੇ ਹਾਜ਼ਰ ਨਹੀਂ ਹੈ। ਆਪ ਨੇ ਪਸਤੌਲ

Digitized by Panjab Digital Library | www.panjabdigilib.org

ਜੱਜ ਦੀ ਮੇਜ਼ ਪਰ ਰਖ ਦਿੱਤਾ ਤੇ ਆਪਣੇ ਆਪ ਗ੍ਰਿਫਤਾਰ ਹੋ ਗਏ। ਜਦ ਆਪ ਤੋਂ ਪੁਛਿਆ ਗਿਆ ਕਿ ਆਪ ਨੇ ਹਾਪਕਿਨਸਨ ਨੂੰ ਕਿਉਂ ਮਾਰਿਆ, ਤਾਂ ਆਪ ਨੇ ਜਵਾਬ ਦੇਣ ਤੋਂ ਪਹਿਲਾ ਪੁਛਿਆ ਕਿ ਹਾਪਕਿਨਸਨ ਠੀਕ ਮਰ ਗਿਆ ਹੈ? ਕਿਤੇ ਜੀਉਂਦਾ ਤਾਂ ਨਹੀਂ ਰਹਿ ਗਿਆ। ਜਦ ਪੁਲਿਸ ਨੇ ਕਿਹਾ ਕਿ ਹਾਂ, ਉਹ ਮਰ ਗਿਆ ਹੈ। ਤਾਂ ਆਪ ਪ੍ਰਸੰਨ ਹੋ ਕੇ ਹਸੇ ਤੇ ਕਿਹਾ ਕਿ ਮੈਨੂੰ ਅੱਜ ਸਚੀ ਖੁਸ਼ੀ ਪ੍ਰਾਪਤ ਹੋਈ ਹੈ। ਆਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਸ ਨੇ ਸਾਡੇ ਗੁਰਦੁਆਰੇ ਵਿਚ ਗੋਲੀ ਚਲਵਾਈ, ਸਾਡੇ ਧਰਮ ਦੀ ਹਤਕ ਕੀਤੀ ਤੇ ਸਾਡੇ ਆਗੂ ਮਰਵਾਏ। ਇਸ ਲਈ ਮੈਂ ਨੇ ਕਤਲ ਕੀਤਾ ਹੈ।

ਇਹ ਖਬਰ ਪਲੋ ਪਲੀ ਵਿਚ ਸਾਰੇ ਫੈਲ ਗਈ। ਅੰਗਰੇਜ਼ ਤੇ ਹਿੰਦੁਸਤਾਨੀ ਭਾਈ ਸਾਹਿਬ ਦੇ ਦਰਸ਼ਨ ਕਰਨ ਲਈ ਆਏ। ਦਸਿਆ ਜਾਂਦਾ ਹੈ ਕਿ ਹਾਪਕਿਨਸਨ ਦੀ ਔਰਤ ਭੀ ਆਪ ਨੂੰ ਵੇਖਣ ਆਈ ਕਿ ਉਹ ਕੌਣ ਸੂਰਮਾ ਹੈ ਜਿਸ ਨੇ ਕਚਹਿਰੀ ਵਿਚ ਮਾਰਿਆ ਹੈ। ਕੈਨੇਡਾਂ ਦੇ ਅਖਬਾਰਾਂ ਵਿਚ ਆਪ ਦੇ ਫੋਟੋ ਤੇ ਹਾਲਾਤ ਛਪੇ।

ਇਸ ਸਾਕੇ ਦੇ ਹੋਣ ਸਾਰ ਹੀ ਜੋ ਕੈਨੇਡਾ ਦੇ ਲੋਕ ਹਿੰਦੀਆਂ ਤੋਂ ਨਫਰਤ ਕਰਦੇ ਸਨ, ਉਹ ਹਿੰਦੀਆਂ ਦੀ ਇਜ਼ਤ ਕਰਨ ਲਗ ਪਏ।

ਆਪ ਦੇ ਇਸ ਕਾਰਨਾਮੇ ਦੀਆਂ ਵਾਰਤਾਂ ਤੁਰ ਪਈਆਂ, ਭਾਈ ਰਾਮ ਸਿੰਘ ਸ਼ਹੀਦ ਕਿਹਾ ਕਰਦੇ ਸਨ, "ਸੇਵਾ ਕੀਤੀ ਮੇਵਾ ਸਿੰਘ ਨੇ ਭੂਰਾ ਰਿਛ ਬਈ ਨਰਕ ਨੂੰ ਤੋਰਿਆ।"

## ਹਵਾਲਾਤ ਵਿਚ

ਭਾਈ ਮੇਵਾ ਸਿੰਘ ਜੀ ਗ੍ਰਿਫਤਾਰ ਕਰਕੇ ਹਵਾਲਾਟ ਵਿਚ ਭੇਜੇ ਗਏ। ਆਪ ਪਰ ਮੁਕੱਦਮਾਂ ਚਲਣ ਸਮੇਂ ਬਹੁਤ ਸਜਣ ਆਪ ਦੀ ਮੁਲਾਕਾਤ ਨੂੰ ਆਉਂਦੇ ਰਹੇ। ਆਪ ਸਭ ਨੂੰ ਕਹਿੰਦੇ ਰਹੇ ਕਿ ਮੈਂ ਸਭ ਕੁਝ ਜਾਣ ਬੁਝ ਕੇ ਕੀਤਾ ਹੈ ਤੇ ਇਸ ਦਾ ਫਲ ਭੁਗਤਨ ਲਈ ਤਿਆਰ ਹਾਂ। ਆਪ ਨੇ ਅਦਾਲਤ ਵਿਚ ਬਿਆਨ ਕੀਤਾ ਕਿ ਮੈਂ ਇਸ ਤਰ੍ਹਾਂ ਗੁਰਦੁਆਰਿਆਂ ਵਿਚ ਗੋਲੀ ਚਲਣ ਦੇ ਅਪ੍ਰਾਧ ਤੇ ਆਪਣੇ ਆਗੂਆਂ ਦੀ ਮੌਤ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਹਾਪਕਿਨਸਨ ਨੇ ਗੁਰਦੁਆਰੇ ਵਿਚ ਗੋਲੀ ਚਲਵਾਈ ਤੇ ਸਾਡੇ ਆਦਮੀ ਮੁਰਵਾਏ, ਇਸ ਲਈ ਮੈਂ ਇਸ ਨੂੰ ਮਾਰਿਆ। ਮੈਂ ਰੀਡ ਨੂੰ ਮਾਰਨਾ ਸੀ, ਪਰ ਮਿਲ ਨਹੀਂ ਸਕਿਆ।

## ਸ਼ਹੀਦੀ

ਆਪ ਦੇ ਫਾਂਸੀ ਆਉਣ ਦੇ ਦਿਨ ਅੰਗਰੇਜ਼ ਤੇ ਹਿੰਦੁਸਤਾਨੀ ਬਹੁਤ ਭਾਰੀ ਗਿਣਤੀ ਵਿਚ ਜੇਲ੍ਹ ਦੇ ਬੂਹੇ ਅਗੇ ਜਾ ਪਹੁੰਚੇ। ਕੈਨੇਡਾ ਦਾ ਰਿਵਾਜ ਹੈ ਕਿ ਫਾਂਸੀ ਦੇਣ ਤੋਂ ਪਹਿਲਾਂ ਇਕ ਆਦਮੀ ਨੂੰ ਧਾਰਮਿਕ ਆਗੂ ਦੀ ਹੈਸੀਅਤ ਵਿਚ ਫਾਂਸੀ ਵਾਲੇ ਨੂੰ ਮਿਲਾਇਆ ਜਾਂਦਾ ਹੈ। ਇਸ ਲਈ ਭਾਈ ਮਿਤ ਸਿੰਘ ਪਿੰਡ ਪੰਡੋਰੀ ਜ਼ਿਲਾ ਲੁਧਿਹਾਣਾ ਨੂੰ ਆਪ ਦੇ ਨਾਲ ਮਿਲਾਇਆ ਗਿਆ। ਆਪ ਨੇ ਭਾਈ ਸਾਹਿਬ ਨੂੰ ਇਹ ਸੰਦੇਸ਼ਾ ਦਿਤਾ।

## ਅੰਤਮ ਸੰਦੇਸ਼ਾ

ਦੁਆਬੇ, ਮਾਝੇ, ਮਾਲਵੇ ਦਾ ਸਵਾਲ ਹਟਾ ਦਿਤਾ ਜਾਵੇ, ਸਭ ਸੱਜਣ ਮਜ਼ਬੀ ਈਰਖਾ ਤੋਂ ਪਰੇ ਰਹਿਣ। ਆਪ ਨੇ ਕਿਹਾ ਕਿ ਆਦਮੀ ਗੁਨਾਹ ਕਰਦਾ ਹੈ, ਇਸ ਲਈ ਇਸ ਨੂੰ ਦੇਹ ਤਿਆਗਣ ਸਮੇਂ ਦੁਖ ਹੁੰਦਾ ਹੈ, ਇਸ ਲਈ ਜਦ ਮੇਰਾ ਸਰੀਰ ਫਾਂਸੀ ਦੇ ਤਖਤੇ ਤੇ ਤੜਫੇਗਾ ਤਾਂ ਆਪ ਨੇ ਬਾਣੀ ਦਾ ਪਾਠ ਕਰਨਾ ਤੇ ਕਿਹਾ ਕਿ ਫਲਾਣੇ ੨ ਸ਼ਬਦਾਂ ਦਾ ਪਾਠ ਕਰਨਾ। ਭਾਈ ਮਿਤ ਸਿੰਘ ਜੀ ਕੁਝ ਉਦਾਸ ਹੋਏ ਤਾਂ ਆਪ ਨੇ ਕਿਹਾ ਜੇ ਤੁਸੀਂ ਇਸ ਤਰ੍ਹਾਂ ਕਰਨ ਲੱਗੇ ਤਾਂ ਸਾਡਾ ਕੀ ਹਾਲ, ਤੁਸਾਂ ਤਾਂ ਸਗੋਂ ਸਾਨੂੰ ਧੀਰਜ ਦੇਣੀ ਸੀ।

Digitized by Panjab Digital Library | www.panjabdigilib.org

ਇਸ ਸੰਦੇਸੇ ਪਿਛੋਂ ਅਰਦਾਸਾ ਸੋਧਿਆ ਗਿਆ ਤੇ ਆਪ ਨੂੰ ਫਾਂਸੀ ਪੁਰ ਚੜ੍ਹਾਉਣ ਵਾਲੇ ਕਪੜੇ ਪੁਆਏ ਗਏ। ਆਪ ਦੀ ਹਾਲਤ ਦਾ ਜੇਲ੍ਹ ਦੇ ਅਮਲੇ ਪੁਰ ਬੜਾ ਅਸਰ ਪਿਆ। ਜਲਾਦਾਂ ਤਕ ਦੇ ਹਿਰਦੇ ਅੰਦਰ ਅਸਰ ਆ ਗਿਆ। ਜਿਸ ਵੇਲੇ ਆਪ ਨੂੰ ਫਾਂਸੀ ਵਲ ਲੈ ਚਲੇ ਤਾਂ ਆਪ ਬੜੀ ਖੁਸ਼ੀ ਨਾਲ ਇਹ ਸ਼ਬਦ ਪੜ੍ਹਦੇ ਹੋਏ ਤੁਰੇ:—"ਹਰਿ ਜਸ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥" ਜਿਸ ਵੇਲੇ ਆਪ ਨੂੰ ਫਾਂਸੀ ਦਿਤਾ ਗਿਆ ਤਾਂ ਆਪ ਦੇ ਸੁਆਸ ਬਿਨਾਂ ਤੜਫਣ ਤੋਂ ਹੀ ਝਟ ਪਟ ਦੇਹ ਤਿਆਗ ਗਏ। ਉਸ ਸਮੇਂ ਜੋ ਡਾਕਟਰ ਹਾਜ਼ਰ ਸੀ ਉਸ ਦਾ ਕਥਨ ਹੈ ਕਿ ਮੈਂ ਕਿਸੇ ਫਾਂਸੀ ਆਉਣ ਵਾਲੇ ਦੇ ਇਤਨੀ ਜਲਦੀ ਸਾਸ ਨਿਕਲਦੇ ਨਹੀਂ ਦੇਖੇ।

### ਵੈਨਕੋਵਰ ਵਿਚ ਅਰਥੀ ਦਾ ਜਲੂਸ

ਜਿਸ ਵੇਲੇ ਆਪ ਨੂੰ ਫਾਂਸੀ ਦਿਤਾ ਗਿਆ ਤਾਂ ਆਪ ਦੇ ਸਰੀਰ ਦੇ ਦਰਸ਼ਨ ਲਈ ਲੋਕਾਂ ਦਾ ਬੇਸ਼ੁਮਾਰ ਇਕੱਠ ਹੋ ਗਿਆ। ਆਪ ਦੀ ਅਰਥੀ ਦਾ ਜਲੂਸ ਇਤਨਾ ਭਾਰਾ ਨਿਕਲਿਆ ਕਿ ਇੱਡਾ ਵੱਡਾ ਜਲੂਸ ਹਿੰਦੁਸਤਾਨੀਆਂ ਦਾ ਸਿਵਾਏ ਗੁਰਦੁਆਰਾ ਵੈਨਕੋਵਰ ਦੀ ਆਰੰਭਕ ਰਸਮ ਤੱਕ ਅਗੇ ਕਦੇ ਨਹੀਂ ਸੀ ਨਿਕਲਿਆ। ਵੱਡੀ ਜੇਲ੍ਹ ਤੋਂ ਆਪ ਦਾ ਜਲੂਸ ਫਰੇਜ਼ਰ ਮਿਲਜ਼ ਜਗ੍ਹਾ ਤੋਂ ਪੈਦਲ ਲਿਆਂਦਾ ਗਿਆ। ਹਿੰਦੁਸਤਾਨੀਆਂ ਤੋਂ ਬਿਨਾਂ ਅੰਗਰੇਜ਼ ਭੀ ਅਨੇਕਾਂ ਹੀ ਜਲੂਸ ਵਿਚ ਸ਼ਾਮਲ ਸਨ। ਭਾਵੇਂ ਬਰਖਾ ਹੋ ਰਹੀ ਸੀ, ਪਰ ਫਿਰ ਭੀ ਜਲੂਸ ਦੇ ਨਾਲ ਦਰਸ਼ਕਾਂ ਦੀ ਬਹੁਤ ਭੀੜ ਸੀ।

ਫਰੇਜ਼ਰ ਮਿਲ ਵਿਚ ਆਪ ਦੇ ਸਰੀਰ ਦਾ ਸਸਕਾਰ ਕੀਤਾ ਗਿਆ। ਸੰਗਤਾਂ ਨੇ ਵਾਪਸ ਆ ਕੇ ਆਪ ਦੇ ਨਮਿਤ ਆਖੰਡ ਪਾਠ ਜਾਰੀ ਕੀਤਾ ਤੇ ਭੋਗ ਤੋਂ ਪਿਛੋਂ ਆਪ ਦੀ ਯਾਦਗਾਰ ਵਿਚ ਲਗਾਤਾਰ ਸਤ ਦਿਨ ਦੀਵਾਨ ਸਜਦਾ ਰਿਹਾ।

ਅਜ ਭਾਵੇਂ ਭਾਈ ਮੇਵਾ ਸਿੰਘ ਜੀ ਇਸ ਸੰਸਾਰ ਪੁਰ ਨਹੀਂ ਹਨ, ਪਰ ਆਪ ਦੀ ਸ਼ਹੀਦੀ ਦੇ ਕਾਰਨ ਆਪ ਦਾ ਨਾਮ ਸਦਾ ਹੀ ਜ਼ਿੰਦਾ ਹੈ ਤੇ ਆਉਂਦੀਆਂ ਨਸਲਾਂ ਨੂੰ ਚਾਨਣ ਮੁਨਾਰੇ ਵਾਂਗ ਦਸ ਰਿਹਾ ਹੈ ਕਿ ਗੁਰਧਾਮਾਂ ਦੀ ਇਜ਼ਤ ਤੇ ਕੌਮੀ ਅਣਖ ਬਦਲੇ ਸੂਰਮੇ ਇਸ ਤਰ੍ਹਾਂ ਆਪਾ ਵਾਰ ਦਿਆ ਕਰਦੇ ਹਨ।

## ਜ਼ਿਲਾ ਅੰਮ੍ਰਿਤਸਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| | | | |
|---|---|---|---|
| | ਬਾਬਾ ਗੁਰਦਿਤ ਸਿੰਘ | ਕੋਟ ਦਾਤਾ | ਅੰਮ੍ਰਿਤਸਰ |
| ੧. | ਸ: ਬੇਲਾ ਸਿੰਘ | ਖਾਨ ਸ਼ਾਬੜੀ | ,, |
| ੨. | ਸ: ਬਘੇਲ ਸਿੰਘ | ਕੋਟ ਦਾਤਾ | ,, |
| ੩. | ਸ: ਅਜੈਬ ਸਿੰਘ | ਕੁਸੈਲ | ,, |
| ੪. | ਸ: ਹਰਨਾਮ ਸਿੰਘ | ਸੇਰੋਂ | ,, |
| ੫. | ਸ: ਆਲਾ ਸਿੰਘ | ਵੈਰੋਵਾਲ | ,, |
| ੬. | ਵੀਰ ਸਿੰਘ | ਚੰਬਲ | ,, |
| ੭. | ਸ: ਕੇਹਰ ਸਿੰਘ | ਕੋਟ ਦਾਤਾ | ,, |

Digitized by Panjab Digital Library | www.panjabdigilib.org

| | | | |
|---|---|---|---|
| ੮. | ਸ: ਤੇਜਾ ਸਿੰਘ | ਕਸੇਲ | ,, |
| ੯. | ਸ: ਦਿਆਲ ਸਿੰਘ | ਕੱਕੜ | ,, |
| ੧੦. | ਸੁਰਜਨ ਸਿੰਘ | ਪੱਡੋਰੀ | ,, |
| ੧੧. | ਗਣੇਸ਼ਾ ਸਿੰਘ | ਖੇਰ ਪੁਰ | ,, |
| ੧੨. | ਸ: ਸ਼ੀਹਾਂ ਸਿੰਘ | ਭੈਲ | ,, |
| ੧੩. | ਕਿਸ਼ਨ ਸਿੰਘ | ਮਡਾ | ,, |
| ੧੪. | ਸ: ਬਹਾਦਰ ਸਿੰਘ | ਕੱਲਰ ਵਾਲੀਆਂ | ,, |
| ੧੫. | ਫੌਜਾ ਸਿੰਘ | ਤਮੋਵਾਲ | ,, |
| ੧੬. | ਸ: ਮਲ ਸਿੰਘ | ਵਡਾਲੀ ਆਲਾ ਸਿੰਘ | ,, |
| ੧੭. | ਸ: ਬੂੜ ਸਿੰਘ | ਭੈਲ | ,, |
| ੧੮. | ਸ: ਮੰਗਲ ਸਿੰਘ | ਧੁਨ | ,, |
| ੧੯. | ਸ: ਨੌਰੰਗ ਸਿੰਘ | ਮੁੰਡਾ | ,, |
| ੨੦. | ਸ: ਮੇਨਾ ਸਿੰਘ | ਢੋਟੀਆਂ | ,, |
| ੨੧. | ਸ: ਵਧਾਵਾ ਸਿੰਘ | ਭਕਨਾ | ,, |
| ੨੨. | ਸ: ਸ਼ੀਹਾਂ ਸਿੰਘ | ਸਰਹਾਲੀ | ,, |
| ੨੩. | ਰੂੜ ਸਿੰਘ | ਨਾਪੂ ਕੇ | ,, |
| ੨੪. | ਸ: ਦੇਵਾ ਸਿੰਘ | ਸ਼ੈਰੋਂ | ,, |
| ੨੫. | ਸ: ਸ਼ੇਰ ਸਿੰਘ | ਪਾਨੂਕੇ | ,, |
| ੨੬. | ਸ: ਅਤਰ ਸਿੰਘ | ਰੂੜੀਵਾਲਾ | ,, |
| ੨੭. | ਸ: ਸੁੰਦਰ ਸਿੰਘ | ਤਸੋਵਾਲ | ,, |
| ੨੮. | ਬੀਬੀ ਕਿਸ਼ਨ ਕੌਰ | ਤਸੋਵਾਲ | ,, |
| ੨੯. | ਬੀਬੀ ਭੁਜੰਗਣ ਲੜਕੀ | ਤਮੋਵਾਲ | ,, |
| ੩੦. | ਸ: ਅਛਰ ਸਿੰਘ | ਕੱਲਾ | ,, |
| ੩੧. | ਸ: ਬਿਸ਼ਨ ਸਿੰਘ | ਦਦੇਹਰ | ,, |
| ੩੨. | ਸ: ਜਵੰਦ ਸਿੰਘ | ਫਤਹਿਗੜ੍ਹ | ,, |
| ੩੩. | ਸ: ਸੁਰੈਣ ਸਿੰਘ | ਪੰਡੋਰੀ | ,, |
| ੩੪. | ਸ: ਨਰੈਣ ਸਿੰਘ | ਕੱਲਾ | ,, |
| ੩੫. | ਸ: ਠਾਕਰ ਸਿੰਘ | ਉਧੋ ਨੰਗਲ | ,, |
| ੩੬. | ਸ: ਕਿਸ਼ਨ ਸਿੰਘ | ਝੰਡੇਰ | ,, |
| ੩੭. | ਸ: ਫੌਜਾ ਸਿੰਘ | ਝਾਮਕੋ | ,, |
| ੩੮. | ਸ: ਟੋਹਲ ਸਿੰਘ | ਚੋਹਲਾ | ,, |
| ੩੯. | ਸ: ਟੋਹਲ ਸਿੰਘ | ਰਾਣੀ ਵਾਲਾ | ,, |
| ੪੦. | ਸ: ਇੰਦਰ ਸਿੰਘ | ਦਦੇਹਰ | ,, |
| ੪੧. | ਸ: ਹਰਨਾਮ ਸਿੰਘ | ਅੰਮ੍ਰਿਤਸਰ | ,, |

Digitized by Panjab Digital Library | www.panjabdigilib.org

| | | | |
|---|---|---|---|
| ੪੨. | ਸ: ਲਛਮਣ ਸਿੰਘ | ਮਾਨੂ ਚਾਹਲ | ,, |
| ੪੩. | ਸ: ਗੁਰਦਿਤ ਸਿੰਘ | ਸਰਹਾਲੀ | ,, |
| ੪੪. | ਸ: ਸੱਜਨ ਸਿੰਘ | ਢੂਰ (ਢੂਰ ਕੇ) | ,, |
| ੪੫. | ਸ: ਮੱਖਣ ਸਿੰਘ | ਲਧੇਵਾਲ | ,, |
| ੪੬. | ਸ: ਸ਼ਮਸ਼ੇਰ ਸਿੰਘ | ਸਰਹਾਲੀ | ,, |
| ੪੭. | ਸ: ਹਰਨਾਮ ਸਿੰਘ | ਪਨਮੋਟਾ | ,, |
| ੪੮. | ਸ: ਤਾਰਾ ਸਿੰਘ | ਜਸਮਤ ਪੁਰਾ | ,, |
| ੪੯. | ਸ: ਜਗਤ ਸਿੰਘ | ਤਾਰਾ ਗੜ੍ਹ | ,, |
| ੫੦. | ਸ: ਬੂਟਾ ਸਿੰਘ | ਮੂਸਲ | ,, |
| ੫੧. | ਸ; ਸਪੂਰਨ ਸਿੰਘ | ਨਥੂ ਪੁਰਾ | ,, |
| ੫੨. | ਸ: ਆਸਾ ਸਿੰਘ | ਕੋਟ ਦਾਤਾ | ,, |
| ੫੩. | ਸ: ਸ਼ੀਹਾਂ ਸਿੰਘ | ਕੋਟ ਦਾਤਾ | ,, |
| ੫੪. | ਸ: ਜਵੰਦ ਸਿੰਘ | ਕੋਟ ਦਾਤਾ | ,, |
| ੫੫. | ਸ: ਸਾਧੂ ਸਿੰਘ | ਕੋਟ ਦਾਤਾ | ,, |
| ੫੬. | ਸ: ਸੰਤਾ ਸਿੰਘ | ਕਦ ਗਿਲ | ,, |
| ੫੭. | ਸ: ਸੁਰੈਣ ਸਿੰਘ | ਸਿਰਹਾਲੀ | ,, |
| ੫੮. | ਸ: ਕਿਸ਼ਨ ਸਿੰਘ | ਛਜਲ ਵਡੀ | ,, |
| ੫੯. | ਸ: ਅਤਰ ਸਿੰਘ | ਘੜਕਾ | ,, |
| ੬੦ | ਸ: ਠਾਕਰ ਸਿੰਘ | ਉਦੇ ਨੰਗਲ ਡਾ: ਮਹਿਤਾ | ਜ਼ਿਲਾ ਅੰਮ੍ਰਿਤਸਰ |

## ਜ਼ਿਲਾ ਲੁਧਿਆਣਾ

**ਪੂਰਨ ਸਿੰਘ:—** ਆਪ ਦਾ ਪਿੰਡ ਜਨੇਤ ਪੁਰਾ ਜ਼ਿਲਾ ਲੁਧਿਹਾਣਾ ਹੈ। ਆਪ ੧੮੯੪ ਈ: ਵਿਚ ਸ: ਗੁਰਦਿੱਤ ਸਿੰਘ ਦੇ ਘਰ ਪੈਦਾ ਹੋਏ। ਮਾਤਾ ਦਾ ਨਾਮ ਰੂੜ ਕੌਰ ਸੀ। ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਮੈਟਰਿਕ ਪਾਸ ਕਰਕੇ ਆਪ ਬਾਬਾ ਗੁਰਮੁਖ ਸਿੰਘ ਲਲਤੋਂ ਦੇ ਨਾਲ ਹੀ ਹਾਂਗ ਕਾਂਗ ਚਲੇ ਗਏ। ਏਥੋਂ ਕੋਮਾ ਗਾਟਾ ਮਾਰੂ ਜਹਾਜ਼ ਵਿਚ ਸਵਾਰ ਹੋ ਕੇ ਕੈਨੇਡਾ ਨੂੰ ਜਾਣ ਦੀ ਸਲਾਹ ਕਰ ਲਈ। ਆਪ ਜਹਾਜ਼ ਦੇ ਸਟੋਰ ਕੀਪਰ ਸਨ। ਜਿਸ ਵੇਲੇ ਜਹਾਜ਼ ਵਾਪਸ ਆਇਆ ਤਾਂ ਆਪ ਨੂੰ ਹੋਰ ਸਾਥੀਆਂ ਸਮੇਤ ਬੱਜ ਬੱਜ ਦੇ ਘਾਟ ਤੋਂ ਗ੍ਰਿਫਤਾਰ ਕੀਤਾ ਗਿਆ ਤੇ ਆਪ ਨੂੰ ਕਈ ਸਾਲ ਜੇਹਲ ਦੀਆਂ ਮੁਸੀਬਤਾਂ ਝੱਲਣੀਆਂ ਪਈਆਂ। ਕੈਂਮਲ ਪੁਰ, ਲੁਧਿਆਣਾ ਤੇ ਲਾਹੌਰ ਦੀਆਂ ਜੇਹਲਾਂ ਵਿਚ ਬੰਦ ਰਹਿਣ ਮਗਰੋਂ ਆਪ ਰਿਹਾ ਹੋਏ।

ਪਿੰਡ ਆਕੇ ਵੀ ਨਜ਼ਰਬੰਦੀ ਰਹੀ ਫੇਰ ਲੁਧਿਆਣੇ ਕੋਚਿੰਗ ਐਂਡ ਟੈਲੀਗਰਾਫ ਸਕੂਲ ਵੀ ਖੋਲ੍ਹਿਆ। ਪਰ ਇਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਤੇਜ਼ ਹੋ ਰਹੀ ਸੀ, ਇਸ ਕਰਕੇ ਆਪ ਨੂੰ ਜ਼ਿਲਾ ਅਕਾਲੀ ਦਲ ਦੇ ਦਫਤਰ ਦਾ ਕੰਮ ਸੰਭਾਲਿਆ ਗਿਆ। ਆਪ ਨੇ ਇਨ੍ਹਾਂ ਦਿਨਾਂ ਵਿਚ ਬੇਅੰਤ ਸੇਵਾ ਕੀਤੀ। ਪੁਲੀਸ ਤੇ ਸਰਕਾਰ ਵਲੋਂ ਆਪ ਨੂੰ ਕਈ ਲਾਲਚ ਵੀ ਦਿਤੇ ਗਏ ਪਰ ਆਪ ਹਮੇਸ਼ਾਂ ਠੁਕਰਾਂਦੇ ਰਹੇ।

Digitized by Panjab Digital Library | www.panjabdigilib.org

ਆਪ ਛੇ ਸਾਲ ਤਕ ਗੁ: ਹੋਰਾਂ ਦੇ ਮੈਨੇਜਰ ਰਹੇ ਹਨ। ਬੜੇ ਸਿਆਣੇ ਤੇ ਗੁਰਮੁਖ ਸੱਜਣ ਹਨ। ਆਪ ਦਾ ਛੋਟਾ ਭਰਾ ਹਜ਼ਾਰਾ ਸਿੰਘ ਕਮਿਊਨਿਸਟ ਪਾਰਟੀ ਦਾ ਸਰਗਰਮ ਵਰਕਰ ਹੈ। ਆਪ ਜੀ ਦੇ ਤਿੰਨ ਲੜਕੇ ਤੇ ਦੋ ਬੀਬੀਆਂ ਹਨ।

**ਰਲਾ ਸਿੰਘ:—** ਸ: ਵੀਰ ਸਿੰਘ ਦਾ ਸਪੁਤ੍ਰ ਸ: ਰਲਾ ਸਿੰਘ ਪਿੰਡ ਢੇਹ ਪਈ ਜ਼ਿਲਾ ਲੁਧਿਆਣਾ ਦਾ ਵਸਨੀਕ ਸੀ। ਕੌਮਾ ਗਾਟਾ ਮਾਰੂ ਜਹਾਜ਼ ਵਿਚ ਸਵਾਰ ਹੋਕੇ, ਬਾਬਾ ਗੁਰਦਿੱਤ ਸਿੰਘ ਜੀ ਦੀ ਅਗਵਾਈ ਹੇਠ ਕੈਨੇਡਾ ਨੂੰ ਗਿਆ।

ਜਿਸ ਵੇਲੇ ਜਹਾਜ਼ ਵਾਪਸ ਆਇਆ ਤੇ ਬੱਜ ਬੱਜ ਘਾਟ ਉਤੇ ਗੋਲੀ ਚੱਲੀ ਤਾਂ ਭਾਈ ਰਲਾ ਸਿੰਘ ਜੀ ਦੇ ਜਬਾੜੇ ਵਿਚੋਂ ਗੋਲੀ ਨਿਕਲ ਗਈ। ਕਈ ਮਹੀਨੇ ਹਸਪਤਾਲ ਵਿਚ ਕਸ਼ਟ ਝਲਦੇ ਰਹੇ। ਮੰਜੇ ਉਪਰ ਪਏ ਦੀ ਵੀ ਪੁਲੀਸ ਵੱਲੋਂ ਸਖਤ ਨਿਗਰਾਨੀ ਕੀਤੀ ਜਾਂਦੀ ਸੀ। ਆਪ ਜੀ ਦੇ ਦੋ ਲੜਕੇ ਹਨ।

**ਸ਼ੇਰ ਸਿੰਘ:—** ਆਪ ਪਿੰਡ ਕਮਾਲ ਪੁਰਾ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਹਨ। ਪਿਤਾ ਦਾ ਨਾਮ ਸ: ਕਾਹਨ ਸਿੰਘ ਹੈ। ਆਪ ੧੯੧੪ ਵਿਚ ਪ੍ਰਦੇਸਾਂ ਨੂੰ ਗਏ ਤੇ ਸ਼ੰਘਾਈ (ਚੀਨ) ਪਹੁੰਚ ਕੇ ਅਪਣੇ ਪਿੰਡ ਦੇ ਪੁਰਾਣੇ ਮਿਤ੍ਰ ਸ: ਸੰਤੋਖ ਸਿੰਘ ਨਾਲ ਮਿਲ ਕੇ ਕੰਮ ਕਰਨ ਲੱਗੇ ਪਰ ਦਿਨ੍ਹਾਂ ਦਿਨਾਂ ਵਿਚ ਹੀ ਕੌਮਾ ਗਾਟਾ ਮਾਰੂ ਜਹਾਜ਼ ਕੈਨੇਡਾ ਨੂੰ ਜਾ ਰਿਹਾ ਸੀ। ਆਪ ਇਸ ਵਿਚ ਸਵਾਰ ਹੋ ਗ । ਕੈਨੇਡਾ ਸਰਕਾਰ ਨੇ ਜਹਾਜ਼ ਦੇ ਮੁਸਾਫਰਾਂ ਨੂੰ ਉਤਰਣ ਦੀ ਆਗਿਆ ਨਾ ਦਿੱਤੀ ਤੇ ਜਦੋਂ ਇਹ ਜਹਾਜ਼ ਬੱਜ ਬੱਜ ਘਾਟ ਉਤੇ ਵਾਪਸ ਆਕੇ ਰੁਕਿਆ ਤਾਂ ਪੁਲੀਸ ਨੇ ਭਾਈ ਸ਼ੇਰ ਸਿੰਘ ਨੂੰ ਗ੍ਰਿਫਤਾਰ ਕਰ ਕੇ ਢਾਈ ਮਹੀਨੇ ਅਲੀ ਪੁਰ ਜੇਹਲ ਵਿਚ ਕੈਦ ਰਖਿਆ। ਪਿੰਡ ਆਉਣ ਤੇ ਪੰਜ ਸਾਲ ਨਜ਼ਰਬੰਦੀ ਰਹੀ।

ਆਪ ਦੇ ਦਿਲ ਵਿਚ ਦੇਸ਼ ਦਾ ਦਰਦ ਤੇ ਕੌਮ ਦਾ ਪਿਆਰ ਹੈ।

**ਬਲਦੇਵ ਸਿੰਘ ਗਰੇਵਾਲ:—** ਇਸ ਨੌਜਵਾਨ ਦਾ ਪਿੰਡ ਨਾਰੰਗਵਾਲ ਖੁਰਦ (ਲੁਧਿਆਣਾ) ਹੈ। ਇਹ ਸ: ਚੰਨਣ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਅੱਖ ਦਾ ਚਾਨਣ ਪੈਦਾ ਹੋਇਆ। ਮੈਟ੍ਰਿਕ ਤਕ ਵਿਦਿਆ ਹਾਸਲ ਕੀਤੀ। ੧੯੩੯ ਦੀ ਸਤਿਆਗ੍ਰਹਿ ਲਹਿਰ ਵਿਚ ਹਿਸਾ ਲਿਆ ਤੇ ਕਲਕੱਤਿਉਂ ਗ੍ਰਿਫਤਾਰ ਕੀਤਾ ਗਿਆ। ਇਕ ਸਾਲ ਸਖਤ ਕੈਦ ਦੀ ਸਜ਼ਾ ਮਿਲੀ।

੩੦ ਮਾਰਚ ੧੯੪੧ ਈ: ਨੂੰ ਗੁਰਦਵਾਰਾ ਜਗਤ ਸੁਧਾਰ ਕਲਕੱਤਾ ਵਿਚ, ਨੌਜਵਾਨ ਸਭਾ ਬੰਗਾਲ ਵਲੋਂ, ਰਿਹਾਈ ਉਤੇ ਮਾਨ ਪੱਤਰ ਪੇਸ਼ ਕੀਤਾ ਗਿਆ।

ਬੰਗਾਲ ਸਰਕਾਰ, ਸ: ਬਲਦੇਵ ਸਿੰਘ ਤੋਂ ਭੈ ਖਾਂਦੀ ਸੀ ਤੇ ਡਰ ਸੀ ਕਿ ਕਿਤੇ ਕੋਈ ਹੋਰ ਉਪਾਧੀ ਨਾ ਛੇੜ ਦੇਵੇ, ਇਸ ਲਈ ਭੋਲੇ ਭਾਲੇ ਬਲਦੇਵ ਸਿੰਘ ਨੂੰ ਜਲਾਵਤਨ ਕਰਕੇ ਪਿੰਡ ਭੇਜਿਆ ਗਿਆ ਤੇ ਪਿੰਡ ਪਹੁੰਚਦਿਆਂ ਹੀ ਪੰਜਾਬ ਦੀ ਪੁਲੀਸ ਸੁਆਗਤ ਲਈ ਆ ਪਹੁੰਚੀ। ਸੁਭਾਸ਼ ਬੋਸ ਦੇ ਸਾਥੀ ਹੋਣ ਦਾ ਦੋਸ਼ ਲਾਕੇ, ਰਾਵਲਪਿੰਡੀ ਜੇਹਲ ਵਿਚ ਭੇਜਿਆ ਗਿਆ। ਅਨੇਕਾਂ ਮੁਸੀਬਤਾਂ ਦਿਤੀਆਂ ਗਈਆਂ ਪਰ ਇਸ ਸੂਰਬੀਰ ਤੇ ਧਿਦਕੀ ਵੀਰ ਨੇ ਕਿਸੇ ਦੁਖ ਦੀ ਕੱਖ ਜਿੰਨੀ ਵੀ ਪਰਵਾਹ ਨਾ ਕੀਤੀ ਤੇ ਉਦੋਂ ਤਕ ਮੈਦਾਨ ਵਿਚ ਡਟਿਆ ਰਿਹਾ, ਜਦੋਂ ਤੱਕ ਦੇਸ਼ ਨੂੰ ਅਜ਼ਾਦੀ ਨਾ ਮਿਲੀ।

੧੯੪੭ ਤੋਂ ਮਗਰੋਂ ਕਲਕੱਤੇ ਵਿਚ ਹੋਟਲ ਖੋਲ੍ਹ ਕੇ ਅਪਣਾ ਕਾਰੋਬਾਰ ਕਾਮਯਾਬੀ ਨਾਲ ਚਲਾ ਰਿਹਾ ਹੈ। ਕੌਮੀ ਸੇਵਾ ਦਾ ਚਾਉ ਹਾਲੀ ਤਕ ਉਸੇ ਤਰ੍ਹਾਂ ਕਾਇਮ ਹੈ।

Digitized by Panjab Digital Library | www.panjabdigilib.org

# ਭਾਈ ਮਸਤੂ ਸਿੰਘ ਜੀ (ਸ਼ਹੀਦ) ਲੀਲਾ ਮੇਘੇ ਦੀਆਂ

ਭਾਈ ਮਸਤੂ ਸਿੰਘ ਜੀ ਦਾਂ ਜਨਮ ਨਗਰ ਲੀਲਾ ਮਾਘੇ ਦੀਆਂ ਵਿਚ ਸ: ਬਿਸ਼ਨ ਸਿੰਘ ਜੀ ਦੇ ਘਰ ਮਾਤਾ ਕਾਹਨ ਕੌਰ ਦੇ ਉਦਰ ਤੋਂ ਹੋਇਆ। ਦੇਸ਼ ਵਿਚ ਵਿਦਿਆ ਪ੍ਰਚਾਰ ਦਾ ਕੋਈ ਚੰਗਾ ਵਸੀਲਾ ਨਾ ਹੋਣ ਕਰਕੇ ਆਪ ਵਿਦਿਆ ਪ੍ਰਾਪਤ ਨਾ ਕਰ ਸਕੇ। ੨੫ ਸਾਲ ਦੀ ਉਮਰ ਵਿਚ ਆਪ ਨੂੰ ਬਦੇਸ਼ਾਂ ਦੀ ਸੈਰ ਕਰਨ ਦਾ ਚਾਅ ਪੈਦਾ ਹੋਇਆ ਤੇ ਆਪ ਸ਼ੰਘਾਈ ਜਾ ਪੁਜੇ। ਗੁਰੂ ਨਾਨਕ ਜਹਾਜ਼ ਪਰ ਸਵਾਰ ਹੋਕੇ ਆਪ ਕੈਨੇਡਾ ਗਏ ਪ੍ਰੰਤੂ ਉਥੇ ਨਾ ਉਤਰ ਸਕੇ। ਜਦ ਕੌਮਾ ਗਾਟਾ ਮਾਰੂ ਜਹਾਜ਼ (ਗੁਰੂ ਨਾਨਕ ਜ਼ਹਾਜ਼) ਬੱਜ ਬੱਜ ਘਾਟ ਪਰ ਪੁਜਿਆ ਤਾਂ ਸਰਕਾਰ ਅੰਗਰੇਜ਼ੀ ਨੇ ਬੇਦੋਸੇ ਮੁਸਾਫਰਾਂ ਪਰ ਬੇ-ਤਹਾਸ਼ਾ ਗੋਲੀਆਂ ਦੀ ਵਰਖਾ ਕੀਤੀ। ਭਾਈ ਮਸਤੂ ਸਿੰਘ ਜੀ ਭੀ ਗੋਲੀ ਲੱਗਣ ਨਾਲ ਸ਼ਹੀਦ ਹੋ ਗਏ ਅਤੇ ਜਵਾਨ ਅਵਸਥਾ ਵਿਚ ਹੀ ਦੇਸ਼ ਦੀ ਖਾਤਰ ਕੁਰਬਾਨੀ ਦੀ ਬਲਦੀ ਵੇਦੀ ਵਿਚ ਜੀਵਨ ਆਹੁਤੀ ਪਾ ਗਏ।

**ਭਾਈ ਵੀਰ ਸਿੰਘ ਜੀ:–** ਆਪ ਦਾ ਜਨਮ ਸ: ਖਾਨੀ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁਖੋਂ ਪਿੰਡ ਗੁੜੇ ਤਹਿਸੀਲ ਜਗਰਾਓਂ ਜ਼ਿਲਾ ਲੁਧਿਆਣਾ ਵਿਚ ਹੋਇਆ।

ਬਾਲਪਣ......ਆਪ ਦਾ ਮੁਢਲਾ ਜੀਵਨ ਪਿੰਡ ਵਿੱਚ ਘਰੋਗੀ ਕੰਮ ਵਿੱਚ ਲੰਘਿਆ।

ਵਿਦਿਆ......ਆਪ ਗੁਰਮੁਖੀ ਵਿਦਿਆ ਪੜ੍ਹੇ ਹੋਏ ਹਨ ਅਤੇ ਗੁਰਬਾਣੀ ਦੇ ਚੰਗੇ ਪ੍ਰੇਮੀ ਹਨ। ਆਪ ਜੀ ਘਰੋਗੀ ਕੰਮਾਂ ਤੋਂ ਉਪ੍ਰਾਮ ਹੋਕੇ ਸ਼ੰਘਾਈ ਚਲੇ ਗਏ। ਉਥੋਂ ਗੁਰੂ ਨਾਨਕ ਜਹਾਜ਼ ਪਰ ਸਵਾਰ ਹੋਕੇ ਅਮਰੀਕਾ ਨੂੰ ਤਿਆਰ ਹੋ ਗਏ। ਬੱਜ ਬੱਜ ਘਾਟ (ਕਲਕੱਤੇ) ਤੇ ਆਪ ਪਰ ਗੋਲੀਆਂ ਚਲਾਈਆਂ ਗਈਆਂ। ਦੇਵ ਨੇਤ ਨਾਲ ਆਪ ਬੱਚ ਗਏ। ਕਾਫੀ ਅਰਸਾ ਰੂ ਪੋਸ਼ ਰਹੇ। ਫਿਰ ਆਪ ਗ੍ਰਿਫਤਾਰ ਹੋ ਗਏ ਅਤੇ ਸਜ਼ਾ ਭੁਗਤ ਕੇ ਆਏ।

# ਸ: ਪੋਹਲਾ ਸਿੰਘ ਬਰਸਾਲ (ਦੇਸ਼ ਭਗਤ)

ਆਪਦਾ ਜਨਮ ਸ: ਦੇਵਾ ਸਿੰਘ ਦੇ ਘਰ ਮਾਤਾ ਬੰਸੋ ਦੀ ਕੁਖੋਂ ਪਿੰਡ ਬਰਸਾਲ ਜ਼ਿਲਾ ਲੁਧਿਹਾਨਾ ਵਿਚ ਹੋਇਆ। ੧੯੦੩ ਵਿਚ ਆਪ ਅਮ੍ਰੀਕਾ ਜਾਣ ਲਈ ਤਿਆਰ ਹੋਕੇ ਬਾਹਰ ਚਲੇ ਗਏ। ਇਕ ਸਾਲ ਕੋ ਆਲਾਲੰਪਰ ਵਿਚ ਅਤੇ ਇਕ ਸਾਲ ਸਿੰਘਾ ਪੁਰ ਵਿਚ ਰਹਿ ਕੇ ਆਪ ੧੯੦੫ ਵਿਚ ਕੈਨੇਡਾ ਪੁਜ ਗਏ। ਉਥੇ ਆਪ ਜੀ ਨੇ ਚੰਗੀ ਕਮਾਈ ਕੀਤੀ। ੧੯੧੦ ਵਿਚ ਆਪ ਵਾਪਸ ਦੇਸ਼ ਆਏ ਪਰ ਛੇਤੀ ਹੀ ਫੇਰ ਵਾਪਸ ਕੈਨੇਡਾ ਪੁਜ ਗਏ।

ਜਦ ਆਪ ਵਾਪਸ ਗਏ ਤਾਂ ਕੈਨੇਡਾ ਦਾ ਦਾਖਲਾ ਬੰਦ ਹੋ ਚੁਕਿਆ ਸੀ ਇਸ ਕਰਕੇ ਆਪ ਨੂੰ ਸਾਨਫ੍ਰਾਂਸਿਸਕੋ ਪੁਜ ਕੇ ਤੇ ਇਥੋਂ ਦੁਬਾਰਾ ਪਾਸ ਪੋਰਟ ਬਣਾ ਕੇ ਫਿਰ ਕੈਨੇਡਾ ਵਿਚ ਦਾਖਲ ਹੋਣਾ ਪਿਆ। ਜਦ ਗਦਰ ਅਖਬਾਰ ਜਾਰੀ ਹੋਇਆ ਤਾਂ ਆਪ ਨੇ ਦਿਲ ਖੋਲ੍ਹ ਕੇ ਸਹਾਇਤਾ ਦਿਤੀ। ਗਦਰ ਪਾਰਟੀ ਨੇ ਜੰਗ ਆਰੰਭ ਹੋਣ ਪਰ ਦੇਸ਼ ਵਿਚ ਜਾਕੇ ਗਦਰ ਕਰਨ ਦਾ ਪ੍ਰੋਗ੍ਰਾਮ ਬਣਾਇਆ ਤਾਂ ਆਪ ਭੀ ਹੋਰ ਸਾਥੀਆਂ ਸਮੇਤ ਹਿੰਦ ਨੂੰ ਵਾਪਸ ਆਉਣ ਲਈ ਤਿਆਰ ਹੋ ਗਏ।

ਭਾਵੇਂ ਉਸ ਵੇਲੇ ਅਮਰੀਕਾ ਤੇ ਕੈਨੇਡਾ ਵਿਚ ਰਹਿਣ ਵਾਲੇ ਹਿੰਦੀ ਚੰਗੀ ਕਮਾਈ ਕਰਦੇ ਸਨ ਅਤੇ ਬੜਾ ਸੁਖੀ ਜ਼ੀਵਨ ਬਤੀਤ ਕਰਦੇ ਸਨ ਪ੍ਰੰਤੂ ਦੇਸ਼ ਨੂੰ ਅਜ਼ਾਦ ਕਰਾਉਣ ਦੀ ਲਗਨ ਨੇ ਉਨ੍ਹਾਂ ਨੂੰ ਮਜਬੂਰ ਕਰ ਦਿਤਾ ਕਿ ਉਹ ਦੇਸ਼ ਦੀ ਅਜ਼ਾਦੀ ਲਈ ਸਭ ਕੁਝ ਕੁਰਬਾਨ ਕਰ ਦੇਣ। ਹਾਂਗ ਕਾਂਗ ਪੁਜਣ ਪਰ ਸਭ ਕੋਲੋਂ ਪਤੇ ਆਦਿ ਪੁਛੇ ਗਏ। ਜਿਨ੍ਹਾਂ ਸਜਨਾਂ ਨੇ ਆਪਣੇ ਪਤੇ ਨਾ ਦੱਸੇ ਉਨ੍ਹਾਂ ਵਿਚੋਂ ਇਕ

Digitized by Panjab Digital Library | www.panjabdigilib.org

ਬਾਬਾ ਪੋਹਲਾ ਸਿੰਘ ਜੀ ਭੀ ਸਨ। ੧੨ ਸਿੰਘ ੪੮੦ ਘੰਟੇ ਹਵਾਲਾਤ ਵਿੱਚ ਬੰਦ ਰਖੇ ਗਏ। ਉਪ੍ਰੰਤ ਰਿਹਾ ਕਰ ਦਿਤੇ ਗਏ ਪਰ ਦੇਸ਼ ਆਉਣ ਲਈ ਜਹਾਜ਼ ਦੇ ਟਿਕਟ ਨਹੀਂ ਮਿਲਦੇ ਸਨ ਇਸ ਕਰ ਕੇ ਤੋਸ਼ਾ ਮਾਰੂ ਜਹਾਜ਼ ਤਿਆਰ ਕੀਤਾ ਗਿਆ। ਇਨ੍ਹਾਂ ਸਿੰਘਾਂ ਨੇ ਜਰਮਨੀ ਦੇ ਜਹਾਜ਼ ਐਮਡਨ ਦੀ ਬਹੁਤ ਭਾਲ ਕੀਤੀ। ਜੇ ਉਹ ਇਨ੍ਹਾਂ ਨੂੰ ਮਿਲ ਜਾਂਦਾ ਤਾਂ ਗਦਰ ਪਾਰਟੀ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਤੋਸ਼ਾ ਮਾਰੂ ਜਹਾਜ਼ ਜਦ ਬੱਜ ਬੱਜ ਘਾਟ ਪਰ ਪਹੁੰਚਿਆ ਤਾਂ ਉਥੇ ਗੋਰਾ ਫੌਜ ਦਾ ਸਖਤ ਪਹਿਰਾ ਸੀ। ਹਰ ਇਕ ਸਜਨ ਨੂੰ ਤਲਾਸ਼ੀ ਲੈਕੇ ਜਹਾਜ਼ ਤੋਂ ਉਤਾਰਿਆ ਗਿਆ ਅਤੇ ਸਪੈਸ਼ਲ ਗਡੀਆਂ ਵਿੱਚ ਬੰਦ ਕਰਕੇ ਪੰਜਾਬ ਨੂੰ ਰਵਾਨਾ ਕੀਤੇ ਗਏ। ਬਾਬਾ ਜੀ ਨੇ ਦਸਿਆ ਕਿ ਬੱਜ ਬੱਜ ਘਾਟ ਤੋਂ ਚਲ ਕੇ ਸਾਨੂੰ ਅਲਾਹਾਬਾਦ ਲਿਆ ਕੇ ਰੋਟੀ ਖੁਆਈ ਗਈ। ਅਲਾਹਾਬਾਦ ਤੋਂ ਚਲ ਕੇ ਰਾਇਵਿੰਡ ਪ੍ਰਸ਼ਾਦਾ ਛਕਾ-ਇਆ ਗਿਆ। ਇਥੇ ਸਭ ਦੀ ਪੁਛ ਪੜਤਾਲ ਕਰਕੇ ੫੦ ਆਦਮੀ ਤਾਂ ਰਿਹਾ ਕੀਤੇ ਗਏ ਅਤੇ ੫੦ ਜੇਹਲਾਂ ਵਿੱਚ ਡੱਕ ਦਿਤੇ ਗਏ। ਬਾਬਾ ਪੋਹਲਾ ਸਿੰਘ ਜੀ ਨੂੰ ਭੀ ਸਾਹੀਵਾਲ ਜੇਹਲ ਵਿਚ ਭੇਜ ਦਿੱਤਾ ਗਿਆ।

ਉਨ੍ਹਾਂ ਦਿਨਾਂ ਵਿੱਚ ਜੇਹਲਾਂ ਦੀ ਹਾਲਤ ਬਹੁਤ ਖਰਾਬ ਸੀ। ਰਾਜਸੀ ਕੈਦੀਆਂ ਨਾਲ ਸਖਤ ਵਰਤਾਉ ਕੀਤਾ ਜਾਂਦਾ ਸੀ। ਖੁਰਾਕ ਬਹੁਤ ਭੈੜੀ ਸੀ ਇਸ ਕਰਕੇ ਦੇਸ਼ ਭਗਤ ਬਾਬਿਆਂ ਨੇ ਭੁਖ ਹੜਤਾਲ ਕਰ ਦਿਤੀ। ਬਾਬਾ ਪੋਹਲ ਸਿੰਘ ਜੀ ਨੇ ਭੀ ਭੁਖ ਹੜਤਾਲ ਵਿੱਚ ਬੜੀ ਦ੍ਰਿੜਤਾ ਨਾਲ ਹਿੱਸਾ ਲਿਆ। ੧੯੧੯ ਵਿੱਚ ਆਪ ਜੀ ਨੂੰ ਲੁਧਿਆਣੇ ਲਿਆ ਕੇ ਜ਼ਮਾਨਤ ਪਰ ਰਿਹਾ ਕਰ ਦਿਤਾ ਪਰ ਜੂਹ ਵਿੱਚ ਨਜ਼ਰਬੰਦ ਕਰ ਦਿਤੇ ਗਏ। ਕਾਫੀ ਅਰਸਾ ਤਕ ਆਪ ਜੀ ਦੀ ਜੂਹ ਬੰਦੀ ਰਹੀ। ਆਪ ਦੇ ਦਿਲ ਵਿੱਚ ਦੇਸ਼ ਪਿਆਰ ਦਾ ਜਜ਼ਬਾ ਬਿਰਧ ਅਵਸਥਾ ਤੱਕ ਭੀ ਠਾਠਾਂ ਮਾਰਦਾ ਰਿਹਾ। ਆਪ ਸ਼ਾਦੀ ਸ਼ੁਦਾ ਤੇ ਬਾਲ ਬਚੇਦਾਰ ਸਨ ਅਤੇ ਆਪ ਦਾ ਪ੍ਰਵਾਰ ਇਸ ਸਮੇਂ ਤਲਵੰਡੀ ਉਚੀ ਵਿਚ ਅਬਾਦ ਹੈ।

ਜਿਨ੍ਹਾਂ ਦੇਸ਼ ਭਗਤ ਬਾਬਿਆਂ ਨੇ ਪਹਿਲੀ ਲੜਾਈ ਦੇ ਦੌਰਾਨ ਵਿੱਚ ਹਥਿਆਰ ਬੰਦ ਬਗਾਵਤ ਕਰਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕਢਣ ਦਾ ਬੀੜਾ ਉਠਾਇਆ। ਬਾਬਾ ਜੀ ਉਨ੍ਹਾਂ ਵਿਚੋਂ ਇਕ ਪ੍ਰਸਿੱਧ ਦੇਸ਼ ਭਗਤ ਸਨ ਅਤੇ ਆਪ ਨੇ ਸਾਰੀ ਉਮਰ ਦੇਸ਼ ਸੇਵਾ ਕਰਦਿਆਂ ਹੋਇਆਂ ਬਤੀਤ ਕੀਤੀ। ਆਉਣ ਵਾਲੀਆਂ ਨਸਲਾਂ ਇਨ੍ਹਾਂ ਦੇਸ਼ ਭਗਤਾਂ ਦੇ ਜੀਵਨ ਤੋਂ ਬਹੁਤ ਕੁਝ ਸਿਖ ਸਕਦੀਆਂ ਹਨ।

## ਜ਼ਿਲਾ ਲੁਧਿਹਾਣਾ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| | | | |
|---|---|---|---|
| ੧. | ਸ. ਦਾਨ ਸਿੰਘ | ਫੂਲੇਵਾਲ | ਲੁਧਿਹਾਣਾ |
| ੨. | ਸ. ਪ੍ਰੇਮ ਸਿੰਘ | ਜਵਦੀ | ,, |
| ੩. | ਸ. ਸੁੰਦਰ ਸਿੰਘ | ਚੀਮਨਾ | ,, |
| ੪. | ਸ. ਨਰੰਗ ਸਿੰਘ | ਦੇਤ ਵਾਲ | ,, |
| ੫. | ਸ. ਸੂਬਾ ਸਿੰਘ | ਢੋਲਣ | ,, |
| ੬. | ਸ. ਲਾਲ ਸਿੰਘ | ਮਾਨ | ,, |
| ੭. | ਸ. ਹੁਸ਼ਿਆਰ ਸਿੰਘ | ਕੁਲਾਰ | ,, |
| ੮. | ਸ. ਧਿਆਨ ਸਿੰਘ | ਘੁਮਾਨ | ,, |
| ੯. | ਸ. ਪੂਰਨ ਸਿੰਘ | ਵਿੰਜਲ | ,, |

Digitized by Panjab Digital Library | www.panjabdigilib.org

| | | | |
|---|---|---|---|
| ੧੦. | ਸ. ਪਾਲਾ ਸਿੰਘ | ਬੋਪਾ ਰਾਏ | ,, |
| ੧੧. | ਅਰਜਣ ਸਿੰਘ | ਢੋਲਣ | ,, |
| ੧੨. | ਅਰਜਣ ਸਿੰਘ | ਢੋਲਣ | ,, |
| ੧੩. | ਗੰਡਾ ਸਿੰਘ | ਜਸਪਾਲ ਭਾਈ ਕੇ | ,, |
| ੧੪. | ਸ. ਪਾਲ ਸਿੰਘ | ਲੁਹਾਰਾ | ,, |
| ੧੫. | ਸ. ਸੁੰਦਰ ਸਿੰਘ | ਮਾਨ | ,, |
| ੧੬. | ਸ. ਕਾਕਾ ਸਿੰਘ | ਡਬਾ | ,, |
| ੧੭. | ਸ. ਮੱਲ ਸਿੰਘ | ਅਚਰਵਾਲ | ,, |
| ੧੮. | ਸ. ਸੇਵਾ ਸਿੰਘ | ਫਰਵਾਹੀ ਵਾਲਾ | ,, |
| ੧੯. | ਸ. ਸੰਤੋਖ ਸਿੰਘ | ਕਮਾਲ ਪੁਰਾ | ,, |
| ੨੦. | ਸ. ਕੇਹਰ ਸਿੰਘ | ਅਚਰਵਾਲ | ,, |
| ੨੧. | ਸ. ਹਰਨਾਮ ਸਿੰਘ | ਧਾਲੀਆ | ,, |
| ੨੨. | ਸ. ਬਾਰੂ ਸਿੰਘ | ਢੋਲੇਵਾਲ | ,, |
| ੨੩. | ਸ. ਹਾਕਮ ਸਿੰਘ | ਨੱਤ | ,, |
| ੨੪. | ਅਮੀਰ ਮੁਹੰਮਦ ਖਾਨ ਸਕੱਤ੍ਰ | ਜਗਰਾਉਂ | ,, |
| ੨੫. | ਸ. ਨਥਾ ਸਿੰਘ | ਬੋਪਾ ਰਾਏ | ,, |
| ੨੬. | ਸ. ਬਖਸ਼ੀ ਸਿੰਘ | ਪੰਡੋਰੀ | ,, |
| ੨੭. | ਸ. ਬਸੰਤ ਸਿੰਘ | ਪੰਡੋਰੀ | ,, |
| ੨੮. | ਸ. ਹਰਨਾਮ ਸਿੰਘ | ਮੱਲਾ | ,, |
| ੨੯. | ਸ. ਦਾਨ ਸਿੰਘ | ਅਚਰਵਾਲ | ,, |
| ੩੦. | ਸ. ਤਾਰਾ ਸਿੰਘ | ਅਲੂਣੇ ਮਿਆਨੇ | ,, |
| ੩੧. | ਸ. ਮਲ ਸਿੰਘ | ਲਖਾ | ,, |
| ੩੨. | ਸ. ਪਾਖਰ ਸਿੰਘ | ਪੰਡੋਰੀ | ,, |
| ੩੩. | ਸ. ਕੁੰਦਨ ਸਿੰਘ | ਸੁਰਾਬਾ | ,, |
| ੩੪. | ਗੋਧੀ ਰਾਮ | ਅਚਰਵਾਲ | ,, |
| ੩੫. | ਨਥਾ ਸਿੰਘ | ਚਕਰ ਵਾਲਾ | ,, |
| ੩੬. | ਪੂਰਨ ਸਿੰਘ | ਚੋਪ | ,, |
| ੩੭. | ਈਸ਼ਰ ਸਿੰਘ | ਮਾਣੂਕੇ | ,, |
| ੩੮. | ਡਾ: ਰਘੁਨਾਥ ਸਿੰਘ | ਗੁਜਰਵਾਲ | ,, |
| ੩੯. | ਸ. ਨਿਹਾਲ ਸਿੰਘ | ਗੁਜਰਵਾਲ | ,, |
| ੪੦. | ਸੁਪਤਨੀ ਡਾ: ਰਘੁਨਾਥ ਸਿੰਘ | ,, | ,, |
| ੪੧. | ਸ. ਲਾਲ ਸਿੰਘ | ਖਿਆਲੀ | ,, |
| ੪੨. | ਹਰਨਾਮ ਸਿੰਘ | ਗੁਜਰਵਾਲ | ,, |
| ੪੩. | ਸ. ਲਾਲ ਸਿੰਘ | ਜੜਤੌਲੀ | ,, |

Digitized by Panjab Digital Library | www.panjabdigilib.org

| | | | |
|---|---|---|---|
| ੪੪. | ਸ. ਪਾਲ ਸਿੰਘ | ਰੁਮੀ | ,, |
| ੪੫. | ਸ. ਮਸਤਾਨ ਸਿੰਘ | ਝੋਰੜ (ਲੋਰੜ) | ,, |
| ੪੬. | ਸ. ਗੁਰਮੁਖ ਸਿੰਘ | ਲਲਤੋਂ | ,, |
| ੪੭ | ਸ. ਪਰਤਾਪ ਸਿੰਘ | ਨਥੋਵਾਲ | ,, |
| ੪੮. | ਸ. ਗਟੀ ਸਿੰਘ | ਬੋਪਾਰਾਏ ਖੁਰਦ | ,, |
| ੪੯. | ਸ. ਤਾਰਾ ਸਿੰਘ ਪਿਤਾ ਕਾਹਨ ਸਿੰਘ | | ,, |
| ੫੦. | ਸ. ਨਾਭਕਮਲ ਸਿੰਘ ਪਿਤਾ ਅਲਬੇਲ ਸਿੰਘ | | ,, |
| ੫੧. | ਸ. ਦੇਵ ਸਿੰਘ | ਨੰਦ ਪੁਰ | ,, |
| ੫੨. | ਸ. ਇੰਦਰ ਸਿੰਘ ਗੁੰਥੀ | ਮਲਾ | ,, |
| ੫੩. | ਸ. ਖੜਕ ਸਿੰਘ ਗੁੰਥੀ | ਬੋਪਾ ਰਾਏ | ,, |
| ੫੪. | ਸ. ਕ੍ਰਿਪਾਲ ਸਿੰਘ ਗੁੰਥੀ | ,, | ,, |
| ੫੫. | ਸ. ਪੂਰਨ ਸਿੰਘ ਗੁੰਥੀ | ਈਸੇਵਾਲ | ,, |

## ਜ਼ਿਲਾ ਫੀਰੋਜ਼ਪੁਰ

## ਸ: ਰਾਏ ਸਿੰਘ ਉਰਫ ਦਲਜੀਤ ਸਿੰਘ ਜੀ ਕੌਣੀ

## ਗੁਰੂ ਨਾਨਕ ਜਹਾਜ਼ ਦੇ ਸਕੱਤ੍ਰ

ਸ: ਰਾਏ ਸਿੰਘ ਜੀ ਦਾ ਜਨਮ ਪਿੰਡ ਕੌਣੀ ਤਹਿਸੀਲ ਮੁਕਤਸਰ ਵਿੱਚ ਸ: ਮਲੂਕ ਸਿੰਘ ਜੀ ਦੇ ਘਰ ਹੋਇਆ। ਇਸ ਇਲਾਕੇ ਵਿੱਚ ਅਵਿਦਿਆ ਦਾ ਘੋਰ ਅੰਧਕਾਰ ਫੈਲਿਆ ਹੋਇਆ ਸੀ ਪ੍ਰੰਤੂ ਚੰਗੇ ਭਾਗਾਂ ਨੂੰ ਆਪ ਜੀ ਨੇ ਦਸਵੀਂ ਜਮਾਤ ਪਾਸ ਕਰ ਲਈ ਤੇ ਉਚੀ ਵਿਦਿਆ ਪੜ੍ਹਨ ਲਈ ਕੈਨੇਡਾ ਜਾਣ ਲਈ ਤਿਆਰ ਹੋ ਗਏ। ਸ: ਵੀਰ ਸਿੰਘ ਜੀ ਸੁਆਘਾ ਨਾਲ ਆਪ ਹਾਂਗ ਕਾਂਗ ਪੁਜ ਗਏ। ਇਥੇ ਆਪ ਗੁਰਦਵਾਰੇ ਠਹਿਰੇ ਹੋਏ ਸਨ। ਅੱਗੇ ਜਾਣ ਲਈ ਟਿਕਟ ਨਹੀਂ ਮਿਲਦੇ ਸਨ। ਇਥੇ ਆਪ ਜੀ ਦਾ ਮਿਲਾਪ ਬਾਬਾ ਗੁਰਦਿੱਤ ਸਿੰਘ ਜੀ ਨਾਲ ਹੋਇਆ ਤੇ ਗੁਰੂ ਨਾਨਕ ਕੈਨੇਡਾ ਜਹਾਜ਼ ਤੋਰਨ ਦੀ ਸਕੀਮ ਪਰ ਵਿਚਾਰਾਂ ਹੋਈਆਂ। ਬਾਬਾ ਜੀ ਨੇ ਕਿਹਾ ਜੇ ਤੁਸੀਂ ਚਾਰ ਪੰਜ ਸੌ ਮੁਸਾਫਰ ਤਿਆਰ ਕਰ ਲਵੋ ਤਾਂ ਜਹਾਜ਼ ਕਰਾਏ ਪਰ ਲਿਆ ਜਾ ਸਕਦਾ ਹੈ।

ਬਾਬਾ ਜੀ ਤਾਂ ਇਹ ਕਹਿ ਕੇ ਸਿੰਘਾਪੁਰ ਵਾਪਸ ਆ ਗਏ ਜਿਥੇ ਆਪ ਠੇਕੇਦਾਰੀ ਦਾ ਕੰਮ ਕਰਦੇ ਸਨ ਪ੍ਰੰਤੂ ਸ: ਦਲਜੀਤ ਸਿੰਘ ਜੀ ਨੂੰ ਦਿਨ ਰਾਤ ਇਹ ਧੁਨ ਸਮਾਈ ਰਹਿੰਦੀ ਸੀ ਕਿ ਕਦੋਂ ਅਸੀਂ ਆਪਣੇ ਜਹਾਜ਼ ਪਰ ਕੇਸਰੀ ਨਿਸ਼ਾਨ ਝੁਲਾ ਕੇ ਕੈਨੇਡਾ ਨੂੰ ਰਵਾਨਾ ਹੋਈਏ। ਸ: ਵੀਰ ਸਿੰਘ ਤੇ ਸ: ਦਲਜੀਤ ਸਿੰਘ ਜੀ ਨੇ ਕੈਨੇਡਾ ਜਾਣ ਵਾਲੇ ਮੁਸਾਫਰਾਂ ਦੀਆਂ ਲਿਸਟਾਂ ਬਣਾਈਆਂ। ਉਨ੍ਹਾਂ ਪਾਸੋਂ ਪੇਸ਼ਗੀਆਂ ਲਈਆਂ ਅਤੇ ਗੁਰੂ ਨਾਨਕ ਜਹਾਜ਼ ਤੋਰਨ ਦੀਆਂ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਸਨ।

ਬਾਬਾ ਜੀ ਨੂੰ ਤਾਰਾਂ ਦੇ ਕੇ ਹਾਂਗ ਕਾਂਗ ਬੁਲਾਇਆ ਗਿਆ। ਆਪ ਜੀ ਨੇ ਪੁਜਦਿਆਂ ਹੀ ਕੋਮਾ ਗਾਟਾ ਮਾਰੂ ਜਹਾਜ਼ ਕਰਾਏ ਪਰ ਲਿਆ ਜਿਸ ਦਾ ਨਾਮ ਗੁਰੂ ਨਾਨਕ ਕੈਨੇਡਾ ਜਹਾਜ਼ ਰਖਿਆ ਗਿਆ। ਸ: ਦਲਜੀਤ ਸਿੰਘ ਜੀ ਇਸ ਜਹਾਜ਼ ਦੇ ਜਨਰਲ ਸਕੱਤ੍ਰ ਸਨ। ਜਦ ਇਹ ਜਹਾਜ਼ ਬੱਜ

Digitized by Panjab Digital Library | www.panjabdigilib.org

ਬੱਜ ਘਾਟ ਪਰ ਪੁਜਾ ਤਾਂ ਲੀ ਚਲਣ ਸਮੇਂ ਸ: ਦਲਜੀਤ ਸਿੰਘ ਜੀ ਬਚ ਕੇ ਨਿਕਲ ਗਏ ਅਤੇ ਕਾਫੀ ਅਰਸਾ ਤੱਕ ਗੁਪਤ ਰਹੇ। ਇਸ ਅਰਸੇ ਵਿਚ ਆਪ ਬਹੁਤਾ ਅਰਸਾ ਗੁ: ਪਾਂਉਟਾ ਸਾਹਿਬ ਦੀ ਸੇਵਾ ਵਿਚ ਲੱਗੇ ਰਹੇ ਪਰ ਪਿਛੋਂ ਅੰਬਾਲੇ ਦੇ ਜ਼ਿਲੇ ਵਿਚ ਆਕੇ ਦਲਜੀਤ ਜਥਾ ਨਾਮ ਦੀ ਇਕ ਜਥੇ-ਬੰਦੀ ਭੀ ਬਣਾਈ। ਜਦ ਅਕਾਲੀ ਲਹਿਰ ਜ਼ੋਰਾਂ ਪਰ ਸੀ ਤਾਂ ਬਾਬਾ ਗੁਰਦਿੱਤ ਸਿੰਘ ਜੀ ਨੇ ਤਾਂ ਅਪਣਾ ਗੁਪਤ ਵਾਸ ਸ੍ਰੀ ਨਨਕਾਣਾ ਸਾਹਿਬ ਪੁਜ ਕੇ ਖਤਮ ਕੀਤਾ ਤੇ ਸ: ਦਲਜੀਤ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਪੁਜ ਕੇ ਗੁਪਤ ਵਾਸ ਤੋੜਿਆ। ਆਪ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਵਿੱਚ ਸ਼ਾਮਲ ਕਰ ਲਿਆ ਗਿਆ ਤੇ ਆਪ ਪਹਿਲੀ ਸ਼੍ਰੋ: ਕਮੇਟੀ ਦੇ ਲੀਡਰਾਂ ਨਾਲ ਗ੍ਰਿਫਤਾਰ ਕਰਕੇ ਲਹੌਰ ਕਿਲੇ ਵਿੱਚ ਬੰਦ ਰਖੇ ਗਏ।

ਸ਼੍ਰੋ: ਕਮੇਟੀ ਪਾਸ ਆਉਣ ਸਮੇਂ ਆਪ ਜੀ ਨੇ ਆਪਣਾ ਨਾਮ ਦਲਜੀਤ ਸਿੰਘ ਤੋਂ ਬਦਲ ਕੇ ਰਾਏ ਸਿੰਘ ਰਖ ਲਿਆ ਸੀ। ਅਕਾਲੀ ਲਹਿਰ ਦੇ ਆਪ ਚੋਟੀ ਦੇ ਆਗੂਆਂ ਵਿਚੋਂ ਸਨ। ਗੁਰਦਵਾਰਾ ਮੁਕਤਸਰ ਪਰ ਕਬਜ਼ਾ ਤੇ ਜੈਤੋ ਦਾ ਮੋਰਚਾ ਲਗਣ ਸਮੇਂ ਆਪ ਮਾਲਵੇ ਦੇ ਚੋਣਵੇਂ ਪੰਥਕ ਆਗੂਆਂ ਵਿਚ ਗਿਣੇ ਜਾਂਦੇ ਸਨ। ਇਸ ਕਰ ਕੇ ਇਨ੍ਹਾਂ ਮੋਰਚਿਆਂ ਸਮੇਂ ਆਪ ਨੇ ਪੰਥ ਦੀ ਸ਼ਾਨਦਾਰ ਸੇਵਾ ਕੀਤੀ ਲਹੌਰ ਕਿਲੇ ਤੋਂ ਰਿਹਾ ਹੋਕੇ ਆਉਣ ਪਰ ਆਪ ਜੀ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਮੈਨੇਜਰ ਨੀਯਤ ਕੀਤਾ ਗਿਆ। ਇਸ ਗੁਰਦਵਾਰੇ ਦੀ ਸੇਵਾ ਸੰਭਾਲ ਕੇ ਆਪ ਨੇ ਗੁਰਦਵਾਰਿਆਂ ਦੀਆਂ ਜਾਇਦਾਦਾਂ ਨੂੰ ਇਤਨੀ ਯੋਗਤਾ ਨਾਲ ਸੰਭਾਲਿਆ ਕਿ ਆਪ ਨੂੰ ਕਦੇ ਭੁਲਾਇਆ ਹੀ ਨਹੀਂ ਜਾ ਸਕਦਾ।

ਗੁ: ਟਿਬੀ ਸਾਹਿਬ ਦੇ ਥੜੇ ਤੋਂ ਬਿਨਾਂ ਆਸ ਪਾਸ ਕਮੇਟੀ ਦੀ ਕੋਈ ਥਾਂ ਨਹੀਂ ਸੀ। ਆਪ ਮਾਲ ਦੇ ਕਾਨੂੰਨ ਤੋਂ ਵਾਕਫ ਸਨ, ਇਸ ਕਰਕੇ ਆਪ ਜੀ ਨੇ ਸੋਚਿਆ ਕਿ ਜੇ ਸ਼ਾਮਲਾਤ ਦੇਹ ਵਿਚ ਗੁ: ਕਮੇਟੀ ਦਾ ਹਿੱਸਾ ਹੋ ਜਾਵੇ ਤਾਂ ਆਸ ਪਾਸ ਦੀਆਂ ਟਿੱਬੀਆਂ ਪਰ ਕਬਜ਼ਾ ਕੀਤਾ ਜਾ ਸਕਦਾ ਹੈ। ਇਹ ਸੋਚ ਕੇ ਆਪ ਨੇ ਇਕ ਪੁਜਾਰੀ ਪਾਸੋਂ ਥੋੜੀ ਜਿਹੀ ਜ਼ਮੀਨ ਖਰੀਦ ਲਈ ਤੇ ਕਮੇਟੀ ਨੂੰ ਇਹ ਹੱਕ ਲੈਕੇ ਦੇ ਦਿਤਾ ਕਿ ਉਹ ਫਾਲਤੂ ਪਈਆਂ ਜ਼ਮੀਨਾਂ ਪਰ ਕਬਜ਼ਾ ਕਰ ਸਕੇ। ਆਪ ਜੀ ਦੀ ਇਸ ਸਿਆਣਪ ਦਾ ਹੀ ਨਤੀਜਾ ਹੈ ਕਿ ਅਜ ਗੁਰਦਵਾਰਾ ਟਿੱਬੀ ਸਾਹਿਬ ਦਾ ਨਕਸ਼ਾ ਹੀ ਬਦਲ ਗਿਆ ਹੈ ਅਤੇ ਉਥੇ ਕਾਲੂਜ ਦੀਆਂ ਸ਼ਾਨਦਾਰ ਇਮਾਰਤਾਂ ਤੇ ਬਾਗ ਬਗੀਚੇ ਸੋਭਾ ਦੇ ਰਹੇ ਹਨ। ਭਾਵੇਂ ਇਸ ਗੁਰਦਵਾਰੇ ਦੀ ਸੇਵਾ ਕਰਾਉਣ ਦਾ ਸੇਹਰਾ ਸੰਤ ਗੁਰਮੁਖ ਸਿੰਘ ਜੀ ਮਹਾਂਰਾਜ ਦੇ ਸੇਵਕਾਂ ਦੇ ਸਿਰ ਹੈ ਪ੍ਰੰਤੂ ਉਸ ਦਾ ਮੁੱਢ ਸ: ਰਾਏ ਸਿੰਘ ਜੀ ਨੇ ਬੱਧਾ। ਆਪ ਦੀ ਸਿਆਣਪ ਮੰਨੀ ਹੋਈ ਸੀ। ਆਪ ਦੀ ਪੰਥਕ ਸੇਵਾ ਹਮੇਸ਼ਾਂ ਯਾਦ ਰਖਣ ਯੋਗ ਹੈ। ਆਪ ਪੰਥ ਤੇ ਦੇਸ਼ ਦੀ ਖਾਤਰ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਹਰ ਸਮੇਂ ਹੀ ਤਿਆਰ ਰਹਿੰਦੇ ਸਨ। ਮਾਲਵੇ ਦੀ ਧਰਤੀ ਨੂੰ ਆਪ ਜੀ ਦੀ ਸ਼ਖਸੀਅਤ ਪਰ ਬੁਜਾ ਤੌਰ ਪਰ ਮਾਣ ਕਰਨਾ ਚਾਹੀਦਾ ਹੈ। ਆਪ ਜੀ ਦਾ ਜੀਵਨ ਬਹੁਤ ਵਿਸਥਾਰ ਮੰਗਦਾ ਹੈ ਪ੍ਰੰਤੂ ਇਥੇ ਅਸੀਂ ਕੇਵਲ ਸੰਖੇਪ ਤੌਰ ਪਰ ਹੀ ਪੇਸ਼ ਕਰ ਸਕੇ ਹਾਂ।

## ਸ: ਮੱਲਾ ਸਿੰਘ (ਦੇਸ਼ ਭਗਤ) ਸੇਖਾ

ਜਦ ਪ੍ਰਦੇਸਾਂ ਵਿੱਚ ਭਾਰਤ ਵਾਸੀਆਂ ਨੂੰ ਗੁਲਾਮ ਹੋਣ ਕਰ ਕੇ ਧੱਕੇ ਪੈਂਦੇ ਸਨ ਤਾਂ ਸ: ਮੱਲਾ ਸਿੰਘ ਜੀ ਭੀ ਗੁਰੂ ਨਾਨਕ ਕੈਨੇਡਾ ਜਹਾਜ਼ ਵਿਚ ਹਿੰਦੁਸਤਾਨ ਆਏ। ਜਹਾਜ਼ ਦੇ ਮੁਸਾਫਰਾਂ ਨਾਲ ਬ੍ਰਤਾਨਵੀ ਸਰਕਾਰ ਨੇ ਜੋ ਅਨਿਆ ਭਰਿਆ ਵਰਤਾਉ ਕੀਤਾ ਉਸ ਨੇ ਸ: ਮੱਲਾ ਸਿੰਘ ਜੀ ਦੇ ਦਿਲ ਵਿਚ ਅਜ਼ਾਦੀ ਦੀ ਤੜਪ ਪੈਦਾ ਕਰ ਦਿਤੀ। ਬੱਜ ਬੱਜ ਘਾਟ ਪਰ ਗੋਲੀ ਚਲਣ ਸਮੇਂ ਆਪ ਬਚ ਗਏ ਅਤੇ ਕੈਦ ਕੱਟ ਕੇ ਪਿੰਡ ਆ ਗਏ। ਸ: ਮੱਲਾਂ ਸਿੰਘ ਜੀ ਦਾ ਜਨਮ ਸੰਨ ੧੮੮੭ ਵਿਚ ਸ: ਜਗੂ ਸਿੰਘ

Digitized by Panjab Digital Library | www.panjabdigilib.org

ਦੇ ਘਰ ਮਾਤਾ ਰਾਮ ਕੌਰ ਦੀ ਕੁਖ ਤੋਂ ਪਿੰਡ ਸੇਖਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਆਪ ਸਾਰੀ ਉਮਰ ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਰਹੇ ਅਤੇ ਦੇਸ਼ ਤੇ ਪੰਥ ਦੀ ਖਾਤਰ ਕੁਰਬਾਨੀ ਕਰਨ ਵਿਚ ਅੱਗੇ ਵਧ ਕੇ ਹਿਸਾ ਲੈਂਦੇ ਰਹੇ।

## ਸ: ਜੈਮਲ ਸਿੰਘ (ਦੇਸ਼ ਭਗਤ) ਸੇਖਾ

ਸ: ਜੈਮਲ ਸਿੰਘ ਜੀ ਭੀ ਪਿੰਡ ਸੇਖਾ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਦਾ ਨਾਮ ਸ: ਸਾਉਣ ਸਿੰਘ ਅਤੇ ਮਾਤਾ ਜੀ ਦਾ ਨਾਮ ਕਰਮ ਕੌਰ ਸੀ। ਆਪ ਭੀ ਗੁਰੂ ਨਾਨਕ ਕੈਨੇਡਾ ਜਹਾਜ਼ ਦੇ ਮੁਸਾਫਰ ਸਨ ਅਤੇ ਦੇਸ਼ ਭਗਤੀ ਦਾ ਬੜਾ ਜਜ਼ਬਾ ਰਖਦੇ ਸਨ। ਆਪ ਭੀ ਦੇਸ਼ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ।

## ਸ: ਦਰਬਾਰਾ ਸਿੰਘ ਜੀ ਮਲਣ (ਦੇਸ਼ ਭਗਤ)

ਆਪ ਜੀ ਦਾ ਜਨਮ ਪਿੰਡ ਮੱਲ੍ਹਣ ਜ਼ਿਲਾ ਫੀਰੋਜ਼ਪੁਰ ਵਿਖੇ ਸ: ਰਾਮ ਸਿੰਘ ਜੀ ਦੇ ਘਰ ਹੋਇਆ। ਆਪ ਨੇ ਗੁਰਮੁਖੀ ਤੇ ਉਰਦੂ ਵਿਦਿਆ ਪੜ੍ਹੀ। ਜਵਾਨ ਹੋਏ ਤਾਂ ਬਦੇਸ਼ਾਂ ਵਿਚ ਜਾਣ ਦਾ ਸ਼ੌਕ ਪੈਦਾ ਹੋਇਆ। ਆਪ ਤੋਂ ਕਾਮਾ ਗਾਟਾ ਮਾਰੂ ਜਹਾਜ਼ ਪਰ ਸਵਾਰ ਹੋਏ ਤੇ ਕੈਨੇਡਾ ਗਏ ਪਰ ਜਹਾਜ਼ ਨੂੰ ਵੈਨਕੋਵਰ ਬੰਦਰਗਾਹ ਪਰ ਨਾ ਲੱਗਣ ਦਿਤਾ ਗਿਆ।

ਜਦ ਜਹਾਜ਼ ਵਾਪਸ ਬਜ ਜ ਘਾਟ ਪਰ ਪੁਜਿਆ ਅਤੇ ਉਸ ਪਰ ਗੋਲੀਆਂ ਚਲਾਈਆਂ ਗਈਆਂ ਤਾਂ ਸ: ਦਰਬਾਰਾ ਸਿੰਘ ਜੀ ਗ੍ਰਿਫ਼ਤਾਰ ਕਰ ਲਏ ਗਏ। ਆਪ ਨੂੰ ਅੱਡ ਅੱਡ ਜੇਲ੍ਹਾਂ ਵਿਚ ਰੱਖ ਕੇ ਤਿੰਨ ਸਾਲ ਤਸੀਹੇ ਦਿਤੇ ਗਏ। ਜਦ ਆਪ ਰਿਹਾ ਹੋ ਕੇ ਆਏ ਤਾਂ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਆਪ ਜੀ ਦਾ ਸ਼ਾਨਦਾਰ ਸਵਾਗਤ ਕੀਤਾ। ਦੇਸ਼ ਦੀ ਆਜ਼ਾਦੀ ਲਈ ਆਪ ਜੀ ਦੇ ਦਿਲ ਵਿਚ ਅਮਿੱਟ ਲਗਨ ਲੱਗ ਚੁਕੀ ਸੀ। ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਯੁਗ ਪਲਟਾਊ ਭਜੇ ਫਿਰਦੇ ਸਨ। ਸ: ਰਾਘੋ ਸਿੰਘ ਆਦਿਕ ਦੇਸ਼ ਭਗਤ ਸ: ਦਰਬਾਰਾ ਸਿੰਘ ਜੀ ਪਾਸ ਆਇਆ ਕਰਦੇ ਸਨ ਤੇ ਆਪ ਜੀ ਨੂੰ ਉਨ੍ਹਾਂ ਨੇ ਗਦਰ ਦੀ ਗੂੰਜ ਤੇ ਗਦਰ ਅਖ਼ਬਾਰ ਮੰਗਵਾਣ ਲਈ ਕਿਹਾ। ਸੀ. ਆਈ. ਡੀ. ਭੀ ਆਪ ਜੀ ਦੀ ਸਖਤ ਨਿਗਰਾਨੀ ਰਖਦੀ, ਇਸ ਕਰਕੇ ਇਕ ਵੇਰ ਆਪ ਜੀ ਦੇ ਭਤੀਜੇ ਸ: ਲਾਲ ਸਿੰਘ ਜੀ ਗਦਰ ਦੀ ਗੂੰਜ ਰਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਏ ਗਏ। ੧੯੨੨ ਵਿਚ ਜਦ ਦੇਸ਼ ਭਗਤਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ ਤਾਂ ਆਪ ਨੂੰ ਅਤੇ ਹੋਰ ਕਈਆਂ ਨੂੰ ਪਿੰਡ ਤੋਂ ਹੀ ਗ੍ਰਿਫਤਾਰ ਕਰ ਲਏ ਗਏ। ਜੇਲ੍ਹਾਂ ਵਿਚ ਰੱਖ ਕੇ ਕਈ ਪ੍ਰਕਾਰ ਦੇ ਤਸੀਹੇ ਦਿਤੇ। ਆਪ ਦੇ ਦਿਲ ਵਿਚ ਦੇਸ਼ ਪਿਆਰ ਦਾ ਜਜ਼ਬਾ ਠਾਠਾਂ ਮਾਰਦਾ ਸੀ, ਇਸ ਲਈ ਆਪ ਜੀ ਨੇ ਜੇਲ੍ਹਾਂ ਦੀਆਂ ਸਖਤੀਆਂ ਦੀ ਕੋਈ ਪ੍ਰਵਾਹ ਨਾ ਕੀਤੀ। ਦੇਸ਼ ਦੀ ਆਜ਼ਾਦੀ ਲਈ ਆਪ ਹਰ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ।

ਜਦ ਅਕਾਲੀ ਲਹਿਰ ਆਰੰਭ ਹੋਈ ਤਾਂ ਆਪ ਇਸ ਲਹਿਰ ਦੇ ਮੋਢੀਆਂ ਵਿਚੋਂ ਸਨ। ਜ਼ਿਲਾ ਫੀਰੋਜ਼ਪੁਰ ਵਿਚ ਆਪ ਨੇ ਬਹੁਤ ਕੰਮ ਕੀਤਾ। ਜਦੋਂ ਜੈਤੋ ਦਾ ਮੋਰਚਾ ਗਰਮ ਸੀ ਵਡੇ ਵਡੇ ਕਾਂਗਰਸੀ ਲੀਡਰ ਪੰਡਤ ਜਵਾਹਰ ਲਾਲ ਜੀ ਨਹਿਰੂ, ਪ੍ਰੋ: ਗਿਡਵਾਨੀ ਤੇ ਸ੍ਰੀ ਕੇ ਸੰਥਾਨਮ ਪਹਿਲੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਆਪ ਦੇ ਪਿੰਡ ਦੇ ਲੋਕਾਂ ਨੇ ਕਾਂਗਰਸੀ ਲੀਡਰਾਂ ਦਾ ਸ਼ਾਨਦਾਰ ਸਵਾਗਤ ਕੀਤਾ।

ਆਪ ਜੀ ਦੀ ਡਿਊਟੀ ਪੰਡਤ ਜੀ ਹੋਰਾਂ ਦੇ ਨਾਲ ਜੈਤੋ ਜਾਣ ਦੀ ਲਗਾਈ ਗਈ। ਜਦ

Digitized by Panjab Digital Library | www.panjabdigilib.org

ਇਹ ਲੀਡਰ ਜੈਤੋ ਪੁਜੇ ਤਾਂ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੰਡਤ ਨਹਿਰੂ ਜੀ ਨੇ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਕਿ ਜੈਤੋ ਵਿਚ ਗ੍ਰਿਫਤਾਰ ਹੋਣ ਸਮੇਂ ਸਾਡੇ ਨਾਲ ਕੁਝ ਸਿੱਖ ਲੀਡਰ ਸਨ, ਜਿਨ੍ਹਾਂ ਦਾ ਪ੍ਰਭਾਵਸ਼ਾਲੀ ਚੇਹਰਾ ਵੇਖ ਕੇ ਬਹੁਤ ਅਸਰ ਪੈਂਦਾ ਸੀ। ਪਿਛੋਂ ਕਾਂਗਰਸੀ ਲੀਡਰਾਂ ਨੂੰ ਤਾਂ ਰਿਹਾ ਕਰ ਦਿਤਾ ਗਿਆ ਪ੍ਰੰਤੂ ਉਹਨਾਂ ਨੂੰ ਮੋਰਚਾ ਫਤਿਹ ਹੋਣ ਤੱਕ ਨਾਭੇ ਦੀ ਜੇਲ੍ਹ ਵਿਚ ਰਖਿਆ ਗਿਆ।

ਪਿਸ਼ਾਵਰ ਦੇ ਕਿੱਸਾ ਖਾਨੀ ਬਾਜ਼ਾਰ ਵਿਚ ਲਾਲ ਕੁੜਤੀ ਵਾਲਿਆਂ ਪਰ ਗੋਲੀ ਚਲਾਈ ਗਈ ਤਾਂ ਪੰਜਾਬ ਦੇ ਸਿੱਖਾਂ ਦਾ ਇਕ ਜਥਾ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਗਿਆ। ਸ. ਦਰਬਾਰਾ ਸਿੰਘ ਜੀ ਭੀ ਇਸ ਜਥੇ ਨਾਲ ਗਏ ਤੇ ਇਕ ਸਾਲ ਸਖਤ ਕੈਦ ਦੀ ਸਜ਼ਾ ਹੋਈ। ਇਸ ਤੋਂ ਪਿਛੋਂ ਭੀ ਆਪ ਦੇਸ਼ ਤੇ ਕੌਮ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਦੇ ਰਹੇ। ਆਪ ਬੜੇ ਨਿਧੜਕ ਕੌਮੀ ਸੇਵਕ ਸਨ ਤੇ ਜੇਲ੍ਹ ਤੋਂ ਨਹੀਂ ਡਰਦੇ ਸਨ।

# ਜ਼ਿਲਾ ਫੀਰੋਜ਼ਪੁਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| ਗਿਣਤੀ | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਹਰਨਾਮ ਸਿੰਘ ਜੀ | ਰੋਡੇ | ਫੀਰੋਜ਼ਪੁਰ |
| ੨. | ਸ: ਕੇਹਰ ਸਿੰਘ ਜੀ | ,, | ,, |
| ੩. | ਸ: ਬੂੜ ਸਿੰਘ ਜੀ | ਲੰਡਆਣਾ | ,, |
| ੪. | ਸ: ਰੂੜ ਸਿੰਘ ਜੀ | ,, | ,, |
| ੫. | ਸ: ਜੈਮਲ ਸਿੰਘ ਜੀ | ,, | ,, |
| ੬. | ਸ: ਦੇਵਾ ਸਿੰਘ ਜੀ | ,, | ,, |
| ੭. | ਸ: ਰਾਮ ਸਿੰਘ ਜੀ | ਅਬੋ | ,, |
| ੮. | ਸ: ਰਜਾਦ ਸਿੰਘ ਜੀ | ,, | ,, |
| ੯. | ਸ: ਨਾਹਰ ਸਿੰਘ ਜੀ | ,, | ,, |
| ੧੦. | ਸ: ਕਾਕੜ ਸਿੰਘ ਜੀ | ਭਖੋੜੀ | ,, |
| ੧੧. | ਸ: ਹੀਰਾ ਸਿੰਘ ਜੀ | ਤੁੰਗਵਾਲੀ | ,, |
| ੧੨. | ਸ: ਸ਼ੇਰ ਸਿੰਘ ਜੀ | ,, | ,, |
| ੧੩. | ਸ: ਰਾਮ ਸਿੰਘ ਜੀ | ,, | ,, |
| ੧੪. | ਸ: ਦਰਬਾਰਾ ਸਿੰਘ ਜੀ | ਮਲਣ | ,, |
| ੧੫. | ਸ: ਗੁਰਮੁਖ ਸਿੰਘ ਜੀ | ਤੁੰਗਵਾਲੀ | ,, |
| ੧੬. | ਸ: ਬੁਢਾ ਸਿੰਘ ਜੀ | ,, | ,, |
| ੧੭. | ਸ: ਈਸਰ ਸਿੰਘ ਜੀ | ਰੌਲੀ | ,, |
| ੧੮. | ਸ: ਪੂਰਨ ਸਿੰਘ ਜੀ | ਢੁਡੀਕੇ | ,, |
| ੧੯. | ਸ: ਇੰਦਰ ਸਿੰਘ ਜੀ | ,, | ,, |

Digitized by Panjab Digital Library | www.panjabdigilib.org

| ਗਿਣਤੀ | ਨਾਮ | ਪਿੰਡ | ਜ਼ਿਲਾ |
|---|---|---|---|
| ੨੦. | ਸ: ਮੇਵਾ ਸਿੰਘ ਜੀ | ਢੁਡੀਕੇ | ਫੀਰੋਜ਼ਪੁਰ |
| ੨੧. | ਸ: ਬਗਾ ਸਿੰਘ ਜੀ | ,, | ,, |
| ੨੨. | ਸ: ਪੂਰਨ ਸਿੰਘ ਜੀ | ਘੋਲੀਆ | ,, |
| ੨੩. | ਸ: ਇੰਦਰ ਸਿੰਘ ਜੀ | ਭੁਨੇਵਾਲ | ,, |
| ੨੪. | ਸ: ਗੱਜਨ ਸਿੰਘ ਜੀ | ਬਦਨ | ,, |
| ੨੫. | ਸ: ਜਵਾਲਾ ਸਿੰਘ ਜੀ | ਵਰ੍ਹੇ | ,, |
| ੨੬. | ਸ: ਗੁਰਮੁਖ ਸਿੰਘ ਜੀ | ,, | ,, |
| ੨੭. | ਸ: ਗੋਬਿੰਦ ਸਿੰਘ ਜੀ | ,, | ,, |
| ੨੮. | ਸ: ਕੇਹਰ ਸਿੰਘ ਜੀ | ਤੁੰਗਵਾਲੀ | ,, |
| ੨੯. | ਸ: ਚੰਨਣ ਸਿੰਘ ਜੀ | ਕਿਸ਼ਨ ਪੁਰਾ ਕਲਾਂ | ,, |
| ੩੦. | ਸ: ਝਗੜ ਸਿੰਘ ਜੀ | ਸੁਗਸੀ | ,, |
| ੩੧. | ਸ: ਅਰਜਨ ਸਿੰਘ ਜੀ | ਮੋਦਣਾ | ,, |
| ੩੩. | ਸ: ਕਪੂਰ ਸਿੰਘ ਜੀ | ਲੋਪੋ | ,, |
| ੩੩. | ਸ: ਭਗਤ ਸਿੰਘ ਜੀ | ਰਾਜੇਆਣਾ | ,, |
| ੩੪. | ਸ: ਮੁਨਸ਼ੀ ਸਿੰਘ ਜੀ | ਘੋਲੀਆ | ,, |
| ੩੫. | ਸ: ਮਿਤ ਸਿੰਘ ਜੀ | ਥਰਾਜ | ,, |
| ੩੬. | ਸ: ਜੀਵਣ ਸਿੰਘ ਜੀ | ਢੁਡੀਕੇ | ,, |
| ੩੭. | ਸ: ਸੋਹਣ ਸਿੰਘ ਜੀ | ਡਾਲਾ | ,, |
| ੩੮. | ਸ: ਬਿਸ਼ਨ ਸਿੰਘ ਜੀ | ਲੋਹ ਗੜ੍ਹ | ,, |
| ੩੯. | ਸ: ਜੈਮਲ ਸਿੰਘ ਜੀ | ਸੇਖਾ | ,, |
| ੪੦. | ਸ: ਪਰਤਾਪ ਸਿੰਘ ਜੀ | ਬਾਘਾ ਪੁਰਾਣਾ | ,, |
| ੪੧. | ਸ: ਕੇਹਰ ਸਿੰਘ ਜੀ | ਸੇਖਾ | ,, |
| ੪੨. | ਸ: ਭਗਵਾਨ ਸਿੰਘ ਜੀ | ਆਲਮ ਵਾਲਾ | ,, |
| ੪੩. | ਸ: ਨਰੈਣ ਸਿੰਘ ਜੀ | ਲੌਂਗੋ ਦੇਵਾ | ,, |
| ੪੪. | ਸ: ਸੱਦਾ ਸਿੰਘ ਜੀ | ਚੂਹੜ ਚਕ | ,, |
| ੪੫. | ਸ: ਬਿਸ਼ਨ ਸਿੰਘ ਜੀ | ,, | ,, |
| ੪੬. | ਸ: ਮਿਤ ਸਿੰਘ ਜੀ | ਬਾਘੀ ਪੁਰਾ | ,, |
| ੪੭. | ਸ: ਸੁੰਦਰ ਸਿੰਘ ਜੀ | ਅਜੀਤ ਵਾਲ | ,, |
| ੪੮. | ਸ: ਚੰਨਣ ਸਿੰਘ ਜੀ | ਤਖਾਣ ਬਧ | ,, |
| ੪੯. | ਸ: ਇੰਦਰ ਸਿਘ ਜੀ | ਰਾਮਾ | ,, |
| ੫੦. | ਸ: ਅਮਰੀਕ ਸਿੰਘ ਜੀ | ਝੰਡਿਆਣਾ | ,, |
| ੫੧. | ਸ: ਸੁੰਦਰ ਸਿੰਘ ਜੀ | ਮਲਣ | ,, |
| ੫੨. | ਸ: ਪਰਤਾਪ ਸਿੰਘ ਜੀ | ,, | ,, |

Digitized by Panjab Digital Library | www.panjabdigilib.org

| ਗਿਣਤੀ | ਨਾਮ | ਪਿੰਡ | ਜ਼ਿਲਾ |
|---|---|---|---|
| ੫੩. | ਲਾ: ਬੰਸੀ ਲਾਲ ਜੀ | ਤੁੰਗਵਾਲੀ | ਫੀਰੋਜ਼ਪੁਰ |
| ੫੪. | ਲਾ: ਰਾਮ ਜੀ ਦਾਸ | ,, | ,, |
| ੫੫. | ਲਾ: ਕਰੰਤਾ ਰਾਮ ਜੀ | ,, | ,, |
| ੫੬. | ਲਾ: ਰਾਮ ਰਤਨ ਜੀ | ,, | ,, |
| ੫੭. | ਸ: ਰਣਜੀਤ ਸਿੰਘ ਜੀ | ਹਟੀਕੇ | ,, |
| ੫੮. | ਸ: ਨੰਦ ਸਿੰਘ ਜੀ | ਗੰਗਾ ਅਬਲੂ | ,, |
| ੫੯. | ਸ: ਸੰਤਾ ਸਿੰਘ ਜੀ | ਰਾਜੇਆਣਾ | , |
| ੬੦. | ਸ: ਨਰਾਇਣ ਸਿੰਘ ਜ ੀ | ਗੋਨੇਆਣਾ | ,, |
| ੬੧. | ਸ: ਸੁਚਾ ਸਿੰਘ ਜੀ | ਮਾਛੀਕੇ | ,, |
| ੬੨. | ਸ: ਥਮਣ ਸਿੰਘ ਜੀ | ਤੁੰਗਵਾਲੀ | ,, |
| ੬੩. | ਸ: ਇੰਦਰ ਸਿੰਘ ਜੀ | ਰੋਡੇ | ,, |
| ੬੪. | ਸ: ਬੀਰ ਸਿੰਘ ਜੀ | ਸੁਹਾਗ | ,, |
| ੬੫. | ਸ: ਮਾਹਲਾ ਸਿੰਘ ਜੀ | ਜੈਮਲ ਵਾਲਾ | ,, |
| ੬੬. | ਸ: ਸ਼ੇਰ ਸਿੰਘ ਜੀ | ਆਲਮ ਵਾਲਾ | ,, |
| ੬੭. | ਸ: ਲਖਰਾਜ ਸਿੰਘ ਜੀ | ਮਰਾਜ | ,, |
| ੬੮. | ਸ: ਸੁੰਦਰ ਸਿੰਘ ਜੀ | ਖੋਟੇ | ,, |
| ੬੯. | ਸ: ਕਿਸ਼ਨ ਸਿੰਘ ਜੀ | ਜਿਉਣ ਵਾਲਾ | ,, |
| ੭੦. | ਸ: ਨੰਦ ਸਿੰਘ ਜੀ | ਲੈਹਰਾ | ,, |

੭੧. ਭਾ: ਰੰਲਾ ਸਿੰਘ ਜੀ ਪਿਤਾ ਨਥਾ ਸਿੰਘ ਜੀ ਪਿੰਡ ਚਨੂੰ ਜ਼ਿਲਾ ਫੀਰੋਜ਼ਪੁਰ ਆਪ ਜੀ ਨੂੰ ਬੱਜ ਬੱਜ ਘਾਟ ਤੇ ਬਾਬਾ ਗੁਰਦਿਤ ਸਿੰਘ ਜੀ ਨਾਲ ਗੋਲੀਆਂ ਲਗੀਆਂ। ਆਪ ਜੀ ਨੇ ਬਾਬਾ ਗੁਰਦਿਤ ਸਿੰਘ ਜੀ ਨੂੰ ਕਲਕੱਤੇ ਆਪਣੀ ਦੁਕਾਨ ਵਿਚ ਲੁਕਾਇਆ ਸੀ। ਆਪ ਜੀ ਉਦੋਂ ਕਲਕੱਤੇ ਦੁਕਾਨ ਕਰਦੇ ਸਨ। ਜਹਾਜ਼ ਦੇ ਸੁਆਗਤ ਲਈ ਗਏ ਤੇ ਜ਼ਖਮੀ ਹੋਏ।

## ਭਾਈ ਅਮਰ ਸਿੰਘ ਗਦਰੀ ਦੇਸ਼ ਭਗਤ

ਭਾ: ਅਮਰ ਸਿੰਘ ਜੀ ਦਾ ਜਨਮ ਨਗਰ ਕਿਸ਼ਨ ਪੁਰਾ ( ਕੁਰਾਲੀ ) ਜ਼ਿਲਾ ਅੰਬਾਲਾ ਵਿਚ ਹੋਇਆ,ਆਪ ਜੀ ਦੇ ਜੀਵਨ ਦੇ ਮੁਢਲੇ ਸਮਾਚਾਰ ਨਹੀਂ ਮਿਲ ਸਕੇ ਪ੍ਰੰਤੂ ਇਤਨਾ ਪਤਾ ਲਗ ਗਿਆ ਹੈ ਕਿ ਆਪ ਗਦਰ ਪਾਰਟੀ ਦੀ ਸਹਾਇਤਾ ਕਰਦੇ ਰਹੇ ਅਤੇ ੧੯੧੪–੧੫ ਦੇ ਦੇਸ਼ ਭਗਤਾਂ ਵਿਚ ਆਪ ਨੇ ਕਾਫ਼ੀ ਤਕਲੀਫ਼ਾਂ ਸਹਾਰੀਆਂ। ਆਪ ਨੇ ਗਦਰ ਪਾਰਟੀ ਦੀ ਸਹਾਇਤਾ ਕਰਨ ਲਈ ਪੁਲੀਟੀਕਲ ਡਾਕੇ ਭੀ ਮਾਰੇ।

Digitized by Panjab Digital Library | www.panjabdigilib.org

# ਭਾਈ ਸੁਰਜਨ ਸਿੰਘ ਜੀ ( ਸ਼ਹੀਦ )

ਭਾ: ਸੁਰਜਨ ਸਿੰਘ ਜੀ ਪਿੰਡ ਕਿਸ਼ਨ ਪੁਰਾ ਜ਼ਿਲਾ ਅੰਬਾਲਾ ਦੇ ਰਹਿਣ ਵਾਲੇ ਸਨ। ਆਪ ਕੈਨੇਡਾ ਵਿਚ ਗਦਰ ਪਾਰਟੀ ਦੇ ਸਬੰਧ ਵਿਚ ਬਹੁਤ ਸਰਗਰਮ ਹਿੱਸਾ ਲੈਂਦੇ ਰਹੇ। ਜਦ ਪਾਰਟੀ ਨੇ ਦੇਸ਼ ਵਾਪਸ ਆ ਕੇ ਗਦਰ ਕਰਨ ਦਾ ਪ੍ਰੋਗ੍ਰਾਮ ਬਣਾਇਆ ਤਾਂ ਆਪ ਭੀ ਵਾਪਸ ਆ ਗਏ। ਬਦੇਸ਼ਾਂ ਤੋਂ ਆਏ ਦੇਸ਼ ਭਗਤਾਂ ਨੂੰ ਪੁਲਸ ਡਾਕੂ ਕਹਿ ਕੇ ਬਦਨਾਮ ਕਰਦੀ ਸੀ ਤੇ ਜੇ ਉਹ ਗ੍ਰਿਫਤਾਰ ਹੋ ਜਾਂਦੇ ਸਨ ਤਾਂ ਡਾਕਿਆਂ ਦੇ ਝੂਠੇ ਮੁਕੱਦਮੇਂ ਬਣਾ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਇਹੋ ਜਿਹੀ ਹਾਲਤ ਵਿਚ ਆਪ ਨੇ ਫੈਸਲਾ ਕੀਤਾ ਕਿ ਪੁਲਸ ਦੇ ਹੱਥ ਆ ਕੇ ਕਸ਼ਟ ਸਹਾਰਨ ਨਾਲੋਂ ਤਾਂ ਲੜ ਕੇ ਮਰਨਾ ਹੀ ਠੀਕ ਹੈ। ਆਪ ਕਾਫ਼ੀ ਸਮਾਂ ਗੁਪਤ ਰਹੇ। ਇਕ ਵੇਰ ਆਪ ਦੀ ਪੁਲਸ ਨਾਲ ਮੁਠਭੇੜ ਹੋ ਗਈ ਜਿਸ ਵਿਚ ਆਪ ਸ਼ਹੀਦ ਹੋ ਗਏ। ਇਹੋ ਜਿਹੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਸਾਡੇ ਦੇਸ਼ ਨੂੰ ਆਜ਼ਾਦੀ ਪ੍ਰਾਪਤ ਹੋਈ।

## ਜ਼ਿਲਾ ਅੰਬਾਲਾ ਦੇ ਮੁਸਾਫਰ (ਗੁਰੂ ਨਾਨਕ ਜਹਾਜ਼)

| | | | |
|---|---|---|---|
| ੧. | ਸ: ਰਾਮ ਸਿੰਘ ਜੀ | ਡਪਰ | ਅੰਬਾਲਾ |
| ੨. | ਸ: ਬਦਨ ਸਿੰਘ ਜੀ | ਸੁਜਾਰ ਪੁਰ | ,, |
| ੩. | ਸ: ਬਦਨ ਸਿੰਘ ਜੀ | ਸਲਾਮਤ ਪੁਰ | ,, |
| ੪. | ਸ: ਕਾਬਲ ਸਿੰਘ ਜੀ | ਸਲਾਮਤ ਪੁਰ | ,, |
| ੫. | ਮਿ: ਕਰਮ ਇਲਾਹੀ ਜੀ | ਧੰਗ | ,, |
| ੬. | ਸ: ਹਾਕਮ ਸਿੰਘ ਜੀ | ਨਹੜੀ | ,, |
| ੭. | ਸ: ਕੇਹਰ ਸਿੰਘ ਜੀ | ਪਤੋ | ,, |
| ੮. | ਸ: ਕ੍ਰਿਪਾ ਸਿੰਘ ਜੀ | ਮੀਆਂ ਪੁਰ | ,, |
| ੯. | ਸ: ਮੰਗਲ ਸਿੰਘ ਜੀ | ਲਖਮੀ ਪੁਰ | ,, |
| ੧੦. | ਸ: ਨੰਦ ਸਿੰਘ ਜੀ | ਸਲਾਮਤ ਪੁਰ | ,, |
| ੧੧. | ਸ: ਮੰਗਲ ਸਿੰਘ ਜੀ | ਸਿਆਰ ਪੁਰ | ,, |

## ਰਿਆਸਤ ਨਾਭਾ ਦੇ ਮੁਸਾਫਰ ਗੁਰੂ ਨਾਨਕ ਜਹਾਜ਼

| | | | |
|---|---|---|---|
| ੧. | ਸ: ਲਾਲ ਸਿੰਘ ਜੀ | ਗਿਲ ਬੁਰਜ | ਨਾਭਾ |
| ੨. | ਸ: ਸੁਰਜਨ ਸਿੰਘ ਜੀ | ਗਿਲ ਬੁਰਜ | ,, |
| ੩. | ਸ: ਸੁਰਜਨ ਸਿੰਘ ਜੀ | ਖਾਨੀਆ | ,, |
| ੪. | ਸ: ਭਜਨ ਸਿੰਘ ਜੀ | ਰਾਜੀਆ | ,, |
| ੫. | ਸ: ਨਭਕੰਮਲ ਸਿੰਘ ਜੀ | ਮਹਿਰਾਜ | ,, |

| ਗਿਣਤੀ | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਕੇਹਰ ਸਿੰਘ ਪਿਤਾ ਝੰਡਾ ਸਿੰਘ | ਖੇਮੋਆਣਾ | ਫਰੀਦ ਕੋਟ |
| ੨. | ਸ: ਅਮਰ ਸਿੰਘ ਜੀ | ਕਾਹਲਮਾ | ਕਪੂਰ ਥਲਾ |

Digitized by Panjab Digital Library | www.panjabdigilib.org

| | | | |
|---|---|---|---|
| ੩. | ਸ: ਰਲਾ ਸਿੰਘ ਜੀ | ਤਾਸ ਪੁਰ | ਕਪੂਰ ਥਲਾ |
| ੪ | ਸ: ਸੰਤ ਸਿੰਘ ਜੀ | ਕਪੂਰ ਥਲਾ | ਕਪੂਰ ਥਲਾ |
| ੫. | ਸ: ਤ੍ਰਿਲੋਚਨ ਸਿੰਘ ਜੀ | ਚੁਬਾਰਾ | ਕਲਸੀਆਂ |
| ੬. | ਸ: ਇੰਦਰ ਸਿੰਘ | ਚੜਿਕ | ਕਲਸੀਆਂ |

# ਕੌਮੀ ਸ਼ਹੀਦ ਸ: ਬਦਨ ਸਿੰਘ ਜੀ

ਬੇਲਾ ਸਿੰਘ ਕੌਮ ਦਾ ਗ਼ਦਰ ਵਿਚ ਟਾਪੂਆਂ ਦੇ, ਜਦੋਂ ਥ ਗੋਰਿਆਂ ਦੇ ਵਿਚ ਸੀਗਾ ਆ ਗਿਆ।
ਗੁਰੂ ਧਾਮ ਵਿਚ ਜਾ ਪਿਆਰੇ ਪਰਧਾਨ ਉਤੇ, ਖੂੰਜੇ ਖੜ ਬੇਈਮਾਨ ਗੋਲੀਆ ਚਲਾ ਗਿਆ।
ਛੇਤੀ ਨਾਲ ਉਠ ਕੇ ਤੇ ਮੂਹਰੇ ਹੋ ਬਚਾਉਣ ਲਈ, ਪੰਜ ਲੱਖ ਗੋਲੀਆਂ ਬਦਨ ਸਿੰਘ ਖਾ ਗਿਆ।
ਕੌਮ ਦਾ ਪਿਆਰਾ ਤੇ ਸਤਾਰਾ ਦੇਸ਼ ਆਪਣੇ ਦਾ, ਸਾਗਰਾਂ ਤੋਂ ਪਾਰ 'ਸਾਥੀ' ਚਮਕ ਦਿਖਾ ਗਿਆ।
ਟਾਪੂਆਂ 'ਚ ਹੋਏ ਸਿਖ ਕੌਮ ਦੀ ਸ਼ਹੀਦੀ ਵਿਚ, ਬਣ ਕੇ ਤੇ ਸ਼ੇਰ ਸਰੀਰ ਆਪਣਾ ਰਲਾ ਗਿਆ।
ਆਪਣੇ ਬਦਨ ਦੀਆਂ ਆਂਦਰਾਂ ਬਣਾ ਕੇ ਡੋਰ, ਸਾਥੀਆਂ ਦੀ ਗੁਡੀ ਅਸਮਾਨ ਤੇ ਚੜ੍ਹਾ ਗਿਆ।
ਸਿਖਾਂ ਉਤੇ ਸਿਖ ਕਿਵੇਂ ਆਪਣੀ ਘੱਮੋਂ ਦੇ ਜਾਨ, ਅਜ ਕਲ ਝਾਕੀ ਇਹ ਪੁਰਾਤਨ ਵਿਖਾ ਗਿਆ।
ਕੌਮ ਦਾ ਪਿਆਰਾ ਤੇ ਸਤਾਰਾ ਦੇਸ਼ ਆਪਣੇ ਦਾ, ਸਾਗਰਾਂ ਤੋਂ ਪਾਰ 'ਸਾਥੀ' ਚਮਕ ਦਿਖਾ ਗਿਆ।
ਐਹੋ ਜੇਹੇ ਸੂਰਿਆਂ ਦੇ ਸੁੰਦਰ ਦੀਦਾਰ ਤਾਈਂ, 'ਸਾਥੀ' ਮੇਰਾ ਮਨ ਸੀਗਾ ਬੜਾ ਹੀ ਬੈਰਾਗਿਆ।
ਪੇਪਰਾਂ ਚਿ ਛਪਿਆ ਜੋ ਦਿਲ ਦਾ ਉਬਾਲ ਮੇਰਾ, ਸਾਥੀਆਂ ਦੇ ਦਿਲਾਂ ਤਾਈ ਏਧਰ ਝੁਕਾ ਗਿਆ।
ਸਰਮੇ ਦਾ ਫੋਟੋ 'ਸਾਥੀ' ਘਲਿਆ ਬਿਦੇਸ਼ ਵਿਚੋਂ, ਜੀਹਨੂੰ ਦੇਖ ਕੇ ਤੇ ਮੇਰਾ ਮਨ ਹੁਲਸਾ ਗਿਆ।
ਕੌਮ ਦਾ ਪਿਆਰਾ ਤੇ ਸਤਾਰਾ ਦੇਸ਼ ਆਪਣੇ ਦਾ, ਸਾਗਰਾਂ ਤੋਂ ਪਾਰ 'ਸਾਥੀ' ਚਮਕ ਦਿਖਾ ਗਿਆ।
ਟਾਪੂਆਂ 'ਚ ਸਿਖੀ ਸੰਦੇ ਬੂਟੇ ਨੂੰ ਵਧਾਓਣ ਹਿਤ, ਤ੍ਰਿੱਪੋ ਤ੍ਰਿੱਪ ਖ਼ੂਨ ਵਿਚ ਜੜਾਂ ਦੇ ਚੁਆ ਗਿਆ।
ਦੁਆਬੀਏ,ਮਝੈਲ,ਮਲਵਈਆਂ ਦੀਆਂ ਆਪੋ 'ਚ, ਘੁਟ ਘੁਟ ਕੇ ਸੋਹਣਾ ਜਫੀਆਂ ਪੁਆ ਗਿਆ।
ਦਿਲਾਂ ਸਾਡਿਆਂ ਦੇ ਵਿਚੋਂ ਭੁਲੀ ਯਾਦ 'ਸਾਥੀਆਂ' ਦੀ, ਵਰ੍ਹਿਆਂ ਦੇ ਪਿਛੋਂ ਫੇਰ ਤਾਜ਼ੀ ਕਰਵਾ ਗਿਆ।
ਕੌਮ ਦਾ ਪਿਆਰਾ ਤੇ ਸਤਾਰਾ ਦੇਸ਼ ਆਪਣੇ ਦਾ, ਸਾਗਰਾਂ ਤੋਂ ਪਾਰ 'ਸਾਥੀ' ਚਮਕ ਦਿਖਾ ਗਿਆ।

ਭਾਈ ਬਦਨ ਸਿੰਘ ਜੀ ਪਿੰਡ ਦਲੇਲ ਸਿੰਘ ਵਾਲਾ ਰਿਆਸਤ ਪਟਿਆਲਾ ਵਿਚ ਸਰਦਾਰ ਬਘੇਲ ਸਿੰਘ ਜੀ ਦੇ ਘਰ ਪੈਦਾ ਹੋਏ। ੨੪ ਮਈ ੧੮੯੯ ਈ: ਨੂੰ ਬਰਮਾ ਪੁਲਿਸ ਵਿਚ ਭਰਤੀ ਹੋਏ। ਪੰਜ ਸਾਲ ਨੌਕਰੀ ਕਰਕੇ ਘਰ ਨੂੰ ਵਾਪਸ ਚਲੇ ਗਏ। ਆਪ ਆਪਣੇ ਸਾਥੀਆਂ ਵਿਚ ਸਭ ਤੋਂ ਅੱਵਲ ਦਰਜੇ ਦੇ ਪਹਿਲਵਾਨ ਸਨ। ਆਪ ਗੁਰੂ ਘਰ ਦੇ ਪ੍ਰੇਮੀ ਤੇ ਗੁਰੂ ਗਰੰਥ ਸਾਹਿਬ ਜੀ ਦੇ ਪਾਠੀ ਭੀ ਸਨ।

## ਕੈਨੇਡਾ ਜਾਣਾ

੧੯੦੪ ਈ: ਵਿਚ ਆਪ ਹਾਂਗ ਕਾਂਗ _ਲੀਸ ਵਿਚ ਭਰਤੀ ਹੋਏ ਤੇ ੧੯੦੭ ਈ: ਵਿਚ ਕੈਨੇਡਾ ਪਹੁੰਚੇ। ਗੁਰਦਵਾਰਾ ਵੈਨਕੋਵਰ ਦੇ ਬਨਾਉਣ ਵਾਲੇ ਮੋਢੀ ਸੇਵਕਾਂ ਵਿਚੋਂ ਆਪ ਇਕ ਸਨ ਅਤੇ ਗੁਰੂ ਨਾਨਕ ਮਾਈਨਿੰਗ ਕੰਪਨੀ ਦੇ ਪਹਿਲੇ ਪਰਧਾਨ ਭੀ ਆਪ ਹੀ ਸਨ।

Digitized by Panjab Digital Library | www.panjabdigilib.org

# ਗੁਰਦਵਾਰਾ ਵੈਨਕੋਵਰ ਵਿਚ ਗੋਲੀ ਚਲਣੀ ਅਤੇ ਆਪ ਦਾ ਸ਼ਹੀਦ ਹੋਣਾ।

ਜਦੋਂ ੪ ਸਤੰਬਰ ੧੯੧੪ ਨੂੰ ਇਕ ਸਿੰਘ ਦਾ ਸਸਕਾਰ ਕਰਕੇ ਸੰਗਤ ਗੁਰਦਵਾਰਾ ਵੈਨ-ਕੋਵਰ ਵਿਚ ਵਾਪਸ ਆਈ ਤਾਂ ਭਾਈ ਭਾਗ ਸਿੰਘ ਜੀ ਪਰਧਾਨ ਉਤੇ ਗੁਰਦੁਆਰੇ ਵਿਚ ਬੇਲਾ ਸਿੰਘ ਨੇ ਪਸਤੌਲ ਨਾਲ ਗੋਲੀ ਚਲਾਈ ਤਾਂ ਆਪ ਗੁਰਦੁਆਰੇ ਵਿਚੋਂ ਦੂਜੇ ਪਾਸਿਉਂ ਉਠ ਕੇ ਭਾ: ਭਾਗ ਸਿੰਘ ਜੀ ਨੂੰ ਬਚਾਉਣ ਲਈ ਗਏ ਤੇ ਆਪ ਨੂੰ ਪੰਜ ਗੋਲੀਆਂ ਲਗੀਆਂ। ਫਿਰ ਭੀ ਆਪ ਫੱਟੜ ਹੋਣ ਦੀ ਹਾਲਤ ਵਿਚ ਹੀ ਘਰ ਤਕ ਪਹੁੰਚ ਗਏ ਤੇ ਉਥੇ ਜਾਂਦੇ ਸਾਰ ਸ਼ਹੀਦ ਹੋ ਗਏ। ਆਪ ਦਾ ਸਸਕਾਰ ਭੀ ਭਾਃ ਭਾਗ ਸਿੰਘ ਜੀ ਦੇ ਨਾਲ ਹੀ ਬੜੀ ਧੂਮ ਧਾਮ ਨਾਲ ਕੀਤਾ ਗਿਆ। ਆਪ ਦੀ ਬਹਾਦਰੀ ਦੀ ਯਾਦ ਅਜੇ ਤਕ ਕੈਨੇਡਾ ਨਿਵਾਸੀਆਂ ਦੇ ਦਿਲਾਂ ਵਿਚ ਕਾਇਮ ਹੈ।

ਅਜ ਭਾਈ ਬਦਨ ਸਿੰਘ ਜੀ ਇਸ ਸੰਸਾਰ ਵਿਚ ਨਹੀਂ ਪਰ ਆਪ ਦਾ ਪ੍ਰਉਪਕਾਰ ਬਹਾਦਰੀ ਤੇ ਦਿਲਾਵਰੀ ਆਪ ਦਾ ਹਾਲ ਸੁਣਨ ਵਾਲਿਆਂ ਦੇ ਦਿਲਾਂ ਵਿਚ ਆਪ ਦੀ ਯਾਦ ਤਾਜ਼ਾ ਕਰ ਰਹੀ ਹੈ। ਅਜੇਹੇ ਉਪਕਾਰੀ ਸਜਣ ਹੀ ਕੌਮਾਂ ਤੇ ਦੇਸ਼ਾਂ ਲਈ ਸੋਭਾ ਦਾ ਕਾਰਨ ਬਣਦੇ ਹਨ।

(ਪੰਜਾਬੀ ਰਤਨ)

# ਗਿਆਨੀ ਸਰਦਾਰਾ ਜੀ "ਯੂਥਪ"

ਗਿ: ਸਰਦਾਰਾ ਸਿੰਘ ਜੀ "ਯੂਥਪ" ਅਨਭਵੀ ਕਵੀ, ਅਦੁਤੀ ਦੇਸ਼ ਭਗਤ, ਅਤੇ ਅਕਾਲ ਲਹਿਰ ਦੇ ਮੋਢੀ ਲੀਡਰਾਂ ਵਿਚੋਂ ਸਨ। ਆਪ ਦਾ ਜੀਵਨ "ਸਚੋਂ ਓਰੇ ਸਭ ਕੋ ਉਪਰ ਸਚ ਆਚਾਰ" ਦਾ ਅਮਲੀ ਰੂਪ ਸੀ। ਸਚਾਈ ਨੂੰ ਆਪ ਸਭ ਤੋਂ ਪਿਆਰੀ ਚੀਜ਼ ਸਮਝਦੇ ਸਨ ਅਤੇ ਸਚਾਈ ਦੀ ਖਾਤ੍ਰ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਦੇਸ਼ ਤੇ ਪੰਥ ਦੀ ਸੇਵਾ ਕਰਨ ਸਮੇਂ ਜਦ ਆਪ ਨੂੰ ਆਪਣੇ ਕਿਸੇ ਸਾਥੀ ਸਬੰਧੀ ਇਹ ਪਤਾ ਲਗਿਆ ਕਿ ਉਹ ਸਚਾਈ ਨੂੰ ਛੱਡ ਰਿਹਾ ਹੈ ਤਾਂ ਆਪ ਉਸੇ ਸਮੇਂ ਉਸ ਤੋਂ ਅੱਡ ਹੋ ਜਾਂਦੇ ਸਨ।

ਆਪ ਦਾ ਜਨਮ ੧੮੯੦ ਈ: ਵਿਚ ਸ: ਵਧਾਵਾ ਸਿੰਘ ਜੀ ਦੇ ਘਰ ਪਿੰਡ ਹਰਬੰਸ ਪੁਰਾ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਦੀ ਉਮਰ ਅਜੇ ਛੋਟੀ ਹੀ ਸੀ ਕਿ ਆਪ ਜੀ ਦੇ ਪਿਤਾ ਨੇ ਰਿਆਸਤ ਨਾਭੇ ਵਿਚ ਜ਼ਮੀਨ ਖਰੀਦ ਲਈ ਅਤੇ ਆਪ ਨਾਭੇ ਦੇ ਵਸਨੀਕ ਬਣ ਗਏ। ਬਚਪਨ ਵਿਚ ਆਪ ਨੇ ਧਾਰਮਕ ਵਿਦਿਆ ਬੜੇ ਸ਼ੌਕ ਨਾਲ ਪੜ੍ਹੀ ਅਤੇ ਗੁਰਬਾਣੀ ਤੇ ਸਿਖ ਇਤਿਹਾਸ ਨਾਲ ਆਪ ਜੀ ਨੂੰ ਬਹੁਤ ਪ੍ਰੇਮ ਸੀ। ਆਪ ਦਾ ਹਿਰਦਾ ਇਕ ਕਵੀ ਦਾ ਹਿਰਦਾ ਸੀ, ਇਸ ਕਰਕੇ ਉਸ ਪਰ ਹਰ ਇਕ ਘਟਨਾ ਦਾ ਵਚਿਤ੍ਰ ਅਸਰ ਹੁੰਦਾ ਸੀ। ਜਦ ਆਪ ਗੁਰਮਤਿ ਦੇ ਚੰਗੇ ਵਿਦਵਾਨ ਹੋ ਗਏ ਤਾਂ ਬਰਮਾਂ ਚਲੇ ਗਏ ਅਤੇ ਸ੍ਰੀ ਗੁਰੂ ਸਿੰਘ ਸਭਾ ਰੰਗੂਨ ਵਿਚ ਗ੍ਰੰਥੀ ਦੀ ਸੇਵਾ ਪਰ ਲੱਗ ਗਏ। ਬਰਮਾ ਦੇ ਸਿਖ ਆਪ ਦਾ ਬਹੁਤ ਆਦਰ ਕਰਦੇ ਸਨ।

ਆਪ ਦੇ ਜਾਣ ਤੋਂ ਪਹਿਲਾਂ ਬਰਮਾ ਵਿਚ ਰਹਿਣ ਵਾਲੇ ਸਿਖ ਜਥੇਬੰਦ ਨਹੀਂ ਸਨ। ਇਸ ਲਈ ਆਪ ਜੀ ਨੇ ਖਿਆਲ ਕੀਤਾ ਕਿ ਜਦੋਂ ਤੱਕ ਸਿਖ ਜਥੇਬੰਦ ਨਹੀਂ ਹੁੰਦੇ ਵਿਦੇਸ਼ਾਂ ਵਿਚ ਉਨ੍ਹਾਂ ਦਾ

Digitized by Panjab Digital Library | www.panjabdigilib.org

ਸਤਿਕਾਰ ਨਹੀਂ ਵਧ ਸਕਦਾ । ਸਿਆਣੇ ਸਾਥੀਆਂ ਨਾਲ ਵਿਚਾਰ ਕਰਕੇ ਆਪ ਇਸ ਨਤੀਜੇ ਪਰ ਪਹੁੰਚੇ ਕਿ ਬਰਮਾ ਨਿਵਾਸੀ ਸਿਖਾਂ ਦੀ ਇਕ ਕੇਂਦਰੀ ਜਥੇਬੰਦੀ ਹੋਣੀ ਚਾਹੀਦੀ ਹੈ । ਆਪ ਦੇ ਉੱਦਮ ਨਾਲ ਖਾਲਸਾ ਦੀਵਾਨ ਬਰਮਾ ਦੀ ਨੀਂਹ ਰਖੀ ਗਈ । ਬਰਮਾ ਨਿਵਾਸੀ ਸਿਖਾਂ ਨੂੰ ਜ਼ਥੇਬੰਦ ਕਰਕੇ ਆਪ ਕਲਕਤੇ ਆ ਗਏ ਅਤੇ ਇਥੇ ਆਕੇ ਗੁਰਦਵਾਰੇ ਸਾਹਿਬ ਦੀ ਇਮਾਰਤ ਬਨਾਉਣ ਵਿਚ ਬੜੇ ਉਤਸ਼ਾਹ ਨਾਲ ਹਿਸਾ ਲਿਆ । ਆਪ ਦੇ ਨਿਸ਼ਕਪਟ ਹਿਰਦੇ ਵਿਚੋਂ ਨਿਕਲੀਆਂ ਗਲਾਂ ਦਾ ਸੁਨਣ ਵਾਲਿਆਂ ਪਰ ਬਹੁਤ ਹੀ ਅਸਰ ਹੋਇਆ ਕਰਦਾ ਸੀ । ਕਲਕਤੇ ਤੋਂ ਆਪ ਚੀਨ ਚਲੇ ਗਏ, ਜਦ ਗੁਰੂ ਨਾਨਕ ਕੈਨੇਡਾ ਜਹਾਜ਼ ਤੋਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਆਪ ਨੇ ਇਸ ਕੰਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ । ਜਹਾਜ਼ ਦੇ ਪੰਜਾਹ ਆਦਮੀਆਂ ਦੀ ਵਰਕਿੰਗ ਕਮੇਟੀ ਦੇ ਆਪ ਮੈਂਬਰ ਸਨ ।

ਬਾਬਾ ਗੁਰਦਿਤ ਸਿੰਘ ਜੀ ਤੇ ਸ: ਦਲਜੀਤ ਸਿੰਘ ਜੀ ਸਕੱਤ੍ਰ ਗੁਰੂ ਨਾਨਕ ਕੈਨੇਡਾ ਜਹਾਜ਼ ਇਹ ਚਾਹੁੰਦੇ ਸਨ ਕਿ ਗਿਆਨੀ ਜੀ ਭੀ ਨਾਲ ਚਲਣ ਪ੍ਰੰਤੂ ਕਈ ਜ਼ਰੂਰੀ ਕਾਰਨਾਂ ਕਰਕੇ ਆਪ ਜੀ ਨੇ ਕਿਹਾ ਕਿ ਮੈਂ ਇਥੇ ਰਹਿਕੇ ਜਹਾਜ਼ ਦੀ ਜਿਤਨੀ ਹੋ ਸਕੀ ਸਹਾਇਤਾ ਕਰਦਾ ਰਹਾਂਗਾ । ਸਾਰਿਆਂ ਦੀ ਸੰਮਤੀ ਨਾਲ ਫੈਸਲਾ ਹੋਇਆ ਕਿ ਆਪ ਕਲਕਤੇ ਜਾਕੇ ਮੁਸਾਫਰ ਭੇਜਣ ਦਾ ਪ੍ਰਬੰਧ ਕਰਨ ਇਸ ਲਈ ਆਪ ਕਲਕਤੇ ਆ ਗਏ ।

੧੯੧੪ ਵਿਚ ਬਹੁਤ ਸਾਰੇ ਹਿੰਦੋਸਤਾਨੀ ਵਦੇਸ਼ਾਂ ਤੋਂ ਵਾਪਸ ਹਿੰਦ ਆਏ ਤਾਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰ ਕੀਤਾ ਜਾਵੇ । ਇਸ ਕਰਕੇ ਗਿ: ਜੀ ਨੇ ਭੀ ਬਾਹਰ ਜਾਣ ਦਾ ਇਰਾਦਾ ਛੱਡ ਦਿਤਾ ਅਤੇ ਆਪ ਲਾਹੌਰ ਆਕੇ "ਬੀਰ" ਅਖਬਾਰ ਦੇ ਐਡੀਟਰ ਬਣ ਗਏ । ਲਾਹੌਰ ਦੇ ਰਾਜਸੀ ਹਲਕਿਆਂ ਵਿਚ ਆਪ ਦਾ ਬਹੁਤ ਸਤਿਕਾਰ ਵਧ ਗਿਆ । ਸਰਕਾਰ ਭੀ ਆਪ ਪਰ ਕੜੀ ਨਿਗਰਾਨੀ ਰੱਖਣ ਲਗ ਪਈ । ਲਾਹੌਰ ਵਿਚ ਗ੍ਰਿਫਤਾਰ ਕਰਕੇ ਆਪ ਜੀ ਦੀ ਜ਼ਮਾਨਤ ਲੈ ਲਈ ਗਈ । ਇਸ ਕਰਕੇ ਆਪ ਵਾਪਸ ਆਪਣੇ ਪਿੰਡ ਭੋਲੀਆਂ ਰਿ: ਨਾਭੇ ਵਿਚ ਆਕੇ ਰਹਿਣ ਲਗ ਪਏ । ਇਨ੍ਹਾਂ ਦਿਨਾਂ ਵਿਚ ਡੀਫੈਂਸ ਆਫ ਇੰਡੀਆ ਐਕਟ ਅਨੁਸਾਰ ਦੇਸ਼ ਭਗਤਾਂ ਦੀਆਂ ਧੜਾ ਧੜ ਗ੍ਰਿਫਤਾਰੀਆਂ ਹੋ ਰਹੀਆਂ ਸਨ ਅਤੇ ਬਹੁਤ ਸਾਰੇ ਨਿਰਦੋਸ਼ ਦੇਸ਼ ਭਗਤਾਂ ਨੂੰ ਗ੍ਰਿਫਤਾਰ ਕਰਕੇ ਲੰਬੀਆਂ ਲੰਬੀਆਂ ਸਜ਼ਾਵਾਂ ਦਿਤੀਆਂ ਜਾ ਰਹੀਆਂ ਸਨ । ਇਨ੍ਹਾਂ ਹਾਲਾਤਾਂ ਵਿਚ ਆਪ ਜੀ ਨੇ ਲਾਹੌਰ ਛੱਡ ਦਿਤਾ ਅਤੇ ਪਿੰਡ ਆ ਰਹੇ । ਕੁਝ ਅਰਸਾ ਆਪ ਅਪਰ ਇੰਡੀਆ ਪ੍ਰੈਸ ਫੀਰੋਜ਼ਪੁਰ ਦੇ ਮੈਨੇਜਰ ਰਹੇ ਅਤੇ ਫਿਰ ਮਿਡਲ ਸਕੂਲ ਬੁਟਰ ਵਿਚ ਪੰਜਾਬੀ ਟੀਚਰ ਲੱਗ ਗਏ ।

ਆਪ ਅਕਾਲੀ ਲਹਿਰ ਆਰੰਭ ਕਰਨ ਵਾਲੇ ਮੁਖੀ ਲੀਡਰਾਂ ਵਿੱਚੋਂ ਸਨ । ਇਸ ਲਈ ਜਦ ਆਪ ਨੇ ਵੇਖਿਆਂ ਕਿ ਹੁਣ ਮੈਦਾਨ ਵਿਚ ਕੁੱਦਣ ਦਾ ਸਮਾਂ ਹੈ ਤਾਂ ਆਪ ਸਾਰੇ ਕੰਮ ਛੱਡ ਕੇ ਪੰਥਕ ਸੇਵਾ ਵਿਚ ਜੁਟ ਗਏ ।

Digitized by Panjab Digital Library | www.panjabdigilib.org

ਸੰਸਾਰ ਸਨੇਮਾਂ

## ਵਲੋਂ:—ਗਿ: ਸਰਦਾਰਾ ਸਿੰਘ ਜੀ ਯੂਥਪ

ਟੇਕ:—ਯੂਥਪ ਕੋਈ ਨਾ ਦੀਨਾ ਦਾ ਦਿਲੋਂ ਦਰਦੀ ਧਰਮ ਧਜਾਧਾਰੀ ਦਾਵੇਦਾਰ ਦੇਖੇ।

ਸੰਸਾਰ ਸਨੇਮੇ ਦੀ ਗੈਲਰੀ ਚੋਂ, ਲਖਾਂ ਭਾਂਤ ਦੇ ਫਿਲਮ ਸਟਾਰ ਦੇਖੇ।
ਜਬਰ ਜੰਗ ਜਰਨੈਲ ਮਹਾਨ ਯੋਧੇ, ਸਿਰੀ ਚੁਕਦੇ ਹੁਕਮ ਦੀ ਕਾਰ ਦੇਖੇ।
ਵਿਚੋਂ ਜੰਗ ਦੀ ਤਾਰ ਹਿਲਾਉਣ ਵਾਲੇ, ਸ਼ਾਂਤ ਰੂਪ ਉਤੋਂ ਪੂੰਜੀਦਾਰ ਦੇਖੇ।
ਨੱਸੇ ਸ਼ਹਿਨਸ਼ਾਹ ਤਖਤ ਤੇ ਤਾਜ ਛਡਕੇ, 'ਚੁਹੀਚਾਂਪੜ' ਭਰੇ ਹੰਕਾਰ ਦੇਖੇ।
ਗੰਦੇ ਇਸ਼ਕ ਦੇ ਚੰਮ ਦੇ ਮੁਆਦ ਬਦਲੇ, ਕਤਲ 'ਬਾਵਲੇ' ਲਾਲ ਹਜ਼ਾਰ ਦੇਖੇ।
ਦੁਖੀ ਪਰਜਾ ਤੇ ਗੋਲੀ ਚਲਾਉਣ ਵਾਲੇ,ਮਹਿਲੀਂ ਲੁਟਦੇ ਐਸ਼ ਬਹਾਰ ਦੇਖੇ।
ਲਖਾਂ ਉਡਦੇ ਘੜੀ ਦੀ ਐਸ਼ ਖਾਤਰ, ਯੂਰਪ ਪੁਜ ਕੇ ਚੋਜ ਮਲਾਰ ਦੇਖੇ।
ਹਰ ਕੋਈ ਵਡਿਆਂ ਦਾ ਬਣਨਾ ਚਾਹੇ, ਸਿਰੀਂ ਛੋਟਿਆਂ ਹੁੰਦੇ ਸਵਾਰ ਦੇਖੇ।

ਟੁਕ ਖੁਣੋ ਕਿਰਸਾਨਾਂ ਦੇ ਬਾਲ ਵਿਲਕਣ, ਸਿਰ ਤੇ ਮਾਮਲਾ ਮੰਗੂ ਤਿਆਰ ਦੇਖੇ।
ਇਧਰ ਪੁਲਸ ਰਾਣੀ ਅਗੇ ਜੇਲ੍ਹ ਕੋਠੀ, ਉਧਰ ਰੱਤ ਪੀਣੇ ਸ਼ਾਹੂਕਾਰ ਦੇਖੇ।
ਕਰੜੀ ਧਰਤ ਅਕਾਸ਼ ਹੈ ਬਹੁਤ ਉਚਾ, ਹੰਝੂ ਕੇਰਦੇ ਦੀਨ ਵਿਚਕਾਰ ਦੇਖੇ।
ਪੈਸਾ ਇਕ ਨਾ ਮਿਲੇ ਅਫੀਮ ਤਾਈਂ, ਇਕ ਸਰਮਾਇਆਂ ਦੇ ਲਗੇ ਅੰਬਾਰ ਦੇਖੇ।
ਆਸ਼ਕ ਸੱਚ ਦੇ ਘਰਾਂ ਤੋਂ ਫਿਰਨ ਕਢੇ, ਰੁਲਦੇ ਜੰਗਲੀ ਸਣੇ ਪ੍ਰਵਾਰ ਦੇਖੇ।
ਮੋਢੇ ਬਿਸਤਰਾਂ ਤੇ ਕੁਛੜ ਬਾਲ ਚੁਕੇ, ਟੁਕਰ ਮੰਗਦੇ ਗਲੀ ਬਾਜ਼ਾਰ ਦੇਖੇ।
ਮੰਜੀ ਜੁੜੇ ਨਾ ਸੌਣ ਨੂੰ ਭੂਮ ਸਬਰ, ਥਲੇ ਵੇਲ੍ਹੜਾ ਪਲੰਗ ਨਵਾਰ ਦੇਖੇ।
ਬਾਰੀਂ ਵਰ੍ਹੀਂ ਤਾਂ ਰੂੜੀ ਦੀ ਸੁਣੀ ਜਾਂਦੀ, ਹੀਰੇ ਕੌਮ ਦੇ ਏਸ ਤੋਂ ਪਾਰ ਦੇਖੇ।
ਲੀਡਰ ਮੋਟਰਾਂ ਬਾਝ ਨਾ ਪੈਰ ਪੁਟਣ, ਮੈਂਬਰ ਜੋੜਿਆਂ ਤੋਂ ਅਵਾਜ਼ਾਰ ਦੇਖੇ।
ਇਕ ਹੋਣ ਟੋਟੇ ਦੂਏ ਹੋਣ ਮੋਟੇ, ਹੁੰਦੇ ਧਰਮ ਦੇ ਅਜਬ ਵਪਾਰ ਦੇਖੇ।
ਵੱਡੀ ਆਨ ਤੇ ਉਚੜੀ ਸ਼ਾਨ ਵਾਲੇ, ਰੂਪ ਰੱਬ ਦੇ ਪੈਸੇ ਦੇ ਯਾਰ ਦੇਖੇ।
ਪਰਦੇ ਆਪ ਅਪਰਾਧੀ ਤੇ ਪਾਉਣ ਖਾਤਰ, ਤਰਲੇ ਮਾਰਦੇ ਅੰਧ ਮਕਾਰ ਦੇਖੇ।
ਝੂਟਣ ਵਿਚ ਪੰਘੂੜੀਂ ਗਦਾਰ ਗੁੰਡੇ, ਮੌਤ ਪੀਂਘ ਤੇ ਭਗਤ ਕਰਤਾਰ ਦੇਖੇ।
ਲੇਖੂ ਬਾਣੀਏ ਜੱਗ ਤੇ ਰਾਜ ਕਰਦੇ, ਦਾਤੇ ਅੰਨ ਦੇ ਅਜ ਖੁਆਰ ਦੇਖੇ।
ਸ਼ਾਹਾਂ, ਰਾਜੇ, ਨਵਾਬਾਂ ਦੀ ਕਠ ਪੁਤਲੀ, ਪੂੰਜੀਦਾਰ ਦੇ ਯਾਰ ਅਖਬਾਰ ਦੇਖੇ।
ਲਹੂ ਲਾ ਕੇ ਸ਼ਹੀਦਾਂ ਦੇ ਵਿਚ ਰਲਦੇ, ਮਜ਼ਬ ਗਾਲੜੀ ਖੂਬ ਹੁਸ਼ਿਆਰ ਦੇਖੇ।
ਮਾਇਆ ਮਾਇਆ ਨੂੰ ਜੱਫੀਆਂ ਭੱਜ ਪਾਵੇ, ਜਾਤ ਗੋਤ ਨਾ ਮਿਲਦਿਆਰ ਦੇਖੇ।
ਦੀਨਾ ਹੀਨਾ ਦੇ ਹੇਤ ਸ਼ਹੀਦ ਹੁੰਦੇ, ਵਿਰਲੇ ਸੇਵਾ ਦੇ ਪੁੰਜ ਸਰਦਾਰ ਦੇਖੇ।
ਭਾਦਰੋਂ ਖੁੰਬ ਵਾਂਗੂ ਨਿੱਤ ਨਵੇਂ ਸੂਰਜ, ਉਗਦੇ ਗੁਰੂ ਤੇ ਪੀਰ ਅਵਤਾਰ ਦੇਖੇ।
ਯੂਥਪ ਕੋਈ ਨਾ ਦੀਨਾ ਦਾ ਦਿਲੋਂ ਦਰਦੀ, ਧਰਮ ਧਜਾਧਾਰੀ ਦਾਵੇਦਾਰ ਦੇਖੇ।

Digitized by Panjab Digital Library | www.panjabdigilib.org

ਆਪ ਦੀਆਂ ਜੋਸ਼ੀਲੀਆਂ ਕਵਿਤਾਵਾਂ ਅਤੇ ਪ੍ਰਭਾਵ ਸ਼ਾਲੀ ਲੈਕਚਰਾਂ ਨੇ ਸਿਖ ਪੰਥ ਵਿਚ ਨਵੀ ਰੂਹ ਫੂਕ ਦਿਤੀ। ਅਖਬਾਰ ਪੰਥ ਸੇਵਕ ਤੇ ਗੜਗਜ ਦੇ ਆਪ ਐਡੀਟਰ ਰਹੇ ਅਤੇ ਆਪ ਜੀ ਦੀਆਂ ਲਿਖਤਾਂ ਨੇ ਤਰਥੱਲਾ ਮਚਾ ਦਿਤਾ। ਜਦ ਮਾਲਵਾ ਪ੍ਰਤਿਨਿਧ ਦੀਵਾਨ ਕਾਇਮ ਹੋਇਆ ਤਾਂ ਆਪ ਉਸ ਦੇ ਮੀਤ ਸਕੱਤ੍ਰ ਚੁਣੇ ਗਏ। ਹੁਣ ਆਪ ਦੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਮਾਲਵਾ ਬਣ ਗਿਆ ਹੈ।

ਜਿਸ ਸਮੇਂ ਮਹਾਂਰਾਜਾ ਸਾਹਿਬ ਨਾਭਾ ਨੂੰ ਗੱਦੀ ਤੋਂ ਉਤਾਰਿਆ ਗਿਆ ਤਾਂ ਪੰਥ ਵਿਚ ਗੁੱਸੇ ਤੇ ਜੋਸ਼ ਦੀ ਇਕ ਲਹਿਰ ਦੌੜ ਗਈ। ਉਸ ਸਮੇਂ ਸ੍ਰੀ ੧੦੧੧ ਸੰਤ ਅਤਰ ਸਿੰਘ ਜੀ ਮਹਾਂਰਾਜ ਮਸਤੂਆਣਾ ਦਾ ਪੰਥ ਵਿਚ ਬਹੁਤ ਪ੍ਰਭਾਵ ਸੀ। ਉਨ੍ਹਾਂਨੇ ਅਕਾਲੀ ਲੀਡਰਾਂ ਨੂੰ ਕਿਹਾ ਕਿ ਉਹ ਮਹਾਂਰਾਜਾ ਸਾਹਿਬ ਨਾਲ ਹੋਈ ਬੇ ਇਨਸਾਫ਼ੀ ਵਿਰੁਧ ਰੋਸ ਪ੍ਰਗਟ ਕਰਨ।

"ਯੂਥਪ" ਜੀ ਨੇ ਮਾਲਵਾ ਪ੍ਰਤਿਨਿਧ ਦੀਵਾਨ ਵਲੋਂ ਬਹੁਤ ਸਾਰੇ ਦੀਵਾਨ ਕਰਕੇ ਇਤਨਾ ਜ਼ਬਰਦਸਤ ਪ੍ਰਾਪੇਗੰਡਾ ਕੀਤਾ ਕਿ ਪੰਥ ਨੂੰ ਜੈਤੋ ਵਿਚ ਮੋਰਚਾ ਲਗਾਉਣ ਲਈ ਮਜਬੂਰ ਹੋਣਾ ਪਿਆ। ਨਾਭਾ ਦੇ ਅੰਗਰੇਜ਼ੀ ਸਰਕਾਰ ਦੇ ਪਿੱਠੂ ਹਾਕਮਾਂ ਨੇ ਆਪ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿਤੇ। ਆਪ ਨੂੰ ਇਸ ਗਲ ਦਾ ਲੁਧਿਆਣੇ ਪਤਾ ਲਗਿਆ ਤਾਂ ਆਪ ਸ਼੍ਰੋ: ਕਮੇਟੀ ਦੇ ਮੁਖੀ ਸਜਨਾਂ ਨਾਲ ਸਲਾਹ ਕਰਕੇ ਜੈਤੋ ਦੇ ਦੀਵਾਨ ਵਿਚ ਤਕਰੀਰ ਕਰਕੇ ਗ੍ਰਿਫਤਾਰੀ ਦੇਣ ਲਈ ਪੁਜੇ। ਆਪ ਨੇ ਬਹੁਤ ਜੋਸ਼ੀਲੀ ਤਕਰੀਰ ਕੀਤੀ ਪ੍ਰੰਤੂ ਪਤਾ ਨਹੀਂ ਕਿਉਂ ਆਪ ਨੂੰ ਨਾਭੇ ਦੇ ਹਾਕਮਾਂ ਨੇ ਗ੍ਰਿਫਤਾਰ ਨਾ ਕੀਤਾ। ਇਸ ਤੋਂ ਉਪ੍ਰੰਤ ਪੰਥ ਨੇ ੯ ਸਤੰਬਰ ਨੂੰ ਨਾਭਾ ਡੇ ਮਨਾਉਣ ਦਾ ਫੈਸਲਾ ਕੀਤਾ। ਆਪ ਨੇ ਇਸ ਤਾਰੀਖ ਨੂੰ ਨਾਭੇ ਪੁਜ ਕੇ ਭਾਰੀ ਦੀਵਾਨ ਵਿਚ ਤਕਰੀਰ ਕੀਤੀ। ਇਥੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੁਕੱਦਮੇ ਦਾ ਡਰਾਮਾ ਜਿਹਾ ਕਰਕੇ ਸਰਕਾਰ ਨਾਭਾ ਨੇ ਆਪ ਨੂੰ ੬ ਸਾਲ ਕੈਦ ਸਖਤ, ਅਖਬਾਰ ਜ਼ਬਤ ਤੇ ਰਿਆਸਤ ਵਿਚੋਂ ਜਲਾਵਤਨ ਕਰਨ ਦੀ ਸਜ਼ਾ ਸੁਣਾਈ। ਇਹ ਉਸ ਸਮੇਂ ਦੀ ਸਭ ਤੋਂ ਵਡੀ ਸਜ਼ਾ ਸੀ ਜੋ ਨਾਭੇ ਦੇ ਹਾਕਮਾਂ ਨੇ ਆਪ ਨੂੰ ਦਿਤੀ।

ਤਿੰਨ ਸਾਲ ਪਿਛੋਂ ਆਪ ਜੀ ਨੂੰ ਅਚਾਨਕ ਹੀ ਰਿਹਾ ਕਰ ਦਿਤਾ ਅਤੇ ਜ਼ਮਾਨਤ ਮੰਗੀ ਪਰ ਆਪ ਨੇ ਜ਼ਮਾਨਤ ਦੇਣ ਤੋਂ ਨਾਂਹ ਕਰ ਦਿਤੀ; ਜਿਸ ਕਰਕੇ ਜੇਹਲ ਦੇ ਦਰਵਾਜ਼ੇ ਪਰ ਹੀ ਆਪ ਜੀ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਜੇਹਲ ਦੀ ਭੈੜੀ ਖੁਰਾਕ, ਭੁਖ ਹੜਤਾਲਾਂ ਤੇ ਹੋਰ ਕਈ ਪ੍ਰਕਾਰ ਦੀਆਂ ਸਖਤੀਆਂ ਦੇ ਕਾਰਨ ਆਪ ਦਾ ਸ਼ਰੀਰ ਬਹੁਤ ਕਮਜ਼ੋਰ ਹੋ ਗਿਆ। ਕਮਜ਼ੋਰ ਸ਼ਰੀਰ ਪਰ ਬੀ-ਮਾਰੀਆਂ ਹਮਲਾ ਕਰਦੀਆਂ ਹਨ। ਗੰਠੀਏ ਦੀ ਨਾ ਮੁਰਾਦ ਬੀਮਾਰੀ ਨੇ ਆਪ ਪਰ ਇਤਨਾ ਸਖਤ ਹਮਲਾ ਕੀਤਾ ਕਿ ਆਪ ਦੀਆਂ ਲੱਤਾਂ ਜੁੜ ਗਈਆਂ ਅਤੇ ਆਪ ਚਲਣ ਫਿਰਨ ਤੋਂ ਆਰੀ ਹੋ ਗਏ।

ਨਾਭੇ ਦੀਆਂ ਖੂਨੀ ਜੇਹਲਾਂ ਨੇ ਬਹੁਤ ਸਾਰੇ ਅਕਾਲੀ ਕੈਦੀਆਂ ਨੂੰ ਜੀਵਨ ਤੋਂ ਆਤੁਰ ਕਰ ਦਿਤਾ। ਕਈਆਂ ਨੂੰ ਸ਼ਕੰਜੇ ਵਿਚ ਕਸਕੇ ਉਨ੍ਹਾਂ ਦੀਆਂ ਪਸਲੀਆਂ ਤੋੜ ਦਿਤੀਆਂ। ਬਹੁਤ ਸਾਰੇ ਡਾਕਟਰਾਂ ਨੇ ਜ਼ਹਿਰ ਦੇਕੇ ਸ਼ਹੀਦ ਕਰ ਦਿਤੇ ਅਤੇ ਕੁਟ ਮਾਰ ਤੇ ਕਾਰ ਖਾਸ ਦੀਆਂ ਸਖਤੀਆਂ ਨੇ ਕਿਤਨਿਆਂ ਦਾ ਜੀਵਨ ਦੁਭਰ ਕਰ ਦਿਤਾ। ਗਿਆਨੀ ਸਰਦਾਰਾ ਸਿੰਘ ਜੀ ਭੀ ਨਾਭੇ ਜੇਹਲ ਵਿਚੋਂ ਹੱਡੀਆਂ ਦੀ ਮੁਠ ਬਣ ਕੇ ਨਿਕਲੇ। ਇਕ ਖੂਬਸੂਰਤ ਰਿਸ਼ਟ ਪੁਸ਼ਟ ਜਵਾਨ ਨਾਭੇ ਦੇ ਜ਼ਾਲਮ ਹਾਕਮਾਂ ਦੀਆਂ ਸਖਤੀਆਂ ਨਾਲ ਕਿਵੇਂ ਪਿੰਗਲਾ ਬਣ ਕੇ ਜੇਹਲ ਤੋਂ ਬਾਹਰ ਨਿਕਲਿਆ। ਇਹ ਇਕ ਰੋਂਗਟੇ

Digitized by Panjab Digital Library | www.panjabdigilib.org

ਖੜੇ ਕਰਨ ਵਾਲੀ ਦਰਦ ਭਰੀ ਦਾਸਤਾਨ ਹੈ। ਆਪ ਨੂੰ ਸਭ ਅਕਾਲੀ ਕੈਦੀਆਂ ਤੋਂ ਪਿਛੋਂ ੫ ਜੁਲਾਈ ੧੯੨੯ ਈ: ਵਿਚ ਨਾਭੇ ਜੇਹਲ ਤੋਂ ਰਿਹਾ ਕੀਤਾ ਗਿਆ। ਬਾਹਰ ਆ ਕੇ ਆਪ ਨੇ ਆਪਣੀ ਸਿਹਤ ਦੀ ਖਰਾਬੀ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼ ਸੇਵਾ ਦੀ ਜਦੋ ਜਹਿਦ ਜਾਰੀ ਰਖੀ। ਆਪ ਦਾ ਸਬੰਧ ਇੰਨਕਲਾਬ ਪਸੰਦ ਪਾਰਟੀਆਂ ਨਾਲ ਭੀ ਰਿਹਾ ਪ੍ਰੰਤੂ ਆਪ ਪ੍ਰੋਗਰਾਮ ਤਿਆਰ ਕਰਦੇ ਸਨ ਕੰਮ ਨਹੀਂ ਕਰ ਸਕਦੇ ਸਨ ਇਸ ਕਰਕੇ ਆਪ ਪੁਲਸ ਦੀਆਂ ਨਿਗਾਹਾਂ ਤੋਂ ਬਚੇ ਰਹੇ।

ਨਾਭੇ ਪਟਿਆਲੇ ਦੇ ਝਗੜੇ ਵਿਚ ਆਪ ਮਹਾਂਰਾਜਾ ਨਾਭਾ ਦੇ ਹਾਮੀ ਸਨ ਇਸ ਕਰ ਕੇ ਮਹਾਂਰਾਜਾ ਪਟਿਆਲਾ ਵਿਰੁਧ ਪੰਥਕ ਲੀਡਰਾਂ ਵਲੋਂ ਜੋ ਐਜੀਟੇਸ਼ਨ ਹੁੰਦੀ ਰਹੀ ਉਸ ਦੇ ਆਪ ਮੋਢੀ ਸਨ। ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਆਪ ਦੇ ਸਾਥੀ ਸਨ। ਇਸ ਕਰਕੇ ਜਦ ਸ: ਸੇਵਾ ਸਿੰਘ ਜੀ ਨੂੰ ਜੇਹਲ ਵਿਚ ਸ਼ਹੀਦ ਕਰ ਦਿਤਾ ਗਿਆ ਤਾਂ ਆਪ ਨੇ ਸ੍ਰੀ ਅੰਮ੍ਰਿਤਸਰ ਤੋਂ ਦੇਸ਼ ਦਰਦੀ ਨਾਮ ਦਾ ਅਖਬਾਰ ਜਾਰੀ ਕਰਕੇ ਰਿਆਸਤਾਂ ਦੀ ਆਜ਼ਾਦੀ ਦੀ ਜਦੋ ਜ਼ਹਿਦ ਨੂੰ ਅੱਗੇ ਵਧਾਇਆ ਅਤੇ ਸਰਦਾਰ ਸੇਵਾ ਸਿੰਘ ਜੀ ਦੇ ਮਿਸ਼ਨ ਪਰ ਅਮਲ ਜਾਰੀ ਰਖਿਆ।

ਮਹਾਂਰਾਜਾ ਪਟਿਆਲਾ ਪੰਥਕ ਐਜੀਟੇਸ਼ਨ ਤੋਂ ਘਬਰਾ ਗਏ। ਸ: ਸੇਵਾ ਸਿੰਘ ਜੀ ਦੀ ਮੌਤ ਨੇ ਸਰਕਾਰ ਅੰਗਰੇਜ਼ੀ ਨੂੰ ਭੀ ਹਿਲਾ ਦਿਤਾ। ਇਸ ਕਰਕੇ ਇਹ ਅਫਵਾਹਾਂ ਫੈਲਣ ਲਗੀਆਂ ਕਿ ਸ੍ਰਕਾਰ ਮਹਾਂਰਾਜਾ ਪਟਿਆਲਾ ਵਿਰੁਧ ਐਕਸ਼ਨ ਲੈਣ ਦਾ ਇਰਾਦਾ ਰਖਦੀ ਹੈ। ਇਸ ਗਲ ਤੋਂ ਘਬਰਾ ਕੇ ਮਹਾਂਰਾਜਾ ਪਟਿਆਲਾ ਨੇ ਅਕਾਲੀ ਲੀਡਰਾਂ ਨਾਲ ਸਾਜ਼ ਬਾਜ਼ ਸ਼ੁਰੂ ਕੀਤਾ। ਕੁਝ ਚਿਰ ਤਾਂ ਅਕਾਲੀ ਲੀਡਰ ਕਾਇਮ ਰਹੇ। ਮਾ: ਤਾਰਾ ਸਿੰਘ ਜੀ ਮਹਾਂਰਾਜਾ ਪਟਿਆਲਾ ਵਿਰੁਧ ਹੋਰ ਹੀ ਐਜੀਟੇਸ਼ਨ ਦੇ ਮੋਢੀ ਬਣ ਗਏ।

## ਰਿਆਸਤ ਪਟਿਆਲਾ

ਬਾਬਾ ਘੁਨਾ ਸਿੰਘ ਜੀ ਨੰਬਰਦਾਰ ਉਮਰ ੭੦ ਸਾਲ ਕਦ ੬ ਫੁਟ ਰੰਗ ਸਾਉਲਾ ਸਭਾ ਸਤੋ ਗੁਣੀ, ਆਪ ਜੀ ਪਿੰਡ ਘਲੋਟੀ ਤਹਿਸੀਲ ਪੈਲ, ਰਿਆਸਤ ਪਟਿਆਲਾ। ਆਪ ਜੀ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਸਾਥੀ ਹਨ। ਆਪ ਜੀ ਦੋ ਸਾਲ ਸਜ਼ਾ ਕਟ ਕੇ ਬਾਦ ਪਿੰਡ ਵਿਚ ਨਜ਼ਰਬੰਦ ਰਹੇ ਹਨ। ਆਪ ਜੀ ਬੜੇ ਹੀ ਕੌਮੀ ਪ੍ਰਵਾਨੇ ਹਨ। ਹਰ ਇਕ ਲਹਿਰ ਵਿਖੇ ਹਿਸਾ ਲਿਆ ਹੈ।

## ਰਿਆਸਤ ਪਟਿਆਲਾ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| | | | |
|---|---|---|---|
| ੧. | ਸ. ਭਾਗ ਸਿੰਘ ਜੀ | ਸੈਹਣਾ | ਪਟਿਆਲਾ |
| ੨. | ਸ. ਜੀਵਣ ਸਿੰਘ ਜੀ | ਕੇਲੇ ਬੰਦਰ | ,, |
| ੩. | ਸ. ਬਿਸ਼ਨ ਸਿੰਘ ਜੀ | ਸਮੀਰ | ,, |
| ੪. | ਸ. ਨਰੈਣ ਸਿੰਘ ਜੀ | ਭਿੰਡਰ | ,, |
| ੫. | ਸ. ਬਖਤੌਰ ਸਿੰਘ ਜੀ | ਹਰੀ ਕਾ ਬੁਰਜ | ,, |
| ੬. | ਸ. ਗੁਰਦਿਤ ਸਿੰਘ ਜੀ | ਸੇਖਾ | ,, |
| ੭. | ਸ. ਇੰਦਰ ਸਿੰਘ ਜੀ | ਜੋਗਾ | ,, |

Digitized by Panjab Digital Library | www.panjabdigilib.org

| | | | |
|---|---|---|---|
| ੮. | ਸ. ਹਰਦਿਤ ਸਿੰਘ ਜੀ | ਢਡੇ | ,, |
| ੯. | ਸ. ਬਗਾ ਸਿੰਘ ਜੀ | ਰਾਮ ਪੁਰਾ | ,, |
| ੧੦. | ਸ. ਚੰਦਾ ਸਿੰਘ ਜੀ | ਬੀਹਲਾ | ,, |
| ੧੧. | ਸ. ਪ੍ਰਤਾਪ ਸਿੰਘ ਜੀ | ,, | ,, |
| ੧੨. | ਸ. ਸੰਤਾ ਸਿੰਘ ਜੀ | ਖੁਡੀ | ,, |
| ੧੩. | ਸ. ਪਰੇਮ ਸਿੰਘ ਜੀ | ਪੰਡੋਰੀ | ,, |
| ੧੪. | ਸ. ਪਰਭਾ ਸਿੰਘ ਜੀ | ਬਹਾਦਰਗੜ੍ਹ | ,, |
| ੧੫. | ਸ. ਹੀਰਾ ਸਿੰਘ ਜੀ | ਕੇਲੇ ਬੰਦਰ | ,, |
| ੧੬. | ਸ: ਨੌਧਾ ਸਿੰਘ ਜੀ | ,, | ,, |
| ੧੭. | ਸ. ਨਾਹਰ ਸਿੰਘ ਜੀ | ਜੋਗਾਰਲਾ | ,, |
| ੧੮. | ਸ. ਭੁਮਨ ਸਿੰਘ ਜੀ | ਸੰਦੋਰਾ | ,, |
| ੧੯. | ਸ. ਵਜ਼ੀਰ ਸਿੰਘ ਜੀ | ਰਲਾ | ,, |
| ੨੦. | ਸ. ਪਾਲ ਸਿੰਘ ਜੀ | ਜਲਾਲ ਦੀਆਲ | ,, |
| ੨੧. | ਸ. ਨਾਹਰ ਸਿੰਘ ਜੀ | ਰਲਾ | ,, |
| ੨੨. | ਸ. ਕਿਸ਼ਨ ਸਿੰਘ | ਠੀਕਰਵਾਲ | ,, |
| ੨੩. | ਸ. ਬਚਨ ਸਿੰਘ ਜੀ | ,, | ,, |
| ੨੪. | ਸ. ਅਰਜਣ ਸਿੰਘ ਜੀ | ਖਿਆਲਾ | ,, |
| ੨੫. | ਸ. ਚੰਦਾ ਸਿੰਘ ਜੀ | ਠੀਕਰਵਾਲ | ,, |
| ੨੬. | ਸ. ਮੋਹਮਾ ਸਿੰਘ ਜੀ | ਸੀਲ | ,, |
| ੨੭. | ਸ. ਜੈ ਸਿੰਘ ਜੀ | ਬੀਹਲਾ | ,, |
| ੨੮. | ਸ. ਚੰਨਣ ਸਿੰਘ | ਤਲਵੰਡੀ | ,, |
| ੨੯. | ਸ. ਚੇਤ ਸਿੰਘ ਜੀ | ਵਡਾਲੀ ਸ਼ੇਰ ਸਿੰਘ | ,, |
| ੩੦. | ਸ. ਬਚਿਤਰ ਸਿੰਘ ਜੀ | ਖੋੜੀ | ,, |
| ੩੧. | ਸ. ਜਹਾਂਗੀਰ ਸਿੰਘ ਜੀ | ਬੀਹਲਾ | ,, |
| ੩੨. | ਸ. ਇੰਦਰ ਸਿੰਘ ਜੀ | ਠੀਕਰਵਾਲ | ,, |
| ੩੩. | ਸ. ਰਾਮ ਸਿੰਘ ਜੀ | ਮੌੜ | ,, |
| ੩੪. | ਸ. ਰਤਨ ਸਿੰਘ ਜੀ | ਭਲਾਈਕੇ | ,, |
| ੩੫. | ਸ. ਸੰਤਾ ਸਿੰਘ ਜੀ | ਕਾਲਕੇ | ,, |
| ੩੬. | ਸ. ਦਯਾਲ ਸਿੰਘ ਜੀ | ਸਢੇਰੀ | ,, |
| ੩੭. | ਸ. ਚੰਨਣ ਸਿੰਘ ਜੀ | ਵਜ਼ੀਦ ਕੇ | ,, |
| ੩੮. | ਸ. ਗੁਰਦਿਤ ਸਿੰਘ ਜੀ | ਖਾਸੇ | ,, |
| ੩੯. | ਸ. ਬਿਸ਼ਨ ਸਿੰਘ ਜੀ | ਖੁਡੀ | ,, |
| ੪੦. | ਸ. ਬਿਜਲਾ ਸਿੰਘ ਜੀ | ਜੈਤੋਈ | ,, |
| ੪੧. | ਸ. ਸੋਹਣ ਸਿੰਘ ਜੀ | ਮਹਿਤਾ | ,, |
| ੪੨. | ਸ. ਹਰਨਾਮ ਸਿੰਘ ਜੀ | ਭੰਬੜਵਾਲ | ,, |

Digitized by Panjab Digital Library | www.panjabdigilib.org

| | | | |
|---|---|---|---|
| ੪੩. | ਸ. ਕਪੂਰ ਸਿੰਘ ਜੀ | ਖਿਆਲੀ | ,, |
| ੪੪. | ਸ. ਮਨਸਾ ਸਿੰਘ ਜੀ | ਚਨੇਰ | ,, |
| ੪੫. | ਸ. ਸਰੂਪ ਸਿੰਘ ਜੀ | ਵਾਣਾਵਾਲੀ | ,, |
| ੪੬. | ਸ. ਵਜ਼ੀਰ ਸਿੰਘ ਜੀ | ਤਲਵੰਡੀ | ,, |
| ੪੭. | ਸ. ਹੀਰਾ ਸਿੰਘ ਜੀ | ਰਾਮਗੜ੍ਹ | ,, |

੪੮. ਸ. ਮਸਤਾਨ ਸਿੰਘ ਜੀ ਪਿਤਾ ਕਾਹਨ ਸਿੰਘ ਪਿੰਡ ਮੂਮ, ਜ਼ਿਲਾ ਬਰਨਾਲਾ।

## ਤਹਿਸੀਲ ਪੈਲ (ਰਿ: ਪਟਿਆਲਾ)

| | ਨਾਮ | ਪਿਤਾ | ਪਿੰਡ | ਜ਼ਿਲਾ |
|---|---|---|---|---|
| ੧. | ਸ. ਭੋਲਾ ਸਿੰਘ | ਗਿ ਨਰੈਣ ਸਿੰਘ | ਬੁਆਲੀ | ਪਟਿਆਲਾ |

ਅਮਰੀਕਾ ਵਿਚ ਗੁਰਦਵਾਰਿਆਂ ਦੀ ਸੇਵਾ ਕੀਤੀ ਤੇ ਭਸੌੜ ਦੇ ਸਕੂਲ ਨੂੰ ੨੪੦੦੦) ਰੁਪੈ ਭੇਜੇ

| | | | | |
|---|---|---|---|---|
| ੨. | ਬਾਬਾ ਘੁਨਾ ਸਿੰਘ | — | ਘਲੋਟੀ | ਪਟਿਆਲਾ |

ਕਾਮਾ ਗਾਟਾ ਮਾਰੂ ਜਹਾਜ਼ ਦੇ ਕੇਸ ਵਿਚ ਦੋ ਸਾਲ ਕੈਦ ਹੋਈ।

| | | | | |
|---|---|---|---|---|
| ੩. | ਬਾਬਾ ਰਲਾ ਸਿੰਘ | ਸ. ਹਜ਼ਾਰਾ ਸਿੰਘ | ਧਮੋਟ | |

ਆਪ ਨੂੰ ਭੀ ਕਾਮਾ ਗਾਟਾ ਮਾਰੂ ਜਹਾਜ਼ ਦੇ ਕੇਸ ਵਿਚ ਦੋ ਸਾਲ ਕੈਦ ਹੋਈ।

| | | | | |
|---|---|---|---|---|
| ੪. | ਬਾਬਾ ਹਜ਼ੂਰਾ ਸਿੰਘ | — | ਧਮੋਟ | ਪਟਿਆਲਾ |

ਆਪ ਨੇ ਇਸ ਘਲੂਘਾਰੇ ਵਿਚ ਬਹੁਤ ਕਸ਼ਟ ਝੱਲੇ।

ਜ਼ਿਲਾ ਬਰਨਾਲਾ

| | | | |
|---|---|---|---|
| ਬਾਬਾ ਮਸਤਾਨ ਸਿੰਘ ਜੀ | ਕਾਹਨ ਸਿੰਘ | ਮੂਮ | ਬਰਨਾਲਾ |

## ਜ਼ਿਲਾ ਜਾਲੰਧਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| ਨੰ: | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਮੁਣਸ਼ਾ ਸਿੰਘ ਜੀ | ਮਹੇਮ | ਜਾਲੰਧਰ |
| ੨. | ਸ. ਰਲਾ ਸਿੰਘ ਜੀ | ,, | ,, |
| ੩. | ਸ. ਮੀਹਾਂ ਸਿੰਘ ਜੀ | ਰਾਦੇ ਪੁਰ | ,, |
| ੪. | ਸ. ਮੋਤਾ ਸਿੰਘ ਜੀ | ਡਰੋਲੀ (ਭਰੋਲੀ) | ,, |
| ੫. | ਸ. ਗੁਰਬਖਸ਼ ਸਿੰਘ ਜੀ | ,, ,, | ,, |
| ੬. | ਸ. ਕਿਰਪਾ ਸਿੰਘ ਜੀ | ,, ,, | ,, |
| ੭. | ਮਿ. ਪੀਰ ਬਖਸ਼ ਜੀ | ਨੂਰ ਮਹਲ | ,, |
| ੮. | ਸ. ਅਰਜਨ ਸਿੰਘ ਜੀ | ਰੰਧਾਵੇ | ,, |
| ੯. | ਸ. ਕਰਤਾਰ ਸਿੰਘ ਜੀ | ਰਾਏ ਪੁਰ | ,, |
| ੧੦. | ਸ. ਗੰਡਾ ਸਿੰਘ ਜੀ | ਬਲ | ,, |
| ੧੧. | ਸ. ਗੁਰਦਿਤ ਸਿੰਘ | ਕਹੂਰ | ,, |

Digitized by Panjab Digital Library | www.panjabdigilib.org

| | | | |
|---|---|---|---|
| ੧੨. | ਸ. ਅਰਜਨ ਸਿੰਘ ਜੀ | ਢੱਡੇ | ,, |
| ੧੩. | ਸ. ਬੀਰ ਸਿੰਘ ਜੀ | ਕੁਲਾਰ | ,, |
| ੧੪. | ਸ: ਸੁੰਦਰ ਸਿੰਘ ਜੀ | ਕਾਲਾ | ,, |
| ੧੫. | ਸ: ਕਾਬਲ ਸਿੰਘ ਜੀ | ਹਰੀ ਪੁਰ | ,, |
| ੧੬. | ਸ: ਈਸਰ ਸਿੰਘ ਜੀ | ਬਹੁੜ | ,, |
| ੧੭. | ਸ: ਰਤਨ ਸਿੰਘ ਜੀ | ਜਮਸ਼ੇਰ | ,, |
| ੧੮. | ਸ: ਗੁਰਨਾਮ ਸਿੰਘ ਜੀ | ਰੰਧਾਵੇ | ,, |
| ੧੯. | ਸ: ਸ਼ੇਰ ਸਿੰਘ ਜੀ | ਧਾਲੀ ਵਾਲ | ,, |
| ੨੦. | ਸ: ਸ਼ੇਰ ਸਿੰਘ ਜੀ | ,, | ,, |
| ੨੧. | ਸ: ਬਿਅੰਤ ਸਿੰਘ ਜੀ | ਸਾਲਣ | ,, |
| ੨੨. | ਸ: ਇੰਦਰ ਸਿੰਘ ਜੀ | ਬਜੌਰ | ,, |
| ੨੩. | ਸ: ਖੁਸ਼ਹਾਲ ਸਿੰਘ ਜੀ | ,, | ,, |
| ੨੪. | ਸ: ਹਜ਼ਾਰਾ ਸਿੰਘ ਜੀ | ਪਾਸਟ | ,, |
| ੨੫. | ਸ: ਇੰਦਰ ਸਿੰਘ ਜੀ | ਸਿਧਮ | ,, |
| ੨੬. | ਸ: ਸਰੂਪ ਸਿੰਘ ਜੀ | ਖੁਰਦ ਪੁਰਾਂ | ,, |
| ੨੭. | ਸ: ਮੇਲਾ ਸਿੰਘ ਜੀ | ,, | ,, |
| ੨੮. | ਸ: ਊਧਮ ਸਿੰਘ | ,, | ,, |
| ੨੯. | ਸ: ਬਿਧੀ ਸਿੰਘ ਜੀ | ,, | ,, |
| ੩੦. | ਸ: ਕਰਤਾਰ ਸਿੰਘ ਜੀ | ਮੇਹਲੀ | ,, |
| ੩੧. | ਸ: ਭਾਨ ਸਿੰਘ ਜੀ | ਬੜਿੰਗ | ,, |
| ੩੨. | ਸ: ਹਰਨਾਮ ਸਿੰਘ ਜੀ | ਸਿਧਮ | ,, |
| ੩੩. | ਸ: ਸੁੰਦਰ ਸਿੰਘ ਜੀ | ਨਿੰਗੜ | ,, |
| ੩੪. | ਸ: ਪੰਜਾਬ ਸਿੰਘ ਜੀ | ਕੋਟਲਾ ਥਾਨ ਸਿੰਘ | ,, |
| ੩੫. | ਸ: ਕਰਮ ਸਿੰਘ ਜੀ | ਰੁੜਕਾ | , |
| ੩੬. | ਸ: ਦਲੀਪ ਸਿੰਘ ਜੀ | ਬੁੰਡਾਲਾ | ,, |
| ੩੭. | ਸ; ਭਾਗ ਸਿੰਘ ਜੀ | ਰੰਧਾਵਾ | ,, |
| ੩੮. | ਸ: ਗੁਰਚਰਨ ਸਿੰਘ ਜੀ | ਸਰੀਂਹ | ,, |

## ਜ਼ਿਲਾ ਹਿਸਾਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਲਿਸਟ

| ਗਿ: | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਹਾਕਮ ਸਿੰਘ ਜੀ | ਪਕਾ | ਹਿਸਾਰ |
| ੨. | ਸ: ਅਮਰ ਸਿੰਘ ਜੀ | ਦਾਦੂ | ,, |

Digitized by Panjab Digital Library | www.panjabdigilib.org

# ਜ਼ਿਲਾ ਹੁਸ਼ਿਆਰਪੁਰ
## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| ਗਿ: | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਸੰਤਾ ਸਿੰਘ ਜੀ | ਨੰਗਲ | ਹੁਸ਼ਿਆਰਪੁਰ |
| ੨. | ਸ: ਚੰਦਾ ਸਿੰਘ ਜੀ | ਕੋਟ ਫਤੋਹੀ | ,, |
| ੩. | ਸ: ਰਾਮ ਚੰਦ ਜੀ | ਜੰਡਾਲੀ | ,, |
| ੪. | ਸ: ਠਾਕਰ ਸਿੰਘ ਜੀ | ਮਾਹਲ ਪੁਰ | ,, |
| ੫. | ਸ: ਹਰਬਿਸ਼ਨ ਸਿੰਘ ਜੀ | ਮੋਗਾਵਾਲੀ | ,, |
| ੬. | ਸ: ਦਲੀਪ ਸਿੰਘ ਜੀ | ,, | ,, |
| ੭. | ਸ: ਪੋਹਲੋ ਰਾਮ ਜੀ | ਆਨੰਦ ਪੁਰ | ,, |
| ੮. | ਸ: ਮੰਗਲ ਸਿੰਘ ਜੀ | ਮਿਰਜਾ ਪੁਰ | ,, |
| ੯. | ਸ: ਰਲਾ ਸਿੰਘ ਜੀ | ,, | ,, |
| ੧੦. | ਸ: ਮੁਨਸ਼ੀ ਸਿੰਘ ਜੀ | ਮੁਲ ਪੁਰ | ,, |
| ੧੧. | ਸ: ਮੁਨਸ਼ਾ ਸਿੰਘ ਜੀ | ਟੁਟੋ ਮਾਜਰਾ | ,, |
| ੧੨. | ਸ: ਭੋਲਾ ਸਿੰਘ ਜੀ | ,, | ,, |

# ਜ਼ਿਲਾ ਲਾਹੌਰ
## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| ਗਿ: | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਮਿਤ ਸਿੰਘ ਜੀ | ਗੁਦੇ | ਲਾਹੌਰ |
| ੨. | ਸ: ਸੁੰਦਰ ਸਿੰਘ ਜੀ | ਝ ਚੋਗਿਲ | ,, |
| ੩. | ਸ: ਬਹਾਲ ਸਿੰਘ ਜੀ | ਕਿੜਕਾ | ,, |
| ੪. | ਸ: ਇੰਦਰ ਸਿੰਘ ਜੀ | ਭਿਖੀਵਿਡੀ | ,, |
| ੫. | ਸ: ਡੋਗਰ ਸਿੰਘ ਜੀ | ਮਾਨਕੇ | ,, |
| ੬. | ਸ: ਸੁਚਾ ਸਿੰਘ ਜੀ | ਸੁਰ ਸਿੰਘ | ,, |
| ੭. | ਸ: ਵੀਰ ਸਿੰਘ ਜੀ | ਕਰਬਾਠ | ,, |
| ੮. | ਸ: ਗਣੇਸ਼ਾ ਸਿੰਘ ਜੀ | ਭੜਾਣਾ | ,, |
| ੯. | ਸ: ਭਾਗ ਸਿੰਘ ਜੀ | ਮੋਕੀ ਸਾਵਾ | ,, |
| ੧੦. | ਸ: ਬਘੇਲ ਸਿੰਘ ਜੀ | ਪੁਨੀਆਂ | ,, |
| ੧੧. | ਸ: ਜਗਤ ਸਿੰਘ ਜੀ | ਭਾਗੂ ਪੁਰ | ,, |
| ੧੨. | ਸ: ਭਗਤ ਸਿੰਘ ਜੀ | ਪੁਨੀਆਂ | ,, |
| ੧੩. | ਸ: ਮਹਾਂ ਸਿੰਘ ਜੀ | ਭੜਾਨਾ | ,, |

Digitized by Panjab Digital Library | www.panjabdigilib.org

| | | | |
|---|---|---|---|
| ੧੪. | ਸ: ਸਰੈਣ ਸਿੰਘ ਜੀ | ਭੜਾਨਾ | ,, |
| ੧੫. | ਸ: ਨਰੈਣ ਸਿੰਘ ਜੀ | ਸੁਰ ਸਿੰਘ ਵਾਲਾ | ,, |
| ੧੬. | ਸ: ਨਰੈਣ ਸਿੰਘ ਜੀ | ਧੁਨ | ,, |
| ੧੭. | ਸ: ਅਮਰ ਸਿੰਘ ਨਿਹੰਗ | ਧੁਨ | ,, |
| ੧੮. | ਸ: ਹਰਨਾਮ ਸਿੰਘ ਜੀ | ਖਾਲੜਾ | ,, |
| ੧੯. | ਸ: ਭਗਤ ਸਿੰਘ ਜੀ | ਬਲੇਰ | ,, |
| ੨੦. | ਸ: ਮਯਾ ਸਿੰਘ ਜੀ | ਭੜਾੜਾ | ,, |
| ੨੧. | ਸ: ਭਾਨ ਸਿੰਘ | ਲਾਹੌਰ | ,, |
| ੨੨. | ਸ: ਨੰਦ ਸਿੰਘ ਜੀ | ਸੁਰ ਸਿੰਘ | ,, |
| ੨੩. | ਸ: ਮੰਗਲ ਸਿੰਘ ਜੀ | ਕਰਨਕੇ | ,, |
| ੨੪. | ਸ: ਸੁੰਦਰ ਸਿੰਘ ਜੀ | ਤਲਵੰਡੀ | ,, |
| ੨੫. | ਸ: ਸੁਰੈਣ ਸਿੰਘ ਜੀ | ਕਿਰਤੋ ਵਾਲਾ | ,, |
| ੨੬. | ਸ: ਬੀਰ ਸਿੰਘ ਜੀ | ਗੁਏ | ,, |
| ੨੭. | ਸ: ਆਸਾ ਸਿੰਘ ਜੀ | ਗੁਏ | ,, |
| ੨੮. | ਸ: ਨੰਦ ਸਿੰਘ ਜੀ | ਬਲੇਰ | ,, |
| ੨੯. | ਸ: ਬਨੰਤਾ ਸਿੰਘ ਜੀ | ਠੱਟਾ | ,, |
| ੩੦. | ਸ: ਗੁਰਦਿਤ ਸਿੰਘ | ਸੁਰ ਸਿੰਘ ਵਾਲਾ | ,, |
| ੩੧. | ਸ: ਇੰਦਰ ਸਿੰਘ ਜੀ | ,, | ,, |
| ੩੨. | ਸ: ਇੰਦਰ ਸਿੰਘ ਜੀ | ਭਸੀਨ | ,, |
| ੩੩. | ਸ: ਜਵੰਦ ਸਿੰਘ ਜੀ | ਸੁਰ ਸਿੰਘ ਵਾਲਾ | ,, |
| ੩੪. | ਬਾਬਾ ਬਦਨ ਸਿੰਘ ਜੀ | ਗਾਗਾ | ,, |

ਆਪ ੧੯੧੪-੧੫ ਵਾਲਿਆਂ ਵਿਚ ਉਮਰ ਕੈਦ ਹੋਏ ਅਤੇ ਲਹੌਰ ਸੈਂਟਰਲ ਜੇਹਲ ਵਿਚ ਰਹੇ।

## ਜ਼ਿਲਾ ਲਾਇਲਪੁਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| ਗਿ: | ਨਾਮ | ਪਿੰਡ | ਜ਼ਿਲਾ |
|---|---|---|---|
| ੧. | ਸ: ਬੇਲਾ ਸਿੰਘ ਜੀ | ਕਕੜ ਚੱਕ ਨੰ: ੪੪ | ਲਾਇਲਪੁਰ |
| ੧. | ਸ: ਮਹਿੰਗਾ ਸਿੰਘ ਜੀ | ਡਿੰਗਾ | ਸਿਆਲਕੋਟ |
| ੧. | ਮਿ: ਕਰਮ ਦਾਦ ਜੀ | ਪੰਡੂ | ਜੇਹਲਮ |

## ਜ਼ਿਲਾ ਗੁਜਰਾਂਵਾਲਾ

| | | | |
|---|---|---|---|
| ੧. | ਸ: ਨਾਨਕ ਸਿੰਘ ਜੀ | ਗੁਜਰਾਂਵਾਲਾ | ਗੁਜਰਾਂਵਾਲਾ |
| ੨. | ਸ: ਗੁਰਭਜਨ ਸਿੰਘ ਜੀ | ਸੰਤ ਪੁਰਾ | ,, |
| ੩. | ਸ: ਬਰਕਤ ਸਿੰਘ ਜੀ | ,, | ,, |

Digitized by Panjab Digital Library | www.panjabdigilib.org

# ਜ਼ਿਲਾ ਗੁਰਦਾਸਪੁਰ

## ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਲਿਸਟ

| | | | |
|---|---|---|---|
| ੧. | ਸ: ਬਹਾਦਰ ਸਿੰਘ ਜੀ | ਗਿਲੀਆਂ ਵਾਲੀ | ਗੁਰਦਾਸਪੁਰ |
| ੨. | ਸ: ਸੁੰਦਰ ਸਿੰਘ ਜੀ | ਬਚੋਕੇ | ,, |
| ੩. | ਸ: ਕਿਸ਼ਨ ਸਿੰਘ ਜੀ | ਡਲਾ | ,, |
| ੪. | ਸ: ਇੰਦਰ ਸਿੰਘ ਜੀ | ਘਣੀਏ ਕੇ ਬਾਂਗਰ | ,, |

## ਜ਼ਿਲਾ ਸ਼ਾਹਪੁਰ

| | | | |
|---|---|---|---|
| ੧. | ਲ: ਬਿਸ਼ਨ ਦਾਸ ਜੀ | ਚੌਕੀ | ਸ਼ਾਹਪੁਰ |
| ੨. | ਮਿ: ਫਤਹਿ ਸ਼ੇਰ ਜੀ | ਜਾਹਲਰ | ,, |
| ੩. | ਮਿ: ਸ਼ੇਰ ਮੁਹੰਮਦ ਜੀ | ,, | ,, |
| ੪. | ਮਿ: ਰਮਜ਼ਾਨ ਜੀ | ,, | ,, |
| ੫. | ਮਿ: ਰਾਜ਼ਿਮ ਅਲੀ | ਜਾਲਰ | ,, |
| ੬. | ਮਿ: ਨਾਦਰ ਸ਼ਾਹ ਜੀ | ,, | ,, |
| ੭. | ਮਿ: ਸ਼ੇਰ ਖਾਨ | ,, | ,, |
| ੮. | ਮਿ: ਨੂਰ ਖਾਨ | ,, | ,, |
| ੯. | ਮਿ: ਮੀਆਂ ਮੁਹੰਮਦ | ਜੈਹਲਾਰ | ,, |
| ੧੦. | ਮਿ: ਜੁਵਾਇਆ | ,, | ,, |
| ੧੧. | ਮਿ: ਬਾਗ ਅਲੀ | ,, | ,, |
| ੧੨. | ਮਿ: ਹੈਦਿਯ ਖਾਨ | ,, | ,, |
| ੧੩. | ਮਿ: ਹਾਜੀ | ,, | ,, |
| ੧੪. | ਮਿ: ਸਿਰਖਰੂ ਖਾਨ | ,, | ,, |
| ੧੫. | ਮਿ: ਅਨਵਰ ਖਾਨ | ,, | ,, |
| ੧੬. | ਮਿ: ਯਾਮੀਨ | ,, | ,, |
| ੧੭. | ਮਿ: ਫਕੀਰ ਮੁਹੰਮਦ | ਚੌਕੀ | ,, |
| ੧੮. | ਮਿ: ਅਰਜਣ ਸਿੰਘ | ਜੈਹਲਰ | ,, |
| ੧੯. | ਮਿ: ਗੁਲਾਬ ਸਿੰਘ | ,, | ,, |
| ੨੦. | ਮਿ: ਗੌਹਰ ਅਲੀ | ,, | ,, |
| ੨੧. | ਮਿ: ਬਹਾਉ ਦੀਨ | ਜੱਬੀ | ,, |

Digitized by Panjab Digital Library | www.panjabdigilib.org

# ਜੀਵਨ ਸ੍ਰੀ ਪ੍ਰਮਾ ਨੰਦ ਜੀ ਝਾਂਸੀ

ਸ੍ਰੀ ਪ੍ਰਮਾ ਨੰਦ ਜੀ ਝਾਂਸੀ ਦਾ ਜਨਮ ਨਗਰ ਗਠ ਜ਼ਿਲਾ ਹਮੀਰ ਪੁਰ ਵਿਚ ੧੮੯੨ ਈ: ਨੂੰ ਹੋਇਆ। ਆਪ ਜੀ ਦਾ ਖਾਨਦਾਨ ਮੁਢ ਤੋਂ ਹੀ ਇਕ ਦੇਸ਼ ਭਗਤ ਤੇ ਇਨਕਲਾਬੀ ਖਾਨਦਾਨ ਸੀ। ਆਪ ਦੇ ਦਾਦਾ ਸ੍ਰੀ ਮਲਰਾਖਨ ਸਿੰਘ ਜੀ ਨੇ ੧੮੫੭ ਦੇ ਗ਼ਦਰ ਵਿਚ ਵਧ ਚੜ੍ਹਕੇ ਹਿੱਸਾ ਲਿਆ ਸੀ ਤੇ ਅੰਗਰੇਜ਼ਾਂ ਦੇ ਹਾਮੀ ਰਾਜਾ ਗੰਗਾ ਸਿੰਘ ਲਗੋਲੀ ਪਰ ਕਾਤਲਾਨਾ ਹਮਲਾ ਕਰਨ ਦੇ ਦੋਸ਼ ਵਿਚ ਆਪ ਨੂੰ ੨੦ ਸਾਲ ਦੀ ਸਜ਼ਾ ਹੋਈ ਸੀ। ੬ ਸਾਲ ਕੈਦ ਕੱਟਣ ਪਿਛੋਂ ਆਪ ਚਰਖਾਰੀ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ।

ਸ੍ਰੀ ਪ੍ਰਮਾ ਨੰਦ ਜੀ ਦੇ ਪਿਤਾ ਸ੍ਰੀ ਗਇਆ ਪ੍ਰਸ਼ਾਦ ਮੜਗਵਾ ਰਿਆਸਤ ਦੇ ਦੀਵਾਨ ਸਨ। ਆਪ ਨੂੰ ਭੀ ਇਕ ਵੇਰ ਜੇਲ੍ਹ ਯਾਤਰਾ ਕਰਨ ਦਾ ਅਵਸਰ ਮਿਲਿਆ। ਆਪ ਜੀ ਦੀ ਮਾਤਾ ਦਾ ਨਾਮ ਸਗਨਾ ਬਾਈ ਸੀ ਤੇ ਉਹ ਇਕ ਸ਼ੀਲਵੰਤੀ ਇਸਤ੍ਰੀ ਸੀ। ਛੋਟੀ ਉਮਰ ਵਿਚ ਹੀ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਤੇ ਆਪਣੇ ਭਾਈ ਦੇ ਨਾਲ ਆਪ ਵਿਦਿਆ ਪ੍ਰਾਪਤੀ ਲਈ ਅਲਾਹਬਾਦ ਚਲੇ ਗਏ। ੧੯੦੪ ਵਿਚ ਬਾਰਾਂ ਸਾਲ ਦੀ ਅਵਿਸਥਾ ਵਿਚ ਆਪ ਜੀ ਦੀ ਮਿੱਤ੍ਰਤਾ ਪੰ: ਸੁੰਦਰ ਲਾਲ ਜੀ ਨਾਲ ਹੋ ਗਈ ਤੇ ਆਪ ਰਾਜਸੀ ਕੰਮਾਂ ਵਿਚ ਸਰਗਰਮ ਹਿੱਸਾ ਲੈਣ ਲੱਗ ਪਏ। ੧੯੦੬ ਵਿਚ ਆਪ ਨੇ ਖੁਦੀ ਰਾਮ ਬੋਸ ਦੀਆਂ ਤਸਵੀਰਾਂ ਅਲਾਹਬਾਦ ਯੂਨੀ-ਵਰਸਟੀ ਵਿਚ ਵੰਡੀਆਂ ਜਿਸ ਕਰਕੇ ਆਪ ਜੀ ਨੂੰ ਉਸ ਪਾਠਸ਼ਾਲਾ ਵਿਚੋਂ ਕੱਢ ਦਿਤਾ ਗਿਆ।

ਪੰਜਾਬ ਦੇ ਪ੍ਰਸਿਧ ਵਕਤਾ ਲੀਡਰ ਲਾਲਾ ਲਾਜਪਤ ਰਾਏ ਜਦ ਮਾਂਡਲੇ ਜੇਲ੍ਹ ਤੋਂ ਰਿਹਾ ਹੋ ਕੇ ਆਏ ਤਾਂ ਭਾਰਤ ਦੇ ਵਡੇ ੨ ਸ਼ਹਿਰਾਂ ਵਿਚ ਉਨ੍ਹਾਂ ਦਾ ਸਵਾਗਤ ਕਰਨ ਲਈ ਭਾਰੀ ਜਲਸੇ ਹੋਏ। ਪੰ: ਮਦਨ ਮੋਹਨ ਮਾਲਵੀਆ ਨੇ ਸ੍ਰੀ ਪ੍ਰਮਾ ਨੰਦ ਝਾਂਸੀ ਨੂੰ ਪੰ: ਮੋਤੀ ਲਾਲ ਜੀ ਨਹਿਰੂ ਪਾਸ ਭੇਜਿਆ ਕਿ ਉਹ ਲਾਲਾ ਜੀ ਦੇ ਸਵਾਗਤ ਲਈ ਹੋ ਰਹੇ ਜਲਸੇ ਦੀ ਪ੍ਰਧਾਨਗੀ ਕਰਨ। ਇਸ ਤੋਂ ਪਹਿਲਾਂ ਪੰ: ਮੋਤੀ ਲਾਲ ਜੀ ਰਾਜਨੀਤੀ ਵਿਚ ਸਰਗਰਮ ਹਿੱਸਾ ਨਹੀਂ ਲੈਂਦੇ ਸਨ, ਪ੍ਰੰਤੂ ਪੰ: ਪਰਮਾ ਨੰਦ ਜੀ ਦੀ ਪ੍ਰੇਰਣਾ ਦਾ ਆਪ ਪਰ ਬਹੁਤ ਅਸਰ ਪਿਆ ਤੇ ਆਪ ਨੇ ਜਲਸੇ ਦੀ ਪ੍ਰਧਾਨਗੀ ਕਰਨਾ ਪ੍ਰਵਾਨ ਕਰ ਲਿਆ। ਪੰ: ਪ੍ਰਮਾ ਨੰਦ ਜੀ ਨੇ ਇਸ ਪੁਸਤਕ ਦੇ ਲਿਖਾਰੀ ਨੂੰ ਦਸਿਆ ਕਿ ਪੰ: ਮੋਤੀ ਲਾਲ ਜੀ ਨੂੰ ਸਿਆਸਤ ਵਿਚ ਲਿਉਣ ਦਾ ਸੇਹਰਾ ਭੀ ਪੰ: ਮਾਲਵੀਆ ਤੇ ਮੇਰੇ ਹੀ ਸਿਰ ਸੀ।

੧੯੦੭ ਵਿਚ ਆਪ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਚਲੇ ਗਏ। ੧੯੧੨ ਤੱਕ ਆਪ ਉਥੇ ਪੜ੍ਹਦੇ ਰਹੇ ਤੇ ਇਸੇ ਸਾਲ ਬਾਬੂ ਸ਼ਿਵਾਨਸ਼ਾਦ ਗੁਪਤਾ ਦੀ ਸਹਾਇਤਾ ਨਾਲ ਅਮਰੀਕਾ ਜਾਣ ਲਈ ਤਿਆਰ ਹੋ ਗਏ। ਅਮਰੀਕਾ ਨੂੰ ਜਾਂਦੇ ਹੋਏ ਆਪ ਗੁਰਦੁਆਰਾ ਸਿੰਘਾ ਪੁਰ ਵਿਚ ਉਤਰੇ ਤੇ ਦੋ ਦਿਨ ਡਾ: ਮੰਗਲ ਸਿੰਘ ਦੇ ਪਾਸ ਭੀ ਠਹਿਰੇ। ਇਥੋਂ ਆਪ ਹਾਂਗ ਕਾਂਗ ਜਾ ਪੁਜੇ ਜਿਥੇ ਆਪ ਜੀ ਦੀ ਮੁਲਾਕਾਤ ਬਾਬਾ ਗੁਰਦਿਤ ਸਿੰਘ ਜੀ ਨਾਲ ਹੋਈ।

ਕੈਨੇਡਾ ਤੋਂ ਆਏ ਡੇਪੂਟੇਸ਼ਨ ਦੇ ਮੁਖੀ ਭਾਈ ਬਲਵੰਤ ਸਿੰਘ ਜੀ ਨਾਲ ਭੀ ਆਪ ਦਾ ਮੁਲਾਕਾਤ ਹਾਂਗ ਕਾਂਗ ਵਿਚ ਹੋਈ ਤੇ ਆਪ ਯੋਕੋਹਾਮਾ (ਜਾਪਾਨ) ਤੱਕ ਗੁਰੂ ਨਾਨਕ ਕੈਨੇਡੀ ਜਹਾਜ਼ ਪਰ ਗਏ। ਭਾ: ਭਗਵਾਨ ਸਿੰਘ ਜੀ ਨੂੰ ਅਮੀਰਕਾ ਦੀ ਪੁਲਸ ਵਾਪਸ ਛਡਣ ਜਾ ਰਹੀ ਸੀ ਪਰ ਆਪ ਜੀ ਨੇ ਬੜੀ ਹੁਸ਼ਿਆਰੀ ਨਾਲ ਉਨ੍ਹਾਂ ਨੂੰ ਜਾਪਾਨ ਵਿਚ ਹੀ ਉਤਾਰ ਲਿਆ। ਅੰਤ

Digitized by Panjab Digital Library | www.panjabdigilib.org

ਅਮਰੀਕਾ ਜਾ ਪੁਜੇ ਤੇ ਵੈਨਕੋਵਰ ਵਿਚ ਪੁਜ ਕੇ ਗਦਰ ਪਾਰਟੀ ਵਿਚ ਹਿੱਸਾ ਲੈਂਦੇ ਰਹੇ। ਆਪ ਦਾ ਕਥਨ ਹੈ ਕ ਮੇਰੀ ਵਿਦੇਸ਼ ਯਾਤਰਾ ਦਾ ਮਕਸਦ ਯੁਧ ਵਿਦਿਆ ਸਿੱਖ ਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦੀ ਤਿਆਰੀ ਕਰਨਾ ਸੀ। ੧੯੧੪ ਵਿਚ ਆਪ ਦੇਸ਼ ਨੂੰ ਵਾਪਸ ਮੁੜੇ। ਹਾਂਗ ਕਾਂਗ ਵਿਚ ੬ ਹਜ਼ਾਰ ਹਿੰਦੀ ਫੌਜ਼ ਸੀ ਜਿਸ ਨੂੰ ਗਦਰੀ ਦੇਸ਼ ਭਗਤਾਂ ਨੇ ਬਗਾਵਤ ਕਰਨ ਲਈ ਤਿਆਰ ਕਰ ਲਿਆ। ਸਿੰਘਾ ਪੁਰ ਬੰਦਰਗਾਹ ਪਰ ਬਾਬਾ ਕੇਸਰ ਸਿੰਘ ਜੀ ਨੇ ਇਕ ਜੁਸ਼ੀਲੀ ਕਵਿਤਾ ਪੜ੍ਹੀ ਤੇ ਪੰ: ਪਰਮਾ ਨੰਦ ਨੇ ਕੇਵਲ ਵੀਹ ਮਿੰਟ ਤਕਰੀਰ ਕੀਤੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ ਸਿੰਘਾ ਪੁਰ ਵਿਚ ਫੌਜੀ ਬਗਾਵਤ ਹੋ ਗਈ ਤੇ ਪੰਜਾਬੀਆਂ ਨੇ ਸਿੰਘਾ ਪੁਰ ਪਰ ਕਬਜ਼ਾ ਕਰ ਲਿਆ। ਗਦਰ ਕਰਨ ਦੀਆਂ ਸਭ ਤਿਆਰੀਆਂ ਦਾ ਕੇਂਦਰ ਉਸ ਸਮੇਂ ਪੰਜਾਬ ਹੀ ਬਣਿਆ ਹੋਇਆ ਸੀ। ਸ੍ਰੀ ਸਤਿੰਦਰ ਨਾਥ ਸਾਨ੍ਹੇਵਾਲ ਪ੍ਰਸਿੱਧ ਇਨਕਲਾਬੀ ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬ ਵਿਚ ਲੈ ਕੇ ਆਉਣ ਦਾ ਫੈਸਲਾ ਕੀਤਾ ਗਿਆ। ਦੂਜੀ ਮੀਟਿੰਗ ਗੁਲਾਬ ਸਿੰਘ ਦੀ ਧਰਮਸਾਲਾ ਸ੍ਰੀ ਅੰਮ੍ਰਿਤਸਰ ਵਿਚ ਹੋਈ ਜਿਸ ਵਿਚ ਡਾ: ਮਥਰਾ ਸਿੰਘ ਤੇ ਪੰ: ਪ੍ਰਮਾ ਨੰਦ ਜੀ ਨੂੰ ਬੰਬ ਫੈਕਟਰੀਆਂ ਖੋਲ੍ਹਣ ਦਾ ਕੰਮ ਸੌਂਪਿਆ ਗਿਆ। ਇਨ੍ਹਾਂ ਦੋਹਾਂ ਸਜਨਾਂ ਨੇ ਮੰਗਲੀ ਚਿਲਾ ਲੁਧਿਆਣਾ, ਲੋਹਟ ਬੱਦੀ ਰਿ: ਨਾਭਾ ਆਦਿ ਥਾਵਾਂ ਤੇ ਤਿੰਨ ਬੰਬ ਫੈਕਟਰੀਆਂ ਖੋਲ੍ਹੀਆਂ।

ਇਸ ਤੋਂ ਪਿਛੋਂ ਆਪ ਬੰਗਾਲ ਇਨਕਲਾਬੀ ਪਾਰਟੀ ਤੇ ਗਦਰ ਪਾਰਟੀ ਵਿਚ ਤਾਲ-ਮੇਲ ਪੈਦਾ ਕਰਨ ਲਈ ਸ੍ਰੀ ਸੁਰਿੰਦਰ ਨਾਥ ਬੈਨਰ ਜੀ ਦੇ ਦਫਤਰ ਵਿਚ ਬੰਗਾਲ ਇਨਕਲਾਬੀ ਪਾਰਟੀ ਦੇ ਮੋਢੀ ਸ੍ਰੀ ਸ਼ਾਮ ਸੁੰਦਰ ਚਕ੍ਰਵਰਤੀ ਨੂੰ ਮਿਲੇ ਤੇ ਦੋਹਾਂ ਪਾਰਟੀਆਂ ਦਾ ਆਪੋ ਵਿਚ ਸਬੰਧ ਕਾਇਮ ਕੀਤਾ। ਵਾਪਸ ਆ ਕੇ ਆਪ ਨੇ ਰੀਪੋਰਟ ਦਿੱਤੀ ਕਿ ਬੰਗਾਲ ਬਿਲਕੁਲ ਤਿਆਰ ਹੈ ਉਹ ਪੰਜਾਬ ਨਾਲੋਂ ਪਿਛੇ ਨਹੀਂ ਰਹੇਗਾ। ਇਸ ਤੋਂ ਪਿਛੋਂ ਲਾਹੌਰ ਵਿਚ ਹੋਈ ਸਰਬ ਹਿੰਦ ਗਦਰ ਪਾਰਟੀ ਦੀ ਮੀਟਿੰਗ ਦੇ ਫੈਸਲਿਆਂ ਅਨੁਸਾਰ ਅੱਡ ੨ ਪਾਰਟੀਆਂ ਛਾਉਣੀਆਂ ਵਿਚ ਭੇਜੀਆਂ ਗਈਆਂ।

ਪੰਡਤ ਪਰਮਾਂ ਨੰਦ ਜੀ ਦੀ ਡਿਉਟੀ ਅਲਾਹਬਾਦ, ਕਾਹਨਪੁਰ ਤੇ ਝਾਂਸੀ ਦੀਆਂ ਛਾਉਣੀਆਂ ਵਿਚ ਲਗਾਈ ਗਈ। ਇਥੇ ਸਫਲਤਾ ਪ੍ਰਾਪਤ ਕਰਨ ਪਿਛੋਂ ਆਪ ਪਸ਼ਾਵਰ ਤੇ ਜਮਰੌਦ ਭੇਜੇ ਗਏ। ਅਜੇ ਆਪ ਉਥੇ ਕੰਮ ਕਰ ਰਹੇ ਸਨ ਕਿ ਗਦਰ ਲਈ ਨੀਯਤ ਕੀਤੀ ਗਈ ਤਾਰੀਖ ਦਾ ਭੇਦ ਖੁਲ੍ਹ ਜਾਣ ਕਰਕੇ ਪਕੜ ਧਕੜ ਸ਼ੁਰੂ ਹੋ ਗਈ। ਪਸ਼ਾਵਰ ਵਿਚ ਭੀ ਛਾਪਾ ਪਿਆ ਪਰ ਆਪ ਬਚ ਕੇ ਨਿਕਲ ਆਏ ਤੇ ਲਾਹੌਰ ਵਿਚ ਫੜੇ ਗਏ।

ਪੰਡਤ ਜੀ ਜਰਮਨੀ ਦੇ ਇਕ ਫੌਜੀ ਮਾਹਰ ਪਾਸੋਂ ਜੰਗੀ ਨਕਸ਼ੇ ਜਾਪਾਨ ਵਿਚੋਂ ਲਿਆਏ ਸਨ ਤੇ ਫੌਜੀ ਮਾਮਲਿਆਂ ਦੇ ਆਪ ਖਾਸ ਮਾਹਰ ਸਨ। ਇਸ ਲਈ ਗਦਰ ਪਾਰਟੀ ਵਿਚ ਆਪ ਨੂੰ ਖਾਸ ਅਹਿਮੀਅਤ ਪ੍ਰਾਪਤ ਸੀ। ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਆਪ ਜੀ ਨੂੰ ੨੭ ਸਾਥੀਆਂ ਸਮੇਤ ਫਾਂਸ ਦੀ ਸਜ਼ਾ ਹੋਈ। ਉਸ ਸਮੇਂ ਦੇ ਅੰਗਰੇਜ਼ ਵਾਇਸਰਾਏ ਨੇ ਇਹਨਾਂ ਸਜਨਾਂ ਨੂੰ ਪਰੇਰਨਾ ਕੀਤੀ ਕਿ ਜਿਹੜੇ ਰਹਿਮ ਦੀ ਦਰਖਾਸਤ ਕਰਨਗੇ ਉਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ। ਪਰੰਤੂ ਇਕ ਭੀ ਦੇਸ਼ ਭਗਤ ਨੇ ਦਰਖਾਸਤ ਨਾ ਦਿਤੀ। ਅੰਗਰੇਜ਼ ਨੇ ਇਹ ਕੇਸ ਪ੍ਰੀਵੀ ਕੌਂਸਲ ਪਾਸ ਭੇਜ ਦਿਤਾ, ਜਿਸ ਦਾ ਫਲ ਇਹ ਹੋਇਆ ਕਿ ੭ ਸੱਜਨਾਂ ਦੀ ਫਾਂਸੀ ਦੀ ਸਜ਼ਾ ਬਹਾਲ ਰਹੀ ਤੇ ਬਾਕੀਆਂ ਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ ਗਿਆ।

Digitized by Panjab Digital Library | www.panjabdigilib.org

ਫਾਂਸੀ ਲੱਗਣ ਵਾਲੇ ਸਤ ਸੱਜਨਾਂ ਦੇ ਨਾਮ ਇਹ ਸਨ:— ਸ: ਕਰਤਾਰ ਸਿੰਘ ਸਰਾਭਾ ਸ: ਹਰਨਾਮ ਸਿੰਘ, ਸ੍ਰੀ ਪਿੰਗਲੇ, ਸ: ਜਗਤ ਸਿੰਘ, ਸਰਦਾਰ ਸੁਰੈਣ ਸਿੰਘ, ਸਰਦਾਰ ਬਖਸ਼ੀਸ਼ ਸਿੰਘ, ਸਰਦਾਰ ਸੁਰੈਣ ਸਿੰਘ।

ਕਾਲੇ ਪਾਣੀ ਦੀ ਜੇਲ੍ਹ ਵਿਚ ਜਾਕੇ ਏਹੀ ਪਰਮਾ ਨੰਦ ਜੀ ਨੇ ਚੀਫ ਜੇਲਰ ਮਿ: ਬੇਰੇ ਨੂੰ ਕੁਟਿਆ, ਜਿਸ ਕਰਕੇ ਆਪ ਨੂੰ ਵੀਹ ਬੈਂਤ ਤੇ ਇਕ ਸਾਲ ਬੇੜੀ ਪਾਂਦੀ ਰੱਖਣ ਦੀ ਸਜ਼ਾ ਦਿਤੀ ਗਈ। ਆਪ ਦੋ ਸਾਲ ਅੰਡੇਮਾਨ ਜੇਲ੍ਹ ਵਿਚ ਰਹੇ। ਇਸ ਤੋਂ ਪਿਛੋਂ ਮਦਰਾਸ, ਪੂਨਾ ਤੇ ਰਤਨਾਗਿਰੀ ਆਦਿ ਜੇਲ੍ਹਾਂ ਵਿਚ ੨੩ ਸਾਲ ਕੈਦ ਭੁਗਤਣ ਪਿਛੋਂ ੧੯੩੭ ਵਿਚ ਰਿਹਾ ਕੀਤੇ ਗਏ। ਜੇਲ੍ਹ ਤੋਂ ਆਉਂਦੇ ਹੀ ਆਪ ਜੀ ਨੇ ਦਿਲੀ ਵਿਚ ਸਰਬ ਹਿੰਦ ਇਨਕਲਾਬੀ ਪਾਰਟੀ ਦੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ, ਜਿਸ ਦੇ ਦੋਸ਼ ਵਿਚ ਆਪ ਨੂੰ ਛੇ ਮਹੀਨੇ ਫਿਰ ਸਜ਼ਾ ਹੋ ਗਈ। ਬਨਾਰਸ ਤੇ ਡੇਹਰਾਦੂਨ ਵਿਚ ਭੜਕਾਊ ਤਕਰੀਰ ਕਰਨ ਦੇ ਦੋਸ਼ ਵਿਚ ਤਿੰਨ ਸਾਲ ਸਖਤ ਕੈਦ ਭੁਗਤੀ।

੧੯੪੨ ਵਿਚ ਜਦ ਸਾਰੇ ਵਡੇ ੨ ਕਾਂਗਰਸੀ ਲੀਡਰ ਗ੍ਰਿਫਤਾਰ ਕਰ ਲੈ ਗਏ ਤਾਂ ਆਪ ਭੀ ਫੜੇ ਗਏ ਅਤੇ ੧੯੪੯ ਵਿਚ ਰਿਹਾ ਕੀਤੇ ਗਏ। ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਪੰ: ਜੀ ਨਾਲ ਗੁਰਦੁਵਾਰਾ ਦੂਖ ਨਿਵਾਰਨ ਦੇ ਨੇੜੇ ੧੭ ਅਪਰੈਲ ੧੯੪੫ ਨੂੰ ਜਿਸ ਸਮੇਂ ਮੁਲਾਕਾਤ ਕੀਤੀ ਤਾਂ ਉਸ ਸਮੇਂ ਆਪ ਦੀ ਉਮਰ ੬੨ ਸਾਲ ਸੀ, ਪ੍ਰੰਤੂ ਆਪ ਵਿਚ ਜਵਾਨਾਂ ਵਰਗਾ ਉਤਸ਼ਾਹ, ਭਰਪੂਰ ਦਿਲ ਤੇ ਇਨਕਲਾਬ ਲਈ ਉਤਸ਼ਾਹ ਉਸੇ ਤਰ੍ਹਾਂ ਮੌਜੂਦ ਸੀ, ਜਿਵੇਂ ੧੮-੧੯ ਸਾਲ ਦੇ ਨੌਜਵਾਨ ਦੇ ਦਿੱਲ ਵਿਚ ਹੋਇਆ ਕਰਦਾ ਹੈ। ਕਾਫੀ ਦੇਰ ਤੱਕ ਆਪ ਖਿੜੇ ਮੱਥੇ ਸ: ਸੁੱਚਾ ਸਿੰਘ ਮਲਵਈ ਤੇ ਲਿਖਾਰੀ ਪ੍ਰਸ਼ਨਾ ਦੇ ਉਤਰ ਦਿੰਦੇ ਰਹੇ। ਆਪ ਨੇ ਦਸਿਆ ਕਿ ਮੈਂ ਇਸ ਵੇਲੇ ਕਿਸੇ ਭੀ ਪੁਲੀਟੀਕਲ ਪਾਰਟੀ ਦਾ ਮੈਂਬਰ ਨਹੀਂ। ਕੁਝ ਚਿਰ ਪਹਿਲਾਂ ਮੈਂ ਕਾਂਗਰਸ ਨੂੰ ਕੌਮੀ ਜਮਾਤ ਸਮਝਕੇ ਇਸ ਦੀ ਸਹਾਇਤਾ ਕਰਦਾ ਰਿਹਾ, ਪ੍ਰੰਤੂ ਜਦ ਵੇਖਿਆ ਕਿ ਇਸ ਜਮਾਤ ਪਰ ਮੌਕਾ ਤਾੜੂ ਆਨਸਰ ਦਾ ਕਬਜ਼ਾ ਹੈ, ਤਾਂ ਮੈਂ ਇਸ ਲਈ ਕੰਮ ਬੰਦ ਕਰ ਦਿੱਤਾ।

## ਕੌਮੀ ਗ਼ਦਾਰ ਬੇਲਾ ਸਿੰਘ

੧੯੧੪ ਈਃ ਵਿਚ ਜਦੋਂ ਬਾਬਾ ਗੁਰਦਿਤ ਸਿੰਘ ਜੀ ਗੁਰੂ ਨਾਨਕ ਕੈਨੇਡਾ ਜਹਾਜ਼ ਲੈਕੇ ਗਏ ਤਾਂ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਇਸ ਜਹਾਜ਼ ਨੂੰ ਵੈਨਕੋਵਰ ਦੀ ਬੰਦਰਗਾਹ ਪਰ ਲਗਣ ਤੋਂ ਨਾਂਹ ਕਰ ਦਿਤੀ। ਇਸ ਪਰ ਵਦੇਸ਼ਾਂ ਵਿਚ ਗਏ ਹਿੰਦੁਸਤਾਨੀਆਂ ਵਿਚ ਰੋਸ ਦੀ ਜ਼ਬਰਦਸਤ ਲਹਿਰ ਪੈਦਾ ਹੋ ਗਈ ਅਤੇ ਗਦਰ ਪਾਰਟੀ ਨੇ ਇਸ ਸਬੰਧ ਵਿਚ ਪੁਰ ਅਸਰ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਨੇ ਇਹ ਸੋਚ ਕੇ ਕਿ ਜੇ ਗੁਰਦਵਾਰਾ ਵੈਨਕੋਵਰ ਦੇ ਗਰੰਥੀ ਭਾਈ ਭਾਗ ਸਿੰਘ ਜੀ ਨੂੰ ਕਤਲ ਕਰਵਾ ਦਿਤਾ ਜਾਵੇ ਤਾਂ ਕੈਨੇਡਾ ਵਿਚ ਐਜੀਟੇਸ਼ਨ ਬੰਦ ਹੋ ਸਕਦੀ ਹੈ। ਆਪਣੇ ਝੋਲੀ ਚੁਕ ਹਿੰਦੁਸਤਾਨੀ ਬੇਲਾ ਸਿੰਘ ਜ਼ਿਲਾ ਹੁਸ਼ਿਆਰਪੁਰ ਤੇ ਬਾਵਾ ਸਿੰਘ ਲਿਤਰ' ਜ਼ਿਲਾ ਜਲੰਧਰ ਨੂੰ ਖਰੀਦ ਲਿਆ ਤੇ ਉਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਭਾਈ ਭਾਗ ਸਿੰਘ ਤੇ ਗੁਰਦਵਾਰੇ ਦੇ ਅੰਦਰ ਹੀ ਭਾਈ ਬਤਨ ਸਿੰਘ ਜੀ ਨੂੰ ਸ਼ਹੀਦ ਕਰਾ ਦਿੱਤਾ।

ਇਸ ਸਾਜ਼ਸ਼ ਦਾ ਬਾਨੀ ਐਮੀਗ੍ਰੇਸ਼ਨ ਮਹਿਕਮੇ ਦਾ ਵਡਾ ਅਫਸਰ ਮਿਃ ਹਾਫਕਿਨਸਨ ਸੀ ਜਿਸ ਨੂੰ ਥੋੜੇ ਦਿਨਾਂ ਪਿਛੋਂ ਹੀ ਭਾਈ ਮੇਵਾ ਸਿੰਘ ਜੀ ਦੁਆਬਾ ਨਿਵਾਸੀ ਨੇ ਕੈਨੇਡਾ ਦੀ ਇਕ ਅਦਾਲਤ ਵਿਚ ਹੀ ਗੋਲੀ ਮਾਰ ਕੇ ਠੰਡਾ ਕਰ ਦਿਤਾ। ਜਦ ੧੯੧੪-੧੫ ਵਿਚ ਗਦਰ ਪਾਰਟੀ ਵਲੋਂ ਹਥਿਆਰ-

Digitized by Panjab Digital Library | www.panjabdigilib.org

ਬੰਦ ਬਗਾਵਤ ਕਰਾਉਣ ਦੀ ਸਕੀਮ ਫਿਹਲ ਹੋ ਗਈ ਅਤੇ ਬਹੁਤ ਸਾਰੇ ਦੇਸ਼ ਭਗਤ ਫਾਂਸੀਆਂ ਪਰ ਲਟਕਾਏ ਗਏ ਤੇ ਬਹੁਤ ਸਾਰੇ ਕਾਲੇ ਪਾਣੀ ਭੇਜ ਦਿਤੇ ਗਏ ਤਾਂ ਬਾਵਾ ਸਿੰਘ ਤੇ ਬੇਲਾ ਸਿੰਘ ਨੂੰ ਸਰਕਾਰ ਅੰਗਰੇਜ਼ੀ ਨੇ ਪੰਜਾਬ ਭੇਜ ਦਿਤਾ। ਬਾਵਾ ਸਿੰਘ ਨੂੰ ਤਾਂ ਇਨਕਮ ਟੈਕਸ ਦਾ ਇਨਸਪੈਕਟਰ ਲਗਾ ਦਿਤਾ ਗਿਆ ਤੇ ਬੇਲਾ ਸਿੰਘ ਨੂੰ ਜ਼ੈਲਦਾਰ ਬਣਾ ਦਿਤਾ ਗਿਆ।

੧੮-੧੯ ਸਾਲ ਦੇਸ਼ ਭਗਤਾਂ ਦੀਆਂ ਅਖਾਂ ਵਿਚ ਇਹ ਦੋਵੇਂ ਗਦਾਰ ਰੜਕਦੇ ਰਹੇ ਤੇ ਉਹ ਇਨ੍ਹਾਂ ਨੂੰ ਕੀਤੀ ਦਾ ਫਲ ਭੁਗਤਾਣ ਦੀਆਂ ਵਿਉਂਤਾਂ ਸੋਚਦੇ ਰਹੇ। ਬਬਰ ਅਕਾਲੀਆਂ ਨੇ ਭੀ ਬੜੇ ਯਤਨ ਕੀਤੇ ਪਰ ਇਹ ਕਾਬੂ ਨਾ ਆਇ। ੧੯੩੨ ਵਿਚ ਪੰਜਾਬ ਯੁਗ ਪਲਟਾਊ ਦਲ ਦੀ ਇਕ ਗੁਪਤ ਮੀਟਿੰਗ ਤਰਨ ਤਾਰਨ ਸਾਹਿਬ ਵਿਖੇ ਹੋਈ। ਦੂਜੀ ਮੀਟਿੰਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਅਤੇ ਸਾਰੀ ਸਕੀਮ ਨੂੰ ਸਿਰੇ ਚੜ੍ਹਾਉਣ ਲਈ ਸਾਥੀ ਅਮਰ ਸਿੰਘ ਜੀ ਤੇ ਸਾਬਕ ਐਡੀਟਰ ਕਿਰਤੀ ਨੂੰ ਇਨ-ਚਾਰਜ ਨੀਯਤ ਕੀਤਾ ਗਿਆ। ੧੨ ਨਵੰਬਰ ੧੯੩੩ ਨੂੰ ਸਵੇਰੇ ਹੀ ਲੋਕਾਂ ਨੇ ਬੇਲਾ ਸਿੰਘ ਗਦਾਰ ਦੀ ਲਾਸ਼ ਉਸ ਦੇ ਪਿੰਡ ਦੇ ਨੇੜੇ ਸੜਕ ਪਰ ਰੁਲਦੀ ਵੇਖੀ ਅਤੇ ਹਿੰਦੁਸਤਾਨ ਭਰ ਦੀਆਂ ਅਖਬਾਰਾਂ ਵਿਚ ਮੋਟੇ ਹੈਡਿੰਗ ਹੇਠ ਇਹ ਖਬਰ ਛਪੀ ਕਿ ਇਸ ਰਾਜਸੀ ਕਤਲ ਦੇ ਪਿਛੇ ਹਿੰਦੋਸਤਾਨ ਗਦਰ ਪਾਰਟੀ ਤੇ ਯੁਗ ਪਲਟਾਊ ਦਲ ਦਾ ਹਥ ਹੈ। ਬਾਵਾ ਸਿੰਘ ਲਿਤਰਾਂ ਮਾਰਨ ਤੋਂ ਪਹਿਲਾਂ ਹੀ ਅਚਾਨਕ ਬੀਮਾਰ ਹੋਕੇ ਪਟਨਾ ਹਸਪਤਾਲ ਵਿਚ ਜਾ ਮਰਿਆ। ਸਰਕਾਰ ਅੰਗਰੇਜ਼ੀ ਨੇ ਇਸ ਕਤਲ ਦਾ ਪਤਾ ਲਗਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਪਰ ਤਿੰਨ ਸਾਲ ਤਕ ਕੋਈ ਭੇਦ ਨਾ ਨਿਕਲਿਆ। ਬਬਰ ਕੇਸ ਦੇ ਵਡੇ ਵਾਹਿਦਾ ਮੁਆਫ ਗਵਾਹ ਅਨੂਪ ਸਿੰਘ ਮਾਣਕੋਂ ਜ਼ਿਲਾ ਜਲੰਧਰ ਦੇ ਕਤਲ ਕੇਸ ਵਿਚ ਜੋ ਬਿਆਨ ਗਿ: ਗੁਰਦਿਤ ਸਿੰਘ ਦਲੇਰ ਨੇ ਦਿਤਾ ਉਸ ਦੇ ਅਧਾਰ ਪਰ ਪੁਲਸ ਨੇ ਯੁਗ ਪਲਟਾਊ ਦਲ ਦੇ ਕੇਂਦਰ ਬੇਲਾ ਸਿੰਘ ਜ਼ਿਲਾ ਅੰਮ੍ਰਿਤਸਰ ਪਰ ਅਚਾਨਕ ਛਾਪਾ ਮਾਰ ਕੇ ਬਾਬਾ ਈਸ਼ਰ ਸਿੰਘ ਉਰਫ ਭਗਵਾਨ ਸਿੰਘ ਜੰਡੋਲੀ ਜ਼ਿਲਾ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਬਾਬਾ ਗੁਰਦਾਸ ਪੁਰ ਸਾਜ਼ਸ਼ ਕੇਸ ਦਾ ਆਗੂ ਮੰਨਿਆ ਗਿਆ ਸੀ ਤੇ ਨਾਮ ਆਦਿ ਬਦਲ ਕੇ ਗੁਪਤ ਤਰੀਕੇ ਨਾਲ ਰਾਜਸੀ ਕੰਮ ਕਰ ਰਿਹਾ ਸੀ।

ਪੰਜਾਬ ਪੁਲਸ ਦੀ ਮਾਰ ਕੁਟਾਈ ਤੇ ਵਹਿਸ਼ੀਆਨਾ ਤਸ਼ਦਦ ਸੰਸਾਰ ਭਰ ਵਿਚ ਪ੍ਰਸਿੱਧ ਹੈ। ਪੁਲਸ ਨੇ ਬਾਬਾ ਜੀ ਨੂੰ ਹੁਸ਼ਿਆਰਪੁਰ ਲੈ ਜਾਕੇ ਬਹੁਤ ਜ਼ਿਆਦਾ ਤਸੀਹੇ ਦਿਤੇ। ਚਾਰ ਚਾਰ ਪਹਿਰ ਮੂੰਹ ਪਰ ਗੰਦਗੀ ਦਾ ਤੋਬਰਾ ਬੰਨਿਆ ਜਾਂਦਾ। ਬਾਬਾ ਜੀ ਡੋਲ ਗਏ ਤੇ ਪੁਲਸ ਨੂੰ ਇਕਬਾਲੀ ਬਿਆਨ ਦੇ ਦਿਤਾ।

ਕਹਾਣੀ ਬੜੀ ਲੰਬੀ ਸੀ, ਮਜਿਸਟ੍ਰੇਟ ਸਾਰਾ ਦਿਨ ਲਿਖਦਾ ਰਿਹਾ ਪ੍ਰੰਤੂ ਜਦ ਦੂਜੇ ਦਿਨ ਬਾਬਾ ਜੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਬਾਬਾ ਜੀ ਸੰਭਲ ਗਏ ਤੇ ਵਹਿਦਾ ਮੁਆਫ ਗਵਾਹ ਬਣਨ ਤੋਂ ਸਾਫ ਇਨਕਾਰ ਕਰ ਦਿਤਾ। ਪੁਲਸ ਨੇ ਫਿਰ ਬੜਾ ਹੀ ਤਸ਼ਦਦ ਕੀਤਾ ਪਰ ਬਾਬਾ ਜੀ ਅਡੋਲ ਰਹੇ।

ਬਾਬਾ ਜੀ ਦੇ ਇਸ ਬਿਆਨ ਦੇ ਅਧਾਰ ਪਰ ਪੁਲਸ ਨੇ ਬਾਬਾ ਹਰੀ ਸਿੰਘ ਸੁੰਢਾ ਜ਼ਿਲਾ ਜਲੰਧਰ ਤੇ ਬਖਸ਼ੀਸ਼ ਸਿੰਘ ਪਿੰਡ ਚਬੇਵਾਲ ਜ਼ਿਲਾ ਹੁਸ਼ਿਆਰ ਪੁਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਭਾਈ ਹਜ਼ਾਰਾ ਸਿੰਘ ਸਿੰਗਰ ਸ਼ੇਰੋ ਜ਼ਿਲਾ ਅੰਮ੍ਰਿਤਸਰ, ਸੰਤ ਇੰਦਰ ਸਿੰਘ ਮੁਰਾਹੀ ਸਿੰਘ ਬੇਲਾ ਜ਼ਿਲਾ ਅੰਮ੍ਰਿਤਸਰ ਭਗੌੜੇ ਕਰਾਰ ਦਿਤੇ ਗਏ। ੨੪ ਅਪਰੈਲ ੧੯੩੭ ਨੂੰ ਪੰਜਾਬ ਪੁਲਸ ਦੇ ਵਡੇ ਅਫਸਰ ਸੰਟਰਲ ਜੇਹਲ ਰਾਵਲਪਿੰਡੀ ਵਿਚ ਸਾਥੀ ਅਮਰ ਸਿੰਘ ਤੇਗ ਪਾਸ ਪੁਜੇ। ਆਪ ਉਨ੍ਹੀਂ ਦਿਨੀਂ ਬੱਬ

Digitized by Panjab Digital Library | www.panjabdigilib.org

ਕੇਸ ਵਿਚ ਪੰਜ ਸਾਲ ਦੀ ਸਜ਼ਾ ਭੁਗਤ ਰਹੇ ਸਨ। ਆਪ ਨੂੰ ਇਸ ਕੇਸ ਵਿਚ ਵਹਿਦਾ ਮੁਆਫ ਗਵਾਹ ਬਨਾਉਣ ਲਈ ਬੜੇ ਲਾਲਚ ਦਿਤੇ ਗਏ ਪਰ ਆਪ ਨੇ ਇਸ ਜਾਲ ਵਿਚ ਫਸਣ ਤੋਂ ਨਾਂਹ ਕਰ ਦਿਤੀ। ਅੰਤ ਆਪ ਨੂੰ ਮੌਤ ਦੀ ਧਮਕੀ ਭੀ ਦਿਤੀ ਗਈ ਪਰ ਆਪ ਨੇ ਅਫਸਰਾਂ ਨੂੰ ਜਵਾਬ ਦਿਤਾ ਕਿ ਮੈਂ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਾਂਗਾ। ਜੇ ਮੈਨੂੰ ਬੇਲਾ ਸਿੰਘ ਗਦਾਰ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਮਿਲੇ।

ਪੁਲਸ ਅਫਸਰ ਨਿਰਾਸ ਹੋਕੇ ਵਾਪਸ ਆ ਗਏ। ਪੁਲਸ ਨੇ ਬੜਾ ਜ਼ੋਰ ਲਗਾਇਆ ਪਰ ਬੇਲਾ ਸਿੰਘ ਦੇ ਕਤਲ ਦੇ ਅਸਲ ਕਾਰਨਾਂ ਤੋਂ ਪਰਦਾ ਨਾ ਉਠਾ ਸਕੀ। ਬਾਬਾ ਈਸ਼ਰ ਸਿੰਘ ਸੈਸ਼ਨ ਦੀ ਅਦਾਲਤ ਵਿਚੋਂ ਬਰੀ ਹੋ ਗਏ ਤੇ ਇਸ ਮੁਕਦਮੇ ਦਾ ਪੁਲਸ ਵਲੋਂ ਹਾਈ ਕੋਰਟ ਵਿਚ ਨਿਗਰਾਨੀ ਕਰਨ ਪਿਛੋਂ ਭੀ ਅਸਫਲ ਰਹਿਣ ਤੇ ਡਰਾਪ ਸੀਨ ਹੋ ਗਿਆ।

## ੧੯੧੪–੧੫ ਦੀ ਦੇਸ਼ ਭਗਤ ਲਹਿਰ ਦਾ ਇਤਿਹਾਸ

ਸਿੱਖ ਪਹਿਲੇ ਪਹਿਲ ਬਰਮਾ, ਮਲਾਇਆ, ਹਾਂਗ ਕਾਂਗ, ਸ਼ਿੰਘਾਈ, ਸਿੰਘਾ ਪੁਰ ਆਦਿਕ ਮੁਲਕਾਂ ਵਿਚ ਫੌਜ ਤੇ ਪੁਲੀਸ ਦੇ ਸਿਪਾਹੀ ਜਾਂ ਚੌਕੀਦਾਰ ਭਰਤੀ ਹੋ ਗਏ ਸਨ। ੧੯੦੪ ਵਿਚ ਸ਼ਿੰਘਾਈ ਤੇ ਹਾਂਗ ਕਾਂਗ ਵਿਚ ਸਿੱਖ ਸਨ। ਉਨ੍ਹਾਂ ਨੂੰ ਅਮਰੀਕਾ ਤੇ ਕੈਨੇਡਾ ਤੋਂ ਹੋ ਕੇ ਆਏ ਮੁਸਾਫਰਾਂ ਤੋਂ ਪਤਾ ਲਗਾ ਕਿ ਉਨ੍ਹਾਂ ਦੇਸਾਂ ਵਿਚ ਮਿਹਨਤ ਮਜ਼ਦੂਰੀ ਬਹੁਤ ਹੈ। ਜਿਸ ਕਰਕੇ ਕੈਨੇਡਾ ਤੇ ਅਮਰੀਕਾ ਨੂੰ ਜਾਣ ਵਾਸਤੇ ਖਾਲਸੇ ਨੇ ਤਿਆਰੇ ਕਰ ਲਏ। ਸਿੱਖ ਕਿਰਤੀ ਤੇ ਬਲਵਾਨ ਅਤੇ ਦਿਲ ਲਾ ਕੇ ਕੰਮ ਕਰਨ ਲਗੇ, ਜਿਸ ਕਰਕੇ ਸਫਲਤਾ ਪ੍ਰਾਪਤ ਹੋਈ। ਪਹਿਲੇ ਪਹਿਲ ਪੰਜਾਬੀ ਸਿਖ ਕੈਨੇਡਾ ਜਾਂ ਅਮਰੀਕਾ ਵਿਚ ਗਏ ਸਨ। ਉਨ੍ਹਾਂ ਨੂੰ ਕੋਈ ਕੰਮ ਤੇ ਨਾ ਲਾਵੇ ਜਦ ਉਥੋਂ ਦੀਆਂ ਕੰਪਨੀਆਂ ਨੇ ਪੰਜਾਬੀਆਂ ਨੂੰ ਚੰਗਾ ਕੰਮ ਕਰਦੇ ਵੇਖਿਆ ਤਾਂ ਉਨ੍ਹਾਂ ਨੇ ਆਪਣੇ ਲਾਭ ਨੂੰ ਮੁਖ ਰਖ ਕੇ ਪੰਜਾਬੀ ਸਿੱਖਾਂ ਨੂੰ ਕਿਹਾ ਕਿ ਤੁਸੀਂ ਪੰਜਾਬ ਹਿੰਦੁਸਤਾਨ ਵਿਚੋਂ ਸਾਨੂੰ ਹੋਰ ਆਦਮੀ ਮੰਗਵਾ ਦਿਓ, ਇਸ ਖਿਆਲ ਨਾਲ ਪ੍ਰਦੇਸੀ ਬੀਰਾਂ ਨੇ ਆਪਣੇ ਦੇਸ਼ੀ ਭਰਾਵਾਂ ਨੂੰ ਸੱਦੇ ਪੱਤਰਾਂ ਦੁਆਰਾ ਮਾਇਕੀ ਹਾਲਤ ਤੋਂ ਜਾਣੂ ਕਰਾਕੇ ਆਪ ਵਲ ਸਦਿਆ। ੧੯੦੭ ਤਕ ਧੜਾ ਧੜ ਸਿੱਖ ਉਨ੍ਹਾਂ ਦੇਸਾਂ ਵਿਚ ਚਲੇ ਗਏ। ਹੁਣ ੧੯੦੭ ਤੋਂ ੧੯੧੪ ਤਕ ਸਮੁਚੇ ਤੌਰ ਤੇ ਕੋਈ ੨੦ ਲਖ ਹਿੰਦੁਸਤਾਨੀ ਬਾਹਰਲੇ ਦੇਸ਼ਾਂ ਵਿਚ ਰੋਜ਼ੀ ਕਮਾਉਣ ਦੇ ਲਿਹਾਜ਼ ਨਾਲ ਗਏ ਹੋਏ ਸਨ।

ਅਫਰੀਕਾ ਵਿਚ ੧,੪੯,੭੯੦ ਹਿੰਦੁਸਤਾਨੀ ਸਨ। ੧੯੧੩ ਵਿਚ ਅਮਰੀਕਾ ਤੇ ਕੈਨੇਡਾਂ ਵਿਚ ਲਗ ਪਗ ੮੦੦੦ ਸਿੱਖ ਕੰਮ ਕਰਦੇ ਸਨ, ਇਨ੍ਹਾਂ ਵਿਚੋਂ ੯੦ ਫੀ ਸਦੀ ਫੌਜੀ ਸਨ, ਜਿਨ੍ਹਾ ਨੇ ਅੰਗਰੇਜ਼ੀ ਸਰਕਾਰ ਦੇ ਵਾਧੇ ਵਾਸਤੇ ਲੜਾਈਆਂ ਲੜੀਆਂ ਸਨ। ਹਿੰਦੀ, ਪੰਜਾਬੀ ਅੰਗਰੇਜ਼ ਦੀ ਰਯਤ ਹੋਣ ਤੇ ਭੀ ਹਿੰਦੀਆਂ ਨਾਲ ਭੈੜਾ ਸਲੂਕ ਕੀਤਾ ਜਾਂਦਾ ਸੀ। ਕੁਲੀ ਜੈਸੇ ਪੰਜਾਬੀਆਂ ਨੂੰ ਕਾਲੇ, ਪੂਰਬੀਆਂ ਨੂੰ ਕੁਲੀ ਅਤੇ ਦਖਣੀ ਭਾਰਤ ਦੇ ਲੋਕਾਂ ਨੂੰ (ਕਿਲਿੰਗ) ਕਹਿੰਦੇ ਜੋ ਅੰਗਰੇਜ਼ੀ ਲਫਜ਼ (ਕਾਤਲ ਜਾਂ ਘਾਤਕ) ਦਾ ਵਾਚਕ ਹੈ। ਅਫਰੀਕਾ ਵਿਚ ਗੋਰਿਆਂ ਨੇ ਹਿੰਦੀਆਂ ਨਾਲ ਬਿਤੋਂ ਵਧ ਨਸਲੀ ਵਿਤਕਰਾ ਜ਼ਾਹਰ ਕੀਤਾ। ਕਈ ਕਿਸਮ ਦੇ ਚੰਦੇ ਲਾਏ ਤੇ ਪਾਬੰਦੀਆਂ ਲਗਾਈਆਂ ਗਈਆਂ। ਜਿਨ੍ਹਾਂ ਵਿਰੁਧ ਮਹਾਤਮਾਂ ਗਾਂਧੀ ਨੇ ੧੮੯੩ ਤੋਂ ਲੈ ਕੇ ਲਗਾਤਾਰ ੨੧ ਸਾਲ ਜਦੋ ਜ਼ਹਿਦ ਕੀਤੀ। ਬੋਰ ਜੰਗ ਤੇ ੧੯੧੪–੧੮ ਦੀ ਜੰਗ ਵੇਲੇ ਮਹਾਤਮਾ ਗਾਂਧੀ ਜੀ ਤੇ ਅਫ਼ਰੀਕਾ ਦੇ ਹਿੰਦੀਆਂ ਨੇ ਅੰਗਰੇਜ਼ਾਂ ਦੀ ਹਰ ਕਿਸਮ ਦੀ ਮਦਦ ਕੀਤੀ। ਇਸ ਦੇ ਇਵਜ਼ ਵਿਚ ਗੋਰਾ ਸ਼ਾਹੀ ਨੇ ਦਖਣੀ ਅਫਰੀਕਾ ਚੋਂ ਹਿੰਦੀਆਂ ਨੂੰ ਕੱਢਣ ਦਾ ਆਹਰ ਕਰਨ ਲਗੀ। ਜਿਸ ਕਰਕੇ ਕਈ ਵਾਰ

Digitized by Panjab Digital Library | www.panjabdigilib.org

ਸਤਿਆਗ੍ਰਹਿ ਹੋਇਆ ਤੇ ਕਈ ਹਜ਼ਾਰਾਂ ਪੰਜਾਬੀ ਜੇਲ੍ਹਾਂ ਵਿਚ ਗਏ।

ਅਕਤੂਬਰ ੧੯੧੨ ਵਿਚ ਸ੍ਰੀ ਯੁਤ ਗੋਖਲੇ ਨੇ ਦਖਣੀ ਅਫਰੀਕਾ ਵਿਚ ਜਾਕੇ ਆਪਣੇ ਦੁਖੀ ਭਰਾਵਾਂ ਦੀ ਦਰਦਨਾਕ ਹਾਲਤ ਵੇਖੀ ਅਰ ਫਿਜੀ ਵਿਚ ਤਾਂ ਹਿੰਦੁਸਤਾਨੀਆਂ ਦੀ ਹਾਲਤ ਬਹੁਤ ਹੀ ਦਰਦਨਾਕ ਸੀ। ਉਹ ਕੁਲੀ ਲਾਈਨਾਂ ਵਿਚ ਵਸਦੇ ਸਨ ਤੇ ਖੇਤਾਂ ਵਿਚ ਦਿਨ ਰਾਤ ਮਜ਼ੂਰੀ ਕਰਦੇ ਸਨ, ਉਨ੍ਹਾਂ ਨੂੰ ਟਬਰ ਲਿਜਾਣ ਦੀ ਆਗਿਆ ਨਹੀਂ ਸੀ। ਇਹੋ ਜਿਹੀਆਂ ਬਹੁਤ ਔਕੜਾਂ ਹੋਰ ਸਨ, ਜਿਨ੍ਹਾਂ ਕਰਕੇ ਮੇਰੇ ਪੰਜਾਬੀਆਂ ਤੇ ਅਕਹਿ ਸਖਤੀ ਕਰਦੇ ਸਨ। ਮਿ: ਜੀ ਡਬਲਿਊ ਬਰਟਨ ਨੇ ਆਪਣੀ ਕਤਾਬ ਫਿਜੀ ਟੂ ਡੇ ਵਿਚ ਉਨ੍ਹਾਂ ਦਿਨਾਂ ਦੀ ਇਕ ਘਟਨਾ ਲਿਖੀ ਹੈ ਕਿ ਇਕ ਕੁਲੀ ਲਾਈਨ ਵਿਚ ਇਕ ਹਿੰਦੀ ਔਰਤ ਆਪਣੇ ਬੀਮਾਰ ਬਚੇ ਨੂੰ ਛਡ ਕੇ ਖੇਤ ਵਿਚ ਕੰਮ ਕਰਨ ਚਲੀ ਗਈ। ਜਦ ਦੁਪਹਿਰ ਨੂੰ ਛੁੱਟੀ ਹੋਈ ਤੇ ਉਸ ਮਮਤਾਂ ਦੀ ਮਾਰੀ ਨੂੰ ਬਚੇ ਦਾ ਖਿਆਲ ਆ ਗਿਆ। ਉਹ ਬਚੇ ਨੂੰ ਵੇਖਣ ਲਈ ਲਾਈਨ ਵਿਚ ਆ ਗਈ। ਇਕ ਗੋਰੇ ਸਾਰਜੰਟ ਨੇ ਉਸ ਨੂੰ ਵੇਖ ਲਿਆ ਤੇ ਉਸ ਔਰਤ ਨੂੰ ਬੇਤਹਾਸ਼ਾ ਮਾਰਨਾ ਸ਼ੁਰੂ ਕਰ ਦਿਤਾ। ਹਿੰਦੀ ਔਰਤ ਬੀਮਾਰ ਬਚੇ ਨੂੰ ਲੈਕੇ ਗੋਰੇ ਦੇ ਪੱਬੀ ਪੈਰਾਂ ਤੇ ਪੈ ਰਹੀ ਸੀ, ਪਰ ਉਹ ਉਸ ਨੂੰ ਮਾਰੀ ਜਾਂਦਾ ਸੀ। ਫਿਜੀ ਵਿਚ ਹਿੰਦੀ ਔਰਤਾਂ ਦੀ ਦੁਰਗਤੀ ਸਬੰਧੀ ਪਾਦਰੀ ਐਂਡ ਰਯੂਜ਼ ਨੇ ਅੰਗਰੇਜ਼ੀ ਵਿਚ ਇਕ ਕਵਿਤਾ ਲਿਖੀ ਸੀ, ਜਿਸ ਨੂੰ ਪੜ੍ਹਕੇ ਅਖਾਂ ਵਿਚ ਅਥਰੂ ਆ ਜਾਂਦੇ ਹਨ।

ਆਸਟਰੇਲੀਆ ਨਿਊਜ਼ੀਲੈਂਡ ਆਦਿਕ ਵਿਚ ਵੀ ਹਿੰਦੁਸਤਾਨੀਆਂ ਦੀ ਇਹੀ ਹਾਲਤ ਸੀ ਕਿਉਂਕਿ ਸਿਖ ਪੰਜਾਬੀ ਤੇ ਹਿੰਦੁਸਤਾਨੀ ਬੜੇ ਨੇਕ ਕਮਾਈ ਕਰਕੇ ਵਿਵਹਾਰਕ ਤੇ ਪ੍ਰਮਾਰਥ ਨੂੰ ਸਮਝਣ ਵਾਸਤੇ ਲਖਾਂ ਹੀ ਡਾਲਰ ਖਰਚ ਕਰਕੇ ਗੁਰ ਅਸਥਾਨ ਬਣਾਇਆ ਅਤੇ ਜ਼ਮੀਨ ਖਰੀਦਣੀ, ਸੋਨੇ ਦੀਆਂ ਖਾਣਾਂ ਦੇ ਹਿਸੇ ਖਰੀਦ ਲਏ ਹਨ, ਤਾਂ ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚੋਂ ਕਢ ਕੇ ਇਕ ਪਾਣੀ ਹੀਣ ਇਲਾਕੇ ਬ੍ਰਿਟਿਸ਼ ਹੰਡੂਰਾਸ ਵਿਚ ਭੇਜਣ ਦਾ ਇਰਾਦਾ ਕਰ ਲਿਆ ਅਤੇ ਕੈਨੇਡਾ ਵਿਚ ਹਿੰਦੀਆਂ ਦੇ ਦਾਖਲੇ ਪਰ ਪਾਬੰਦੀਆਂ ਲਾ ਦਿਤੀਆਂ ਗਈਆਂ। ੧੯੦੭ ਤੋਂ ੧੯੧੦ ਤਕ ਕਈ ਤਰ੍ਹਾਂ ਦੇ ਕਾਨੂੰਨ ਬਣਾ ਦਿਤੇ ਅਤੇ ਪ੍ਰਾਪੇਗੰਡਾ ਕਰਨਾ ਆਰੰਭ ਦਿਤਾ ਕਿ ਹਿੰਦੀ ਮਜ਼ਦੂਰ ਅਨਪੜ੍ਹ ਉਹ ਮਜ਼ਦੂਰੀ ਘਟ ਲੈਂਦੇ ਹਨ, ਸਾਫ ਸੁਥਰੇ ਨਹੀਂ ਰਹਿੰਦੇ। ਏਥੋਂ ਤਕ ਅਫਵਾਹਾਂ ਫੈਲਾਈਆਂ ਗਈਆਂ ਕਿ ਇਹ ਆਚਰਨ ਹੀਨ ਅਤੇ ਰੁਪਇਆ ਕਮਾ ਕੇ ਆਪਣੇ ਮੁਲਕਾਂ ਨੂੰ ਭੇਜਦੇ ਹਨ ਅਤੇ ਈਸਾਈ ਨਾ ਹੋਣ ਕਰਕੇ ਇਹ ਗੋਰਿਆਂ ਵਿਚ ਮਿਲ ਜੁਲ ਨਹੀਂ ਸਕਦੇ। ਇਸ ਤਰ੍ਹਾਂ ਇਨ੍ਹਾਂ ਦੀ ਆਬਾਦੀ ਵਧ ਜਾਣ ਦਾ ਡਰ ਹੈ।

ਉਪਰਲੀਆਂ ਸਾਰੀਆਂ ਗੱਲਾਂ ਇਹ ਇਕ ਬਹਾਨਾ ਸਨ। ਸਿਖ ਗੋਰਿਆਂ ਵਾਂਗ ਸ਼ਰਾਬੀ ਕਬਾਬੀ ਤੇ ਅਯਾਸ਼ ਨਹੀਂ ਸਨ। ਜਿਸ ਕਰਕੇ ਨੇਕ ਤੇ ਖ਼ੂਨ ਡੋਲ ਕੇ ਕਮਾਈ ਹੋਈ ਮਾਇਆ ਨੂੰ ਸੰਜਮ ਨਾਲ ਵਰਤਣਾ, ਜਿਵੇਂ ਜ਼ਮੀਨ ਖਰੀਦਣੀ, ਕੰਪਨੀਆਂ ਬਣਾ ਕੇ ਹੋਰ ਕੰਮ ਕਰਨੇ ਅਤੇ ਗੁਰਦੁਆਰੇ ਤੇ ਲੰਗਰ ਬਣਾਏ ਤੇ ਬਨਾਉਣੇ ਚਾਹੁੰਦੇ ਸਨ। ਇਸ ਵਾਸਤੇ ਗੋਰਿਆਂ ਨੂੰ ਨਹੀਂ ਭਾਉਂਦੇ।

ਇਕ ਦਫਾ ਕੈਨੇਡੀਅਨ ਕਮਿਸ਼ਨ ਵੈਨਕੋਵਰ ਆਇਆ। ਉਹ ਸੰਤ ਨਾਗਰ ਸਿੰਘ ਤੇ ਸ਼ਾਮ ਸਿੰਘ ਡੋਗਰੇ ਨੂੰ ਨਾਲ ਲੈਕੇ ਬ੍ਰਿਟਿਸ਼ ਹੰਡੂਰਾਸ ਗਿਆ। ਕਮਿਸ਼ਨਰ ਨੇ ਦੋਹਾਂ ਸਿਖਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਕੈਨੇਡੀਅਨ ਭਰਾਵਾਂ ਨੂੰ ਕਹਿਣ ਕੇ ਬ੍ਰਿਟਿਸ਼ ਹੰਡੂਰਾਸ ਦਾ ਇਲਾਕਾ ਚੰਗਾ ਹੈ ਤੇ ਉਥੇ ਜਾ ਕੇ ਵਸਣ। ਇਨ੍ਹਾਂ ਦੋਹਾਂ ਸਿੰਘਾਂ ਨੇ ਭਾਈ ਭਾਗ ਸਿੰਘ ਭਿਖੀ ਵਿੰਡ ਲਾਹੌਰ ਪ੍ਰਧਾਨ ਖਾਲਸਾ ਦੀਵਾਨ ਵੈਨਕੋਵਰ। ਭਾਈ ਬਲਵੰਤ ਸਿੰਘ ਜੀ ਗ੍ਰੰਥੀ ਸਾਹਿਬ ਵੈਨਕੋਵਰ ਖੁਰਦ ਪੁਰ ਜ਼ਿਲਾ ਜਾਲੰਧਰ। ਭਾਈ ਬਲਵੰਤ ਸਿੰਘ ਨੇ ਸੰਤ ਤੇਜਾ ਸਿੰਘ ਜੀ ਨੂੰ ਸਦਿਆ ਅਤੇ ਹੰਡੂਰਾਸ ਬਾਰੇ ਸਾਰੀ ਗਲ ਬਾਤ ਕਰਣ ਦੀਵਾਨ ਵਿਚ ਸਹੀ ਸਹੀ ਗਲ ਬਾਤ ਪੇਸ਼ ਕਰ ਦਿਤੀ। ਜਿਸ ਪਰ ਸਾਰੀ ਸੰਗਤ ਨੇ ਹੰਡੂਰਾਸ ਨਾ ਜਾਕੇ

Digitized by Panjab Digital Library | www.panjabdigilib.org

ਦਾ ਫੈਸਲਾ ਕਰ ਲਿਆ ਅਤੇ ਗੋਰੇ ਮੂੰਹ ਭਾਰ ਡਿਗੇ।

੧੯੧੦ ਵਿਚ ਕੈਨੇਡਾ ਦੀ ਪਾਰਲੀਮੈਂਟ ਨੇ ਪਾਸ ਕੀਤਾ ਕਿ ਹਿੰਦੀਆਂ ਦੀ ਆਵਾ ਜਾਈ ਰੋਕਣ ਲਈ ਕਾਨੂੰਨ ਬਣਾਏ ਜਾਣ ਤੇ ਬਣਾਏ ਗਏ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਜਿਹੜੇ ਹਿੰਦੀ ਆਪਣੇ ਦੇਸ਼ ਤੋਂ ਸਿਧਾ ਟਿਕਟ ਲੈਕੇ ਜਹਾਜ਼ ਰਾਹੀਂ ਕੈਨੇਡਾ ਆਉਣ ਤੇ ਜਿਨ੍ਹਾਂ ਪਾਸ ੬੦੦) ਰੁਪਏ (ਦੋ ਸੋ ਡਾਲਰ) ਨਕਦ ਕੋਲ ਹੋਣ ਤਾਂ ਉਨ੍ਹਾਂ ਨੂੰ ਕੈਨੇਡਾ ਉਤਰਨ ਦੀ ਆਗਿਆ ਦਿਤੀ ਜਾਵੇ ਗੀ। ਇਹ ਕਿਉਂਕਿ ਉਨ੍ਹਾਂ ਦਿਨਾਂ ਵਿਚ ਹਿੰਦੁਸਤਾਨ ਤੋਂ ਕੈਨੇਡਾ ਨੂੰ ਕੋਈ ਸਿਧਾ ਜਹਾਜ਼ ਨਹੀਂ ਸੀ ਜ਼ਾਂਦਾ। ਹਿੰਦੀਆਂ ਨੂੰ ਕੈਨੇਡਾ ਵਿਚ ਆਪਣੇ ਟਬਰ ਲਿਜਾਣ ਦੀ ਆਗਿਆ ਨਹੀਂ ਸੀ। ਇਸ ਤਰ੍ਹਾਂ ਗੋਰੇ ਤੰਗ ਕਰਕੇ ਆਪਣੇ ਦੇਸ਼ ਚੋਂ ਕਢਣਾ ਚਾਹੁੰਦੇ ਸਨ।

੧੯੧੧–੧੩ ਤੱਕ ੧੭ ਹਜ਼ਾਰ ਚੀਨੇ ਤੇ ਜਾਪਾਨੀ ਟਬਰਾਂ ਸਮੇਤ ਕੈਨੇਡਾ ਵਿਚ ਜਾ ਕੇ ਆਬਾਦ ਹੋਏ ਪਰ ਇਹ ਸ਼ਰਤ ਹਿੰਦੀਆਂ ਪਰ ਹੀ ਲਾਗੂ ਸੀ।

੧੯੧੨ ਵਿਚ ਭਾਈ ਭਾਗ ਸਿੰਘ ਭਾਈ ਬਲਵੰਤ ਸਿੰਘ ਦੇ ਟਬਰ ਕੈਨੇਡਾ ਗਏ ਜੋ ਪੁਲੀਸ ਨੇ ਗ੍ਰਿਫਤਾਰ ਕਰਕੇ ਸ: ਪ੍ਰਤਾਪ ਸਿੰਘ ਕੋਟ ਫਤੂਹੀ ਨੇ ਭਾਈ ਬਲਵੰਤ ਸਿੰਘ ਜੀ ਦੀ ਸਿੰਘਣੀ ਕਰਤਾਰ ਕੌਰ ਦੀ ੧੨੦੦) ਡਾਲਰ ਦੀ ਜ਼ਮਾਨਤ ਦਿਤੀ। ਇਕ ਹੋਰ ਸਿੰਘ ਨੇ ਭਾਈ ਭਾਗ ਸਿੰਘ ਦੀ ਪਤਨੀ ਦੀ ਜ਼ਮਾਨਤ ਦਿਤੀ। ਇਨ੍ਹਾਂ ਦਾ ਕੇਸ ਉਟਾਵੇ ਤਕ ਲੜਿਆ ਗਿਆ ਤਾਂ ਕਿਤੇ ਇਨ੍ਹਾਂ ਨੂੰ ਇਜਾਜ਼ਤ ਮਿਲੀ।

'ਵੇਕ ਅੱਪ ਇੰਡੀ' ਵਿਚ ਲਿਖਿਆ ਹੈ ਕਿ:—

ਇਕ ਹਿੰਦੁਸਤਾਨੀ ਕੈਨੇਡਾ ਦੇ ਇਕ ਸ਼ਹਿਰ ਦੀ ਇਕ ਗਲੀ ਵਿਚ ਦੀ ਆਪਣੇ ਸਾਥੀਆਂ ਨਾਲ ਜਾਂਦਾ ਹੋਇਆ ਡਿਗ ਪਿਆ ਤੇ ਜ਼ਖਮੀ ਹੋ ਗਿਆ। ਪਿਛੋਂ ਪਤਾ ਲਗਾ ਕਿ ਇਹ ਇਕ ਇਸਤਰੀ ਸੀ ਜਿਸ ਨੂੰ ਬਾਲ ਹੋਣ ਵਾਲਾ ਸੀ ਜੋ ਮਰਦਾਵੇਂ ਕਪੜੇ ਪਾਕੇ ਆਪਣੇ ਪਤੀ ਦੇ ਪਾਸ ਕੈਨੇਡਾ ਗਈ ਸੀ। ਇਸ ਘਟਨਾ ਤੋਂ ਪਾਠਕ ਜਨ ਅਨਮਾਨ ਲਾ ਲੈਣ ਕਿ ਬਾਹਰਲੇ ਮੁਲਕਾਂ ਵਿਚ ਸਾਡੀ ਕੀ ਹਾਲਤ ਸੀ। ਕੈਨੇਡਾ ਦੀ ਸਰਕਾਰ ਸਿਖਾਂ ਵਿਰੁਧ ਜਾਣ ਬੁਝ ਕੇ ਦੂਸ਼ਣ ਲਾਉਣ ਤੇ ਤੁਲੀ ਹੋਈ ਸੀ। ਸਿਖਾਂ ਦਾ ਆਚਰਨ ਸ਼ੁਧ ਨਹੀਂ ਤੇ ਇਨ੍ਹਾਂ ਦੀ ਰਹਿਣੀ ਬਹਿਣੀ ਸੁਥਰੀ ਨਹੀਂ। ਇਸ ਦੇ ਵਿਰੁਧ ਕੈਨੇਡੀਅਨ ਅਖਬਾਰ 'ਟੋਰੰਟੋ ਵਰਲਡ' ਨੇ ਦਸੰਬਰ ੧੯੧੧ ਵਿਚ ਲਿਖਿਆ ਸੀ ਕਿ ਕੈਨੇਡਾ ਦੇ ਸਿਖਾਂ ਚੋਂ ੯੦ ਫੀ ਸਦੀ ਬ੍ਰਿਟਿਸ਼ ਸੈਨਾਂ ਦੇ ਸਿਪਾਹੀ ਰਹਿ ਚੁਕੇ ਹਨ। ਚੀਨ ਦੇ ਬਕਸਰ ਵਿਦਰੋਹ ਵਿਚ ੧੮ ਰਜਮੈਂਟਾਂ ਭੇਜੀਆਂ ਗਈਆਂ ਸਨ, ਜਿਨ੍ਹਾਂ ਵਿਚੋਂ ੧੬ ਸਿਖਾਂ ਦੀਆਂ ਸਨ। ਅਜ ਇਨ੍ਹਾਂ ਨੂੰ ਮਾੜੇ ਕਹਿਣਾ ਠੀਕ ਨਹੀਂ। ਏਸੇ ਹੀ ਡਾਕਟਰ ਲੋਸਨ ਨੇ ਅਖਬਾਰ 'ਡੇਲੀ ਕਲੋਨਿਸਟ' ਵਿਚ ਲਿਖਿਆ ਸੀ ਕਿ ਸਿਖ ਯੂਰਪੀਨਾਂ ਦੀ ਨਿਸਬਤ ਵਧੇਰੇ ਸਾਫ ਸੁਥਰੇ ਰਹਿੰਦੇ ਹਨ। ਉਹ ਸਾਫ ਸੁਥਰੇ, ਇਮਾਨਦਾਰ ਅਤੇ ਬੜੇ ਮਿਹਨਤੀ ਹਨ।

ਅਮਰੀਕਾ ਤੇ ਕੈਨੇਡਾ ਵਿਚ ਡਾਕਟਰ ਸੁਪਿੰਦਰ ਬੋਸ ਪੀ. ਐਚ. ਡੀ. ਨੇ ਹਿੰਦੀਆਂ ਦੇ ਦੁਖੜੇ ਦੂਰ ਕਰਨ ਲਈ ਅਖਬਾਰਾਂ ਵਿਚ ਲੇਖ ਲਿਖੇ। ਇਤਿਆਦਿ ਹੋਰ ਬੀ ਬਹੁਤ ਸਾਰੇ ਇਨਸਾਫ ਪਸੰਦ ਸਜਣਾਂ ਨੇ ਆਪੋ ਆਪਣੇ ਸਚੇ ਸੁਚੇ ਖਿਆਲ ਜ਼ਾਹਰ ਕੀਤੇ ਪਰ ਸੁਣੇ ਕੌਣ? ਏਧਰ ਤਾਂ ਇਹ ਬਾਤ ਸੀ ਕਿ ਤੇਰੀ ਦਾਹੜੀ ਹਿਲਦੀ ਹੈ। ਸੰਤ ਤੇਜਾ ਸਿੰਘ ਜੀ ਨੇ ਬਹੁਤ ਥਾਈਂ ਜਾ ਜਾ ਕੇ ਲੈਕਚਰ ਦਿੰਦਿਆਂ ਹਿੰਦ ਵਾਸੀਆਂ ਦੀ ਪੋਜ਼ੀਸ਼ਨ ਨੂੰ ਬਿਆਨ ਕੀਤਾ। ਪਾਬੰਦੀ ਫਿਰ ਵੀ ਕਾਇਮ ਰਹੀ।

ਹਾਂਗ ਕਾਂਗ ਤੋਂ ਭਾਈ ਭਗਵਾਨ ਸਿੰਘ ਗ੍ਰੰਥੀ (ਪਿੰਡ ਵਿਣਗਾ ਜ਼ਿਲਾ ਅੰਮ੍ਰਿਤਸਰ) ਕੁਝ

Digitized by Panjab Digital Library | www.panjabdigilib.org

ਸਾਥੀਆਂ ਸਮੇਤ ਕੈਨੇਡਾ ਗਏ, ਜਿਨ੍ਹਾਂ ਨੂੰ ਮੁਸ਼ਕਾਂ ਬੰਨ ਕੇ ਵਾਪਸ ਕੀਤਾ ਗਿਆ।

ਹਿੰਦੁਸਤਾਨ ਤੋਂ ਕੈਨੇਡਾ ਜਾਂ ਅਮਰੀਕਾ ਜਾਣ ਲਈ ਪਾਸਪੋਰਟ ਤੇ ਡਾਕਟਰੀ ਸਾਰਟੀਫੀਕੇਟ ਜ਼ਰੂਰੀ ਸਨ। ਜਿਸ ਨੂੰ ਕੁਕਰੇ ਆਦਿ ਨੁਕਸ ਹੋਵੇ ਉਸ ਨੂੰ ਆਗਿਆ ਨਹੀਂ ਮਿਲਦੀ ਸੀ। ੧੯੧੨ ਵਿਚ ਵੈਨਕੋਵਰ ਦੇ ਹਿੰਦੀਆਂ ਨੇ ਸੰਤ ਤੇਜਾ ਸਿੰਘ, ਡਾਕਟਰ ਸੁੰਦਰ ਸਿੰਘ ਦਾ ਡੇਪੂਟੇਸ਼ਨ ਕੈਨੇਡਾ ਦੇ ਹਾਕਮਾਂ ਨਾਲ ਗੱਲ ਬਾਤ ਕਰਨ ਵਾਸਤੇ ਓਟਾਵਾ ਭੇਜਿਆ। ਡੈਪੂਟੇਸ਼ਨ ਦੀ ਮੰਗ ਇਹ ਸੀ ਕਿ ਹਿੰਦੀਆਂ ਨੂੰ ਕੈਨੇਡਾ ਵਿਚ ਬਾਲ ਬਚੇ ਲਿਆਉਣ ਦੀ ਆਗਿਆ ਦਿਤੀ ਜਾਵੇ, ਡੈਪੂਟੇਸ਼ਨ ਨੇ ਇਮੀਗ੍ਰੇਸ਼ਨ ਦੇ ਵਜ਼ੀਰ ਨਾਲ ਮੁਲਾਕਾਤ ਕੀਤੀ। ਪਰ ਉਸ ਨੇ ਕੋਈ ਸਹੀ ਉਤਰ ਨਾ ਦਿਤਾ ਬਲਕਿ ਟਾਲ ਮਟੋਲਾ ਕਰ ਛੱਡਿਆ। ੧੪ ਮਾਰਚ ੧੯੧੩ ਨੂੰ ਭਾਈ ਬਲਵੰਤ ਸਿੰਘ ਗੰਥੀ ਵੈਨਕੋਵਰ ਸ: ਨੰਦ ਸਿੰਘ ਤੇ ਸ: ਨਰੈਣ ਸਿੰਘ ਫਿਲੌਰ ਦਾ ਇਕ ਡੈਪੂਟੇਸ਼ਨ ਇੰਗਲੈਂਡ ਪੁਜਾ ਪਰ ਉਥੇ ਭੀ ਕਿਸੇ ਨਾ ਸੁਣੀ, ਫਿਰ ਉਹ ਡੈਪੂਟੇਸ਼ਨ ਹਿੰਦੁਸਤਾਨ ਆਇਆ ਕਈ ਥਾਈਂ ਜਲਸੇ ਕੀਤੇ। ਜਨਤਾ ਨੇ ਕੈਨੇਡੀਅਨ ਤੇ ਅਮਰੀਕਨ ਭਰਾਵਾਂ ਦੇ ਦੁਖੜੇ ਦੂਰ ਕਰਨ ਲਈ ਆਵਾਜ਼ ਉਠਾਈ। ਇਸ ਡੈਪੂਟੇਸ਼ਨ ਨੇ ਸ਼ਿਮਲੇ ਪੁਜ ਕੇ ਗਵਰਨਰ ਪੰਜਾਬ ਦੇ ਵਾਇਸ ਰਾਏ ਪਾਸ ਦੁਖੜੇ ਰੋਏ। ਅੰਮ੍ਰਿਤਸਰ ਵਿਚ ਜਲਸਾ ਹੋਇਆ ਜਿਸ ਵਿਚ ਭਾਈ ਬਲਵੰਤ ਸਿੰਘ ਜੀ ਨੇ ਸਾਰੇ ਹਾਲਤ ਬਿਆਨ ਕੀਤੇ, ਇਸ ਜਲਸੇ ਵਿਚ ਸ: ਸੁੰਦਰ ਸਿੰਘ ਮਜੀਠਾ ਵੀ ਸ਼ਾਮਲ ਸਨ। ਪਰ ਪੰਜਾਬ ਜਾਂ ਹਿੰਦੁਸਤਾਨ ਕੀ ਸਰਕਾਰ ਨੇ ਕੁਝ ਵੀ ਨਾ ਕੀਤਾ। ਡੈਪੂਟੇਸ਼ਨ ਜਿਸ ਤਰ੍ਹਾਂ ਆਇਆ ਸੀ ਉਸੇ ਤਰ੍ਹਾਂ ਮੁੜ ਗਿਆ, ਖਾਲਸਾ ਪੈਸਿਫ਼ਿਕ ਕੋਸਟ ਦੀਵਾਨ ਸਟਾਕਟਨ (ਕੈਲੇ ਫੋਰਨੀਆਂ) ਨੇ ਹਿੰਦੀ ਨਿਰਵਾਸਣ ਬਿਲ ਦੇ ਵਿਰੁਧ ੧੯੧੪ ਵਿਚ ਡਾਕਟਰ ਸੁਪਿੰਦਰ ਬੋਸ ਨੂੰ ਵਾਸ਼ਿੰਗਟਨ ਭੇਜਿਆ। ਪਰ ਹਾਕਮਾਂ ਨੇ ਕੋਈ ਗਲ ਨਾ ਸੁਣੀ, ਸਿਖਾਂ ਦੇ ਉਦਮ ਨਾਲ ਵੈਨਕੋਵਰ ਤੇ ਵਿਕਟੋਰੀਆਂ ਵਿਚ ਗੁਰਦੁਆਰੇ ਬਣਾਏ ਗਏ, ਸੰਤ ਤੇਜਾ ਸਿੰਘ ਜੀ, ਸੰਤ ਵਿਸਾਖਾ ਸਿੰਘ ਜੀ, ਬਾਬਾ ਜਵਾਲਾ ਸਿੰਘ ਆਦਿਕ ਦੇ ਜਤਨ ਨਾਲ ਸੀਏਟਲ, ਬਰਕਲੇ ਸਟਾਕਟਨ ਵਿਚ ਵੀ ਗੁਰਦੁਆਰੇ ਬਣ ਗਏ, ਬਾਬਾ ਜਵਾਲਾ ਸਿੰਘ ਸਟਾਕਟਨ ਇਕ ਵੱਡੀ ਫ਼ਰਮ ਦੇ ਮਾਲਕ ਸਨ। ਆਪ ਕਿਰਤ ਕਰਕੇ ਗਰੀਬ ਵਿਦਿਆਰਥੀਆਂ ਨੂੰ ਵਜ਼ੀਫੇ ਦਿੰਦੇ ਸਨ। ੧੯੨੨ ਵਿਚ ਖਾਲਸਾ ਪੈਸਿਫਕ ਕੋਸਟ ਦੀਵਾਨ ਰਜਿਸਟਰਡ ਕਰਾਇਆ ਗਿਆ।

## ਗਦਰ ਪਾਰਟੀ ਦਾ ਮੁਢ

ਇਤ ਆਦਿ ਗਲਾਂ ਤੋਂ ਤੰਗ ਆ ਕੇ ਮਾਰਚ ੧੪੧੩* ਨੂੰ ਇਕ ਗਦਰ ਪਾਰਟੀ ਕਾਇਮ ਕੀਤੀ। ਜਿਸ ਦਾ ਪਹਿਲਾ ਨਾਮ 'ਹਿੰਦੀ ਐਸੋਸੀਏਸ਼ਨ' ਸੀ। ਇਸ ਪਾਰਟੀ ਦਾ ਮੁਖ ਪਰਯੋਜਨ ਇਹ ਸੀ ਕਿ ਹਿੰਦੁਸਤਾਨ ਵਿਚ ਕੌਮੀ ਇਨਕਲਾਬ, ਆਜ਼ਾਦੀ ਤੇ ਬਰਾਬਰੀ ਦੀ ਬਿਨਾ

---

* ਗਦਰ ਪਾਰਟੀ ਦੇ ਇਤਿਹਾਸ ਨਾਲ ਸੰਬੰਧਤ ਅਹਿਮ ਘਟਨਾਵਾਂ। ਕੈਨੇਡਾ ਨਿਵਾਸੀ ਸਿਖਾਂ ਦੀ ਸੰਖੇਪ ਡਾਇਰੀ।

੧੩-੧੨-੧੯੧੧—ਨੂੰ ਪਹਿਲਾ ਡੈਪੂਟੇਸ਼ਨ ਜਿਸ ਵਿਚ ਸ: ਤੇਜਾ ਸਿੰਘ, ਸ: ਰਾਜਾ ਸਿੰਘ ਡਾਕਟਰ ਸੁੰਦਰ ਸਿੰਘ ਤੇ ਡਾ: ਹਾਲ ਸ਼ਾਮਲ ਸੀ। ਖਾਲਸਾ ਦੀਵਾਨ ਸੋਸਾਇਟੀ ਵੈਨਕੋਵਰ ਅਤੇ ਯੂਨਾਇਟਿਡ ਇੰਡੀਆ ਲੀਗ ਵਲੋਂ ਉਟਾਵਾ ਨੂੰ ਵਜ਼ੀਰ ਆਨਰੇਬਲ ਅਰ ਰਾਜਰਸ ਪਾਸ ਗਿਆ।

੨੨-੨-੧੯੧੩—ਦੂਜੇ ਡੈਪੂਟੇਸ਼ਨ ਨੂੰ ਹਿੰਦੋਸਤਾਨ ਭੇਜਣ ਵਾਸਤੇ ਡੌਮੀਨੀਅਨ ਹਾਲ ਵਿਚ

Digitized by Panjab Digital Library | www.panjabdigilib.org

ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨੀ ਅਤੇ ਹਥਿਆਰ ਬੰਦ ਬਗਾਵਤ ਕਰ ਕੇ ਭਾਰਤ ਨੂੰ ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ।

– ਗਦਰ ਪਾਰਟੀ ਦੇ ਮੁਖੀ ਸਜਨ –

ਬਾਬਾ ਸੋਹਣ ਸਿੰਘ ਭਕਨਾ, ਜ਼ਿਲਾ ਅੰਮ੍ਰਿਤਸਰ । ਲਾਲਾ ਹਰਦਿਆਲ ਚੀਫ ਸਕੱਤਰ, ਜ਼ਿਲਾ ਅੰਮਿਤਸਰ । ਪ੍ਰਧਾਨ ਬਾਬਾ ਜਵਾਲਾ ਸਿੰਘ ਠਠੀਆਂ ਜ਼ਿਲਾ ਅੰਮ੍ਰਿਤਸਰ । ਬਾਬਾ ਕੇਸਰ ਸਿੰਘ

---

ਇਕੱਠ ਹੋਇਆ । ਇਸ ਇਕੱਠ ਵਿਚ ਪਾਸ ਹੋਇਆ ਕਿ ਨੰਦ ਸਿੰਘ ਸਹੇਰਾ, ਬਲਵੰਤ ਸਿੰਘ ਗਰੰਥੀ ਤੇ ਨਰੈਣ ਸਿੰਘ ਚੋਪਦਾਰ ਪਿੰਡ ਠੀਕਰੀ ਵਾਲਾ ਨੂੰ ਗੁਰਦਵਾਰੇ ਦੇ ਖਰਚ ਤੇ ਭੇਜਿਆ ਜਾਵੇ ਪਰ ਸਰਦਾਰ ਨਰੈਣ ਸਿੰਘ ਆਪਣੇ ਖਰਚ ਪਰ ਗਿਆ ।

੨੯-੫-੧੯੧੪—ਮਿਲਸਾਈਡ ਗੁਰਦੁਆਰੇ ਜਦ ਮਿਤ ਸਿੰਘ ਗਰੰਥੀ ਦੀ ਸੇਵਾ ਕਰ ਰਿਹਾ ਸੀ, ਕਿਸੇ ਨੇ ਹਮਲਾ ਕਰਨ ਦੀ ਕੋਸ਼ਸ਼ ਕੀਤੀ, ਪਤਾ ਲਗ ਜਾਣ ਕਰਕੇ ਹਮਲਾ-ਆਵਰ ਨੱਸ ਗਿਆ ।

੨੬–੯–੧੯੧੩—ਸਿਆਟਲ ਜਿਹੜੇ ਭਾਈ ਦੇਸੋਂ ਆਏ ਸੀ, ਉਨ੍ਹਾਂ ਦੀ ਜ਼ਮਾਨਤ ਬਾਬਤ ਭਾਈ ਮਿਤ ਸਿੰਘ ਅਤੇ ਭਾਗ ਸਿੰਘ ਅਮਰੀਕਨ ਇਮੀਗਰੇਸ਼ਨ ਗਏ ਪਰ ਇਜਾਜ਼ਤ ਨਾ ਮਿਲੀ ।

੭-੧੦-੧੯੧੩— ਭਾਈ ਭਗਵਾਨ ਸਿੰਘ ਜਖ ਦਾ ਹੈਪੀਅਸ ਕਾਰਪਸ ਲਿਆ ਸੀ ।

੨੧-੧੦-੧੯੧੩—ਭਾਈ ਭਗਵਾਨ ਸਿੰਘ ਨੂੰ ਇਮੀਗਰੇਸ਼ਨ ਵੈਨਕੋਵਰ ਨੇ ਵਾਪਸ ਭੇਜਿਆ ।

੨੩-੧੧-੯੩—੩੯ ਆਦਮੀ ਦੇਸੋਂ ਜਹਾਜ਼ ਵਿਚ ਆਏ, ਜਿਨ੍ਹਾਂ ਬਾਬਤ ਇਮੀਗਰੇਸ਼ਨ ਨਾਲ ਜੱਦੋ-ਜਹਿਦ ਕਰਕੇ ੩੫ ਆਦਮੀ ਉਤਾਰੇ ਸਨ ਤੇ ਚਾਰ ਆਦਮੀ ਬੀਮਾਰੀ ਦੇ ਕਾਰਨ ਨਹੀਂ ਉਤਰ ਸਕੇ ਸਨ ।

੧੯-੫-੧੯੧੪—ਰਾਜਾ ਸਿੰਘ ਨੂੰ ਬੋਟ ਤੇ ਭੇਜਿਆ ਗਿਆ ਕਿ ਕਾਮਾਗਾਟਾ ਮਾਰੂ ਨੂੰ ਪੋਰਟ ਅਲਬਰਨੀ ਘਾਟ ਪੁਰ ਲਾਇਆ ਘਾਵੇ ।

੨੦-੫-੧੯੧੪— ਵਿਕਟੋਰੀਆ ਜਾ ਕੇ ਜਹਾਜ਼ ਕਾਮਾ ਗਾਟਾ ਮਾਰੂ ਪਾਸ ਛੋਟੇ ਬੋਟ ਰਾਹੀਂ ਜਾਣ ਦੀ ਕੋਸ਼ਸ਼ ਕੀਤੀ, ਪਰ ਕੈਨੇਡਾ ਦੀ ਹਕੂਮਤ ਨੇ ਨਾ ਜਾਣ ਦਿਤਾ । ਇਹ ਸੱਜਣ ਗਏ ਸਨ– ਭਾਈ ਭਾਗ ਸਿੰਘ, ਸ! ਬਲਵੰਤ ਸਿੰਘ, ਸ: ਮਿਤ ਸਿੰਘ, ਰਹੀਮ, ਬਾਬੂ ਹਰਨਾਮ ਸਿੰਘ, ਸ: ਰਤਨ ਸਿੰਘ ਤੇ ਸ: ਉਤਮ ਸਿੰਘ ਹਾਂਸ ।

੨੩-੫-੧੯੧੪—ਕਾਮਾ ਗਾਟਾ ਮਾਰੂ ਜਹਾਜ਼ ਵੈਨਕੋਵਰ ਪੁਜਾ ।

੩੬-੫-੧੯੧੪—ਡੋਮੀਨੀਅਨ ਹਾਲ ਵਿਚ ਜਹਾਜ਼ ਬਾਰੇ ਲੈਕਚਰ ਹੋਏ, ਹਾਜ਼ਰ ਭਰਾਵਾਂ ਨੇ ਮਾਇਆ ਦੇ ਖੁਲ੍ਹੇ ਗੱਫੇ ਦਿਤੇ ।

੧੩-੬-੧੯੧੪—ਕਾਮਾ ਗਾਟਾ ਮਾਰੂ ਕੰਪਨੀ ਦੀ ਤਾਰ ਆਈ ਸੀ ਕਿ ਜਾਂ ਚਾਰਟਰਡ ਦੀ ਮਾਇਆ ਕਿਸ਼ਤ ਦੇਵੋ ਨਹੀਂ ਤਾਂ ਜਹਾਜ਼ ਵਾਪਸ ਕੀਤਾ ਜਾਵੇ ।

੧੭-੭-੧੯੧੪—ਭਾਈ ਭਾਗ ਸਿੰਘ, ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਨੂੰ ਇਮੀਗਰੇਸ਼ਨ ਨੇ ਬੰਦ ਕਰ ਲਿਆ ਜਦ ਕਿ ਉਹ ਬਾਬੂ ਤਾਰਕ ਨਾਥ ਦਾਸ ਨੂੰ ਮਿਲਣ ਗਏ ਸੀ । ਕਿਉਂਕਿ ਕੈਨੇਡਾ ਇਮੀਗਰੇਸ਼ਨ ਨੇ ਵਾਪਸ ਲੈਣ ਤੋਂ ਇਨਕਾਰ ਕਰ ਦਿਤਾ ਤੇ ਭਾਈ ਮੇਵਾ ਸਿੰਘ ਕੈਨੇਡਾ ਦੀ ਹੱਦ ਅੰਦਰ ਆਣਜਾ ਕਰਕੇ ਉਸ ਪਰ ਹਥਿਆਰ ਰੱਖਣ ਦਾ ਮੁਕੱਦਮਾ ਚਲਾਇਆ ਗਿਆ ।

੮-੭-੧੯੧੪—ਹੁਕਮ ਸਿੰਘ ਅਚਰਵਾਲ, ਮਿਸਟਰ ਰਹੀਮ ਨੂੰ ਤਲਵਾਰ ਲੈ ਕੇ ਮਾਰਨ ਪਿਆ

Digitized by Panjab Digital Library | www.panjabdigilib.org

ਠੱਟ ਗੜ੍ਹ ਜ਼ਿਲਾ ਅੰਮ੍ਰਿਤਸਰ।

—ਗਦਰ ਪਾਰਟੀ ਦੇ ਇੰਤਜ਼ਾਮੀਆਂ ਮੈਂਬਰ—

ਬਾਬਾ ਸੰਤ ਵਿਸਾਖਾ ਸਿੰਘ ਜੀ ਮਹਾਰਾਜ, ਬਾਬਾ ਰੂੜ ਸਿੰਘ ਜੀ ਚੂਹੜ ਚੱਕ ਫੀਰੋਜ਼ਪੁਰ, ਭਾਈ ਕਰਮ ਸਿੰਘ ਚੀਮਾਂ ਜਲੰਧਰ, ਸ: ਕਰਤਾਰ ਸਿੰਘ ਸਰਭਾ ਲੁਧਿਆਣਾ, ਸ: ਨਿਧਾਨ ਸਿੰਘ ਚੁਗਾ ਫੀਰੋਜ਼ਪੁਰ, ਸ: ਈਸ਼ਰ ਸਿੰਘ ਮਰਹਾਣਾ ਅੰਮ੍ਰਿਤਸਰ, ਪੰਡਤ ਜਗਤ ਰਾਮ ਹਰਿਆਣਾ ਹੁਸ਼ਿਆਰਪੁਰ, ਸ੍ਰੀ ਬਰਕਤ ਉਲਾ ਲੁਧਿਆਣਾ ਖਜ਼ਾਨਚੀ, ਪੰਡਤ ਕਾਂਸ਼ੀ ਰਾਮ ਅੰਬਾਲਾ, ਮੁਨਸ਼ੀ ਕਰੀਮ ਬਖਸ਼ ਆਰਗਨਾਈਜ਼ਿੰਗ ਸਕੱਤ੍ਰ (ਲੁਧਿਆਣਾ) ਮੁਨਸ਼ੀ ਰਾਮ ਮੀਤ ਸਕੱਤ੍ਰ (ਹੁਸ਼ਿਆਰਪੁਰ)

---

ਸੀ। ਪਰ ਦੀਵਾਨ ਸਿੰਘ ਜੌਹਲ ਤੇ ਨੰਦ ਸਿੰਘ ਢੱਟਾ ਵਾਲੇ ਨੇ ਹੁਕਮ ਸਿੰਘ ਨੂੰ ਫੜ ਕੇ ਚੰਗੀ ਸੇਵਾ ਕੀਤੀ ਪਰ ਉਸੀ ਮੁਕੱਦਮੇਂ ਵਿਚ ਨੰਦ ਸਿੰਘ ਨੂੰ ਬੰਦ ਕਰਕੇ ਵਾਪਸ ਦੇਸ ਭੇਜ ਦਿਤਾ ਸੀ।

੨੦-੭-੧੯੧੪ ਨੂੰ ਰੇਨਬੋ ਨਾਮ ਦਾ ਜੰਗੀ ਜਹਾਜ਼ ਸਮੇਤ ਫੌਜੀ ਸਪਾਹੀਆਂ ਦੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਡਰਾਉਣ ਵਾਸਤੇ ਮੰਗਾਇਆ ਗਿਆ ਸੀ।

੨੧-੭-੧੯੧੪ ਨੂੰ ਕਾਮਾਗਾਟਾ ਮਾਰੂ ਜਹਾਜ਼ ਵਿਚ ਗਏ ਮੁਹੰਮਦ ਅਕਬਰ, ਕਰਤਾਰ ਸਿੰਘ ਢੰਡ ਫੀਰੋਜ਼ਪੁਰ, ਮਿਤ ਸਿੰਘ, ਪੰਡੋਰੀ ਲੁਧਿਆਣਾ, ਨਥਾ ਸਿੰਘ, ਰਤਨ ਸਿੰਘ, ਅਰਜਨ ਸਿੰਘ, ਗੰਗਾ ਸਿੰਘ ਉਤਮ ਸਿੰਘ ਹਾਂਸ ਲੁਧਿਆਣਾ, ਤਾਰਾ ਸਿੰਘ ਕੋਣੀ ਫੀਰੋਜ਼ਪੁਰ ਅਤੇ ਫਿਰ ਮਕਨੀਲ ਵਕੀਲ ਨਾਲ ਗਲ ਬਾਤ ਕੀਤੀ ਦੇ ਜਹਾਜ਼ ਮੁੜ ਜਾਣ ਦੀ ਸਲਾਹ ਦਿਤੀ।

੨੨-੭-੧੯੧੪ ਨੂੰ ਸਾਰਾ ਦਿਨ ਜਹਾਜ਼ ਵਿਚ ਰਾਸ਼ਨ ਪੈਂਦਾ ਰਿਹਾ ਹੋਰ ਰਾਸ਼ਨ ਮੰਗਾਣ ਪੁਰ ਬਾਹਰ ਤੋਂ ਫੌਜ ਮੰਗਾਈ ਗਈ ਸੀ।

੨੩-੭-੧੯੧੪ ਨੂੰ ਕਾਮਾਗਾਟਾ ਮਾਰੂ ਜਹਾਜ਼ ਸਵੇਰ ਦੇ ਸਾਢੇ ਚਾਰ ਵਜੇ ਵਾਪਸ ਮੋੜਿਆ।

੩੧-੮-੧੯੧੪ ਨੂੰ ਹਰਨਾਮ ਸਿੰਘ ਫੁਰਲੋ ਪਿੰਡ ਮੂਮ ਗੇਹਲ ਪਟਿਆਲਾ ਦੀ ਲੋਥ ਕਿਟਸਲੀਨੋ ਦੇ ਜੰਗਲ ਵਿਚੋਂ ਮਿਲੀ ਸੀ, ਸੁਨਣ ਵਿਚ ਆਇਆ ਹੈ ਕਿ ਉਸ ਨੂੰ ਜਗਤ ਸਿੰਘ ਪਿੰਡ ਸੁਰ ਸਿੰਘ ਹੋਰਾਂ ਨੇ ਮਾਰਿਆ ਸੀ।

੩-੯-੧੯੧੪ ਨੂੰ ਅਰਜਣ ਸਿੰਘ ਪਿੰਡ ਸਿਖ ਦੌਲਤ ਲੁਧਿਆਣਾ, ਰਾਮ ਸਿੰਘ ਟਲੇਵਾਲ ਪਟਿਆਲਾ ਦੇ ਹਥੋਂ ਅਚਾਨਕ ਮਰ ਗਿਆ।

੫-੯-੧੯੧੪ ਨੂੰ ਅਰਜਣ ਸਿੰਘ ਸਿਖ ਦੌਲਤ ਦਾ ਸਸਕਾਰ ਕਰਨ ਗਏ। ਪਹਿਲਾਂ ਉਥੇ ਬੇਲਾ ਸਿੰਘ ਪਿੰਡ ਜੈਣ ਹੁਸ਼ਿਆਰਪੁਰ ਨੇ ਭਾ: ਭਾਗ ਸਿੰਘ ਅਤੇ ਮਿਤ ਸਿੰਘ ਪੰਡੋਰੀ ਲੁਧਿਆਣਾ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਪਰ ਪੁਲਸ ਵਾਲਾ ਕੋਲ ਹੋਣ ਕਰਕੇ ਮਾਰ ਨਾ ਸਕਿਆ। ਫੇਰ ਗੁਰਦੁਆਰੇ ਪੁਜਨ ਪਰ ਬੇਲਾ ਸਿੰਘ ਨੇ ਪਸਤੌਲ ਨਾਲ ਭਾਈ ਭਾਗ ਸਿੰਘ ਅਤੇ ਬਦਨ ਸਿੰਘ ਕੁੰਮਬੜ ਵਾਲ ਨੂੰ ਬੁਰੀ ਤਰ੍ਹਾਂ ਘਾਇਲ ਕਰ ਦਿਤੇ। ਬਦਨ ਸਿੰਘ ਦੇ ਸਤ ਗੋਲੀਆਂ ਲਗੀਆਂ ਸਨ ਅਤੇ ਉਤਮ ਸਿੰਘ ਨੂਰਪੁਰ ਅਤੇ ਜਵਾਲਾ ਸਿੰਘ ਸਿਖ ਦੌਲਤ ਲੁਧਿਆਣਾ, ਦਲੀਪ ਸਿੰਘ ਨੰਗਲ, ਲਾਭ ਸਿੰਘ ਦਕੋ ਤੇ ਦੋ ਹੋਰਨਾਂ ਨੂੰ ਵੀ ਜ਼ਖਮੀ ਕੀਤਾ ਤੇ ਸਰਕਾਰੀ ਗਵਾਹਾਂ ਬਲਵੰਤ ਸਿੰਘ ਮਿਤ ਰਾਜਾ ਸਿੰਘ ਆਦਿ ਨੂੰ ਵੀ ਪੁਲਸ ਨੇ ਬੰਦ ਕਰ ਰਖਿਆ।

੬-੯-੧੯੧੪ ਨੂੰ ਭਾਈ ਭਾਗ ਸਿੰਘ ਤੇ ਬਦਨ ਸਿੰਘ ਹਸਪਤਾਲ ਵਿਚ ਸੁਰਗਵਾਸ ਹੋਏ। ਦਿਨ ਐਤਵਾਰ ਸੀ।

੭-੯-੧੯੧੪ ਨੂੰ ਦੋਹਾਂ ਸ਼ਹੀਦਾਂ ਦਾ ਇਕ ਚਿਖਾਂ ਵਿਚ ਸਸਕਾਰ ਕੀਤਾ।

Digitized by Panjab Digital Library | www.panjabdigilib.org

ਅਮਰੀਕਾ ਤੇ ਕੈਨੇਡਾ ਦੇ ਹਿੰਦੀਆਂ ਵਿਚ ਪੰਜਾਬੀ ਸਿਖ ਵਧੇਰੇ ਸਨ, ਇਸ ਕਰਕੇ ਗਦਰ ਪਾਰਟੀ ਵਿਚ ਸਿਖ ਬਹੁਤੇ ਆਏ ਹਨ। ਪਾਰਟੀ ਦੇ ਮੁਖੀਆਂ ਤੇ ਇੰਤਜ਼ਾਮੀਆਂ ਕਮੇਟੀ ਦੇ ਮੈਂਬਰਾਂ ਨੇ ਆਪਣੀਆਂ ਜ਼ਾਇਦਾਦਾਂ ਤੇ ਸਾਰੀ ਮਾਇਕ ਭਬੂਤੀ ਪਾਰਟੀ ਦੇ ਖਜ਼ਾਨੇ ਦਾਖਲ ਕਰ ਕੇ ਆਪ ਕੌਮੀ ਫਕੀਰ ਹੋ ਕੇ ਦੇਸ ਦੀ ਸੇਵਾ ਵਿਚ ਡਟ ਗਏ।

"ਗਦਰ ਅਖਬਾਰ"

੧ ਨਵੰਬਰ ੧੯੧੩ ਨੂੰ "ਗਦਰ" ਅਖਬਾਰ ਜਾਰੀ ਕੀਤਾ ਗਿਆ ਜੋ ਹਿੰਦੀ, ਗੁਰਮੁਖੀ

---

੩-੧-੧੯੧੪ ਨੂੰ ਸਰਕਾਰੀ ਗਵਾਹਾਂ ਰਾਜਾ ਸਿੰਘ ਮਿਤ ਸਿੰਘ ਬਲਵੰਤ ਸਿੰਘ ਦੀਆਂ ਜ਼ਮਾਨਤਾਂ ਹੋਈਆਂ।

੧੫-੧੦-੧੯੧੪ ਨੂੰ ਸਃ ਉਤਮ ਸਿੰਘ ਪਿੰਡ ਹਾਂਸ ਜ਼ਿਲਾ ਲੁਧਿਆਣਾ ਤੇ ਸਃ ਪੂਰਨ ਸਿੰਘ ਜੀ ਢੁਡੀਕੇ ਫੀਰੋਜ਼ਪੁਰ, ਸਃ ਸੰਤਾ ਸਿੰਘ ਚੰਦ ਫੀਰੋਜ਼ਪੁਰ ਡਾ.ਡੀ. ਕੁਮਾਰ ੧੯੧੪–੧੫ ਦੀ ਲਹਿਰ ਕੈਨੇਡਾ ਦੇ ਮੋਢੀ ਦੇਸ ਨੂੰ ਗਏ।

੧੬-੧੦-੧੪ ਨੂੰ ਭੋਲਾ ਸਿੰਘ ਚੀਮਨਾ ਗੁਰਦਵਾਰਾ ਮੀਤ ਪ੍ਰਧਾਨ ਨੂੰ ਪ੍ਰਤਾਪ ਸਿੰਘ ਟਟੂਆਵਾਲੇ ਨੇ ਦੇਸ ਜਾਣ ਲਗੇ ਨੂੰ ਜਹਾਜ਼ ਪਰ ਬੰਦ ਕਰਵਾ ਦਿਤਾ।

੧੬-੧੦-੧੯੧੪ ਨੂੰ ਭੋਲਾ ਸਿੰਘ ਚੀਮਨਾ ਜ਼ਿਲਾ ਲੁਧਿਆਣਾ ਦੀ ਜ਼ਮਾਨਤ ਹੋਈ।

੨੧-੧੦-੧੯੧੪ ਨੂੰ ਭਾਈ ਮੇਵਾ ਸਿੰਘ ਨੇ ਹਾਪਕਿਨਸਨ ਦੁਭਾਸੀਏ ਨੂੰ ਕੋਰਟ ਵਿਚ ਗੋਲੀ ਨਾਲ ਮਾਰਿਆ ਸੀ।

੨੩-੧੦-੧੯੧੪ ਨੂੰ ਮਿਸਟਰ ਰਹੀਮ, ਕਰਤਾਰ ਸਿੰਘ ਚੰਦ ਫੀਰੋਜ਼ਪੁਰ, ਮਿਤ ਸਿੰਘ ਪੰਡੋਰੀ ਲੁਧਿਆਣਾ, ਬਲਵੰਤ ਸਿੰਘ, ਸੋਹਨ ਲਾਲ ਨੂੰ ਹਾਪਕਿਨਸਨ ਦੇ ਮਰਵਾਉਣ ਦੇ ਜੁਰਮ ਵਿਚ ਹਵਾਲਾਤ ਵਿਚ ਬੰਦ ਕੀਤਾ ਗਿਆ।

੨੨-੧੦-੧੯੧੪ ਨੂੰ ਭੋਲਾ ਸਿੰਘ ਚੀਮਨਾ ਦਾ ਮੁਕਦਮਾ ਖਾਰਜ ਹੋਇਆ ਤੇ ਚੀਮਨਾ ਬਰੀ ਹੋਇਆ।

੩੦-੧੦-੧੯੧੪ ਨੂੰ ਭਾਈ ਮੇਵਾ ਸਿੰਘ ਨੂੰ ਫਾਂਸੀ ਦਾ ਹੁਕਮ ਹੋਇਆ।

੪-੧੧-੧੯੧੪ ਨੂੰ ਮਿਤ ਸਿੰਘ ਹਾਪਕਿਨਸਨ ਦੇ ਮਰਵਾਉਣ ਦੇ ਇਲਜ਼ਾਮ'ਚ ਪਕੜਿਆ ਗਿਆ ਕਿਉਂਕਿ ਮਿਲ ਸਾਈਡ ਗੁੱਥੀ ਹੋਣ ਕਰਕੇ ਪਹਿਲਾਂ ਪੁਲਸ ਪਕੜ ਨਾ ਸਕੀ।

੨੦-੧੧-੧੯੧੪ ਨੂੰ ਬੇਲਾ ਸਿੰਘ ਬਰੀ ਹੋਇਆ।

੪-੧੨-੧੯੧੪ ਨੂੰ ਸੋਹਨ ਲਾਲ ਤੇ ਮਿਸਟਰ ਰਹੀਮ ਹਾਪਕਿਨਸਨ ਵਾਲੇ ਮੁਕਦਮੇ ਵਿਚੋਂ ਬਰੀ ਹੋਏ ਤੇ ਕਰਤਾਰ ਸਿੰਘ ਚੰਦ ਮਿਤ ਸਿੰਘ ਪੰਡੋਰੀ ਭਾਈ ਬਲਵੰਤ ਸਿੰਘ ਤੋਂ ਮੁਕਦਮਾ ਵਾਪਸ ਲੈ ਲਿਆ ਗਿਆ।

੮-੧੨-੧੯੧੪ ਨੂੰ ਬੇਲਾ ਸਿੰਘ ਤੇ ਬਾਵਾ ਸਿੰਘ ਨੇ ਪਾਵਲ ਸਟਰੀਟ ਵਿਚ ਮਿਤ ਸਿੰਘ ਪੰਡੋਰੀ ਪਰ ਹਮਲਾ ਕੀਤਾ ਪਰ ਮਿਤ ਸਿੰਘ ਬਾਲ ਬਾਲ ਬਚ ਗਿਆ ਤੇ ਮਦਰਾਸ ਵਕੀਲ ਦੀ ਰਾਂਹੀ ਪੁਲਸ ਨੂੰ ਚਿਠੀ ਲਿਖੀ।

੧੧-੧੨-੧੯੧੪ ਨੂੰ ਸਃ ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ ਲੁਧਿਆਣਾ ਦੇਸ ਨੂੰ ਗਏ ਜਿਹੜੇ ਕਿ ੧੯੧੪-੧੫ ਦੀ ਲਹਿਰ ਵਿਚ ਉਮਰ ਕੈਦ ਹੋਏ।

੧੧-੧-੧੯੧੫ ਨੂੰ ਸਵੇਰ ਦੇ ੮ ਬਜੇ ਭਾਈ ਮੇਵਾ ਸਿੰਘ ਨੂੰ ਫਾਂਸੀ ਦਿਤਾ ਗਿਆ। ਭਾਃ ਮਿਤ

Digitized by Panjab Digital Library | www.panjabdigilib.org

ਤੇ ਉਰਦੂ ਵਿਚ ਛਪਦਾ ਸੀ । ਅਖਬਾਰ ਦਾ ਮੁਖ ਉਦੇਸ਼ ਇਹ ਸੀ ਕਿ ਹਿੰਦੀਆਂ ਦੇ ਸਾਹਮਣੇ ਅੰਗਰੇਜ਼ੀ ਸਰਕਾਰ ਦੀਆਂ ਕਹਾਣੀਆਂ ਦਾ ਕੱਚਾ ਚਿੱਠਾ ਰਖਣਾ ਸੀ।

ਇਸ ਅਖਬਾਰ ਦੇ ਪ੍ਰੈਸ ਵਿਚ ਸ: ਕਰਤਾਰ ਸਿੰਘ ਸਰਾਭਾ, ਸ: ਹਰਨਾਮ ਸਿੰਘ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਤੇ ਸ: ਪ੍ਰਿਥਵੀ ਸਿੰਘ ਜੀ ਅੰਬਾਲਾ ਕੰਮ ਕਰਦੇ ਸਨ, ਪਰੈਸ ਦੇ ਮੈਨੇਜਰ ਪੰਡਤ ਜਗਤ ਰਾਮ ਹਰਿਆਣਾ ਸਨ ।

ਗ਼ਦਰ ਪਾਰਟੀ ਦੇ ਵਰਕਰ ਪਾਰਟੀ ਫੰਡ ਚੋਂ ਸਿਰਫ ਰੋਟੀ ਕਪੜਾ ਲੈ ਕੇ ਸੇਵਾ ਕਰਦੇ ਸਨ, ਜਿਸ ਦਾ ਸਿੱਟਾ ਇਹ ਹੋਇਆ ਕਿ ਛੇ ਮਹੀਨੇ ਦੇ ਅੰਦਰ ਅੰਦਰ ਗ਼ਦਰ ਪਾਰਟੀ ਦੀਆਂ ਸ਼ਾਖਾਂ ਅਮਰੀਕਾ ਤੇ ਕੈਨੇਡਾ ਵਿਚ ਕਾਇਮ ਹੋ ਗਈਆਂ । ਗਦਰ ਅਖਬਾਰ ਬਰਮਾ, ਮਲਾਇਆ, ਚੀਨ, ਜਾਪਾਨ,

---

ਸਿੰਘ ਪੰਡੋਰੀ ਗ੍ਰੰਥੀ ਦੀ ਹੈਸੀਅਤ ਵਿਚ ਹਾਜ਼ਰ ਸੀ । ਫਾਂਸੀ ਤੋਂ ਪਹਿਲਾਂ ਭਾਈ ਮੇਵਾ ਸਿੰਘ ਨੇ ਇਹ ਸ਼ਬਦ ਪੜ੍ਹਿਆ "ਹਰਿ ਜਸ ਰੇ ਮਨ ਗਾਇਲੈ ਜੋ ਸੰਗੀ ਹੈ ਤੇਰੋ" ਬਹੁਤ ਸਾਰੀਆਂ ਸੰਗਤਾਂ ਨੇ ਮੀਂਹ ਪੈਂਦੇ ਵਿਚ ਜਲੂਸ ਕਢਕੇ ਮਿਲ ਸਾਈਡ ਸਸਕਾਰ ਕੀਤਾ । ਪੁਲਸ ਦਾ ਪ੍ਰਬੰਧ ਸ਼ਲਾਘਾ ਯੋਗ ਸੀ ।

੧੮-੩-੧੯੧੫ ਨੂੰ ਜਗਤ ਸਿੰਘ ਮਹਿਰਾਂ ਭੂਤ ਵਿੰਡ ਜੋ ਬੇਲਾ ਸਿੰਘ ਨੂੰ ਮਾਰਨ ਨੂੰ ਫਿਰਦਾ ਸੀ ਪਰਤਾਪ ਸਿੰਘ ਕੋਟਲੀ ਵਾਲੇ ਨੇ ਬੇਲਾ ਸਿੰਘ ਨੂੰ ਬਚਾਉਣ ਖਾਤਰ ਜਗਤ ਸਿੰਘ ਨੂੰ ਫੜ ਕੇ ਹੇਠਾਂ ਸੁਟ ਲਿਆ । ਜਗਤ ਸਿੰਘ ਨੇ ਹੇਠੋਂ ਪਏ ਨੇ ਗੋਲੀ ਮਾਰ ਕੇ ਪਰਤਾਪ ਸਿੰਘ ਨੂੰ ਮਾਰ ਦਿਤਾ ਤੇ ਬੇਲਾ ਸਿੰਘ ਭਜ ਗਿਆ ।

੧੩-੪-੧੯੧੫ ਨੂੰ ਮਤਾਬ ਸਿੰਘ ਕਾਰੇ ਅਧਕਾਰੇ ਦੇ ਘਰ ਨੂੰ ਬੇਲਾ ਸਿੰਘ ਪਾਰਟੀ ਨੇ ਬਰੂਦ ਲਾ ਕੇ ਉੜਾ ਦਿਤਾ । ਮਤਾਬ ਸਿੰਘ ਸ਼ਹੀਦ ਹੋ ਗਿਆ । ਹੋਰ ਕਈ ਜ਼ਖਮੀ ਹੋਏ । ਘਰ ਦਾ ਨੰਬਰ ੧੭੪੮ ਸੀ ।

੧੬-੪-੧੯੧੫ ਨੂੰ ਬੇਲਾ ਸਿੰਘ ਜਿਆਣ ਭਗਤ ਸਿੰਘ ਹਰੀ ਪੁਰ ਸੇਵਾ ਸਿੰਘ ਨੁਮਾਵੇ ਨੈਣਾ ਸਿੰਘ ਕੰਦੋਲ ਨੇ ਲਛਮਣ ਸਿੰਘ ਖੁਰਦ ਪੁਰ ਤੇ ਹਮਲਾ ਕੀਤਾ ੧੬੬੯

੧੨-੬-੧੯੧੫ ਨੂੰ ਲਛਮਣ ਸਿੰਘ ਖੁਰਦ ਪੁਰ ਤੇ ਹਮਲਾ ਕਰਨ ਦੇ ਇਲਜ਼ਾਮ ਵਿਚ ਬੇਲਾ ਸਿੰਘ ਭਗਤ ਸਿੰਘ ਨੂੰ ਇਕ ਇਕ ਸਾਲ ਅਤੇ ਸੇਵਾ ਸਿੰਘ ਤੇ ਨੈਣਾ ਸਿੰਘ ਨੂੰ ਛੇ ਛੇ ਮਹੀਨੇ ਕੈਦ ਹੋਈ ।

੧੨-੯-੧੯੧੫ ਨੂੰ ਮਿਤ ਸਿੰਘ ਐਬਸ ਫੋਰਡ ਗੁਰਦਵਾਰੇ ਦਾ ਗ੍ਰੰਥੀ ਮੁਕਰਰ ਹੋਇਆ ।

੧-੧੦-੧੯੧੫ ਨੂੰ ਜਹਾਜ਼ ਬਾਬਤ ਜੋ ਮਾਇਆ ਖਰਚ ਹੋਈ ਸੀ ਉਸ ਦੀ ਪੇਸ਼ੀ ਹੋਈ ।

੩-੧੦-੧੯੧੫ ਨੂੰ ਪ੍ਰਤਾਪ ਸਿੰਘ ਟਟੂਆਂ ਵਾਲਾ ਪਿੰਡ ਤਾਜੇ ਕੇ ਨੇ ਸ: ਮਿਤ ਸਿੰਘ ਪਰ ਐਬਟਸ ਫੋਰਡ ਗੁਰਦਵਾਰੇ ਵਿਚ ਰਾਤ ਦੇ ੯ ਬਜੇ ਜਦ ਕਿ ਸੌਣ ਦੀ ਤਿਆਰੀ ਕਰ ਰਿਹਾ ਸੀ, ਟਟੂਆਂ ਵਾਲੇ ਨੇ ਮੂਹਰਲਾ ਬੂਹਾ ਖੋਲ ਕੇ ਗੋਲੀ ਚਲਾਈ । ਪਿਛਲੇ ਦਰਵਾਜ਼ੇ ਵਿਚ ਪ੍ਰੇਮ ਸਿੰਘ ਠੋਲੀ ਵਾਲਾ ਖੜਾ ਸੀ । ਟਟੂਆਂ ਵਾਲੇ ਨੇ ਦੋ ਗੋਲੀਆਂ ਚਲਾਈਆਂ । ਪਹਿਲੀ ਗੋਲੀ ਸਜੇ ਕੰਨ ਕੋਲ ਦੀ ਦੂਜੀ ਖਬੇ ਮੋਢੇ ਪਰ ਸਿਰਫ ਕੁੜਤੇ ਨੂੰ ਜਲਾ ਕੇ ਲੰਘ ਗਈ ਅਤੇ ਮਿਤ ਸਿੰਘ ਨੇ ਹਿੰਮਤ ਕਰਕੇ ਟਟੂਆਂ ਵਾਲੇ ਨੂੰ ਫੜ ਲਿਆ ਤੇ ਪੁਲਸ ਨੂੰ ਫੜਾ ਦਿਤਾ । ਅਤੇ ਸਵੇਰੇ ਪ੍ਰੇਮ ਸਿੰਘ ਠੋਲੀ ਜੰਗਲ ਵਿਚੋਂ ਨਿਕਲਦਾ ਫੜਿਆ ਗਿਆ ।

੩-੧੨-੧੯੧੫ ਨੂੰ ਪਰਤਾਪ ਸਿੰਘ ਟਟੂਆਂ ਵਾਲੇ ਨੂੰ ਚਾਰ ਸਾਲ ਕੈਦ ਹੋਈ ਤੇ ਪ੍ਰੇਮ ਸਿੰਘ ਠੋਲੀ ਬਰੀ ਹੋ ਗਿਆ ।

Digitized by Panjab Digital Library | www.panjabdigilib.org

ਈਸਟ ਇੰਡੇਜ਼, ਸਿਆਮ, ਜ਼ੰਜੀਬਾਰ, ਨਿਊਜ਼ੀਲੈਂਡ, ਅਰਜਨ ਟਾਈਨ, ਫਿਜ਼ੀ, ਆਸਟਰੇਲੀਆ, ਪੰਜਾਬ ਤੇ ਹਿੰਦੁਸਤਾਨ ਜਾਣ ਲਗ ਪਿਆ। ਪ੍ਰਦੇਸਾਂ ਵਿਚ ਬੈਠੇ ਭਾਰਤੀਆਂ ਵਿਚ ਗਦਰ ਅਖਬਾਰ ਨੇ ਦੇਸ਼ ਭਗਤੀ ਤੇ ਆਜ਼ਾਦੀ ਦੀ ਰੂਹ ਫੂਕ ਦਿਤੀ। ਇਕ ਸਾਲ ਵਿਚ ਗਦਰ ਪਾਰਟੀ ਪੂਰਨ ਜੋਬਨ ਪਰ ਹੋ ਗਈ। ਲਾਲਾ ਹਰਦਿਆਲ ਨੇ ਚੀਫ ਸਕੱਤ੍ਰੀ ਦਾ ਪੰਜ ਮਹੀਨੇ ਕੰਮ ਕੀਤਾ, ਫਿਰ ਪਾਰਟੀ ਨੇ ਲਾਲਾ ਜੀ ਨੂੰ ਸਵਿਜ਼ਰਲੈਂਡ ਭੇਜ ਦਿਤਾ ਤੇ ਇਨ੍ਹਾਂ ਦੀ ਥਾਂ ਸੰਤੋਖ ਸਿੰਘ ਕੈਨੇਡੀਅਨ (ਸਰਦੇਵ ਅੰਮ੍ਰਿਤਸਰ) ਨੂੰ ਚੀਫ ਸਕੱਤ੍ਰ ਬਣਾਇਆ।

ਪਰਦੇਸਾਂ ਵਿਚ ਰੋਜ਼ੀ ਕਮਾਉਣ ਜਾਂ ਕੋਈ ਪੜ੍ਹਣ ਗਏ ਸਨ ਇਨ੍ਹਾਂ ਵਿਚੋਂ ਕੋਈ ਕੋਈ ਸੁਖ ਦੀ ਰੋਟੀ ਖਾਂਦੇ ਸਨ। ਗੈਰਾਂ ਦੇ ਵਰਤਾਉ ਨੇ ਹਿੰਦੀਆਂ ਨੂੰ ਨਿਸਚਾ ਕਰਾ ਦਿਤਾ ਕਿ "ਹਮਾਰੇ ਵਤਨ ਸੇ ਬਿਹਤਰ ਨਹੀਂ ਕੋਈ ਆਸ਼ੀਆਨਾ" ਜਿਸ ਕਰਕੇ ਸਾਰੇ ਭਾਰਤ ਦੇ ਪਰਦੇਸੀ ਵੀਰ ਆਜ਼ਾਦੀ ਲਈ ਤੜਫ ਉਠੇ। ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਨੇ ਆਪਣੇ ਸੁਖਾਂ ਨੂੰ ਤਿਆਗ ਕੇ ਜੇਲ੍ਹਾਂ ਵਿਚ ਜਵਾਨੀਆਂ ਰੋਲਨੀਆਂ, ਹੱਸ ਹੱਸ ਕੇ ਫਾਂਸੀ ਦੇ ਰਸਿਆਂ ਨੂੰ ਚੁਮਣਾ ਅਤੇ ਮੌਤ ਲਾੜੀ ਨਾਲ ਮਜ਼ਾਖ ਕਰਨੇ ਅਰੰਭ ਕਰ ਦਿਤੇ। ਵਰਡਜ਼ਵਥ ਨੇ ਕਿਹਾ ਹੈ:— 'ਉਹ ਮੁਰਦਾ ਦਿਲ ਹੈ ਜਿਸ ਨੇ ਇਹ ਕਦੀ ਨਹੀਂ ਕਿਹਾ ਕਿ ਇਹ ਮੇਰਾ ਦੇਸ਼ ਹੈ, ਇਹ ਮੇਰੀ ਮਾਤਰ ਭੂਮੀ ਹੈ।" ੧੯੧੪-੧੫ ਵਿਚ ਜਦ ਕਿ ਕਰੋੜਾਂ ਭਾਰਤ ਵਾਸੀਆਂ ਵਿਚ ਦੇਸ਼ ਭਗਤੀ ਦਾ ਜਜ਼ਬਾ ਉਭਰ ਉਠਿਆ ਉਸ ਵਕਤ ਅਮਰੀਕਾ ਤੇ ਕੈਨੇਡਾ ਦੇ ਦੇਸ਼ ਭਗਤਾਂ ਨੇ ਆਜ਼ਾਦੀ ਦਾ ਸੰਦੇਸ਼ ਦਿਤਾ। ਇਹ ਜ਼ਿੰਦਾ ਸ਼ਹੀਦੀ ਕਤਾਰ ਵਿਚ ਆਉਣ ਵਾਲੇ ੨੯ ਹਜ਼ਾਰ ਦੇ ਲਗ ਭਗ ਸਨ, ਜਿਨ੍ਹਾਂ ਵਿਚ ਸਿਰਫ ੨੯ ਹਿੰਦੂ ਮੁਸਲਮਾਨ ਸਨ। ਕਿਉਂਕਿ ਸਿਖਾਂ ਦੇ ਕੰਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਹ ਸ਼ਬਦ ਗੂੰਜ ਰਿਹਾ ਸੀ "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ" ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ, ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੇਸ਼ ਲਈ ਕੀਤੀਆਂ ਬੇ-ਮਿਸਾਲ ਕੁਰਬਾਨੀਆਂ ਅੱਖਾਂ ਅਗੇ ਸਨ।

## ਕਾਮਾ ਗਾਟਾ ਮਾਰੂ ਜਹਾਜ਼

੧੭ ਅਕਤੂਬਰ ੧੯੧੩ ਨੂੰ ੩੯ ਹਿੰਦੀ ਕੈਨੇਡਾ ਗਏ। ਇਮੀਗ੍ਰੇਸਨ ਵਾਲਿਆਂ ਨੇ ਇਨ੍ਹਾਂ ਤੇ ਮੁਕੱਦਮਾ ਚਲਾਇਆ ਤੇ ਕੈਨੇਡੀਅਨ ਵੀਰਾਂ ਨੇ ਉਨ੍ਹਾਂ ਦਾ ਮੁਕੱਦਮਾ ਲੜਿਆ। ਅਦਾਲਤ ਨੇ ਹਿੰਦੀਆਂ ਨੂੰ ਬਰੀ ਕਰ ਦਿਤਾ। ਹਿੰਦੀ ਨਿਰਵਾਸਣ ਬਿਲ ਦੇ ਵਿਰੁਧ ਰੋਸ ਪ੍ਰਗਟ ਕਰਨ ਲਈ ੧੯੧੪ ਵਿਚ ਖਾਲਸਾ ਪੈਸਿਫਿਕ ਕੋਸਟ ਦੀਵਾਨ ਨੇ ਡਾਕਟਰ ਸੁਰਿੰਦਰ ਬੋਸ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਵਾਸ਼ਿੰਗਟਨ ਭੇਜਿਆ ਪਰ ਕੋਈ ਗੱਲ ਨਾ ਸੁਣੀ ਗਈ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹਿੰਦ ਦੀ ਸਰਕਾਰ ਨੇ ਕੋਈ ਪ੍ਰਵਾਨ ਨਾਂ ਕੀਤਾ।

ਉਨ੍ਹਾਂ ਦਿਨਾਂ ਵਿਚ ਬਾਬਾ ਗੁਰਦਿਤ ਸਿੰਘ ਪਿਤਾ ਸ. ਹੁਕਮ ਸਿੰਘ ਪਿੰਡ ਸਰਹਾਲੀ ਜ਼ਿਲਾ ਅੰਮ੍ਰਿਤਸਰ ਮਲਾਇਆ ਵਿਚ ਠੇਕੇਦਾਰੀ ਦਾ ਕੰਮ ਕਰਦੇ ਸਨ। ਉਹਨਾਂ ਨੂੰ ਕਈ ਸੱਜਨਾਂ ਨੇ ਪ੍ਰੇਰਨਾ ਕੀਤੀ ਕਿ ਕੈਨੇਡਾ ਜਾਣ ਲਈ ਇਕ ਜਹਾਜ਼ ਤਿਆਰ ਕਰਨ। ਕੈਨੇਡੀਅਨ ਖਾਲਸੇ ਨੇ ਇਕ ਚਿੱਠੀ ਖਾਲਸਾ ਦੀਵਾਨ ਹਾਂਗ ਕਾਂਗ ਨੂੰ ਘੱਲੀ ਕਿ ਇਮੀਗ੍ਰੇਸ਼ਨ ਦਾ ਹਿੰਦੀਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਲਈ ਰੋਕਣ ਵਾਲਾ ਕਾਨੂੰਨ ਟੁਟ ਚੁਕਾ ਹੈ, ਇਸ ਵਾਸਤੇ ਜੋ ਹਿੰਦੀ ਕੈਨੇਡਾ ਆਉਣਾ ਚਾਹੁਣ ਤਾਂ ਆ ਸਕਦੇ ਹਨ। ਬਾਬਾ ਗੁਰਦਿਤ ਸਿੰਘ ਜੀ ਨੇ ਇਕ ਜਾਪਾਨੀ ਕੰਪਨੀ ਦੇ ਏਜੰਟ ਮਿਸਟਰ ਏ. ਬੌਨੀ ਨਾਲ ਪ੍ਰਸਪਰ ਵਿਚਾਰ ਕਰਕੇ ੧੧੦੦੦ ਡਾਲਰ ਮਹੀਨੇ ਤੇ ਛੇ ਮਹੀਨਿਆਂ ਲਈ ਕਾਮਾ ਗਾਟਾ ਮਾਰੂ ਜਹਾਜ਼-

Digitized by Panjab Digital Library | www.panjabdigilib.org

*ਕਿਰਾਏ ਤੇ ਲਿਆ।

## ਗਦਰ ਪਾਰਟੀ ਦੀ ਕਾਇਮੀ

ਕੈਨੇਡਾ ਸਰਕਾਰ ਦੇ ਬੇ ਅਸੂਲੇ ਕਾਨੂੰਨਾਂ ਤੋਂ ਤੰਗ ਆ ਕੇ ਮਾਰਚ ੧੯੧੩ ਵਿਚ ਇਕ ਗਦਰ ਪਾਰਟੀ ਕਾਇਮ ਕੀਤੀ, ਜਿਸ ਦਾ ਪਹਿਲਾ ਨਾਮ ਹਿੰਦੀ ਐਸੋਸੀਏਸ਼ਨ ਸੀ। ਇਸ ਪਾਰਟੀ ਦਾ ਉਦੇਸ਼ ਸੀ ਹਿੰਦੁਸਤਾਨ ਵਿਚ ਕੌਮੀ ਇਨਕਲਾਬ, ਆਜ਼ਾਦੀ ਤੇ ਬਰਬਾਦੀ ਦੀ ਬਨ੍ਹ ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨੀ ਅਤੇ ਹਥਿਆਰ ਬੰਦ ਬਗਾਵਤ ਕਰਕੇ ਹਿੰਦ ਦੇ ਵਾਸੀਆਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ। ਇਸ ਸੁਸਾਇਟੀ ਦੇ ਮੁਖੀ ਪ੍ਰਬੰਧਕ ਹੇਠ ਲਿਖੇ ਅਨੁਸਾਰ ਸਨ:—

| ਨਾਮ | ਪਿੰਡ | ਜ਼ਿਲਾ |
|---|---|---|
| ਸੰਤ ਵਿਸਾਖਾ ਸਿੰਘ | ਦਦੇਹਰ | ਅੰਮ੍ਰਿਤਸਰ |
| ਬਾਬਾ ਕੇਸਰ ਸਿੰਘ | ਠਠਗੜ੍ਹ | ,, |
| ਬਾਬਾ ਸੋਹਣ ਸਿੰਘ | ਭਕਨਾ | ,, |
| ਸ: ਈਸ਼ਰ ਸਿੰਘ | ਮਰਹਾਣਾ | ,, |
| ਸ: ਕਰਮ ਸਿੰਘ | ਚੀਮਾਂ | ਜਲੰਧਰ |
| ਬਾਬਾ ਰੂੜ ਸਿੰਘ | ਚੂਹੜ ਚੱਕ | ਫੀਰੋਜ਼ਪੁਰ |
| ਸ: ਨਿਧਾਨ ਸਿੰਘ | ਚੁਘਾ | ,, |
| ਪੰਡਤ ਜਗਤ ਰਾਮ | ਹਰਿਆਣਾ | ਹੁਸ਼ਿਆਰ ਪੁਰ |
| ਮੁਨਸ਼ੀ ਰਾਮ | ਸਰਾਭਾ | ,, |
| ਸ: ਕਰਤਾਰ ਸਿੰਘ | | ਲੁਧਿਆਣਾ |
| ਬਰਕਤ ਉਲਾ | | ,, |

ਇਹਨਾਂ ਇੰਤਜ਼ਾਮੀਆਂ ਤੋਂ ਇਲਾਵਾ ਹੇਠ ਲਿਖੇ ਕਮੇਟੀ ਦੇ ਔਹਦੇਦਾਰ ਹਨ:—

| | | |
|---|---|---|
| ਪ੍ਰਧਾਨ ਬਾਬਾ ਜੁਆਲਾ ਸਿੰਘ | ਠਠੀਆਂ | ਅੰਮ੍ਰਿਤਸਰ |
| ਚੀਫ ਸਕੱਤ੍ਰ ਲਾਲਾ ਹਰਦਿਆਲ ਜੀ | | |
| ਆਰਗੀਨੇਜ਼ ਸਕੱਤ੍ਰ ਮੁਨਸ਼ੀ ਕਰੀਮ ਬਖਸ਼ | | |
| ਖਜ਼ਾਨਚੀ ਪੰਡਤ ਕਾਂਸ਼ੀ ਰਾਮ | | ਅੰਬਾਲਾ |

ਇਸ ਪਾਰਟੀ ਦਾ ਦਫਤਰ ਸਾਨ ਫਰਾਂਸਿਸਕੋ ਵਿਚ ਸੀ, ਇਸ ਪਾਰਟੀ ਦਾ ਪ੍ਰਚਾਰ ਕਰਨ ਵਾਸਤੇ ਅਖਬਾਰ ਤੇ ਪ੍ਰੈਸ ਹੋਣਾ ਜ਼ਰੂਰੀ ਸੀ। ਇਸ ਲਈ ਸ: ਕਰਤਾਰ ਸਿੰਘ ਜੀ ਸਰਾਭਾ ਲੁਧਿਆਣਾ, ਸ: ਹਰਨਾਮ ਸਿਘ ਕੋਟਲਾ ਨੌਧ ਸਿਘ ਹੁਸ਼ਿਆਰ ਪੁਰ, ਸ: ਪ੍ਰਿਥੀ ਸਿੰਘ ਅੰਬਾਲਾ, ਪ੍ਰੈਸ ਦੇ ਮੈਨੇਜਰ ਪੰਡਤ ਜਗਤ ਰਾਮ ਹਰਿਆਣਾ ਆਦਿ ਨੂੰ ਚੁਣ ਕੇ ੧ ਨਵੰਬਰ ੧੯੧੩ ਨੂੰ ਗਦਰ ਅਖਬਾਰ ਸਰਾਭਾ ਜੀ ਦੀਆਂ ਸਰਗਰਮੀਆਂ ਹੇਠ ਜਾਰੀ ਕੀਤਾ ਗਿਆ। ਅਖਬਾਰ ਦਾ ਭਾਵ ਭਾਰਤ ਵਾਸੀਆਂ ਦੇ ਸਾਹਮਣੇ ਅਗਰੇਜ਼ ਰਾਜ ਦੀਆਂ ਬਦ-ਸਲੂਕੀਆਂ ਦਾ ਕੱਚਾ ਚਿੱਠਾ ਰਖਣਾ ਸੀ।

---

* ਮਾਰੂ ਜਾਪਾਨੀ ਬੋਲੀ ਵਿਚ ਸਮੁੰਦਰੀ ਜਹਾਜ਼ ਨੂੰ ਕਹਿੰਦੇ ਹਨ। ਜਿਸ ਦਾ ਨਾਮ ਬਾਬਾ ਜੀ ਨੇ ਗੁਰੂ ਨਾਨਕ ਜਹਾਜ਼ ਰੱਖਿਆ ਜੋ ਸਿਖੀ ਦੀ ਨਿਸ਼ਾਨੀ ਹੈ।

Digitized by Panjab Digital Library | www.panjabdigilib.org

# ੧੯੧੪-੧੫ ਵਾਲੇ ਦੇਸ਼ ਭਗਤ

੧੯੧੪-੧੫ ਵਿਚ ਬਾਹਰਲੇ ਮੁਲਕਾਂ ਵਿਚੋਂ ਗੁਲਾਮ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਵਾਸਤੇ ੨੬ ਹਜ਼ਾਰ ਹਿੰਦੀ ਭਾਰਤ ਵਿਚ ਆਏ, ਜਿਨ੍ਹਾਂ ਵਿਚ ੨੯ ਹਿੰਦੂ ਮੁਸਲਮਾਨ ਸਨ। ਇਹ ਲਹਿਰ ਨਾ ਕਾਮਯਾਬ ਹੋਣ ਤੇ ਕੁਝ ਬਾਹਰਲੇ ਮੁਲਕਾਂ ਨੂੰ ਮੁੜ ਗਏ, ਕੁਝ ਜੰਗਲਾਂ ਪਹਾੜਾਂ ਵਿਚ ਫਿਰਦੇ ਮਰ ਗਏ, ਕਈ ਸਾਧ ਫਕੀਰ ਬਣ ਗਏ, ਕੁਝ ਗ੍ਰਿਫਤਾਰ ਹੋ ਗਏ।

(ਬਚਨ ਬਾਬਾ ਨਿਧਾਨ ਸਿੰਘ ਜੀ ਚੁਘਾ ਕਲਾਂ)

ਛੇ ਸਤ ਹਜ਼ਾਰ ਸਿੰਘ ਸਨ। (ਲਿਖਤ ਸ੍ਰੀ ਸਚਿੰਦਰ ਨਾਥ ਸਾਨ੍ਹੇਵਾਲ ਬੰਦੀ ਜੀਵਨ ਪਹਿਲਾ ਭਾਗ ਸਫਾ ੯)

ਸੱਤ ਅੱਠ ਹਜ਼ਾਰ ਦੇ ਕਰੀਬ ਥਾਈਂ ਥਾਈਂ ਜੇਲ੍ਹਾਂ ਵਿਚ ਤਲਵਾਰਾਂ ਨਾਲ ਗੁਪਤ ਸ਼ਹੀਦ ਕੀਤੇ ਗਏ। ਬਾਕੀ ੨੯੧ ਸਿੰਘਾਂ ਨੂੰ ਹੇਠ ਲਿਖੀਆਂ ਜੇਲ੍ਹਾਂ ਵਿਚ ੨੫ ਕਿਸਮ ਦੇ ਕੇਸ ਚਲਾ ਕੇ ਸਜ਼ਾਵਾਂ ਦਿੱਤੀਆਂ।

ਲਾਹੌਰ, ਕਿੰਟਗੁਮਰੀ, ਮੁਲਤਾਨ, ਕਾਲੇ ਪਾਣੀ, ਹਜ਼ਾਰੀ ਬਾਗ, ਰਾਗ ਮੰਦਰੀ ਤੇ ਨਾਗਪੁਰ ਐਦਿ ਆਦਮ ਖਾਣੀਆਂ ਜੇਲ੍ਹਾਂ ਵਿਚ ਪਿੰਜਰੇ, ਬੈਂਤਾਂ, ਮਾਰ ਕੁਟਾਈ, ਭੁਖ, ਨੰਗ, ਕਾਲ ਕੋਠੜੀਆਂ ਦੀ ਬੰਦਸ਼, ਬੇ ਇਨਸਾਫੀ ਦੇ ਦੁਖੋਂ ਭੁਖ ਹੜਤਾਲਾਂ ਆਦਿ ਕਾਰਨਾਮੇ ਯਾਦ ਆਉਣ ਤੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ੪੨ ਫਾਂਸੀ ਲਗੇ ਤੇ ਜਾਇਦਾਦ ਜ਼ਬਤ, ੧੧੪ ਨੂੰ ਉਮਰ ਕੈਦ ਕਾਲੇ ਪਾਣੀ ਜਾਇਦਾਦ ਜ਼ਬਤ, ੨੨੨ ਆਦਮੀ ਘਟ ਸਜਾਵਾਂ ਵਾਲੇ, ਜੋੜ.......੩੮੩।

(ਬਚਨ ਬਾਬਾ ਹਰਨਾਮ ਸਿੰਘ ਜੀ ਗੁਜਰਵਾਲ)

Digitized by Panjab Digital Library | www.panjabdigilib.org

# ਚਮਕੌਰ ਸਾਹਿਬ ਜੀ ਦੇ ਜੋਧਿਆਂ ਦੇ ਪੂਰਨਿਆਂ ਤੇ ਚਲਣ ਵਾਲੇ ੩੬ ਨੰਬਰ ਦੇ ਫੌਜੀ ਸ਼ਹੀਦ

# ਸਾਰਾਗੜ੍ਹੀ ਦਾ ਜੰਗ

## ੧੨ ਸਤੰਬਰ ੧੮੯੭

ਇਲਾਕਾ ਸਰਹੱਦ ਦੇ ਪਠਾਣੀ ਇਲਾਕੇ ਵਿਚ ੩੬ ਨੰਬਰ ਸਿਖ ਪਲਟਨ ਦੇ ੨੧ ਫੌਜੀ ਸਿੰਘਾਂ ਨਾਲ ਹੋਇਆ। ਸਾਰਾ ਗੜ੍ਹੀ ਲਾਗੇ ਕਿਲ੍ਹਾਂ ਲਾਕਹਾਰਟ ਸੀ ਤੇ ਉਸ ਲਾਗੇ ਹੋਰ ਭੀ ਕੁਝ ਫੌਜੀ ਪਿਕਟਾਂ ਵਾਲੇ ਟਿਕਾਣੇ ਸਨ। ਕਿਲ੍ਹਾ ਲਾਕਹਾਰਟ ਵਿਚ ਫੌਜੀ ਹੈੱਡ ਕੁਆਟਰ ਸੀ ਤੇ ੩੬ ਨੰਬਰ ਪਲਟਣ ਕਈ ਥਾਵੀਂ ਪਿਕਟਾਂ ਦੀ ਸ਼ਕਲ ਵਿਚ ਵੰਡੀ ਹੋਈ ਸੀ। ੨੧ ਸਿੰਘ ਸਾਰਾ ਗੜ੍ਹੀ ਦੀ ਇਕ ਛੋਟੀ ਜਿਹੀ ਗੜ੍ਹੀ ਵਿਚ ਪਿਕਟ ਪਰ ਸਨ। ਪਠਾਣਾਂਦੇ ਮੁਲਖਈਏ ਨੇ ਹੋਰ ਪਾਸੇ ਫੌਜਾਂ ਦਾ ਜ਼ੋਰ ਦੇਖਕੇ ਇਹ ਸੋਚਿਆਂ ਕਿ ਇਥੇ ਥੋੜੇ ਜਿਹੇ ਫੌਜੀ ਹਨ, ਇਨ੍ਹਾਂ ਪਰ ਹੱਲਾ ਕਰਕੇ ਇਸ ਜਗ੍ਹਾ ਨੂੰ ਛਡਾਇਆ ਜਾਵੇ। ਇਸ ਸਕੀਮ ਅਨੁਸਾਰ ਉਨ੍ਹਾਂ ਨੇ ਸਾਰਾ ਗੜ੍ਹੀ ਨੂੰ ਘੇਰਾ ਪਾ ਲਿਆ ਤੇ ਹਮਲਾ ਸ਼ੁਰੂ ਕਰ ਦਿੱਤਾ। ਅੰਦਰ ਕੇਵਲ ੨੧ ਜਵਾਨ ਸਨ, ਜਿਨ੍ਹਾਂ ਵਿਚੋਂ ਇਕ ਝੰਡੀ ਸ਼ੀਸ਼ੇ ਵਾਲਾ ਸੀ। ਉਹ ਕਿਲ੍ਹਾ ਲਾਕਹਾਰਟ ਵਾਲਿਆਂ ਨੂੰ ਨਾਲ ਦੀ ਨਾਲ ਖਬਰ ਪਹੁੰਚਾਉਂਦਾ ਰਿਹਾ। ਇਨ੍ਹਾਂ ਸਿੰਘਾਂ ਨੂੰ ਹੋਰ ਕਿਸੇ ਪਾਸਿਉਂ ਮਦਦ ਨਾ ਪਹੁੰਚ ਸਕੀ ਕਿਉਂਕਿ ਕਿਲ੍ਹਾ ਲਾਕਹਾਰਟ ਨੀਵੀਂ ਥਾਂ ਪਰ ਸੀ ਤੇ ਮੁਲਖਈਆਂ ਪਹਾੜਾਂ ਪਰ ਹੋਣ ਕਰਕੇ ਰਸਤਾ ਨਾ ਮਿਲ ਸਕਿਆ। ਜਦ ਤਕ ਸਿੰਘਾਂ ਪਾਸ ਗੋਲੀ ਸਿੱਕਾ ਰਿਹਾ ਉਹ ਬੰਦੂਕਾਂ ਨਾਲ ਲੜਦੇ ਰਹੇ। ਜਦ ਸਮਾਨ ਜੰਗ ਮੁਕ ਗਿਆ ਤਾਂ ਉਨ੍ਹਾਂ ਨੇ ਸ੍ਰੀ ਦਸਮੇਸ਼ ਜੀ ਦੀ ਚਮਕੌਰ ਸਾਹਿਬ ਵਾਲੀ ਯੁਧ-ਨੀਤੀ ਪਰ ਅਮਲ ਕੀਤਾ। ਇਕੱਲਾ ੨ ਸਿੰਘ ਗੜ੍ਹੀ ਤੋਂ ਬਾਹਰ ਆ ਕੇ ਲੜਦਾ ਰਿਹਾ ਤੇ ਇਸੇ ਤਰ੍ਹਾਂ ੨੦ ਸਿੰਘ ਬਹਾਦਰਾਂ ਵਾਲੀ ਬੀਰਤਾ ਦਖਾ ਕੇ ਸਿਧੇ ਮੱਥੇ ਸ਼ਹੀਦ ਹੋ ਗਏ, ਪਰ ਜੀਉਂਦੇ ਜੀ ਹੱਥ ਨਹੀਂ ਆਏ ਤੇ ਨਾ ਹੀ ਹਥਿਆਰ ਸੁਟੇ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੰਗ ਸਮੇਂ ਇਹੋ ਹੁਕਮ ਦਿਤਾ ਸੀ ਕਿ ਜਿਉਂਦੇ ਜੀ ਵੈਰੀ ਦੇ ਹੱਥ ਨਹੀਂ ਆਉਣਾ। ਸਿਧੇ ਮਥੇ ਲੜ ਕੇ ਸ਼ਹੀਦ ਹੋ ਜਾਓ ਜੇ ਮੌਕਾ ਲਗੇ ਤਾਂ ਨਿਕਲ ਜਾਓ।

ਇਕੀਵਾਂ ਸਿੰਘ ਜੋ ਝੰਡੀ ਸ਼ੀਸ਼ੇ ਨਾਲ ਖਬਰ ਦੇ ਰਿਹਾ ਸੀ, ਜਦ ਉਹ ਇਕੱਲਾ ਰਹਿ ਗਿਆ ਤਾਂ ਉਸ ਨੇ ਇਹ ਮੇਲ ਮਿਲਾਪ ਬੰਦ ਕਰਨ ਦੀ ਆਗਿਆ ਮੰਗੀ ਜਦ ਆਗਿਆ ਮਿਲ ਗਈ ਤਾਂ ਉਸ ਨੇ ਸਿੰਗਨਲ ਦਾ ਝੰਡਾ ਉਤਾਰ ਦਿਤਾ ਤੇ ਆਪਣੀ ਰਾਇਫਲ ਚੁਕ ਕੇ ਦੁਸ਼ਮਨ ਉਪਰ ਕੁਦ ਪਿਆ। ਥੋੜੇ ਚਿਰ ਮਗਰੋਂ ਸਖਤ ਜ਼ਖਮੀ ਹੋ ਗਿਆ, ਫੱਟੜ ਹੁੰਦਿਆਂ ਹੋਇਆਂ ਭੀ ਉਸਨੇ ੨੦ ਪਠਾਣ ਮਾਰੇ। ਅੰਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਉਂਦਾ ਹੋਇਆ ਸ਼ਹੀਦ ਹੋ ਗਿਆ।

ਇਨ੍ਹਾਂ ੨੧ ਸਿੰਘ ਦੀ ਇਸ ਬਹਾਦਰੀ ਦੀ ਧੁੰਮ ਸਾਰੇ ਹਿੰਦੁਸਤਾਨ ਵਿਚ ਫੈਲ ਗਈ ਕਿਉਂਕਿ ਇਨ੍ਹਾਂ ਨੇ ਪੁਰਾਣੇ ਸਿਖ ਇਤਿਹਾਸ ਤੇ ਖਾਸਕਰ ਸ੍ਰੀ ਚਮਕੌਰ ਸਾਹਿਬ ਦੇ ਨਜ਼ਾਰੇ ਦੀ ਯਾਦ ਤਾਜ਼ਾ ਕਰ ਦਿਤੀ ਸੀ। ਅਲਾਹਬਾਦ ਦੇ ਅੰਗਰੇਜ਼ੀ ਦੇ ਅਖਬਾਰ 'ਪਾਇਨੀਅਰ' ਨੇ ਇਨ੍ਹਾਂ ਦੀ ਯਾਦਗਾਰ ਬਣਾਉਣ ਲਈ ਸਾਰਾ ਗੜ੍ਹੀ ਮੈਮੋਰੀਅਲ ਫੰਡ ਜਾਰੀ ਕੀਤਾ। ਇਨ੍ਹਾਂ ਦੀ ਯਾਦਗਾਰ ਵਿਚ ਤਿੰਨ

Digitized by Panjab Digital Library | www.panjabdigilib.org

ਗੁਰਦਵਾਰੇ ਬਣਾਏ ਗਏ। ਇਕ ਸਾਰਾ ਗੜ੍ਹੀ, ਦੂਜਾ ਅੰਮ੍ਰਿਤਸਰ ਤੇ ਤੀਜਾ ਫੀਰੋਜ਼ਪੁਰ ਵਿਚ। ਅੰਮ੍ਰਿਤਸਰ ਵਾਲਾ ਗੁਰਦਵਾਰਾ ਸਾਰਾਗੜੀ ਗੌਮਿੰਟ ਸਕੂਲ ਦੇ ਪਾਸ ਮਲਕਾ ਦੇ ਬੁਤ ਕੋਲ ਹੈ। ਫੀਰੋਜ਼ਪੁਰ ਵਾਲਾ ਉਥੋਂ ਦੀ ਛਾਉਣੀ ਦੇ ਸਟੇਸ਼ਨ ਤੋਂ ਕੁਝ ਥੋੜੀ ਦੂਰ ਹੈ। ਇਹ ਗੁਰਦਵਾਰੇ ੧੯੦੫ ਵਿਚ ਬਣ ਕੇ ਤਿਆਰ ਹੋਏ ਤੇ ਇਨ੍ਹਾਂ ਦੀ ਉਸ ਵੇਲੇ ਬੜੀ ਸ਼ਾਨ ਨਾਲ ਅਰੰਭਕ ਰਸਮ ਅਦਾ ਕੀਤੀ ਗਈ। ਫੀਰੋਜ਼ਪੁਰ ਵਿਚ ਸਭ ਫੌਜਾਂ ਉਸ ਵੇਲੇ ਗੁਰਦੁਆਰੇ ਦੇ ਲਾਗੇ ਦੀਆਂ ਸੜਕਾਂ ਪਰ ਖੜੀਆਂ ਸਨ। ਸਿਖ ਰਜ਼ਮਟਾਂ ਤੇ ਸਿਖ ਸਕੁਆਡਰਨ ਗੁਰਦੁਆਰੇ ਦੇ ਲਾਗੇ ਖੜ ਸਨ। ਉਸ ਵੇਲੇ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤ ਨੇ ਸਾਰਾ ਗੜ੍ਹੀ ਦਾ ਯੁਧ ਨਾਮੇ ਟ੍ਰੈਕਟ ਭੀ ਛਾਪਿਆ ਸੀ। ਇਹ ਨਜ਼ਾਰਾ ਫੀਰੋਜ਼ਪੁਰ ਵਾਲੇ ਲਿਖਾਰੀ ਨੇ ਅੱਖੀਂ ਦੇਖਿਆ ਸੀ। ਸਾਰਾ ਗੜ੍ਹੀ ਦੀ ਯਾਦ ਸੂਰਮ ਗਤੀ ਦਾ ਜਜ਼ਬਾ ਪੈਦਾ ਕਰਦੀ ਹੈ ਤੇ ਦਸਦੀ ਹੈ ਕਿ ਸਿੱਖ ਜਿਥੇ ਕਿਤੇ ਭੀ ਹੈ, ਜਦੋਂ ਉਸ ਦੀ ਕੌਮੀ ਅਣਖ ਤੇ ਧਾਰਮਕ ਜਜ਼ਬਾ ਹੁਲਾਰੇ ਵਿਚ ਆਉਂਦਾ ਹੈ ਤਾਂ ਉਹ ਆਪਣੇ ਕਰਮ ਧਰਮ ਨੂੰ ਕਦੇ ਪਿੱਠ ਨਹੀਂ ਦਿੰਦਾ ਤੇ ਗੁਰੂ ਤੇ ਭਰੋਸਾ ਰਖ ਕੇ ਕੁਰਬਾਨ ਹੋ ਜਾਂਦਾ ਹੈ। ਤਦੇ ਸਿਖਾਂ ਦਾ ਇਹ ਬੋਲਾ ਮਸ਼ਹੂਰ ਹੈ ਕਿ "ਖਾਲਸਾ ਡਟ ਗਿਆ" ਜਦ ਖਾਲਸਾ ਡਟ ਜਾਂਦਾ ਹੈ ਤਾਂ ਉਸ ਨੂੰ ਕੋਈ ਹਿਲਾ ਨਹੀਂ ਸਕਦਾ। ਇਸੇ ਲਈ ਮਿਸਟਰ ਐਡਮੰਡ ਕੈਂਡਲਰ ਨੇ ਆਪਣੀ ਕਿਤਾਬ 'ਦੀ ਮੈਂਡਲ ਆਫ ਦੀ ਈਸਟ' ਵਿਚ ਲਿਖਿਆ ਹੈ ਕਿ ਇਕ ਫੌਜੀ ਅਫਸਰ ਨੇ ਮੈਨੂੰ ਦਸਿਆ ਕਿ "ਜੇ ਕਿਸੇ ਮੋਰਚੇ ਨੂੰ ਬਚਾਉਣਾ ਹੋਵੇ ਤਾਂ ਮੈਨੂੰ ਸਿਖ ਦਿਓ" ਕਿਉਂਕਿ ਉਹ ਡਟ ਜਾਂਦੇ ਹਨ।

(ਪੰਜਾਬੀ ਰਤਨ)

## ਸਿਖ ਇਤਿਹਾਸ ਨੂੰ ਮੁੜ ਚਮਕਾਉਣ ਵਾਲੇ ਸਾਰਾ ਗੜ੍ਹੀ ਦੇ ਸਿਖ ਸ਼ਹੀਦਾਂ ਦੇ ਨਾਮ

| ਨੰ: | ਨਾਮ | ਪਿਤਾ | ਪਿੰਡ | ਤਸੀਲ | ਜ਼ਿਲਾ |
|---|---|---|---|---|---|
| ੧੬੫. | ਈਸਰ ਸਿੰਘ ਹਵਾਲਦਾਰ | ਦੌਲਾ ਸਿੰਘ | ਗੁੜੇ | ਜਗਰਾਉਂ | ਲੁਧਿਆਣਾ |
| ੩੩੨. | ਲਾਲ ਸਿੰਘ ਨੈਕ | ਹਰੀ ਸਿੰਘ | ਧੂਨ | ਤਰਨ ਤਾਰਨ | ਅੰਮ੍ਰਿਤਸਰ |
| ੧੩੨੧. | ਸੁਧ ਸਿੰਘ ਸਿਪਾਹੀ | | ਬਾਲਿਓਂ | ਸਮਰਾਲਾ | ਲੁਧਿਆਣਾ |
| ੪੯੨. | ਉਤਮ ਸਿੰਘ ਸਿਪਾਹੀ | ਲਹਿਣਾ ਸਿੰਘ | ਚਿੜਿਕ | ਮੋਗਾ | ਫੀਰੋਜ਼ਪੁਰ |
| ੨੮੭. | ਰਾਮ ਸਿੰਘ ਸਿਪਾਹੀ | ਭਗਵਾਨ ਸਿੰਘ | ਸਾਦੋ ਪੁਰ | ਅੰਬਾਲਾ | ਅੰਬਾਲਾ |
| ੩੫੯. | ਹੀਰਾ ਸਿੰਘ ਸਿਪਾਹੀ | ਬਾਰਾ ਸਿੰਘ | ਦਲਾਉਰਉਲਾ | ਲਾਹੌਰ | ਲਾਹੌਰ |
| ੬੮੭. | ਦਯਾ ਸਿੰਘ ਸਿਪਾਹੀ | ਸੰਗਤ ਸਿੰਘ | ਖੜਕ ਸਿੰਘ ਵਾਲਾ | ਬਸੀ | ਪਟਿਆਲਾ |
| ੭੬੦. | ਜੀਵਨ ਸਿੰਘ ਸਿਪਾਹੀ | ਬਾਰਾ ਸਿੰਘ | ਸੰਗਤ ਪੁਰ | ਨਕੋਦਰ | ਜਾਲੰਧਰ |
| ੮੩੪. | ਨਰੈਣ ਸਿੰਘ ਸਿਪਾਹੀ | ਗੁਜਰ ਸਿੰਘ | ਠੁਲੀ ਵਾਲ | ਬਸੀ | ਪਟਿਆਲਾ |
| ੮੧੪. | ਗੁਰਮੁਖ ਸਿੰਘ ਸਿਪਾਹੀ | ਬੁਰਜਾ ਸਿੰਘ | ਕਮਾਨਾ | ਗੜ੍ਹ ਸ਼ੰਕਰ | ਹੁਸ਼ਿਆਰਪੁਰ |
| ੮੭੧. | ਜੀਵਨ ਸਿੰਘ ਸਿਪਾਹੀ | ਨੂਪਾ ਸਿੰਘ | ਬਾਹਵਾਲ | ਬਸੀ | ਪਟਿਆਲਾ |
| ੧੭੩੩. | ਗੁਰਮੁਖ ਸਿੰਘ ਸਿਪਾਹੀ | ਰਣ ਸਿੰਘ | ਦੁਮੀਧਾ | ਜਾਲੰਧਰ | ਜਾਲੰਧਰ |
| ੧੬੩. | ਰਾਮ ਸਿੰਘ ਸਿਪਾਹੀ | ਸੁਹੇਲ ਸਿੰਘ | ਕੰਡੋਲਾ | ਜਾਲੰਧਰ | ਜਾਲੰਧਰ |

Digitized by Panjab Digital Library | www.panjabdigilib.org

| | | | | | |
|---|---|---|---|---|---|
| ੧੨੫੭. | ਭਗਵਾਨ ਸਿੰਘ ਸਿਃ | ਹੀਰਾ ਸਿੰਘ | ਲੋਹਗੜ੍ਹ | ਜ਼ਿਲਾ | ਪਟਿਆਲਾ |
| ੧੨੬੫. | ਭਗਵਾਨ ਸਿੰਘ ਸਿਃ | ਬੀਰ ਸਿੰਘ | ਮੁੰਧਿਆਲਾ | ਕੋਟਲਾ | ਲੁਧਿਆਣਾ |
| ੧੫੫੬. | ਬੂਟਾ ਸਿੰਘ ਸਿਪਾਹੀ | ਖੜਕ ਸਿੰਘ | ਸ਼ਾਹ ਪੁਰ | ਫਿਲੌਰ | ਜਾਲੰਧਰ |
| ੧੦੫੧. | ਜੀਵਾ ਸਿੰਘ ਸਿਪਾਹੀ | ਕ੍ਰਿਪਾ ਸਿੰਘ | ਗੁਰਾਯਾ | ਫਿਲੌਰ | ਜਾਲੰਧਰ |
| ੧੨੨੧. | ਨੰਦ ਸਿੰਘ ਸਿਪਾਹੀ | ਦੇਵੀ ਦਿਤਾ ਸਿੰਘ | ਰਤੋਵਾਲ | | ਹੁਸ਼ਿਆਰ ਪੁਰ |
| ੫੪੬. | ਚੰਦਾ ਸਿੰਘ ਲੈਸਨੈਕ | ਰਤੋ ਸਿੰਘ | ਸੈਦੋ | ਬਠਿੰਡਾ | ਪਟਿਆਲਾ |
| ੭੮੨. | ਸਾਹਿਬ ਸਿੰਘ ਸਿਪਾਹੀ | ਇਨ੍ਹਾਂ ਦੇ ਪਿਤਾ ਤੇ ਪਿੰਡਾਂ ਦੇ ਨਾਮ ਦਾ ਪਤਾ ਨਹੀਂ ਲਗਾ। | | | |
| ੭੯੧. | ਭੋਲਾ ਸਿੰਘ ਸਿਪਾਹੀ | | | | |

ਕਰਨਲ ਜ਼ੋਰਾਵਰ ਸਿੰਘ

# ਕਾਂਗਰਸ ਲਹਿਰ

Digitized by Panjab Digital Library | www.panjabdigilib.org

# ਕਾਂਗਰਸ ਦੀ ਲਹਿਰ

ਦਿਨ ਤੇ ਰਾਤ ਵਾਂਗ ਉਨਤੀ ਅਧੋਗਤੀ ਦਾ ਚੱਕਰ ਭੀ ਚਲਦਾ ਹੀ ਰਹਿੰਦਾ ਹੈ। ਦੁਨੀਆ ਦੇ ਹਰ ਦੇਸ਼ ਤੇ ਕੌਮ ਦੇ ਜੀਵਨ ਪਰ ਇਸ ਚੱਕਰ ਦਾ ਪ੍ਰਭਾਵ ਪੈਣਾ ਕੁਦਰਤੀ ਗੱਲ ਹੈ। ਭਾਰਤ ਵਰਸ਼ ਜੋ ਕਿਸੇ ਸਮੇਂ ਅੰਨ, ਧਨ ਤੇ ਵਿਦਿਆ ਦਾ ਭੰਡਾਰ ਸੀ, ਆਪਣੀਆਂ ਅੰਦਰੂਨੀ ਕਮਜ਼ੋਰੀਆਂ ਦੇ ਕਾਰਨ ਵਦੇਸ਼ੀ ਹਮਲਾਵਰਾਂ ਦਾ ਅਖਾੜਾ ਬਣ ਗਿਆ। ਪੱਛਮ ਵਲੋਂ ਇਸ ਪਰ ਬੇਅੰਤ ਹਮਲੇ ਹੋਏ। ਸਦੀਆਂ ਤੱਕ ਮੁਲਕ ਲੁਟੇਰਿਆਂ ਹਥੋਂ ਬਰਬਾਦ ਹੁੰਦਾ ਰਿਹਾ। ਮੁਗਲਾਂ ਨੇ ਜੋ ਲੁਟਮਾਰ ਦੇ ਖਿਆਲ ਨਾਲ ਹੀ ਆਏ ਸਨ, ਇਥੇ ਪੱਕੇ ਡੇਰੇ ਜਮਾ ਲਏ ਤੇ ਸੱਤ ਸੌ ਸਾਲ ਤੱਕ ਹਕੂਮਤ ਕੀਤੀ। ਮੁਗਲ ਰਾਜ ਦੇ ਕਮਜ਼ੋਰ ਹੋ ਸਮੇਂ ਅੰਗਰੇਜ਼ ਆ ਧਮਕੇ ਅਤੇ ਉਨ੍ਹਾਂ ਨੇ ਬੜੀ ਚਤਰਾਈ ਨਾਲ ਪਹਿਲਾਂ ਇਥੇ ਵਪਾਰਕ ਅਡੇ ਬਣਾਏ ਤੇ ਪਿਛੋਂ ਭਾਰਤ ਵਾਸੀਆਂ ਦੀ ਫੁਟ ਤੋਂ ਲਾਭ ਉਠਾ ਕੇ ਸਾਰੇ ਭਾਰਤ ਪਰ ਆਪਣੀ ਹਕੂਮਤ ਕਾਇਮ ਕਰ ਲਈ।

ਵਦੇਸ਼ੀ ਲੁਟੇਰਿਆਂ ਵਿਰੁਧ ਭਾਰਤ ਵਾਸੀਆਂ ਵਿਚ ਰੋਸ ਦੇ ਭਾਵ ਤਾਂ ਮੁਢ ਤੋਂ ਹੀ ਪੈਦਾ ਹੋ ਚੁਕੇ ਸਨ ਪ੍ਰੰਤੂ ਦੇਸ਼ ਨੂੰ ਵਦੇਸ਼ੀਆਂ ਦੀ ਗੁਲਾਮੀ ਤੋਂ ਛੁਡਾਣ ਦਾ ਮੁੱਢ ੧੮੫੭ ਵਿਚ ਬੱਝਾ। ਇਸ ਸਾਲ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਸ਼ਸਤ੍ਰ ਬਗਾਵਤ ਹੋਈ ਪਰ ਉਹ ਦਬਾ ਦਿਤੀ ਗਈ। ਏਸ਼ੀਆ ਵਿਚ ਜਿਤਨੀਆਂ ਕਚੇ ਮਾਲ ਦੀਆਂ ਮੰਡੀਆਂ ਸਨ ਭਾਰਤ ਉਨ੍ਹਾਂ ਵਿਚੋਂ ਸਭ ਤੋਂ ਵੱਡੀ ਮੰਡੀ ਸੀ, ਇਸ ਕਰਕੇ ਅੰਗਰੇਜ਼ ਇਸ ਨੂੰ ਹਥੋਂ ਨਹੀਂ ਛਡਣਾ ਚਾਹੁੰਦੇ ਸਨ। ਗਦਰ ਤੋਂ ਪਿਛੋਂ ਅੰਗਰੇਜ਼ ਹਾਕਮਾਂ ਨੂੰ ਇਹ ਡਰ ਪੈਦਾ ਹੋ ਗਿਆ ਸੀ ਕਿ ਜੇ ਇਕ ਵੇਰ ਫਿਰ ਹਿੰਦੁਸ-ਤਾਨੀ ਆਜ਼ਾਦੀ ਲਈ ਉਠ ਖੜੇ ਹੋਏ ਤਾਂ ਉਨ੍ਹਾਂ ਨੂੰ ਦਬਾਉਣਾ ਕਠਨ ਹੋ ਜਾਵੇਗਾ, ਇਸ ਕਰਕੇ ਸਿਆਣੇ ਤੇ ਨੀਤੀਵਾਨ ਅੰਗਰੇਜ਼ਾਂ ਨੇ ਅਨਭਵ ਕੀਤਾ ਕਿ ਹਿੰਦੁਸਤਾਨੀਆਂ ਦੀ ਕੋਈ ਰਾਜਸੀ ਜਥੇਬੰਦੀ ਹੋਣੀ ਚਾਹੀਦੀ ਹੈ ਜੋ ਭਾਰਤ ਵਾਸੀਆਂ ਦੇ ਜਜ਼ਬਾਤ ਦੀ ਪ੍ਰਤੀਨਿਧਤਾ ਕਰੇ ਤੇ ਜਿਸ ਤੋਂ ਇਹ ਪਤਾ ਲਗਦਾ ਰਹੇ ਕਿ ਉਹ ਕੀ ਚਾਹੁੰਦੇ ਹਨ।

ਇਸ ਖਿਆਲ ਨੂੰ ਮੁਖ ਰਖ ਕੇ ਉਸ ਸਮੇਂ ਦੇ ਵਾਇਸ ਰਾਏ ਹਿੰਦ ਲਾਰਡ ਡਫਰਨ ਦੇ ਇਸ਼ਾਰੇ ਨਾਲ ਇਕ ਅੰਗਰੇਜ਼ ਨੀਤੀ ਵੇਤਾ ਮਿ: ਹਯੂਮ ਨੇ ਸੰਨ ੧੮੮੫ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਂਹ ਰੱਖੀ। ਆਰੰਭ ਵਿਚ ਇਹ ਜਥੇਬੰਦੀ ਅੰਗਰੇਜ਼ਾ ਦੀ ਮਰਜ਼ੀ ਅਨੁਸਾਰ ਕੇਵਲ ਇਹ ਪ੍ਰਗਟ ਕਰਨ ਦਾ ਇਕ ਸਾਧਨ ਮਾਤ੍ਰ ਸੀ ਕਿ ਭਾਰਤ ਵਾਸੀ ਅੰਗਰੇਜ਼ੀ ਸਰਕਾਰ ਬਾਰੇ ਕੀ ਸੋਚਦੇ ਹਨ ? ਇਸ ਜਥੇਬੰਦੀ ਪਰ ਉਸ ਸਮੇਂ ਅੰਗਰੇਸ਼ ਨਿਵਾਜ਼ ਵਕੀਲਾਂ ਦਾ ਜਾਂ ਉਨ੍ਹਾਂ ਮੁਠੀ ਭਰ ਪੜ੍ਹੇ ਲਿਖੇ ਲੋਕਾਂ ਦਾ ਗਲਬਾ ਸੀ ਜੋ ਸਰਕਾਰ ਪਾਸੋਂ ਲਾਭ ਪ੍ਰਾਪਤ ਕਰਨਾ ਚਾਹੁੰਦੇ ਸਨ।

ਸਾਲ ਪਿਛੋਂ ਇਕ ਸਮਾਗਮ ਕਰਕੇ ਅਤੇ ਨਰਮ ਜਿਹੇ ਮਤੇ ਪਾਸ ਕਰਕੇ ਅੰਗਰੇਜ਼ੀ ਸਰਕਾਰ ਪਾਸੋਂ ਕੁਝ ਮੰਗਾਂ ਕਰਨ ਤੋਂ ਇਸ ਜਥੇਬੰਦੀ ਦਾ ਆਰੰਭ ਹੋਇਆ ਪ੍ਰੰਤੂ ਧੀਰੇ ਧੀਰੇ ਇਸ ਵਿਚ ਗਰਮ ਖਿਆਲ ਦੇ ਦੇਸ਼ ਭਗਤ ਭੀ ਆਉਣੇ ਸ਼ੁਰੂ ਹੋ ਗਏ। ਕਾਂਗਰਸ ਦੇ ਪਹਿਲੇ ਮੋਢੀ ਸੁਧਾਰਵਾਦੀ ਸਨ ਪਰ ਪਿਛੋਂ ਇਸ਼ ਵਿਚ ਨਰਮ ਤੇ ਗਰਮ ਦੋ ਦਲ ਬਣ ਗਏ। ਗਰਮ ਦਲ ਦੀ ਅਗਵਾਈ ਲੋਕ ਮਾਨਯਾ ਤਿਲਕ ਕਰਦੇ ਸਨ। "ਸੁਰਾਜ ਭਾਰਤ ਵਾਸੀਆਂ ਦਾ ਜਮਾਂਦਰੂ ਹੱਕ ਹੈ" ਇਹ ਉਨ੍ਹਾਂ ਦਾ ਨਾਹਰਾ ਸੀ ਅਤੇ ਹੌਲੀ ਹੌਲੀ ਇਹ ਨਾਹਰਾ ਭਾਰਤੀ ਨੌਜਵਾਨਾ ਦੇ ਦਿਲਾਂ ਵਿਚ ਧਸਦਾ ਚਲਾ ਗਿਆ।

Digitized by Panjab Digital Library | www.panjabdigilib.org

੧੮੮੫ ਤੋਂ ੧੯੦੫ ਤੱਕ ਦਾ ਵੀਹ ਵਰ੍ਹਿਆਂ ਦਾਂ ਸਮਾਂ ਕਾਂਗਰਸ ਦੇ ਇਤਹਾਸ ਵਿਚ ਸੁਧਾਰਵਾਦੀ ਸਮਾਂ ਕਿਹਾ ਜਾਂਦਾ ਹੈ। ਇਸ ਸਮੇਂ ਕਾਂਗਰਸ ਦੇ ਦਾਦਾ ਭਾਈ ਨਾਰੋ ਜੀ ਗੋਖਲੇ, ਬਦਰੁ ਦੀਨ, ਤਾਇਬ ਜੀ, ਪੰਡਤ ਮਦਨ ਮੋਹਨ ਮਾਲਵੀਆ, ਸ: ਦਿਆਲ ਸਿੰਘ ਮਜੀਠੀਆ ਤੇ ਸਰਫ਼ੀਰੋਜ਼ ਸ਼ਾਹ ਮਹਿਤਾ ਆਦਿਕ ਨਰਮ ਖਿਆਲਾਂ ਦੇ ਸੱਜਨ ਸਨ। ੧੯੦੬ ਵਿਚ ਕਾਂਗਰਸ ਦਾ ਲੱਛਣ ਬਦਲ ਗਿਆ। ੧੯੦੫ ਵਿਚ ਰੂਸ ਤੇ ਜਾਪਾਨ ਦੀ ਜੰਗ ਵਿਚ ਜਾਪਾਨ ਜਿੱਤ ਗਿਆ। ਇਸ ਦਾ ਅਸਰ ਸਾਰੇ ਏਸ਼ੀਆ ਦੇ ਦੇਸ਼ਾਂ ਪਰ ਪਿਆ। ਇਸ ਤੋਂ ਪਹਿਲਾਂ ਯੂਰਪੀਨ ਦੇਸ਼ਾਂ ਦੇ ਵਸਨੀਕ ਏਸ਼ੀਆ ਦੇ ਦੇਸ਼ਾਂ ਪਰ ਹਕੂਮਤ ਕਰਨੀ ਆਪਣਾ ਹੱਕ ਸਮਝਦੇ ਸਨ ਪ੍ਰੰਤੂ ਜਾਪਾਨ ਨੇ ਏਸ਼ੀਆ ਦੀ ਗੁਲਾਮ ਜਨਤਾ ਵਿਚ ਨਵੀਂ ਚੇਤਨਾ ਪੈਦਾ ਕਰ ਦਿਤੀ। ਇਸ ਦਾ ਅਸਰ ਭਾਰਤ ਵਾਸੀਆਂ ਪਰ ਭੀ ਪਿਆ। ਕੌਮੀ ਲਹਿਰ ਤੇਜ਼ ਹੋ ਗਈ, ਕਾਂਗਰਸ ਪਰ ਗਰਮ ਦਲ ਦਾ ਪ੍ਰਭਾਵ ਪੈਣ ਲੱਗਾ ਅਤੇ ਹਿੰਦੁਸਤਾਨੀ ਖੁਲੇ ਸ਼ਬਦਾਂ ਵਿਚ ਆਜ਼ਾਦੀ ਦੀ ਮੰਗ ਕਰਨ ਲੱਗ ਪਏ।

ਕੌਮੀ ਲਹਿਰ ਨੂੰ ਕਮਜ਼ੋਰ ਕਰਨ ਲਈ ਅੰਗਰੇਜ਼ਾਂ ਜੋ ਬੰਗਾਲ ਦੇ ਟੁਕੜੇ ਕਰਨ ਦੀ ਚਾਲ ਚਲੀ ਇਸ ਨੇ ਭਾਰਤ ਵਾਸੀਆਂ ਵਿਚ ਹੋਰ ਭੀ ਰੋਸ ਪੈਦਾ ਕਰ ਦਿਤਾ ਸਾਰੇ ਭਾਰਤ ਵਾਸੀਆਂ ਨੇ ਬਗਾਲ ਭੰਗ ਦੀ ਸਖਤ ਵਿਰੋਧਤਾ ਕੀਤੀ। ਬੰਗਾਲ ਵਿਚ ਜਾਤਕਾਰੀ ਦਲ ਬਣਨੇ ਸ਼ੁਰੂ ਹੋ ਗਏ। ਪੰਜਾਬ ਵਿਚ ਸ: ਅਜੀਤ ਸਿੰਘ ਜੀ, ਲਾਲਾ ਹਰਦਿਆਲ ਐਮ. ਏ., ਸੂਫੀ ਅੰਬਾ ਪ੍ਰਸ਼ਾਦ ਤੇ ਲਾਲਾ ਲਾਜਪਤ ਰਾਏ ਆਦਿਕ ਲੀਡਰਾਂ ਦੀ ਅਗਵਾਈ ਵਿਚ ਕਿਸਾਨ ਅੰਦੋਲਨ ਆਰੰਭ ਹੋ ਗਿਆ। ਅੰਗਰੇਜ਼ਾਂ ਨੇ ਇਸ ਅੰਦੋਲਨ ਨੂੰ ਕੁਚਲਣ ਲਈ ਲੀਡਰਾਂ ਨੂੰ ਦੇਸ਼ ਨਿਕਾਲੇ ਦਿਤੇ ਜਿਸ ਕਰਕੇ ਰੋਸ ਹੋਰ ਭੀ ਵਧ ਗਿਆ। ਪੰਜਾਬ ਤੇ ਬੰਗਾਲ ਦੀਆਂ ਇਨ੍ਹਾਂ ਲਹਿਰਾਂ ਨੇ ਸਾਰੇ ਦੇਸ਼ ਨੂੰ ਹਲੂਣਾ ਦੇ ਕੇ ਜਗਾ ਦਿਤਾ ਅਤੇ ਅੰਗਰੇਜ਼ਾਂ ਦਾ ਵਿਰੋਧ ਦਿਨੋ ਦਿਨ ਵਧਦਾ ਗਿਆ। ਪਹਿਲੀ ਵਡੀ ਲੜਾਈ ਸਮੇਂ ਆਜ਼ਾਦੀ ਪ੍ਰਾਪਤ ਕਰਨ ਦਾ ਅੰਦੋਲਨ ਹੋਰ ਭੀ ਤੇਜ਼ ਹੋ ਗਿਆ। ਵਦੇਸ਼ਾਂ ਵਿਚ ਗਏ ਹੋਏ ਹਿੰਦੁਸਤਾਨੀਆਂ ਨੇ ਅੰਗਰੇਜ਼ਾਂ ਵਿਰੁਧ ਬਹੁਤ ਜ਼ਿਆਦਾ ਪ੍ਰਚਾਰ ਕੀਤਾ। ਅਮਰੀਕਾ ਵਿਚ ਗਦਰ ਪਾਰਟੀ ਦੀ ਸਥਾਪਨਾ ਹੋਈ ਜਿਸ ਨੇ ਅਖਬਾਰ ਕਢਕੇ ਤੇ ਕਿਤਾਬਾਂ ਛਾਪ ਕੇ ਹਿੰਦੁਸਤਾਨੀਆਂ ਵਿਚ ਆਜ਼ਾਦੀ ਦਾ ਧੂਆਂ ਧਾਰ ਪ੍ਰਚਾਰ ਕੀਤਾ। ਅੰਗਰੇਜ਼ ਬੜੇ ਚਤਰ ਸਨ ਉਨ੍ਹਾਂ ਨੇ ਹਿੰਦੁਸਤਾਨੀ ਲੀਡਰਾਂ ਨੂੰ ਕਿਹਾ ਕਿ ਜੰਗ ਵਿਚ ਸਾਡੀ ਸਹਾਇਤਾ ਕਰੋ, ਜੰਗ ਤੋਂ ਪਿਛੋਂ ਅਸੀਂ ਹਿੰਦ ਨੂੰ ਆਜ਼ਾਦੀ ਦੇ ਦਿਆਂਗੇ। ਕਾਂਗਰਸ ਦੇ ਕਈ ਵਡੇ ਵਡੇ ਨੇਤਾ ਅੰਗਰੇਜ਼ਾਂ ਦੇ ਝਾਂਸੇ ਵਿਚ ਆ ਗਏ ਉਨ੍ਹਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕਰਨ ਪਰ ਜ਼ੋਰ ਦਿਤਾ। ਗਾਂਧੀ ਜੀ ਨੇ ਕਿਹਾ "ਅਸੀਂ ਅੰਗ੍ਰੇਜ਼ੀ ਸਰਕਾਰ ਦੀਆਂ ਮਜ਼ਬੂਰੀਆਂ ਤੋਂ ਲਾਭ ਨਹੀਂ ਉਠਾਣਾ ਚਾਹੁੰਦੇ ਹਨ। ਇਸ ਕਠਨ ਸਮੇਂ ਅਸੀਂ ਅੰਗਰੇਜ਼ਾਂ ਦੀ ਮਦਦ ਕਰਾਂਗੇ" ਲੋਕ ਮਾਨਯ ਤਿਲਕ ਕੇ ਇਸ ਗਲ ਦਾ ਵਿਰੋਧ ਕੀਤਾ ਪਰ ਗਾਂਧੀ ਜੀ ਦਾ ਪਲੜਾ ਭਾਰੀ ਸੀ ਇਸ ਕਰਕੇ ਗਰਮ ਖਿਆਲੀਆਂ ਦੀ ਗੱਲ ਅਣ ਸੁਣੀ ਕਰ ਦਿਤੀ ਗਈ।

ਜੰਗ ਵਿਚ ਜਿਤ ਪ੍ਰਾਪਤ ਕਰਕੇ ਅੰਗਰੇਜ਼ ਆਪਣੇ ਇਕਰਾਰਾਂ ਤੋਂ ਮੁਕਰ ਗਏ। ਭਾਰਤ ਨੂੰ ਆਜ਼ਾਦੀ ਦੇਣ ਦੀ ਥਾਂ ਅੰਗਰੇਜ਼ਾਂ ਨੇ ਰੌਲਟ ਐਕਟ ਜੈਸੇ ਕਾਲੇ ਕਾਨੂੰਨ ਪਾਸ ਕਰ ਕੇ ਆਜ਼ਾਦੀ ਦੀ ਲਹਿਰ ਨੂੰ ਕੁਚਲਣਾ ਚਾਹਿਆ। ਜਲਿਆਂ ਵਾਲੇ ਦਾ ਹੱਤਿਆ ਕਾਂਡ ਤੇ ਪੰਜਾਬ ਵਿਚ ਮਾਰਸ਼ਲ ਲਾ ਲਗਾ ਕੇ ਅੰਗਰੇਜ਼ਾਂ ਨੇ ਭਾਰਤ ਵਾਸੀਆਂ ਪਰ ਉਹ ਹਤਿਆਚਾਰ ਕੀਤੇ ਜਿਨ੍ਹਾਂ ਨੂੰ ਲਿਖਣ ਲਗਿਆਂ ਕਲਮ ਭੀ ਕੰਬਦੀ ਹੈ। ਭਾਰਤ ਦੀ ਜਨਤਾ ਅੰਗਰੇਜ਼ਾਂ ਦੀ ਇਸ ਢੀਠਤਾਈ ਨੂੰ ਵੇਖ ਕੇ ਤੜਫ ਉਠੀ। ਮਹਾਤਮਾਂ ਗਾਂਧੀ ਜੀ ਨੇ ਕਾਂਗਰਸ ਦੀ ਵਾਗ ਡੋਰ ਸੰਭਾਲ ਕੇ ਨਾਂ ਮਿਲਵਰਤਣ ਦਾ

ਲਹਿਰ ਆਰੰਭ ਕਰ ਦਿਤੀ। ਕਾਂਗਰਸ ਦੀ ਉਹ ਜਥੇਬੰਦੀ ਜਿਸ ਦੀ ਨੀਂਹ ਅੰਗਰੇਜ਼ਾਂ ਨੇ ਆਪਣੇ ਲਾਭ ਲਈ ਰਖੀ ਸੀ, ੧੯੨੦ ਵਿਚ ਭਾਰਤ ਦੀ ਸਭ ਤੋਂ ਵੱਡੀ ਰਾਜਸੀ ਜਥੇਬੰਦੀ ਬਣ ਗਈ। ਗਾਂਧੀ ਜੀ ਦੇ ਹੁਕਮ ਅਨੁਸਾਰ ੬ ਅਪਰੈਲ ਨੂੰ ਦੇਸ਼ ਭਰ ਵਿਚ ਹੜਤਾਲ ਹੋਈ ਜਿਸ ਵਿਚ ਕਰੋੜਾਂ ਇਸਤ੍ਰੀ, ਪੁਰਸ਼ਾਂ ਨੇ ਹਿਸਾ ਲਿਆ ਅਤੇ ਵਡੇ ਵਡੇ ਸ਼ਹਿਰਾਂ ਵਿਚ ਜ਼ਬਰਦਸਤ ਮੁਜ਼ਾਹਰੇ ਹੋਏ। ਨਰਮ ਖਿਆਈਏ ਸਜਨ ਕਾਂਗਰਸ ਨੂੰ ਛਡਣ ਲਗ ਪਏ। ਸਰਕਾਰ ਅਗਰੇਜ਼ੀ ਨੇ ਆਪਣੀ ਦਮਨ ਨੀਤੀ ਹੋਰ ਤੇਜ਼ ਕਰ ਦਿਤੀ, ਪ੍ਰੰਤੂ ਸੁਵਰਾਜ ਦੀ ਗੂੰਜ ਹੁਣ ਭਾਰਤ ਦੇ ਕੋਨੇ ਕੋਨੇ ਵਿਚੋਂ ਆਉਣ ਲਗ ਪਈ।

## ਲਾਲਾ ਲਾਜਪਤ ਰਾਇ (ਦੇਸ਼ ਭਗਤ)

ਮਾਲਵੇ ਦੀ ਇਸ ਪਵਿਤਰ ਭੂਮੀ ਨੂੰ ਹੀ ਫਖਰ ਪ੍ਰਾਪਤ ਹੈ ਕਿ ਇਸ ਨੇ ਲਾਜਪਤ ਰਾਇ ਜੈਸੇ ਪ੍ਰਸਿਧ ਦੇਸ਼ ਭਗਤ ਪੈਦਾ ਕੀਤੇ। ਲਾਲਾ ਜੀ ਦੇ ਪਿਤਾ ਸ੍ਰੀ ਰਾਧਾ ਕ੍ਰਿਸ਼ਨ "ਆਜ਼ਾਦ" ਜਗਰਾਉਂ ਦੇ ਰਹਿਣ ਵਾਲੇ ਸਨ ਅਤੇ ਆਪ ਜੀ ਦੀ ਸ਼ਾਦੀ ਪਿੰਡ ਢੁਡੀਕੇ ਵਿਚ ਹੋਈ ਸੀ। ਨਗਰ ਢੁਡੀਕੇ ਵਿਚ ਹੀ ਲਾਲਾ ਲਾਜਪਤ ਰਾਇ ਦਾ ਜਨਮ ੨੮ ਜਨਵਰੀ ੧੮੬੫ ਈ: ਨੂੰ ਹੋਇਆ। ਲਾਲਾ ਜੀ ਦੇ ਮਾਤਾ ਗੁਲਾਬ ਦੇਵੀ ਜੀ ਬਹੁਤ ਸਿਆਣੇ ਸਨ। ਇਕ ਦਿਨ ਜਦ ਲਾਲਾ ਜੀ ਅਜੇ ਸਕੂਲ ਵਿਚ ਹੀ ਪੜ੍ਹਦੇ ਸਨ ਤਾਂ ਆਪ ਨੇ ਤਾਸ਼ ਦੇ ਪੱਤਿਆਂ ਪਰ ਜੂਆ ਖੇਡਿਆ ਅਤੇ ਇਕ ਪੈਸੇ ਨਾਲ ਦੋ ਆਨੇ ਜਿਤ ਲਏ ਤੇ ਖੁਸ਼ੀ ਖੁਸ਼ੀ ਮਾਤਾ ਜੀ ਨੂੰ ਲਿਆ ਕੇ ਦਿਤੇ। ਮਾਤਾ ਜੀ ਨੇ ਗੁਸੇ ਵਿਚ ਆ ਕੇ ਆਪ ਜੀ ਨੂੰ ਇਕ ਕਮਰੇ ਵਿਚ ਤਾੜ ਦਿਤਾ ਤੇ ਸਾਰਾ ਦਿਨ ਭੁਖਣ ਭਾਣਾ ਬੰਦ ਰਖਿਆ। ਇਸ ਨਸੀਹਤ ਦਾ ਲਾਲਾ ਜੀ ਦੇ ਮਨ ਪਰ ਬਹੁਤ ਅਸਰ ਹੋਇਆ ਤੇ ਆਪ ਨੇ ਬੁਰੇ ਕੰਮਾਂ ਤੋਂ ਹਮੇਸ਼ਾਂ ਲਈ ਤੌਬਾ ਕਰ ਦਿਤੀ।

ਜਗਰਾਉਂ ਦੇ ਸਕੂਲ ਵਿਚੋਂ ਦਸਵੀਂ ਜਮਾਤ ਪਾਸ ਕਰਕੇ ਲਾਲਾ ਜੀ ਨੂੰ ਅਗੇ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਆਪ ਜੀ ਨੇ ਲਾਹੌਰ ਕਾਲਜ ਵਿਚ ਦਾਖਲ ਹੋਣ ਦੀ ਇਛਾ ਪਰਗਟ ਕੀਤੀ। ੨੦-੨੨ ਰੁਪਏ ਤਨਖਾਹ ਲੈਣ ਵਾਲੇ ਆਪ ਦੇ ਗਰੀਬ ਸਕੂਲ ਮਾਸਟਰ ਪਿਤਾ ਕਾਲਜ ਦਾ ਖਰਚ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਪ੍ਰੰਤੂ ਬਚੇ ਦਾ ਸ਼ੌਕ ਵੇਖ ਕੇ ਆਪ ਜੀ ਨੇ ਆਪ ਜੀ ਨੂੰ ਦਾਖਲ ਕਰਵਾ ਦਿਤਾ। ਮਹਾਤਮਾ ਹੰਸ ਰਾਜ ਤੇ ਸ੍ਰੀ ਗੁਰੂ ਦੱਤ ਜੀ ਦੇ ਸਹਿਪਾਠੀ ਸਨ। ਵਕਾਲਤ ਪਾਸ ਕਰ ਕੇ ਲਾਲਾ ਜੀ ਜਗਰਾਉਂ ਵਕਾਲਤ ਕਰਨ ਲਗ ਪਏ ਤੇ ਥੋੜੇ ਚਿਰ ਵਿਚ ਹੀ ਚੰਗੇ ਪ੍ਰਸਿਧ ਹੋ ਗਏ। ਕੁਝ ਚਿਰ ਪਿਛੋਂ ਆਪ ਆਪਣੇ ਪਿਤਾ ਜੀ ਪਾਸ ਰੋਹਤਕ ਚਲੇ ਗਏ ਤੇ ਫਿਰ ਪੰਜ ਸਾਲ ਹਿਸਾਰ ਵਿਚ ਵਕਾਲਤ ਕਰਦੇ ਰਹੇ।

੧੮੯੨ ਵਿਚ ਆਪ ਨੇ ਲਾਹੌਰ ਜਾਕੇ ਵਕਾਲਤ ਆਰੰਭ ਕਰ ਦਿਤੀ ਤੇ ਆਰੀਆ ਸਮਾਜ ਵਿਚ ਸ਼ਾਮਲ ਹੋਕੇ ਕੰਮ ਕਰਨ ਲਗ ਪਏ। ਇਥੇ ਆਪ ਨੇ ਕਈ ਵਿਦਯਕ ਸੰਸਥਾਵਾਂ ਕਾਇਮ ਕੀਤੀਆਂ। ਪੰਜਾਬ ਨੈਸ਼ਨਲ ਬੈਂਕ ਸ਼ੁਰੂ ਕੀਤਾ ਤੇ ਕਾਂਗਰਸ ਵਿਚ ਵਧ ਚੜ੍ਹਕੇ ਹਿਸਾ ਲੈਂਦੇ ਰਹੇ। ਦਸੰਬਰ ੧੮੯੩ ਵਿਚ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਵਿਚ ਹੋਇਆ। ਇਸ ਦੀ ਸਵਾਗਤ ਕਮੇਟੀ ਦੇ ਪ੍ਰਧਾਨ ਲਾਲਾ ਜੀ ਤੇ ਸਮਾਗਮ ਦੇ ਪ੍ਰਧਾਨ ਪ੍ਰਸਿਧ ਦੇਸ਼ ਭਗਤ ਦਾਦਾ ਭਾਈ ਨਾਰੋਜੀ ਸਨ। ੧੮੯੭ ਨੂੰ ਪੰਜਾਬ ਵਿਚ ਸਖਤ ਕਾਲ ਪਿਆ ਜਿਸ ਵਿਚ ਆਪ ਨੇ ਦੁਖੀਆਂ ਦੀ ਕਾਫੀ ਸਹਾਇਤਾ ਕੀਤੀ।

੧੯੦੪ ਵਿਚ ਲਾਲਾ ਜੀ ਨੇ "ਪੰਜਾਬੀ" ਨਾਮ ਦਾ ਅਖਬਾਰ ਜਾਰੀ ਕੀਤਾ ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਦੇ ਦਿਲ ਵਿਚ ਪੰਜਾਬੀਅਤ ਦਾ ਜਜ਼ਬਾ ਕੁਟ ਕੁਟ ਕੇ ਭਰਿਆ ਹੋਇਆ ਸੀ। ਇਸ ਤੋਂ ਉਪ੍ਰੰਤ ਆਪ ਜੀ ਨੇ ਇੰਗਲੈਂਡ, ਅਮਰੀਕਾ ਆਦਿ ਦੇਸ਼ਾ ਵਿਚ ਜਾਕੇ ਆਰੀਯਾ ਸਮਾਜ ਅਤੇ

Digitized by Panjab Digital Library | www.panjabdigilib.org

ਕਾਂਗਰਸ ਦੀ ਆਜ਼ਾਦੀ ਦੀ ਜਦੋ ਜ਼ਹਿਦ ਦਾ ਬਹੁਤ ਪ੍ਰਚਾਰ ਕੀਤਾ। ਵਾਪਸ ਆਕੇ ਆਪ ਦੇਸ਼ ਭਲਾਈ ਦੇ ਕੰਮਾਂ ਵਿਚ ਹਿਸਾ ਲੈਂਦੇ ਰਹੇ। ੧੯੦੬-੭ ਵਿਚ ਸ: ਅਜੀਤ ਸਿੰਘ ਲਾਲਾ ਹਰਦਿਆਲ ਐਮ. ਏ. ਤੇ ਸੂਫੀ ਅੰਬਾ ਪ੍ਰਸ਼ਾਦ ਨੇ ਬਾਰ ਵਿਚ ਕਿਸਾਨ ਅੰਦੋਲਨ ਚਲਾਇਆ ਤਾਂ ਲਾਲਾ ਲਾਜਪਤ ਰਾਇ ਨੇ ਭੀ ਇਸ ਵਿਚ ਵਧ ਚੜ੍ਹਕੇ ਹਿਸਾ ਲਿਆ। ਇਸ ਤੋਂ ਚਿੜ ਕੇ ਸਰਕਾਰ ਅੰਗਰੇਜ਼ੀ ਨੇ ਆਪ ਨੂੰ ਗਿਰਫਤਾਰ ਕਰਕੇ ਮਾਂਡਲੇ ਦੇ ਕਿਲੇ ਬਰਮਾ ਵਿਚ ਲੈ ਜਾਕੇ ਨਜ਼ਰਬੰਦ ਕਰ ਦਿਤਾ ਅਤੇ ਦੇਸ਼ ਨਿਕਾਲੇ ਦਾ ਹੁਕਮ ਸੁਣਾਇਆ।

ਸਰਕਾਰ ਦੀ ਇਸ ਵਧੀਕੀ ਵਿਰੁਧ ਦੇਸ਼ ਭਰ ਵਿਚ ਜ਼ਬਰਦਸਤ ਐਜੀਟੇਸ਼ਨ ਹੋਈ ਜਿਸ ਤੋਂ ਪ੍ਰਭਾਵਤ ਹੋਕੇ ਸਰਕਾਰ ਨੇ ਲਾਲਾ ਜੀ ਨੂੰ ੬ ਮਹੀਨਿਆਂ ਪਿਛੋਂ ਰਿਹਾ ਕਰ ਦਿਤਾ, ਪਰ ਸ: ਅਜੀਤ ਸਿੰਘ ਤੇ ਲਾਲਾ ਹਰਦਿਆਲ ਐਮ. ਏ. ਆਦਿ ਵਿਰੁਧ ਜਲਾਵਤਨੀ ਦਾ ਹੁਕਮ ਜਾਰੀ ਰਖਿਆ। ਲਾ: ਜੀ ਵਾਪਸ ਆਕੇ ਕਾਂਗਰਸ ਵਿਚ ਨਿਧੜਕ ਹੋਕੇ ਕੰਮ ਕਰਦੇ ਰਹੇ। ਬਾਲ ਗੰਗਾਧਰ ਤਿਲਕ, ਸ੍ਰੀ ਬਿਪਨ ਚੰਦਰ ਪਾਲ ਤੇ ਲਾਲਾ ਜੀ ਤਿੰਨੇ ਬੜੇ ਮਿਤ੍ਰ ਸਨ ਇਸ ਕਰਕੇ ਇਸ ਤਿਗੜੀ ਨੂੰ ਲੋਕ "ਲਾਲ ਪਾਲ ਬਾਲ" ਕਹਿਕੇ ਪੁਕਾਰਿਆ ਕਰਦੇ ਸਨ। ਕਾਂਗਰਸ ਦੇ ਸੂਰਤ ਇਜਲਾਜ ਵਿਚ ਲਾਲਾ ਜੀ ਨੇ ਸਾਰੇ ਦੇਸ਼ ਵਾਸੀਆਂ ਪਰ ਆਪਣੀ ਵਿਦਵਤਾ ਦਾ ਬਹੁਤ ਪ੍ਰਭਾਵ ਪਾਇਆ ਤੇ ਕਲਕਤਾ ਸਪੈਸ਼ਲ ਇਜਲਾਸ ਦੇ ਆਪ ਪ੍ਰਧਾਨ ਬਣਾਏ ਗਏ। ਇਸ ਪ੍ਰਕਾਰ ਆਪ ਜੀ ਨੂੰ ਕਾਂਗਰਸ ਦਾ ਸਭ ਤੋਂ ਵਡਾ ਔਹਦਾ ਪ੍ਰਾਪਤ ਹੋਇਆ ਜਿਸ ਨੇ ਆਪ ਦਾ ਨਾਮ ਚੋਟੀ ਦੇ ਲੀਡਰਾਂ ਵਿਚ ਸ਼ਾਮਲ ਕਰ ਦਿਤਾ। ਆਪ ਕਈ ਵੇਰ ਬਾਹਰਲੇ ਦੇਸ਼ਾਂ ਦੇ ਦੌਰੇ ਪਰ ਗਏ ਜਿਥੇ ਆਪ ਆਜ਼ਾਦੀ ਲਈ ਜ਼ੋਰਦਾਰ ਪਰਚਾਰ ਕਰਦੇ ਰਹੇ। ੧੯੧੪-੧੫ ਵਿਚ ਆਪ ਵਲਾਇਤ ਗਏ ਹੋਏ ਸਨ ਕਿ ਵਡੀ ਲੜਾਈ ਆਰੰਭ ਹੋ ਗਈ। ਅੰਗਰੇਜ਼ਾਂ ਨੇ ਆਪ ਪਰ ਦੇਸ਼ ਵਾਪਸ ਨਾ ਜਾਣ ਦੀ ਪਾਬੰਦੀ ਲਗਾ ਦਿਤੀ ਤੇ ਆਪ ਕਈ ਸਾਲ ਅਮਰੀਕਾ ਵਿਚ ਰਹੇ। ਨਿਊਯਾਰਕ ਤੋਂ ਆਪ ਨੇ ਯੰਗ ਇੰਡੀਆ ਨਾਮ ਦਾ ਅਖਬਾਰ ਜਾਰੀ ਕੀਤਾ ਜੋ ਆਜ਼ਾਦੀ ਦਾ ਬੜਾ ਨਿਧੜਕ ਪ੍ਰਚਾਰਕ ਸੀ। ਮਿਸ ਮਿਊ ਨੇ ਮਦਰ ਇੰਡੀਆ ਨਾਮ ਦੀ ਪੁਸਤਕ ਲਿਖ ਕੇ ਹਿੰਦੁਸਤਾਨੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਬਦਨਾਮ ਕਰਨ ਦਾ ਬਿਰਥਾ ਯਤਨ ਕੀਤਾ ਜਿਸ ਵਿਰੁਧ ਲਾਲਾ ਲਾਜਪਤ ਰਾਇ ਜੀ ਨੇ ਅਸਲੀਅਤ ਭਰੇ ਲੇਖ ਲਿਖੇ ਅਤੇ "ਅਨ ਹੈਪੀ ਇੰਡੀਆ" ਨਾਮ ਦੀ ਪੁਸਤਕ ਲਿਖ ਕੇ ਮਿਸ ਮਿਊ ਦੀਆਂ ਦਲੀਲਾਂ ਦੇ ਐਸੇ ਉਤਰ ਦਿਤੇ ਕਿ ਉਸ ਨੂੰ ਫਿਰ ਕੁਝ ਲਿਖਣ ਦੀ ਹਿੰਮਤ ਹੀ ਨਾ ਪਈ। ਲਾਲਾ ਜੀ ਵਿਚ ਸ੍ਵੈ ਅਭਿਮਾਨ ਤੇ ਨਿਡਰਤਾ ਕੁਟ ਕੁਟ ਕੇ ਭਰੀ ਹੋਈ ਸੀ। ਆਪ ਦੇਸ਼ ਦੀ ਖਾਤਰ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ।

## ਸਾਈਮਨ ਕਮਿਸ਼ਨ ਦਾ ਬਾਈਕਾਟ

੧੯੨੮ ਵਿਚ ਅੰਗਰੇਜ਼ੀ ਸਰਕਾਰ ਵਲੋਂ ਸਾਈਮਨ ਕਮਿਸ਼ਨ ਹਿੰਦੁਸਤਾਨ ਦਾ ਦੌਰਾ ਕਰਨ ਲਈ ਆਇਆ। ਕਾਂਗਰਸ ਨੇ ਇਸ ਦਾ ਬਾਈਕਾਟ ਕੀਤਾ ਤੇ ਸਾਰੇ ਵਡੇ ਵਡੇ ਸ਼ਹਿਰਾਂ ਵਿਚ ਇਸ ਵਿਰੁਧ ਪ੍ਰਦਰਸ਼ਨ ਕੀਤੇ। ਲਾਹੌਰ ਵਿਚ ਸਾਈਮਨ ਕਮਿਸ਼ਨ ਵਿਰੁਧ ਜ਼ਬਰਦਸਤ ਮੁਜ਼ਾਹਰਾ ਹੋਇਆ। ਕਲਕਤਾ ਤੇ ਲਾਹੌਰ ਦੇ ਸ਼ਹਿਰਾਂ ਨੇ ਤਾਂ ਇਸ ਲਹਿਰ ਵਿਚ ਜੰਤਾ ਉਭਾਰ ਦੇ ਨਵੇਂ ਰੀਕਾਰਡ ਪੇਸ਼ ਕੀਤੇ। ਲਾਹੌਰ ਪ੍ਰਦਸ਼ਨ ਦੇ ਲਾਲਾ ਲਾਜਪਤ ਰਾਇ ਜੀ ਮੋਢੀ ਸਨ। ਅੰਗਰੇਜ਼ ਅਫਸਰ ਦੇਸ਼ ਭਗਤਾਂ ਪਰ ਮਨ ਮੰਨਿਆ ਅਤਿਆਚਾਰ ਕਰਦੇ ਸਨ। ਲਾਹੌਰ ਦਾ ਸੀਨੀਅਰ ਸੁਪ੍ਰੰਟੈਂਡੰਟ ਪੁਲਸ ਮਿ: ਸਾਂਡਰਸ ਲਾਹੌਰ ਵਿਚ ਇਕ ਹੋਰ ਜਲ੍ਹਿਆਂ ਵਾਲਾ ਬਾਗ ਬਨਾਉਣਾ ਚਾਹੁੰਦਾ ਸੀ। ਉਸ ਨੇ ਕਾਂਗਰਸੀ ਲੀਡਰਾਂ ਪਰ ਪੁਲਸ ਪਾਸੋਂ ਸਖਤ ਲਾਠੀ ਚਾਰਜ ਕਰਾਇਆ ਤੇ ਲਾਲਾ ਜੀ ਨੂੰ ਉਸ ਨੇ ਆਪਣੇ ਹਥਾਂ ਨਾਲ ਡੰਡੇ

Digitized by Panjab Digital Library | www.panjabdigilib.org

ਮਾਰੇ । ਪੰਜਾਬ ਦੇ ਮਾਣ ਨੂੰ ਇਕ ਅੰਗਰੇਜ਼ ਅਫਸਰ ਦੇ ਹਥੋਂ ਇਸ ਤਰ੍ਹਾਂ ਕੁਟੀਂਦਾ ਵੇਖ ਕੇ ਹੀ ਸਰਦਾਰ ਭਗਤ ਸਿੰਘ ਜੀ ਦਾ ਦਿਲ ਜੋਸ਼ ਨਾਲ ਭਰ ਗਿਆ ਸੀ ਤੇ ਉਸ ਨੇ ਮਿ: ਸਾਂਡਰਸ ਨੂੰ ਕਤਲ ਕਰਨ ਦਾ ਫੈਸਲਾ ਕਰ ਲਿਆ ।

ਲਾਲਾ ਜੀ ਜ਼ਖਮੀ ਹੋਕੇ ਘਰ ਪਹੁੰਚੇ । ਦੇਸ਼ ਭਰ ਦੀਆਂ ਅਖਬਾਰਾਂ ਨੇ ਲਾਹੌਰ ਦੇ ਪ੍ਰਦਰਸ਼ਨ ਦੀਆਂ ਮੋਟੀਆਂ ਸੁਰਖੀਆਂ ਦੇ ਕੇ ਖਬਰਾਂ ਛਾਪੀਆਂ । ਜ਼ਖਮੀ ਹੋਣ ਦੀ ਹਾਲਤ ਵਿਚ ਭੀ ਲਾਲਾ ਜੀ ਨੇ ਮੋਚੀ ਦਰਵਾਜ਼ੇ ਦੇ ਬਾਹਰ ਹੋਏ ਭਾਰੀ ਜਲਸੇ ਵਿਚ ਤਕਰੀਰ ਕਰਦੇ ਹੋਏ ਫੁਰਮਾਇਆ । "ਸਾਡੇ ਸਰੀਰਾਂ ਪਰ ਵਜੀਆਂ ਡਾਂਗਾਂ ਦੇ ਇਹ ਨਿਸ਼ਾਨ ਅੰਗਰੇਜ਼ੀ ਰਾਜ ਦੇ ਖਾਤਮੇ ਦੀਆਂ ਨਿਸ਼ਾਨੀਆਂ ਹਨ" ੧੭ ਨਵੰਬਰ ੧੯੨੮ ਨੂੰ ਆਪ ਅਚਾਨਕ ਹੀ ਭਾਰਤ ਵਾਸੀਆਂ ਨੂੰ ਸਦਾ ਲਈ ਵਿਛੋੜਾ ਦੇ ਗਏ । ਆਪ ਜੀ ਦੀ ਮ੍ਰਿਤੂ ਪਰ ਹਿੰਦੁਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਭਾਰੀ ਸ਼ੋਕ ਮਨਾਇਆ ਗਿਆ । ਦੇਸ਼ ਵਾਸੀਆਂ ਨੇ ਆਪ ਜੀ ਦੀ ਮ੍ਰਿਤੂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਅਨਭਵ ਕੀਤਾ ।

੧੯੨੦ ਦੇ ਨਾਮਿਲਵਰਤਨ ਅੰਦੋਲਨ ਦੇ ਸਮੇਂ ਕਈ ਨਵੇਂ ਆਗੂ ਮੈਦਾਨ ਵਿਚ ਨਿਤਰੇ, ਜਿਨ੍ਹਾਂ ਨੇ ਵਕਾਲਤਾਂ ਤੇ ਸਰਕਾਰੀ ਉਹਦਿਆਂ ਨੂੰ ਲੱਤ ਮਾਰ ਕੇ ਦੇਸ਼ ਸੇਵਾ ਨੂੰ ਆਪਣੇ ਜੀਵਨ ਦਾ ਆਦਰਸ਼ ਬਣਾ ਲਿਆ । ਉਸ ਸਮੇਂ ਦੇ ਕੁਝ ਕ ਪ੍ਰਸਿੱਧ ਨੇਤਾਵਾਂ ਵਿਚੋਂ ਪੰ: ਜਵਾਹਰ ਲਾਲ ਨਹਿਰੂ ਡਾ: ਮਾਨਸਾਰੀ, ਡਾ: ਰਾਜਿੰਦਰ ਪ੍ਰਸ਼ਾਦ, ਸ੍ਰੀ ਸੁਭਾਸ਼ ਚੰਦਰ ਬੋਸ, ਬਾਬਾ ਖੜਕ ਸਿੰਘ, ਸ: ਸ੍ਰਦੂਲ ਸਿੰਘ ਕਵੀਸ਼ਰ, ਆਦਿ ਦੇ ਨਾਮ ਖਾਸ ਵਰਣ ਯੋਗ ਹਨ । ਗਾਂਧੀ ਜੀ ਦੀ ਅਗਵਾਈ ਹੇਠ ਸਤਿਆਗ੍ਰਹਿ ਦੇ ਮੋਰਚੇ ਲੱਗੇ , ਜਿਨ੍ਹਾਂ ਵਿਚੋਂ ਤਿੰਨ ਵਿਆਕਤੀਗਤ ਸਨ ਤੇ ਤਿੰਨ ਸਮੂਹਕ । ੧੯੨੯ ਵਿਚ ਕਾਂਗਰਸ ਆਜ਼ਾਦੀ ਪ੍ਰਾਪਤ ਕਰਨ ਦੀ ਲਹਿਰ ਇਤਨੀ ਪ੍ਰਬੱਲ ਹੋ ਗਈ ਕਿ ਪੰਜਾਬ ਦੀ ਸੁਭਾਗ ਧਰਤੀ ਵਿਚ ਰਾਵੀ ਦੇ ਕਿਨਾਰੇ ਭਾਰਤ ਦੇ ਪ੍ਰਤਿਨਿਧਾਂ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕਰ ਦਿਤਾ । ਭਾਰਤ ਦੇ ਇਤਿਹਾਸ ਵਿਚ ਉਹ ਦਿਹਾੜਾ ਹਮੇਸ਼ਾ ਯਾਦ ਰਹੇਗਾ ਜਿਸ ਦਿਨ ਭਾਰਤਵਾਸੀਆਂ ਨੇ ਪੂਰਨ ਦ੍ਰਿੜਤਾ ਦੇ ਨਾਲ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਕੀਤਾ ।

ਇਸ ਤੋਂ ਉਪ੍ਰੰਤ ਅੰਗਰੇਜ਼ਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਤੇਜ਼ ਕਰ ਦਿਤਾ । ਫ੍ਰਿਕੂ ਜਥੇ ਬੰਦੀਆਂ ਦੀ ਹੌਸਲਾ ਅਫਜ਼ਾਈ ਹੋਣ ਲਗੀ । ਕਾਂਗਰਸ ਦੇ ਮੁਕਾਬਲੇ ਪਰ ਮੁਸਲਮਲੀਗ ਨੂੰ ਖੜਾ ਕੀਤਾ ਗਿਆ । ਇਕ ਕੌਮ ਨੂੰ ਦੂਜੀ ਵਿਰੁਧ ਲੜਾਉਣ ਦੀਆਂ ਕੁਟਲ ਚਾਲਾਂ ਚਲ ਕੇ ਅੰਗਰੇਜ਼ ਸਿਆ-ਸਤਦਾਨਾਂ ਨੇ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਈ ਕਸਰ ਨਾ ਛਡੀ । ਹੁਣ ਦੁਨੀਆਂ ਦੇ ਹਾਲਾਤ ਭੀ ਬਹੁਤ ਬਦਲ ਚੁਕੇ ਸਨ । ਪਹਿਲੀ ਵਡੀ ਲੜਾਈ ਤੋਂ ਪਿਛੋਂ ਆਜ਼ਾਦ ਹੋਏ ਦੇਸ਼ਾਂ ਦੀ ਕਾਇਆਂ ਪਲਟ ਗਈ ਸੀ । ਉਨ੍ਹਾਂ ਦਾ ਉਦਾਹਰਣ ਸਾਹਮਣੇ ਰਖ ਕੇ ਗੁਲਾਮ ਦੇਸ਼ਾਂ ਦੀ ਪਰਜਾ ਉਠ ਖੜੀ ਹੋਈ ਅਤੇ ਉਸ ਨੇ ਆਜ਼ਾਦੀ ਦਾ ਘੋਲ ਤੇਜ਼ ਕਰ ਦਿਤਾ । ਸੰਸਾਰ ਵਿਚ ਦੂਜੀ ਵਡੀ ਲੜਾਈ ਦੀਆਂ ਅਫਵਾਹਾਂ ਗਰਮ ਹੋਣ ਲਗੀਆਂ । ਦਬੀਆਂ ਹੋਈਆਂ ਤਾਕਤਾਂ ਫਿਰ ਉਭਰ ਆਈਆਂ । ਇਨ੍ਹਾਂ ਗਲਾਂ ਦਾ ਅਸਰ ਭਾਰਤ ਦੀ ਜੰਤਾ ਪਰ ਭੀ ਪਿਆ । ਅੰਗਰੇਜ਼ਾਂ ਨੇ ਕਿਸ਼ਤਾਂ ਰਾਹੀਂ ਸਵਰਾਜ ਦੇਣ ਦੀ ਨੀਤੀ ਪਰ ਅਮਲ ਕਰਨਾ ਸ਼ੁਰੂ ਕੀਤਾ ।

੧੯੩੫ ਵਿਚ ਨਵਾਂ ਇੰਡੀਆਂ ਐਕਟ ਪਾਸ ਕਰਕੇ ਲੋਕਾਂ ਨੂੰ ਅਸੈਂਬਲੀਆਂ ਚੁਨਣ ਦੇ ਕੁਝ ਹੋਰ ਅਧਿਕਾਰ ਦਿਤੇ ਗਏ ।

ਇਸ ਐਕਟ ਅਨੁਸਾਰ ਹੋਈਆਂ ਚੋਣਾਂ ਵਿਚ ਕਾਂਗਰਸ ਨੇ ਵਧ ਚੜ੍ਹਕੇ ਹਿਸਾ ਲਿਆ ਤੇ ੭-੯ ਸੂਬਿਆਂ ਵਿਚ ਕਾਂਗਰਸੀ ਵਜ਼ਾਰਤਾਂ ਬਣ ਗਈਆਂ । ਗਵਰਨਰਾਂ ਦੇ ਪਾਸ ਅੰਤਮ ਨਿਰਨਾ ਦੀ ਤਾਕਤ

Digitized by Panjab Digital Library | www.panjabdigilib.org

(ਵੀਟੋ ਪਾਵਰ) ਹੋਣ ਕਰਕੇ ਭਾਵੇਂ ਕਾਂਗਰਸੀ ਵਜ਼ਾਰਤਾਂ ਜਨਤਾ ਦਾ ਕੁਝ ਨਾ ਸਵਾਰ ਸਕੀਆਂ ਪਰ ਭਾਰਤੀ ਲੀਵਰਾਂ ਨੂੰ ਇਹ ਪ੍ਰਗਟ ਕਰਨ ਦਾ ਅਵਸਰ ਜ਼ਰੂਰ ਮਿਲ ਗਿਆ ਕਿ ਉਹ ਦੇਸ਼ ਦੀ ਵਾਗ ਡੋਰ ਸੰਭਾਲਣ ਦੀ ਯੋਗਤਾ ਰਖਦੇ ਹਨ । ੧੯੩੯ ਵਿਚ ਦੂਜੀ ਵਡੀ ਲੜਾਈ ਅਰੰਭ ਹੋ ਗਈ । ਅਰੰਭ ਵਿਚ ਅੰਗਰੇਜ਼ਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਖਤ ਹਾਰਾਂ ਹੋਈਆਂ। ਏਸ਼ੀਆ ਵਿਚ ਜਾਪਾਨ ਨੇ ਯੂਰਪੀਨ ਸਾਮਰਾਜੀਆਂ ਦਾ ਸਫਾਇਆ ਕਰਨਾ ਸ਼ੁਰੂ ਕਰ ਦਿਤਾ। ਦੱਖਣ ਪੂਰਬੀ ਏਸ਼ੀਆ ਵਿਚ ਭਾਰਤ ਨੂੰ ਅਜ਼ਾਦ ਕਰਾਉਣ ਲਈ ਜਨਰਲ ਮੋਹਣ ਸਿੰਘ ਨੇ ਆਜ਼ਾਦ ਹਿੰਦ ਫੌਜ ਦੀ ਬੁਨਿਆਦ ਰੱਖੀ। ਉਧਰ ਜਰਮਨ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਭੀ ਆਜ਼ਾਸ ਹਿੰਦ ਫੌਜ ਕਾਇਮ ਕਰ ਲਈ।

੧੯੪੨ ਵਿਚ ਸਰਬ ਹਿੰਦ ਕਾਂਗਰਸ ਨੇ (Quit India) 'ਹਿੰਦ ਛੱਡ ਜਾਉ' ਦਾ ਮਤਾ ਪਾਸ ਕੀਤਾ। ਦੇਸ਼ ਭਰ ਵਿਚ ਅੰਗਰੇਜ਼ਾਂ ਵਿਰੁਧ ਇਕ ਤੂਫਾਨ ਉਠ ਖੜਾ ਹੋਇਆ। ਜੇ ਪੂਰਬੀ ਦੇਸ਼ ਅਚਾਨਕ ਹੀ ਕਮਜ਼ੋਰ ਨਾ ਹੋ ਜਾਂਦੇ ਅਤੇ ਹਿਟਲਰ ਰੂਸ ਪਰ ਹਮਲਾ ਕਰਨ ਦੀ ਗਲਤੀ ਨਾ ਕਰਦਾ ਤਾਂ ਦੇਸ਼ ਦੇ ਅੰਦਰ ਤੇ ਬਾਹਰ ਆਜ਼ਾਦੀ ਲਈ ਲੜ ਰਹੇ ਦੇਸ਼ ਭਗਤ ਤਾਕਤ ਦੇ ਜ਼ੋਰ ਨਾਲ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਦਿੰਦੇ। ਇਸ ਦਾ ਨਤੀਜਾ ਅਗੇ ਚਲਕੇ ਕੀ ਨਿਕਲਦਾ? ਇਹ ਤਾਂ ਵਿਚਾਰਨ ਵਾਲੀ ਗੱਲ ਹੈ। ਪਰੰਤੂ ਇਹ ਇਕ ਸਚਾਈ ਹੈ ਕਿ ਅੰਗਰੇਜ਼ ਭਾਰਤ ਨੂੰ ਛੱਡਣ ਸਮੇਂ ਦੇਸ਼ ਦੀ ਵੰਡ ਕਰਨ ਦੀ ਜੋ ਤਬਾਹਕੁਨ ਚਾਲ ਚੱਲੀ ਤੇ ਆਪਣੇ ਮੁਫਾਦ ਦੀ ਰਾਖੀ ਲਈ ਕਾਂਗਰਸੀ ਤੇ ਲੀਗੀ ਲੀਡਰਾਂ ਨਾਲ ਜੋ ਨਾਪਾਕ ਸਮਝੌਤਾ ਕੀਤਾ, ਉਹ ਨਾ ਹੁੰਦਾ ਤਾਂ ਭਾਰਤ ਬਹੁਤ ਛੇਤੀ ਪੂਰਨ ਸ਼ਕਤੀਵਾਨ ਤੇ ਉੱਨਤ ਦੇਸ਼ਾਂ ਵਿਚ ਖੜਾ ਹੋਣ ਦੇ ਯੋਗ ਹੋ ਜਾਂਦਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਕਾਂਗਰਸ ਦੀ ਅਗਵਾਈ ਹੇਠ ਹਿੰਦੀ ਦੇਸ਼ ਭਗਤਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ। ਤਿਆਗ, ਕੁਰਬਾਨੀ ਤੇ ਕਸ਼ਟ ਝੱਲਣ ਦੀਆਂ ਅਦੁਤੀ ਮਿਸਾਲਾਂ ਪੇਸ਼ ਕੀਤੀਆਂ। ਪਰੰਤੂ ਭਾਰਤੀ ਜਨਤਾ ਨੂੰ ਇਕ ਕੌਮੀਅਤ ਦੀ ਲੜੀ ਵਿਚ ਪ੍ਰੋ ਕੇ, ਮਜ਼੍ਹਬੀ ਭਿਨ ਭੇਦ ਖਤਮ ਕਰਕੇ, ਇਕ ਸਰਬ ਸਾਂਝਾ ਰਾਜ ਸਥਾਪਤ ਕਰਨ ਦਾ ਜੋ ਆਦਰਸ਼ ਕਾਂਗਰਸ ਨੇ ਆਪਣੇ ਸਾਹਣੇ ਰੱਖਿਆ ਸੀ ਉਹ ਪੂਰਾ ਨਾ ਹੋ ਸਕਿਆ ਅਤੇ ਉਹ ਭਾਰਤੀ ਨੇਤਾ ਜੋ ਇਹ ਦਾਅਵਾ ਕਰਦੇ ਸਨ ਕਿ ਸਾਡੇ ਸਰੀਰ ਦੇ ਭਾਵੇਂ ਟੁਕੜੇ ਹੋ ਜਾਣ ਪਰ ਅਸੀਂ ਭਾਰਤ ਨੂੰ ਟੁਕੜੇ ਟੁਕੜੇ ਨਹੀਂ ਹੋਣ ਦਿਆਂਗੇ, ਆਪਣੇ ਦਾਹਵੇ ਨੂੰ ਸੱਚਾ ਸਾਬਤ ਨਾ ਕਰ ਸਕੇ। ਸਿਆਸਤ ਦੀ ਬਾਜ਼ੀ ਉਨ੍ਹਾਂ ਨੇ ਜਿੱਤ ਕੇ ਹਾਰ ਦਿੱਤੀ ਅਤੇ ਅੰਗਰੇਜ਼ਾਂ ਦੀ ਚਾਲ ਵਿਚ ਫੱਸ ਕੇ ਭਾਰਤੀ ਜਨਤਾ ਨੂੰ ਲਹੂ ਲੁਹਾਣ ਕਰਨ ਤੇ ਦੇਸ਼ ਦੇ ਟੁਕੜੇ ਕਰਨ ਦਾ ਕਾਰਨ ਬਣੇ। ੧੫ ਅਗਸਤ ੧੯੪੭ ਨੂੰ ਦੇਸ਼ ਦੇ ਦੋ ਟੁਕੜੇ ਕਰਕੇ ਆਜ਼ਾਦੀ ਦਾ ਐਲਾਨ ਹੋਇਆ।

ਇਸ ਪ੍ਰਕਾਰ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਜੋ ਸ਼ਾਨਦਾਰ ਹਿੱਸਾ ਪਾਇਆ ਸੀ, ਦੇਸ਼ ਦੀ ਵੰਡ ਕਰਨ ਕਰਕੇ ਉਸ ਦਾ ਅਸਰ ਭਾਰਤੀ ਜਨਤਾ ਦੇ ਦਿਲਾਂ ਪਰ ਚੰਗਾ ਨਾ ਪਿਆ। ਇਸ ਦੇ ਬਾਵਜੂਦ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਂਗਰਸ ਵਿਚ ਰਹਿਕੇ ਜਿਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਕੋਈ ਸੱਚਾ ਦੇਸ਼ ਭਗਤ ਭੁਲਾ ਨਹੀਂ ਸਕਦਾ। ਕਾਂਗਰਸ ਦਾ ਇਤਿਹਾਸ ਬਹੁਤ ਸਾਰੇ ਲੇਖਕਾਂ ਨੇ ਬੜੇ ਵਿਸਥਾਰ ਨਾਲ ਲਿਖਿਆ ਹੈ। ਨਵੇਂ ਲਿਖਾਰੀ ਇਸ ਨੂੰ ਹੋਰ ਭੀ ਵਿਸਥਾਰ ਨਾਲ ਲਿਖਣਗੇ ਤੇ ਇਸ ਪਰ ਨਵੇਂ ਢੰਗ ਨਾਲ ਪੜਚੋਲ ਭੀ ਕਰਨਗੇ। ਇਸ ਕਰਕੇ ਇਸ ਦਾ ਪੂਰਾ ਵਿਸਥਾਰ ਨਾ ਕਰਦੇ ਹੋਏ ਅਸੀਂ ਇਥੇ ਕਾਂਗਰਸ ਦੀ ਆਜ਼ਾਦੀ ਦੀ ਲਹਿਰ ਦਾ ਸੰਖੇਪ ਹਾਲ ਲਿਖਣਾ ਹੀ ਮੁਨਾਸਿਬ ਸਮਝਿਆ ਹੈ। ਆਜ਼ਾਦ ਭਾਰਤ ਦਾ ਪਹਿਲਾ ਸਵਿਧਾਨ ੨੬ ਜਨਵਰੀ ੧੯੫੦ ਨੂੰ ਲਾਗੂ ਕੀਤਾ ਗਿਆ ਅਤੇ ਨਵੇਂ ਵਿਧਾਨ ਅਨਸਾਰ ਆਜ਼ਾਦ ਭਾਰਤ ਦੀਆਂ ਆਮ ਚੋਣਾਂ ਮਾਰਚ ੧੯੫੨ ਵਿਚ ਹੋਈਆਂ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਹਿੰਦ ਪਾਰਲੀਮੈਂਟ ਤੇ ਸੂਬਕ ਅਸੈਂਬਲੀਆਂ ਵਿਚ ਬਹੁ ਸੰਮਤੀ ਪ੍ਰਾਪਤ ਕਰਕੇ ਨਵੇਂ ਸਿਰੇ ਹਕੂਮਤ ਸੰਭਾਲ ਲੈਣ ਦੇ ਯੋਗ ਹੋ ਗਈ।

Digitized by Panjab Digital Library | www.panjabdigilib.org

# ਕਾਂਗਰਸ ਲਹਿਰ ਦੇ ਸਿਖ ਕਾਰਕੁਨ

ਮੰਗਲ ਸਿੰਘ ਗਿਲ
ਬਾਬਾ ਖੜਕ ਸਿੰਘ
ਬਸੰਤ ਸਿੰਘ ਮੋਗਾ
ਊਧਮ ਸਿੰਘ ਨਾਗੋਕੇ
ਕਪੂਰ ਸਿੰਘ ਐਡਵੋਕੇਟ
ਗੁਰਮੁਖ ਸਿੰਘ ਮੁਸਾਫਰ
ਰਤਨ ਸਿੰਘ ਮੋਟਰਾਂ ਵਾਲਾ ਮੋਗਾ
ਪ੍ਰੋ: ਮੋਤਾ ਸਿੰਘ ਦੁਆਬਾ
ਗੰਡਾ ਸਿੰਘ ਖਾਪੜਖੇੜੀ ਅੰਮ੍ਰਿਤਸਰ
ਗੰਡਾ ਸਿੰਘ ਸੁਰਸਿੰਘ ਲਾਹੌਰ
ਹਰੀ ਸਿੰਘ ਕਕੜ ਅੰਮ੍ਰਿਤਸਰ
ਹਰਨਾਮ ਸਿੰਘ ਰਿ: ਕਪੂਰਥਲਾ
ਕਰਮ ਸਿੰਘ ਅਜੀਤ ਵਾਲ ਫੀਰੋਜ਼ਪੁਰ
ਕੇਹਰ ਸਿੰਘ ਅਚਰਵਾਲ ਲੁਧਿਆਣਾ
ਭਾਗ ਸਿੰਘ ਹੈਡ ਮਾਸਟਰ ਰੂਮੀ ,,
ਵਜ਼ੀਰ ਸਿੰਘ ਵਕੀਲ ਲੁਧਿਆਣਾ
ਰਾਮ ਸਿੰਘ ਈਸੜੂ ਲੁਧਿਆਣਾ

ਪਰਤਾਪ ਸਿੰਘ ਕੈਰੋਂ
ਗਿ: ਸ਼ੇਰ ਸਿੰਘ
ਮਹਿੰਦਰ ਸਿੰਘ ਸਿਧਮ
ਦਰਸ਼ਨ ਸਿੰਘ ਫੇਰੂਮਾਨ
ਅਰਜਨ ਸਿੰਘ ਐ: ਜਗਰਾਉਂ
ਇੰਦ੍ਰ ਸਿੰਘ ਕੋਟ ਕਰੋੜ ਫੀਰੋਜ਼ਪੁਰ
ਗੁਰਦਿਤ ਸਿੰਘ ਤਲਵੰਡੀ ਭਾਈ
ਬਾਬੂ ਲਾਭ ਸਿੰਘ
ਗੰਡਾ ਸਿੰਘ ਸੁਰਸਿੰਘ ਲਾਹੌਰ
ਗੁਜਰ ਸਿੰਘ ਭਕਨਾ ਅੰਮ੍ਰਿਤਸਰ
ਹਰਨਾਮ ਸਿੰਘ ਰਸੂਲਪੁਰ ,,
ਹੀਰਾ ਸਿੰਘ ਚਰੜ ਲਾਹੌਰ
ਬਚਨ ਸਿੰਘ ਗੁਜਰਵਾਲ ਲੁਧਿਆਣਾ
ਬਾਵਾ ਸੰਤ ਸਿੰਘ ਜਗਰਾਉਂ ,,
ਅਜਮੇਰ ਸਿੰਘ ਵਕੀਲ ਲੁਧਿਆਣਾ
ਬਸੰਤ ਸਿੰਘ ਵਕੀਲ ਢੋਲਣ ,,
ਸਵਰਨ ਸਿੰਘ ਜਾਲੰਧਰ

ਸੁਚਾ ਸਿੰਘ ਮਲਾਈ ਕਿਸ਼ਨ ਪੁਰਾ ਫੀਰੋਜ਼ਪੁਰ
ਸੰਤੋਖ ਸਿੰਘ ਐਡਵੋਕੇਟ ਮੋਗਾ ਫੀਰੋਜ਼ਪੁਰ
ਸੁਚਾ ਸਿੰਘ ਡਿਪਟੀ ਕਲੈਕਟਰ ਮੋਗਾ ਫੀਰੋਜ਼ਪੁਰ
ਪ੍ਰਧਾਨ ਬਮਣ ਸਿੰਘ ਚੋਟੀਆ ਫੀਰੋਜ਼ਪੁਰ
ਅਜਾਇਬ ਸਿੰਘ ਜ਼ੈਲਦਾਰ ਕੋਕਰੀ

ਹੀਰਾ ਸਿੰਘ ਦਰਦ
ਸਰਦੂਲ ਸਿੰਘ ਕਵੀਸ਼ਰ
ਅਮਰ ਸਿੰਘ ਝਬਾਲ
ਮਾਸਟਰ ਤਾਰਾ ਸਿੰਘ
ਦਿਆਲ ਸਿੰਘ ਮਜੀਠਾ
ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ
ਬਾਬਾ ਗੁਰਦਿਤ ਸਿੰਘ ਗੁਰੂ ਨਾਨਕ ਜਹਾਜ਼
ਭਗਤ ਸਿੰਘ
ਗਿ: ਕਰਤਾਰ ਸਿੰਘ
ਬਾਬਾ ਮਦਨ ਸਿੰਘ ਗਾਗਾ

ਨਿਰੰਜਨ ਸਿੰਘ ਤਾਲਬ
ਮਾਸਟਰ ਕਾਬਲ ਸਿੰਘ
ਜਸਵੰਤ ਸਿੰਘ
ਗੁਲਬਦਨ ਸਿੰਘ ਲੋਹਗੜ੍ਹ
ਸੁਰਜੀਤ ਸਿੰਘ ਮਜੀਠਾ
ਮਹਾਰਾਜਾ ਗੁਰਚਰਨ ਸਿੰਘ ਨਾਭਾ
ਅਜੀਤ ਸਿੰਘ
ਬਲਦੇਵ ਸਿੰਘ
ਹੁਕਮ ਸਿੰਘ
ਈਸ਼ਰ ਸਿੰਘ ਮਝੈਲ

Digitized by Panjab Digital Library | www.panjabdigilib.org

ਬਾਬਾ ਨਿਹਾਲ ਸਿੰਘ ਭੇਣੀ
ਗਿਆਨ ਸਿੰਘ ਰਾੜੇਵਾਲਾ
ਨਰੈਣ ਸਿੰਘ ਧੂੜਕੋਟ
ਸੇਵਾ ਸਿੰਘ ਠੀਕਰੀਵਾਲਾ
ਇੰਦਰ ਸਿੰਘ ਮੋੜ
ਬਚਿਤਰ ਸਿੰਘ ਰਾਂਮਾ
ਹਰਚੰਦ ਸਿੰਘ ਜੇਜੀ
ਇੰਦਰ ਸਿੰਘ ਮਲੂਕੇ
ਦਲੀਪ ਸਿੰਘ ਦਰਦੀ
ਕਰਤਾਰ ਸਿੰਘ ਦਿਵਾਨਾ
ਹਰਨਾਮ ਸਿੰਘ ਭੇੜੂ ਛਜਾਵਾਲ
ਬਾਬਾ ਸੰਤਾ ਸਿੰਘ ਸਲਾਣਾ
ਪਾਲ ਸਿੰਘ ਰੂਮੀ
ਮਲ ਸਿੰਘ ਢਿਲੋਂ
ਕੇਹਰ ਸਿੰਘ ਬਸੀਆਂ
ਨਿਰੰਜਨ ਸਿੰਘ ਮਾਨ
ਇੰਦਰ ਸਿੰਘ ਬੋਪਾਰਾਏ
ਗੁਰਦੇਵ ਸਿੰਘ ਗੁਜਰਵਾਲ
ਜਗਤ ਸਿੰਘ ਚੱਕ
ਹਰੀ ਸਿੰਘ ਚੱਕ
ਚਰਨ ਸਿੰਘ ਜਾਂਗ ਪੁਰ
ਬਗਾ ਸਿੰਘ ਜਾਂਗ ਪੁਰ
ਜਰਨੈਲ ਸਿੰਘ ਰਿਸ਼ੀ
ਨਿਹਾਲ ਸਿੰਘ ਉਤਾਲਾ
ਉਤਮ ਸਿੰਘ ਉਤਾਲਾ
ਮਹਿਤਾ ਰਣਬੀਰ ਸਿੰਘ ਖੰਨਾ
ਮਾਹੀ ਸਿੰਘ ਬੋਂਦਲੀ
ਲਾਭ ਸਿੰਘ ਬੋਂਦਲੀ

ਜਗੀਰ ਸਿੰਘ ਰੋੜੇ
ਸੰਪੂਰਨ ਸਿੰਘ ਰਾਂਮਾ
ਗਿ: ਸ਼ੇਰ ਸਿੰਘ
ਉਜਾਗਰ ਸਿੰਘ ਭੌਰਾ
ਸਰਦਾਰਾ ਸਿੰਘ ਜੂਥ
ਜਗੀਰ ਸਿੰਘ ਫਗੂਵਾਲੀਆ
ਬਾਬਾ ਨੰਦ ਸਿੰਘ ਉਗਰਾਹਾ
ਭਗਵਾਨ ਸਿੰਘ ਲੌਂਗੋ ਦੇਵਾ
ਪਰੀਤਮ ਸਿੰਘ ਗੁਜਰਾਂ
ਭੂਪਿੰਦਰ ਸਿੰਘ ਮਾਨ
ਕੇਹਰ ਸਿੰਘ ਛੀਲਾ
ਬਾਬਾ ਸਾਹਿਬ ਸਿੰਘ ਸਲਾਣਾ
ਉਜਾਗਰ ਸਿੰਘ ਰੂਮੀ
ਨਿਰੰਜਨ ਸਿੰਘ ਬਸੀਆਂ
ਸਾਧੂ ਸਿੰਘ ਮਲਸੀਹਾਂ ਬਾਜਣ
ਗਿ: ਅਜਾਇਬ ਸਿੰਘ ਜਸੋਵਾਲ
ਬਾਬੂ ਬਚਨ ਸਿੰਘ ਗੁਜਰਵਾਲ
ਨਰਿੰਦ੍ਰ ਸਿੰਘ ਪ੍ਰਧਾਨ (ਕਰਨਾਲ)
ਅਰਜਨ ਸਿੰਘ ਚੱਕ
ਗੁਰਦਿਆਲ ਸਿੰਘ ਦਾਖਾ
ਨਿਰੰਜਨ ਸਿੰਘ ਜਾਗ ਪੁਰ
ਰਾਜਾ ਸਿੰਘ ਧੀਨ
ਚਰਨਜੀਤ ਸਿੰਘ ਧਾਂਦਰਾ
ਠਾਕਰ ਸਿੰਘ ਉਤਾਲਾ
ਕਾਕਾ ਸਿੰਘ ਖੰਨਾ
ਨਸੀਬ ਸਿੰਘ ਮਕੇਰੀਆਂ
ਉਜਾਗਰ ਸਿੰਘ ਬੋਂਦਲੀ

Digitized by Panjab Digital Library | www.panjabdigilib.org

੮

# ਗੁਰਦੁਆਰਾ ਨਾਉਂ ਕਿਉਂ ?

ਸਤਿਗੁਰਾਂ ਦੇ ਪਵਿੱਤਰ ਚਰਨਾਂ ਨੇ ਜਿਸ ਅਸਥਾਨ ਨੂੰ ਮਾਨ ਦਿਤਾ ਹੈ, ਅਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉਸ ਦਾ ਗੁਰਦੁਆਰਾ ਨਾਮ ਪੁਕਾਰਿਆਂ ਜਾਂਦਾ ਹੈ।

ਜਿਥੈ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ॥
ਗੁਰ ਸਿਖੀ ਸੋ ਥਾਨ ਭਾਲਿਆ, ਲੈ ਧੂੜ ਮੁਖ ਲਾਵਾ ॥
(ਆਸਾ ਮ: ੪)

ਧਨੁ ਧਨੁ ਸੁਹਾਵਾ ਸੋ ਸਰੀਰੁ ਥਾਨੁ ਹੈ
ਜਿਥੈ ਮੇਰਾ ਗੁਰੁ ਧਰੇ ਵਿਖਾ ॥
(ਪਾਉੜੀ ਮ: ੪ ਵਾਰ ਸੋਰਠ)

ਸੋ ਸਚੁ ਮੰਦਿਰ ਜਿਤੁ ਸਚੁ ਧਿਆਈਐ ॥
ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿਜਨ ॥
ਧਚੇ ਨਾਮ ਵਿਟਹੁ ਕੁਰਬਾਨੀ ਜੀਉ ॥
(ਮਾਝ ਮ: ੫)

ਸਾ ਧਰਤਿ ਭਈ ਹਰਿਆਵਲੀ,
ਜਿਥੈ ਮੇਰਾ ਸਤਿ ਗੁਰੂ ਬੈਠਾ ਆਇ ॥
(ਮ: ੪ ਵਾਰ ਗਉੜੀ)

ਜਿਥੈ ਬੈਸਨ ਸਾਧੂ ਜਨ ਸੋ ਥਾਨ ਸੁਹੰਦਾ ॥
ਓਇ ਸੇਵਨ ਸਮਰਥ ਆਪਣਾ ਬਿਨਸੈ ਸਭ ਮੰਦਾ ॥
(ਮ: ੫ ਵਾਰ ਗਉੜੀ)

ਗੁਰਦੁਆਰੈ ਹਰਿ ਕੀਰਤਨੁ ਸੁਣੀਐ।
ਸਤਿਗੁਰੁ ਭੇਟ ਹਰਿ ਜਸ ਮੁਖ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹਿ ਦੇਵੈ ਮਾਨਾ ਹੇ।

Digitized by Panjab Digital Library | www.panjabdigilib.org

੧ ਓ ਵਾਹਿਗੁਰੂ ਜੀ ਕੀ ਫਤਹਿ ॥
ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ।
ਗੁਰੂਦੁਆਰੈ ਹੋਇਕੈ ਸਾਹਿਬ ਸੰਮਾਲੇਹੁ ॥
(ਬਿਹਾ: ਵਾਰ ਮ: ੩)

## ਗੁਰਦੁਆਰੇ ਕਿਵੇਂ ਬਣੇ ?

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ ।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤ ਸਦਾ ਵਸੋਆ ॥

## ਗੁਰਦੁਆਰਾ (ਗੁਰਦਰਬਾਰ)

ਜਿਥੇ ਕਿਥੇ ਜਗਤ ਗੁਰੂ ਜੀ ਨੇ ਜਲ ਬਲ ਰਹੇ ਜਗਤ ਵਿਚ ਝਲੂਹੀ ਜਾਂਦੀ ਲੁਕਾਈ ਨੂੰ ਜਾ ਕੇ ਦਰਬਾਰ ਲਾ ਕੇ ਰੱਬੀ ਬਾਣੀ ਦੀਆਂ ਛਹਿਬਰਾਂ ਫੁਹਾਰੇ ਲਾ ਕੇ ਪ੍ਰਫੁਲਤ ਕੀਤਾ ਤੇ ਉਸ ਥਾਂ ਤੋਂ ਹਰਿਆਵਲ ਹੋਣ ਵਾਲੇ ਅੰਮ੍ਰਿਤ ਭਿਨਿਆ ਨੇ ਉਸ ਜਗ੍ਹਾ ਨੂੰ ਗੁਰਦੁਆਰਾ ਮੰਨ ਕੇ ਸਦਾ ਵਾਸਤੇ ਪੂਜਕ ਵਰ ਬਨਾਇਆ । ਜਿਥੇ ਦਸਗੁਰੂ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਚਰਨ ਪਾਏ, ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ, ਸੋ ਗੁਰੂ ਦਾ ਘਰ ਸਿਖਾਂ ਦਾ ਧਰਮ ਮੰਦਰ ਕਹਾਇਆ । ਉਸ ਅਸਥਾਨ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਅਰਜਨ ਦੇਵ ਤੱਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ ਧਰਮਸਾਲਾ ਰਿਹਾ ਹੈ* ਜਦ ਪਹਿਲੇ ਪਾਤਸ਼ਾਹ ਜੀ ਨੇ ਤਲੰਬੇ ਦੇ ਸੱਜਣ ਠੱਗ ਨੂੰ ਗੁਰਸਿਖੀ ਦਾ ਉਪਦੇਸ਼ ਦਿਤਾ ਤਾਂ ਉਸ ਨੂੰ ਪ੍ਰਚਾਰਕ ਨੀਯਤ ਕੀਤਾ ਅਤੇ ਧਰਮੁਸਾਲਾ ਕਾਇਮ ਕਰਕੇ ਸਭ ਤੋਂ ਪਹਿਲਾਂ ਗੁਰਦੁਆਰਾ ਬਣਾਇਆ ।

ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾਂ ਲਹਿੰਦਾ ਭਾਲਕੈ ॥
ਪੈਰ ਧੋਵਾਂ ਪਖਾ ਫੇਰਦਾ ਤਿਸ ਨਿਵਿ ਨਿਵਿ ਲਗਾਉ ਪਾਇ ਜੀਉ ॥ (ਸ੍ਰੀ ਰਾਗ ਮ:੫)
ਪੂਰਬ ਧਰਮਸਾਲ ਬਨਵਾਵਹੁ । ਬਹੁਰ ਆਇ ਹਮ ਕੋ ਲੈ ਜਾਵਹੁ ॥ (ਨਾ: ਪਾ:)

ਇਸ ਦੇ ਪਿਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਾਮ ਹਰਿਮੰਦਰ ਸਾਹਿਬ ਰਖਿਆ । ਇਸ ਤੋਂ ਬਾਦ ਛੇਵੀਂ ਪਾਤਸ਼ਾਹੀ ਦੇ ਸਮੇਂ ਧਰਮਸਾਲਾ ਤੇ ਗੁਰਦੁਆਰਾ ਦੋਵੇਂ ਨਾਮ ਪ੍ਰਚਲਤ ਹੋ ਗਏ ਜੋ ਅਜ ਤਕ ਪ੍ਰਚਲਤ ਹਨ । ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ-ਉਪਦੇਸ਼ਕ, ਅਸਥਾਨ, ਰੋਗੀਆਂ ਲਈ

*ਜਿਥੋਂ ਖਤ੍ਰੀ, ਬ੍ਰਹਿਮਣ, ਸੂਦ, ਬੈਸ ਉਪਦੇਸ਼ ਚੌਂਹ ਬਰਨਾ ਕੋ ਸਾਂਝਾ ।

Digitized by Panjab Digital Library | www.panjabdigilib.org

ਸਫਾਖਾਨਾ†, ਭੁਖਿਆਂ ਲਈ ਲੰਗਰ, ਅੰਨ ਭੰਡਾਰ, ਇਸਤ੍ਰੀ ਜਾਤਿ ਦੀ‡ ਪਤਿ ਲਈ ਲੋਹ ਮਈ ਦੁਰਗ ਅਤੇ ਮੁਸਾਫਰਾਂ ਲਈ៖ ਵਿਸਰਾਮ ਦਾ ਅਸਦਾਨ ਹੈ ।

ਸਤਿਗੁਰਾਂ ਦੇ ਵੇਲੇ ਅਤੇ ਬੁਢੇ ਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਿਆਨ ਰਖਿਆ ਜਾਂਦਾ ਸੀ ਅਤੇ ਗੁਰਦੁਆਰਿਆਂ ਵਿਚ ਉਹ ਹੋਇਆ ਕਰਦਾ ਜੋ ਵਿਦਵਾਨ ਗੁਰਮਤ ਵਿਚ ਪੱਕਾ ਅਤੇ ਉਚੇ ਅਚਾਰ ਵਾਲਾ ਹੁੰਦਾ ਸੀ ਅਤੇ ਹੁਣ ਜ਼ਮਾਨੇ ਦੇ ਗੇੜ ਨੇ ਐਸਾ ਚੱਕਰ ਦਿਤਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਡੋਗਰਿਆਂ ਦੀ ਮੁਖਤਿਆਰੀ ਵਿਚ ਮੁਖੀ ਗੁਰਦੁਆਰਿਆਂ ਦਾ ਪਰਬੰਧ ਸਾਰਾ ਉਲਟ ਪੁਲਟ ਕਰ ਦਿਤਾ, ਜਿਸ ਦਾ ਅਸਰ ਸਾਰੇ ਗੁਰ ਅਸਥਾਨਾਂ ਤੇ ਵੀ ਹੌਲੀ ਹੌਲੀ ਪੈਣਾ ਸ਼ੁਰੂ ਹੋਇਆ ਅਤੇ ਕੌਮ ਵਿਚੋਂ ਜਿਉਂ ਜਿਉਂ ਗੁਰਮਤਿ ਦਾ ਪ੍ਰਚਾਰ ਘਟਦਾ ਗਿਆ ਤਿਉਂ ਤਿਉਂ ਗੁਰਦੁਆਰਿਆਂ ਦੀ ਮਰਿਯਾਦਾ ਬਿਗੜਦੀ ਗਈ ਅਤੇ ਇਥੋਂ ਤਕ ਗਿਰਾਵਟ ਆਈ ਕਿ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ, ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਗੁਰਦੁਆਰਿਆਂ ਦੀ ਜਾਇਦਾਦ ਨੂੰ ਆਪਣੀ ਘਰੋਗੀ ਜਾਇਦਾਦ ਬਣਾ ਲਿਆ ਅਤੇ ਪਵਿਤ੍ਰ ਅਸਥਾਨਾਂ ਵਿਚ ਉਹ ਅਪਵਿਤ੍ਰ ਕੰਮ ਹੋਣ ਲੱਗੇ ਜਿਨ੍ਹਾਂ ਨੂੰ ਲਿਖਣ ਲਗਿਆਂ ਸ਼ਰਮ ਆਉਂਦੀ ਹੈ । ਜਦ ਪੁਜਾਰੀਆਂ ਅਤੇ ਮਹੰਤਾਂ ਵਲੋਂ ਗੁਰਦੁਆਰਿਆਂ ਵਿਚ ਭਰਿਸ਼ਟਾਚਾਰ ਦੀ ਹੱਦ ਟੱਪ ਗਈ ਤਾਂ ਧਰਮ ਦੀ ਕ੍ਰਿਤ ਕਰਨ ਵਾਲੇ ਗ੍ਰਿਸਤੀ ਸਿਖਾਂ ਨੂੰ ਹੋਸ਼ ਆਈ ਅਤੇ ਉਨ੍ਹਾਂ ਨੇ ਸਿੰਘ ਸਭਾਵਾਂ ਅਰ ਚੀਫ ਖਾਲਸਾ ਦੀਵਾਨ ਬਣਾ ਕੇ ਧਰਮ ਅਤੇ ਸਮਾਜ ਦਾ ਸੁਧਾਰ ਕਰਨਾ ਅਰੰਭਿਆ, ਖਾਲਸਾ ਅਖਬਾਰ, ਖਾਲਸਾ ਸਮਾਚਾਰ, ਖਾਲਸਾ ਐਡਵੋਕੇਟ ਅਤੇ ਖਾਲਸਾ ਟ੍ਰੈਕਟ ਸੋਸਾਇਟੀਆਂ ਦਵਾਰਾ ਉਤਮ ਲੇਖ ਨਿਕਲਣ ਲੱਗੇ ਜਿਸ ਤੋਂ ਸਿਖ ਕੌਮ ਨੂੰ ਜਾਗ੍ਰਤ ਆਈ ।

ਇਸ ਵਕਤ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਖੀ ਜਾਂਦੀ ਹੈ । ਇਹ ਭੀ ਇਨ੍ਹਾਂ ਉਪਰਲੀਆਂ ਲਹਿਰਾਂ ਦਾ ਸਿਟਾ ਹੈ । ਇਸ ਕਰ ਕੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਬਨਣ ਦਾ ਹਾਲ ਲਿਖਨਾ ਅਤੀ ਜ਼ਰੂਰੀ ਪ੍ਰਤੀਤ ਹੁੰਦਾ ਹੈ । {ਅਕਾਲੀ ਲਹਿਰ ਵਿਚ ਪੜ੍ਹੋ}

ਜਿਉਂ ਜਿਉਂ ਲੋਕਾਂ ਨੂੰ ਗੁਰਮਤ ਦਾ ਗਿਆਨ ਹੁੰਦਾ ਗਿਆ ਤਿਉਂ ਤਿਉਂ ਉਨ੍ਹਾਂ ਨੇ ਅਪਣੇ ਧਰਮ ਅਸਥਾਨਾਂ ਦੀ ਵਿਗੜੀ ਹੋਈ ਹਾਲਤ ਨੂੰ ਦੇਖ ਕੇ ਸੁਧਾਰ ਕਰਾਉਣ ਵਾਸਤੇ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਦੇ ਰੂਪ ਵਿਚ ਲਿਆਂਦੇ ।

ਸ਼੍ਰੋ: ਗੁ: ਪ੍ਰ: ਕਮੇਟੀ ਸੰਮੂਹ ਗੁਰੂ ਪੰਥ ਵਲੋਂ ਇਕ ਸਾਂਝੀ ਸੰਸਥਾ ਹੈ । ਇਸ ਵਾਸਤੇ ਪੰਥ ਦੇ ਵਿਚਾਰਵਾਨ ਸਾਰੇ ਜਥੇ ਅਤੇ ਸੰਤ ਮਹਾਤਮਾ ਦਿਲੋਂ ਚਾਹੁੰਦੇ ਸਨ ਕਿ ਗੁਰਦੁਆਰਿਆਂ ਦੇ ਪ੍ਰਬੰਧਕ ਤੇ ਸੇਵਾਦਾਰ ਐਸੇ ਹੋਣੇ ਚਾਹੀਦੇ ਹਨ ਜੋ ਹੋਰਨਾਂ ਮਤਾਂ ਵਾਸਤੇ ਇਕ ਮਿਸਾਲ ਹੋਣ, ਜਦ ਤਕ ਕਿ ਗੁਰਮਤਿ ਦੇ ਪੂਰੇ ਖੋਜੀ, ਵਿਦਵਾਨ ਅਤੇ ਜੀਵਨ ਵਿਚ ਪਰਪਕ ਨਹੀਂ ਹੁੰਦੇ, ਇਸ ਲਈ ਗੁਰਦਵਾਰਿਆਂ ਵਿਚ ਪਿਆਰ ਤੇ ਸੁਧਾਰ ਦੀ ਲਹਿਰ ਨਹੀਂ ਚਲ ਸਕਦੀ ।

---

†ਦੁਆਈ ਖਾਨਾ ਅਤੇ ਸਰਬ ਰੋਗ ਕਾ ਔਖਧ ਨਾਮ ।

‡ਧੀ, ਭੈਣ ਆਵੈ ਜੋ ਸੰਗਤ, ਦਰਿਸ਼ਟ ਬੁਰੀ ਦੇਖਾ ਤਿਸ ਪੰਗਤ ॥

ਪੁਨਾ:—ਦੇਖ ਪਰਾਈਆਂ ਚੰਗੀਆਂ, ਮਾਵਾਂ, ਧੀਆਂ, ਭੈਣਾਂ ਜਾਣੈ ॥

៖ਨਿਥਾਵਿਆਂ ਦਾ ਥਾਉਂ, ਹਰ ਮੁਸਾਫਰ ਲਈ ਖੁਲ ਹੈ ।

ਜਹਿ ਦਰ ਆਵਤ ਜਾਤਿਅਹੁ ਹਟਕੈ ਨਾਹੀਂ ਕੋਇ ॥
ਸੋ ਦਰ ਕੈਸਾ ਛੋਡੀਐ ਜੋ ਦਰ ਐਸਾ ਹੋਇ ॥

Digitized by Panjab Digital Library | www.panjabdigilib.org

॥ ਗੁਰੂ ਨਾਨਕ ਨਾਮ ਲੇਵਾ ॥

ਜਦ ਤਕ ਉਦਾਸੀ, ਨਿਰਮਲੇ, ਨਿਹੰਗ, ਅੱਡਣਸਾਹੀਏ, ਨਾਮਧਾਰੀ ਆਦਿਕ ਫਿਰਕੇ ਈਰਖਾਵਾਦ ਛਡ ਕੇ ਆਪਣੇ ਤਾਂਈ "ਏਕ ਪਿਤਾ ਏਕਸ ਕੇ ਹਮ ਬਾਰਕ" ਬਣਕੇ ਇਕੱਤਰ ਨਹੀਂ ਹੁੰਦੇ।

॥ ਨਿਸ਼ਕਾਮ ਸੇਵਾ ॥

ਜਦ ਤਕ ਨਿਸ਼ਕਾਮ ਸੇਵਾ, ਮਾਇਆ ਤੋਂ ਰਹਿਤ ਹੋਕੇ ਸਿਖ ਆਪਣਾ ਆਦਰਸ਼ ਇਹ ਨਹੀਂ ਮੰਨਦੇ, "ਮ ਇਆ ਦਾਸੀ ਭਗਤਾਂ ਦੀ ਕਾਰ ਕਮਾਵੇ ॥ ਚਰਨੀ ਲਾਗੈ ਤਾਂ ਮਹਿਲ ਪਾਵੇ" ॥

॥ ਚੌਧਰ ਤੇ ਗੁਲਾਮੀ ॥

ਜਦ ਤੀਕ ਕਮੇਟੀਆਂ ਗ੍ਰੰਥੀ ਸਾਹਿਬਾਂ ਨੂੰ ਆਪਣੇ ਨੌਕਰ ਤੇ ਗ੍ਰੰਥੀ ਸਾਹਿਬਾਨ ਕਮੇਟੀਆਂ ਨੂੰ ਆਪਣੀ ਹਕੂਮਤ ਮੰਨਦੇ ਹਨ, ਉਨਾ ਚਿਰ ਇਹ ਪ੍ਰਚਾਰ ਹੋਣਾ ਅਤਿ ਕਠਨ ਹੈ। ਕਿਉਂ ਕਿ ਅਕਾਲੀ ਫੂਲਾ ਸਿੰਘ ਵਾਂਗ ਸ਼ੇਰੇ ਪੰਜਾਬ ਨੂੰ ਬਨਾਣ ਵਾਲੇ ਹੋਣ। ਇਹ ਤਦ ਜੇ ਆਪਣੇ ਆਪ ਨੂੰ ਵਡਭਾਗੇ ਸਮਝਕੇ, ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ (ਸੰਗਤ) ਨੂੰ ਅੰਮ੍ਰਿਤ ਭਿੰਨੀ ਬਾਣੀ ਦੀ ਵਿਚਾਰ ਦੇ ਫੁਹਾਰੇ ਲਾਕੇ, "ਇਹ ਜਗ ਵਾੜੀ ਮੇਰਾ ਪ੍ਰਭ ਮਾਲੀ" ਤੇ ਅਮਲ ਨਹੀਂ ਕਰਦੇ।

ਕਮੇਟੀਆਂ ਦਾ ਸ੍ਰੀ ਹਜ਼ੂਰ ਜੀ ਦੇ ਵਜ਼ੀਰ ਸਮਝਕੇ ਗ੍ਰੰਥੀਆਂ ਦਾ ਸਹੀ ਸਤਿਕਾਰ ਕਰਨਾ ਤੇ ਗ੍ਰੰਥੀ ਦਾ ਸਾਧ ਸੰਗਤ ਨੂੰ ਗੁਰੂ ਰੂਪ ਮੰਨਕੇ ਅਦਬ ਕਰਨਾ ਯੋਗ ਹੈ। ਕਿਉਂਕਿ ਗ੍ਰੰਥੀ ਸਿੰਘ ਉਸ ਉਚ ਪਦਵੀ ਤੇ ਹਨ ਜਿਥੇ ਸ੍ਰੀ ਗੁਰੂ ਸਾਹਿਬ ਜੀ ਨੇ ਪੰਥ ਚੋਂ ਮੁਖੀ ਸੇਵਾਦਾਰ ਹੇਠ ਲਿਖੇ ਅਨੁਸਾਰ ਖੁਦ ਥਾਪੇ ਸਨ।

॥ ਗ੍ਰੰਥੀ ਸਾਹਿਬਾਨ ॥

ਸਭ ਸੇ ਪਹਿਲੇ ਗ੍ਰੰਥੀ ? (ਭਾਈ ਬੂੜਾ) ਬਾਬਾ ਬੁਢਾ ਜੀ ਸੰਮਤ ੧੬੬੧ ਭਾਦੋਂ ਦੀ ਏਕਮ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਥਾਪੇ ਗਏ।

ਭਾ: ਸਾਹਿਬ ਭਾ: ਗੁਰਦਾਸ ਜੀ* ਸੰਤ ਅਲਮਸਤ ਜੀ† ਭਾ: ਕਨਈਆ ਜੀ‡

---

ਟਿਪਣੀਆਂ:— ? ਗੁਰ ਬਿਲਾਸ ਵਿਚ ਲਿਖਿਆ ਹੈ

ਨਿਜਮਨ ਇਹ ਬਿਚਾਰਤੇ ਭਏ, ਗੁਰੁ ਗ੍ਰੰਥ ਸੇਵਕ ਕਿਹ ਕਏ।
ਬੇਦੀ ਸੋਢੀ ਕੋ ਦਿਉ ਸ਼ੇਵਾ, ਵੰਸ ਉਚ ਮਾਨੈ ਨਿਜ ਭੇਵਾ।
ਕਰਤ ਵਿਚਾਰ ਏਹ ਠਹਿਰਾਈ, ਬੁਢਾ ਜੀ ਸੇਵਾ ਨਿਪੁਨਾਈ॥

( ਅ: ੫ )

* ਭਾਈ ਗੁਰਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲਿਖਾਰੀ ਧਰਮ ਪ੍ਰਚਾਰਕ ਸਨ। ਨਿਤ ਦੀਵਾਨ ਵਿਚ ਗੁਰਬਾਣੀ ਦੀ ਕਥਾ ਸੁਣਾਉਂਦੇ।

† ਬਾਬਾ ਗੁਰਦਿਤਾ ਜੀ ਨੇ ਇਨ੍ਹਾਂ ਨੂੰ ਯੂ. ਪੀ. ਵਿਚ ਸਿਖੀ ਦੇ ਪ੍ਰਚਾਰ ਲਈ ਭੇਜਿਆ। ਸੰਤ ਅਲਮਸਤ ਜੀ ਨਾਨਕ ਮਤੇ ਬਹੁਤ ਨਿਵਾਸ ਰਖਦੇ ਸਨ। ਗੁਰਮਤਿ ਦਾ ਪ੍ਰਚਾਰ ਕਰਦੇ ਹਰਿਗੋਬਿੰਦ ਸਾਹਿਬ ਜੀ ਨੇ ਨਾਨਕ ਮਤੇ ਪਹੁੰਚ ਕੇ ਇਨ੍ਹਾਂ ਦੀਆਂ ਔਕੜਾਂ ਦੂਰ ਕੀਤੀਆਂ ਸਨ।

‡ ਇਹ ਨੌਵੇਂ ਸਤਿਗੁਰੂ ਅਤੇ ਦਸਵੇਂ ਸਤਿਗੁਰੂ ਜੀ ਦੇ ਥਾਪੇ ਹੋਏ ਮੁਖੀ ਪ੍ਰਚਾਰਕ ਸਨ। ਅਨੰਦਪੁਰ ਦੇ ਜੰਗਾਂ ਵਿਚ ਕਨਈਆ ਜੀ ਨੇ ਸਿਖਾਂ ਅਤੇ ਤੁਰਕਾਂ ਨੂੰ ਸਮ ਦ੍ਰਿਸ਼ਟੀ ਨਾਲ ਜਲ ਛਕਾਇਆ ਅਤੇ ਮਲ੍ਹਮ ਪਟੀ ਕਰਕੇ ਸ੍ਰੀ ਦਸਮੇਸ਼ ਜੀ ਤੋਂ ਖੁਸ਼ੀਆਂ ਪ੍ਰਾਪਤ ਹੋਈਆਂ।

Digitized by Panjab Digital Library | www.panjabdigilib.org

ਭਾ: ਮਨੀ ਸਿੰਘ ਜੀ:: ਮਹਾਤਮਾ ਗੁਰਬਖਸ਼ ਸਿੰਘ ਜੀ () ਬਾਬਾ ਦੀਪ ਸਿੰਘ ਜੀ }{ ਜੇਹੇ ਗ੍ਰੰਥੀ, ਪੁਜਾਰੀ ਸੰਤ ਮਹੰਤ ਅਤੇ ਸੇਵਕ (ਪ੍ਰਬੰਧਕ) ਅਤਿ ਸਨਮਾਨੇ ਗਏ ਹਨ।

ਗੁਰਦਵਾਰਿਆਂ ਦੇ ਸੇਵਕਾਂ ਨੂੰ ਅੰਮ੍ਰਿਤ ਵੇਲੇ ਨਿੱਤਨੇਮ ਨਾਲ ਭਾ: ਸਾ: ਗੁਰਦਾਸ ਜੀ ਦੇ ਸ਼ਬਦ ਦਾ ਪਾਠ ਕਰਨਾ ਚਾਹੀਦਾ ਹੈ।

ਜਿਉਂ ਮਰਯਾਦਾ ਹਿੰਦੂਆਂ ਗਊ ਮਾਸ ਅਖਾਜ*
ਮੁਸਲਮਾਨਾਂ ਸੂਅਰਹੁੰ ਸਉਗੰਦ ਵਿਆਜ†
ਸਹੁਰਾ ਘਰ ਜਵਾਈਐ ਪਾਣੀ ਮਦਰਾਜ‡
ਸੇਹਾ ਨਾ ਖਾਈ ਚੂਹੜਾ ਮਾਇਆ ਮੁਹਤਾਜ ::
ਜਿਉਂ ਮਿਠੇ ਮਖੀ ਮਰੇ ਤਿਸ ਹੋਇ ਅਕਾਜ,

---

:: ਸੰਮਤ ੧੭੭੮ ਵਿਚ ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਥਾਪੇ ਗਏ। ਇਨ੍ਹਾਂ ਦੀ ਕਥਾਂ ਸੁਣ ਕੇ ਮੁਤੱਅਬੀ ਮੁਸਲਮਾਨਾਂ ਦੇ ਮੂੰਹੋਂ ਭੀ ਵਾਹ! ਵਾਹ! ਸ਼ਬਦ ਨਿਕਲਦਾ ਸੀ। ਭਾ: ਸਾਹਿਬ ਜੀ ਨੇ ਅੰਮ੍ਰਿਤਸਰ ਜੀ ਨੂੰ ਵਿਦਿਆ ਦੀ ਟਕਸਾਲ ਬਣਾ ਰਖਿਆ ਸੀ।

() ਸੰਤ ਗੁਰਬਖਸ਼ ਸਿੰਘ ਜੀ ਨੂੰ ਅਨੰਦਪੁਰ ਛੱਡਨ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਅਨੰਦਪੁਰ ਦੇ ਗੁਰਦਵਾਰਿਆਂ ਦਾ ਪੁਜਾਰੀ ਥਾਪਿਆ। ਇਨ੍ਹਾਂ ਨੇ ਇਹ ਸੇਵਾ ਬਹੁਤ ਹੀ ਉਤਮ ਰੀਤ ਨਾਲ ਨਿਬਾਹੀ।

}{ ਦਮਦਮਾ ਸਾਹਿਬ ਜੀ ਦੇ ਮੁਖ ਪ੍ਰਬੰਧਕ ਸ੍ਰੀ ਦਸਮੇਸ਼ ਜੀ ਵਲੋਂ ਥਾਪੇ ਗਏ ਹਨ ਜਿਨ੍ਹਾਂ ਨੇ ਗੁਰੂ ਕਾਂਸ਼ੀ ਨੂੰ ਵਿਦਿਆ ਦੀ ਟਕਸਾਲ ਬਣਾ ਕੇ ਬਹੁਤ ਹੀ ਰੌਣਕ ਦਿਤੀ।

---

* ਨਾ ਖਾਣੇ ਜੋਗ ਅਭੱਖ

† ਬਿਆਜ ਅਤੇ ਸੂਰ ਕੁਰਾਨ ਵਿਚ ਮੁਸਲਮਾਨ ਲਈ ਮਨਾਂ ਕੀਤਾ ਹੈ।
ਬਯਾਜ ਸੂਰਤ ਬਕਰ, ਪਾਰਾ ੩, ਰੁਕੂ ੫

‡ ਸਹੁਰਾ ਜਵਾਈ ਦੇ ਘਰ ਦਾ ਪਾਣੀ ਸ਼ਰਾਬ ਸਮਝਦਾ ਹੈ। ਉਤਮ ਪੁਰਸ਼ ਧੀ ਦੇ ਘਰ ਦੀ ਕੋਈ ਵਸਤੂ ਗ੍ਰਹਿਣ ਨਹੀਂ ਕਰਦੇ। ਉਪਦੇਸ਼ ਏਸ ਤੋਂ ਇਹ ਹੈ ਕਿ ਧਨ ਲੈ ਕੇ ਪੁਤਰੀ ਵਿਆਹੁਣੀ ਮਹਾਂ ਪਾਪ ਹੈ। ਕੰਨਿਆ ਦਾ ਧਨ ਲੈਣ ਵਾਲਾ ਸਿਖ ਕੌਮ ਵਿਚ ਮਹਾਂ ਪਾਤਕ ਮੰਨਿਆ ਜਾਂਦਾ ਹੈ।

:: ਚੂਹੜਾ ਚਾਹੇ ਨਿਰਧਨ ਭੁਖਾ ਭੀ ਹੈ ਪਰ ਸਹੇ ਦੇ ਮਾਸ ਨੂੰ ਨਹੀਂ ਖਾਂਦਾ, ਚੂਹੜੇ ਲਾਲ ਬੇਗ ਨੂੰ ਪੀਰ ਮੰਨਦੇ ਹਨ ਜੋ ਸ਼ੀਆ ਮੁਸਲਮਾਨ ਸੀ ਅਤੇ ਸ਼ੀਆ ਲੋਕ ਸਹੇ ਦਾ ਮਾਸ ਇਸ ਕਰਕੇ ਨਹੀਂ ਖਾਂਦੇ ਕਿ ਉਸ ਵਿਚੋਂ ਅਨੇਕ ਬਾਰ ਧੋਣ ਕਰਕੇ ਭੀ ਲਹੂ ਖਾਰਜ ਨਹੀਂ ਹੁੰਦਾ ਅਤੇ ਕੁਰਾਨ ਵਿਚ ਲਹੂ ਨੂੰ ਹਰਾਮ ਲਿਖਿਆ ਹੈ:— ਤੁਹਾਡੇ ਵਾਸਤੇ ਹਰਾਮ ਕੀਤਾ ਗਯਾ ਹੈ। ਮੁਰਦਾਰ ਲਹੂ ਅਤੇ ਸੂਰ ਦਾ ਮਾਸ। ਸੂਰਤ ਬਕਰ ਪਾਰਾ ੨, ਪਾਉ ੧, ਰੁਕੂ ੪

Digitized by Panjab Digital Library | www.panjabdigilib.org

ਤਿਉਂ ਧਰਮਸਾਲ ਦੀ ਝਾਕ () ਹੈ ਵਿਹੁ ਖੰਡੂ ਪਾਜ}{
(ਵਾਰ ਭਾ: ਗੁ: ਜੀ) ੧੨

ਬਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜੋ ਆਗ ਲਾਗੈ ਕੈਸੇ ਕੈ ਬੁਝਾਈਐ ॥
ਬਾਹਰ ਸੈ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈਂ ਲੂਟ ਲੀਜੈ, ਕਹੋ ਕਤ ਜਾਈਐ ॥
ਚੋਰਨ ਕੇ ਤ੍ਰਾਸ ਜਾਇ, ਸ਼ਰਨ ਗਹੇ ਨਰਿੰਦ,
ਮਾਰੇ ਮਹੀ ਪਤਿ ਜੀਓ ਕੈਸੇ ਕੈ ਬਚਾਈਐ ॥
ਮਾਇਆ ਡਰ ਡਰਪਤ ਹਾਰ ਗੁਰਦਵਾਰੇ ਜਾਵੈ,
ਤਹਾਂ ਜੋ ਮਾਇਆ ਬਿਆਪੈ ਕਹਾਂ ਠਹਿਰਾਈਐ ॥
(ਕਬਿਤ ੫੪੪)

ਗੁਰੂ ਕਾ ਸਿਖ ਜੋ ਧਰਮਸਾਲੀਐ (ਗੁਰਦੁਆਰੀਆ ਗ੍ਰੰਥੀ) ਹੋਵੈ ਸੋ ਕੈਸਾ ਨਿਰਲੋਭੀ ਨਿਰਮਾਨੀ, ਜਤੀ, ਸਤੀ ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਪ੍ਰੀਤਵਾਨ, ਤਪੀ, ਆਨੰਦਾ, ਰਹਿਤਵਾਨ, ਮਤਸਰੁ, ਬਿਨਾ, ਪੜਦੇ ਕੱਜੂ, ਸੁਚੇਤ, ਦੇਹ ਪਵਿਤਰਾ ਟਹਿਲ ਕਰੈ, ਵੰਡ ਖਾਏ ॥ ਪਰਦੇਸੀ ਸਿਖ ਦੀ ਚੀਜ ਵਸਤ ਦੀ ਸੰਭਾਲ ਰਖੈ ॥ ਦਰਦ ਵੰਦ ਹੋਵੈ ॥ ਜਿਸ ਵਿਚ ਇਹ ਗੁਣ ਹੋਣ ਉਹ ਧਰਮਸਾਲੀਆ (ਗਰੰਥੀ) ਹੋਵੈ ॥
ਗੁਰੂ ਸਿਖ ਵਾਸੀ ਵਾਲੇ ਐਸੇ ਧਰਮਸਾਲੀਏ ਦੀ ਗਉਰ ਕਰਨ ।
(ਚੋਪਾ ਸਿੰਘ)

ਜੋ ਕੋਊ ਸਿਖ ਪੁਜਾਰੀ ਅਹੈ, ਸੋ ਭੀ ਪੂਜਾ ਬਹੁਤ ਨਾ ਗਹੈ ।
ਤਨ ਨਿਰਬਾਹ ਮਾਤ੍ਰ ਸੋ ਲੇਵੈ, ਅਧਕ ਹੋਇ ਤੌ ਜਹ ਤਹ ਦੇਵੈ ।
ਬਹੁਤੀ ਹੋਇ ਤਾਂ ਦੇਗ ਕਰਾਵੈ, ਨਾ ਕਰ ਗੁਰਦ੍ਵਾਰਾ ਪਰ ਲਾਵੈ ।
ਅਥਵਾ ਸਦਾ ਬ੍ਰਤ ਕੋ ਦੇਈ, ਸੁਤ ਜਣਤੀ ਹਿਤ ਕਦੇ ਨਾ ਲੇਈ ।
ਲੇ ਪੂਜਾ ਕੋ ਆਪੇ ਖਾਈ, ਧਰਮ ਅਰਥ ਕੁਝ ਦੇਵੈ ਨਾਹੀਂ ।
ਤਿਨਹ ਕਲੇਸ਼ ਹੋਇ ਰਹੇ ਜੇਈ, ਤਾਂ ਦੁਖ ਕੋ ਜਾਨੋ ਗੇ ਤੇਈ । (ਦੇਸਾ ਸਿੰਘ)

ਗੁਰੂ ਪੰਥ ਦਾ ਦਾਸ:- ਵਿਸਾਖਾ ਸਿੰਘ ਸੰਤ ਸਿਪਾਹੀ

---

() ਪੂਜਾ ਦਾ ਧਾਨ, ਧਰਮਸਾਲ (ਗੁਰਦੁਆਰਾ) ਬੈਠ ਕੇ ਮਾਇਆ ਦੀ ਝਾਕ ਰਖਣੀ ਸਿਖਾਂ ਲਈ ਉਪਰ ਲਿਖੀਆਂ ਚੀਜ਼ਾਂ ਵਾਂਙ ਹਰਾਮ ਹੈ । ਸਿਖਾਂ ਵਿਚ ਕਿਸੈ ਇਕ ਆਦਮੀ ਨੂੰ ਪੂਜਾ ਲੈਣ ਦਾ ਅਧਿਕਾਰ ਨਹੀਂ, ਪੂਜਾ ਤੇ ਦਸਵੰਧ ਗੁਰੂ ਦੀ ਗੋਲਕ ਵਿਚ ਇਕਠਾ ਹੋਣਾ ਚਾਹੀਏ ਜਿਸ ਨੂੰ ਪੰਜਾਂ ਪਿਆਰਿਆਂ ਦਾ ਜਥਾ ਜੋਗ ਰੀਤੀ ਪਰ ਖਰਚ ਕਰੇ । ਗਰੰਥੀ, ਗੁਣੀ, ਗਿਆਨੀ ਪ੍ਰਚਾਰਕ ਅਤੇ ਰਾਗੀ ਆਦਿਕ ਦਾ ਯੋਗ ਗੁਜ਼ਾਰਾ ਹੋਣਾ ਚਾਹੀਏ, ਜਿਸ ਕਰਕੇ ਉਨ੍ਹਾਂ ਦਾ ਚੰਗਾ ਨਿਰਬਾਹ ਹੋਵੇ ਅਤੇ ਉਹ ਬੇਫਿਕਰ ਹੋਕੇ ਧਰਮ ਦਾ ਪ੍ਰਚਾਰ ਕਰ ਸਕਣ ।

}{ ਪਾਗੀ ਹੋਈ

Digitized by Panjab Digital Library | www.panjabdigilib.org

# ਸਿੱਖ ਵਿਚ ਗੁਰੂ ਤੋਂ ਕੁਰਬਾਨ ਹੋਣ ਦਾ ਮਾਦਾ

ਸਭ ਤੋਂ ਪਹਿਲਾਂ ਸਿੱਖ ਅੰਦਰ ਗੁਰੂ ਤੋਂ ਕੁਰਬਾਨ ਹੋਣ ਦਾ ਮਾਦਾ ਆਇਆ। ਗੁਰਸਿੱਖ ਆਪਣੇ ਗੁਰੂ ਦੀ ਨਿਰਾਦਰੀ ਜਾਂ ਹੱਤਕ ਨਹੀਂ ਸਹਾਰ ਸਕਦਾ। ਗੁਰੂ ਜੀ ਦੇ ਸਰੀਰ ਨੂੰ ਕੋਈ ਦੁਖ ਜਾਂ ਤਕਲੀਫ ਹੋਵੇ, ਸਿੱਖ ਦਾ ਹਿਰਦਾ ਤੜਫ ਉਠਦਾ ਸੀ। ਸਿੱਖ ਸ੍ਰੀ ਗੁਰੂ ਜੀ ਦੀ ਖਾਤਰ ਤਨ, ਮਨ, ਧਨ ਅਰਪਨ ਕਰਨ ਲਈ ਅਤੇ ਸਭ ਦੁਖ ਤਕਲੀਫਾਂ ਆਪਣੇ ਸ੍ਰੀਰ ਉਤੇ ਸਹਾਰਨ ਲਈ ਸਦਾ ਤਤ ਪਰ ਰਹਿੰਦਾ ਸੀ। ਸਿੱਖ ਆਪ ਦੇ ਸ੍ਰੀ ਗੁਰੂ ਸਾਹਿਬ ਜੀ ਨੂੰ ਸਦਾ ਸੁਖੀ, ਪ੍ਰਸੰਨ, ਸਨਮਾਨ ਅਤੇ ਸਤਕਾਰ ਵਿਚ ਵੇਖ ਕੇ ਖੁਸ਼ ਹੁੰਦਾ ਸੀ। ਜਿਸ ਵਕਤ ਸ਼ਾਂਤ ਸਰੂਪ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਹੁਕਮ ਦੇ ਮਤੇ ਹੋਇਆ ਨੇ ਅਣ-ਸੁਣੇ ਤੇ ਅਣ ਦੇਖੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਤਾਂ ਸਿੱਖ ਹਿਰਦਾ ਪਹਿਲੀ ਵੇਰ ਤੜਫਿਆ। ਜਿਸ ਦੇ ਜੋਸ਼ ਸਮੁੰਦਰ ਨੇ ਉਛਾਲਾ ਮਾਰਿਆ, ਜਿਸ ਦਾ ਸਦਕਾ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੋ ਤਲਵਾਰਾਂ ਵਾਲੇ ਪ੍ਰਗਟ ਹੋਏ ਅਤੇ ਜਿਨ੍ਹਾਂ ਦੇ ਇਸ਼ਾਰੇ ਨਾਲ ਲੱਖਾਂ ਹੀ ਸਿੱਖ ਆਪਾ ਕੁਰਬਾਨ ਕਰਨ ਵਾਲੇ ਸ਼ਸਤ੍ਰਧਾਰੀ ਮੈਦਾਨ ਵਿਚ ਕੁਦ ਪਏ। ਜਿਨ੍ਹਾਂ ਨੇ ਇਕ ਦੋ ਜੰਗਾਂ ਵਿਚ ਹਕੂਮਤ ਨੂੰ ਹੈਰਾਨ ਕਰ ਦਿਤਾ। ਉਸ ਵੇਲੇ ਦੀ ਮਾਣ ਮਤੀ ਹਕੂਮਤ ਸਿੱਖ ਹਿਰਦੇ ਨੂੰ ਉਕਾ ਹੀ ਨਹੀਂ ਸਮਝ ਸਕੀ ਕਿਉਂਕਿ ਉਸ ਨੂੰ ਬਿਲਕੁਲ ਏਹ ਆਸ ਹੀ ਨਹੀਂ ਸੀ ਕਿ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਇਹ ਨਤੀਜਾ ਨਿਕਲੇਗਾ। ਅਗਰ ਜਹਾਂਗੀਰ ਬਾਦਸ਼ਾਹ ਸਿੱਖ ਜਜ਼ਬਾਤ ਨੂੰ ਸਮਝਦਾ ਹੁੰਦਾ ਤਾਂ ਉਹ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਐਸੇ ਤਸੀਹੇ ਨਾ ਦਿੰਦਾ, ਇਸ ਦੇ ਮਗਰੋਂ ਵੀ ਉਸ ਸਮੇਂ ਦੀ ਹਕੂਮਤ ਨਾ ਸਮਝ ਸਕੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿਲੀ ਬੁਲਾਇਆ ਗਿਆ, ਜੋ ਦਿਲੀ ਜਾ ਕੇ ਜੋਤੀ ਜੋਤ ਸਮਾਏ। ਅਜੇ ਬਸ ਨਹੀਂ ਔਰੰਗਜ਼ੇਬ ਬਾਦਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿਲੀ ਚਾਂਦਨੀ ਚੌਂਕ ਵਿਚਕਾਰ ਆਪਣਾ ਦਬ ਦਬਾ ਪਾਉਣ ਲਈ ਆਮ ਜਨਤਾ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕੀਤਾ। ਜੋ ਆਪਣੇ ਮਜ਼੍ਹਬੀ ਤੇ ਹਕੂਮਤ ਦੇ ਹੰਕਾਰ ਵਿਚ ਮਸਤਿਆ ਹੋਇਆ ਸੀ ਅਤੇ ਇਸ ਅਣ ਹੋਏ ਜ਼ੁਲਮ ਦਾ ਸਿਟਾ ਕੀ ਨਿਕਲੇਗਾ। ਇਨਾਂ ਸ਼ਹੀਦੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਖਾਲਸੇ ਨੂੰ ਜਨਮ ਦਿਤਾ, ਜਿਸ ਦੇ ਹਥੋਂ ਮੁਗਲ ਰਾਜ ਦਾ ਮਲੀਆ ਮੇਟ ਹੋਇਆ।

ਇਸ ਸਚਿਆਈ ਭਰੇ ਇਤਿਹਾਸਕ ਲੇਖ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਜੀ ਦੀ ਹੱਤਕ ਜਾਂ ਤਕਲੀਫ ਤੋਂ ਸਿੱਖ ਕਿੰਨੇ ਜੋਸ਼ ਵਿਚ ਆਉਂਦਾ ਹੈ ਅਤੇ ਕਿਸ ਤਰਾਂ ਸਦੀਆਂ ਦੀਆਂ ਪੁਰਾਣੀਆਂ ਹਕੂਮਤਾਂ ਦੀਆਂ ਨੀਹਾਂ ਪੁਟ ਦਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪ ਦਾ ਨਿਵਾਸ ਗੁਰੂ ਪੰਥ, ਗੁਰ ਸੰਗਤ ਵਿਚ ਪ੍ਰਵੇਸ਼ ਕੀਤਾ ਅਤੇ ਸੰਤ ਸੰਗਤ ਦਾ ਮੁਖ ਅਸਥਾਨ ਗੁਰਦੁਆਰਾ ਮੰਨਿਆ ਗਿਆ। ਇਸ ਲਈ ਹੁਣ ਸਿੱਖ ਲਈ ਸਭ ਤੋਂ ਵਧ ਮਾਣ ਸਤਿਕਾਰ ਤੇ ਪੂਜਾ ਦੀ ਥਾਂ ਗੁਰਦੁਆਰੇ ਹੀ ਹਨ ਜਾਂ ਸਮਝੋ ਸਿੱਖ ਦੀ ਜਾਨ ਤੇ ਪ੍ਰਾਨ ਗੁਰ ਅਸਥਾਨ ਹੀ ਹਨ। ਗੁਰੂ ਦਾ ਸਿੱਖ ਆਪ ਦੇ ਸਰੀਰ ਤੇ ਭੁਖਾਂ ਅਤੇ ਅਨੇਕ ਪ੍ਰਕਾਰ ਦੇ ਹੋਰ ਕਸ਼ਟ ਸਹਾਰ ਸਕਦਾ ਹੈ। ਤਨ, ਮਨ, ਧਨ ਤੇ ਪ੍ਰਵਾਰ ਵਾਰ ਸਕਦਾ ਹੈ। ਪਿੰਡ, ਸ਼ਹਿਰ, ਪ੍ਰਵਾਰ ਛਡ ਕੇ ਜੰਗਲਾਂ ਵਿਚ ਦਿਨ ਕਟੀ ਕਰਦਾ ਸੀ। ਪਰ ਜਦ ਜਾਨ ਤੋਂ ਪਿਆਰੇ ਤੇ ਪਵਿਤਰ ਗੁਰਦੁਆਰਿਆਂ ਦੀ ਬੇਅਦਬੀ ਸੁਣਦਾ ਸੀ ਤਾਂ ਉਸ ਵੇਲੇ ਉਸ ਦੇ ਸਬਰ ਦਾ ਪਿਆਲਾ ਉਛਲਦਾ ਅਤੇ ਆਪ ਦੇ ਜੀਵਨ ਤੇ ਧ੍ਰਿਕਾਰ ਪਾਉਂਦਾ ਸੀ, ਜਿਨਾਂ ਚਿਰ ਗੁਰਦੁਆਰਿਆਂ ਦੀ ਬੇਅਦਬੀ ਨੂੰ ਦੂਰ ਨਹੀਂ ਕਰ ਲੈਂਦਾ ਸੀ ਜਾਂ ਆਪਣੀ ਜਾਨ ਕੁਰਬਾਨ ਨਹੀਂ ਸੀ ਕਰ ਦਿੰਦਾ ਉਨਾਂ ਚਿਰ ਸਿਖ ਨੂੰ ਚੈਨ ਨਹੀਂ ਸੀ ਆਉਂਦਾ।

Digitized by Panjab Digital Library | www.panjabdigilib.org

ਸੰ: ੧੭੯੫–੯੬ ਅੰਦਰ ਸੂਬਾ ਖਾਨ ਬਹਾਦਰ ਪੰਜਾਬ ਉਪਰ ਰਾਜ ਕਰਦਾ ਸੀ, ਜਿਸ ਨੇ ਸਿੱਖਾਂ ਦਾ ਨਾਮ ਨਮੂਜ ਮਟਾਉਣ ਤੇ ਲਕ ਬੰਨ ਲਿਆ ਸੀ। ਵਡੇ ਹਾਕਮ ਦੇ ਛੋਟੇ ਅਨੁਸਾਰ ਹੀ ਚਲਦੇ ਹਨ। ਭਾਈ ਮਨੀ ਸਿੰਘ ਜੀ ਸ਼ਹੀਦ ਹੋ ਚੁਕੇ ਸਨ। ਅਤੇ ਪੰਜਾਬ ਵਿਚ ਸਿਖਾਂ ਉਤੇ ਉਹ ੨ ਪਹਾੜ ਟੁਟ ਰਹੇ ਸਨ ਜਿਨਾਂ ਦਾ ਕਲਮ ਬੰਦ ਕਰਨਾ ਬਹੁਤ ਹੀ ਮੁਸ਼ਕਲ ਹੈ। ਸਿਖ ਪੰਜਾਬ ਨੂੰ ਛਡ ਕੇ ਜੰਗਲਾਂ ਪਹਾੜਾਂ ਜਾਂ ਬੀਕਾਨੇਰ, ਦਮਦਮਾ ਸਾਹਿਬ ਅਤੇ ਲਖੀ ਜੰਗਲ ਵਲ ਮਾਲਵੇ ਵਿਚ ਚਲੇ ਗਏ ਸਨ। ਇਹ ਮੌਕਾ ਤਾੜ ਕੇ ਜਾਲੰਧਰ ਦੇ ਸੂਬੇ ਕੁਤਬ ਦੀਨ ਨੇ ਕਰਤਾਰ ਪੁਰ ਚੜ੍ਹਾਈ ਕੀਤੀ ਜਿਸ ਨੇ ਲੜਾਈ ਦੇ ਬਹਾਨੇ ਜਰ੍ਹੇ ਨਾਲ ਸ਼ਹਿਰ ਅਤੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰ ਲਿਆ। ਸੂਬੇ ਨੇ ਮਾਰ ਧਾੜ ਕਰਕੇ ਸੰਤੋਖ ਨਾ ਕੀਤਾ। ਗੁਰਦੁਆਰਾ ਥੰਮ ਸਾਹਿਬ ਸਾੜ ਕੇ ਅਤਿਅੰਤ ਬੇਅਦਬੀ ਅਤੇ ਗੁਰ ਅਸਥਾਨ ਵਿਚ ਗਊ ਕਸ਼ੀ ਕੀਤੀ ਗਈ। ਪਰ ਜਦ ਸਿੰਘਾਂ ਨੇ ਇਹ ਖਬਰ ਜੰਗਲਾਂ ਵਿਚ ਸੁਣੀ ਤਾਂ ਉਨ੍ਹਾਂ ਦੇ ਤਨ ਮਨ ਨੂੰ ਅਗ ਲਗ ਗਈ। ਜੇ ਸਿਖਾਂ ਦੇ ਜਿਉਂਦਿਆਂ ਹੀ ਗੁਰ ਅਸਥਾਨਾਂ ਦੀ ਨਿਰਾਦਰੀ ਹੋਣ ਲਗੀ ਤਾਂ ਸਾਡਾ ਜਿਉਣਾ ਧਿਰਕਾਰ ਹੈ। ਕਝ ਦਿਨਾਂ ਦੇ ਅੰਦਰ ਹੀ ਸਾਰੇ ਜਹਾਨ ਨੇ ਸੁਣ ਲਿਆ ਕਿ ਕੁਤਬ ਦੀਨ ਸਿੰਘਾਂ ਨੇ ਜੰਗਲ ਵਿਚ ਝਟਕਾ ਕੇ, ਜਿਸ ਤਰ੍ਹਾਂ ਉਸ ਨੇ ਥੰਮ ਸਾਹਿਬ ਸਾੜਿਆ ਸੀ ਉਸ ਤਰ੍ਹਾਂ ਹੀ ਕੁਤਬਦੀਨ ਨੂੰ ਅਗ ਨਾਲ ਸਾੜ ਕੇ ਉਸ ਦੀ ਕੀਤੀ ਦਾ ਫਲ ਭੁਗਤਾਇਆ। ਇਨ੍ਹਾਂ ਹੀ ਦਿਨਾਂ ਵਿਚ ਮਾਝੇ ਵਿਚ ਮੰਡਿਆਲੀਆਂ ਪਰਗਣੇ-ਦਾਰ ਮਸਾ ਰੰਗੜ ਸੀ। ਇਸ ਦਾ ਪਿੰਡ ਅੰਮ੍ਰਿਤਸਰ ਤੋਂ ਚਾਰ ਕੁ ਕੋਹ ਤੇ ਹੈ ਜੋ ਸ੍ਰੀ ਹਰਿਮੰਦਰ ਸਾਹਿਬ ਵਿਚ, ਅੰਮ੍ਰਿਤਸਰ ਮੰਜਾ ਵਿਛਾ ਕੇ ਬੈਠਦਾ ਵੇਸਵਾ (ਕੰਜਰੀਆਂ) ਦੇ ਮੁਜਰੇ ਅਤੇ ਸ਼ਰਾਬਾਂ ਦੇ ਦੌਰ ਕਰਾਉਂਦਾ ਸੀ ਕਿਉਂਕਿ ਪੰਜਾਬ ਦੇ ਸਾਰੇ ਸਿਖ ਬੀਕਾਨੇਰ ਵਲ ਦਿਨ ਕਟੀ ਕਰਦਿਆਂ ਜਦ ਇਹ ਹਿਰਦੇ ਵੇਧਕ ਖਬਰ ਸੁਣੀ ਤਾਂ ਜੋ ਅਗੇ ਕਿਸੇ ਨੇ ਦੁਖਦਾਈ ਘਟਨਾ ਐਸੀ ਦਿਲ ਚੀਰਵੀਂ ਸੁਣੀ ਹੋਵੇ। ਬਸ ਹੁਣ ਸਿਖ ਕੀ ਤੇ ਸਬਰ ਕੀ। ਇਸ ਭਾਂਬੜ ਭੜਕਾਏ ਹੋਏ ਭਾਈ ਮਤਾਬ ਸਿੰਘ ਮੀਰਾਂ ਕੋਟੀਆ ਤੇ ਭਾਈ ਸੁਖਾ ਸਿੰਘ ਮਾੜੀ ਕੰਬੋ ਵਾਲੇ ਉਠ ਖਲੋਤੇ ਅਤੇ ਅਰਦਾਸਾ ਕੀਤਾ।

ਗੁਰੂ ਖਾਲਸਾ ਜੀ ਸਾਨੂੰ ਸਮਰਥਾ ਤੇ ਇਜਾਜ਼ਤ ਦਿਉ, ਅਸੀਂ ਮਸੇ ਰੰਘੜ ਦਾ ਸਿਰ ਲਿਆਕੇ ਆਪ ਦੀ ਭੇਟਾ ਕਰਕੇ ਫੇਰ ਆਰਾਮ ਕਰੀਏ ਨਹੀਂ ਤਾਂ ਜਿਉਣਾ ਹਰਾਮ ਹੈ। ਹੁਣ ਦੋਵੇਂ ਅਣਖੀਲੇ ਸੂਰਬੀਰ ਵਾਹੋ ਦਾਹੀ ਸਫਰ ਨੂੰ ਚੀਰਦੇ ਅੰਮ੍ਰਿਤਸਰ ਆ ਪੁਜੇ। ਪਹਿਰੇਦਾਰਾਂ ਦੇ ਹੁੰਦੇ ਹੋਇਆਂ ਦਿਨ ਦੀਵੀਂ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦੇ ਸਿਰ ਖਰਬੂਜ਼ਿਆਂ ਵਾਂਗ ਝਟਕਾ ਕੇ ਅਤੇ ਮੱਸੇ ਦਾ ਸਿਰ ਕਟ ਕੇ ਲਾਹ ਲਿਆ ਅਤੇ ਵਾਪਸ ਬੀਕਾਨੇਰ ਜਾ ਕੇ ਗੁਰੂ ਖਾਲਸੇ ਅਗੇ ਦੁਸ਼ਟ ਦਾ ਸਿਰ ਜੋੜਿਆਂ ਵਿਚ ਸੁਟ ਕੇ ਸੰਗਤ ਜੀ ਨੂੰ ਸਾਰੀ ਵਾਰਤਾ ਸੁਣਾ ਕੇ ਸ਼ਾਂਤ ਕੀਤਾ। ਸੰਮਤ ੧੮੧੪-੧੫ ਨੂੰ ਜਦ ਪੰਜਾਬ ਤੇ ਅਹਿਮਦ ਸ਼ਾਹ ਅਬਦਾਲੀ ਕਬਜ਼ਾ ਜਮਾ ਕੇ ਬੈਠਾ ਹੋਇਆ ਸੀ। ਏਧਰ ਪੰਜਾਬ ਦੇ ਸਿਖ ਜੰਗਲਾਂ ਵਿਚ ਮੰਗਲ ਲਾਏ ਹੋਏ ਸ਼ੇਰ ਵਾਂਗ ਭਬਕਾਂ ਮਾਰਦੇ ਸਨ ਅਤੇ ਸ਼ਾਹੀ ਫੌਜਾਂ ਦੇ ਕਈ ਵੇਰ ਦੰਦ ਖੱਟੇ ਕਰਕੇ ਕਈ ਇਲਾਕੇ ਲੁਟ ਕੇ ਆਪਣੇ ਕਬਜ਼ੇ ਵਿਚ ਲੀਤੇ। ਫੇਰ ਅਹਿਮਦ ਸ਼ਾਹ ਨੇ ਕਰੋਧ ਵਿਚ ਆ ਕੇ ਜ਼ੈਨ ਖਾਨ ਸੂਬਾ ਸਰਹੰਦ ਅਤੇ ਬੁਲੰਦ ਖਾਂ ਸੂਬਾ ਮੁਲਤਾਨ ਸਖਤ ਹੁਕਮਨਾਮੇ ਭੇਜੇ ਕਿ ਪੰਜਾਬ ਚੋਂ ਸਿਖਾਂ ਦਾ ਬੀ ਨਾਸ ਕਰਕੇ ਚੰਗੀ ਤਰਾਂ ਸਾਫ ਕਰ ਦਿਉ। ਹੁਣ ਫੇਰ ਸਿੰਘਾਂ ਤੇ ਆਮ ਕਤਲਾਮ ਆਰੰਭ ਹੋਈ ਜਿਸ ਕਰਕੇ ਸਿੰਘ ਆਪੋ ਆਪਣੇ ਇਲਾਕੇ ਛਡ ਕੇ ਗੁਰੂ ਕੇ ਮਾਲਵੇ ਵਿਚ ਜਾ ਵਸੇ। ੧੮੧੪ ਬਿ: (੧੭੫੭ ਈ:) ਵਿਚ ਦੁਰਾਨੀਆਂ ਨੇ ਚੰਡਾਲ ਰੂਪ ਧਾਰ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਢਾਹ ਕੇ ਪਵਿਤਰ ਸਰੋਵਰ ਨੂੰ ਮਿਟੀ ਨਾਲ ਭਰਾ ਦਿਤਾ। ਹੁਣ ਇਹ ਘਟਨਾ ਸੁਣ ਕਿਹੜਾ ਸਿੰਘ ਹੈ ਜੋ ਚੈਨ

Digitized by Panjab Digital Library | www.panjabdigilib.org

ਨਾਲ ਬੈਠ ਸਕੇ। ਹੋਇਆ ਕੀ ਬਾਬਾ ਦੀਪ ਸਿੰਘ ਜੀ ਪੂਰਨ ਵਿਦਵਾਨ ਤੇ ਭਜਨ ਮੂਰਤ ਸਤ ਪੁਰਸ਼ਾਂ ਨੂੰ ਵੀ ਪਵਿਤਰ ਗੁਰਧਾਮ ਦੀ ਬੇਅਦਬੀ ਨੇ ਜੋਸ਼ ਵਿਚ ਲੈ ਆਂਦਾ। ਅਰਦਾਸਾ ਸੋਧ ਕੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਕਈ ਹਜ਼ਾਰਾਂ ਸਿੰਘ ਸਮੇਤ ਚਲਕੇ ਲਖੀ ਜੰਗਲ ਪੁਜੇ ਤਾਂ ਏਥੋਂ ਪੰਜ ਹਜ਼ਾਰ ਹੋਰ ਸੂਰਬੀਰ ਗੁਰੂ ਖਾਲਸਾ ਨਾਲ ਮਿਲ ਗਿਆ। ਅਖੀਰ ਤਰਨ ਤਾਰਨ ਤਕ ਮਰਜੀਊੜੇ ਗੁਰਸਿਖ ਸ਼ਹੀਦੀਆਂ ਪਾਉਣ ਦੇ ਚਾਹਵਾਨ ਨਾਲ ਮਿਲੇ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਦੁਰਘਟਨਾ ਨਾਲ ਸਿਖੀ ਜੋਸ਼ ਨੂੰ ਆਪ ਨਾਲੋਂ ਕਈ ਹਜ਼ਾਰਾਂ ਹੀ ਦੁਰਾਨੀ ਫੌਜਾਂ ਨੂੰ ਮੌਤ ਦੇ ਘਾਟ ਉਤਾਰ ਕੇ, ਗੁਰੂ ਪੰਥ ਨੇ ਸ੍ਰੀ ਹਰਿਮੰਦਰ ਸਾਹਿਬ ਤਿਆਰ ਅਤੇ ਸੁਧਾਸਰ ਨੂੰ ਸਾਫ ਕਰਕੇ ਅਰ ਸਰੋਵਰ ਵਿਚ ਇਸ਼ਨਾਨ ਕਰਕੇ ਚੈਨ ਲਈ। ਸਿਖਾਂ ਦੇ ਇਸ ਜੁਧ ਨੇ ਪੰਜਾਬ ਵਿਚੋਂ ਦੁਰਾਨੀਆਂ ਦੇ ਪੈਰ ਉਖੇੜ ਕੇ ਦਮ ਲਿਆ ਪਰ ਅਹਿਮਦ ਸ਼ਾਹ ਦੁਰਾਨੀ ਨੂੰ ਫਿਰ ਵੀ ਸਮਝ ਨਾ ਆਈ। ਜਿਸ ਨੇ ੧੮੧੯ ਬਿਃ (੧੭੬੨ ਈ:) ਨੂੰ ਫੇਰ ਇਹੋ ਗਲਤੀ ਕੀਤੀ ਜੋ ਆਪ ਚੜ੍ਹਕੇ ਪੰਜਾਬ ਆਇਆ। ਇਸ ਸਾਲ ਵਡਾ ਘਲੂਘਾਰਾ ਵਰਤਿਆ। ਹਜ਼ਾਰਾਂ ਸਿੰਘ ਫਟੜ ਤੇ ਸ਼ਹੀਦ ਹੋਏ। ਬਾਕੀ ਗੁਰੂ ਦੇ ਮਾਲਵੇ ਵਿਚ ਆ ਬਿਰਾਜੇ। ਹੁਣ ਅਹਿਮਦ ਸ਼ਾਹ ਕਹਿਣ ਲਗਾ ਕਿ ਸਿੰਘਾਂ ਨੂੰ ਮੁਕਾ ਚਲਿਆ ਹਾਂ। ਮੁੜਦਿਆਂ ਹੋਇਆਂ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਬਰੂਦ ਨਾਲ ਉਡਾ ਦਿਤਾ ਤੇ ਸਰੋਵਰ ਨੂੰ ਫਿਰ ਭਰਵਾ ਕੇ ਧਰਤੀ ਨਾਲ ਮਿਲਾ ਦਿਤਾ। ਇਸ ਹਿਰਦੇ ਵੇਧਕ ਖਬਰ ਨੇ ਸਭ ਖਿੰਡੀਆਂ ਪੁੰਡੀਆਂ ਸਿਖ ਸ਼ਕਤੀਆਂ ਨੂੰ ਇਕਠਾ ਹੋਣ ਦਾ ਮੌਕਿਆ ਦਿਤਾ, ਸਭ ਇਲਾਕਿਆਂ ਵਾਲੇ ਸਿਖ ਆਪਸ ਵਿਚ ਮੌਕਾ ਵਿਚਾਰ ਕੇ ਵਹੀਰਾਂ ਘਤ ਆ ਮਿਲੇ ਅਤੇ ਦੂਜੇ ਸਾਲ ਹੀ ਇਨ੍ਹਾਂ ਆਕੜ ਖਾਨ ਦੁਰਾਨੀਆਂ ਨੂੰ ਉਹ ਸੁਵਾਦ ਦਿਤਾ ਸਮਝੋ ਉਨ੍ਹਾਂ ਦਾ ਲੱਕ ਹੀ ਤੋੜ ਦਿਤਾ। ਭਾਵ ਕੀ ਹਕੂਮਤਾਂ ਵਲੋਂ ਗੁਰਦੁਆਰਿਆਂ ਦੀ ਜਿਨੀ ਵਾਰ ਬੇਅਦਬੀ ਹੋਈ ਸਿੰਘਾਂ ਵਿਚ ਉਤਨਾ ਹੀ ਜੋਸ਼ ਉਬਾਲੇ ਖਾਂਦਾ ਤੇ ਜਥੇ-ਬੰਦ ਹੁੰਦੇ ਸਨ। ਜਿਸ ਵਕਤ ਗੁਰੂ ਪੰਥ ਦੇ ਹਥ ਤਾਕਤ ਆਈ ਅਤੇ ਸੇਵਾ ਕਰਨ ਦਾ ਸਮਾਂ ਮਿਲਿਆ ਤਾਂ ਸਭ ਤੋਂ ਪਹਿਲਾਂ ਗੁਰਦੁਆਰੇ, ਗੁਰੂ ਸਾਹਿਬਾਂ ਦੀਆਂ ਯਾਦਾਂ, ਅਤੇ ਸ਼ਹੀਦ ਸਿੰਘਾਂ ਦੀਆਂ ਯਾਦਾਂ ਕਾਇਮ ਕੀਤੀਆਂ। ਸ: ਬਘੇਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਿਲੀ ਅੰਦਰ ਗੁਰਦੁਆਰੇ ਤਿਆਰ ਕਰਵਾਏ ਅਤੇ ਜ਼ਮੀਨਾਂ ਲਗਵਾਈਆਂ।

ਸਰਹੰਦ ਵਿਚ ਸਿੰਘਾਂ ਨੇ ਸ਼ਹੀਦ ਸਾਹਿਬਜ਼ਾਦਿਆਂ ਦੀਆਂ ਯਾਦਗਾਰਾਂ ਵਿਚ ਗੁਰਦੁਆਰੇ ਬਣਾਏ। ਸ੍ਰੀ ਤਰਨ ਤਾਰਨ ਸਾਹਿਬ ਜੀ ਦੀ ਬਅਦਬੀ ਸ਼ਾਂਤ ਸਰੂਪ (ਸ਼ਹੀਦਾਂ ਦੇ ਸਿਰਤਾਜ) ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਹੋਈ ਸੀ। ਸਰੋਵਰ ਲਈ ਤਿਆਰ ਹੋਈਆਂ ਇੱਟਾਂ ਨੂਰਦੀਨ ਦੇ ਪੁਤਰ ਅਮੀਰਦੀਨ ਨੇ ਜ਼ਬਰਦਸਤੀ ਲਿਜਾ ਕੇ ਆਪ ਦੇ ਨਿਜ ਦੇ ਮਕਾਨਾਂ ਨੂੰ ਤੇ ਨੂਰ ਦੀ ਸਰਾਂ ਨੂੰ ਲਵਾਈਆਂ ਸਨ। ਜਿਸ ਵਕਤ ਸਿੱਖ ਮਿਸਲਾਂ ਦੇ ਸਮੇਂ ਇਸ ਇਲਾਕੇ ਦਾ ਪ੍ਰਬੰਧ ਸ: ਬੁਧ ਸਿੰਘ ਫੈਜ਼ਲ ਪੁਰੀਏ ਦੇ ਹੱਥ ਆਇਆ ਤਾਂ ਉਨ੍ਹਾਂ ਨੇ ਮੌਕਾ ਸੰਭਾਲਦਿਆਂ ਨੂਰਦੀਨ ਸਰਾਂ ਅਤੇ ਮਕਾਨਾਂ ਦੀਆਂ ਇੱਟਾਂ ਉਹ ਲਿਆਕੇ ਫੇਰ ਪਵਿਤ੍ਰ ਸਰੋਵਰ ਨੂੰ ਲਵਾਈਆਂ। ਫੇਰ ਸਿੱਖਾਂ ਦੇ ਦਿਲ ਅੰਦਰ ਸੰਤੋਖ ਆਇਆ, ਐਸ ਉਪਰ ਆਇ ਇਤਿਹਾਸਕ ਲੇਖਾਂ ਤੋਂ ਪਤਾ ਲਗਦਾ ਹੈ ਕਿ ਸਿੱਖ ਦੇ ਵਿਚ ਗੁਰਦੁਆਰਿਆਂ ਦਾ ਅਦਬ ਕਾਇਮ ਰਖਣ ਲਈ ਕਿੰਨਾਂ ਜ਼ਬਰਦਸਤ ਜ਼ਜ਼ਬਾ ਹੈ ਅਤੇ ਗੁਰ ਅਸਥਾਨਾਂ ਨੂੰ ਸਹੀ ਤੌਰ ਤੇ ਰੱਖਣ ਲਈ ਤਨ, ਮਨ, ਧਨ, ਇਤ ਆਦਿ ਸਭ ਤੁਛ ਮਾਤਰ ਸਮਝ ਕੇ ਪੜ੍ਹਦਾ ਹੈ "ਮੋਹ ਮਰਨੇ ਕਾ ਚਾਉ ਹੈ, ਮਰੋ ਤਾਂ ਹਰਿਕੇ ਦੁਆਰ।"

Digitized by Panjab Digital Library | www.panjabdigilib.org

# ਅਕਾਲੀ ਲਹਿਰ ਦਾ ਮੁੱਢ

ਜਦ ਸਿੱਖ ਰਾਜ ਦਾ ਸੂਰਜ ਡੁਬਿਆ ਤਾਂ ਉਸ ਸਮੇਂ ਦੇ ਮਿਲਮੇ ਹਿੰਦੂ, ਮੁਸਲਮ ਅਤੇ ਸਿੱਖ ਵਿਸੰਦੇ, ਸਿੱਖ ਰਾਜ ਵਿਚ ਦੂਜੇ ਨੂੰ ਦੂਜਾ ਭਰਾ ਸਮਝ ਕੇ ਪਿਆਰ ਕਰਦਾ ਸੀ ਕਰਨ ਵੀ ਕਿਉਂ ਨਾ, ਸਿੱਖ ਆਪ ਦੇ ਗੁਰੂ ਦੇ ਪੂਰਨਿਆਂ ਤੇ ਚਲਦੇ ਹੋਏ ਸਰਬਤ ਦਾ ਭਲਾ ਲੋਚਦੇ ਸਨ ਅਤੇ ਉਸ ਵੇਲੇ ਦੇ ਸਿੱਖਾਂ ਰਾਜ ਦੀ ਠੰਡੀ ਛਾਂ ਹੇਠ ਰਹਿਣ ਵਾਲੇ ਅਤੇ ਆਪੋ ਆਪਣੇ ਧਾਰਮਕ ਅਸਥਾਨਾਂ ਵਿਚ ਜਾ ਕੇ ਰੱਬੀ ਰੰਗ ਵਿਚ ਖੇਡਦੇ ਤਾਂ ਸਾਰੇ ਸਿੱਖ ਰਾਜ ਦੀ ਜੈ, ਮੰਗ ਦੇ ਸਨ, ਜਦੋਂ ਸਿੱਖ ਰਾਜ ਦਾ ਸੂਰਜ ਡੁਬ ਗਿਆ ਤਾਂ ਸ਼ੇਰ ਦੇ ਪੁਤ੍ਰ ਪਿੰਜਰੇ ਚੁ ਪੈਣ ਤੇ ਜੋ ਗਮੀ ਦੇ ਹੜ੍ਹ ਚ ਬਹਿੰਦਾ ਹੈ ਉਸ ਦਾ ਅਨੁਮਾਨ ਪਿੰਜਰੇ ਦੀ ਪੇਦਸ ਵਾਲਾ ਜਾਂ ਜੰਗਲਾ ਚ ਰਹਿਣ ਵਾਲਾ ਨਹੀਂ ਲਗ਼ਾ ਸਕਦਾ।

ਪੁਨਾ ਜੈਸੇ ਸਤਵੰਤੀ ਸੁਗੜ ਸੁਸ਼ੀਲ ਸਿਆਣੀ ਮਾਤਾ, ਪਿਤਾ ਤੇ ਸੁਆਮੀ ਦੀ ਆਗਿਆਕਾਰ, ਸੁਤੇ ਕਿਸੇ ਦੁਸ਼ਮਨ, ਅਨਿਆਈ, ਅਧਰਮੀ ਦੇ ਹੱਥ ਆ ਜਾਵੇ ਉਸ ਵੇਲੇ ਉਸ ਦੀ ਹਾਲਤ ਦਾ ਅੰਦਾਜ਼ਾ ਘਰ ਹੰਡਣ ਵਾਲੀ ਨਹੀਂ ਲਾ ਸਕਦੀ। ਇਸ ਪ੍ਰਕਾਰ ਉਸ ਅਜ਼ਾਦ ਸਿੱਖ ਰਾਜ ਵਿਚ ਅਜ਼ਾਦ ਰਹਿਣ ਵਾਲੇ ਜਦ ਇਕ ਲਖਤ ਗੁਲਾਮ ਹੋ ਕੇ ਰਹਿਣ ਲਗੇ ਤਾਂ ਉਨ੍ਹਾਂ ਦੀ ਉਸ ਵੇਲੇ ਦੀ ਹਾਲਤ ਨੂੰ ਅੰਗਰੇਜ਼ ਰਾਜ ਦੀ ਮੌਜੂਦਗੀ ਦੀ ਪੇਦਸ ਵਾਲੇ ਅੰਦਾਜ਼ਾ ਨਹੀਂ ਲਗ਼ਾ ਸਕਦੇ ਕਿ ਕਿਹੜੇ ਗਮਾ ਦੇ ਹੜ੍ਹ ਵਿਚ ਰੁੜੇ ਹੋਣਗੇ, ਸੋ ਉਸ ਵੇਲੇ ਸਿੱਖ ਗੁਰ ਅਸਥਾਨਾਂ ਵਿਖੇ ਜਿਥੇ ਜਿਥੇ ਕੋਈ ਸੇਵਾ ਕਰਦਾ ਸੀ ਉਹੋ ਹੀ ਉਥੋਂ ਦਾ ਪ੍ਰਬੰਧਕ ਮੰਨਿਆ ਗਿਆ, ਜਿਸ ਕਰਕੇ ਸਦਾ ਅੰਗਰੇਜ਼ ਦੀ ਤਾਬਿਆਦਾਰੀ ਵਿਚ ਰਹਿਣਾ ਤੇ ਆਪ ਦੇ ਅਸੂਲ ਦਾ ਘਾਤ ਕਰਨਾ ਅਤੇ ਰਤੀ ਭਰ ਭੀ ਸੰਕੋਚ ਨਾ ਕਰਨਾ, ਇਸ ਕਰਕੇ ਸਾਡੇ ਜਾਨ ਤੋਂ ਪਿਆਰੇ ਤੇ ਸਭ ਤੋਂ ਪਵਿਤਰ ਗੁਰ ਅਸਥਾਨਾਂ ਦੇ ਪ੍ਰਬੰਧਕ ਅਨਿਆਈ ਤੇ ਅੰਗਰੇਜ਼ ਦੀ ਸ਼ਹਿ ਨਾਲ ਹਠ ਧਰਮੀ ਹੋ ਗਏ। ਜਿਸ ਕਰਕੇ ਚਾਹੇ ਸਿੱਖ ਮੁਸੀਬਤ ਦੇ ਮਾਰੇ ਹੋਏ ਸੀ, ਫੇਰ ਵੀ ਗੁਰ ਅਸਥਾਨਾਂ ਦੀ ਪਵਿਤਰਾ ਸਦਾ ਕਾਇਮ ਰਖਣ ਲਈ ਸਿੰਘ ਸਭਾ ਦੇ ਰੂਪ ਵਿਚ ਹੋ ਕੇ ਪ੍ਰਚਾਰਨ ਲਗੇ। ਇਸ ਲਹਿਰ ਨੇ ਬੜਾ ਕੰਮ ਕੀਤਾ, ਸਿੰਘ ਸਭਾ ਦੀ ਕੀਰਤੀ ਨੂੰ ਨਾ ਸਹਾਰਦੇ ਹੋਏ ਮਹੰਤਾ, ਅਨਮਤੀਆਂ ਅਤੇ ਸਰਕਾਰੀ ਆਦਮੀਆਂ ਨੇ ਬੜੇ ਹੀ ਕੋਝੇ ਤਰੀਕੇ ਨਾਲ ਸਿੰਘ ਸਭਾ ਲਹਿਰ ਨੂੰ ਭੰਡਣਾ ਸ਼ੁਰੂ ਕੀਤਾ। ਜਿਸ ਕਰਕੇ ਲਹਿਰ ਮਧਮ ਪੈ ਗਈ ਸੀ, ਪਰ ਸਚੇ ਮਾਰਗ ਦੇ ਪਧਾਊਨੇ ਜੋ ਸਚ ਦੀ ਚੰਗਿਆੜੀ ਸੰਗਤਾਂ ਵਿਚ ਸੁਟੀ ਸੀ ਉਹੋ ਹੀ ਸੁੰਧਕਦੀ ਸੁੰਧਕਦੀ ਅਕਾਲੀ ਰੂਪ ਵਿਚ ਇਕ ਲਖਤ ਭਾਂਬੜ ਲੈ ਉਠੀ ਸੀ।

ਸਿੰਘ ਸਭਾ ਲਹਿਰ ਦਾ ਸਿਟਾ ਅਕਾਲੀ ਲਹਿਰ ਦਾ ਪੈਦਾ ਹੋਣਾ ਹੈ। ੧੯੨੦-੨੫ ਤਕ ਅਕਾਲੀਆਂ ਦੀ ਤਿਆਗ ਦੀ ਜ਼ਿੰਦਗੀ ਹਰ ਪਾਸੇ ਮਾਣ ਅਤੇ ਸਫਲਤਾ ਬਖਸ਼ਦੀ। ਅਰ ਲੋਭ ਗ੍ਰਸਤ ਜੀਵਨ ਨਿਰਆਦਰ ਅਤੇ ਅਸਫਲਤਾ ਹੁੰਦਾ। ਕਦੇ ਉਹ ਜ਼ਮਾਨਾ ਸੀ ਜਦੋਂ ਪੰਥ ਸੇਵਾ ਲਈ ਅਗੇ ਆਏ ਸਜਣਾਂ ਲਈ ਕੋਈ ਵੀ ਮੈਂਬਰੀਆਂ ਨਹੀਂ ਸਨ। ਨਾ ਹੁਣ ਦੀ ਤਰ੍ਹਾਂ ਗੁਰਦਵਾਰਿਆਂ ਦੀਆਂ ਆਮਦਨਾਂ ਦੀ ਉਹ ਝਾਕ ਰਖਦੇ ਹੁੰਦੇ ਸਨ ਬਲਕੇ ਆਪਣੀ ਕਿਰਤ ਕਰਦੇ ਤੇ ਤਨ, ਮਨ, ਧਨ, ਦਸਵੰਧ ਰਾਂਹੀ ਪੰਥ ਦੀ ਸੇਵਾ ਕਰਕੇ ਕਿਰਤਾਰਥ ਹੁੰਦੇ ਸਨ। ਗੁਰਧਾਮਾਂ ਦੀ ਪਵਿਤ੍ਰਤਾ ਨੂੰ ਕਾਇਮ ਰਖਣ ਵਾਸਤੇ ਜੇਲ੍ਹਾਂ ਤੇ ਨਾ ਸਹਿਣ ਵਾਲੇ ਤਸੀਹੇ ਅਤੇ ਜਰਮਾਨੇ ਭਰਨੇ ਇਸ ਨੂੰ ਨਿਸ਼ਕਾਮ ਸੇਵਾ ਕਹਿੰਦੇ ਹਨ। ਇਸ ਵਾਸਤੇ ਇਕ ਸਮੇਂ ਦਾ ਜ਼ਿਕਰ ਯਾਦ ਆਇਆ ਜਦ ੧੯੧੭ ਵਿਚ ੧੦ਵੀਂ ਸਿਖ ਐਜੂਕੇਸ਼ਨਲ ਕਾਨ-ਫਰੰਸ ਲਾਹੌਰ ਵਿਚ ਹੋਈ ਜਿਸ ਤੇ ਸਿਖਾਂ ਦੇ ਆਪਾ ਤਿਆਗ ਤੇ ਸੇਵਾ ਭਾਵ ਦੇ ਤੇਜ ਨੂੰ ਦੇਖ ਕੇ ਪਿਆਰ

Digitized by Panjab Digital Library | www.panjabdigilib.org

ਵਿਚ ਨਵਾਬ ਜ਼ੁਲਫਕਰ ਅਲੀ ਖਾਂ ਦੀ ਪ੍ਰਧਾਨਗੀ ਹੇਠ ਇਕ ਮੁਸਲਿਮ ਡੈਪੂਟੇਸ਼ਨ ਪੁਜਾ ਜਿਸ ਨੇ ਮੁਸਲਮਾਨਾਂ ਵਲੋਂ ਸਿਖਾਂ ਨੂੰ ਪੈਗਾਮ ਦਿੰਦਿਆਂ ਕਿਹਾ ਸੀ। ਖਾਲਸਾ ਜੀ ! ਤੁਸੀਂ ਮੋਟਰਾਂ ਦੀ ਰਫਤਾਰ ਵਿਦਿਆ ਤੇ ਪ੍ਰਚਾਰ ਦੇ ਮੈਦਾਨ ਵਿਚ ਵਧ ਰਹੇ ਹੋ। ਅਸੀਂ ਟਮ ਟਮਾਂ ਤੇ ਸਵਾਰ ਹਾਂ ਸਾਨੂੰ ਨਾਲ ਲਈ ਜਾਣਾ। ਏਸੇ ਗਲ ਦੇ ਪ੍ਰੇਰਤ ਹੋਏ ਹੋਏ ਪੰਡਤ ਮਾਲਵੀਆ ਜੀ ਨੇ ਸਿਖਾਂ ਵਿਚ ਇਤਫਾਕ ਤੇ ਸੇਵਾ ਦਾ ਉਤਸ਼ਾਹ ਦੇਖ ਕੇ ਕਿਹਾ ਸੀ ਇਹ ਚੀਜ਼ਾਂ ਹੋਰ ਕਿਸੇ ਕੌਮ ਵਿਚ ਨਹੀਂ ਮਿਲਦੀਆਂ। ਇਹ ਸਿਖਾਂ ਕੋਲੋਂ ਸਿਖਣੀਆਂ ਚਾਹੀ ਦੀਆਂ ਹਨ।

ਇਹਨਾਂ ਤਿਆਗੀ ਤੇ ਦਾਨੀ ਸੇਵਕਾਂ ਦੀ ਨਿਸ਼ਕਾਮ ਸੇਵਾ ਕਈ ਸਕੂਲਾਂ, ਕਾਲਜਾਂ, ਆਲੀ-ਸ਼ਾਨ ਧਰਮ ਅਸਥਾਨਾਂ, ਸਿਖੀ ਪ੍ਰਚਾਰ ਦੇ ਹੜ ਦੇ ਆਖੀਰ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਫਲੀ। ਇਹਨਾਂ ਨੂੰ ਕਹਿੰਦੇ ਸਨ ਸਿੰਘ ਸਭਾ ਦਾ ਰੂਪ ਚੀਫ ਖਾਲਸਾ ਦੀਵਾਨ ਜਿਨ੍ਹਾਂ ਦੀ ਸੇਵਾ ਨੂੰ ਦੇਖ ਕੇ ਉਸ ਵੇਲੇ ਭਾਰਤ ਦੇ ਲੀਡਰ ਸਾਡੀ ਪ੍ਰਸੰਸਾ ਇਉਂ ਕਰਦੇ ਸੀ।

॥ ਗੁਰਦੁਆਰਾ ਸੁਧਾਰ ਤੇ ਗੁਰੂ ਪੰਥ ॥

ਜਦ ਗੁਰੂ ਪੰਥ ਗੁਰ ਅਸਥਾਨਾਂ ਵਿਚ ਮਹੰਤਾਂ ਤੇ ਪੁਜਾਰੀਆਂ ਵਲੋਂ ਰੋਜ਼ ਨਵੇਂ ਸੂਰਜ ਨਿੰਦਤ ਗਲਾਂ ਸੁਨਣ ਤਾਂ ਸਵਾਏ ਅਰਦਾਸਾਂ ਤੋਂ ਸਿਖਾਂ ਪਾਸ ਹੋਰ ਕੋਈ ਤਾਕਤ ਨਹੀਂ ਸੀ ਜੋ ਸੰਗਤਾਂ ਜ਼ਾਹਰਾਂ ਜ਼ਹੂਰ ਦੇ ਦਰਬਾਰ ਕਰਦੀਆਂ ਸਨ ਕਿ ਜਲ ਮੈ, ਥਲ ਮੈ, ਅਕਾਸ਼ ਮੈ, ਪਤਾਲ ਮੇ ਪ੍ਰਕਾਸ਼ ਕਰਨ ਵਾਲੇ ਸਰਬ ਵਿਆਪੀ ਅਕਾਲ ਪੁਰਖ ਜੀਓ ਅਸੀਂ ਆਪ ਜੀ ਤੋਂ ਭੁਲੇ ਹਾਂ ਜਿਸ ਕਰਕੇ ਐਸੇ ਦੁਖਤ ਕਾਰਨਾਮੇ ਦੇਖਣ ਤੇ ਸੁਨਣ ਵਿਚ ਆਉਂਦੇ ਸਨ। ਆਪ ਜੀ ਦਾ ਮਹਾਂਵਾਕ ਹੈ ਕਿ

ਭੂਲੇ ਸਿਖ ਗੁਰੂ ਸਮਝਾਇ ਔਜੜ ਜਾਂਦੇ ਮਾਰਗ ਪਾਇ ॥ ॥ ਮਾਰੂ ਮ: ੧ ॥

ਸੋ ਕਿਰਪਾ ਕਰੋ ਤੇ ਸਾਨੂੰ ਮਾਰਗ ਪਾਵੋ। ਫੇਰ ਕੀ ਸੀ

ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ ॥ ॥ ਬਿਲਾ: ਮ: ੫ ॥

ਹੁਣ ਗੁਰੂ ਲਗਾ ਆਪ ਗੁਰੂ ਪੰਥ ਦੀ ਅਗਵਾਈ ਕਰਨ। ਹਰ ਇਕ ਸਿਖ ਦੇ ਮਨ ਵਿਚ ਇਹ ਗਲ ਘਰ ਕਰ ਗਈ ਕਿ ਪੰਥਕ ਤਰਕੀ ਲਈ ਤੇ ਪੰਥ ਨੂੰ ਚੜਦੀਆਂ ਕਲਾਂ ਵਿਚ ਦੇਖਣ ਲਈ ਤਨ, ਮਨ, ਧਨ ਦੁਆਰਾ ਯਥਾ ਸ਼ਕਤ ਸੇਵਾ ਕਰਨੀ ਹਰ ਸਿਖ ਦਾ ਜ਼ਰੂਰੀ ਫਰਜ਼ ਹੈ। ਗੁਰਮਤ ਦੀ ਏਹ ਗੁੜਤੀ ਹੈ ਤੇ ਸਿੰਘ ਨੂੰ ਅੰਮ੍ਰਿਤ ਛਕਣ ਵੇਲੇ ਇਹ ਉਪਦੇਸ਼ ਮਿਲਦਾ ਹੈ ਕਿ ਓਹ ਆਪਣਾ ਉਚਾ ਸਿਖ ਜੀਵਨ ਬਣਾਏ ਤੇ ਪੰਥ ਸੇਵਾ ਲਈ ਸਦਾ ਉਤਸ਼ਾਹ ਰਖੇ। ਪੰਥ ਸੇਵਾ ਜਥੇਬੰਦੀ ਰਾਹੀਂ ਹੀ ਹੋ ਸਕਦੀ ਹੈ ਇਸ ਵਾਸਤੇ ਪੰਥਕ ਜਥੇਬੰਦੀ ਦੀ ਲੋੜ ਡਾਢੀ ਪ੍ਰਤੀਤ ਹੋਣ ਲਗੀ ਅਤੇ ਪੰਥਕ ਜਥੇਬੰਦੀ ਗੁਰੂ ਪੰਥ ਦਾ ਮਾਨ ਉਦੋਂ ਪ੍ਰਾਪਤ ਕਰਦੀ ਹੈ ਜਦੋਂ ਇਹ ਪਾਰਟੀ ਸੁਆਰਥ ਅਤੇ ਨਿਜ ਗਰਜ ਤੋਂ ਰਹਿਤ ਹੋਵੇ ਤੇ ਪੰਥ ਦੀ ਸਾਂਝੀ ਭਲਾਈ ਲਈ ਇਕ ਸਰ ਹੋਕੇ ਸੋਚਣ ਨੂੰ ਸਿਖ ਕੌਮ ਦੀਆਂ ਸਾਰੀਆਂ ਸੰਸਥਾਵਾਂ ਇਸ ਗਲ ਨੂੰ ਅਨਭਵ ਕਰਦੀਆਂ ਸਨ ਕਿ ਜਿਨਾ ਚਿਰ 'ਮਿਲਬੇ ਕੀ ਮਹਿਮਾਂ ਬਰਨ ਨਾ ਸਾਕੋ ਨਾਨਕ ਪਰੈ ਪਰੀਲਾ ॥' (ਗੂਜਰੀ ਮ: ੫) ਦੇ ਸਬਕ ਨੂੰ ਧਾਰਨ ਨਹੀਂ ਕਰਦੇ ਉਨਾ ਚਿਰ ਗੁਰ ਅਸਥਾਨਾਂ ਦੇ ਪ੍ਰਬੰਧਕਾਂ ਦਾ ਸੁਧਾਰ ਕਰਨਾ ਅਤਿ ਕਠਨ ਹੀ ਨਹੀਂ ਅਸੰਭਵ ਹੈ। ਇਸ ਕਰਕੇ ਸਾਰੇ ਇਕ ਦੂਜੇ ਨੂੰ ਮਿਲਨ ਦੇ ਯਤਨ ਹੋਣ ਲਗੇ। ਗੁਰੂ ਭਰੋਸੇ ਹਰ ਪਾਸੇ ਸਫਲਤਾ ਪ੍ਰਾਪਤ ਹੋਣ ਲਗੀ।

੧੨ ਅਕਤੂਬਰ ੧੯੨੦ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਪ੍ਰਬੰਧ ਗੁਰੂ ਪੰਥ ਦੇ ਹਥ ਆਇਆ ਅਤੇ ਪਹਿਲੇ ਆਰਜ਼ੀ ਕਮੇਟੀ ੯ ਸਿਖਾਂ ਦੀ ਚੁਣੀ ਗਈ।

Digitized by Panjab Digital Library | www.panjabdigilib.org

ਇਸ ਇਕਤ੍ਰਤਾ ਤੋਂ ਪਹਿਲੇ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਤਰਨ ਤਾਰਨ ਸਾਹਿਬ ਦੇ ਪ੍ਰਬੰਧ ਵਾਸਤੇ ੩੬ ਮੈਂਬਰਾਂ ਦੀ ਕਮੇਟੀ ਬਨਾਉਣ ਦਾ ਐਲਾਨ ਕੀਤਾ। ਪ੍ਰਧਾਨ ਬਾਬਾ ਖੜਕ ਸਿੰਘ ਸਿਆਲ ਕੋਟ ਯਾ ਸ: ਹਰਬੰਸ ਸਿੰਘ ਅਟਾਰੀ ਭਾਈ ਜੋਧ ਸਿੰਘ ਐਮ. ਏ.

੧੫-੧੬ ਨਵੰਬਰ ੧੯੨੦ ਈ: ਨੂੰ ਉਪਰ ਲਿਖੇ ਸਜਣਾਂ ਨੇ ਸਾਰੇ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਇਕਤਰ ਕਰਕੇ ੧੭੫ ਸਿੰਘਾਂ ਦੀ ਇਕ ਪ੍ਰਤੀਨਿਧ ਕਮੇਟੀ ਚੁਣੀ ਜਿਸ ਦਾ ਨਾਉਂ ਸ਼੍ਰੋ: ਗੁ: ਪ੍ਰ: ਕਮੇਟੀ ਰਖਿਆ ਅਤੇ ੩੫ ਮੈਂਬਰ ੧੮ ਨਵੰਬਰ ੧੯੨੦ ਈ: ਨੂੰ ਸ੍ਰੀ ਪੰਜਾ ਸਾਹਿਬ ਜੀ ਦਾ ਪ੍ਰਬੰਧ ਪੰਥ ਦੇ ਹਥ ਆਇਆ।

੧੨ ਦਸੰਬਰ ੧੯੨੦ ਈ: ਨੂੰ ਜਿਸ ਦੀ ਪਹਿਲੀ ਇਕਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ ਜੀ ਹੋਈ। ਜਿਸ ਵਿਚ ਉਹਦੇਦਾਰ ਤੇ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਸਬ ਕਮੇਟੀ ਚੁਣੀ ਗਈ।

੧੪ ਦਸੰਬਰ ੧੯੨੦ ਈ: ਨੂੰ ਸ਼੍ਰੋ: ਅਕਾਲੀ ਦਲ ਗੁਰੂ ਕ੍ਰਿਪਾ ਨਾਲ ਕਾਇਮ ਹੋ ਗਿਆ।

੩੦ ਅਪਰੇਲ ੧੯੨੧ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਰਜਿਸਟਰ ਕਰਾਈ ਗਈ।

ਜੁਲਾਈ ੧੯੨੧ ਈ: ਨੂੰ ਨਿਯਮ ਬਨਣ ਪਿਛੋਂ ਨਵੀਂ ਚੋਣ ਕੀਤੀ ਗਈ।

੧੪ ਅਗਸਤ ੧੯੨੧ ਈ: ਨੂੰ ਚੁਣੇ ਹੋਏ ਮੈਂਬਰਾਂ ਨੇ ਕੁਲ ਗਿਣਤੀ ਦਾ ਪੰਜਾਹਵਾਂ ਹਿਸਾ ਨਾਮਜ਼ਦ ਕੀਤਾ।

੨੭ ਅਗਸਤ ੧੯੨੧ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਨੇ ਗੁਰਦੁਆਰਾ ਸੁਧਾਰ ਦਾ ਕੰਮ ਅਰੰਭ ਕੀਤਾ।

੨੬ ਜਨਵਰੀ ੧੯੨੧ ਈ: ਨੂੰ ਸ੍ਰੀ ਤਰਨ ਤਾਰਨ ਦਾ ਸਾਕਾ ਜਿਸ ਵਿਚ ੧੭ ਜ਼ਖਮੀ ਤੇ ਦੋ ਸ਼ਹੀਦ ਹੋਏ ਅਤੇ ਪਬੰਧ ਪੰਥ ਦੇ ਹਥ ਆਇਆ।

੨੪ ਜਨਵਰੀ ੧੯੨੧ ਨੂੰ ਸ਼੍ਰੋ: ਗੁ. ਪ੍ਰ: ਕਮੇਟੀ ਨੇ ਜਨਰਲ ਇਜਲਾਸ ਵਿਚ ੪-੫ ਅਤੇ ੬ ਮਾਰਚ ਨੂੰ ਸ੍ਰੀ ਨਨਕਾਣੇ ਸਾਹਿਬ ਇਕ ਭਾਰੀ ਦੀਵਾਨ ਕਰਨ ਦਾ ਮਤਾ ਪਾਸ ਕੀਤਾ।

੨੦ ਫਰਵਰੀ ੧੯੨੧ ਈ: ਨੂੰ ੧੫੦ ਸਿੰਘਾਂ ਦਾ ਜਥਾ ਪੁਜਾ ਜੋ ਮਹੰਤਾਂ ਵਲੋਂ ਬੜੀ ਬੇ ਰਹਿਮੀ ਨਾਲ ਸ਼ਹੀਦ ਕੀਤਾ ਗਿਆ।

੨੧ ਫਰਵਰੀ ੧੯੨੧ ਦੀ ਸ਼ਾਮ ਨੂੰ ਸ੍ਰੀ ਜਨਮ ਅਸਥਾਨ ਦੀਆਂ ਚਾਬੀਆਂ। ਮਿਸਟਰ ਕਿੰਗ ਕਮਿਸ਼ਨਰ ਲਾਹੌਰ ਗਵਰਨਰ ਨੇ ਸ: ਹਰਬੰਸ ਸਿੰਘ ਜੀ ਅਟਾਰੀ ਨੂੰ ਫੜਾਈਆਂ।

੨੨ ਫਰਵਰੀ ੧੯੨੧ ਨੂੰ ਗਵਰਨਰ ਪੰਜਾਬ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜ ਕੇ ਅਖਾਂ ਨਾਲ ਸ਼ਹੀਦੀ ਸਾਕਾ ਦੇਖਿਆ।

੭ ਨਵੰਬਰ ੧੯੨੧ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ਼੍ਰੋ: ਗੁ: ਪ੍ਰ: ਕਮੇਟੀ ਤੋਂ ਲੈ ਲਈਆਂ ਅਤੇ ਮੋਰਚਾ ਲਗ ਗਿਆ।

੧੯ ਜਨਵਰੀ ੧੯੨੨ ਨੂੰ ਡਿਪਟੀ ਕਮਿਸ਼ਨਰ ਨੇ ਚਾਬੀਆਂ ਰੇਸ਼ਮ ਦੀ ਥੈਲੀ ਵਿਚ ਪਾਕੇ ਆਪ ਦੇ ਹਥ ਨਾਲ ਬਾਬਾ ਖੜਕ ਸਿੰਘ ਜੀ ਨੂੰ ਦੇ ਗਿਆ।

੮ ਅਗਸਤ ੧੯੨੨ ਨੂੰ ਮੋਰਚਾ ਗੁਰੂ ਦੇ ਬਾਗ ਦਾ ਆਰੰਭ ਹੋਇਆ।

੧੭ ਨਵੰਬਰ ੧੯੨੨ ਨੂੰ ਸਰ ਗੰਗਾ ਰਾਮ ਲਾਹੌਰ ਨੇ ਸਰਕਾਰ ਤੋਂ ਬਾਗ ਠੇਕੇ ਤੇ ਲੈ ਕੇ ਆਪ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦੇਕੇ ਖਾਹੜਾ ਛੁਡਾਇਆ।

Digitized by Panjab Digital Library | www.panjabdigilib.org

ਜਿਸ ਤੇ ੫੯੦੫ ਤਕ ਗ੍ਰਿਫਤਾਰੀ ਹੋਈ ਜਿਸ ਵਿਚ ੩੫ ਮੈਂਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਨ।

੧੭ ਜੂਨ ੧੯੨੩ ਨੂੰ ਉਤਮ ਕਾਰ ਸੇਵਾ ਸਰੋਵਰ ਦੀ ਅਰੰਭ ਹੋਈ ਜਿਹਦਾ ਟਕ ਪੰਜਾਂ ਪਿਆ-ਰਿਆਂ ਨੇ ਸੋਨੇ ਦੇ ਬਾਟਿਆਂ ਤੇ ਚਾਂਦੀ ਦੀਆਂ ਕਹੀਆਂ ਨਾਲ ਲਾਇਆ ਸੀ।

੧੭ ਫਰਵਰੀ ੧੯੨੩ ਨੂੰ ਮੋਰਚਾ ਮੁਕਤਸਰ ਤੇ ਪ੍ਰਬੰਧ ਪੰਥ ਦੇ ਹਥ ਆਇਆ।

੯ ਜੁਲਾਈ ੧੯੨੩ ਨੂੰ ਮਹਾਂਰਾਜਾ ਰਿਪਦਮਨ ਸਿੰਘ ਨਾਭਾ ਗਦੀਉਂ ਲਾਹਿਆ ਗਿਆ।

੨੫ ਸਤੰਬਰ ੧੯੨੩ ਨੂੰ ਮੋਰਚਾ ਗੰਗਸਰ ਜੈਤੋਂ ਲਗਾ।

੧੨ ਅਕਤੂਬਰ ੧੯੨੩ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ ਗਿਆ।

# ਬਬਰ ਅਕਾਲੀ ਲਹਿਰ ਦਾ ਆਦਿ ਅੰਤ

੫ ਜਨਵਰੀ ੧੯੨੪ ਨੂੰ ਭਾਈ ਫੇਰੂ ਦਾ ਮੋਰਚਾ ਅਰੰਭ ਹੋਇਆ।

੧੯੨੫ ਈ: ਨੂੰ ਸਿਖ ਗੁਰਦੁਆਰਾ ਐਕਟ ਸ: ਤਾਰਾ ਸਿੰਘ ਜੀ ਮੋਗਾ ਦੀ ਅਧਿਕ ਮਿਹਨਤ ਦਾ ਸਦਕਾ ਪ੍ਰਾਪਤ ਹੋਇਆ।

੨੮ ਜੁਲਾਈ ੧੯੨੫ ਨੂੰ ਜਿਸ ਦੀ ਮਨਜ਼ੂਰੀ ਗਵਰਨਰ ਜਨਰਲ ਨੇ ਦਿਤੀ ਅਤੇ ਗੁ: ਐਕਟ ਬਨਣ ਪਰ ਸਰਕਾਰ ਨੇ ਗੁ: ਗੰਗਸਰ ਜੈਤੋ ਵਿਚ ਅਖੰਡ ਪਾਠ ਕਰਨ ਦੀ ਖੁਲ ਕਰ ਦਿਤੀ।

੨੧ ਜੁਲਾਈ ਨੂੰ ਨਾਭੇ ਦੇ ਕੈਦੀ ਤੇ ਜਥੇ ਰਿਹਾ ਕਰ ਦਿਤੇ ਗਏ। ਸਪੈਸ਼ਲ ਜਥੇ ਨੇ ਜੈਤੋ ਪੁਜ ਕੇ ਅਖੰਡ ਪਾਠ ਜਾਰੀ ਕਰ ਦਿਤੇ।

੨੭ ਜੁਲਾਈ ਨੂੰ ਸਾਰੇ ਜਥੇ ਰਿਹਾ ਹੋਕੇ ਜੈਤੋ ਪੁਜ ਗਏ। ਪੁਜਣ ਤੇ ਸਾਰਿਆਂ ਨੇ ਮਿਲ ਕੇ ੧੦੧ ਅਖੰਡ ਪਾਠ ਕੀਤੇ।

੧ ਨਵੰਬਰ ੧੯੨੫ ਤੋਂ ਅਮਲ ਅਰੰਭ ਹੋਇਆ।

੪ ਸਤੰਬਰ ੧੯੨੬ ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਚੋਣ ਹੋਈ ਅਤੇ ਜਿਸ ਦੇ ੧੪ ਮੈਂਬਰ ਗਏ।

੨ ਅਕਤੂਬਰ ੧੯੨੬ ਨੂੰ ਟਾਊਨ ਹਾਲ ਵਿਚ ਇਕ ਇਕਤ੍ਰਤਾ ਹੋਈ ਜਿਸ ਵਿਚ ਔਹਦੇਦਾਰ ਅਤੇ ਅੰਤਰਿੰਗ ਕਮੇਟੀ ਦੀ ਚੋਣ ਪਿਛੋਂ ਪਾਸ ਹੋਇਆ ਕਿ ਸੈਂਟਰਲ ਬੋਰਡ ਦਾ ਨਾਉਂ ਸ਼੍ਰੋ: ਗੁ: ਪ੍ਰ: ਕਮੇਟੀ ਰਖਿਆ ਜਾਵੇ।

੧੭ ਜਨਵਰੀ ੧੯੨੭ ਨੂੰ ਗਵਰਨਮੈਂਟ ਨੇ ਭੀ ਇਹ ਨਾਮ ਆਪਣੇ ਨੋਟੀਫੀਕੇਸ਼ਨ ਰਾਹੀਂ ਪ੍ਰਵਾਨ ਕਰ ਲਿਆ।

੨੭ ਨਵੰਬਰ ੧੯੨੬ ਨੂੰ ਪੁਰਾਣੀ ਸ਼੍ਰੋ: ਗੁ. ਪ੍ਰ: ਕਮੇਟੀ ਨੇ ਨਵੀਂ ਕਮੇਟੀ ਨੂੰ ਚਾਰਜ ਦੇਣਾ ਅਰੰਭ ਕੀਤਾ ਅਤੇ ੮ ਦਸੰਬਰ ੧੯੨੬ ਤਕ ਮੁਕੰਮਲ ਚਾਰਜ ਦੇ ਕੇ ਆਪਣੇ ਆਪ ਨੂੰ ਉਸ ਵਿਚ ਲੀਨ ਕਰ ਦਿਤਾ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਗੁਰੂ ਪੰਥ ਵਲੋਂ ਇਕ ਸਾਂਝੀ ਸੰਸਥਾ ਹੈ ਇਸ ਵਾਸਤੇ ਪੰਥ ਦੇ ਵਿਚਾਰਵਾਨ ਸਾਰੇ ਜਥੇ ਅਤੇ ਸੰਤ ਮਹਾਤਮਾ ਦਿਲੋ ਚਾਹੁੰਦੇ ਸਨ ਕਿ ਗੁਰਦੁਆਰਿਆਂ ਦਾ ਬੰਧਕ ਤੇ ਸੇਵਾਦਾਰ ਐਸੇ ਹੋਣੇ ਚਾਹੀਦੇ ਹਨ ਜੋ ਹੋਰਨਾਂ ਮੱਤਾਂ ਵਾਸਤੇ ਇਕ ਮਿਸਾਲ ਹੋਣ।

Digitized by Panjab Digital Library | www.panjabdigilib.org

"ਜੋ ਜੋ ਭਾਣੇ ਰਾਮ ਸੇਵਕ ਸੇਈ ਕਾਢਿਆ"

ਸ੍ਰੀ ਅਕਾਲ ਪੁਰਖ ਵਲੋਂ ਉਹ ਸੇਵਕ ਪੰਥ ਦੀ ਅਗਵਾਈ ਕਰਨ ਵਾਲੇ ਅਗੇ ਆਏ ਜੋ ਨਿਰ ਅਭਿਮਾਨ, ਨਿਸ਼ਕਾਮ ਅਤੇ ਉਹ ਆਪ ਨੂੰ ਹੀ ਪੰਥਕ ਸੇਵਕ ਸਮਝਦੇ ਸਨ ਜਿਨ੍ਹਾਂ ਪ੍ਰਤੀ ਇਹ ਗੁਰ ਫਰਮਾਨ ਘਟਦਾ ਹੈ "ਸੋ ਸੇਵਕ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ" ਇਸ ਵਾਕ ਦੇ ਅਨਸਾਰੀ ਹੋਣ ਕਰਕੇ 'ਗੁਰਮਤਿ ਭਿੰਨੇ ਅੰਦਰੋਂ ਬਾਹਰੋਂ ਸੁਘੜ ਸਿਆਣੇ' ਗੁਰਸਿਖ ਦੇ ਹੁਕਮ ਨੂੰ ਸੰਗਤਾਂ ਰਬੀ ਹੁਕਮ ਮੰਨ ਕੇ ਸਮੇਤ ਪ੍ਰਵਾਰਾਂ ਦੇ ਘਰ ਘਾਟ ਕੁਰਬਾਨ ਕਰਨ ਨੂੰ ਤਤ ਪਰ ਸਨ। ਨਮੂਨੇ ਮਾਤਰ ਕੁਝ ਕੁ ਹਾਲ ਦਿਤੇ ਜਾਂਦੇ ਹਨ।

੩੦੦੦) ਹਜ਼ਾਰ ਸਿੰਘ ਗ੍ਰਿਫਤਾਰ
੧੬੦੦੦੦੦) ਲਖ ਜੁਰਮਾਨਾ ਭਰਨਾ
੨੦੦੦) ਸਿੰਘ ਕੁਟਾਂ ਦੇ ਕਾਰਨ ਬੇਕਾਰ
੫੦੦) ਸਿੰਘ ਸ਼ਹੀਦ

ਇਤਿਆਦਿ ਕੁਰਬਾਨੀਆਂ ਕਰਕੇ ੮੦੦ ਗੁਰਦੁਆਰਾ ਪੰਥਕ ਪ੍ਰਬੰਧ ਵਿਚ ਲਿਆਉਣਾ, ਪੰਥਕ ਹੁਕਮ ਦੀ ਪਾਲਨਾ ਕਰਦਿਆਂ ਜੇਲ੍ਹਾਂ ਤੇ ਕਾਰਖਾਸਾਂ ਦੇ ਤਸੀਹੇ, ਲਾਠੀ ਦੀਆਂ ਮਾਰਾਂ, ਘੋੜਿਆਂ ਦੀਆਂ ਲਿਤਾੜਾਂ। ਮਸ਼ੀਨ ਗੰਨਾਂ ਤੇ ਬੰਦੂਕਾਂ ਦੇ ਫਾਇਰ, ਗੰਡਾਸਿਆਂ ਦੇ ਵਾਰ ਤੇ ਭੁਖ ਹੜਤਾਲਾਂ ਆਦਿ ਦੇ ਸੰਕਟ, ਪੰਥਕ ਹੁਕਮ ਅੰਦਰ ਕੁਰਬਾਨੀ ਦੇਕੇ ਸਿਖ ਗੁਰਦੁਆਰਾ ਐਕਟ ੧੯੨੫ ਵਿਚ ਸਰਦਾਰ ਤਾਰਾ ਸਿੰਘ ਮੋਗਾ ਦੀ ਅਥਕ ਮਿਹਨਤ ਦੇ ਜ਼ਰੀਏ ਪ੍ਰਾਪਤ ਕੀਤਾ। ਜੋ ਹੁਣ ਇਸ ਐਕਟ ਅਨੁਸਾਰ ਚੋਣ ਹੋਕੇ ਸ਼੍ਰੋ: ਗੁ: ਪ੍ਰ: ਕਮੇਟੀ ਪੰਜਾਬ ਦੇ ਗੁਰਦੁਆਰਿਆਂ ਦੀ ਸੰਭਾਲ ਤੇ ਪ੍ਰਬੰਧ ਕਰਦੀ ਹੈ। ਬਸ ਹੁਣ ਕੀ ਸੀ, 'ਨਾਨਕ ਕਾ ਪਾਤਸਾਹੁ ਦਿਸੈ ਜ਼ਾਹਿਰਾ"

ਉਸ ਵਕਤ ਪੰਥ ਦਾ ਨਿਸ਼ਾਨਾ ਇਹ ਸੀ ਕਿ ਗੁਰਦਵਾਰਿਆਂ ਵਿਚੋਂ ਮਹੰਤਾਂ ਤੇ ਪੁਜਾਰੀਆਂ ਦੇ ਸਮੇਂ ਵਧ ਰਹੀਆਂ ਕੁਰੀਤੀਆਂ ਦੂਰ ਕਰਕੇ ਇਹ ਗੁਰਦਵਾਰੇ ਗੁਰਮਤਿ ਪ੍ਰਚਾਰ ਦੇ ਸੋਮੇ ਬਣਾਏ ਜਾਣ ਅਤੇ ਇਹਨਾ ਦੀ ਆਮਦਨ ਪੰਥਕ ਬਿਰਧੀ ਪਰ ਖਰਚ ਹੋਵੇ। ਗੁਰ ਅਸਥਾਨ ਪ੍ਰਚਾਰ ਦੇ ਕੇਂਦਰ ਹਨ। ਇਹਨਾਂ ਦਾ ਪ੍ਰਬੰਧ ਜਿੰਨਾ ਚੰਗਾ ਹੋਵੇਗਾ ਉਨਾਂ ਹੀ ਚੰਗਾ ਪ੍ਰਭਾਵ ਸਿਖ ਸੰਗਤਾਂ ਪੁਰ ਅਤੇ ਗੁਰਦਵਾਰਿਆਂ ਵਿਚ ਆਉਣ ਵਾਲੇ ਹੋਰ ਯਾਂਤਰੂਆਂ ਅਤੇ ਪ੍ਰਦੇਸੀਆਂ ਪਰ ਵੀ ਪਵੇਗਾ।

ਪ੍ਰਬੰਧ ਤਦ ਹੀ ਚੰਗਾ ਹੋ ਸਕਦਾ ਹੈ ਜੇ ਗੁਰਦਵਾਰਾ ਕਮੇਟੀਆਂ ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਧਾਰਮਕ ਜੀਵਨ ਵਾਲੇ, ਨਾਮ ਰਸੀਏ, ਗੁਰਮਤਿ ਦੇ ਜਾਣੂ, ਸਿਖੀ ਦੇ ਧਾਰਨੀ, ਦਸਵੰਧ ਕਢਣ ਵਾਲੇ, ਸਿਆਸੀ ਧੜੇਬੰਧੀਆਂ ਤੋਂ ਉਚੇ ਤੇ ਕੇਵਲ ਨਿਸ਼ਕਾਮ ਸੇਵਾ ਭਾਵ ਵਾਲੇ ਮੈਂਬਰ ਆਉਣ ਤਾਂ ਅਜੇਹੇ ਮੈਂਬਰ ਹੀ ਗੁਰਦਵਾਰਿਆਂ ਦੀ ਸੇਵਾ ਵਾਸਤੇ ਚੰਗੇ ਸੇਵਾਦਾਰ, ਗਰੰਥੀ ਸਾਹਿਬ, ਰਾਗੀ ਅਤੇ ਪ੍ਰਚਾਰਕ ਚੁਣ ਸਕਣਗੇ ਤੇ ਗੁਰ ਅਸਥਾਨਾਂ ਦੇ ਧਨ ਨੂੰ ਆਪਣੇ ਲਈ ਮਹੁਰਾ ਅਤੇ ਸੇਵਾ ਲਈ ਸਹਾਰਾ ਜਾਣ ਸੰਜਮ ਅਤੇ ਸੰਭਾਲ ਨਾਲ ਵਰਤਣ ਗੇ। ਸਿਖ ਪੰਥ ਗੁਰੂ ਪਰ ਸਿਦਕ ਦਾ ਸਦਕਾ ਨਿਰਾਲੇ ਅਸੂਲਾਂ, ਬਹਾਦਰੀ ਅਤੇ ਕੁਰਬਾਨੀ ਦੇ ਕਾਰਨ ਐਸਾ ਸ਼ਕਤੀ-ਸ਼ਾਲੀ ਹੈ ਕਿ ਇਸ ਦੀ ਬਹਾਦਰੀ ਦੇ ਚਰਚੇ ਨਾ ਸਿਰਫ ਭਾਰਤ ਵਿਚ ਨਹੀਂ ਸਗੋਂ ਪ੍ਰਦੇਸਾਂ ਵਿਚ ਭੀ ਪਸਿਧ ਹਨ। ਇਸ ਲਈ ਭਾਰਤ ਦੇ ਰਾਜ਼ਾਂ ਦੇ ਅਨਮਤੀ ਤੇ ਬਾਹਰੋਂ ਆਏ ਵਿਦੇਸ਼ੀ, ਸਿਖਾਂ ਦੇ ਇਤਿਹਾਸਕ ਧਾਮਾਂ ਦੇ ਦਰਸ਼ਨ ਕਰਨ ਲਈ ਪੁਜਦੇ ਹੀ ਰਹਿੰਦੇ ਹਨ। ਸਿਖ ਪੰਥ ਦੀ ਸ਼ੋਹਰਤ ਅਤੇ ਸਤਿਗੁਰਾਂ ਦੇ ਮਿਸ਼ਨ ਦੇ ਪ੍ਰਚਾਰ ਨੂੰ ਚਾਰ ਚੰਨ ਲਗ ਸਕਦੇ ਹਨ ਪਰ ਜੇ ਗੁਰਦਵਾਰਿਆਂ ਦੇ ਪ੍ਰਬੰਧ ਦੀ ਸ਼ੋਹਰਤ ਚੰਗੀ ਹੋਵੇ।

ਦਾਸਃ- ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਅਕਾਲੀ ਲਹਿਰ ਤੇ ਝਾਕੀ

ਅਕਾਲੀ ਲਹਿਰ ਨੂੰ ਜੇ ਇਕ ਓਪਰੀ ਜਿਹੀ ਨਜ਼ਰ ਨਾਲ ਭੀ ਤੱਕਿਆ ਜਾਵੇ ਤਾਂ ਇਹ ਸੁਤੇ ਸਿੱਧ ਸਾਬਤ ਹੋ ਜਾਂਦਾ ਹੈ ਕਿ ਇਸ ਲਹਿਰ ਦੇ ਆਰੰਭ ਕਰਤਾ ਕੋਈ ਰਾਜਾ ਜਾਂ ਰਜਵਾੜਾ ਜਾਂ ਸਰਮਾਇਦਾਰ ਜਾਂ ਜਿਸ ਦੀ ਕੁਝ ਇਲਾਕੇ ਵਿਚ ਚਲਦੀ ਹੋਵੇ ਜਾਂ ਖਾਸ ਦਿਮਾਗੀ ਪੁਰਸ਼ ਨੇ ਆਰੰਭ ਕੀਤਾ। ਨਹੀਂ ੨, "ਜਿਥੇ ਬਾਬਾ ਪੈਰ ਧਰੇ ਪੂਜਾ ਆਸਨ ਥਾਪਨ ਸੋਆ" ਇਹ ਪੂਜ ਗੁਰ ਅਸਥਾਨ ਗੁਰ ਸਿੱਖਾਂ ਦੇ ਜਾਨ ਤੋਂ ਪਿਆਰੇ ਹਨ, ਜਦ ਗੁਰ ਅਸਥਾਨਾਂ ਦੇ ਪ੍ਰਬੰਧਕ ਗੌਰਮਿੰਟ ਦੀ ਹਮੈਤ ਨਾਲ ਸੈਂਕੜੇ ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ, ਪੰਚ ਖੰਡ ਦੀਵਾਨ ਇਤ ਆਦਿ ਰੌਲਾ ਪੌਂਦਿਆਂ ਕੋਈ ਪ੍ਰਵਾਹ ਨਾ ਕਰਨ ਅਤੇ ਪਵਿਤ੍ਰ ਗੁਰ ਅਸਥਾਨਾਂ ਵਿਚ ਨਾ ਸੁਣੇ ਤੇ ਨਾ ਲਿਖੇ ਜਾਣ ਵਾਲੇ ਕੁਕਰਮ ਆਰੰਭੇ ਜੈਸੇ ਗੁਰ ਵਾਕ "ਥਾਨਿਸਟ ਜਗ ਭਰਿਸਟ ਹੋਏ ਡੂਬਤਾ ਇਵ ਜਗ" (ਧਨਾਸਰੀ ਮਹਲਾ ੧)" ਉਸ ਵਕਤ ਸਾਰੀਆਂ ਤਾਕਤਾਂ ਤੋਂ ਨਿਮਾਣੇ, ਨਿਤਾਣੇ, ਨਿਰਬਲ, ਨਿਰਛਲ, ਸਿੱਖ ਸੰਗਤਾਂ ਤੜਫ ਉਠੀਆਂ ਚਰਨ ਦਾਸੀਆ ਸਿਓਣ ਵਾਲੇ ਤੇ ਸੁਤੇ ਸਿੱਧ ਦੁਖੜੇ ਰੋਣ ਨੂੰ ਇਕੱਤਰ ਹੋ ਕੇ ਸਰਬ ਵਿਆਪੀ ਸ੍ਰੀ ਗੁਰੂ ਜੀ ਦੇ ਸਚ ਖੰਡੀ ਦਰਬਾਰ ਵਿਚ ਜਾ ਹਾਜ਼ਰ ਹੋਏ। ਜਿਥੇ ਜਾਤੀ ਅਭਿਮਾਨ ਵਾਲਿਆਂ ਕੁਝ ਵਾਧ ਘਾਟ ਹੋਣ ਤੋਂ ਅੰਤਮ ਫੈਸਲਾ ਹੋਇਆ ਕਿ ਸ੍ਰੀ ਹਜ਼ੂਰ ਦਾ ਹੁਕਮ ਨਾਮਾ ਲਿਆ ਜਾਵੇ ਅਤੇ ਜੋ ਹੁਕਮ ਹੋਵੇ ਉਸ ਤੇ ਸਾਰਿਆਂ ਨੂੰ ਪ੍ਰਵਾਨਗੀ ਹੋਣੀ ਲੋੜੀਏ।

### ਜਾਹਰੀ ਕਲਾ

ਗ੍ਰੰਥੀ ਗੁਰਬਚਨ ਸਿੰਘ ਜੋ ਪੁਜਾਰੀਆਂ ਵਲੋਂ ਹੈਡ ਗ੍ਰੰਥੀ ਸੀ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਤਾਂ ਜੋ ॥ਸੋਰਠ ਮਾ: ੩ ਦੁਤਕੀ॥

'ਨਿਗੁਣਿਆ ਨੋ ਆਪੇ ਬਖਸ਼ ਲੈ ਭਾਈ ਸਤਿਗੁਰੂ ਕੀ ਸੇਵਾ ਲਾਇ॥'

ਹੁਣ ਕਿਸੇ ਨੂੰ ਕੀ ਉਜਰ, ਇਸ ਪ੍ਰਕਾਰ ਅਹੰਕਾਰੀਆਂ ਦਾ ਹੰਕਾਰ ਤੋੜਨਹਾਰ ਤੇ ਨਿਰਮਾਣਾ ਦਾ ਮਾਣ ਰਖਣ ਵਾਲੇ ਸ੍ਰੀ ਗੁਰੂ ਜੀ ਦੀ ਅਪਾਰ ਕ੍ਰਿਪਾ ਦਾ ਸਦਕਾ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਪ੍ਰਬੰਧ ਗੁਰੂ ਪੰਥ ਦੇ ਹੱਥ ਆਉਣ ਤੇ ਸਾਰੇ ਸੰਸਾਰ ਵਿਚ ਗੁਰ ਅਸਥਾਨਾਂ ਦੇ ਸੁਧਾਰ ਲਈ ਅਥਾਹ ਜੋਸ਼ ਦਾ ਸਮੁੰਦਰ ਠਾਠਾਂ ਮਾਰਨ ਲਗਾ। ਜਿਸ ਦੇ ਅਸਰ ਥਲੇ ਆ ਕੇ ਜਿਮੀਂਦਾਰ, ਦੁਕਾਨਦਾਰ, ਨੌਕਰੀ ਪੇਸ਼ਾ, ਸਦਾ ਗ੍ਰਿਰਸਥੀ, ਮੰਗੇ ਅਣ ਮੰਗੇ, ਵਿਆਹੁਲੇ ਸੰਜੋਗੀ, ਸੁਹਾਗ ਜੋੜੀਆਂ ਅਪਣੇ ਆਪ ਨੂੰ ਗੁਰ ਚਰਨਾਂ ਤੋਂ ਅਰਪਨ ਕਰ ਗਈਆਂ। ਇਸ ਪਵਿਤਰ ਲਹਿਰ ਦੀ ਸਭ ਤੋਂ ਵਡੀ ਉਚਤਾਈ ਇਹ ਸੀ ਕਿ ਨਿਹੰਗ ਸਿੰਘ, ਨਾਮਧਾਰੀ, ਰਾਧਾ ਸੁਆਮੀ, ਗੁਲਾਬ-ਦਾਸੀਏ ਸੰਤ, ਨਿਰਮਿਲੇ, ਵਿਰਾਗੀ, ਅਡਣ ਸ਼ਾਹੀਏ, ਬਹਿੰਗਮ, ਬਿਰਕਤ ਤੇ ਤਕਰੀਬਨ ਹਰ ਇਕ ਭੇਖ ਬੰਦਾ ਅੰਮ੍ਰਿਤ ਛੱਕ ਕੇ ਕੀ ਦੇਸ਼ ਜਾਂ ਪ੍ਰਦੇਸ਼ ਵਾਸੀ ਸ਼ਹਾਦਤ ਦੀ ਲਟ ਲਟ ਬਲ ਰਹੀ ਸ਼ਮ੍ਹਾਂ ਉਤੋਂ ਕੁਰਬਾਨ ਹੋਣ ਲਈ ਉਠ ਨਸਿਆ। ਦੁਨੀਆਂ ਦਾਰੀ ਦੀਆਂ ਸਖ਼ਤ ਔਕੜਾਂ ਤੇ ਮੋਹ-ਮਾਇਆ ਦੇ ਜਾਲਾਂ ਦੀਆਂ ਤਕਲੀਫਾਂ ਦੇ ਪਹਾੜ ਚੀਰਦੇ ਹੋਏ ਇਹ ਧਰਮੀ ਯੋਧੇ, ਬਾਬੇ ਦੀ ਬੇਰ, ਸਿਆਲ ਕੋਟ, ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਗੁਰੂ ਕਾ ਬਾਗ, ਮੁਕਤਸਰ, ਗੰਗ ਸਰ ਜੈਤੋਂ, ਭਾਈ ਫੇਰੂ (ਮੱਚੀ ਦਾੜ੍ਹੀ) ਇਤ ਆਦਿ।

ਪਵਿਤਰ ਗੁਰ ਅਸਥਾਨਾਂ ਤੇ ਤਨ, ਮਨ, ਧਨ ਗੁਰਸਿਖਾਂ ਨੇ ਕੁਰਬਾਨ ਕਰਕੇ ੮ ਸੌ ਦੇ ਕਰੀਬ ਪਵਿਤਰ ਗੁਰ ਅਸਥਾਨ ਪੰਥਕ ਪ੍ਰਬੰਧ ਵਿਚ ਸਦਾ ਲਈ ਲਿਆਉਣ ਵਾਸਤੇ ਪੰਜ ਸੌ ਦੇ ਕਰੀਬ ਸਿਖ ਸ਼ਹੀਦ ਹੋਏ। ਹਜ਼ਾਰਾਂ ਸਿੰਘਾਂ ਨੇ ਨਾ ਵੇਖੇ ਨਾ ਸੁਣੇ ਜਾਣ ਵਾਲੇ ਨਾਭਾ ਕਾਰਖਾਸ ਵਿਚ ਤਸੀਹੇ

Digitized by Panjab Digital Library | www.panjabdigilib.org

ਸਹੇ। ੩੦ ਹਜ਼ਾਰ ਸਿੰਘ ਕੈਦ ਹੋਏ। ੧੬ ਲਖ ਰੁਪਿਆ ਸਿਖਾਂ ਤੋਂ ਜੁਰਮਾਨਾ ਲਿਆ ਗਿਆ। ਕੁਟ ਦੇ ਕਾਰਨ ਬੇਕਾਰ ਹੋਣ ਵਾਲੇ ੨੦੦੦ ਸਿੰਘ ਸਾਹਿਬਾਂ ਨੇ ਲਗਾਤਾਰ ਪੰਜ ਸਾਲ ਕੁਰਬਾਨੀਆਂ ਦੇ ਦੇ ਕੇ ਪੰਥ ਨੇ ਸਿਖ ਗੁਰਦਵਾਰਾ ਐਕਟ ੧੯੨੫ ਨੂੰ ਪ੍ਰਾਪਤ ਕੀਤਾ। ਇਸ ਕਰਕੇ ਇਹ ਅਮਰ ਹੋਏ ਸ਼ਹੀਦ ਗੁਰ ਚਰਨਾਂ ਦੇ ਵਾਸੀ ਹੋਣ ਤੇ ਇਨ੍ਹਾਂ ਕੌਮੀ ਦੂਲਿਆਂ ਦੇ ਇਨ੍ਹਾਂ ਪਵਿਤਰ ਧਰਮੀ ਕਾਰਨਾਮਿਆਂ ਨਾਲ ਰਹਿੰਦੀ ਦੁਨੀਆਂ ਤਕ ਕੌਮ ਦਾ ਨਾਮ ਰੋਸ਼ਨ ਤੇ ਮੁਖ ਉਜਲਾ ਰਹੇਗਾ ਕਿਉਂਕਿ ਸ਼ਹੀਦੀ ਰੂਹਾਂ ਹੀ ਧਰਮ ਅਤੇ ਕੌਮ ਦਾ ਸਹਾਰਾ ਹੋਇਆ ਕਰਦੀਆਂ ਹਨ। ਇਨ੍ਹਾਂ ਸੂਰਬੀਰਾਂ ਦੇ ਉਚੇ ਆਦਰਸ਼ਕ ਸਿਖਿਆ ਦਾਇਕ ਜੀਵਨਾਂ ਨੂੰ ਜਦ ਭੀ ਕੌਮੀ ਬਚੇ ਪੜ੍ਹਨਗੇ ਤਦ ਉਨ੍ਹਾਂ ਅੰਦਰ ਕੁਦਰਤੀ ਤੌਰ ਤੇ ਇਸ ਕਿਸਮ ਦੇ ਸੁਹਣੇ ਭਾਵ ਉਤਪਨ ਹੋ ਜਾਣੇ ਕੋਈ ਅਨੋਖੀ ਗਲ ਨਹੀਂ ਹੈ। ਕਿਉਂਕਿ ਸ਼ਹੀਦਾਂ ਦੇ ਉਚੇ ਕਾਰਨਾਮੇ ਹੀ ਕੌਮਾਂ ਨੂੰ ਦੁਨੀਆਂ ਵਿਚ ਉਜਾਗਰ ਕਰਿਆ ਕਰਦੇ ਹਨ। ਅਤੇ "ਸਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ" (ਬਾਰਾਂ ਮਾਂਹ ਮ: ੫) ਕਿਉਂ ਨਾ ਕਰਨ ਸੋ ਅਜੇਹੇ ਸਚੇ ਪੂਰਨਿਆਂ ਤੇ ਚਲ ਕੇ ਹੀ ਮੁਲਕ ਦੇ ਨੌ ਨਿਹਾਲ ਦੇਸ ਕੌਮ ਦਾ ਸ਼ਿੰਗਾਰ ਬਣ ਕੇ ਸਾਰਿਆਂ ਦੇ ਪੂਜਣ ਯੋਗ ਹੁੰਦੇ ਹਨ। ਇਸ ਵਾਸਤੇ ਮਰਜੀਊੜਿਆਂ ਦੇ ਜੀਵਨ ਲਿਖਣ ਲਈ ਕਲਮ ਚੁਕੀ ਹੈ।

ਆਪ ਜੀ ਏਹਨਾਂ ਦੇ ਜੀਵਨ ਪੜ੍ਹਨ ਤੋਂ ਸੁਭਾਵਕ ਹੀ ਇਸਤ੍ਰੀ ਵਿਦਿਆ, ਅਛੂਤ ਉਧਾਰ ਤੇ ਗੁਰਦਵਾਰਾ ਸੁਧਾਰ ਲਹਿਰ ਅਤੇ ਦੇਸ਼ ਕੌਮ ਲਈ ਬੀਰਤਾ, ਦ੍ਰਿੜਤਾ, ਦਲੇਰੀ, ਬਹਾਦਰੀ ਤੇ ਜਵਾਂ-ਮਰਦੀ ਨਾਲ ਸਭ ਕੁਝ ਕੁਰਬਾਨ ਕਰ ਦੇਣ ਦੀ ਉਤਮ ਸਿਖਿਆ ਮਿਲਦੀ ਹੈ ਕਿਉਂਕਿ ਜਿਤਨੀ ਘਾਲ ਇਸ ਧਰਤੀ ਦੇ ਤਖਤੇ ਤੇ ਖਾਲਸਾ ਜੀ ਨੇ ਘਾਲੀ ਹੈ ਉਤਨੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਨੇ ਥੋੜੇ ਸਮੇਂ ਵਿਚ ਘਾਲ ਕੇ ਦਿਖਾਈ ਹੋਵੇ ਪਰ ਜਿੰਨੀ ਬੇਪਰਵਾਹੀ ਇਸ ਨੇ ਆਪਣੇ ਕਾਰਨਾਮਿਆਂ ਦੇ ਇਤਹਾਸ ਲਿਖਣ ਵਿਚ ਕੀਤੀ ਹੈ ਉਤਨੀ ਬੇਪਰਵਾਹੀ ਭੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਕੀਤੀ ਹੋਵੇ। ਅਰ ਜਿੰਨੀ ਸਿਖ ਇਤਿਹਾਸ ਲਿਖਣ ਵੇਲੇ ਦਾਸ ਦੇ ਹਮਜੋਲੀ ਤੇ ਸਤਿਕਾਰ ਯੋਗ ਸਜਣਾਂ ਵਲੋਂ ਅੜਚਨਾਂ ਪਾਈਆਂ ਗਈਆਂ ਹਨ।

ਅਲੜ, ਗਿਆਨੀ (ਸੈਨਬੋਡੀ) ਸੰਤ। ਮੌਸਮੀ ਸੇਵਕ। ਲਾਊਡਸਪੀਕਰ ਦੀਆਂ ਯੂਨਟਾਂ, ਪ੍ਰਚਾਰਕ ਅਨਹੋਈ ਅੜਚਨ ਪਾਉਣ ਦਾ ਯਤਨ ਕਰਦੇ ਹਨ। ਸ਼ਾਇਦ ਹੀ ਹੋਰ ਕਿਸੇ ਕੌਮ ਦੇ ਇਤਿਹਾਸ-ਕਾਰਾਂ ਨੂੰ ਪੈਂਦੀਆਂ ਹੋਣ। ਸੋਚਣ ਦੀ ਗਲ ਹੈ ਕਿ ਇਤਿਹਾਸ ਕੌਮੀ ਬੀਰਾਂ ਅਤੇ ਸ਼ਹੀਦਾਂ ਦਾ ਜੀਵਨ ਕੌਮਾਂ ਦੀ ਜਿੰਦ ਜਾਨ ਹੋਇਆ ਕਰਦਾ ਹੈ। ਇਤਿਹਾਸ ਤੇ ਭਾਸ ਨਾਲ ਪ੍ਰਭਾਵਤ ਹੋਕੇ ਕੌਮਾਂ ਦੇ ਭਵਿਖਤ ਸਵਰਿਆ ਕਰਦੇ ਹਨ। ਸਫਲ ਜੀਵਨ ਦੀ ਪ੍ਰਾਪਤੀ ਲਈ ਆਪਣੇ ਬੀਰਾਂ ਦੇ ਇਤਿਹਾਸ ਅਤੇ ਉਨ੍ਹਾਂ ਦੀਆਂ ਯਾਦਗਾਰਾਂ ਨਾਲ ਦਿਮਾਗੀ, ਮਾਨਸਕ ਤੇ ਆਤਮਕ ਸਬੰਧ ਕਾਇਮ ਰਖਣਾ ਜੀਂਵਦੀਆਂ ਕੌਮਾਂ ਦਾ ਮੁਖ ਆਦਰਸ਼ ਹੁੰਦਾ ਹੈ। ਸਫਲਤਾ ਦੇ ਸਿਖਰ ਪਰ ਪਹੁੰਚ ਚੁਕੀਆਂ ਕੌਮਾਂ ਦੇ ਵਿਦਵਾਨਾਂ ਦਾ ਸਮੁਚਾ ਇਕ ਫੈਸਲਾ ਹੈ ਕਿ ਜੋ ਕੌਮ ਇਤਿਹਾਸਕ ਖਜ਼ਾਨੇ ਦੀ ਮਾਲਕ ਹੈ ਉਹ ਕਦੇ ਨਹੀਂ ਮਰਦੀ। ਜਿਨ੍ਹਾਂ ਨੇ ਇਸ ਸੁਨਹਿਰੀ ਆਦਰਸ਼ ਨੂੰ ਅਖਾਂ ਅਗੇ ਰਖਿਆ ਹੈ ਉਹ ਸਮੇਂ ਦੀਆਂ ਔਕੜਾਂ ਤੇ ਘੁੰਮਣ ਘੇਰ ਸਾਗਰਾਂ ਨੂੰ ਚੀਰਦੀਆਂ ਹੋਈਆਂ ਕਾਮਯਾਬੀ ਤੇ ਸਫਲਤਾ ਦੀ ਟੀਸੀ ਪੁਰ ਚੜ੍ਹ ਗਈਆਂ ਹਨ। ਸਿਖ ਕੌਮ ਦਾ ਇਤ-ਹਾਸ ਸਾਰੇ ਸੰਸਾਰ ਦੇ ਕੋਨੇ ੨ ਤੇ ਦਮਕਾਂ ਦੇ ਰਿਹਾ ਹੈ, ਦੇਵੇ ਵੀ ਕਿਉਂ ਨਾ ਇਹ ਬਹੁਮੁਲੇ ਰਤਨਾਂ ਦਾ ਭਰਪੂਰ ਖਜ਼ਾਨਾ ਹੈ।

ਜੋ ਸਜਣ ਆਪਣੀ ਕੌਮ ਦੀ ਇਤਿਹਾਸਕ ਲੋੜ ਪੂਰੀ ਕਰਨ ਵਿਚ ਤਾਣ ਲਾਉਂਦਾ ਹੈ ਉਹ ਆਪਣੀ ਕੌਮ ਦੀ ਸਚੀ ਸੇਵਾ ਕਰਦਾ ਹੈ। ਉਹ ਇਨਸਾਨ ਪਾਠਕਾਂ ਨੂੰ ਸਿਖਿਆ ਦੇ ਸੂਰਜ ਦੀ ਰੌਸ਼ਨੀ

Digitized by Panjab Digital Library | www.panjabdigilib.org

ਵਿਚ ਖੜਾ ਕਰਦਾ ਹੈ। ਜਿਸ ਦੀ ਰੋਸ਼ਨੀ ਹਰ ਇਕ ਪਾਠਕ ਨੂੰ ਗਲਤੀਆਂ ਤੋਂ ਬਚਣ ਦੀ ਜਾਚ ਦਸਦੀ ਤੇ ਨੇਕੀ ਦਾ ਉਤਸ਼ਾਹ ਦੇਂਦੀ ਹੈ। ਇਸ ਵਾਸਤੇ ਇਤਿਹਾਸ ਲਿਖਾਰੀ ਕੌਮਾਂ ਦੀ ਸਹੀ ਸੁਚਜੀ ਸੇਵਾ ਕਰਦੇ ਹਨ ਜੋ ਇਤਿਹਾਸ ਲਿਖਾਰੀਆਂ ਦੇ ਰਾਹ ਵਿਚ ਰੋੜੇ ਦਾ ਕਾਰਨ ਬਣਦੇ ਹਨ ਇਹੋ ਕੌਮ ਨਾਲ......... ਕਰਦੇ ਹਨ। ਸੋ ਕੌਮ ਨੂੰ ਆਪ ਦੇ ਇਤਿਹਾਸ ਦੀ ਕਦਰ ਕਰਨੀ ਚਾਹੀਏ। ਇਸ ਦੇ ਪੜਨ ਨਾਲ ਜੇ ਕਰ ਇਕ ਗੁਰਸਿਖ ਦੀ ਰੁਚੀ ਭੀ ਕੁਰਬਾਨ ਹੋਣ ਵਾਲਿਆਂ ਦੇ ਮਾਰਗ ਤੇ ਚਲਣ ਦਾ ਯਤਨ ਕਰੇਗੀ ਤਾਂ ਮੈਂ ਸਮਝਾਂਗਾ ਕਿ ਮੇਰਾ ਜਤਨ ਸਫਲ ਹੋਇਆ।

ਦਾਸ:— ਜਵੰਦ ਸਿੰਘ

# ਕ੍ਰਿਪਾਨ ਤੇ ਪਾਬੰਦੀ

ਕ੍ਰਿਪਾਨ ਪੰਜਾਂ ਕਕਰਾਂ ਵਿਚ ਹੋਣ ਦੇ ਕਾਰਣ ਕ੍ਰਿਪਾਨ ਸਿਖ ਦਾ ਧਾਰਮਿਕ ਚਿੰਨ ਹੈ, ਪਰ ਗੁਲਾਮ ਹੋਣ ਦੇ ਕਾਰਣ ਉਨ੍ਹਾਂ ਦਿਨਾਂ ਵਿਚ ਕ੍ਰਿਪਾਨ ਪਹਿਨਣ ਦੀ ਅਜ਼ਾਦੀ ਨਹੀਂ ਸੀ। ੧੯੧੩ ਵਿਚ ਇਕ ਨਿਹੰਗ ਸਿੰਘ ਕ੍ਰਿਪਾਨ ਰਖਣ ਦੇ ਅਪਰਾਧ ਵਿਚ ਗ੍ਰਿਫਤਾਰ ਕਰ ਲਿਆ। ਕੁਝ ਹੋਰ ਸਿੰਘ ਕ੍ਰਿਪਾਨ ਰਖਣ ਤੇ ਗ੍ਰਿਫਤਾਰ ਕਰਕੇ ਸਿਖ ਸੰਗਤਾਂ ਵਲੋਂ ਇਨ੍ਹਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਨਿਹੰਗ ਸਿੰਘ ਪਰ ਮੁਕੱਦਮਾ ਅੰਮ੍ਰਿਤਸਰ ਵਿਚ ਚਲਿਆ। ਚੀਫ ਖਾਲਸਾ ਦੀਵਾਨ ਤੇ ਸੰਗਤਾਂ ਨੇ ਇਸ ਮੁਕੱਦਮੇ ਦੀ ਬਹੁਤ ਪੈਰਵੀ ਕੀਤੀ। ਮੈਜਿਸਟ੍ਰੇਟ ਨੇ ਫੈਸਲਾ ਨਿਹੰਗ ਸਿੰਘ ਦੇ ਹੱਕ ਵਿਚ ਦਿੱਤਾ।

੧੯੧੩ ਵਿਚ ਕ੍ਰਿਪਾਨ ਸਬੰਧੀ ਨਿਹੰਗ ਸਿੰਘ ਦੀ ਗ੍ਰਿਫਤਾਰੀ ਕ੍ਰਿਪਾਨ ਪੰਜਾਂ ਕਕਰਾਂ ਵਿਚ ਸ਼ਾਮਲ ਹੋਣ ਤੇ ਸਿੱਖਾਂ ਦਾ ਧਰਮ ਚਿੰਨ ਹੈ। ਪਰ ਪ੍ਰਦੇਸੀ ਹਕੂਮਤ ਹੋਣ ਦੇ ਕਾਰਣ ਜਿਥੇ ਸਿੱਖ ਸਰਬ-ਸ਼ਾਸਤ੍ਰ ਸਨਦ ਬੱਧ ਹੋ ਕੇ ਜੈਕਾਰੇ ਗੱਜਾਂਦਾ ਹੋਇਆ ਅਕਾਲ ਸੇਵਕ ਤੇ ਜਗਤ ਸੇਵਕ ਹੁੰਦਾ ਸੀ, ਉੱਥੇ ਅੱਜ ਸਿਰਫ ਕ੍ਰਿਪਾਨ ਭੀ ਰਖਣੀ ਗੁਨਾਹ ਮੰਨ ਕੇ ਇਕ ਨਿਹੰਗ ਸਿੰਘ ਅਤੇ ਕੁਝ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਮੁਕੱਦਮਾ ਅੰਮ੍ਰਿਤਸਰ ਵਿਚ ਚਲਿਆ, ਇਸ ਦੇ ਬਾਰੇ ਗੁਰ ਸੰਗਤਾਂ ਤੇ ਚੀਫ ਖਾਲਸਾ ਦੀਵਾਨ ਨੇ ਮੁਕੱਦਮੇ ਦੀ ਬਹੁਤ ਪੈਰਵੀ ਕਰਨ ਤੇ ਮੈਜਿਸਟ੍ਰੇਟ ਨੇ ਫੈਸਲਾ ਨਿਹੰਗ ਸਿੰਘਾਂ ਦੇ ਹੱਕ ਵਿਚ ਦਿੱਤਾ। ਪਰ ਇਸ ਫੈਸਲੇ ਦੇ ਹੁੰਦਿਆਂ ਹੋਇਆਂ ਵੀ ਟਾਂਵੀਂ ਟਾਂਵੀਂ ਥਾਈਂ ਗ੍ਰਿਫਤਾਰੀਆਂ ਜਾਰੀ ਰਹੀਆਂ। ਸਰਕਾਰ ਦਾ ਦਿੱਲ ਨਾ ਸਾਫ਼ ਹੋਣ ਕਰਕੇ ਕ੍ਰਿਪਾਨ ਦੀ ਆਜ਼ਾਦੀ ਲਈ ਸਿੱਖਾਂ ਨੂੰ ਬੜੇ ਯਤਨ ਕਰਨੇ ਪਏ। ਅੰਤ ੧੫ ਜੂਨ ੧੯੧੪ ਨੂੰ ਸਰਕਾਰ ਹਿੰਦ ਦੇ ਹੋਮ ਡਿਪਾਟਮੈਂਟ ਜੁਡੀਸ਼ਨਲ ਵਲੋਂ ਨੋਟੀਫਿਕੇਸ਼ਨ ਨੰ:-੯੫੦ ਜਾਰੀ ਹੋਇਆ, ਉਸ ਵਿਚ ਦਰਜ ਸੀ।

ਦਿੱਲੀ ਸੂਬੇ ਵਿਚ ਸਿੱਖਾਂ ਨੂੰ ਕ੍ਰਿਪਾਨ ਰਖਣ ਦੀ ਤੇ ਪਹਿਨਣ ਦੀ ਖੁਲ੍ਹ ਹੋਵੇਗੀ। ਇਨ੍ਹਾਂ ਦਿਨਾਂ ਵਿਚ ਭਾ: ਫਤਹਿ ਸਿੰਘ ਮੈਨੇਜਰ ਖਾਲਸਾ ਸਕੂਲ ਚੱਕ ਦਾਨਾਂ ਬਰਮਾਂ ਵਿਚ ਸਕੂਲ ਦੀ ਸਹਾਇਤਾ ਲਈ ਗਏ। ਕ੍ਰਿਪਾਨ ਪਹਿਨਣ ਦੇ ਕਾਰਨ ਉਹਨਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ, ਲੋਇਰ ਕੋਰਟ ਨੇ, ਭਾਈ ਸਾਹਿਬ ਨੂੰ ਭੀ ਜੁਰਮਾਨਾ ਕਰ ਦਿੱਤਾ ਤੇ ਕ੍ਰਿਪਾਨ ਜ਼ਬਤ ਕਰ ਲਈ। ਸਿੰਘਾਂ ਨੇ ਬਰਮਾਂ ਵਿਚ ਕ੍ਰਿਪਾਨ ਦੀ ਆਜ਼ਾਦੀ ਦੀ ਮੰਗ ਕੀਤੀ, ਸਰਕਾਰ ਹਿੰਦ ਨੇ ੨੭ ਅਕਤੂਬਰ ੧੯੧੪ ਦੇ ਨੋਟੀ-ਫਿਕੇਸ਼ਨ ਨੰ: ੨੨–੪੮ ਰਾਹੀਂ ਬਰਮਾਂ ਵਿਚ ਭੀ ਕ੍ਰਿਪਾਨ ਦੀ ਖੁਲ੍ਹ ਕਰ ਦਿੱਤੀ, ਉਦੋਂ ਬਰਮਾਂ ਸਰਕਾਰ ਹਿੰਦ ਦੇ ਅਧੀਨ ਸੀ। ੧੯ ਅਕਤੂਬਰ ੧੯੧੪ ਮਾਂਡਲੇ ਵਿਚ ਭਾ: ਫਤਹਿ ਸਿੰਘ ਦੇ ਮੁਕੱਦਮੇ ਦੀ ਅਪੀਲ ਦੀ ਸੁਣਵਾਈ ਹੋਈ, ਭਾਈ ਸਾਹਿਬ ਦਾ ਜੁਰਮਾਨਾ ਮਾਫ਼ ਹੋ ਗਿਆ ਅਤੇ ਕ੍ਰਿਪਾਨ ਵਾਪਸ ਮਿਲ ਗਈ।

Digitized by Panjab Digital Library | www.panjabdigilib.org

ਸੂਬਾ ਸਰਹੱਦ ਤੇ ਯੂ.ਪੀ 'ਵਿਚ ਭੀ ਕ੍ਰਿਪਾਨ ਸਬੰਧੀ ਗ੍ਰਿਫਤਾਰੀਆਂ ਹੋਈਆਂ, ਇਸ ਲਈ ਸਿੰਘਾਂ ਨੇ ਸਾਰੇ ਹਿੰਦੁਸਤਾਨ ਵਿਚ ਕ੍ਰਿਪਾਨ ਆਜ਼ਾਦ ਹੋਣ ਦੀ ਮੰਗ ਜਾਰੀ ਰਖੀ। ਅਖੀਰ ਸਰਕਾਰ ਹਿੰਦ ਨੇ ਆਪਣੇ ਨੋਟੀ-ਫਿਕੇਸ਼ਨ ਨੰ: ੨੪੨ ਮਿੱਤੀ ੧੧ ਮਈ ੧੯੧੭ ਦੁਆਰਾ ਜੋ ਇੰਡੀਆ ਗਜ਼ਟ ਵਿਚ ੧੯ ਮਈ ੧੯੧੭ ਨੂੰ ਪ੍ਰਕਾਸ਼ਤ ਹੋਇਆ। ਸਿੱਖਾਂ ਲਈ ਸਾਰੇ ਬ੍ਰਿਟਸ਼, ਹਿੰਦੁਸਤਾਨ, ਤੇ ਬਰਮਾਂ ਵਿਚ ਕ੍ਰਿਪਾਨ ਰਖਣ ਦੀ ਖੁਲ੍ਹ ਕਰ ਦਿੱਤੀ, ਨੋਟੀ-ਫਿਕੇਸ਼ਨ ਇਸ ਪ੍ਰਕਾਰ ਸੀ।

ਭਾਵੇਂ ਸਰਕਾਰ ਨੇ ਕ੍ਰਿਪਾਨ ਬਾਰੇ ਨੋਟੀ-ਫਿਕੇਸ਼ਨ ਜਾਰੀ ਕਰ ਦਿੱਤੇ ਸਨ, ਪਰ ਫਿਰ ਭੀ ਕਈ ਥਾਈਂ ਫੌਜਾਂ ਵਿਚ ਭੀ ਪਾਬੰਦੀ ਜਾਰੀ ਰਹੀ, ਖਾਸ ਕਰ ਗੁਰਦੁਆਰਾ ਸੁਧਾਰ ਲਹਿਰ ਵਿਚ ਕਈ ਸਿੰਘਾਂ ਨੂੰ ਕ੍ਰਿਪਾਨ ਰਖਣ ਦੇ ਬਦਲੇ ਲੰਬੀਆਂ ੨ ਸਜ਼ਾਵਾਂ ਦਿੱਤੀਆਂ ਗਈਆਂ। ਪਲਟਨ ਨੰ: ੪੫ ਸਿੱਖ ਵਿਚੋਂ ਭਾ: ਕੇਸਰ ਸਿੰਘ ਸੇਰੋਂ ਜ਼ਿ: ਅੰਮ੍ਰਿਤਸਰ ਨੂੰ ਕ੍ਰਿਪਾਨ ਰਖਣ ਦੇ ਜੁਰਮ ਵਿਚ ੧੪ ਸਾਲ ਦੀ ਸਜ਼ਾ ਦਿੱਤੀ ਗਈ, ਉਹ ਪੰਜ ਸਾਲ ਕਟ ਕੇ ਰਿਹਾ ਹੋਇਆ। ਸ: ਕ੍ਰਿਪਾਲ ਸਿੰਘ ਕੋਹੂਟਾ, ਜ਼ਿ: ਰਾਵਲਪਿੰਡੀ ਡਿਊਟੀ ਸਿਗ-ਨੇਲਰ ਨੂੰ ਤਿੰਨ ਸਾਲ ਕੈਦ ਹੋਈ। ਭਾ: ਭਗਤ ਸਿੰਘ ਵਲਦ ਸੁਹੇਲ ਪਿੰਡ ਬਟਾਲਾ ਰਿ: ਕਪੂਰਥਲਾ ਪਲਟਨ ਨੰ: ੪੫ ਸਿੱਖ ਨੂੰ ਜੇਲ੍ਹਮ ਛਾਉਣੀ ਵਿਚ ਕ੍ਰਿਪਾਨ ਰਖਣ ਦੇ ਬਦਲੇ ੨੬ ਦਸੰਬਰ ੧੯੨੧ ਨੂੰ ਗ੍ਰਿਫਤਾਰ ਕਰਕੇ ਕੋਰਟ ਮਾਰਸ਼ਲ ਕੀਤਾ ਗਿਆ। ਉਸ ਨੂੰ ੪ ਅਪਰੈਲ ੧੯੨੨ ਨੂੰ ੧੪ ਸਾਲ ਸਖਤ ਕੈਦ ਦੀ ਸਜ਼ਾ ਦਿੱਤੀ ਗਈ। ਉਸ ਦੇ ਇਕ ਸਾਥੀ ਭਾ: ਨਰੈਣ ਸਿੰਘ, ਪਿੰਡ ਆਕਾਲੀਆਂ ਰਿ: ਨਾਭਾ ਨੂੰ ਉਸੇ ਮੁਕੱਦਮੇ ਵਿਚ ੮ ਸਾਲ ਦੀ ਸਜ਼ਾ ਹੋਈ। ੧੯੨੪ ਵਿਚ ਪੰਜਾਬ ਕੌਂਸਲ ਵਿਚ ਇਨ੍ਹਾਂ ਬਾਰੇ ਸੁਆਲ ਪੁਛੇ ਗਏ, ਸ: ਆਤਮਾ ਸਿੰਘ, ਬਘੇਲੇ ਵਾਲ ਜ਼ਿ: ਅੰਮ੍ਰਿਤਸਰ ਪਲਟਨ ਨੰ: ੨੭ ਨੂੰ ਸੂਬਾ ਸਰਹੱਦ ਵਿਚ ਕ੍ਰਿਪਾਨ ਬਦਲੇ ੧੯੨੨ ਵਿਚ ੪ ਸਾਲ ਦੀ ਸਜ਼ਾ ਹੋਈ।

ਅਕਾਲੀ ਲਹਿਰ ਤੋਂ ਪਹਿਲਾਂ ਕ੍ਰਿਪਾਨ ਤੇ ਬੜੀ ਸਖਤ ਪਾਬੰਦੀ ਸੀ। ੧੯੧੯ ਜਾਂ ੨੦ ਵਿਚ ਪਹਿਲੀ ਵੇਰ ਭੇਹਰੇ ਵਿਚ ਛੋਟੀਆਂ ਕ੍ਰਿਪਾਨਾਂ ਤਿਆਰ ਹੋਈਆਂ, ਪਲਟਨ ਨੰ: ੫੭ ਦੇ ੧੫ ਸਿੰਘਾਂ ਨੂੰ ਕ੍ਰਿਪਾਨ ਰਖਣ ਦੇ ਅਪਰਾਧ ਵਿਚ ਦਸ ੨ ਸਾਲ ਦੀ ਕੈਦ ਹੋਈ। ( ਅਕਾਲੀ ੪ ਮਈ ੧੯੨੪ )

ਗੁਰਦੁਆਰਾ ਸੁਧਾਰ ਲਹਿਰ ਜ਼ੋਰ ਨਾਲ ਜਾਰੀ ਹੋਣ ਪਰ ਬਾਬਾ ਖੜਕ ਸਿੰਘ ਨੇ ਸਿਆਲਕੋਟ ਵਿਚ ਕ੍ਰਿਪਾਨਾਂ ਦਾ ਕਾਰਖ਼ਾਨਾ ਬਣਾਇਆ। ਕਈ ਹਜ਼ਾਰ ਕ੍ਰਿਪਾਨ ਮੋਰਚੇ ਵਿਚ ਗ੍ਰਿਫਤਾਰ ਹੋਣ ਤੇ ਜੁਰਮਾਨੇ ਹੋਣ ਤੇ ਬੜੀਆਂ ਕੁਰਬਾਨੀਆਂ ਨਾਲ ਸਿੱਖ ਪੰਥ ਨੇ ਕ੍ਰਿਪਾਨ ਦੀ ਆਜ਼ਾਦੀ ਪ੍ਰਾਪਤ ਕੀਤੀ।

Digitized by Panjab Digital Library | www.panjabdigilib.org

# ਸਮਰਪਣ

੧੯੨੧ ਤੋਂ ਗੁਰਦੁਆਰਾ ਸੁਧਾਰ ਲਹਿਰ ਵਿਚ ਜਿਨ੍ਹਾਂ ਨੇ ਸ਼ਾਂਤ ਰਹਿੰਦਿਆਂ ੩੦ ਹਜ਼ਾਰ
ਗ੍ਰਿਫਤਾਰੀ, ੧੬। ਲਖ ਜੁਰਮਾਨਾ, ੫੦੫ ਸ਼ਹੀਦੀ ਦੇ ਕੇ, ਦੋ ਹਜ਼ਾਰ ਬੇਕਾਰ, ਬਦੇਸ਼ੀ
ਹਕੂਮਤ ਦੇ ਹਥੀਂ ਚੜ੍ਹਨ ਵਾਲੇ ਧਾਰਮਿਕ ਅਸਥਾਨਾਂ ਦੇ ਆਗੂਆਂ (ਮਹੰਤਾ) ਨੇ
ਪਵਿਤਰ ਗੁਰਦੁਆਰਿਆਂ ਵਿਚ ਅਧਰਮ ਦੇ ਅਖਾੜੇ ਬਣਾ ਕੇ (ਲਾ ਕੇ) ਗੁਰੂ
ਨਾਨਕ ਨਾਮ ਲੇਵਾ ਦੇ ਦਿਲਾਂ ਤੇ ਚੋਟ ਲਾਉਣਾ ਧਰਮ ਸਮਝਦੇ ਸੀ।
ਇਸ ਕਰ ਕੇ ਉਨ੍ਹਾਂ ਨਾਲ ਸਬਰ ਤੇ ਜ਼ਬਰ ਦਾ ਟਾਕਰਾ ਕਰਕੇ
ਨੌ ਨਿਹਾਲ, ਮਾਵਾਂ ਦੇ ਪੁਤਰਾਂ ਨੇ ਆਪਾ ਕੁਰਬਾਨ ਕਰਕੇ
ਪਾਵਨ ਗੁਰ ਅਸਥਾਨ ਗੁਰੂ ਪੰਥ ਦੇ ਪ੍ਰਬੰਧ ਵਿਚ ਲਿਆਉਣ
ਵਾਲੇ ਅਮਰ ਸ਼ਹੀਦਾਂ ਤੇ ਜ਼ਿੰਦਾ ਸ਼ਹੀਦਾਂ ਦੇ ਚਰਨਾਂ
ਵਿਚ ਟੁਟੇ ਫੁਟੇ ਸਰਧਾ ਦੇ ਲਿਖਤੀ ਫੁਲ
(ਭੇਟ) ਪਰਵਾਨ ਹੋਣ ਤਾਂ ਧੰਨ
ਭਾਗ ਸਮਝਾਂਗਾ।

ਦਾਸ:--

ਵਿਸਾਖਾ ਸਿੰਘ ਸੰਤ ਸਿਪਾਹੀ,

Digitized by Panjab Digital Library | www.panjabdigilib.org

# ਅਕਾਲੀ ਲਹਿਰ

ਸਿੰਘ ਸਭਾ ਲਹਿਰ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦੇ ਅਸਰ ਨਾਲ ਸਿਖਾਂ ਵਿਚ ਕਾਫੀ ਜਾਗਰਤਾ ਆ ਚੁਕੀ ਸੀ। ਵਿਦਿਆ ਦਾ ਪ੍ਰਚਾਰ ਤੇਜ਼ ਹੋ ਗਿਆ ਸੀ, ਗੁਰ-ਦਵਾਰਿਆਂ ਵਿਚ ਧਤਿਸੰਗ ਹੋਣ ਲਗ ਪਏ ਸਨ ਤੇ ਸਿੰਘਾਂ ਵਿਚ ਗੁਰਮਤਿ ਪ੍ਰਚਾਰ ਲਈ ਨਵਾਂ ਉਤਸ਼ਾਹ ਪੈਦਾ ਹੋ ਗਿਆ ਸੀ। ਇਸ ਤੋਂ ਉਪ੍ਰੰਤ ਸਿਖ ਕੌਮ ਵਿਚ ਇਕ ਸੰਤ ਸ਼੍ਰੇਣੀ ਪੈਦਾ ਹੋਈ ਜਿਸ ਦੇ ਮੋਢੀ ਸ੍ਰੀਮਾਨ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਮੱਘਰ ਸਿੰਘ ਜੀ ਰਾਮਗੜ੍ਹ ਲੁਧਿਆਣਾ, ਸੰਤ ਬਾਬਾ ਸ਼ਾਮ ਸਿੰਘ ਜੀ ਅੰਮ੍ਰਿਤਸਰ, ਸੰਤ ਹੀਰਾ ਦਾਸ ਜੀ ਚਿੱਟੀ, ਸੰਤ ਗੁਲਾਬ ਸਿੰਘ ਜੀ ਘੋਲੀਆਂ (ਫੀਰੋਜ਼ਪੁਰ), ਗਿਃ ਸੁੰਦਰ ਸਿੰਘ ਜੀ ਭਿੰਡਰ (ਫੀਰੋਜ਼ਪੁਰ), ਸੰਤ ਅਤਰ ਸਿੰਘ ਜੀ ਰੇਰੂ ਸਾਹਿਬ (ਰਾਮ ਪੁਰਾ ਪਟਿਆਲਾ), ਸੰਤ ਬਿਸ਼ਨ ਸਿੰਘ ਜੀ (ਕਾਂਝਲਾ) ਆਦਿਕ ਮਹਾਤਮਾ ਹੋਏ ਹਨ। ਇਨ੍ਹਾਂ ਮਹਾਂ ਪੁਰਖਾਂ ਨੇ ਸਿਖੀ ਪ੍ਰਚਾਰ ਦੀ ਇਕ ਜ਼ਬਰਦਸਤ ਲਹਿਰ ਪੈਦਾ ਕਰ ਦਿਤੀ ਜਿਸ ਤੋਂ ਪ੍ਰਭਾਵਤ ਹੋਕੇ ਸਿਖ ਕੌਮ ਨੇ ਗ਼ਫਲਤ ਦੀ ਨੀਂਦਰ ਤੋਂ ਪਾਸਾ ਪਰਤਿਆ। ਸਿਖਾਂ ਨੂੰ ਧਰਮ ਤੇ ਧਰਮ ਮੰਦਰਾਂ ਦਾ ਸੁਧਾਰ ਕਰਨ ਦੀ ਸੋਝੀ ਆਈ।

ਨਾਮਧਾਰੀ ਲਹਿਰ ਨੇ ਭੀ ਸਿਖਾਂ ਵਿਚ ਸਿਮਰਨ ਤੇ ਕੁਰਬਾਨੀ ਕਰਨ ਦਾ ਜਜ਼ਬਾ ਪੈਦਾ ਕਰ ਦਿਤਾ ਸੀ। ਜਿਤਨੇ ਸੰਤ ਹੋਏ ਉਹ ਸਭ ਫੌਜਾਂ ਵਿਚੋਂ ਆਏ ਸਨ। ਫੌਜਾਂ ਵਿਚ ਸਿਖੀ ਰਹਿਤ ਮਰਯਾਦਾ ਦਾ ਖਾਸ ਖਿਆਲ ਰਖਿਆ ਜਾਂਦਾ ਸੀ ਜਿਸ ਦਾ ਸਿਖ ਫੌਜੀਆਂ ਪਰ ਬੜਾ ਸੋਹਣਾ ਅਸਰ ਪਿਆ। ਪਹਿਲੀ ਵਡੀ ਲੜਾਈ ਵਿਚ ਸਿਖ ਫੌਜਾਂ ਨੇ ਬਹੁਤ ਹਿਸਾ ਲਿਆ। ਮੌਤ ਦੇ ਡਰ ਦਾ ਸਦਕਾ ਫੌਜੀ ਜਵਾਨ ਜੀਵਨ ਨਾਸ਼ਵੰਤ ਸਮਝਕੇ ਇਸ ਨੂੰ ਸਿਮਰਨ ਵਿਚ ਲਗਾ ਕੇ ਸਫਲ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਵਿਚੋਂ ਕਈਆਂ ਪਰ ਇਸ ਦਾ ਅਸਰ ਇਤਨਾ ਹੋਇਆ ਕਿ ਉਨ੍ਹਾਂ ਨੇ ਅਭਿਆਸ ਕਰਕੇ ਆਤਮ ਗਿਆਨ ਪ੍ਰਾਪਤ ਕਰ ਲਿਆ ਤੇ ਫੌਜ ਵਿਚੋਂ ਵਾਪਸ ਆਕੇ ਆਪਣਾ ਸਾਰਾ ਜੀਵਨ ਹੀ ਸਿਖੀ ਪਰਚਾਰ ਵਿਚ ਲਗਾ ਦਿਤਾ ਇਸ ਕਰਕੇ ਸਿਖ ਰਾਜ ਖੁਸਣ ਕਰਕੇ ਸਿਖ ਕੌਮ ਵਿਚ ਜੋ ਮੁਰਦਿਹਾਣ ਛਾ ਗਈ ਸੀ ਉਹ ਖਤਮ ਹੋ ਗਈ ਅਤੇ ਸਿਖਾਂ ਨੇ ਨਵੇਂ ਸਿਰੇ ਜਥੇਬੰਦ ਹੋਣਾ ਸ਼ੁਰੂ ਕਰ ਦਿਤਾ।

ਨਵੀਆਂ ਚਲੀਆਂ ਲਹਿਰਾਂ, ਫੌਜ ਵਿਚੋਂ ਆਏ ਸਿਖਾਂ ਦੇ ਸਿਖੀ ਪਿਆਰ ਅਤੇ ਸੰਤ ਸ਼੍ਰੇਣੀ ਦੇ ਪ੍ਰਚਾਰ ਨੇ ਐਸਾ ਜਜ਼ਬਾ ਪੈਦਾ ਕਰ ਦ੍ਰਿਤਾ ਜਿਸ ਵਿਚੋਂ ਅਕਾਲੀ ਲਹਿਰ ਵਰਗੀ ਜ਼ਬਰਦਸਤ ਲਹਿਰ ਪੈਦਾ ਹੋਈ। ਸਭ ਤੋਂ ਪਹਿਲਾਂ ਸਿਖਾਂ ਨੇ ਇਸ ਗਲ ਤੇ ਵਿਚਾਰ ਕਰਨੀ ਸ਼ੁਰੂ ਕੀਤੀ ਕਿ ਜਦੋਂ ਤਕ ਅਸੀਂ ਗੁਰਧਾਮਾਂ ਦੀ ਪਵਿਤ੍ਰਤਾ ਨੂੰ ਕਾਇਮ ਨਹੀਂ ਕਰ ਸਕਦੇ ਅਤੇ ਗੁਰਦਵਾਰਿਆਂ ਦਾ ਪ੍ਰਬੰਧ ਬਦ-ਚਲਨ ਮਹੰਤਾਂ ਦੇ ਹੱਥਾਂ ਵਿਚੋਂ ਖੋਹ ਕੇ ਸਾਂਝੇ ਹਥਾਂ ਵਿਚ ਨਹੀਂ ਲੈ ਆਉਂਦੇ। ਉਸ ਸਮੇਂ ਤਕ ਸਿਖਾਂ ਵਿਚ ਧਰਮ ਪ੍ਰਚਾਰ, ਵਿਦਿਆ ਦਾ ਵਾਧਾ ਤੇ ਉਨਤੀ ਦੇ ਹੋਰ ਸਾਧਨ ਨਹੀਂ ਵਰਤੇ ਜਾ ਸਕਦੇ। ਸਿਖ ਰਾਜ ਦੇ ਸਮੇਂ ਮਹਾਂਰਾਜਾ ਰਣਜੀਤ ਸਿੰਘ ਜੀ ਨੇ ਗੁਰਦਵਾਰਿਆਂ ਦੇ ਨਾਮ ਬਹੁਤ ਸਾਰੀਆਂ ਜ਼ਮੀਨਾਂ ਜਾਗੀਰਾਂ ਤੇ ਮਾਫੀਆਂ ਲਗਾਈਆਂ ਸਨ। ਇਸ ਤੋਂ ਇਲਾਵਾ ਸਿੰਘਾਂ ਨੇ ਭੀ ਬਹੁਤ ਸਾਰੀਆਂ ਜਾਇ-ਦਾਦਾਂ ਗੁਰ ਅਸਥਾਨਾਂ ਨੂੰ ਦਾਨ ਕੀਤੀਆਂ ਸਨ ਜਿਸ ਕਰਕੇ ਗੁਰ ਅਸਥਾਨਾਂ ਦੀ ਆਮਦਨ ਬਹੁਤ ਵਧ ਗਈ ਸੀ।

Digitized by Panjab Digital Library | www.panjabdigilib.org

ਸਿਖ ਗੁਰਦਵਾਰੇ ਮਹੰਤਾਂ ਦੇ ਕਬਜ਼ੇ ਵਿਚ ਕਿਵੇਂ ਚਲੇ ਗਏ ? ਇਹ ਸਵਾਲ ਭੀ ਵਿਚਾਰ ਗੋਚਰਾ ਹੈ ਅਤੇ ਇਸ ਦੇ ਕਈ ਇਤਿਹਾਸਕ ਕਾਰਨ ਹਨ ।

"ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ"

ਅਤੇ "ਜਥੇ ਜਾਇ ਬਹੇ ਮੇਰਾ ਸਤਿਗੁਰੂ ਸੋਈ ਥਾਨ ਸੁਹਾਵਾ ਰਾਮ ਰਾਜੇ"।

ਆਦਿ ਮਹਾਂਵਾਕਾਂ ਪਰ ਅਮਲ ਕਰਦੇ ਹੋਏ ਸਿਖਾਂ ਦਾ ਹਰ ਸਮੇਂ ਇਹ ਖਿਆਲ ਰਿਹਾ ਹੈ ਕਿ ਗੁਰ ਅਸਥਾਨਾਂ ਦੀਆਂ ਇਮਾਰਤਾਂ ਬੜੀਆਂ ਸ਼ਾਨਦਾਰ ਬਣਾਈਆਂ ਜਾਣ। ਮੁਸਲਮਾਨਾਂ ਵਿਚ ਇਕ ਰਵਾਇਤ ਹੈ ਕਿ ਖ਼ੁਦਾ ਦਾ ਘਰ (ਮਸੀਤ) ਮਨੁਖਾਂ ਦੇ ਘਰਾਂ ਨਾਲੋਂ ਸੋਹਣਾ ਤੇ ਸ਼ਾਨਦਾਰ ਹੋਣਾ ਚਾਹੀਦਾ ਹੈ । ਮੁਸਲਮਾਨ ਭਰਾਵਾਂ ਨੇ ਇਸ ਪਰ ਬੜੇ ਸੁੰਦਰ ਤਰੀਕੇ ਨਾਲ ਅਮਲ ਕੀਤਾ। ਇਸ ਦਾ ਅਸਰ ਗਵਾਂਢੀ ਕੌਮ ਹੋਣ ਕਰਕੇ ਸਿਖਾਂ ਪਰ ਭੀ ਬਹੁਤ ਪਿਆ। ਸਿਖ ਭੀ ਇਹ ਖਿਆਲ ਕਰਦੇ ਸਨ ਕਿ ਗੁਰਦਵਾਰੇ ਦੀ ਇਮਾਰਤ ਸ਼ਾਨਦਾਰ ਬਣਨੀ ਚਾਹੀਦੀ ਹੈ। ਦਸਵੰਧ ਦੇਣ ਦਾ ਸਾਰੇ ਸਿਖਾਂ ਨੂੰ ਹੁਕਮ ਸੀ ਇਸ ਕਰਕੇ ਜਿਹੜੇ ਸਿਖ ਇਹ ਖਿਆਲ ਕਰਦੇ ਸਨ ਕਿ ਉਨ੍ਹਾਂ ਦੀ ਦਸਵੰਧ ਦੇਣ ਦੀ ਮਰਯਾਦਾ ਵਿਚ ਉਨ੍ਹਾਂ ਦੀ ਸੰਤਾਨ ਕੋਈ ਰੁਕਾਵਟ ਪੈਦਾ ਨਾ ਕਰ ਦੇਵੇ ਉਹ ਆਪਣੀ ਜ਼ਮੀਨ ਦਾ ਇਕ ਹਿਸਾ ਗੁਰ-ਦਵਾਰਿਆਂ ਦੇ ਨਾਮ ਲਗਾ ਦਿੰਦੇ ਸਨ। ਇਸ ਤਰ੍ਹਾਂ ਜਿਥੇ ਗੁਰਦਵਾਰਿਆਂ ਦੀਆਂ ਇਮਾਰਤਾਂ ਬਹੁਤ ਹੀ ਸ਼ਾਨਦਾਰ ਬਣ ਗਈਆਂ ਉਥੇ ਉਨ੍ਹਾਂ ਦੇ ਨਾਲ ਜ਼ਮੀਨਾਂ ਤੇ ਜਾਗੀਰਾਂ ਭੀ ਬਹੁਤ ਲਗੀਆਂ ਹੋਈਆਂ ਸਨ।

ਵਿਚਾਰਵਾਨ ਸਿਖ ਆਗੂਆਂ ਦਾ ਖਿਆਲ ਸੀ ਕਿ ਜੇ ਸਾਰੇ ਇਤਿਹਾਸਕ ਗੁਰਦਵਾਰਿਆਂ ਨੂੰ ਸਾਂਝੇ ਪੰਥਕ ਪ੍ਰਬੰਧ ਵਿਚ ਲਿਆਂਦਾ ਜਾਵੇ ਤਾਂ ਉਨ੍ਹਾਂ ਦੀ ਆਮਦਨ ਨਾਲ ਧਰਮ ਪ੍ਰਚਾਰ, ਵਿਦਿਆ ਦਾ ਵਿਸਥਾਰ ਤੇ ਹੋਰ ਬਹੁਤ ਸਾਰੇ ਸਾਂਝੀ ਭਲਾਈ ਦੇ ਕੰਮ ਹੋ ਸਕਦੇ ਹਨ। ਜਿਨ੍ਹਾਂ ਦੇ ਕਰਨ ਨਾਲ ਸਿਖ ਕੌਮ ਉਨੰਤੀ ਦੇ ਮੈਦਾਨ ਵਿਚ ਦੂਜੀਆਂ ਕੌਮਾਂ ਨਾਲੋਂ ਅਗੇ ਲੰਘ ਸਕਦੀ ਹੈ। ਗੁਰਦਵਾਰਿਆਂ ਦੀ ਵਧੀ ਹੋਈ ਆਮਦਨ ਨੇ ਬਹੁਤ ਸਾਰੇ ਮਹੰਤਾਂ ਦੇ ਚਲਨ ਖਰਾਬ ਕਰ ਦਿਤੇ ਸਨ। ਤੁਲਸੀ ਦਾਸ ਜੀ ਨੇ ਕਿਹਾ ਹੈ,

"ਐਸਾ ਕੋ ਜਨਮਿਓ ਜਗ ਮਾਹੀਂ ਪ੍ਰਭਤਾ ਪਾਇ ਜਾਸ ਮਦ ਨਾਹੀ' ਮਹੰਤਾਂ ਦਾ ਹੰਕਾਰ ਸਿਖਰ ਤੇ ਪੁਜ ਚੁਕਿਆ ਸੀ।

ਸਰਕਾਰ ਅੰਗਰੇਜ਼ੀ ਮਹੰਤਾਂ ਦੀ ਰਾਖੀ ਕਰਨਾ ਚਾਹੁੰਦੀ ਸੀ ਕਿਉਂਕਿ ਗੁਰਦਵਾਰਿਆਂ ਦੇ ਪੁਜਾਰੀ ਤੇ ਮਹੰਤ ਸਰਕਾਰ ਦੇ ਪਿਠੂਆਂ ਦਾ ਪਾਰਟ ਬਹੁਤ ਚੰਗੀ ਤਰ੍ਹਾਂ ਅਦਾ ਕਰ ਰਹੇ ਸਨ। ਜਿਸ ਸਮੇਂ ਸਿਖਾਂ ਨੇ ਕਿਸੇ ਮਹੰਤ ਦੀਆਂ ਕੁਰੀਤੀਆਂ ਵਲ ਸਰਕਾਰ ਦਾ ਧਿਆਨ ਦੁਆਇਆ ਉਸ ਨੇ ਕੋਈ ਪ੍ਰਵਾਹ ਨਾ ਕੀਤੀ। ਕਈ ਹਾਲਤਾਂ ਵਿਚ ਤਾਂ ਸਰਕਾਰ ਨੇ ਉਲਟਾ ਸਿਖਾਂ ਨੂੰ ਹੀ ਦਬਾਇਆ ਅਤੇ ਉਨ੍ਹਾਂ ਨੂੰ ਇਹ ਦਸਣ ਦਾ ਯਤਨ ਕੀਤਾ ਕਿ ਕਾਨੂੰਨ ਅਨੁਸਾਰ ਗੁਰਦਵਾਰੇ ਮਹੰਤਾਂ ਦੀ ਜਾਇਦਾਦ ਬਣ ਚੁਕੇ ਹਨ। ਇਨ੍ਹਾਂ ਗਲਾਂ ਨੇ ਸਿਖ ਕੌਮ ਵਿਚ ਰੋਸ ਦੀ ਇਕ ਲਹਿਰ ਪੈਦਾ ਕਰ ਦਿਤੀ। ਲੜਾਈ ਖਤਮ ਹੋਣ ਤੋਂ ਪਿਛੋਂ ਸਰਕਾਰ ਅੰਗਰੇਜ਼ੀ ਅਜ਼ਾਦੀ ਦੀ ਤਹਿਰੀਕ ਨੂੰ ਭੀ ਕੁਚਲ ਦੇਣਾ ਚਾਹੁੰਦੀ ਸੀ,ਜਿਸ ਵਿਰੁਧ ਦੇਸ਼ ਭਰ ਵਿਚ ਜੋਸ਼ ਪੈਦਾ ਹੋ ਰਿਹਾ ਸੀ। ਆਜ਼ਾਦੀ ਦੀ ਚਲ ਰਹੀ ਲਹਿਰ ਵਿਚ ਸਿਖ ਮੂਹਰਲੇ ਦਸਤੇ ਦਾ ਕੰਮ ਦਿੰਦੇ ਸਨ। ਇਸ ਕਰਕੇ ਸਿਖ ਕੌਮ ਵਿਚ ਵਧੇਰੇ ਜਾਗਰਤਾ ਆ ਚੁਕੀ ਸੀ। ਇਨ੍ਹਾਂ ਕਾਰਨਾਂ ਕਰਕੇ ਅਕਾਲੀ ਲਹਿਰ ਪੈਦਾ ਹੋਣ ਲਈ ਮੈਦਾਨ ਤਿਆਰ ਹੋ ਚੁਕਿਆ ਸੀ।

ਗੁਰਦਵਾਰਾ ਸੁਧਾਰ ਲਹਿਰ ਆਰੰਭ ਹੋਣ ਤੋਂ ਪਹਿਲਾਂ ਗੁਰਦਵਾਰਿਆਂ ਵਿਚ ਕੁਰੀਤੀਆਂ ਬਹੁਤ ਹੁੰਦੀਆਂ ਸਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾਂ ਵਿਚ ਮੂਰਤੀਆਂ ਰਖ ਕੇ ਪੂਜਾ

Digitized by Panjab Digital Library | www.panjabdigilib.org

ਹੁੰਦੀ ਸੀ। ਪੁਜਾਰੀ ਹਿੰਦੂ ਮਤਿ ਦੇ ਅਸਰ ਹੇਠ ਆਏ ਸਿਖੀ ਦੇ ਵਿਰੁਧ ਗਲਾਂ ਕਰਦੇ ਸਨ। ਅਛੂਤਾਂ ਤੇ ਮੁਸਲਮਾਨਾਂ ਵਿਚੋਂ ਸਜੇ ਸਿੰਘਾਂ ਨੂੰ ਗੁਰਦਵਾਰਿਆਂ ਵਿਚ ਦਾਖਲ ਹੋਣ ਤੋਂ ਰੋਕਦੇ ਸਨ। ਸਿੰਘ ਸਭਾਈ ਖਾਲਸੇ ਨੇ ਪੁਜਾਰੀਆਂ ਦੀਆਂ ਇਨ੍ਹਾਂ ਕਮਜ਼ੋਰੀਆਂ ਵਿਰੁਧ ਆਵਾਜ਼ ਉਠਾਈ ਤਾਂ ਪੁਜਾਰੀਆਂ ਨੇ ਸਿੰਘ ਸਭਾਈਆਂ ਵਿਰੁਧ ਮਨਘੜਤ ਫਤਵੇ ਲਗਾਉਣੇ ਸ਼ੁਰੂ ਕਰ ਦਿਤੇ। ਸਿੰਘ ਸਭਾ ਦੇ ਮੁਖੀਆਂ ਤੇ ਪੁਜਾਰੀਆਂ ਦਾ ਵਿਰੋਧ ਭੀ ਅਕਾਲੀ ਲਹਿਰ ੈਦਾ ਹੋਣ ਦਾ ਮੁਖ ਕਾਰਣ ਸੀ। ਜਿਸ ਸਮੇਂ ਪੁਜਾਰੀਆਂ ਨੂੰ ਇਹ ਪਤਾ ਲਗਿਆ ਕਿ ਸਿਖ ਗੁਰਦਵਾਰਿਆਂ ਨੂੰ ਸਾਂਝੇ ਪ੍ਰਬੰਧ ਵਿਚ ਲਿਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੇ ਕਈ ਧਰਮ ਮੰਦਰਾਂ ਵਿਚ ਮੂਰਤੀਆਂ ਰਖਣੀਆਂ ਸ਼ੁਰੂ ਕਰ ਦਿਤੀਆਂ, ਜਿਸ ਵਿਰੁਧ ਸਿੰਘਾਂ ਵਿਚ ਜੋਸ਼ ਦੀ ਲਹਿਰ ਦੌੜ ਗਈ।

ਮਿਸਾਲ ਦੇ ਤੌਰ ਪਰ ਕਾਬਲ ਵਿਚ ਇਕ ਧਰਮਸਾਲ ਦਾ ਮੁਕਦਮਾ ਚਲਿਆ। ਪੁਜਾਰੀ ਨੇ ਇਕ ਕਮਰੇ ਵਿਚ ਮੂਰਤੀਆਂ ਰਖ ਕੇ ਪੂਜਣੀਆਂ ਸ਼ੁਰੂ ਕਰ ਦਿਤੀਆਂ ਅਤੇ ਕਿਹਾ ਕਿ ਧਰਮਸਾਲ ਮੇਰੀ ਹੈ ਮੈਂ ਜੋ ਚਾਹਾਂ ਕਰ ਸਕਦਾ ਹਾਂ। ਇਸ ਵਿਰੁਧ ਸਿਖਾਂ ਨੇ ਮੁਕਦਮਾ ਕੀਤਾ ਜਿਸ ਦਾ ਫੈਸਲਾ ਸਿਖਾਂ ਦੇ ਹੱਕ ਵਿਚ ਹੋਇਆ। ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਪੰਜਾਬ ਦੇ ਚੋਹਾਂ ਤਖਤਾਂ ਨੂੰ ਲਿਖਿਆ ਕਿ ਸਿੰਘ ਸਭੀਆਂ ਨਾਲ ਮਿਲਵਰਤਨ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਅਛੂਤਾਂ ਤੇ ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਨਾਲ ਮਿਲਾ ਲੈਂਦੇ ਹਨ ਤੇ ਇਸਤ੍ਰੀਆਂ ਨੂੰ ਭੀ ਖੰਡੇ ਦਾ ਅੰਮ੍ਰਿਤ ਪਾਨ ਕਰਾਉਂਦੇ ਹਨ। ਸ੍ਰੀ ਮੁਕਤਸਰ ਦੇ ਇਕ ਪੁਜਾਰੀ ਨੇ ਇਕ ਦਿਨ ਸ਼ਰਾਬ ਪੀਕੇ ਗੁਰਦਵਾਰੇ ਕੀਰਤਨ ਕੀਤਾ ਜਿਸ ਵਿਰੁਧ ਸਿਖਾਂ ਵਿਚ ਕਾਫੀ ਰੋਸ ਫੈਲ ਗਿਆ।

ਗੁ: ਤਰਨ ਤਾਰਨ ਦੇ ਪੁਜਾਰੀਆਂ ਨੇ ਇਕ ਬੁੰਗਾ ਈਸਾਈਆਂ ਪਾਸ ਵੇਚ ਦਿਤਾ। ਸਿੱਖਾਂ ਨੇ ਇਸ ਵਿਰੁਧ ਮੁਕੱਦਮਾ ਕੀਤਾ ਜਿਸ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਹੋਇਆ। ਸ੍ਰੀ ਪੰਜਾ ਸਾਹਿਬ ਦੇ ਮਹੰਤ ਮਿੱਠਾ ਸਿੰਘ ਨੇ ਗੁਰਦਵਾਰੇ ਦੀ ਜ਼ਮੀਨ ਆਪਣੇ ਨਾਂ ਕਰਾ ਲਈ ਜਿਸ ਵਿਰੁਧ ਸਿੱਖਾਂ ਨੇ ਕਾਫੀ ਰੋਸ ਪ੍ਰਗਟ ਕੀਤਾ। ਸ੍ਰੀ ਪਟਨਾ ਸਾਹਿਬ ਦੇ ਮਹੰਤ ਨੇ ਸਿੰਘ ਸਭੀਆਂ ਦਾ ਤਖਤ ਤੇ ਚੜ੍ਹਨਾ ਬੰਦ ਕਰ ਦਿਤਾ। ਬਾਬਾ ਫੂਲਾ ਸਿੰਘ ਅਕਾਲੀ ਦੀ ਸਮਾਧ (ਨਸ਼ਹਿਰਾ) ਦੇ ਮਹੰਤ ਨੇ ਗੁਰਦਵਾਰੇ ਦੀ ਜ਼ਮੀਨ ਵੇਚ ਦਿਤੀ, ਸਿੱਖਾਂ ਨੇ ਉਸ ਵਿਰੁਧ ਮੁਕਦਮਾ ਕੀਤਾ। ਹੇਠਲੀ ਅਦਾਲਤ ਨੇ ਫੈਸਲਾ ਮਹੰਤ ਦੇ ਹੱਕ ਵਿਚ ਦਿਤਾ ਪ੍ਰੰਤੂ ਜੁਡੀਸ਼ਲ ਕਮਿਸ਼ਨਰ ਨੇ ਫੈਸਲਾ ਸਿੱਖਾਂ ਦੇ ਹੱਕ ਵਿਚ ਕਰ ਦਿੱਤਾ। ਮਹੰਤ ਦਾ ਪ੍ਰਬੰਧ ਹਟਾ ਕੇ ਪ੍ਰਬੰਧ ਇਕ ਸਾਂਝੀ ਕਮੇਟੀ ਦੇ ਹਵਾਲੇ ਕਰ ਦਿਤਾ ਗਿਆ।

ਇਸ ਪ੍ਰਕਾਰ ਪੰਜਾ ਸਾਹਿਬ ਦੇ ਮਹੰਤ ਵਿਰੁਧ ਭੀ ਰਾਵਲ ਪਿੰਡੀ ਦੇ ਸਿੱਖਾਂ ਨੇ ਮੁਕੱਦਮਾ ਦਾਇਰ ਕਰ ਦਿਤਾ। ਗੁ: ਹਾਫਜ਼ਾਬਾਦ ਦਾ ਉਦਾਸੀ ਮਹੰਤ ਕੋਈ ਚੇਲਾ ਬਣਾਏ ਬਿਨਾਂ ਹੀ ਮਰ ਗਿਆ। ਸਿੱਖਾਂ ਨੇ ਮੰਗ ਕੀਤੀ ਕਿ ਗੁਰਦਵਾਰੇ ਦਾ ਪ੍ਰਬੰਧ ਸਾਂਝੇ ਹੱਥਾਂ ਵਿਚ ਦਿਤਾ ਜਾਵੇ। ਇਹ ਮੁਕੱਦਮਾ ਇਕ ਅੰਗਰੇਜ਼ ਅਫਸਰ ਪਾਸ ਗਿਆ ਤਾਂ ਉਸ ਨੇ ਸੰਗਤ ਨੂੰ ਨਵਾਂ ਮਹੰਤ ਥਾਪਣ ਲਈ ਆਖਿਆ। ਸਿੰਘਾਂ ਨੇ ਇਕ ਗ੍ਰਿਹਸਤੀ ਸਿੱਖ ਭਾਈ ਫਤਹਿ ਸਿੰਘ ਨੂੰ ਮਹੰਤ ਥਾਪ ਦਿਤਾ। ਡਿਪਟੀ ਕਮਿਸ਼ਨਰ ਨੇ ਸੰਗਤਾਂ ਦਾ ਫੈਸਲਾ ਪ੍ਰਵਾਨ ਕਰ ਲਿਆ। ਮਹੰਤ ਬੂੜ ਸਿੰਘ ਨੇ ਫਿਰ ਇਸ ਫੈਸਲੇ ਵਿਰੁਧ ਅਪੀਲ ਕੀਤੀ ਜਿਸ ਦਾ ਫੈਸਲਾ ਸੁਣਾਂਦੇ ਹੋਏ ਜਸਟਿਸ ਬ੍ਰਾਡਵੇ ਨੇ ਲਿਖਿਆ ਕਿ "ਸੰਗਤ ਨੂੰ ਮਹੰਤ ਹਟਾਣ ਦਾ ਕੋਈ ਅਧਿਕਾਰ ਨਹੀਂ।"

Digitized by Panjab Digital Library | www.panjabdigilib.org

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀ ਭਾਈ ਪ੍ਰਤਾਪ ਸਿੰਘ ਨੇ ਅਨੰਦ ਮੈਰਿਜ ਐਕਟ ਦੀ ਵਿਰੋਧਤਾ ਕੀਤੀ, ਜਿਸ ਵਿਰੁਧ ਸਿੱਖਾਂ ਨੇ ਸਖਤ ਰੋਸ ਪ੍ਰਗਟ ਕੀਤਾ। ਗੁ: ਧੂਬੜੀ ਆਸਾਮ ਦੀ ਜ਼ਮੀਨ ਪਰ ਸਰਕਾਰ ਕਿਸੇ ਸਰਕਾਰੀ ਕੰਮ ਲਈ ਕਬਜ਼ਾ ਕਰਨਾ ਚਾਹੁੰਦੀ ਸੀ। ਜਿਸ ਵਿਰੁਧ ਸਿੱਖਾਂ ਨੇ ਸਖ਼ਤ ਐਜ਼ੀਟੇਸ਼ਨ ਕੀਤੀ, ਮਿਊਂਸਪਲ ਕਮੇਟੀ ਅੰਮ੍ਰਿਤਸਰ ਨੇ ਸਫਾਈ ਨੂੰ ਮੁਖ ਰਖ ਕੇ ਸੰਤੋਖ ਸਰ ਸਰੋਵਰ ਪੂਰਨ ਦਾ ਮਤਾ ਪਾਸ ਕਰ ਦਿਤਾ। ਸਿੱਖਾਂ ਨੇ ਇਸ ਫੈਸਲੇ ਵਿਰੁਧ ਭੀ ਜ਼ੋਰਦਾਰ ਆਵਾਜ਼ ਉਠਾਈ ਜਿਸ ਕਰਕੇ ਕਮੇਟੀ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੀ ਯਾਦਗਾਰ ਗੁਰਦਵਾਰਾ ਕਰਤਾਰ ਪੁਰ ਰਾਵੀ ਨੂੰ ਦਰਿਆ ਦੀ ਢਾਹ ਲਗ ਗਈ ਸਿੱਖਾਂ ਨੇ ਇਸ ਨੂੰ ਰੋਕਣ ਲਈ ਚੰਦਾ ਇਕੱਠਾ ਕੀਤਾ ਜਿਸ ਵਿਚ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ੩੫੦੦੦) ਰੁਪਇਆ ਦਾਨ ਦਿਤਾ। ਸਰਕਾਰ ਨੇ ਭੀ ਇਸ ਪਾਸੇ ਧਿਆਨ ਦੇ ਕੇ ਆਪਣੇ ਇੰਜਨੀਅਰ ਭੇਜੇ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸਿੱਖਾਂ ਨੂੰ ਗੁਰਦਵਾਰਿਆਂ ਨਾਲ ਅਥਾਹ ਪ੍ਰੇਮ ਹੈ। ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਦੀਆਂ ਵਧੀਕੀਆਂ ਤੇ ਕੁਕਰਮਾਂ ਦੇ ਵਿਰੁਧ ਭੀ ਸੰਗਤਾਂ ਵਿਚ ਕਾਫੀ ਰੋਸ ਪੈਦਾ ਹੋ ਚੁਕਿਆ ਸੀ। ਸਿੱਖ ਮੈਂਬਰਾਂ ਨੇ ਇੰਪੀਰੀਅਲ ਕੌਂਸਲ ਵਿਚ ਇਕ ਬਿਲ ਪੇਸ਼ ਕੀਤਾ ਜਿਸ ਦਾ ਸਰਕਾਰ ਪੰਜਾਬ ਨੇ ਵਿਰੋਧ ਕੀਤਾ ਤੇ ਆਖਿਆ ਕਿ ਇਹ ਬਿਲ ਲੋਕ ਰਾਏ ਤੋਂ ਭੀ ਅਗੇ ਹੈ। ਇਨ੍ਹਾਂ ਗਲਾਂ ਨੇ ਸਿੱਖਾਂ ਨੂੰ ਭਰੋਸਾ ਦਿਵਾ ਦਿਤਾ ਕਿ ਗੁਰਦਵਾਰਾ ਸੁਧਾਰ ਦੀ ਖ਼ਾਤਰ ਕਾਫੀ ਕੁਰਬਾਨੀਆਂ ਕਰਨੀਆਂ ਪੈਣਗੀਆਂ ਤਦ ਸਰਕਾਰ ਅਤੇ ਮਹੰਤਾਂ ਦੇ ਹੋਸ਼ ਟਿਕਾਣੇ ਆਉਣਗੇ।

੧੯੧੮ ਵਿਚ ਪਹਿਲੀ ਦੁਨੀਆਂ ਦੀ ਜੰਗ ਦੇ ਖਤਮ ਹੋਣ ਪਿਛੋਂ ਅਜ਼ਾਦੀ ਦੀ ਤਹਿਰੀਕ ਨੂੰ ਕੁਚਲਣ ਲਈ ਸਰਕਾਰ ਨੇ ਰੌਲਟ ਐਕਟ ਪਾਸ ਕੀਤਾ। ਜਿਸ ਵਿਰੁਧ ਦੇਸ਼ ਭਰ ਵਿਚ ਰੋਸ ਦੀ ਇਕ ਲਹਿਰ ਦੌੜ ਗਈ। ੧੩ ਅਪਰੈਲ ੧੯੧੯ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਸਰਕਾਰ ਨੇ ਗੋਲੀ ਚਲਾਈ ਜਿਸ ਵਿਚ ਬਹੁਤ ਸਾਰੇ ਹਿੰਦੂ, ਮੁਸਲਮਾਨ ਤੇ ਸਿੱਖ ਸ਼ਹੀਦ ਹੋਏ। ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਜਨਰਲ ਡਾਇਰ ਨੂੰ ਅਕਾਲ ਤਖਤ ਵਲੋਂ ਸਰੋ ਪਾਓ ਦਿਤਾ ਜਿਸ ਵਿਰੁਧ ਸਿੱਖਾਂ ਨੇ ਸਖਤ ਰੋਸ ਪ੍ਰਗਟ ਕੀਤਾ। ਸਿੱਖ ਆਜ਼ਾਦੀ ਦੀ ਲਹਿਰ ਵਿਚ ਸਭ ਤੋਂ ਅਗੇ ਸਨ ਪ੍ਰੰਤੂ ਉਨ੍ਹਾਂ ਦੇ ਕੇਂਦਰੀ ਧਰਮ ਅਸਥਾਨ ਵਿਚ ਖੂਨੀ ਡਾਇਰ ਦਾ ਸਤਿਕਾਰ ਹੋਣਾ ਸਿੱਖਾਂ ਨੂੰ ਗਵਾਂਢੀ ਕੌਮਾਂ ਸਾਹਮਣੇ ਸ਼ਰਮਿੰਦਗੀ ਪ੍ਰਗਟ ਕਰਨ ਲਈ ਮਜਬੂਰ ਕਰਦਾ ਸੀ। ਇਸ ਲਈ ਉਨ੍ਹਾਂ ਦੇ ਮਨ ਵਿਚ ਪੁਜਾਰੀਆਂ ਵਿਰੁਧ ਰੋਸ ਹੋਰ ਭੀ ਵਧ ਗਿਆ।

੧੯੨੦ ਵਿਚ ਲਾਹੌਰ ਤੋਂ "ਅਕਾਲੀ" ਅਖਬਾਰ ਜਾਰੀ ਹੋਇਆ ਜਿਸ ਨੇ ਸਿੱਖ ਕੌਮ ਨੂੰ ਜ਼ਬਰਦਸਤ ਹਲੂਣਾ ਦਿਤਾ। ਇਸ ਅਖਬਾਰ ਨੂੰ ਆਰੰਭ ਕਰਨ ਵਾਲੇ ਮਾ: ਸੁੰਦਰ ਸਿੰਘ ਜੀ ਲਾਇਲਪੁਰੀ, ਸ: ਸਰਦੂਲ ਸਿੰਘ ਕਵੀਸ਼ਰ, ਗਿ: ਹੀਰਾ ਸਿੰਘ ਜੀ ਦਰਦ ਤੇ ਸ: ਮੰਗਲ ਸਿੰਘ ਜੀ ਲੁਧਿਹਾਣਾ ਹਨ। ਪ੍ਰਦੇਸਾਂ ਵਿਚ ਬੈਠੇ ਵੀਰਾਂ ਨੇ ਇਸ ਅਖਬਾਰ ਦੀ ਬੜੀ ਸਹਾਇਤਾ ਕੀਤੀ। ਇਸ ਅਖਬਾਰ ਨੇ ਸਿੱਖਾਂ ਵਿਚ ਜੋਸ਼ ਤੇ ਉਤਸ਼ਾਹ ਪੈਦਾ ਕਰਨ ਵਿਰ ਬਹੁਤ ਹਿਸਾ ਪਾਇਆ। ਮਹਾਤਮਾਂ ਗਾਂਧੀ ਜੀ ਨੇ ਇਸੇ ਸਾਲ ਨਾ ਮਿਲਵਰਤਨ ਲਹਿਰ ਨੂੰ ਜਨਮ ਦਿਤਾ ਜਿਸ ਨੇ ਹਿੰਦੁਸਤਾਨੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਬਹੁਤ ਉਭਾਰਿਆ। ਸਿੱਖ ਲੀਗ ਨੇ ਜੋ ਉਸ ਸਮੇਂ ਸਿੱਖਾਂ ਦੀ ਰਾਜਸੀ ਜਥੇਬੰਦੀ ਸੀ, ਨਾਂ ਮਿਲਵਰਤਨ ਲਹਿਰ ਦੀ ਤਾਈਦ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਨਿਰੋਲ ਸਿੱਖਾਂ ਦੇ ਹੱਥਾਂ ਵਿਚ ਲਿਆਉਣ ਲਈ ਭੀ ਕਾਫੀ ਐਜੀਟੇਸ਼ਨ

Digitized by Panjab Digital Library | www.panjabdigilib.org

ਹੋਈ । ਭਾਵੇਂ ਕੁਝ ਨਰਮ ਖਿਆਲੀਏ ਸਿੱਖ ਸਰਕਾਰ ਦੇ ਮੁਖੀ ਸਨ, ਪ੍ਰੰਤੂ ਸਿੱਖਾਂ ਦੀ ਭਾਰੀ ਬਹੁ-ਗਿਣਤੀ ਸਰਕਾਰ ਅੰਗਰੇਜ਼ੀ ਦੇ ਸਖਤ ਵਿਰੁਧ ਸੀ ।

## ਅਕਾਲੀ ਲਹਿਰ ਦਾ ਆਰੰਭ

ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲ ਕੋਟ ਦਾ ਮੋਰਚਾ ਆਰੰਭ ਹੋਇਆ । ਸਤੰਬਰ ੧੯੧੮ ਵਿਚ ਗੁਰਦੁਆਰੇ ਦਾ ਮਹੰਤ ਹਰਨਾਮ ਸਿੰਘ ਮਰ ਗਿਆ । ਇਕ ਹੋਰ ਮਹੰਤ ਨੇ ਸਰਕਾਰ ਨੂੰ ਲਿਖਿਆ ਕਿ ਉਸ ਦੇ ਪੋਤਰੇ ਗੁਰਚਰਨ ਸਿੰਘ ਨੂੰ ਗੱਦੀ ਦਿਤੀ ਗਈ ਹੈ । ਸਰਕਾਰ ਉਸ ਦੀ ਰਖਿਆ ਕਰੇ, ਸਿੰਘ ਸਭਾ ਸਿਆਲ ਕੋਟ ਨੇ ਡੀ. ਸੀ. ਪਾਸ ਦਰਖਾਸਤ ਕੀਤੀ ਕਿ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਕਮੇਟੀ ਦੇ ਸਪੁਰਦ ਕੀਤਾ ਜਾਵੇ । ਡੀ. ਸੀ. ਨੇ ਇਹ ਮੰਗ ਪ੍ਰਵਾਨ ਕਰਨ ਦੀ ਥਾਂ ਇਕ ਪਤਤ ਗੰਡਾ ਸਿੰਹੁ ਨੂੰ ਗੁਰਦੁਆਰੇ ਦਾ ਸਰਬ ਰਾਹ ਨੀਯਤ ਕਰ ਦਿਤਾ । ਮਹੰਤ ਦੇ ਨਾਬਾਲਗ ਪੁਤਰ ਦੀ ਰਖਿਆ ਤੇ ਜਾਗੀਰ ਵਸੂਲ ਕਰਨ ਦੇ ਅਧਿਕਾਰ ਉਸ ਨੂੰ ਸੌਂਪ ਦਿਤੇ ।

ਸਿੱਖਾਂ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਵਿਚ ਸਖਤ ਰੋਸ ਫੈਲ ਗਿਆ । ਗੁਰਦੁਵਾਰੇ ਦੀ ਜਾਇਦਾਦ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਮੁਕੱਦਮਾ ਦਾਇਰ ਕੀਤਾ ਗਿਆ । ਸਰਕਾਰ ਨੇ ੫੦੦੦੦) ਰੁਪਏ ਦੀ ਕੋਰਟ ਫੀਸ ਲਾਉਣ ਲਈ ਕਿਹਾ ਤਾਂ ਇਹ ਰਕਮ ਨਾ ਮਿਲਣ ਕਰਕੇ ਮੁਕੱਦਮਾ ਖਾਰਜ ਹੋ ਗਿਆ । ਸਥਾਨਕ ਸਿੱਖਾਂ ਨੇ ਗੁਰਦੁਵਾਰੇ ਦਾ ਸੁਧਾਰ ਕਰਨ ਲਈ ਖਾਲਸਾ ਸੇਵਕ ਜਥਾ ਕਾਇਮ ਕੀਤਾ । ਇਸ ਜਥੇ ਦੇ ਸਿੰਘ ਅੰਮ੍ਰਿਤ ਵੇਲੇ ਗੁਰਦੁਵਾਰੇ ਪੁਜ ਕੇ ਕੀਰਤਨ ਕਰਦੇ ਉਪਰੰਤ ਵਿਚਾਰਾਂ ਹੁੰਦੀਆਂ । ਸਰਬਰਾਹ ਗੁੰਡਿਆਂ ਨੂੰ ਸਦ ਕੇ ਸਿੱਖਾਂ ਨੂੰ ਬਹੁਤ ਤੰਗ ਕਰਦਾ ਤੇ ਕਈ ਵੇਰ ਉਸ ਨੇ ਸਿੱਖਾਂ ਨੂੰ ਮਾਰ ਕੁਟਾਈ ਕੀਤੀ ਤੇ ਸਿੰਘਾਂ ਦੇ ਕੇਸ ਦਾੜ੍ਹੀ ਪੁਟੇ । ਸਰਬਰਾਹ ਦੇ ਪੁਤਰ ਨੇ ਪਸਤੌਲ ਕਢ ਕੇ ਸਿੱਖਾਂ ਨੂੰ ਡਰਾਇਆ ਅਤੇ ਆਈਆਂ ਬੀਬੀਆਂ ਪਰ ਭੀ ਸਖਤੀ ਹੁੰਦੀ ਰਹੀ ।

ਅੰਮ੍ਰਿਤਸਰ ਤੋਂ ਸ: ਅਮਰ ਸਿੰਘ ਤੇ ਸ: ਜਸਵੰਤ ਸਿੰਘ ਜੀ ਪੜਤਾਲ ਕਰਨ ਲਈ ਸਿਆਲ ਕੋਟ ਪੁਜੇ, ਉਨ੍ਹਾਂ ਨੇ ਦੀਵਾਨ ਵਿਚ ਲੈਕਚਰ ਕੀਤੇ ਤੇ ਕਿਹਾ ਕਿ ਸਾਰਾ ਪੰਥ ਸੇਵਕ ਜਥੇ ਦੀ ਹਮਾਇਤ ਪੁਰ ਹੈ । ਇਸ ਪਰ ਸਿੰਘਾਂ ਦੇ ਹੌਂਸਲੇ ਕਾਫੀ ਵਧ ਗਏ । ਇਸ ਤੋਂ ਉਪਰੰਤ ਡਿਪਟੀ ਕਮਿਸ਼ਨਰ ਨੇ ਖਾਲਸਾ ਸੇਵਕ ਜਥੇ ਦੇ ਮੁਖੀ ਸ: ਭਾਗ ਸਿੰਘ, ਸ: ਜਵਾਹਰ ਸਿੰਘ ਤੇ ਬਾਬੂ ਨਾਨਕ ਸਿੰਘ ਤੇ ਭਾਈ ਰਾਮ ਸਿੰਘ, ਮੀਹਾਂ ਸਿੰਘ ਆਦਿਕ ਦੇ ਵਾਰੰਟ ਜਾਰੀ ਕਰ ਦਿਤੇ । ਸੰਗਤ ਨੇ ਫੈਸਲਾ ਕੀਤਾ ਕਿ ਗੁਰਦੁਵਾਰੇ ਵਿਚ ਦੀਵਾਨ ਕਰਕੇ ਸਿੰਘ ਗ੍ਰਿਫਤਾਰੀ ਦੇਣ ਅਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦੇਣ । ਅੰਮ੍ਰਿਤ ਵੇਲੇ ਭਾਰੀ ਦੀਵਾਨ ਸਜਿਆ, ਇਕ ਮਤਾ ਪਾਸ ਕਰਕੇ ਸਿੰਘਾਂ ਨੂੰ ਗ੍ਰਿਫਤਾਰੀ ਦੇਣ ਪਰ ਵਧਾਈ ਦਿਤੀ ਗਈ, ਇਸ ਮਤੇ ਦੀ ਤਾਈਦ ਬਾਬਾ ਖੜਕ ਸਿੰਘ ਜੀ ਨੇ ਕੀਤੀ ।

ਪੁਲਸ ਪੰਜਾਂ ਸਿੰਘਾਂ ਨੂੰ ਗ੍ਰਿਫਤਾਰ ਕਰਨ ਲਈ ਗੁਰਦਵਾਰੇ ਪੁਜੀ । ਸਰਬਰਾਹ ਗੰਡਾ ਸਿੰਘ ਇਸ ਵੇਲੇ ਮੌਜੂਦ ਨਹੀਂ ਸੀ । ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਇਕਠੀਆਂ ਸਨ । ਸੰਗਤਾਂ ਜਲੂਸ ਦੀ ਸ਼ਕਲ ਵਿਚ ਗ੍ਰਿਫਤਾਰ ਹੋਏ ਸਿੰਘਾਂ ਦੇ ਨਾਲ ਗਈਆਂ । ਸਿੰਘਾਂ ਨੇ ਜ਼ਮਾਨਤਾਂ ਦੇਣ ਤੋਂ ਇਨਕਾਰ ਕਰ ਦਿਤਾ । ਸਰਕਾਰ ਨੇ ਸ਼ਹਿਰ ਵਿਚ ਦਫਾ ੧੪੪ ਲਗਾ ਦਿਤੀ । ਇਸ ਤਰ੍ਹਾਂ ਇਸ ਮੋਰਚੇ ਤੋਂ

Digitized by Panjab Digital Library | www.panjabdigilib.org

ਅਕਾਲੀ ਲਹਿਰ ਦਾ ਆਰੰਭ ਹੋਇਆ। ਸਾਰੇ ਪੰਥ ਵਿਚ ਰੋਸ ਦੀ ਇਕ ਲਹਿਰ ਦੌੜ ਗਈ। ਥਾਂ ਥਾਂ ਦੀਵਾਨ ਕਰਕੇ ਸਿੰਘਾਂ ਨੇ ਸਰਕਾਰ ਵਿਰੁਧ ਰੋਸ ਦੇ ਮਤੇ ਪਾਸ ਕੀਤੇ। ਡਿਪਟੀ ਕਮਿਸ਼ਨਰ ਨੇ ਐਲਾਨ ਕੀਤਾ ਕਿ ਕੋਈ ਆਦਮੀ ਗੰਡਾ ਸਿੰਘ ਦੇ ਪ੍ਰਬੰਧ ਵਿਚ ਦਖਲ ਨਾ ਦੇਵੇ, ਪ੍ਰੰਤੂ ਸੰਗਤ ਨੇ ਭਾਰੀ ਗਿਣਤੀ ਵਿਚ ਇਕਠੇ ਹੋਕੇ ਦੀਵਾਨ ਸਜਾਇਆ ਜਿਸ ਵਿਚ ਮੰਗ ਕੀਤੀ ਗਈ ਕਿ ਗੰਡਾ ਸਿੰਘ ਸਰਬਰਾਹ ਨਹੀਂ ਰਹਿਣਾ ਚਾਹੀਦਾ। ਕੁਝ ਦਿਨਾਂ ਪਿਛੋਂ ਸੰਗਤਾਂ ਨੇ ਆਰਜ਼ੀ ਤੌਰ ਪਰ ਗੁਰਦਵਾਰੇ ਦਾ ਪ੍ਰਬੰਧ ਸੰਭਾਲ ਲਿਆ ਤੇ ਗੁਰੂ ਕਾ ਲੰਗਰ ਜਾਰੀ ਕਰ ਦਿਤਾ। ਸਰਕਾਰ ਨੇ ਮੁਕਦਮਾ ਵਾਪਸ ਲੈ ਲਿਆ। ਮਿ: ਕਿੰਗ ਕਮਿਸ਼ਨਰ ਲਾਹੌਰ ਸਿਆਲਕੋਟ ਪੁਜਿਆ ਤੇ ਉਸ ਨੇ ਸਿਖ ਮੁਖੀਆਂ ਨਾਲ ਮੁਲਾਕਾਤ ਕੀਤੀ ਉਸ ਨੇ ਸਿਖ ਲੀਡਰਾਂ ਨੂੰ ਭਰੋਸਾ ਦਿਵਾਇਆ ਕਿ "ਸਰਕਾਰ ਦਾ ਇਰਾਦਾ ਸਿਖਾਂ ਦੇ ਧਾਰਮਕ ਮਾਮਲਿਆਂ ਵਿਚ ਦਖਲ ਦੇਣ ਦਾ ਨਹੀਂ ਹੈ, ਸਿਖ ਜਿਵੇਂ ਚਾਹੁਣ ਗੁਰਦਵਾਰਿਆਂ ਦਾ ਪ੍ਰਬੰਧ ਕਰ ਸਕਦੇ ਹਨ। ਜਿਥੋਂ ਤਕ ਜਾਗੀਰਾਂ ਦਾ ਸਬੰਧ ਹੈ ਜਦ ਤਕ ਦੋਹਾਂ ਪਾਰਟੀਆਂ ਦਾ ਕੋਈ ਸਮਝੌਤਾ ਨਹੀਂ ਹੁੰਦਾ ਜਾਗੀਰਾਂ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਰਹਿਣ ਗੀਆਂ।

ਇਸ ਪ੍ਰਕਾਰ ਗੁ: ਬਾਬੇ ਦੀ ਬੇਰ ਦਾ ਝਗੜਾ ਮੁਕ ਗਿਆ। ਸਿਖਾਂ ਨੂੰ ਹੌਸਲਾ ਹੋ ਗਿਆ ਕਿ ਜੇ ਉਹ ਉਪਰਾਲਾ ਕਰਨ ਤਾਂ ਗੁਰਦਵਾਰਿਆਂ ਦੇ ਸਵਾਲ ਪਰ ਸਰਕਾਰ ਉਨ੍ਹਾਂ ਅਗੇ ਝੁਕ ਜਾਵੇ ਗੀ ਪ੍ਰੰਤੂ ਇਸ ਫੈਸਲੇ ਦਾ ਮਹੰਤਾਂ ਤੇ ਪੁਜਾਰੀਆਂ ਪਰ ਬਹੁਤ ਬੁਰਾ ਅਸਰ ਹੋਇਆ। ਉਨ੍ਹਾਂ ਨੇ ਥਾਂ ਥਾਂ ਮੁਕਾਬਲੇ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਸ੍ਰੀ ਅੰਮ੍ਰਿਤਸਰ ਵਿਚ ਕਈ ਅਜਿਹੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਅਕਾਲੀ ਲਹਿਰ ਵਿਚ ਬਹੁਤ ਜ਼ਿਆਦਾ ਜੋਸ਼ ਪੈਦਾ ਕਰ ਦਿਤਾ। ਹਰ ਥਾਂ ਤੇ ਪੁਜਾਰੀਆਂ ਅਤੇ ਅਕਾਲੀਆਂ ਵਿਚ ਖਿਚਾਓ ਵਧਣ ਲਗ ਪਿਆ। ਸਿਖ ਜਥੇਬੰਦ ਹੋਣ ਲਗ ਪਏ ਅਤੇ ਗੁਰਦਵਾਰਾ ਸੁਧਾਰ ਲਈ ਥਾਂ ਥਾਂ ਲੈਕਚਰ ਹੋਣ ਲਗੇ।

## ਸ੍ਰੀ ਅਕਾਲ ਤਖਤ ਸਾਹਿਬ ਪੁਰ ਕਬਜ਼ਾ

ਸ੍ਰੀ ਅੰਮ੍ਰਿਤਸਰ ਸਿਖਾਂ ਦਾ ਕੇਂਦਰੀ ਸ਼ਹਿਰ ਹੈ ਤੇ ਸ੍ਰੀ ਅਕਾਲ ਤਖਤ ਅਤੇ ਸ੍ਰੀ ਦਰਬਾਰ ਸਾਹਿਬ ਸਭ ਤੋਂ ਵਡੇ ਕੇਂਦਰੀ ਗੁਰ ਅਸਥਾਨ ਹਨ। ਇਨ੍ਹਾਂ ਵਿਚ ਹੋਈਆਂ ਘਟਨਾਵਾਂ ਦਾ ਸਾਰੀ ਕੌਮ ਪਰ ਅਸਰ ਪੈਂਦਾ ਹੈ। ਇਸ ਲਈ ਸਿਖ ਲੀਡਰ ਇਹ ਚਾਹੁੰਦੇ ਸਨ ਕਿ ਜੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਪਰ ਅਕਾਲੀਆਂ ਦਾ ਕਬਜ਼ਾ ਹੋ ਜਾਵੇ ਤਾਂ ਬਾਕੀ ਗੁਰਦਵਾਰਿਆਂ ਦਾ ਸਾਡੇ ਕਬਜ਼ੇ ਵਿਚ ਆਉਣਾ ਆਸਾਨ ਹੋ ਸਕਦਾ ਹੈ। ਸਿਖ ਇਤਿਹਾਸ ਵਿਚ ਸ੍ਰੀ ਅੰਮ੍ਰਿਤਸਰ ਦੇ ਪਰਬੰਧ ਨੂੰ ਬਹੁਤ ਹੀ ਮਹਾਨਤਾ ਦਿਤੀ ਗਈ ਹੈ। ਇਸ ਗੁਰ ਅਸਥਾਨ ਦੀ ਮਰਯਾਦਾ ਕ਼ਾਇਮ ਰਖਣ ਲਈ ਸਿਖਾਂ ਨੇ ਬੇਅੰਤ ਕੁਰਬਾਨੀਆਂ ਦਿਤੀਆਂ ਅਤੇ ਭਾਈ ਮਨੀ ਸਿੰਘ ਜੀ ਜੈਸੇ ਬਜ਼ੁਰਗ ਕੁਰਬਾਨ ਹੋਏ।

ਸ੍ਰੀ ਅੰਮ੍ਰਿਤਸਰ ਦੇ ਪੁਜਾਰੀਆਂ ਤੇ ਸਰਬਰਾਹ ਵਿਰੁਧ ਸ਼ਕਾਇਤਾਂ ਵਧ ਰਹੀਆਂ ਸਨ, ਜਿਸ ਕਰਕੇ (ਖਾਲਸਾ ਬਰਾਦਰੀ) ਚੀਫ ਖਾਲਸਾ ਤੇ ਸਿੰਘ ਸਭਾ ਵਲੋਂ ੧੯੦੭ ਵਿਚ ਖਾਲਸਾ ਬਰਾਦਰੀ ਕਾਇਮ ਕੀਤੀ ਜਿਸ ਦੇ ਇਹ ਮੁਖ ਕੰਮ ਸਨ ਕਿ ਹਰੇਕ ਜਾਤੀ ਦੇ ਪ੍ਰਾਣੀ ਨੂੰ ਅੰਮ੍ਰਿਤ ਛਕਾਕੇ ਖਾਲਸਾ ਪੰਥ ਵਿਚ ਸਮੇਲਨ ਕਰਨਾ।

ਇਸ ਦੇ ਔਹਦੇਦਾਰ ਇਹ ਸਨ:—

ਪ੍ਰਧਾਨ: ਸ: ਨਿਹਾਲ ਸਿੰਘ ਜੀ ਬਜਾਜ ਬਾਜ਼ਾਰ ਕਰੋੜੀ ਅੰਮ੍ਰਿਤਸਰ।
ਮੀਤ ਪ੍ਰਧਾਨ: ਸ: ਨੌਰੰਗ ਸਿੰਘ ਜੀ 'ਤਾਂਘੀ'

Digitized by Panjab Digital Library | www.panjabdigilib.org

ਜਨਰਲ ਸਕੱਤ੍ਰ: ਭਾ: ਸੁੰਦਰ ਸਿੰਘ ਜੀ ਹਕੀਮ ਚੌਕ ਬਾਬਾ ਸਾਹਿਬ ਅੰਮ੍ਰਿਤਸਰ
ਮੀਤ ਸਕੱਤ੍ਰ: ਸ: ਮਤਾਬ ਸਿੰਘ ਬੀਰ ਬਕਾ ਪੁਰ ਜਲੰਧਰ
ਖਜ਼ਾਨਚੀ: ਸ: ਰਾਮ ਸਿੰਘ ਜੀ ਅੰਮ੍ਰਿਤਸਰ

ਇਸ ਸੁਸਾਇਟੀ ਨੇ ਪੰਥ ਪਾਸੋਂ ਮਿਲਵਰਤਣਤਾ ਲਈ ਇਸ਼ਤਿਹਾਰ ਦੁਆਰਾ ਪੰਥ ਪਾਸ ਬੇਨਤੀ ਕੀਤੀ ਕਿ ਰਵਦਾਸੀਏ, ਰਹਿਤੀਏ, ਮਜ਼ਬੀ ਆਦਿ ਨੂੰ ਖਾਲਸਾ ਬਰਾਦਰੀ ਦੀ ਸਾਂਝੀਵਾਲਤਾ ਵਿਚ ਸ਼ਾਮਲ ਕੀਤਾ ਜਾਵੇ। ਜੋ ਇਸ ਤਰ੍ਹਾਂ ਹੀ ਹੋਇਆ। ਇਸ ਦਾ ਮੁਢ ੧੯੦੮ ਨੂੰ ਸੂਰਮੇ ਮਤਾਬ ਸਿੰਘ ਦੇ ਪ੍ਰਵਾਰ ਨੂੰ ਅੰਮ੍ਰਿਤ ਛਕਾ ਕੇ ਕੀਤਾ। ਅੰਮ੍ਰਿਤ ਛਕਾਉਣ ਵੇਲੇ ਕੁਲ ੨੫ ਸਿੰਘ ਸ਼ਾਮਲ ਹੋਏ। ਇਸ ਕੰਮ ਲਈ ਆਮ ਜੰਤਾ ਨੇ ਸਹਿਯੋਗ ਨਾ ਦਿਤਾ। ਅਖੀਰ ਕਮੇਟੀ ਦੇ ਮੈਂਬਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਏ ਕੀਤਾ ਗਿਆ ਅਤੇ ਇਹ ਕਮੇਟੀ ਇਸ ਕਰਕੇ ਟੁਟਣ ਤੇ ਨਵੀਂ ਕਮੇਟੀ ਹੇਠਾਂ ਲਿਖੇ ਅਨੁਸਾਰ ਬਣੀ।

ਪ੍ਰਧਾਨ: ਲਾਸਾਨੀ ਫ਼ਿਲਾਸਫਰ ਕਰਤਾਰ ਸਿੰਘ ਜੀ ਪੰਡਤ
ਸਕੱਤ੍ਰ: ਮਹਿਤਾਬ ਸਿੰਘ ਜੀ ਬੀਰ ਬਕਾ ਪੁਰ ਜਲੰਧਰ
ਖਜ਼ਾਨਚੀ: ਰਾਮ ਸਿੰਘ ਅੰਮ੍ਰਿਤਸਰ
ਮੈਂਬਰ: ਨਿਹਾਲ ਸਿੰਘ ਤੇ ਸੁੰਦਰ ਸਿੰਘ

ਉਪਰ ਦਿਤੀ ਕੰਮ ਦੀ ਰੀਪੋਰਟ ਨੂੰ ਦੂਰ ਕਰਨ ਉਕਤ ਕਮੇਟੀ ਨੇ ਦੁਬਾਰਾ ਕੰਮ ਕਰਨਾ ਸ਼ੁਰੂ ਕੀਤਾ। ੧੯੦੮ ਅਪਰੈਲ ਵਿਚ ਪਿੰਡ ਪਲਾਹੀ ਜ਼ਿਲਾ ਜਲੰਧਰ ਵਿਖੇ ਅੰਮ੍ਰਿਤ ਛਕਾਇਆ ਗਿਆ ਅਤੇ ਰਹਿਤੀਆਂ ਨੇ ਅਰਜ਼ ਕੀਤੀ ਕਿ ਰਵਦਾਸੀਆਂ ਅਤੇ ਮਜ਼ਬੀਆਂ ਨੂੰ ਅੰਮ੍ਰਿਤ ਨਾ ਛਕਾਇਆ ਜਾਵੇ ਜੋ ਇਸ ਤੇ ਖਿਚੋਤਾਣੀ ਹੁੰਦੀ ਰਹੀ ਪਰ ਅੰਮ੍ਰਿਤ ਛਕਾਉਣ ਵਾਲੇ ਜਥੇ ਨੇ ਇਹ ਗਲ ਨਾ ਮੰਨੀ। ਅੰਮ੍ਰਿਤ ਛਕਣ ਵਾਲਿਆਂ ਵਲੋਂ ਇਹ ਦਰਖਾਸਤ ਸੀ ਕਿ ਸਾਨੂੰ ਪੰਥ ਵਿਚ ਸਮੇਲਨ ਕਰਨ ਦਾ ਸਰਟੀਫੀਕੇਟ ਦਿਤਾ ਜਾਵੇ ਪਰ ਉਸ ਤੇ ਸ: ਸੁੰਦਰ ਸਿੰਘ ਮਜੀਠਾ ਦੇ ਦਸਤਖਤ ਹੋਣ ਜੋ ਅਜੇਹੇ ਸਰਟੀਫੀਕੇਟ ਜਾਰੀ ਕੀਤੇ ਗਏ। ਇਸ ਜਥੇ ਨੇ ੧੯੦੮ ਤੋਂ ੧੯੨੦ ਤਕ ਚਾਰ ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਹਰਿਮਦਰ ਸਾਹਿਬ ਸਰਬਰਾਹ ਵਲੋਂ ਇਕ ਸਾਈਨ ਬੋਰਡ ਲਗਾਇਆ ਹੋਇਆ ਸੀ, ਜਿਸ ਤੇ ਇਹ ਲਿਖਿਆ ਹੋਇਆਂ ਸੀ ਕਿ ੧੦ ਵਜੇ ਤੋਂ ਪਹਿਲੇ ਪਿਛੇ ਰਹੀਆਂ ਸ਼੍ਰੇਣੀਆਂ ਨੂੰ ਆਉਣ ਦੀ ਮਨਾਹੀ ਹੈ ਜਿਸ ਕਰਕੇ ਸੰਗਤਾਂ ਵਿਚ ਬਹੁਤ ਘਬਰਾਹਟ ਪੈਦਾ ਹੋ ਰਹੀ ਸੀ।

"ਜਿਸਨੋ ਆਪ ਖੁਆਏ ਕਰਤਾ ਖਸ ਲਏ ਚੰਗਿਆਈ"

ਸ੍ਰੀ ਦਰਬਾਰ ਸਾਹਿਬ ਦੇ ਸਿਰ ਬਰਾਹ ਤੇ ਪੁਜਾਰੀਆਂ ਦੇ ਵਿਰੁਧ ਦਿਨ ਪਰ ਦਿਨ ਕੁਰੀਤੀਆਂ ਦੇਖ ੨ ਸੰਗਤਾਂ ਵਿਚ ਰੋਸ ਵਧਦਾ ਜਾ ਰਿਹਾ ਸੀ। ਗੌਰਮਿੰਟ ਦੇ ਪਿਠੂ ਹੋਣ ਤੇ ਅਕਾਲ ਤਖਤ ਦੇ ਪੁਜਾ-ਰੀਆਂ ਨੇ ਗੁਰੂ ਨਾਨਕ ਕੈਨੇਡਾ ਜਹਾਜ਼ ਵਾਲੇ ਮੁਸਾਫਰਾਂ ਨੂੰ ਅਸਿਖ ਕਹਿਕੇ ਪ੍ਰਚਾਰਨਾ। ੧੩ ਅਪਰੈਲ ੧੯੧੯ ਨੂੰ ਦੁਖਾਂ ਦੇ ਸਾਧਨ ਸੋਚਨ ਲਈ ਇਕਤ੍ਰ ਹੋਏ। ਹਿੰਦੀ ਭਰਾਵਾਂ ਨੂੰ ਜਲਿਆਂ ਵਾਲੇ ਬਾਗ ਵਿਚ ਧਾਨਾਂ ਵਾਂਗ ਗੋਲੀਆਂ ਨਾਲ ਭੁੰਨ ਕੇ ਆਏ ਡਾਇਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਆਉਂਦਿਆਂ ਸਿਰਬਰਾਹ ਤੇ ਪੁਜਾਰੀਆਂ ਵਲੋਂ ਸਿਰੋਪਾ ਦਿਤਾ ਗਿਆ।

ਇਕ ਦਿਨ ਸਵੇਰੇ ਪੁਜਾਰੀ ਨੇ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਨਾਮਾ ਸੁਨਾਉਣ ਤੋਂ ਇਨਕਾਰ ਕੀਤਾ। ਸੰਗਤ ਜੀ ਨੇ ਸਰਬਰਾਹ ਪਾਸ ਇਤਰਾਜ ਪ੍ਰਗਟ ਕੀਤਾ ਅਤੇ ਪੁਜਾਰੀ ਨੇ ਮਾਫੀ ਮੰਗ ਲਈ ਅਤੇ ਦੂਜੇ ਦਿਨ ਫੇਰ ਨਾ ਆਇਆ, ਜਿਸ ਪਰ ਸੰਗਤ ਨੇ ਡਿਪਟੀ ਕਮਿਸ਼ਨਰ ਤੇ

Digitized by Panjab Digital Library | www.panjabdigilib.org

ਸਰਬਰਾਹ ਦੇ ਖਿਲਾਫ ਇਕ ਮਤਾ ਪਾਸ ਕੀਤਾ ਕਿ ੨੯ ਅਗਸਤ ਤਕ ਸਰਬਰਾਹ ਤੋਂ ਤਿਆਗ ਪੱਤਰ ਦੇਣ ਦੀ ਮੰਗ ਕੀਤੀ। ਇਸ ਦੇ ਮੁਤਲਕ ਜਲ੍ਹਿਆਂ ਵਾਲੇ ਬਾਗ ਵਿਚ ਇਕ ਜਲਸਾ ਹੋਇਆ ਜਿਸ ਵਿਚ ਸ: ਰੂੜ ਸਿੰਘ ਸਰਬਰਾਹ ਨੇ ਮਾਫੀ ਮੰਗੀ ਤੇ ਤਿਆਗ ਪੱਤਰ ਦੇਣ ਦਾ ਐਲਾਨ ਕੀਤਾ। ਥੋੜੇ ਅਰਸੇ ਤੋਂ ਬਾਦ ਸਰਕਾਰ ਵਲੋਂ 'ਸਰ' ਦਾ ਖਿਤਾਬ ਦਿਤਾ ਗਿਆ।

ਸਿੰਘ ਸਭਾ ਲਹਿਰ ਨੇ ਪਿਛੇ ਰਹੀਆਂ ਸ਼੍ਰੇਣੀਆਂ ਨੂੰ ਅੰਮ੍ਰਿਤ ਛਕਾ ਕੇ ਪੰਥ ਵਿਚ ਸਮੇਲਨ ਕਰ ਲਿਆ ਅਤੇ ਕਈ ਮੁਸਲਮਾਨਾਂ ਨੇ ਭੀ ਪ੍ਰਸੰਨਤਾ ਨਾਲ ਅੰਮ੍ਰਿਤ ਛਕ ਕੇ ਸਿਖ ਪੰਥ ਨੂੰ ਧਾਰਨ ਕੀਤਾ ਚਾਹੇ ਸਿਖ ਧਰਮ ਵਿਚ ਜਾਤ ਪਾਤ ਦੀ ਵੰਡ ਤੇ ਛੂਤ ਛਾਤ ਦੀ ਚੰਦਰੀ ਬੀਮਾਰੀ ਦਾ ਖਾਤਮਾ ਕੀਤਾ ਗਿਆ ਸੀ। ਸਮੇਂ ਦੇ ਗੇੜ ਨੇ ਐਸਾ ਚਕਰ ਦਿਤਾ ਕਿ ਇਹ ਨਾ ਮੁਰਾਦ ਬੀਮਾਰੀ ਗੁਰਦਵਾਰਿਆਂ ਵਿਚ ਆ ਗਈ। ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਬੜੀ ਛੂਤ ਛਾਤ ਮੰਨਣ ਲਗ ਪਏ ਸਨ ਅਤੇ ਸ੍ਰੀ ਦਰਬਾਰ ਸਾਹਿਬ ਜੀ ਦਾ ਸਰਬਰਾਹ ਸਰਕਾਰ ਵਲੋਂ ਹੁੰਦਾ ਸੀ। ਉਸ ਦਾ ਸਾਈਨ ਬੋਰਡ ਤੇ ਲਿਖਿਆ ਸੀ ਕਿ ਛੂਤ ਜਾਤੀ ਦਾ ਬੰਦਾ ਸਵੇਰ ੧੦ ਵਜੇ ਤੋਂ ਪਹਿਲੇ ਜੋ ਹਰਿਮੰਦਰ ਸਾਹਿਬ ਆਵੇਗਾ ਉਹ ਸਜ਼ਾ ਦਾ ਹਕਦਾਰ ਹੋਵੇਗਾ ਅਤੇ ਸਿੰਘ ਸਭੀਆਂ ਦੀ ਵਿਰੋਧਤਾ ਇਸ ਵਾਸਤੇ ਕਰਦੇ ਸਨ ਕਿ ਸਿੰਘ ਸਭੀਆਂ ਵਲੋਂ ਪਿਛੇ ਰਹੀਆਂ ਸ਼੍ਰੇਣੀਆਂ ਵਿਚ ਪ੍ਰਚਾਰ ਕਰਨ ਲਈ ਖਾਲਸਾ ਬਰਾਦਰੀ ਕਾਰਜ ਸਾਧਕ ਦਲ ਜੋ ੧੯੦੭ ਵਿਚ ਕਾਇਮ ਕੀਤਾ ਗਿਆ ਸੀ। ਉਹਨਾਂ ਵਲੋਂ ੨੫-੨੬-੨੭ ਅਸੂ ਮੁਤਾਬਿਕ ੧੦-੧੧-੧੨ ਅਕਤੂਬਰ ਸੰਨ ੧੯੨੦ ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਚਰਨ ਦਾਸੀਆਂ ਜੋਉਣ ਵਾਲਿਆਂ ਨੂੰ ਅੰਮ੍ਰਿਤ ਛਕਾਉਣ ਵਾਸਤੇ ਦੀਵਾਨ ਰਖਿਆ ਗਿਆ। ਜਿਸ ਦੇ ਇਸ਼ਤਿਹਾਰ ਵਿਚ ਹੇਠ ਲਿਖਿਆ ਕਬਿਤ ਸੀ।

ਚੀਫ ਖਾਲਸਾ ਦੀਵਾਨ ਹੋਰ ਜਥੇ ਵੀ ਤਮਾਮ ਗੁਣੀ ਗਿਆਨੀ ਮਿਲ ਆਇ ਦਰਸ ਦਿਖਾਉਣ ਗੇ।  
ਜਾਤ ਦਾ ਜੋ ਭੂਤ ਜਮਦੂਤ ਦੁਖਦਾਈ ਭਾਰਾ ਏਕਤਾ ਦਾ ਮੰਤਰ ਫੂਕ ਲੁਟ ਹੀ ਉਡਾਉਣ ਗੇ।  
ਖਾਲਸਾ ਜੀ ਪੰਥ ਗੁਰੂ ਦਸਵੇਂ ਦਾ ਸਾਜਿਆ ਜੋ ਇਸ ਦੇ ਅਕਾਲੀ ਝੰਡੇ ਹੇਠਾ ਸਭ ਨੂੰ ਲਿਔਣਗੇ।  
ਰਹਿਤੀਏ, ਰਵਦਾਸੀਏ ਤੇ ਮਜ਼ਬੀ ਜੋ ਹੋਰ ਜਾਤਾਂ ਓਹਨਾਂ ਤਾਈਂ ਮੇਟ ਇਕੋ ਖਾਲਸਾ ਸਜੌਣਗੇ।

ਇਹ ਇਸ਼ਤਿਹਾਰ ਭਾਈ ਮਤਾਬ ਸਿੰਘ ਜੀ ਬੀਰ ਖਾਲਸਾ ਬਰਾਦਰੀ ਕਾਰਜ ਸਾਧਕ ਦਲ ਵਲੋਂ ਕਢਿਆ ਗਿਆ ਸੀ। ਇਸ ਦੀਵਾਨ ਤੇ ਸੰਗਤਾਂ ਦੀ ਹਾਜ਼ਰੀ ਬਹੁਤ ਘਟ ਸੀ ਤਾਂ ਸੰਤ ਲਖਬੀਰ ਸਿੰਘ ਜੀ ਜਿਹੜੇ ਕਿ ਚੀਫ ਖਾਲਸਾ ਦੀਵਾਨ ਦੇ ਰੁਕਨ ਸਨ। ਉਹਨਾਂ ਨ ਖਾਲਸਾ ਕਾਲਜ ਦੇ ਕੁਲ ਵਿਦਿਆਰਥੀ ਅਤੇ ਪ੍ਰੋ: ਸਾਹਿਬ ਦੀਵਾਨ ਵਿਚ ਪ੍ਰੇਰਨਾ ਕਰਕੇ ਸ਼ਾਮਲ ਕੀਤੇ ਅਤੇ ਚੀਫ ਖਾਲਸਾ ਦੇ ਮੁਖੀ ਸ: ਮੰਗਲ ਸਿੰਘ ਜੀ ਮਾਨ, ਸ: ਮਾਨ ਸਿੰਘ ਜੀ ਜਜ, ਸ: ਕਿਰਪਾਲ ਸਿੰਘ ਜੀ ਮਜੀਠਾ, ਬਾਵਾ ਹਰਕਿਸ਼ਨ ਸਿੰਘ ਜੀ, ਤੇਜਾ ਸਿਘ ਪ੍ਰੋਫੈਸਰ ਆਦਿ ਦੇ ਆਉਣ ਤੇ ਦੀਵਾਨ ਵਿਚ ਬੇਅੰਤ ਰੌਣਕ ਹੋ ਗਈ ਅਤੇ ਰਾਤ ਦੀ ਇਕਤ੍ਰਤਾ ਵਿਚ ਪਾਸ ਕੀਤਾ ਗਿਆ ਕਿ ਜੋ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਤੇ ਫੱਟਾ ਹੈ, ਜਿਸ ਤੇ ਲਿਖਿਆ ਹੋਇਆ ਹੈ ਕਿ ੧੦ ਵਜੇ ਤੋਂ ਪਹਿਲਾਂ ਕੋਈ ਰਹਿਤੀਆ, ਮਜ਼ਬੀ, ਰਵ-ਦਾਸੀਆ ਆ ਨਹੀਂ ਸਕਦਾ। ਜਿਹੜਾ ਪਹਿਲਾਂ ਆਵੇ ਉਸ ਨੂੰ ਸਜ਼ਾ ਦੇਣ ਦਾ ਅਧਿਕਾਰ ਸ: ਰੂੜ ਸਿੰਘ ਸਰਬਰਾਹ ਨੂੰ ਸੀ। ਇਸ ਪਬੰਦੀ ਨੂੰ ਤੋੜਨ ਵਾਸਤੇ ਦੂਜੇ ਦਿਨ ਸਵੇਰੇ ਕੜਾਹ ਪਰਸ਼ਾਦ ਦੀ ਦੇਗ ਲੈਕੇ ਜਾਣ ਵਾਲੇ ਹੇਠ ਲਿਖੇ ਸਿੰਘ ਤਿਆਰ ਹੋਏ।

ਭਾਈ ਬਿਸ਼ਨ ਸਿੰਘ ਪਿੰਡ ਪੰਜਵੜ ਜ਼ਿਲਾ ਅੰਮ੍ਰਿਤਸਰ  
" ਵਰਿਆਮ ਸਿੰਘ " " "

Digitized by Panjab Digital Library | www.panjabdigilib.org

ਭਾਈ ਗੁਲਾਬ ਸਿੰਘ ਚਕ ਨੰ: ੬੪ ਮਿੰਟਗੁਮਰੀ
,, ਭਗਵਾਨ ਸਿੰਘ ਅੰਮ੍ਰਿਤਸਰ

ਉਪਰ ਲਿਖੇ ਚਾਰ ਸਿੰਘ ੧੨ ਅਕਤੂਬਰ ਨੂੰ ਰਾਤ ਵਾਲੇ ਗੁਰਮਤੇ ਮੁਤਾਬਿਕ ਕੜਾਹ ਪ੍ਰਸ਼ਾਦਿ ਦੀ ਦੇਗ ਸਜਾਕੇ ੮ ਵਜੇ ਸਵੇਰੇ ਜਲਿਆ ਵਾਲੇ ਬਾਗ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਤੁਰਿਆ ਤੁਰਨ ਵੇਲੇ ੧੮-੨੦ ਸੰਘ ਸਨ।

ਸ: ਕਰਤਾਰ ਸਿੰਘ ਝਬਰ — ਸ: ਤੇਜਾ ਸਿੰਘ ਭੁਚਰ
ਸ: ਤੇਜਾ ਸਿੰਘ ਚੂਹੜਕਾਣਾ — ਸ: ਪਿਆਰ ਸਿੰਘ ਚੂਹੜਕਾਣਾ

ਇਹ ਚਾਰੇ ਆਪੋ ਆਪਣੇ ਜਥਿਆਂ ਸਮੇਤ ਆ ਮਿਲੇ। ਹੁਣ ਸਾਰੇ ਘੰਟਾ ਘਰ ਤਕ ੧੫-੨੦ ਹਜ਼ਾਰ ਤਕ ਸੰਗਤਾਂ ਉਨ੍ਹਾਂ ਦੇ ਨਾਲ ਸ਼ਾਮਲ ਹੋ ਗਈਆਂ।

ਸ਼ਹਿਰ ਵਿਚ ਬੜੀ ਚਰਚਾ ਸੀ। ਸੁਧਾਰਕ ਸਿੰਘ ਇਸ ਸਾਰੀ ਕਾਰਵਾਈ ਨੂੰ ਗਿਣੇ ਮਿੱਥੇ ਪ੍ਰੋਗ੍ਰਾਮ ਅਨੁਸਾਰ ਚਲਾ ਰਹੇ ਸਨ। ਜਦ ਇਹ ਸਿੰਘ ਸ੍ਰੀ ਦਰਬਾਰ ਸਾਹਿਬ ਪੁਜੇ ਤਾਂ ਪੁਜਾਰੀਆਂ ਨੇ ਅਰਦਾਸ ਕਰਨ ਤੋਂ ਤੇ ਕੜਾਹ ਪ੍ਰਸ਼ਾਦ ਚੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਸਿੰਘਾਂ ਤੇ ਪੁਜਾਰੀਆਂ ਵਿਚ ਕਾਫੀ ਦੇਰ ਤੱਕ ਝਗੜਾ ਹੁੰਦਾ ਰਿਹਾ। ਅੰਤ ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਲਿਆ ਜਾਵੇ, ਉਸ ਦਾ ਜੋ ਭਾਵ ਹੋਵੇ, ਉਸ ਅਨੁਸਾਰ ਵਰਤੋਂ ਕੀਤੀ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾ: ਗੁਰਬਚਨ ਸਿੰਘ ਜੀ ਗ੍ਰੰਥੀ ਨੇ ਮਹਾਂਵਾਕ ਲਿਆ ਤਾਂ ਇਹ ਹੁਕਮ ਆਇਆ :-

॥ ਸੋਰਠ ਮਃ ੩ ਦੁਤੁਕੀ ॥

ਨਿਰਗੁਣਿਆਂ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।
ਸਤਿਗੁਰ ਕੀ ਸੇਵਾ ਉੱਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥ ੧ ॥
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣ ਹੀਣ ਹਮ ਅਪਰਾਧੀ ਭਾਈ ਪੂਰੇ ਸਤਿਗੁਰਿ ਲਏ ਰਲਾਇ। ਰਹਾਉ ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸ਼ਬਦ ਵਿਚਾਰਿ ॥
ਭਉਜਲ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ। ੨ ॥
ਮਨੂਰੈ ਤੇ ਕੰਚਨ ਭਏ ਭਾਈ ਗੁਰ ਪਾਰਸਿ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ। ੩ ॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮ ਨਿਧਾਨੁ ਜਿਨਿ ਦਿੱਤਾ ਭਾਈ ਗੁਰਮਤਿ ਸਹਿਜ ਸਮਾਉ। ੪ ॥
ਗੁਰ ਬਿਨੁ ਸਹਿਜ ਨਾ ਊਪਜੈ ਭਾਈ ਪੂਛਹੁ ਗਿਆਨੀਆਂ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰ ਭਾਈ ਵਿਚਹੁ ਆਪੁ ਗਵਾਇ। ੫ ॥
ਗੁਰ ਮਤੀ ਭਉ ਊਪਜੈ ਭਾਈ ਭਉ ਕਰਣੀ ਸੱਚ ਸਾਰੁ ॥
ਪ੍ਰੇਮ ਪਦਾਰਥੁ ਪਾਈਐ ਭਾਈ ਸੱਚੁ ਨਾਮੁ ਆਧਾਰੁ। ੬ ॥
ਜੋ ਸਤਿਗੁਰ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮ ਸਵਾਰੀਂ ਆਪਣਾ ਭਾਈ ਕੁਲ ਭੀ ਲਈ ਬਖਸ਼ਾਇ। ੭ ॥

Digitized by Panjab Digital Library | www.panjabdigilib.org

ਸਚੁ ਬਾਣੀ ਸਚੁ ਸ਼ਬਦੁ ਹੈ ਭਾਈ ਗੁਰ ਕ੍ਰਿਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨਾ ਲਾਗੈ ਕੋਇ । ੮ ॥

ਇਹ ਮੁਖ ਵਾਕ ਸੁਣਕੇ ਸੰਗਤ ਬਹੁਤ ਪ੍ਰਭਾਵਤ ਹੋਈ । ਜੈਕਾਰਿਆਂ ਦੀ ਗੂੰਜ ਨਾਲ ਅਸਮਾਨ ਗੂੰਜ ਉਠਿਆ । ਪੁਜਾਰੀਆਂ ਨੇ ਅਰਦਾਸ ਕਰ ਦਿਤੀ ਪ੍ਰਸ਼ਾਦ ਵਰਤਾਇਆ ਗਿਆ । ਇਸ ਤੋਂ ਉਪਰੰਤ ਸਾਰੀ ਸੰਗਤ ਸ੍ਰੀ ਅਕਾਲ ਤਖਤ ਤੇ ਪੁਜੀ । ਪੁਜਾਰੀ ਤਖਤ ਸਾਹਿਬ ਛਡ ਕੇ ਨੱਸ ਗਏ । ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਤੇਜਾ ਸਿੰਘ ਭੁਚਰ ਨੇ ੨੫ ਸਿੰਘਾਂ ਦੇ ਜਥੇ ਦਾ ਤਖਤ ਸਾਹਿਬ ਪਰ ਪਹਿਰਾ ਲਗਾ ਦਿਤਾ । ਪੁਜਾਰੀਆਂ ਦੀ ਇਸ ਕਾਇਰਤਾ ਵਿਰੁਧ ਸੰਗਤਾਂ ਨੇ ਸਖਤ ਰੋਸ ਪ੍ਰਗਟ ਕੀਤਾ । ਇਸ ਦੀ ਇਤਲਾਹ ਸੁੰਦਰ ਸਿੰਘ ਸਰਬਰਾਹ ਨੂੰ ਭੀ ਦਿਤੀ ਗਈ । ਉਨ੍ਹਾਂ ਨੇ ਪੁਜਾਰੀਆਂ ਨੂੰ ਸਦਿਆ ਪਰ ਉਹ ਨਾਂ ਆਏ ।

ਦੂਜੇ ਦਿਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ਼ਹਿਰ ਦੇ ਮੁਖੀ ਸਿੱਖਾਂ, ਸਰਬਰਾਹ ਤੇ ਪੁਜਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਵਿਚਾਰ ਕਰਨ ਲਈ ਆਪਣੀ ਕੋਠੀ ਸਦਿਆ । ਪੁਜਾਰੀ ਉਥੇ ਭੀ ਨਾ ਗਏ । ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ, (੧) ਸ: ਸੁੰਦਰ ਜੀ ਰਾਮਗੜ੍ਹੀਆਂ ਸਰਬਰਾਹ । (੨) ਬਾਵਾ ਹਰਕਿਸ਼ਨ ਸਿੰਘ ਜੀ ਖਾਲਸਾ ਕਾਲਜ । (੩) ਪ੍ਰੋ: ਤੇਜਾ ਸਿੰਘ ਜੀ ਖਾਲਸਾ ਕਾਲਜ । (੪) ਭਾਈ ਦੇਵਾ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ । (੫) ਭਾਈ ਬਹਾਦਰ ਸਿੰਘ ਹਕੀਮ । (੬) ਸ: ਤੇਜਾ ਸਿੰਘ ਜੀ ਭੁੱਚਰ । (੭) ਸ: ਕਰਤਾਰ ਸਿੰਘ ਜੀ ਝਬਰ । (੮) ਸ: ਚੰਦਾ ਸਿੰਘ ਜੀ ਐਡੀਟਰ ਪੰਥ ਸੇਵਕ ਅਖਬਾਰ ਲਾਹੌਰ । (੯) ਡਾਕਟਰ ਗੁਰਬਖਸ਼ ਸਿੰਘ ਜੀ । ਇਨ੍ਹਾਂ ੯ ਸਜਨਾਂ ਦੀ ਇਕ ਕਮੇਟੀ ਬਣਾ ਦਿਤੀ ਜਿਸ ਦਾ ਮੁਖੀ ਸਰਬਰਾਹ ਸੀ । ਪੁਜਾਰੀਆਂ ਨੇ ਬਢੇ ਦਲ ਦੇ ਨਿਹੰਗ ਸਿੰਘਾਂ ਨੂੰ ਅਕਾਲੀਆਂ ਵਿਰੁਧ ਲੜਨ ਲਈ ਉਕਸਾਇਆ ਪ੍ਰੰਤੂ ਬਾਬਾ ਕੇਹਰ ਸਿੰਘ ਪੱਟੀ ਦੇ ਸਮਝਾਉਣ ਪਰ ਉਹ ਬਾਜ਼ ਆ ਗਏ । ਬਾਬਾ ਜੀ ਤੇ ਨਿਹੰਗ ਸਿੰਘਾਂ ਨੂੰ ਇਸ ਗੱਲ ਪਰ ਰਜ਼ਾਮੰਦ ਕਰ ਲਿਆ ਕਿ ਜਦ ਤੱਕ ਸਾਰੇ ਸਿੱਖਾਂ ਦੀ ਕੋਈ ਸਾਂਝੀ ਇਕੱਤ੍ਰਤਾ ਹੋ ਕੇ ਫੈਸਲਾ ਨਹੀਂ ਹੁੰਦਾ ਮੌਜੂਦਾ ਜਥਾ ਸੇਵਾ ਕਰਦਾ ਰਹੇ ।

ਦੀਵਾਲੀ ਵਾਲੇ ਦਿਨ ਨਿਹੰਗ ਸਿਘਾਂ ਫਿਰ ਸ੍ਰੀ ਅਕਾਲ ਤਖਤ ਸਾਹਿਬ ਪਰ ਕਬਜ਼ਾ ਕਰਨ ਦਾ ਯਤਨ ਕੀਤਾ ਪ੍ਰੰਤੂ ਅਕਾਲੀਆਂ ਨੇ ਅਗੋਂ ਮੁਕਾਬਲਾ ਕਰਨ ਦੀ ਪੂਰੀ ਤਿਆਰੀ ਕਰ ਰਖੀ ਸੀ, ਜਿਸ ਕਰਕੇ ਉਨ੍ਹਾਂ ਦਾ ਹੌਂਸਲਾ ਨਾ ਪਿਆ ।

ਇਸ ਤੋਂ ਉਪਰੰਤ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸਾਧਾਰਨ ਤੌਰ ਪਰ ਚਲਦਾ ਰਿਹਾ । ਕੁਝ ਆਦਮੀਆਂ ਨੇ ਸਾਧਾਂ ਨੂੰ ਭੜਕਾ ਦਿਤਾ ਕਿ ਤੁਸੀਂ ਸ੍ਰੀ ਦਰਬਾਰ ਸਾਹਿਬ ਪਰ ਕਬਜ਼ਾ ਕਰ ਲਉ । ਇਕ ਦਰਜਨ ਸਾਧੂਆਂ ਨੇ ਚਿਮਟੇ ਤੇ ਸੀਖਾਂ ਲੈ ਕੇ ਸ੍ਰੀ ਅਕਾਲ ਤਖਤ ਪਰ ਹਮਲਾ ਕਰ ਦਿਤਾ । ਪੰਜ ਛੇ ਸੇਵਾਦਾਰ ਹਾਜ਼ਰ ਸਨ ਉਨ੍ਹਾਂ ਨੇ ਪ੍ਰਬੰਧ ਸਾਧਾਂ ਨੂੰ ਦੇਣ ਤੋਂ ਨਾਂਹ ਕਰ ਦਿਤੀ । ਇਸ ਪਰ ਸਾਧਾਂ ਨੇ ਮਾਰ ਕੁਟਾਈ ਸ਼ੁਰੂ ਕਰ ਦਿਤੀ । ਕਈ ਸਿੰਘ ਜ਼ਖਮੀ ਹੋ ਗਏ । ਕਈ ਮਾਈਆਂ ਨੂੰ ਭੀ ਸੱਟਾਂ ਵੱਜੀਆ । ਇਤਨੀ ਦੇਰ ਵਿਚ ਹੋਰ ਸੰਗਤ ਆ ਗਈ ਤੇ ਸਾਧਾਂ ਨੂੰ ਧੱਕੇ ਮਾਰ ਕੇ ਤਖਤ ਸਾਹਿਬ ਚੋਂ ਕੱਢ ਦਿਤਾ । ਉਪਰੰਤ ਸ਼੍ਰੋ: ਕਮੇਟੀ ਦੇ ਮੁਖੀ ਤੇ ਪੁਲਸ ਭੀ ਮੌਕੇ ਤੇ ਪੁਜ ਗਈ । ਇਸ ਗੜ ਬੜ ਵਿਚ ਇਕ ਸਾਧੂ ਭੀ ਤਕੜਾ ਜ਼ਖਮੀ ਹੋ ਗਿਆ ਜੋ ਮਰ ਗਿਆ ।

ਇਸ ਤੋਂ ਪਿਛੋਂ ਸ਼੍ਰੋ: ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦਾ ਚਾਰਜ ਸੰਭਾਲ ਲਿਆ ਤੇ ਪ੍ਰਬੰਧ ਵਿਚ ਕਾਫੀ ਸੁਧਾਰ ਕੀਤਾ । ਗੋਲਕਾਂ ਦੀ ਮਾਇਆ ਦੀ ਸੰਭਾਲ ਹੋਈ । ਪੁਜਾਰੀਆਂ ਨੂੰ

Digitized by Panjab Digital Library | www.panjabdigilib.org

ਪੂਜਾ ਭੇਟ ਲੈਣ ਤੋਂ ਬੰਦ ਕਰ ਦਿਤਾ ਗਿਆ । ਸਾਰੀ ਮਾਇਆ ਸ਼ੋ: ਕਮੇਟੀ ਦੇ ਖਜ਼ਾਨੇ ਵਿਚ ਜਮ੍ਹਾਂ ਹੋਣ ਲਗ ਪਈ । ਹੌਲੀ ਹੌਲੀ ਸ੍ਰੀ ਅੰਮ੍ਰਿਤਸਰ ਦੇ ਸਾਰੇ ਗੁਰਦੁਵਾਰੇ ਹੀ ਪੰਥਕ ਪ੍ਰਬੰਧ ਵਿਚ ਆ ਗਏ । ਗਿ: ਕਰਤਾਰ ਸਿੰਘ ਕਲਾਸਵਾਲੀਏ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਨੀਯਤ ਕੀਤਾ ਗਿਆ । ਇਸ ਪ੍ਰਕਾਰ ਸ੍ਰੀ ਅੰਮਿਤਸਰ ਦਾ ਕੇਂਦਰੀ ਗੁਰ ਅਸਥਾਨ ਭੀ ਸਾਂਝੇ ਪ੍ਰਬੰਧ ਵਿਚ ਆ ਗਿਆ ਤੇ ਸੰਗਤਾਂ ਵਿਚ ਖੁਸ਼ੀ ਦੀ ਇਕ ਲਹਿਰ ਦੌੜ ਗਈ ।

## ਸ਼੍ਰੋ: ਕਮੇਟੀ ਦੀ ਕਾਇਮੀ

ਇਸ ਪ੍ਰਕਾਰ ਜਦ ਕਈ ਗੁਰਦਵਾਰੇ ਪੰਥਕ ਪ੍ਰਬੰਧ ਵਿਚ ਆ ਗਏ ਤੇ ਦੂਜਿਆਂ ਦੇ ਆਉਣ ਦੀ ਸੰਭਾਵਨਾ ਪੈਦਾ ਹੋ ਗਈ ਤਾਂ ਸਿਖ ਲੀਡਰਾਂ ਨੇ ਗੁਰਦਵਾਰਿਆਂ ਦੇ ਪ੍ਰਬੰਧ ਨੂੰ ਕੰਟਰੋਲ ਕਰਨ ਲਈ ਇਕ ਕੇਂਦਰੀ ਸੰਸਥਾ ਦੀ ਲੋੜ ਅਨਭਵ ਕੀਤੀ । ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ੧੫ ਨਵੰਬਰ ੧੯੨੦ ਨੂੰ ਦਿਨ ਦੇ ਨੌ ਵਜੇ ਸ੍ਰੀ ਅਕਾਲ ਤਖਤ ਸਾਹਿਬ ਪਰ ਸਮੂਹ ਸਿਖ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਪ੍ਰਤਿਨਿਧਾਂ ਦਾ ਇਕਠ ਬੁਲਾਇਆ । ਮੈਂਬਰਾਂ ਲਈ ਅੰਮ੍ਰਿਤਧਾਰੀ, ਰਹਿਤਵਾਨ, ਦਸਵੰਧ ਦੇਣ ਵਾਲਾ ਤੇ ਨਾਮ ਬਾਣੀ ਦਾ ਅਭਿਆਸੀ ਹੋਣ ਦੀਆਂ ਸ਼ਰਤਾਂ ਰਖੀਆਂ ਗਈਆਂ । ਸਾਰੀਆਂ ਸਿੰਘ ਸਭਾਵਾਂ, ਸਕੂਲਾਂ, ਕਾਲਜਾਂ, ਚੌਹਾਂ ਤਖਤਾਂ ਤੇ ਗੁਰਦਵਾਰਾ ਕਮੇਟੀਆਂ ਨੂੰ ਆਪਣੇ ਪ੍ਰਤਿਨਿਧ ਭੇਜਣ ਲਈ ਲਿਖਿਆ ਗਿਆ ।

ਪੁਜਾਰੀਆਂ, ਮਹੰਤਾਂ ਤੇ ਬਾਵਿਆਂ ਨੇ ਇਸ ਇਕਠ ਦਾ ਵਿਰੋਧ ਕੀਤਾ । ਉਨ੍ਹਾਂ ਨੇ ਇਕ ਇਸ਼ਤਿਹਾਰ ਕਢ ਕੇ ਲੋਕਾਂ ਨੂੰ ਇਸ ਇਕਠ ਵਿਚ ਸ਼ਾਮਲ ਹੋਣ ਤੋਂ ਰੋਕਿਆ । ਇਸ ਇਕਠ ਤੋਂ ਦੋ ਦਿਨ ਪਹਿਲਾਂ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਗੁਰਦਵਾਰਿਆਂ ਦਾ ਪ੍ਰਬੰਧ ਕਰਨ ਲਈ ੩੬ ਮੈਂਬਰਾਂ ਦੀ ਇਕ ਕਮੇਟੀ ਬਨਾਉਣ ਦਾ ਐਲਾਨ ਕਰ ਦਿਤਾ । ਸ: ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ ਐਮ. ਏ. ਤੇ ਬਾਬਾ ਖੜਕ ਸਿੰਘ ਜੀ ਇਸ ਕਮੇਟੀ ਦੇ ਪਰਧਾਨ, ਸਕੱਤ੍ਰ ਤੇ ਮੀਤ ਸਕੱਤ੍ਰ ਨੀਯਤ ਕੀਤੇ ਗਏ । ਇਸ ਕਮੇਟੀ ਨੂੰ ਹੋਰ ਮੈਂਬਰ ਨਾਲ ਰਲਾਉਣ ਦਾ ਭੀ ਅਧਿਕਾਰ ਦਿਤਾ ਗਿਆ ।

ਇਸ ਐਲਾਨ ਹੋਣ ਦੇ ਬਾਵਜੂਦ ਸ੍ਰੀ ਅਕਾਲ ਤਖਤ ਸਾਹਿਬ ਪਰ ਬੁਲਾਇਆ ਗਿਆ ਪੰਥਕ ਇਕਠ ਧੂਮ ਧਾਮ ਨਾਲ ਹੋਇਆ; ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਸ਼੍ਰੋ: ਗੁ: ਪ੍ਰ: ਕਮੇਟੀ ਬਨਾਉਣ ਦਾ ਐਲਾਨ ਕੀਤਾ ਗਿਆ । ਇਸ ਦੇ ੧੭੫ ਮੈਂਬਰ ਲਏ ਗਏ† । ਸਰਕਾਰ ਵਲੋਂ ਨੀਯਤ ਕੀਤੀ ਕਮੇਟੀ ਦੇ ੩੬ ਮੈਂਬਰ ਭੀ ਇਸ ਵਿਚ ਸ਼ਾਮਲ ਕਰ ਲਏ ਗਏ ।

੧੨ ਦਸੰਬਰ ੧੯੨੦ ਨੂੰ ਉਪਰ ਲਿਖੀ ਕਮੇਟੀ ਦੀ ਪਹਿਲੀ ਇਕੱਤ੍ਰਤਾ ਔਹਦੇਦਾਰਾਂ ਦੀ ਚੋਣ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਪਰ ਹੋਈ । ਪੰਜਾਂ ਪਿਆਰਿਆਂ ਨੇ ਮੈਂਬਰਾਂ ਦੀ ਸੁਧਾਈ ਕੀਤੀ । ਬਾਵਾ ਹਰਕਿਸ਼ਨ ਸਿੰਘ ਜੀ ਨੇ ਸ: ਸੁੰਦਰ ਸਿੰਘ ਮਜੀਠਾ ਦਾ ਨਾਮ ਪ੍ਰਧਾਨਗੀ ਲਈ ਪੇਸ਼ ਕੀਤਾ । ਇਸ ਪਰ ਮੈਂਬਰ ਬਹੁਤ ਹੈਰਾਨ ਹੋਏ ਕਿਉਂਕਿ ਸਿਖ ਸ: ਸੁੰਦਰ ਸਿੰਘ ਜੀ ਨੂੰ ਸਰਕਾਰ ਪੂਜ

---

† ਬੜੇ ਦੁਖ ਨਾਲ ਲਿਖਣਾ ਪੈਂਦਾ ਹੈ ਕਿ ਤਿੰਨ ਵਾਰੀ ਸ਼੍ਰੋ: ਕਮੇਟੀ ਦੇ ਦਫਤਰ ਵਿਚ ਜਾਣ ਦੇ ਬਾਵਜੂਦ ਸਾਨੂੰ ਇਨ੍ਹਾਂ ੧੭੫ ਮੈਂਬਰਾਂ ਦੇ ਨਾਵਾਂ ਦੀ ਲਿਸਟ ਨਹੀਂ ਮਿਲ ਸਕੀ । ਬਹੁਤ ਮਜਬੂਰ ਕਰਨ ਪਰ ਕਮੇਟੀ ਦੇ ਪ੍ਰਬੰਧਕਾਂ ਨੇ ਜਵਾਬ ਦਿਤਾ ਕਿ ਸ਼੍ਰੋ: ਕਮੇਟੀ ਦੇ ਬਾਗ਼ੀ ਕਰਾਰ ਦੇਣ ਵੇਲੇ ਇਹ ਪੁਰਾਣਾ ਰੀਕਾਰਡ ਤਲਫ ਕਰ ਦਿਤਾ ਗਿਆ ਸੀ ।

Digitized by Panjab Digital Library | www.panjabdigilib.org

ਸਮਝਦੇ ਸਨ। ਇਸ ਪਰ ਸ: ਸੁੰਦਰ ਸਿੰਘ ਜੀ ਮਜੀਠਾ ਨੇ ਬੇਨਤੀ ਕੀਤੀ ਕਿ "ਮੈਂ ਹੁਣ ਤਕ ਜੋ ਕੁਝ ਕੀਤਾ ਹੈ ਪੰਥਕ ਭਲਾਈ ਨੂੰ ਮੁਖ ਰਖ ਕੇ ਕੀਤਾ, ਮੈਂ ਕੋਈ ਗਲ ਨਿਜ ਸਵਾਰਥ ਲਈ ਨਹੀਂ ਕੀਤੀ ਜੇ ਮੈਥੋਂ ਕੋਈ ਭੁਲ ਹੋਈ ਹੈ ਤਾਂ ਪੰਥ ਬਖਸ਼ਿੰਦ ਹੈ"। ਇਹ ਸੁਣ ਕੇ ਸਾਰੇ ਮੈਂਬਰਾਂ ਦੇ ਦਿਲ ਨਰਮ ਹੋ ਗਏ ਤੇ ਉਨ੍ਹਾਂ ਦੀਆਂ ਅਖਾਂ ਸੱਜਲ ਹੋ ਗਈਆਂ। ਸ: ਸੁੰਦਰ ਸਿੰਘ ਜੀ ਮਜੀਠਾ ਕਮੇਟੀ ਦੇ ਪਰਧਾਨ, ਸ: ਹਰਬੰਸ ਸਿੰਘ ਜੀ ਅਟਾਰੀ ਮੀਤ ਪਰਧਾਨ ਤੇ ਸ: ਸੁੰਦਰ ਸਿੰਘ ਜੀ ਰਾਮਗੜੀਆ ਸਕੱਤ੍ਰ ਚੁਣੇ ਗਏ। ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਇਕ ਸਬ ਕਮੇਟੀ ਬਣਾਈ ਗਈ। ਇਸ ਤੋਂ ਪਿਛੋਂ ਸ: ਸੁੰਦਰ ਸਿੰਘ ਜੀ ਸ਼੍ਰੋ: ਕਮੇਟੀ ਤੋਂ ਅਸਤੀਫਾ ਦੇਕੇ ਪੰਜਾਬ ਦੀ ਵਜ਼ਾਰਤ ਵਿਚ ਦਾਖਲ ਹੋ ਗਏ।

## ਸ਼ਰੋਮਣੀ ਅਕਾਲੀ ਦਲ ਬਣਨਾ

੧੪ ਦਸੰਬਰ ੧੯੨੦ ਨੂੰ ਸ਼ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ। ਅਰੰਭ ਵਿਚ ਇਸ ਦਾ ਮੁਖ ਮੰਤਵ ਗੁਰਦਵਾਰਿਆਂ ਦਾ ਪ੍ਰਬੰਧ ਕਰਨ ਵਿਚ ਸ਼੍ਰੋ: ਕਮੇਟੀ ਦੀ ਸਹਾਇਤਾ ਕਰਨਾ ਅਤੇ ਵਾਲੰਟੀਅਰ ਤਿਆਰ ਕਰਨਾ ਸੀ ਪ੍ਰੰਤੂ ਪਿਛੋਂ ਜਾਕੇ ਇਹ ਸਿਖਾਂ ਦੀ ਪ੍ਰਭਾਵਸ਼ਾਲੀ ਰਾਜਸੀ ਜਥੇਬੰਦੀ ਬਣ ਗਈ। ੩੦ ਅਪਰੈਲ ੧੯੨੧ ਨੂੰ ਸ਼੍ਰੋ: ਕਮੇਟੀ ਰਜਿਸਟਰਡ ਕਰਾਈ ਗਈ। ਜੁਲਾਈ ਵਿਚ ਪੰਥ ਨੇ ਵੋਟਾਂ ਪਾਕੇ ਸ਼੍ਰੋ: ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ। ੧੪ ਅਗਸਤ ਨੂੰ ਸ਼੍ਰੋ: ਕਮੇਟੀ ਦੀ ਜਨਰਲ ਇਕਤ੍ਰਤਾ ਹੋਈ ਜਿਸ ਵਿਚ ਸ: ਖੜਕ ਸਿੰਘ ਜੀ ਪ੍ਰਧਾਨ, ਸ: ਬ: ਸ: ਮਹਿਤਾਬ ਸਿੰਘ ਜੀ ਮੀਤ ਪ੍ਰਧਾਨ ਤੇ ਸ: ਸੁੰਦਰ ਸਿੰਘ ਜੀ ਰਾਮਗੜੀਆ ਸਕੱਤ੍ਰ ਚੁਣੇ ਗਏ। ੩੧ ਮੈਂਬਰਾਂ ਦੀ ਅੰਤ੍ਰਿੰਗ ਕਮੇਟੀ ਚੁਣੀ ਗਈ। ਹੌਲੀ੨ ਹੋਰ ਗੁਰਦਵਾਰਿਆਂ ਦੀਆਂ ਕਮੇਟੀਆਂ ਬਣ ਗਈਆਂ ਅਤੇ ਉਨ੍ਹਾਂ ਨੂੰ ਸ਼੍ਰੋ: ਕਮੇਟੀ ਨਾਲ ਸਬੰਧਤ ਕਰ ਦਿਤਾ ਗਿਆ।

## ਗੁ: ਪੰਜਾ ਸਾਹਿਬ

੧੯੨੦ ਦੀ ਪਤਝੜ ਰੁਤ ਵਿਚ ਗੁ: ਪੰਜਾ ਸਾਹਿਬ ਦੇ ਮਹੰਤ ਮਿਠਾ ਸਿੰਘ ਵਿਰੁਧ ਪੜਤਾਲ ਕਰਨ ਲਈ ਇਕ ਕਮੇਟੀ ਬਣਾਈ ਗਈ। ਲੋਕਾਂ ਨੇ ਮਹੰਤ ਵਿਰੁਧ ਬਿਆਨ ਦਿੰਦੇ ਹੋਏ ਸਖਤ ਦੂਸ਼ਨ ਲਗਾਏ ਜਿਨ੍ਹਾਂ ਵਿਚ ਬਹੁ ਗਿਣਤੀ ਸਹਿਜਧਾਰੀਆਂ ਤੇ ਹਿੰਦੂਆਂ ਦੀ ਸੀ। ਉਨ੍ਹਾਂ ਨੇ ਕਿਹਾ ਕਿ ਮਹੰਤ ਸ਼ਰਾਬ ਪੀਂਦਾ ਹੈ ਤੇ ਆਚਰਨਹੀਣ ਹੈ। ਮਹੰਤ ਨੇ ਸਿਖ ਸੰਗਤਾਂ ਨੂੰ ਭੈਭੀਤ ਕਰਨਾ ਸ਼ੁਰੂ ਕਰ ਦਿਤਾ। ਪਿੰਡ ਨਾਰੋ ਦਾ ਇਕ ਸਿਖ ਭਾਈ ਅਮੀਰ ਸਿੰਘ ਗੁਰਦਵਾਰਾ ਪੰਜਾ ਸਾਹਿਬ ਦੇ ਦਰਸ਼ਨ ਕਰਨ ਆਇਆ ਉਸ ਨੇ ਵੇਖਿਆ ਕਿ ਇਕ ਤਮਾਕੂ ਫਰੋਸ਼ ਕੜਾਹ ਪ੍ਰਸ਼ਾਦਿ ਬਨਾਉਣ ਦਾ ਕੰਮ ਕਰ ਰਿਹਾ ਹੈ। ਉਸ ਨੇ ਇਤਰਾਜ਼ ਕੀਤਾ। ਮਹੰਤ ਦੇ ਭਰਾ ਨੇ ਭਾਈ ਸਾਹਿਬ ਪਰ ਪਸਤੌਲ ਨਾਲ ਹਮਲਾ ਕੀਤਾ ਤੇ ਭਾਈ ਅਮੀਰ ਸਿੰਘ ਜੀ ਜ਼ਖਮੀ ਹੋ ਗਏ। ਇਸ ਘਟਨਾ ਤੋਂ ਪਿਛੋਂ ਸਿਖ ਸੰਗਤਾਂ ਵਿਚ ਮਹੰਤਾਂ ਵਿਰੁਧ ਸਖਤ ਰੋਸ ਪੈਦਾ ਹੋ ਗਿਆ।

ਨਵੰਬਰ ੨੯੨੦ ਵਿਚ ਮਹੰਤ ਮਿਠਾ ਸਿੰਘ ਮਰ ਗਿਆ। ਸਿਖਾਂ ਵਿਚ ਗੁਰਦਵਾਰਾ ਪੰਜਾ ਸਾਹਿਬ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਅੰਮ੍ਰਿਤਸਰ ਵਿਚ ਸਿਖ ਮੁਖੀਆਂ ਦੀ ਇਕਤ੍ਰਤਾ ਹੋਈ। ਭਾਈ ਕਰਤਾਰ ਸਿੰਘ ਜੀ ਝਬਰ ੨੫ ਸਿੰਘਾਂ ਦਾ ਜਥਾ ਲੈਕੇ ਸ੍ਰੀ ਪੰਜਾ ਸਾਹਿਬ ਨੂੰ ਰਵਾਨਾ ਹੋਏ। ਗਿ: ਸ਼ੇਰ ਸਿੰਘ ਜੀ ਠੀਕਰੀ ਵਾਲਾ ਪਟਿਆਲਾ ਭੀ ਜਥਾ ਲੈਕੇ ਗਏ। ਸ: ਅਮਰ ਸਿੰਘ ਜੀ ਝਬਾਲ ਭੀ ਪੰਜੇ ਸਾਹਿਬ ਪੁਜ ਗਏ। ਮਹੰਤ ਦੀ ਵਿਧਵਾ ਇਸਤ੍ਰੀ ਤੇ ਉਸ ਦੇ ਭਰਾ ਨੇ ਸਮਝੌਤੇ ਲਈ ਗਲ ਬਾਤ ਸ਼ੁਰੂ ਕੀਤੀ। ਪਹਿਲੇ ਤਾਂ ਸਮਝੌਤਾ ਹੋਣ ਦੀ ਸੰਭਾਵਨਾ ਪੈਦਾ ਹੋ ਗਈ ਪਰ ਪਿਛੋਂ ਮਹੰਤ ਮੁਕਰ ਗਏ ਅਤੇ

Digitized by Panjab Digital Library | www.panjabdigilib.org

ਉਨ੍ਹਾਂ ਨੇ ਸਿੰਘਾਂ ਪਰ ਹਮਲਾ ਕਰਨ ਦੀ ਤਿਆਰੀ ਕਰ ਲਈ। ਡੀ. ਐਸ. ਪੀ. ਮੌਕੇ ਤੇ ਪੁਜ ਗਿਆ ਸੀ, ਇਸ ਕਰਕੇ ਉਸ ਨੇ ਕੋਈ ਝਗੜਾ ਨਾ ਹੋਣ ਦਿਤਾ।

ਸੰਗਤਾਂ ਨੇ ਗੁਰਦਵਾਰੇ ਦੇ ਪ੍ਰਬੰਧ ਲਈ ਕਮੇਟੀ ਬਣਾ ਦਿਤੀ। ਮਹੰਤ ਦੇ ਭਰਾ ਸੰਤ ਸਿੰਘ ਨੇ ਮੁਕਦਮਾ ਕੀਤਾ ਜੋ ਡਿਪਟੀ ਕਮਿਸ਼ਨਰ ਨੇ ਖਾਰਜ ਕਰ ਦਿਤਾ। ਇਸ ਪ੍ਰਕਾਰ ਗੁਰਦਵਾਰਾ ਪੰਜਾ ਸਾਹਿਬ ਪੰਥਕ ਪ੍ਰਬੰਧ ਵਿਚ ਆ ਗਿਆ। ਪੰਥਕ ਪ੍ਰਬੰਧ ਵਿਚ ਆਉਣ ਤੋਂ ਪਿਛੋਂ ਗੁਃ ਪੰਜਾ ਸਾਹਿਬ ਨੇ ਬਹੁਤ ਉਨਤੀ ਕੀਤੀ।

## ਸ੍ਰੀ ਤਰਨ ਤਾਰਨ ਦੇ ਮੋਰਚਾ ਲਗਣ ਦਾ ਕਾਰਨ

੨੫ ਜਨਵਰੀ ੧੯੨੧ ਨੂੰ ਸ੍ਰੀ ਅਕਾਲ ਤਖਤ ਸਾਹਿਬ ਭਾਈ ਸੰਤ ਸਿੰਘ ਅਸ਼ਟਾਮ ਫਰੋਸ਼ ਤਰਨ ਤਾਰਨ ਦੀ ਸਿੰਘਣੀ ਨੇ ਫਰਿਆਦ ਕੀਤੀ ਕਿ ਤਰਨ ਤਾਰਨ ਦੇ ਪੁਜਾਰੀਆਂ ਨੇ ਮੇਰਾ ਲੜਕਾ ਸ੍ਰੋਵਰ ਵਿਚ ਡੋਬ ਕੇ ਮਾਰ ਦਿਤਾ ਹੈ। ਮੇਰੀ ਅਤੇ ਮੇਰੀ ਲੜਕੀ ਨੂੰ ਮਖੌਲ ਕਰਕੇ ਇਜ਼ਤ ਲਾਹੀ ਹੈ। ਗੁਰੂ ਪੰਥ ਬਗਾਨਿਆਂ ਦੀਆਂ ਨੂੰਹਾਂ ਧੀਆਂ ਦੀ ਇਜ਼ਤ ਬਚਾਉਣ ਲਈ ਸਿਰ ਹਥੇਲੀ ਤੇ ਰਖਕੇ ਜਾਇਆ ਕਰਦਾ ਸੀ। ਕੀ ਉਹ ਪੰਥ ਅਜ ਆਪਣੇ ਘਰ ਵਿਚ ਆਪਣਿਆਂ ਦੇ ਹਥੀਂ ਹੋ ਰਹੀ ਬੇਪਤੀ ਨੂੰ ਰੋਕਣ ਦੇ ਸਮਰਥ ਨਹੀਂ ਰਿਹਾ ਹੈ। ਇਹ ਹਿਰਦੇ ਵੇਧਕ ਬਚਨ ਸੁਣਕੇ ਝਟ ਪਟ ਫੈਸਲਾ ਹੋ ਗਿਆ* ਕਿ ਸਵੇਰੇ ਸ੍ਰੀ ਤਰਨ ਤਾਰਨ ਸਾਹਿਬ ੮ ਵਜੇ ਸਿੰਘ ਪੁਜ ਜਾਣ ਤੇ ਪੁਜਾਰੀਆਂ ਨੂੰ ਅਜਿਹੇ ਕੁਕਰਮਾਂ ਤੋਂ ਰੋਕਿਆ ਜਾਵੇ। ੪੦ ਸਿੰਘਾਂ ਦਾ ਜਥਾ ੨੬ ਜਨਵਰੀ ੧੯੨੧ ਈ: ਨੂੰ ੮ ਵਜੇ ਸ੍ਰੀ ਤਰਨ ਤਾਰਨ ਸਾਹਿਬ ਪੁਜ ਗਿਆ। ਸਾਰਾ ਦਿਨ ਸਮਝੌਤੇ ਦੀਆਂ ਗਲਾਂ ਬਾਤਾਂ ਹੁੰਦੀਆਂ ਰਹੀਆਂ। ਸ਼ਾਮ ਨੂੰ ਪੁਜਾਰੀਆਂ ਨੇ ਸਿੰਘਾਂ ਨਾਲ ਵਿਸਾਹ ਘਾਤ ਕਰਕੇ ਕੁਹਾੜੀਆਂ ਅਤੇ ਛਵ੍ਹੀਆਂ ਨਾਲ ਵਾਰ ਕਰਨੇ ਸ਼ੁਰੂ ਕਰ ਦਿਤੇ ਅਤੇ ਕੋਠਿਆਂ ਤੋਂ ਇਟਾਂ ਵਟਿਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿਤਾ। ਇਸ ਸਮੇਂ ਗੁਰੂ ਪਿਆਰੇ ਸਿੰਘਾਂ ਨੇ ਬੜੀ ਸ਼ਾਂਤੀ ਤੇ ਧੀਰਜ ਨਾਲ ਹੁੰਦੇ ਤਾਣ ਨਿਤਾਣੇ ਹੋਕੇ ਕਿਸੇ ਵਿਰੋਧੀ ਉਤੇ ਹਥ ਨਾ ਚੁਕਿਆ ਜਿਸ ਵਿਚ ੧੭ ਸਿੰਘ ਜ਼ਖਮੀ ਹੋਏ। ਭਾਈ ਹਜ਼ਾਰਾ ਸਿੰਘ ਅਲਦੀਨ ਪੁਰ ਜ਼ਿਲਾ ਅੰਮ੍ਰਿਤਸਰ ਅਤੇ ਭਾਃ ਹੁਕਮ ਸਿੰਘ ਵਸਾਊ ਕੋਟ ਜ਼ਿਲਾ ਗੁਰਦਾਸਪੁਰ ਸ਼ਹੀਦ ਹੋ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦੀਆਂ ਸਭ ਤੋਂ ਪਹਿਲੀਆਂ ਸ਼ਹੀਦੀਆਂ ਹਨ।

## ਗੁਃ ਤਰਨ ਤਾਰਨ ਸਾਹਿਬ ਦਾ ਸਾਕਾ

ਜਦ ਗੁਃ ਸੁਧਾਰ ਲਹਿਰ ਤੇਜ਼ ਹੋ ਗਈ ਤਾਂ ਸ੍ਰੀ ਤਰਨ ਤਾਰਨ ਸਾਹਿਬ ਦੇ ਪੁਜਾਰੀਆਂ ਨੇ ਮਿ: ਕਿੰਗ ਕਮਿਸ਼ਨਰ ਲਾਹੌਰ ਨਾਲ ਮੁਲਾਕਾਤ ਕੀਤੀ। ਉਸ ਨੇ ਪੁਜਾਰੀਆਂ ਨੂੰ ਸ਼ਹਿ ਦਿਤੀ ਕਿ ਸਰਕਾਰ ਤੁਹਾਡੀ ਸਹਾਇਤਾ ਕਰੇ ਗੀ। ਭਾਈ ਮੋਹਣ ਸਿੰਘ ਜੀ ਵੈਦ ਤਰਨ ਤਾਰਨ ਨੇ ਮਿ: ਕਿੰਗ ਨੂੰ

---

* ਹੁਣ ਤੇਜਾ ਸਿੰਘ ਭੁਚਰ ਨੇ ਇਹ ਸੁਵਾਲ ਸ਼੍ਰੋਃ ਕਮੇਟੀ ਤੇ ਸ਼੍ਰੋਃ ਅਕਾਲੀ ਦਲ ਦੀ ਆਗਿਆ ਅਨੁਸਾਰ ਵਰਤੋਂ ਕਰਨ ਦੀ ਸਲਾਹ ਦੇ ਕੇ ਸਮਾਪਤੀ ਕੀਤੀ ਅਤੇ ਦੋਹਾਂ ਹੀ ਪੰਥਕ ਬਾਡੀਆਂ ਨੇ ਪਾਸ ਕਰਕੇ ੨੬ ਜਨਵਰੀ ੧੯੨੧ ਨੂੰ ਪੜਤਾਲ ਵਾਸਤੇ ਸ: ਤੇਜਾ ਸਿੰਘ ਭੁਚਰ ਦੇ ਨਾਲ ਜਾਣ ਦਾ ਫੈਸਲਾ ਹੋਇਆ। ਜਾਣ ਵਾਲਿਆਂ ਵਿਚ ਕੁਝ ਸਿੰਘ ਸੈਂਟਰਲ ਖਾਲਸਾ ਦੀਵਾਨ ਮਾਝਾ, ੧੫ - ੧੬ ਸਿੰਘ ਖਾਲਸਾ ਦੀਵਾਨ ਮਾਲਵਾ ਤੇ ਕੁਝ ਫੁਟਕਲ ਹੋਰ ਇਲਾਕਿਆਂ ਦੇ ਸਿੰਘ ਲੈਕੇ ਗਏ। ਇਹ ਸ੍ਰੀ ਤਰਨ ਤਾਰਨ ਦੇ ਸੁਧਾਰ ਦਾ ਮੁਢ ਸੀ।

Digitized by Panjab Digital Library | www.panjabdigilib.org

ਲਿਖਿਆ ਕਿ ਉਹ ਪੁਜਾਰੀਆਂ ਨੂੰ ਚੁਕਣ ਬਾਰੇ ਪਈਆਂ ਗਲਤ ਫਹਿਮੀਆਂ ਨੂੰ ਦੂਰ ਕਰੇ ਪਰ ਮਿ: ਕਿੰਗ ਨੇ ਉਸ ਦਾ ਕੋਈ ਉਤਰ ਨਾ ਦਿਤਾ। ੨੪ ਜਨਵਰੀ ੧੯੨੧ ਨੂੰ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਦੇ ਸਾਹਮਣੇ ਦੀਵਾਨ ਸਜਿਆ ਹੋਇਆ ਸੀ, ਜਿਸ ਵਿਚ ਇਕ ਇਸਤ੍ਰੀ ਨੇ ਤਰਨ ਤਾਰਨ ਦੇ ਪੁਜਾਰੀਆਂ ਵਲੋਂ ਕੀਤੇ ਗਏ ਜ਼ੁਲਮ ਦੀ ਦਰਦਨਾਕ ਵਿਥਿਆ ਸੁਣਾਈ।

ਉਸ ਦੇ ਪੁਤ੍ਰ ਨੂੰ ਪੁਜਾਰੀਆਂ ਨੇ ਸਰੋਵਰ ਵਿਚ ਡੋਬ ਕੇ ਮਾਰ ਦਿਤਾ ਸੀ ਤੇ ਉਸ ਦੀ ਲੜਕੀ ਦੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬੇਪਤੀ ਕੀਤੀ। ਇਹ ਵਿਥਿਆ ਸੁਣ ਕੇ ਸੰਗਤਾਂ ਵਿਚ ਰੋਸ ਦੀ ਇਕ ਲਹਿਰ ਦੌੜ ਗਈ। ੨੫ ਜਨਵਰੀ ਨੂੰ ਸ: ਤੇਜਾ ਸਿੰਘ ਭੁਚਰ ੪੦ ਸਿੰਘਾਂ ਦਾ ਜਥਾ ਲੈਕੇ ਤਰਨ ਤਾਰਨ ਨੂੰ ਰਵਾਨਾ ਹੋਏ। ਜਥਾ ਸ੍ਰੀ ਦਰਬਾਰ ਸਾਹਿਬ ਪੁਜ ਗਿਆ। ਪੁਜਾਰੀਆਂ ਵਿਚ ਬਹੁਤ ਜੋਸ਼ ਸੀ, ਪਰ ਉਹ ਉਸ ਸਮੇਂ ਹਮਲਾ ਨਾ ਕਰ ਸਕੇ। ਬੁਢੇ ਪੁਜਾਰੀਆਂ ਨੇ ਸਮਝੌਤੇ ਦੀ ਗਲ ਬਾਤ ਸ਼ੁਰੂ ਕੀਤੀ। ਦੋਹਾਂ ਧਿਰਾਂ ਵਲੋਂ ਪ੍ਰਤਿਨਿਧ ਚੁਣ ਕੇ ਇਕ ਕਮੇਟੀ ਬਣਾਈ ਗਈ। ਜਿਸ ਦੇ ਸਾਹਮਣੇ ਸਿੰਘਾਂ ਨੇ ਇਹ ਸ਼ਰਤਾਂ ਪੇਸ਼ ਕੀਤੀਆਂ।

(੧) ਗੁਰਦਵਾਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਅਨੁਸਾਰ ਹੋਵੇ।
(੨) ਪ੍ਰਬੰਧ ਲਈ ਸਥਾਨਕ ਕਮੇਟੀ ਚੁਣੀ ਜਾਵੇ ਜੋ ਸ਼੍ਰੋ: ਕਮੇਟੀ ਨਾਲ ਸਬੰਧਤ ਹੋਵੇ।
(੩) ਕੁਰੀਤੀਆਂ ਦੂਰ ਕੀਤੀਆਂ ਜਾਣ।
(੪) ਅੰਮ੍ਰਿਤਧਾਰੀ ਸਿੰਘ ਗ੍ਰੰਥੀ ਤੇ ਸੇਵਾਦਾਰ ਹੋਣ।
(੫) ਜੋ ਪੁਜਾਰੀ ਸਿਖੀ ਰਹਿਤ ਤੇ ਨਿਯਮਾਂ ਨੂੰ ਭੰਗ ਕਰੇ ਉਸ ਨੂੰ ਸੰਗਤ ਦੰਡ ਦੇਵੇ।

ਪੁਜਾਰੀ ਇਨ੍ਹਾਂ ਸਰਤਾਂ ਨੂੰ ਮੰਨਣ ਲਈ ਤਿਆਰ ਹੋ ਗਏ ਪਰ ਉਨ੍ਹਾਂ ਨੇ ਕਿਹਾ ਸਾਨੂੰ ਵਿਚਾਰ ਕਰਨ ਲਈ ਸਮਾਂ ਦਿਤਾ ਜਾਵੇ। ਸ: ਦਾਨ ਸਿੰਘ ਨੇ ਦਸਿਆ ਕਿ ਪੁਜਾਰੀ ਸ: ਗੁਰਦਿਤ ਸਿੰਘ ਦੇ ਮਕਾਨ ਤੇ ਇਕਠੇ ਹੋਕੇ ਹਮਲੇ ਦੀ ਤਿਆਰੀ ਕਰ ਰਹੇ ਹਨ। ਸੰਗਤਾਂ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ। ਸ਼ਾਮ ਨੂੰ ਪੁਜਾਰੀਆਂ ਦੇ ਦੋ ਆਦਮੀ ਆਏ। ਉਨ੍ਹਾਂ ਕਿਹਾ ਪੁਜਾਰੀਆਂ ਨੇ ਜਥੇ ਦੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ ਹਨ। ਇਸ ਲਈ ਜ਼ੁਮੇਵਾਰ ਸਜਨ ਦਸਤਖਤ ਕਰ ਦੇਣ। ਸਿੰਘਾਂ ਨੇ ਦੀਵਾਨ ਸਜਾਇਆ ਹੋਇਆ ਸੀ ਤੇ ਹਕੀਮ ਬਹਾਦਰ ਸਿੰਘ ਜੀ ਲੈਕਚਰ ਕਰ ਰਹੇ ਸਨ। ਪੁਜਾਰੀਆਂ ਨੇ ਦੀਵਾਨ ਪਰ ਗੋਲੇ ਤੇ ਇਟਾਂ ਵਟੇ ਸੁਟੇ ਜਿਨ੍ਹਾਂ ਨਾਲ ਕਈ ਸਿੰਘ ਜ਼ਖਮੀ ਹੋ ਗਏ। ਪਿਛੋਂ ਪੁਜਾਰੀਆਂ ਨੇ ਛਵੀਆਂ ਨਾਲ ਸਿੰਘਾਂ ਪਰ ਹਮਲਾ ਕਰ ਦਿਤਾ ਜਿਸ ਵਿਚ ਸ: ਬਲਵੰਤ ਸਿੰਘ ਤੇ ਸ: ਹਜ਼ਾਰਾ ਸਿੰਘ ਅਲਦੀਨ ਪੁਰ ਸਖ਼ਤ ਜ਼ਖਮੀ ਹੋ ਗਏ। ਜਥੇ ਵਿਚੋਂ ੧੭ ਸਿੰਘ ਜ਼ਖਮੀ ਹੋਏ। ਪੁਜਾਰੀਆਂ ਨੇ ਬਤੀਆਂ ਬੁਝਾ ਕੇ ਸਿੰਘਾਂ ਨੂੰ ਮਾਰ ਕੁਟਾਈ ਕੀਤੀ। ਦਰਵਾਜ਼ੇ ਬੰਦ ਕਰ ਲਏ। ਜਦ ਸ਼ਹਿਰ ਦੀਆਂ ਸੰਗਤਾਂ ਨੂੰ ਪਤਾ ਲਗਿਆ ਤਾਂ ਗੁਰਦਵਾਰੇ ਵਿਚ ਭਾਰੀ ਇਕਠ ਹੋ ਗਿਆ। ਪੁਜਾਰੀ ਇਹ ਕਾਰਾ ਵਰਤਾ ਕੇ ਭੱਜ ਗਏ। ਜ਼ਖਮੀਆ ਨੂੰ ਹਸਪਤਾਲ ਪਹੁੰਚਾਇਆ ਗਿਆ। ਰਾਤ ਦੇ ਦਸ ਵਜੇ ਪੁਲਸ ਇਨਸਪੇਕਟਰ ਤੇ ਨਾਇਬ ਤਹਿਸੀਲਦਾਰ ਆਏ। ਉਨ੍ਹਾਂ ਨੇ ਸਾਰੀ ਘਟਨਾ ਦੇ ਹਾਲਤ ਵੇਖੇ। ਪੁਜਾਰੀਆਂ ਦੇ ਘਰਾਂ ਵਿਚ ਗਏ ਤਾਂ ਉਨ੍ਹਾਂ ਨੇ ਕੋਈ ਪੁਜਾਰੀ ਜ਼ਖਮੀ ਨਹੀਂ ਵੇਖਿਆ ਅਗਲੇ ਦਿਨ ਪੁਜਾਰੀਆਂ ਨੇ ੧੩ ਆਦਮੀ ਜ਼ਖਮੀ ਬਣਾ ਕੇ ਹਸਪਤਾਲ ਵਿਚ ਦਾਖਲ ਕਰਾਏ।

੨੬ ਜਨਵਰੀ ਨੂੰ ਸਿੰਘਾਂ ਨੇ ਗੁਰਦਵਾਰੇ ਪਰ ਕਬਜ਼ਾ ਕਰ ਲਿਆ। ਸ੍ਰੀ ਹਰਿਮੰਦਰ ਵਿਚੋਂ ਲਹੂ ਧੋਤਾ। ਡੀ. ਸੀ. ਤੇ ਸੁਪ੍ਰੰਟੰਡੰਟ ਪੁਲੀਸ ਮੌਕੇ ਤੇ ਪੁਜੇ ਤੇ ਉਨ੍ਹਾਂ ਨੂੰ ਸਭ ਹਾਲਾਤ ਦਸੇ ਗਏ। ਉਨ੍ਹਾਂ ਨੇ ਅਕਾਲੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਕਿਹਾ ਕਿ ਪੁਜਾਰੀਆਂ ਵਿਰੁਧ ਮੁਕਦਮਾ ਕਰੋ

Digitized by Panjab Digital Library | www.panjabdigilib.org

ਪਰ ਸਿੰਘਾਂ ਨੇ ਕਿਹਾ,"ਅਸੀਂ ਮੁਸੀਬਤਾਂ ਸਹਾਰ ਕੇ ਹੋਰ ਕਈ ਗੁਰਦਵਾਰਿਆਂ ਦਾ ਸੁਧਾਰ ਕਰਨਾ ਹੈ।" ਇਸ ਸਾਕੇ ਵਿਚ ਭਾਈ ਹਜ਼ਾਰਾ ਸਿੰਘ ਜੀ ਅਲਦੀਨ ਪੁਰ ਸ਼ਹੀਦ ਹੋ ਗਏ, ਜਿਨ੍ਹਾਂ ਦਾ ਅੰਤਮ ਸੰਸਕਾਰ ੨੮ ਜਨਵਰੀ ਨੂੰ ਕੀਤਾ ਗਿਆ। ਭਾਈ ਹੁਕਮ ਸਿੰਘ ਵਜਾਊ ਕੋਟ ਜ਼ਿਲਾ ਗੁਰਦਾਸਪੁਰ ਭੀ ਸ਼ਹੀਦ ਹੋ ਗਏ। ਇਹ ਗੁਰਦਵਾਰਾ ਸੁਧਾਰ ਲਹਿਰ ਦੀਆਂ ਪਹਿਲੀਆਂ ਸ਼ਹੀਦੀਆਂ ਸਨ।

ਕਾਂਗਰਸ ਕਮੇਟੀ ਨੇ ਤਰਨ ਤਾਰਨ ਦੇ ਸਾਕੇ ਦੀ ਪੜਤਾਲ ਕਰਨ ਲਈ ਡਾਕਟਰ ਕਿਚਲੂ, ਲਾਲਾ ਭੋਲਾ ਨਾਥ ਤੇ ਲਾਲਾ ਗਿਰਧਾਰੀ ਲਾਲ ਦੀ ਕਮੇਟੀ ਬਣਾਈ ਜਿਸ ਨੇ ਤਰਨ ਤਾਰਨ ਪੁਜ ਕੇ ਪੜਤਾਲ ਕੀਤੀ। ਪੁਜਾਰੀਆਂ ਨੇ ਇਸ ਕਮੇਟੀ ਅਗੇ ਆਪਣੀ ਗਲਤੀ ਮੰਨੀ ਤੇ ਬੇਨਤੀ ਕੀਤੀ ਕਿ ਅਕਾਲੀਆਂ ਨੂੰ ਕਹੋ ਸਾਡੇ ਵਿਰੁਧ ਮੁਕਦਮਾ ਨਾ ਕਰਨ।

ਸਿੰਘਾਂ ਨੇ ਗੁਰਦਵਾਰਾ ਪ੍ਰਬੰਧ ਲਈ ੫੧ ਆਦਮੀਆਂ ਦੀ ਇਕ ਕਮੇਟੀ ਬਣਾ ਦਿਤੀ। ਦੋਹਾਂ ਪਾਸਿਆਂ ਵਲੋਂ ਮੁਕਦਮੇ ਬਾਜ਼ੀ ਸ਼ੁਰੂ ਹੋ ਗਈ। ਅਕਤੂਬਰ ੧੯੨੧ ਵਿਚ ੧੬ ਪੁਜਾਰੀਆਂ ਨੇ ੧੭ ਸਿੰਘਾਂ ਵਿਰੁਧ ਫਰਦ ਜੁਰਮ ਲਗ ਗਿਆ। ੯ ਜਨਵਰੀ ਨੂੰ ੧੫ ਪੁਜਾਰੀਆਂ ਨੂੰ ਤਿੰਨ ਤਿੰਨ ਸਾਲ ਕੈਦ ਤੇ ੫੦) ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਅਕਾਲੀਆਂ ਵਿਚੋਂ ਭਾਈ ਮੋਹਨ ਸਿੰਘ ਵੈਦ ਤੇ ਮਾਃ ਮਹਿਤਾਬ ਸਿੰਘ ਜੀ ਬਰੀ ਹੋ ਗਏ ਤੇ ਬਾਕੀ ਸਿੰਘਾਂ ਨੂੰ ਇਕ ਇਕ ਸਾਲ ਕੈਦ ਤੇ ੫੦) ਰੁਪੈ ਜੁਰਮਾਨਾ ਕੀਤਾ ਗਿਆ। ਸੈਸ਼ਨ ਜੱਜ ਨੇ ਅਪੀਲਾਂ ਵਿਚ ਪੁਜਾਰੀਆਂ ਨੂੰ ਨੌ ਨੌ ਮਹੀਨੇ ਕੈਦ ਤੇ ਅਕਾਲੀਆਂ ਦੀ ਛੇ ਛੇ ਮਹੀਨੇ ਕੈਦ ਰਹਿਣ ਦਿਤੀ। ਇਸ ਪ੍ਰਕਾਰ ਤਰਨ ਤਾਰਨ ਸਾਕੇ ਦਾ ਅੰਤ ਹੋਇਆ ਅਤੇ ਗੁਃ ਅਕਾਲੀਆਂ ਦੇ ਕਬਜ਼ੇ ਵਿਚ ਆ ਗਿਆ।

### ਗੁਰ ਅਸਥਾਨਾਂ ਦਾ ਪ੍ਰਬੰਧ

## ਉਦਾਸੀ ਤੇ ਨਿਰਮਲਿਆਂ ਦੇ ਹੱਥ ਕਦ ਆਇਆ ?

ਜਿਸ ਵਕਤ ਸਿੰਘਾਂ ਤੇ ਜ਼ੁਲਮਾਂ ਦੀਆਂ ਘਟਾ ਛਾ ਰਹੀਆਂ ਸਨ ਉਸ ਵੇਲੇ ਦੀ ਹਕੂਮਤ ਵਲੋਂ ਐਲਾਨ ਕਰਿਆ ਗਿਆ ਕਿ ਜੋ ਸਿੰਘ ਦਾ ਸੀਸ ਕਟਕੇ ਲਿਆਏ ੮੦) ਰੁਪਏ ਜੋ ਦਸ ਪਾਏ ੨੫) ਰੁਪਏ ਇਨਾਮ ਪਾਏ। ਉਸ ਵੇਲੇ ਗੁਰ ਅਸਥਾਨਾਂ ਦੇ ਪ੍ਰਬੰਧਕ ਗੁਰ ਸਿੱਖਾਂ ਨੇ ਇਕੱਤਰ ਹੋ ਕੇ ਵਿਚਾਰ ਪੇਸ਼ ਕੀਤੀ ਕਿ ਸ਼ਾਹੀ ਐਲਾਨ ਜੋ ਹੋਇਆ ਉਸ ਅਨੁਸਾਰ ਜੇ ਆਪਾਂ ਗੁਰ ਅਸਥਾਨਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਾਂ ਤਾਂ ਚੁਣੇ ਜਾਵਾਂਗੇ, ਜੇ ਛਡ ਕੇ ਜਾਂਦੇ ਹਾਂ ਤਾਂ ਗੁਰੂ ਤੋਂ ਬੇ-ਮੁਖ ਹੁੰਦੇ ਹਾਂ। ਇਸ ਵਾਸਤੇ ਸਰਬ ਸੰਮਤੀ ਨਾਲ ਗੁਰਮਤਾ ਸੋਧਿਆ ਗਿਆ ਕਿ ਗੁਰ ਅਸਥਾਨਾਂ ਦਾ ਪ੍ਰਬੰਧ ਜੋ ਗੁਰੂ ਨਾਨਕ ਪੰਥੀ ਉਦਾਸੀ ਤੇ ਨਿਰਮਲੇ, ਨਿਰਵਰਤੀ ਪੱਖ ਵਿਚ ਵਿਚਰਨ ਵਾਲੇ ਹਨ, ਉਨ੍ਹਾਂ ਨੂੰ ਮਿਲ ਕੇ ਬੇਨਤੀ ਕਰੀਏ ਜੋ ਪ੍ਰਸਪ੍ਰ ਵਿਚਾਰ ਕਰਨ ਤੇ ਇਸ ਤਰਾਂ ਫੈਸਲਾ ਹੋਇਆ ਕਿ ਜਿਨਾਂ ਚਿਰ ਪੰਥ ਪਰ ਬਿਪਤਾ ਦੇ ਦਿਨ ਹਨ ਉਨਾਂ ਚਿਰ ਆਪ ਜੀ ਸੇਵਾ ਸੰਭਾਲੋ, ਫਿਰ ਅਸੀਂ ਸੇਵਾ ਵਿਚ ਹਾਜ਼ਰ ਹੋ ਜਾਵਾਂਗੇ। ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਗੁਰ ਅਸਥਾਨਾਂ ਦਾ ਪ੍ਰਬੰਧ ਉਦਾਸੀ ਤੇ ਨਿਰਮਲ ਭੇਖਾਂ ਦੇ ਪ੍ਰਬੰਧ ਵਿਚ ਦੇ ਕੇ ਆਪ ਕੁਝ ਸਿੰਘ ਕਾਹਨੂੰ ਵਾਲ ਦੇ ਛੰਭ ਵਿਚ ਤੇ ਕੁਝ ਜਮਨਾਂ ਦੇ ਪਾਰ ਤੇ ਕੁਝ ਬੀਕਾਨੇਰ ਚਲੇ ਗਏ। ਜਦ ਹਲੇ ਗੁਲੇ ਦੇ ਦਿਨ ਲੰਘ ਗਏ ਤੇ ਤਾਂ ਬਾਦ ਵਿਚ ਗੁਰੂ ਦੇ ਪਿਆਰੇ ਸਿੰਘ ਸਾਹਿਬ ਵਾਪਸ ਆਏ ਤਾਂ ਗੁਰ ਅਸਥਾਨਾਂ ਦਾ ਪ੍ਰਬੰਧ ਬੜੇ ਸੋਹਣੇ ਤਰੀਕੇ ਨਾਲ ਕਰਨ ਵਿਚ ਜੋਗ ਸਮਝੇ ਗਏ, ਇਸ ਤੋਂ ਇਲਾਵਾ ਗੁਰਮੁਖੀ ਵਿਦਿਆ, ਵੈਦਕ, ਹਿਕਮਤ ਤੇ ਲੰਗਰ ਜਾਰੀ ਰਖੇ, ਜਿਸ ਕਰਕੇ ਗੁਰ ਅਸਥਾਨਾਂ ਦਾ ਪ੍ਰਬੰਧ ਸਾਰਿਆਂ ਨੇ

Digitized by Panjab Digital Library | www.panjabdigilib.org

ਗੁਰੂ ਕੇ ਬਾਗ ਵਿਚ ਮਾਰ ਖਾ ਕੇ ਡਿਗੇ ਹੋਏ ਅਕਾਲੀ ਫਿਰ ਮਾਰ
ਖਾਣ ਲਈ ਉਠ ਰਹੇ ਹਨ । (ਦੇਖੋ ਸਫਾ ੫੪੬)



ਗੁਰਦੁਆਰਾ ਗੰਗ ਸਰ ਦੇ ਸ਼ਹੀਦਾਂ ਦੀ
ਯਾਦ ਵਿਚ ਨਿਸ਼ਾਨ ਸਾਹਿਬ ੧੦੧
ਅਖੰਡ ਪਾਠ ਦੇ ਭੋਗ ਦੇ ਮਗਰੋਂ
ਹੇਠ ਲਿਖੇ ਪੰਜਾਂ ਪਿਆਰਿਆਂ
ਨੇ ਝੁਲਾਇਆ । (ਸਫਾ ੬੦੫)



ਗੁਰਦੁਆਰਾ ਟਿਬੀ ਸਾਹਿਬ
ਜੈਤੋ



ਅਤੇ ਬੜੇ ਸਾਹਿਬ ਦੀ ਨੀਂਹ ਰਖਣ ਵਾਲੇ:-
ਭਾ: ਖੇਮ ਸਿੰਘ ਜੀ ਚੰਦ, ਭਾ: ਸੁੰਦਰ ਸਿੰਘ ਜੀ ਚੰਦ, ਭਾ: ਅਮਰ ਸਿੰਘ ਜੀ,
ਦਾਸ:-ਵਿਸਾਖਾ ਸਿੰਘ ਸੰਤ ਸਿਪਾਹੀ । ਭਾ: ਨਿਰੰਜਨ ਸਿੰਘ ਸਿਧਮ ।

Digitized by Panjab Digital Library | www.panjabdigilib.org

# ਗੁਰਦੁਆਰਾ ਸੁਧਾਰ ਲਹਿਰ ਦੇ ਸਭ ਤੋਂ ਪਹਿਲੇ ਸ਼ਹੀਦ
# ਸ੍ਰੀ ਤਰਨ ਤਾਰਨ ਸਾਹਿਬ ਜੀ ਵਿਖੇ

੨੬ ਜਨਵਰੀ ਨੂੰ ਫੱਟੜ, ੨੭ ਜਨਵਰੀ ੧੯੨੧ ਨੂੰ ਸ਼ਹੀਦ ਦੇਖੋ ਸਫਾ ੫੨੫



ਭਾਈ ਹਜ਼ਾਰਾ ਸਿੰਘ ਜੀ, ਅਲਾਦੀਨ ਪੁਰ,
ਜ਼ਿਲਾ ਅੰਮ੍ਰਿਤਸਰ

੨੬ ਜਨਵਰੀ ਨੂੰ ਫੱਟੜ ੪ ਫਰਵਰੀ ੧੯੨੧ ਨੂੰ ਸ਼ਹੀਦ ਦੇਖੋ ਸਫਾ ੫੨੭



ਭਾਈ ਹੁਕਮ ਸਿੰਘ ਜੀ, ਵਸਾਊ ਕੋਟ,
ਜ਼ਿਲਾ ਗੁਰਦਾਸ ਪੁਰ

## ਗੁਰੂ ਕੇ ਬਾਗ ਦਾ ਫੱਟੜ ਭਾਈ ਤਾਰਾ ਸਿੰਘ ਜੀ (ਸਫਾ ੫੪੯)
## ਅਤੇ ਉਹਨਾਂ ਦੀ ਸ਼ਹੀਦੀ



ਜ਼ਖਮੀ ਹਸਪਤਾਲ ਵਿਚ



ਸੇਵਾ ਕਰਾਈ:—ਸ੍ਰੀਮਾਨ ਸੰਗਤ ਸਾਹਿਬ ਜੀ, ਕੋਕਰੀ ਬੁਟਰਾਂ, ਤਹਿਸੀਲ ਜ਼ੀਰਾ, (ਫੀਰੋਜ਼ਪੁਰ)

Digitized by Panjab Digital Library | www.panjabdigilib.org

ਮਿਲ ਕੇ ਇਨ੍ਹਾਂ ਦੇ ਹੱਥ ਵਿਚ ਰਹਿਣ ਦਾ ਫੈਸਲਾ ਕਰ ਲਿਆ, ਸਿੰਘ ਸਾਹਿਬ ਘਰਾਂ ਵਿਚ ਜਾ ਕੇ ਖੇਤੀ ਕਰਕੇ ਗੁਰ ਅਸਥਾਨਾਂ ਨੂੰ ਦਸਵੰਦ ਦੇਣੇ, ਲੰਗਰ ਚਲਾਉਣੇ ਪ੍ਰਸ ਪ੍ਰਸ ਪਿਆਰ ਨਾਲ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਬੜੇ ਸੋਹਣੇ ਤਰੀਕੇ ਨਾਲ ਕਰਨ ਲਗੇ। ਅੰਗਰੇਜ਼ੀ ਰਾਜ ਹੋਣ ਤੇ ਜਿਥੇ ੨ ਕੋਈ ਸੇਵਾ ਕਰਦਾ ਸੀ, ਉਹੋ ਮਹੰਤ ਥਾਪਿਆ ਗਿਆ ਅਤੇ ਮਹੰਤ ਚੰਗੇ ਤੋਂ ਮੰਦੇ, ਮੰਦੇ ਤੋਂ ਚੰਗੇ ਆਉਂਦੇ, ਇਹ ਗੁਰ ਅਸਥਾਨ ਭੇਖਾਂ (ਪਾਰਟੀਆਂ) ਦੇ ਅੱਡੇ ਬਣ ਗਏ, ਜਿਸ ਕਰ ਕੇ ਗੁਰਦੁਵਾਰਾ ਸੁਧਾਰ ਲਈ ਗੁਰੂ ਪੰਥ ਨੂੰ ਇਤਨੀ ਕੁਰਬਾਨੀ ਕਰਨੀ ਪਈ।

# ਅਕਾਲੀ ਲਹਿਰ ਦੇ ਜੇਠੇ ਸ਼ਹੀਦ
# ਸ੍ਰੀ ਤਰਨਤਾਰਨ ਦੇ ਸ਼ਹੀਦਾਂ ਦਾ ਜੀਵਨ

**ਭਾਈ ਹਜ਼ਾਰਾ ਸਿੰਘ-** ਪਿਤਾ ਦੇਵਾ ਸਿੰਘ ਦੇ ਘਰ ਮਾਤਾ ਗੁਲਾਬ ਕੌਰ ਦੀ ਕੁਖੋਂ ੧੯੮੮ ਈ: ਦੇ ਲਗ ਭਗ ਪਿੰਡ ਅਲੀਦੀਨ ਪੁਰ ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਖੇ ਜਨਮ ਹੋਇਆ। ਜਦ ਆਪ ੯ ਸਾਲ ਦੇ ਹੋਏ ਤਾਂ ਆਪ ਦੇ ਪਿਤਾ ਚੜ੍ਹਾਈ ਕਰ ਗਏ। ਕੁਝ ਸਮੇਂ ਪਿਛੋਂ ਆਪ ਦੇ ਛੋਟੇ ਭਾਈ ਤਾਰਾ ਸਿੰਘ ਕਾਲ ਵਸ ਹੋ ਗਏ। ਆਪ ਇਸ ਪਿੰਡ ਵਿਚ ਸਾਰੇ ਜ਼ਿਮੀਂਦਾਰਾਂ ਨਾਲੋਂ ਵਧ ੧੬੦ ਵਿਘੇ ਦੇ ਮਾਲਕ ਸਨ ਅਤੇ ਛੋਟੀ ਉਮਰ ਵਿਚ ਹੀ ਆਪ ਨੂੰ ਸੰਤ ਭਾਈ ਭਗਤ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕਰਾਉਣ ਵਾਸਤੇ ਮਾਤਾ ਜੀ ਨੇ ਗੁਰਦੁਆਰੇ ਬਿਠਾ ਦਿਤਾ। ਮਾਤਾ ਜੀ ਦਾ ਇਕਲੌਤਾ ਪੁਤਰ, ਸੋਹਲ ਤੇ ਸੁਖਿਆਰਾ ਸੀ ਅਤੇ ਸੰਤ ਜੀ ਦੀ ਸੰਗਤ ਹੋਣ ਤੇ ਆਏ ਗਏ ਗੁਰਸਿਖ, ਸਾਧ ਸੰਤ ਦੀ ਸੇਵਾ ਕਰਨ ਦਾ ਸਦਾ ਹੀ ਪ੍ਰੇਮ ਬਣਿਆ ਰਹਿੰਦਾ ਸੀ। ਆਪ ਨੇ ਚੜ੍ਹਦੀ ਅਵੱਸਥਾ ਵਿਚ ਹਿੰਦੀ ਦਾ ਬੋਧ ਕਰ ਲਿਆ ਤੇ ਭਾਸ਼ਾ ਦੇ ਗ੍ਰੰਥ ਵਿਚਾਰ ਸਾਗਰ ਤੇ ਪ੍ਰਬੋਧ ਚੰਦਰ ਨਾਟਕ ਆਦਿ ਵੀ ਪੜ੍ਹ ਲਏ। ਕੁਝ ਕੁ ਹਿਕਮਤ ਸਿਖ ਕੇ ਮੁਫਤ ਇਲਾਜ ਵੀ ਕਰਨ ਲਗ ਪਏ। ਅਠਾਰਵੇਂ ਸਾਲ ਆਪ ਦਾ ਅਨੰਦ ਕਾਰਜ ਬਾਗੜੀਆਂ ਨਗਰ ਵਿਖੇ ਹੋਇਆ। ਆਪ ਗੁਰਬਾਣੀ, ਗੁਰ ਇਤਿਹਾਸ ਤੇ ਹੋਰ ਧਾਰਮਿਕ ਪੁਸਤਕਾਂ ਪੜ੍ਹਣ ਦੀ ਲਗਣ ਹੋਣ ਤੇ ਆਪ ਦੀ ਕਮਾਈ ਵਿਚੋਂ ਦਸਵਾਂ ਹਿਸਾ ਗੁਰੂ ਨਮਿਤ ਕਢ ਕੇ ਬਾਕੀ ੯ ਹਿਸਿਆਂ ਵਿਚੋਂ ਲੰਗਰ ਤੇ ਸਹਿਜ ਪਾਠ ਆਪਣੇ ਘਰ ਵਿਚ ਕਰਾਉਂਦੇ ਸਨ। ਰਾਤ ਦੇ ਵਕਤ ਆਪ ਆਪਣੇ ਘਰ ਵਿਚ ਪੰਥ ਪ੍ਰਕਾਸ਼ ਆਦਿ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਅਤੇ ਗੁਰਬਾਣੀ ਕੰਠ ਕਰਾਉਂਦੇ। ਗੁਰਮਤ ਦਾ ਪ੍ਰਕਾਸ਼ ਅਤੇ ਮਨਮਤ ਦੂਰ ਕਰਨ ਲਈ ਰਾਤ ਦਿਨ ਜੁਟੇ ਰਹਿੰਦੇ ਸਨ।

### ॥ ਕੌਮੀ ਕੰਮ ॥

ਆਪ ਤਾਊਸ ਬੜਾ ਸੋਹਣਾ ਬਜਾ ਲੈਂਦੇ ਸਨ ਅਤੇ ਕੀਰਤਨੀ ਜੱਥਾ ਕਾਇਮ ਕਰ ਕੇ ਕੀਰਤਨ ਦਾ ਪ੍ਰਵਾਹ ਜਾਰੀ ਕੀਤਾ ਅਤੇ ਸਾਲ ਦੇ ਸਾਲ ਆਪਣੇ ਗੁਰਦੁਆਰੇ ਧਾਰਮਿਕ ਦੀਵਾਨ ਲਾਉਣੇ ਸ਼ੁਰੂ ਕਰ ਦਿਤੇ ਅਤੇ ਨਗਰ ਨਿਵਾਸੀਆਂ ਨੂੰ ਬਾਹਰਲੇ ਗੁਰਦਆਰੇ ਦੇ ਗਰੰਥੀ ਪਰ ਕੁਝ ਇਤਰਾਜ਼ ਹੋਣ ਤੇ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਕਰਾਉਣੇ ਬੰਦ ਕਰ ਦਿਤੇ ਸਨ। ਗੁਰਬਾਣੀ ਦੇ ਪ੍ਰਚਾਰ ਵਿਚ ਇਹ ਘਾਟਾ ਵੇਖ ਕੇ ਭਾਈ ਹਜ਼ਾਰਾ ਸਿੰਘ ਜੀ ਨੇ ਇਹ ਕੰਮ ਆਪਣੇ ਜ਼ੁਮੇਂ ਲਿਆ। ਪਿੰਡ ਵਿਚ ਪਾਠ ਕਰਦੇ ਪਰ ਜਲ ਪ੍ਰਸ਼ਾਦਾ ਆਪਣੇ ਘਰੋਂ ਹੀ ਛਕਦੇ, ਜੋ ਮਾਇਆ ਭੇਟ ਹੁੰਦੀ ਉਹ ਸਾਰੀ ਤੇ ਆਪਣੇ ਪਾਸੋਂ ਭੀ ਪਾਕੇ ਗੁਰਦੁਆਰੇ ਦੇ ਕੰਮਾਂ ਪਰ ਲਾਂ ਦੇਂਦੇ ਤੇ ਗੁਰਦੁਆਰੇ ਦਾ ਫੰਡ ਕਾਇਮ ਕਰ ਦਿਤਾ, ਜੋ ਅਜ ਤਕ ਕਾਇਮ ਹੈ। ਆਪ ਦੇ ਪ੍ਰਚਾਰ ਦਾ ਪਿੰਡ ਵਿਚ ਇਹ ਅਸਰ ਪਿਆ ਕਿ ਸੱਠ ਸੱਠ ਸਾਲ ਦੇ ਬੁਢੇ ਬਾਬਿਆਂ

Digitized by Panjab Digital Library | www.panjabdigilib.org

ਨੇ ਅੰਮ੍ਰਿਤ ਛਕ ਲਿਆ। ਆਪ ਫਰਮਾਇਆ ਕਰਦੇ ਸਨ ਕਿ ਨਗਰ ਵਿਚ ਕੋਈ ਸਿਖ ਬੱਚਾ ੧੨ ਸਾਲ ਦੀ ਉਮਰ ਤੋਂ ਵਡਾ ਬਿਨਾ ਅੰਮ੍ਰਿਤ ਪਾਨ ਕਰਾਏ ਦੇ ਨਹੀਂ ਰਹਿਣ ਦੇਣਾ। ਭਾਈਚਾਰਕ ਸੁਧਾਰ ਦੇ ਭੀ ਆਪ ਮੋਢੀ ਸਨ।

## ਸਿਦਕ ਤੇ ਅਰਦਾਸ

ਆਪ ਜਦ ਕਿਸੇ ਨਿਕਟਵਰਤੀ ਸਬੰਧੀ ਦੀ ਮਿਰਤੂ ਦੀ ਖਬਰ ਸੁਣਦੇ ਤਾਂ, ਵਾਹਿਗੁਰੂ ਦੇ ਧਿਆਨ ਵਿਚ ਲੀਨ ਹੋ ਜਾਂਦੇ, ਭਾਣਾ ਮੰਨਦੇ ਤੇ ਹੋਰਨਾਂ ਨੂੰ ਅਜਿਹੀ ਸਿਖਿਆ ਦੇਂਦੇ। ਭਾਵੇਂ ਆਪ ਛੋਟੇ ਤੋਂ ਛੋਟੇ ਕੰਮ ਲਈ ਵੀ ਕਿਤੇ ਜਾਂਦੇ ਤਾਂ ਅਰਦਾਸਾ ਜ਼ਰੂਰ ਕਰਦੇ। ਆਪ ਨੂੰ ਭਰੋਸਾ ਸੀ ਕਿ ਅਰਦਾਸਾ ਕਰਨ ਸਮੇਂ ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੁੰਦੇ ਹਨ ਅਤੇ ਸੇਵਕਾਂ ਦੀ ਅਭਿਲਾਖਾ ਪੂਰੀ ਕਰਦੇ ਹਨ।

## ਸਰੀਰ ਅਤੇ ਸੁਭਾ

ਆਪ ਦਾ ਸਰੀਰ ਪਤਲਾ, ਕਦ ਦਰਮਿਆਨਾਂ, ਦਾੜ੍ਹਾ ਗੁਰਮੁਖੀ, ਬਚਨ ਨਿਮ੍ਰਤਾ ਭਰੇ ਜਾਦੂ ਦਾ ਅਸਰ ਰੱਖਣ ਵਾਲੇ ਸੱਟ ਲੱਗਣ ਦੇ ਕਾਰਨ ਇਕ ਲੱਤ ਤੋਂ ਲੰਗਾ ਕੇ ਤੁਰਦੇ ਸਨ ਆਪ ਨਿਸਕਪਟ, ਦਲੇਰ, ਦਾਨੀ, ਉਦਾਰ ਤੇ ਸਦਾ ਖਿੜੇ ਰਹਿਣ ਵਾਲੇ ਸਨ।

## ਅਕਾਲੀ ਲਹਿਰ

ਆਪ ਨੇ ਅਕਾਲੀ ਲਹਿਰ ਸਮੇਂ ਆਪਣੇ ਪਿੰਡ ਵਿਚ ਸੁਧਾਰ ਕਰਨਾ ਸ਼ੁਰੂ ਕਰ ਦਿਤਾ, ਗੁਰਦੁਆਰੇ ਦਾ ਮਹੰਤ ਭਾਈ ਭਗਤ ਸਿੰਘ ਗੁਰਦੁਆਰੇ ਦੀ ਜ਼ਮੀਨ ਨੂੰ ਆਪਣੇ ਨਾਂ ਲੁਆ ਚੁਕਾ ਸੀ, ਯਤਨ ਕਰਨ ਤੋਂ ਮਹੰਤ ਜੀ ਨੇ ਇਹ ਗਲ ਮਨੀ ਕਿ ਮੈਂ ੨੫੦ ਰੁਪਿਆ ਸਾਲ ਦਾ ਨਗਰ ਦੀ ਸੰਗਤ ਨੂੰ ਪ੍ਰਚਾਰ ਲਈ ਦਿਆ ਕਰਾਂਗਾ। ਇਸ ਤਰਾਂ ਆਪ ਨੇ ਪਿੰਡ ਦੇ ਗੁਰਦੁਆਰੇ ਦਾ ਸੁਧਾਰ ਕੀਤਾ ਆਪ ਰਾਤ ਦਿਨ ਅਕਾਲੀ ਦਲ ਦੇ ਹੁਕਮ ਵਿਚ ਸੇਵਾ ਕਰਦੇ ਰਹਿੰਦੇ ਸਨ, ਲੋੜ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਪੁਜ ਕੇ ਕਾਫੀ ਸਮੇਂ ਤਕ ਸੇਵਾ ਕਰਦੇ ਰਹਿੰਦੇ ਸਨ।

ਆਪ ਦੀ ਸਿੰਘਣੀ ਦਾ ਵਿਛੋੜਾ ਦੋ ਛੋਟੇ ੨ ਭੁਜੰਗੀਆਂ ਨੂੰ ਛਡ ਕੇ ਚੜ੍ਹਦੀ ਅਵਸਥਾ ਵਿਚ ਹੀ ਸੁਰਗਵਾਸ ਹੋ ਗਈ ਸੀ, ਸਾਰੇ ਸਬੰਧੀ ਹੋਰ ਵਿਆਹ ਕਰਵਾਉਣ ਲਈ ਜ਼ੋਰ ਲਾ ਰਹੇ ਸਨ ਪਰ ਆਪ ਨੇ ਇਹ ਗਲ ਨਾ ਮੰਨੀ ਅਤੇ ਬਾਕੀ ਸਾਰੀ ਉਮਰ ਗੁਰੂ ਪੰਥ ਦੀ ਸੇਵਾ ਹਿਤ ਰਹਿਣ ਦਾ ਪ੍ਰਣ ਕੀਤਾ।

## ॥ ਸਾਕਾ ਤੇ ਸ਼ਹੀਦੀ ॥

੨੬ ਜਨਵਰੀ ੧੯੨੧ ਨੂੰ ਆਪ ਜਦ ਘਰ ਬੈਠੇ ਪ੍ਰਸ਼ਾਦ ਛਕ ਰਹੇ ਸਨ ਤਾਂ ਇਕ ਸਿੰਘ ਨੇ ਆ ਕੇ ਕਿਹਾ ਕਿ ਅਕਾਲੀ ਦਲ ਸ੍ਰੀ ਤਰਨ ਤਾਰਨ ਪੁਜ ਗਿਆ ਹੈ, ਆਪ ਨੇ ਉਸੇ ਵੇਲੇ ਪ੍ਰਸ਼ਾਦਾ ਕੁਤੇ ਨੂੰ ਪਾ ਦਿਤਾ ਤੇ ਵਾਹੋ ਦਾਹੀ ਉਠ ਭਜੇ ਪਿੰਡ ਦੇ ਲੋਕਾਂ ਨੇ ਜੋ ਜਲਵਾ ਆਪ ਦੇ ਚਿਹਰੇ ਪਰ ਅਜ ਵੇਖਿਆ ਉਹੋ ਅਗੇ ਕਦੇ ਨਹੀਂ ਤਕਿਆ ਸੀ, ਪੁਛਣ ਲਗੇ ਕਿ ਜਥੇਦਾਰ ਜੀ ਅਜ ਬੜੇ ਪ੍ਰਸੰਨ ਜਾਪਦੇ ਹੋ ਤੇ ਏਨੀ ਛੇਤੀ ਕਿਧਰ ਜਾ ਰਹੇ ਹੋ, ਆਪ ਕਾਹਲੀ ਵਿਚ ਹੀ ਇਹ ਉਤਰ ਦੇ ਕੇ ਤੁਰਦੇ ਹੋਏ ਕਿ ਅਜ ਸ਼ਹੀਦੀ ਗਫੇ ਵਰਤਣੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਹਨ ਆ ਜਾਉ, ਆਪ ਸ੍ਰੀ ਤਰਨ ਤਾਰਨ ਪੁਜ ਗਏ ਤੇ ਆਪ ਦਾ ਜਾਣਾ ਸੁਣ ਕੇ ਪਿੰਡ ਦੀ ਕਾਫੀ ਸੰਗਤ ਭੀ ਤਰਨ ਤਾਰਨ ਪੁਜ ਗਈ। ਜਥੇਦਾਰ ਦੀ ਆਗਿਆ ਨਾਲ ਆਪ ਜਥੇ ਦੇ ਸਿੰਘਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਚਲੇ ਗਏ। ਉਸ ਵੇਲੇ ਪੁਜਾਰੀਆਂ ਨੇ ਅਕਾਲੀਆਂ ਉਤੇ ਹਮਲਾ ਸ਼ੁਰੂ ਕੀਤਾ, ਸ਼ਾਂਤ ਮਈ ਰਹਿੰਦਿਆਂ

Digitized by Panjab Digital Library | www.panjabdigilib.org

ਹੋਇਆਂ ਭਾਈ ਹਜ਼ਾਰਾ ਸਿੰਘ ਜੀ ਨੇ ਆਪਣਾ ਪਵਿਤਰ ਸਰੀਰ ਗੁਰ ਚਰਨਾਂ ਵਿਚ ਭੇਟ ਕਰ ਦਿਤਾ, ਇਕੋ ਛਵੀ ਆਪ ਦੇ ਦਿਲ ਪਰ ਪਿਠ ਵਾਲੇ ਪਾਸਿਉਂ ਵਜੀ ਜੋ ਆਪ ਨੂੰ ਸ਼ਹੀਦੀ ਬਾਟਾ ਪਿਲਾ ਗਈ, ਜਦ ਆਪ ਨੂੰ ਛਵੀ ਲਗੀ ਤਾਂ ਆਪ ਨੇ ਕਿਹਾ, "ਸ਼ੁਕਰ ਵਾਹਿਗੁਰੂ ਤੇਰਾ ਭਾਣਾ ਮੀਠਾ ਲਾਗੈ" ਅਸਾਂ ਭਰਾਵਾਂ ਉਤੇ ਵਾਰ ਨਹੀਂ ਕਰਨਾ ਤੁਸੀਂ ਬੇਸ਼ਕ ਕਰੋ । ਹੋਰ ਫਟੜਾਂ ਦੇ ਨਾਲ ਆਪ ਨੂੰ ਸ਼ਹਿਰ ਦੇ ਹਸਪਤਾਲ ਵਿਚ ਲੈ ਜਾਇਆ ਗਿਆ, ਆਪ ਦੇ ਪਿੰਡ ਦੀ ਸੰਗਤ ਰਾਤ ਦੇ ਬਾਰਾਂ ਵਜੇ ਮੁੜ ਗਈ ਸੀ, ਆਪ ਦੇ ਸਰੀਰ ਪਰ ੧੦ ਇੰਚ ਲੰਬਾ ਤੇ ੯ ਇੰਚ ਡੂੰਘਾ ਜ਼ਖਮ ਸੀ । ਪਰ ਚੇਹਰੇ ਦੀ ਤਾਬ ਝਲੀ ਨਹੀਂ ਸੀ, ਜਾਂਦੀ ਆਪ ਦੇ ਪਾਸ ਭਾਈ ਆਸਾ ਸਿੰਘ ਤੇ ਭਾਈ ਚਾਨਣ ਰਾਮ ਬੈਠੇ ਸਨ । ਭਾ: ਹਜ਼ਾਰਾ ਸਿੰਘ ਦਾ ਸਪੁਤਰ ਭਾ: ਕਿਸ਼ਨ ਸਿੰਘ ਆ ਗਏ, ਪਿਤਾ ਨੂੰ ਵੇਖਕੇ ਇਹਨਾਂ ਦੇ ਅਥਰੂ ਕਿਰ ਪਏ, ਸ਼ਹੀਦ ਜੀ ਨੇ ਕਿਹਾ ਕਿ ਪੁਤਰ ਹੌਂਸਲਾ ਕਰੋ ਸਿੰਘਾਂ ਦੇ ਬਚੇ ਏਦਾਂ ਨਹੀਂ ਕਰਦੇ ਸਗੋਂ ਅਰਦਾਸ ਕਰੋ ਕਿ ਮੈਂ ਛੇਤੀ ਗੁਰ ਚਰਨਾਂ ਵਿਚ ਜਾਵਾਂ ਆਪਣੇ ਪੁਤਰ ਨਾਲ ਇਹ ਅਖੀਰੀ ਬਚਨ ਕਰਕੇ ਸਤਿਨਾਮ ਵਾਹਿਗੁਰੂ ਕਹਿੰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੋਦ ਵਿਚ ਜਾ ਬਿਰਾਜੇ, ਪਿਛੋਂ ਆਪ ਦਾ ਸਾਰਾ ਪ੍ਵਾਰ ਆ ਗਿਆ ਤੇ ਅਗਲੇ ਦਿਨ ਸ਼ਹੀਦ ਜੀ ਦੀ ਦੇਹ ਦਾ ਸਸਕਾਰ ਕੀਤਾ । ਆਪ ਸਚ ਰਾਜ ਜੋਗੀ ਸਨ, ਆਪ ਦੀ ਸੰਗਤ ਕਰਨ ਵਾਲੇ ਅਨਪੜ੍ਹ ਪੁਰਸ਼ ਆਪ ਦੇ ਅਸਰ ਨਾਲ ਦਸਾਂ ੨ ਬਾਣੀਆਂ ਦੇ ਨਿਤਨੇਮੀ ਦਿਸ ਰਹੇ ਹਨ, ਆਪ ਜੀ ਦਾ ਜਾਰੀ ਕੀਤਾ ਹੋਇਆ ਪ੍ਰਚਾਰ, ਕਥਾ, ਕੀਰਤਨ, ਗੁਰਪੁਰਬ, ਜਲੂਸ ਆਦਿਕ ਦਾ ਕੰਮ, ਹੁਣ ਤਕ ਪਿੰਡ ਵਿਚ ਜਾਰੀ ਹੈ ਆਪ ਦਾ ਕਾਇਮ ਕੀਤਾ ਹੋਇਆ ਫੰਡ ਗੁਰਦੁਆਰੇ ਵਿਚ ਮੌਜੂਦ ਹੈ ।

## ਸ: ਹੁਕਮ ਸਿੰਘ ਜੀ ਸ਼ਹੀਦ

ਸ: ਹੁਕਮ ਸਿੰਘ ਪਿਤਾ ਗੰਡਾ ਸਿੰਘ ਜੀ ਦੇ ਘਰ ਪਿੰਡ ਕੋਟ ਵਸਾਊ ਜ਼ਿ: ਅੰਮ੍ਰਿਤਸਰ ਜਨਮ ਹੋਇਆ । ੨੯ ਜਨਵਰੀ ਨੂੰ ਫੱਟੜ ਹੋਏ, ੪ ਫਰਵਰੀ ਨੂੰ ਆਪ ਸ਼ਹੀਦੀ ਪਾ ਗਏ । ਉਸ ਵਕਤ ਆਪ ਦੀ ਉਮਰ ੧੮-੧੯ ਸਾਲ ਦੇ ਲਗ ਪਗ ਸੀ, ਆਪ ਗੁਰਮੁਖੀ ਚੰਗੀ ਤਰ੍ਹਾਂ ਜਾਣਦੇ ਸੀ । ਅਕਾਲੀ ਲਹਿਰ ਦੇ ਚਲਣ ਤੋਂ ਇਕ ਸਾਲ ਪਹਿਲੇ ਸੈਂਟਰ ਖਾਲਸਾ ਦੀਵਾਨ ਮਾਲਵਾ ਦੇ ਮੈਂਬਰ ਬਣੇ ਸਨ । ਬਾਬੇ ਦੀ ਬੇਰ ਦੇ ਕਬਜ਼ੇ ਸਮੇਂ ਸਿਆਲਕੋਟ ਪੁਜ ਕੇ ਆਪ ਨੇ ਸੇਵਾ ਕੀਤੀ, ਫੇਰ ਅੰਮ੍ਰਿਤਸਰ ਆ ਕੇ ਲੰਗਰ ਦੀ ਸੇਵਾ ਕਰਦੇ ਰਹੇ । ਆਪ ਦੇ ਦਿੱਲ ਵਿਚ ਲੰਗਰ ਅਤੇ ਸੰਗਤ ਦੀ ਸੇਵਾ ਕਰਨ ਦਾ ਬੜਾ ਹੀ ਉਤਸ਼ਾਹ ਹੁੰਦਾ ਸੀ । ਤਰਨਤਾਰਨ ਜਾਣ ਲਈ ਆਪ ਨੂੰ ੨੯ ਜਨਵਰੀ ਅੰਮ੍ਰਿਤ ਵੇਲੇ ਦਸਿਆ ਗਿਆ, ਆਪ ਉਸੇ ਵੇਲੇ ਤਿਆਰ ਹੋ ਗਏ ਅਤੇ ਗੁਰਦਵਾਰਾ ਸੁਧਾਰ ਲਈ ਸੇਵਾ ਦਾ ਮੌਕਾ ਪਾਪਤ ਕਰਕੇ ਆਪਣੇ ਆਪ ਨੂੰ ਵਡਭਾਗੀ ਸਮਝਿਆ । ਆਪ ਬੜੇ ਸਿਦਕੀ ਭਰੋਸੇ ਵਾਲੇ ਸਨ, ਨਿੱਤ ਨੇਂਮ ਕਦੀਂ ਨਹੀਂ ਸੀ ਖੁੰਝਦੇ । ਸਾਰਾ ਦਿਨ ਸੇਵਾ ਕਰਦੇ ਰਹਿਣਾ ਫਿਰ ਭੀ ਨਹੀਂ ਸੀ ਅਕਦੇ । ਮਾਤਾ ਪਿਤਾ ਦੋਵੇਂ ਚੜ੍ਹਾਣਾ ਕਰ ਚੁਕੇ ਸਨ ਅਤੇ ਵਿਵਾਹ ਭੀ ਆਪ ਨੇ ਅਜੇ ਨਹੀਂ ਸੀ ਕਰਾਇਆ । ਜਦ ਕਦੀਂ ਸਜਣਾਂ ਵਿਚ ਬੈਠਣ ਤਾਂ ਇਹੋ ਕਹਿਣਾ ਕਿ ਜੇ ਸਰੀਰ ਗੁਰੂ ਕੇ ਲੇਖੇ ਵਿਚ ਲਗ ਜਾਵੇ ਤਾਂ ਜਨਮ ਸਫਲ ਹੋ ਜਾਵੇ । ਜਦ ਸ੍ਰੀ ਤਰਨਤਾਰਨ ਜਥਾ ਪੁਜਾ ਤਾਂ ਆਪ ਦੀ ਸੇਵਾ ਗੁਰਦਵਾਰੇ ਦੇ ਅੰਦਰ ਲਾਈ ਗਈ । ਆਪ ਨੇ ਜੱਥੇਦਾਰ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਅਤੇ ਜਿੱਥੇ ਹੁਕਮ ਹੋਇਆ, ਸੇਵਾ ਤੇ ਲਗੇ ਰਹੇ । ਜਦ ਰਾਤ ਸਮੇਂ ਪੁਜਾਰੀਆਂ ਨੇ ਛਵ੍ਹੀਆਂ ਕੁਹਾੜੀਆਂ ਨਾਲ ਹਮਲਾ ਕੀਤਾ, ਤਾਂ ਆਪ ਸਤਿਨਾਮ ਵਾਹਿਗੁਰੂ

Digitized by Panjab Digital Library | www.panjabdigilib.org

ਜਪਦੇ ਅਡੋਲ ਬੈਠੇ ਰਹੇ। ਹੁਣ ਆਪ ਦੇ ਸਿਰ ਵਿਚ ਛਵ੍ਹੀ ਵੱਜੀ ਤੇ ਬੜਾ ਡੂੰਘਾ ਜ਼ਖਮ ਹੋ ਗਿਆ, ਆਪ ਨੂੰ ਭੀ ਹੋਰ ਫਟੜਾਂ ਨਾਲ ਹਸਪਤਾਲ ਪਹੁੰਚਾਇਆ ਗਿਆ। ਜ਼ਖਮ ਬੜਾ ਡੂੰਘਾ ਤੇ ਖਤਰਨਾਕ ਸੀ, ਡਾਕਟਰ ਨੇ ਕਿਹਾ ਕਿ ਕੇਸ ਕਟਾ ਕੇ ਮਰਹਮ ਪੱਟੀ ਹੋਵੇ ਤਾਂ ਬਚਾਓ ਹੋ ਸਕਦਾ ਹੈ, ਪਰ ਆਪ ਨੇ ਇਹ ਗੱਲ ਨਾ ਮੰਨੀ। ਹਸਪਤਾਲ ਵਿਚ ਕਦੀਂ ਆਪ ਦੇ ਮੂੰਹੋਂ ਹਾਏ ਨਹੀਂ ਸੀ ਨਿਕਲੀ। ਪੁਲਸ ਨੇ ਆਪ ਨੂੰ ਬੜਾ ਹੀ ਕਿਹਾ ਕਿ ਬਿਆਨ ਦਿਓ ਕਿ ਤੁਹਾਨੂੰ ਕਿਸ ਨੇ ਛਵ੍ਹੀ ਮਾਰੀ ਹੈ, ਪਰ ਆਪ ਨੇ ਕਿਹਾ ਕਿ ਮੈਂ ਕੋਈ ਬਿਆਨ ਨਹੀਂ ਦੇਣਾ। ਜੱਥੇਦਾਰ ਸਾਹਿਬ ਜਾਂ ਸ਼੍ਰੋ: ਗੁ: ਪ੍ਰ: ਕਮੇਟੀ ਜੋ ਫੈਸਲਾ ਕਰੇਗੀ, ਉਹੀ ਕਰਾਂਗਾ। ਉਹਨੂੰ ਤੁਸੀਂ ਜਾ ਕੇ ਪੁੱਛੋ, ਆਖਰ ਸਤਿਨਾਮ ਸ੍ਰੀ ਵਾਹਿਗੁਰੂ ਕਹਿੰਦੇ੨ ਅਤੇ ਤੇਰਾ ਭਾਣਾਂ ਮੀਠਾ ਲਾਗੈ, ਜਪਦੇ ਹੋਏ ੪ ਫਰਵਰੀ ੧੯੨੧ ਨੂੰ ਸੱਚ ਖੰਡ ਨੂੰ ਚਾਲੇ ਪਾ ਗਏ। ਆਪ ਦਾ ਸਸਕਾਰ ਭੀ ਬੜੀ ਧੂੰਮ ਧਾਮ ਨਾਲ ਭਾ: ਹਜ਼ਾਰਾ ਸਿੰਘ ਜੀ ਵਾਲੀ ਥਾਂ ਕੀਤਾ ਗਿਆ। ਆਪ ਦੇ ਨਿਕਟ ਵਰਤੀ ਸਜਣ ਦਸਦੇ ਹਨ ਕਿ ਆਪ ਬੜੇ ਨੇਕ ਜੀਊੜੇ ਸਨ ਤੇ ਆਪ ਦੇ ਹਿਰਦੇ ਵਿਚ ਪੰਥਕ ਸੇਵਾ ਦੀ ਸੱਚੀ ਲਗਨ ਸੀ।

## ਸ੍ਰੀ ਨਨਕਾਣੇ ਸਾਹਿਬ ਦੀਆਂ ਸ਼ਹੀਦੀਆਂ

ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਿਖ ਪੰਥ ਦਾ ਮਹਾਨ ਤੀਰਥ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਗੁਰ ਅਸਥਾਨ ਨਾਲ ਬਹੁਤ ਸਾਰੀ ਜ਼ਮੀਨ ਅਤੇ ਜਾਗੀਰ ਲਗਾਈ ਹੋਈ ਸੀ। ਜਦ ਬਾਰਾਂ ਆਬਾਦ ਹੋਈਆਂ ਤਾਂ ਸ੍ਰੀ ਨਨਕਾਣਾ ਸਾਹਿਬ ਦੇ ਮੁਰੱਬਿਆਂ ਨੂੰ ਭੀ ਪਾਣੀ ਲਗਣ ਲਗ ਪਿਆ ਅਤੇ ਗੁਰਦਵਾਰੇ ਦੀ ਆਮਦਨ ਵਿਚ ਬਹੁਤ ਵਾਧਾ ਹੋ ਗਿਆ। ਇਸ ਗੁਰਦਵਾਰੇ ਦ ਪ੍ਰਬੰਧ ਉਦਾਸੀ ਮਹੰਤਾਂ ਦੇ ਹਥ ਵਿਚ ਸੀ। ਵਧੀ ਹੋਈ ਆਮਦਨ ਦਾ ਸਦਕਾ ਮਹੰਤਾਂ ਦ ਚਲਣ ਖਰਾਬ ਹੋ ਗਿਆ। ਮਹੰਤ ਸਾਧੂ ਰਾਮ ਬੜਾ ਸ਼ਰਾਬੀ ਕਬਾਬੀ ਸੀ। ਅਯਾਸ਼ੀ ਦੇ ਕਾਰਨ ਉਸ ਨੂੰ ਕਈ ਰੋਗ ਚਿੰਮੜੇ ਹੋਏ ਸਨ।

ਸਾਧੂ ਰਾਮ ਦੀ ਮੌਤ ਪਿਛੋਂ ਕਿਸ਼ਨ ਦਾਸ ਮਹੰਤ ਬਣਿਆ, ਉਹ ਭੀ ਘਟ ਨਹੀਂ ਸੀ। ਉਸ ਨੇ ਇਕ ਵੇਸਵਾ ਨਾਲ ਸ਼ਾਦੀ ਕਰ ਲਈ ਜਿਸ ਵਿਚੋਂ ਇਕ ਲੜਕਾ ਪੈਦਾ ਹੋਇਆ। ਇਕ ਵੇਰ ਉਸ ਨੇ ਆਪਣੇ ਭਤੀਜੇ ਦੀ ਸ਼ਾਦੀ ਸਮੇਂ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਾਇਆ ਅਤੇ ਆਪ ਸ਼ਰਾਬ ਪੀਤੀ। ਇਸ ਵਿਰੁਧ ਸਿੰਘ ਸਭਾਈਆਂ ਨੇ ਕਾਫੀ ਐਜੀਟੇਸ਼ਨ ਕੀਤੀ ਸੀ ਪਰੰਤੂ ਸਰਕਾਰ ਨੇ ਕਿਸੇ ਦੀ ਗੱਲ ਨਾ ਸੁਣੀ। ਕਿਸ਼ਨ ਦਾਸ ਮਹੰਤ ਲਾਹੌਰ ਵਿਚ ਮਰ ਗਿਆ। ਉਸ ਦੀ ਥਾਂ ਨਰਾਇਣ ਦਾਸ ਮਹੰਤ ਬਣਿਆ। ਇਸ ਨੇ ਮਹੰਤੀ ਲੈਣ ਸਮੇਂ ਇਕ ਮਜਿਸਟਰੇਟ ਦੇ ਸਾਹਮਣੇ ਨੇਕ-ਚਲਣ ਰਹਿਣ ਦਾ ਇਕਰਾਰ ਕੀਤਾ ਜੋ ਮਾੜੇ ਕੰਮ ਕਿਸ਼ਨ ਦਾਸ ਕਰਦਾ ਸੀ ਉਹ ਨਹੀਂ ਕਰੇਗਾ, ਪਰੰਤੂ ਮਾਇਆ ਸਭ ਦੀ ਮੱਤ ਮਾਰ ਦਿੰਦੀ ਹੈ। ਇਸ ਮਹੰਤ ਨੇ ਇਕ ਮੁਸਲਮਾਨ ਮਿਰਾਸਣ ਰੱਖੀ ਹੋਈ ਸੀ ਜਿਸ ਦੇ ਦੋ ਪੁੱਤਰ ਤੇ ਦੋ ਧੀਆਂ ਪੈਦਾ ਹੋਈਆਂ। ਇਸ ਨੂੰ ਮਹੰਤ ਨੇ ਇਕ ਮਕਾਨ ਨਨਕਾਣੇ ਸਾਹਿਬ ਤੇ ਇਕ ਲਾਹੌਰ ਬਣਾ ਕੇ ਦਿਤਾ ਹੋਇਆ ਸੀ।

ਗੁਰਦਵਾਰੇ ਵਿਚ ਆਏ ਗਏ ਯਾਤਰੂਆਂ ਨਾਲ ਭੀ ਚੰਗਾ ਵਰਤਾਉ ਨਹੀਂ ਸੀ ਹੁੰਦਾ। ਇਸਤਰੀਆਂ ਦੀ ਇਜ਼ਤ ਖਤਰੇ ਵਿਚ ਸੀ। ਮਿਸਾਲ ਦੇ ਤੌਰ ਤੇ ੧੯੧੮ ਵਿਚ ਇਕ ਸਿੰਧੀ ਰਿਟਾਇਰਡ ਈ. ਏ. ਸੀ. ਸ੍ਰੀ ਨਨਕਾਣਾ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ। ਇਕ ਪੁਜਾਰੀ ਨੇ ਉਸ ਦੀ ੧੩ ਸਾਲ ਦੀ ਲੜਕੀ ਚੁਕ ਲਈ ਪਰ ਮਹੰਤਾਂ ਨੇ ਉਸ ਪੁਜਾਰੀ ਵਿਰੁਧ ਕੋਈ ਕਾਰਵਾਈ ਨਾ ਕੀਤੀ। ਜੜਾਂਵਾਲੇ ਤੋਂ ਛੇ ਇਸਤਰੀਆਂ ਗੁਰਦਵਾਰੇ ਦੇ ਦਰਸ਼ਨ ਕਰਨ ਆਈਆਂ ਤਾਂ ਪੁਜਾਰੀਆਂ ਨੇ

Digitized by Panjab Digital Library | www.panjabdigilib.org


ਗੁਰਦੁਆਰੇ ਪੰਥ ਦੇ ਪ੍ਰਬੰਧ ਵਿੱਚ ਲਿਆਉਣ ਲਈ ਹੋਈਆਂ ਸ਼ਹੀਦੀਆਂ ਵਿਚੋਂ
ਸਾਕਾ ਨਨਕਾਣਾ ਸਾਹਿਬ ਦਾ ਦ੍ਰਿਸ਼
ਮਹੰਤ ਨਰੈਣੂ ਦੇ ਗੁੰਡਿਆਂ ਦੇ ਹਥੋਂ ਸਿੰਘ
ਗੋਲਿਆਂ, ਬਰਛਿਆਂ ਆਦਿ ਨਾਲ
ਸ਼ਹੀਦ ਕੀਤੇ ਜਾ ਰਹੇ ਹਨ ॥
ਮਹੰਤ ਨਰੈਣੂ ਘੋੜੇ
ਉਤੇ ਚੜ੍ਹਿਆ ਹੋਇਆ
ਭਾਈ ਲਛਮਣ ਸਿੰਘ ਦਾ
ਸਿਰ ਹਥ ਵਿਚ ਲੈਕੇ ਸਿੰਘਾ
ਗੁੰਡਿਆਂ ਨੂੰ

Digitized by Panjab Digital Library | www.panjabdigilib.org

## ਸ਼ਹੀਦੀ ਬੀੜ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿਤ੍ਰ ਸਰੂਪ ਦਾ ਸਾਰੀਆਂ ਸੰਪ੍ਰਦਾਵਾਂ ਹੀ ਪੂਰਨ ਸਤਿਕਾਰ ਕਰਦੀਆਂ ਹਨ, ਪਰ ਇਨ੍ਹਾਂ ਪਾਪੀਆਂ ਨੇ ਜੁਗ ਜੁਗ ਅਟਲ ਮਹਾਰਾਜ ਦੀ ਬੇ-ਅਦਬੀ ਕਰਨੋਂ ਭੀ ਸੰਕੋਚ ਨ ਕੀਤਾ ਅਤੇ ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਗੋਲੀਆਂ ਮਾਰੀਆਂ। ਬੀੜ ਵਿਚੋਂ ਗੋਲੀਆਂ ਦੇ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ। ਇਕ ਗੋਲੀ ਪੰਨਾ ੧੩੧੯ ਤੋਂ ਲੈ ਕੇ ਪੰਨਾ ੧੪੩੦ ਤੱਕ ਪਵਿੱਤ੍ਰ ਪੱਤ੍ਰਿਆਂ ਨੂੰ ਫੱਟੜ ਕਰਕੇ ਵਿਚ ਦੀ ਬਾਹਰ ਨਿਕਲ ਗਈ। ਇਨ੍ਹਾਂ ਅੰਗਾਂ ਵਿਚ ਗੁਰਬਾਣੀ ਦੇ ਕਈ ਅੱਖਰ ਕੱਟੇ ਗਏ ਹਨ। ਪੰਨਾ ੪੬੨ ਤੋਂ ਲੈ ਕੇ ਪੰਨਾਂ ੬੪੦ ਤੱਕ ਛਵ੍ਹੀਆਂ ਨਾਲ ਪੱਤਰੇ ਜ਼ਖ਼ਮੀ ਹੋਏ ਹਨ। ਸਾਢੇ ਚਾਰ ਇੰਚ ਲੰਮਾ ਅਤੇ ਅਟੇ ਸਟੇ ਡੇਢ ਇੰਚ ਚੌੜਾ ਹਾਸ਼ੀਆ ਕੱਟਿਆ ਗਿਆ ਹੈ। ਇਸ ਥਾਂ ਪੰਜ ਨਿਸ਼ਾਨ ਵੱਖੋ ਵੱਖ ਗੋਲੀਆਂ ਦੇ ਸਪੱਸ਼ਟ ਨਜ਼ਰ ਆਉਂਦੇ ਹਨ। ਉਸ ਸਮੇਂ ਨੌ ਗੋਲੀਆਂ ਡੇਕ ਦੀਆਂ ਡਕੋਲੀਆਂ ਜਿੱਡੀਆਂ ਪਵਿਤ੍ਰ ਬੀੜ ਵਿਚੋਂ ਠੰਡੀਆਂ ਹੋਈਆਂ ਨਿਕਲੀਆਂ ਸਨ। ਉਸ ਵੇਲੇ ਤਾਬਿਆ ਤੇ ਬੈਠੇ ਭਾਈ ਲਛਮਣ ਸਿੰਘ ਜੀ ਸ਼ਹੀਦ ਦੇ ਪਵਿੱਤ੍ਰ ਸ਼ਹੀਦੀ ਖ਼ੂਨ ਦੇ ਨਿਸ਼ਾਨ ਪੰਨਾ ੧੧੩੨ ਤੋਂ ਲੈ ਕੇ ਪੰਨਾਂ ੧੨੨੮ ਤੱਕ ਇਸ ਵੇਲੇ ਭੀ ਸਾਫ ਦਿਸਦੇ ਹਨ। ਇਕ ਗੋਲੀ ਦਾ ਨਿਸ਼ਾਨ ਜਿਲਦ ਦੇ ਗੱਤੇ ਵਿਚ ਸਜੇ ਪਾਸੇ ਵਲ ਦਿਸਦਾ ਹੈ। ਗੱਤੇ ਨੂੰ ਭੰਨ ਕੇ ਗੋਲੀ ਪਲਕਾਂ ਤੇ ਰੁਮਾਲਾਂ ਨੂੰ ਪਾੜ ਕੇ ਵਿਚ ਦੀ ਬਾਹਰ ਨਿਕਲੀ ਹੋਈ ਹੈ। ਸਾਰੀਆਂ ਗੋਲੀਆਂ ਪਹਾੜ ਦੇ ਬੂਹੇ ਥਾਣੀ ਮਹਾਰਾਜ ਦੇ ਅਗਲੇ ਪਾਸੇ ਲਗੀਆਂ ਹਨ। ਜਿਸ ਬੰਨੇ ਕਿ ਹਜ਼ੂਰੀ ਵਿਚ ਹਾਜ਼ਰ ਹੋ ਕੇ ਮੱਥਾ ਟੇਕੀਦਾ ਹੈ। ਪੰਨਾ ੪੬੨ ਤੋਂ ਜੋ ਛੱਵ੍ਹੀਆਂ ਨਾਲ ਪੱਤਰੇ ਜ਼ਖਮੀ ਹੋਏ ਹਨ, ਉਥੋਂ ਸ੍ਰੀ ਆਸਾ ਜੀ ਦੀ ਵਾਰ ਦਾ ਆਰੰਭ ਹੁੰਦਾ ਹੈ, ਜਿਸ ਤੋਂ ਮਲੂਮ ਹੁੰਦਾ ਹੈ, ਕਿ ਉਸ ਸਮੇਂ ਸ਼ਾਇਦ ਭਾਈ ਲਛਮਣ ਸਿੰਘ ਜੀ ਹੋਰਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਕਰਨ ਲਈ ਕੱਢੀ ਹੋਵੇ।

ਸ੍ਰੀ ਗੁਰੂ ਮਹਾਰਾਜ ਦਾ ਉਪਰਲਾ ਰੁਮਾਲਾ ਤੇ ਜ਼ਿਲਦ ਦੇ ਗੱਤੇ ਭੀ ਗੋਲੀ ਨਾਲ ਛਾਂਨਣੀ ੨ ਹੋਏ ਹੋਏ ਹਨ। ਗੁਰਦੁਆਰਾ ਜਨਮ ਅਸਥਾਨ ਦੇ ਕਬਜ਼ੇ ਸਮੇਂ ਬੀੜ ਬਾਹਰ ਬਾਰਾਂਦਰੀ ਵਿਚ ਬਹੁਤ ਹੀ ਬੇ-ਰਹਿਮੀ ਨਾਲ ਅਗੜ ਦੁਗੜ ਸਿਟੀ ਪਈ ਵੇਖੀ ਗਈ, ਜੋ ਉਥੋਂ ਸਤਿਕਾਰ ਸਹਿਤ ਸੰਗਤ ਵਲੋਂ ਸੁਖ ਆਸਨ ਕੀਤੀ ਗਈ।

ਨੋਟ:—ਇਹ ਨੌ ਗੋਲੀਆਂ ਭਾਈ ਧੰਨਾ ਸਿੰਘ ਜੀ ਠੇਕੇਦਾਰ ਸਿਲਾਂ ਵਾਲੀ ਪਾਸ ਹਨ। ਉਨ੍ਹਾਂ ਪਾਸੋਂ ਕਈ ਵੇਰ ਕਮੇਟੀ ਨੇ ਮੰਗ ਘਲੀਆਂ ਹਨ। ਪਰ ਉਨ੍ਹਾਂ ਅਜ ਤਕ ਨਹੀਂ ਦਿਤੀਆਂ। ਜੇ ਉਨ੍ਹਾਂ ਪਾਸੋਂ ਇਹ ਗੋਲੀਆਂ ਮਿਲ ਜਾਂਦੀਆਂ ਤਾਂ ਇਨ੍ਹਾਂ ਦੀਆਂ ਭੀ ਤਸਵੀਰਾਂ ਦਿਤੀਆਂ ਜਾਂਦੀਆਂ।

## ਦਰਸ਼ਨੀ ਡਿਓੜੀ ਦਾ ਦਰਵਾਜ਼ਾ ਬਾਹਰਲੇ ਬਨਿਉਂ

ਜਦ ਭਾਈ ਲਛਮਣ ਸਿੰਘ ਜੀ ਏਥੇ ਪੁਜੇ ਤਾਂ ਭਾਈ ਪਾਲ ਸਿੰਘ ਜੀ ਨੇ ਮਹੰਤ ਦੀਆਂ ਸਭ ਖਤਰਨਾਕ ਤਿਆਰੀਆਂ ਦਾ ਹਾਲ ਬੜੇ ਵਿਸਥਾਰ ਨਾਲ ਦਸਿਆ, ਕਿ ਗੁਰਦਵਾਰੇ ਵਿਚ ਮਹੰਤ ਨੇ ਸਾਰਿਆਂ ਪਿੰਡਾਂ ਦੇ ਮੁਜ਼ਾਰੇ ਤੇ ਇਲਾਕੇ ਦੇ ਚੋਣਵੇਂ ਘਾਣੂ ਬਦਮਾਸ਼ ਇਕੱਠੇ ਕੀਤੇ ਹੋਏ ਹਨ ਅਤੇ ਪੰਝੀ ਤੀਹ ਪਠਾਨ ਤਲਬ ਤੇ ਰਖੇ ਹੋਏ ਹਨ। ਦਿਨੇ ਰਾਤ ਦਰਬਾਰ

Digitized by Panjab Digital Library | www.panjabdigilib.org

ਸਾਹਿਬ ਦੇ ਆਲੇ-ਦੁਆਲੇ ਸਖ਼ਤ ਪੇਹਰਾ ਲਗਾ ਰਹਿੰਦਾ ਹੈ। ਦਿਨ-ਰਾਤ ਕਬਾਬ ਭੁਜਦੇ ਤੇ ਸ਼ਰਾਬਾਂ ਦੇ ਦੌਰ ਚਲਦੇ ਰਹਿੰਦੇ ਹਨ, ਦਰਸ਼ਨੀ ਡਿਓਡੀ ਦੇ ਬੂਹਿਆਂ ਤੇ ਮੋਟੇ ਲੋਹੇ ਦੀ ਚਾਦਰ ਦੇ ਪੱਤਰ ਚਾਹੜੇ ਗਏ ਹਨ, ਇਹਨਾਂ ਦੋਹਾਂ ਬੂਹਿਆਂ ਦੇ ਵਿਚ ਦੀ ਵੱਖ ਵੱਖ ਗੋਲ਼ੀਆਂ ਚਲ਼ਾਉਣ ਲਈ ਮੋਰੀਆਂ ਰੱਖ ਕੇ ਮੋਰਚੇ ਬੰਦੀ ਕਾਇਮ ਕੀਤੀ ਗਈ ਹੈ। ਇਹਨਾਂ ਮੋਰੀਆਂ ਦੇ ਪਿਛਲ਼ੇ ਬੰਨੇ ਲੋਹੇ ਦੀਆਂ ਚਿਟਕਨੀਆਂ ਜਿਹੀਆਂ ਲੱਗੀਆਂ ਹੋਈਆਂ ਹਨ, ਜੋ ਭੰਬੀਰੀ ਵਾਂਗ ਚੌਹੀਂ ਪਾਸੀਂ ਭੌਂ ਜਾਂਦੀਆਂ ਤੇ ਮੋਰੀਆਂ ਨੰਗੀਆਂ ਹੋ ਜਾਂਦੀਆਂ ਹਨ ਤੇ ਅਗੇ ਪਿਛੋਂ ਇਹਨਾਂ ਨੂੰ ਕੁਆ ਕੇ ਮੋਰੀਆਂ ਬੰਦ ਰਖੀ ਦੀਆਂ ਹਨ। ਗੁਰਦੁਆਰਾ ਜਨਮ ਅਸਥਾਨ ਦੀਆਂ ਕੰਧਾਂ ਉਚੀਆਂ ਕਰਕੇ ਉਪਰ ਸ਼ੀਸ਼ੀਆਂ ਲਾਈਆਂ ਗਈਆਂ ਹਨ।

## ਦਰਸ਼ਨੀ ਡਿਓਡੀ ਉਤੇ ਚੜ੍ਹਨਾ

ਮਹੰਤ ਨਰੈਣ ਦਾਸ ਦੀ ਹਲਾ ਸ਼ੇਰੀ ਨਾਲ ਬਹੁਤ ਸਾਰੀ ਕਾਤਲਾਂ ਦੀ ਧਾੜ ਕੋਠੇ ਤੇ ਚੜ੍ਹ ਗਈ ਤੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਅਗੋਂ ਸਿੰਘਾਂ ਨੇ ਉੱਚੀ ਉੱਚੀ ਆਖਣਾ ਸ਼ੁਰੂ ਕਰ ਦਿਤਾ, ਕਿ ਖਾਲਸਾ ਜੀ ਅਸੀਂ ਹੱਥ ਨਹੀਂ ਚੁਕਣਾ ਸ਼ਾਂਤਮਈ ਰਖਣੀ ਹੈ, ਬਹੁਤ ਜ਼ੋਰ ਦਾ ਹੱਲਾ ਗੁਰਦੁਆਰੇ ਦੀ ਲਹਿੰਦੇ ਦੀ ਬਾਹੀ ਵੱਲ ਹੁੰਦਾ ਰਿਹਾ, ਇਧਰ ਦੇ ਭੀ ਸਭ ਸਿੰਘ ਬਾਰਾਂਦਰੀ ਵਿਚ ਆ ਗਏ, ਪਿਛੋਂ ਕੋਠੇ ਚੜ੍ਹੀ ਧਾੜ ਦੇ ਵਿਚ ਹੀ ਪਿਆਰਾ ਦਾਸ, ਲਾਲ ਦਾਸ, ਗੋਮੀ (ਗੁਰਮੁਖ ਦਾਸ) ਭੀ ਆ ਗਏ, ਇਹਨਾਂ ਨੇ ਕਿਹਾ ਕਿ ਦਰਸ਼ਨੀ ਡਿਓਢੀ ਦੇ ਖਬੇ ਬੁਰਜ ਵਿਚੋਂ ਬੰਦੂਕਾਂ ਤੇ ਪਸਤੌਲ ਕੱਢ ਲਉ। ਇਹਨਾਂ ਵਿਚੋਂ ਤਿੰਨ ਚਾਰ ਬੰਦੇ ਭੱਜ ਕੇ ਗਏ ਤੇ ਦਰਸ਼ਨੀ ਡਿਓਡੀ ਦੇ ਪਹਾੜ ਵਾਲੀ ਨੁਕਰ ਦੇ ਬੁਰਜ ਦੀ † ਅਲਮਾਰੀ ਵਿਚੋਂ ਤਿੰਨ ਬੰਦੂਕਾਂ ਤੇ ਇਕ ਪਸਤੌਲ ਰੀਜ਼ਰਵ ਰਖੇ ਹੋਏ ਕੱਢ ਕੇ ਲੈ ਗਏ। ਇਹਨਾਂ ਨਾਲ ਦਰਸ਼ਨੀ ਡਿਉਡੀ ਦੀ ਬਖਾਰਚੀ ਵਿੱਚ ਖੜੋਕੇ ਸਿੱਧੀਆਂ ਜਨਮ ਅਸਥਾਨ ਵੱਲ ਗੋਲੀਆਂ ਚਲ਼ਾਉਣੀਆਂ ਸ਼ੁਰੂ ਕਰ ਦਿਤੀਆਂ। ਏਥੋਂ ਸਿੱਧੀ ਗੋਲੀ ਜਾਕੇ ਭਾਈ ਟਹਿਲ ਸਿੰਘ ਨਜ਼ਾਮ ਪੁਰ ਨੂੰ ਦਖਨੀ ਡਿਉਡੀ ਵਿੱਚ ਖੜੋਤਿਆਂ ਮੱਥੇ ਵਿੱਚ ਲੱਗੀ, ਤੇ ਉਹ ਉਥੇ ਹੀ ਸ਼ਹੀਦ ਹੋ ਗਏ। ਜਿਸ ਵੇਲੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਗੋਲੀਆਂ ਗਈਆਂ, ਤੱਦ ਭਾਈ ਲਛਮਣ ਸਿੰਘ ਨੇ ਹੁਕਮ ਦਿੱਤਾ ਕਿ ਗੋਲੀਆਂ ਚੋਖੰਡੀ ਦੇ ਅੰਦਰ ਜਾ ਰਹੀਆਂ ਹਨ। ਵੇਖਣਾ ਕਿਤੇ ਮਹਾਰਾਜ ਦੀ ਬੇਅਦਬੀ ਨਾ ਹੋਵੇ, ਬੂਹੇ ਬੰਦ ਕਰਕੇ ਇਸਨੂੰ ਰੋਕਣ ਦਾ ਉਪਾ ਕਰੋ। ਤਦ ਪੰਝੀ ਤੀਹ ਸਿੰਘ ਚੋਖੰਡੀ ਦੇ ਅੰਦਰ ਵਾਹਿਗੁਰੂ ਵਾਹਿਗੁਰੂ ਕਰਦੇ ਚਲੇ ਗਏ। ਇਹਨਾਂ ਵਿਚੋਂ ਉਸ ਸਮੇਂ ਭਾਈ ਲਛਮਣ ਸਿੰਘ ਮਹਾਰਾਜ ਦੀ ਤਾਬਿਆ ਬੈਠ ਗਏ, ਬਾਕੀ ਸਿੰਘਾਂ ਨੇ ਅੰਦਰੋਂ ਕੁੰਡੇ ਮਾਰ ਲਏ ਬਾਕੀ ਜੋ ਬਾਹਰ ਰਹਿ ਗਏ ਸਨ, ਉਹਨਾਂ ਵਿਚੋਂ ਕੁਝ ਸਿੰਘ ਦਰਸ਼ਨੀ ਡਿਉਡੀ ਤੇ ਸਮਾਧਾਂ ਦੀ ਆੜ ਲੈ ਕੇ ਬੈਠ ਗਏ ਇਸ ਦੇ ਪਿਛੋਂ ਪਹਾੜ ਵਾਲੇ ਬਨਿਉਂ ਦਰਸ਼ਨੀ ਡਿਉਡੀ ਦੇ ਅੰਦਰੋਂ ਪਹਿਲੀ ਛੱਤ ਤੇ ਖਲੋਕੇ ਕਾਤਲਾਂ ਨੇ

† ਇਸ ਅਲਮਾਰੀ ਦੇ ਤਿੰਨ ਖਾਨੇ ਹਨ ਜਿਨ੍ਹਾਂ ਵਿਚੋਂ ਹੇਠਲੇ ਖਾਨੇ ਦੀ ਲੱਕੜ ਆਰੀ ਨਾਲ ਵਡਾ ਕੇ ਉਪਰਲੇ ਖਾਨੇ ਦੀ ਫੱਟੀ ਵਿਚ ਤਿਨ ਮੋਰੀਆਂ ਕਢਾਈਆਂ ਹੋਈਆਂ ਸਨ, ਇਹਨਾਂ ਵਿੱਚ ਬੰਦੂਕਾਂ ਦੀਆਂ ਨਾਲੀਆਂ ਉਤਾਂਹ ਕਢ ਕੇ ਏਥੇ ਤਿੰਨ ਬੰਦੂਕਾਂ ਤੇ ਇਕ ਪਿਸਤੌਲ ਰੀਜ਼ਰਵ ਰਖੇ ਰਹਿੰਦੇ ਸਨ। ਦੱਸਿਆ ਜਾਂਦਾ ਹੈ, ਕਿ ਇਸ ਕਿਸਮ ਦੇ ਹਥਿਆਰ ਮਹੰਤ ਨੇ ਬਹੁਤ ਸਾਰਾ ਧਨ ਖਰਚ ਕਰਕੇ ਜੈਪੁਰ ਜੋਧ ਪੁਰ ਆਦਿ ਰਿਆਸਤਾਂ ਵਿਚੋਂ ਮੰਗਵਾਏ ਸਨ।


Digitized by Panjab Digital Library | www.panjabdigilib.org

# ਸਾਕਾ ਨਨਕਾਣਾ ਸਾਹਿਬ

## ਸ਼ਹੀਦੀ ਬੀੜ

( ਸਫ਼ਾ ੫੨੮ )


ਸਿੰਘਾਂ ਤੋਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੋਲੀਆਂ ਦੇ ਵਾਰ ਸਹਾਰੇ



ਪ੍ਰਕਾਸ਼ ਦੇ ਸਾਮ੍ਹਣਿਉਂ ਦਰਸ਼ਨ, ਛੇਕ ਗੋਲੀਆਂ ਦੇ ਨਿਸ਼ਾਨ


ਤਾਬਿਆ ਸ਼ਹੀਦੀ ਜੀਵਨ ਦੇ ਲਿਖਾਰੀ ਭਾ: ਗੁਰਬਖਸ਼ ਸਿੰਘ ਜੀ 'ਸ਼ਮਸ਼ੇਰ' ਝੁਬਾਲੀਆ ਬੈਠਾ ਹੈ।

## ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬਾਹਰਲੇ ਬੰਨਿਉਂ



ਸਾਕੇ ਤੋਂ ਪਹਿਲਾਂ ਇਸ ਦਰਵਾਜ਼ੇ ਤੇ ਲੋਹੇ ਦੀਆਂ ਚਾਦਰਾਂ ਚਾੜ੍ਹ ਕੇ ਗੋਲੀਆਂ ਚਲਾਉਣ ਲਈ ਮੋਰਚੇ ਰਖੇ ਗਏ ਸਨ। (ਵੇਖੋ ਨੰਬਰ ੧ ਤੇ ੨)

## ਦਰਸ਼ਨੀ ਡਿਉੜੀ ਦਾ ਦਰਵਾਜ਼ਾ ਅੰਦਰਲੇ ਬੰਨਿਉਂ




ਵੇਖੋ ਨੰਬਰ ੧ ਤੇ ੨ ਚਿਟਕਣੀਆਂ ਜੋ ਹੇਠਾਂ ਕਰ ਦੇਣ ਨਾਲ ਇਹ ਗੋਲੀਆਂ ਚਲਾਉਣ ਵਾਲੇ ਮੋਰਚੇ ਬੰਦ ਹੋ ਜਾਂਦੇ ਹਨ ਅਤੇ ਉਤਾਂਹ ਚੁਕਣ ਨਾਲ ਨੰਗੇ ਹੋ ਜਾਂਦੇ ਹਨ। ਨੰਬਰ ੧ ਅਧੀ ਚਿਟਕਣੀ ਥਲੇ ਕਰਕੇ ਦਸੀ ਹੈ ਅਤੇ ਨੰਬਰ ੨ ਸਾਰੀ ਚਿਟਕਣੀ ਉਪਰ ਹੈ।

Digitized by Panjab Digital Library | www.panjabdigilib.org

# ਗੁਰਦੁਆਰਾ ਜਨਮ ਅਸਥਾਨ ਦੀ ਦਰਸ਼ਨੀ ਡਿਉਡੀ

**ਜਿਥੈ ਜਾਇ ਭਗਤੁ ਸੁ ਥਾਨ ਸੁਹਾਵਣਾ ।**



**ਦਰਸ਼ਨੀ ਡਿਉਡੀ ਦਾ ਬਾਹਰਲੇ ਬੰਨਿਊਂ ਸੁੰਦਰ ਨਜ਼ਾਰਾ,**
**ਨੰਬਰ ੧ ਬੁਰਜ ਵਿਚ ਹਥਿਆਰ ਸਨ ।**

## ਚੁਖੰਡੀ ਦਾ ਬੂਹਾ ਤੋੜਨਾ

ਗੋਲੀਆਂ ਦੇ ਨਿਸ਼ਾਨ



ਅਮਨ ਅਤੇ ਸ਼ਾਂਤੀ ਦੇ ਅਵਤਾਰ ਨਿਹੰਕਾਰੀ ਬਾਬੇ ਦੇ ਸਚ-ਖੰਡੀ ਦਰਬਾਰ ਅੰਦਰ ਬੰਦੂਕਾਂ ਅਤੇ ਪਸਤੌਲਾਂ ਦੀਆਂ ਗੋਲੀਆਂ ਦੇ ਇਹ ਕਈ ਨਿਸ਼ਾਨ ਹੁਣ ਤਕ ਮੰਜੀ ਸਾਹਿਬ ਦੇ ਸਾਹਮਣੇ ਮੌਜੂਦ ਹਨ ।

## ਸ਼ਹੀਦੀ ਦਰਵਾਜ਼ਾ



ਇਹ ਦਰਵਾਜ਼ਾ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਲਹਿੰਦੇ ਬੰਨੇ ਹੈ ਜਿਸ ਵਿਚ ਨੰਬਰ ੧ ਵਾਲੀ ਕਲੀ ਥਾਂ ਤੇ ਮਘੋਰਾ ਕਰਕੇ ਜਨਮ ਅਸਥਾਨ ਦੇ ਅੰਦਰ ਗੋਲੀਆਂ ਚਲਾਕੇ ਨਿਰਦੋਸ਼ਸਿੰਘਾਂ ਨੂੰ ਦਾਣਿਆਂ ਵਾਂਗ ਭੁੰਨਿਆ ਗਿਆ ।

Digitized by Panjab Digital Library | www.panjabdigilib.org

# ਸ਼ਹੀਦੀ ਬਰਾਂਡਾ



ਦਰਸ਼ਨੀ ਡਿਉੜੀ ਦਾ ਇਹ ਬਰਾਂਡਾ ਅੰਦਰ ਵੜਦਿਆਂ ਹੀ ਖੱਬੇ ਹੱਥ ਹੈ । ਇਸ ਥਾਂ ਬਹੁਤ ਸਾਰੇ ਸਿੰਘ ਸ਼ਹੀਦ ਕਰਕੇ ਉਨ੍ਹਾਂ ਦਾ ਕੀਮਾ ਕੀਤਾ ਗਿਆ ਸੀ । ਨੰਬਰ ਦੋ ਵਾਲੀ ਕੋਠੜੀ ਵਿਚ ਭੀ ਗਿਰਮਟ ਵਰਮੇ ਨਾਲ ਛੇਕ ਪਾ ਕੇ ਅੰਦਰ ਪਸਤੌਲਾਂ ਦੇ ਫ਼ਾਇਰ ਕੀਤੇ ਗਏ ਸਨ । ਕੋਠੜੀ ਦੇ ਅੰਦਰ ਸਾਹਮਣੇ ਕੰਧ ਤੇ ਹੁਣ ਤਕ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ ।

# ਸ਼ਹੀਦੀ ਚੁਬੱਚਾ



ਸ਼ਹੀਦਾਂ ਦੇ ਖ਼ੂਨ ਨਾਲ ਭਰ ਕੇ ਬਾਹਰ ਨੂੰ ਵਗ ਰਿਹਾ ਹੈ ।

# ਮੰਜੀ ਸਾਹਿਬ



ਸੰਗਮਰਮਰ ਦੀ ਇਹ ਮੰਜੀ ਸਾਹਿਬ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਹੈ । ਜਦ ਜ਼ਾਲਮਾਂ ਨੇ ਲਹਿੰਦੇ ਦੇ ਦਰਵਾਜ਼ੇ ਵਿਚ ਮਘੋਰਾ ਕਰਕੇ ਗੁ: ਜਨਮ ਅਸਥਾਨ ਦੇ ਅੰਦਰ ਗੋਲੀਆਂ ਚਲਾਈਆਂ ਤਾਂ ਨੰ: ੧,੨,੩ ਅਤੇ ੪ ਵਾਲੇ ਥਾਂ ਇਸ ਵਿਚ ਭੀ ਗੋਲੀਆਂ ਵਜੀਆਂ, ਤਸਵੀਰ ਵਿਚ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ ।


Digitized by Panjab Digital Library | www.panjabdigilib.org


## ਦਿਲ ਕੰਬਾਊ ਦ੍ਰਿਸ਼ਯ

ਮਿਟਿ ਗਏ ਗਵਨ ਪਾਏ ਬਿਸਰਾਮ, ਨਾਨਕ ਪ੍ਰਭ ਕੈ ਸਦ ਕੁਰਬਾਨ ।

## ਸ਼ਹੀਦੀ ਅੰਗੀਠਾ

ਜੋ ਲੋੜੀਦੇ ਰਾਮ ਸੇਵਕ ਸੇਈ ਕਾਢੀਆ ।






ਜੋ ਜੋ ਸਹਿਤ ਜਾਤਨਾ ਦੇਹ । ਪ੍ਰਭੁ ਕੋ ਸੰਗ ਨ ਛਾਡਤ ਨੇਹ ।
ਤੇ ਤੇ ਪਰਮ ਪੁਰੀ ਕੋ ਜਾਹੀ । ਤਿਨ ਹਰ ਸਿਉਂ ਅੰਤਰ ਕਿਛ ਨਾਹੀ ।

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ

ਸੜੀਆਂ ਹੋਈਆਂ ਦੇਹਾਂ ਦਾ ਇਕ ਹੋਰ ਢੇਰ ।

## ਸ਼ਹੀਦ ਗੰਜ ਦਾ ਕੁੰਡ




ਇਨ੍ਹਾਂ ਅਮਰ ਸ਼ਹੀਦਾਂ ਦੀ ਯਾਦ ਅੰਦਰ ਪੰਥ ਵਲੋਂ ਸ਼ਹੀਦ ਗੰਜ ਬਣਾਕੇ ਸਲਾਨਾ ਦੀਵਾਨ ਕੀਤਾ ਗਿਆ । **ਇਸ** ਪਵਿਤ੍ਰ ਸ਼ਹੀਦ ਗੰਜ ਦਾ ਬੁਨਿਆਦੀ ਪੱਥਰ ੨੧ ਨਵੰਬਰ ਸੰ: ੧੯੩੪ ਈ: ਮੁਤਾਬਕ ੨੭ ਮਘਰ ਸੰ ੧੯੯੧ ਬਿ: ਮੇਲੇ ਦੇ ਭਾਰੇ ਪੰਥਕ ਇੱਕਠ ਦੇ ਸਾਹਮਣੇ ਹੇਠ ਲਿਖੇ ਪੰਜਾਂ ਪਿਆਰਿਆ ਨੇ ਰਖਿਆ :–

(੧) ਸੰਤ ਰਣਧੀਰ ਸਿੰਘ ਜੀ ਨਾਰੰਗਵਾਲ । (੨) ਬਾਬਾ ਖੜਕ ਸਿੰਘ ਜੀ ਸਿਆਲਕੋਟ । (੩) **ਅਕਾਲੀ ਕੌਰ** ਸਿੰਘ ਜੀ ਨਿਹੰਗ, ਕਸ਼ਮੀਰ । (੪) ਸ੍ਰ: ਪ੍ਰਤਾਪ ਸਿੰਘ ਜੀ ਪ੍ਰਧਾਨ ਸ੍ਰੋ: ਗੁ: ਪ੍ਰ: ਕਮੇਟੀ । (੫) ਸ: ਯ: **ਮਹਿਤਾਬ** ਸਿੰਘ ਜੀ ਲਾਹੌਰ । ਸ਼ਹੀਦ ਗੰਜ ਦੇ ਥਲੇ ਤਹਿਖਾਨੇ ਵਿਚ ਗੋਲ ਸ਼ੀਸ਼ੇ ਤੇ ਸੀਮੈਂਟ ਦੇ ਬਕਸੇ ਵਿਚ ਸ਼ਹੀਦ ਸਿੰਘਾਂ ਦੀਆਂ ਪਵਿਤ੍ਰ ਅਸਤੀਆਂ ਹਨ । ਪੌੜੀਆਂ ਉਤਰ ਕੇ ਸੁਰੰਗ ਥਾਣੀ ਜਾਕੇ ਇਨ੍ਹਾਂ ਦੇ ਖੁਲੇ ਦਰਸ਼ਨ ਹੁੰਦੇ ਹਨ । ਅੰਦਰ ਰੋਸ਼ਨੀ ਲਈ ਬਿਜਲੀ ਦਾ ਪਰਬੰਧ ਹੈ । ਉਪਰ ਸੁਫੈਦ ਸੰਗ ਮਰਮਰ ਨਾਲ ਸ਼ਹੀਦ ਗੰਜ ਦਾ ਗੁੰਬਜ ਬਣਿਆ ਹੋਇਆ ਹੈ ਇਸ ਉਪਰ ੨੩੧੬ ।।।) ਖਰਚ ਹੋਇਆ ਹੈ ।


Digitized by Panjab Digital Library | www.panjabdigilib.org

# ਭਿਆਨਕ ਦ੍ਰਿਸ਼

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ।



ਸੰਗਤ ਭਾਣੇ ਨੂੰ ਮਿੱਠਾ ਮੰਨ ਕੇ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਖੜੋਤੀ ਹੈ । ਸਾਹਮਣੇ ਸੜੀਆਂ ਹੋਈਆਂ ਲਾਸ਼ਾ ਦੇ ਢੇਰ, ਤੇਲ ਦੇ ਪੀਪੇ ਤੇ ਇਕ ਨੁਕਰੇ ਸ਼ਰਾਬ ਦੀਆਂ ਬੋਤਲਾਂ ਪਈਆਂ ਹਨ ।



ਸ੍ਰੀ ਨਿਸ਼ਾਨ ਸਾਹਿਬ ਤੇ ਬਾਹੀ ਦਾ ਨਜ਼ਾਰਾ ਦੇਖੋ ਮੀਂਹ ਵਾਂਗ ਬਰਸਾਈਆਂ ਗੋਲੀਆਂ ਦੇ ਨਿਸ਼ਾਨ ।



ਸ੍ਰੀ ਜਨਮ ਅਸਥਾਨ ਦੇ ਇਕ ਪਾਸੇ ਦਾ ਦ੍ਰਿਸ਼ ਦੇਖੋ ਗੋਲੀਆਂ ਦੇ ਨਿਸ਼ਾਨ ।

Digitized by Panjab Digital Library | www.panjabdigilib.org

ਕਾਮਾ ਗਾਟਾ ਮਾਰੂ, ਗੁਰੂ ਨਾਨਕ ਜਾਹਜ਼ ਦੇ ਬਾਨੀ ।



ਕੇਹਰ ਸ਼ੇਰ ਬਾਬਾ ਗੁਰਦਿੱਤ ਸਿੰਘ ਜੀ


(ਸਫਾ ੪੩੧)

ਆਜ਼ਾਦੀ ਦੇ ਮੋਢੀ ਸ਼ਹੀਦ



ਸ: ਕਰਤਾਰ ਸਿੰਘ ਜੀ ਸਰਾਭਾ

(ਸਫਾ ੩੦੫)



ਸ਼ਹੀਦਾਂ ਦੇ ਖ਼ੂਨ ਦੇ ਬਹਿਣ ਨੇ ਸਾਰਾ ਫਰਸ਼ ਖ਼ੂਨ ਨਾਲ ਧੋਕੇ ਮਾਨੋ ਪਵਿੱਤ੍ਰ ਕਰ ਦਿੱਤਾ ।



ਸ਼ਹੀਦੀ ਜੰਡ ਜਿਥੇ ਜੱਥੇਦਾਰ ਲਛਮਣ ਸਿੰਘ ਜੀ ਤੇ ਹੋਰ ਸਿੰਘ ਸ਼ਹੀਦ ਕੀਤੇ ਗਏ ।

Digitized by Panjab Digital Library | www.panjabdigilib.org

ਦਰਸ਼ਨੀ ਡਿਉਡੀ ਦੇ ਅੰਦਰ ਬਰਾਂਡੇ ਵਿੱਚ ਬੈਠੇ ਸਿੰਘਾਂ ਉਤੇ ਗੋਲੀਆਂ ਤੇ ਇਟਾਂ ਦੀ ਵਾਛੜ ਸ਼ੁਰੂ ਕਰ ਦੱਤੀ ।

ਇਹਨਾਂ ਸਿੰਘਾਂ ਦੇ ਨਾਲ ਹੀ, ਜੋ ਸਵੇਰ ਦੇ ਕੋਟ ਦਰਬਾਰ ਵਾਲੇ ਮੁਜ਼ਾਰੇ ਬੈਠੇ ਸਨ ਉਹਨਾਂ ਨੂੰ ਸਿੰਘਾਂ ਨੇ ਕਿਹਾ ਕਿ ਲੋ ਭਾਈ ਜੀ ਅਸੀਂ ਤਾਂ ਹੁਣ ਏਥੇ ਸ਼ਹੀਦੀਆਂ ਪਾਵਾਂਗੇ, ਪਰ ਤੁਸੀਂ ਕਿਉਂ ਸਾਡੇ ਨਾਲ ਅਣਆਈ ਮੌਤ ਮਰਦੇ ਹੋ, ਦਰਸ਼ਨੀ ਡਿਉਡੀ ਦਾ ਅੰਦਰੋਂ ਕੁੰਡਾ ਖੋਲ੍ਹਕੇ ਬਾਹਰ ਨਿਕਲ ਜਾਉ। ਤਦੇ ਇਹ ਮੁਜ਼ਾਰੇ ਬੂਹਾ ਖੋਲ੍ਹ ਕੇ ਨਿਕਲ ਗਏ, ਤੇ ਇਹਨਾਂ ਦੇ ਨਾਲ ਹੀ *ਬਰਕਤ ਸਿੰਘ ਜੀ 'ਲੱਧਾ ਮਲ ਨਨਕਾਣਾ ਸਾਹਿਬ ਤੇ ਸਿੰਘ ਜਥੇ ਵਿਚੋਂ ਭਾਈ ਗੁਰਦਿਤ ਸਿੰਘ ਸ਼ਾਹ ਕੋਟ ਤੇ ਫੌਜਾ ਸਿੰਘ ਧੰਨੂਆਣਾ ਚਕ ਨੰ: ੯੧ ਜਾਨਾਂ ਬਚਾਕੇ ਬਾਹਰ ਨਿਕਲ ਗਏ ਜੇ ਬਾਕੀ ਜਥੇ ਦੇ ਸਿੰਘ ਭੀ ਚਾਹੁੰਦੇ ਤਾਂ ਪਹਿਲੇ ਹੀ ਸਹਿਜ ਸੁਭਾ ਭਾਈ ਫੌਜਾ ਸਿੰਘ ਤੇ ਭਾਈ ਗੁਰਦਿਤ ਸਿੰਘ ਵਾਂਗ ਜਾਨਾਂ ਬਚਾ ਕੇ ਨਿਕਲ ਸਕਦੇ ਸਨ ਪ੍ਰੰਤੂ ਇਹਨਾਂ ਨੇ ਇਸਤਰ੍ਹਾਂ ਜਾਨਾਂ ਬਚਾਕੇ ਘਰ ਜਾਣ ਨਾਲੋਂ ਏਥੇ ਸ਼ਹੀਦੀਆਂ ਪਾਉਣੀਆਂ ਵਧੇਰੇ ਅਮੋਲਕ ਸਮਝੀਆਂ। ਇਹ ਦਲੇਰ ਦੂਲੇ ਮੌਤ ਨੂੰ ਮਜ਼ਾਖਾਂ ਕਰਦੇ ਮੁਖੋਂ ਸ੍ਰੀ ਵਾਹਿਗੁਰੂ ਵਾਹਿਗੁਰੂ ਉਚਾਰਦੇ ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਸਾਹਮਣੇ ਛਾਤੀਆਂ ਤਾਣ ਕੇ ਡਟੇ ਰਹੇ, ਗੋਲੀਆਂ ਤੇ ਇੱਟਾਂ ਬਟਿਆਂ ਦੀ ਵਛਾੜ ਦੇ ਨਾਲ ਹੀ ਜ਼ਾਲਮਾਂ ਵਲੋਂ ਸਿੰਘਾਂ ਉਤੇ ਫੁਲਾਂ ਉਤੇ ਪਾਣੀ ਤ੍ਰੌਂਕਣ ਵਾਲੇ ਫੁਹਾਰਿਆਂ ਨਾਲ ਤੇਜ਼ਾਬ ਭੀ ਸੁਟਿਆ ਗਿਆ, ਪਰ ਸ੍ਰੀ ਕਲਗੀਧਰ ਮਹਾਰਾਜ ਦੇ ਬਹਾਦਰ ਬੱਚੇ ਬੜੀ ਦ੍ਰਿੜ੍ਹਤਾ ਅਤੇ ਧੀਰਜ ਨਾਲ ਭਾਣੇ ਨੂੰ ਮਿਠਾ ਕਰਕੇ ਖਿੜੇ ਮਥੇ ਮੰਨਕੇ ਅਸਿਹ ਕਸ਼ਟ ਝਲਦੇ ਰਹੇ।

## ਚੁਖੰਡੀ ਦਾ ਬੂਹਾ ਤੋੜਨਾਂ

ਇਸ ਵੇਲੇ ਅੱਗ ਚੰਗੀ ਤਰ੍ਹਾਂ ਮਚ ਰਹੀ ਸੀ, ਕਾਤਲਾਂ ਵਿਚੋਂ ਇਕ ਬੰਦਾ ਦਖਣੀ ਡਿਉਢੀ ਥਾਣੀ ਬਾਹਰ ਗਿਆ, ਤੇ ਮਹੰਤ ਨੂੰ ਆਖਣ ਲੱਗਾ ਕਿ ਚੁਖੰਡੀ ਦੇ ਅੰਦਰ ਭੀ ਬਹੁਤ ਸਾਰੇ ਸਿੰਘ ਅੰਦਰੋਂ ਬੂਹੇ ਮਾਰ ਕੇ ਬੈਠੇ ਹਨ ਬਾਹਰ ਵਾਲੇ ਸਭ ਸਾੜ ਦਿਤੇ ਹਨ, ਹੁਣ ਦਸੋ ਉਹਨਾਂ ਅੰਦਰਲਿਆਂ ਦਾ ਕੀ ਕਰੀਏ,॥ ਮਹੰਤ ਨੇ ਆਖਿਆ, ਹੁਣ ਕਿਹੜਾ ਵੇਲਾ ਹੈ। ਉਹਨਾਂ ਨੂੰ ਭੀ ਮਾਰ ਕੇ ਬੰਨੇ ਲਾ ਦਿਉ॥ ਇਸ ਵੇਲੇ ਸੁਸਤੀ ਕਰਨ ਦਾ ਵੇਲਾ ਨਹੀਂ ਹੈ, ਇਸ ਨੇ ਅੰਦਰ ਆਉਂਦਿਆਂ ਹੀ ਮੌਤ ਦਾ ਸੁਨੇਹਾ ਦਿਤਾ,। ਸਭ ਕਾਤਲਾਂ ਨੇ ਮਿਲਕੇ ਗੁਰਦੁਆਰੇ ਦੀਆਂ ਚੂਥੀਆਂ ਪੁਟਣੀਆਂ ਸ਼ੁਰੂ ਕਰ ਦਿੱਤੀਆਂ ਪਰ ਸਫਲਤਾ ਪ੍ਰਾਪਤ ਨਾ ਹੋਈ। ਏਸ ਦੇ ਪਿਛੋਂ ਲਾਲ ਦਾਸ ਨੇ ਬੰਦਾ ਘੱਲ ਕੇ †ਆਤਮਾਂ ਸਿੰਘ ਤਰਖਾਣ ਨੂੰ ਸਦਵਾਇਆ। ਉਸ ਨੇ ਆਉਂਦੇ ਸਾਰ ਹੀ

---

*ਬਰਕਤ ਸਿੰਘ ਬੈਲਫ ਉੱਨੀ ਫਰਵਰੀ ਨੂੰ ਇਕ ਬੰਦੇ ਦੀ ਕੁਰਕੀ ਲਈ ਲੱਧਾ ਮਲ ਦੇ ਘਰ ਨਨਕਾਣੇ ਸਾਹਿਬ ਤੋਂ ਆਇਆ ਹੋਇਆ ਸੀ, ਵੀਹ ਫਰਵਰੀ ਨੂੰ ਸਵੇਰੇ ਦੋਵੇਂ ਜਣੇ ਗੁਰਦੁਆਰੇ ਮੱਥਾ ਟੇਕਣ ਚਲੇ ਗਏ, ਜੱਥਾ ਆ ਜਾਣ ਕਰਕੇ ਅੰਦਰ ਹੀ ਘੇਰੇ ਗਏ, ਬਰਕਤ ਸਿੰਘ ਦਾ ਕੋਟ ਤੇ ਝੱਗਾ ਛਰਲਿਆਂ ਨਾਲ ਛਾਨਣੀ ਹੋ ਗਏ, ਅਤੇ ਇਕ ਛੱਰੇ ਦਾ ਦਾਣਾ ਸਜੇ ਪੱਟ ਵਿਚ ਭੀ ਲੱਗਾ ਸੀ ਲੱਧਾ ਮੱਲ ਦੇ ਚੂਕਣੇ ਵਿੱਚ ਛੱਰਾ ਲੱਗਾ ਤੇ ਉਹ ਭੀ ਭੱਜ ਕੇ ਦਰਸ਼ਨੀ ਡਿਉਡੀ ਵਿਚ ਆਗਿਆ ਸੀ ਬੂਹਾ ਖੁਲਦੇ ਸਾਰ ਇਹ ਸਿੰਘ ਨੂੰ ਨਾਲ ਲੈਕੇ ਆਪਣੇ ਘਰ ਨੂੰ ਚਲਾ ਗਿਆ।

† ਆਤਮਾਂ ਸਿੰਘ ਤਰਖਾਨ ਦਾ ਜਦ ਅੰਤ ਸਮਾਂ ਨੇੜੇ ਆਇਆ, ਤਾਂ ਏਸ ਦੀ ਦੇਹ ਫਿੱਟ ਗਈ ਤੇ ਉਸ ਵਿਚ ਕੀੜੇ ਪੈ ਗਏ, ਅਜਿਹਾ ਗੰਦਾ ਨਾਸੂਰ ਵਗੇ ਕਿ ਕਿਸੇ ਪਾਸੋਂ ਲਾਗੇ ਖੜੋਤਾ*

Digitized by Panjab Digital Library | www.panjabdigilib.org

ਗੁਰਦੁਆਰੇ ਜਨਮ ਅਸਥਾਨ ਦੇ ਲਹਿੰਦੇ ਬੂਹੇ ਦੇ ਤਖਤਿਆਂ ਦੇ ਚਾਂਦੀ ਦੇ ਪੱਤਰਿਆਂ ਤੇ ਬਾਜੂਆਂ ਵਿਚ ਸੁੱਭੇ ਖਭੇ ਖਭੋ ਕੇ ਕੁੰਡੇ ਦੀਆਂ ਝੜ੍ਹਾਂ ਲਭਨੀਆਂ ਸ਼ੁਰੂ ਕੀਤੀਆਂ, ਪਰ ਬਹੁਤ ਟਕਰਾਂ ਮਾਰਨ ਤੇ ਭੀ ਉਸਨੂੰ ਝੜਾਂ ਨਾਂ ਲਭੀਆਂ ਤੱਦ ਉਸ ਨੂੰ ਬੂਹੇ ਵਿਚ ਸੱਬਰੇ ਨਾਲ ਅੱਠ ਈਂਚਿ ਦੇ ਕਰੀਬ ਮਘੋਰਾ ਕਰ ਦਿਤਾ, ਇਸ ਖੱਪੇ ਥਾਣੀ ਪੰਤਾਲੀ ਪਸਤੌਲ ਦੇ ਫਾਇਰ ਗਿਣ ਕੇ ਬਾਵਾ ਜਗਨ ਨਾਥ ਬੈਰਾਗੀ ਬੁਗਿਆਂ ਨੇ ਕੀਤੇ। ਇਸ ਦੇ ਮਗਰੋਂ ਰਾਂਝੇ ਰਤਨ ਸਿੰਘ, ਭਾਗ ਸਿੰਘ ਤੇ ਬਸਾਖਾ ਸਿੰਘ ਨੇ ਬੰਦੂਕਾਂ ਤੇ ਪਸਤੌਲਾਂ ਦੀਆਂ ਬੇਸ਼ੁਮਾਰ ਜਨਮ ਅਸਥਾਨ ਦੇ ਅੰਦਰ ਗੋਲੀਆਂ ਚਲਾਂਈਆਂ, । ਇਹਨਾਂ ਗੋਲੀਆਂ ਦੇ ਨਿਸ਼ਾਨ ਇਕ ਕੰਧ ਤੇ ਡੇਢ ਸੌਦੇ ਕਰੀਬ ਤੇ ਦੂਜੀ ਤੇ ਚਾਰ ਸੌ ਚੁਰੰਜਾ, ਹਨ । ਅਫਸਰਾਂ ਨੇ ਮੌਕੇ ਸਮੇਂ ਗਿਣਤੀ ਕੀਤੀ, ਤੇ ਅਦਾਲਤ ਵਿਚ ਵੀ ਵਿਖਾਏ ਗਏ ਸਨ । ਜਿਸ ਸਮੇਂ ਕਾੜ ਕਾੜ ਗੋਲੀਆਂ ਚਲ ਰਹੀਆ ਸਨ । ਅੰਦਰ ਧਨ ਗੁਰੂ ਨਾਨਕ ਦੇ ਜੈਕਾਰਿਆਂ ਦੀ ਆਵਾਜ਼ ਆਉਂਦਿ ਸੀ। ਦਖਣੀ ਬੂਹੇ ਦੀ ਮੋਰੀ ਥਾਣੀ ਪਰਲ ਪਰਲ ਪਾਣੀ ਵਾਂਗ ਸ਼ਹੀਦੀ ਖ਼ੂਨ ਵੱਗ ਕੇ ਨਿਕਲ ਰਿਹਾ ਸੀ । ਜਿਸ ਨਾਲ ਪਹਿਲਾਂ ਨਿੱਕਾ ਟਆ ਭਰਕੇ ,ਉਸ ਦੇ ਨਾਲ ਦਾ ਸੋਲਾਂ ਇੰਚ ਡੂੰਘਾ, ਸੋਲਾਂ ਇੰਚ ਲੰਮਾਂ ਤੇ ਪੰਦਰਾਂ ਇੰਚ ਚੌੜਾਂ ਚੌਰਸ ਚੁਬੱਚਾ ਸ਼ਹੀਦੀ ਖ਼ੂਨ ਨਾਲ ਭਰਕੇ ਉਛੱਲ ਕੇ ਉਤੋਂ ਦੀ ਖ਼ੂਨ ਵਗਣ ਲੱਗ ਪਿਆ ਸੀ ਅਖੀਰ ਖ਼ੂਨ ਜੰਮ ਕੇ ਮੋਰੀ ਬੰਦ ਹੋ ਗਈ, ਤੇ ਚੁਖੰਡੀ ਦੇ ਅੰਦਰ ਪਿਛ ਵਾਂਗ ਚੱਪਾ ਚੱਪਾ ਖ਼ੂਨ ਛਲਬਲ ਕਰਦਾ ਜੰਮਿਆ ਹੋਇਆ ਸੀ।

## ਸ਼ਹੀਦੀ ਚੁਬੱਚਾ

ਇਹ ਚੁਬੱਚਾ ਗੁਰਦੁਆਰਾ ਜਨਮ ਅਸਥਾਨ ਦੇ ਦਖਣ ਦੇ ਬੂਹੇ ਵਲ ਹੈ। ਗੁਰਦੁਆਰੇ ਦੇ ਅੰਦਰੋਂ ਬਾਹਰ ਨੂੰ ਸ਼ਹੀਦਾਂ ਦਾ ਖ਼ੂਨ ਵਗ ਰਿਹਾ ਸੀ ਉਸ ਨਾਲ ਇਹ ਚੁਬੱਚਾ ਭਰਕੇ ਉਪਰ ਈ ਉਛਲਕੇ ਖ਼ੂਨ ਦੇ ਰੇੜ੍ਹ ਚਲੇ ਹੋਏ ਸਨ ।

## ਚਿਖਾ ਰਚਣੀਆਂ

ਕੋਈ ਅਟੇ ਸਟੇ ਸਾਢੇ ਅਠ ਵਜੇ ਦਾ ਸਮਾਂ ਹੋਵੇਗਾ, ਕਿ ਲਾਲ ਦਾਸ ਨੇ ਹੁਕਮ ਦਿਤਾ ਕਿ ਸਭ ਲਾਸ਼ਾਂ ਪਹਾੜ ਦੀ ਬਾਹੀ ਵੱਲ ਇਕਠੀਆਂ ਕਰਕੇ ਮਿੱਟੀ ਦਾ ਤੇਲ ਪਾਕੇ ਸਾੜ ਦਿਤੇ, ਤਾਂ ਜੋ ਮੁਰਦੇ ਦਾ ਖੁਰਾ ਖੋਜ ਮਿਟ ਜਾਵੇ, ਇਸ ਵੇਲੇ ਬਹੁਤ ਸਾਰੀ ਖਲਕਤ ਗੁਰਦੁਆਰੇ ਦੇ ਅੰਦਰ ਆ ਚੁਕੀ ਸੀ, ਗੁਰਦਿੱਤ ਸਿੰਘ ਕੁਝ ਬੰਦਿਆਂ ਨੂੰ ਨਾਲ ਲੈਕੇ ਕੋਠੜੀਆਂ ਵਿਚੋਂ ਘਾਸ ਫੂਸ ਤੇ ਤੇਲ ਦੇ ਪੀਪੇ ਬਾਹਰ ਕੱਢ ਲਿਆਇਆ । ਜੋ ਪਹਿਲਾਂ ਹੀ ਇਸੇ ਮਤਲਬ ਲਈ ਜਮਾਂ ਕੀਤੇ ਹੋਏ ਸਨ । ਕਾਹਨ ਸਿੰਘ ਕੱਬਾ ਕੋਟ ਸਾਧੂ ਰਾਮ ਬਾਗੀ ਖਤਰੀ ਲੱਧੂ ਲੰਡਾ, ਸ਼ੇਰ ਸਿੰਘ ਪੁੱਤ੍ਰ ਜੁਆਲਾ ਸਿੰਘ ਨਨਕਾਣਾ ਸਾਹਿਬ ਬਹੁਤ ਸਾਰੇ ਚੂਹੜੇ ਚਪੜਿਆਂ ਨੂੰ ਨਾਲ ਲੈ ਕੇ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਧੂਹੀ ਆਉਂਦੇ ਸਨ, ਤੇ ਵੱਖ ਵੱਖ ਥਾਂ ਪੰਜਾਂ ਢੇਰਾਂ ਵਿੱਚ ਸਿੰਘਾਂ ਦੀਆਂ ਦੇਹੀਆਂ ਲਕੜਾਂ ਦੇ ਟਾਲ ਵਾਂਗ ਜੋੜ ਦਿਤੀਆਂ। ਇਹਨਾਂ ਵਿਚੋਂ ਬਹੁਤੇ ਗੁਰੂ ਦੁਲਾਰੇ ਅਜੇ ਸਿਸਕਦੇ ਹੀ ਸਨ, ਮੇਲਾ ਸਿੰਘ ਪੁੱਤ੍ਰ ਗੁੱਜਰ ਸਿੰਘ ਸੈਣੀ। ਛੱਜੂ ਪੁੱਤ੍ਰ

*ਨਾ ਗ਼ਾਵੇ, ਬੜੀ ਔਖੀ ਅੜਾ ਅੜਾਕੇ ਜਿੰਦ ਨਿਕਲੀ, ਸਸਕਾਰ ਸਮੇਂ ਇਸ ਦੀ ਸਿੜੀ ਫਟ ਗਈ, ਤੇ ਲੋਥ ਰਿੜ੍ਹਕ ਕੇ ਬਲੇ ਡਿਗ ਪਈ, ਲੋਕੀ ਆਖਦੇ ਸਨ, ਕਿ ਇਸ ਨੂੰ ਸ਼ਹੀਦਾਂ ਦਾ ਸਰਾਪ ਲੱਗਾ ਹੈ, ਤਦਹੀ ਇਸ ਤਰ੍ਹਾਂ ਦੀ ਭੈੜੀ ਮੌਤ ਮਰਿਆ ਹੈ।

Digitized by Panjab Digital Library | www.panjabdigilib.org

ਬਸੰਤਾ ਤੇ ਬਸੰਤ ਸਿੰਘ ਪੁੱਤ੍ਰ ਝੰਡਾ ਸਿੰਘ ‡ਤੇਲ ਦੇ ਪੀਪੇ ਖੋਲ੍ਹ ਖੋਲ੍ਹ ਲਾਸ਼ਾਂ ਉੱਪਰ ਡੋਲ੍ਹੀ ਜਾਂਦੇ ਸਨ। ਜਦ ਸਭ ਢੇਰ ਤੇਲ ਨਾਲ ਤਰ ਬਤਰ ਹੋ ਗਏ, ਤਦੋਂ ਗੁਰਦਿਤ ਸਿੰਘ, ਮੋਹਾਂ ਸਿੰਘ ਬਕਰੀਆਂ ਵਾਲਾ ਤੇ ਕੁਝ ਨਾਗੇ ਸਾਧਾਂ ਨੇ ਤੀਲੀਆਂ ਬਾਲ ਕੇ ਅੱਗ ਲਾ ਦਿੱਤੀ, ਜਦੋਂ ਕਈ ਮਣ ਲਕੜਾਂ ਦੀ ਅੱਗ ਦਾ ਭਾਂਬੜ ਮਚ੍ਹ ਕੇ ਕੋਠਿਆਂ ਤੋਂ ਉਚੇ ਲੰਬੂ ਨਿਕਲਨ ਲੱਗੇ, ਤਾਂ ਇਸ ਵੇਲੇ ਇਹਨਾਂ ਢੇਰਾਂ ਵਿੱਚ ਕਈ ਜੀਉਂਦੇ, ਕਈ ਸਿਸਕਦੇ ਸਿੰਘ ਬਹਤ ਤੜਫ ਦੇ ਸਨ, ਉਹਨਾਂ ਦੇ ਮੁਖੋਂ ਦਿਲ ਨੂੰ ਹਿਲਾ ਦੇਣ ਵਾਲੀ ਵਾਹਿਗੁਰੂ ਵਾਹਿਗੁਰੂ ਧੂਕ ਨਿਕਲ ਦੀ ਸੀ, ਦੋ ਸਿੰਘ ਅੱਗ ਲਗਣ ਸਮੇਂ ਉਤਾਂਹ ਉਠੇ, ਤਾਂ ਆਤਮਾ ਰਾਮ ਨੇ ਛਵੀ ਮਾਰੀ ਤੇ ਫਰੀਦ ਤੇ ਕਾਦਰ ਪਠਾਨ ਨੇ ਮੁੜ ਇਹਨਾਂ ਨੂੰ ਡਾਂਗਾਂ ਮਾਰ ਕੇ ਅੱਗ ਦੇ ਹੀ ਵਿਚੇ ਸੁੱਟ ਦਿੱਤਾ, ਇਸੇ ਵੇਲੇ ਰਾਖਸ਼ਾਂ ਦਾ ਰੂਪ ਧਾਰੀ ਨਰੈਣ ਦਾਸ ਗੁਰਦੁਆਰੇ ਅੰਦਰ ਆਇਆ ਤੇ ਹੁਕਮ ਦਿੱਤਾ, ਕਿ ਚਾਰ ਪੰਜ ਲਾਸ਼ਾਂ ਸਬੂਤੀਆਂ ਰਖ ਕੇ ਬਾਕੀ ਸਭ ਫੂਕ ਕੇ ਨਿਸ਼ਾਨ ਮੇਟ ਦਿਓ, ਸੋ ਉਸ ਦੀ ਕੀਤੀ ਹਦਾਇਤ ਅਨੁਸਾਰ ਕਾਤਲਾਂ ਨੇ ਏਦਾਂ ਹੀ ਕੀਤਾ, ਜਿਸ ਵੇਲੇ ਜਖਮੀਆਂ ਤੇ ਮੁਰਦਿਆਂ ਨੂੰ ਇਹ ਘਸੀਟ ਘਸੀਟ ਕੇ ਬਲ ਰਹੀਆਂ ਚਿਖਾਂ ਵਿੱਚ ਸੁੱਟੀ ਜਾਂਦੇ ਸਨ, ਤਦ ਇਸ ਸਮੇਂ ਨਿਹਾਲ ਸਿੰਘ ਕੋਟ ਦਰਬਾਰ ਨੇ ਦਰਸ਼ਨੀ ਡਿਉਢੀ ਵਿੱਚ ਘਾਇਲ ਹੋਏ ਇਕ ਸਿੰਘ ਤੋਂ ਪੁਛਿਆ, ਸੁਣਾਂ ਭਾਈ ਕੀ ਹਾਲ ਹੈ, ਇਥੇ ਗੁਰਦੁਆਰੇ ਆਕੇ ਕੀ ਖਟਿਆ ਈ? ਤੱਦ ਉਸ ਨੇ ਉਤਰ ਦਿੱਤਾ, ਕਿ ਦੋ ਘੁਟ ਪਾਣੀ ਦੇ ਪਲਾ, ਗੱਲ ਕਰਦਾ ਹਾਂ। ਨਿਹਾਲ ਸਿੰਘ ਬਾਉਲੀ ਤੋਂ ਪਾਣੀ ਦੀ ਗੜਵੀ ਭਰ ਕੇ ਲੈ ਆਇਆ ਤੇ ਅਜੇ ਚੁਲੀ ਭਰ ਕੇ ਉਸ ਦੇ ਮੂੰਹ ਵਿੱਚ ਪਾਣੀ ਚੋਣ ਹੀ ਲੱਗਾ ਸੀ, ਝੱਟ ਲਧੂ ਲੰਙੇ ਨੇ ਘੂਰ ਕੇ ਆਖਿਆ ਕਿ ਉਹ ਨਿਹਾਲੂ! ਤੂੰ ਸਾਡੇ ਦੁਸ਼ਮਨਾਂ ਨੂੰ ਪਾਣੀ ਪਿਲਾਂਦਾ ਹੈਂ ਤੇਰੀ ਖੈਰ ਨਹੀਂ।

ਇਹ ਗੱਲ ਆਖਦੇ ਸਾਰ ਝਟ ਛਵੀ ਦੀ ਹੁੱਜ ਮਾਰ ਕੇ ਪਾਣੀ ਦੀ ਗੜਵੀ ਭੁੰਜੇ ਡੋਲ੍ਹ ਦਿੱਤੀ, ਇਸ ਸਮੇਂ ਉਸ ਕਲਗੀਆਂ ਵਾਲੇ ਦੇ ਬੀਰ ਬਹਾਦਰ ਨੇ ਅਵਾਜ ਦਿਤੀ ਕਿ ਫੇਰ ਕਰਦੇ ਸ਼ਹੀਦ ਹੁਣ ਹੋਰ ਫੇਰ ਇਸ ਨਾਲੋਂ ਕੇਹੜਾ ਸਮਾਂ ਚੰਗਾ ਹੈ, ਲੱਧੂ ਬੁਲਬਲੀ ਮਾਰ ਕੇ ਅਗੇ ਵਧਿਆ, ਤੇ ਛਵੀ ਮਾਰਕੇ ਉਸਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਤੇ ਧਮਾਲਾਂ ਪਾਉਂਦਾ ਚੁਖੰਡੀ ਵੱਲ ਨੂੰ ਭੱਜ ਗਿਆ, ਇਸ ਦੇ ਪਿਛੋਂ ਇਕ ਹੋਰ ਸਿੰਘ ਸਮਾਧਾਂ ਵਲੋਂ ਨਿਕਲ ਕੇ ਬਾਹਰ ਆਇਆ, ਤੇ ਆਖਨ ਲੱਗਾ, ਕਿਉਂ ਭਾਈ ਗੁਰਮੁਖੋ ਮੇਰੇ ਸਾਥੀ ਸਿੰਘ ਸਭ ਸ਼ਹੀਦ ਹੋ ਗਏ, ਲੱਧੂ ਨੇ ਉਤਰ ਦਿੱਤਾ, ਸਭ ਦੀ ਅਲਖ ਮੁਕਾ ਦਿੱਤੀ ਹੈ, ਤਾਂ ਇਸ ਗੁਰੂ ਕੇ ਲਾਲ ਭੀ ਸੀਸ ਝੁਕਾ ਦਿੱਤਾ ਤੇ ਆਖਿਆ ਕਿ ਲਓ ਫੇਰ ਬੇਲੀਓ ਮੈਨੂੰ ਭੀ ਸ਼ਹੀਦ ਕਰ ਸਾਥੀਆਂ ਨਾਲ ਮੇਲ ਦਿਉ, ਇੰਦਰ ਦਾਸ ਨੇ ਛਵੀ ਮਾਰੀ, ਤੇ ਸੀਸ ਉਤਾਰ ਦਿੱਤਾ ਉਸ ਪਿਆਰੇ ਦਾ ਸਿਰ ਬੁੜਕ ਕੇ ਕਿਤਨੀ ਦੂਰ ਜਾਕੇ ਡਿੱਗਾ।

---

‡ ਚੌਦਾਂ ਤੇਲ ਦੇ ਪੀਪੇ ਉੱਨੀ ਫ਼ਰਵਰੀ ਰਾਤ ਨੂੰ ਤੇ ਗਿਆਰਾਂ ਪੀਪੇ ਵੀਹ ਫਰਵਰੀ ਸਵੇਰੇ ਮੁਹੰਮਦ ਹੁਸੈਨ ਤੇ ਮੁਹੰਮਦ ਖੋਜੇ ਪਾਸੋਂ ਆਏ ਸਨ, ਜਦ ਇਹ ਤੇਲ ਭੀ ਮੁੱਕ ਗਿਆ ਤਾਂ ਵੀਹ ਫਰਵਰੀ ਸਾਢੇ ਨੌਂ ਵਜੇ ਦੇ ਕਰੀਬ ਲੱਧਾ ਰਾਮ ਖੋਦਾ ਤੇ ਅਮੀਰ ਉੱਲਾ, ਮੱਘਾ ਸਿੰਘ ਸੈਣੀ ਦਾ ਗੱਡਾ ਲੈ ਕੇ। ਦੂਜੀ ਵੇਰ ਹੁਸੈਨ ਖੋਜੇ ਦੀ ਹੱਟੀਉਂ ਤੇਲ ਲੈਣ ਗਏ। ਉਸ ਦੀ ਦੁਕਾਨ ਤੇ ਤੇਲ ਮੁੱਕ ਚੁਕਾ ਸੀ, ਉਹ ਇਹਨਾਂ ਨੂੰ ਨਾਲ ਲੈਕੇ ਗਿਰਧਾਰੀ ਰਾਮ ਜੈ ਰਾਮ ਦਾਸ ਵੱਲ ਲੈ ਗਏ। ਦੁਕਾਨ ਉਤੇ ਬੈਠੇ ਅਨੋਖੇ ਛਾਬੜੇ ਨੇ ਤੇਲ ਦੇਣ ਤੋਂ ਇਨਕਾਰ ਕਰ ਦਿੱਤਾ, ਤਦ ਅਗਾਂਹ ਨੂੰ ਗਏ, ਹੁਸੈਨ ਨੇ ਅਲਾ ਬਖਸ਼ ਸੁਦਾਗਰ ਦੀਨ ਖੋਜੇ ਨੂੰ ਇਸ਼ਾਰਾ ਕੀਤਾ, ਕਿ ਉਹ ਅਨੋਖੇ ਪਾਸੋਂ ਤੇਲ ਅਪਨੀ ਦੁਕਾਨ ਤੇ ਮੰਗਾ ਕੇ ਸਾਨੂੰ ਦੇ ਦੇਵੇ, ਉਸ ਨੇ ਇਕ ਸੌ ਦਾ ਨੋਟ ਲੈਕੇ ਵੀਹ ਪੀਪੇ ਤੇਲ਼ ਦੇ ਮੰਗਾ ਦਿਤੇ, ਜੋ ਇਹ ਗੱਡੇ ਤੇ ਰਖ ਕੇ ਲੈ ਆਏ।

Digitized by Panjab Digital Library | www.panjabdigilib.org

ਨਰੈਣ ਦਾਸ ਦੇ ਗੁਰ ਭਾਈ ਦੇਵਾ ਦਾਸ ਨੇ ਸ਼ਹੀਦੀ ਖੂਨ ਜੀਭ ਨਾਲ ਚਟਿਆ ਤੇ ਲਲਕਾਰਾ ਮਾਰਿਆ ਕਿ ਅਜ ਸਾਡੀ ਛਾਤੀ ਠੰਡੀ ਹੋਈ ਹੈ ਜਦੋਂ ਸ਼ਹੀਦੀ ਚਿਤਾਵਾਂ ਦੇ ਭਾਂਬੜ ਲੱਟ ਲੱਟ ਕਰਕੇ ਬਲ ਰਹੇ ਸਨ ਉਸ ਵੇਲੇ ਤਿੰਨ ਸਿੰਘ ਕੋਠੜੀਆਂ ਵਿਚੋਂ ਜੀਓਂਦੇ ਮਿਲੇ ਉਹਨਾਂ ਨੂੰ ਭੀ ਕੇਸਾ ਤੋਂ ਫੜ ਕੇ ਖਰੜ ਖਰੜ ਕਰਦਿਆ ਬਾਹਰ ਧੂਹ ਆਂਦਾ ਤੇ ਵੱਡੇ ਬਲਦੇ ਭਾਂਬੜ ਵਿੱਚ ਜੀਉਂਦੇ ਹੀ ਸੁਟਣ ਲਗੇ, ਅਗੋਂ ਅੱਗ ਦਾ ਸੇਕ ਬਹੁਤ ਜ਼ੋਰ ਦਾ ਹੋਣ ਕਰਕੇ ਕਿਸੇ ਪਾਸੋਂ ਅੱਗੇ ਹੋ ਕੇ ਅੱਗ ਵਿਚ ਸੁਟਿਆ ਨਾ ਗਿਆ, ਤਦ ਅੰਤ ਦੀ ਬਾਕੀ ਸ਼ਹੀਦੀ ਜੰਡ ਥੱਲੇ ਬਹਾਕੇ ਉਪਰ ਮਿਟੀ ਦੇ ਤੇਲ ਦਾ ਪੀਪਾ ਮਧਿਆ ਦਿੱਤਾ, ਅੱਗ ਲਾ ਕੇ ਜੀਉਂਦਿਆਂ ਹੀ ਭੁੜਥਾ ਕਰ ਦਿਤਾ ਗਿਆ, ਹਰਭਜ ਪੁੱਤ੍ਰ ਕਾਕੂ ਛਾਬੜਾ ਲਾਸ਼ਾਂ ਦੇ ਝੁਲਸੇ ਹੋਏ ਸੜ੍ਹੀ ਤੋਂ ਡਿਗੇ ਟੋਟੇ ਹੁੜਾਂ ਮਾਰ ਮਾਰ ਕੇ ਅੱਗ ਵਲ ਕਰੀ ਜਾਂਦਾ ਸੀ।

## ਨਨਕਾਣਾ ਸਾਹਿਬ ਦਾ ਸਾਂਝਾ ਸਾਕਾ

ਸ੍ਰੀ ਨਨਕਾਣੇ ਸਾਹਿਬ ਜੀ ਦਾ ਸਾਕਾ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਤੇ ਮਹੰਤ ਨਰਾਇਣ ਦਾਸ ਵਲੋਂ ਸਾਂਝਾ ਸਾਕਾ ਸੀ।

ਅਕਾਲੀ ਲਹਿਰ ਨੂੰ ਦਬਾਉਣ ਵਾਸਤੇ, ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੇ ਸ੍ਰੀ ਨਨਕਾਣਾ ਸਾਹਿਬ ਜੀ ਦੇ ਮਹੰਤ ਨਰਾਇਣ ਦਾਸ ਨੂੰ ਪੂਰੀ ਸਹਿ ਦੇਣ ਤੇ ਮਹੰਤ ਸਾਹੀ ਨੇ ਜੈਜ ਨਜੈਜ ਅਸਲੇ, ਛਵੀਆਂ, ਗੰਡਾਸਿਆਂ, ਅਤੇ ਗੁਰਦੁਆਰਾ ਜਨਮ ਅਸਥਾਨ ਦੇ ਚੋਗਿਰਦ ਕਿਲੇ ਦੀ ਸ਼ਕਲ ਦੁਆ ਕੇ, ਦਰਵਾਜਿਆਂ ਅਤੇ ਅਗੇ ਪਿਛੇ ਸਾਰਿਆਂ ਦਰਵਾਜਿਆਂ ਅਤੇ ਹੋਰ ਲਾਓ ਲਾਈ ਮੋਰਚੇ ਬੰਦੀ ਕਰਕੇ ਹਥਿਆਰ ਜਮਾਂ ਕਰਾ ਰਖੇ ਹੋਏ ਸਨ। ਇਲਾਕੇ ਦੇ ਧਰਮ ਹੀਨ ਸਾਧ ਅਤੇ ਇਲਾਕੇ ਦੇ ਲੋਕ ਭਰਤੀ ਕਰਕੇ, ਮਹੰਤ ਨਰਾਇਣ ਦਾਸ ਵਲੋਂ ਇਹ ਚੈਲੰਜ ਸੀ ਕਿ ਸਿੰਘਾਂ ਦਾ ਗੁਰਦੁਆਰੇ ਆਇਆ ਕੋਈ ਵੀ ਜਥਾ ਮੁੜ ਕੇ ਨਹੀਂ ਜਾਣ ਦੇਵਾਗਾ।

ਮਹੰਤ ਦੀਆ ਹੁਣ ਤਿਆਰੀਆ ਨੂੰ ਜਾਣਦਿਆ ਪਕਾ ਪ੍ਰੋਗਰਾਮ ਬਣਾ ਲਿਆ ਕਿ ਸ੍ਰੀ ਜਨਮ ਅਸਥਾਨ ਦੀ ਧੂੜੀ ਨੂੰ ਮਸਤਕ ਲਾਵਣ ਲਈ ਜਥਾ ਲੈ ਕੇ ਜਨਮ ਅਸਥਾਨ ਜ਼ਰੂਰ ਦ੍ਰਸਨ ਕਰਾਂਗੇ। ਹੁਣ ਸਿੰਘ ਜਥੇਦਾਰ ਲਛਮਣ ਸਿੰਘ ਜੀ ਤੇ ਭਾਈ ਦਲੀਪ ਸਿੰਘ ਜੀ ਦੀ ਜਥੇਦਾਰੀ ਹੇਠ ੨੧ ਫਰਵਰੀ ੧੯੨੧ ਨੂੰ ਆਪਣੇ ਕੀਤੇ ਹੋਏ ਗੁਰਮਤੇ ਅਨੁਸਾਰ ਸ੍ਰੀ ਨਨਕਾਣਾ ਸਾਹਿਬ ਪੁਜਕੇ ਸ੍ਰੀ ਜਨਮ ਅਸਥਾਨ ਦੇ ਅੰਦਰ ਹਾਜਰ ਹੋਕੇ ਸਾਰਿਆਂ ਨੇ ਕੀਰਤਨ ਕਰਨਾ ਅਰੰਭ ਦਿਤਾ ਅਤੇ ਜਥੇਦਾਰ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਦਿਆਂ ਸਾਰ ਹੀ ਮਹੰਤ ਨਰਾਇਣ ਦਾਸ ਆਪਣੇ ਜਮਾਂ ਕੀਤੇ ਅਸਲੇ ਅਤੇ ਮੁੰਡੇ ਜਿੰਨੇ ਹੋ ਸਕੇ ਵਰਤ ਕੇ, ਸ਼ਾਂਤ ਮਈ ਰਹਿੰਦਿਆਂ ਸਿੰਘਾਂ ਦੀਆਂ ਛਾਤੀਆਂ ਗੋਲੀਆਂ ਨਾਲ ਛਾਨਣੀ ਛਾਨਣੀ ਕਰਕੇ ਸਬਰ ਨਹੀਂ ਕੀਤਾ ਫੇਰ ਗੰਡਾਸਿਆਂ ਨਾਲ ਕੀਮਾਂ ਕੀਮਾਂ ਕਰਕੇ ਜੀਉਂਦਿਆਂ ਮਿਟੀ ਦਾ ਤੇਲ ਪਾ ਕੇ ਅਗਲਾਕੇ ਸ਼ਹੀਦ ਕੀਤਾ ਗਿਆ।

ਇਹ ਕਦ ਜਦੋਂ ਲੋਕ ਧਰਮ ਵਲੋਂ ਮੁਖ ਮੋੜ ਬੈਠੇ ਸਨ। ਇਸ ਜ਼ਮਾਨੇ ਦੇ ਸਿਦਕੀ ਸਿੰਘਾਂ ਨੇ ਆਪਾ ਕੁਰਬਾਨ ਕਰਕੇ ਸਾਬਤ ਕਰਦਿਤਾ ਕਿ ਸਿੰਘ ਧਰਮ ਨੂੰ ਕਿੱਡਾ ਉਚਾ ਮੰਨ ਕੇ ਸਿਰ ਦੇ ਦਿੰਦਾ ਹੈ, ਪਰ ਸਿਦਕ ਨੂੰ ਵਟਾ ਨਹੀਂ ਲਗਣ ਦਿੰਦਾ। ਨਾਲ ਇਹ ਭੀ ਸਿਧ ਕਰ ਦਿਖਾਇਆ ਕਿ ਜਦੋਂ ਸਿੰਘ ਅਰਦਾਸਾ ਕਰਕੇ ਗੁਰ ਦਰਸ਼ਨ ਨੂੰ ਤਿਆਰ ਹੋ ਜਾਵੇ ਤਾਂ ਉਸਨੂੰ ਦੁਨੀਆਂ ਦੀ ਕੋਈ ਵੀ ਤਾਕਤ ਨਹੀਂ ਜੋ ਮੋੜ ਸਕੇ। ਸੋ ਇਨ੍ਹਾਂ ਹੀ ਅਣਖੀਲੇ ਸ਼ਹੀਦ ਸਿੰਘਾਂ ਦੇ ਪੂਰਨਿਆਂ ਤੇ ਚਲਦੇ ਹੋਏ ੩੦

Digitized by Panjab Digital Library | www.panjabdigilib.org

ਹਜਾਰ ਸਿੰਘਾਂ ਨੇ ਗਿਰਫਤਾਰੀਆਂ ਤੇ ੫੦੦ ਸੌ ਨੇ ਸ਼ਹੀਦੀਆਂ ਪਾਕੇ ੧੯੨੧ ਤੇ ੧੯੨੫ ਤਕ ਸਾਂਤ ਚਿਤ ਰਹਿੰਦਿਆਂ ਹੋਇਆਂ ਨੇ ਬੇ ਗਿਣਤ ਕੁਰਬਾਨੀਆਂ ਦੁਆਰਾ ਗੁਰਦੁਆਰਾ ਸੁਧਾਰ ਕੀਤਾ।

ਅਗੇ ਪੜ੍ਹੋ ਉਨ੍ਹਾਂ ਅਮਰ ਸ਼ਹੀਦਾਂ ਦੇ ਜੀਵਨ ਅਤੇ ਦੇਖੋ ਫੋਟੋ।

**ਦਾਸ ਵੈਸਾਖਾ ਸਿੰਘ ਸੰਤ ਸਪਾਹੀ।**

---

## ਸ਼ਹੀਦ ਰੂਹਾਂ ਨਾਲ ਪਿਆਰ

ਸ੍ਰੀ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ ਅਤੇ ਗੁਰੂ ਕੇ ਬਾਗ ਦੇ ਸ਼ਹੀਦ ਸਿੰਘਾਂ ਦੇ ਬਲਾਕਾਂ ਦੀ ਸੇਵਾ ਕਰਾਉਣ ਵਾਲੇ ਸਹਾਇਕ ਸਜਣਾ ਦੇ ਨਾਉਂ:—

੧. ਸ੍ਰੀਮਾਨ ਯੋਗ ਸੰਗਤ ਸਾਹਿਬ ਜੋ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਿਤਾ ਪਰਤੀ ਸੁਭਾ ਦੋ ਵਜੇ ਗੁਰਦੁਆਰਾ ਸਾਹਿਬ ਵਿਚ ਨਿਤਨੇਮ ਕਰਦੀ ਹੈ, ਉਹਨਾਂ ਵਲੋਂ ਸ੍ਰੀ ਨਨਕਾਣਾ ਸਾਹਿਬ ਜੀ ਦੇ ਪੰਜ ਬਲਾਕਾਂ ਦੀ ਸੇਵਾ ਕਰਾਈ ੨੫)

੨. ਸੂਬੇਦਾਰ ਰੂੜ ਸਿੰਘ, ਪਿਤਾ ਦੀਵਾਨ ਸਿੰਘ, ਮਾਤਾ ਭੋਲੀ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੧੦)

੩. ਸ੍ਰੀਮਤੀ ਸੁਰਜੀਤ ਕੌਰ ਸੂਬੇਦਾਰਨੀ, ਧਰਮ ਪਤਨੀ ਸ: ਰੂੜ ਸਿੰਘ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੪. ਜਮਾਂਦਾਰ ਪੂਰਨ ਸਿੰਘ, ਪਿਤਾ ਨੰਦ ਸਿੰਘ, ਮਾਤਾ ਸੁਲਖਣੀ ਕੌਰ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੫. ਸ੍ਰੀਮਤੀ ਬੀਬੀ ਗੁਰਦਿਆਲ ਕੌਰ ਪਿਤਾ ਪ੍ਰਤਾਪ ਸਿੰਘ ਮਾਤਾ ਰਤਨ ਕੌਰ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੬. ਸ: ਪ੍ਰਤਾਪ ਸਿੰਘ ਪਿਤਾ ਸ: ਬਿਸ਼ਨ ਸਿੰਘ ਮਾਤਾ ਦਾਨ ਕੌਰ ਪਿੰਡ ਵੈਹਣੀ ਵਾਲ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੭. ਮਾਸਟਰ ਰਣਜੀਤ ਸਿੰਘ, ਪਿਤਾ ਪ੍ਰਤਾਪ ਸਿੰਘ, ਮਾਤਾ ਰਤਨ ਕੌਰ ਦਾਇਆ ਖੁਰਦ ਤਹਿਸੀਲ ਜ਼ੀਰਾ ਜ਼ਿਲਾ ਫ਼ੀਰੋਜ਼ਪੁਰ ਸੇਵਾ ਕਰਾਈ ੫)

੮. ਸ: ਰਣਜੀਤ ਸਿੰਘ ਪਿਤਾ ਬਾਬੂ ਗੁਲਜ਼ਾਰਾ ਸਿੰਘ ਮਾਤਾ ਭੰਤ ਕੌਰ ਵੈਹਣੀ ਵਾਲ਼ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੯. ਸ: ਮੇਹਰ ਸਿੰਘ, ਪਿਤਾ ਗੁਰਦਿਤ ਸਿੰਘ, ਮਾਤਾ ਪਾਲ ਕੌਰ, ਦਾਨੂ ਵਾਲ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੧੦. ਸ: ਬਿਸ਼ਨ ਸਿੰਘ, ਪਿਤਾ ਦੇਵਾ ਸਿੰਘ, ਮਾਤਾ ਪ੍ਰੇਮ ਕੌਰ, ਤਲਵੰਡੀ ਮਲ੍ਹੀਆਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੧੧. ਸ: ਮੋਤਾ ਸਿੰਘ, ਪਿਤਾ ਨਥਾ ਸਿੰਘ ਮਾਤਾ ਬੁਧ ਕੌਰ ਤਲਵੰਡੀ ਮਲ੍ਹੀਆਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

Digitized by Panjab Digital Library | www.panjabdigilib.org

੧੨. ਸੰਤ ਮਾਨ ਸਿੰਘ, ਪਿਤਾ ਜਗਤ ਸਿੰਘ, ਮਾਤਾ ਜਿਓਣ ਕੌਰ, ਕੋਕਰੀ ਕਲਾਂ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੧੩. ਸ: ਸਰੂਪ ਸਿੰਘ ਪਿਤਾ ਦੇਵਾ ਸਿੰਘ ਮਾਤਾ ਸੋਭ ਕੌਰ ਪਿੰਡ ਮਲਕ ਤਹਿਸੀਲ ਜਗਰਾਉਂ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੨੫)

੧੪. ਸੰਤ ਕਪੂਰ ਸਿੰਘ, ਪਿਤਾ ਸਾਹਿਬ ਸਿੰਘ, ਮਾਤਾ ਬਿਸ਼ਨ ਕੌਰ, ਪਿੰਡ ਮਲਕ, ਤਹਿਸੀਲ ਜਗਰਾਉਂ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੧੦)

੧੫. ਸ: ਜੀਤ ਸਿੰਘ, ਪਿਤਾ ਰਾਮ ਸਿੰਘ, ਮਾਤਾ ਚੰਦ ਕੌਰ, ਪਿੰਡ ਜੰਡੀ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਸੇਵਾ ਕਰਾਈ ੫)

੧੬. ਸ: ਗਜਨ ਸਿੰਘ, ਪਿਤਾ ਰਾਮ ਸਿੰਘ, ਮਾਤਾ ਹਰ ਕੌਰ, ਪਿੰਡ ਚੀਮਨਾ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਸੇਵਾ ਕਰਾਈ ੫)

੧੭. ਰਸਾਲਦਾਰ ਸ: ਨਿਹਾਲ ਸਿੰਘ ਜੀ, ਪਿੰਡ ਬਰਸਾਲ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਸੇਵਾ ਕਰਾਈ ੫)

੧੮. ਬਾਬੂ ਗੁਲਜ਼ਾਰਾ ਸਿੰਘ, ਪਿਤਾ ਗੁਪਾਲ ਸਿੰਘ, ਮਾਤਾ ਸ਼ਾਮ ਕੌਰ, ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਸੇਵਾ ਕਰਾਈ ੫)

੧੯. ਸ: ਨਰਿੰਦਰ ਸਿੰਘ, ਪਿਤਾ ਲਹਿਣਾ ਸਿੰਘ, ਮਾਤਾ ਪ੍ਰਤਾਪ ਕੌਰ, ਪਿੰਡ ਜਨੇਤ ਪੁਰਾ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ।

੨੦. ਸ: ਨੰਦ ਸਿੰਘ, ਪਿਤਾ ਕਾਲਾ ਸਿੰਘ, ਪਿੰਡ ਜੰਡੀ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ।

Digitized by Panjab Digital Library | www.panjabdigilib.org

ਉਨ੍ਹਾਂ ਨੂੰ ਲੁਕਾਈ ਰੱਖਿਆ ਅਤੇ ਉਹਨਾਂ ਈ ਬੇਪਤੀ ਕੀਤੀ। ਇਹੋ ਜਿਹੀਆਂ ਕਾਰਵਾਈਆਂ ਕਰਕੇ ਮਹੰਤਾਂ ਵਿਰੁਧ ਸਖਤ ਐਜੀਟੇਸ਼ਨ ਸ਼ੁਰੂ ਹੋ ਗਈ।

ਪਿੰਡ ਧਾਰੋਵਾਲੀ ਜ਼ਿਲਾ ਸ਼ੇਖੂਪੁਰਾ ਵਿਚ ਇਕ ਦੀਵਾਨ ਹੋਇਆ ਜਿਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਗੁਰਦਵਾਰੇ ਦਾ ਪ੍ਰਬੰਨ ਪੰਥ ਦੇ ਹੱਥ ਲਿਆਉਣ ਲਈ ਵਿਆਖਿਆ ਹੋਈ। ਮਹੰਤ ਨੇ ਮੁਕਾਬਲੇ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ। ਉਸ ਨੇ ਕਈ ਵੇਰ ਆਪਣੇ ਹਮਾਇਤੀਆਂ ਦੀਆਂ ਮੀਟਿੰਗਾਂ ਕੀਤੀਆਂ। ਬਾਬਾ ਕਰਤਾਰ ਸਿੰਘ ਬਦੀ ਮਹੰਤ ਦੇ ਪੱਖੀ ਸਨ। ਮਹੰਤ ਨੇ ਆਪਣੇ ਪੱਖੀਆਂ ਦੀ ਇਕ ਕਮੇਟੀ ਬਣਾਈ ਜਿਸ ਨੇ ੬੦ ਹਜ਼ਾਰ ਰੁਪਿਆ ਇਕਠਾ ਕੀਤਾ ਤੇ ਲਾਹੌਰ ਤੋਂ ਅਖਬਾਰ ਕੱਢਣ ਦਾ ਫੈਸਲਾ ਕੀਤਾ। ਲਾਲਾ ਲਾਜਪਤ ਰਾਇ ਦਾ ਅਖਬਾਰ 'ਬੰਦੇ ਮਾਤ੍ਰਮ' ਭੀ ਮਹੰਤਾਂ ਦੀ ਹਮਾਇਤ ਕਰਦਾ ਸੀ। ਇਕ ਤਾਰ ਮਹੰਤ ਨਰੈਣ ਦਾਸ ਦੇ ਨਾਮ ਲਾਲਾ ਲਜਪਤ ਰਾਏ ਵਲੋਂ ਦਿੱਤੀ ਫੜੀ ਗਈ, ਜਿਸ ਵਿਚ ਲਿਖਿਆ ਸੀ ਕਿ ਮਹਾਤਮਾ ਗਾਂਧੀ ਜੀ ਨਨਕਾਣੇ ਸਾਹਿਬ ਨਹੀਂ ਆ ਸਕਦੇ।*

ਮਹੰਤ ਨਰਾਇਣ ਦਾਸ ਆਖਣੀ ਰਾਖੀ ਲਈ ੪੦੦ ਆਦਮੀਆਂ ਨੂੰ ਇਕਠਾ ਕਰ ਲੈਂਦਾ ਸੀ। ਕਤਕ ਪੂਰਨਮਾਸ਼ੀ ੧੯੨੦ ਨੂੰ ਉਸ ਨੇ ਬਾਹਰੋਂ ਬੁਲਾਏ ਗਏ ਆਦਮੀਆਂ ਦਾ ਮੁਜ਼ਾਹਰਾ ਕੀਤਾ। ਉਹ ਦਸਣਾ ਚਾਹੁੰਦਾ ਸੀ ਕਿ ਜੇ ਅਕਾਲੀ ਤਾਕਤ ਤੇ ਜ਼ੋਰ ਨਾਲ ਗੁਰਦਵਾਰੇ ਤੇ ਕਬਜ਼ਾ ਕਰਨਾ ਚਾਹੁਣ ਤਾਂ ਉਸ ਪਾਸ ਮੁਕਾਬਲੇ ਲਈ ਕਾਫੀ ਤਾਕਤ ਹੈ। ਸ਼੍ਰੋ: ਕਮੇਟੀ ਨੇ ਭੀ ਆਪਣੇ ਸਮਾਗਮ ਵਿਚ ਸ੍ਰੀ ਨਨਕਾਣਾ ਸਾਹਿਬ ਦੀ ਹਾਲਤ ਪਰ ਵਿਚਾਰਾਂ ਕੀਤੀਆਂ ਅਤੇ ਭਾਈ ਲਛਮਣ ਸਿੰਘ, ਸ: ਦਲੀਪ ਸਿੰਘ ਸ: ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝੱਬਰ ਤੇ ਸ: ਬਖਸ਼ੀਸ਼ ਸਿੰਘ ਦੀ ਇਕ ਕਮੇਟੀ ਬਣਾਈ ਸੀ, ਜੋ ਸ੍ਰੀ ਨਨਕਾਣਾ ਸਾਹਿਬ ਸਾਹਿਬ ਵਿਚ ਦੀਵਾਨ ਕਰੇ ਤੇ ਲੰਗਰ ਦਾ ਪ੍ਰਬੰਧ ਕਰੇ। ਕਮੇਟੀ ਨੇ ਮਹੰਤ ਨੂੰ ਇਕ ਖੁਲੀ ਚਿਠੀ ਲਿਖੀ ਕਿ ਉਹ ਆਪਣੇ ਆਚਰਨ ਤੇ ਗੁਰਦਵਾਰੇ ਦੇ ਪ੍ਰਬੰਧ ਦਾ ਸੁਧਾਰ ਕਰੇ।

ਭਾਈ ਲਛਮਣ ਸਿੰਘ ਜੀ ਸ਼ਹੀਦ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿਤਾ। ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਵਿਚ ਸਿਖ ਮੁਖੀਆਂ ਦੀ ਇਕਤ੍ਰਤਾ ਹੋਈ ਜਿਸ ਵਿਚ ਜਥੇ ਲੈ ਜਾਣ ਬਾਰੇ ਵਿਚਾਰਾਂ ਹੋਈਆਂ। ਭਾਈ ਲਛਮਣ ਸਿੰਘ ਸ਼ਹੀਦ, ਸ: ਤੇਜਾ ਸਿੰਘ ਸਮੁੰਦਰੀ, ਭਾਈ ਤਾਰਾ ਸਿੰਘ ਜੀ ਭਾਈ ਕਰਤਾਰ ਸਿੰਘ ਜੀ ਝਬਰ, ਸ: ਤੇਜਾ ਸਿੰਘ ਚੂਹੜਕਾਣਾ, ਸ: ਸੁਚਾ ਸਿੰਘ ਲੈਚਕ, ਭਾਈ ਬੂਟਾ ਸਿੰਘ ੨੦੪ ਚੱਕ ਇਸ ਤਹਿਰੀਕ ਨੂੰ ਚਲਾ ਰਹੇ ਸਨ। ਮਹੰਤਾਂ ਨੇ ਬੜੀ ਨਸ ਭਜ ਕੀਤੀ। ਉਸ ਨੇ ਜਥੇ ਪਰ ਹਮਲਾ ਕਰਨ ਲਈ ਹਥਿਆਰ ਤੇ ਮਿਟੀ ਦਾ ਤੇਲ ਇਕਠਾ ਕਰਨਾ ਸ਼ੁਰੂ ਕਰ ਦਿਤਾ।

'ਅਕਾਲੀ' ਅਖਬਾਰ ਦੇ ਦਫਤਰ ਵਿਚ ਅਕਾਲੀ ਲੀਡਰਾਂ ਦੀ ਇਕ ਮੀਟਿੰਗ ਹੋਈ ਜਿਸ

---

* ਲਾਲਾ ਲਾਜਪਤ ਰਾਏ ਦੇ "ਬੰਦੇ ਮਾਤ੍ਰਮ" ਅਖਬਾਰ ਨੂੰ ਮਹੰਤ ਵਲੋਂ ਪੰਜ ਹਜ਼ਾਰ ਰੁਪਿਆ ਦਿਤਾ ਗਿਆ ਸੀ, ਜਿਸ ਦੇ ਕਾਰਨ ਉਸ ਨੇ ਗਲਤ ਫਹਿਮੀ ਪੈਦਾ ਕਰਨ ਵਾਲੇ ਨੋਟ ਲਿਖੇ। ਦੂਜਾ ਲਾਲਾ ਜੀ ਨਾਲ ਇਹ ਫੈਸਲਾ ਸੀ ਕਿ ਟ੍ਰਸਟ ਬਣਾਇਆ ਜਾਵੇਗਾ ਜਿਸ ਦੇ ਪ੍ਰਧਾਨ ਲਾਲਾ ਲਜਪਤ ਰਾਏ ਜੀ ਤੇ ਮੈਂਬਰ ਉਨ੍ਹਾਂ ਦੀ ਮਰਜ਼ੀ ਦੇ ਬੰਦੇ ਹੋਣਗੇ। ਮਹੰਤ ਨੂੰ ਗੁਜ਼ਾਰਾ ਦੇ ਕੇ ਬਾਕੀ ਰੁਪਿਆ ਨੈਸ਼ਨਲ ਯੂਨੀਵਰਸਟੀ ਤੇ ਪੁਲੀਟੀਕਲ ਕੰਮਾਂ ਤੇ ਖਰਚ ਕੀਤਾ ਜਾਵੇਗਾ। ਤੀਜਾ ਇਸ ਵੇਲੇ ਮਹੰਤ ਵਲੋਂ ਸਾਕੇ ਦੀ ਤਿਆਰੀ ਤੇ ਮੁਕਦਮੇ ਦੇ ਅਖੀਰ ਤਕ ਸੱਤ ਲੱਖ ਰੁਪਿਆ ਖਰਚ ਹੋਇਆ ਸੀ। ਵੇਰਵਾ ਅਗੇ ਦੇਖੋ 'ਸ਼ਹੀਦੀ ਜੀਵਨ' ਲਿਖਤ ਸ: ਗੁਰਬਖਸ਼ ਸਿੰਘ ਸ਼ਮਸ਼ੇਰ ਝੁਬਾਲੀਆ ਪੰਨਾ ੧੪੩ ਦਾ ਫੁਟ ਨੋਟ।

Digitized by Panjab Digital Library | www.panjabdigilib.org

ਵਿਚ ਫੈਸਲਾ ਕੀਤਾ ਗਿਆ ਕਿ ਆਖਰੀ ਤਾਰੀਖ ਨੀਯਤ ਕੀਤੇ ਤੋਂ ਬਿਨਾਂ ਕੋਈ ਜਥਾ ਨਨਕਾਣੇ ਸਾਹਿਬ ਨਾ ਜਾਵੇ। ਭਾਈ ਲਛਮਣ ਸਿੰਘ ਜੀ ਤੇ ਸ: ਕਰਤਾਰ ਸਿੰਘ ਜੀ ਝਬਰ ਜਥੇ ਲੈ ਜਾਣਾ ਚਾਹੁੰਦੇ ਸਨ। ਸਭ ਤੋਂ ਪਹਿਲਾਂ ਸ: ਲਛਮਣ ਸਿੰਘ ਜੀ ਜਥਾ ਲੈਕੇ ਚਲ ਪਏ। ਉਨ੍ਹਾਂ ਦੇ ਜਥੇ ਵਿਚ ਦੋ ਸੌ ਸਿੰਘ ਸਨ। ਕਈਆਂ ਨੇ ਜਥੇ ਦੀ ਗਿਣਤੀ ਵਧ ਘਟ ਭੀ ਲਿਖੀ ਹੋਈ ਹੈ। ਸ: ਗੁਰਬਖਸ਼ ਸਿੰਘ ਜੀ ਸ਼ਮਸ਼ੇਰ ਝਬਾਲੀਆ ਨੇ ਲਿਖਿਆ ਹੈ ਕਿ ਜਥਾ ਚਾਰ ਹਿਸਿਆਂ ਵਿਚ ਵੰਡਿਆ ਹੋਇਆ ਸੀ। ਸਵੇਰ ਨੂੰ ੬ ਵਜੇ ਜਥਾ ਸ੍ਰੀ ਨਨਕਾਣਾ ਸਾਹਿਬ ਪੁਜ ਗਿਆ। ਜਥੇ ਦੇ ਸਿੰਘਾਂ ਨੇ ਸ੍ਰੀ ਜਨਮ ਅਸਥਾਨ ਗੁਰਦਵਾਰੇ ਪਜ ਕੇ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਬਾਕੀ ਸਿੰਘ ਗੁਰਦਵਾਰੇ ਦੇ ਅਗੇ ਬੈਠ ਕੇ ਸ਼ਬਦ ਪੜ੍ਹਨ ਲਗ ਪਏ।

ਇਹ ਵੇਖ ਕੇ ਮਹੰਤ ਨੇ ਦਰਸ਼ਨੀ ਡਿਉਢੀ ਦਾ ਬੂਹਾ ਬੰਦ ਕਰਵਾ ਦਿਤਾ ਤੇ ਹਥਿਆਰਬੰਦ ਗੁੰਡਿਆਂ ਨੂੰ ਗੋਲੀ ਚਲਾਉਣ ਦਾ ਹੁਕਮ ਦਿਤਾ। ਥੋੜੇ ਚਿਰ ਵਿਚ ਹੀ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ। ਜਿਹੜੇ ਬਚ ਗਏ ਉਨ੍ਹਾਂ ਨੂੰ ਛਵੀਆਂ ਤੇ ਗੰਡਾਸਿਆਂ ਨਾਲ ਸ਼ਹੀਦ ਕੀਤਾ ਗਿਆ। ਜਥੇਦਾਰ ਲਛਮਣ ਸਿੰਘ ਜੀ ਨੂੰ ਜੋ ਤਾਬਿਆ ਬੈਠੇ ਸਨ ਸ਼ਹੀਦ ਕਰ ਦਿਤਾ ਗਿਆ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਭੀ ਕਈ ਗੋਲੀਆਂ ਲਗੀਆਂ। ਮਹੰਤ ਵਲੋਂ ਇਕਠੇ ਕੀਤੇ ਗੁੰਡਿਆਂ ਅਤੇ ਸਾਥੀਆਂ ਨੇ ਸਿੰਘਾਂ ਉਤੇ ਮਿਟੀ ਦੇ ਤੇਲ ਦੇ ਪੀਪੇ ਸੁਟ ਕੇ ਅਗ ਲਗਾ ਦਿਤੀ। ਸ: ਦਲੀਪ ਸਿੰਘ ਜੀ ਸ਼ਹੀਦ ਭਾਃ ਉਤਮ ਸਿੰਘ ਜੀ ਦੇ ਕਾਰਖਾਨੇ ਵਿਚ ਸਨ, ਜਦ ਉਨ੍ਹਾਂ ਨੇ ਗੁਰਦਵਾਰੇ ਵਿਚ ਗੋਲੀਆਂ ਚਲਣ ਦੀ ਆਵਾਜ਼ ਸੁਣੀ ਤਾਂ ਉਹ ਗੁਰੂ ਪਿਆਰ ਵਿਚ ਮਸਤ ਹੋਕੇ ਗੁਰਦਵਾਰੇ ਵਲ ਚਲ ਪਏ। ਸ: ਜੀ ਜਦੋਂ ਜਨਮ ਅਸਥਾਨ ਦੇ ਨੇੜੇ ਪੁਜੇ ਤਾਂ ਉਨ੍ਹਾਂ ਨੂੰ ਵੀ ਛਵੀਆਂ ਨਾਲ ਜ਼ਖਮੀ ਕਰਕੇ ਸਹੀਦ ਕਰ ਦਿਤਾ। ਉਨ੍ਹਾਂ ਦੀ ਜੇਬ ਵਿਚੋਂ ੨੩੦੦) ਰੁਪਏ ਦੇ ਨੋਟ ਨਿਕਲੇ ਦਸੇ ਜਾਂਦੇ ਹਨ। ਇਸ ਪ੍ਰਕਾਰ ਗੁਰੂ ਘਰ ਦੇ ਪ੍ਰੇਮੀ ਸਿਖਾਂ ਆਪਣੇ ਪਵਿਤ ਖੂਨ ਨਾਲ ਗੁਰਦਵਾਰੇ ਦੀ ਸ਼ਾਨ ਨੂੰ ਲਗੇ ਦਾਗ ਧੋ ਦਿਤੇ ਅਤੇ ਆਪ ਗੁਰ ਚਰਨਾਂ ਵਿਚ ਜਾ ਬਿਰਾਜੇ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਆਪਾ ਕੁਰਬਾਨ ਕਰਨ ਦੀ ਅਜਿਹੀ ਅਦੁਤੀ ਮਿਸਾਲ ਪੇਸ਼ ਕੀਤੀ ਹੈ ਜਿਸ ਦਾ ਉਦਾਹਰਣ ਨਹੀਂ ਮਿਲਦਾ।

ਇਹ ਸਾਕਾ ਮਿਤੀ ੧੦ ਫਗਣ ਸੰਮਤ ੧੯੭੭ ਮੁਤਾਬਕ ੨੦-੨੧ ਫਰਵਰੀ ਸੰਨ ੧੯੨੧ ਵਾਲੇ ਦਿਨ ਹੋਇਆ। ਸ: ਉਤਮ ਸਿੰਘ ਜੀ ਕਾਰਖਾਨੇ ਵਾਲਿਆਂ ਨੇ ਇਸ ਦੁਖਦਾਈ ਘਟਨਾ ਦੀਆਂ ਖਬਰਾਂ ਸਰਕਾਰੀ ਅਫਸਰਾਂ ਨੂੰ ਤਾਰਾਂ ਦੇ ਕੇ ਦਿਤੀਆਂ। ਡਿਪਟੀ ਕਮਿਸ਼ਨਰ ਸ਼ੇਖੂਪੁਰਾ ਮੌਕੇ ਤੇ ਪੁਜ ਗਏ। ੨੧ ਤਾਰੀਖ ਨੂੰ ਹੋਰ ਬਹੁਤ ਸਾਰੇ ਸਿਖ ਲੀਡਰ ਪੁਜ ਗਏ ਅਤੇ ਸ੍ਰੀ ਨਨਕਾਣਾ ਸਾਹਿਬ ਵਿਚ ਭਾਰੀ ਇਕਠ ਹੋ ਗਿਆ। ਬਹੁਤ ਸਾਰੇ ਕਾਤਲ ਦੌੜ ਗਏ। ਸ: ਕਰਤਾਰ ਸਿੰਘ ਝਬਰ ਦਾ ਜਥਾ ਭੀ ਪੁਜ ਗਿਆ। ਸਾਰੇ ਸਿੰਘ ਬਹੁਤ ਜੋਸ਼ ਵਿਚ ਸਨ। ਸਿੰਘਾਂ ਨੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੂੰ ਕਿਹਾ ਕਿ ਉਹ ਚਾਬੀਆਂ ਸ਼੍ਰੋ: ਕਮੇਟੀ ਦੇ ਹਵਾਲੇ ਕਰ ਦੇਵੇ। ਉਸ ਨੇ ਚਾਬੀਆਂ ਦੇ ਦਿਤੀਆਂ ਅਤੇ ਮਹੰਤ ਤੇ ਉਸ ਦੇ ਕੁਝ ਸਾਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਸ ਸਮੇਂ ਸਿਖਾਂ ਵਿਚ ਮਿਃ ਕਿੰਗ ਦੇ ਵਿਰੁਧ ਬਹੁਤ ਰੋਸ ਸੀ। ਕਈ ਸਿੰਘ ਜੋਸ਼ ਵਿਚ ਆਕੇ ਇਹ ਕਹਿ ਰਹੇ ਸਨ ਕਿ ਇਹ ਸਾਰਾ ਸਾਕਾ ਮਿਃ ਕਿੰਗ ਨੇ ਕਰਵਾਇਆ ਹੈ। ਇਸ ਤੋਂ ਪਿਛੋਂ ਗਵਰਨਰ ਪੰਜਾਬ ਭੀ ਕੌਂਸਲ ਦੇ ਸਿਖ ਮੈਂਬ੍ਰਾਂ ਸਮੇਤ ਸ੍ਰੀ ਨਨਕਾਣਾ ਸਾਹਿਬ ਪੁਜਿਆ ਅਤੇ ਸਾਰੇ ਹਾਲਾਤ ਅਖੀ ਵੇਖੇ।

ਸਿਖ ਪੰਥ ਵਿਚ ਉਹ ਸਮੇਂ ਬੇਦੀ ਕਰਤਾਰ ਸਿੰਘ ਵਿਰੁਧ ਭੀ ਬਹੁਤ ਰੋਸ ਫੈਲਿਆ ਤੇ ਉਸ ਨੂੰ ਮਹੰਤ ਦੀ ਮਦਦ ਕਰਨ ਦੇ ਦੋਸ਼ ਵਿਚ ਪੰਥ ਵਿਚੋਂ ਛੇਕ ਦਿਤਾ ਗਿਆ। ਸ੍ਰੀ ਨਨਕਾਣਾ ਸਾਹਿਬ ਦੇ

Digitized by Panjab Digital Library | www.panjabdigilib.org

ਸ਼ਹੀਦਾਂ ਦੀ ਗਿਣਤੀ ਬਾਰੇ ਮਤ ਭੇਦ ਹੈ। ਕਈ ਲੇਖਕਾਂ ਨੇ ਗਿਣਤੀ ੧੨੦, ੧੫੦ ਤੇ ੨੦੦ ਤਕ ਵੀ ਲਿਖੀ ਹੈ। ਸਰਕਾਰੀ ਰੀਪੋਰਟਾਂ ਵਿਚ ੧੨੬, ੧੩੦ ਲਿਖੀ ਹੈ। ਸ੍ਰੀ ਨਨਕਾਣਾ ਸਾਹਿਬ ਕਮੇਟੀ ਨੇ 'ਸ਼ਹੀਦੀ ਜੀਵਨ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਹੈ, ਜਿਸ ਵਿਚ ਜਥੇ ਦੀ ਗਿਣਤੀ ੨੦੦ ਮੰਨੀ ਹੈ ਤੇ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ੮੬ ਦਸੀ ਹੈ ਜਿਨ੍ਹਾਂ ਦੇ ਨਾਮ ਇਹ ਹਨਃ—

# ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਜਥੇ ਦੇ ਜਥੇਦਾਰ

## ੧. ਭਾਈ ਲਛਮਣ ਸਿੰਘ ਜੀ

(ਧਾਰੋਵਾਲੀ ਚੱਕ ਨੰ: ੩੩ ਜ਼ਿਲਾ ਸ਼ੇਖੂਪੁਰਾ ਦੇ ਜੀਵਨ ਚਰਿਤ੍ਰ)

ਅਜ਼ਾਦ ਕਰਾਇਆ ਗੁਰੂ ਧਾਮ ਬਜ ਜੰਡੋਰੇ ਨਾਲ ॥
ਪ੍ਰੀਤ ਪਿਆਰੇ ਸਿੰਘ ਓੜਕ ਨਿਵਹੀ ਨਾਲ ॥

ਸ: ਲਛਮਣ ਸਿੰਘ ਪਿਤਾ ਮੇਹਰ ਸਿੰਘ ਦੇ ਘਰ ਮਾਤਾ ਹਰ ਕੌਰ ਦੀ ਕੁਖੋਂ ਜਨਮ ੧੬ ਭਾਦਰੋਂ ਸੰਮਤ ੧੯੪੨ ਬਿ: ਨੂੰ ਪਿੰਡ ਧਾਰੋਵਾਲੀ ਜ਼ਿਲਾ ਗੁਰਦਾਸ ਪੁਰ ਵਿਚ ਇਕ ਉਘੇ ਸਿੱਖ ਘਰਾਣੇ ਵਿਖੇ ਹੋਇਆ, ਆਪ ਜੀ ਦੇ ਪਿਤਾ ਮੇਹਰ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਦੀ ਸੂਰਜ ਮੁਖੀ-ਫੌਜ ਵਿਚ ਸਿਪਾਹੀ ਭਰਤੀ ਹੋ ਗਏ ਸਨ, ਅੰਗਰੇਜ਼ਾਂ ਦੀ ਅਮਲਦਾਰੀ ਵਿਚ ਇਹ ਪਲਟਨ ਤੋੜ ਕੇ ਪੁਲਸ ਵਿਚ ਬਦਲ ਦਿਤੀ ਗਈ, ਏਥੇ ਆਪ ਨੇ ਅਜੇਹੀ ਸਿਆਣਪ ਤੇ ਈਮਾਨ-ਦਾਰੀ ਨਾਲ ਨੌਕਰੀ ਕੀਤੀ ਕਿ ਆਪ ਠਾਣੇਦਾਰੀ ਦੇ ਅਹੁਦੇ ਤਕ ਪੁਜ ਗਏ, ਜਿਨਾਂ ਚਿਰ ਆਪ ਥਾਣੇਦਾਰੀ ਕਰਦੇ ਰਹੇ ਕਦੇ ਇਕ ਪੈਸਾ ਭੀ ਵੱਢੀ ਨਹੀਂ ਸੀ ਲਿਆ, ਆਪ ਧਰਮ ਖਿਆਲਾਂ ਦੇ ਪਕੇ ਸਨ, ਫ਼ਾਰਸੀ ਦੇ ਚੰਗੇ ਵਿਦਵਾਨ ਸਨ, ਸੰਨ ੧੮੮੮ ਵਿਚ ੪੦ ਸਾਲ ਦੀ ਨੌਕਰੀ ਪਿਛੋਂ ਪੇਨਸ਼ਨ ਲੈ ਕੇ ਘਰ ਆ ਗਏ, ਬਾਰ ਜ਼ਿਲਾ ਸ਼ੇਖੂ ਪੁਰਾ ਵਿਚ ਆਪ ਨੂੰ ੬ ਮੁਰਬੇ ਜ਼ਮੀਨ ਮਿਲੀ, ਸੰਨ ੧੮੯੨ ਈ: ਵਿਚ ਧਾਰੋਵਾਲੀ ਚੱਕ ਨੰਬਰ ੩੩ ਵਿਚ ਆ ਗਏ, ਸ਼ੁਰੂ ਤੋਂ ਗੁਰੂ ਘਰ ਨਾਲ ਸੰਨੇਹ ਹੋਣ ਤੇ ਏਥੇ ਆਉਂਦੀਆਂ, ਆਪਣਾ ਘਰ ਬਣਾਉਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਬਣਾਇਆ, ਆਪ ਬੜੇ ਭਜਨੀਕ ਸਤਸੰਗੀ ਪੁਰਸ਼ ਸਨ ਦਿਲ ਵਿਚ ਪੰਥ ਸੇਵਾ ਦਾ ਬੜਾ ਦਰਦ ਤੇ ਸ਼ੌਕ ਸੀ, ਆਪ ਬੜੇ ਹਠੀ ਤਪੀ ਡੀਲ ਡੌਲ ਵਾਲੇ ਸੂਰੇ ਸਿੱਖ ਹੋਣ ਤੇ ਲਛਮਨ ਸਿੰਘ ਵਰਗੇ ਸੂਰਮੇ ਪੈਦਾ ਹੋਣੇ ਕੋਈ ਅਨੋਖੀ ਗਲ ਨਹੀਂ। ਲਛਮਣ ਸਿੰਘ ਹੋਰੀਂ ਪੰਜ ਭੈਣ ਭਰਾ ਸਨ।

(੧) ਭਾ: ਉਧਮ ਸਿੰਘ, (੨) ਭਾ: ਹਾਕਮ ਸਿੰਘ,
(੩) ਭਾ: ਮੂਲਾ ਸਿੰਘ, (੪) ਭਾ: ਲਛਮਣ ਸਿੰਘ
(੫) ਬੀਬੀ ਲਛਮਣ ਕੌਰ ਜੀ।

### "ਬਾਲਪਨ"

ਭਾਈ ਲਛਮਣ ਸਿੰਘ ੮-੯ ਸਾਲ ਦੀ ਉਮਰ ਵਿਚ ਆਪ ਦੇ ਪਿਤਾ ਦੇ ਸਾਥ ਵਾਰ ਵਿਚ ਆਏ, ਉਸ ਵੇਲੇ ਆਪ ਨੂੰ ਪਸ਼ੂ ਚਾਰਨ ਤੇ ਲਾਇਆ ਹੋਇਆ ਸੀ ਤਾਂ ਕੌਣ ਖਿਆਲ ਕਰ ਸਕਦਾ ਸੀ ਕਿ ਕਲ ਨੂੰ ਲਛਮਣ ਸਿੰਘ ਆਪਣੀ ਜਥੇਦਾਰੀ ਥਲੇ ਸ਼ਹੀਦੀ ਦਲ ਲੈ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਜਨਮ ਅਸਥਾਨ ਵਿਚੋਂ ਸ਼ਹੀਦਾਂ ਦੇ ਖੂਨ ਨਾਲ ਪਾਪਾਂ ਦੀ ਮੈਲ ਧੋਵੇਗਾ ਅਤੇ ਸ਼ਹੀਦੀ ਦਾ ਪਵਿਤਰ ਦਰਜਾ ਪ੍ਰਾਪਤ ਕਰਕੇ ਸਾਰੇ ਪੰਥ ਵਿਚ ਸਨਮਾਨਿਆ ਜਾਵੇਗਾ।

Digitized by Panjab Digital Library | www.panjabdigilib.org

"ਸਾਧੂ ਸੰਤਾਂ ਨਾਲ ਮਿਲਾਪ"

ਬਚਪਨ ਤੋਂ ਆਪ ਨੂੰ ਸਾਧੂ ਸੰਤਾਂ ਤੇ ਗੁਰਮੁਖ ਪੁਰਸ਼ਾਂ ਦਾ ਸਤ ਸੰਗਤ ਕਰਨਾ ਅਤੇ ਉਨ੍ਹਾਂ ਦੇ ਬਚਨ ਬਿਲਾਸ ਸੁਣਨ ਦਾ ਦਿਲ ਵਿਚ ਉਤਸ਼ਾਹ ਰਹਿੰਦਾ ਸੀ। ਇਸ ਵਾਸਤੇ ਜਦ ਕਦੇ ਕੋਈ ਸਾਧੂ ਜਾਂ ਫਕੀਰ ਨਗਰੋਂ ਬਾਹਰ ਡੇਰਾ ਆ ਲਾਉਂਦਾ ਸੀ ਜਾਂ ਕਿਧਰੇ ਰਸਤੇ ਵਿਚ ਆਉਂਦਾ ਜਾਂਦਾ ਮਿਲ ਜਾਂਦਾ ਸੀ ਤਾਂ ਆਪ ਉਸ ਨਾਲ ਗਲਾਂ ਬਾਤਾਂ ਕਰਨ ਲਗ ਜਾਂਦੇ ਜਿਸ ਕਰਕੇ ਪਸ਼ੂ ਮਾਲ ਵਿਚੋਂ ਨਿਖੜ ਕੇ ਲੋਕਾਂ ਦੀਆਂ ਪੈਲੀਆਂ ਵਿਚ ਜਾ ਵੜਦੇ ਸਨ, ਇਸ ਤਰਾਂ ਦੇ ਨਿਤਾ ਪਤੀ ਉਲਾਂਭੇ ਆਪ ਦੇ ਪਿਤਾ ਪਾਸ ਆਉਂਦੇ ਸੀ ਆਪ ਦਾ ਭੁਜੰਗੀ ਕਮਲਿਆਂ ਰਮਲਿਆਂ ਨਾਲ ਗਲੀਂ ਬਾਤੀਂ ਰੁਝਾ ਰਹਿੰਦਾ ਹੈ ਅਤੇ ਮਾਲ ਮੋੜਨ ਵਲ ਧਿਆਨ ਨਹੀਂ ਰਖਦਾ, ਪਿਤਾ ਦੇ ਤਾੜ ਕੇ ਪੁਛਣ ਤੇ ਆਪ ਨੇ ਭੋਲੇ ਭਾ ਕਹਿ ਦੇਣਾ ਕਿ ਬਾਪੂ ਜੀ ਉਹ ਫਕੀਰ ਗਲਾਂ ਬੜੀਆਂ ਮਿਠੀਆਂ ੨ ਸੁਣਾਉਂਦਾ ਸੀ ਸ਼ਾਇਦ ਮੇਰਾ ਖਿਆਲ ਪਸ਼ੂਆਂ ਵਲੋਂ ਉਟਕ ਗਿਆ ਹੋਊ।

"ਵਿਦਿਆ"

ਗੁਰਮੁਖੀ ਵਿਦਿਆ ਪੜ੍ਹਨ ਵਾਸਤੇ ਸੰਤ ਅਰਜਨ ਸਿੰਘ ਨਿਰਮਲੇ ਪਾਸ ਆਪ ਨੂੰ ਪੜ੍ਹਨ ਬਿਠਾ ਦਿਤਾ ਥੋੜੇ ਅਰਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਪਾਠੀ ਹੋ ਗਏ ਤੇ ਜ਼ਿਮੀਂਦਾਰੀ ਕਿਰਤ ਵਿਚ ਹੱਥ ਵਟਾਉਂਦੇ ਰਹੇ ਤੇ ਗੁਰਮੁਖੀ ਦੀਆਂ ਬਹੁਤ ਪੁਸਤਕਾਂ ਖਰੀਦ ਲਈਆਂ। ਪਿਤਾ ਜੀ ਨੇ ਹੋਰ ਵਿਦਿਆ ਪੜ੍ਹਨ ਵਾਸਤੇ ਬਹੁਤ ਯਤਨ ਕੀਤਾ, ਆਪ ਨੇ ਕਿਹਾ ਕਿ ਮੈਂ ਗੁਰਮੁਖੀ ਹੀ ਪੜ੍ਹਨੀ ਹੈ।

ਜ਼ਹਿਰੀਲੀ ਚੀਜ਼ ਦਾ ਅਸਰ ਨਾ ਹੋਣਾ

ਬਾਲ ਅਵਸਥਾ ਤੋਂ ਹੀ ਨਿਡਰ ਤੇ ਹਸਮੁਖ ਸਨ। ਆਪ ਦੇ ਸਰੀਰ ਉਤੇ ਕਿਸੇ ਜ਼ਹਿਰੀਲੀ ਚੀਜ਼ ਦਾ ਅਸਰ ਬਹੁਤ ਘਟ ਹੋਇਆ ਕਰਦਾ ਸੀ। ਇਸ ਵਾਸਤੇ ਆਪ ਨੇ ਭੂੰਡਾਂ ਦੀ ਖੱਖਰ ਤੋਂ ਭੂੰਡਾਂ ਦੀ ਮੁਠ ਭਰ ਲਿਆ ਕਰਨੀ, ਨੂਹੇਂ ਇਕਠੇ ਕਰਕੇ ਉਨ੍ਹਾਂ ਦੇ ਹਾਰ ਬਣਾ ਕੇ ਗਲ ਵਿਚ ਪਾ ਲਿਆ ਕਰਦੇ ਸਨ।

ਪੰਡਤ ਕਾਂਸ਼ੀ ਰਾਮ ਦੁਕਾਨਦਾਰ ਇਨ੍ਹਾਂ ਦਾ ਹਾਣੀ ਹੁੰਦਾ ਸੀ। ਉਸ ਨਾਲ ਬੜੀ ਮਖੌਲ ਬਾਜ਼ੀ ਕਰਦੇ ਸਨ। ਬਿਛੂ ਦੀ ਪੁੜੀ ਬੰਨ੍ਹ ਕੇ ਰੰਗ ਵਾਪਸ ਕਰਨ ਦੇ ਬਹਾਨੇ ਕਾਂਸ਼ੀ ਰਾਮ ਦੀ ਤਲੀ ਉਤੇ ਰਖ ਦਿਆ ਕਰਨੀ, ਜਦ ਉਸ ਨੇ ਪੁੜੀ ਖੋਲ੍ਹ ਕੇ ਰੰਗ ਡੱਬੇ ਵਿਚ ਪਾਉਣ ਲਗਣਾ ਤਾਂ ਵਿਚੋਂ ਬਿਛੂ ਵੇਖ ਕੇ ਕਾਂਸ਼ੀ ਰਾਮ ਦਾ ਰੰਗ ਪੀਲਾ ਫਟਕ ਹੋ ਜਾਂਦਾ ਸੀ। ਏਸੇ ਤਰ੍ਹਾਂ ਸੱਪ ਕਪਾਹ ਵਿਚ ਲਪੇਟ ਕੇ ਤਕੜੀ ਵਿਚ ਸੌਦਾ ਲੈਣ ਦੇ ਬਹਾਨੇ ਰਖ ਦਿਆ ਕਰਨਾ। ਕਦੇ ਬੋਤਲ ਵਿਚ ਸੱਪ ਪਾ ਕੇ ਦੁਕਾਨਦਾਰ ਨੂੰ ਆਖਣਾ ਏਸ ਵਿਚ ਤੇਲ ਪਾ ਦਿਓ, ਏਸ ਤਰਾਂ ਕਾਂਸ਼ੀ ਰਾਮ ਨੇ ਤਰੱਭਕ ਜਾਣਾ। ਜ਼ਿਲਾ ਗੁਰਦਾਸਪੁਰ ਵਿਚ ਪਿੰਡ ਚਠੇ ਸੀੜੇ ਦੇ ਨਿਕਾਸ ਤੇ ਉਡਣਾ ਸੱਪ ਪੈਂਦਾ ਸੀ, ਜਿਸ ਨੇ ਸਾਰੇ ਰਸਤੇ ਬੰਦ ਕਰ ਰਖੇ ਸਨ, ਡਰਦਾ ਮਾਰਿਆ ਏਸ ਰਾਹ ਕੋਈ ਨਹੀਂ ਸੀ ਲੰਘਦਾ। ਆਪ ਹੱਥ ਸਬੱਬੀ ਏਸ ਰਾਹ ਜਾ ਰਹੇ ਸਨ, ਲੋਕਾਂ ਨੇ ਬੜਾ ਰੋਕਿਆ ਤੇ ਖਬਰਦਾਰ ਕੀਤਾ ਕਿ ਏਸ ਰਸਤੇ ਨਾ ਲੰਘੋ, ਇਥੇ ਉਡਣਾ ਸੱਪ ਪੈਂਦਾ ਹੈ। ਏਸ ਰਸਤੇ ਪਰ ਜਿਹੜਾ ਭੀ ਹੁਣ ਤਕ ਲੰਘਿਆ ਹੈ ਉਹ ਨੂੰ ਸੱਪ ਨੇ ਪਾਰ ਬੁਲਾਇਆ ਹੈ। ਇਹ ਸੁਣ ਕੇ ਆਪਣੇ ਭਰਾ ਨੂੰ ਕਹਿਣ ਲਗੇ! ਚਲ ਖਾਂ, ਟਹਿਲ ਸਿੰਘਾ, ਵੇਖੀਏ ਕਿ ਉਡਣਾ ਸੱਪ ਕਿਵੇਂ ਉਡ ਕੇ ਪੈਂਦਾ ਹੈ? ਟਹਿਲ ਸਿੰਘ ਤਾਂ ਨਾ ਤੁਰਿਆ ਪਰ ਆਪ ਰੋਕਦਿਆਂ ਰੋਕਦਿਆਂ ਵਾੜ ਦਾ ਛਾਪਾ ਪੁਟ ਕੇ ਉਸ ਰਾਹ ਤੁਰ ਪਏ। ਅਗੋਂ ਤੂਤ ਤੋਂ ਉਡ ਕੇ ਸੱਪ ਆਇਆ। ਆਪ ਨੇ ਛਾਪਾ ਮਾਰ ਕੇ ਉਥੇ ਹੀ ਦੱਬ ਲਿਆ ਤੇ ਛਿੱਤਰ ਮਾਰ ਮਾਰ ਕੇ ਪਾਰ ਬੁਲਾਇਆ। ਪਿੰਡ ਦੇ ਤੇ ਖੇਤਾਂ ਦੇ ਲੋਕ ਬੜੇ ਇਕੱਠੇ ਹੋ ਕੇ ਆਏ, ਜਦ ਆਪ ਪਿੰਡ

Digitized by Panjab Digital Library | www.panjabdigilib.org

ਆਏ ਤਾਂ ਆਪ ਦੇ ਪਿਤਾ ਨੇ ਇਹ ਗਲ ਸੁਣਨ ਤੇ ਤੂਤ ਦੀਆਂ ਛਮਕਾਂ ਨਾਲ ਕੁਟਿਆ, ਜੇ ਕੋਈ ਚੀਜ਼ ਲੜ ਗਈ ਤਾਂ ਅਜਾਈਂ ਮਰੇਂਗਾ। ਆਖਣ ਲਗੇ ਬਾਪੂ ਜੀ ਮੈਂ ਇਹ ਕੰਮ ਛੱਡ ਦਿਤਾ ਹੈ। ਲੋਕੀ ਤੁਹਾਡੇ ਪਾਸ ਐਵੇਂ ਝੂਠੇ ਅਜੂਨੇ ਲਾਉਂਦੇ ਹਨ। ਜਦੋਂ ਬਾਹੋਂ ਫੜਕੇ ਝੰਜੋੜਿਆ ਤਾਂ ਬਗਲਾਂ ਵਿਚੋਂ ਡਿਗ ਕੇ ਪੰਜ ਛੇ ਸਾਹਨੇ ਦੌੜ ਗਏ।

### ਆਪ ਦੀ ਖੁਰਾਕ

ਜਦ ਕਦੇ ਝਟਕਾ ਚਾੜ੍ਹਣਾ ਤਾਂ ਚਾਰ ਚਾਰ ਸੇਰ ਪਕਾ ਖਾ ਜਾਣਾ। ਸੋਲਾਂ ਸੋਲਾ ਪੋਨੇ ਦੇ ਗੰਨੇ ਚੂਪ ਜਾਇਆ ਕਰਦੇ ਸਨ। ਤੀਹ ਤੀਹ ਮਕੀ ਦੀਆਂ ਛੱਲੀਆਂ ਦੇ ਦਾਣੇ ਭੁਨਾ ਕੇ ਚੱਬ ਜਾਂਦੇ, ਰਾਤ ਨੂੰ ਨਿਤਾ ਪ੍ਰਤੀ ਵਾਂਗ ਰੋਟੀ ਫੇਰ ਭੀ ਖਾ ਜਾਇਆ ਕਰਦੇ ਸਨ।

### ਅਨੰਦ ਕਾਰਜ

ਆਪ ਜੀ ਦੀ ਸ਼ਾਦੀ ਭਾਈ ਬੁਧ ਸਿੰਘ ਜੀ ਦੀ ਸਪੁਤਰੀ ਬੀਬੀ ਇੰਦਰ ਕੌਰ ਨਾਲ ੭ ਹਾੜ ਸੰਮਤ ੧੯੫੮ ਵਿਚ ਬੁਢਾਲਾ ਚੱਕ ਨੰਬਰ ੬੪ ਵਿਚ ਹੋਈ। ੭ ਪੋਹ ਸੰਮਤ ੧੯੬੪ ਨੂੰ ਆਪ ਦੇ ਘਰ ਭੁਝੰਗੀ ਹਰਬੰਸ ਸਿੰਘ ਦਾ ਜਨਮ ਹੋਇਆ ਜੋ ੮ ਮਹੀਨੇ ਦਾ ਹੋ ਕੇ ਗੁਜ਼ਰ ਗਿਆ। ਉਸ ਤੋਂ ਪਿਛੋਂ ਕੋਈ ਸੰਤਾਨ ਨਾ ਹੋਈ। ਆਪ ਨੇ ਖੇਤੀ ਦਾ ਕੰਮ ਛੱਡ ਕੇ ਬਜਾਜੀ ਦੀ ਦੁਕਾਨ ਪਾਈ ਪਰ ਕੰਮ ਚੰਗਾ ਨਾ ਚਲਿਆ ਤਾਂ ਇਹ ਕੰਮ ਛਡਕੇ ਘੋੜੇ ਅਤੇ ਊਠਾਂ ਦਾ ਬਪਾਰ ਕਰਨਾ ਸ਼ੁਰੂ ਕਰ ਦਿਤਾ। ਉਹ ਭੀ ਪੂਰਾ ਨਾ ਉਤਰਨ ਤੇ ਫੇਰ ਪਿੰਡਾਂ ਤੋਂ ਕਪਾਹ ਖਰੀਦਣੀ ਸ਼ੁਰੂ ਕਰ ਦਿਤੀ। ਇਸ ਕੰਮ ਵਿਚ ਬਹੁਤ ਮੁਨਾਫਾ ਹੋਇਆ ਜੋ ਧਰਮ ਅਰਥ ਹੀ ਖਰਚ ਕਰ ਛਡਿਆ ਕਰਦੇ ਸਨ।

### "ਖਾਲਸਾ ਪ੍ਰਚਾਰਕ ਵਿਦਿਆਲਾ"

ਪਿੰਡ ਧਾਰੋਵਾਲੀ ਵਿਚ ਇਕ ਨੰਬਰਦਾਰ ਦੀ ਹਵੇਲੀ ਵਿਚ ਈਸਾਈਆਂ ਦਾ ਸਕੂਲ ਚਲਦਾ ਸੀ। ਪਿੰਡ ਦੇ ਸਾਰੇ ਮੁੰਡੇ ਉਸ ਵਿਚ ਪੜ੍ਹਦੇ ਸਨ। ਗੁਰਦਵਾਰਾ ਬੰਦ ਸੀ। ਨਗਰ ਦੋ ਪਾਰਟੀਆਂ ਵਿਚ ਸੀ। ਸ: ਮਿਹਰ ਸਿੰਘ ਨੇ ਆਪ ਦੇ ਸਜਣ ਭਾਈ ਟਹਿਲ ਸਿੰਘ ਚੁਭਾਲ ਨੂੰ ਪ੍ਰੇਰਕੇ ਧਾਰੋਵਾਲ ਲੈ ਆਏ ਅਤੇ ਆਪਣੇ ਨਗਰ ਵਿਚ ਗੁਰਮਤਿ ਦਾ ਪ੍ਰਚਾਰ ਕਰਵਾ ਦਿਤਾ ਅਤੇ ਸਕੂਲ ਜਾਰੀ ਕਰਵਾਇਆ। ਭਾ: ਟਹਿਲ ਸਿੰਘ ਨੇ ਬੜੀ ਮਿਹਨਤ ਅਤੇ ਦਿਲੀ ਪਿਆਰ ਨਾਲ ਲੋਕਾਂ ਵਿਚ ਵਿਦਿਆ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ, ਜਿਸ ਦਾ ਨਤੀਜਾ ਲੋਕਾਂ ਵਿਚ ਇਤਫਾਕ ਅਤੇ ਈਸਾਈਆਂ ਦਾ ਸਕੂਲ ਬੰਦ ਹੋ ਗਿਆ।

### "ਪੰਥਕ ਸੇਵਾ ਦੇ ਮੈਦਾਨ ਵਿਚ"

ਭਾਈ ਲਛਮਣ ਸਿੰਘ ਨੇ ਤਰਨ ਤਾਰਨ ਸਾਹਿਬ ਆਪਣੇ ਪੂਰੇ ਦੋ ਸਾਲ ਧਾਰਮਕ ਵਿਦਿਆ ਦੀ ਪੜ੍ਹਾਈ ਕੀਤੀ ਅਤੇ ਆਪ ਦੇ ਦਿਲ ਵਿਚ ਗੁਰਮਤਿ ਪ੍ਰਚਾਰ ਦੀ ਅਬੁਝ ਲਗਣ ਸੀ। ਏਸੇ ਖਿਆਲ ਨਾਲ ਖਾਲਸਾ ਪ੍ਰਾਇਮਰੀ ਸਕੂਲ ਦਾ ਚਾਰਜ ਲੈਣ ਸਾਰ ਇਕ ਦਮ ਪ੍ਰਾਇਮਰੀ ਤੋਂ ਮਿਡਲ ਕਰ ਦਿਤਾ, ਜਦ ਮਾਇਕ ਤੰਗੀ ਆਈ। ਆਪ ਮੁਰਬੇ ਗਹਿਣੇ ਧਰਕੇ ਮੁਸ਼ਕਲਾਂ ਨੂੰ ਹਲ ਕਰਦੇ ਸਨ।

### "ਖਾਲਸਾ ਭੁਜੰਗਣ ਅਨਾਥਾਲਯ ਖੋਲਣਾ"

ਲੜਕਿਆਂ ਦੇ ਸਕੂਲ ਦੇ ਨਾਲ ਹੀ ਆਪ ਨੇ ੧੯੧੨ ਈ: ਵਿਚ ਖਾਲਸਾ ਭੁਜੰਗਣ ਅਨਾ-ਥਾਲਯ ਖੋਲ ਦਿਤਾ। ਯਤੀਮ, ਵਿਧਵਾ ਅਤੇ ਅਖਾਉਤੀ ਅਛੂਤਾਂ ਦੀਆਂ ਬੀਬੀਆਂ ਦਾ ਸਾਰਾ ਖਰਚ ਇਹ ਆਸ਼ਰਮ ਆਪਣੇ ਪਾਸੋਂ ਦਿੰਦਾ ਸੀ। ਖਾਲਸਾ ਬਰਾਦਰੀ ਦੇ ਸਜਣਾਂ ਦੀ ਗੋਲਕ ਭੀ ਇਸ ਸ਼ੁਭ ਕੰਮ ਵਿਚ ਚੰਗੀ ਸਹਾਇਤਾ ਕਰਦੀ ਸੀ। ਆਪ ਨੇ ਇਕ ਰਾਗੀ ਜਥਾ ਰਖਿਆ ਹੋਇਆ ਸੀ ਜੋ ਬੀਬੀਆਂ

Digitized by Panjab Digital Library | www.panjabdigilib.org

ਨੂੰ ਕੀਰਤਨ ਅਤੇ ਇਲਾਕੇ ਵਿਚ ਗੁਰਮਤਿ ਤੇ ਵਿਦਿਆ ਦਾ ਪ੍ਰਚਾਰ ਕਰਨ ਹਿਤ ਸ਼ਲਾਘਾ ਯੋਗ ਕੰਮ ਕਰਦਾ ਸੀ।

"ਸਿਖ ਇਸਤਰੀ ਕਾਨਫ੍ਰੰਸ ਕਰਨੀ"

ਇਸ ਵੇਲੇ ਆਪ ਦੇ ਦਿਲ ਵਿਚ ਸਿਖੀ ਪ੍ਰਚਾਰ ਦਾ ਅਥਾਹ ਜੋਸ਼ ਠਾਠਾਂ ਮਾਰਦਾ ਸੀ ਅਤੇ ਸਿੰਘਾਂ ਨੂੰ ਜਾਗਰਤ ਲਿਆਉਣ ਦੇ ਨਾਲ ਇਸਤ੍ਰੀ ਜਾਤੀ ਨੂੰ ਭੀ ਉਭਾਰਨ ਵਾਸਤੇ ਸੰਨ ੧੯੨੦ ਈ: ਵਿਚ ਇਸਤ੍ਰੀ ਕਾਨਫ੍ਰੰਸ ਦਾ ਸਮਾਗਮ ਰਖ ਦਿਤਾ, ਜਿਸ ਤੇ ਸਿਆਣੇ ੨ ਪੰਥਕ ਵਿਦਵਾਨ ਭਾ: ਸੰਤੋਖ ਸਿੰਘ ਜੀ ਕਰਾਚੀ ਅਤੇ ਭਾਈ ਨਿਹਾਲ ਸਿੰਘ, ਭਜੰਗਣ ਅਸਰਾਮ ਕੌਰ ਵਾਲਿਆਂ ਨੇ ਬੜੇ ਜ਼ੋਰ ਨਾਲ ਲਿਖਿਆ ਕਿ ਤੁਸੀਂ ਏਹ ਕਾਨਫ੍ਰੰਸ ਡਿੰਗੇ ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਮਾਗਮ ਨਾਲ ਕਰੋ ਤਾਕਿ ਉਸ ਦੀ ਰੌਣਕ ਵਧੇ ਅਤੇ ਪਿੰਡਾਂ ਵਿਚ ਇਸ ਦੀ ਕਾਮਯਾਬੀ ਹੋਣੀ ਔਖੀ ਹੈ। ਆਪ ਗੁਰੂ ਭਰੋਸੇ ਤੇ ਇਸ ਕਾਨਫਰੰਸ ਨੂੰ ਪਿੰਡ ਵਿਚੋਂ ਐਡੀ ਕਾਮਯਾਬ ਕਰਕੇ ਦਸਿਆ ਕਿ ਉਸ ਸਮੇਂ ਦੀਆਂ ਅਖਬਾਰਾਂ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਐਡੀ ਸ਼ਾਨ ਨਾਲ ਇਸਤ੍ਰੀ ਕਾਨਫਰੰਸ ਕਦੇ ਵੀ ਸ਼ਹਿਰਾਂ ਵਿਚ ਕਾਮਯਾਬ ਨਹੀਂ ਹੋਈ।

"ਫੁਟਕਲ ਪੰਥਕ ਸੇਵਾ"

ਵਿਦਿਆ ਪ੍ਰਚਾਰ ਤੇ ਸੁਧੀ ਕਰਨੀ ਆਪ ਦੇ ਜੀਵਨ ਦਾ ਇਹ ਖਾਸ ਪ੍ਰੋਗਰਾਮ ਬਣ ਚੁਕਾ ਸੀ। ਜਿਥੇ ੨ ਵੀ ਕੋਈ ਧਾਰਮਿਕ ਦੀਵਾਨ ਜਾਂ ਵਿਦਿਆ ਦੇ ਬਾਰੇ ਕੋਈ ਸਮਾਗਮ ਹੁੰਦਾ ਤਾਂ ਆਪ ਜੀ ਤਨ, ਮਨ, ਧਨ ਨਾਲ ਦਿਲ ਖੋਹਲ ਕੇ ਸੇਵਾ ਕਰਦੇ।

"ਪੁਲੀਟੀਕਲ ਜੀਵਨ ਦਾ ਅਰੰਭ"

ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਣ ਤੇ ਮਾਰਸ਼ਲ ਲਾ ਦੀਆਂ ਸਖਤੀਆਂ ਨੇ ਆਪ ਦੇ ਮਨ ਉਤੇ ਬਹੁਤ ਅਸਰ ਹੋਇਆ, ਆਪ ਨੇ ੧, ੨, ੩ ਅਕਤੂਬਰ ੧੯੨੦ ਈ: ਨੂੰ ਆਪਣੇ ਨਗਰ ਧਾਰੋ ਵਾਲੀ ਵਿਚ ਬੜਾ ਭਾਰੀ ਜਲਸਾ ਰਖ ਦਿਤਾ, ਜਿਸ ਤੇ ਸਰਕਾਰੀ ਚਾਟੜਿਆਂ ਨੇ ਇਸ ਦੀਵਾਨ ਵਿਚ ਵਿਘਨ ਪਾਉਣ ਦੇ ਪੂਰੇ ਯਤਨ ਕੀਤੇ ਪਰ ਆਪ ਗੁਰੂ ਭਰੋਸੇ ਤੇ ਡਟੇ ਰਹੇ ਅਤੇ ੨੦੦ ਮਨ ਪਕੇ ਆਟੇ ਦਾ ਲੰਗਰ ਲਈ ਪ੍ਰਬੰਧ ਕੀਤਾ ਸੀ ਜੋ ਤਿੰਨਾਂ ਡੰਗਾਂ ਵਿਚ ਖਰਚ ਹੋ ਗਿਆ। ਦੀਵਾਨ ਵਾਸਤੇ ੫੯੦ ਰੁਪਏ, ਸਾਇਵਾਨਾਂ ਦਾ ਕਰਾਇਆਂ ਅਰ ਲੋਕਾਂ ਵਿਚ ਬੜਾ ਉਤਸ਼ਾਹ ਸੀ। ਇਲਾਕੇ ਦੇ ਪਿੰਡਾਂ ਨੇ ਬੜੀ ਖੁਲ ਦਿਲੀ ਨਾਲ ਸੇਵਾ ਵਿਚ ਹਿਸਾ ਲਿਆ। ਇਕਲੇ ਚੱਕ ਨੰਬਰ ੭੮ ਨਵਾਂ ਪਿੰਡ ਨੇ ਘਿਉ ਦੇ ੩੦ ਪੀਪੇ ਲੰਗਰ ਲਈ ਭੇਟਾ ਕੀਤੇ। ਤਿੰਨ ਦਿਨ ੩੦-੩੦ ਪੰਗਤਾਂ ਇਕ ੨ ਹਜ਼ਾਰ ਬੰਦਿਆਂ ਦੀਆਂ ਦੋਵੇਂ ਵੇਲੇ ਲੰਗਰ ਵਿਚ ਪ੍ਰਸ਼ਾਦਿ ਛਕਣ ਲਈ ਬੈਠਦੀਆਂ ਸਨ।

ਲੰਗਰ ਵਾਲੇ ਖੂਹ ਦਾ ਪਾਣੀ ਮੁਕ ਗਿਆ। ਇਸ ਜਲਸੇ ਦੇ ਪ੍ਰਧਾਨ ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰੀ ਸਨ। ਬਾਹਰੋਂ ਉਘੇ ਉਘੇ ਦੇਸ਼ ਭਗਤ ਤੇ ਕੌਮੀ ਸੇਵਕ ਪ੍ਰਚਾਰ ਲਈ ਸਦੇ ਹੋਏ ਸਨ। ਆਗਾ ਮੁਹੰਮਦ, ਸਫਦਰ, ਡਾਕਟਰ ਕਿਚਲੂ, ਮਹਾਤਮਾ ਨੰਦ ਗੋਪਾਲ ਦੇ ਜ਼ੋਰ ਦੇਣ ਤੇ ਸਰਕਰ ਨਾਲ ਨਾ ਮਿਲਵਰਤਨ ਦਾ ਮਤਾ ਪਾਸ ਹੋ ਗਿਆ। ਸਿਖ ਲੀਡਰਾਂ ਵਲੋਂ ਗੁਰਦਵਾਰਾ ਸੁਧਾਰ ਲਹਿਰ ਲਈ ਕੁਰਬਾਨੀ ਕਰਨ ਲਈ ਬੜੇ ਜੋਸ਼ੀਲੇ ਲੈਕਚਰ ਹੋਏ, ਜਿਸ ਦੇ ਕਾਰਨ ਇਸ ਇਲਾਕੇ ਵਿਚ ਰੂਹ ਫੂਕੀ ਗਈ ਅਤੇ ਹਰੇਕ ਸਿਖ ਬਚੇ ਦਾ ਦਿਲ ਕੁਰਬਾਨੀ ਲਈ ਫਰਕ ਰਿਹਾ ਸੀ। ਇਸ ਜਲਸੇ ਦੇ ਪ੍ਰਬੰਧਕਾਂ ਵਿਚੋਂ ਖਾਸ ਕਰਕੇ ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਦੀਆਂ ਭੈੜੀਆਂ ਕਰਤੂਤਾਂ ਅਤੇ ਅਤਿਆ-ਚਾਰਾਂ ਦੇ ਪੜਦੇ ਪਾੜ ਕੇ ਵਿਆਖਿਆਨਾਂ ਵਿਚ ਦਸੇ ਗਏ। ਭਾਈ ਟਹਿਲ ਸਿੰਘ ਜੀ ਸ਼ਹੀਦ ਨਜ਼ਾਮ ਪੁਰ

Digitized by Panjab Digital Library | www.panjabdigilib.org

ਦੇਵਾ ਸਿੰਘ ਵਾਲੇ ਨੇ ਖੜੋ ਕੇ ਕਿਹਾ ਕਿ ਸੰਗਤ ਮੈਨੂੰ ਹੁਕਮ ਦੇਵੇ ਮੈਂ ਦਿਨ ਚੜ੍ਹਦੇ ਨੂੰ ਮਹੰਤ ਨਰਾਇਣ ਦਾਸ ਦਾ ਸਿਰ ਵਢ ਲਿਆਉਂਦਾ ਹਾਂ, ਪਰ ਉਹਨਾਂ ਨੂੰ ਹੌਸਲਾ ਤੇ ਧੀਰਜ ਦੇਕੇ ਇਸ ਗਲੋਂ ਰੋਕ ਦਿਤਾ ਗਿਆ। ਇਸ ਦੀਵਾਨ ਵਿਚ ਜਦ ਇਕ ਸਮੇਂ ਬਾਬਾ ਗੁਰਦਿਤ ਸਿੰਘ ਜੀ ਗੁਰੂ ਨਾਨਕ ਜਹਾਜ਼ ਵਾਲੇ ਦਾ ਜ਼ਿਕਰ ਛਿੜਿਆ ਤਦ ਭਾਈ ਲਛਮਣ ਸਿੰਘ ਹੋਰਾਂ ਜਲ ਪੂਰਤ ਨੈਣਾਂ ਨਾਲ ਖੜੇ ਹੋਕੇ ਕਿਹਾ ਕਿ ਜੇ ਕੋਈ ਗੁਰੂ ਕਾ ਪਿਆਰਾ ਮੈਨੂੰ ਬਾਬਾ ਜੀ ਦੇ ਦਰਸ਼ਨ ਕਰਾ ਦੇਵੇ ਤਾਂ ਮੈਂ ਉਸ ਨੂੰ ਆਪਣੇ ਮੁਰਬੇ ਭੇਟ ਕਰ ਦੇਵਾਂ ਗਾ। ਆਪ ਦਾ ਇਸ ਤਰ੍ਹਾਂ ਦਰਦ ਨਾਲ ਭਰਿਆ ਹੋਇਆ ਦਿਲ ਤੇ ਬੇਹਬਲਤਾ ਵੇਖ ਕੇ ਸੰਗਤਾਂ ਵਿਚ ਵੀ ਵੈਰਾਗ ਦਾ ਪ੍ਰਵਾਹ ਚਲ ਪਿਆ। ਅਫਸੋਸ ! ਕਿ ਬਾਬਾ ਜੀ ਦੇ ਦਰਸ਼ਨ ਦੀਆਂ ਸਧਰਾਂ ਮਨ ਵਿਚ ਰਖ ਕੇ ਹੀ ਸ਼ਹੀਦੀ ਪ੍ਰਾਪਤ ਕਰ ਗਏ।

ਸੈਂਕੜੇ ਗੁਰੂ ਕੇ ਲਾਲ ਆਪਣੀਆਂ ਜਾਨਾਂ ਤਲੀ ਉਤੇ ਰਖ ਕੇ ਰਾਤ ਸਪਾਂ ਦੀਆਂ ਸਿਰੀਆਂ ਮਿਧ ਕੇ ਰਾਹ ਖੋਹੜੇ ਭੁਲਦੇ ਭੁਲਾਉਂਦੇ ਉਨੀਂਦਰੇ ਅਤੇ ਤੇਹ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸ਼ਹੀਦੀ ਰੰਗਣ ਵਿਚ ਰੰਗੇ ਸਾਰੀ ਰਾਤ ਛਾਲਾਂ ਮਾਰਦੇ ਭਜੇ ਆਏ ਇਹ ਸਭ ਇਸ ਜਲਸੇ ਦੇ ਹਲੂਣੇ ਦਾ ਹੀ ਫਲ ਸੀ, ਜਿਸ ਦੀ ਸਾਰੀ ਵਡਿਆਈ ਦੇ ਹਕਦਾਰ ਸ: ਲਛਮਣ ਸਿੰਘ ਜੀ ਹਨ, ਨਵੰਬਰ ੧੯੨੦ ਈ: ਨੂੰ ਪੂਰਨਮਾਸ਼ੀ ਦੇ ਮੇਲੇ ਤੇ ਆਪ ਨੇ ਇਲਾਕੇ ਵਲੋਂ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਵਾਸਤੇ ਪ੍ਰਚਾਰ ਕਰਨਾ ਸੰਮਤ ੧੯੭੭ ਬਿ: ਦੀ ਮਸਿਆ ਨੂੰ ਆਪ ਸ੍ਰੀ ਤਰਨ ਤਾਰਨ ਸਾਹਿਬ ਬੀਬੀਆਂ ਦੇ ਕੀਰਤਨੀ ਜਥੇ ਸਮੇਤ ਇਸ਼ਨਾਨ ਕਰਨ ਲਈ ਗਏ, ਮਸਿਆ ਤੋਂ ਅਗਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਦਰ ਬੀਬੀਆਂ ਨੇ ਕੀਰਤਨ ਕਰਨ ਦੀ ਜਾਚਨਾ ਕੀਤੀ, ਅਗੋਂ ਪੁਜਾਰੀਆਂ ਨੇ ਬੜੇ ਨਿਰਾਦਰ ਭਰੇ ਕੁਬਚਨ ਬੋਲੇ ਕੀਰਤਨ ਦੀ ਆਗਿਆ ਨਾ ਦਿਤੀ, ਤਦ ਆਪ ਨੇ ਸਿਖੀ ਜਜ਼ਬਾਤ ਵਿਚ ਆ ਕੇ ਖੂੰਡਾ ਲੈ ਕੇ ਖੜੋ ਗਏ ਤੇ ਬੀਬੀਆਂ ਦੇ ਜਥੇ ਨੂੰ ਕੀਰਤਨ ਕਰਨ ਲਾ ਦਿਤਾ, ਅਤੇ ਆਪ ਨੇ ਲਲਕਾਰਾ ਮਾਰਿਆ ਆਓ ਜਿਸ ਨੇ ਰੋਕਣਾ ਹੈ ਰੋਕੇ ਤਾਂ ਬੀਬੀਆਂ ਨੇ ਪੰਜਾਂ ਸ਼ਬਦਾਂ ਦਾ ਕੀਰਤਨ ਕਰਕੇ ਭੋਗ ਪਾਇਆ। ਭਾਈ ਲਛਮਣ ਸਿੰਘ ਨੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਸ਼ਹੀਦੀਆਂ ਪਾਇਆਂ ਬਿਨਾਂ ਇਹ ਸੁਧਾਰ ਹੋਣਾ ਅਤੀ ਕਠਨ ਹੈ ਅਤੇ ਮੈਨੂੰ ਸ਼ਹੀਦੀ ਬਾਟੇ ਦੀ ਦਾਤ ਬਖਸ਼ੀ ਜਾਵੇ।

## ॥ ਸੁਧਾਰ ਲਈ ਤਿਆਰੀ ॥

ਆਪ ਆਪਣੇ ਪਿੰਡ ਆਣ ਕੇ ਕਰਤਾਰ ਸਿੰਘ ਝੱਬਰ ਨਾਲ ਖਰੇ ਸੌਦੇ ਫੈਸਲਾ ਕਰਕੇ ਭਰਤੀ ਦਾ ਕੰਮ ਅਰੰਭ ਕਰ ਦਿਤਾ। ੪ ਫੱਗਣ ਨੂੰ ਮਰੜ੍ਹੀ ਚੱਕ ਨੰ: ੪੨ ਵਿਚ ਇਲਾਕੇ ਦਾ ਇਕਠ ਕੀਤਾ ਅਤੇ ਜਥੇ ਦਾ ਚੁਣਾਓ ਹੋਇਆ ਅਤੇ ਜਥੇਦਾਰੀ ਲਈ ਭਾ: ਲਛਮਣ ਸਿੰਘ ਜੀ ਦਾ ਨਾਮ ਪੇਸ਼ ਹੋਇਆ, ਜਿਸ ਤੇ ਸਰਬ ਸੰਮਤੀ ਨਾਲ ਆਪ ਨੂੰ ਇਲਾਕੇ ਦਾ ਜਥੇਦਾਰ ਥਾਪਿਆ ਗਿਆ ਅਤੇ ਇਸ ਦੇ ਨਾਲ ਹੀ ਇਹਨਾਂ ਦੀ ਮਰਜ਼ੀ ਅਨੁਸਾਰ ਭਾ: ਗੁਰਚਰਨ ਸਿੰਘ ਜੀ ਪਿੰਡ ਕੋਟਲਾ ਸੰਤਾ ਸਿੰਘ ਨੂੰ ਆਪ ਦਾ ਪ੍ਰਾਈਵੇਟ ਸਕੱਤਰ ਚੁਣਿਆ ਗਿਆ। ਏਸੇ ਦਿਨ ਹੀ ਦੂਜਾ ਫੈਸਲਾ ਇਹ ਹੋਇਆ ਕਿ ੭ ਫਗਣ ਨੂੰ ਨਜ਼ਾਮ ਪੁਰੇ ਦੇਵਾ ਸਿੰਘ ਵਾਲੇ ਫੇਰ ਸਾਰੇ ਇਲਾਕੇ ਦਾ ਇਕੱਠ ਕਰਕੇ ਮੁਕੰਮਲ ਸਕੀਮ ਤਿਆਰ ਕੀਤੀ ਜਾਵੇ। ਇਸ ਤਰਾਂ ੭ ਫਗਣ ਨੂੰ ਨਜ਼ਾਮ ਪੁਰੇ ਦੇਵਾ ਸਿੰਘ ਵਾਲੇ ਇਲਾਕੇ ਦੇ ਬਹੁਤ ਸਾਰੇ ਮੁਖੀ ਸਿੰਘ ਪੁਜੇ ਹੋਏ ਸਨ। ਲੰਬੀ ਵਿਚਾਰ ਮਗਰੋਂ ਅਕਾਲੀ ਜੱਥਾ ਬਾਰ ਕਾਇਮ ਕੀਤਾ ਗਿਆ। ਇਸ ਦੇ ਜਥੇਦਾਰ ਭਾ: ਲਛਮਨ ਸਿੰਘ ਜੀ ਤੇ ਸਕੱਤ੍ਰ ਭਾਈ ਦਿਆਲ ਸਿੰਘ ਜੀ, ਖਜ਼ਾਨਚੀ ਭਾਈ ਗੰਡਾ ਸਿੰਘ ਜੀ ਨਜ਼ਾਮ ਪੁਰ ਚੇਲੇ ਵਾਲੇ ਅੰਮ੍ਰਿਤ ਪ੍ਰਚਾਰ ਦੇ ਜਥੇਦਾਰ ਭਾਈ ਟਹਿਲ ਸਿੰਘ ਜੀ ਚੁਣੇ ਗਏ। ਖਰਚ ਚਲਾਉਣ ਲਈ ਚੰਦੇ ਦੀ

Digitized by Panjab Digital Library | www.panjabdigilib.org

ਅਪੀਲ ਕੀਤੀ ਜਿਸ ਪਰ ੪੦੦) ਰੁਪਏ ਨਕਦ ਤੇ ਇਕ ਹਜ਼ਾਰ ਰੁਪਏ ਸਿੰਘਾਂ ਨੇ ਇਕਰਾਰੀ ਲਿਖਾਏ। ਫੈਸਲਾ ੋਇਆ ਕਿ ਇਲਾਕੇ ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਚਾਰ ਕਰਨ ਲਈ ਪ੍ਰਚਾਰਕ ਅਤੇ ਰਾਗੀ ਜਥੇ ਰਖੇ ਜਾਣ। ਮਹੰਤ ਨਰੈਣ ਦਾਸ ਦੀਆਂ ਤਿਆਰੀਆਂ ਦਾਂ ਗੁਪਤ ਪਤਾਂ ਲੈਣ ਲਈ ਸੰਤ ਪਾਲ ਸਿੰਘ ਜੀ ਨਿਰਮਲੇ ਦਾ ਨਾਮ ਤਜਵੀਜ਼ ਹੋ ਕੇ ਪਾਸ ਹੋ ਗਿਆ ਤੇ ਉਹ ੯ ਫਗਣ ਵਾਲੇ ਦਿਨ ਆ ਕੇ ਜਥੇ ਦੇ ਤੁਰਨ ਤੋਂ ਪਹਿਲਾਂ ਹਰ ਇਕ ਤਿਆਰੀ ਦਾ ਪਤਾ ਦੇਣ। ਏਸੇ ਤਰ੍ਹਾਂ ਭਾਈ ਸੰਗਤ ਸਿੰਘ ਧਾਰੋਵਾਲੀ ਨੂੰ ਅੰਮ੍ਰਿਤਸਰ ਘਲਣਾ ਪਾਸ ਹੋਇਆ ਕਿ ਉਹ ਸ਼੍ਰੋਮਣੀ ਕਮੇਟੀ ਪਾਸੋਂ ਅੰਦਰਗਤ ਇਜਾਜ਼ਤ ਲੈ ਆਉਣ। ਭਾਈ ਸੰਗਤ ਸਿੰਘ ਜੀ ੯ ਫਗਣ ਨੂੰ ਸ: ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਆ ਮਿਲੇ, ਉਹਨਾਂ ਉਤਰ ਦਿਤਾ ਕਿ ਅਸੀਂ ਜਥੇ ਨੂੰ ਰੋਕਣ ਲਈ ਬੰਦੇ ਘੱਲ ਆਏ ਹਾਂ। ਸ਼੍ਰੋਮਣੀ ਕਮੇਟੀ ਆਗਿਆਂ ਨਹੀਂ ਦੇਂਦੀ। ਇਹਨਾਂ ਵਿਚੋਂ ਖਾਸ ਖਾਸ ਸੱਜਣਾਂ ਨੇ ਬਹੁਤ ਸਾਰੇ ਉਤਰਾ ਚੜ੍ਹਾ ਮਗਰੋਂ ੧੯ ਫਰਵਰੀ ਦੀ ਰਾਤ ਨੂੰ ਚਲ ਕੇ ੨੦ ਫਰਵਰੀ ਸਵੇਰ ਨੂੰ ਕਬਜ਼ਾ ਕਰ ਲਈਏ। ਇਸ ਪ੍ਰੋਗ੍ਰਾਮ ਅਨੁਸਾਰ ਕੌਮੀ ਦੂਲੇ ੧੦ ਫੱਗਣ ਮੁਤਾਬਿਕ ੨੦ ਫਰਵਰੀ ਸੰਨ ੧੯੨੧ ਈ: ਦਿਨ ਐਤਵਾਰ ਜਥਾ ਕ੍ਰੀਬਨ ਪੌਣੇ ਛੇ ਵਜੇ ਸ੍ਰੀ ਜਨਮ ਅਸਥਾਨ ਦੇ ਅੰਦਰ ਜਾ ਰਿਹਾ ਅਤੇ ਸਾਢੇ ਸਤ ਵਜੇ ਤਕ ਗੋਲੀਆਂ, ਗੰਡਾਸਿਆਂ ਨਾਲ ਸ਼ਾਂਤ ਮਈ ਰਹਿੰਦੇ ਹੋਏ ਮਰਜਿਉੜਿਆਂ ਨੂੰ ਸ਼ਹੀਦ ਤੇ ਜ਼ਖਮੀ ਕਰਕੇ ਸਾੜਨ ਦਾ ਕੰਮ ਆਰੰਭ ਕੀਤਾ। ਇਹ ਪ੍ਰਵਾਨ ਹੋਈਆਂ ਰੂਹਾਂ ਨੂੰ ਨਿਵਾਜ ਕੇ ਸਤਿਗੁਰਾਂ ਨੇ ਆਪਣੇ ਚਰਨਾਂ ਵਿਚ ਸਦਾ ਲਈ ਨਿਵਾਸ ਦਿੱਤਾ। ਇਨ੍ਹਾਂ ਕੌਮੀ ਦੂਲਿਆਂ ਦੇ ਇਨਾਂ ਪਵਿਤ੍ਰ ਧਰਮੀ ਕਾਰਨਾ-ਮਿਆਂ ਨਾਲ ਰਹਿੰਦੀ ਦੁਨੀਆਂ ਤਕ ਕੋਮ ਦਾ ਨਾਮ ਰੋਸ਼ਨ ਤੇ ਮੁਖ ਉਜਲਾ ਰਹੇਗਾ। ਇਨ੍ਹਾਂ ਮਰਜਿਉ-ੜਿਆਂ ਦਾ ਸਦਕਾ ਪੰਥ ਵਿਚ ਅਥਾਹ ਜੋਸ਼ ਤੇ ਸਤ ਸੌ ਸ਼ਹੀਦੀ ਸੱਤਰ ਦੇ ਕਰੀਬ ਗੁਰ ਅਸਥਾਨ ਪੰਥ ਦੇ ਪ੍ਰਬੰਧ ਵਿਚ ਆਏ ਹਨ।

ਨੋਟ:– ਵਿਸਥਾਰ ਤੇ ਡਰਦੇ ਹੋਏ ਅਗੇ ਇਨ੍ਹਾਂ ਅਮਰ ਸ਼ਹੀਦਾਂ ਦਾ ਜੀਵਨ ਸੰਖੇਪ ਦਿੱਤਾ ਜਾਂਦਾ ਹੈ। ਪੂਰਾ ਹਾਲ ਦੇਖਣ ਵਾਸਤੇ ਪੜ੍ਹੋ ਸ਼ਹੀਦੀ ਜੀਵਨ, ਕਰਤਾ ਗੁਰਬਖਸ਼ ਸਿੰਘ ਸ਼ਮਸ਼ੇਰ ਝਬਾਲੀਆ।

## ਧਾਰੋਵਾਲੀ ਚੱਕ ਨੰ: ੩੩ ਜ਼ਿਲਾ ਸ਼ੇਖੂ ਪੁਰਾ ਦੇ ਬਾਕੀ ਸ਼ਹੀਦ

੨. ਭਾਈ ਈਸ਼ਰ ਸਿੰਘ ਪਿਤਾ ਹਰਦਿਤ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਧਾਰੋਵਾਲੀ ਸਿੰਘਣੀ ਬਸੰਤ ਕੌਰ ਜ਼ਿਲਾ ਗੁਰਦਾਸਪੁਰ ਸੰਤਾਨਃ—ਕਰਤਾਰ ਕੌਰ, ਪਾਰੋ, ਮੇਜਾ ਸਿੰਘ, ਅਮਰੀਕ ਸਿੰਘ, ਚੰਨਣ ਸਿੰਘ ਅਤੇ ਸੁਹਾਵਾ ਸਿੰਘ।

੩. ਭਾਈ ਮੰਗਲ ਸਿੰਘ ਕ੍ਰਿਪਾਨ ਬਹਾਦਰ ਪਿਤਾ ਰਤਾ ਜੀ ਮਾਤਾ ਹੁਕਮੀ ਪਿੰਡ ਉਦੋ ਕੇ

੪. ਭਾਈ ਸੁੰਦਰ ਸਿੰਘ ਜੀ ਪਿਤਾ ਚੁਗਤਾ ਸਿੰਘ ਮਾਤਾ ਜੀਵਾਂ ਪਿੰਡ ਭਾਮ ਸਿੰਘਣੀ ਤੇਜ ਕੌਰ ਸੰਤਾਨਃ— ਬਾਗ ਸਿੰਘ।

੫. ਭਾਈ ਆਤਮਾ ਸਿੰਘ ਪਿਤਾ ਹੀਰਾ ਸਿੰਘ ਪਿੰਡ ਮੁਸਤਫਾ ਬਾਦ ਸਿੰਘਣੀ ਬਿਸ਼ਨ ਕੌਰ ਜ਼ਿਲਾ ਗੁਜਰਾਤ ਸੰਤਾਨਃ— ਲਛਮਨ ਸਿੰਘ, ਮੰਗਲ ਸਿੰਘ, ਪ੍ਰੇਮ ਸਿੰਘ, ਈਸਰ ਕਰ ਤੇ ਇਛਰ ਕੌਰ।

੬. ਭਾਈ ਈਸਰ ਸਿੰਘ ਨੰਃ ੨ ਪਿਤਾ ਵਸਾਵਾ ਸਿੰਘ ਮਾਤਾ ਲਛਮੀ ਪਿੰਡ ਹੂਪੋ ਵਾਲੀ ਸਿੰਘਣੀ ਪ੍ਰਸਿੰਨੀ ਸੰਤਾਨਃ— ਚਨਣ ਸਿੰਘ।

Digitized by Panjab Digital Library | www.panjabdigilib.org

ਕੋਟਲਾ ਸੰਤ ਸਿੰਘ ਚੱਕ ਨੰ: ੪੩ ਦੇ ਸ਼ਹੀਦ

੭. ਭਾਈ ਚਰਨ ਸਿੰਘ ਜੀ ਪਿਤਾ ਗੁਰਦਿਤ ਸਿੰਘ ਮਾਤਾ ਸਦਾ ਕੌਰ ਪਿੰਡ ਕੋਟਲਾ ਸੰਤ ਸਿੰਘ ਸਿੰਘਣੀ ਇੰਦਰ ਕੌਰ ।

ਬੁਰਜ ਚੱਕ ਨੰ: ੫੫ ਜ਼ਿਲਾ ਲਾਇਲਪੁਰ ਦੇ ਸ਼ਹੀਦ

੮. ਭਾਈ ਨਰਾਇਣ ਸਿੰਘ ਜੀ ਸੰਧੂ ਖਾਨ ਦਾਨ ਪਿੰਡ ਵਿਰਆਹਾਂ ਸਿੰਘਣੀ ਖੇਮ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ:— ਤਾਰੋ

੯. ਭਾਈ ਦਿਆਲ ਸਿੰਘ ਜੀ ਪਿਤਾ ਦੇਵਾ ਸਿੰਘ ਮਾਤਾ ਰਾਮ ਕੌਰ ਪਿੰਡ ਘਸੀਟ ਪੁਰਾ ਜ਼ਿਲਾ ਅੰਮ੍ਰਿਤਸਰ

੧੦. ਭਾਈ ਕਿਸ਼ਨ ਸਿੰਘ ਜੀ ਪਿਤਾ ਸੁੰਦਰ ਸਿੰਘ ਮਾਤਾ ਨਿਹਾਲ ਕੌਰ ਪਿੰਡ ਰਤੋਕੇ

॥ ਬੁੰਡਾਲਾ ਚੱਕ ਨੰ: ੬੪ ਜ਼ਿਲਾ ਲਾਇਲਪੁਰ ਦੇ ਸ਼ਹੀਦ ॥

੧੧. ਭਾਈ ਹਜ਼ਾਰਾ ਸਿੰਘ ਜੀ ਪਿਤਾ ਲਾਲ ਸਿੰਘ ਮਾਤਾ ਨੰਦ ਕੌਰ ਪਿੰਡ ਬੁੰਡਾਲਾ ਚੱਕ ਨੰ: ੬੪ ਨਿਹਾਲੇਆਣਾ ਸਿੰਘਣੀ ਗੁਲਾਬ ਕੌਰ ਜ਼ਿਲਾ ਲਾਇਲਪੁਰ

੧੨. ਭਾਈ ਵਰਿਆਮ ਸਿੰਘ ਜੀ ਪਿਤਾ ਦੂਲਾ ਸਿੰਘ ਮਾਤਾ ਹੁਕਮੀ ਪਿੰਡ ਸੁਤੇ ਵਾਲ ਸਿੰਘਣੀ ਜੁਆਲੀ ਜ਼ਿਲਾ ਅੰਮ੍ਰਿਤਸਰ ਸੰਤਾਨ:— ਨਿਹਾਲ ਕੌਰ, ਦਿਆਲ ਕੌਰ

੧੩. ਭਾਈ ਚੇਤ ਸਿੰਘ ਜੀ ਪਿਤਾ ਜੁਆਲਾ ਸਿੰਘ ਜੀ ਮਾਤਾ ਰਾਮ ਕੌਰ ਪਿੰਡ ਬੁੰਡਾਲਾ ਸਿੰਘਣੀ ਈਸ਼ਰ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ:— ਗੁਰਦਿਆਲ ਕੌਰ, ਲਾਭ ਸਿੰਘ

੧੪. ਭਾਈ ਉਜਾਗਰ ਜੀ ਪਿਤਾ ਜਗਤ ਸਿੰਘ ਮਾਤਾ ਦਿਆਲ ਕੌਰ ਪਿੰਡ ਬੁੰਡਾਲਾ ਸਿੰਘਣੀ ਸੰਤ ਕੌਰ, ਹਰਨਾਮ ਕੌਰ ਸੰਤਾਨ:— ਲਛਮਨ ਕੌਰ

॥ ਬੁੰਡਾਲਾ ਬਚਨ ਸਿੰਘ ਵਾਲਾ ਚੱਕ ਨੰ: ੭੧ ਜ਼ਿਲਾ ਲਾਇਲਪੁਰ ਦੇ ਸ਼ਹੀਦ ॥

੧੫. [ਭਾਈ ਸੰਮਾ ਸਿੰਘ ਜੀ]<br>
੧੬. [ਭਾਈ ਬਾਗ ਸਿੰਘ ਜੀ] ਪਿਤਾ ਪਾਲਾ ਸਿੰਘ ਮਾਤਾ ਮਾਨ ਕੌਰ ਪਿੰਡ ਬੁੰਡਾਲਾ

੧੭. ਭਾਈ ਈਸ਼ਰ ਸਿੰਘ ਜੀ ਪਿਤਾ ਸੰਤਾ ਸਿੰਘ ਮਾਤਾ ਹੁਕਮੀ ਪਿੰਡ ਬੁੰਡਾਲਾ ਸਿੰਘਣੀ ਮੰਗਲੀ ਸੰਤਾਨ:—- ਸੁਜਾਨ ਸਿੰਘ, ਭਾਗ ਸਿੰਘ, ਗੁਰਮੇਜ ਕੌਰ, ਜੁਗਿੰਦਰ ਸਿੰਘ

੧੮. ਭਾਈ ਧਰਮ ਸਿੰਘ ਜੀ ਪਿਤਾ ਸੰਤਾ ਸਿੰਘ ਮਾਤਾ ਹੁਕਮੀ ਪਿੰਡ ਬੁੰਡਾਲਾ ਸਿਘਣੀ ਲਾਭ ਕੌਰ ਸੰਤਾਨ:— ਤੇਜ ਕੌਰ, ਪਰਤਾਪ ਸਿੰਘ, ਅਮਰ ਸਿੰਘ, ਦੀਪ ਕੌਰ (ਉਪਰਲੇ ੧੭, ੧੮ ਨੰ: ਵਾਲੇ ਭਾਈ ਈਸ਼ਰ ਸਿੰਘ ਤੇ ਧਰਮ ਸਿੰਘ ਦੋਨੋਂ ਭਰਾ ਹਨ)

॥ ਨਜ਼ਾਮ ਪੁਰਾ ਦੇਵਾ ਸਿੰਘ ਵਾਲਾ ਜ਼ਿਲਾ ਸ਼ੇਖੂਪੁਰਾ ਦੇ ਸ਼ਹੀਦ ॥

੧੯. ਭਾਈ ਟਹਿਲ ਸਿੰਘ ਜੀ ਪਿਤਾ ਚੰਦਾ ਸਿੰਘ ਮਾਤਾ ਰੁਕੋ ਪਿੰਡ ਨਜ਼ਾਮ ਪੁਰ ਜ਼ਿਲਾ ਅੰਮ੍ਰਿਤਸਰ ।

੨੦. ਭਾਈ ਸੁਰੈਣ ਸਿੰਘ ਜੀ ਪਿਤਾ ਮਿਤ ਸਿੰਘ ਮਾਤਾ ਚੰਦ ਕੌਰ ਪਿੰਡ ਨਜ਼ਾਮ ਪੁਰ ਸਿੰਘਣੀ ਗੁਤੋ ਜ਼ਿਲਾ ਅੰਮ੍ਰਿਤਸਰ ਸੰਤਾਨ ਇਕ ਬੀਬੀ ਹੋਈ

੨੧. ਭਾਈ ਬਗਾ ਸਿੰਘ ਜੀ ਪਿਤਾ ਗੰਗਾ ਸਿੰਘ ਮਾਤਾ ਮਾਲਾਂ ਪਿੰਡ ਦੇਵਾ ਸਿੰਘ ਵਾਲਾ ਚੱਕ ਨੰ: ੩੮ ਸਿੰਘਣੀ ਰਾਜ ਕੌਰ ਜ਼ਿਲਾ ਸ਼ੇਖੂਪੁਰਾ ਸੰਤਾਨ ਹਜ਼ਾਰਾ ਸਿੰਘ, ਨਿਹਾਲ ਕੌਰ, ਅਪਾਰ ਕੌਰ, ਲਖਾ ਸਿੰਘ, ਗੁਰੋ ।

Digitized by Panjab Digital Library | www.panjabdigilib.org

੨੨. ਭਾਈ ਹਰਨਾਮ ਸਿੰਘ ਜੀ (ਇਹਨਾਂ ਦਾ ਮੁਕਲਾਵਾ ਆਇਆਂ ਦੋ ਦਿਨ ਹੀ ਹੋਏ ਸਨ) ਪਿਤਾ ਈਸ਼ਰ ਸਿੰਘ ਮਾਤਾ ਭਾਗੋ ਪਿੰਡ ਦੇਵਾ ਸਿੰਘ ਵਾਲਾ ਸਿੰਘਣੀ ਖੇਮੀ ਜ਼ਿਲਾ ਸ਼ੇਖੂ ਪੁਰਾ।

੨੩. ਭਾਈ ਦਲ ਸਿੰਘ ਜੀ ਪਿਤਾ ਮਸਦਾ ਸਿੰਘ ਮਾਤਾ ਗੁਲਾਬੀ ਪਿੰਡ ਦੇਵਾ ਸਿੰਘ ਵਾਲਾ ਸਿੰਘਣੀ ਭਗਵਾਨ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ ਗੁਰ ਕੌਰ, ਸੋਹਣ ਸਿੰਘ ਅਤੇ ਕਰਤਾਰ ਕੌਰ

੨੪. ਭਾਈ ਕੇਸਰ ਸਿੰਘ ਜੀ ਪਿਤਾ ਪਾਲ ਸਿੰਘ ਮਾਤਾ ਲਛੀ ਪਿੰਡ ਦੇਵਾ ਸਿੰਘ ਵਾਲਾ ਸਿੰਘਣੀ ਸੰਤੀ ਜ਼ਿਲਾ ਸ਼ੇਖੂ ਪੁਰਾ।

੨੫. ਭਾਈ ਭਗਵਾਨ ਸਿੰਘ ਜੀ ਪਿਤਾ ਲਹਿਣਾ ਸਿੰਘ ਮਾਤਾ ਤਾਬੋ ਪਿੰਡ ਦੇਵਾ ਸਿੰਘ ਵਾਲਾ ਸਿੰਘਣੀ ਆਤੋ ਜ਼ਿਲਾ ਸ਼ੇਖੂ ਪੁਰਾ।

੨੬. ਭਾਈ ਜੁਆਲਾ ਸਿੰਘ ਪਿਤਾ ਕੇਸਰ ਸਿੰਘ ਮਾਤਾ ਨਿਹਾਲ ਕੌਰ ਪਿੰਡ ਨਜ਼ਾਮ ਪੁਰ ਸਿੰਘਣੀ ਪ੍ਰੇਮ ਕੌਰ ਜ਼ਿਲਾ ਅੰਮ੍ਰਿਤਸਰ

੨੭. ਭਾਈ ਖੁਸ਼ਹਾਲ ਸਿੰਘ ਪਿਤਾ ਬੁਧ ਸਿੰਘ ਮਾਤਾ ਜੱਸੀ ਪਿੰਡ ਨਜ਼ਾਮ ਪੁਰ ਸਿੰਘਣੀ ਭਾਨ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ ਸੁਚਾ ਸਿੰਘ, ਕਰਤਾਰ ਸਿੰਘ

੨੮. ਭਾਈ ਜਵੰਦ ਸਿੰਘ ਜੀ ਪਿਤਾ ਆਲਾ ਸਿੰਘ ਮਾਤਾ ਬਿਸੋ ਪਿੰਡ ਨਜ਼ਾਮ ਪੁਰ ਸਿੰਘਣੀ ਆਤੋ ਜ਼ਿਲਾ ਅੰਮ੍ਰਿਤਸਰ ਸੰਤਾਨ— ਗਿਆਨ ਕੌਰ

੨੯. ਭਾਈ ਪੰਜਾਬ ਸਿੰਘ ਜੀ ਪਿਤਾ ਪੋਹੂ ਸਿੰਘ ਮਾਤਾ ਭਾਨ ਕੌਰ ਪਿੰਡ ਨਜ਼ਾਮ ਪੁਰ ਜ਼ਿਲਾ ਅੰਮ੍ਰਿਤਸਰ ਸੰਤਾਨ ਠਾਕਰ ਸਿਘ

੩੦. ਭਾਈ ਨਰੈਣ ਸਿੰਘ ਜੀ ਪਿਤਾ ਪੋਹੂ ਸਿੰਘ ਮਾਤਾ ਭਾਨ ਕੌਰ ਸਿੰਘਣੀ ਗੁਤੋ ਜ਼ਿਲਾ ਅੰਮ੍ਰਿਤਸਰ ਸੰਤਾਨ ਕਿਸ਼ਨ ਸਿੰਘ, ਹਰਨਾਮ ਸਿੰਘ, ਹਰਨਾਮ ਕੌਰ, ਰਾਧੋ ਜੀ

੩੧. ਭਾਈ ਰਾਮ ਸਿੰਘ ਜੀ ਪਿਤਾ ਝੰਡਾ ਸਿੰਘ ਮਾਤਾ ਜੁਆਲੀ ਪਿੰਡ ਨਜ਼ਾਮ ਪੁਰਾ ਸਿੰਘਣੀ ਸੰਤ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ ਕੇਹਰ ਸਿੰਘ

੩੨. ਭਾ: ਸੁੰਦਰ ਸਿੰਘ ਪਿਤਾ ਚੰਦਾ ਸਿੰਘ ਮਾਤਾ ਹੁਕਮੀ ਸਿੰਘਣੀ ਪ੍ਰੇਮ ਕੌਰ ਸੰਤਾਨ:— ਗੁਰ ਕੌਰ, ਸੋਹਣ ਸਿੰਘ, ਈਸ਼ਰ ਸਿੰਘ, ਹਜ਼ਾਰਾ ਸਿੰਘ, ਕਰਤਾਰ ਕੌਰ।

੩੩. ਭਾ: ਭਾਗ ਸਿੰਘ ਜੀ ਪਿਤਾ ਹਮੀਰ ਸਿੰਘ ਮਾਤਾ ਨਿਹਾਲ ਕੌਰ ਪਿੰਡ ਨਜ਼ਾਮ ਪੁਰਾ ਜ਼ਿਲਾ ਅੰਮ੍ਰਿਤਸਰ।

ਨਜ਼ਾਮ ਪੁਰ ਮੂਲਾ ਸਿੰਘ ਵਾਲਾ ਚੱਕ ਨੰਬਰ ੮੦ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ

੩੪. ਭਾ: ਸੇਵਾ ਸਿੰਘ ਪਿਤਾ ਈਸ਼ਰ ਸਿੰਘ ਮਾਤਾ ਆਤੋ ਪਿੰਡ ਨਜਾਮ ਪੁਰਾ ਸਿੰਘਣੀ ਨਿਹਾਲ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ:—ਗੁਰ ਕੌਰ।

੩੫. ਭਾ: ਬੂੜ ਸਿੰਘ ਪਿਤਾ ਮਲ ਸਿੰਘ ਮਾਤਾ ਆਸ ਕੌਰ ਪਿੰਡ ਬਹੋੜੂ ਸਿੰਘਣੀ ਰਾਜ ਕੌਰ ਜ਼ਿਲਾ ਅੰਮ੍ਰਿਤਸਰ।

੩੬. ਭਾ: ਸੁਰੈਣ ਸਿੰਘ ਪਿਤਾ ਰਾਮ ਸਿੰਘ ਮਾਤਾ ਹੁਕਮ ਕੌਰ ਪਿੰਡ ਮੂਲਾ ਸਿੰਘ ਵਾਲੇ ਚੱਕ ਨੰ: ੮੦ ਸਿੰਘਣੀ ਭਾਗ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ:—ਦਲੀਪ ਸਿੰਘ।

੩੭. ਭਾ: ਗੁਜਰ ਸਿੰਘ ਪਿਤਾ ਝੰਡਾ ਸਿੰਘ ਮਾਤਾ ਸੋਭੀ ਪਿੰਡ ਮੂਲ ਸਿੰਘ ਵਾਲੇ ਚੱਕ ਨੰ:

Digitized by Panjab Digital Library | www.panjabdigilib.org

੯੦ ਸਿੰਘਣੀ ਅਮਰ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ:—ਠਾਕਰ ਕੌਰ, ਰਾਜ ਕੌਰ, ਪ੍ਰੀਤਮ ਸਿੰਘ ।

੩੮. ਭਾ: ਚੰਦਾ ਸਿੰਘ ਪਿਤਾ ਹੁਕਮ ਸਿੰਘ ਮਾਤਾ ਨੰਦ ਕੌਰ ਪਿੰਡ ਨਜ਼ਾਮ ਪੁਰ ਸਿੰਘਣੀ ਹੁਕਮ ਕੌਰ ਜ਼ਿਲਾ ਅੰਮ੍ਰਿਤਰ ਸੰਤਾਨ:—ਹਰਨਾਮ ਸਿੰਘ, ਕਰਤਾਰ ਸਿੰਘ, ਅਮਰ ਸਿੰਘ, ਹਰਨਾਮ ਕੌਰ ।

੩੯. ਭਾ: ਗੰਗਾ ਸਿੰਘ ਪਿਤਾ ਹੁਕਮ ਸਿੰਘ ਮਾਤਾ ਨੰਦ ਕੌਰ ਪਿੰਡ ਨਜ਼ਾਮ ਪੁਰ ਸਿੰਘਣੀ ਨਰੈਣ ਕੌਰ ਜ਼ਿਲ ਅੰਮ੍ਰਿਤਸਰ ਸੰਤਾਨ:—ਸੁਚਾ ਸਿੰਘ, ਗੋਪਾਲ ਸਿੰਘ ।

੪੦. ਭਾ: ਵਰਿਆਮ ਸਿੰਘ ਪਿਤਾ ਭਾਗ ਸਿੰਘ ਮਾਤਾ ਚੰਦ ਕੌਰ ਪਿੰਡ ਨਜ਼ਾਮ ਪੁਰ ਸਿੰਘਣੀ ਨਿਹਾਲ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ:—ਹਰ ਕੌਰ, ਆਤਮਾ ਸਿੰਘ, ਗਣੇਸ਼ੀ, ਜੁਆਲੀ, ਖੇਮ ਕੌਰ, ਭਾਨ ਕੌਰ, ਕਰਤਾਰ ਸਿੰਘ, ਰਾਜ ਕੌਰ, ਚਰਨ ਸਿੰਘ ।

੪੧. ਸੰਤਾ ਸਿੰਘ ਪਿਤਾ ਮੁਹਰੇ ਪਿੰਡ ਸ਼ੁਕਰ ਚਕੀਆ ਜ਼ਿਲਾ ਅੰਮ੍ਰਿਤਸਰ ।

॥ ਚੱਕ ਨੰਬਰ ੧੮ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ ॥

੪੨. ਭਾ: ਈਸ਼ਰ ਸਿੰਘ ਗੁੰਬੀ ਪਿਤਾ ਅਤਰ ਸਿੰਘ ਮਾਤਾ ਨਿਹਾਲ ਕੌਰ ਪਿੰਡ ਬਹੋੜੂ ਸਿੰਘਣੀ ਨੰਦ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ:—ਪਿਆਰਾ ਸਿੰਘ ।

੪੩. ਭਾ: ਗੋਪਾਲ ਸਿੰਘ ਪਿਤਾ ਹੁਕਮ ਸਿੰਘ ਮਾਤਾ ਆਤੋ ਪਿੰਡ ਬਹੋੜੂ ਜ਼ਿਲਾ ਸ਼ੇਖੂ ਪੁਰਾ ।

੪੪. ਭਾ: ਮੋਤਾ ਸਿੰਘ ਜੀ ਪਿਤਾ ਹਰੀ ਸਿੰਘ ਮਾਤਾ ਠਾਕੁਰੀ ਪਿੰਡ ਬਸੀ ਸਿੰਘਣੀ ਬਸੰਤ ਕੌਰ ਜ਼ਿਲਾ ਹੁਸ਼ਿਆਰ ਪੁਰ ।

॥ ਬੋਥੀਆ ਚੱਕ ਨੰਬਰ ੧੦ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ ॥

੪੫. ਭਾ: ਨੰਦ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਨਿਹਾਲ ਕੌਰ ਪਿੰਡ ਬੋਥੀਆ ਸਿੰਘਣੀ ਬੀਰੋ ਜ਼ਿਲਾ ਅੰਮ੍ਰਿਤਸਰ ਸੰਤਾਨ:—ਈਸ਼ਰ ਕੌਰ, ਈਸ਼ਰ ਸਿੰਘ, ਸੰਤ ਕੌਰ, ਬਹਾਦਰ ਸਿੰਘ ।

੪੬. ਭਾ: ਹਰੀ ਸਿੰਘ ਪਿਤਾ ਘਨੀਆ ਸਿੰਘ ਮਾਤਾ ਜਿਉਣ ਕੌਰ ਪਿੰਡ ਬੋਥੀਆਂ ਸਿੰਘਣੀ ਈਸ਼ਰ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ:—ਬਲਵੰਤ ਸਿੰਘ, ਹਰਬੰਸ ਸਿੰਘ, ਹਜ਼ੂਰਾ ਸਿੰਘ ।

੪੭. ਭਾ: ਰੁੜ ਸਿੰਘ ਜੀ ਪਿਤਾ ਨਿਹਾਲ ਸਿੰਘ ਮਾਤਾ ਜੀਓ ਪਿੰਡ ਬੋਥੀਆਂ ਸਿੰਘਣੀ ਰਾਮ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ:—ਕੇਹਰ ਸਿੰਘ, ਗੁਰ ਕੌਰ, ਮੇਹਰ ਸਿੰਘ ।

੪੮. ਭਾ: ਤੇਜਾ ਸਿੰਘ ਪਿਤਾ ਮੀਹਾਂ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਬੋਥੀਆਂ ਸਿੰਘਣੀ ਆਤੋ ਜ਼ਿਲਾ ਅੰਮ੍ਰਿਤਸਰ ਸੰਤਾਨ:—ਹਜ਼ਾਰਾ ਸਿੰਘ ।

॥ ਕਰਤਾਰ ਪੁਰ ਜ਼ਿਲਾ ਜਲੰਧਰ ਦੇ ਸ਼ਹੀਦ ॥

੪੯. ਭਾ: ਬੇਲਾ ਸਿੰਘ ਪਿਤਾ ਸੱਈਦੇ ਮਾਤਾ ਰਾਜ਼ੀ ਪਿੰਡ ਕਰਤਾਰ ਪੁਰ ਸਿੰਘਣੀ ਹੁਕਮ ਕੌਰ ਜ਼ਿਲਾ ਜਲੰਧਰ ਸੰਤਾਨ:—ਆਸਾ ਸਿੰਘ, ਦਲੀਪ ਸਿੰਘ ।

॥ ਬੱਲਾ ਜ਼ਿਲਾ ਅੰਮ੍ਰਿਤਸਰ ਦੇ ਸ਼ਹੀਦ ॥

੫੦. ਭਾ: ਮੂਲਾ ਸਿੰਘ ਜੀ ਪਿਤਾ ਜੀਵਨ ਸਿੰਘ ਮਾਤਾ ਗੁਲਾਬ ਕੌਰ ਪਿੰਡ ਬਲਾ ਸਿੰਘਣੀ ਪ੍ਰੇਮ ਕੌਰ ਜ਼ਿਲਾ ਅੰਮ੍ਰਿਤਸਰ ।

Digitized by Panjab Digital Library | www.panjabdigilib.org

॥ ਡਲਾ ਨੰਗਲ ਚੱਕ ਨੰਬਰ ੮੩ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ ॥

੫੧. ਭਾ: ਲਛਮਣ ਸਿੰਘ ਜੀ ਗ੍ਰੰਥੀ ਗੰਗਾ ਦੇਈ ਪਿੰਡ ਡਲੇ ਸਿੰਘਣੀ ਹਰ ਕੌਰ ਜ਼ਿਲਾ ਗੁਰਦਾਸ ਪੁਰ ।

॥ ਸ਼ਾਹ ਕੋਟ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ ॥

੫੨. ਭਾਈ ਸੰਤਾ ਸਿੰਘ ਜਥੇਦਾਰ ਪਿਤਾ ਨੰਦ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਸ਼ਾਹ ਕੋਟੀ ਸੰਘਣੀ ਠਾਕਰ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ੍ ਇਕ ਲੜਕਾ ਤੇ ਲੜਕੀ

੫੩. ਭਾਈ ਹੁਰਨਾਮ ਸਿੰਘ ਪਿਤਾ ਬੰਨਾ ਸਿੰਘ ਸਿੰਘਣੀ ਮੇਲ ਕੌਰ ਜ਼ਿਲਾ ਸ਼ੇਖੂ ਪੁਰਾ

੫੪. ਭਾਈ ਗੁਰਬਖਸ਼ ਸਿੰਘ ਪਿਤਾ ਚੰਦਾ ਸਿੰਘ ਮਾਤਾ ਗੁਲਾਬ ਕੌਰ

੫੫. ਭਾਈ ਇੰਦਰ ਸਿੰਘ ਪਿਤਾ ਮਤਾਬ ਸਿੰਘ ਮਾਤਾ ਈਸਰ ਕੌਰ ਪਿੰਡ ਸ਼ਾਹ ਕੋਟ ਸਿੰਘਣੀ ਧਨ ਕੌਰ ਜ਼ਿਲਾ ਸ਼ੇਖੂ ਪੁਰਾ

੫੬. ਭਾਈ ਗੁਲਾਬ ਸਿੰਘ ਪਿਤਾ ਹੀਰਾ ਸਿੰਘ ਮਾਤਾ ਰਲੀ ਪਿੰਡ ਸ਼ਾਹ ਕੋਟ ਸਿੰਘਣੀ ਆਤਮਾ ਕੌਰ ਜ਼ਿਲਾ ਸ਼ੇਖੂ ਪੁਰਾ ਸੰਤਾਨ– ਕਰਮ ਸਿੰਘ

॥ ਪਿੰਡ ਜਰਗ ਰਿਆਸਤ ਪਟਿਆਲਾ ਦੇ ਸ਼ਹੀਦ ॥

੫੭. ਭਾਈ ਕੇਹਰ ਸਿੰਘ ਪਿਤਾ ਜੀਵਨ ਸਿੰਘ ਮਾਤਾ ਹਰਨਾਮ ਕੌਰ ਪਿੰਡ ਜਰਗ ਸਿੰਘਣੀ ਰਤਨ ਕੌਰ ਜ਼ਿਲਾ ਰਿ: ਪਟਿਆਲਾ ਸੰਤਾਨ ਦਰਬਾਰਾ ਸਿੰਘ

੫੮. ਭੁਜੰਗੀ ਦਰਬਾਰਾ ਸਿੰਘ ਪਿਤਾ ਕੇਹਰ ਸਿੰਘ ਮਾਤਾ ਰਤਨ ਕੌਰ ਪਿੰਡ ਜਰਗ ਜ਼ਿਲਾ ਰਿ: ਪਟਿਆਲਾ

॥ ਜ਼ਿਲਾ ਲਾਹੌਰ ਦੇ ਸ਼ਹੀਦ ॥

੫੯. ਭਾਈ ਗੰਡਾ ਸਿੰਘ ਪਿਤਾ ਕਰਮ ਸਿੰਘ 'ਢਿਲੋਂ' ਮਾਤਾ ਹਰ ਕੌਰ ਪਿੰਡ ਭਸੀਨ ਜ਼ਿਲਾ ਲਾਹੌਰ

॥ ਡਲਾ ਚੰਦਾ ਸਿੰਘ ਚੱਕ ਨੰ: ੮੫ ਜ਼ਿਲਾ ਸ਼ੇਖੂ ਪੁਰਾ ਦੇ ਸ਼ਹੀਦ ॥

੬੦. ਭਾਈ ਬਚਿਤਰ ਸਿੰਘ ਗ੍ਰੰਥੀ ਇਹ ਦਸ ਬਾਰਾਂ ਸਾਲ ਗੁਰਦੁਆਰੇ ਰਿਹਾ ਹੈ । ਪਿੰਡ ਪੁਛਣ ਪਰ ਭੀ ਨਹੀਂ ਦਸਿਆ ਹੈ ।

॥ ਢਨੋਟਿਆਂ ਵਾਲੀ ਚੱਕ ਨੰ: ੩੯ ॥

੬੧. ਭਾਈ ਕੇਸਰ ਸਿੰਘ ਜੀ ਪਿਤਾ ਮੀਹਾਂ ਸਿੰਘ ਮਾਤਾ ਭਾਗਣ ਸਿੰਘਣੀ ਭਾਨ ਕੌਰ ਜ਼ਿਲਾ ਗੁਜਰਾਂ ਵਾਲਾ ਸੰਤਾਨ ਮਾਨ ਸਿੰਘ, ਪਿਆਰਾ ਸਿੰਘ, ਗੁਰਬਚਨ ਸਿੰਘ, ਬੀ: ਹਰਨਾਮ ਕੌਰ, ਈਸਰ ਕੌਰ, ਕਰਤਾਰ ਕੌਰ, ਪ੍ਰਸੰਨ ਕੌਰ, ਬੀਰ ਕੌਰ, ਮਾਨ ਕੌਰ ।

੬੨. ਭਾਈ ਸੋਹਣ ਸਿੰਘ ਪਿਤਾ ਕੇਸਰ ਸਿੰਘ ਮਾਤਾ ਜੀਵਨ ਕੌਰ ਪਿੰਡ ਕੋਲੋ ਕਕਾ ਸਿੰਘਣੀ ਨਿਹਾਲ ਕੌਰ ਜ਼ਿਲਾ ਗੁਜਰਾਂਵਾਲਾ ।

੬੩. ਭਾਈ ਵਰਿਆਮ ਸਿੰਘ ਪਿਤਾ ਬਲਾਕਾ ਸਿੰਘ ਮਾਤਾ ਨੰਦ ਕੌਰ ਪਿੰਡ ਮਢਿਆਲਾ ਚਠਿਆ ਸਿੰਘਣੀ ਕੇਸਰ ਕੌਰ ਜ਼ਿਲਾ ਗੁਜਰਾਂਵਾਲਾ ਸੰਤਾਨ– ਹਰਨਾਮ ਸਿੰਘ, ਹਰਬੰਸ ਸਿੰਘ, ਆਸਾ ਸਿੰਘ, ਆਸ ਕੌਰ, ਮਾਨ ਕੌਰ

੬੪. ਭਾਈ ਹੀਰਾ ਸੰਘ ਪਿਤਾ ਬੂਟਾ ਸਿੰਘ ਮਾਤਾ ਭਾਗਣ ਪਿੰਡ ਟੌਂਗਾਵਾਲੀ ਜ਼ਿਲਾ ਗੁਜਰਾਂਵਾਲਾ ।

Digitized by Panjab Digital Library | www.panjabdigilib.org

॥ ਧਨੂਆਣਾ ਚੱਕ ਨੰਬਰ ੯੧ ਜ਼ਿਲਾ ਲਾਇਲਪੁਰ ਦੇ ਸ਼ਹੀਦ ॥

੬੫. ਭਾਈ ਸੁੰਦਰ ਸਿੰਘ ਜਥੇਦਾਰ ਪਿਤਾ ਬਿਸ਼ਨ ਸਿੰਘ ਮਾਤਾ ਇੰਦਰ ਕੌਰ ਪਿੰਡ ਚੱਕ ਨੰ: ੯੧ ਸਿੰਘਣੀ ਹਰਨਾਮ ਕੌਰ ਸੰਤਾਨ— ਹਾਕਮ ਸਿੰਘ

੬੬. ਭਾਈ ਮੋਹਣ ਸਿੰਘ ਪਿਤਾ ਸ਼ੇਰ ਸਿੰਘ ਮਾਤਾ ਗਾਬੋ ਪਿੰਡ ਡੀਗਰੀਆਂ ਸਿੰਘਣੀ ਰੂੜੀ ਜ਼ਿਲਾ ਜਾਲੰਧਰ।

੬੭. ਭਾਈ ਹੁਕਮ ਸਿੰਘ ਪਿਤਾ ਘਨਣੀਆਂ ਸਿੰਘ 'ਮਾਤਾ ਹਰ ਕੌਰ ਪਿੰਡ ਡੀਗਰੀਆਂ ਅਤੇ ਸਿੰਘਣੀ ਮਾਲਾਂ ਜ਼ਿਲਾ ਜਾਲੰਧਰ ਸੰਤਾਨ— ਅਮਰ ਕੌਰ, ਇੰਦਰ ਸਿੰਘ, ਅਮਰ ਸਿੰਘ, ਕਰਤਾਰ ਸਿੰਘ, ਕਰਤਾਰੋ, ਜੋਧ ਸਿੰਘ, ਨਸੀਬ ਕੌਰ।

੬੮. ਭਾਈ ਵਰਿਆਮ ਸਿੰਘ ਪਿਤਾ ਬੂਟਾ ਸਿੰਘ ਮਾਤਾ ਮਤਾਬ ਕੌਰ ਪਿੰਡ ਹਰੀ ਪੁਰ ਅਤੇ ਸਿੰਘਣੀ ਬਚਿਤ੍ਰ ਕੌਰ ਜ਼ਿਲਾ ਜਾਲੰਧਰ ਸੰਤਾਨ— ਹਰੀ ਸਿੰਘ

੬੯. ਭਾਈ ਦੀਵਾਨ ਸਿੰਘ ਪਿਤਾ ਹੀਰਾ ਸਿੰਘ ਮਾਤਾ ਮਾਨ ਕੌਰ ਪਿੰਡ ਪੰਡੋਰੀ ਨਿਝਰਾਂ ਜ਼ਿਲਾ ਜਾਲੰਧਰ ਸੰਤਾਨ— ਜਸਵੰਤ ਸਿੰਘ

੭੦. ਭਾਈ ਇੰਦਰ ਸਿੰਘ ਪਿਤਾ ਸਰਮੁਖ ਸਿੰਘ ਮਾਤਾ ਸੁਖਦੇਈ ਪਿੰਡ ਪੰਡੋਰੀ ਨਿਝਰਾਂ ਸਿੰਘਣੀ ਬਿਅੰਤ ਕੌਰ ਜ਼ਿਲਾ ਜਾਲੰਧਰ ਸੰਤਾਨ— ਉਜਾਗਰ ਸਿੰਘ, ਰਾਏ ਕੌਰ

੭੧. ਭਾਈ ਦਸੌਂਧਾ ਸਿੰਘ ਪਿਤਾ ਹੀਰਾ ਸਿੰਘ ਮਾਤਾ ਮਾਨ ਕੌਰ ਪਿੰਡ ਹਰੀ ਪੁਰ ਸਿੰਘਣੀ ਬਸੰਤ ਕੌਰ ਜ਼ਿਲਾ ਜਾਲੰਧਰ ਸੰਤਾਨ— ਜੁਗਿੰਦਰ ਸਿੰਘ, ਚੰਨਣ ਕੌਰ

੭੨. ਭਾਈ ਹਰੀ ਸਿੰਘ ਪਿਤਾ ਸੇਵਾ ਸਿੰਘ ਮਾਤਾ ਅਤਰ ਕੌਰ ਪਿੰਡ ਪੰਡੋਰੀ ਨਿਝਰਾਂ ਜ਼ਿਲਾ ਜਾਲੰਧਰ

੭੩. ਭਾਈ ਢੇਰਾ ਸਿੰਘ ਪਿਤਾ ਜੈਮਲ ਸਿੰਘ ਮਾਤਾ ਜੀਵਨ ਕੌਰ ਪਿੰਡ ਪੰਡੋਰੀ ਨਿਝਰਾਂ ਤੇ ਜ਼ਿਲਾ ਜਾਲੰਧਰ।

੭੪. ਭਾ: ਠਾਕਰ ਸਿੰਘ ਪਿਤਾ ਇੰਦਰ ਸਿੰਘ ਮਾਤਾ ਅਤਰ ਕੌਰ ਪਿੰਡ ਮਾਣਕ ਘੁੰਮਣ ਜ਼ਿਲਾ ਜਾਲੰਧਰ।

॥ ਫਰਾਲਾ ਚੱਕ ਨੰ: ੨੫੮ ਜ਼ਿਲਾ ਲਾਇਲਪੁਰ ਦੇ ਸ਼ਹੀਦ ॥

੭੫. ਭਾ: ਬਚਿੱਤਰ ਸਿੰਘ ਪਿਤਾ ਸੁੰਦਰ ਸਿੰਘ ਮਾਤਾ ਸਾਹਿਬ ਕੌਰ ਪਿੰਡ ਫਰਾਲਾ ਸਿੰਘਣੀ ਰਤਨ ਕੌਰ ਜ਼ਿਲਾ ਜਾਲੰਧਰ।

੭੬. ਭਾ: ਕਨ੍ਹਈਆ ਸਿੰਘ ਪਿਤਾ ਸੁੰਦਰ ਸਿੰਘ ਮਾਤਾ ਅਤਰ ਕੌਰ ਪਿੰਡ ਫਰਾਲਾ ਸਿੰਘਣੀ ਸੰਤ ਕੌਰ ਜ਼ਿਲਾ ਜਾਲੰਧਰ ਸੰਤਾਨ- ਉਜਾਗਰ ਸਿੰਘ, ਮੋਹਣ ਸਿੰਘ, ਕਰਤਾਰ ਕੌਰ।

॥ ਬਿਹਾੜਾ ਜ਼ਿਲਾ ਹੋਸ਼ਿਆਰਪੁਰ ਦੇ ਸ਼ਹੀਦ ॥

੭੭. ਬੰਤਾ ਸਿੰਘ ਜੀ ਪਿਤਾ ਭੋਲਾ ਸਿੰਘ ਢਿਲੋਂ ਮਾਤਾ ਭਾਗ ਕੌਰ ਪਿੰਡ ਬਿਹਾੜਾਂ ਸਿੰਘਣੀ ਸਰਜੀਤ ਕੌਰ ਜ਼ਿਲਾਂ ਹੋਸ਼ਿਆਰਪੁਰ।

। ਕਰਤਾਰ ਪੁਰ ਜ਼ਿਲਾ ਸਿਆਲਕੋਟ ਦੇ ਸ਼ਹੀਦ।

੭੮. ਬੁਧ ਸਿੰਘ ਜੀ ਪਿਤਾ ਸੁਰਜਨ ਸਿੰਘ ਮਾਤਾ ਗੰਗਾ ਕੌਰ*

---

*ਖਾਨਦਾਨ ਤੇ ਪੁਰਾਤਨ ਇਤਿਹਾਸ ਦੇਖੋ ਸ਼ਹੀਦੀ ਜੀਵਨ ਕਰਤਾ ਗੁਰਬਖਸ਼ ਸਿੰਘ ਸ਼ਮਸ਼ੇਰ।

Digitized by Panjab Digital Library | www.panjabdigilib.org

ਸਾਹੋਵਾਲ ਚੱਕ ਨੰ: ੨੩੨ ਆਰ. ਬੀ. ਜ਼ਿਲਾ ਲਾਇਲਪੁਰ ਦੇ ਸ਼ਹੀਦ ॥

ਭੁਜਣ ਵਾਂਗਰ ਦਾਣਿਆਂ, ਕਹਿਣ ਪੰਥ ਕੀ ਜੀਤ ।
ਭੱਠਾਂ ਦੇ ਵਿਚ ਬੈਠ ਕੇ, ਗਾਉਣ ਆਜ਼ਾਦੀ ਗੀਤ ।

੭੯. ਭਾ: ਦਲੀਪ ਸਿੰਘ ਜੀ ਪਿਤਾ ਕਰਮ ਸਿੰਘ ਮਾਤਾ ਹਰ ਕੌਰ ਪਿੰਡ ਸਾਹੋਵਾਲ ਸਿੰਘਣੀ ਰਛਪਾਲ ਕੌਰ ਜ਼ਿਲਾ ਸਿਆਲਕੋਟ ਸੰਤਾਨ– ਹਰਬੰਸ ਸਿੰਘ, ਹਰਚਰਨ ਸਿੰਘ, ਹਰਬੰਸ ਕੌਰ ।

। ਟਿੱਬੀ ਜੈ ਸਿੰਘ ਜ਼ਿਲਾ ਮਿੰਟਗੁਮਰੀ ਦੇ ਸ਼ਹੀਦ ।

੮੦. ਭਾ: ਵਰਿਆਮ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਚੰਦ ਕੌਰ ਪਿੰਡ ਟਿਬੀ ਜੈ ਸਿੰਘ ਜ਼ਿਲਾ ਮਿੰਟਗੁਮਰੀ ।

॥ ਲਹੁ ਕੇ ਚੱਕ ਨੰ: ੭੫ ਜ਼ਿਲਾ ਲਾਇਲਪੁਰ ਦੇ ਸ਼ਹੀਦ ॥

੮੧. ਭਾਈ ਨਰੈਣ ਸਿੰਘ ਪਿਤਾ ਜਵਾਹਰ ਸਿੰਘ ਮਾਤਾ ਚੰਦੀ ਪਿੰਡ ਲਹੁਕੇ ਸਿੰਘਣ ਪਰੇਮ ਕੌਰ ਜ਼ਿਲਾ ਅੰਮ੍ਰਿਤਸਰ ਸੰਤਾਨ– ਸੁਦਾਗਰ ਸਿੰਘ, ਰਣ ਸਿੰਘ, ਅਤਰ ਕੌਰ ਭਾਨ ਕੌਰ ।

੮੨. ਭਾ: ਕਰਮ ਸਿੰਘ ਪਿਤਾ ਹਾਕਮ ਸਿੰਘ ਮਾਤਾ ਕਿਸੋ ਪਿੰਡ ਲਹੁ ਕੇ ਸੰਤਾਨ– ਬਲਵੰਤ ਕੌਰ, ਗੇਜਾ ਸਿੰਘ, ਬੰਤਾ ਸਿੰਘ, ਸਤਵੰਤ ਕੌਰ ।

੮੩. ਭਾ: ਮਹਿੰਗਾ ਸਿੰਘ ਜੀ ਪਿਤਾ ਝੰਡਾ ਸਿੰਘ ਮਾਤਾ ਭਾਗੋ ਪਿੰਡ ਲਹੁ ਕੇ ਜ਼ਿਲਾ ਅੰਮ੍ਰਿਤਸਰ ।

॥ ਸ਼ਹਿਰ ਲਾਇਲਪੁਹ ਦੇ ਸ਼ਹੀਦ ॥

੮੪. ਭਾ: ਜੀਉਣ ਸਿੰਘ ਪਿਤਾ ਪੋਹੂ ਮਲ ਮਾਤਾ ਜਵਾਲਾ ਦੇਵੀ ਪਿੰਡ ਲੰਡੇ ਵਾਲੀ ਸਿੰਘਣੀ ਜੈ ਕੌਰ ਜ਼ਿਲਾ ਗੁਜਰਾਂਵਾਲਾ ।

੮੫. ਭਾ: ਚਰਨ ਸਿੰਘ ਜੀ ਪਿਤਾ ਗੋਕਲ ਸਿੰਘ ਮਾਤਾ ਲਛਮਣ ਕੌਰ ਪਿੰਡ ਡਿੰਗਾ ਜ਼ਿਲਾ ਗੁਜਰਾਤ (ਮੁਤਬਨਾ ਪਿਆਰਾ ਸਿੰਘ)

ਸਬਾਜ ਪੁਰ ਜ਼ਿਲਾ ਅੰਮ੍ਰਿਤਸਰ ਦੇ ਸ਼ਹੀਦ

੮੬. ਭਾ: ਜਗਤ ਸਿੰਘ ਪਿਤਾ ਅਮਰ ਸਿੰਘ ਮਾਤਾ ਭਾਗੋ ਪਿੰਡ ਸਬਾਜ ਪੁਰ ਅੰਮ੍ਰਿਤਸਰ ।

## ੮੭. ਭਾਈ ਜੇਠਾ ਸਿੰਘ ਜੀ

ਜਨਮ: ਆਪ ਸ: ਕਾਕੂ ਸਿੰਘ ਦੇ ਘਰ ਮਾਤਾ ਅਤਰ ਕੌਰ ਦੇ ਉਦਰ ਤੋਂ ਪਿੰਡ ਗੁੜੇ ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਪੈਦਾ ਹੋਏ ।

ਬਾਲਪਣ : ਆਪ ਦੀ ਪਹਿਲੀ ਅਵੱਸਥਾ ਘਰ ਦੇ ਕੰਮ ਧੰਦਿਆਂ ਵਿਚ ਲੰਘੀ ।

ਵਿਦਿਆ : ਆਪ ਗੁਰਮੁਖੀ ਵਿਦਿਆ ਪੜ੍ਹੇ ਹੋਏ ਸਨ, ਗੁਰਬਾਣੀ ਨਾਲ ਆਪ ਦਾ ਅਤੁਟ ਪਰੇਮ ਸੀ ਅਤੇ ਆਪ ਸਿਖੀ ਸਿਦਕ ਵਾਲੇ ਜਿਉੜੇ ਸਨ ।

ਉਪਕਾਰ : ਜਦ ਆਪ ਨੇ ਗੁਰਦਵਾਰਿਆਂ ਵਿਚ ਅਤਿਆਚਾਰ ਹੁੰਦੇ ਸੁਣੇ ਤਾਂ ਆਪ ਦਾ ਦਰਦੀ ਦਿਲ ਇਹ ਉਪਦ੍ਰਵ ਗੁਰਦੁਆਰਿਆਂ ਵਿਚ ਹੁੰਦੇ ਸਹਾਰ ਨਾ ਸਕਿਆ । ਜੋ ਕੁਰੀਤੀਆਂ ਸ੍ਰੀ ਨਨਕਾਣਾ

Digitized by Panjab Digital Library | www.panjabdigilib.org

ਸਾਹਿਬ ਵਿਚ ਮਹੰਤ ਵਲੋਂ ਹੋ ਰਹੀਆਂ ਸਨ ਸੁਣਕੇ ਆਪ ਦੇ ਦਿਲ ਤੇ ਬਹੁਤ ਸਟ ਵੱਜੀ ਅਤੇ ਸ਼ਹੀਦੀ ਜਥੇ ਵਿਚ ਜੋ ਸ੍ਰੀ ਨਨਕਾਣਾ ਸਾਹਿਬ ਨੂੰ ਜਾ ਰਿਹਾ ਸੀ ਜਾ ਸ਼ਾਮਲ ਹੋਏ।

ਸ਼ਹੀਦੀ : ਆਪ ਜਥੇਦਾਰ ਦੇ ਹੁਕਮ ਦੇ ਅੰਦਰ ਰਹਿੰਦੇ ਹੋਏ ਸ਼ਾਂਤੀ ਨਾਲ ਛਵੀਆਂ ਦੇ ਨਾਲ ੨੦ ਫਰਵਰੀ ੧੯੨੧ ਨੂੰ ਸ਼ਹੀਦ ਹੋਏ। ਅੰਤ ਗੁਰਦਵਾਰੇ ਦੀ ਸ਼ਾਨ ਨੂੰ ਕਾਇਮ ਰੱਖਣ ਲਈ ਜਾਨ ਵਾਰ ਦਿਤੀ ਤੇ ਸਦਾ ਲਈ ਅਮਰ ਹੋ ਗਏ।

## ਕਾਲੇ ਦਸਤਾਰੇ ਸਜਾਉਣੇ

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦਾ ਸਿੱਖ ਕੌਮ ਪਰ ਬਹੁਤ ਅਸਰ ਹੋਇਆ। ਹਿੰਦੂ ਮੁਸਲਮਾਨਾ ਨੇ ਭੀ ਕਾਫੀ ਹਮਦਰਦੀ ਪ੍ਰਗਟ ਕੀਤੀ। ਮਹਾਤਮਾ ਗਾਂਧੀ ਜੀ ਨੇ ਇਸ ਘਟਨਾ ਬਾਰੇ ਬੜੇ ਦਰਦ ਭਰੇ ਸ਼ਬਦਾਂ ਵਿਚ ਸਿੱਖ ਕੌਮ ਨਾਲ ਹਮਦਰਦੀ ਪ੍ਰਗਟ ਕੀਤੀ। ਸ਼੍ਰੋਮਣੀ ਕਮੇਟੀ ਨੇ ੫ ਅਪਰੈਲ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਸ਼ਹੀਦੀ ਡੇ ਮਨਾਉਣ ਦਾ ਐਲਾਨ ਕੀਤਾ ਜੋ ਸਾਰੇ ਪੰਥ ਨੇ ਬੜੇ ਜੋਸ਼ ਨਾਲ ਮਨਾਇਆ। ਸਿੰਘਾਂ ਨੇ ਇਸ ਸ਼ੋਕ ਵਿਚ ਕਾਲੇ ਦਸਤਾਰੇ ਸਜਾਏ ਜੋ ਪਿਛੋਂ ਬਾਗੀ ਹੋਣ ਦੀ ਨਿਸ਼ਾਨੀ ਸਮਝੇ ਗਏ, ਕਿਉਂਕਿ ਪਿਛੋਂ ਗਰਮ ਖਿਆਲੀਏ ਸਿੱਖਾਂ ਨੇ ਇਸ ਦੇ ਇਹ ਅਰਥ ਕਢ ਲਏ ਕਿ ਜਦੋਂ ਤੱਕ ਅਸੀਂ ਅੰਗਰੇਜ਼ਾਂ ਦੇ ਗੁਲਾਮ ਹਾਂ ਸ਼ੋਕ ਵਜੋਂ ਕਾਲੇ ਦਸਤਾਰੇ ਸਜਾਵਾਂਗੇ। ਬਹੁਤ ਸਾਰੇ ਸਰਕਾਰੀ ਮੁਲਾਜ਼ਮਾਂ ਤੇ ਫੌਜੀਆਂ ਨੂੰ ਕੇਵਲ ਕਾਲੇ ਦਸਤਾਰੇ ਸਜਾਉਣ ਦੇ ਅਪਰਾਧ ਵਿਚ ਨੌਕਰੀਆਂ ਤੋਂ ਅੱਡ ਕਰ ਦਿਤਾ ਗਿਆ।

ਮਹੰਤ ਨਰਾਇਣ ਦਾਸ ਤੇ ਉਸ ਦੇ ਸਾਥੀਆਂ ਵਿਰੁਧ ਮੁਕੱਦਮਾ ਚਲਾਇਆ ਗਿਆ। ਮਹੰਤ ਤੇ ਉਸ ਦੇ ੭ ਸਾਥੀਆਂ ਨੂੰ ਸੈਸ਼ਨ ਜੱਜ ਨੇ ਫਾਂਸੀ ਦੀ ਸਜ਼ਾ ਸੁਣਾਈ। ਪਿਛੋਂ ਅਪੀਲ ਵਿਚ ਮਹੰਤ ਦੀ ਫਾਸੀ ਦੀ ਸਜ਼ਾ ਮਾਫ ਕਰ ਦਿਤੀ ਗਈ ਤੇ ਹਰੀ ਨਾਥ, ਰਾਂਝਾ, ਤੇ ਰੀਹਾਣਾ ਆਦਿਕ ਦੀ ਸਜ਼ਾ ਬਹਾਲ ਰਹੀ। ਸ਼੍ਰੋ: ਕਮੇਟੀ ਨੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਫੰਡ ਜਾਰੀ ਕੀਤਾ ਜਿਸ ਵਿਚ ੨੪੯੪੬ ਰੁਪਏ ੧੨ ਆਨੇ ਜਮ੍ਹਾਂ ਹੋਇਆ। ੧੩ ਹਜ਼ਾਰ ਰੁਪਿਆ ਸ਼ਹੀਦਾਂ ਦੇ ਕਰਜ਼ੇ ਲਾਹੁਣ ਲਈ ਵੰਡਿਆ ਗਿਆ ਅਤੇ ਸੱਤ ਸੌ ਰੁਪਿਆ ਮਾਹਵਾਰ ਸ਼ਹੀਦਾਂ ਦੇ ਪ੍ਰਵਾਰਾਂ ਦੀਆਂ ਪੇਨਸ਼ਨਾਂ ਨੀਯਤ ਹੋਈਆਂ। ਪੰਥਕ ਪ੍ਰਬੰਧ ਵਿਚ ਆ ਕੇ ਸ੍ਰੀ ਨਨਕਾਣਾ ਸਾਹਿਬ ਗੁਰਦੁਆਰੇ ਦੀ ਬਹੁਤ ਉਨਤੀ ਹੋਈ। ਸਕੂਲਾਂ ਨੂੰ ਸਹਾਇਤਾ ਮਿਲਦੀ ਰਹੀ ਤੇ ਕਈ ਧਰਮ ਅਰਥ ਕਾਰਜ ਹੋਏ।

## ਚਾਬੀਆਂ ਦਾ ਮੋਰਚਾ

ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਸ਼੍ਰੋ: ਕਮੇਟੀ ਦੇ ਹੱਥ ਵਿਚ ਸੀ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਸ਼ਰੋਮਣੀ ਕਮੇਟੀ ਵਲੋਂ ਸਰਬਰਾਹ ਨੀਯਤ ਹੋਏ ਸਨ। ਇਕ ਸਾਲ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਉਨ੍ਹਾਂ ਦੇ ਪਾਸ ਰਹੀਆਂ ਅਤੇ ਪ੍ਰਬੰਧ ਬੜੀ ਚੰਗੀ ਤਰ੍ਹਾਂ ਹੁੰਦਾ ਰਿਹਾ। ੭ ਨਵੰਬਰ ੧੯੨੧ ਨੂੰ ਡਿਪਟੀ ਕਮਿਸ਼ਨਰ ਨੇ ਮਿ: ਅਮਰ ਨਾਥ-ਈ.ਏ.ਸੀ ਨੂੰ ਭੇਜ ਕੇ ਚਾਬੀਆਂ ਲੈ ਲਈਆਂ। ਇਸ ਵਿਰੁਧ ਸਿੱਖਾਂ ਵਿਚ ਸਖਤ ਰੋਸ ਫੈਲ ਗਿਆ। ਡਿਪਟੀ ਕਮਿਸ਼ਨਰ ਸਾਹਿਬ ਨੇ ਇਕ ਐਲਾਨ ਕੀਤਾ, ਜਿਸ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤਿਨਿਧ ਜਮਾਤ ਨਹੀਂ। ਜਦੋਂ ਸਿੱਖ ਪ੍ਰਤਿਨਿਧ ਕਮੇਟੀ ਬਣਾ ਲੈਣਗੇ, 'ਚਾਬੀਆਂ ਉਸ ਦੇ ਹਵਾਲੇ ਕਰ ਦਿੱਤੀਆਂ ਜਾਣਗੀਆਂ। ਸਿੱਖਾਂ ਦੀ ਪੋਜ਼ੀਸ਼ਨ ਇਹ ਸੀ ਕਿ ਸ਼੍ਰੋ: ਕਮੇਟੀ ਨੂੰ ਉਹ ਪ੍ਰਤਿਨਿਧ ਮੰਨਦੇ ਸਨ। ਸਿੱਖਾਂ ਨੇ ਸਰਕਾਰ ਦੇ ਇਸ ਅਯੋਗ ਕਦਮ ਵਿਰੁਧ ਐਜੀਟੇਸ਼ਨ ਸ਼ੁਰੂ ਕਰ ਦਿੱਤੀ।

Digitized by Panjab Digital Library | www.panjabdigilib.org

ਅਜਨਾਲੇ ਵਿਚ ਸਿੱਖ ਲੀਡਰਾਂ ਨੇ ਇਕ ਦੀਵਾਨ ਰੱਖਿਆ। ਸਰਕਾਰ ਨੇ ਇਸ ਨੂੰ ਪੁਲੀਟੀਕਲ ਜਲਸਾ ਦਸ ਕੇ ਪਾਬੰਦੀਆਂ ਲਗਾ ਦਿੱਤੀਆਂ ਅਤੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਜਲਸੇ ਵਿਚ ਤਕਰੀਰਾਂ ਕਰਨ ਦੇ ਦੋਸ਼ ਵਿਚ ਹੇਠ ਲਿਖੇ ਲੀਡਰ ਗ੍ਰਿਫਤਾਰ ਕੀਤੇ ਗਏ। ਸ: ਖੜਕ ਸਿੰਘ ਜੀ ਪ੍ਰਧਾਨ ਸ਼੍ਰੋ: ਕਮੇਟੀ, ਬਾਬਾ ਮਹਿਤਾਬ ਸਿੰਘ ਜੀ, ਸ: ਭਾਗ ਸਿੰਘ ਜੀ ਵਕੀਲ-ਗੁਰਦਾਸਪੁਰ, ਸ: ਹਰੀ ਸਿੰਘ ਜੀ ਜਾਲੰਧਰੀ, ਸ: ਗੁਰਚਰਨ ਸਿੰਘ ਜੀ ਅਤੇ ਸ: ਸੁੰਦਰ ਸਿੰਘ ਜੀ,-ਲਾਇਲਪੁਰੀ। ਇਸ ਤੋਂ ਇਲਾਵਾ ਬਾਹਰ ਭੀ ਸਰਕਾਰ ਨੇ ਸਿੱਖ ਮੁਖੀਆਂ ਦੀਆਂ ਗ੍ਰਿਫਤਾਰੀਆਂ ਆਰੰਭ ਕਰ ਦਿੱਤੀਆਂ। ਸ: ਦਾਨ ਸਿੰਘ ਵਛੋਆ, ਸ: ਜਸਵੰਤ ਸਿੰਘ ਝਬਾਲ, ਸ: ਦੀਨਾਂ ਨਾਥ ਐਡੀਟਰ-ਅਖਬਾਰ "ਦਰਦ" ਸ: ਤੇਜਾ ਸਿੰਘ ਜੀ ਸਮੁੰਦਰੀ, ਤੇ ਸ: ਹਰਨਾਮ ਸਿੰਘ ਜੀ, ਜ਼ੈਲਦਾਰ ਭੀ ਗ੍ਰਿਫਤਾਰ ਕਰ ਲਏ ਗਏ। ਸਰਕਾਰ ਨੇ ਇਕ ਜਲਸੇ ਰੋਕੂ ਕਾਨੂੰਨ ਜਾਰੀ ਕੀਤਾ ਸੀ, ਇਸ ਲਈ ਇਸ ਦੀਵਾਨ ਨੂੰ ਕਾਂਗਰਸ ਦਾ ਜਲਸਾ ਦਸ ਕੇ ਸਿੱਖ ਲੀਡਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਸਮੇਂ ਸੁਪ੍ਰੰਟੈਂਡੰਟ ਪੁਲਸ ਨੇ ਡੀ.ਸੀ. ਦਾ ਇਹ ਹੁਕਮ ਪੜ੍ਹ ਕੇ ਸੁਣਾਇਆ ਕਿ ਇਹ ਜਲਸਾ ਕਾਨੂੰਨ ਵਿਰੁਧ ਹੈ ਤਾਂ ਭਾਈ ਜੋਧ ਸਿੰਘ ਐਮ.ਏ. ਨੇ ਕਿਹਾ, ਇਹ ਦੀਵਾਨ ਧਾਰਮਿਕ ਹੈ। ਲੀਡਰਾਂ ਦੇ ਗ੍ਰਿਫਤਾਰ ਹੋਣ ਪਿਛੋਂ ਭੀ ਸਿੰਘਾਂ ਨੇ ਕਈ ਘੰਟੇ ਦੀਵਾਨ ਜਾਰੀ ਰਖਿਆ, ਜੋ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਸਮਾਪਤ ਕੀਤਾ ਗਿਆ। ਇਸ ਘਟਨਾ ਪਰ ਵਿਚਾਰ ਕਰਨ ਲਈ ਸ਼੍ਰੋ: ਕਮੇਟੀ ਦੀ ਇਕੱਤ੍ਰਤਾ ਹੋਈ, ਜਿਸ ਨੇ ਇਕ ਮਤਾ ਪਾਸ ਕਰਕੇ ਸਰਕਾਰ ਦੇ ਰਵੱਈਏ ਦੀ ਨਿਖੇਧੀ ਕੀਤੀ। ਕਮੇਟੀ ਦੇ ਉਹਦੇ ਦਾਰਾਂ ਦੇ ਗ੍ਰਿਫਤਾਰ ਹੋਣ ਕਰਕੇ ਸ: ਅਮਰ ਸਿੰਘ ਜੀ ਪ੍ਰਧਾਨ ਤੇ ਕਪਤਾਨ ਰਾਮ ਸਿੰਘ ਜੀ ਮੀਤ ਪ੍ਰਧਾਨ ਸ: ਤਾਰਾ ਸਿੰਘ ਜੀ ਸਕੱਤ੍ਰ ਚੁਣੇ ਗਏ।

੪ ਦਸੰਬਰ ਨੂੰ ਕਮੇਟੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਬੰਧੀ ਸਜੇ ਦੀਵਾਨ ਵਿਚ ਕਮੇਟੀ ਦਾ ਐਲਾਨ ਪੜ੍ਹ ਕੇ ਸੁਣਾਉਣ ਦੀ ਅਪੀਲ ਕੀਤੀ, ਅਤੇ ਹਰ ਇਕ ਸਿੰਘ ਨੂੰ ਜਪੁ ਜੀ ਸਾਹਿਬ ਦੇ ਪੰਜ ਪਾਠ ਕਰਕੇ ਕਮੇਟੀ ਦੀ ਸਫਲਤਾ ਲਈ ਅਰਦਾਸਾ ਸੋਧਨ ਦੀ ਪ੍ਰੇਰਨਾ ਕੀਤੀ। ਚਾਬੀਆਂ ਦਾ ਸਵਾਲ ਜ਼ੋਰ ਫੜ ਗਿਆ। ਇਸ ਲਹਿਰ ਨੂੰ ਹੋਰ ਤੇਜ਼ ਹੋਣ ਤੋਂ ਰੋਕਣ ਲਈ ਸਰਕਾਰ ਨੇ ਲੀਡਰਾਂ ਦੀ ਪਕੜ ਧਕੜ ਸ਼ੁਰੂ ਕਰ ਦਿੱਤੀ। ਜਿਸ ਦਾ ਉਲਟਾ ਅਸਰ ਹੋਇਆ। ਸ: ਅਮਰ ਸਿੰਘ ਝਬਾਲ, ਸ: ਗੁਰਮੁਖ ਸਿੰਘ, ਸ: ਤਾਰਾ ਸਿੰਘ, ਡਾ: ਗੁਰਬਖਸ਼ ਸਿੰਘ ਤੇ ਸ: ਕਰਤਾ ਸਿੰਘ ਜੀ ਨੂੰ ਭੀ ਗ੍ਰਿਫਤਾਰ ਕਰ ਲਿਆ। ਕਪਤਾਨ ਰਾਮ ਸਿੰਘ ਤੇ ਰਸਾਲਦਾਰ ਸੁੰਦਰ ਸਿੰਘ ਜੀ ਨੇ ਭੀ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ ਨੇ ੬ ਦਸੰਬਰ ਨੂੰ ਪ੍ਰਿੰਸ ਆਫ ਵੇਲਜ਼ ਦੇ ਸਵਾਗਤ ਦਾ ਬਾਈਕਾਟ ਕਰਨ ਦਾ ਮਤਾ ਪਾਸ ਕੀਤਾ ਜਿਸ ਤੋਂ ਸਰਕਾਰ ਅੰਗਰੇਜੀ ਨੂੰ ਹੋਰ ਭੀ ਚਿਹ ਚੜ੍ਹ ਗਈ।

ਇਸ ਤੋਂ ਪਿਛੋਂ ਇਹ ਚਰਚਾ ਚਲ ਪਈ ਕਿ ਸਰਕਾਰ ਸਿਖ ਲੀਡਰਾਂ ਨੂੰ ਗ੍ਰਿਫਤਾਰ ਕਰਨ ਵਿਚ ਹੱਕਬਜਾਨਬ ਹੈ ਜਾਂ ਨਹੀਂ; ਸਿਖ ਲੀਡਰਾਂ ਨੇ ਆਪਣੇ ਬਿਆਨਾਂ ਵਿਚ ਸਰਕਾਰੀ ਐਲਾਨ ਦੀਆਂ ਖ਼ੂਬ ਧੱਜੀਆਂ ਉਡਾਈਆਂ ਅਤੇ ਦਸਿਆ ਕਿ ਸਰਕਾਰ ਨੇ ਸਿਖਾਂ ਦੇ ਧਾਰਮਿਕ ਦੀਵਾਨ ਨੂੰ ਰਾਜਸੀ ਕਹਿਕੇ ਗ੍ਰਿਫਤਾਰੀਆਂ ਕੀਤੀਆਂ ਹਨ, ਇਹ ਧੱਕਾ ਹੈ। ਸਰਕਾਰ ਨੇ ਸਿਖ ਲੀਡਰਾਂ ਪਰ ਮੁਕੱਦਮਾ ਚਲਾਇਆ, ਜਿਸ ਦਾ ਫੈਸਲਾ ਸੁਣਾਂਦੇ ਹੋਏ ਸਿਖ ਆਗੂਆਂ ਨੂੰ ਕੈਦ ਤੇ ਜੁਰਮਾਨੇ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ।

ਸਰਕਾਰ ਚਾਬੀਆਂ ਦੇਣ ਲਈ ਤਿਆਰ ਹੋ ਗਈ ਪਰ ਸਿਖਾਂ ਨੇ ਮੰਗ ਕੀਤੀ ਕਿ ਪਹਿਲੇ ਗ੍ਰਿਫਤਾਰ ਹੋਏ ਸਿਖ ਲੀਡਰਾਂ ਨੂੰ ਰਿਹਾ ਕਰੋ, ਫਿਰ ਚਾਬੀਆਂ ਲਵਾਂਗੇ। ਕੁਝ ਚਿਰ ਸਰਕਾਰ ਨੇ ਟਾਲ ਮਟੋਲ ਕੀਤੀ ਪਰੰਤੂ ਉਸ ਨੂੰ ਸਿਖਾਂ ਦੇ ਸਾਹਮਣੇ ਝੁਕਣਾ ਪਿਆ। ਸਿਖ ਲੀਡਰ ਰਿਹਾ ਹੋ ਕੇ ਅੰਮ੍ਰਿਤਸਰ

Digitized by Panjab Digital Library | www.panjabdigilib.org

ਪੁਜੇ, ਇਥੇ ਇਹਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਸਜਿਆ, ਜਿਸ ਵਿਚ ਸਰਕਾਰੀ ਅਫਸਰਾਂ ਨੇ ਚਾਬੀਆਂ ਸ: ਖੜਕ ਸਿੰਘ ਜੀ ਦੇ ਸਪੁਰਦ ਕਰ ਦਿਤੀਆਂ। ਸਿਖ ਇਸ ਨੂੰ ਆਪਣੀ ਸ਼ਾਨਦਾਰ ਜਿੱਤ ਸਮਝਦੇ ਸਨ, ਇਸ ਕਰਕੇ ਜੈਕਾਰਿਆਂ ਨਾਲ ਅਕਾਸ਼ ਗੂੰਜ ਉਠਿਆ ਤੇ ਸਿਖ ਪੰਥ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਜਿਤ ਪਰ ਕੌਮੀ ਲੀਡਰਾਂ ਨੇ ਵਧਾਈਆਂ ਭੇਜੀਆਂ ਅਤੇ ਭਾਰਤ ਦੀਆ ਸਭ ਅਗੇ ਵਧੂ ਅਖਬਾਰਾਂ ਨੇ ਲਿਖਿਆ ਕਿ ਸਿਖਾਂ ਦੇ ਇਤਫਾਕ ਤੇ ਕੁਰਬਾਨੀ ਦੇ ਜਜ਼ਬੇ ਅਗੇ ਅੰਗਰੇਜ਼ੀ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਹੋਣਾ ਪਿਆ ਹੈ।

## ਹੋਰ ਗੁਰਦੁਆਰਿਆਂ ਪਰ ਕਬਜ਼ਾ

ਚਾਬੀਆਂ ਦਾ ਮੋਰਚਾ ਫਤਹਿ ਹੋਣ ਪਰ ਸਿਖਾਂ ਦੇ ਹੌਸਲੇ ਵਧ ਗਏ। ਉਨ੍ਹਾਂ ਨੇ ਥਾਂ ਥਾਂ ਗੁਰਦੁਆਰਿਆਂ ਪਰ ਕਬਜ਼ੇ ਕਰਨੇ ਸ਼ੁਰੂ ਕਰ ਦਿਤੇ। ਮਹੰਤ ਭੀ ਡਰਦੇ ਮੁਕਾਬਲਾ ਨਹੀਂ ਕਰਦੇ ਸਨ। ਕਈ ਥਾਈਂ ਸਿੰਘਾਂ ਨੇ ਸ਼ਰੋਮਣੀ ਗੁ: ਕਮੇਟੀ ਨੂੰ ਖਬਰ ਦਿਤੇ ਤੋਂ ਬਿਨਾ ਹੀ ਕਬਜ਼ਾ ਕਰ ਲਿਆ। ਜਥੇਦਾਰ ਤੇਜਾ ਸਿੰਘ ਭੁਚਰ ਨੇ ਸ੍ਰੀ ਪੰਜਾ ਸਾਹਿਬ ਤੋਂ ਜਥਾ ਲੈ ਜਾ ਕੇ ਗੁਰਦਵਾਰਾ ਭਾਈ ਜੋਗਾ ਸਿੰਘ ਪਸ਼ਾਵਰ ਪਰ ਕਬਜ਼ਾ ਕਰ ਲਿਆ, ਲਾਹੌਰ ਦੇ ਕੁਝ ਸਿੰਘਾਂ ਨੇ ਗੁ: ਮਾਣਕ ਪਰ ਕਬਜ਼ਾ ਕਰਨਾ ਚਾਹਿਆ, ਮਹੰਤ ਨੇ ਪੁਲਸ ਪਾਸ ਰਿਪੋਰਟ ਕੀਤੀ। ਪੁਲਸ ਨੇ ਅਠਾਰਾਂ ਸਿੰਘ ਗ੍ਰਿਫਤਾਰ ਕਰ ਲਏ। ਉਹਨਾਂ ਵਿਰੁਧ ਮੁਕੱਦਮਾ ਚਲਾਇਆ ਗਿਆ। ੨੧ ਸਤੰਬਰ ੧੯੨੧ ਨੂੰ ਮੁਕੱਦਮੇਂ ਦਾ ਫੈਸਲਾ ਸੁਣਾਇਆ ਗਿਆ, ਜਿਸ ਵਿਚ ਸ: ਲਾਹੌਰਾ ਸਿੰਘ, ਸ: ਤਾਰਾ ਸਿੰਘ ਠੇਠਰ, ਭਾਈ ਭਗਵਾਨ ਸਿੰਘ ਦੇਊ, ਭਾਈ ਹਜ਼ਾਰਾ ਸਿੰਘ ਜੋਧੂ, ਭਾਈ ਕੁੰਦਨ ਸਿੰਘ ਤੇ ਭਾਈ ਸਰਵਣ ਸਿੰਘ ਆਦਿਕ ਸਿੰਘਾਂ ਨੂੰ ਦੋ ਮੁਕਦਮਿਆਂ ਵਿਚ ਚਾਰ ਚਾਰ ਸਾਲ ਕੈਦ ਦੀ ਸਜ਼ਾ ਦਿਤੀ। ਪਹਿਲੇ ਤਿੰਨਾਂ ਸਿੰਘਾਂ ਨੇ ਪੂਰੀ ਸਜ਼ਾ ਕੱਟੀ। ਪਿਛਲੇ ਤਿੰਨਾਂ ਦੀ ਅਪੀਲ ਕਰਨ ਪੁਰ ਸਜ਼ਾ ਟੁਟ ਗਈ। ਗੁਰਦਾਸਪੁਰ ਦੇ ਸਿੰਘਾਂ ਨੇ ਗੁ: ਤੇਜਾ ਕਲਾ ਪਰ ਕਬਜ਼ਾ ਕਰ ਲਿਆ। ਡਿਪਟੀ ਕਮਿਸ਼ਨਰ ਮਹੰਤ ਨੂੰ ਕਬਜ਼ਾ ਦਿਵਾਣਾ ਚਾਹੁੰਦਾ ਸੀ ਪਰ ਉਹ ਸਫਲ ਨਾ ਹੋ ਸਕਿਆ।

ਇਸੇ ਪ੍ਰਕਾਰ ਗੁ: ਖਡੂਰ ਸਾਹਿਬ, ਗੁ: ਗੋਇੰਦਵਾਲ ਨੌਰੰਗਾਬਾਦ, ਖਰਾ ਸੌਦਾ ਤੇ ਪ੍ਰੇਮ ਸਤੀ ਕਮਾਲੀਆ ਆਦਿਕ ਪਰ ਭੀ ਸਿੰਘਾਂ ਨੇ ਕਬਜ਼ੇ ਕਰ ਲਏ। ਗੁਰਦਵਾਰਾ ਕੇਰ ਬਾਬਾ ਜ਼ਿਲਾ ਗੁਜਰਾਤ ਪਰ ਭੀ ਸਿੰਘਾਂ ਦਾ ਕਬਜ਼ਾ ਹੋ ਗਿਆ। ਜਨਵਰੀ ੧੯੨੨ ਵਿਚ ਜ਼ਿਲਾ ਹੋਸ਼ਿਆਰਪੁਰ ਤੇ ਜਲੰਧਰ ਦੇ ਸਿੰਘਾਂ ਨੇ ਜਰਨੈਲ ਮੂਲਾ ਸਿੰਘ ਜੀ ਦੀ ਅਗਵਾਈ ਹੇਠ ਗੁਰਦਵਾਰਾ ਸ੍ਰੀ ਕੀਰਤਪੁਰ, ਤਖਤ ਕੇਸ ਗੜ੍ਹ ਸਾਹਿਬ ਆਦਿ ਪਰ ਕਬਜ਼ਾ ਕਰ ਲਿਆ। ਇਹ ਕਬਜ਼ਾ ਭੀ ਸ਼ਰੋਮਣੀ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾ ਹੀ ਕੀਤਾ ਗਿਆ ਸੀ। ਇਸ ਲਈ ਕਮੇਟੀ ਨੇ ਇਸ ਨੂੰ ਪ੍ਰਵਾਨ ਨਾ ਕੀਤਾ। ਸੋਢੀਆਂ ਨੇ ਇਕ ਕਮੇਟੀ ਬਣਾ ਕੇ ਰਜਿਸਟਰ ਕਰਾਈ ਹੋਈ ਸੀ। ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸ੍ਰੀ ਅਨੰਦਪੁਰ ਪੁਜ ਕੇ ਕਬਜ਼ਾ ਉਸ ਕਮੇਟੀ ਨੂੰ ਦਿਵਾ ਦਿਤਾ। ਇਸ ਕਮੇਟੀ ਨੇ ਪਿਛੋਂ ਫੈਸਲਾ ਕਰਕੇ ਪ੍ਰਬੰਧ ਸ਼ਰੋਮਣੀ ਕਮੇਟੀ ਦੇ ਹਵਾਲੇ ਕਰ ਦਿਤਾ। ਇਸ ਪ੍ਰਕਾਰ ਅਨੰਦ ਪੁਰ ਸਾਹਿਬ ਦੇ ਗੁਰਦਵਾਰਿਆਂ ਦਾ ਪ੍ਰਬੰਧ ਪੁਰਅਮਨ ਢੰਗ ਨਾਲ ਹੀ ਪੰਥਕ ਪ੍ਰਬੰਧ ਵਿਚ ਆ ਗਿਆ। ਹੋਰ ਕਈ ਗੁਰਦਵਾਰਿਆਂ ਦੇ ਮਹੰਤਾਂ ਨੇ ਭੀ ਪ੍ਰਬੰਧ ਆਪਣੀ ਮਰਜ਼ੀ ਨਾਲ ਪੰਥ ਨੂੰ ਸੌਂਪ ਦਿਤਾ।

ਇਸ ਤੋਂ ਪਿਛੋਂ ਸ਼ਰੋਮਣੀ ਕਮੇਟੀ, ਸ੍ਰੀ ਅਕਾਲ ਤਖਤ ਦੇ ਜਥੇਦਾਰ ਸ: ਤੇਜਾ ਸਿੰਘ ਭੁਚਰ ਤੇ ਸ਼ਰੋਮਣੀ ਅਕਾਲੀ ਦਲ ਦੇ ਜਥੇਦਾਰ ਸੂਬੇਦਾਰ ਬਲਵੰਤ ਸਿੰਘ ਜੀ ਵਿਚਕਾਰ ਕੁਝ ਮਤ ਭੇਦ ਪੈਦਾ

Digitized by Panjab Digital Library | www.panjabdigilib.org

ਹੋ ਗਏ। ਦੋਵੇਂ ਜਥੇਦਾਰ ਸ਼ਰੋਮਣੀ ਕਮੇਟੀ ਨੂੰ ਅਥਾਰਟੀ ਮੰਨਣ ਤੋਂ ਇਨਕਾਰੀ ਸਨ। ਜਥੇਦਾਰ ਤੇਜਾ ਸਿੰਘ ਭੁਚਰ ਜੀ ਦਾ ਖਿਆਲ ਸੀ ਕਿ ਸ੍ਰੀ ਤਕਾਲ ਤਖਤ ਦੇ ਜਥੇਦਾਰ ਦੀ ਪਦਵੀ ਪੰਥ ਵਿਚ ਸਭ ਤੋਂ ਉਚੀ ਹੈ। ਉਸ ਪਰ ਕਿਸੇ ਕਮੇਟੀ ਦਾ ਕੁੰਡਾ ਨਹੀਂ ਹੋਣਾ ਚਾਹੀਦਾ। ਸੂਬੇਦਾਰ ਬਲਵੰਤ ਸਿੰਘ ਜੀ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਦਾ ਵਿਚਾਰ ਸੀ ਕਿ ਅਕਾਲੀ ਦਲ ਸੁਤੰਤਰ ਜਥੇਬੰਦੀ ਹੈ। ਇਹ ਸ਼ਰੋਮਣੀ ਕਮੇਟੀ ਦੇ ਅਧੀਨ ਕਿਉਂ ਹੋਵੇ ?

ਸ਼ਰੋਨਣੀ ਕਮੇਟੀ ਦੇ ਮੁਖੀ ਲੀਡਰ ਇਹ ਕਹਿੰਦੇ ਸਨ ਕਿ ਸ਼ਰੋਮਣੀ ਅਕਾਲੀ ਦਲ ਕਮੇਟੀ ਨੇ ਵਾਲੰਟੀਅਰ ਦੇਣ ਲਈ ਇਕ ਸਹਾਇਕ ਜਥੇਬੰਦੀ ਬਣਾਈ ਹੈ। ਇਸ ਲਈ ਇਸ ਨੂੰ ਕਮੇਟੀ ਦੇ ਹੁਕਮ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਮੇਟੀ ਦਾ ਇਹ ਭੀ ਖਿਆਲ ਸੀ ਕਿ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਮੇਟੀ ਦੀ ਮਰਜ਼ੀ ਅਨੁਸਾਰ ਕੰਮ ਕਰੇ। ਥੋੜਾ ਚਿਰ ਮਤ ਭੇਦ ਰਿਹਾ ਅੰਤ ਸ਼ੋਮਣੀ ਅਕਾਲੀ ਦਲ ਦੇ ਜਥੇਦਾਰ ਨੇ ਲੋਕ ਰਾਇ ਤੋਂ ਪ੍ਰਭਾਵਤ ਹੋ ਕੇ ਇਹ ਮੰਨ ਲਿਆ ਕਿ ਦਲ ਕਮੇਟੀ ਦੇ ਹੁਕਮ ਅਨੁਸਾਰ ਕੰਮ ਕਰੇਗਾ ਤੇ ਜਦੋਂ ਲੋੜ ਪਵੇਗੀ ਵਾਲੰਟੀਅਰ ਦੇਵੇਗਾ। ਸ਼ਰੋਮਣੀ ਕਮੇਟੀ ਨੇ ਪੰਜ ਹਜ਼ਾਰ ਸੇਵਾਦਾਰ ਭਰਤੀ ਕਰਕੇ ਗੁ: ਸੇਵਕ ਦਲ ਬਣਾਉਣ ਦਾ ਫੈਸਲਾ ਕੀਤਾ ਸੀ। ਪ੍ਰੰਤੂ ਜਦ ਦੋਹਾਂ ਜਥੇਬੰਦੀਆਂ ਵਿਚ ਸਮਝੌਤਾ ਹੋ ਗਿਆ ਤਾਂ ਉਕਤ ਵਿਚਾਰ ਛੱਡ ਦਿਦਾ ਗਿਆ। ਇਸ ਤਰ੍ਹਾਂ ਇਨ੍ਹਾਂ ਦੋਹਾਂ ਪੰਥਕ ਜਥੇਬੰਦੀਆਂ ਵਿਚ ਟੱਕਰ ਹੋਣ ਦਾ ਜੋ ਖਤਰਾ ਪੈਦਾ ਹੋ ਗਿਆ ਸੀ, ਉਹ ਖਤਮ ਹੋ ਗਿਆ।

# ਗੁਰੂ ਕੇ ਬਾਗ ਦਾ ਮੋਰਚਾ

ਸ੍ਰੀ ਅੰਮ੍ਰਿਤਸਰ ਤੋਂ ੧੩ ਮੀਲ ਦੂਰ ਤਹਿਸੀਲ ਅਜਨਾਲਾ ਵਿਚ ਗੁਰਦੁਆਰਾ ਗੁਰੂ ਕਾ ਬਾਗ ਹੈ। ਇਹ ਪਵਿਤਰ ਗੁਰ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਯਾਦਗਾਰ ਹੈ। ਇਥੇ ਮਹਾਰਾਜ ਨੇ ਮੰਡੀ ਦੇ ਰਾਜੇ ਨੂੰ ਉਪਦੇਸ਼ ਕੀਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਭੀ ਇਥੇ ਪਧਾਰੇ ਸਨ। ਪਿੰਡ ਘੁਕੇ ਵਾਲੀ ਦੇ ਮੋਢੀ ਬਜ਼ੁਰਗ ਬਾਬਾ ਘੁਕੇ ਨੇ ਇਸ ਗੁਰ ਅਸਥਾਨ ਦੀ ਸੇਵਾ ਕਰਾਈ ਤੇ ਗੁਰਦੁਆਰੇ ਦੇ ਨਾਲ ਬਾਗ ਲਗਵਾਇਆ ਜਿਸ ਦਾ ਨਾਮ ਗੁਰੂ ਕਾ ਬਾਗ ਪ੍ਰਸਿੱਧ ਹੋ ਗਿਆ। ਚੌਧਰੀ ਘੁਕੇ ਨੇ ਸ੍ਰੀ ਗੁਰੂ ਤੇਗ ਬਹਾਦਰ ਦਾ ਗੁਰਦੁਆਰਾ ਨੌ ਮੰਜ਼ਲਾ ਬੜਾ ਸ਼ਾਨਦਾਰ ਬਣਵਾਇਆ ਸੀ ਪ੍ਰੰਤੂ ਮੁਗਲ ਰਾਜ ਦੇ ਸਮੇਂ ਜਦ ਸਿੱਖਾਂ ਪਰ ਸਖਤੀ ਦਾ ਦੌਰ ਸ਼ੁਰੂ ਹੋਇਆ ਤਾਂ ਜਨੂੰਨੀ ਮੁਸਲਮਾਨਾਂ ਨੇ ਨੌ ਮੰਜ਼ਲਾ ਗੁਰਦੁਆਰਾ ਗਿਰਾ ਦਿਤਾ। ਪਿਛੋਂ ਸਿੰਘਾਂ ਨੇ ਫਿਰ ਗੁਰਦੁਆਰੇ ਦੀ ਸੇਵਾ ਕਰਾਈ। ਮਹਾਰਾਜਾ ਰਣਜੀਤ ਸਿੰਘ ਤੇ ਕਈ ਹੋਰ ਸਰਦਾਰਾਂ ਨੇ ਇਸ ਗੁਰਦੁਆਰੇ ਦੇ ਨਾਮ ਕਾਫੀ ਜ਼ਮੀਨ ਲਗਵਾਈ ਸੀ, ਜੋ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਈ।

ਗੁਰਦੁਆਰੇ ਪਰ ਉਦਾਸੀ ਮਹੰਤਾਂ ਦਾ ਕਬਜ਼ਾ ਸੀ। ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਣ ਸਮੇਂ ਇਸ ਗੁਰਦੁਆਰੇ ਦਾ ਮਹੰਤ ਸੁੰਦਰ ਦਾਸ ਸੀ। ਇਸ ਦਾ ਆਚਰਨ ਬਹੁਤ ਖਰਾਬ ਸੀ। ਸ਼੍ਰੋ: ਕਮੇਟੀ ਨੇ ਸ: ਦਾਨ ਸਿੰਘ ਵਛੋਆ ਦੀ ਡਿਊਟੀ ਲਗਾਈ ਕਿ ਉਹ ਮਹੰਤ ਨੂੰ ਚਾਲ ਚਲਨ ਸੁਧਾਰਨ ਤੇ ਗੁਰਦੁਆਰੇ ਦਾ ਪ੍ਰਬੰਧ ਠੀਕ ਕਰਨ ਲਈ ਪ੍ਰੇਰਨਾ ਕਰੇ। ਤੁਸਾਂ ਨੇ ਮਹੰਤ ਅਗੇ ਦੋ ਸ਼ਰਤਾਂ ਰਖੀਆਂ।

(੧) ਮਹੰਤ ਕਿਸੇ ਔਰਤ ਨਾਲ ਅਯੋਗ ਸਬੰਧ ਨਾ ਰਖੇ ਜੇ ਉਹ ਇਸਤ੍ਰੀ ਬਿਨਾਂ ਨਹੀਂ ਰਹਿ ਸਕਦਾ ਤਾਂ ਸ਼ਾਦੀ ਕਰ ਲਵੇ।

(੨) ਮਹੰਤ ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇ ਤੇ ਸ਼੍ਰੋ: ਕਮੇਟੀ ਦੇ ਅਧੀਨ ਹੋ ਕੇ ਸੇਵਾ ਕਰੇ।

Digitized by Panjab Digital Library | www.panjabdigilib.org

ਮਹੰਤ ਨੇ ਭਰੇ ਦੀਵਾਨ ਵਿਚ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ ਤੇ ਸਮਝੌਤੇ ਪਰ ਦਸਤਖਤ ਕਰ ਦਿਤੇ। ਇਥੇ ਹੀ ੧੧ ਸੱਜਨਾਂ ਦੀ ਇਕ ਕਮੇਟੀ ਬਣਾਈ ਗਈ ਜੋ ਗੁਰਦੁਆਰੇ ਦਾ ਪ੍ਰਬੰਧ ਕਰਨ ਲਈ ਸੀ। ਕਮੇਟੀ ਦੇ ਪ੍ਰਧਾਨ ਸ: ਦਾਨ ਸਿੰਘ ਤੇ ਸਕੱਤਰ ਸ: ਇੰਦਰ ਸਿੰਘ ਜੀ ਚੁਣੇ ਗਏ। ਮਹੰਤ ਜੀ ਨੇ ਸ੍ਰੀ ਅਕਾਲ ਤਖਤ ਹਾਜ਼ਰ ਹੋ ਕੇ ਅੰਮ੍ਰਿਤ ਪਾਨ ਕਰ ਲਿਆ ਤੇ ਇਕ ਇਸਤ੍ਰੀ ਨਾਲ ਅਨੰਦ ਪੜ੍ਹਾ ਲਿਆ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਪ੍ਰਭਾਵਤ ਹੋ ਕੇ ਮਹੰਤ ਨੇ ਆਪਣਾ ਵਤੀਰਾ ਬਦਲਾ ਲਿਆ ਸੀ। ਇਕ ਸਾਲ ਦੇ ਫੈਸਲੇ ਅਨਸਾਰ ਮਹੰਤ ਨੂੰ ਗੁਜ਼ਾਰੇ ਲਈ ੧੨੦) ਰੁਪਏ ਮਹੀਨਾ ਤੇ ਸ੍ਰੀ ਅੰਮ੍ਰਿਤਸਰ ਦਾ ਇਕ ਮਕਾਨ ਦਿਤਾ ਗਿਆ। ਕਮੇਟੀ ਨੇ ਗੁਰਦੁਆਰੇ ਪਰ ਕਬਜ਼ਾ ਕਰ ਲਿਆ। ਪਿਛੋਂ ਮਹੰਤ ਇਸ ਫੈਸਲੇ ਤੋਂ ਮੁਕਰ ਗਿਆ ਤੇ ਉਸ ਨੇ ਸਰਕਾਰ ਦੀ ਮਦਦ ਨਾਲ ਬਾਗ ਵਾਲੀ ਜ਼ਮੀਨ ਪਰ ਕਬਜ਼ਾ ਕਰਨ ਦਾ ਯਤਨ ਕੀਤਾ।

ਗੁਰੂ ਕੇ ਬਾਗ ਵਿਚ ਲੰਗਰ ਜਾਰੀ ਸੀ, ਸਰਕਾਰ ਨੇ ਸਿੰਘਾਂ ਨੂੰ ਗੁਰੂ ਕੇ ਬਾਗ ਵਿਚੋਂ ਲਕੜਾਂ ਕਟਣ ਤੋਂ ਰੋਕਿਆ। ਸਿੰਘਾਂ ਵਿਚ ਜੋਸ਼ ਫੈਲ ਗਿਆ। ਸਿੰਘਾਂ ਦਾ ਇਕ ਜਥਾ ਲਕੜ ਕਟਣ ਗਿਆ। ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਪਹਿਲੇ ਪੰਜ ਸਿੰਘਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਛੇ ਛੇ ਮਹੀਨੇ ਕੈਦ ਤੇ ਪੰਜਾਹ ੨ ਰੁਪਏ ਜੁਰਮਾਨਾ ਕੀਤਾ ਗਿਆ।

ਪਹਿਲੇ ਜਥੇ ਦੇ ਸਿੰਘਾਂ ਦੇ ਨਾਮ ਇਹ ਹਨ:-

ਭਾ: ਸੰਤੋਖ ਸਿੰਘ ਲਸ਼ਕਰੀ ਨੰਗਲ, ਭਾ: ਲਾਭ ਸਿੰਘ ਰਾਜਾ ਸਾਂਸੀ, ਭਾਈ ਲਾਭ ਸਿੰਘ ਮਤੇ ਨੰਗਲ, ਭਾ: ਬੰਤਾ ਸਿੰਘ ਮੋਸਾ ਤਹਿਸੀਲ ਨਕੋਦਰ।

ਸਰਕਾਰ ਮਹੰਤ ਨੂੰ ਉਕਸਾ ਰਹੀ ਸੀ। ਉਸ ਪਾਸੋਂ ਸਰਕਾਰੀ ਅਫਸਰ ਜੋ ਚਾਹੁੰਦੇ ਦਰਖਾਸਤ ਲਿਖਵਾ ਲੈਂਦੇ ਸਨ। ਸਰਕਾਰ ਨੇ ਇਹ ਛੇੜ ਖਾਨੀ ਜਾਣ ਬੁਝ ਕੇ ਸ਼ੁਰੂ ਕੀਤੀ ਸੀ ਕਿਉਂਕਿ ਚਾਬੀਆਂ ਦਾ ਮੋਰਚਾ ਫਤਹਿ ਹੋਣ ਪਰ ਹਿੰਦ ਦੀਆਂ ਸਾਰੀਆਂ ਅਖਬਾਰਾਂ ਨੇ ਸਿਖਾਂ ਦੀ ਸ਼ਲਾਘਾ ਕੀਤੀ ਅਤੇ ਸਰਕਾਰ ਦੀ ਹਾਰ ਦਸ ਕੇ ਉਸ ਦੀ ਕਮਜ਼ੋਰੀ ਪ੍ਰਗਟ ਕੀਤੀ। ਸਰਕਾਰੀ ਅਫਸਰ ਇਸ ਤੋਂ ਚਿੜ ਗਏ ਉਨ੍ਹਾਂ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਗੁਰੂ ਕੇ ਬਾਗ ਦਾ ਝਗੜਾ ਸ਼ੁਰੂ ਕਰ ਦਿਤਾ। ਇਸ ਝਗੜੇ ਵਿਚ ਸਰਕਾਰ ਦੀ ਤੇ ਮਹੰਤ ਦੀ ਪੁਜ਼ੀਸ਼ਨ ਬਹੁਤ ਕਮਜ਼ੋਰ ਸੀ ਪ੍ਰੰਤੂ ਰਾਜਸੀ ਤਾਕਤ ਦਾ ਅਭਿਮਾਨ ਸਰਕਾਰੀ ਅਫਸਰਾਂ ਨੂੰ ਤੰਗ ਕਰ ਰਿਹਾ ਸੀ।

ਇਸ ਸਮੇਂ ਸੁਪ੍ਰੰਟੈਂਡੰਟ ਪੁਲਸ ਮਿ: ਬੀ. ਟੀ. ਇਕ ਮਨਚਲਾ ਅੰਗਰੇਜ਼ ਤੇ ਡੀ. ਸੀ. ਭੀ ਅੰਗਰੇਜ਼ ਸੀ। ਇਨ੍ਹਾਂ ਨੇ ਸਿਖਾਂ ਨੂੰ ਤੰਗ ਕਰਨ ਲਈ ਮਹੰਤ ਨੂੰ ਆਪਣਾ ਹਥ ਠੋਕਾ ਬਣਾ ਲਿਆ। ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ, ਜਿਨ੍ਹਾਂ ਦੀ ਗਿਣਤੀ ੧੧੫ ਤਕ ਪੁਜ ਗਈ। ਸਿੰਘ ਧੜਾ ਧੜ ਗ੍ਰਿਫ-ਤਾਰ ਹੋਣ ਲਗ ਪਏ ਪਿਛੋਂ ਗ੍ਰਿਫਤਾਰੀਆਂ ਦੀ ਗਿਣਤੀ ੨੧੦ ਤਕ ਪੁਜ ਗਈ। ਹੁਣ ਸਰਕਾਰ ਨੇ ਸ਼ਰੋਮਣੀ ਕਮੇਟੀ ਦੇ ਲੀਡਰਾਂ ਦੇ ਭੀ ਵਾਰੰਟ ਜਾਰੀ ਕਰ ਦਿਤੇ। ੨੬ ਅਗਸਤ ਨੂੰ ਸ਼੍ਰੋ: ਕਮੇਟੀ ਦਾ ਇਜਲਾਸ ਹੋਇਆ। ਡਿਪਟੀ ਕਮਿਸ਼ਨਰ ਨੇ ਇਕ ਚਿਠੀ ਭੇਜੀ ਜਿਸ ਵਿਚ ਲਿਖਿਆ ਸੀ ਕਿ ਇਨ੍ਹਾਂ ਲੀਡਰਾਂ ਦੇ ਵਾਰੰਟ ਹਨ।

੧. ਸ: ਬ: ਮਹਿਤਾਬ ਸਿੰਘ ਜੀ ਪ੍ਰਧਾਨ ਸ਼੍ਰੋ: ਕਮੇਟੀ
੨. ਭਗਤ ਜਸਵੰਤ ਸਿੰਘ ਜੀ ਜਨਰਲ ਸਕੱਤ੍ਰ
੩. ਸ: ਨਰਾਇਣ ਸਿੰਘ ਜੀ ਬੈਰਿਸਟਰ ਸਕੱਤ੍ਰ
੪. ਪ੍ਰੋ: ਸਾਹਿਬ ਸਿੰਘ ਜੀ ਬੀ. ਏ. ਸਕੱਤ੍ਰ
੫. ਸ: ਸਰਮੁਖ ਸਿੰਘ ਝਬਾਲ ਵਰਕਿੰਗ ਮੈਂਬਰ ਸ਼੍ਰੋ: ਅਕਾਲੀ ਦਲ

Digitized by Panjab Digital Library | www.panjabdigilib.org

੬. ਮਾ: ਤਾਰਾ ਸਿੰਘ ਜੀ ,, ,, ,, ,,
੭. ਸ: ਰਵੇਲ ਸਿੰਘ ਮੈਂਬਰ ਸ਼੍ਰੋਃ ਕਮੇਟੀ
੮. ਬਾਬਾ ਕੇਹਰ ਸਿੰਘ ਜੀ ਪੱਟੀ

ਸ਼੍ਰੋ: ਕਮੇਟੀ ਦਾ ਸਮਾਗਮ ਸ੍ਰੀ ਅਕਾਲ ਤਖਤ ਸਾਹਿਬ ਦੇ ਉਪਰ ਹੋ ਰਿਹਾ ਸੀ। ਸ੍ਰੀ ਅਕਾਲ ਤਖਤ ਦੇ ਸਾਹਮਣੇ ਭਾਰੀ ਦੀਵਾਨ ਸਜਿਆ ਹੋਇਆ ਸੀ। ਜਿਸ ਸਮੇਂ ਲੀਡਰਾਂ ਨੇ ਹੇਠ ਆਕੇ ਗ੍ਰਿਫ਼-ਤਾਰੀ ਦਿਤੀ। ਸੰਗਤਾਂ ਵਿਚ ਅਥਾਹ ਜੋਸ਼ ਫੈਲ ਗਿਆ। ਜੈਕਾਰਿਆਂ ਨਾਲ ਅਕਾਸ਼ ਗੂੰਜ ਉਠਿਆ। ਇਸ ਦੀਵਾਨ ਵਿਚ ਸਤਿਆਗ੍ਰਹਿ ਕਰਨ ਦਾ ਐਲਾਨ ਕੀਤਾ ਗਿਆ। ੨੭-੨੮ ਅਗਸਤ ਨੂੰ ਗੁਰੂ ਕੇ ਬਾਗ ਪਾਸ ਜਥਿਆਂ ਨੂੰ ਸਖਤ ਮਾਰ ਕੁਟਾਈ ਹੋਈ। ਪੁਲਸ ਨੇ ਜ਼ਖਮੀ ਸਿਘਾਂ ਨੂੰ ਡਾਕਟਰੀ ਸਹਾਇਤਾ ਭੀ ਨਾ ਪੁਜਣ ਦਿਤੀ। ਬਾਹਰੋਂ ਰਾਸ਼ਨ ਤੇ ਦੁਧ ਆਦਿਕ ਦੇਣਾ ਬੰਦ ਕਰ ਦਿਤਾ ਗਿਆ। ਪੁਲਸ ਨੇ ਗੁਰਦਵਾਰੇ ਨੂੰ ਘੇਰਾ ਪਾ ਰਖਿਆ ਸੀ। ਅੰਦਰਲੇ ਸਿੰਘਾਂ ਨੂੰ ਬਾਹਰੋਂ ਕੋਈ ਸਹਾਇਤਾ ਨਹੀਂ ਪੁਜਣ ਦਿਤੀ ਜਾਂਦੀ ਸੀ।

ਜਲਿਆਂ ਵਾਲੇ ਬਾਗ ਵਿਚ ਮੌਲਾਨਾ ਮੁਹੰਮਦ ਅਲੀ ਸ਼ੌਕਤ ਅਲੀ ਦੀ ਮਾਤਾ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ ਭਾਰੀ ਜਲਸਾ ਹੋਇਆ ਜਿਸ ਵਿਚ ਗੁਰੂ ਕੇ ਬਾਗ ਵਿਚ ਜ਼ਖਮੀ ਹੋਣ ਵਾਲੇ ਸਿੰਘਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਪੁਲਸ ਦੇ ਜ਼ੁਲਮ ਵਿਰੁਧ ਰੋਸ ਪ੍ਰਗਟ ਕੀਤਾ ਗਿਆ। ਇਸ ਸਮੇਂ ਸਾਰੇ ਹਿੰਦੂ ਮੁਸਲਮਾਨ ਸਿਖਾਂ ਵਿਚ ਬੜੀ ਏਕਤਾ ਸੀ ਤੇ ਸਰਕਾਰ ਵਿਰੁਧ ਸਾਰਿਆਂ ਵਿਚ ਸਖਤ ਰੋਸ ਪਾਇਆ ਜਾਂਦਾ ਸੀ।

੨੯ ਅਗਸਤ ਨੂੰ ਸ੍ਰੀ ਅਕਾਲ ਤਕਤ ਸਾਹਿਬ ਦੇ ਸਾਹਮਣੇ ਪ੍ਰਣ ਕਰਕੇ ਮਾਲਵੇ ਦੇ ਅਕਾਲੀ ਸੂਰਬੀਰਾਂ ਦਾ ਜਥਾ ਗੁਰੂ ਕੇ ਬਾਗ ਨੂੰ ਰਵਾਨਾ ਹੋਇਆ। ਇਸ ਦਿਨ ਦਾ ਨਜ਼ਾਰਾ ਵੇਖਣ ਯੋਗ ਸੀ। ਪੰਜਾਬ ਤੇ ਦੂਜੇ ਸੂਬਿਆਂ ਦੇ ਬਹੁਤ ਸਾਰੇ ਲੀਡਰ ਜਥੇ ਨੂੰ ਕੁਟ ਪੈਂਦੀ ਵੇਖਣ ਆਏ ਸਨ। ੩੦ ਅਗਸਤ ਨੂੰ ਮਾਲਵੇ ਦਾ ਇਕ ਹੋਰ ਜਥਾ ਭਾਈ ਬਤਨ ਸਿੰਘ ਜ਼ਿਲਾ ਫੀਰੋਜ਼ਪੁਰ ਦੀ ਜਥੇਦਾਰੀ ਹੇਠ ਤੁਰਿਆ। ਅਗੇ ਜਾ ਕੇ ਇਹ ਦੋਵੇਂ ਜਥੇ ਆਪੋ ਵਿਚ ਮਿਲ ਗਏ। ਜਦ ਰਾਵੀ ਵਾਲਾ ਪੁਲ ਲੰਘੇ ਤਾਂ ਪੁਲਸ ਨੇ ਇਨ੍ਹਾਂ ਪਰ ਸਖਤ ਮਾਰ ਕੁਟਾਈ ਕੀਤੀ। ੧੫ ਸਿੰਘ ਸਖਤ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਭਾਈ ਕੇਸਰ ਸਿੰਘ, ਨਰਾਇਣ ਸਿੰਘ ਤੇ ਕ੍ਰਿਪਾਲ ਸਿੰਘ ਦੀ ਹਾਲਤ ਨਾਜ਼ਕ ਸੀ। ੩੦ ਅਗਸਤ ਨੂੰ ਸ੍ਰੀ ਅੰਮ੍ਰਿਤਸਰ ਵਿਚ ਭਾਰੀ ਜਲੂਸ ਨਿਕਲਿਆ, ਜਿਸ ਵਿਚ ਸਰਕਾਰ ਦੇ ਜ਼ੁਲਮ ਵਿਰੁਧ ਸਖਤ ਰੋਸ ਪ੍ਰਗਟ ਕੀਤਾ ਗਿਆ। ਇਸ ਦਿਨ ਹੀ ਪੁਲਸ ਨੇ ਛਾਪਾ ਮਾਰ ਕੇ ਸ਼੍ਰੋ: ਕਮੇਟੀ ਦੇ ਦਫਤਰ ਦੀ ਤਲਾਸ਼ੀ ਲਈ।

੩੧ ਅਗਸਤ ਨੂੰ ਗੜਗੱਜ ਅਕਾਲੀ ਜਥੇ ਵਲੋਂ ੧੩੦ ਸਿੰਘਾਂ ਦਾ ਜਥਾ ਗੁਰੂ ਕੇ ਬਾਗ ਨੂੰ ਗਿਆ। ਗੁਮਟਾਲੇ ਦੇ ਪੁਲ ਪਾਸ ਇਸ ਜਥੇ ਪਰ ਬਹੁਤ ਸਖਤ ਲਾਠੀਚਾਰਜ ਕੀਤਾ ਗਿਆ ਜਿਸ ਨਾਲ ੨੫, ੩੦ ਸਿੰਘ ਬੇਹੋਸ਼ ਹੋ ਗਏ। ੧ ਸਤੰਬਰ ਨੂੰ ਜਥੇਦਾਰ ਵਸਾਵਾ ਸਿੰਘ ਭਸੀਣ ਦੀ ਜਥੇਦਾਰੀ ਹੇਠ ੧੧੦ ਸਿੰਘ ਦਾ ਜਥਾ ਤੁਰਿਆ। ਇਸ ਸਮੇਂ ਸਰਕਾਰ ਨੇ ਫੌਜ ਭੀ ਬੁਲਾ ਲਈ ਸੀ ਤੇ ਪੁਲਸ ਅਤੇ ਫੌਜ ਨੇ ਮਿਲ ਕੇ ਇਸ ਜਥੇ ਪਰ ਸਖਤ ਲਾਠੀਚਾਰਜ ਕੀਟਾ। ਜਦ ਜਥੇ ਪਰ ਲਾਠੀਚਾਰਜ ਹੋ ਰਿਹਾ ਸੀ ਤਾਂ ਉਸ ਸਮੇਂ ਸਃ ਗੋਪਾਲ ਸਿੰਘ ਜੀ ਭਾਗੋ ਵਾਲੀਆ ਐਮ. ਐਲ. ਸੀ. ਪ੍ਰੋ: ਜੋਧ ਸਿੰਘ ਜੀ ਤੇ ਗਿਆਨੀ ਉਤਮ ਸਿੰਘ ਜੀ ਰੀਪੋਰਟਰ "ਅਕਾਲੀ" ਅਖਬਾਰ ਭੀ ਮੌਜੂਦ ਸਨ।

ਮਿ: ਜੈਨਕਨਦ ਡਿਪਟੀ ਕਮਿਸ਼ਨਰ ਨੇ ਜਥੇ ਨੂੰ ਹੁਕਮ ਦਿਤਾ ਕਿ ਉਹ ਵਾਪਸ ਮੁੜ

Digitized by Panjab Digital Library | www.panjabdigilib.org

ਜਾਵੇ ਪ੍ਰੰਤੂ ਸਿੰਘ ਪੰਥ ਦੇ ਹੁਕਮ ਅਨੁਸਾਰ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਅਗੇ ਵਧੇ। ਪੁਲਸ ਤੇ ਫੌਜ ਨੇ ਸਖਤ ਲਾਠੀਚਾਰਜ ਕੀਤਾ। ਬਹੁਤ ਸਾਰੇ ਸਿੰਘ ਸਖਤ ਜ਼ਖਮੀ ਹੋਏ ਜਿਨ੍ਹਾਂ ਨੂੰ ਸੇਵਾ ਸੰਮਤੀ ਦੀਆਂ ਲਾਰੀਆਂ ਵਿਚ ਪਾ ਕੇ ਅੰਮ੍ਰਿਤਸਰ ਲਿਆਂਦਾ ਗਿਆ।

## ਪੰ: ਮਦਨ ਮੋਹਨ ਮਾਲਵੀਆ ਜੀ ਦੀ ਆਮਦ

ਗੁਰੂ ਕੇ ਬਾਗ ਵਿਚ ਅਕਾਲੀਆਂ ਦਾ ਆਦਰਸ਼ ਸਤਿਆਗ੍ਰਹਿ ਜਾਰੀ ਸੀ। ਇਸ ਸਤਿਆਗ੍ਰਹਿ ਨੇ ਸਾਰੇ ਹਿੰਦੁਸਤਾਨ ਵਿਚ ਹਲ ਚੱਲ ਪੈਦਾ ਕਰ ਦਿਤੀ। ਕਾਂਗਰਸੀ ਲੀਡਰ ਤੇ ਮਹਾਤਮਾ ਗਾਂਧੀ ਜੀ ਦੇ ਭਗਤ ਜੋ ਸਤਿਆਗ੍ਰਹਿ ਬਾਰੇ ਵਧ ਚੜ੍ਹਕੇ ਵਿਆਖਿਆਨ ਦੇਂਦੇ ਹੁੰਦੇ ਸਨ ਇਹ ਵੇਖ ਕੇ ਹੈਰਾਨ ਰਹਿ ਗਏ ਕਿ ਅਕਾਲੀਆਂ ਨੇ ਗੁਰੂ ਕੇ ਬਾਗ ਵਿਚ ਸਤਿਆਗ੍ਰਹਿ ਕਰਨ ਦਾ ਉਹ ਨਮੂਨਾ ਪੇਸ਼ ਕੀਤਾ ਜਿਸ ਦੀ ਮਿਸਾਲ ਕਾਂਗਰਸ ਦੇ ਸਾਰੇ ਇਤਹਾਸ ਵਿਚੋਂ ਨਹੀਂ ਮਿਲਦੀ। ਗੁਰੂ ਕੇ ਬਾਗ ਵਿਚ ਅਕਾਲੀਆਂ ਪੁਰ ਜੋ ਜ਼ੁਲਮ ਹੋ ਰਿਹਾ ਸੀ ਉਸ ਦੀਆਂ ਰੀਪੋਰਟਾਂ ਸਾਰੇ ਅਖਬਾਰਾਂ ਵਿਚ ਛਪਦੀਆਂ। ਪੰ: ਮਦਨ ਮੋਹਨ ਮਾਲਵੀਆ ਜੋ ਉਸ ਸਮੇਂ ਕਾਂਗਰਸ ਦੇ ਬਹੁਤ ਵਡੇ ਲੀਡਰ ਮੰਨੇ ਜਾਂਦੇ ਸਨ। ਗੁਰੂ ਕੇ ਬਾਗ ਦਾ ਹਾਲ ਆਪਣੀਆਂ ਅਖਾਂ ਨਾਲ ਵੇਖਣ ਲਈ ੨ ਸਤੰਬਰ ਨੂੰ ਸ੍ਰੀ ਅੰਮ੍ਰਿਤਸਰ ਪੁਜ ਗਏ। ਸਟੇਸ਼ਨ ਤੋਂ ਆਪ ਸਿੱਧੇ ਸ੍ਰੀ ਦਰਬਾਰ ਸਾਹਿਬ ਪੁਜੇ। ਇਸ ਦਿਨ ਭੀ ੧੦੦ ਸਿੰਘਾਂ ਜਥਾ ਗੁਰੂ ਕੇ ਬਾਗ ਨੂੰ ਰਵਾਨਾ ਹੋਇਆ ਜਿਸ ਦੇ ਨਾਲ ਅਖਬਾਰਾਂ ਦੇ ਪ੍ਰਤਿਨਿਧ ਤੇ ਬਹੁਤ ਸਾਰੇ ਪ੍ਰਸਿੱਧ ਲੀਡਰ ਭੀ ਸਨ।

ਇਸ ਜਥੇ ਪਰ ਲਾਠੀ ਚਾਰਜ ਹੁੰਦਾ। ਪੰ: ਮਦਨ ਮੋਹਨ ਮਾਲਵੀਆ, ਲਾਲਾ ਦੁਨੀ ਚੰਦ ਪ੍ਰਧਾਨ ਸੂਬਾ ਕਾਂਗਰਸ ਤੇ ਹੋਰ ਲੀਡਰਾਂ ਨੇ ਆਪਣੀਆਂ ਅਖਾਂ ਨਾਲ ਵੇਖਿਆ। ਅਗਲੇ ਦਿਨ ਫਿਰ ਇਕ ਜਥਾ ਸ: ਚੰਨਣ ਸਿੰਘ ਮਰਹਾਣਾ ਦੀ ਜਥੇਦਾਰੀ ਹੇਠ ਰਵਾਨਾ ਹੋਇਆ। ਇਸ ਦਿਨ ਭੀ ਮਾਲਵੀਆ ਜੀ ਮਲਕ ਲਾਲ ਖਾਨ ਪ੍ਰਧਾਨ ਖਿਲਾਫਤ ਕਮੇਟੀ, ਡਾ: ਯਾਕੂਬ ਬੇਗ, ਮੀਆਂ ਮੁਹੰਮਦ ਸ਼ਰੀਫ ਆਦਿਕ ਬਹੁਤ ਸਾਰੇ ਮੁਖੀ ਲੀਡਰ ਜਥੇ ਦੇ ਨਾਲ ਗਏ। ਇਸ ਦਿਨ ਪੁਲਸ ਛੀਨੇ ਦੇ ਪੁਲ ਪਾਸ ਬੈਠੀ ਹੋਈ ਸੀ ਜਦ ਜਥਾ ਪੁਲ ਤੇ ਪੁਜਿਆ ਤਾਂ ਨਾਇਬ ਤਹਿਸੀਲਦਾਰ ਨੇ ਜਥੇ ਨੂੰ ਰੋਕਿਆ। ਜਥਾ ਜ਼ਮੀਨ ਪਰ ਬੈਠ ਗਿਆ। ਸਿੰਘ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲਗ ਪਏ। ਇਤਨੇ ਨੂੰ ਪੁਲਸ ਆ ਗਈ ਉਸ ਨ ਜਥੇ ਨੂੰ ਬਹੁਤ ਸਖਤ ਮਾਰ ਕੁਟਾਈ ਕੀਤੀ। ੧੧ ਸਿੰਘਾਂ ਨੂੰ ਮਾਰ ਕੁਟ ਕੇ ਛਪੜ ਵਿਚ ਸੁਟ ਦਿਤਾ ਗਿਆ।

ਪੰਡਤ ਮਾਲਵੀਆ ਜੀ ਨੇ ਇਸ ਜਥੇ ਦੇ ਜ਼ਖਮੀਆਂ ਨੂੰ ਵੇਖਿਆ। ਡਾਕਟਰਾਂ ਨੇ ਜਥੇ ਦੀ ਮਲਮ ਪਟੀ ਕੀਤੀ। ਪੰਡਤ ਮਾਲਵੀਆ ਜੀ ਨੇ ਪੁਲਸ ਦੇ ਇਕ ਅਫਸਰ ਮਿ: ਲਾਬ ਨਾਲ ਉਤਰ ਪ੍ਰਸ਼ਨ ਕੀਤੇ ਅਤੇ ਉਨ੍ਹਾਂ ਨੂੰ ਕਿਹਾ ਕਿ ਸ਼ਾਂਤਮਈ ਸਿਖਾਂ ਪਰ ਇਤਨਾ ਅਤਿਆਚਾਰ ਕਰਕੇ ਤੁਸੀਂ ਹਿੰਦੁਸਤਾਨੀ ਜੰਤਾ ਵਿਚ ਰੋਸ ਦੀ ਇਕ ਲਹਿਰ ਪੈਦਾ ਕਰ ਰਹੇ ਹੋ। ਪੰਡਤ ਜੀ ਨ ਮਿ: ਸਮਿਥ ਨਾਲ ਭੀ ਗਲ ਬਾਤ ਕੀਤੀ ਅਤੇ ਉਸ ਨੂੰ ਕਿਹਾ ਕਿ ਤੁਸੀ ਤਾਕਤ ਦੀ ਵਰਤੋਂ ਕਰਨ ਵਿਚ ਹਕ ਬਜਾਨਬ ਨਹੀਂ ਹੋ। ਕਾਨੂੰਨ ਇਸ ਗਲ ਦੀ ਆਗਿਆ ਨਹੀਂ ਦਿੰਦਾ। ਪੰਡਤ ਜੀ ਨੇ ਇਹ ਭੀ ਕਿਹਾ ਕਿ ਸਾਰਾ ਦੇਸ਼ ਇਸ ਸਤਿਆਗ੍ਰਹਿ ਤੋਂ ਪ੍ਰਭਾਵਤ ਹੋ ਉਠਿਆ ਹੈ ਤੇ ਸਭ ਦੀ ਹਮਦਰਦੀ ਅਕਾਲੀਆਂ ਨਾਲ ਹੈ। ਤਿੰਨ ਸਤੰਬਰ ਨੂੰ ਮਸਜਦ ਖੈਰ ਦੀਨ ਵਿਚ ਮੁਸਲਮਾਨਾਂ ਨੇ ਇਕ ਭਾਰੀ ਜਲਸਾ ਕਰਕੇ ਸਿਖਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਪੁਲਸ ਦੇ ਤਸ਼ਦਦ ਦੀ ਸਖਤ ਨਖੇਧੀ ਕੀਤੀ ਗਈ।

Digitized by Panjab Digital Library | www.panjabdigilib.org

੪ ਸਤੰਬਰ ਨੂੰ ਜ਼ਿਲਾ ਗੁਰਦਾਸਪੁਰ ਦੇ ਇਕ ਸੌ ਸਿੰਘਾਂ ਦਾ ਜਥਾ ਗੁਰੂ ਕੇ ਬਾਗ ਗਿਆ। ਪੁਲਸ ਨੇ ਇਸ ਪਰ ਭੀ ਸਖਤ ਮਾਰ ਕੁਟਾਈ ਕੀਤੀ। ਇਸ ਦਿਨ ਸਰ ਜੋਗਿੰਦਰ ਸਿੰਘ, ਭਾਈ ਜੋਧ ਸਿੰਘ ਐਮ. ਏ. ਸ: ਸ਼ਿਵਦੇਵ ਸਿੰਘ ਤੇ ਪੰ: ਮਾਲਵੀਆ ਜੀ ਨੇ ਸਭ ਕੁਝ ਆਪ ਵੇਖਿਆ। ਬੀ. ਟੀ. ਨੇ ਪੰ: ਮਾਲਵੀਆਂ ਨੂੰ ਕਿਹਾ ਸੀ ਕਿ ਮਾਰ ਕੁਟਾਈ ਨਹੀਂ ਹੋਵੇਗੀ ਪ੍ਰੰਤੂ ਜਦ ਪੰ: ਜੀ ਵਾਪਸ ਚਲੇ ਗਏ ਤਾਂ ਜਥੇ ਨੂੰ ਬਹੁਤ ਕੁਟਿਆ ਗਿਆ।

੫ ਸਤੰਬਰ ਨੂੰ ਜ਼ਿਲਾ ਲਾਇਲਪੁਰ ਦੇ ਸਿੰਘਾਂ ਦਾ ਜਥਾ ਗੁਰੂ ਕੇ ਬਾਗ ਨੂੰ ਰਵਾਨਾ ਹੋਇਆ। ਇਸ ਦੇ ਜਥੇਦਾਰ ਸ: ਪ੍ਰਿਥੀਪਾਲ ਸਿੰਘ ਸੁਪੁਤ੍ਰ ਸੂਬੇਦਾਰ ਨਿਹਾਲ ਸਿੰਘ ਚੱਕ ਨੰ: ੫੨ ਮੁਲਾਂ ਪੁਰ ਅਤੇ ਮੀਤ ਜਥੇਦਾਰ ਸ: ਨਾਦਰ ਸਿੰਘ ਸਪੁਤ੍ਰ ਸੂਬੇਦਾਰ ਈਸ਼ਰ ਸਿੰਘ ਸਨ। ਇਹ ਜਥਾ ਰਾਜਾ ਸਾਂਸੀ ਤੋਂ ਇਕ ਮੀਲ ਉਰੇ ਸੀ ਕਿ ਬੱਦਲ ਵਸਣਾ ਸ਼ੁਰੂ ਹੋ ਗਿਆ ਪਰ ਰਾਜਾ ਸਾਂਸੀ ਦੇ ਪੁਲ ਪਾਸ ਪੁਜ ਕੇ ਬੰਦ ਹੋ ਗਿਆ। ਡਿਪਟੀ ਕਮਿਸ਼ਨਰ ਪੁਲਸ ਸਮੇਤ ਮੁਲਾਂ ਪੁਰ ਮੌਜੂਦ ਸੀ। ਉਸ ਨੇ ਜਥੇ ਨੂੰ ਕਿਹਾ ਵਾਪਸ ਮੁੜ ਜਾਉ। ਜਥੇਦਾਰ ਨੇ ਉਤਰ ਦਿਤਾ, "ਅਸੀਂ ਗੁਰੂ ਕੇ ਬਾਗ ਜਾਣ ਦਾ ਪ੍ਰਣ ਕਰਕੇ ਆਏ ਹਾਂ ਵਾਪਸ ਨਹੀਂ ਜਾ ਸਕਦੇ"। ਇਸ ਪਰ ਪੁਲਸ ਨੇ ਲਾਠੀ ਚਾਰਜ ਸ਼ੁਰੂ ਕਰ ਦਿਤਾ। ਅਜ ਸਿੰਘਾਂ ਨੂੰ ਕੁਟਣ ਵਾਸਤੇ ਸੰਮਦਾਰ ਲਾਠੀਆਂ ਦੀ ਵਰਤੋਂ ਕੀਤੀ ਗਈ। ਸਿਪਾਹੀ ਸਿੰਘਾਂ ਪਰ ਇਧ ਤਰ੍ਹਾਂ ਮਾਰ ਕੁਟਾਈ ਕਰ ਰਹੇ ਸਨ ਜਿਵੇਂ ਛਲੀਆਂ ਕੁਟੀਦੀਆਂ ਹਨ, ਪ੍ਰੰਤੂ ਜਥੇ ਦੇ ਸਿੰਘ ਸਤਿਨਾਮ ਵਾਹਿਗੁਰੂ ਦੀ ਧੁਨੀ ਅਲਾਪਦੇ ਹੋਏ ਸ਼ਾਂਤ ਬੈਠੇ ਸਨ। ਸਬਰ ਤੇ ਜਬਰ ਦੇ ਮੁਕਾਬਲੇ ਦਾ ਇਹ ਅਨੋਖਾ ਦ੍ਰਿਸ਼ਜ ਸੀ। ਸਰਦਾਰ ਪ੍ਰਿਥੀ ਪਾਲ ਸਿੰਘ ਜੀ ਨੂੰ ਪੁਲਸ ਨੇ ਅੜ ਕਰਕੇ ਬਹੁਤ ਹੀ ਕੁਟਿਆ। ਇਨ੍ਹਾਂ ਦਾ ਕੱਦ ਛੇ ਫੁਟ ਅਤੇ ਛਾਤੀ ਬਹੁਤ ਚੌੜੀ ਸੀ। ਛੇ ਸਤ ਪੁਲਸੀਏ ਇਸ ਦੀ ਛਾਤੀ ਪਰ ਚੜ ਜਾਂਦੇ ਸਨ ਤੇ ਕੁਟ ਰਹੇ ਸਨ। ਵੇਖਣ ਵਾਲੇ ਸਜਨਾਂ ਨੇ ਦਸਿਆ ਕਿ ਸ: ਪ੍ਰਿਥੀ ਪਾਲ ਸਿੰਘ ਜੀ ਸੱਤ ਵੇਰ ਉਠੇ ਪਰ ਪੁਲਸ ਉਸ ਨੂੰ ਕੁਟ ਕੇ ਫੇਰ ਸੁਟ ਦਿੰਦੀ। ਇਸ ਪ੍ਰਕਾਰ ਜਦ ਉਨ੍ਹਾਂ ਦਾ ਸਰੀਰ ਬਹੁਤ ਜ਼ਖਮੀ ਹੋ ਗਿਆ ਤਾਂ ਸਰਦਾਰ ਜੀ ਨੂੰ ਸੂਏ ਵਿਚ ਸੁਟ ਦਿਤਾ ਗਿਆ। ਸਟਾਂ ਦੀ ਮਾਰ ਨਾਲ ਸ: ਪ੍ਰਿਥੀ ਪਾਲ ਸਿੰਘ ਜੀ ਬੇਹੋਸ਼ ਹੋ ਗਏ ਅਤੇ ਬੇਹੋਸ਼ੀ ਦੀ ਹਾਲਤ ਵਿਚ ਅੰਮ੍ਰਿਤਸਰ ਪਹੁੰਚਾਏ ਗਏ। ੨ ਅਪਰੈਲ ਨੂੰ ਆਪ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ। ਸਃ ਜੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ ਪਰ ਆਪ ਸੇਵਾ ਕਰਨ ਦੀ ਰੀਝ ਪੂਰੀ ਨਾ ਕਰ ਸਕੇ।

੬ ਸਤੰਬਰ ਨੂੰ ਜ਼ਿਲਾ ਜਾਲੰਧਰ ਦੇ ਸਿੰਘਾਂ ਦਾ ਜਥਾ ਸ: ਪ੍ਰਤਾਪ ਸਿੰਘ ਜੀ ਖੁਰਦਪੁਰ ਦੀ ਜਥੇਦਾਰੀ ਹੇਠ ਗਿਆ, ਜਿਸ ਪਰ ਸਖਤ ਮਾਰ ਕੁਟਾਈ ਕੀਤੀ ਗਈ। ੫, ੬ ਸਤੰਬਰ ਨੂੰ ਸੰਗਤਾਂ ਵਿਚ ਇਹ ਚਰਚਾ ਫੈਲ ਗਈ ਕਿ ਮੋਰਚੇ ਦੀ ਹਾਲਤ ਵੇਖਣ ਲਈ ਗੁਰੂ ਕਾ ਬਾਜ ਆਉਂਦਾ ਹੈ। ਉਹ ਸ੍ਰੀ ਅੰਮ੍ਰਿਤਸਰ ਤੋਂ ਜਥੇ ਦੇ ਉਤੇ ਉਤੇ ਉਡਿਆ ਜਾਂਦਾ ਹੈ ਅਤੇ ਜਥੇ ਪਰ ਮਾਰ ਕੁਟਾਈ ਦਾ ਨਜ਼ਾਰਾ ਵੇਖ ਕੇ ਅਲੋਪ ਹੋ ਜਾਂਦਾ ਹੈ। ੬ ਸਤੰਬਰ ਨੂੰ ਜਥੇਦਾਰ ਤੇਜਾ ਸਿੰਘ ਜੀ ਘਵਿੰਡ ਪ੍ਰਧਾਨ ਸ਼ਰੋਮਣੀ ਅਕਾਲ ਦਲ ਗ੍ਰਿਫਤਾਰ ਕਰ ਲਏ ਗਏ। ਸ਼ਰੋਮਣੀ ਕਮੇਟੀ ਇਸ ਸਮੇਂ ਹਰ ਰੋਜ਼ ਇਕ ਐਲਾਨ ਜਾਰੀ ਕਰਦੀ ਸੀ ਜਿਸ ਵਿਚ ਮੋਰਚੇ ਦਾ ਹਾਲ ਪ੍ਰਗਟ ਕੀਤਾ ਜਾਂਦਾ ਸੀ। ਇਸ ਸਤਿਆਗ੍ਰਹਿ ਸਮੇਂ ਪੁਲਸ ਕਿਤਨਾ ਅਤਿਆਚਾਰ ਕਰਦੀ ਸੀ ਇਸ ਦੀ ਇਕ ਮਿਸਾਲ ਦੇਣੀ ਜ਼ਰੂਰੀ ਹੈ। ਤੇੜਾ ਖੁਰਦ ਦੇ ਸ: ਭਗਤ ਸਿੰਘ ਤੇ ਉਨ੍ਹਾਂ ਦੇ ਦੋ ਸਪੁਤਰ ਮੱਕੀ ਗੁਡ ਰਹੇ ਸਨ। ਉਨ੍ਹਾਂ ਪਾਸੋਂ ਇਕ ਆਦਮੀ ਖੇਤਿਆਂ ਪਰ ਰਸਦ ਲੈ ਕੇ ਲੰਘਿਆ ਪਰ ਉਨ੍ਹਾਂ ਨੇ ਕੰਮ ਦੇ ਧਿਆਨ ਵਿਚ ਉਸ ਵੱਲ ਕੋਈ ਖਿਆਲ ਨਾ ਕੀਤਾ, ਪਿਛੋਂ ਪੁਲਸ ਆ ਗਈ। ਪੁਲਸ ਨੇ ਉਨ੍ਹਾਂ ਨੂੰ ਪੁਛਿਆ ਖੇਤਿਆਂ ਵਾਲਾ ਕਿਧਰ ਨੂੰ ਗਿਆ। ਉਨ੍ਹਾਂ ਨੇ ਕਿਹਾ ਸਾਨੂੰ ਕੋਈ

Digitized by Panjab Digital Library | www.panjabdigilib.org

ਪਤਾ ਨਹੀਂ। ਪੁਲਸ ਨੇ ਇਨ੍ਹਾਂ ਤਿੰਨਾਂ ਪਿਉ ਪੁਤਰਾਂ ਨੂੰ ਇਤਨਾ ਮਾਰਿਆ ਕਿ ਸ: ਭਗਤ ਸਿੰਘ ਜੀ ਅਮ੍ਰਿਤਸਰ ਹਸਪਤਾਲ ਵਿਚ ਆ ਕੇ ਚਲਾਣਾ ਕਰ ਗਏ। ਇਕ ਦੋ ਦਿਨ ਪਿਛੋਂ ਇਨ੍ਹਾਂ ਦਾ ਸਪੁਤਰ ਤਾਰਾ ਸਿੰਘ ਭੀ ਸੱਟਾਂ ਕਰਕੇ ਅਕਾਲ ਚਲਾਣਾ ਕਰ ਗਿਆ। ਇਸ ਪ੍ਰਕਾਰ ਪੁਲਸ ਦੇ ਅਤਿਆਚਾਰ ਨਾਲ ਦੋਵੇਂ ਪਿਉ ਪੁਤਰ ਸ਼ਹੀਦ ਹੋ ਗਏ। ਇਨ੍ਹਾਂ ਦੀਆਂ ਅਰਥੀਆਂ ਦਾ ਸਿੰਘਾਂ ਨੇ ਬੜੇ ਜੋਸ਼ ਨਾਲ ਜਲੂਸ ਕਢਿਆ ਅਤੇ ਸਰਕਾਰ ਵਿਰੁਧ ਸਖਤ ਰੋਸ ਪ੍ਰਗਟ ਕੀਤਾ।

ਇਨ੍ਹਾਂ ਦਿਨਾਂ ਵਿਚ ਜ਼ਖਮੀਆਂ ਪਰ ੩੦੦੦) ਰੁਪਏ ਦਾ ਰੋਜ਼ਾਨਾ ਖਰਚ ਦਾ ਅੰਦਾਜ਼ਾ ਲਗਾਇਆ ਗਿਆ। ਗੁਰੂ ਕੇ ਬਾਗ ਤੋਂ ਜ਼ਖਮੀਆਂ ਨੂੰ ਲਾਰੀਆਂ ਵਿਚ ਪਾ ਕੇ ਅੰਮ੍ਰਿਤਸਰ ਲਿਆਂਦਾ ਜਾਂਦਾ ਸੀ। ਇਸ ਤਰ੍ਹਾਂ ਕਈ ਦਿਨ ਲਗਾਤਾਰ ਜਥੇ ਜਾਂਦੇ ਰਹੇ ਤੇ ਪੁਲਸ ਉਹਨਾਂ ਪਰ ਮਾਰ ਕੁਟਾਈ ਕਰਦੀ ਰਹੀ। ਇਨ੍ਹਾਂ ਦਿਨਾਂ ਵਿਚ ਲਾਹੌਰ ਤੇ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਜ਼ਖਮੀਆਂ ਦੀ ਸੰਭਾਲ ਤੇ ਮਲਮ ਪੱਟੀ ਆਦਿ ਕਰਨ ਵਿਚ ਬੜੇ ਉਤਸ਼ਾਹ ਨਾਲ ਹਿਸਾ ਲਿਆ। ਕਈ ਹਿੰਦੂ ਮੁਸਲਮਾਨ ਲੀਡਰ ਮੌਕੇ ਤੇ ਪੁਜ ਕੇ ਸਿਖਾਂ ਨਾਲ ਹਮਦਰਦੀ ਪ੍ਰਗਟ ਕਰਦੇ ਰਹੇ ਅਤੇ ਜ਼ਖਮੀਆਂ ਦੀ ਸੇਵਾ ਵਿਚ ਹਥ ਵਟਾਉਂਦੇ ਰਹੇ।

੧੦ ਸਤੰਬਰ ਨੂੰ ਫਿਰ ਜ਼ਿਲਾ ਫੀਰੋਜ਼ਪੁਰ ਦੇ ੧੦੦ ਸਿੰਘਾਂ ਦਾ ਨਿਧੜਕ ਜੱਥਾ ਗੁਰੂ ਕੇ ਬਾਗ ਜਾਣ ਲਈ ਸ੍ਰੀ ਅਕਾਲ ਤਖਤ ਹਾਜ਼ਰ ਹੋਇਆ। ਇਸ ਸਮੇਂ ਸਜੇ ਭਾਰੀ ਦੀਵਾਨ ਵਿਚ ਕੁਮਾਰੀ ਲੱਜਿਆ ਵਤੀ ਤੇ ਸਵਾਮੀ ਸ਼ਰਧਾ ਨੰਦ ਜੀ ਨੇ ਤਕਰੀਰਾਂ ਕੀਤੀਆਂ। ਸਵਾਮੀ ਜੀ ਨੇ ਕਿਹਾ, "ਖਾਲਸਾ ਜੀ, ਜੇ ਆਪ ਮੈਨੂੰ ਇਜਾਜ਼ਤ ਦੇਵੋ ਤਾਂ ਮੈਂ ਦਿੱਲੀ ਨੂੰ ਤਾਰ ਦਿਆਂ, ਉਥੋਂ ਬਹੁਤ ਸਾਰੇ ਸਜਨ ਆ ਕੇ ਮਾਰ ਖਾਣ ਲਈ ਤਿਆਰ ਹਨ। ਈਸ਼ਵਰ ਪਰ ਭਰੋਸਾ ਰਖੋ, ਜ਼ੁਲਮ ਵਾਲੇ ਆਪੇ ਮਿਟ ਜਾਣਗੇ।" ਇਸ ਦਿਨ ਜਥੇ ਦੇ ਨਾਲ ਸਵਾਮੀ ਸ਼ਰਧਾ ਨੰਦ, ਕੁਮਾਰੀ ਲੱਜਿਆ ਵਤੀ ਤੇ ਹਕੀਮ ਅਜਮਲ ਖਾਨ ਭੀ ਹਾਲਾਤ ਵੇਖਣ ਗਏ। ਜਥੇ ਨੂੰ ਗੁਰੂ ਕੇ ਬਾਗ ਪਾਸ ਸਖਤ ਮਾਰ ਕੁਟਾਈ ਕੀਤੀ ਗਈ।

੧੦ ਸਤੰਬਰ ਨੂੰ ਸ਼ਾਮ ਦੇ ਵਕਤ ਜਲ੍ਹਿਆਂ ਵਾਲਾ ਬਾਗ ਵਿਚ ਇਕ ਜਲਸਾ ਪੰ: ਮਾਲਵੀਆ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਵਿਚ ਦੋ ਮਤੇ ਪਾਸ ਕਰਕੇ ਪੁਲਸ ਦੇ ਅਤਿਆਚਾਰਾਂ ਦੀ ਨਖੇਧੀ ਕੀਤੀ ਗਈ। ਇਕ ਮਤਾ ਹਕੀਮ ਅਜਮਲ ਖਾਨ ਦਿਲੀ ਵਾਲਿਆਂ ਨੇ ਪੇਸ਼ ਕੀਤਾ ਜਿਸ ਵਿਚ ਅਕਾਲੀਆਂ ਨੂੰ ਸ਼ਾਂਤਮਈ ਰਹਿਣ ਪਰ ਵਧਾਈ ਦਿਤੀ ਗਈ ਅਤੇ ਸਰਕਾਰ ਦੇ ਜ਼ੁਲਮ ਵਿਰੁਧ ਰੋਸ ਪ੍ਰਗਟ ਕੀਤਾ ਗਿਆ। ਹਕੀਮ ਜੀ ਨੇ ਆਪਣੇ ਅਖੀਂ ਡਿਠੇ ਹਾਲ ਬਿਆਨ ਕਰਦੇ ਹੋਏ ਕਿਹਾ ਕਿ ਜਦ ਜਥੇ ਪਰ ਬੇਤਹਾਸ਼ਾ ਮਾਰ ਕੁਟਾਈ ਹੋ ਰਹੀ ਸੀ ਤਾਂ ਮੈਂ ਪਾਸ ਖੜਾ ਸਾਂ। ਇਕ ਸਿੰਘ ਦੀ ਅਖ ਪਰ ਲਾਠੀ ਵਜੀ ਪਰ ਉਸ ਨੇ ਸੀ ਤਕ ਨਾ ਕੀਤੀ ਅਤੇ ਨਾ ਹੀ ਅਖ ਪਰ ਹਥ ਰਖਿਆ। ਮੈਂ ਅਪਣੀ ਜ਼ਿੰਦਗੀ ਵਿਚ ਇਹੋ ਜਿਹਾ ਦਰਦਨਾਕ ਨਜ਼ਾਰਾ ਕਦੇ ਨਹੀਂ ਵੇਖਿਆ ਤੇ ਸਿਖਾਂ ਦੀ ਸ਼ਾਂਤਮਈ ਅਤੇ ਤਸੀਹੇ ਸਹਿਣ ਦੀ ਸ਼ਕਤੀ ਵੇਖ ਕੇ ਮੈਂ ਹੈਰਾਨ ਰਹਿ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਪੰਡਤ ਮਦਨ ਮੋਹਨ ਜੀ ਮਾਲਵੀਆ ਨੇ ਸਿਖਾਂ ਵਿਚ ਕੁਰਬਾਨੀ ਦਾ ਜਜ਼ਬਾ ਵੇਖ ਕੇ ਇਹ ਕਿਹਾ ਸੀ ਕਿ "ਮੈਂ ਹਿੰਦੁਸਤਾਨੀਆਂ ਨੂੰ ਸਲਾਹ ਦਿੰਦਾ ਹਾਂ ਜੇ ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਹਨ ਤਾਂ ਹਰ ਘਰ ਵਿਚੋਂ ਇਕ ਬਚੇ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦੇਣ" ਸਿੰਘਾਂ ਵਿਚ ਕੁਰਬਾਨੀ ਦਾ ਅਦੁਤੀ ਮਾਦਾ ਹੈ। ਬਾਬੂ ਸੰਪੂਰਨਾ ਨੰਦ ਵਿਦਿਅਕ ਵਜ਼ੀਰ ਯੂ. ਪੀ. ਨੇ ਗੁਰੂ ਕੇ ਬਾਗ ਸਬੰਧੀ "ਅਕਾਲੀਉਂ ਕਾ ਆਦਰਸ਼ ਸਤਿਆਗ੍ਰਹਿ" ਨਾਮ ਦੀ ਇਕ ਪੁਸਤਕ ਹਿੰਦੀ

Digitized by Panjab Digital Library | www.panjabdigilib.org

ਵਿਚ ਲਿਖੀ ਸੀ, ਜਿਸ ਵਿਚ ਉਨ੍ਹਾਂ ਨੇ ਲਿਖਿਆ ਸੀ ਕਿ "ਗਾਂਧੀ ਜੀ ਤੇ ਉਨ੍ਹਾਂ ਦੇ ਭਗਤਾਂ ਨੂੰ ਸਤਿਆ-ਗ੍ਰਹਿ ਦੀ ਸਿੱਖਿਆ ਸਿਖਾਂ ਪਾਸੋਂ ਪੜਨੀ ਚਾਹੀਦੀ ਹੈ। ਅਕਾਲੀਆਂ ਨੇ ਗੁਰੂ ਕੇ ਬਾਗ ਵਿਚ ਆਦਰਸ਼ ਸਤਿਆਗ੍ਰਹਿ ਕਰਕੇ ਮਹਾਤਮਾ ਗਾਂਧੀ ਤੇ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਹੈਰਾਨ ਕਰ ਦਿਤਾ ਤੇ ਉਹ ਸ਼ਾਨਦਾਰ ਪੂਰਨੇ ਪਾਏ ਜਿਨ੍ਹਾਂ ਪਰ ਚਲ ਕੇ ਹੀ ਹਿੰਦੋਸਤਾਨੀ ਦੇਸ਼ ਨੂੰ ਅਜ਼ਾਦ ਕਰਾ ਸਕਦੇ ਹਨ।

ਸ੍ਵਾਮੀ ਸ਼ਰਧਾ ਨੰਦ ਜੀ ਨੂੰ ਗੁਰੂ ਕੇ ਬਾਗ ਵਿਚ ਤਕਰੀਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਛੇ ਮਹੀਨੇ ਸਖਤ ਸਜ਼ਾ ਸੁਣਾਈ ਗਈ। ੧੨ ਸਤੰਬਰ ਨੂੰ ਜ਼ਿਲਾ ਲੁਧਿਆਣਾ ਤੇ ਸਿਆਲਕੋਟ ਦਾ ਮਿਲਵਾਂ ਜਥਾ ਰਵਾਨਾ ਹੋਇਆ। ਸ: ਲਾਲ ਸਿੰਘ ਕਾਂਉਂਕੇ ਜੋ ਇਸ ਜਥੇ ਦੇ ਜਥੇਦਾਰ ਸਨ। ਪ੍ਰਸਿਧ ਅੰਗਰੇਜ਼ ਪਾਦਰੀ ਸੀ. ਐਫ. ਐਂਡ ਯੂਜ਼ ਨੇ ਭੀ ਗੁਰੂ ਕੇ ਬਾਗ ਵਿਚ ਸਿੰਘਾਂ ਨੂੰ ਮਾਰ ਪੈਂਦੀ ਵੇਖੀ ਅਤੇ ਫੁਰਮਾਇਆ ਕਿ ਈਸਾਈ ਇਕ ਈਸਾ ਨੂੰ ਮੰਨਦੇ ਹਨ ਪਰ ਜਿਸ ਸ਼ਾਂਤਮਈ ਤ੍ਰੀਕੇ ਨਾਲ ਸਿੰਘ ਗੁਰੂ ਕੇ ਬਾਗ ਵਿਚ ਮਾਰ ਖਾ ਰਹੇ ਸਨ ਮੈਨੂੰ ਉਹ ਸਾਰੇ ਈਸਾ ਦਾ ਸਰੂਪ ਨਜ਼ਰ ਆਏ।

ਆਪ ਨੇ ਪੰਜਾਬ ਦੇ ਗਵਰਨਰ ਮਿ: ਐਡਵਰਡ ਮੈਕਲੇਗਨ ਦਾ ਧਿਆਨ ਗੁਰੂ ਕੇ ਬਾਗ ਦੀਆਂ ਘਟਨਾਵਾਂ ਵਲ ਦਿਵਾਇਆ। ਗਵਰਨਰ ਪੰਜਾਬ ਪਾਦਰੀ ਸਾਹਿਬ ਦੀ ਪ੍ਰੇਰਨਾ ਨਾਲ ਅੰਮ੍ਰਿਤਸਰ ਆਇਆ ਅਤੇ ਜਥਿਆਂ ਪਰ ਮਾਰ ਕੁਟਾਈ ਹੋਣੀ ਬੰਦ ਹੋ ਗਈ। ਯਾਦ ਰਹੇ ਕਿ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਮਾਰ ਕੁਟਾਈ ਕਰਨ ਵੇਲੇ ਮਿ: ਮੈਕਫਰਸਨ ਸੁਪ੍ਰੰਟੈਂਡੈਂਟ ਪੁਲਸ ਸੀ। ਬੀ. ਟੀ. ਡਿਪਟੀ ਸੁਪ੍ਰੰਟੈਂਡੈਂਟ ਸੀ। ਮਿ: ਡੰਨਟ ਡਿ: ਕਮਿਸ਼ਨਰ ਤੇ ਮਿ: ਜੇਕਨਜ਼ ਕਾਇਮ ਮੁਕਾਮ ਡੀ. ਸੀ. ਸੀ। (ਜੋ ਦੇਸ਼ ਦੀ ਵੰਡ ਸਮੇਂ ਪੰਜਾਬ ਦਾ ਗਵਰਨਰ ਸੀ)

ਇਸ ਮੋਰਚੇ ਵਿਚ ਸਿੰਘਾਂ ਨੂੰ ਕੁਟਣ ਲਈ ਨਿਤ ਨਵੇਂ ਢੰਗ ਵਰਤੇ ਜਾਂਦੇ ਸਨ। ਬੀ. ਟੀ. ਮਾਰ ਕੁਟਾਈ ਕਰਨ ਵਿਚ ਬਹੁਤ ਬੇਰਹਿਮ ਸੀ। ਸ਼ੁੰਮਦਾਰ ਲਾਠੀਆਂ ਮਾਰਨੀਆਂ, ਹੰਟਰ ਮਾਰਨੇ। ਜ਼ਖਮੀ ਸਿੰਘਾਂ ਪਰ ਘੋੜੇ ਚਾੜ੍ਹ ਦੇਣੇ। ਦਾੜ੍ਹੀ ਕੇਸ ਪੱਟਣੇ ਜ਼ਖਮੀਆਂ ਨੂੰ ਸੂਏ ਜਾਂ ਟੋਭੇ ਵਿਚ ਸੁਟ ਦੇਣਾ ਛਾਤੀਆਂ ਪਰ ਚੜਕੇ ਮਾਰਨਾ, ਐਸੀਆਂ ਘਟਨਾਵਾਂ ਸਨ ਜਿਨ੍ਹਾਂ ਨੇ ਸਿਖ ਪੰਥ ਵਿਚ ਅਥਾਹ ਜੋਸ਼ ਪੈਦਾ ਕਰ ਦਿਤਾ ਸੀ।

ਨੋਟ:- {ਬੀ. ਟੀ. ਨੂੰ ਸੁਨਾਮ ਰਿ: ਪਟਿਆਲਾ ਦੇ ਲਾਗੇ ਉਸਦੀ ਆਪਣੀ ਕੋਠੀ ਵਿਚ ਸਰਦਾਰ ਕਰਤਾਰ ਸਿੰਘ ਨੇ ਕਤਲ ਕੀਤਾ ਸੀ। ਉਨ੍ਹਾਂ ਦਾ ਜੀਵਨ ਅਗਲੇ ਕਾਂਡ ਵਿਚ ਪੜੋ}

ਸ੍ਰੀ ਨਨਕਾਣਾ ਸਾਹਿਬ ਦੀਆਂ ਅਦੁਤੀ ਸ਼ਹੀਦੀਆਂ ਅਤੇ ਗੁਰੂ ਕੇ ਬਾਗ ਦੇ ਸਤਿਆ-ਗ੍ਰਹਿ ਵਿਚ ਕੀਤੀਆਂ ਸਿੰਘਾਂ ਦੀਆਂ ਕੁਰਬਾਨੀਆਂ ਨੇ ਸਿੱਖ ਕੌਮ ਨੂੰ ਸਾਰੀ ਦੁਨੀਆਂ ਵਿਚ ਉਜਾਗਰ ਕਰ ਦਿਤਾ। ਇਸ ਮੋਰਚੇ ਦੀਆਂ ਬਹੁਤ ਸਾਰੀਆਂ ਤਸਵੀਰਾਂ ਲਈਆਂ ਗਈਆਂ ਅਤੇ ਇਕ ਫਿਲਮ ਭੀ ਤਿਆਰ ਕੀਤੀ ਗਈ ਜਿਸ ਦੇ ਵਿਖਾਉਣ ਪਰ ਸਰਕਾਰ ਨੇ ਪਾਬੰਦੀਆਂ ਲਗਾ ਦਿਤੀਆਂ ਸਨ। ੧੪ ਸਤੰਬਰ ਤੋਂ ੧੭ ਨਵੰਬਰ ਤੱਕ ਗੁਰੂ ਕੇ ਬਾਗ ਵਿਚ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ ਜਿਨ੍ਹਾਂ ਦੀ ਗਿਣਤੀ ੫੬੦੫ ਤੱਕ ਪੁਜ ਗਈ ਸੀ। ਗ੍ਰਿਫਤਾਰ ਹੋਏ ਸਿੰਘਾਂ ਵਿਚ ੩੫ ਸ਼੍ਰੋ: ਕਮੇਟੀ ਦੇ ਮੈਂਬਰ ਸਨ। ਇਸ ਮੋਰਚੇ ਵਿਚ ਪੰ: ਮਦਨ ਮੋਹਨ ਮਾਲਵੀਆ, ਸ੍ਵਾਮੀ ਸ਼ਰਧਾ ਨੰਦ, ਹਕੀਮ ਅਜਮਲ ਖਾਨ, ਸ੍ਰੀ ਮਤੀ ਸਰੋਜਨੀ ਨਾਈਡੋ, ਪਾਦਰੀ ਐਂਡਰੂਯੂਜ਼, ਲਾਲਾ ਦੁਨੀ ਚੰਦ ਪ੍ਰਧਾਨ ਪੰਜਾਬ ਕਾਂਗਰਸ, ਮਲਕ ਲਾਲ ਖਾਂ, ਪ੍ਰੋ: ਰੁਚੀ ਰਾਮ ਸਾਹਨੀ ਆਦਿਕ ਲੀਡਰਾਂ ਨੇ ਕਾਫੀ ਸਹਾਇਤਾ ਕੀਤੀ। ਇਸ ਮੋਰਚੇ ਵਿਚ ਚੀਫ ਖਾਲਸਾ ਦੀਵਾਨ ਵਲੋਂ ਸ: ਸ਼ਿਵਦੇਵ ਸਿੰਘ, ਸ: ਜੋਗਿੰਦਰ ਸਿੰਘ, ਭਾਈ ਜੋਧ ਸਿੰਘ ਐਮ. ਏ. ਨੇ ਚੰਗੀ ਹਮਦਰਦੀ ਪ੍ਰਗਟ ਕੀਤੀ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸੰਗਤਾਂ ਨੇ ਤਿੰਨ ਲੱਖ ਰੁਪਇਆ ਸ਼੍ਰੋ: ਕਮੇਟੀ ਨੂੰ ਦਿਤਾ। ਉਸ ਸਮੇਂ ਕਮੇਟੀ ਦੇ ਪਾਸ ਰੁਪਏ ਤੇ ਕੁਰਬਾਨੀ

Digitized by Panjab Digital Library | www.panjabdigilib.org

ਕਰਨ ਵਾਲੇ ਸਿੰਘਾਂ ਦੀ ਕਮੀਂ ਨਹੀਂ ਸੀ। ਅੰਤ ਇਸ ਮੋਰਚੇ ਵਿਚ ਭੀ ਸਰਕਾਰ ਨੂੰ ਸਿੰਘਾਂ ਦੇ ਸਾਹਮਣੇ ਝੁਕਣਾ ਪਿਆ। ਇਹ ਮੋਰਚੇ ਦੇ ਅੰਤ ਪਰ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਪੜਤਾਲੀਆ ਕਮੇਟੀ ਨੀਯਤ ਕੀਤੀ ਜਿਸ ਨੇ ਬਹੁਤ ਸਾਰੇ ਮੁਖੀ ਲੀਡਰਾਂ ਦੇ ਬਿਆਨ ਕਲਮ ਬੰਦ ਕਰਕੇ ਰੀਪੋਰਟ ਤਿਆਰ ਕੀਤੀ। ਇਸ ਕਮੇਟੀ ਦੇ ਪ੍ਰਧਾਨ (੧) ਸ੍ਰੀ ਸ੍ਰੀਨਿਵਾਸ ਆਇੰਗਰ ਸਾਬਕ ਐਡਵੋਕੇਟ ਜਨਰਲ ਮਦਰਾਸ ਦੇ ਮੈਂਬਰ, ਸ੍ਰੀ ਜੇ. ਐਮ. ਜੈਨ ਗੁਪਤਾ ਕਲਕੱਤਾ। ਪਾਦਰੀ ਐਸ. ਪੀ. ਸਕੋਟਸ ਕੋਟਗੜ੍ਹ ਸ਼ਿਮਲਾ, ਸ੍ਰੀ ਅਭੇਅੰਕਰ ਬੈਰਿਸਟਰ ਨਾਗ ਪੁਰ, ਮੌਲਵੀ ਮੁਹੰਮਦ ਤੱਕੀ ਵਕੀਲ ਦਿਲੀ ਅਤੇ ਪ੍ਰੋ: ਰੁਚੀ ਰਾਮ ਸਾਹਨੀ ਐਮ. ਏ. ਸਕੱਤਰ ਸਨ। ਇਸ ਕਮੇਟੀ ਨੇ ੧੧੦ ਗਵਾਹੀਆਂ ਲਈਆਂ ਤੇ ਅੰਗਰੇਜ਼ੀ ਵਿਚ ੩੫੨ ਸਫਿਆਂ ਦੀ ਇਕ ਰੀਪੋਰਟ ਤਿਆਰ ਕਰਕੇ ਛਾਪੀ ਜਿਸ ਵਿਚ ੪੪ ਫੋਟੋ ਸਨ। ਇਹ ਗੁਰੂ ਕੇ ਬਾਗ ਦਾ ਅਦੁਤੀ ਇਤਿਹਾਸ ਹੈ। ਇਸ ਵਿਚ ਚੀਫ ਖਾਲਸਾ ਦੀਵਾਨ, ਪੰਜਾਬ ਕਾਂਗਰਸ, ਖਿਲਾਫਤ ਕਮੇਟੀ, ਸੇਵਾ ਸੰਮਤੀ, ਪ੍ਰਸਿੱਧ ਅਖਬਾਰਾਂ ਦੇ ਐਡੀਟਰਾਂ ਦੇ ਬਿਆਨ ਹਨ, ਜਿਨ੍ਹਾਂ ਨੂੰ ਅਸੀਂ ਵਿਸਥਾਰ ਦੇ ਡਰ ਤੋਂ ਨਹੀਂ ਦੇ ਸਕੇ। ਜਿਨ੍ਹਾਂ ਸਜਨਾਂ ਨੇ ਬਿਆਨ ਕਲਮ ਬੰਦ ਕਰਾਏ ਉਨ੍ਹਾਂ ਦੇ ਨਾਮ ਇਹ ਹਨ:—

(੧) ਮਿ: ਐਚ. ਡੀ. ਕਰੇਕ ਚੀਫ ਸੈਕਟਰੀ ਪੰਜਾਬ।
(੨) ਪ੍ਰੋ: ਜੋਧ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ।
(੩) ਸ: ਹਜ਼ੂਰਾ ਸਿੰਘ ਜੀ ਠੇਕੇਦਾਰ।
੪. ਲਾਲਾ ਦੁਨੀ ਚੰਦ ਬੈਰਿਸਟਰ ਲਾਹੌਰ।
੫. ਭਾ: ਮੋਹਨ ਸਿੰਘ ਵੈਦ ਤਰਨ ਤਾਰਨ।
੬. ਭਾ: ਤਖਤ ਸਿੰਘ ਫੀਰੋਜ਼ਪੁਰ।
੭. ਰਾਇਜ਼ਾਦਾ ਹੰਸਰਾਜ ਬੈਰਿਸਟਰ ਜਲੰਧਰ।
੮. ਸ੍ਰੀ ਮਤੀ ਲਜਿਆ ਵਤੀ ਪ੍ਰਿੰਸੀਪਲ ਕੰ: ਮਹਾ: ਵਿ: ਜਲੰਧਰ।
੯. ਸਯਦ ਅਤਾ ਉਲਾ ਸ਼ਾਹ ਬੈਰਿਸਟਰ ਜਲੰਧਰ।
੧੦. ਪੰ: ਅਮਰ ਨਾਥ ਵਕੀਲ ਜਲੰਧਰ।
੧੧. ਸ੍ਰੀ ਗਿਆਨ ਚੰਦ ਐਡੀਟਰ ਬੰਦੇ ਮਾਤਰਮ।
੧੨. ਮਿ: ਜੀਏ ਸੁੰਦਰਮ ਐਡੀਟਰ ਇੰਡੀਪੈਂਡੈਂਟ ਅਲਾਹਾਬਾਦ।
੧੩. ਡਾ: ਗੋਪੀ ਚੰਦ ਭਾਰਗੋ।
੧੪. ਪੰ: ਮੇਲਾ ਰਾਮ ਵਫਾ ਐਡੀਟਰ ਬੰਦੇ ਮਾਤਰਮ ਲਾਹੌਰ।
੧੫. ਸ੍ਰੀ ਅਨੰਦ ਨਰਾਇਣ ਸਹਾਇਕ ਸੰਪਾਦਕ ਟ੍ਰਿਬਿਊਨ।
੧੬. ਮਹਾਸ਼ਾ ਕ੍ਰਿਸ਼ਨ ਐਡੀਟਰ ਪ੍ਰਤਾਪ ਲਾਹੌਰ।
੧੭. ਪੰ: ਕੇਸੰਤਾਨਮ ਜਨਰਲ ਸਕੱਤ੍ਰ ਪੰਜਾਬ ਸੂਬਾ ਕਾਂਗਰਸ।
੧੮. ਦੀਵਾਨ ਬਹਾਦਰ ਰਾਜਾ ਨਰਿੰਦਰ ਨਾਥ ਲਾਹੌਰ।
੧੯. ਸ੍ਰੀ ਦੀਨਾ ਨਾਥ ਐਡੀਟਰ "ਦੇਸ਼"।
੨੦. ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ ਲਾਹੌਰ।
੨੧. ਸ: ਦਾਨ ਸਿੰਘ ਵਿਛੋਆ।
੨੨. ਮਿਰਜ਼ਾ ਯਾਕੂਬ ਬੇਗ ਲਾਹੌਰ, ਆਦਿਕ ਮੁਖੀਆਂ ਦੇ ਨਾਮ ਵਰਣਨ ਕਰਨ ਯੋਗ ਹਨ।

Digitized by Panjab Digital Library | www.panjabdigilib.org

ਗੁਰੂ ਕੇ ਬਾਗ਼ ਦੇ ਮੋਰਚੇ ਦੇ ਸਬੰਧ ਵਿਚ ਅਕਾਲੀ ਲੀਡਰਾਂ ਵਿਰੁਧ ਮੁਕੱਦਮਾ ਚਲਾਇਆ ਗਿਆ । ਪੰ: ਮਾਲਵੀਆ ਇਸ ਕੇਸ ਵਿਚ ਲੀਡਰਾਂ ਵਲੋਂ ਪੇਸ਼ ਹੋਏ। ਆਪ ਨੇ ਇਤਨੀਆਂ ਜ਼ਬਰਦਸਤ ਦਲੀਲਾਂ ਦਿੱਤੀਆਂ। ਸਰਕਾਰ ਨੇ ਇਸ ਮੋਰਚੇ ਨੂੰ ਖਤਮ ਕਰਨ ਲਈ ਗੁਰੂ ਕੇ ਬਾਗ਼ ਦੀ ਜ਼ਮੀਨ ਸਰ ਗੰਗਾ ਰਾਮ ਨੂੰ ਠੇਕੇ ਤੇ ਦੇ ਦਿੱਤੀ ਅਤੇ ਉਸ ਨੇ ਸਰਕਾਰ ਨੂੰ ਲਿਖ ਦਿੱਤਾ ਕਿ ਮੈਨੂੰ ਪੁਲਸ ਦੀ ਲੋੜ ਨਹੀਂ । ਹੌਲੀ ਹੌਲੀ ਸਰਕਾਰ ਨੇ ਗ੍ਰਿਫਤਾਰ ਹੋਏ ਸਿੰਘਾਂ ਨੂੰ ਰਿਹਾ ਕਰਨਾ ਸ਼ੁਰੂ ਕਰ ਦਿੱਤਾ। ਇਸ ਮੋਰਚੇ ਨਾਲ ਹੀ ਸ੍ਰੀ ਪੰਜਾ ਸਾਹਿਬ ਦੇ ਸਾਕੇ ਦਾ ਸਬੰਧ ਹੈ ।

ਗੁਰੂ ਕੇ ਬਾਗ਼ ਵਿਚ ਇਕ ਫੌਜੀ ਪੈਨਸ਼ਨੀਆਂ ਦਾ ਜਥਾ ਭੀ ਗ੍ਰਿਫਤਾਰ ਹੋ ਗਿਆ ਸੀ। ਇਸ ਜੱਥੇ ਦੇ ਜਥੇਦਾਰ ਸੂਬੇਦਾਰ ਅਮਰ ਸਿੰਘ ਜੀ ਧਾਲੀ ਵਾਲ ( ਕਪੂਰ ਥਲਾ ) ਅਤੇ ਮੀਤ ਜਥੇਦਾਰ ਮਾ: ਚਤਰ ਸਿੰਘ ਜੀ ਹਵਾਲਦਾਰ ਪਲਟਨ ਨੰ: ੧੯ ਸਨ । ਇਸ ਜੱਥੇ ਨੂੰ ਮਿ: ਅਸਲਮ ਹਯਾਤ ਖਾਂ-ਮਜਿਸਟ੍ਰੇਟ ਨੇ ਢਾਈ ਢਾਈ ਸਾਲ ਕੈਦ ਤੇ ਇਕ ੨ ਸੌ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ। ਇਹ ਜਥਾ ੧੯ ਅਕਤੂਬਰ ਦੀ ਰਾਤ ਦੀ ਗੱਡੀ ਅੰਮ੍ਰਿਤਸਰ ਤੋਂ ਆ ਕੇ ਕਿਲੇ ਦੀ ਜੇਲ੍ਹ ਵਲ ਰੇਲ ਗੱਡੀ ਰਾਹੀਂ ਰਵਾਨਾ ਕੀਤਾ ਗਿਆ । ਰਸਤੇ ਵਿਚ ਗੁਜਰਾਂ ਵਾਲੇ ਦੀ ਸੰਗਤ ਨੇ ਜੱਥੇ ਦੀ ਸੇਵਾ ਕੀਤੀ। ੩੦ ਅਕਤੂਬਰ ਨੂੰ ਸ਼ਾਮ ਦੇ ਵਕਤ ਇਸ ਜੱਥੇ ਨੇ ਹਸਨ ਅਬਦਾਲ ਦੇ ਸਟੇਸ਼ਨ ਤੋਂ ਲੰਘਣਾ ਸੀ। ਸ੍ਰੀ ਪੰਜਾ ਸਾਹਿਬ ਦੀ ਸੰਗਤ ਨੇ ਜੱਥੇ ਦੀ ਸੇਵਾ ਵਾਸਤੇ ਦੁੱਧ, ਫੱਲ, ਮਿਠਿਆਈਆਂ ਆਦਿਕ ਤਿਆਰ ਕੀਤੀਆਂ । ਜਥਾ ਸ਼ਬਦ ਪੜ੍ਹਦਾ ਹੋਇਆ ਸਟੇਸ਼ਨ ਪਰ ਪੁਜ ਗਿਆ ।

ਜੱਥੇ ਦੇ ਮੁਖੀਆਂ ਨੂੰ ਸਟੇਸ਼ਨ ਮਾਸਟਰ ਨੇ ਕਿਹਾ ਕਿ ਗੱਡੀ ਨੂੰ ਇਥੇ ਠਹਿਰਣ ਦਾ ਹੁਕਮ ਨਹੀਂ । ਸਿੰਘਾਂ ਨੇ ਬੇਨਤੀ ਕੀਤੀ ਕਿ ਕਿਸੇ ਤਰ੍ਹਾਂ ਗੱਡੀ ਨੂੰ ਰੋਕੋ। ਸਟੇਸ਼ਨ ਮਾਸਟਰ ਨੇ ਕਿਹਾ, ਇਹ ਮੁਸ਼ਕਲ ਹੈ। ਸੰਗਤਾਂ ਵਿਚ ਨਰਾਸ਼ਤਾ ਦੀ ਲਹਿਰ ਦੌੜ ਗਈ। ਜੱਥੇ ਦੇ ਮੁਖੀ ਭਾ: ਕਰਮ ਸਿੰਘ ਤੇ ਪ੍ਰਤਾਪ-ਸਿੰਘ ਜੀ ਨੇ ਕਿਹਾ, ਗੱਡੀ ਜ਼ਰੂਰ ਖੜੀ ਹੋਵੇਗੀ। ਅਸੀਂ ਆਪਣੇ ਵੀਰਾਂ ਨੂੰ ਦੁੱਧ ਤੇ ਫੱਲ ਜ਼ਰੂਰ ਛਕਾਵਾਂਗੇ। ਰਾਵਲਪਿੰਡੀ ਤੋਂ ਚਲ ਕੇ ਗੱਡੀ ਪੰਜਾ ਸਾਹਿਬ ਪੁਜ ਗਈ। ਸਟੇਸ਼ਨ ਮਾਸਟਰ ਨੇ ਲਾਈਨ ਕਲੀਅਰ ਦੇ ਦਿੱਤਾ। ਜਿਸ ਸਮੇਂ ਗੱਡੀ ਨੇੜੇ ਆਈ, ਭਾ: ਕਰਮ ਸਿੰਘ ਤੇ ਭਾ: ਪ੍ਰਤਾਪ ਸਿੰਘ ਲਾਈਨ ਪਰ ਲੇਟ ਗਏ। ਡਰਾਈਵਰ ਨੇ ਬਹੁਤ ਵਿਸਲਾਂ ਦਿੱਤੀਆਂ ਪਰ ਉਹ ਨਾ ਉੱਠੇ। ਗੱਡੀ ਇਨ੍ਹਾਂ ਦੋਹਾਂ ਸਿੰਘਾਂ ਪਰ ਆ ਚੜ੍ਹੀ। ਦੋਹਾਂ ਦੇ ਸਰੀਰ ਇੰਜਨ ਦੇ ਪਹੀਆਂ ਵਿਚ ਉਲਝ ਗਏ। ਹੁਣ ਗੱਡੀ ਰੁਕ ਗਈ,ਸਖਤ ਘਾਇਲ ਹੋਏ ਸਿੰਘਾਂ ਨੂੰ ਪਹੀਆਂ ਵਿਚੋਂ ਕਢਿਆ। ਉਨ੍ਹਾਂ ਨੇ ਕਿਹਾ, ਪਹਿਲੇ ਭਰਾਵਾਂ ਦੀ ਸੇਵਾ ਕਰੋ ਸਾਡਾ ਫਿਕਰ ਨਾ ਕਰੋ ।

ਸਾਰੀ ਸੰਗਤ ਵਿਚ ਮਾਤਮ ਰਸ ਛਾ ਗਿਆ। ਜੱਥੇ ਵਾਲੇ ਸਿੰਘਾਂ ਨੇ ਭੀ ਬਹੁਤ ਦੁੱਖ ਅਨਭਵ ਕੀਤਾ। ਭਾ: ਪ੍ਰਤਾਪ ਸਿੰਘ ਤੇ ਭਾ: ਕਰਮ ਸਿੰਘ ਸ਼ਹੀਦ ਹੋ ਗਏ, ਪ੍ਰੰਤੂ ਉਨ੍ਹਾਂ ਨੇ ਆਪਾ ਵਾਰ ਕੇ ਸੇਵਾ ਕਰਨ ਦੀ ਅਦੁਤੀ ਮਿਸਾਲ ਕਾਇਮ ਕਰ ਦਿੱਤੀ। ਪੰਜਾ ਸਾਹਿਬ ਦੀਆਂ ਇਨ੍ਹਾਂ ਸ਼ਹੀਦੀਆਂ ਦਾ ਭੀ ਪੰਥ ਪਰ ਬਹੁਤ ਅਸਰ ਹੋਇਆ ਅਤੇ "ਸਿੱਖ ਪਰ ਵਾਰਤ ਪ੍ਰਾਣ" ਦਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਨੇ ਅਮਲੀ ਸਬੂਤ ਦਿੱਤਾ। ਅਟਕ ਜੇਲ੍ਹ ਵਿਚ ਲੈ ਜਾਏ ਗਏ ਸਿੰਘਾਂ ਪਰ ਬਹੁਤ ਸਖਤੀਆਂ ਕੀਤੀਆਂ ਗਈਆਂ ।

Digitized by Panjab Digital Library | www.panjabdigilib.org

# ਗੁਰੂ ਕੇ ਬਾਗ ਦੇ ਕੁਝ ਸੂਰਬੀਰਾਂ ਦੀ ਸੂਚੀ ਪੱਤ੍ਰ

ਸਿੰਘਾਂ ਤਾਂਈ ਲਿਤਾੜਦਾ ਹੋ ਘੋੜੇ ਅਸਵਾਰ।
ਪੋਰੀ ਪੋਰੀ ਭੰਨਦਾ ਕਰ ਡਾਂਗਾਂ ਦੀ ਮਾਰ।
ਬੀ.ਟੀ. ਬਾਟਾ ਪਾਪ ਦਾ ਕਰ ਲਿਆ ਭਰਪੂਰ।
ਉਠ ਅਣਖੀਲੇ ਜੋਧਿਆ ਕੀਤਾ ਚਕਨਾ ਚੂਰ।

ਜਿਨ੍ਹਾਂ ਗੁਰੂ ਪਿਆਰਿਆਂ ਮਰਜੀਉੜਿਆਂ, ਬ੍ਰਹਮ ਗਿਆਨੀਆਂ, ਸੂਰਬੀਰਾਂ, ਕੌਮੀ ਪ੍ਰਵਾਨਿਆਂ ਤੇ ਸਿਦਕੀਆਂ ਨੇ ਗੁਰੂ ਕੇ ਬਾਗ ਵਿਚ ਸ਼ਾਂਤਮਈ ਸਤਿਆਗ੍ਰਹਿ ਕਰਦੇ ਹੋਏ ਅੰਗਰੇਜ਼ ਬੀ. ਟੀ. ਦੀ ਪੁਲਸ ਦੀਆਂ ਡਾਂਗਾਂ ਖਾਧੀਆਂ, ਫੌਜ ਪਾਸੋਂ ਮਾਰ ਖਾਧੀ ਜਿਨ੍ਹਾਂ ਨੂੰ ਮਾਰ ਕੁਟ ਕੇ ਤੇ ਬੇਹੋਸ਼ ਕਰ ਕੇ ਛਪੜਾਂ ਤੇ ਨਹਿਰ ਦੇ ਸੂਇਆਂ ਵਿਚ ਸੁਟਿਆ ਗਿਆ, ਜਿਨ੍ਹਾਂ ਦੀਆਂ ਛਾਤੀਆਂ ਤੇ ਘੋੜੇ ਦੁੜਾਏ ਗਏ, ਉਨ੍ਹਾਂ ਵਿਚੋਂ ਜ਼ਖਮੀਆਂ ਦੀ ਇਕ ਸੂਚੀ ਪੱਤ੍ਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸਤੰਬਰ ੧੯੨੨ ਈ: ਵਿਚ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਅੰਗਰੇਜੀ ਵਿਚ ਛਪਵਾਈ ਸੀ। ਇਹ ਇਕ ਤਰਾਂ ਦੀ ਮੈਡੀਕਲ ਰੀਪੋਰਟ ਹੈ। ਜਿਸ ਵਿਚ ਸਿੰਘਾਂ ਦੇ ਨਾਂ, ਪਤੇ, ਵਲਦੀਅਤ, ਲਗੀਆਂ ਸੱਟਾਂ ਤੇ ਜ਼ਖਮਾਂ ਦਾ ਵੇਰਵਾ ਦਰਜ ਹੈ ਪਰ ਅਸੀਂ ਵਿਸਥਾਰ ਹੋਣ ਦੇ ਡਰ ਤੋਂ ਜ਼ਖਮਾਂ ਦਾ ਵੇਰਵਾ ਨਹੀਂ ਦੇ ਰਹੇ, ਕੇਵਲ ਸਤਿਆਗ੍ਰਹੀ ਸਿੰਘਾਂ ਦੇ ਨਾਮ ਉਨ੍ਹਾਂ ਮਰਜੀਉੜਿਆਂ ਦੇ ਆਉਣ ਗੇ ਜਿਨ੍ਹਾਂ ਨੇ ਗੁਰੂ ਪੰਥ ਦੇ ਹੁਕਮ ਨੂੰ ਸਿਰ ਮਥੇ ਮੰਨ ਕੇ, ਲਾਠੀਆਂ ਦੀਆਂ ਮਾਰਾਂ ਅਤੇ ਘੋੜਿਆਂ ਦੀਆਂ ਲਿਤਾੜਾਂ ਹੇਠ ਧਾਨਾਂ ਵਾਂਗ ਤਨ ਨੂੰ ਤੁੜਵਾਇਆ। ਕੁਟ ਬੰਦ ਹੋਣ ਤੋਂ ਸਜ਼ਾਵਾਂ ਤੇ ਜੁਰਮਾਨੇ ਕਟੇ ਹਨ।

## ਜ਼ਿਲਾ ਅੰਮ੍ਰਿਤਸਰ ਦੇ ਗੁਰੂ ਕੇ ਬਾਗ ਦੇ ਸਿੰਘਾਂ ਦੇ ਨਾਮ

| ਨਾਮ | ਪਿਤਾ ਦਾ ਨਾਮ | ਪਿੰਡ |
|---|---|---|
| ਹਰਭਜਨ ਸਿੰਘ | ਜੁਵਾਲਾ ਸਿੰਘ | ਘਰਿੰਡਾ |
| ਜਗਤ ਸਿੰਘ | ਸੁੰਦਰ ਸਿੰਘ | ਚੋਲਾਂ |
| ਧਰਮ ਸਿੰਘ | ਲਾਭ ਸਿੰਘ | ਅੰਮ੍ਰਿਤਸਰ |
| ਕਰਤਾਰ ਸਿੰਘ | ਫਤਹਿ ਸਿੰਘ | ਖੰਡੂਰ ਸਾਹਿਬ |
| ਹਰਨਾਮ ਸਿੰਘ | ਸ਼ਾਮ ਸਿੰਘ | ਨਾਗੋਰੀ |
| ਬਿਸ਼ਨ ਸਿੰਘ | ਅਨੂਪ ਸਿੰਘ | ਪੁਲ ਰੰਜਰੀ |
| ਇੰਦਰ ਸਿੰਘ | ਹਰੀ ਸਿੰਘ | ਹੇਹਅਰ |
| ਸੰਤੋਖ ਸਿੰਘ | ਮਤਾਬ ਸਿੰਘ | ਸੂਬੇ ਵਾਲ |
| ਬਿਸ਼ਨ ਸਿੰਘ | ਮੰਨਾ ਸਿੰਘ | ਜੱਲ ਵਾਲ |
| ਨਰੈਣ ਸਿੰਘ ਜਥੇਦਾਰ | ਨੱਥਾ ਸਿੰਘ | ਪੰਡੋਰੀ ਗੋਲਾ |
| ਕੇਸਰ ਸਿੰਘ | ਗੁਲਾਬ ਸਿੰਘ | ਬਾਦੇ |
| ਬੂਟਾ ਸਿੰਘ | ਨਿਹਾਲ ਸਿੰਘ | ਅੰਮ੍ਰਿਤਸਰ |
| ਚੜਤ ਸਿੰਘ | ਸੁਚੇਤ ਸਿੰਘ | ਪੰਜ ਬੜ |
| ਉਜਾਗਰ ਸਿੰਘ | ਬੀਰ ਸਿੰਘ | ਬਾਦੇ |
| ਹਰਨਾਮ ਸਿੰਘ | ਨਿਹਾਲ ਸਿੰਘ | ਗੋਹਲ ਬੜ |

Digitized by Panjab Digital Library | www.panjabdigilib.org

| ਨਾਮ | ਪਿਤਾ | ਪਿੰਡ |
|---|---|---|
| ਭੋਲਾ ਸਿੰਘ | ਨਿਹਾਲ ਸਿੰਘ | ਗੋਹਲ ਬੜ |
| ਇੰਦਰ ਸਿੰਘ | ਜੁਵਾਲਾ ਸਿੰਘ | ਗੱਗੋ ਬੂਆ |
| ਬੰਮਣ ਸਿੰਘ | ਕੇਸਰ ਸਿੰਘ | ਦੁਬਲੀਆਂ |
| ਮੋਹਰ ਸਿੰਘ | ਜੈਮਲ ਸਿੰਘ | ਝਵਾਲ |
| ਹੀਰਾ ਸਿੰਘ | ਨੰਦ ਸਿੰਘ | ਕੋਟ ਧੁਮ ਚੰਦ |
| ਇੰਦਰ ਸਿੰਘ | ਪ੍ਰੀਤਮ ਸਿੰਘ | ਪੰਡੋਰੀ ਗੋਲਾਂ |
| ਕੇਹਰ ਸਿੰਘ | ਸਾਵਣ ਸਿੰਘ | ਟਾਂਗਰਾ |
| ਗੰਗਾ ਸਿੰਘ | ਸੋਹਣ ਸਿੰਘ | ,, |
| ਪ੍ਰੀਤਮ ਸਿੰਘ | ਨਿਹਾਲ ਸਿੰਘ | ਪਘਾਣੀ |
| ਸਾਧੂ ਸਿੰਘ | ਨਥਾ ਸਿੰਘ | ਅੰਮ੍ਰਿਤਸਰ |
| ਲਛਮਣ ਸਿੰਘ | ਜਗਤ ਸਿੰਘ | ,, |
| ਰਣਜੋਧ ਸਿੰਘ | ਪ੍ਰਤਾਪ ਸਿੰਘ | ਕਸੇਲ |
| ਮਹਿਤਾਬ ਸਿੰਘ | ਬੂਟਾ ਸਿੰਘ | ਬੰਡ ਭਜਰਾਂ |
| ਬੂਟਾ ਸਿੰਘ | ਗੰਡਾ ਸਿੰਘ | ਪੰਜਵੜ |
| ਦਾਨ ਸਿੰਘ | ਰਲਾ ਸਿੰਘ | ਵੱਡਾ ਚੱਕ ਗਿਲਾਂ |
| ਮਹਿਤਾਬ ਸਿੰਘ | ਹੁਕਮ ਸਿੰਘ | ਕੋਟ ਧੂਮ ਚੰਦ |
| ਕਿਸ਼ਨ ਸਿੰਘ | ਪੰਜਾਬ ਸਿੰਘ | ਪਸੀਣ |
| ਮੋਹਣ ਸਿੰਘ | ਦਿਆਲ ਸਿੰਘ | ਪੰਡੋਰੀ ਗੋਲਾਂ |
| ਕੇਸਰ ਸਿੰਘ | ਦੇਵਾ ਸਿੰਘ | ਗੋਹਲ ਬੜ |
| ਕਿਸ਼ਨ ਸਿੰਘ | ਤਾਰਾ ਸਿੰਘ | ਸੁਹਾਲੀ ਕਲਾਂ |
| ਗੁਰਦਿਆਲ ਸਿੰਘ | ਪਾਲ ਸਿੰਘ | ਨਸ਼ਹਿਰਾ ਪੱਨੂਆਂ |
| ਜੋਧ ਸਿੰਘ | ਬੂਟਾ ਸਿੰਘ | ਮਾਲੋਵਾਲ |
| ਮੇਲਾ ਸਿੰਘ | ਸੰਤਾ ਸਿੰਘ | ਜਾਗੋਵਾਲ |

| ਨਾਮ | ਪਿਤਾ | ਪਿੰਡ |
|---|---|---|
| ਗੁਰਬਖਸ਼ ਸਿੰਘ | ਵਰਿਆਮ ਸਿੰਘ | ਕੋਟ ਧੁਮ ਚੰਦ |
| ਨਥਾ ਸਿੰਘ | ਵੀਰ ਸਿੰਘ | ਜੰਡੋਰੇ |
| ਜੋਧ ਸਿੰਘ | ਬੱਗਾ ਸਿੰਘ | ਟਾਂਗਰਾਂ |
| ਆਲਾ ਸਿੰਘ | ਚੰਦਾ ਸਿੰਘ | ਗੱਗੋ ਬੂਹਾ |
| ਮੇਵਾ ਸਿੰਘ | ਮੂਲਾ ਸਿੰਘ | ,, |
| ਸੋਹਣ ਸਿੰਘ | ਝੰਡਾ ਸਿੰਘ | ਪੰਜ ਬੜ |
| ਕਾਲਾ ਸਿੰਘ | ਮੇਲਾ ਸਿੰਘ | ਮੂਸੇ |
| ਰਨਧੀਰ ਸਿੰਘ | ਭਾਨ ਸਿੰਘ | ਦੱਬਲੀਆਂ |
| ਚਰਨ ਸਿੰਘ | ਇੰਦਰ ਸਿੰਘ | ਕਾਲੇ ਘਨੂ ਪੁਰ |
| ਪ੍ਰੀਤਮ ਸਿੰਘ | ਨਿਹਾਲ ਸਿੰਘ | ਫਤੂ ਭੀਲਾ |
| ਭਗਵਾਨ ਸਿੰਘ | ਈਸਰ ਸਿੰਘ | ਕੋਟ ਧਮ ਚੰਦ |
| ਰਾਮ ਸਿੰਘ | ਮੇਘ ਸਿੰਘ | ਚੱਕ ਨੰ: ੪੪੬ |
| ਪ੍ਰੀਤਮ ਸਿੰਘ | ਹਰੀ ਸੰਘ | ਛੱਜਲ ਵੱਡੀ |
| ਕੇਹਰ ਸਿਘ | ਗੁਰਦਿਤ ਸਿੰਘ | ਕੋਟ ਧੁਮ ਚੰਦ |
| ਨੰਦ ਸਿੰਘ | ਗੁਰਦਿਤ ਸਿੰਘ | ਬਾਦੇ |
| ਕਿਰਪਾਲ ਸਿੰਘ | ਗੰਡਾ ਸਿੰਘ | ਬਰਨਾਲੀ |
| ਹਰਨਾਮ ਸਿੰਘ | ਬਹਾਦਰ ਸਿੰਘ | ਤੋਲੇ ਨੰਗਲ |
| ਭਗਵਾਨ ਸਿੰਘ | ਸ਼ੇਰ ਸਿੰਘ | ਖਤਰਾ ਨਿਰੇ |
| ਜੋਧ ਸਿੰਘ | ਭੋਲਾ ਸਿੰਘ | ਨਾਗੋਕੇ |
| ਜੋਧ ਸਿੰਘ | ਰਤਨ ਸਿੰਘ | ਚਾਂਮੇ ਕਲਾਂ |
| ਸੁੰਦਰ ਸਿੰਘ | ਆਲਾ ਸਿੰਘ | ਚੰਗੜ ਪੁਰ |
| ਜਵੰਦ ਸਿੰਘ | ਗੁਰਦਿਤ ਸਿੰਘ | ਸਾਮ ਨਗਰ |
| ਇੰਦਰ ਸਿੰਘ | ਈਸਰ ਸਿੰਘ | ਸਰਾਏ |
| | | ਅਮਾਨਤ ਖਾਂ |

Digitized by Panjab Digital Library | www.panjabdigilib.org

| ਨਾਮ | ਪਿਤਾ | ਪਿੰਡ |
|---|---|---|
| ਚੇਤ ਸਿੰਘ | ਸੰਤ ਸਿੰਘ | ਰਣੀਕੇ |
| ਸੋਹਣ ਸਿੰਘ | ਬੀਰ ਸਿੰਘ | ,, |
| ਨਰੈਣ ਸਿੰਘ | ਪ੍ਰੇਮ ਸਿੰਘ | ,, |
| ਦਾਨ ਸਿੰਘ | ਵਸਾਖਾ ਸਿੰਘ | ਪੱਧਰੀ |
| ਉਜਾਗਰ ਸਿੰਘ | | ਢੱਡ |
| ਜਸਵੰਤ ਸਿੰਘ | ਦੇਵਾ ਸਿੰਘ | ਚੀਮੇ ਕਲਾਂ |
| ਜੋਧ ਸਿੰਘ | ਜਵੰਦ ਸਿੰਘ | ਚੱਕ ਸਕੰਦਰ |
| ਨੰਦ ਸਿੰਘ | ਪ੍ਰੇਮ ਸਿੰਘ | ਗੁਜਰ ਪੁਰਾ |
| ਅਵਤਾਰ ਸਿੰਘ | ਜਵੰਦ ਸਿੰਘ | ਨਾਗੋਕੇ |
| ਭਗਵਾਨ ਸਿੰਘ | ਰਾਮ ਸਿੰਘ | ਚਕੋਦਰ |
| ਇੰਦਰ ਸਿੰਘ | ਵਾਸਾਵਾ ਸਿੰਘ | ਪੱਦਰੀ ਕਲਾਂ |
| ਜੁਗਿੰਦਰ ਸਿੰਘ | ਸੰਤਾ ਸਿੰਘ | ਫਤਿਹ ਪੁਰ |
| ਗੁਰਮੁਖ ਸਿੰਘ | ਗੰਡਾ ਸਿੰਘ | ਢੱਠਾ ਪੁਰ |
| ਅਰਜਣ ਸਿੰਘ | ਹਾਕਮ ਸਿੰਘ | ਪੱਧਰੀ ਕਲਾਂ |
| ਸੰਤਾ ਸਿੰਘ | ਆਲਾ ਸਿੰਘ | ,, |
| ਹਾਕਮ ਸਿੰਘ | ਦੇਵਾ ਸਿੰਘ | ਜਗਤ ਪੁਰ |
| ਤਾਰਾ ਸਿੰਘ | ਖੁਸ਼ਾਲ ਸਿੰਘ | ਢੱਡ |
| ਨਿਹਾਲ ਸਿੰਘ | ਜਵੰਦ ਸਿੰਘ | ਬੇਹਰੇ |
| ਨੰਦ ਸਿੰਘ | ਜਵੰਦ ਸਿੰਘ | ਚਕੋਦਰ |
| ਰਾਮ ਸਿੰਘ | ਦਇਆ ਸਿੰਘ | ਚੀਮੇ ਕਲਾਂ |
| ਮੋਹਣ ਸਿੰਘ | ਨਿੱਕਾ ਸਿੰਘ | ਪੱਧਰੀ ਕਲਾਂ |
| ਨਿਹਾਲ ਸਿੰਘ | ਵਾਸਾਖਾ ਸਿੰਘ | ਅੰਮ੍ਰਿਤਸਰ |
| ਰਾਮ ਸਿੰਘ | ਜਵੰਦ ਸਿੰਘ | ਚੱਕ ਸਕੰਦਰ |
| ਮੱਖਣ ਸਿੰਘ | ਇੰਦਰ ਸਿੰਘ | ,, |

| ਨਾਮ | ਪਿਤਾ | ਪਿੰਡ |
|---|---|---|
| ਮਾਨ ਸਿੰਘ | ਬਿਸ਼ਨ ਸਿੰਘ | ,, |
| ਬਘੇਲ ਸਿੰਘ | ਮਨਮੋਹਨ ਸਿੰਘ | ਪੱਧਰੀ ਕਲਾਂ |
| ਅਮਰ ਸਿੰਘ | ਹੇਮ ਸਿੰਘ | ਕਲਿਤ |
| ਕਰਪਾਲ ਸਿੰਘ | ਬਖਸ਼ੀ ਸਿੰਘ | ਰਣੀਕੇ |
| ਲਾਭ ਸਿੰਘ | ਗਣੇਸ਼ਾ ਸਿੰਘ | ਨਛੋਹਰਾ |
| ਇੰਦਰ ਸਿੰਘ | ਰਲਾ ਸਿੰਘ | ਅਟਾਰੀ |
| ਰਾਮ ਸਿੰਘ | ਸੁੰਦਰ ਸਿੰਘ | ਪੰਜ ਬੜ |
| ਬੀਰ ਸਿੰਘ | ਮਹਿਤਾਬ ਸਿੰਘ | ਫਤਿਹ ਪੁਰ |
| ਟੇਹਲ ਸਿੰਘ | ਬੂੜਾ ਸਿੰਘ | ਸਰਹਾਲੀ |
| ਬੀਬੀ ਲਾਭ ਕੌਰ | | ਅਦਲੀ ਵਾਲਾ |
| ਵਰਿਆਮ ਸਿੰਘ | ਝੰਡਾ ਸਿੰਘ | ਬੇਰਕਾ |
| ਮੱਸਾ ਸਿੰਘ | ਸੋਹਾਂ ਸਿੰਘ | ਜਗਤ ਸਿੰਘ ਵਾਲਾ |
| ਚਰਨ ਸਿੰਘ | ਆਤਮਾ ਸਿੰਘ | ਕਲੇਸ਼ |
| ਗੁਰਮੁਖ ਸਿੰਘ | ਜਵਾਲਾ ਸਿੰਘ | ਝਬਾਲ |
| ਗੁਰਦਿਤ ਸਿੰਘ | ਫਤਹ ਸਿੰਘ | ਸੁਲਤਾਨ ਵਿੰਡ |
| ਗੁਰਬਖਸ਼ ਸਿੰਘ | ਪ੍ਰਤਾਪ ਸਿੰਘ | ,, |
| ਸੁਰਜਨ ਸਿੰਘ | ਵਸਾਖਾ ਸਿੰਘ | ਮਰਹਾਣਾ |
| ਬਹਾਦਰ ਸਿੰਘ | ਲਛਮਣ ਸਿੰਘ | ,, |
| ਫਤਹ ਸਿੰਘ | ਸੰਤ ਸਿੰਘ | ,, |
| ਲੱਖਾ ਸਿੰਘ | ਖੜਕ ਸਿੰਘ | ,, |
| ਉਤਮ ਸਿੰਘ | ਪ੍ਰਤਾਪ ਸਿੰਘ | ,, |
| ਧਿਆਨ ਸਿੰਘ | ਆਸਾ ਸਿੰਘ | ,, |
| ਬਿਸ਼ਨ ਸਿੰਘ | ਜੀਵਨ ਸਿੰਘ | ਡਿਸਕਾ |
| ਬੇਲਾ ਸਿੰਘ | ਘਨੱਈਆ ਸਿੰਘ | ,, |

| ਨਾਮ | ਪਿਤਾ | ਪਿੰਡ |
|---|---|---|
| ਫੌਜਾ ਸਿੰਘ | ਲਛਮਣ ਸਿੰਘ | ,, |
| ਬੂੜ ਸਿੰਘ | ਨਿਹਾਲ ਸਿੰਘ | ਮਰਹਾਣਾ |
| ਭਗਵਾਨ ਸਿੰਘ | ਕੇਸਰ ਸਿੰਘ | ਚੁਗਾਵਾਂ |
| ਉਜਾਗਰ ਸਿੰਘ | ਸੁਦਾਗਰ ਸਿੰਘ | ਮਰਹਾਣਾ |
| ਲਾਭ ਸਿੰਘ | ਭੋਲਾ ਸਿੰਘ | ,, |
| ਮੂਲਾ ਸਿੰਘ | ਰਾਮ ਸਿੰਘ | ਧੂਲਕਾ |
| ਅਮਰ ਸਿੰਘ | ਸ਼ਾਮ ਸਿੰਘ | ,, |
| ਅਰਜਣ ਸਿੰਘ | ਵਾਸਾਵਾ ਸਿੰਘ | ,, |
| ਦਿਆਲ ਸਿੰਘ | ਲਾਲ ਸਿੰਘ | ,, |
| ਸਾਵਣ ਸਿੰਘ | ਦਿਆ ਸਿੰਘ | ਨੂਰ ਪੁਰ |
| ਬੇਲਾ ਸਿੰਘ | ਪਰੇਮ ਸਿੰਘ | ਧੂਲਕਾ |
| ਨਰੰਜਨ ਸਿੰਘ | ਚੰਨਣ ਸਿੰਘ | ਚੀਚਾ |
| ਅਤਰ ਸਿੰਘ | ਮਾਣਾ ਸਿੰਘ | ਧੂਲਕਾ |
| ਨਰੈਣ ਸਿੰਘ | ਵਾਸਾਵਾ ਸਿੰਘ | ,, |
| ਪਰੇਮ ਸਿੰਘ | ਆਲਾ ਸਿੰਘ | ਪਲਾਹੌਰ |
| ਕੇਸਰ ਸਿੰਘ | ਖੜਗ ਸਿੰਘ ਕੰਬੋ | ਢਾਹੇ ਵਾਲੀ |
| ਕਾਲਾ ਸਿੰਘ | ਸੰਤ ਸਿੰਘ | ਸਫੀ ਪੁਰ |
| ਸੁਰੈਣ ਸਿੰਘ | ਖੜਗ ਸਿੰਘ | ,, |
| ਉਜਾਗਰ ਸਿੰਘ | ਸੇਵਾ ਸਿੰਘ | ਸੁਲਤਾਨ ਵਿੰਡ |
| ਪ੍ਰਤਾਪ ਸਿੰਘ | ਲਛਮਣ ਸਿੰਘ | ਵਸੋਆ |
| ਰਾਮ ਸਿੰਘ | ਈਸ਼ਰ ਸਿੰਘ | ਚੱਕ ਮੁਕੰਦ |
| ਸੇਵਾ ਸਿੰਘ | ਪ੍ਰਤਾਪ ਸਿੰਘ | ,, |
| ਤੇਜਾ ਸਿੰਘ | ਝੰਡਾ ਸਿੰਘ | ਛਿੱਡਿਣ |
| ਗੁਰਦਿਤ ਸਿੰਘ | ਕਿਸ਼ਨ ਸਿੰਘ | ਸਰਜਾ |

| ਨਾਮ | ਪਿਤਾ | ਪਿੰਡ |
|---|---|---|
| ਸੁੰਦਰ ਸਿੰਘ | ਮੰਗਲ ਸਿੰਘ | ਮੁਛਲ |
| ਫਣਧੀਰ ਸਿੰਘ | ਚੇਤ ਸਿੰਘ | ਮੁਛਲ |
| ਕ੍ਰਿਪਾਲ ਸਿੰਘ | ਭਾਨ ਸਿੰਘ | ਮੁੱਛਲ |
| ਕਪੂਰ ਸਿੰਘ | ਨੱਥਾ ਸਿੰਘ | ਮਰਹਾਣਾ |
| ਚੰਨਣ ਸਿੰਘ | ਬੂਟਾ ਸਿੰਘ ਜਥੇਦਾਰ | ਮਰਹਾਣਾ |
| ਗੁਰਦਿਆਲ ਸਿੰਘ | ਬਲਵੰਤ ਸਿੰਘ | ਪੱਕੇ ਧਨੌਣੇ |
| ਨਿੱਕਾ ਸਿੰਘ | ਖੜਕ ਸਿੰਘ | ਚੰਨਣ ਕੀ |
| ਭਗਵਾਨ ਸਿੰਘ | ਧੰਨਾ ਸਿੰਘ | ਕਾਲੇ ਕੇ |
| ਲਾਭ ਸਿੰਘ | ਨਿਹਾਲ ਸਿੰਘ | ਕਸੇਲ |
| ਨੱਥਾ ਸਿੰਘ | ਜੋਤਾ ਸਿੰਘ | ਭਕਨਾਂ |
| ਸੋਹਣ ਸਿੰਘ | ਗੁਰਦਿਆਲ ਸਿੰਘ | ਕਸੇਲ |
| ਜੱਗਾ ਸਿੰਘ | ਵਧਾਵਾ ਸਿੰਘ | ਬਾਹਮਣੀ ਵਾਲਾ |
| ਆਲਾ ਸਿੰਘ | ਖੜਗ ਸਿੰਘ | ਕਸੇਲ |
| ਸੋਹਣ ਸਿੰਘ | ਪਾਲਾ ਸਿੰਘ | ,, |
| ਇੰਦਰ ਸਿੰਘ | ਨਿਭਾਨ ਸਿੰਘ | ,, |
| ਵਰਿਆਮ ਸਿੰਘ | ਸ਼ੇਰ ਸਿੰਘ | ਸੁਲਤਾਨਵਿੰਡ |
| ਕਾਲਾ ਸਿੰਘ | ਚੰਦਾ ਸਿੰਘ | ,, |
| ਜੋਗਾ ਸਿੰਘ | ਮੀਹਾਂ ਸਿੰਘ | ਉਦੋ ਨੰਗਲ |
| ਬਲਵੰਤ ਸਿੰਘ | ਰੂੜ ਸਿੰਘ | ਅਠਵਾਲ |
| ਗੁਰਦਿਤ ਸਿੰਘ | ਨਿਹਾਲ ਸਿੰਘ | ਵੱਡਾ ਥੇਹ |
| ਮੇਘ ਸਿੰਘ | ਦੇਵਾ ਸਿੰਘ | ਮੀਰ ਪੁਰ |
| ਬਹਾਦਰ ਸਿੰਘ | ਜਵਾਲਾ ਸਿੰਘ | ,, |
| ਸਾਵਣ ਸਿੰਘ | ਦਿਆ ਸਿੰਘ | ,, |
| ਮੋਹਣ ਸਿੰਘ | ਈਸ਼ਰ ਸਿੰਘ | ,, |

Digitized by Panjab Digital Library | www.panjabdigilib.org

| ਨਾਮ | ਪਿਤਾ | ਪਿੰਡ |
|---|---|---|
| ਰਾਮ ਸਿੰਘ | ਕਾਲਾ ਸਿੰਘ | ਸਰਲਟ |
| ਭਗਵਾਨ ਸਿੰਘ | ਬੀਰ ਸਿੰਘ | ਬਾਮਣੀ ਵਾਲਾ |
| ਮੰਗਲ ਸਿੰਘ | ਵਸਾਵਾ ਸਿੰਘ | ,, |
| ਗੁਰਦਿਤ ਸਿੰਘ | ਮੇਹਰ ਸਿੰਘ | ,, |
| ਨਰੈਣ ਸਿੰਘ | ਲੇਹਣਾ ਸਿੰਘ | ਨਾਗੋਕੇ |
| ਬੂਟਾ ਸਿੰਘ | ਹਰੀ ਸਿੰਘ | ਨਾਗੋਕੇ |
| ਹਰਨਾਮ ਸਿੰਘ | ਬੂਟਾ ਸਿੰਘ | ਮੀਰਪੁਰ |
| ਪਾਲ ਸਿੰਘ | ਵਸਾਵਾ ਸਿੰਘ | ਮਰਲੀ |
| ਗੁਰਬਖਸ਼ ਸਿੰਘ | ਵਸਾਵਾ ਸਿੰਘ | ਸਰਲੀ |
| ਬਲਵੰਤ ਸਿੰਘ | ਹਾਕਮ ਸਿੰਘ | ਬੇਰਕਾ |
| ਨਿਰੰਜਣ ਸਿੰਘ | ਈਸ਼ਰ ਸਿੰਘ | ਬੇਰਕਾ |
| ਪਾਲ ਸਿੰਘ | ਸੋਭਾ ਸਿੰਘ | ਸਰਜਾ |
| ਕੇਸਰ ਸਿੰਘ | ਭਾਨ ਸਿੰਘ | ਕਨੋਰ ਡਡੀਆਂ |
| ਸੰਤ ਸਿੰਘ | ਆਲਾ ਸਿੰਘ | ,, |
| ਸੁੰਦਰ ਸਿੰਘ | ਬੁਢਾ ਸਿੰਘ | ਕਸੇਲ |
| ਲਾਭ ਸਿੰਘ | ਈਸ਼ਰ ਸਿੰਘ | ,, |
| ਹਰਬੰਸ ਸਿੰਘ | ਕਿਸ਼ਨ ਸਿੰਘ | ,, |
| ਵਰਯਾਮ ਸਿੰਘ | ਕਾਕਾ ਸਿੰਘ | ,, |
| ਕਰਤਾਰ ਸਿੰਘ | ਮੇਵਾ ਸਿੰਘ | ,, |
| ਸਾਧੂ ਸਿੰਘ | ਜੁਵਾਲਾ ਸਿੰਘ | ,, |
| ਖੁਸ਼ਹਾਲ ਸਿੰਘ | ਮਾਨ ਸਿੰਘ | ,, |
| ਉਤਮ ਸਿੰਘ | ਦੂਲਾ ਸਿੰਘ | ,, |

| ਨਾਮ | ਪਿਤਾ | ਪਿੰਡ |
|---|---|---|
| ਅਮਰ ਸਿੰਘ | ਬਚਨ ਸਿੰਘ | ਕੱਕੜ |
| ਇੰਦਰ ਸਿੰਘ | ਮੰਗਲ ਸਿੰਘ | ਮੋਦੂ ਸ਼ਾਗਾ |
| ਆਤਮਾ ਸਿੰਘ | ਜਵਾਲਾ ਸਿੰਘ | ਸੁਲਤਾਨ ਵਿੰਡ |
| ਊਧਮ ਸਿੰਘ | ਬੇਲਾ ਸਿੰਘ | ਨਾਗੋਕੇ |
| ਰਾਮ ਸਿੰਘ | ਲਛਮਣ ਸਿੰਘ | ਜਗਤ ਪੁਰਾ |
| ਗੰਡਾ ਸਿੰਘ | ਵਜ਼ੀਰ ਸਿੰਘ | ਵਰਪਾਲ |
| ਠਾਕਰ ਸਿੰਘ | ਜਗਤ ਸਿੰਘ | ਵੇਰਕਾ |
| ਖੁਸ਼ਾਲ ਸਿੰਘ | ਵਜ਼ੀਰ ਸਿੰਘ | ਸੇਰੋ |
| ਭਾਗ ਸਿੰਘ | ਬੂਟਾ ਸਿੰਘ | ਚੀਚਾ |
| ਹਰਨਾਮ ਸਿੰਘ | ਜੋਧ ਸਿੰਘ | ,, |
| ਸ਼ਿਵ ਸਿੰਘ | ਫਰੰਗਾ ਸਿੰਘ | ,, |
| ਬੂਟਾ ਸਿੰਘ | ਨਿਹਾਲ ਸਿੰਘ | ਅੰਮ੍ਰਿਤਸਰ |
| ਲਛਮਣ ਸਿੰਘ | ਖੇਮ ਸਿੰਘ | ਮਰਹਾਣਾ |
| ਵਰਿਆਮ ਸਿੰਘ | ਝੰਡਾ ਸਿੰਘ | ਵੇਰਕਾ |
| ਨਰੈਣ ਸਿੰਘ | ਨੱਥਾ ਸਿੰਘ | ਪੰਡੋਰੀ |
| ਹਰਬੰਸ ਸਿੰਘ | ਜਵਾਲਾ ਸਿੰਘ | ਘਰੇਡਾ |
| ਅਰਜਣ ਸਿੰਘ | ਸੁੱਖਾ ਸਿੰਘ | ਠਾਡੇ |
| ਗੁਰਬਚਨ ਸਿੰਘ | ਪਾਲਾ ਸਿੰਘ | ਸੇਰੋ |
| ਗੁਰਦਿਆਲ ਸਿੰਘ | ਪਾਲ ਸਿੰਘ | ਨਛੋਹਰਾ.ਪੱਨੂੰਆਂ |
| ਲਾਭ ਰਾਮ | ਗੁਰਦਿਤ ਸਿੰਘ | ਅੱਧੋ ਵਾਲਾ |
| ਦਰਨ ਸਿੰਘ | ਇੰਦਰ ਸਿੰਘ | ਕਾਲੇ ਘਨੂੰਪੁਰਾ |
| ਇੰਦਰ ਸਿੰਘ | ਈਸ਼ਰ ਸਿੰਘ | ਸੁਾਏਅਮਾਨਤ ਖਾਂ |

Digitized by Panjab Digital Library | www.panjabdigilib.org

# ਜ਼ਿਲਾ ਫੀਰੋਜ਼ਪੁਰ

## ਤਹਿਸੀਲ ਫੀਰੋਜ਼ਪੁਰ ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਉਜਾਗਰ ਸਿੰਘ ਪਿਤਾ ਸੋਣ ਸਿੰਘ ਜੀ ਮਾਤਾ ਨੰਦ ਕੌਰ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ ਅਤੇ ਆਪ ਜੀ ਦੀ ਅਕਾਲੀ ਲਹਿਰ ਵਿਚ ਨੰਬਰਦਾਰੀ ਜ਼ਬਤ ਤੇ ਹੋਰ ਕੈਦ ਹੋਈ।

੨. ਭਾਈ ਭਾਗ ਸਿੰਘ ਜੀ ਪਿਤਾ ਦਸੌਂਧਾ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ ਅਤੇ ਆਪ ਜੀ ਉਸ ਵੇਲੇ ਤਹਿਸੀਲ ਫੀਰੋਜ਼ਪੁਰ ਦੇ ਸਰਕਲ ਜਥੇਦਾਰ ਸਨ।

੩. ਭਾਈ ਮੰਗਲ ਸਿੰਘ ਜੀ ਪਿਤਾ ਸ: ਸ਼ਾਮ ਸਿੰਘ ਜੀ ਮਾਤਾ ਰਤਨ ਕੌਰ ਜੀ ਪਿੰਡ ਉਘੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ।

੪. ਭਾਈ ਇੰਦਰ ਸਿੰਘ ਜੀ ਪਿਤਾ ਸ: ਨਰੈਣ ਸਿੰਘ ਜੀ ਮਾਤਾ ਰੂੜ ਕੌਰ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ।

੫. ਭਾਈ ਤਲਕ ਸਿੰਘ ਜੀ ਪਿਤਾ ਸ: ਪ੍ਰਤਾਪ ਸਿੰਘ ਜੀ ਮਾਤਾ ਕਾਹਨ ਕੌਰ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ।

੬. ਭਾਈ ਕਪੂਰ ਸਿੰਘ ਜੀ ਪਿਤਾ ਬਿਸ਼ਨ ਸਿੰਘ ਜੀ ਮਾਤਾ ਮਾੜੋ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ।

੭. ਭਾਈ ਸੁਦਾਗਰ ਸਿੰਘ ਜੀ ਸ਼ਹੀਦ ਪਿਤਾ ਸੰਤਾ ਸਿੰਘ ਜੀ ਮਾਤਾ ਜਿੰਦ ਕੌਰ ਜੀ ਪਿੰਡ ਉਗੋਕੇ ਉਮਰ ੧੭ ਸਾਲ ਅਤੇ ਆਪ ਜੀ ਨੂੰ ਬਹੁਤ ਕੁਟਿਆ ਗਿਆ। ਅੰਮਰਿਤਸਰ ਦੇ ਹਸਪਤਾਲ ਵਿਚ ਸ਼ਹੀਦ ਹੋ ਗਏ।

੮. ਭਾਈ ਪੂਰਨ ਸਿੰਘ ਜੀ ਅਕਾਲੀ ਪਿਤਾ ਸ: ਦੇਵਾ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ ਅਤੇ ਕੁਟਿਆ ਗਿਆ।

੯. ਭਾਈ ਈਸ਼ਰ ਸਿੰਘ ਜੀ ਪਿਤਾ ਸ: ਵਜ਼ੀਰ ਸਿੰਘ ਜੀ ਮਾਤਾ ਮਾੜੀ ਜੀ ਪਿੰਡ ਉਗੋਕੇ ਵੇਰਵਾ ਕੁਰਬਾਨੀ ਸਾਢੇ ਤਿੰਨ ਮਹੀਨੇ ਕੈਦ ਅਤੇ ਕੁਟਿਆ ਗਿਆ।

੧੦. ਭਾਈ ਦਸੌਂਧਾ ਸਿੰਘ ਜੀ ਪਿਤਾ ਸ: ਮੇਵਾ ਸਿੰਘ ਜੀ ਮਾਤਾ ਪ੍ਰੇਮ ਕੌਰ ਜੀ ਪਿੰਡ ਹਰਾਜ ਵੇਰਵਾ ਕੁਰਬਾਨੀ ਦੋ ਸਾਲ ਕੈਦ।

੧੧. ਭਾਈ ਕ੍ਰਿਪਾਲ ਸਿੰਘ ਜੀ ਪਿਤਾ ਸ: ਜਗਤ ਸਿੰਘ ਜੀ ਮਾਤਾ ਦਾਨ ਕੌਰ ਜੀ ਪਿੰਡ ਖਾਜਾ ਖੜਗ ਵੇਰਵਾ ਕੁਰਬਾਨੀ ੧੧ ਮਹੀਨੇ ਕੈਦ ਅਤੇ ਦੋ ਵੇਰ ਕੁਟ।

੧੨. ਭਾਈ ਕਿਸ਼ਨ ਸਿੰਘ ਅਕਾਲੀ ਪਿਤਾ ਸ: ਦਮਣ ਸਿੰਘ ਜੀ ਮਾਤਾ ਰਾਜ ਕੌਰ ਜੀ ਪਿੰਡ ਮੁਦਕੀ ਵੇਰਵਾ ਕੁਰਬਾਨੀ ਦੋ ਸਾਲ ਕੈਦ ਅਤੇ ਮਾਰ ਖਾਧੀ।

੧੩. ਭਾਈ ਉਜਾਗਰ ਸਿੰਘ ਜੀ ਅਕਾਲੀ ਪਿਤਾ ਸ: ਬੂੜ ਸਿੰਘ ਜੀ ਮਾਤਾ ਦੰਦ ਕੌਰ ਜੀ ਪਿੰਡ ਕਬਰਵਛਾ ਵੇਰਵਾ ਕੁਰਬਾਨੀ ਤਿੰਨ ਮਹੀਨੇ ਕੈਦ।

੧੪. ਭਾਈ ਨੱਥਾ ਸਿੰਘ ਜੀ ਪਿਤਾ ਭਾਈ ਰਤਨ ਸਿੰਘ ਜੀ ਮਾਤਾ ਮਾਨ ਕੌਰ ਜੀ ਪਿੰਡ ਭਾਈ ਕਾ ਵਾੜਾ ਵੇਰਵਾ ਕੁਰਬਾਨੀ ਛੇ ਮਹੀਨੇ ਕੈਦ ਅਤੇ ਆਪ ਜੀ ਚੌਦਵੇਂ ਸ਼ਹੀਦੀ ਜਥੇ ਨਾਲ ਜੈਤੋਂ ਚਲੇ ਗਏ।

Digitized by Panjab Digital Library | www.panjabdigilib.org

੧੫. ਭਾਈ ਕੇਹਰ ਸਿੰਘ ਜੀ ਪਿਤਾ ਸ: ਸ਼ਾਮ ਸਿੰਘ ਜੀ ਮਾਤਾ ਸਮਾ ਕੌਰ ਜੀ ਪਿੰਡ ਭਾਈ ਕਾ ਵਾੜਾ ਵੇਰਵਾ ਕੁਰਬਾਨੀ ਕੈਦ ਮੁਲਤਾਨ ਜੇਲ੍ਹ ।

੧੬. ਭਾਈ ਭੋਲਾ ਸਿੰਘ ਜੀ ਅਕਾਲੀ ਪਿਤਾ ਸ: ਬਗਾ ਸਿੰਘ ਜੀ ਮਾਤਾ ਮਾਨ ਕੌਰ ਜੀ ਪਿੰਡ ਭਾਂਗਰ ਵੇਰਵਾ ਕੁਰਬਾਨੀ ਚਾਰ ਮਹੀਨੇ ਕੈਦ ਅਤੇ ਆਪ ਜੀ ਜੈਤੋ ਦੇ ਸ਼ਹੀਦੀ ਜਥਿਆਂ ਦੀ ਸੇਵਾ ਲੰਗਰ ਪਾਣੀ ਦਵਾਰਾ ਕਰਦੇ ਰਹੇ ।

੧੭. ਭਾਈ ਹੀਰਾ ਸਿੰਘ ਜੀ ਅਕਾਲੀ ਪਿਤਾ ਸ: ਮਤਾਬ ਸਿੰਘ ਜੀ ਮਾਤਾ ਪਿਆਰ ਕੌਰ ਜੀ ਪਿੰਡ ਭਾਂਗਰ ਵੇਰਵਾ ਕੁਰਤਾਨੀ ਚਾਰ ਮਹੀਨੇ ਕੈਦ ।

੧੮. ਭਾਈ ਧਰਮ ਸਿੰਘ ਜੀ ਅਕਾਲੀ ਪਿਤਾ ਸ: ਉਤਮ ਸਿੰਘ ਜੀ ਮਾਤਾ ਇੰਦਰ ਕੌਰ ਜੀ ਪਿੰਡ ਭਾਂਗਰ ਵੇਰਵਾ ਕੁਰਦਾਨੀ ਚਾਰ ਮਹੀਨੇ ਕੈਦ ।

੧੯. ਭਾਈ ਕਿਸ਼ਨ ਸਿੰਘ ਜੀ ਪਿਤਾ ਸ: ਈਸ਼ਰ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਭਾਗਰ ਵੇਰਵਾ ਕੁਰਬਾਨੀ ਚਾਰ ਮਹੀਨੇ ਕੈਦ ।

੨੦. ਭਾਈ ਨਿਧਾਨ ਸਿੰਘ ਜੀ ਪਿਤਾ ਸ: ਰੁਲੀਆ ਸਿੰਘ ਜੀ ਮਾਤਾ ਮਾਨ ਕੌਰ ਜੀ ਪਿੰਡ ਘਲ ਖੁਰਦ ਵੇਰਵਾ ਕੁਰਬਾਨੀ ਤਿੰਨ ਮਹੀਨੇ ਜੇਲ੍ਹ ।

੨੧. ਭਾਈ ਬੂਟਾ ਸਿੰਘ ਜੀ ਪਿਤਾ ਸ: ਕਾਹਨ ਸਿੰਘ ਜੀ ਮਾਤਾ ਸੁਖਾਂ ਕੌਰ ਜੀ ਪਿੰਡ ਘਲ ਖੁਰਦ ਵੇਰਵਾ ਕੁਰਬਾਨੀ ਤਿੰਨ ਮਹੀਨੇ ਜੇਲ੍ਹ ।

੨੨. ਭਾਈ ਹਰਨਾਮ ਸਿੰਘ ਜੀ ਪਿਤਾ ਸ: ਨਿਹਾਲ ਸਿੰਘ ਜੀ ਪਿੰਡ ਘਲ ਖੁਰਦ ਵੇਰਵਾ ਕੁਰਬਾਨੀ ਗੁਰੂ ਕੇ ਬਾਗ ਦੇ ਮੋਰਚੇ ਤੇ ਗਏ- ਪਰ ਬਿਰਧ ਅਵਸਥਾ ਕਾਰਨ ਰਿਹਾ ਕੀਤੇ ਗਏ ।

੨੩. ਭਾਈ ਇੰਦਰ ਸਿੰਘ ਅਕਾਲੀ ਪਿਤਾ ਸ: ਗੰਡਾ ਸਿੰਘ ਜੀ ਪਿੰਡ ਘਲ ਖੁਰਦ ਵੇਰਵਾ ਕੁਰਬਾਨੀ ਆਪ ਨਨਕਾਣੇ ਸਾਹਿਬ ਦੇ ਮੋਰਚੇ ਤੇ ਗਏ ।

੨੪. ਭਾਈ ਸੇਵਾ ਸਿੰਘ ਜੀ ਅਕਾਲੀ ਪਿਤਾ ਸ: ਭਾਨ ਸਿੰਘ ਜੀ ਮਾਤਾ ਮਤਾਬ ਕੌਰ ਜੀ ਪਿੰਡ ਫੇਰੂ ਸ਼ਹਿਰ ਵੇਰਵਾ ਕੁਰਬਾਨੀ ਗੁਰੂ ਕੇ ਬਾਗ ਦੇ ਮੋਰਚੇ ਤੇ ਗਏ ਅਤੇ ਆਪ ਜੀ ਅਕਾਲੀ ਵਰਕਰ ਤੇ ਲੀਡਰ ਸਨ ।

੨੫. ਭਾਈ ਸਜਨ ਸਿੰਘ ਜੀ ਪਿਤਾ ਪ੍ਰੇਮ ਸਿੰਘ ਜੀ ਮਾਤਾ ਭਾਗ ਕੌਰ ਜੀ ਪਿੰਡ ਇਟਾਂ ਵਾਲੀ ਵੇਰਵਾ ਕੁਰਬਾਨੀ ਆਪ ਨੇ ਅਕਾਲੀ ਲਹਿਰ ਵਿਚ ਵਧ ਚੜ ਕੇ ਹਿਸਾ ਲਿਆ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਗ੍ਰਿਫਤਾਰ ਹੋਕੇ ਅਟਕ ਜੇਲ੍ਹ ਵਿਚ ਰਹੇ । ਆਪ ਤਹਿਸੀਲ ਫੀਰੋਜ਼ਪੁਰ ਦੇ ਜਥੇਦਾਰ ਰਹਿ ਚੁਕੇ ਹਨ ਅਤੇ ਹਰ ਸਮੇਂ ਪੰਥ ਸੇਵਾ ਲਈ ਤਿਆਰ ਰਹਿੰਦੇ ਹਨ ।

## ਤਹਿਸੀਲ ਫਾਜ਼ਿਲਕਾ ਜ਼ਿਲਾ ਫੀਰੋਜ਼ਪੁਰ

## ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਸ਼ੇਰ ਸਿੰਘ ਜੀ ਪਿਤਾ ਸ: ਮੀਹਾਂ ਸਿੰਘ ਜੀ ਪਿੰਡ ਹੁਸਨਰ ਵੇਰਵਾ ਕੁਰਬਾਨੀ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੨. ਭਾਈ ਸੰਤੋਖ ਸਿੰਘ ਜੀ ਪਿਤਾ ਸ: ਜੈਮਲ ਸਿੰਘ ਜੀ ਪਿੰਡ ਹੁਸਨਰ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਗਏ, ਡਾਂਗਾਂ ਖਾਧੀਆਂ ਅਤੇ ਢਾਈ ਸਾਲ ਕੈਦ ਕਟ ।

Digitized by Panjab Digital Library | www.panjabdigilib.org

# ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ

੧. ਭਾਈ ਗੰਡਾ ਸਿੰਘ ਜੀ ਪਿਤਾ ਸ: ਵਜ਼ੀਰ ਸਿੰਘ ਜੀ ਮਾਤਾ ਸੋਭੀ ਜੀ ਪਿੰਡ ਖੋਸਾ ਗੰਧੀਲਾ ਵੇਰਵਾ ਕੁਰਬਾਨੀ ਆਪ ਮੋਰਚਾ ਗੁਰੂ ਕਾ ਬਾਗ ਨਿਧੜਕ ਜਥੇ ਨਾਲ ਗਏ।

੨. ਭਾਈ ਬਿਸ਼ਨ ਸਿੰਘ ਜੀ ਪਿਤਾ ਸ: ਰੋਲਾ ਸਿੰਘ ਜੀ ਮਾਤਾ ਭਾਨ ਕੌਰ ਜੀ ਪਿੰਡ ਖੋਸਾ ਗੰਧੀਲਾ ਵੇਰਵਾ ਕੁਰਬਾਨੀ ਆਪ ਮੋਰਚਾ ਗੁਰੂ ਕੇ ਬਾਗ ਵਿਚ ਗਏ ਅਤੇ ਅਕਾਲੀ ਲਹਿਰ ਸਮੇਂ ਖੋਧੇ ਸਰਕਲ ਦੇ ਸੈਕਟਰੀ ਸਨ।

੩. ਭਾਈ ਗੁਲਬਖਸ਼ ਸਿੰਘ ਜੀ ਪਿਤਾ ਟੋਬਾ ਸਿੰਘ ਜੀ ਪਿੰਡ ਖੋਸਾ ਗੰਧੀਲਾ ਵੇਰਵਾ ਕੁਰਬਾਨੀ ਆਪ ਮੋਰਚਿਆਂ ਵਿਚ ਜਾਣ ਲਈ ਅੰਮ੍ਰਿਤਸਰ ਗਏ ਪ੍ਰੰਤੂ ਛੋਟੀ ਉਮਰ ਕਰਕੇ ਆਪ ਨੂੰ ਵਾਪਸ ਕੀਤਾ ਗਿਆ।

੪. ਭਾਈ ਦਿਆਲ ਸਿੰਘ ਅਕਾਲੀ ਪਿਤਾ ਤਾਰਾ ਸਿੰਘ ਜੀ ਮਾਤਾ ਮਾਨ ਕੌਰ ਪਿੰਡ ਖੋਸਾ ਗੰਧੀਲਾ ਵੇਰਵਾ ਕੁਰਬਾਨੀ ਆਪ ਮੋਰਚਾ ਗੁਰੂ ਕਾ ਬਾਗ ਵਿਚ ਗਏ ਅਤੇ ਤਿੰਨ ਮਹੀਨੇ ਕੈਦ ਕਟੀ।

੫. ਭਾਈ ਭਗਵਾਨ ਸਿੰਘ ਜੀ ਪਿਤਾ ਸ: ਅਨੂਪ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਪਿੰਡ ਕੜਿਆਲ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਵਿਚ ਭੀ ਗਏ।

੬. ਬਾਬਾ ਭਗਤ ਸਿੰਘ ਜੀ ਪਿਤਾ ਸ: ਰਾਮ ਸਿੰਘ ਜੀ ਮਾਤਾ ਹਰ ਦੇਵੀ ਜੀ ਪਿੰਡ ਗਾਦੜੀ ਵਾਲਾ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਵਿਚ ਗਏ।

੭. ਸੰਤ ਸਾਧੂ ਸਿੰਘ ਜੀ ਪਿਤਾ ਸ: ਹਜ਼ਾਰਾ ਸਿੰਘ ਜੀ ਪਿੰਡ ਵਾਇਆ ਬੁਟਰਾਂ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਵਿਚ ਗਏ।

੮. ਭਾਈ ਬੂੜ ਸਿੰਘ ਜੀ ਪਿਤਾ ਸ: ਬੇਲਾ ਸਿੰਘ ਜੀ ਮਾਤਾ ਜਸ ਕੌਰ ਜੀ ਪਿੰਡ ਧਰਮ ਕੋਟ ਵੇਰਵਾ ਕੁਰਬਾਨੀ ਆਪ ਮੋਰਚਾ ਗੁਰੂ ਕੇ ਬਾਗ ਵਿਚ ਗਏ ਅਤੇ ਕੈਦ ਤੇ ਕੁਟ ਹੋਈ।

੯. ਭਾਈ ਵਰਯਾਮ ਸਿੰਘ ਜੀ ਪਿਤਾ ਸ: ਕਿਸ਼ਨ ਸਿੰਘ ਜੀ ਮਾਤਾ ਕਾਹਨ ਕੌਰ ਜੀ ਪਿੰਡ ਮੁਨਾਵਾਂ ਵੇਰਵਾ ਕੁਰਬਾਨੀ ਆਪ ਨੇ ਜੈਤੋ ਦੇ ਮੋਰਚੇ ਵਿਚ ਭੀ ਸੇਵਾ ਕੀਤੀ।

੧੦. ਭਾਈ ਰਾਮ ਸਿੰਘ ਜੀ ਪਿਤਾ ਸ: ਲਾਭ ਸਿੰਘ ਜੀ ਮਾਤਾ ਤਾਬ ਕੌਰ ਜੀ ਪਿੰਡ ਮੁਨਾਵਾਂ ਵੇਰਵਾ ਕੁਰਬਾਨੀ ਆਪ ਜੀ ਨੂੰ ੬ ਮਹੀਨੇ ਕੈਦ ਹੋਈ।

੧੧. ਭਾਈ ਲਖਾ ਸਿੰਘ ਅਕਾਲੀ ਪਿਤਾ ਸ: ਸਰਦਾਰਾ ਸਿੰਘ ਜੀ ਮਾਤਾ ਭੋਲੀ ਜੀ ਪਿੰਡ ਛੋਟਾ ਮਹੀਂਵਾਲਾ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਤੇ ਜੇਲ੍ਹ ਵਿਚ ਗਏ।

੧੨. ਭਾਈ ਬਹਾਦਰ ਸਿੰਘ ਜੀ ਪਿਤਾ ਸ: ਭਾਣਾ ਸਿੰਘ ਜੀ ਪਿੰਡ ਛੋਟਾ ਮਹੀਂਵਾਲਾ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਤੇ ਜੇਲ੍ਹ ਵਿਚ ਗਏ।

੧੩. ਭਾਈ ਭਗਤ ਸਿੰਘ ਜੀ ਪਿਤਾ ਸ: ਮੰਗਲ ਸਿੰਘ ਜੀ ਪਿੰਡ ਲੌਂਗੋ ਦੇਵਾ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਤੇ ਜੇਲ੍ਹ ਵਿਚ ਗਏ।

Digitized by Panjab Digital Library | www.panjabdigilib.org

# ਤਹਿਸੀਲ ਮੁਕਤਸਰ ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਦਾਨ ਸਿੰਘ ਜੀ ਪਿਤਾ ਸ: ਗਿਆਨ ਸਿੰਘ ਜੀ ਮਾਤਾ ਆਸ ਕੌਰ ਜੀ ਪਿੰਡ ਮਦੀਹਰ ਵੇਰਵਾ ਕੁਰਬਾਨੀ– ਆਪ ਮੋਰਚਾ ਗੁਰੂ ਕੇ ਬਾਗ ਤੇ ਗਏ ਤੇ ਤਕਲੀਫਾਂ ਉਠਾਈਆਂ।

੨. ਭਾਈ ਗੁਰਮੁਖ ਸਿੰਘ ਜੀ ਪਿਤਾ ਸ: ਨੱਥਾ ਸਿੰਘ ਜੀ ਮਾਤਾ ਦਾਸਾਂ ਕੌਰ ਜੀ ਪਿੰਡ ਸਾਹਿਬ ਚੰਦ ਨਗਰ ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਤੇ ਕੈਦ ਕਟੀ।

੩. ਭਾਈ ਬੂਟਾ ਸਿੰਘ ਜੀ ਪਿਤਾ ਸ: ਰੂੜ ਸਿੰਘ ਜੀ ਮਾਤਾ ਜੈ ਕੌਰ ਜੀ ਪਿੰਡ ਸਾਹਿਬ ਚੰਦ ਨਗਰ ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਤੇ ਕੈਦ ਕਟੀ।

੪. ਭਾਈ ਬਹਾਦਰ ਸਿੰਘ ਜੀ ਪਿਤਾ ਸ: ਸਰਦਾਰਾ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਮੁੜੀ ਵੇਰਵਾ ਕੁਰਬਾਨੀ - ਗੁਰੂ ਕੇ ਬਾਗ ਵਿਚ ਮਾਰ ਖਾਧੀ, ਬਾਣੀ ਦੇ ਰਸੀਏ ਤੇ ਤਪੀ ਸਨ।

੫. ਭਾਈ ਨਿਰੰਜਨ ਸਿੰਘ ਜੀ ਪਿਤਾ ਤੁਲਸੀ ਰਾਮ ਜੀ ਮਾਤਾ ਤਾਬੀ ਜੀ ਪਿੰਡ ਕੋਣੀ ਵੇਰਵਾ ਕੁਰਬਾਨੀ– ਕੈਂਮਲਪੁਰ ਵਿਚ ੧੧ ਮਹੀਨੇ ਕੈਦ, ਰਾਵਲਪਿੰਡੀ ਵਿਚ ਘੋੜਿਆਂ ਹੇਠ ਲਿਤਾੜੇ ਗਏ, ਸੰਗੀਨਾਂ ਖਾਧੀਆਂ, ਪੁਲੀਸ ਹਥੋਂ ਬੰਦ ਤੁੜਵਾਏ ਅਤੇ ਆਪ ਜੀ ਨੇ ਗੁ: ਰਕਾਬ ਗੰਜ ਦਿਲੀ, ਚਾਬੀਆਂ ਦੇ ਮੁਆਮਲੇ ਅੰਮ੍ਰਿਤਸਰ ਆਦਿ ਵਿਚ ਵੀ ਹਿਸੇ ਲਏ ਅਤੇ ਗ੍ਰਿਫਤਾਰ ਹੋਏ।

੬. ਭਾਈ ਨਰੈਣ ਸਿੰਘ ਜੀ ਪਿਤਾ ਸ: ਰੂੜ ਸਿੰਘ ਜੀ ਮਾਤਾ ਪ੍ਰੇਮ ਕੌਰ ਜੀ ਪਿੰਡ ਕੋਣੀ ਅਤੇ ਵੇਰਵਾ ਕੁਰਬਾਨੀ– ਮੁਲਤਾਨ ਜੇਲ੍ਹ ਵਿਚ ੧੧ ਮਹੀਨੇ ਕੈਦ, ਜੈਤੋ ਮੋਰਚੇ ਵਿਚ ਵੀ ਗਏ।

# ਤਹਿਸੀਲ ਮੋਗਾ

## ਮੋਰਚਾ ਗੁਰੂ ਕਾ ਬਾਗ ਵਾਲੇ ਸਿੰਘ

### ਪਿੰਡ ਮੇਹਰਾਜ

੧. ਭਾਈ ਨਿਰੰਜਨ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਜੀ ਮਾਤਾ ਪ੍ਰੇਮ ਕੌਰ ਜੀ ਗੁਰੂ ਕੇ ਬਾਗ ਡਾਂਗਾਂ ਖਾਧੀਆਂ, ਵੇਰਵਾ ਕੁਰਬਾਨੀ:–੨੭ ਸਾਲ ਜਥੇਦਾਰੀ, ਅਕਾਲੀ ਜਥਾ ਸਬ ਤਹਿਸੀਲ ਨਿਥਾਣਾ, ਕਿਰਪਾਨ ਦੀ ਆਜ਼ਾਦੀ ਲਈ ਮੋਰਚਾ ਤੇ ਕੈਦ, ਗੁ: ਮੁਕਤਸਰ ਦਾ ਕਬਜ਼ਾ, ਜਥੇ ਨਾਲ ਤੇ ਡਸਕੇ ਦਾ ਮੋਰਚਾ, ਗੁ: ਸਾਹਿਬ (੧) ਗੁਰੂ ਸਰ (੨) ਗੁ: ਤਿਲਕ ਰਾਏ (੩) ਗੁ: ਚੱਕ ਫ਼ਤਹ ਸਿੰਘ (੪) ਗੁ: ਛੇਵੀਂ ਪਾਤਸ਼ਾਹੀ ਨਿਥਾਣਾ ਦੀ ਸੇਵਾ, ੯ ਸਾਲ ਤਕ ਇਲਾਕੇ ਵਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ, ਪੰਥਕ ਸੇਵਾ ਵਿਚ ਹਿਸਾ ਲੈਣ ਬਦਲੇ ਨੰਬਰਦਾਰੀ ਜ਼ਬਤ ਇਸ ਦਾ ੧੦੦ ਰੁਪਿਆ ਪੰਜੋਤ੍ਰਾ ਸੀ।

੨. ਭਾਈ ਸੋਹਣ ਸਿੰਘ ਅਕਾਲੀ ਪਿਤਾ ਸ: ਜੋਧ ਸਿੰਘ ਜੀ ਗੁਰੂ ਕੇ ਬਾਗ ਡਾਂਗਾਂ ਖਾਧੀਆਂ ਵੇਰਵਾ ਕੁਰਬਾਨੀ:–੧੫ ਸਾਲ ਪੰਥਕ ਸੇਵਾ ਜਥੇਦਾਰ ਅਕਾਲੀ ਜਥਾ ਮੇਹਰਾਜ।

੩. ਭਾਈ ਉਤਮ ਸਿੰਘ ਸੂਰਮਾ ਪਿਤਾ ਸ: ਘਨੀਆ ਸਿੰਘ ਗੁਰੂ ਕੇ ਬਾਗ ਮੋਰਚੇ ਵਿਚ ਗਏ।

੪. ਭਾਈ ਬਦਨ ਸਿੰਘ ਪਿਤਾ ਸ: ਈਸ਼ਰ ਸਿੰਘ ਜੀ ਵੇਰਵਾ ਕੁਰਬਾਨੀ:–ਡਾਂਗਾਂ ਖਾਧੀਆਂ।

੫. ਭਾਈ ਵਰਿਆਮ ਸਿੰਘ ਪਿਤਾ ਸ: ਗੇਂਦਾ ਸਿੰਘ ਜੀ ੩੬ ਸਿੰਘਾਂ ਦੇ ਜਥੇ ਨਾਲ ਮੋਰਚੇ

Digitized by Panjab Digital Library | www.panjabdigilib.org

ਵਿਚ ਗਏ ।

੬. ਭਾਈ ਮਹਿਤਾਬ ਸਿੰਘ ਜੀ ਪਿਤਾ ਸ: ਭਗਵਾਨ ਸਿੰਘ ਜੀ ਵੇਰਵਾ ਕੁਰਬਾਨੀ:-ਪਿਨਸ਼ਨੀ ਜਥੇ ਨਾਲ ਮੋਰਚਾ ਗੁਰੂ ਕੇ ਬਾਗ ਵਿਚ ਗਏ ।

੭. ਭਾਈ ਹਜ਼ੂਰਾ ਸਿੰਘ ਜੀ ਪਿਤਾ ਸ: ਬਾਜਾ ਸਿੰਘ ਜੀ ਮਾਤਾ ਬਿਸ਼ਨ ਕੌਰ ਜੀ ਪਿੰਡ ਬਜੋਆਣਾ ਵੇਰਵਾ ਕੁਰਬਾਨੀ:-ਅਠ ਮਹੀਨੇ ਕੈਦ ।

੮. ਭਾਈ ਸੁੰਦਰ ਸਿੰਘ ਜੀ ਪਿਤਾ ਸ: ਅਤਰ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:-ਨੌ ਮਹੀਨੇ ਕੈਦ ੧੨੦ ਰੁਪਏ ਜੁਰਨਾਨਾ, ਜੈਤੋ ਵੀ ਕੈਦ ਕਟੀ ।

੯. ਭਾਈ ਸੇਵਾ ਸਿੰਘ ਜੀ ਪਿਤਾ ਸ: ਅਤਰ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:-ਮੋਰਚੇ ਵਿਚ ਗਏ, ਜੈਤੋ ਵੀ ਕੈਦ ਕਟੀ ।

੧੦. ਭਾਈ ਪਰਦਮਣ ਸਿੰਘ ਜੀ ਪਿਤਾ ਸ: ਮਹਿਲ ਸਿੰਘ ਮਾਤਾ ਸਾਹਿਬ ਕੌਰ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:-ਇਕ ਮਹੀਨਾ ਕੈਦ, ਜੈਤੋ ਵੀ ਕੈਦ ਕਟੀ ।

੧੧ ਭਾਈ ਜੰਗ ਸਿੰਘ ਜੀ ਪਿਤਾ ਹਰਨਾਮ ਸਿੰਘ ਜੀ ਮਾਤਾ ਭਾਗ ਕੌਰ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:—ਮੋਰਚੇ ਵਿਚ ਕੈਦ, ਜੈਤੋ ੧੨ ਮਹੀਨੇ ਕੈਦ ਕਟੀ ।

੧੨. ਭਾਈ ਮੁਕੰਦ ਸਿੰਘ ਜੀ ਪਿਤਾ ਰਤਨ ਸਿੰਘ ਜੀ ਮਾਤਾ ਰਾਮ ਕੌਰ ਜੀ ਪੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:-ਮੋਰਚੇ ਵਿਚ ਗਏ, ਜੈਤੋ ਵਿਚ ਵੀ ਕੈਦ ।

੧੩. ਭਾਈ ਸਰਵਣ ਸਿੰਘ ਜੀ ਪਿਤਾ ਪਰੇਮ ਸਿੰਘ ਜੀ ਮਾਤਾ ਮਹਾਂ ਕੌਰ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:—ਮੋਰਚੇ ਵਿਚ ਗਏ, ਜੈਤੋ ੧੪ ਮਹੀਨੇ ਕੈਦ ।

੧੪. ਭਾਈ ਬੱਗਾ ਸਿੰਘ ਜੀ ਪਿਤਾ ਸ: ਕਿਸ਼ਨ ਸਿੰਘ ਜੀ ਮਾਤਾ ਜਿੰਦ ਕੌਰ ਜੀ ਪਿੰਡ ਬੇਗਾ ਲੇਹਰਾ ਵੇਰਵਾ ਕੁਰਬਾਨੀ:-ਮੋਰਚੇ ਵਿਚ ਗਏ, ਮੁਕਤਸਰ ਤੇ ਜੈਤੋ ਦੇ ਮੋਰਚਿਆਂ ਵਿਚ ਗਏ ।

੧੫. ਭਾਈ ਈਸ਼ਰ ਸਿੰਘ ਜੀ ਪਿਤਾ ਸ: ਉਤਮ ਸਿੰਘ ਮਾਤਾ ਕਮਾ ਕੌਰ ਪਿੰਡ ਖਾਨਾ ਲੇਹਰਾ ਵੇਰਵਾ ਕੁਰਬਾਨੀ:-ਮੋਰਚੇ ਵਿਚ ਡਾਂਗਾਂ ਖਾਧੀਆਂ, ਜੈਤੋ ਦੇ ਮੋਰਚੇ ਵਿਚ ਗਏ ।

੧੬. ਮਾਸਟਰ ਭਾਗ ਸਿੰਘ ਜੀ ਪਿਤਾ ਸ: ਪ੍ਰੇਮ ਸਿੰਘ ਜੀ ਮਾਤਾ ਰਾਮ ਕੌਰ ਪਿੰਡ ਮੂਹਲ ਵੇਰਵਾ ਕੁਰਬਾਨੀ:-੧੩ ਸਾਲ ਦੀ ਉਮਰ ਵਿਚ ਇਸ ਮੋਰਚੇ ਚੋਂ ਬਰੋਸਾਲ ਜੇਹਲ ਲਾਹੌਰ ਵਿਚ ਤਿੰਨ ਮਹੀਨੇ ਕੈਦੀ ਕਟੀ । ਸ਼੍ਰੋ: ਕਮੇਟੀ ਦੇ ਖਾਸ ਹੁਕਮ ਅਨੁਸਾਰ ਇਲਾਕੇ ਵਿਚ ਲੋੜ ਅਨੁਸਾਰ ਪ੍ਰਚਾਰ ਦੀ ਸੇਵਾ ਕੀਤੀ ।

੧੭. ਭਾ: ਨਿਹਾਲ ਸਿੰਘ ਜੀ ਪਿਤਾ ਮੋਤਾ ਸਿੰਘ ਜੀ ਮਾਤਾ ਪ੍ਰੇਮ ਕੌਰ ਪਿੰਡ ਧੱਲੇਕੇ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਵਿਚ ਆਪ ਜੀ ਨੂੰ ੨੪ ਬੈਂਤਾਂ ਦੀ ਸਜ਼ਾ ਹੋਈ ੨੦ ਬੈਂਤ ਲਗ ਜਾਣ ਤੇ ਆਪ ਬੇਹੋਸ਼ ਹੋ ਗਏ । ਤਿੰਨ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ ਰਹੇ । ਅਤੇ ਮੋਰਚਾ ਜੈਤੋ ਵਿਚ ੧੧ ਮਹੀਨੇ ਤੇ ੯ ਮਹੀਨੇ ਕੈਦ ਕੱਟੀ ।

੧੮. ਭਾਈ ਹਰਨਾਮ ਸਿੰਘ ਜੀ ਪਿਤਾ ਮੋਤਾ ਸਿੰਘ ਜੀ ਮਾਤਾ ਪ੍ਰੇਮ ਕੌਰ ਜੀ ਪਿੰਡ ਧੱਲੇਕੇ ਵੇਰਵਾ ਕੁਰਬਾਨੀ ਮੋਰਚਾ ਗੁਰੂ ਕੇ ਬਾਗ ਵਿਚ ਆਪ ਜੀ ਨੂੰ ੨੪ ਬੈਂਤਾਂ ਦੀ ਸਜ਼ਾ ਹੋਈ । ੨੦ ਬੈਂਤ ਲਗ ਜਾਣ ਤੇ ਆਪ ਬੇਹੋਸ਼ ਹੋ ਗਏ । ਤਿੰਨ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ ਰਹੇ । ਅਤੇ ਮੋਰਚਾ ਜੈਤੋ ਵਿਚ ੧੧ ਮਹੀਨੇ ਤੇ ੯ ਮਹੀਨੇ ਕੈਦ ਕੱਟੀ ।

Digitized by Panjab Digital Library | www.panjabdigilib.org

੧੯. ਕੁੰਡਾ ਸਿੰਘ ਪਿਤਾ ਹੀਰਾ ਸਿੰਘ ਜੀ ਮਾਤਾ ਪ੍ਰੇਮ ਕੋਰ ਪਿੰਡ ਧੱਲੇਕੇ ਵੇਰਵਾ ਕੁਰਬਾਨੀ ਮੋਰਚੇ ਵਿਚ ਗਏ।

੨੦. ਜੱਥੇਦਾਰ ਸੁੱਧਾ ਸਿੰਘ ਜੀ ਅਕਾਲੀ ਪਿਤਾ ਖਜ਼ਾਨ ਸਿੰਘ ਜੀ ਮਾਤਾ ਸੋਭੀ ਜੀ ਪਿੰਡ ਮੇਸਰੀ ਵੇਰਵਾ ਕੁਰਬਾਨੀ–ਛੇ ਮਹੀਨੇ ਨੌ ਹਫਤੇ ਕੈਦ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੧. ਭਾਈ ਇੰਦਰ ਸਿੰਘ ਪਿਤਾ ਕਰਮ ਸਿੰਘ ਮਾਤਾ ਹਾਜ ਕੌਰ ਪਿੰਡ ਮਹੇਸਰੀ ਵੇਰਵਾ ਕੁਰਬਾਨੀ–ਕੈਦ ੬ ਮਹੀਨੇ ੯ ਹਫ਼ਤੇ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੨. ਭਾਈ ਕਰਤਾਰ ਸਿੰਘ ਜੀ ਗੂੰਬੀ ਪਿਤਾ ਰੂੜ ਸਿੰਘ ਮਾਤਾ ਪਰਤਾਪ ਕੌਰ ਪਿੰਡ ਮਹੇਸਰੀ ਵੇਰਵਾ ਕੁਰਬਾਨੀ-ਕੈਦ ੬ ਮਹੀਨੇ ੯ ਹਫ਼ਤੇ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੩. ਭਾਈ ਮੋਤਾ ਸਿੰਘ ਪਿਤਾ ਹਜ਼ਾਰਾ ਸਿੰਘ ਮਾਤਾ ਭੋਲੀ ਪਿੰਡ ਮਹੇਸਰੀ ਵੇਰਵਾ ਕੁਰਬਾਨੀ-ਕੈਦ ੬ ਮਹੀਨੇ ੯ ਹਫ਼ਤੇ ਅਤੇ ਜੈਤੋ ਮੋਰਚੇ ਵਿਚ ਭੀ ਗਏ।

੨੪. ਭਾਈ ਮਾਘੀ ਸਿੰਘ ਪਿਤਾ ਕਾਕੂ ਸਿੰਘ ਮਾਤਾ ਮਤਾਬ ਕੌਰ ਪਿੰਡ ਸਾਫੂਵਾਲ ਵੇਰਵਾ ਕੁਰਬਾਨੀ-ਕੈਦ ਛੇ ਮਹੀਨੇ ਅਟਕ ਜੇਲ੍ਹ ਅਤੇ ਜੈਤੋ ਮੋਰਚੇ ਵਿਚ ਭੀ ਗਏ।

੨੫. ਭਾਈ ਨੰਦ ਸਿੰਘ ਪਿਤਾ ਕਾਕੂ ਸਿੰਘ ਮਾਤਾ ਮਤਾਬ ਕੌਰ ਪਿੰਡ ਸਾਫੂਵਾਲ ਵੇਰਵਾ ਕੁਰਬਾਨੀ-ਕੈਦ ਛੇ ਮਹੀਨੇ ਅਟਕ ਜੇਲ੍ਹ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੬. ਭਾਈ ਕੇਹਰ ਸਿੰਘ ਪਿਤਾ ਮੋਗਾ ਸਿੰਘ ਪਿੰਡ ਸਾਫੂਵਾਲ ਵੇਰਵਾ ਕੁਰਬਾਨੀ-ਕੈਦ ਛੇ ਮਹੀਨੇ ਅਟਕ ਜੇਲ੍ਹ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੭. ਭਾਈ ਪਰਤਾਪ ਸਿੰਘ ਅਕਾਲੀ ਪਿਤਾ ਸ: ਜੇ ਸਿੰਘ ਮਾਤਾ ਨੰਦ ਕੌਰ ਪਿੰਡ ਸਾਫੂਵਾਲ ਵੇਰਵਾ ਕੁਰਬਾਨੀ-ਕੈਦ ੬ ਮਹੀਨੇ ਅਟਕ ਜੇਲ੍ਹ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੮. ਭਾਈ ਸਰਦਾਰਾ ਸਿੰਘ ਪਿਤਾ ਰਾਮ ਸਿੰਘ ਮਾਤਾ ਰਾਜ ਕੌਰ ਪਿੰਡ ਸਾਫੂਵਾਲ ਵੇਰਵਾ ਕੁਰਬਾਨੀ-ਕੈਦ ਛੇ ਮਹੀਨੇ ਅਟਕ ਜੇਲ੍ਹ ਅਤੇ ਆਪ ਜੈਤੋ ਮੋਰਚੇ ਵਿਚ ਭੀ ਗਏ।

੨੯. ਜੱਥੇਦਾਰ ਬਦਨ ਸਿੰਘ ਪਿਤਾ ਗਿਆਨ ਸਿੰਘ ਮਾਤਾ ਮਹਾਂ ਕੌਰ ਪਿੰਡ ਚੰਦ ਨਵੇਂ ਵੇਰਵਾ ਕੁਰਬਾਨੀ -ਮੋਰਚਾ ਗੁਰੂ ਕੇ ਬਾਗ ਵਿਚ ਡਾਂਗਾ ਖਾਜੀਆਂ ਤੇ ਤਿੰਨ ਮਹੀਨੇ ਕੈਦ ਵੀ ਕੱਟੀ

੩੦. ਭਾ: ਬਿਸ਼ਨ ਸਿੰਘ ਗੀ ਪਿਤਾ ਵੀਰ ਸਿੰਘ ਮਾਤਾਂ ਦਾਨ ਕੌਰ ਪਿੰਡ ਚੰਦਨਵੇਂ ਵੇਰਵਾ ਕੁਰਬਾਨੀ-ਡਾਂਗਾਂ ਖਾਧੀਆਂ ਤੇ ਕਾਫੀ ਚਿਰ ਹਸਪਤਾਲ ਵਿਚ ਰਹੇ।

੩੧. ਭਾਈ ਹਜ਼ੂਰਾ ਸਿੰਘ ਪਿਤਾ ਭਾਨ ਸਿੰਘ ਮਾਤਾ ਧਰਮ ਕੌਰ ਪਿੰਡ ਚੰਦਨਵੇਂ ਵੇਰਵਾ ਕੁਰਬਾਨੀ-ਡਾਂਗਾਂ ਖਾਧੀਆਂ ਤੇ ਕਾਫੀ ਚਿਰ ਹਸਪਤਾਲ ਵਿਚ ਰਹੇ।

੩੨. ਭਾਈ ਜੀਵਨ ਸਿੰਘ ਪਿਤਾ ਬਾਲਾ ਸਿੰਘ ਮਾਤਾ ਰਤਨ ਕੌਰ ਪਿੰਡ ਜੈਮਲ ਵਾਲਾ ਵੇਰਵਾ ਕੁਰਬਾਨੀ-ਇਕ ਮਹੀਨਾ ਕੈਦ।

੩੩. ਭਾਈ ਕਪੂਰ ਚੰਦ ਪਿਤਾ ਦੌਲਤ ਰਾਮ ਪਿੰਡ ਜੈਮਲਵਾਲਾ ਵੇਰਵਾ ਕੁਰਬਾਨੀ-ਕੈਦ ਪੰਜ ਮਹੀਨੇ ਅਟਕ ਜੇਲ੍ਹ।

੩੪. ਸੋਹਣ ਸਿੰਘ ਜੀ ਪਿਤਾ ਬਰਮ ਸਿੰਘ ਮਾਤਾ ਭੋਲੀ ਪਿੰਡ ਆਲਿਮਵਾਲਾ ਵਡਾ ਵੇਰਵਾ ਕੁਰਬਾਨੀ-ਤਿੰਨ ਮਹੀਨੇ ਕੈਦ ਅਤੇ ਆਪਣੀ ਜ਼ਮੀਨ ਵਿਚ ਗੁਰਦੁਆਰਾ ਪੁਆਇਦਾ।

੩੫. ਭਾਈ ਕਿਸ਼ਨ ਸਿੰਘ ਪਿਤਾ ਅਮਰੀਕ ਸਿੰਘ ਮਾਤਾ ਭਾਗਣ ਪਿੰਡ ਆਲਿਮਵਾਲਾ ਵਡਾ ਵੇਰਵਾ ਕੁਰਬਾਨੀ-ਮੋਰਚੇ ਤੇ ਜੱਥੇ ਨਾਲ ਗਏ ਤੇ ਕੈਦ ਰਹੇ।

Digitized by Panjab Digital Library | www.panjabdigilib.org

੩੬. ਭਾਈ ਦੇਵਾ ਸਿੰਘ ਜੀ ਪਿਤਾ ਜਵਾਹਰ ਸਿੰਘ ਜੀ ਪਿੰਡ ਰਾਜੇਆਣਾ ਵੇਰਵਾ ਕੁਰਬਾਨੀ-ਮੋਰਚਾ ਗੁਰੂ ਕੇ ਬਾਗ ਵਿਚ ਤਕਲੀਫ਼ਾਂ ਤੇ ਕੈਦ।

੩੭. ਭਾਈ ਸੋਹਣ ਸਿੰਘ ਜੀ ਪਿਤਾ ਕਾਹਨ ਸਿੰਘ ਜੀ ਮਾਤਾ ਜਿੰਦਾਂ ਪਿੰਡ ਰਾਜੇਆਣਾ ਵੇਰਵਾ ਕੁਰਬਾਨੀ-ਅਕਾਲੀ ਵਰਕਰ।

੩੮. ਭਾਈ ਬੇਗਾ ਸਿੰਘ ਜੀ ਪਿਤਾ ਮਾਲਾ ਸਿੰਘ ਮਾਤਾ ਖੇਮ ਕੌਰ ਪਿੰਡ ਰਾਜੇਆਣਾ ਵੇਰਵਾ ਕੁਰਬਾਨੀ-ਅਕਾਲੀ ਵਰਕਰ।

੩੯. ਭਾਈ ਕੁੰਡਾ ਸਿੰਘ ਪਿਤਾ ਦੇਵਾ ਸਿੰਘ ਮਾਤਾ ਮਤਾਬ ਕੌਰ ਪਿੰਡ ਲੰਡੇ ਵੇਰਵਾ ਕੁਰਬਾਨੀ ੧੧ ਮਹੀਨੇ ਕੈਦ ਮੁਲਤਾਨ ਜੇਲ੍ਹ।

੪੦. ਭਾਈ ਬੁਧ ਸਿੰਘ ਪਿਤਾ ਕਾਕੂ ਸਿੰਘ ਮਾਤਾ ਚੰਦੋ ਪਿੰਡ ਸਾਹੋਕੇ ਵੇਰਵਾ ਕੁਰਬਾਨੀ-ਜੱਥੇ ਵਿਚ ਜਾਂਦੇ ਜੇਲ੍ਹ ਕਟੀ। ਅਤੇ ਆਪ ਜੈਤੋਂ ਵੀ ਗਏ ਮੋਰਚੇ ਵਿਚ।

੪੧. ਭਾਈ ਝੰਡਾ ਸਿੰਘ ਪਿਤਾ ਸਰੂਪ ਸਿੰਘ ਮਾਤਾ ਅਤਰ ਕੋਰ ਪਿੰਡ ਸਾਹੋਕੇ ਵੇਰਵਾ ਕੁਰਬਾਨੀ-ਮੋਰਚਾ ਗੁਰੂ ਕਾ ਬਾਗ ਡਸਕਾ ਤੇ ਜੈਤੋ ਕੈਦ ਕਟੀ ੪ ਮਹੀਨੇ।

੪੨. ਸ: ਸੌਣ ਸਿੰਘ ਜੀ ਪਿਤਾ ਅਨੋਖ ਸਿੰਘ ਜੀ ਮਾਤਾ ਭਾਵੋ ਪਿੰਡ ਮਲੱਕੇ ਵੇਰਵਾ ਕੁਰਬਾਨੀ-ਮੋਰਚਾ ਗੁਰੂ ਕਾ ਬਾਗ ਕੈਦ ਛੇ ਮਹੀਨੇ ਅਟਕ ਜੇਲ੍ਹ।

੪੩. ਭਾ: ਨਿਧਾਨ ਸਿੰਘ ਜੀ ਪਿਤਾ ਸੰਧੂਰਾ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਮਲੱਕੇ ਵੇਰਵਾ ਕੁਰਬਾਨੀ–ਮੋਰਚਾ ਗੁਰੂ ਕਾ ਬਾਗ ਕੈਦ ਛੇ ਮਹੀਨੇ ਅਟਕ ਜੇਲ੍ਹ।

੪੫. ਭਾਈ ਨਰੈਣ ਸਿੰਘ ਪਿਤਾ ਵੀਰ ਸਿੰਘ ਜੀ ਮਾਤਾ ਅਤਰ ਕੌਰ ਪਿੰਡ ਮੱਲ ਕੇ ਵੇਰਵਾ ਕੁਰਬਾਨੀ- ਮੋਰਚਾ ਗੁਰੂ ਕਾ ਬਾਗ ਵਿਚ ਕੈਦ ਛੇ ਮਹੀਨੇ।

੪੬. ਭਾਈ ਮਹਿੰਦਰ ਸਿੰਘ ਜੀ ਪਿਤਾ ਸ: ਹੀਰਾ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਮੱਲ ਕੇ ਵੇਰਵਾ ਕੁਰਬਾਨੀ- ਕੈਦ ਛੇ ਮਹੀਨੇ।

੪੭. ਭਾਈ ਕਰਮ ਸਿੰਘ ਜੋਗੀ ਪਿੰਡ ਸਿਵੀਆਂ ਥਾਨਾ ਬਾਘਾ ਪੁਰਾਣਾ ਕੈਦ ਅਟਕ ਜੇਲ੍ਹ।

੪੮. ਭਾਈ ਸੇਵਾ ਸਿੰਘ ਪਿਤਾ ਸ: ਵਸਾਵਾ ਸਿੰਘ ਪਿੰਡ ਬੰਬੀਹਾ ਥਾਣਾ ਬਾਘਾ ਪੁਰਾਣਾ ਵੇਰਵਾ ਕੁਰਬਾਨੀ- ਕੈਦ ਛੇ ਮਹੀਨੇ ਅਟਕ ਜੇਲ੍ਹ।

੪੯. ਭਾਈ ਉਜਾਗਰ ਸਿੰਘ ਪਿਤਾ ਸ: ਘੁੰਮਣ ਸਿੰਘ ਮਾਤਾ ਮਤਾਬ ਕੌਰ ਪਿੰਡ ਬੰਬੀਹਾ ਵੇਰਵਾ ਕੁਰਬਾਨੀ- ੬ ਮਹੀਨੇ ਕੈਦ ਅਟਕ ਤੇ ਮੁਲਤਾਨ ਜੇਲ੍ਹ।

੫੦. ਭਾਈ ਗੁਲਾਬ ਸਿੰਘ ਪਿਤਾ ਫਿਤੇ ਸਿੰਘ ਮਾਤਾ ਰਾਮ ਕੌਰ ਪਿੰਡ ਬੰਬੀਹਾ ਵੇਰਵਾ ਕੁਰਬਾਨੀ- ਕੈਦ ਛੇ ਮਹੀਨੇ ਅਟਕ ਤੇ ਮੁਲਤਾਨ ਜੇਲ੍ਹ।

੫੧. ਭਾਈ ਸੰਤ ਸਿੰਘ ਜੀ ਜ਼ਿੰਦਾ ਸ਼ਹੀਦ ਪਿਤਾ ਸ: ਕਾਲਾ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਬਰਾਜ ਥਾਣਾ ਬਾਘਾ ਪੁਰਾਣਾ ਵੇਰਵਾ ਕੁਰਬਾਨੀ- ਸਖਤ ਮਾਰ ਖਾਧੀ, ਬੇਹੋਸ਼ ਹੋ ਗਏ ਪਰੰਤੂ ਬਚ ਰਹੇ। ਕੈਦ ਛੇ ਮਹੀਨੇ ਮੁਲਤਾਨ ਅਤੇ ਅਟਕ ਜੇਲ੍ਹ। ਆਪ ਜੀ ਨੂੰ ਕਮੇਟੀ ਵਲੋਂ ਵੀ ਸ਼ਹੀਦ ਦਾ ਖਿਤਾਬ ਮਿਲਿਆ।

੫੨. ਭਾਈ ਤਾਰਾ ਸਿੰਘ ਜੀ ਪਿਤਾ ਸ: ਸੰਤਾ ਸਿੰਘ ਮਾਤਾ ਪਰਤਾਪ ਕੌਰ ਪਿੰਡ ਬਰਾਜ ਵੇਰਵਾ ਕੁਰਬਾਨੀ- ਕੈਦ ਛੇ ਮਹੀਨੇ ਅਟਕ ਤੇ ਮੁਲਤਾਨ ਜੇਲ੍ਹ।

Digitized by Panjab Digital Library | www.panjabdigilib.org

੫੩. ਭਾਈ ਗੋਪਾਲ ਸਿੰਘ ਪਿਤਾ ਸ: ਦਲ ਸਿੰਘ ਮਾਤਾ ਅਤਰ ਕੌਰ ਪਿੰਡ ਜੀਤ ਸਿੰਘ ਚੌਧਰੀ ਵਾਲਾ ਵੇਰਵਾ ਕੁਰਬਾਨੀ- ਦੋ ਵੇਰ ਮੋਰਚੇ ਵਿਚ ਗਏ। ਇਕ ਵੇਰ ਫੱਟੜ ਤੇ ਦੂਜੀ ਵੇਰ ਫੱਟੜ ਤੇ ਦੂਜੀ ਵੇਰ ਕੈਦ ੧ ਮਹੀਨਾ।

੫੪. ਭਾਈ ਹਰਨਾਮ ਸਿੰਘ ਅਕਾਲੀ ਪਿਤਾ ਸ: ਨਿਹਾਲ ਸਿੰਘ ਪਿੰਡ ਠੱਠੀ ਵੇਰਵਾ ਕੁਰਬਾਨੀ ਕੈਦ ਛੇ ਮਹੀਨੇ।

੫੫. ਭਾਈ ਅਰਜਨ ਸਿੰਘ ਪਿਤਾ ਸ: ਗੋਬਿੰਦ ਸਿੰਘ ਮਾਤਾ ਹਰ ਕੌਰ ਪਿੰਡ ਠੱਠੀ ਵੇਰਵਾ ਕੁਰਬਾਨੀ- ਕੈਦ ਛੇ ਮਹੀਨੇ।

੫੬. ਭਾਈ ਨਰੈਣ ਸਿੰਘ ਪਿਤਾ ਸ: ਜੀਤ ਸਿੰਘ ਮਾਤਾ ਬਿਸ਼ਨ ਕੌਰ ਪਿੰਡ ਵੈਰੋ ਕੇ ਵੇਰਵਾ ਕੁਰਬਾਨੀ– ਮੋਰਚੇ ਵਿਚ ਸਟਾਂ ਨਾਲ ਜ਼ਖਮੀ ਹੋਣ ਕਾਰਨ ੧ ਮਹੀਨਾ ਹਸਪਤਾਲ ਵਿਚ ਰਹੇ।

੫੭. ਭਾਈ ਲਾਲ ਸਿੰਘ ਪਿਤਾ ਸ: ਫੁਮਣ ਸਿੰਘ ਮਾਤਾ ਦਾਨ ਕੌਰ ਪਿੰਡ ਕੋਟਲਾ ਰਾਏ ਕਾ ਵੇਰਵਾ ਕੁਰਬਾਨੀ- ਮੋਰਚੇ ਵਿਚ ਜਾ ਕੇ ਬੜੀਆਂ ਤਕਲੀਫਾਂ ਸਹੀਆਂ।

੫੮. ਭਾਈ ਫੁਮਣ ਸਿੰਘ ਪਿਤਾ ਸ: ਘੁਲਾ ਸਿੰਘ ਪਿੰਡ ਕੋਟਲਾ ਰਾਏ ਕਾ ਵੇਰਵਾ ਕੁਰਬਾਨੀ ਮੋਰਚੇ ਵਿਚ ਜਾਕੇ ਬਹੁਤ ਤਕਲੀਫਾਂ ਸਹੀਆਂ।

੫੯. ਭਾਈ ਬਚਨ ਸਿੰਘ ਜੀ ਅਕਾਲੀ ਪਿਤਾ ਸ: ਜੱਸਾ ਸਿੰਘ ਮਾਤਾ ਪਰੇਮ ਕੌਰ ਪਿੰਡ ਕੋਟਲਾ ਰਾਏ ਕਾ ਵੇਰਵਾ ਕੁਰਬਾਨੀ- ਮੋਰਚੇ ਵਿਚ ਜਾ ਕੇ ਬਹੁਤ ਤਕਲੀਫਾਂ ਸਹੀਆਂ।

੬੦. ਭਾਈ ਗੁਰਦਿਤ ਸਿੰਘ ਪਿਤਾ ਸ: ਕਟਾਰ ਸਿੰਘ ਪਿੰਡ ਛੋਟਾ ਘੋਲੀਆ ਵੇਰਵਾ ਕੁਰਬਾਨੀ- ਮੋਰਚੇ ਵਿਚ ਜਾ ਕੇ ਤਕਲੀਫਾਂ ਸਹੀਆਂ।

੬੧. ਭਾਈ ਤੇਜਾ ਸਿੰਘ ਪਿਤਾ ਸ: ਹੀਰਾ ਸਿੰਘ ਜੀ ਮਾਤਾ ਅਤਰ ਕੌਰ ਪਿੰਡ ਗਿੱਲ ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਤੇ ਤਕਲੀਫਾਂ ਸਹੀਆਂ।

੬੨. ਭਾਈ ਇੰਦਰ ਸਿੰਘ ਪਿਤਾ ਸ: ਬੂਟਾ ਸਿੰਘ ਜੀ ਮਾਤਾ ਮਾਲਾਂ ਪਿੰਡ ਗਿੱਲ ਵੇਰਵਾ ਕੁਰਬਾਨੀ- ਤਿੰਨ ਮਹੀਨੇ ਕੈਦ ਅਟਕ ਜੇਲ੍ਹ।

੬੩. ਭਾਈ ਗੱਜਨ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਗਿੱਲ ਵੇਰਵਾ ਕੁਰਬਾਨੀ– ਤਿੰਨ ਮਹੀਨੇ ਕੈਦ ਅਟਕ ਜੇਲ੍ਹ।

੬੪. ਭਾਈ ਅਰਜਨ ਸਿੰਘ ਪਿਤਾ ਸ: ਹੀਰਾ ਸਿੰਘ ਮਾਤਾ ਜੇ ਕੌਰ ਪਿੰਡ ਰਾਊ ਕੇ ਕਲਾਂ ਵੇਰਵਾ ਕੁਰਬਾਨੀ- ਪੈਨਸ਼ਨ ਜ਼ਬਤ।

੬੫. ਭਾਈ ਸਾਹਿਬ ਸਿੰਘ ਪਿਤਾ ਸ: ਸਾਵਣ ਸਿੰਘ ਮਾਤਾ ਅਤਰ ਕੌਰ ਪਿੰਡ ਰਾਊ ਕੇ ਕਲਾਂ ਵੇਰਵਾ ਕੁਰਬਾਨੀ ਛੇ ਮਹੀਨੇ ਕੈਦ।

੬੬. ਭਾ: ਕਰਮ ਸਿੰਘ ਜੀ ਅਕਾਲੀ ਪਿਤਾ ਸ: ਸਰਮੁਖ ਸਿੰਘ ਮਾਤਾ ਲਛਮਣ ਕੌਰ ,, ਵੇਰਵਾ-ਕੁਰਬਾਨੀ ਮੋਰਚੇ ਵਿਚ ਗਏ।

੬੭. ਭਾਈ ਕੇਹਰ ਸਿੰਘ ਜੀ ਪਿਤਾ ਕੁੰਦਾ ਸਿੰਘ ਪਿੰਡ ਮਹਿਣਾ

੬੮. ਭਾਈ ਕਪੂਰ ਸਿੰਘ ਜੀ ਪਿਤਾ ਈਸਰ ਸਿੰਘ ਪਿੰਡ ਡਗਰੂ

੬੯. ਵਿਸਾਖਾ ਸਿੰਘ ਜੀ ਪਿਤਾ ਦੇਵਾ ਸਿੰਘ ਪਿੰਡ ਮਹੇਸਰੀ

੭੦. ਭਾਈ ਸੂਬਾ ਸਿੰਘ ਜੀ ਪਿਤਾ ਸ਼ਾਮ ਸਿੰਘ ਪਿੰਡ ਮਹਿਣਾ

੭੧. ਨਰੈਣ ਸਿੰਘ ਜੀ ਪਿਤਾ ਜੀਤ ਸਿੰਘ ਪਿੰਡ ਵੈਰੋ ਕੇ

Digitized by Panjab Digital Library | www.panjabdigilib.org

੭੨. ਭਾਈ ਨੰਦ ਸਿੰਘ ਜੀ ਪਿਤਾ ਕੇਹਰ ਸਿੰਘ ਜੀ ਪਿੰਡ ਸਾਫੂਵਾਲ

੭੩. ਭਾਈ ਗੱਜਣ ਸਿੰਘ ਜੀ ਪਿਤਾ ਕੁੰਢਾ ਸਿਘ ਜੀ ਮਾਤਾ ਭਾਨ ਕੌਰ ਜੀ ਪਿੰਡ ਰਾਉਕੇ ਕਲਾਂ (ਥਾਣਾ ਨਿਹ ਲ ਸਿੰਘ ਵਾਲਾ) ਵੇਰਵਾ ਕੁਰਬਾਨੀ– ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

੭੪. ਭਾਈ ਪ੍ਰੇਮ ਸਿੰਘ ਜੀ ਪਿਤਾ ਸ: ਸੁਹੇਲ ਸਿੰਘ ਜੀ ਪਿੰਡ ਰਾਉਕੇ ਕਲਾ (ਥਾਣਾ ਨਿਹਾਲ ਸਿੰਘ ਵਾਲਾ) ਵੇਰਵਾ ਕੁਰਬਾਨੀ– ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

੭੫. ਭਾਈ ਸੇਵਾ ਸਿੰਘ ਜੀ ਪਿਤਾ ਸ: ਵਰਯਾਮ ਸਿੰਘ ਜੀ ਮਾਤਾ ਜੀਉਣ ਕੌਰ ਜੀ ਪਿੰਡ ਰਾਉਕੇ ਕਲਾਂ (ਥਾਣਾ ਨਿਹਾਲ ਸਿੰਘ ਵਾਲਾ) ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਅਤੇ ਕੁਟ ਨਾਲ ਸ਼ਹੀਦ ਹੋ ਗਏ।

੭੬. ਭਾਈ ਕਰਤਾਰ ਸਿੰਘ ਜੀ ਪਿਤਾ ਸ: ਅਨੋਖ ਸਿੰਘ ਜੀ ਮਾਤਾ ਸਮਾਂ ਕੌਰ ਜੀ ਪਿੰਡ ਲੁਹਾਰਾ (ਥਾਣਾ ਨਿਹਾਲ ਸਿੰਘ ਵਾਲ) ਵੇਰਵਾ ਕੁਰਬਾਨੀ– ੧੧ ਮਹੀਨੇ ਕੈਦ ਲਾਹੌਰ ਜੇਲ੍ਹ।

੭੭. ਭਾਈ ਰਤਨ ਸਿੰਘ ਜੀ ਪਿਤਾ ਸ: ਭਗਤ ਸਿੰਘ ਜੀ ਮਾਤਾ ਧਨ ਕੌਰ ਜੀ ਪਿੰਡ ਲੁਹਾਰਾ (ਥਾਣਾ ਨਿਹਾਲ ਸਿੰਘ ਵਾਲਾ) ਵੇਰਵਾ ਕੁਰਬਾਨੀ– ਤਿੰਨ ਮਹੀਨੇ ਕੈਦ।

੭੮. ਭਾਈ ਕਰਤਾਰ ਸਿੰਘ ਜੀ ਪਿਤਾ ਸ: ਅਰਜਨ ਸਿੰਘ ਜੀ ਮਾਤਾ ਪੰਜਾਬ ਕੌਰ ਜੀ ਪਿੰਡ ਲੁਹਾਰਾ (ਥਾਣਾ ਨਿਹਾਲ ਸਿੰਘ ਵਾਲਾ, ਵੇਰਵਾ ਕੁਰਬਾਨੀ– ਇਕ ਸਾਲ ਕੈਦ ਕਟੀ।

੭੯. ਭਾਈ ਨਾਹਰ ਸਿੰਘ ਜੀ ਪਿਤਾ ਸ: ਚੇਤ ਸਿੰਘ ਜੀ ਮਾਤਾ ਭੋਲੀ ਜੀ ਪਿੰਡ ਲੁਹਾਰਾ ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਤੇ ਸਜ਼ਾ ਕਟੀ।

੮੦. ਭਾਈ ਅਤਰ ਸਿੰਘ ਜੀ ਪਿਤਾ ਸ: ਜੀਤਾ ਸਿੰਘ ਜੀ ਮਾਤਾ ਸਦਾ ਕੌਰ ਜੀ ਪਿੰਡ ਭਾਗੀਕੇ (ਥਾਣਾ ਨਿਹਾਲ ਸਿੰਘ ਵਾਲਾ) ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ, ਕਸ਼ਟ ਸਹਾਰੇ, ਸਤ ਸਾਲ ਕੈਦ, ੨੦) ਰੁਪੈ ਮਹੀਨਾ ਦੀ ਪੈਨਸ਼ਨ ੧੦ ਸਾਲ ਲਈ ਜ਼ਬਤ।

੮੧. ਜਥੇਦਾਰ ਤੇਜਾ ਸਿੰਘ ਜੀ ਪਿੰਡ ਕੋਕਰੀ ਕਲਾਂ (ਥਾਣਾ ਮਹਿਣਾ) ਵੇਰਵਾ ਕੁਰਬਾਨੀ– ਮੋਰਚੇ ਵਿਚ ਗਏ ਤੇ ੧੦੫ ਦਾ ਜੱਥਾ ਲੈਕੇ ਗਏ।

੮੨. ਸ: ਬਚਨ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਜੀ ਪਿੰਡ ਚੁਗਾਵਾਂ (ਥਾਣਾ ਮਹਿਣਾ) ਅਤੇ ਵੇਰਵਾ ਕੁਰਬਾਨੀ– ਜਥਾ ਨੰ: ੧੦ ਨਾਲ ਮੋਰਚੇ ਤੇ ਗਏ। ਲਹਿਰ ਵਿਚ ਵਧ ਚੜ੍ਹ ਕੇ ਹੋਰ ਵੀ ਬਹੁਤ ਕੰਮ ਕੀਤੇ।

੮੩. ਭਾਈ ਸੰਤ ਸਿੰਘ ਜੀ ਪਿਤਾ ਸ: ਦੇਵਾ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਪਿੰਡ ਨਥੂਵਾਲ (ਥਾਣਾ ਮਹਿਣਾ) ਵੇਰਵਾ ਕੁਰਬਾਨੀ - ਮੋਰਚੇ ਤੇ ਗਏ ਤੇ ਕੁਰਬਾਨੀ ਦਿਤੀ।

੮੪. ਭਾਈ ਵੀਰ ਸਿੰਘ ਜੀ ਪਿਤਾ ਸ: ਖਜ਼ਾਨ ਸਿੰਘ ਜੀ ਮਾਤਾ ਜਿੰਦਾਂ ਜੀ ਪਿੰਡ ਨਥੂ ਵਾਲ (ਥਾਣਾ ਮਹਿਣਾ) ਵੇਰਵਾ ਕੁਰਬਾਨੀ - ਜਥਾ ਨੰ: ੬ ਨਾਲ ਗਏ ਤੇ ਡੇਢ ਸਾਲ ਕੈਦ ਰਹੇ।

੮੫. ਭਾਈ ਵਰਯਾਮ ਸਿੰਘ ਜੀ ਪਿੰਡ ਨਥੂ ਵਾਲ (ਥਾਣਾ ਮਹਿਣਾ) ਵੇਰਵਾ ਕੁਰਬਾਨੀ– ਜਥਾ ਨੰ: ੬ ਵਿਚ ਡੇਢ ਸਾਲ ਕੈਦ, ੨੦ ਦਿਨ ਗੁਰੂ ਕੇ ਬਾਗ ਵਿਚ ਕੈਦ ਕਟੀ।

੮੬. ਸੰਤ ਪ੍ਰੇਮ ਸਿੰਘ ਜਥੇਦਾਰ ਪਿਤਾ ਸ: ਸੂਬਾ ਸਿੰਘ ਪਿੰਡ ਕੋਕਰੀ ਖੁਰਦ (ਥਾਣਾ ਮਹਿਣਾ) ਵੇਰਵਾ ਕੁਰਬਾਨੀ-- ਮੋਰਚੇ ਵਿਚ ਗਏ ਤੇ ਕੁਰਬਾਨੀ ਦਿਤੀ ਅਤੇ ਆਪ ਜੈਤੋ ਦੇ ਮੋਰਚੇ ਵਿਚ ਭੀ ਗਏ ਤੇ ਕਈ ਗੁਰਦਵਾਰਿਆਂ ਤੇ ਸਕੂਲਾਂ ਦੀ ਸੇਵਾ ਕੀਤੀ। ਆਪ ਬੜੇ ਪ੍ਰਉਪਕਾਰੀ ਹਨ।

Digitized by Panjab Digital Library | www.panjabdigilib.org

੯੭. ਭਾਈ ਸੂਬਾ ਸਿੰਘ ਜੀ ਪਿਤਾ ਸ: ਸ਼ਾਮ ਸਿੰਘ ਜੀ ਪਿੰਡ ਮਹਿਣਾ ਪੜਾਉ (ਥਾਣਾ ਖਾਸ) ਵੇਰਵਾ ਕੁਰਬਾਨੀ-- ਡੇਢ ਸਾਲ ਕੈਦ ਕਟੀ।

੯੮. ਭਾਈ ਨਿਕਾ ਸਿੰਘ ਅਕਾਲੀ ਪਿਤਾ ਸ: ਈਸ਼ਰ ਸਿੰਘ ਜੀ ਪਿੰਡ ਮਹਿਣਾ ਪੜਾਉ (ਥਾਣਾ ਖਾਸ) ਵੇਰਵਾ ਕੁਰਬਾਨੀ-- ਕੈਦ ਡੇਢ ਸਾਲ ਇਸ ਵਿਚ ਜੈਤੋ ਦੀ ਕੈਦ ਭੀ ਸ਼ਾਮਲ ਹੈ। ਜੈਤੋ ਦਾ ਛੇਵਾਂ ਜਥਾ।

੯੯. ਭਾਈ ਕੇਸਰ ਸਿੰਘ ਜੀ ਪਿਤਾ ਸ: ਬਿਸ਼ਨ ਸਿੰਘ ਜੀ ਮਾਤਾ ਕੌੜ ਕੌਰ ਜੀ ਪਿੰਡ ਡਾਲਾ (ਥਾਣਾ ਮਹਿਣਾ) ਵੇਰਵਾ ਕੁਰਬਾਨੀ-- ਮੋਰਚਾ ਗੁਰੂ ਕੇ ਬਾਗ ਵਿਚ ਖਾਸ ਕਰਕੇ ਹਿਸਾ ਲਿਆ।

## ਜ਼ਿਲਾ ਲੁਧਿਆਣਾ

## ਤਹਿਸੀਲ ਜਗਰਾਉਂ ਦੇ ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਚਨਣ ਸਿੰਘ ਪਿਤਾ ਖਜ਼ਾਨ ਸਿੰਘ ਮਾਤਾ ਰੂੜ ਕੌਰ ਪਿੰਡ ਵਿੰਜਲ ਵੇਰਵਾ ਕੁਰਬਾਨੀ-ਮੋਰਚੇ ਵਿਚ ਗਏ ਤਕਲੀਫਾਂ ਸਹੀਆਂ।

੨. ਭਾਈ ਕਰਤਾਰ ਸਿੰਘ ਪਿਤਾ ਭਗਵਾਨ ਸਿੰਘ ਪਿੰਡ ਵਿੰਜਲ ਵੇਰਵਾ ਕੁਰਵਾਨੀ-ਮੋਰਚਾ ਗੁਰੂ ਕੇ ਵਾਗ ਵਿਚ ਸੇਵਾ ਕੀਤੀ।

੩. ਭਾਈ ਸੇਵਾ ਸਿੰਘ ਪਿਤਾ ਭੂਪ ਸਿੰਘ ਪਿੰਡ ਝੋਰੜ ਵੇਰਵਾ ਕੁਰਬਾਨੀ-ਕੈਦ ਇਕ ਸਾਲ ਮੁਲਤਾਨ ਜੇਲ੍ਹ।

੪. ਭਾਈ ਦਲੀਪ ਸਿੰਘ ਪਿਤਾ ਨਰੈਣ ਸਿੰਘ ਪਿੰਡ ਨਥੋਵਾਲ ਵੇਰਵਾ ਕੁਰਬਾਨੀ-ਇਕ ਸਾਲ ਕੈਦ ਕੈਮਲਪੁਰ ਜੇਲ੍ਹ।

੫. ਭਾਈ ਜਗਤ ਸਿੰਘ ਪਿਤਾ ਸ: ਚੰਦਾ ਸਿੰਘ ਮਾਤਾ ਚੰਦੀ ਪਿੰਡ ਬੋਪਾਰਾਏ ਵੇਰਵਾ ਕੁਰਬਾਨੀ-ਕਾਫੀ ਤਕਲੀਫਾਂ ਤੋਂ ਉਪ੍ਰੰਤ ਮੋਰਚਾ ਫਤਹਿ ਹੋਣ ਤੇ ਮੋੜੇ ਪਾਏ।

੬. ਭਾਈ ਸੰਤਾ ਸਿੰਘ ਪਿਤਾ ਅਮਰ ਸਿੰਘ ਮਾਤਾ ਭੋਲੀ ਪਿੰਡ ਬੋਪਾਰਾਏ ਵੇਰਵਾ ਕੁਰਬਾਨੀ-ਕੈਦ ਤਿੰਨ ਸਾਲ ਮੁਲਤਾਨ ਜੇਲ੍ਹ।

੭. ਭਾਈ ਗੁਰਬਖਸ਼ ਸਿੰਘ ਪਿਤਾ ਸ: ਕਾਲਾ ਸਿੰਘ ਪਿੰਡ ਬਸੀਆਂ ਵੇਰਵਾ ਕੁਰਬਾਨੀ-ਕਸ਼ਟ ਤੇ ਕੈਦ ਇਕ ਸਾਲ ਮੁਲਤਾਨ ਜੇਲ੍ਹ।

੮. ਜੱਥੇਦਾਰ ਭਾਨ ਸਿੰਘ ਪਿਤਾ ਸ: ਗਜਣ ਸਿੰਘ ਮਾਤਾ ਇੰਦਕੌਰ ਪਿੰਡ ਭੈਣੀ ਬੜਿੰਗਾਂ ਵੇਰਵਾ ਕੁਰਬਾਨੀ ਮੋਰਚੇ ਵਿਚ ਗਏ ਮੋਰਚਾ ਫਤਹ ਹੋ ਗਿਆ।

੯. ਭਾਈ ਇੰਦਰ ਸਿੰਘ ਪਿਤਾ ਸ: ਦਸੌਦਾ ਸਿੰਘ ਪਿੰਡ ਭੈਣੀ ਬੜਿੰਗਾਂ ਵੇਰਵਾ ਕੁਰਬਾਨੀ-ਮੋਰਚੇ ਵਿਚ ਗਏ।

੧੦. ਭਾਈ ਹਰਨਾਮ ਸਿੰਘ ਪਿਤਾ ਹਜ਼ਾਰਾ ਸਿੰਘ ਪਿੰਡ ਭੈਣੀ ਬੜਿੰਗਾਂ ਵੇਰਵਾ ਕੁਰਬਾਨੀ-ਮੋਰਚੇ ਵਿਚ ਗਏ।

੧੧. ਭਾਈ ਰਾਮ ਸਿੰਘ ਪਿਤਾ ਸ: ਰਣ ਸਿੰਘ ਪਿੰਡ ਭੈਣੀ ਬੜਿੰਗਾਂ ਆਪ ਮੋਰਚੇ ਵਿਚ ਗਏ।

੧੨. ਭਾਈ ਅਨੋਖ ਸਿੰਘ ਪਿਤਾ ਸੱਦਾ ਸਿੰਘ ਮਾਤਾ ਮਹਾਂ ਕੌਰ ਪਿੰਡ ਭੈਣੀ ਬੜਿੰਗਾਂ ਆਪ ਮੋਰਚੇ ਵਿਚ ਗਏ।

੧੩. ਭਾਈ ਹਰ ਭਜਨ ਸਿੰਘ ਪਿਤਾ ਸ: ਅਰਜਨ ਸਿੰਘ ਮਾਈ ਬੱਸੋ ਪਿੰਡ ਪੱਤੀ ਚਮਿੰਡਾ

Digitized by Panjab Digital Library | www.panjabdigilib.org

ਕੈਦ ਤਿੰਨ ਮਹੀਨੇ ਮੁਲਤਾਨ ਜੇਲ੍ਹ।

੧੪. ਭਾਈ ਸਪੂਰਨ ਸਿੰਘ ਪਿਤਾ ਸ: ਧਰਮ ਸਿੰਘ ਪਿੰਡ ਸਰਾਬਾ ਕੈਦ ਇਕ ਸਾਲ।

੧੫. ਭਾਈ ਗੁਰਮੁਖ ਸਿੰਘ ਜੀ ਪਿਤਾ ਸ: ਕਿਸ਼ਨ ਸਿੰਘ ਜੀ ਮਾਤਾ ਗੁਜਰੀ ਜੀ ਪਿੰਡ ਸਰਾਬਾ ਵੇਰਵਾ ਕੁਰਬਾਨੀ— ਕਸ਼ਟ ਸਹੇ ਤੇ ਇਕ ਸਾਲ ਕੈਦ ਅੰਬਾਲਾ ਜੇਲ੍ਹ ਵਿਚ ਕਟੀ।

੧੬. ਭਾਈ ਸ਼ੇਰ ਸਿੰਘ ਜੀ ਪਿਤਾ ਸ: ਗੁਰਦਿਤ ਸਿੰਘ ਜੀ ਪਿੰਡ ਅਯੂਬ ਵਾਲ ਵੇਰਵਾ ਕੁਰਬਾਨੀ— ਮਾਰ ਕੁਟਾਈ, ਕੈਦ ਤੇ ਜੁਰਮਾਨਾ।

੧੭. ਭਾਈ ਇੰਦਰ ਸਿੰਘ ਜੀ ਪਿਤਾ ਸ: ਕਰਮ ਸਿੰਘ ਜੀ ਮਾਤਾ ਜੈ ਕੌਰ ਜੀ ਪਿੰਡ ਲਿਤਰ ਵੇਰਵਾ ਕੁਰਬਾਨੀ— ਢਾਈ ਸਾਲ ਕੈਦ ਜੇਲ੍ਹ ਮਿੰਟਗੁਮਰੀ ਵਿਚ ਤੇ ੧੦੦) ਰੁਪਏ ਜੁਰਮਾਨਾ।

੧੮. ਭਾਈ ਵੀਰ ਸਿੰਘ ਜੀ ਪਿਤਾ ਸ: ਬਾਲਾ ਸਿੰਘ ਜੀ ਮਾਤਾ ਧਰਮ ਕੌਰ ਜੀ ਪਿੰਡ ਅਕਾਲ ਗੜ੍ਹ ਵੇਰਵਾ ਕੁਰਬਾਨੀ— ਗੁਰੂ ਕੇ ਮੋਰਚੇ ਵਿਚ ਗਏ, ਅਗਲੇ ਦਿਨ ਮੋਰਚਾ ਫਤਹਿ ਹੋਣ ਕਰ ਕ ਮੋੜੇ ਪਾ ਆਏ।

੧੯. ਭਾਈ ਬਿਸ਼ਨ ਸਿੰਘ ਜੀ ਪਿਤਾ ਸ: ਨੰਦ ਸਿੰਘ ਜੀ ਮਾਤਾ ਚੰਦ ਕੌਰ ਜੀ ਪਿੰਡ ਅਕਾਲ ਗੜ੍ਹ ਵੇਰਵਾ ਕੁਰਬਾਨੀ— ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਅਗਲੇ ਦਿਨ ਮੋਰਚਾ ਫਤਹਿ ਹੋਣ ਕਰਕੇ ਮੋੜੇ ਪਾ ਆਏ।

੨੦. ਭਾਈ ਰਾਮ ਸਿੰਘ ਜੀ ਪਿਤਾ ਹਜ਼ਾਰਾ ਸਿੰਘ ਜੀ ਮਾਤਾ ਧਰਮ ਕੌਰ ਜੀ ਪਿੰਡ ਅਕਾਲ ਗੜ੍ਹ ਵੇਰਵਾ ਕੁਰਬਾਨੀ—ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ। ਅਗਲੇ ਦਿਨ ਮੋਰਚਾ ਫਤਹਿ ਹੋਣ ਕਰਕੇ ਮੋੜੇ ਪਾ ਆਏ।

੨੧. ਭਾਈ ਅਰਜਨ ਸਿੰਘ ਜੀ ਪਿਤਾ ਭਾਈ ਹਰਨਾਮ ਸਿੰਘ ਜੀ ਪਿੰਡ ਜਸੋ ਵਾਲ ਵੇਰਵਾ ਕੁਰਬਾਨੀ— ੯ ਮਹੀਨੇ ਕੈਦ ਰਾਵਲਪਿੰਡੀ ਜੇਲ੍ਹ ਵਿਚ ਕਟੀ।

੨੨. ਭਾਈ ਮਹਿਮਾ ਸਿੰਘ ਜੀ ਪਿਤਾ ਸ: ਦਲੇਲ ਸਿੰਘ ਜੀ ਪਿੰਡ ਜਸੋ ਵਾਲ ਵੇਰਵਾ ਕੁਰਬਾਨੀ ਕਾਫੀ ਮਾਰ ਖਾਧੀ।

੨੩. ਭਾਈ ਜੀਊਣ ਸਿੰਘ ਜੀ ਪਿਤਾ ਭਾਈ ਸੁੰਦਰ ਸਿੰਘ ਜੀ ਪਿੰਡ ਐਤੀਆਣਾ ਵੇਰਵਾ ਕੁਰਬਾਨੀ— ਕਾਫੀ ਮਾਰ ਕੁਟ ਤੋਂ ਬਾਦ ਦੋ ਸਾਲ ਕੈਦ ਮੁਲਤਾਨ ਜੇਲ੍ਹ ਵਿਚ ਕਟੀ।

੨੪. ਭਾਈ ਨਿਰੰਜਨ ਸਿੰਘ ਜੀ ਪਿਤਾ ਸ: ਧਿਆਨ ਸਿੰਘ ਜੀ ਮਾਤਾ ਨੰਦ ਕੌਰ ਜੀ ਪਿੰਡ ਸਿਧਵਾਂ ਬੇਟ ਵੇਰਵਾ ਕੁਰਬਾਨੀ— ੯ ਮਹੀਨੇ ਕੈਦ ਅਤੇ ਗੁ: ਬਾਉਲੀ ਸਾਹਿਬ ਦੇ ਮੀਤ-ਪ੍ਰਧਾਨ ਰਹੇ।

੨੫. ਭਾਈ ਵਿਸਾਖਾ ਸਿੰਘ ਜੀ ਪਿਤਾ ਸ: ਕਰਮ ਸਿੰਘ ਜੀ ਮਾਤਾ ਕਾਹਨ ਕੌਰ ਜੀ ਪਿੰਡ ਜਨੇਤ ਪੁਰਾ ਵੇਰਵਾ ਕੁਰਬਾਨੀ— ਮੋਰਚਾ ਗੁਰੂ ਕੇ ਬਾਗ ਵਿਚ ਗਏ ਅਤੇ ਤਿੰਨ ਦਫਾ ਭੁਝੰਗੀ ਹੋਣ ਤੇ ਵਾਪਸ ਆਉਂਦੇ ਰਹੇ।

੨੭. ਭਾਈ ਮਦਨ ਸਿੰਘ ਜੀ ਪਿਤਾ ਸ. ਗੁਰਦਿਤ ਸਿੰਘ ਜੀ ਮਾਤਾ ਆਸ ਕੌਰ ਜੀ ਪਿੰਡ ਹਾਂਸ ਵੇਰਵਾ ਕੁਰਬਾਨੀ— ਗੁਰੂ ਕੇ ਬਾਗ ਦੇ ਮੋਰਚੇ ਵਿਚ ਪਹਿਲੇ ਜਥੇ ਵਿਚ ਗਏ।

੨੮. ਭਾਈ ਸੰਤਾ ਸਿੰਘ ਜੀ ਪਿਤਾ ਸ: ਦੀਦਾਰ ਸਿੰਘ ਜੀ ਪਿੰਡ ਹਾਂਸ ਵੇਰਵਾ ਕੁਰਬਾਨੀ— ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ, ਮੋਰਚਾ ਜੈਤੋ ਤੇ ਗਏ, ਬਾਬਲ ਕਾਂਟੀ ਛੱਡੋ ਗਏ।

Digitized by Panjab Digital Library | www.panjabdigilib.org

੨੯. ਸ: ਦਸੌਂਧਾ ਸਿੰਘ ਜੀ ਪਿਤਾ ਸ: ਖੀਵਾ ਸਿੰਘ ਜੀ ਪਿੰਡ ਕਮਾਲ ਪੁਰਾ ਵੇਰਵਾ ਕੁਰਬਾਨੀ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਜਥੇ ਨਾਲ ਕਸ਼ਟ ਸਹਾਰੇ।

੩੦. ਭਾਈ ਬਖਸ਼ੀਸ਼ ਸਿੰਘ ਜੀ ਪਿਤਾ ਸ: ਚੰਦਾ ਸਿੰਘ ਜੀ ਮਾਤਾ ਅਤਰ ਕੌਰ ਜੀ ਪਿੰਡ ਕਮਾਲ ਪੁਰਾ ਆਪ ਜੀ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ਕਸ਼ਟ ਸਹਾਰੇ।

੩੧. ਭਾਈ ਧਿਆਨ ਸਿੰਘ ਜੀ ਪਿਤਾ ਸ: ਫਤਹਿ ਸਿੰਘ ਜੀ ਮਾਤਾ ਅਤਰ ਕੌਰ ਜੀ ਪਿੰਡ ਕਮਾਲ ਪੁਰਾ ਆਪ ਜੀ ਦੇ ਚਾਚਾ ਸ: ਜੈਮਲ ਸਿੰਘ ਜੀ ੧੮੫੭ ਦੇ ਗ਼ਦਰ ਵਿਚ ਅੰਗਰੇਜ਼ਾਂ ਦੇ ਖਿਲਾਫ ਲੜੇ।

| | | | |
|---|---|---|---|
| ੩੨. | ਭਾਈ ਮਨਜੀਤ ਸਿੰਘ ਜੀ | ਪਿਤਾ ਸ: ਅਰਜਨ ਸਿੰਘ ਜੀ | ਪਿੰਡ ਹਾਂਸ |
| ੩੩. | ਭਾਈ ਮਹਾਂ ਸਿੰਘ ਜੀ | ਪਿਤਾ ਸ: ਕਿਸ਼ਨ ਸਿੰਘ ਜੀ | ਪਿੰਡ " |
| ੩੪. | ਭਾਈ ਜੀਵਾ ਸਿੰਘ ਜੀ | ਪਿਤਾ ਸ: ਸਰੂਪ ਸਿੰਘ ਜੀ | " " |
| ੩੫. | ਭਾਈ ਜਗਤ ਸਿੰਘ ਜੀ | ਪਿਤਾ ਸ: ਭਾਨ ਸਿੰਘ ਜੀ | " " |
| ੩੬. | ਭਾਈ ਤੇਜਾ ਸਿੰਘ ਜੀ | ਪਿਤਾ ਸ: ਅਨੋਖ ਸਿੰਘ ਜੀ | " " |
| ੩੭. | ਮਾਤਾ ਜੀਉਣ ਕੌਰ ਜੀ | | |
| ੩੮. | ਭਾਈ ਸੁਜਾਨ ਸਿੰਘ ਜੀ | ਪਿਤਾ ਸ: ਸੁੰਦਰ ਸਿੰਘ ਜੀ | " " |
| ੩੯. | ਭਾਈ ਕਰਤਾਰ ਸਿੰਘ - ਰਵਦਾਸੀਆ | | " " |
| ੪੦. | ਮਾਤਾ ਬਚਨ ਕੌਰ ਜੀ | ਧਰਮ ਪਤਨੀ ਸ: ਬਖਸ਼ੀਸ਼ ਸਿੰਘ | " " |
| ੪੧. | ਭਾਈ ਮਿਤ ਸਿੰਘ ਜੀ | ਪਿਤਾ ਸ: ਪੰਜਾਬ ਸਿੰਘ ਜੀ | " " |
| ੪੨. | ਭਾਈ ਸ਼ੇਰ ਸਿੰਘ ਜੀ | ਪਿਤਾ ਸ: ਕਾਹਨ ਸਿੰਘ ਜੀ | " " |
| ੪੩. | ਭਾਈ ਮਦਨ ਸਿੰਘ ਜੀ | ਪਿਤਾ ਸ: ਗੁਰਦਿਤ ਸਿੰਘ ਜੀ | " " |
| ੪੪. | ਭਾਈ ਹਾਕਮ ਸਿੰਘ ਜੀ | ਪਿਤਾ ਸ: ਮੋਦਨ ਸਿੰਘ ਜੀ | " " |
| ੪੫. | ਭਾਈ ਲਾਲ ਸਿੰਘ ਜੀ | ਪਿਤਾ ਸ: ਸਰੂਪ ਸਿੰਘ ਜੀ | " " |
| ੪੬. | ਭਾਈ ਲਾਲ ਸਿੰਘ ਜੀ | ਪਿਤਾ ਸ: ਵਰਯਾਮ ਸਿੰਘ ਜੀ | " " |
| ੪੭. | ਮਾਤਾ ਮਾਨ ਕੌਰ ਜੀ | ਲੰਮੇ ਪਤੀ | " " |
| ੪੮. | ਭਾਈ ਸੰਤੋਖ ਸਿੰਘ ਜੀ | ਪਿਤਾ ਬਿਸ਼ਨ ਸਿੰਘ ਜੀ। | " " |

੪੯. ਸ: ਬੰਤਾ ਸਿੰਘ ਪਿਤਾ ਸ: ਅਤਰਾ ਸਿੰਘ ਮਾਤਾ ਮਾਈ ਰੂਪ ਕੌਰ ਪਿੰਡ ਬਿਰਕ ਵੇਰਵਾ ਕੁਰਬਾਨੀ:—ਗੁਰੂ ਕੇ ਬਾਗ ਦੇ ਮੋਰਚੇ ਸਮੇਂ ਜਥੇਦਾਰੀ ਦੀ ਸੇਵਾ ਕਰਦੇ ਰਹੇ।

੫੦. ਸ: ਬਿਸ਼ਨ ਸਿੰਘ ਪਿਤਾ ਕਾਹਨ ਸਿੰਘ ਪਿੰਡ ਬਰਸਾਲ ਵੇਰਵਾ ਕੁਰਬਾਨੀ:-ਗੁਰੂ ਕਾ ਬਾਗ, ਸਜ਼ਾ ਦੋ ਸਾਲ।

੫੧. ਸ: ਨਰੈਣ ਸਿੰਘ ਪਿਤਾ ਵਸਾਵਾ ਸਿੰਘ ਪਿੰਡ ਹਾਂਸ ਕਲਾਂ ਵੇਰਵਾ ਕੁਰਬਾਨੀ:-ਗੁਰੂ ਕਾ ਬਾਗ; ੯ ਮਹੀਨੇ ਕੈਦ ੧੫੦ ਰੁਪਏ ਜੁਰਮਾਨਾ।

੫੨. ਸ: ਗੁਲਜਾਰਾ ਸਿੰਘ ਪਿਤਾ ਦਿਆ ਸਿੰਘ ਮਾਤਾ ਕਰਮ ਕੌਰ ਪਿੰਡ ਸਿਧਵਾਂ ਕਲਾਂ ਆਪ ਜੀ ਨੂੰ ਗੁਰੂ ਜਸ ਕਰਨ ਦੀ ਇਲਾਹੀ ਦਾਤ ਪ੍ਰਾਪਤ ਹੋਣ ਤੇ ਬੀਬੀ ਜੀ ਤੇ ਆਪ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

Digitized by Panjab Digital Library | www.panjabdigilib.org

੫੩. ਸ: ਚੰਨਣ ਸਿੰਘ ਪਿਤਾ ਸ: ਵੀਰ ਸਿੰਘ ਮਾਤਾ ਰਾਏ ਕੌਰ ਪਿੰਡ ਸਿਧਵਾਂ ਕਲਾਂ ਆਪ ਗੁਰੂ ਕੇ ਬਾਗ ਦੇ ਪ੍ਰਵਾਨੇ ਸਨ।

੫੪. ਸ: ਹਰਨਾਮ ਸਿੰਘ ਅਖੰਡ ਪਾਠੀ ਪਿਤਾ ਵੀਰ ਸਿੰਘ ਮਾਤਾ ਦਿਆ ਕੌਰ ਪਿੰਡ ਸਿਧਵਾਂ ਕਲਾਂ, ਗੁਰੂ ਕੇ ਬਾਗ।

੫੫. ਸ: ਸ਼ਿਵ ਸਿੰਘ ਪਿਤਾ ਇੰਦਰ ਸਿੰਘ ਪਿੰਡ ਸਿਧਵਾਂ ਕਲਾਂ ਗੁਰੂ ਕਾ ਬਾਗ।

੫੬. ਭਾਈ ਤੇਜਾ ਸਿੰਘ ਜੀ ਪਿਤਾ ਭਾਈ ਟਹਿਲ ਸਿੰਘ ਮਾਤਾ ਹਰ ਕੌਰ ਪਿੰਡ ਦੇਹੜਕੇ ਮੋਰਚਾ ਗੁਰੂ ਕਾ ਬਾਗ।

੫੭. ਭਾਈ ਰਣਧੀਰ ਸਿੰਘ ਪਿਤਾ ਚੰਦਾ ਸਿੰਘ ਮਾਤਾ ਦਿਆ ਕੌਰ ਪਿੰਡ ਦੇਹੜਕੇ ਮੋਰਚਾ ਗੁਰੂ ਕਾ ਬਾਗ।

੫੮. ਸ: ਲਾਲ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਚੰਦ ਕੌਰ ਪਿੰਡ ਦੇਹੜਕੇ ਮੋਰਚਾ ਗੁਰੂ ਕਾ ਬਾਗ।

੫੯. ਸ: ਪੂਰਨ ਸਿੰਘ ਪਿਤਾ ਸ: ਸਾਉਣ ਸਿੰਘ ਮਾਤਾ ਇੰਦ ਕੋਰ ਪਿੰਡ ਦੇਹੜਕਾ ਮੋਰਚਾ ਗੁਰੂ ਕਾ ਬਾਗ।

੬੦. ਸ: ਬਚਨ ਸਿੰਘ ਪਿਤਾ ਸ: ਕਰਮ ਸਿੰਘ ਪਿੰਡ ਦੇਹੜਕੇ ਮੋਰਚਾ ਗੁਰੂ ਕਾ ਬਾਗ।

੬੧. ਸ: ਮੰਗਲ ਸਿੰਘ ਪਿਤਾ ਸ: ਜੀਵਾ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਦੇਹੜਕੇ ਮੋਰਚਾ ਗੁਰੂ ਕਾ ਬਾਗ।

੬੨. ਸ: ਪ੍ਰੇਮ ਸਿੰਘ ਪਿਤਾ ਨਿਹਾਲ ਸਿੰਘ ਪਿੰਡ ਤਲਵੰਡੀ ਖੁਰਦ ਆਪ ਗੁਰੂ ਕਾ ਬਾਗ, ਜੈਤੋ ਸਾਢੇ ੧੧ ਮਹੀਨੇ ਕੈਦ ਤੇ ੧੦੦ ਰੁਪਿਆ ਜੁਰਮਾਨਾ।

੬੩. ਸ: ਪ੍ਰੇਮ ਸਿੰਘ ਜੀ ਪਿਤਾ ਸ: ਕਾਕੂ ਸਿੰਘ ਪਿੰਡ ਤਲਵੰਡੀ ਖੁਰਦ ਮੋਰਚਾ ਜੈਤੋ ਤੇ ਫੇਰੂ।

੬੪. ਸ: ਬਚਨ ਸਿੰਘ ਪਿਤਾ ਸ: ਨਰਿੰਦਰ ਸਿੰਘ ਪਿੰਡ ਤਲਵੰਡੀ ਖੁਰਦ ਮੋਰਚਾ ਭਾਈ ਫੇਰੂ ਛੇ ਮਹੀਨੇ ਕੈਦ।

੬੫. ਸ: ਵਰਿਆਮ ਸਿੰਘ ਜੀ ਪਿਤਾ ਕਾਕੂ ਸਿੰਘ ਜੀ ਪਿੰਡ ਤਲਵੰਡੀ ਖੁਰਦ।

੬੬. ਸ: ਧਰਮ ਸਿੰਘ ਜੀ ਪਿਤਾ ਨੰਦ ਸਿੰਘ ਪਿੰਡ ਰੋੜੇ ਭੈਣੀ ਆਪ ਗੁਰੂ ਕਾ ਬਾਗ ਢਾਈ ਸਾਲ ਕੈਦ ੨੫੦ ਰੁਪਏ ਜੁਰਮਾਨਾ, ਦੂਜੇ ਵਿਚ ਡੇਢ ਸਾਲ ਕੈਦ।

੬੭- ਸ: ਪ੍ਰੇਮ ਸਿੰਘ ਪਿਤਾ ਖਜ਼ਾਨ ਸਿੰਘ ਪਿੰਡ ਤਲਵੰਡੀ ਰਾਏ ਆਪ ਗੁਰੂ ਕਾ ਬਾਗ ਵਿਚ ੬ ਮਹੀਨੇ ਕੈਦ ਅਤੇ ਜੈਤੋ ਵਿਚ ੧੯ ਮਹੀਨੇ ਕੈਦ ਕਟੀ।

੬੮. ਸ: ਇੰਦਰ ਸਿੰਘ ਪਿਤਾ ਸੁਖਾ ਸਿੰਘ ਪਿੰਡ ਰਤੋਵਾਲ ਆਪ ਨੂੰ ਗੁਰੂ ਕੇ ਬਾਗ ਵਿਚ ੧ ਮਹੀਨਾ ਰਖਕੇ ਛਡ ਦਿਤਾ ਤੇ ਜੈਤੋ ਵਾਲੇ ਮੋਰਚੇ ਵਿਚ ੧ ਸਾਲ ਕੈਦ ਕਟੀ।

੬੯. ਸ: ਭੋਲਾ ਸਿੰਘ ਪਿਤਾ ਪ੍ਰੇਮ ਸਿੰਘ ਪਿੰਡ ਭਰੋਵਾਲ ਕਲਾਂ ਮੋਰਚਾ ਜੈਤੋ।

## ਪਿੰਡ ਮਾਣੂਕੇ ਵਾਲੇ ਗੁਰੂ ਕੇ ਬਾਗ ਦੇ ਸਿੰਘ

ਭਾਈ ਮੰਗਲ ਸਿੰਘ ਪਿਤਾ ਖੁਸ਼ਹਾਲ ਸਿੰਘ, ਭਾਈ ਸੁੰਦਰ ਸਿੰਘ ਪਿਤਾ ਨਿਧਾਨ ਸਿੰਘ, ਭਾਈ ਪੂਰਨ ਸਿੰਘ ਪਿਤਾ ਜੈਮਲ ਸਿੰਘ, ਭਾਈ ਨਿਕਾ ਸਿੰਘ ਪਿਤਾ ਸੰਤਾ ਸਿੰਘ, ਭਾਈ ਭਗਤ ਸਿੰਘ, ਭਾਈ ਇੰਦਰ ਸਿੰਘ ਪਿਤਾ ਸੰਤਾ ਸਿੰਘ, ਭਾਈ ਰੂੜ ਸਿੰਘ ਪਿਤਾ ਸਮੁੰਦ ਸਿੰਘ, ਭਾਈ ਰੂੜ ਸਿੰਘ ਪਿਤਾ ਨੰਦ ਸਿੰਘ ਭਾਈ ਸੁੰਦਰ ਸਿੰਘ ਪਿਤਾ ਰਾਏ ਸਿੰਘ, ਭਾਈ ਹਰਭਜਨ ਸਿੰਘ ਪਿਤਾ

Digitized by Panjab Digital Library | www.panjabdigilib.org

ਰੂੜ ਸਿੰਘ, ਭਾਈ ਮੱਘਰ ਸਿੰਘ ਪਿਤਾ ਗੁਰਦਿਤ ਸਿੰਘ, ਭਾਈ ਹਰਦਿਤ ਸਿੰਘ ਪਿਤਾ ਸੁੰਦਰ ਸਿੰਘ ਭਾਈ ਦੇਵਾ ਸਿੰਘ ਪਿਤਾ ਧਿਆਨ ਸਿੰਘ, ਭਾਈ ਸਰਵਣ ਸਿੰਘ ਨੰਬਰਦਾਰ ਪਿਤਾ ਇੰਦਰ ਸਿੰਘ (ਸਿਵਲ ਨਾ-ਫਰਮਾਨੀ ੧੯੨੨ ਵਾਲੇ)

ਨੋਟ:— ਮੋਰਚਾ ਜੈਤੋ ਦੇ ਸਾਰੇ ਸਤਿਆਗ੍ਰਹੀ ਕੈਦ ਹੋਏ।
ਗੁਰੂ ਕੇ ਬਾਗ ਵਾਲੇ ਕੁਟੇ ਅਤੇ ੩ ਕੈਦ ਭੀ ਹੋਏ।

## ਤਹਿਸੀਲ ਸਮਰਾਲਾ ਦੇ ਸਿੰਘ

੧. ਕਰਮ ਸਿੰਘ ਪਿਤਾ ਬਿਸਨ ਸਿੰਘ ਪਿੰਡ ਡਡਹੇੜੀ ਜੱਥੇ ਵਿਚ ਆਦਮੀ ਭੇਜਦਾ ਹੁੰਦਾ ਸੀ।
੨. ਕ੍ਰਿਸਨ ਸਿੰਘ ਪਿਤਾ ਫਤਹਿ ਸਿੰਘ ਪਿੰਡ ਘੁੰਗਰਾਲੀ ਅਕਾਲੀ ਜੱਥਾ ਗੁਰੂ ਦਾ ਬਾਗ ਢਾਈ ਸਾਲ ਕੈਦ ੨੦੦ ਜੁਰਮਾਨਾ।
੩. ਗੁਰਦਿਆਲ ਸਿੰਘ ਪਿਤਾ ਮੀਹਾਂ ਸਿੰਘ ਕੋਟਲਾ ਪਿੰਡ ਸਮਸਪੁਰ ਅਕਾਲੀ ਜੱਥੇ ਵਿਚ ਗਿਆ ਗੁਰੂ ਕੇ ਬਾਗ ਦੀ ੧ ਸਾਲ ਕੈਦ ੨੦੦ ਜੁਰਮਾਨਾ।
੪. ਮਨਮੋਹਣ ਸਿੰਘ ਪਿਤਾ ਨਰੈਣ ਸਿੰਘ ਪਿੰਡ ਚੂਹੜਪੁਰ ਮੋਰਚਾ ਗੁਰੂ ਕਾ ਬਾਗ ਜੈਤੋ ੨੦ ਦਿਨ ਦੂਜੇ ਵਿਚ ੩ ਸਾਲ ਕੈਦ।
੫. ਨਿਰਭੈ ਸਿੰਘ ਮਸਤਾਨ ਸਿੰਘ ਪਿੰਡ ਕਹਾਣੀ ਕਲਾਂ ਗੁਰੂ ਕਾ ਬਾਗ ਜੈਤੋ ੩ ਮਹੀਨੇ ਸਜ਼ਾ ੧੫੦ ਜੁਰਮਾਨਾ।

## ਤਹਿਸੀਲ ਲੁਧਿਆਣਾ ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਕਿਸ਼ਨ ਸਿੰਘ ਜੀ ਪਿਤਾ ਸ: ਰਤਨ ਸਿੰਘ ਜੀ ਮਾਤਾ ਸਾਹਿਬ ਦੇਵੀ ਜੀ ਪਿੰਡ ਢੇ ਪਈ ਆਪ ਜੀ ਦਾ ਜਥਾ ਜਦ ਮੋਰਚਾ ਗੁਰੂ ਕੇ ਬਾਗ ਗਿਆ ਤਾਂ ਪੋਲੀਸ ਅਫਸਰ ਕੈਂਪ ਪੁਟ ਕੇ ਹਰਨ ਹੋ ਗਏ।
੨. ਭਾਈ ਇੰਦਰ ਸਿੰਘ ਜੀ ਪਿਤਾ ਸ: ਕਰਮ ਸਿੰਘ ਜੀ ਪਿੰਡ ਮਸੂਰ ਆਪ ਜੀ ਨੇ ਬਹੁਤ ਸਟਾਂ ਖਾਧੀਆਂ।
੩. ਭਾਈ ਹਰਦਿਤ ਸਿੰਘ ਜੀ ਪਿਤਾ ਸ: ਭਗਵਾਨ ਸਿੰਘ ਜੀ ਮਾਤਾ ਧਰਮ ਕੌਰ ਜੀ ਪਿੰਡ ਮਸੂਰ ਆਪ ਜੀ ਨੇ ਬਹੁਤ ਮਾਰ ਖਾਧੀ, ਲਾਹੌਰ ਸੈਂਟਰਲ ਜੇਲ੍ਹ ਵਿਚ ਇਕ ਸਾਲ ਕਟਿਆ। ਨਨਕਾਣੇ ਸਾਹਿਬ ਕਬਜ਼ਾ ਲੈਣ ਸਮੇਂ ਭੀ ਗਏ।
੪. ਭਾਈ ਜਗਤ ਸਿੰਘ ਜੀ ਪਿਤਾ ਸ: ਸੁੰਦਰ ਸਿੰਘ ਮਾਤਾ ਕਾਹਨ ਕੌਰ ਜੀ ਪਿੰਡ ਸ਼ਹਿਣਾ ਆਪ ਜੀ ਅਟਕ ਜੇਲ੍ਹ ਵਿਚ ਡੇਢ ਸਾਲ ਰਹੇ।
੫. ਭਾਈ ਠਾਕਰ ਸਿੰਘ ਜੀ ਪਿਤਾ ਸ: ਵਜ਼ੀਰ ਸਿੰਘ ਜੀ ਮਾਤਾ ਸੋਭ ਕੌਰ ਜੀ ਪਿੰਡ ਸ਼ਹਿਣਾ ਆਪ ਜੀ ਨੇ ਮਾਰ ਕੁਟਾਈ ਤੋਂ ਉਪ੍ਰੰਤ ਅੰਬਾਲਾ ਜੇਲ੍ਹ ਵਿਚ ਤਿੰਨ ਮਹੀਨੇ ਕਟੇ।
੬. ਭਾਈ ਕੁੰਢਾ ਸਿੰਘ ਜੀ ਪਿਤਾ ਸ: ਜੈਮਲ ਸਿੰਘ ਜੀ ਪਿੰਡ ਫੂਲ ਵਾਲਾ ਆਪ ਜੀ ਨੂੰ ਮਾਰ ਕੁਟਾਈ ਕਰਕੇ ਮੋੜ ਦਿਤਾ ਗਿਆ।
੭. ਭਾਈ ਨਰੈਣ ਸਿੰਘ ਜੀ ਪਿਤਾ ਸ: ਸੁੰਦਰ ਸਿੰਘ ਜੀ ਮਾਈ ਭੋਲੀ ਜੀ ਪਿੰਡ ਫੂਲ ਵਾਲਾ ਆਪ ਜੀ ਮੋਰਚੇ ਤੇ ਅਪੜੇ ਹੀ ਸਨ ਕਿ ਮੋਰਚਾ ਫਤਿਹ ਹੋ ਗਿਆ।
੮. ਨੰਬਰਦਾਰ ਲਾਲ ਸਿੰਘ ਜੀ ਪਿਤਾ ਸ: ਗੁਰਮੁਖ ਸਿੰਘ ਜੀ ਮਾਤਾ ਜੈ ਕੌਰ ਜੀ ਪਿੰਡ ਖਿਆਲੀ ਆਪ ਜੀ ਨੇ ਮੋਰਚੇ ਤੇ ਜਾਕੇ ਮਾਰ ਖਾਧੀ।

Digitized by Panjab Digital Library | www.panjabdigilib.org

੯. ਭਾਈ ਮੰਗਾ ਸਿੰਘ ਜੀ ਪਿਤਾ ਸ: ਘਨਯੀਆ ਸਿੰਘ ਜੀ ਪਿੰਡ ਖਿਆਲੀ ਆਪ ਜੀ ਨੇ ਇਕ ਮਹੀਨਾ ਕੈਦ ਕਟੀ।

੧੦. ਭਾਈ ਕੇਹਰ ਸਿੰਘ ਜੀ ਪਿਤਾ ਸ: ਨਰੈਣ ਸਿੰਘ ਜੀ ਮਾਤਾ ਦਯਾ ਕੌਰ ਜੀ ਪਿੰਡ ਲਲਤੋਂ ਆਪ ਜੀ ਨੇ ੬ ਮਹੀਨੇ ਦੀ ਸਜ਼ਾ ਕੈਂਮਲਪੁਰ ਜੇਲ੍ਹ ਵਿਚ ਅਤੇ ਬੈਂਤਾਂ ਦੀ ਸਜ਼ਾ ਜੇਲ੍ਹ ਵਿਚ ਕਟੀ।

੧੧. ਭਾਈ ਰੁਮਣ ਸਿੰਘ ਜੀ ਪਿਤਾ ਸ: ਕਾਬਲ ਸਿੰਘ ਜੀ ਮਾਤਾ ਕਿਸ਼ਨ ਕੌਰ ਜੀ ਪਿੰਡ ਰਬੋ ਆਪ ਜੀ ਨੂੰ ਲਾਹੌਰ ਬੋਸਟਲ ਜੇਲ੍ਹ ਵਿਚ ੧੧ ਮਹੀਨੇ ਕੈਦ ਹੋਈ।

੧੨. ਜਥੇਦਾਰ ਦਲੀਪ ਸਿੰਘ ਜੀ ਪਿਤਾ ਸ: ਹੀਰਾ ਸਿੰਘ ਜੀ ਮਾਤਾ ਭੋਲੀ ਜੀ ਪਿੰਡ ਰਬੋ

(੧) ਸਾਕਾ ਨਨਕਾਣਾ ਸਾਹਿਬ ਦੇ ਪਿਛੋਂ ਮਾਲਵੇ ਦੇ ਵਡੇ ਜਥੇ ਨਾਲ ਨਨਕਾਣੇ ਸਾਹਿਬ ਗਏ ਤੇ ਉਥੇ ੬ ਮਹੀਨੇ ਸੇਵਾ ਕੀਤੀ।

(੨) ੨੪ ਭਾਦੋਂ ੧੯੨੨ ਈ: ਨੂੰ ੧੨੫ ਸਿੰਘਾਂ ਦੇ ਜਥੇਦਾਰ ਬਣ ਕੇ ਗੁਰੂ ਕੇ ਬਾਗ ਦੇ ਮੋਰਚੇ ਤੇ ਗਏ। ਹਦੋਂ ਵਧ ਮਾਰ ਕੁਟਾਈ ਹੋਈ। ੧੦ ਨਿਸ਼ਾਨ ਸੰਗੀਨਾਂ ਦੇ ਲਗੇ। ਬੇ ਹੋਸ਼ ਕਰਕੇ ਬਾਗ ਤੋਂ ਬਾਹਰ ਸੁਟੇ ਗਏ। ਆਪ ਦੇ ਸ਼ਹੀਦ ਹੋਣ ਦੀ ਅਫਵਾਹ ਉਡ ਗਈ। ਜੋਸ਼ ਵਿਚ ਬੇ ਸ਼ੁਮਾਰ ਸਿੰਘ ਮੋਰਚੇ ਤੇ ਗਏ।

(੩) ੧੯੨੩ ਈ: ਵਿਚ ਆਪ ਬਾਗ਼ੀ ਕਰਾਰ ਦਿਤੇ ਗਏ। ੬ ਮਹੀਨੇ ਕੈਦ ਤੇ ੧੦੦) ਰੁਪਏ ਜੁਰਮਾਨਾ ਹੋਇਆ। ਜੁਰਮਾਨਾ ੬ ਸਾਲ ਬਾਦ ਵਸੂਲਿਆ ਗਿਆ।

(੪) ਗੁ: ਮੁਕਤਸਰ ਦਾ ਕਬਜ਼ਾ ਆਪ ਦੇ ਜਥੇ ਨੇ ਲਿਆ।

੧੩. ਭਾਈ ਮਸਤਾਨ ਸਿੰਘ ਜੀ ਪਿਤਾ ਸ: ਬਖਸ਼ੀਸ਼ ਸਿੰਘ ਜੀ ਮਾਤਾ ਰਾਮ ਕੌਰ ਜੀ ਪਿੰਡ ਰਬੋ ਆਪ ੧੯੨੨ ਨੂੰ ਮੋਰਚਾ ਗੁਰੂ ਕੇ ਬਾਗ ਵਿਚ ਗਏ। ਦੋ ਸਾਲ ਕੈਦ ਤੇ ੨੫੦) ਰੁਪੈ ਜੁਰਮਾਨੇ ਦੀ ਸਜ਼ਾ ਹੋਈ।

੧੪. ਭਾਈ ਦਲੀਪ ਸਿੰਘ ਜੀ ਪਿਤਾ ਸ: ਮਲ ਸਿੰਘ ਜੀ ਮਾਤਾ ਅਤਰ ਕੌਰ ਜੀ ਪਿੰਡ ਧਾਂਦਰਾ ਆਪ ਮੋਰਚੇ ਤੇ ਗਏ ਤੇ ਕੁਰਬਾਨੀ ਦਿਤੀ।

੧੫. ਭਾਈ ਨਰੈਣ ਸਿੰਘ ਜੀ ਪਿਤਾ ਸ: ਦਸੌਂਧਾ ਸਿੰਘ ਜੀ ਪਿੰਡ ਲਲਤੋਂ ਕਲਾਂ ਆਪ ਜੀ ਮੋਰਚੇ ਤੇ ਗਏ ਤੇ ਕੁਰਬਾਨੀ ਦਿਤੀ।

੧੬. ਭਾਈ ਚੰਨਣ ਸਿੰਘ ਜੀ ਪਿਤਾ ਸ: ਹਰਦਿਤ ਸਿੰਘ ਜੀ ਮਾਤਾ ਜੀਊਣ ਕੌਰ ਜੀ ਪਿੰਡ ਫੁਲਾਂਵਾਲ ਆਪ ੪੦ ਸਿੰਘਾਂ ਨਾਲ ਮੋਰਚੇ ਤੇ ਗਏ ਅਤੇ ਪੰਜ ਮਹੀਨੇ ਕੈਦ ਕੈਂਮਲਪੁਰ ਜੇਲ੍ਹ ਵਿਚ ਕੱਟੀ।

੧੭. ਭਾਈ ਬਹਾਦਰ ਸਿੰਘ ਜੀ ਪਿਤਾ ਸ: ਬਲੰਦ ਸਿੰਘ ਜੀ ਮਾਤਾ ਇੰਦਰ ਕੌਰ ਜੀ ਪਿੰਡ ਚਕਰ ਆਪ ਕਈ ਫੌਜੀ ਸਿੰਘਾਂ ਨਾਲ ਮੋਰਚੇ ਤੇ ਜਾਕੇ ਗ੍ਰਿਫਤਾਰ ਹੋਏ।

## ਮਿਸਰਤ ਤਹਿਸੀਲਾਂ ਜਗਰਾਉਂ ਤੇ ਲੁਧਿਆਣਾ

੧. ਭਾਈ ਫਤਹ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਅਤਰ ਕੌਰ ਪਿੰਡ ਸੂਜਾਪੁਰ ਮੋਰਚੇ ਤੇ ਗਏ ਤੇ ਤਕਲੀਫਾਂ ਉਠਾਈਆਂ।

੨. ਦੌਲਤ ਸਿੰਘ ਪਿਤਾ ਸ: ਮੁਨਸ਼ਾ ਸਿੰਘ ਪਿੰਡ ਗਿਲ ਮੋਰਚੇ ਵਿਚ ਗਏ ਤਕਲੀਫਾ ਸਹੀਆਂ ਤਿੰਨ ਮਹੀਨੇ ਕੈਦ ਕਟੀ।

Digitized by Panjab Digital Library | www.panjabdigilib.org

੩. ਭਾਈ ਮਾਨ ਸਿੰਘ ਜੀ ਨਿਹੰਗ ਪਿਤਾ ਸ: ਕਿਸ਼ਨ ਸਿੰਘ ਮਾਤਾ ਅਤਰ ਕੌਰ ਪਿੰਡ ਗਿਲ ਮੋਰਚੇ ਵਿਚ ਗਏ ਤੇ ਕਸ਼ਟ ਸਹਾਰੇ।

੪. ਜੱਥੇਦਾਰ ਸੁਮਸ਼ੇਰ ਸਿੰਘ ਪਿਤਾ ਸ: ਸੁੰਦਰ ਸਿੰਘ ਮਾਤਾ ਨੰਦੀ ਪਿੰਡ ਲਤਾਲਾ

੫. ਭਾ: ਅਰਜਨ ਸਿੰਘ ਪਿਤਾ ਸ: ਪਰਤਾਪ ਸਿੰਘ ਨੰਬਰਦਾਰ ਮਾਤਾ ਭਾਗੋ ਪਿੰਡ ਲਤਾਲਾ।

੬. ਭਾਈ ਗੁਰਮੁਖ ਸਿੰਘ ਪਿਤਾ ਸ: ਸੁਚੇਤ ਸਿੰਘ ਮਾਤਾ ਸਾਹਿਬ ਕੌਰ ਪਿੰਡ ਲਤਾਲਾ।

੭. ਭਾਈ ਸੰਤਾ ਸਿੰਘ ਪਿਤਾ ਲਾਲ ਸਿੰਘ ਮਾਤਾ ਰਤਨ ਕੌਰ ਪਿੰਡ ਲਤਾਲਾ।

੮. ਭਾਈ ਫੁਮਣ ਸਿੰਘ ਪਿਤਾ ਸ: ਅਨੋਖ ਸਿੰਘ ਮਾਤਾ ਜੀਉਣੀ ਪਿੰਡ ਲਤਾਲਾ।

੯. ਭਾਈ ਧੰਨਾ ਸਿੰਘ ਪਿਤਾ ਸ: ਵਰਯਾਮ ਸਿੰਘ ਮਾਤਾ ਚਿੰਤ ਕੌਰ ਪਿੰਡ ਲਤਾਲਾ।

੧੦. ਭਾਈ ਗੁਰਨਾਮ ਸਿੰਘ ਪਿਤਾ ਭਗਤ ਸਿੰਘ ਮਾਤਾ ਹਰਕੌਰ ਪਿੰਡ ਲਤਾਲਾ। ਜਦੋਂ ਗੁਰੂ ਦੇ ਬਾਗ ਦਾ ਮੋਰਚਾ ਲਗਾ ਸੀ, ਇਹ ਜੱਥਾ ਸ੍ਰੀ ਅੰਮ੍ਰਿਤਸਰ ਗਿਆ ਇਥੋਂ ਤੇ ਡੇਹਰਾ ਸਾਹਬ ਲਾਹੌਰ: ਫੇਰ ਪਿਸ਼ਰ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਤੇ ਪੰਜੇ ਸਾਹਿਬ ਹੁੰਦਾ ਹੋਇਆ ਨਨਕਾਣੇ ਸਾਹਿਬ ਦੇ ਮੋਰਚੇ ਨੂੰ ਚਲਾ ਗਿਆ। ਏਥੋਂ ਉਪ੍ਰੰਤੇ ਮਾਲਵੇ ਵਿਚ ਅਕਾਲੀ ਲਹਿਰ ਦੀ ਜਾਗਰਤ ਦੇਂਦੇ ਹੋਏ ਗੁ: ਮਾਲਸਰ ਦਾ ਕਬਜ਼ਾ ਸਾਧੂ ਕਿਰਪਾ ਰਾਮ ਤੋਂ ਲਿਆ ਫੇਰ ਕੁਝ ਸਿੰਘ ਗੁਰੂ ਦੇ ਬਾਗ ਮੋਰਚੇ ਵਿਚ ਗਏ। ਕਾਫੀ ਮਾਰਾਂ ਕੁਟਾਂ ਸਹਾਰਨ ਤੋਂ ਬਾਦ ਕੇਮਲਪੁਰ ਅਤੇ ਅਟਕ ਦੀਆਂ ਜੇਲ੍ਹਾਂ ਵਿਚ ਦੋ ਦੋ ਸਾਲ ਦੀਆਂ ਕੈਦਾਂ ਕਟੀਆਂ।

੧੧. ਭਾਈ ਵਰਯਾਮ ਸਿੰਘ ਪਿਤਾ ਸ: ਦਿਆਲ ਸਿੰਘ ਮਾਤਾ ਚੰਦ ਕਰ ਪਿੰਡ ਫੁਲੇਵਾਲ ਮੋਰਚੇ ਤੇ ਗਏ ਤੇ ਤਕਲੀਫ ਸਹੀਆਂ।

੧੨. ਭਾਈ ਧਰਮ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਕਰਮ ਕੌਰ ਪਿੰਡ ਰੋੜੇਕੇਣੀ ਆਪ ਨੂੰ ਇਸ ਮੋਰਚਾ ਸਖਤ ਸਟਾਂ ਲਗੀਆਂ।

੧੩. ਭਾਈ ਨਬਾ ਸਿੰਘ ਜੀ ਸ: ਸਾਹਿਬ ਸਿੰਘ ਜੀ ਪਿੰਡ ਬਡੂੰਦੀ ਆਪ ਨੂੰ ਇਸ ਮੋਰਦੇ ਤੇ ਕਾਫੀ ਸਟਾਂ ਵਜੀਆਂ ਤੇ ਕੈਦ ਵੀ ਕੱਟੀ।

੧੪. ਭਾਈ ਗੁਰਦਿਤ ਸਿੰਘ ਜੀ ਪਿਤਾ ਸ: ਰਾਮ ਸਿੰਘ ਮਾਤਾ ਕਿਰਪੋ ਪਿੰਡ ਝੰਮਟ ਆਪ ਇਸ ਮੋਰਚੇ ਵਿਚ ਗਏ ਤੇ ਕਾਫੀ ਸਟਾਂ ਵਜੀਆਂ, ਢਾਈ ਸਾਲ ਲਾਹੌਰ ਜੇਲ੍ਹ ਵਿਚ ਕੈਦ ਰਹੇ ਤੇ ੫੦੦ ਰੁਪਿਆ ਜੁਰਮਾਨਾ ਹੋਇਆ।

੧੫. ਮਾਸਟਰ ਹਰਨਾਮ ਸਿੰਘ ਪਿਤਾ ਬਾਬੂ ਕਾਕੂ ਸਿੰਘ ਮਾਤਾ ਜੀਉਣੀ ਪਿੰਡ ਸੇਖਾ ਇਸ ਮੋਰਚੇ ਤੇ ਗਏ ਤੇ ਤਕਲੀਫਾਂ ਸਹੀਆਂ, ਉਪਰੰਤ ਛੇਤੀ ਮੋਰਚਾ ਫਤਿਹ ਹੋ ਗਿਆ।

੧੬. ਭਾਈ ਸਰੂਪ ਸਿੰਘ ਪਿਤਾ ਸ: ਨਿਹਾਲ ਸਿੰਘ ਪਿੰਡ ਸੇਖਾ ਆਪ ਨੇ ਇਕ ਸਾਲ ਕੈਦ ਲਾਹੌਰ ਜੇਲ੍ਹ ਵਿਚ ਕਟੀ।

੧੭. ਭਾ: ਪ੍ਰੀਤਮ ਸਿੰਘ ਜੀ ਪਿਤਾ ਬਾਬੂ ਕਾਕੂ ਸਿੰਘ ਮਾਤਾ ਜੀਉਣੀ ਪਿੰਡ ਸੇਖਾ ਆਪ ਨੇ ਇਕ ਸਾਲ ਕੈਦ ਲਾਹੌਰ ਜੇਲ੍ਹ ਵਿਚ ਕਟੀ।

੧੮. ਸ: ਦਸੌਂਧਾ ਸਿੰਘ ਜੀ ਪਿਤਾ ਰਣ ਸਿੰਘ ਜੀ ਮਾਤਾ ਬਿਸ਼ਨ ਕੌਰ ਪਿੰਡ ਸੇਖਾ ਆਪ ਨੇ ਇਕ ਸਾਲ ਕੈਦ ਲਾਹੌਰ ਜੇਲ੍ਹ ਵਿਚ ਕਟੀ।

੧੯. ਸ: ਹਰੀ ਸਿੰਘ ਜੀ ਪਿਤਾ ਈਸ਼ਰ ਸਿੰਘ ਮਾਤਾ ਚੰਦ ਕੌਰ ਪਿੰਡ ਮਲੌਦ ਰੋੜੀਆਂ

Digitized by Panjab Digital Library | www.panjabdigilib.org

ਆਪ ਨੇ ਕਾਫੀ ਮਾਰ ਖਾਧੀ, ਉਪਰੰਤ ਡੇਢ ਸਾਲ ਕੈਦ ਕਟੀ ।

੨੦. ਸ: ਜਗਤ ਸਿੰਘ ਪਿਤਾ ਸ: ਬੁਕਣ ਸਿੰਘ ਮਾਤਾ ਮਾਈ ਰਾਮ ਕੌਰ ਪਿੰਡ ਉਚੀ ਹਥੋਂ ਆਪ ਪੈਨਸ਼ਨੀਆਂ ਦੇ ਜਥੇ ਵਿਚ ਇਸ ਮੋਰਚੇ ਤੇ ਗਏ, ਤਿੰਨ ਮਹੀਨੇ ਜ਼ੇਰ ਹਿਰਾਸਤ ।

੨੧. ਸ: ਭੁਮਣ ਸਿੰਘ ਪਿਤਾ ਸ: ਕਾਬਲ ਸਿੰਘ ਮਾਤਾ ਕਿਸ਼ਨ ਕੌਰ ਪਿੰਡ ਉਚੀ ਹਥੋਂ ਆਪ ਨੇ ਮੋਰਚੇ ਵਿਚ ਜਾ ਕੇ ਕਾਫ਼ੀ ਚਿਰ ਬੀ. ਟੀ ਦੀ ਹਿਰਾਸਤ ਵਿਚ ਰਹਿ ਕੇ ਤਸੀਹੇ ਦੇ ਕੇ ਛਡੇ ਗਏ ।

੨੨. ਸ: ਮੰਗਲ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਨੰਦਾਂ ਪਿੰਡ ਖਟੜੇ ਚੁਹਾਹਮ ਆਪ ਨੇ ਮੋਰਚੇ ਵਿਚ ਜਾ ਕੇ ਤਕਲੀਫਾਂ ਸਹੀਆਂ ।

੨੩. ਸ: ਨਰੈਣ ਸਿੰਘ ਪਿਤਾ ਸ: ਹਜ਼ੂਰਾ ਸਿੰਘ ਪਿੰਡ ਖਟੜੇ ਚੁਹਾਹਮ ਆਪ ਨੇ ਤਕਲੀਫਾਂ ਸਹਾਰ ਕੇ ਕੈਦ ਕਟੀ, ਮੋਰਚਾ ਫਤਿਹ ਹੋਣ ਤਕ ਕੈਦ ਰਹੇ ।

੨੪. ਭਾਈ ਪੂਰਨ ਸਿੰਘ ਪਿਤਾ ਸ: ਮਲ ਸਿੰਘ ਪਿੰਡ ਖਟੜੇ ਚੁਹਾਰਮ ਆਪ ਨੂੰ ਦੋ ਸਾਲ ਕੈਦ ਹੋਈ ਤੇ ਮੁਲਤਾਨ ਜੇਲ੍ਹ ਵਿਚ ਰਹੇ।

੨੫. ਭਾਈ ਬੇਗਾ ਸਿੰਘ ਪਿਤਾ ਸ: ਬੀਰਬਲ ਸਿੰਘ ਪਿੰਡ ਖਟੜੇ ਚੁਹਾਰਮ ਮੋਰਚੇ ਤੇ ਗਏ ਜਦ ਤਕ ਮੋਰਚਾ ਰਿਹਾ, ਕੈਦ ਰਹੇ ।

੨੬. ਭਾਈ ਤਰਲੋਕ ਸਿੰਘ ਪਿਤਾ ਸ: ਨੰਦ ਸਿੰਘ ਮਾਤਾ ਭੋਲੀ ਪਿੰਡ ਭੁਟਾ ਮੋਰਚੇ ਪਰ ਗਏ ਤੇ ਤਕਲੀਫਾਂ ਸਹੀਆਂ ।

੨੭. ਭਾਈ ਸੰਤੋਖ ਸਿੰਘ ਪਿਤਾ ਸ: ਝਾਬਾ ਸਿੰਘ ਮਾਤਾ ਰਾਮ ਦੇਈ ਪਿੰਡ ਖੇੜਾ ਛੇ ਮਹੀਨੇ ਕੈਦ ਭੋਗੀ ਅਤੇ ਤਕਲੀਫਾਂ ਸਹੀਆਂ ।

੨੮. ਭਾਈ ਜਗਤ ਸਿੰਘ ਪਿਤਾ ਸ: ਅਤਰ ਸਿੰਘ ਮਾਤਾ ਜੀਵੀ ਪਿੰਡ ਕਾਲਖ ਬੀ. ਟੀ. ਦੀਆਂ ਡਾਂਗਾਂ ਖਾਧੀਆਂ ਬਹੁਤ ਸੱਟਾਂ ਲਗੀਆਂ ।

੨੯. ਭਾ: ਧਰਮ ਸਿੰਘ ਪਿਤਾ ਸ: ਵਜ਼ੀਰ ਸਿੰਘ ਮਾਤਾ ਰਤਨ ਕੌਰ ਪਿੰਡ ਮਾਜਰੀ ਮੋਰਚੇ ਤੇ ਗਏ ਤੇ ਤਕਲੀਫਾਂ ਸਹੀਆ: ।

੩੦. ਭਾਈ ਉਤਮ ਸਿੰਘ ਪਿਤਾ ਸ: ਈਸ਼ਰ ਸਿੰਘ ਪਿੰਡ ਜੜਤੌਲੀ ਕਾਫੀ ਕੁਟਾਂ ਖਾਧੀਆਂ ਤੇ ੩ ਮਹੀਨੇ ਕੈਦ ਹੋਏ ।

੩੧. ਵਾਈ ਬਹਾਦਰ ਸਿੰਘ ਪਿਤਾ ਸ: ਬਲਵੰਤ ਸਿੰਘ ਮਾਤਾ ਇੰਦ ਕੌਰ ਪਿੰਡ ਚਕਰ ਗੁਰੂ ਕੇ ਬਾਗ ਮੋਰਚੇ ਪਰ ਪਹਿਲੇ ਜਥੇ ਵਿਚ ਗਏ ਤੇ ਕਾਫੀ ਕੁਟ ਖਾਧੀ ।

੩੨. ਭਾਈ ਜੀਵਾ ਸਿੰਘ ਪਿਤਾ ਸ. ਭਗਵਾਨ ਸਿੰਘ ਮਾਤਾ ਸੰਤ ਕੌਰ ਪਿੰਡ ਹਸਨ ਪੁਰ ਆਪ ਮੋਰਚੇ ਵਿਜ ਗਏ ਤੇ ਕਾਫੀ ਤਕਲੀਫਾਂ ਸਹੀਆਂ ।

੩੩. ਭਾਈ ਸੰਤੋਖ ਸਿੰਘ ਪਿਤਾ ਸ: ਕਿਸ਼ਨ ਸਿੰਘ ਮਾਤਾ ਜੀਉਣ ਕੌਰ ਪਿੰਡ ਹਸਨ ਪੁਰ ਆਪ ਮੋਰਚੇ ਵਿਚ ਗਏ ਤੇ ਤਕਲੀਫਾਂ ਸਹੀਆਂ ।

੩੪. ਸੰਤ ਸੁਰਜੀਤ ਸਿੰਘ ਪਹਿਲਾ ਨਾਮ ਬੰਸੀ ਰਾਮ ਵਿਦਿਆ ਗੁਰੂ ਹੀਰਾ ਦਾਸ ਪਿੰਡ ਹਸਨਪੁਰ ਇਸ ਮੋਰਚੇ ਤੇ ਗਏ ਤੇ ਬੇਅਤ ਕਸ਼ਟ ਸਹਾਰੇ ।

੩੫. ਭਾਈ ਬਿਸ਼ਨ ਸਿੰਘ ਪਿਤਾ ਸ. ਬਦਨ ਸਿੰਘ ਪਿੰਡ ਹਸਨਪੁਰ ਆਪ ਨੇ ਮੋਰਚੇ ਵਿਚ ਜਾ ਕੇ ਬਹੁਤ ਕਸ਼ਟ ਸਹਾਰੇ ।

Digitized by Panjab Digital Library | www.panjabdigilib.org

੩੬. ਭਾਈ ਕੇਹਰ ਸਿੰਘ ਓਵਰ ਸੀਅਰ ਪਿਤਾ ਸ: ਹਰਨਾਮ ਸਿੰਘ ਮਾਤਾ ਅਤਰ ਕੌਰ ਪਿੰਡ ਸੋਹੀਆਂ ਆਪ ਨੇ ਬੇਅੰਤ ਕਸ਼ਟ ਸਹਾਰੇ ਤੇ ਦੋ ਸਾਲ ਮੁਲਤਾਨ ਤੇ ਅਟਕ ਜੇਲ੍ਹ ਵਿਚ ਕੈਦ ਕੱਟੀ ਆਪ ਪੰਥਕ ਖਿਆਲਾਂ ਦੇ ਹਨ। ਪਿੰਡ ਵਿਚ ੮੦ ਮੈਂਬਰ ਕੈਦ ਹੋਣ ਦੇ ਬਾਵਜੂਦ ਇਹਨਾਂ ਦਾ ਬੜਾ ਜ਼ੋਰ ਰਿਹਾ।

੩੭. ਭਾਈ ਫਤਹਿ ਸਿੰਘ ਪਿਤਾ ਸ: ਰਾਮ ਸਿੰਘ ਮਾਤਾ ਅਤਰ ਕੌਰ ਪਿੰਡ ਸੂਜਾ ਪੁਰ ਆਪ ਨੇ ਇਸ ਮੋਰਚੇ ਵਿਚ ਕਾਫੀ ਕੁਟ ਖਾਧੀ।

੩੮. ਭਾਈ ਤਰਲੋਕ ਸਿੰਘ ਪਿਤਾ ਸ: ਸਰਦਾਰਾ ਸਿੰਘ ਪਿੰਡ ਇਕੋਲਾਹ ਮੋਰਚੇ ਵਿਚ ਗਏ।

੩੯. ਭਾਈ ਅਰਜਨ ਸਿੰਘ ਪਿਤਾ ਸ: ਵਸਾਵਾ ਸਿੰਘ ਪਿੰਡ ਇਕੋਲਾਹ ,, ,,

੪੦. ਭਾਈ ਰਣਜੀਤ ਸਿੰਘ ਸ. ਕਾਹਣ ਸਿੰਘ ਪਿੰਡ ਇਕੋਲਾਹ ,, ,,

੪੧. ਭਾਈ ਬਮਣ ਸਿੰਘ ਪਿਤਾ ਸ. ਮਿਤ ਸਿੰਘ ਪਿੰਡ ਇਕੋਲਾਹ ਆਪ ਨੂੰ ਦੋ ਸਾਲ ਕੈਦ ਤੇ ੨੦੦) ਰੁਪਿਆ ਜੁਰਮਾਨਾ ਹੋਇਆ।

੪੨. ਭਾਈ ਜਵਾਹਰ ਸਿੰਘ ਪਿਤਾ ਸ: ਮਸਤਾਨ ਸਿੰਘ ਪਿੰਡ ਇਸੜੂ ਮਾਰਕੁਟ ਤੇ ਕੈਦ ੯ ਮਹੀਨੇ ਕਟੀ।

੪੩. ਭਾਈ ਹੀਰਾ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਸਿਖ ਦੌਲਤ ਇਸ ਮੋਰਚੇ ਤੇ ਸਜ਼ਾ ਭੁਗਤੀ।

੪੪. ਭਾਈ ਧਨਾ ਸਿੰਘ ਪਿਤਾ ਸ: ਬੂਧ ਸਿੰਘ ਸਿਖ ਦੌਲਤ ਇਸ ਮੋਰਚੇ ਤੇ ਗਏ ਤੇ ਸਜ਼ਾ ਭੁਗਤੀ।

੪੫. ਭਾਈ ਭਗਤ ਸਿੰਘ ਪਿਤਾ ਸ: ਫੁਮਣ ਸਿੰਘ ਪਿੰਡ ਸਿਖ ਦੌਲਤ ਇਸ ਮੋਰਚੇ ਤੇ ਗਏ ਤੇ ਸਜ਼ਾ ਭਗਤੀ।

੪੬. ਭਾਈ ਗਿਆਨ ਸਿੰਘ ਮਿਸਤ੍ਰੀ ਪਿੰਡ ਗਿਦੜ ਵਿੰਡੀ ਇਸ ਮੋਰਚੇ ਤੇ ਗਏ ਤੇ ਸਜ਼ਾ ਭੁਗਤੀ ਅਤੇ ਪੁਰਾਤਨ ਸਿੱਖੀ ਖਿਆਲਾਂ ਦੇ ਹਠੀ, ਜਪੀ, ਤਪੀ ਪ੍ਰਵਾਰ ਸਮੇਤ ਗੁਰੂ ਪੰਥ ਦੇ ਪ੍ਰਵਾਨੇ ਹਨ।

੪੭. ਭਾਈ ਈਸ਼ਰ ਸਿੰਘ ਪਿਤਾ ਸ: ਸਾਹਿਬ ਸਿੰਘ ਮਾਤਾ ਮਤਾਬ ਕੌਰ ਪਿੰਡ ਗਿਦੜ ਵਿੰਡੀ ਇਸ ਮੋਰਚੇ ਵਿਚ ਗਏ ਅੰਬਾਲਾ ਜੇਲ੍ਹ ਵਿਚ ਕੈਦ ਕਟੀ। ਮੋਰਚਾ ਫਤਹਿ ਹੋਣ ਤੇ ਰਿਹਾ ਹੋਏ।

੪੮. ਜੱਥੇਦਾਰ ਗੁਰਮੁਖ ਸਿੰਘ ਜੀ ਮਨਸੀਹਾਂ ਬਾਜਨ—ਆਪ ਜੀ ਦਾ ਜਨਮ ਪਿੰਡ ਮਨਸੀਹਾ ਬਾਜਨ ਵਿਚ ਸ: ਸੁਧ ਸਿੰਘ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ ਹੋਇਆ। ੧੯੦੮ ਵਿਚ ਸਿੰਘ ਸਭਾ ਦੇ ਪ੍ਰਚਾਰ ਨਾਲ ਆਪ ਜੀ ਨੂੰ ਸਿੱਖੀ ਦੀ ਲਗਨ ਲੱਗੀ। ਆਪ ਦਾ ਜੀਵਨ ਪੂਰਨ ਗੁਰਸਿੱਖਾਂ ਵਾਲਾ ਸੀ ਤੇ ਆਪ ਜੀ ਦੀ ਸੁਪਤਨੀ ਬੀਬੀ ਮਾਨਕੌਰ ਜੀ ਗੁਰਬਾਣੀ ਦੇ ਬੜੇ ਪ੍ਰੇਮੀ ਸਨ। ਆਪ ਜੀ ਨੂੰ ਬੇਬੇ ਮਾਨ ਕੌਰ ਜੀ ਨੇ ਪ੍ਰੇਰਕੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਨੂੰ ਤੋਰਿਆ। ਆਪ ਜੀ ਨੂੰ ੧੧ ਮਹੀਨੇ ਸਜ਼ਾ ਹੋਈ ਤੇ ਆਪ ਬੜੀ ਦਲੇਰੀ ਨਾਲ ਲਾਹੌਰ ਜੇਲ੍ਹ ਵਿਚ ਸਜ਼ਾ ਕਟਕੇ ਆਏ। ਜੈਤੋ ਦੇ ਮੋਰਚੇ ਸਮੇਂ ਆਪ ਤਹਿਸੀਲ ਦੇ ਜੱਥੇਦਾਰ ਸਨ। ਬੜੀ ਸੇਵਾ ਕਰਦੇ ਰਹੇ।

੪੯. ਗਿ: ਜਗੀਰ ਸਿੰਘ ਜੀ ਪਿਤਾ ਪੋਲੋ ਸਿੰਘ ਜੀ ਮਾਤਾ ਅਤਰ ਕੌਰ ਜੀ ਪਿੰਡ ਕਿਲ੍ਹਾ ਰਾਏ ਪੁਰ ਆਪ ਨੂੰ ਇਸ ਮੋਰਚੇ ਤੇ ਪੋਲੀਸ ਵਲੋਂ ਬਹੁਤ ਸਟਾਂ ਵਜੀਆਂ।

Digitized by Panjab Digital Library | www.panjabdigilib.org

੫੦. ਭਾਈ ਚੇਤ ਸਿੰਘ ਜੀ ਪਿਤਾ ਸ: ਜੀਤਾ ਸਿੰਘ ਜੀ ਪਿੰਡ ਰਾਏਪੁਰ ਆਪ ਮੋਰਚੇ ਵਿਚ ਗਏ ਤੇ ਸਾਢੇ ਤਿੰਨ ਮਹੀਨੇ ਕੈਦ ਕਟੀ ਤੇ ਜੁਰਮਾਨਾ ਹੋਇਆ। ਜੈਤੋਂ, ਸਖਤ ਕੈਦ ਹੋਈ।

੫੧. ਭਾਈ ਸਦਾ ਸਿੰਘ ਜੀ ਪਿਤਾ ਸੁੰਦਰ ਸਿੰਘ ਮਾਤਾ ਅਤਰ ਕੌਰ ਜੀ ਪਿੰਡ ਰਾਏਪੁਰ ਪੱਤੀ ਮਲਾ ਮੋਰਚਾ ਗੁਰੂ ਕੇਬਾਗ।

੫੨. ਭਾਈ ਸਜਣ ਸਿੰਘ ਜੀ ਪਿਤਾ ਸ: ਪਾਲ ਸਿੰਘ ਜੀ ਮਾਤਾ ਰਤਨ ਸਿੰਘ ਪਿੱਡ ਰਾਏਪੁਰ ਪੱਤੀ ਸਮੀਰੀਆਂ ਮੋਰਚਾ ਗੁਰੂ ਕੇ ਬਾਗ ਗਏ।

੫੩. ਭਾਈ ਸ਼ੇਰ ਸਿੰਘ ਜੀ ਪਿਤਾ ਸ: ਮਿਤ ਸਿੰਘ ਜੀ ਮਾਤਾ ਮਾਨ ਕੌਰ ਜੀ ਪਿੰਡ ਰਾਏਪੁਰ ਪੱਤੀ ਸਮੀਰੀਆਂ ਗੁਰੂ ਕੇ ਬਾਗ ਗਏ।

੫੪. ਭਾਈ ਮਸਤਾਨ ਸਿੰਘ ਜੀ ਪਿਤਾ ਸ: ਸੁੰਦਰ ਸਿੰਘ ਮਾਤਾ ਸੁਲਖਣੀ ਜੀ ਪਿੰਡ ਰਾਏਪੁਰ ਮਜ਼੍ਹਬੀ ਸਿੰਘ ਪੈਨਸ਼ਨ ਤੇ ਮੁਰੱਬਾ ਜ਼ਬਤ ਤੇ ਆਪ ਨੇ ਸ: ਬਹਾ: ਦਾ ਖਿਤਾਬ ਵਾਪਸ ਕਰ ਦਿਤਾ।

੫੫. ਭਾਈ ਹਰਦਿਤ ਸਿੰਘ ਜੀ ਉਰਫ ਬਾਬਾ ਹੇਤਾ ਸਿੰਘ ਜੀ ਪਿਤਾ ਸ: ਦਲ ਸਿੰਘ ਜੀ ਮਾਤਾਂ ਮਾਨ ਕੌਰ ਜੀ ਪਿੰਡ ਰਾਏਪੁਰ ਆਪ ਗੁਰੂ ਕੇ ਬਾਗ ਗਏ।

੫੬. ਭਾਈ ਨਥਾ ਸਿੰਘ ਗੁੰਬੀ ਪਤੀ ਮਲਾ ਪਿੰਡ ਕਿਲਾ ਰਾਏਪੁਰ ਪਿਛਾ ਸੇਲਣ ਰਾਹ।

੫੭. ਭਾਈ ਮੰਗਲ ਸਿੰਘ ਜੀ ਪਿੰਡ ਕਿਲਾ ਰਾਏਪੁਰ ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ੭ ਮਹੀਨੇ ਕੈਦ ਕਟੀ।

੫੮. ਭਾਈ ਜਸਬੀਰ ਸਿੰਘ ਜੀ ਪਿਤਾ ਮੋਹਣ ਸਿੰਘ ਜੀ ਪਿੰਡ ਕਿਲਾ ਰਾਏਪੁਰ ਆਪ ਜੀ ਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚ ਦੋ ਸਾਲ ਕੈਦ ਤੇ ੧੦੦ ਰੁਪੈ ਜੁਰਮਾਨਾ ਹੋਇਆ।

੫੯. ਭਾਈ ਕੇਹਰ ਸਿੰਘ ਜੀ ਪਿਤਾ ਕਿਰਪਾ ਸਿੰਘ ਜੀ ਪਿੰਡ ਕਿਲਾ ਰਾਏਪੁਰ. ਆਪ ਜੀ ਨੇ ਮੋਰਚੇ ਵਿਚ ੭ ਮਹੀਨੇ ਕੈਦ ਕਟੀ।

੬੦. ਭਾਈ ਭਗਵਾਨ ਸਿੰਘ ਜੀ ਪਿਤਾ ਸ: ਤਾਰਾ ਸਿੰਘ ਜੀ ਪਿੰਡ ਜਸਪਾਲੋਂ ਬਾਂਗਰ ਆਪ ਮੋਰਚਾ ਗੁਰੂ ਕੇ ਬਾਗ ਵਿਚ ਗਏ ਤੇ ੪੦੦) ਰੁਪੈ ਜੁਰਮਾਨਾ ਹੋਇਆ।

## ਜ਼ਿਲਾ ਲੁਧਿਆਣਾ ਦੇ ਕੁਝ ਹੋਰ ਸਿੰਘ

| ਨੰ: | ਨਾਮ | ਪਿਤਾ | ਪਿੰਡ |
|---|---|---|---|
| ੧. | ਦਲਜੀਤ ਸਿੰਘ ਜੀ | ਹੀਰਾ ਸਿੰਘ ਜੀ | ਲਲਤੋਂ |
| ੨. | ਜਗਤ ਸਿੰਘ ਜੀ | ਅਤਰ ਸਿੰਘ ਜੀ | ਡੱਲਾ |
| ੩. | ਭਗਤ ਨਿਰਭੈ ਸਿੰਘ ਜੀ | ਮਸਤਾਨ ਸਿੰਘ ਜੀ | ਮਾਣੂਕੇ |
| ੪. | ਮੋਹਾਂ ਸਿੰਘ ਜੀ | ਦਾਨ ਸਿੰਘ ਜੀ | ਕਮਾਲਪੁਰਾ |
| ੬. | ਧਿਆਨ ਸਿੰਘ ਜੀ | ਫਤਹਿ ਸਿੰਘ | ,, |
| ੭. | ਬਹਾਦਰ ਸਿੰਘ ਜੀ | ਸੋਭਾ ਸਿੰਘ ਜੀ | ਚਕਰ |
| ੮. | ਕਰਤਾਰ ਸਿੰਘ ਜੀ | | ਹੇਹਰ |
| ੧੦. | ਰਾਮ ਸਿੰਘ ਜੀ | ਗੁਰਦਿਤ ਸਿੰਘ ਜੀ | ਕਮਾਲ ਪੁਰਾ |
| ੧੧. | ਬਖਸ਼ੀਸ਼ ਸਿੰਘ ਜੀ | ਚੰਦਾ ਸਿੰਘ ਜੀ | ,, |
| ੧੨. | ਮਿਤ ਸਿੰਘ ਜੀ | ਪੰਜਾਬ ਸਿੰਘ ਜੀ | ,, |

Digitized by Panjab Digital Library | www.panjabdigilib.org

| | | | |
|---|---|---|---|
| ੧੩. | ਹਰਨਾਮ ਸਿੰਘ ਜੀ | ਹਜ਼ਾਰਾ ਸਿੰਘ ਜੀ | ,, |
| ੧੪. | ਨਿਕਾ ਸਿੰਘ ਜੀ | ਸੰਤਾ ਸਿੰਘ ਜੀ | ਮਾਣੂਕੇ |

## ਫਰੀਦਕੋਟ ਦੇ ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

੧. ਭਾਈ ਵਿਸਾਖਾ ਸਿੰਘ ਜੀ ਪਿਤਾ ਸ: ਜਵਾਲਾ ਸਿੰਘ ਜੀ ਮਾਤਾ ਪ੍ਰੇਮ ਕੌਰ ਪਿੰਡ ਸਿਖਾਂ ਵਾਲਾ ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ੬ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ ਕਟੀ।

੨. ਭਾਈ ਮਾਨ ਸਿੰਘ ਜੀ ਪਿੰਡ ਸਿਖਾਂ ਵਾਲਾ ਆਪ ਜੀ ਨੇ ਭਾਈ ਵਿਸਾਖਾ ਸਿੰਘ ਤੋਂ ਪ੍ਰੇਰਤ ਹੋ ਕੇ ੫੨ ਸਾਲ ਦੀ ਉਮਰ ਵਿਚ ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ ਤੇ ੬ ਮਹੀਨੇ ਲਾਹੌਰ ਜੇਲ੍ਹ ਵਿਚ ਕੈਦ ਕਟੀ।

੩. ਭਾਈ ਘੁਲਾ ਸਿੰਘ ਜੀ ਪਿਤਾ ਸ: ਬਗਾ ਸਿੰਘ ਮਾਤਾ ਰੂੜ ਕੌਰ ਪਿੰਡ ਮਹੀਆਂ ਵਾਲਾ ਆਪ ਨੇ ਮੋਰਚਾ ਗੁਰੂ ਕੇ ਬਾਗ ਵਿਚ ਡਾਂਗਾਂ ਖਾਧੀਆਂ।

੪. ਭਾਈ ਹਰਨਾਮ ਸਿੰਘ ਜੀ ਜਥੇਦਾਰ ਪਿਤਾ ਸ: ਪੰਜਾਬ ਸਿੰਘ ਮਾਤਾ ਪ੍ਰੇਮ ਕੌਰ ਪਿੰਡ ਅਮਰਗੜ੍ਹ ਆਪ ਨੂੰ ਮੋਰਚਾ ਗੁਰੂ ਕਾ ਬਾਗ ਵਿਚ ਦੋ ਮਹੀਨੇ ਕੈਦ ਹੋਈ।

੫. ਭਾਈ ਨੰਦ ਸਿੰਘਜੀ ਪਿਤਾ ਸ: ਅਰਜਨ ਸਿੰਘ ਮਾਤਾ ਚੰਦ ਕੌਰ ਪਿੰਡ ਅਮਰਗੜ੍ਹ ਆਪ ਨੂੰ ਮੋਰਚਾ ਗੁਰੂ ਕਾ ਬਾਗ ਵਿਚ ੬ ਮਹੀਨੇ ਕੈਦ।

੬. ਭਾਈ ਵਰਿਆਮ ਸਿੰਘ ਜੀ ਜਥੇਦਾਰ ਪਿਤਾ ਸ: ਹਰੀ ਸਿੰਘ ਜੀ ਮਾਤਾ ਮੇਂਦ ਕੌਰ ਜੀ ਪਿੰਡ ਗੋਨੇਆਣਾ ਕਲਾਂ ਆਪ ਮੋਰਚਾ ਗੁਰੂ ਕਾ ਬਾਗ ਵਿਚ ੬ ਮਹੀਨੇ ਮੁਲਾਂ ਪੁਰ ਜੇਲ੍ਹ ਵਿਚ ਰਹੇ, ਆਪ ਚੰਗੇ ਅਕਾਲੀ ਵਰਕਰ ਸਨ।

੭. ਭਾਈ ਸੰਪੂਰਨ ਸਿੰਘ ਜੀ ਪਿਤਾ ਸ: ਅਤਰ ਸਿੰਘ ਮਾਤਾ ਦਯਾ ਕੌਰ ਪਿੰਡ ਹਰਿਰਾਏ ਪੁਰਾ ਆਪ ਨੇ ਮੋਰਚਾ ਗੁਰੂ ਕਾ ਬਾਗ ਅਟਕ ਤੇ ਮੁਲਤਾਨ ਜੇਲ੍ਹ ਵਿਚ ਕੈਦ ਕਟੀ।

੮. ਭਾਈ ਰਾਣਾ ਸਿੰਘ ਜੀ ਪਿਤਾ ਸ: ਠਾਕਰ ਸਿੰਘ ਜੀ ਮਾਤਾ ਸੋਭ ਕੌਰ ਜੀ ਬੰਸ ਭਾਈ ਭਗਤੂ ਜੀ ਪਿੰਡ ਭਗਤਾ ਭਾਈ ਮੋਰਚਾ ਗੁਰੂ ਕਾ ਬਾਗ ਵਿਚ ਕੁਟ ਖਾਧੀ ਤੇ ੯ ਮਹੀਨੇ ਕੈਦ ਕਟੀ। ਆਪ ਬੜੇ ਜਜ਼ਬੇ ਵਾਲੇ ਸਿਦਕੀ ਤੇ ਸਿਰੜੀ ਗੁਰਮਤ ਪ੍ਰਚਾਰਕ ਹਨ, ਪੰਚੈਤ ਦੇ ਸਰਪੰਚ ਹਨ। ਜੈਤੋ ਦੇ ਮੋਰਚੇ ਵਿਚ ਅਸੇਹ ਤਕਲੀਫਾ ਸਹਾਰੀਆਂ ਤੇ ਕੈਦਾਂ ਕਟੀਆਂ।

੯. ਭਾਈ ਕੇਹਰ ਸਿੰਘ ਜੀ ਪਿਤਾ ਸ: ਹਰਨਾਮ ਸਿੰਘ ਮਾਤਾ ਇੰਦਰ ਕੌਰ ਬੰਸ ਭਾਈ ਬੈਹਲੋ ਪਿੰਡ ਭਗਤਾ ਭਾਈ ਆਪ ਮੋਰਚਾ ਗੁਰੂ ਕਾ ਬਾਗ ਵਿਚ ਕੁਟ ਖਾਧੀ ਤੇ ੯ ਮਹੀਨੇ ਕੈਦ ਕਟੀ, ਆਪ ਚੰਗੇ ਅਕਾਲੀ ਵਰਕਰ ਸਨ।

## ਰਿ: ਪਟਿਆਲਾ ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

੧. ਸੰਤ ਲਾਲ ਸਿੰਘ ਵਿਰਕਤ ਪਿੰਡ ਟਿਲੇਵਾਲ (ਥਾਣਾ ਭਦੌੜ) ਆਪ ਇਸ ਮੋਰਚੇ ਵਿਚ ਜਾ ਕੇ ੧ ਸਾਲ ਸੰਟਰਲ ਜੇਲ੍ਹ ਲਾਹੌਰ ਵਿਚ ਕੈਦ ਕਟੀ।

੨. ਭਾਈ ਪਰਤਾਪ ਸਿੰਘ ਪਿਤਾ ਸ: ਦੇਵਾ ਸਿੰਘ ਮਾਤਾ ਮਾਈ ਵਿਸਰੀ ਪਿੰਡ ਕੁੰਬੜਵਾਲ ਆਪ ਨੇ ਇਸ ਮੋਰਚੇ ਵਿਚ ਜਾ ਕੇ ਤਕਲੀਫਾਂ ਸਹਾਰੀਆਂ।

Digitized by Panjab Digital Library | www.panjabdigilib.org

੩. ਭਾਈ ਬਦਨ ਸਿੰਘ ਜੀ ਪਤਾ ਸ: ਬਿਸ਼ਨ ਸਿੰਘ ਜੀ ਮਾਤਾ ਮਾਈ ਰਾਜ ਕੌਰ ਜੀ ਪਿੰਡ ਕੁੰਬੜਵਾਲ ।

੪. ਭਾਈ ਪ੍ਰੇਮ ਸਿੰਘ ਜੀ ਸ: ਅਤਰ ਸਿੰਘ ਜੀ ਪਿੰਡ ਵਡਾਲੀ ਭਾਈ ਕੇ ਆਪ ਨੇ ਮੋਰਚੇ ਵਿਚ ਜਾ ਕੇ ਤਕਲੀਫਾਂ ਸਹਾਰੀਆਂ ।

੫. ਸ: ਦਲੀਪ ਸਿੰਘ ਜੀ ਸ: ਕਰਮ ਸਿੰਘ ਜੀ ਪਿੰਡ ਸੇਖਾ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੬. ਸ: ਰਾਮ ਸਿੰਘ ਜੀ ਪਿਤਾ ਸ: ਕਰਮ ਸਿੰਘ ਪਿੰਡ ਸੇਖਾ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੭. ਸ: ਗੁਰਚਰਨ ਸਿੰਘ ਜੀ ਪਿਤਾ ਸ: ਹੀਰਾ ਸਿੰਘ ਪਿੰਡ ਸੇਖਾ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੮. ਸ: ਰੂੜ ਸਿੰਘ ਜੀ ਪਿਤਾ ਸ: ਪਾਖਰ ਸਿੰਘ ਮਾਤਾ ਜੀਊਣ ਕੌਰ ਪਿੰਡ ਸੰਗੇੜੇ, ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾ ਖਾਂਦੀਆਂ ।

੯. ਸ: ਵਿਸਾਖਾ ਸਿੰਘ ਜੀ ਪਿਤਾ ਸ: ਸੋਭਾ ਸਿੰਘ ਪਿੰਡ ਸੰਗੇੜੇ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੧੦. ਸ: ਰਤਨ ਸਿੰਘ ਜੀ ਪਿਤਾ ਸ: ਰੁਲੀਆ ਸਿੰਘ ਪਿੰਡ ਸੰਗੇੜੇ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ ।

੧੧. ਸ: ਵਰਿਆਮ ਸਿੰਘ ਜੀ ਪਿਤਾ ਸ: ਰਾਮ ਸਿੰਘ ਪਿੰਡ ਭਨੋੜ, ਸਨਾਮ ਆਪ ਨੇ ਮੋਰਚੇ ਵਿਚ ਜਾ ਕੇ ਬੀ. ਟੀ. ਦੀਆਂ ਡਾਂਗਾਂ ਖਾਧੀਆਂ । ਪਿਨਸ਼ਨ ਜ਼ਬਤ,

੧੨. ਸ: ਬਹਾਦਰ ਸਿੰਘ ਪਿਤਾ ਸ: ਲੰਗਰ ਸਿੰਘ ਪਿੰਡ ਕੋਟਲ ਬਡਲ, ਬਸੀ ਆਪ ਨੂੰ ਦੋ ਸਾਲ ਦੀ ਸਜ਼ਾ ਹੋਈ ।

੧੩. ਸ: ਖੇਬਤ ਸਿੰਘ ਜਾਗੀਰਦਾਰ ਪਿਤਾ ਸ. ਕਰਤਾਰ ਸਿੰਘ ਪਿੰਡ ਕੋਟਲਾ ਬਡਲ, ਬਸੀ ਆਪ ਨੂੰ ਦੋ ਸਾਲ ਦੀ ਸਜ਼ਾ ੋਈ ।

## ਰਿਆਸਤ ਨਾਭਾ ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

੧. ਸ: ਹਰਦਿਤ ਸਿੰਘ ਪਿਤਾ ਅਤਰ ਸਿੰਘ ਮਾਤਾ ਸ਼ਾਮ ਕੌਰ ਪਿੰਡ ਧਨੌਲਾ ਆਪ ਨੂੰ ੧ ਸਾਲ ਕੈਦ, ੨੦ ਸਾਲ ਜ਼ਿਲਾ ਵਤਨੀ, ਮੋਰਚਾ ਸੰਗਰੂਰ, ਮੋਰਚਾ ਮਲੇਰ ਕੋਟਲਾ ਵਿਚ ਹਿਸਾ ਲਿਆ ।

੨. ਸ: ਮੋਹਰ ਸਿੰਘ ਪਿਤਾ ਗੁਰਦਿਆਲ ਸਿੰਘ ਪਿੰਡ ਜੈਤੋ ।

੩. ਸ: ਹਿੰਮਤ ਸਿੰਘ ਪਿਤਾ ਰਾਮ ਸਿੰਘ ਪਿੰਡ ਮੁਲਾਂ ਪੁਰ ਕਲਾਂ ।

੪. ਸ: ਜੈਮਲ ਸਿੰਘ ਪਿਤਾ ਭਗਵਾਨ ਸਿੰਘ ਪਿੰਡ ਲੋਹਟ ਬਧੀ ।

੫. ਸ: ਰਣਜੀਤ ਸਿੰਘ ਪਿਤਾ ਰੋਡਾ ਸਿੰਘ ਪਿੰਡ ਬੁਧ ਸਿੰਘ ਵਾਲਾ ਹਿ: ਕਲਸੀਆਂ ।

Digitized by Panjab Digital Library | www.panjabdigilib.org

# ਜ਼ਿਲਾ ਅੰਬਾਲਾ

## ਮੋਰਚਾ ਗੁਰੂ ਕਾ ਬਾਗ ਤਹਿਸੀਲ ਖਰੜ

੧. ਭਾਈ ਨੰਦ ਸਿੰਘ ਪਿਤਾ ਸ: ਨਰੈਣ ਸਿੰਘ ਪਿੰਡ ਸੁਹਾਲੀ ਡੇਢ ਸਾਲ ਕੈਦ ੧੫੦ ਰੁ: ਜੁਰਮਾਨਾ ਕੁਟ ਵੀ ਖਾਧੀ।

੨. ਭਾਈ ਗੁਰਮੁਖ ਸਿੰਘ ਪਿਤਾ ਸ: ਵਰਯਾਮ ਸਿੰਘ ਪਿੰਡ ਅਟੌਰ ਆਪ ਇਸ ਮੋਰਚੇ ਵਿਚ ਗਏ ਤੇ ਕੁਰਬਾਨੀ ਦਿਤੀ ਇਕ ਸਾਲ ਕੈਦ ੫੦ ਰੁ: ਜੁਰਮਾਨਾ।

੩. ਭਾਈ ਬਚਨ ਸਿੰਘ ਪਿਤਾ ਸঃ ਛਜਾ ਸਿੰਘ ਪਿੰਡ ਅਟੌਰ ਆਪ ਇਸ ਮੋਰਚੇ ਵਿਚ ਗਏ ਤੇ ਕੁਰਬਾਨੀ ਦਿੱਤੀ। ਇਕ ਸਾਲ ਕੈਦ ੫੦ ਰੁ. ਜੁਰਮਾਨਾ।

੪. ਭਾਈ ਅਰਜਨ ਸਿੰਘ ਪਿਤਾ ਸ: ਨੰਦ ਸਿੰਘ ਪਿੰਡ ਨਤੇੜਿਆ ਬਹੁਤ ਡਾਂਗਾਂ ਖਾਧੀਆਂ ਤੇ ੮ ਮਹੀਨੇ ਕੈਦ ਭੋਗੀ।

੫. ਭਾਈ ਭੂਪ ਸਿੰਘ ਪਿਤਾ ਸ: ਅਤਰ ਸਿੰਘ ਪਿੰਡ ਸਰੋੜਾ ਮਾਰ ੧ ਸਾਲ ਕੈਦ ਤੇ ੧੫੦ ਰੁ: ਜੁਰਮਾਨਾ।

੬. ਭਾਈ ਬਖਸ਼ਾ ਸਿੰਘ ਪਿਤਾ ਸ: ਮਹਤਾਬ ਸਿੰਘ ਪਿੰਡ ਆਲਾਪੁਰ ਮੋਰਚੇ ਤੇ ਜਾਕੇ ਬਹੁਤ ਡਾਂਗਾਂ ਖਾਧੀਆਂ।

੭. ਭਾਈ ਭਗਵਾਨ ਸਿੰਘ ਪਿਤਾ ਸ: ਰਲਾ ਸਿੰਘ ਪਿੰਡ ਲਖਨੌਰ ਮੋਰਚੇ ਵਿਚ ਜਾਕੇ ੬ ਮਹੀਨੇ ਕੈਦ ਕਟੀ।

੮. ਭਾਈ ਦਲੀਪ ਸਿੰਘ ਪਿੰਡ ਸਹੋੜਾ . ਅਕਾਲੀ ਲਹਿਰ ਵਿਚ ਮੋਰਚੇ ਤੇ ਜਾਕੇ ੬ ਮਹੀਨੇ ਕੈਦ ਭੋਗੀ।

੯. ਭਾਈ ਸੰਤ ਸਿੰਘ ਪਿਤਾ ਸ: ਉਦੇ ਸਿੰਘ ਪਿੰਡ ਸਕਰਲਾਪੁਰ ਮੋਰਚੇ ਵਿਚ ਜਾਕੇ ੧ ਸਾਲ ਕੈਦ ਕਟੀ।

੧੦. ਭਾਈ ਰਾਮ ਸਿੰਘ ਪਿਤਾ ਸ: ਰੁਲੀਆ ਸਿੰਘ ਪਿੰਡ ਮੀਆਪੁਰ ਮੋਰਚੇ ਵਿਚ ਜਾਕੇ ਤਕਲੀਫਾਂ ਸਹੀਆਂ।

੧੧. ਭਾਈ ਜਗਾ ਸਿੰਘ ਪਿਤਾ ਸ: ਭੋਲਾ ਸਿੰਘ ਮਾਤਾ ਕਰਮ ਕੌਰ ਮੀਆਪੁਰ ਆਪ ਇਸ ਮੋਰਚੇ ਵਿਚ ਗਏ ਤੇ ਸ਼ਹੀਦ ਹੋ ਗਏ।

੧੨. ਭਾਈ ਮਲਾਗਾ ਸਿੰਘ ਪਿਤਾ ਸ: ਖੁਸ਼ੀਆ ਸਿੰਘ ਮਾਤਾ ਸਾਹਿਬ ਕੌਰ ਪਿੰਡ ਬੇਹਰਾਮਪੁਰ ਇਸ ਮੋਰਚੇ ਵਿਚ ਜਾਕੇ ਤਿੰਨ ਮਹੀਨੇ ਕੈਦ ਭੋਗੀ।

੧੩. ਭਾਈ ਇੰਦਰ ਸਿੰਘ ਪਿਤਾ ਅਤਰ ਸਿੰਘ ਮਾਤਾ ਜੀਵੀ ਪਿੰਡ ਬੈਹਰਾਮਪੁਰ ਇਸ ਮੋਰਚੇ ਤੇ ਜਾਕੇ ਚਾਰ ਮਹੀਨੇ ਕੈਦ ਭੋਗੀ।

੧੪. ਭਾਈ ਪੂਰਨ ਸਿੰਘ ਪਿਤਾ ਭਗਵਾਨ ਸਿੰਘ ਮਾਤਾ ਚਤਰ ਕੌਰ ਖੰਨਟ ਆਪ ਦੋਵੇਂ ਭਾਈ ਫੇਰੂ ਦੇ ਮੋਰਚੇ ਤੇ ਗਏ।

੧੫. ਭਾਈ ਰਣਜੀਤ ਸਿੰਘ ਪਿਤਾ ਸ: ਕਾਹਨ ਸਿੰਘ ਮਾਤਾ ਆਸ ਕੌਰ ਪਿੰਡ ਖੰਨਟ ਤੇ ਕੈਮਲਪੁਰ ਤੇ ਰਾਵਲਪਿੰਡੀ ਜੇਲ੍ਹਾਂ ਵਿਚ ਕੈਦਾਂ ਭੋਗੀਆਂ।

੧੬. ਭਾਈ ਲਹਿਣਾ ਸਿੰਘ ਪਿਤਾ ਸ: ਮਜਾ ਸਿੰਘ ਮਾਤਾ ਜਸ ਕੌਰ ਪਿੰਡ ਖੰਨਟ।

Digitized by Panjab Digital Library | www.panjabdigilib.org

੧੭. ਜੱਥੇਦਾਰ ਗੁਰਦਿਤ ਸਿੰਘ ਪਿੰਡ ਖੰਨਟ ।
੧੮. ਵਸਾਵਾ ਸਿੰਘ ਦਸੌਂਧਾ ਸਿੰਘ ਮਾਤਾ ਨਰੈਣ ਕੌਰ ਪਿੰਡ ਖੰਨਟ ।
੧੯. ਪ੍ਰੇਮ ਸਿੰਘ ਪਿਤਾ ਹਰਦਿਆਲ ਸਿੰਘ ਮਾਤਾ ਧਰਮ ਕੌਰ ਪਿੰਡ ਹੜਬੋਣ ।
੨੦. ਰੂੜ ਸਿੰਘ ਪਿਤਾ ਦੇਵਾ ਸਿੰਘ ਪਿੰਡ ਸਪੇੜਾ ।
੨੧. ਇੰਦ੍ਰ ਸਿੰਘ ਪਿਤਾ ਕਾਨ੍ਹ ਸਿੰਘ ਪਿੰਡ ਮੋਤੀ ਗੋਦਲੇ ।
੨੨. ਗੁਰਦਿਆਲ ਸਿੰਘ ਪਿਤਾ ਕਿਸ਼ਨ ਸਿੰਘ ਪਿੰਡ ਪੰਜੋਖਰਾ ।
੨੩. ਪਿਆਰਾ ਸਿੰਘ ਪਿਤਾ ਰਾਮ ਸਿੰਘ ਪਿੰਡ ਜਟੇਵਰ ।
੨੪. ਦਲੀਪ ਸਿੰਘ ਪਿਤਾ ਨਗੀਨਾ ਸਿੰਘ ਕਿਸ਼ਨ ਕੌਰ ਪਿੰਡ ਸਾਹਪੁਰ ।
੨੫. ਤ੍ਰਿਲੋਕ ਸਿੰਘ ਪਿਤਾ ਧਰਮ ਸਿੰਘ ਪਿੰਡ ਕੁਲਪੁਰ ।
੨੬. ਤ੍ਰਿਲੋਕ ਸਿੰਘ ਪਿਤਾ ਧੰਨਾ ਸਿੰਘ ਪਿੰਡ ਕੁਲਪੁਰ ।
੨੭. ਅਰਜਣ ਸਿੰਘ ਪਿਤਾ ਚੰਨਣ ਸਿੰਘ ਪਿੰਡ ਪੰਜੋਖਰਾ ਸਾਹਿਬ ।
੨੮. ਸ਼ੇਰੇ ਦਿਲ ਸ: ਮਹਿੰਦਰ ਸਿੰਘ ਪਿਤਾ ਸ: ਬਿਸ਼ਨ ਸਿੰਘ ਜੀ ਪਿੰਡ ਮਾਜਰੀ ਗੋਤ ਸੰਧੂ ਉਮਰ ੩੦ ਸਾਲ ਸੁਭਾ ਦੇ ਗਰਮ ਕੱਦ ਪੰਜ ਫੁਟ. ਰੰਗ ਕਣਕਵੰਨਾ ।
ਆਪ ਜੀ ਨੇ ਹੇਠ ਲਿਖੇ ਮੋਰਚਿਆਂ ਵਿਚ ਹਿੱਸਾ ਲਿਆ ।

੧. ਗੁਰੂ ਕੇ ਬਾਗ ਨੂੰ ਜਾਣ ਵਾਲੇ ਜੱਥੇ ਦੇ ਹੱਡ ਜੱਥੇਦਾਰ ਸ: ਇੰਦ੍ਰ ਸਿੰਘ ਜੀ ਭਰਤਗੜ੍ਹ, ਸ: ਹਰੀ ਸਿੰਘ ਜੀ ਜੱਥੇਦਾਰ ਲਠੇੜੀ, ਸ: ਮਹਿੰਦਰ ਸਿੰਘ ਜੀ ਮੀਤ ਜੱਥੇਦਾਰ ਹੋਕੇ ਗਏ ।
੨. ਭਾਈ ਫੇਰੂ ਦੇ ਮੋਰਚੇ ਨੂੰ ਜ਼ਿਲਾ ਅੰਬਾਲਾ ਦਾ ਜੱਥਾ ਲੈਕੇ ਗਏ ਜਿਸ ਦੇ ਆਪਜੀ ਹੈਡ ਜੱਥੇਦਾਰ ਸੀ । ਛੇ ਮਹੀਨੇ ਸਖਤ ਸਜ਼ਾ ਕਟਕੇ ਰਿਹਾ ਕੀਤੇ ਗਏ ।
੩. ਗੁਰਦੁਵਾਰਾ ਮਰਦੋ ਹੋਰ ਸੇਵਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਸੰਨ ੧੯੨੨ ਤੋਂ ੧੯੪੯ ਤਕ ਬੜੀ ਇਮਾਨਦਾਰੀ ਨਾਲ ਕੀਤੀ ਅਤੇ ਗੁ: ਤਰੱਕੀ ਬਹੁਤ ਦਿਤੀ ।
੪. ਬਬਰ ਅਕਾਲੀ ਲਹਿਰ ਜੋ ਜ਼ਿਲਾ ਲੁਧਿਆਣਾ ਜੱਥੇਦਾਰ ਕਰਤਾਰ ਸਿੰਘ ਜੀ ਜਸਪਾਲੋਂ ਦੇ ਰਾਹੀਂ ਸੇਵਾ ਵਿਚ ਸਰ ਗਰਮ ਹਿੱਸਾ ਲਿਆ ।
੫. ਸਨ ੧੯੪੦ ਤੋਂ ੪੯ ਤਹਿਸੀਲ ਦੇ ਜੱਥੇਦਾਰ ਹੋਕੇ ਸੇਵਾ ਪ੍ਰੇਮ ਨਾਲ ਕਰਦੇ ਰਹੇ ਹਨ ।
੬. ੧੯੪੯ ਤੋਂ ਸ੍ਰੋ: ਗੁ: ਪ੍ਰ: ਕਮੇਟੀ ਦੇ ਜਰਨਲ ਮੈਂਬਰ ਰਹੇ । ਆਪ ਜੀ ਬੜੇ ਹੀ ਉਤਸਾਹੀ ਤੇ ਦੇਸ਼ ਕੌਮ ਤੋਂ ਆਪਾ ਵਾਰਨ ਵਾਲੇ ਸ੍ਰੀ ਦਸਮੇਸ਼ ਜੀ ਦੇ ਸਪੁਤ੍ਰ ਹਨ ।

## ਜ਼ਿਲਾ ਲਾਹੌਰ

## ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

| ਨੰਃ | ਨਾਮ | ਪਿਤਾ | ਪਿੰਡ |
|---|---|---|---|
| ੧. | ਅਰਜਨ ਸਿੰਘ ਜੀ | ਸੁੰਦਰ ਸਿੰਘ ਜੀ | ਹੇਹਰਾਂ |
| ੨. | ਨਿਰੰਜਨ ਸਿੰਘ ਜੀ | ਲਾਲ ਸਿੰਘ ਜੀ | ਸਿਵੀਆਂ |
| ੩. | ਰਾਮ ਸਿੰਘ ਜੀ | ਇੰਦਰ ਸਿੰਘ ਜੀ | ਘਣੀਏ ਕੇ |
| ੪. | ਨਿਹਾਲ ਸਿੰਘ ਜੀ | ਕੇਸਰ ਸਿੰਘ ਜੀ | ਭਸੀਣ |

Digitized by Panjab Digital Library | www.panjabdigilib.org

| | | | |
|---|---|---|---|
| ੫. | ਦਯਾ ਸਿੰਘ ਜੀ | ਸ਼ੇਰ ਸਿੰਘ ਜੀ | ਹੇਹਰਾਂ |
| ੬. | ਵਰਯਾਮ ਸਿੰਘ ਜੀ | ਚੰਦਾ ਸਿੰਘ ਜੀ | ਭਸੀਣ |
| ੭. | ਚੰਨਣ ਸਿੰਘ ਜੀ | ਬਿਸ਼ਨ ਸਿੰਘ ਜੀ | ਘਣੀਏ ਕੇ |
| ੮. | ਦਿਆਲ ਸਿੰਘ ਜੀ | ਬੁਢਾ ਸਿੰਘ ਜੀ | ਭਸੀਣ |
| ੯. | ਰਣਜੋਧ ਸਿੰਘ ਜੀ | ਕਾਲਾ ਸਿੰਘ ਜੀ | ਕੋਰੋਂ ਕੇ |
| ੧੦. | ਸ਼ੋਹਣ ਸਿੰਘ ਜੀ | ਠਾਕਰ ਸਿੰਘ ਜੀ | ਬਸਾਣ |
| ੧੧. | ਬਲਵੰਤ ਸਿੰਘ ਜੀ | ਲਛਮਣ ਸਿੰਘ ਜੀ | ਈਚੋ ਗਿਲ |
| ੧੨. | ਰਤਨ ਸਿੰਘ ਜੀ | ਭਗਤ ਸਿੰਘ ਜੀ | ਹੇਹਰ |
| ੧੩. | ਤਾਰਾ ਸਿੰਘ ਜੀ | ਹਾਕਮ ਸਿੰਘ ਜੀ | ,, |
| ੧੪. | ਸ਼ਰਮ ਸਿੰਘ ਜੀ | ਫਗੂ ਸਿੰਘ ਜੀ | ਸਿਧਵਾਂ |
| ੧੫. | ਕਰਤਾਰ ਸਿੰਘ ਜੀ | ਬੀਰ ਸਿੰਘ ਜੀ | ਭਸੀਣ |
| ੧੬. | ਦੁਲਾ ਸਿੰਘ ਜੀ | ਦਸੋਂਧਾ ਸਿੰਘ ਜੀ | ,, |
| ੧੭. | ਰਘਬੀਰ ਸਿੰਘ ਜੀ | ਭਗਤ ਸਿੰਘ ਜੀ | ,, |
| ੧੮. | ਲਾਹੌਰਾ ਸਿੰਘ ਜੀ | ਰੋਡਾ ਸਿੰਘ ਜੀ | ਪੱਟੀ |
| ੧੯. | ਸੁਰੈਣ ਸਿੰਘ ਜੀ | | ਸਕੇਰੀ ਪਰਦੇਸੀ |
| ੨੦. | ਚਤਰ ਸਿੰਘ ਜੀ | ਲਾਭ ਸਿੰਘ ਜੀ | ਭਸੀਣ |
| ੨੧. | ਸੋਹਣ ਸਿੰਘ ਜੀ | ਖੁਸ਼ਹਾਲ ਸਿੰਘ ਜੀ | ਮਾੜੀ ਕੰਬੋਕੀ |
| ੨੨. | ਮਾਨ ਸਿੰਘ ਜੀ | ਵਿਸਾਖਾ ਸਿੰਘ ਜੀ | ਨੂਰ ਪੁਰ |
| ੨੩. | ਨਿਹਾਲ ਸਿੰਘ ਜੀ | ਬੂਟਾ ਸਿੰਘ ਜੀ | ਈਚੋ ਗਿਲ |
| ੨੪. | ਰਤਨ ਸਿੰਘ ਜੀ | ਨੰਦ ਸਿੰਘ ਜੀ | ਹਰੀ ਰਾਇ |
| ੨੫. | ਸੰਤਾ ਸਿੰਘ ਜੀ | ਕਿਸ਼ਨ ਸਿੰਘ ਜੀ | ਈਚੋ ਗਿਲ |
| ੨੬. | ਗੁਰਬਖਸ਼ ਸਿੰਘ ਜੀ | ਜਮੀਤ ਸਿੰਘ ਜੀ | ਸਿਧਵਾਂ |
| ੨੭. | ਵਰਯਾਮ ਸਿੰਘ ਜੀ | ਨੰਦ ਸਿੰਘ ਜੀ | ਪੂਲੇ |
| ੨੮. | ਹਜ਼ੂਰ ਸਿੰਘ ਜੀ | ਸ਼ੇਰ ਸਿੰਘ ਜੀ | ਲਾਹੌਰ |
| ੨੯. | ਗੁਰਦਿਆਲ ਸਿੰਘ | ਨਿਹਾਲ ਸਿੰਘ ਜੀ | ਪਦਮ |
| ੩੦. | ਤਾਰਾ ਸਿੰਘ ਜੀ | ਗੰਡਾ ਸਿੰਘ ਜੀ | ਮਾੜੀ ਕੰਬੋਕੀ |
| ੩੧. | ਜਗ ਸਿੰਘ ਜੀ | ਪ੍ਰਤਾਪ ਸਿੰਘ ਜੀ | ਕਰਬਾਟ |
| ੩੨. | ਦਿਆਲ ਸਿੰਘ ਜੀ | ਜੈ ਰਾਮ ਸਿੰਘ ਜੀ | ਲਾਲਆਣੀ |
| ੩੩. | ਪ੍ਰੇਮ ਸਿੰਘ ਜੀ | ਜਗਤ ਸਿੰਘ ਜੀ | ,, |
| ੩੪. | ਸੋਹਣ ਸਿੰਘ ਜੀ | ਜੁਆਲਾ ਸਿੰਘ ਜੀ | ਡਲਾ |
| ੩੫. | ਪੂਰਨ ਸਿੰਘ ਜੀ | ਸੁੰਦਰ ਸਿੰਘ ਜੀ | ,, |
| ੩੬. | ਤ੍ਰਿਲੋਕ ਸਿੰਘ ਜੀ | ਜਵੰਦ ਸਿੰਘ ਜੀ | ਦੂਲੋ |
| ੩੭. | ਅਤਰ ਸਿੰਘ ਜੀ | ਜੁਆਲਾ ਸਿੰਘ ਜੀ | ਲਿਧੜ |
| ੩੮. | ਰਾਮ ਸਿੰਘ ਜੀ | ਨਰੈਣ ਸਿੰਘ ਜੀ | ਨੂਰਪੁਰ ਰਾਜੂ |

Digitized by Panjab Digital Library | www.panjabdigilib.org

| | | | |
|---|---|---|---|
| ੩੯. | ਗੁਰਮੁਖ ਸਿੰਘ ਜੀ | ਅਤਰ ਸਿੰਘ ਜੀ | ਸਹਜਰਾ |
| ੪੦. | ਹਰਨਾਮ ਦਾਸ ਜੀ | ਕਾਂਸ਼ੀ ਰਾਮ ਜੀ | ਬਾ |
| ੪੧. | ਜੀਵਨ ਸਿੰਘ ਜੀ | ਬੀਰ ਸਿੰਘ ਜੀ | ਘਮਿੰਡ |
| ੪੨. | ਨਰੈਣ ਸਿੰਘ ਜੀ | ਕਾਲਾ ਸਿੰਘ ਜੀ | ਲਿਧੜ |
| ੪੩. | ਬੰਤਾ ਸਿੰਘ ਜੀ | ਸਰਦੂਲ ਸਿੰਘ ਜੀ | ,, |
| ੪੪. | ਦੀਵਾਨ ਸਿੰਘ ਜੀ | ਭੂਪ ਸਿੰਘ ਜੀ | ਲਹਿਰੋ |
| ੪੫. | ਰਣਜੀਤ ਸਿੰਘ ਜੀ | ਮਿਤ ਸਿੰਘ ਜੀ | ਕਰਬਾਟ |
| ੪੬. | ਕੇਹਰ ਸਿੰਘ ਜੀ | ਗੰਡਾ ਸਿੰਘ ਜੀ | ,, |
| ੪੭. | ਗੰਡਾ ਸਿੰਘ ਜੀ | ਪ੍ਰੇਮ ਸਿੰਘ ਜੀ | ਡੱਲ |
| ੪੮. | ਆਤਮਾ ਸਿੰਘ ਜੀ | ਆਲਾ ਸਿੰਘ ਜੀ | ਤਕੀ ਪੁਰਾ |
| ੪੯. | ਬਲਵੰਤ ਸਿੰਘ ਜੀ | ਜਲਮੇਜਾ ਸਿੰਘ ਜੀ | ਮਾੜੀ ਗੋਹਰ |
| ੫੦. | ਹਰਬੰਸ ਸਿੰਘ ਜੀ | ਭਾਨ ਸਿੰਘ ਜੀ | ਸਿਰਹਾਲੀ ਕਲਾਂ |
| ੫੧. | ਮੰਗਲ ਸਿੰਘ ਜੀ | ਵਸਾਵਾ ਸਿੰਘ ਜੀ | ਲਿਧੜ |
| ੫੨. | ਵਸਾਵਾ ਸਿਘ ਜੀ | ਭਾਨ ਸਿੰਘ ਜੀ | ,, |
| ੫੩. | ਹੁਕਮ ਸਿਘ ਜੀ | ਹੇਮ ਸਿੰਘ ਜੀ | ਡੱਲ |
| ੫੪. | ਬੁਢਾ ਸਿੰਘ ਜੀ | ਚਤਰ ਸਿੰਘ ਜੀ | ਲਲਆਣੀ |
| ੫੫. | ਕਰਮ ਸਿੰਘ ਜੀ | ਸੰਤਾ ਸਿੰਘ ਜੀ | ਸਹਜਰਾ |
| ੫੬. | ਸੰਪੂਰਨ ਸਿੰਘ ਜੀ | ਸਾਧੂ ਸਿੰਘ ਜੀ | ਮੁਲਖੇਰੀ |
| ੫੭. | ਮੰਗਲ ਸਿੰਘ | ਜੀਵਨ ਸਿੰਘ ਜੀ | ਡੱਲ |
| ੫੮. | ਨਰੈਣ ਸਿੰਘ ਜੀ | ਕਰਮ ਸਿੰਘ ਜੀ | ,, |
| ੫੯. | ਮੋਹਾਂ ਸਿੰਘ ਜੀ | ਬੇਲਾ ਸਿੰਘ ਜੀ | ਮੁਲਖੇ ਕੀ |
| ੬੦. | ਅਰਜਣ ਸਿੰਘ ਜੀ | ਸੋਹਣ ਸਿੰਘ ਜੀ | ਸਿਰਹਾ ਲੀਕਲ |
| ੬੧. | ਕਿਸ਼ਨ ਸਿੰਘ ਜੀ | ਝੰਡਾ ਸਿੰਘ ਜੀ | ਪਾਂਡੋ ਕੀ |
| ੬੨. | ਟਹਿਲ ਸਿੰਘ ਜੀ | ਈਸਰ ਸਿੰਘ ਜੀ | ,, |
| ੬੩. | ਪ੍ਰੀਤਮ ਸਿੰਘ ਜੀ | ਈਸਰ ਸਿੰਘ ਜੀ | ,, |
| ੬੪. | ਗੁਰਦਿਆਲ ਸਿੰਘ | ਸ਼ੇਰ ਸਿੰਘ ਜੀ | ,, |
| ੬੫. | ਕਰਮ ਸਿੰਘ ਜੀ | ਸ਼ੇਰ ਸਿੰਘ ਜੀ | ਚੋਹਲਾ |
| ੬੬. | ਭੋਲਾ ਸਿੰਘ ਜੀ | ਗੰਡਾ ਸਿੰਘ ਜੀ | ਕਿਰਤੋਵਾਲ |
| ੬੭. | ਜਵਾਹਰ ਸਿੰਘ ਜੀ | ਵਸਾਵਾ ਸਿੰਘ ਜੀ | ਜਾਹਮਣ |
| ੬੮. | ਨਰੈਣ ਸਿੰਘ ਜੀ | ਅਣੋਖ ਸਿੰਘ ਜੀ | ਰਾਜੋਕੇ |
| ੬੯. | ਤੇਜ ਸਿੰਘ ਜੀ | ਸੁਰਜਣ ਸਿੰਘ ਜੀ | ,, |
| ੭੦. | ਪ੍ਰੀਤਮ ਸਿੰਘ ਜੀ | ਚੰਦਾ ਸਿੰਘ ਜੀ | ਚਠਿਆ ਵਾਲਾ |
| ੭੧. | ਸੁਦਾਗਰ ਸਿੰਘ ਜੀ | ਨਿਹਾਲ ਸਿੰਘ ਜੀ | ਕਰਬਾਟ |
| ੭੨. | ਕਿਸ਼ਨ ਸਿੰਘ ਜੀ | ਵਸਾਵਾ ਸਿੰਘ ਜੀ | ,, |

Digitized by Panjab Digital Library | www.panjabdigilib.org

| | | | |
|---|---|---|---|
| ੭੩. | ਕਪੂਰ ਸਿੰਘ ਜੀ | ਮੰਗਲ ਸਿੰਘ ਜੀ | ਕਰਬਾਟ |
| ੭੪. | ਗੁਪਾਲ ਸਿੰਘ ਜੀ | ਲਧਾ ਸਿੰਘ ਜੀ | ਕਰਬਾਟ |
| ੭੫. | ਦੀਦਾਰ ਸਿੰਘ ਜੀ | ਗੋਬਿੰਦ ਸਿੰਘ ਜੀ | ਘਵਿੰਡ |
| ੭੬. | ਕਰਤਾਰ ਸਿੰਘ ਜੀ | ਈਸਰ ਸਿੰਘ ਜੀ | ਸੁਲਤਾਨ ਕੀ |
| ੭੭. | ਚੰਨਣ ਸਿੰਘ ਜੀ | ਕਿਸ਼ਨ ਸਿੰਘ ਜੀ | ਜਾਹਮਣ |
| ੭੮. | ਉਜਾਗਰ ਸਿੰਘ ਜੀ | ਸ਼ੇਰ ਸਿੰਘ ਜੀ | ਕਰਬਾਟ |
| ੭੯. | ਮੰਗਲ ਸਿੰਘ ਜੀ | ਸੁਚੇਤ ਸਿੰਘ ਜੀ | ਜਾਹਮਣ |
| ੮੦. | ਖਜ਼ਾਨ ਸਿੰਘ ਜੀ | ਹੁਕਮ ਸਿੰਘ ਜੀ | ,, |
| ੮੧. | ਉਜਾਗਰ ਸਿੰਘ ਜੀ | ਸੰਤਾ ਸਿੰਘ ਜੀ | ,, |
| ੮੨. | ਮਹਿੰਦਰ ਸਿੰਘ ਜੀ | ਸੇਵਾ ਸਿੰਘ ਜੀ | ,, |
| ੮੩. | ਦਲੀਪ ਸਿੰਘ ਜੀ | ਸੰਤ ਸਿੰਘ ਜੀ | ,, |
| ੮੪. | ਰਤਨ ਸਿੰਘ ਜੀ | ਨਿਹਾਲ ਸਿੰਘ ਜੀ | ,, |
| ੮੫. | ਹਾਕਮ ਸਿੰਘ ਜੀ | ਫਤਹਿ ਸਿੰਘ ਜੀ | ,, |
| ੮੬. | ਜਮੀਤ ਸਿੰਘ ਜੀ | ਨੰਦ ਸਿੰਘ ਜੀ | ,, |
| ੮੭. | ਬਲਵੰਤ ਸਿੰਘ ਜੀ | ਕੇਸਰ ਸਿੰਘ ਜੀ | ਰਤੋਕੇ |
| ੮੮. | ਚੰਨਣ ਸਿੰਘ ਜੀ | ਹੀਰਾ ਸਿੰਘ ਜੀ | ਕਾਨਕਾ |
| ੮੯. | ਉਜਾਗਰ ਸਿੰਘ ਜੀ | ਸਤਿਆ ਸਿੰਘ ਜੀ | ਰਾਣਾ |
| ੯੦. | ਖੜਕ ਸਿੰਘ ਜੀ | ਠਾਕਰ ਸਿੰਘ ਜੀ | ਮਲਬੀਰ |
| ੯੧. | ਨਰੈਣ ਸਿੰਘ ਜੀ | ਸੁੰਦਰ ਸਿੰਘ ਜੀ | ਸਰੈਚ |
| ੯੨. | ਅਤਰ ਸਿੰਘ ਜੀ | ਬੀਰ ਸਿੰਘ ਜੀ | ,, |
| ੯੩. | ਜੀਵਨ ਸਿੰਘ ਜੀ | ਹੀਰਾ ਸਿੰਘ ਜੀ | ਰਾਜੂਮਤਾ |
| ੯੪. | ਨਿਧਾਨ ਸਿੰਘ ਜੀ | ਹੀਰਾ ਸਿੰਘ ਜੀ | ਡੱਲ |
| ੯੫. | ਸੁੰਦਰ ਸਿੰਘ ਜੀ | ਬਚਨ ਸਿੰਘ ਜੀ | ਡਬੀ |
| ੯੬. | ਮੱਖਣ ਸਿੰਘ ਜੀ | ਵਸਾਵਾ ਸਿੰਘ ਜੀ | ਔਲਖ |
| ੯੭. | ਭਗਤ ਸਿੰਘ ਜੀ | ਖੜਕ ਸਿੰਘ ਜੀ | ਰੇਰੂ |
| ੯੮. | ਕਪੂਰ ਸਿੰਘ ਜੀ | ਰਾਧਾ ਸਿੰਘ ਜੀ | ਉਗਾੜਾ |
| ੯੯. | ਨੱਥਾ ਸਿੰਘ ਜੀ | ਗੁਰਦਿਤ ਸਿੰਘ ਜੀ | ,, |
| ੧੦੦. | ਭਗਵਾਨ ਸਿੰਘ ਜੀ | ਭਾਨ ਸਿੰਘ ਜੀ | ਤਕੀ ਪੁਰਾ |
| ੧੦੧. | ਸੁੰਦਰ ਸਿੰਘ ਜੀ | ਜੁਆਲਾ ਸਿੰਘ ਜੀ | ਉਗੜਾ |
| ੧੦੨. | ਸੁਲਖਣ ਸਿੰਘ ਜੀ | ਜੀਵਨ ਸਿੰਘ ਜੀ | ਚਟਿਆਲਾ |
| ੧੦੩. | ਸੁਜਾਨ ਸਿੰਘ ਜੀ | ਖੜਕ ਸਿੰਘ ਜੀ | ਕਰਬਾਟ |
| ੧੦੪. | ਈਸ਼ਰ ਸਿੰਘ ਜੀ | ਖੁਸ਼ਹਾਲ ਸਿੰਘ ਜੀ | ,, |
| ੧੦੫. | ਬਹਾਦਰ ਸਿੰਘ ਜੀ | ਈਸਰ ਸਿੰਘ ਜੀ | ਖੁਰਦ ਚੀਮੀ |
| ੧੦੬. | ਅਪਾਰ ਸਿੰਘ ਜੀ | ਬੂਟਾ ਸਿੰਘ ਜੀ | ਸੁਲਤਾਨ ਕੇ |

Digitized by Panjab Digital Library | www.panjabdigilib.org

| | | | |
|---|---|---|---|
| ੧੦੭. | ਸ਼ੇਰ ਸਿੰਘ ਜੀ | ਲਾਭ ਸਿੰਘ ਜੀ | ਡੱਲ |
| ੧੦੮. | ਅਰਜਣ ਸਿੰਘ ਜੀ | ਕੇਹਰ ਸਿੰਘ ਜੀ | ਕੁਰਾਣਾ |
| ੧੦੯. | ਸੁੰਦਰ ਸਿੰਘ | ਦੇਵਾ ਸਿੰਘ | ਵਰਮਾਨ |
| ੧੧੦. | ਸੰਤਾ ਸਿੰਘ | ਨਰੈਣ ਸਿੰਘ | ਵਰਵੜ |
| ੧੧੧. | ਮਨਾ ਸਿੰਘ | ਬੁਲਾਕਾ ਸਿੰਘ | ਬਾਸਰਕੀ |
| ੧੧੨. | ਭੂਪ ਸਿੰਘ | ਪਾਲ ਸਿੰਘ | ਬਾਸਰਕੀ |
| ੧੧੩. | ਮੇਹਰ ਸਿੰਘ | ਵਸਾਵਾ ਸਿੰਘ | ਨਰੈਬਰ |
| ੧੧੪. | ਬਿਅੰਤ ਸਿੰਘ | ਚੇਤ ਸਿੰਘ | ਲਹੇਰ ਸਿੰਘ |
| ੧੧੫. | ਤੇਜਾ ਸਿੰਘ | | ਪੂਲ੍ਹੇ |
| ੧੧੬. | ਠਾਕਰ ਸਿੰਘ | ਨਰੈਣ ਸਿੰਘ | ਹਰੀਓ |
| ੧੧੭. | ਪ੍ਰਤਪਾਲ ਸਿੰਘ | ਅਤਰ ਸਿੰਘ | ਸੰਮਰੂਰ |
| ੧੧੮. | ਰਣਜੋਧ ਸਿੰਘ | ਲਾਲ ਸਿੰਘ | ਮਾੜੀ ਕੰਬੋਕੀ |
| ੧੧੯. | ਰਣਜੀਤ ਸਿੰਘ | ਲਾਲ ਸਿੰਘ | ਈਚੋਕੇ |
| ੧੨੦. | ਸੁੰਦਰ ਸਿੰਘ | ਹਾਕਮ ਸਿੰਘ | ਈਚੋਕੇ |
| ੧੨੧. | ਮੋਹਨ ਸਿੰਘ | ਲਾਭ ਸਿੰਘ | ਦੁਮਲੀ |
| ੧੨੨. | ਤਾਰਾ ਸਿੰਘ | ਸ਼ੇਰ ਸਿੰਘ | ਪੂਲੇ ਵਾਲੀ |
| ੧੨੩. | ਸ਼ਾਮ ਸਿੰਘ | ਨੈਣਾ ਸਿੰਘ | ਪੂਲੇ ਵਾਲੀ |
| ੧੨੪. | ਤਾਰਾ ਸਿੰਘ | ਭਾਨ ਸਿੰਘ | ਮਾੜੀ ਕੰਬੋਕੀ |
| ੧੨੫. | ਵਸਾਵਾ ਸਿੰਘ | ਸੁਚੇਤ ਸਿੰਘ | ਭਸੀਨ |
| ੧੨੬. | ਮਤਾਬ ਸਿੰਘ | ਗੁਰਦਿਤ ਸਿੰਘ | ਪਹੂਵਿੰਡ |
| ੧੨੭. | ਸੁੰਦਰ ਸਿੰਘ | ਚੰਦਾ ਸਿੰਘ | ਈਚੋਕੇ |
| ੧੨੮. | ਬਹਾਦਰ ਸਿਘ | ਭਾਗ ਸਿੰਘ | ਈਚੋਕੇ |
| ੧੨੯. | ਨਿਰੰਜਨ ਸਿੰਘ | ਗੰਡਾ ਸਿੰਘ | ਭਸੀਨ |
| ੧੩੦. | ਗੰਡਾ ਸਿੰਘ | ਪਰਤਾਪ ਸਿੰਘ | ਭੜਾਣਾ |
| ੧੩੧. | ਬਿਸ਼ਨ ਸਿੰਘ | ਜੁਆਲਾ ਸਿੰਘ | ਮਾੜੀ ਕੰਬੋਕੀ |
| ੧੩੨. | ਤੇਜ਼ਾ ਸਿੰਘ | ਆਲਾ ਸਿੰਘ | ਮਾੜੀ ਕੰਬੋਕੀ |
| ੧੩੩. | ਲਛਮਣ ਸਿੰਘ | ਤਾਰਾ ਸਿੰਘ | ਹਰੀਨ |
| ੧੩੪. | ਨਿਹਾਲ ਸਿੰਘ | ਗੁਰਮੁਖ ਸਿੰਘ | ਮਾੜੀ ਮੇਘਾ |
| ੧੩੫. | ਸੁਰੈਣ ਸਿੰਘ | ਬੂਟਾ ਸਿੰਘ | ਸਰਜਰਾ |
| ੧੩੬. | ਰਣਜੋਧ ਸਿੰਘ | ਭਾਗ ਸਿੰਘ | ਕਰਬਾਟ |
| ੧੩੭. | ਦਲੀਪ ਸਿੰਘ | ਜਗਤ ਸਿੰਘ | ਮੁਲਖੋਕੀ |
| ੧੩੮. | ਹਰਨਾਮ ਸਿੰਘ | ਦੇਵਾ ਸਿੰਘ | ਡਲ |
| ੧੩੯. | ਧਿਆਨ ਸਿੰਘ | ਸੁਹਾਵਾ ਸਿੰਘ | ਡਲ |
| ੧੪੦. | ਜੈ ਸਿੰਘ | ਭੋਲਾ ਸਿੰਘ | ਡਲ |

Digitized by Panjab Digital Library | www.panjabdigilib.org

| | | | |
|---|---|---|---|
| ੧੪੧. | ਗੁਰਮੁਖ ਸਿੰਘ | ਜੁਆਲਾ ਸਿੰਘ | ਰਲੋਕੀ |
| ੧੪੨. | ਮੋਹਣ ਸਿੰਘ | ਸਾਵਣ ਸਿੰਘ | ਨਈਬਾ |
| ੧੪੩. | ਤਾਰਾ ਸਿੰਘ | ਗੰਡਾ ਸਿੰਘ | ਕੰਬੋਕੀ ਮਾੜੀ |
| ੧੪੪. | ਗੁਰਮੁਖ ਸਿੰਘ | ਜੁਆਲਾ ਚਿੰਘ | ਧਲੋਕੀ |
| ੧੪੫. | ਫਕੀਰ ਚੰਦ | ਰਾਮ ਚੰਦ | ਲਾਹੌਰ |

# ਜ਼ਿਲਾ ਜਲੰਧਰ

## ਮੋਰਚਾ ਗੁਰੂ ਕਾ ਬਾਗ ਵਾਲੇ ਸਿੰਘ

| | | | |
|---|---|---|---|
| ੧. | ਨੱਥਾ ਸਿੰਘ | ਤੇਜ਼ਾ ਸਿੰਘ | ਕਾਲਗ |
| ੨. | ਅਜੀਤ ਸਿੰਘ | ਅੱਛਰ ਸਿੰਘ | ਅਠੂਲਾ |
| ੩. | ਸੁੰਦਰ ਸਿੰਘ | ਸ਼ਾਮ ਸਿੰਘ | ਕਾਲਗ |
| ੪. | ਹਰੀ ਸਿੰਘ | ਰਾਮ ਸਿੰਘ | ਕੋਟ ਸੂਰਜ ਮੱਲ |
| ੫. | ਖਜ਼ਾਨ ਸਿੰਘ | ਮਤਾਬ ਸਿੰਘ | ਜਗਤ ਪੁਰ |
| ੬. | ਇੰਦਰ ਸਿੰਘ | ਜੀਵਾ ਸਿੰਘ | ਨਕੋਦਰ |
| ੭. | ਤਾਰਾ ਸਿੰਘ | ਹੀਰਾ ਸਿੰਘ | ਕਰੈਲ |
| ੮. | ਗੁਰਦਿਤ ਸਿੰਘ | ਬੁੱਧ ਸਿੰਘ | ਜੰਡਿਆਲਾ |
| ੯. | ਗੁਰਦਿਤ ਸਿੰਘ | ਨੱਥਾ ਸਿੰਘ | ਰੰਧਾਵਾ |
| ੧੦. | ਮਨਸ਼ਾ ਸਿੰਘ | ਬੂੜ ਸਿੰਘ | ਸ਼ੰਕਰ |
| ੧੧. | ਨਰੈਣ ਸਿੰਘ | ਹਰਨਾਮ ਸਿੰਘ | ਚਿੱਟੀ |
| ੧੨. | ਹਰਨਾਮ ਸਿੰਘ | ਹੀਰਾ ਸਿੰਘ | ,, |
| ੧੩. | ਅਮਰ ਸਿੰਘ | ਵਸਾਵਾ ਸਿੰਘ | ,, |
| ੧੪. | ਬੇਅੰਤ ਸਿੰਘ | ਜਗਤ ਸਿੰਘ | ,, |
| ੧੫. | ਭਗਵਾਨ ਸਿੰਘ | ਜਵਾਲਾ ਸਿੰਘ | ਸ਼ੰਕਰ |
| ੧੬. | ਲਾਲ ਸਿੰਘ | ਸੁਚੇਤ ਸਿੰਘ | ਚਿੱਟੀ |
| ੧੭. | ਸੁੰਦਰ ਸਿੰਘ | ਗਨੇਸ਼ਾ ਸਿੰਘ | ਚੰਮਿਆਰ |
| ੧੮. | ਠਾਕਰ ਸਿੰਘ | ਸ਼ਾਮ ਸਿੰਘ | ਸਹੀਂਹ |
| ੧੯. | ਪ੍ਰਤਾਪ ਸਿੰਘ | ਵਸਾਵਾ ਸਿੰਘ | ਖੁਰਦ ਪੁਰ |
| ੨੦. | ਗੁਲਜ਼ਾਰ ਸਿੰਘ | ਨਰੈਣ ਸਿੰਘ | ਸਰੀਂਹ |
| ੨੧. | ਜਗਤ ਸਿੰਘ | ਭਗਵਾਨ ਸਿੰਘ | ਢਿੰਗਰੀਆਂ |
| ੨੨. | ਪੂਰਨ ਸਿੰਘ | ਰੂੜ ਸਿੰਘ | ਸ਼ੰਕਰ |
| ੨੩. | ਕਰਤਾਰ ਸਿੰਘ | ਨੱਥਾ ਸਿੰਘ | ਜੰਡਿਆਲਾ |
| ੨੪. | ਤਾਰੂ ਸਿੰਘ | ਬੀਰ ਸਿੰਘ | ਸ਼ੰਕਰ |
| ੨੫. | ਪ੍ਰਤਾਪ ਸਿੰਘ | ਸੁੰਦਰ ਸਿੰਘ | ਪਾਸਲਾ |
| ੨੬. | ਅੱਛਰ ਸਿੰਘ | ਕਾਲਾ ਸਿੰਘ | ਪੱਟਾ ਕਲਾਂ |

Digitized by Panjab Digital Library | www.panjabdigilib.org

| | | | |
|---|---|---|---|
| ੨੭. | ਈਸ਼ਰ ਸਿੰਘ | ਕਾਲਾ ਸਿੰਘ | ਚੱਕ ਬਾਚਰੀ ਕਲਾਂ |
| ੨੮. | ਬਿਸ਼ਨ ਸਿੰਘ | ਮਹਿਤਾਬ ਸਿੰਘ | ਚੱਕ ਬਾਚਰੀ ਕਲਾਂ |
| ੨੯. | ਛੱਜੂ ਸਿੰਘ | ਮੀਹਾਂ ਸਿੰਘ | ਮਲਸੀਹਾਂ |
| ੩੦. | ਦੁੱਮਣ ਸਿੰਘ | ਆਤਮਾ ਸਿੰਘ | ਡਰੋਲੀ ਕਲਾਂ |
| ੩੧. | ਸਾਵਣ ਸਿੰਘ | ਗੁਰਬਚਨ ਸਿੰਘ | ਡਾਂਕਰ |
| ੩੨. | ਵਸਾਵਾ ਸਿੰਘ | ਨੱਥਾ ਸਿੰਘ | ਬਡਾਲਾ |
| ੩੩. | ਨਰੈਣ ਸਿੰਘ | ਜਵਾਹਰ ਸਿੰਘ | ਕਰਤਾਰ ਪੁਰ |
| ੩੪. | ਬਖ਼ਸ਼ੀਸ਼ ਸਿੰਘ | ਗੰਡਾ ਸਿੰਘ | ਬੀੜ |
| ੩੫. | ਜਗਤ ਸਿੰਘ | ਹਜ਼ਾਰਾ ਸਿੰਘ | ਸਰੀਹ |
| ੩੬. | ਸੁਚਾ ਸਿੰਘ | ਸੁੰਦਰ ਸਿੰਘ | ਸ਼ਾਂਕਰ |
| ੩੭. | ਹਜ਼ਾਰਾ ਸਿੰਘ | ਦਿਤ ਸਿੰਘ | ਬਲੇਕਾ |
| ੩੮. | ਅਮਰ ਸਿੰਘ | ਮੇਲਾ ਸਿੰਘ | ਕੋਟਲੀ |
| ੩੯. | ਦਲੀਪ ਸਿੰਘ | ਮੰਗਲ ਸਿੰਘ | ਬੀਰ |
| ੪੦. | ਅਮਰ ਸਿੰਘ | ਸਾਵਣ ਸਿੰਘ | ਸ਼ਾਂਕਰ |
| ੪੧. | ਸ਼ਰਵਣ ਸਿੰਘ | ਸੁੰਦ੍ਰ ਸਿੰਘ | ਨੂਰਪੁਰ |
| ੪੨. | ਸਹੇਲ ਸਿੰਘ | ਨਰੈਣ ਸਿੰਘ | ਸ਼ਾਂਕਰ |
| ੪੩. | ਟੈਹਲ ਸਿੰਘ | ਵਜ਼ੀਰ ਸਿੰਘ | ਗਗੜਪੁਰ |
| ੪੪. | ਬਿਧੀ ਸਿੰਘ | ਹਾਕਮ ਸਿੰਘ | ਖੁਰਦ ਸਿੰਘ |
| ੪੫. | ਬਤਨ ਸਿੰਘ | ਵਰਿਆਮ ਸਿੰਘ | ਚਿਟੀ |
| ੪੬. | ਠਾਕਰ ਸਿੰਘ | ਨਿਹਾਲ ਸਿੰਘ | ਚਿਟੀ |
| ੪੭. | ਦਸੌਧਾ ਸਿੰਘ | ਸ਼ਾਮ ਸਿੰਘ | ਚਿਟੀ |
| ੪੮. | ਪਾਲ ਸਿੰਘ | ਕਾਲਾ ਸਿੰਘ | ਚਿਟੀ |
| ੪੯. | ਕਰਤਾਰ ਸਿੰਘ | ਗੁਰਦਿਤ ਸਿੰਘ | ਖੁਰਦਪੁਰ |
| ੫੦. | ਬੂਟਾ ਸਿੰਘ | ਠਾਕਰ ਸਿੰਘ | ਪਡੋਰੀ ਨਿਜਰਾ |
| ੫੧. | ਬਾਦਾ ਸਿੰਘ | ਜੁਆਲਾ ਸਿੰਘ | ਮਦੋਵਾਲ |
| ੫੨. | ਮੁਲਖਾ ਸਿੰਘ | ਵਰਿਆਮ ਸਿੰਘ | ਬਿਦੀਪੁਰ |
| ੫੩. | ਗੰਗਾ ਸਿੰਘ | ਉਤਮ ਸਿੰਘ | ਚਕਬਾਗੜੀਆ |
| ੫੪. | ਪੂਰਨ ਸਿੰਘ | ਠਾਕਰ ਸਿੰਘ | ਚਿਸਟੀ |
| ੫੫. | ਲਛਮਣ ਸਿੰਘ | ਸੰਤਾ ਸਿੰਘ | ਚਿਸਟੀ |
| ੫੬. | ਬਾਵਾ ਸਿੰਘ | ਲਭੂ | ਚਿਸਟੀ |
| ੫੭. | ਹਜ਼ਾਰਾ ਸਿੰਘ | ਆਲਾ ਸਿੰਘ | ਖੁਰਦਪੁਰ |
| ੫੮. | ਦਾਰਾ ਸਿੰਘ | ਸ਼ੇਰ ਸਿੰਘ | ਸ਼ਾਂਕਰ |
| ੫੯. | ਠਾਕਰ ਸਿੰਘ | ਖੜਕ ਸਿੰਘ | ਚਮਿਆਰੀ |
| ੬੦. | ਬਸੰਤ ਸਿੰਘ | ਦਲੀਪ ਸਿੰਘ | ਝਾਮਸੀ |

Digitized by Panjab Digital Library | www.panjabdigilib.org

| | | | |
|---|---|---|---|
| ੬੧. | ਗੁਰਬਚਨ ਸਿੰਘ | ਅਮਰ ਸਿੰਘ | ਮਸੇੜ |
| ੬੨. | ਹਰਨਾਮ ਸਿੰਘ | ਖੁਸ਼ਾਲ ਸਿੰਘ | ਗਾਹੇਵਾਲ |
| ੬੩. | ਮੰਗਲ ਸਿੰਘ | ਨੰਦ ਸਿੰਘ | ਜੰਡਿਆਲਾ |
| ੬੪. | ਦਲੀਪ ਸਿੰਘ | ਈਸਰ ਸਿੰਘ | ਕਾਲਾ ਸਿੰਘ |
| ੬੫. | ਓਮਰਾਉ ਸਿੰਘ | ਜੁਆਲਾ ਸਿੰਘ | ਡਿਗੜੀਆ |
| ੬੬. | ਬਿਸ਼ਨ ਸਿੰਘ | ਸ਼ਾਮ ਸਿੰਘ | ਦਰੋਕੀ ਕਲਾ |
| ੬੭. | ਤਾਰਾ ਸਿੰਘ | ਬੇਲਾ ਸਿੰਘ | ਪਤੋੜ |
| ੬੮. | ਪਿਆਰਾ ਸਿੰਘ | ਰਾਮ ਸਿੰਘ | ਖੁਡੋਵਾਲ |
| ੬੯. | ਅਮਰ ਸਿੰਘ | ਨੱਥਾ ਸਿੰਘ | ਟਾਲੀਵਾਲਾ |
| ੭੦. | ਵੀਰ ਸਿੰਘ | ਰੱਤਾ ਸਿੰਘ | ਮੀਰ ਪੁਰ |
| ੭੧. | ਕਰਤਾਰ ਸਿੰਘ | ਹੀਰਾ ਸਿੰਘ | ਪੱਬੀ |
| ੭੨. | ਘਨਈਆ ਸਿੰਘ | ਹਰੀ ਸਿੰਘ | ਸਰੀਂਹ |
| ੭੩. | ਹਰਦਿਤ ਸਿੰਘ | ਢੇਗਤ ਸਿੰਘ | ਢਿੱਲੋਂ |
| ੭੪. | ਗੁਜਰ ਸਿਘ | ਮੰਗਲ ਸਿੰਘ | ਢਿੱਟੀ |
| ੭੫. | ਮੇਹਰ ਸਿੰਘ | ਸੁਰਜਨ ਸਿੰਘ | ਗਾਰਬੋਲ |
| ੭੬. | ਹੁਕਮ ਸਿੰਘ | ਸੱਦੀ | ਬਲੇਨਾ |
| ੭੭. | ਚਰਨ ਸਿੰਘ | ਰਲਾ ਸਿੰਘ | ਧਰਲੀ |
| ੭੮. | ਕਰਮ ਸਿੰਘ | ਸੋਢੀ ਸਿੰਘ | ਪਾਸਲਾ |
| ੭੯. | ਸਤਨਾਮ ਸਿੰਘ | ਪਰਤਾਪ ਸਿੰਘ | ਸਰੀਂਹ |
| ੮੦. | ਖੁਸ਼ਹਾਲ ਸਿੰਘ | ਮੰਗਲ ਸਿੰਘ | ਕੋਟਲੀ ਬੱਗੋ |
| ੮੧. | ਰਾਮ ਸਿੰਘ | ਭਗਵਾਨ ਸਿੰਘ | ਕੱਲ ਮਾਜਰਾ |
| ੮੨. | ਸ਼ੇਰ ਸਿੰਘ | ਬਿਸ਼ਨ ਸਿੰਘ | ਬੋਪਾਰਾਂ |
| ੮੩. | ਬੀਰ ਸਿੰਘ | ਸ਼ਾਮ ਸਿੰਘ | ,, |
| ੮੪. | ਜਵਾਲਾ ਸਿੰਘ | ਉਤਮ ਸਿੰਘ | ,, |
| ੮੫. | ਦਲੀਪ ਸਿੰਘ | ਹਰਨਾਮ ਸਿੰਘ | ਸ਼ੰਕਰ |
| ੮੬. | ਸੰਤਾ ਸਿੰਘ | ਰੂੜ ਸਿੰਘ | ਖੁਰਦ ਪੁਰ |
| ੮੭. | ਜਵਾਹਰ ਸਿੰਘ | ਸੁੰਦਰ ਸਿੰਘ | ਢਿੰਗਰੀਆਂ |
| ੮੮. | ਮੂਲਾ ਸਿੰਘ | ਮੂਲਖਾ ਸਿੰਘ | ਜਮਸ਼ੇਰ |
| ੮੯. | ਨੰਦ ਸਿੰਘ | ਗੰਗਾ ਸਿੰਘ | ਘੜਿਆਲ |
| ੯੦. | ਪੂਰਨ ਸਿੰਘ | ਹਰੀ ਸਿੰਘ | ਜੰਡਿਆਲਾ |
| ੯੧. | ਨਰੈਣ ਸਿੰਘ | ਫਤਹ ਸਿੰਘ | ਰੁੜਕੀ |
| ੯੨. | ਅਰਜਨ ਸਿੰਘ | ਮਹਿਤਾਬ ਸਿੰਘ | ਨੂਰ ਪੁਰ |
| ੯੩. | ਜੋਗਿੰਦਰ ਸਿੰਘ | ਨੱਥਾ ਸਿੰਘ | ਮਸਾਨਾਂ |
| ੯੪. | ਕਿਸ਼ਨ ਸਿੰਘ | ਨਰੈਣ ਸਿੰਘ | ਬੋਪਾਰਾਏ |

Digitized by Panjab Digital Library | www.panjabdigilib.org

| | | | |
|---|---|---|---|
| ੯੫. | ਬਿਚਿੱਤਰ ਸਿੰਘ | ਫੌਜਾ ਸਿੰਘ | ,, |
| ੯੬. | ਮੁਲਖਾ ਸਿੰਘ | ਮਈਆਂ ਸਿੰਘ | ਸ਼ੰਕਰ |
| ੯੭. | ਭਗਤ ਸਿੰਘ | ਜੀਵਨ ਸਿੰਘ | ਬਰਿਆਲਾ |
| ੯੮. | ਰੂੜ ਸਿੰਘ | ਗੁਰਦਾਸ ਸਿੰਘ | ਖਾਰਾ ਮਝਾ |
| ੯੯. | ਵਧਾਵਾ ਸਿੰਘ | ਸੁਚੇਤ ਸਿੰਘ | ਜਲਾ ਪੁਰ |
| ੧੦੦. | ਗੁਰਬਖਸ਼ ਸਿੰਘ | ਮੋਤਾ ਸਿੰਘ | ਅਸਮਾਨ ਪੁਰ |
| ੧੦੧. | ਪ੍ਰਤਾਪ ਸਿੰਘ | ਹਾਕਮ ਸਿੰਘ | ਕਾਸਮ ਪੁਰ |
| ੧੦੨. | ਜੁਆਲਾ ਸਿੰਘ | ਹੀਰਾ ਸਿੰਘ | ਖੁਰਦ ਪੁਰ |
| ੧੦੩. | ਬੰਤਾ ਸਿੰਘ | ਮਈਆ ਸਿੰਘ | ,, |
| ੧੦੪. | ਭਾਨ ਸਿੰਘ | ਗੇਲਾ ਸਿੰਘ | ਸਰੀਂਹ |
| ੧੦੫. | ਸ਼ਿਵ ਸਿੰਘ | ਨੱਥਾ ਸਿੰਘ | ਸਾਵਣ ਪੁਰ |

## ਜ਼ਿਲਾ ਲਾਇਲ ਪੁਰ
## ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

| ਨੰਃ | ਨਾਮ | ਪਿਤਾ | ਪਿੰਡ |
|---|---|---|---|
| ੧. | ਤੇਜਾ ਸਿੰਘ ਜੀ | ਖੜਕ ਸਿੰਘ ਜੀ | ਚੱਕ ਨੰਃ ੫੦ |
| ੨. | ਹਰਭਜਨ ਸਿੰਘ ਜੀ | ਸੋਭਾ ਸਿੰਘ ਜੀ | ,, ,, ੭੪ |
| ੩. | ਨਰੈਣ ਸਿੰਘ ਜੀ | ਜੀਵਾ ਸਿੰਘ ਜੀ | ,, ,, ੧੯੩ |
| ੪. | ਜਗਤ ਸਿੰਘ ਜੀ | ਪਾਲਾ ਸਿੰਘ ਜੀ | ਮੁਲਾਂ ਪੁਰ |
| ੫. | ਮੂਲ ਸਿੰਘ ਜੀ | ਫੌਜਾ ਸਿੰਘ ਜੀ | ਚੱਕ ਨੰਃ ੩੧੮ |
| ੬. | ਰਤਨ ਸਿੰਘ ਜੀ | ਪ੍ਰੇਮ ਸਿੰਘ ਜੀ | ਲਾਇਲ ਪੁਰ |
| ੭. | ਸੁੰਦਰ ਸਿੰਘ ਜੀ | ਵਸਾਵਾ ਸਿੰਘ ਜੀ | ਚੱਕ ਨੰਃ ੭੫ |
| ੮. | ਪੰਜਾਬ ਸਿੰਘ ਜੀ | ਸ਼ਿਵਦੇਵ ਸਿੰਘ ਜੀ | ,, ,, ੭੩ |
| ੯. | ਸੁਚਾ ਸਿੰਘ ਜੀ | ਲਹਿਣਾ ਸਿੰਘ ਜੀ | ,, ,, ,, |
| ੧੦. | ਦੀਦਾਰ ਸਿੰਘ ਜੀ | ਤ੍ਰਲੋਚਨ ਸਿੰਘ ਜੀ | ,, ,, ੩੪ |
| ੧੧. | ਵਰਯਾਮ ਸਿੰਘ ਜੀ | ਕਾਹਨ ਸਿੰਘ ਜੀ | ਨਾਗੋਕੀ ਸਰਲੀ |
| ੧੨. | ਮਾਨ ਸਿੰਘ ਜੀ | ਗੁੰਥੀ ਸਿੰਘ ਜੀ | ਚੱਕ ਨੰਃ ੩੮ |
| ੧੩. | ਰੂੜ ਸਿੰਘ ਜੀ | ਗੰਡਾ ਸਿੰਘ ਜੀ | ,, ,, ੨੬੧ |
| ੧੪. | ਜੁਆਲਾ ਸਿੰਘ ਜੀ | ਜੈ ਸਿੰਘ ਜੀ | ,, ,, ੧੫੨ |
| ੧੫. | ਸੋਹਣ ਸਿੰਘ ਜੀ | ਵਰਯਾਮ ਸਿੰਘ ਜੀ | ,, ,, ੨੫੮ |
| ੧੬. | ਹਰਨਾਮ ਸਿੰਘ ਜੀ | ਸੁਜਾਨ ਸਿੰਘ ਜੀ | ਪਾਰਾਲੇਰ |
| ੧੭. | ਕਰਤਾਰ ਸਿੰਘ ਜੀ | ਊਧਮ ਸਿੰਘ ਜੀ | ਚੱਕ ਨੰਃ ੭੩ |
| ੧੮. | ਈਸ਼ਰ ਸਿੰਘ ਜੀ | ਮੇਵਾ ਸਿੰਘ ਜੀ | ,, ,, ੨੬੩ |
| ੧੯. | ਕੇਹਰ ਸਿੰਘ ਜੀ | ਮੁਨਸ਼ੀ ਸਿੰਘ ਜੀ | ,, ,, ੬੧ |

Digitized by Panjab Digital Library | www.panjabdigilib.org

| | | | |
|---|---|---|---|
| ੨੦. | ਇੰਦਰ ਸਿੰਘ ਜੀ | ਵਰਯਾਮ ਸਿੰਘ ਜੀ | ,, ,, ੬੧ |
| ੨੧. | ਬਖਸ਼ੀਸ਼ ਸਿੰਘ ਜੀ | ਵਧਾਵਾ ਸਿੰਘ ਜੀ | ,, ,, ,, |
| ੨੨. | ਬਘੇਲ ਸਿੰਘ ਜੀ | ਰੂੜ ਸਿੰਘ ਜੀ | ,, ,, ੫੮ |
| ੨੩. | ਬਹਾਦਰ ਸਿੰਘ ਜੀ | ਹੁਕਮ ਸਿੰਘ ਜੀ | ,, ,, ੧੫੮ |
| ੨੪. | ਮੀਹਾਂ ਸਿੰਘ ਜੀ | ਚੰਦਾ ਸਿੰਘ ਜੀ | ,, ,, ,, |
| ੨੫. | ਜੈ ਨੰਦ ਸਿੰਘ ਜੀ | ਸ਼ੇਰ ਸਿੰਘ ਜੀ | ਨਾਗੋ ਕੀ |
| ੨੬. | ਸੁਜਾਨ ਸਿੰਘ ਸੀ | ਜੀਵਨ ਸਿੰਘ ਜੀ | ਉਦੋਵਾਲੀ |
| ੨੭. | ਇੰਦਰ ਸਿੰਘ ਜੀ | ਨਰੈਣ ਸਿੰਘ ਜੀ | ਚੱਕ ਨੰ: ੮੩ |
| ੨੮. | ਮਤਾਬ ਸਿੰਘ ਜੀ | ਬਹਾਦਰ ਸਿੰਘ ਜੀ | ,, ,, ,, |
| ੨੯. | ਕਿਸ਼ਨ ਸਿੰਘ ਜੀ | ਵਸਾਖਾ ਸਿੰਘ ਜੀ | ,, ,, ,, |
| ੩੦. | ਨੌਰੰਗ ਸਿੰਘ ਜੀ | ਖੜਕ ਸਿੰਘ ਜੀ | ,, ,, ੧੫੮ |
| ੩੧. | ਨਿਹਾਲ ਸਿੰਘ ਜੀ | ਭਗਤ ਸਿੰਘ ਜੀ | ,, ,, ੩੭੨ |
| ੩੨. | ਸੋਹਣ ਸਿੰਘ ਜੀ | ਪਰਤਾਪ ਸਿੰਘ ਜੀ | ,, ,, ੮੦੮ |
| ੩੩. | ਸੁਰੈਣ ਸਿੰਘ ਜੀ | ਜੁਆਲਾ ਸਿੰਘ ਜੀ | ,, ,, ੪੨ |
| ੩੪. | ਖੁਸ਼ਹਾਲ ਸਿੰਘ ਜੀ | ਬੁਧ ਸਿੰਘ ਜੀ | ,, ,, ੨੯੩ |
| ੩੫. | ਪਾਲ ਸਿੰਘ ਜੀ | ਸੰਤਾ ਸਿੰਘ ਜੀ | ,, ,, ੭੩ |
| ੩੬. | ਨੰਦ ਸਿੰਘ ਜੀ | ਫੂਲਾ ਸਿੰਘ ਜੀ | ,, ,, ੫੪੩ |
| ੩੭. | ਗੰਗਾ ਸਿੰਘ ਜੀ | ਨਿਧਾਨ ਸਿੰਘ ਜੀ | ,, ,, ੮੩ |
| ੩੮. | ਸੋਹਣ ਸਿੰਘ ਜੀ | ਮਾਨ ਸਿੰਘ ਜੀ | ,, ,, ੪੬੩ |
| ੩੯. | ਸੰਪੂਰਨ ਸਿਂਘ ਜੀ | ਵਸਾਵਾ ਸਿੰਘ ਜੀ | ,, ,, ੪੬੫ |
| ੪੦. | ਪ੍ਰਤਾਪ ਸਿੰਘ ਜੀ | ਧੰਨਾ ਸਿੰਘ ਜੀ | ਨੁਸ਼ਹਿਰਾ ਪਨੂਆਂ |
| ੪੧. | ਭਾਨ ਸਿੰਘ ਜੀ | ਰੂਪਾ ਸਿੰਘ ਜੀ | ਬੁਢੀ ਚੱਕ ਨੰ: ੨੨੦ |
| ੪੨. | ਸੰਤਾ ਸਿੰਘ ਜੀ | ਜੀਵਨ ਸਿੰਘ ਜੀ | ਚੱਕ ਨੰ: ੨੭੭ |
| ੪੩. | ਗੁਲਾਬ ਸਿੰਘ ਜੀ | ਲਹਿਣਾ ਸਿੰਘ ਜੀ | ,, ,, ੩੧ |
| ੪੪. | ਭਗਤ ਸਿੰਘ ਜੀ | ਫਤਹਿ ਸਿੰਘ ਜੀ | ,, ,, ੬੧ |
| ੪੫. | ਚੈਨ ਸਿੰਘ ਜੀ | ਕਰਮ ਸਿੰਘ ਜੀ | ,, ,, ੨੫੮ |
| ੪੬. | ਭਗਵਾਨ ਸਿੰਘ ਜੀ | ਧਰਮ ਸਿੰਘ ਜੀ | ,, ,, ,, |
| ੪੭. | ਕੇਹਰ ਸਿੰਘ ਜੀ | ਹਰਨਾਮ ਸਿੰਘ ਜੀ | ,, ,, ,, |
| ੪੮. | ਹਰਨਾਮ ਸਿੰਘ ਜੀ | ਵਿਸਾਖਾ ਸਿੰਘ ਜੀ | ,, ,, ੫੨ |
| ੪੯. | ਬਚਨ ਸਿੰਘ ਜੀ | ਜੈਮਲ ਸਿੰਘ ਜੀ | ,, ,, ੩੩ |
| ੫੦. | ਗੁਰਦਿਤ ਸਿੰਘ | ਲਹਿਣਾ ਸਿੰਘ | ਚੱਕ ਨੰ: ੩੩ |
| ੫੧. | ਮਲ ਸਿੰਘ | ਅਤਰ ਸਿੰਘ | ਚੱਕ ਨੰ: ੨੦੨ |
| ੫੨. | ਰਣਧੀਰ ਸਿੰਘ | ਕਿਸ਼ਨ ਸਿੰਘ | ਚੱਕ ਨੰ: ੫੨ |
| ੫੩. | ਜੀਵਨ ਸਿੰਘ | ਨਰੈਣ ਸਿੰਘ | ਸ਼ਾਹੋਵਾਲ |

Digitized by Panjab Digital Library | www.panjabdigilib.org

| | | | |
|---|---|---|---|
| ੫੪. | ਇੰਦਰ ਸਿੰਘ | ਖ਼ਜ਼ਾਨ ਸਿੰਘ | ਲਾਇਲਪੁਰ |
| ੫੫. | ਆਲਾ ਸਿੰਘ | ਸੰਤਾ ਸਿੰਘ | ਚੱਕ ਨੰ: ੭੧ |
| ੫੬. | ਬੀਰ ਸਿੰਘ | ਟੇਕ ਸਿੰਘ | ਚੱਕ ਨੰ: ੬੯ |
| ੫੭. | ਬਚਨ ਸਿੰਘ | ਲਹਿਣਾ ਸਿੰਘ | ਚੱਕ ਨੰ: ੮੪ |
| ੫੮. | ਤੇਜਾ ਸਿੰਘ | ਨੰਦ ਸਿੰਘ | ਚੱਕ ਨੰ: ੭੩ |
| ੫੯. | ਦਿਆਲ ਸਿੰਘ | ਰਤਨ ਸਿੰਘ | ਝਬਾਲ |
| ੬੦. | ਹਜ਼ਾਰਾ ਸਿੰਘ | ਦੇਵ ਸਿੰਘ | ਚੱਕ ਨੰ: ੯੨ |
| ੬੧. | ਗਿਆਨ ਸਿੰਘ | ਜੈਮਲ ਸਿੰਘ | ਚੱਕ ਨੰ: ੨੬੧ |
| ੬੨. | ਬੇਅੰਤ ਸਿੰਘ | ਈਸ਼ਰ ਸਿੰਘ | ਚੱਕ ਨੰ: ੨੬੦ |
| ੬੩. | ਹਾਕਮ ਸਿੰਘ | ਗਰਜਾ ਸਿੰਘ | ਚੱਕ ਨੰ: ੪੬੪ |
| ੬੪. | ਸ਼ੇਰ ਸਿੰਘ | ਫੂਲਾ ਸਿੰਘ | ਚੱਕ ਨੰ: ੧੩੨ |
| ੬੫. | ਮਤਾਬ ਸਿੰਘ | ਮੇਹਰ ਸਿੰਘ | ਚੱਕ ਨੰ: ੫੨ |
| ੬੬. | ਲਾਲ ਸਿੰਘ | ਵਜ਼ੀਰ ਸਿੰਘ | ਚੱਕ ਨੰ: ੧੬੦ |
| ੬੭. | ਪੂਰਨ ਸਿੰਘ | ਮਿਤ ਸਿੰਘ | ਚੱਕ ਨੰ: ੯੫ |
| ੬੮. | ਸੰਤਾ ਸਿੰਘ | ਝੰਡਾ ਸਿੰਘ | ਚੱਕ ਨੰ: ੨੨੭ |
| ੬੯. | ਨਾਦਰ ਸਿੰਘ | ਈਸ਼ਰ ਸਿੰਘ | ਚੱਕ ਨੰ: ੮੩ |
| ੭੦. | ਸੰਤਾ ਸਿੰਘ | ਸੁੰਦਰ ਸਿੰਘ | ਮਾਲੋ ਨਗਰ |
| ੭੧. | ਹਰੀ ਸਿੰਘ | ਲਧਾ ਸਿੰਘ | ਸਾਹੇਵਾਲ |
| ੭੨. | ਲਾਭ ਸਿੰਘ | ਜਗਤ ਸਿੰਘ | ਚੱਕ ਨੰ: ੨੨੭ |
| ੭੩. | ਵਜ਼ੀਰ ਸਿੰਘ | ਗਵਾਇਆ ਸਿੰਘ | ਚੱਕ ਨੰ: ੨੬੨ |
| ੭੪. | ਪਰਤਾਪ ਸਿੰਘ | ਦੇਵਾ ਸਿੰਘ | ਚੱਕ ਮੁਲਾਂ ਪੁਰ |
| ੭੫. | ਸੰਤੋਖ ਸਿੰਘ | ਅਤਰ ਸਿੰਘ | ਵਡਾਲਾ |
| ੭੬. | ਨਰੈਣ ਸਿੰਘ | ਭਾਗ ਸਿੰਘ | ਚਕ ਨੰ ੪੬੫ |
| ੭੭. | ਹਾਕਮ ਸਿੰਘ | ਜਮੀਤ ਸਿੰਘ | ,, ,, ੨੦੮ |
| ੭੮. | ਮੰਗਲ ਸਿੰਘ | ਝੰਡਾ ਸਿੰਘ | ,, ,, ੨੦੮ |
| ੭੯. | ਸੁੰਦਰ ਸਿੰਘ | ਹਰੀ ਸਿੰਘ | ,, ,, ੩੦੨ |
| ੮੦. | ਮੂਲਾ ਸਿੰਘ | ਮੇਹਰ ਸਿੰਘ | ,, ,, ੨੬੦ |
| ੮੧. | ਦਿਆਲ ਸਿੰਘ | ਹਾਕਮ ਸਿੰਘ | ,, ,, ੨੬੦ |
| ੮੨. | ਘਨਯਾ ਸਿੰਘ | ਮਤਾਬ ਸਿੰਘ | ,, ,, ੨੦੨ |
| ੮੩. | ਜਵੰਦ ਸਿੰਘ | ਜੀਤ ਸਿੰਘ | ,, ,, ੨੦੨ |
| ੮੪. | ਹਰਨਾਮ ਸਿੰਘ | ਸੰਤ ਸਿੰਘ | ,, ,, ੩੬੧ |
| ੮੫. | ਨੰਦ ਸਿੰਘ | ਜਵੰਦ ਸਿੰਘ | ,, ,, ੯੦ |
| ੮੬. | ਖੁਸ਼ਹਾਲ ਸਿੰਘ | ਸ਼ੇਰ ਸਿੰਘ | ,, ,, ੪੬੭ |
| ੮੭. | ਕੇਹਰ ਸਿੰਘ | ਸੰਤਾ ਸਿੰਘ | ,, ,, ੧੯੪ |

Digitized by Panjab Digital Library | www.panjabdigilib.org

| | | | |
|---|---|---|---|
| ੮੮. | ਗੁਲਾਬ ਸਿੰਘ | ਚੰਬੀ ਸਿੰਘ | ਚੱਕ ਨੰ: ੪੬੪ |
| ੮੯. | ਰਾਮ ਸਿੰਘ | ਜੀਵਨ ਸਿੰਘ | ,, ,, ੪੬੪ |
| ੯੦. | ਹਰਭਜਨ ਸਿੰਘ | ਸੋਭਾ ਸਿੰਘ | ,, ,, ੭੮ |
| ੯੧. | ਨਿਹਾਲ ਸਿੰਘ | ਲਹਿਣਾ ਸਿੰਘ | ,, ,, ੨੯੩ |
| ੯੨. | ਸੁੰਦਰ ਸਿੰਘ | ਵਰਯਾਮ ਸਿੰਘ | ,, ,, ੨੯੨ |
| ੯੩. | ਭਾਗ ਸਿੰਘ | ਮਈਆ ਸਿੰਘ | ਸੈਦਮਹੰਮਦ |
| ੯੪. | ਉਤਮ ਸਿੰਘ | ਬਿਸ਼ਨ ਸਿੰਘ | ਚਕ ਨੰ ੪੬੩ |
| ੯੫. | ਮੰਗਲ ਸਿੰਘ | ਰਾਮ ਸਿੰਘ | ਚਕ ਨੰ ੬੪ |
| ੯੬. | ਕਿਸ਼ਨ ਸਿੰਘ | ਦਿਤ ਸਿੰਘ | ਚਕ ਨੰ ੪੩ |
| ੯੭. | ਹਜ਼ਾਰਾ ਸਿੰਘ | ਗੰਡਾ ਸਿੰਘ | ਲਾਇਲਪੁਰ |
| ੯੮. | ਮਈਆ ਸਿੰਘ | ਰਾਮ ਸਿੰਘ | ਚਕ ਨੰ ੨੬ |
| ੯੯. | ਸੰਤਾ ਸਿੰਘ | ਮਘਰ ਸਿੰਘ | ਚਕ ਨੰ ੨੬੦ |
| ੧੦੦. | ਝੰਡਾ ਸਿੰਘ | ਅਮਰ ਸਿੰਘ | ਚਕ ਨੰ ੪੬੪ |
| ੧੦੧. | ਸੋਹਣ ਸਿੰਘ | ਬਿਸ਼ਨ ਸਿੰਘ | ਚਕ ਨੰ ੨੨੭ |
| ੧੦੨. | ਪ੍ਰਥੀਪਾਲ ਸਿੰਘ | ਨਿਹਾਲ ਸਿੰਘ | ਚਕ ਨੰ ੫੭ |
| ੧੦੩. | ਭਗਵਾਨ ਕੌਰ | ਕਰਮ ਸਿੰਘ | ਸਾਹੋਵਾਲ |
| ੧੦੪. | ਦਯਾ ਸਿੰਘ | ਗਿ: ਨਿਹਾਲ ਸਿੰਘ | ਕਮਾਲੀਆ |

## ਜ਼ਿਲਾ ਗੁਰਦਾਸਪੁਰ

## ਮੋਰਚਾ ਗੁਰੂ ਕੇ ਬਾਗ਼ ਵਾਲੇ ਸਿੰਘ

| ਨੰ: | ਨਾਮ | ਪਿਤਾ | ਪਿੰਡ |
|---|---|---|---|
| ੧. | ਹਰੀ ਸਿੰਘ ਜੀ | | ਕੇਰ |
| ੨. | ਬੇਲਾ ਸਿੰਘ ਜੀ | ਲਛਮਨ ਸਿੰਘ ਜੀ | ਸ਼ਫੀਪੁਰ |
| ੩. | ਮਾਹਣਾ ਸਿੰਘ ਜੀ | ਖੁਸ਼ਹਾਲ ਸਿੰਘ ਜੀ | ਕੰਮੇ ਢਾਹੇ ਵਾਲੀ |
| ੪. | ਨੰਦ ਸਿੰਘ ਜੀ | ਸੂਬਾ ਸਿੰਘ ਜੀ | ਜੈਤੋ ਸਰਜਾ |
| ੫. | ਨਿਹਾਲ ਸਿੰਘ ਜੀ | ਜਮੀਅਤ ਸਿੰਘ ਜੀ | ਤੁਗਲ ਵਾਲ |
| ੬. | ਉਤਮ ਸਿੰਘ ਜੀ | ਹਰਦਿਤ ਸਿੰਘ ਜੀ | ਢਡਿਆਲਾ ਨਤਾਂ |
| ੭. | ਸਰਦੂਲ ਸਿੰਘ ਜੀ | ਮੰਗਲ ਸਿੰਘ ਜੀ | ਅਨੂਪ ਸ਼ਹਿਰ |
| ੮. | ਠਾਕਰ ਸਿੰਘ ਜੀ | ਕੇਸਰ ਸਿੰਘ ਜੀ | ਮਲੀਆਂ |
| ੯. | ਨੰਦ ਸਿੰਘ ਜੀ | ਬੁਢਾ ਸਿੰਘ ਜੀ | ਵਡਾਲਾ ਬਾਂਗਰ |
| ੧੦. | ਮਘਰ ਸਿੰਘ ਜੀ | ਅਨੂਪ ਸਿੰਘ ਜੀ | ਨੁਸ਼ਹਿਰਾ ਨਲਵਾ |
| ੧੧. | ਗੁਰਦਿਆਲ ਸਿੰਘ | ਅਰਜਨ ਸਿੰਘ ਜੀ | ਗੁਨੂ ਪੁਹ |
| ੧੨. | ਕੇਸਰ ਸਿੰਘ ਜੀ | ਰੂੜ ਸਿੰਘ ਜੀ | ਕਲੇਰ |
| ੧੩. | ਹਰਨਾਮ ਸਿੰਘ ਜੀ | ਗੁਰਮੁਖ ਸਿੰਘ ਜੀ | ਭੰਡਾਲ |
| ੧੪. | ਬਮਣ ਸਿੰਘ ਜੀ | ਗੁਰਮੁਖ ਸਿੰਘ ਜੀ | ਢਡਿਆਲਾ ਨਤਾਂ |

Digitized by Panjab Digital Library | www.panjabdigilib.org

| | | | |
|---|---|---|---|
| ੧੫. | ਲਖਾ ਸਿੰਘ ਜੀ | ਬੂਟਾ ਸਿੰਘ ਜੀ | ਝੁੰਜੀਆਂ |
| ੧੬. | ਬੂੜ ਸਿੰਘ ਜੀ | ਹੀਰਾ ਸਿੰਘ ਜੀ | ਮਲੀਆਂ |
| ੧੭. | ਸੰਤ ਸਿੰਘ ਜੀ | ਖੜਕ ਸਿੰਘ ਜੀ | ਅਨੂਪ ਸ਼ਹਿਰ |
| ੧੮. | ਜਗਤ ਸਿੰਘ ਜੀ | ਢੇਵਾ ਸਿੰਘ ਜੀ | ਖੁਡੀ |
| ੧੯. | ਬਲਵੰਤ ਸਿੰਘ ਜੀ | ਕਿਰਪਾ ਸਿੰਘ ਜੀ | ਗੁਨੋ ਪੁਰ |
| ੨੦. | ਕੇਸਰ ਸਿੰਘ ਜੀ | ਮਈਆ ਸਿੰਘ ਜੀ | ਭਾਗੋਵਾਲ |
| ੨੧. | ਰਾਮ ਸਿੰਘ ਜੀ | ਹੀਰਾ ਸਿੰਘ ਜੀ | ਔਜਲੇ |
| ੨੨. | ਹਰਨਾਮ ਸਿੰਘ | ਨਾਬੋ | ਟਾਂਡਾ |
| ੨੩. | ਰਣਜੋਧ ਸਿੰਘ ਜੀ | ਗੁਰਮੁਖ ਸਿੰਘ ਜੀ | ਧਾਰੋਵਾਲ |
| ੨੪. | ਅਰਜਨ ਸਿੰਘ ਜੀ | ਖੜਕ ਸਿੰਘ ਜੀ | ਰੁਖ ਹਰਿਆਈ |
| ੨੫. | ਲਛਮਣ ਸਿੰਘ ਜੀ | ਸੁਚੇਤ ਸਿੰਘ ਜੀ | ਪਾਹੜੇ |
| ੨੬. | ਵਧਾਵਾ ਸਿੰਘ ਜੀ | ਫਕੀਰ ਸਿੰਘ ਜੀ | ਤਿਬੜੀ |
| ੨੭. | ਉਜਾਗਰ ਸਿੰਘ ਜੀ | ਮੋਹਣ ਸਿੰਘ ਜੀ | ਝੋਰ |
| ੨੮. | ਧਰਮ ਸਿੰਘ ਜੀ | ਸੋਹਣੂ | ਢਈ ਕਾਂਗੜਾ |
| ੨੯. | ਨਰੈਣ ਸਿੰਘ ਜੀ | ਜੀਵਨ ਸਿੰਘ ਜੀ | ਭਾਗੋਵਾਲ |
| ੩੦. | ਸੁਚਾ ਸਿੰਘ ਜੀ | | |
| ੩੧. | ਬੰਤਾ ਸਿੰਘ ਜੀ | ਚੇਤ ਸਿੰਘ ਜੀ | ਭਾਗੋਵਾਲ |
| ੩੨. | ਕੇਹਰ ਸਿੰਘ ਜੀ | ਮੰਗਲ ਸਿੰਘ ਜੀ | ਬੱਲ |
| ੩੩. | ਬਲਬੰਤ ਸਿੰਘ | ਮੈਣਾ ਸਿੰਘ | ਭਾਗੋ ਵਾਲ |
| ੩੪. | ਸੁਖਦੇਵ ਸਿੰਘ | ਮੰਗਲ ਸਿੰਘ | ਜਾਗੋਵਾਲ |
| ੩੫. | ਉਜਾਗਰ ਸਿੰਘ | ਲਾਭ ਸਿੰਘ | ਰੋੜ ਖੇੜੇ |
| ੩੬. | ਪਰੇਮ ਸਿੰਘ | ਜੁਵਾਲਾ ਸਿੰਘ | ਗਦੇਲੀਆਂ |
| ੩੭. | ਹਰਭਜਨ ਸਿੰਘ | ਨਰੈਣ ਸਿੰਘ | ਧੌਲਪੁਰ |
| ੩੮. | ਤੇਜਾ ਸਿੰਘ | ਘਸੀਟਾ ਸਿੰਘ | ਭਾਗੋਵਾਲ |
| ੩੯. | ਹਰਨਾਮ ਸਿੰਘ | ਮੀਹਾਂ ਸਿੰਘ | ਬੱਟਰ |
| ੪੦. | ਟੈਹਲ ਸਿੰਘ | ਪੂਰਨ ਸਿੰਘ | ਭਾਗੋਵਾਲ |
| ੪੧. | ਸੰਤੋਖ ਸਿੰਘ | ਬੂੜ ਸਿੰਘ | ਬਟਾਲਾ |
| ੪੨. | ਵਧਾਵਾ ਸਿੰਘ | ਦੀਵਾਨ ਸਿੰਘ | ਬਲਪੁਰੀਆ |
| ੪੩. | ਬਾਵਾ ਸਿੰਘ | ਅੱਛਰ ਸਿੰਘ | ਬਡਾਲਾ ਬਾਗਰ |
| ੪੪. | ਕਿਸ਼ਨ ਸਿੰਘ | ਬੀਰ ਸਿੰਘ | ਝੌਰ |
| ੪੫. | ਜੋਗਾ ਸਿੰਘ | ਦਲ ਸਿੰਘ | ਮੰਨਣ |
| ੪੬. | ਅਗੋਚਰ ਸਿੰਘ | ਲੱਭਾ ਸਿੰਘ | ਘੁਮਾਣ |
| ੪੭. | ਗੁਰਬਖਸ਼ ਸਿੰਘ | ਨੱਥਾ ਸਿੰਘ | ਭਾਗੋਵਾਲ |
| ੪੮. | ਸ਼ਿਵ ਸਿੰਘ | ਰਨਧੀਰ ਸਿੰਘ | ਨਬੇਰ |

Digitized by Panjab Digital Library | www.panjabdigilib.org

| | | | |
|---|---|---|---|
| ੪੯. | ਗੁਰਦਿੱਤ ਸਿੰਘ | ਗੁੱਜਰ ਸਿੰਘ | ਭਾਗੋਵਾਲ |
| ੫੦. | ਵੀਰ ਸਿੰਘ | ਨਿਹਾਲ ਸਿੰਘ | ਜੋੜੇਸੀਆਂ |
| ੫੧. | ਮੱਖਣ ਸਿੰਘ | ਰਾਧਾ ਸਿੰਘ | ਮਾੜੀ ਪੁਨਿਆ |
| ੫੨. | ਅਮਰ ਸਿੰਘ | ਹਰੀ ਸਿੰਘ | ਬਡਾਲਾ ਬਾਂਗਰ |
| ੫੩. | ਸੰਤਾ ਸਿੰਘ | ਰੂੜ ਸਿੰਘ | |
| ੫੪. | ਜਵੰਤ ਸਿੰਘ | ਪੰਜਾਬ ਸਿੰਘ | ਛਨੀਆਂ |
| ੫੫. | ਧਰਮ ਸਿੰਘ | ਪੰਜਾਬ ਸਿਘ | ਮਰੜ ਪੁਰੀ ਵਾਲੀ |
| ੫੬. | ਲਹਿਣਾ ਸਿੰਘ | ਫਤਹਿ ਸਿੰਘ | ਸ਼ੇਖੂ ਪੁਰਾ |
| ੫੭. | ਤੇਜਾ ਸਿੰਘ | ਮੂਲ ਸਿੰਘ | |
| ੫੮. | ਗੰਗਾ ਸਿੰਘ | ਮਈਆ ਸਿੰਘ | ਬਲਵਾਲ |
| ੫੯. | ਪੰਜਾਬ ਸਿੰਘ | ਚਤਰ ਸਿੰਘ | ਘਨੌਰ |
| ੬੦. | ਹਰਨਾਮ ਸਿੰਘ | ਈਸਰ ਸਿੰਘ | ਮਾੜੀ ਪੁੰਨਿਆਂ |
| ੬੧. | ਘਨਈਆ ਸਿੰਘ | ਜੁਵਾਲ ਸਿੰਘ | ਤੇਜੇ ਵਾਲੀ |
| ੬੨. | ਸਾਧੂ ਸਿੰਘ | ਗੰਡਾ ਸਿੰਘ | ਬੱਲੋ ਵਾਲ |
| ੬੩. | ਰਾਮ ਸਿੰਘ | ਗੰਗਾ ਸਿੰਘ | ਪੌਰੀਆਂ |
| ੬੪. | ਤਿਲੋਚਨ ਸਿੰਘ | ਗੰਡਾ ਸਿੰਘ | ਭਾਗੋਵਾਲ |
| ੬੫. | ਜੋਗਾ ਸਿੰਘ | ਵਰਿਆਮ ਸਿੰਘ | ਦੌਲੇ ਮਜਾਰਾ |
| ੬੬ | ਹਰਭਜਨ ਸਿੰਘ | ਗੁਰਦਿਤ ਸਿੰਘ | ਡਲਾ |
| ੬੭. | ਨੰਦ ਸਿੰਘ | ਗੰਡਾ ਸਿੰਘ | ਭਾਗੋਵਾਲ |
| ੬੮. | ਗੁਰਦਿਤ ਸਿੰਘ | ਜਵਾਹਰ ਸਿੰਘ | ਸੇਖ ਪੁਰਾ |
| ੬੯. | ਹਜ਼ਾਰਾ ਸਿੰਘ | ਕਿਸ਼ਨ ਸਿੰਘ | ਵਡਾਲਾ |
| ੭੦. | ਮਾਮੂੰ ਸਿੰਘ | ਨਿਹਾਲ ਸਿੰਘ | ਮਾੜੀ ਪੰਨੂਆਂ |
| ੭੧. | ਗੁਣਤਾਰ ਸਿੰਘ | ਰੂੜ ਸਿੰਘ | ਝੌਰ |
| ੭੨. | ਨਰੈਣ ਸਿੰਘ | ਹੀਰਾ ਸਿੰਘ | ਮਾੜੀ ਪੰਨੂਆਂ |
| ੭੩. | ਹਰਨਾਮ ਸਿੰਘ | ਗੁਰਦਿਤ ਸਿੰਘ | ਨੰਦ ਪੁਰ |
| ੭੪. | ਤਾਰਾ ਸਿੰਘ | ਵਰਿਆਮ ਸਿੰਘ | ਢੇਰੂ ਚੱਕ |
| ੭੫. | ਹਰਦਿਤ ਸਿੰਘ | ਸਾਵਨ ਸਿੰਘ | ਬਰੋਸੇ |
| ੭੬. | ਭਗਵਾਨ ਸਿੰਘ | ਮਹਾਂ ਸਿੰਘ | ਰਾਵੜ |
| ੭੭. | ਸੁੰਦਰ ਸਿੰਘ | ਪੰਜਾਬ ਸਿੰਘ | ਸਿਧਵਾਂ |
| ੭੮. | ਝੰਡਾ ਸਿੰਘ | ਲਹਿਣਾ ਸਿੰਘ | ਮਰੜ |
| ੭੯. | ਭਗਵਾਨ ਸਿੰਘ | ਅਤਰ ਸਿੰਘ | ਮੰਦਿਆਲਾ |
| ੮੦. | ਦੀਵਾਨ ਸਿੰਘ | ਬੁਢਾ ਸਿੰਘ | ਦੂਲੂ |
| ੮੧. | ਸੋਦਾਗਰ ਸਿੰਘ | ਹਰਦਿਤ ਸਿੰਘ | ਮਰੜ |
| ੮੨. | ਹਰੀ ਸਿੰਘ | ਗੰਡਾ ਸਿੰਘ | ਭਾਗੋਵਾਲ |

Digitized by Panjab Digital Library | www.panjabdigilib.org

| | | | |
|---|---|---|---|
| ੮੩. | ਹਰੀ ਸਿੰਘ | ਖੜਕ ਸਿੰਘ | ਮਾਨ ਗਿਲ |
| ੮੪. | ਕੇਸਰ ਸਿੰਘ | ਰੂੜ ਸਿੰਘ | ਕਲੇਰ |
| ੮੫. | ਪ੍ਰਿਤਪਾਲ ਸਿੰਘ | ਗੰਡਾ ਸਿੰਘ | ਸ਼ਾਹਪੁਰ |
| ੮੬. | ਕੇਹਰ ਸਿੰਘ | ਸੁੰਦਰ ਸਿੰਘ | ਗੁਨੋ ਪੁਰ |
| ੮੭. | ਰਾਜਿੰਦਰ ਸਿੰਘ | ਗੰਡਾ ਸਿੰਘ | ਠਾਕਰ ਸੰਧੂ |
| ੮੮. | ਕਿਸ਼ਨ ਸਿੰਘ | ਗੁਰਬਖਸ਼ ਸਿੰਘ | ਮਰੜ |
| ੮੯. | ਸੇਵਾ ਸਿੰਘ | ਮੋਹਨ ਸਿੰਘ | ਤੁਗਲ ਵਾਲਾ |
| ੯੦. | ਸਵਾਸ ਸਿੰਘ | ਬੁਢਾ ਸਿੰਘ | ਵੈਰੋ ਨੰਗਲ |
| ੯੧. | ਫੌਜਾ ਸਿੰਘ | ਵੀਰ ਸਿੰਘ | ਠਾਕਰ ਵਾਲ |
| ੯੨. | ਨੱਥਾ ਸਿੰਘ | ਮੋਤਾ ਸਿੰਘ | ਝਨਾਲ |
| ੯੩. | ਹਰਨਾਮ ਸਿੰਘ | ਹੁਕਮ ਸਿੰਘ | ਝੋਰ |
| ੯੪. | ਸੁਚਾ ਸਿੰਘ | ਝੰਡਾ ਸਿੰਘ | ਤੁਗਲ ਵਾਲਾ |
| ੯੫. | ਲਾਭ ਸਿੰਘ | ਪਾਲਾ ਸਿੰਘ | ਘਣੀਏ ਕੇ ਬਾਂਗਰ |
| ੯੬. | ਕਰਮ ਸਿੰਘ | ਗੁਰਮੁਖ ਸਿੰਘ | ਤੇਜਾ ਬਹੀੜਾ |
| ੯੭. | ਸੋਹਣ ਸਿੰਘ | ਨਿਹਾਲ ਸਿੰਘ | ਦੂਲੇ ਚਕ |
| ੯੮. | ਬੁਧ ਸਿੰਘ | ਘਸੀਟਾ ਸਿੰਘ | ਮੁਗਲਾ |
| ੯੯. | ਤਾਰਾ ਸਿੰਘ | ਹਰਨਾਮ ਸਿੰਘ | ਭਾਨ ਗੜ੍ਹ |
| ੧੦੦. | ਹਰਨਾਮ ਸਿੰਘ | ਮੂਲਾ ਸਿੰਘ | ਸੋਹਲਾ |
| ੧੦੧. | ਵਧਾਵਾ ਸਿੰਘ | ਜਵਾਹਰ ਸਿੰਘ | ਮਾੜੀ ਪਨੂਆ |
| ੧੦੨. | ਖੜਕ ਸਿੰਘ | ਗੁਲਾਬ ਸਿੰਘ | ਮਲੀਆਂ |
| ੧੦੩. | ਮੇਹਰ ਸਿੰਘ | ਜਗਤ ਸਿੰਘ | ਭਾਗੋ ਵਾਲ |
| ੧੦੪. | ਜੋਗਿੰਦਰ ਸਿੰਘ | ਲਛਮਣ ਸਿੰਘ | ਭਾਗੋ ਵਾਲ |
| ੧੦੫. | ਜੈ ਸਿੰਘ | ਖਜ਼ਾਨ ਸਿੰਘ | ਮਰੜ |
| ੧੦੬. | ਬੁਢਾ ਸਿੰਘ | ਜਗਤ ਸਿੰਘ | ਡੂਲ ਸਰਜਾ |
| ੧੦੭. | ਸੋਹਣ ਸਿੰਘ | ਨਿਹਾਲ ਸਿੰਘ | ਦੂਲੇ ਚਕ |

# ਜ਼ਿਲਾ ਹੁਸ਼ਿਆਰ ਪੁਰ
# ਮੋਰਚਾ ਗੁਰੂ ਕੇ ਬਾਗ ਵਾਲੇ ਸਿੰਘ

| ਨੰ: | ਨਾਮ | ਪਿਤਾ | ਪਿੰਡ |
|---|---|---|---|
| ੧. | ਕੁਲਦੀਪ ਸਿੰਘ | ਸੰਤ ਸਿੰਘ | ਲਗੇਰੀ |
| ੨. | ਬਖਸ਼ੀਸ਼ ਸਿੰਘ | ਭੂਪ ਸਿੰਘ | ਚਬੇਵਾਲ |
| ੩. | ਸੰਤ ਸਿੰਘ | ਪਾਲ ਸਿੰਘ | ਧੰਮਨ ਖੁਰਦ |
| ੪. | ਹਰਨਾਮ ਸਿੰਘ | ਹਰਦਿਤ ਸਿੰਘ | ਸੀਕਰੀ |
| ੫. | ਬੇਲਾ ਸਿੰਘ | ਅਮੀਰ ਸਿੰਘ | ਦਕਰਾਣੀ ਕਲਾਂ |

Digitized by Panjab Digital Library | www.panjabdigilib.org

| | | | |
|---|---|---|---|
| ੬. | ਮਾਹਣਾ ਸਿੰਘ | ਸੁਰਿੰਦਰ ਸਿੰਘ | ਪਿਪਲਾਂ ਵਾਲਾ |
| ੭. | ਕਾਬਲ ਸਿੰਘ | ਲਭਾ ਸਿੰਘ | ਚਬੇ ਵਾਲ |
| ੮. | ਕਰਤਾਰ ਸਿੰਘ | ਵੀਰ ਸਿੰਘ | ਕੋਟਲੀ ਬਾਵਾ ਦਾਸ |
| ੯. | ਪੂਰਨ ਸਿੰਘ | ਨੱਥਾ ਸਿੰਘ | ਜੰਡੋਲੀ |
| ੧੦. | ਮਨਸਾ ਸਿੰਘ | ਅਤਰ ਸਿੰਘ | ਧੰਮਰ ਵਾਲ |
| ੧੧. | ਮੀਹਾਂ ਸਿੰਘ | ਨਰੈਣ ਸਿੰਘ | ਪੁਰ ਹੀਰਾ |
| ੧੨. | ਧੰਨਾ ਸਿੰਘ | ਨੱਥਾ ਸਿੰਘ | ਪੁਰ ਹੀਰਾ |
| ੧੩. | ਬਚਨ ਸਿੰਘ | ਭੋਲਾ ਸਿੰਘ | ਜੇਤ ਪੁਰ |
| ੧੪. | ਦਲੀਪ ਸਿੰਘ | ਸੋਭਾ ਸਿੰਘ | ਚਕੋ ਵਾਲ |
| ੧੫. | ਬਚਨ ਸਿੰਘ | ਅਮਰ ਸਿੰਘ | ਜੰਡੋਲੀ |
| ੧੬. | ਬਿਸ਼ਨ ਸਿੰਘ | ਬੇਲਾ ਸਿੰਘ | ਢਕੋ |
| ੧੭. | ਜੁਆਲਾ ਸਿੰਘ | ਸੁੰਦਰ ਸਿੰਘ | ਢਕੋ |
| ੧੮. | ਅਰੂੜ ਸਿੰਘ | ਜਆਲਾ ਸਿੰਘ | ਜੰਡੋਲੀ |
| ੧੯. | ਵਰਿਆਮ ਸਿੰਘ | ਦਸੌਂਧਾ ਸਿੰਘ | ਜੈਤ ਪੁਰ |
| ੨੦. | ਕਿਸ਼ਨ ਸਿੰਘ | ਵੀਰ ਸਿੰਘ | ਵਰੂ ਵਾਲ |
| ੨੧. | ਪੂਰਨ ਸਿੰਘ | ਮੇਹਰ ਸਿੰਘ | ਲਗੇਰੀ |
| ੨੨. | ਸੰਤ ਸਿੰਘ | ਨੰਦ ਸਿੰਘ | ਨੰਗਲ ਮਾਜਰਾ |
| ੨੩. | ਹਰਦਿਤ ਸਿੰਘ | ਦੂਲਾ ਸਿੰਘ | ਚਬੇ ਵਾਲ |
| ੨੪. | ਕਰਮ ਸਿੰਘ | ਲਾਲ ਸਿੰਘ | ਸੋਨੇ |
| ੨੫. | ਬਾਵਾ ਸਿੰਘ | ਭਗਵਾਨ ਸਿੰਘ | ਸਾਰੰਗ ਵਾਲ |
| ੨੬. | ਹਜ਼ਾਰਾ ਸਿੰਘ | ਬੂੜ ਸਿੰਘ | ਨੰਗਲ ਕਲਾਂ |
| ੨੭. | ਕਰਮ ਸਿੰਘ | ਵਟਿਆਮ ਸਿੰਘ | ਕਾਲੇ ਨੰਗਲ |
| ੨੮. | ਮੂਲ ਸਿੰਘ | ਸੁਹੇਲ ਸਿੰਘ | ਨੰਗਲ ਕਲਾਂ |
| ੨੯. | ਜਸਵੰਤ ਸਿੰਘ | ਜੀਵਨ ਸਿੰਘ | ਜੋਜੇ |
| ੩੦. | ਕਰਤਾਰ ਸਿੰਘ | ਵੀਰ ਸਿੰਘ | ਕੋਠੀ ਬੰਨਾ ਦਾਸ |
| ੩੧. | ਸਾਧੂ ਸਿੰਘ | ਅਤਰ ਸਿੰਘ | ਪਿਪਲਾਂ ਵਾਲਾ |
| ੩੨. | ਮੁਨਸ਼ਾ ਸਿੰਘ | ਅਰਜਨ ਸਿੰਘ | ਕੋਟ ਛਤੂਹੀ |
| ੩੩. | ਬਤਨ ਸਿੰਘ | ਵਰਿਆਮ ਸਿੰਘ | ਬੱਗੀ |
| ੩੪. | ਜੈ ਸਿੰਘ | ਗੰਡਾ ਸਿੰਘ | ਵਢਲਾ |
| ੩੫. | ਸ਼ਾਮ ਸਿੰਘ | ਰਾਏ ਸਿੰਘ | ਅੰਬਾਲਾ |
| ੩੬. | ਤਾਰਾ ਸਿੰਘ | ਜੁਆਲਾ ਸਿੰਘ | ਧੋਲੇ ਵਾਲ |
| ੩੭. | ਹਰਦਿਤ ਸਿੰਘ | ਜੀਵਨ ਸਿੰਘ | ਹਵੇਲੀ |
| ੩੮. | ਮਿਹਰ ਸਿੰਘ | ਸੋਭਾ ਸਿੰਘ | ਤਰਕਿਆਣਾ |
| ੩੯. | ਧਿਆਨ ਸਿੰਘ | ਨਰੈਣ ਸਿੰਘ | ਸਕਰੋਲੀ |
| ੪੦. | ਕਰਮ ਸਿੰਘ | ਜੀਵਾ ਸਿੰਘ | ਸਾਹੇ ਵਾਲ |

Digitized by Panjab Digital Library | www.panjabdigilib.org

| | | | |
|---|---|---|---|
| ੪੧. | ਬੇਅੰਤ ਸਿੰਘ | ਗੰਡਾ ਸਿੰਘ | ਪੱਖੋ ਵਾਲ |
| ੪੨. | ਆਤਮਾ ਸਿੰਘ | ਵਧਾਵਾ ਸਿੰਘ | ਰੂਪੋ ਵਾਲ |
| ੪੩. | ਹਜ਼ਾਰਾ ਸਿੰਘ | ਦੁਨਾ ਸਿੰਘ | ਬਾਘੇ |
| ੪੪. | ਹਰਨਾਮ ਸਿੰਘ | ਘਨਯੀਆ ਸਿੰਘ | ਬੁੰਡਾਲਾ |
| ੪੫. | ਦੂਲਾ ਸਿੰਘ | ਕੋਸ ਸਿੰਘ | ਰੂਪੋ ਵਾਲ |
| ੪੬. | ਬਚਿੰਤ ਸਿੰਘ | ਸੁੰਦਰ ਸਿੰਘ | ਮੱਖਲ |
| ੪੭. | ਉਜਾਗਰ ਸਿੰਘ | ਮੁਨਸ਼ੀ ਸਿੰਘ | ਢੰਡੇ ਵਾਂਲਾ |
| ੪੮. | ਦੀਦਾਰ ਸਿੰਘ | ਹੁਕਮ ਸਿੰਘ | ਪਿੰਡੋਰੀ |
| ੪੯. | ਪਰਤਾਪ ਸਿੰਘ | ਰੂੜ ਸਿੰਘ | ਅੰਬਾਲਾ |
| ੫੦. | ਸੰਤਾ ਸਿੰਘ | ਦੇਵਾ ਸਿੰਘ | ਬੋਦਲਾ |
| ੫੧. | ਲਛਮਣ ਸਿੰਘ | ਮੂਲ ਸਿੰਘ | ਮੈਣ ਪੁਰ |
| ੫੨. | ਕਰਤਾਰ ਸਿੰਘ | ਬੇਲਾ ਸਿੰਘ | ਲਾਹਾ ਕਲਾਂ |
| ੫੩. | ਮੇਵਾ ਸਿੰਘ | ਲਾਭਾ ਸਿੰਘ | ਸਕੌਣੀ |
| ੫੪. | ਹਰਬੰਸ ਸਿੰਘ | ਖੈਰੂ ਸਿੰਘ | ਲਹੇਲੀ ਖੁਰਦ |
| ੫੫. | ਹਰਨਾਮ ਸਿੰਘ | ਸ਼ੇਰ ਸਿੰਘ | ਗੋਖੜਾ |
| ੫੬. | ਕਰਮ ਸਿੰਘ | ਆਸਾ ਸਿੰਘ | ਢੰਡੋਵਾਲ |
| ੫੭. | ਉਤਮ ਸਿੰਘ | ਅਛਰ ਸਿੰਘ | ਕਰਤਾਰ ਸਿੰਘ ਵਾਲਾ |
| ੫੮. | ਇੰਦਰ ਸਿੰਘ | ਆਸਾ ਸਿੰਘ | ਬਾਦਲ |
| ੫੯. | ਦਲੀਪ ਸਿੰਘ | ਗੁਰਦਿਤ ਸਿੰਘ | ਕੁਕੜਾ |
| ੬੦. | ਪੰਜਾਬ ਸਿੰਘ | ਸੁਹੇਲ ਸਿੰਘ | ਕੋਟ ਮੂਲ ਚੰਦ ਜ਼ਿਲਾ ਮੁਲਤਾਨ |
| ੬੧. | ਸੰਤਾ ਸਿੰਘ | ਪਾਲ ਸਿੰਘ | ਧਾਂਮੀਆਂ |
| ੬੨. | ਹਰੀ ਸਿੰਘ | ਸ਼ੇਰਾ | ਪਧਰੀ |
| ੬੩. | ਕਪੂਰ ਸਿੰਘ | ਸੁੰਦਰ ਸਿੰਘ | ਰਾਜ ਪੁਰ ਭਾਈਕੇ |
| ੬੪. | ਗੁਪਾਲ ਸਿੰਘ | ਇੰਦਰ ਸਿੰਘ | ਕਾਲੇ ਵਾਲ |
| ੬੫. | ਪਿਆਰਾ ਸਿੰਘ | ਠਾਕਰ ਸਿੰਘ | ਕਾਲੇ ਵਾਲ |
| ੬੬. | ਮੂਲਾ ਸਿੰਘ | ਗੰਡਾ ਸਿੰਘ | ਗੈਲੋਵਾਲ ਬਾਗੇ |
| ੬੭. | ਕਾਬਲ ਸਿੰਘ | ਹਜ਼ੂਰਾ ਸਿੰਘ | ਕੁਕੜਾ |
| ੬੮. | ਬਚਿੰਤ ਸਿੰਘ | ਪ੍ਰਤਾਪ ਸਿੰਘ | ਮੋਗੋ ਵਾਲ |
| ੬੯. | ਲਖਾ ਸਿੰਘ | ਰੰਗਾ ਸਿੰਘ | ਫਤੂਹੀ |
| ੭੦. | ਗਿਆਨ ਸਿੰਘ | ਅਛਰ ਸਿੰਘ | ਮੰਜਵਾਲ |
| ੭੧. | ਬਚਿੰਤ ਸਿੰਘ | ਹਾਕਮ ਸਿੰਘ | ਮੀਰਾਜ਼ ਪੁਰ |
| ੭੨. | ਭਗਤ ਸਿੰਘ | ਪ੍ਰਤਾਪ ਸਿੰਘ | ਹਵੇਲੀ |
| ੭੩. | ਦਲੀਪ ਸਿੰਘ | ਅਤਰ ਸਿੰਘ | ਸਰਹਾਲੀ ਕਲਾਂ |
| ੭੪. | ਜੁਵਾਲਾ ਸਿੰਘ | ਸੁੰਦਰ ਸਿੰਘ | ਫਤੇ ਪੁਰ |

Digitized by Panjab Digital Library | www.panjabdigilib.org

| | | | |
|---|---|---|---|
| ੭੫. | ਲਾਭ ਸਿੰਘ | ਸਾਵਣ ਸਿੰਘ | ਸਤਿਆਣਾ |
| ੭੬. | ਨਰਤ ਸਿੰਘ | ਵਰਿਆਮ ਸਿੰਘ | ਕੋਟ ਕਲਾਂ |
| ੭੭. | ਨਰੈਣ ਸਿੰਘ | ਹਜ਼ਾਰਾ ਸਿੰਘ | ਪੰਡੋਰੀ ਲਾਬੇਵਾਲ |
| ੭੮. | ਪੂਰਨ ਸਿੰਘ | ਕਾਹਨ ਸਿੰਘ | ਬਾਹੋ ਵਾਲ |
| ੭੯. | ਗਿਆਨ ਸਿੰਘ | ਉਤਮ ਸਿੰਘ | ਬੜੀ ਲਹਿਲ |
| ੮੦. | ਸ਼ਾਮ ਸਿੰਘ | ਖੜਕ ਸਿੰਘ | ਮੰਜੇ ਵਾਲ |
| ੮੧. | ਤਾਰਾ ਸਿੰਘ | ਨਰੈਣ ਸਿੰਘ | ਸੁਕਰਾਣੀ |
| ੮੨. | ਜਗਤ ਸਿੰਘ | ਵਧਾਵਾ ਸਿੰਘ | ਕੱਡਲ |
| ੮੩. | ਨਥਾ ਸਿੰਘ | ਵਜ਼ੀਰ ਸਿੰਘ | ਸਰਵੀ ਜੁਲਾਦ |
| ੮੪. | ਧੰਨਾ ਸਿੰਘ | ਕਾਹਨ ਸਿੰਘ | ਜੈਤੋ ਮਾਜਰਾ |
| ੮੫. | ਜੁਆ ਸਿੰਘ | ਅਤਰ ਸਿੰਘ | ਲਲੜੀ ਕਲਾਂ |
| ੮੬. | ਜਵਾਹਰ ਸਿੰਘ | ਦੀਵਾਨ ਸਿੰਘ | ਢਲੋ ਵਾਲ |
| ੮੭. | ਰਾਏ ਸਿੰਘ | ਕਿਰਪਾਲ ਸਿੰਘ | ਬਰੀਆਂ |
| ੮੮. | ਹਰਨਾਮ ਸਿੰਘ | ਵਰੂਤ ਸਿੰਘ | ਹਵੇਲੀ |
| ੮੯. | ਅਮਰ ਸਿੰਘ | ਗੰਡਾ ਸਿੰਘ | ਕੋਟ ਫਤੂਹੀ |
| ੯੦. | ਕਿਸ਼ਨ ਸਿੰਘ | ਲਖਾ ਸਿੰਘ | ਕਾਲੇ ਵਾਲ |
| ੯੧. | ਸੰਤਾ ਸਿੰਘ | ਨਥਾ ਸਿੰਘ | ਸਰਹਾਲਾ ਕਲਾਂ |
| ੯੨. | ਬਲਵੰਤ ਸਿੰਘ | ਇੰਦਰ ਸਿੰਘ | ,, |
| ੯੩. | ਰਾਮ ਸਿੰਘ | ਦੁਨੀ ਚੰਦ | ਰਾਮਦਾਸ ਪੁਰ |
| ੯੪. | ਠਾਕਰ ਸਿੰਘ | ਮੱਯਾ ਸਿੰਘ | ਹਵੇਲੀ |
| ੯੫. | ਅਮਰ ਸਿੰਘ | ਮੱਯਾ ਸਿੰਘ | ਚਰਿਆਲ |

## ਜ਼ਿਲਾ ਕਪੂਰਥਲਾ
## ਮੋਰਚਾ ਗੁਰੂ ਕੇ ਬਾਗ ਵਾਲੇ ਸਿਘ

| | | | |
|---|---|---|---|
| ੧. | ਮੁਲਖ ਸਿੰਘ | ਗੁਲਜ਼ਾਰਾ ਸਿਘ | ਫੁਗਵਾੜਾ |
| ੨. | ਪਰਤਾਪ ਸਿੰਘ | ਦੇਵਾ ਸਿੰਘ | ਰੋਡਲ |
| ੩. | ਥਮਣ ਸਿੰਘ | ਕਿਰਪਾ ਸਿੰਘ | ਪੰਡਾਲ |
| ੪. | ਸ਼ਮਸ਼ੇਰ ਸਿੰਘ | ਲਾਭ ਸਿੰਘ | ਜਲੋ ਵਾਲ |
| ੫. | ਦਸੌਂਧਾ ਸਿੰਘ | ਕਾਹਨ ਸਿੰਘ | ਪੰਢਾਲ |
| ੬. | ਬੰਤਾ ਸਿੰਘ | ਗੁਪਾਲ ਸਿੰਘ | ਰਮੀਦੀ |
| ੭. | ਭੁਮਣ ਸਿੰਘ | ਜਵਾਹਰ ਸਿਘ | ਜਲੋ ਵਾਲ |
| ੮. | ਸੁਰੈਣ ਸਿੰਘ | ਚੰਦਾ ਸਿੰਘ | ਢਿਲਵਾਂ |
| ੯. | ਨਰੈਣ ਸਿੰਘ | ਜੀਵਨ ਸਿੰਘ | ਸਗੋ |
| ੧੦. | ਬੂਟਾ ਸਿੰਘ | ਗੰਡਾ ਸਿੰਘ | ਸੰਗੋ ਜਲਾ |

Digitized by Panjab Digital Library | www.panjabdigilib.org

| | | | |
|---|---|---|---|
| ੧੧. | ਸੰਤਾ ਸਿੰਘ | ਬੁਧ ਸਿੰਘ | ਤਵਾਲ |
| ੧੨. | ਵਸਾਵਾ ਸਿੰਘ | ਸ਼ਾਮ ਸਿੰਘ | ਬੁਡਾਲਾ |
| ੧੩. | ਸੁਰਜਨ ਸਿੰਘ | ਪਿਆਰਾ ਸਿੰਘ | ਢਿਲਵਾਂ |
| ੧੪. | ਬਸੰਤ ਸਿੰਘ | ਈਸਰ ਸਿੰਘ | ਕਾਡਾ ਸੰਦਪਾ |
| ੧੫. | ਹਰਨਾਮ ਸਿੰਘ | ਜਵਾਹਰ ਸਿੰਘ | ਰੰਡੋ ਬੱਟ |
| ੧੬. | ਬਿਅੰਤ ਸਿੰਘ | ਖੁਸ਼ਹਾਲ ਸਿੰਘ | ਕੋਕਰੀ |
| ੧੭. | ਭਾਗ ਸਿੰਘ | ਗੰਡਾ ਸਿੰਘ | ਬੀਰਾ |
| ੧੮. | ਬੰਤਾ ਸਿੰਘ | ਦੁਨਾਂ ਸਿੰਘ | ਸਰਹਾਲਾ ਕਲਾਂ |
| ੧੯. | ਢੇਰਾ ਸਿੰਘ | ਈਸਰ ਸਿੰਘ | ਘਜੋ ਵਾਲ |
| ੨੦. | ਕਰਤਾਰ ਸਿੰਘ | ਸੁਰਜਨ ਸਿੰਘ | ਹੰਡੋ ਵਾਲ |
| ੨੧. | ਤਾਰਾ ਸਿੰਘ | ਕਾਹਨ ਸਿੰਘ | ਦਸੂਹਾ |
| ੨੨. | ਰਾਏ ਸਿੰਘ | ਨਰੈਣ ਸਿੰਘ | ਦਸੂਹਾ |
| ੨੩. | ਗੁਰਦਿਤ ਸਿੰਘ | ਈਸ਼ਰ ਸਿੰਘ | ਰੂਪੋ ਵਾਲ |
| ੨੪. | ਆਤਮਾ ਸਿੰਘ | ਖਜ਼ਾਨ ਸਿੰਘ | ਅੱਤੋ ਵਾਲ |
| ੨੫. | ਚਿਤੰਨ ਸਿੰਘ | ਹਾਕਮ ਸਿੰਘ | ਪੱਖੋ ਵਾਲ |
| ੨੬. | ਗੰਡਾ ਸਿੰਘ | ਸ਼ਿਵ ਸਿੰਘ | ਸ਼ੇਖੂ ਪੁਰਾ |
| ੨੭. | ਭੋਲਾ ਸਿੰਘ | ਬਸੰਤ ਸਿੰਘ | ਕੋਟ ਫਤੂਹੀ |
| ੨੮. | ਮਿਤ ਸਿੰਘ | ਗੰਡਾ ਸਿੰਘ | ਜਲੋ ਵਾਲ |
| ੨੯. | ਪਰੇਮ ਸਿੰਘ | ਵਧਾਵਾ ਸਿੰਘ | ਢਿਲਵਾਂ |
| ੩੦. | ਵੀਰ ਸਿੰਘ | ਰਾਮ ਸਿੰਘ | ਪੰਢਾਲ |
| ੩੧. | ਕਿਸ਼ਨ ਸਿੰਘ | ਹੁਸ਼ਿਆਰ ਸਿੰਘ | ,, |

## ਵੱਖ ਵੱਖ ਜ਼ਿਲਿਆਂ ਦੇ ਗੁਰੂ ਕੇ ਬਾਗ ਵਾਲੇ ਸਿੰਘ

| ਨੰ: | ਨਾਮ | ਪਿਤਾ ਨਾਮ | ਪਿੰਡ | ਜ਼ਿਲਾ |
|---|---|---|---|---|
| ੧. | ਸੋਭਾ ਸਿੰਘ | ਫੱਗਣ ਸਿੰਘ | ਵਧਾਈ ਚੀਮਾਂ | ਸਿਆਲ ਕੋਟ |
| ੨. | ਈਸ਼ਰ ਸਿੰਘ | ਦਿਆਲਾ ਸਿੰਘ | ਮਲੇ ਕੇ | ,, |
| ੩. | ਹਜ਼ਾਰਾ ਸਿੰਘ | ਧਿਆਨ ਸਿੰਘ | ਚਕਰੀ | ਅਟਕ |
| ੪. | ਰਣਜੀਤ ਸਿੰਘ | ਗਿਆਨ ਸਿੰਘ | ਗਗਨ | ,, |
| ੫. | ਮੋਤਾ ਸਿੰਘ | ਗਿਆਨ ਸਿੰਘ | ਫਤੇ ਜੰਗ | ,, |
| ੬. | ਸੇਵਾ ਸਿੰਘ | ਦੇਵੀ ਦਿਤਾ | ਮਾੜੀ | ਰਾਵਲ ਪਿੰਡੀ |
| ੭. | ਮੂਲ ਸਿੰਘ | ਫਕੀਰ ਸਿੰਘ | ਗੁਜਰਖਾਨ | ,, |
| ੮. | ਸਾਵਣ ਸਿੰਘ | ਰਣ ਸਿੰਘ | ਭਿਖੀ | ਸ਼ੇਖੂ ਪੁਰਾ |
| ੯. | ਨਰੈਣ ਸਿੰਘ | ਕੇਸਰ ਸਿੰਘ | ਧੰਨਕੇ | ,, |
| ੧੦. | ਹੁਸ਼ਿਆਰ ਸਿੰਘ | ਗਿਆਨ ਸਿੰਘ | ਚਕਵਾਲ | ਜੇਹਲਮ |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਤਿਕਾਰ ਯੋਗ ਪਾਠਕ ਜਨੋ !

## ਖਾਲਸੇ ਦੀ ਚੜ੍ਹਦੀ ਕਲਾ (ਸੰਪੂਰਨ)

## ਤੀਜੀ ਜਿਲਦ ਵਿਚ ਪੜ੍ਹੋ:—

* ਗੁ: ਸ੍ਰੀ ਮੁਕਤਸਰ ਸਾਹਿਬ ਦਾ ਕਬਜ਼ਾ।
* ਕਾਰ ਸੇਵਾ ਦੇ ਅਦੁੱਤੀ ਨਜ਼ਾਰੇ।
* ਗੁ: ਭਾਈ ਫੇਰੂ ਦਾ ਪ੍ਰਸਿਧ ਮੋਰਚਾ।
* ਗੁ: ਗੰਗਸਰ ਜੈਤੋ ਦਾ ਮੋਰਚਾ।
* ਪੰਜ ਪੰਜ ਸੌ ਦੇ ੧੭ ਜਥਿਆਂ ਦੀ ਗ੍ਰਿਫਤਾਰੀ ਤੇ ਰਿਹਾਈ।
* ਜਲਾਵਤਨ ਨਾਭਾ ਤੇ ਪਟਿਆਲਾ।
* ਕੁਠਾਲੇ ਦਾ ਖ਼ੂਨੀ ਸਾਕਾ।
* ਬਬਰ ਅਕਾਲੀ ਲਹਿਰ।
* ਨੌਜਵਾਨ ਭਾਰਤ ਸਭਾ ਦਾ ਸੰਖੇਪ ਇਤਿਹਾਸ।
* ਲਿਖਾਰੀਆਂ ਦੀ ਲੜੀ।
* ਸਦਾ ਹਰਿਆਵਲ ਬੂਟਾ (ਵਿੱਦਿਆ)
* ਹੌਸਲੇ ਸਿੱਖ–ਸੰਤ ਕਾਂਡ।
* ਅਜ਼ਾਦ ਹਿੰਦ ਫੌਜ।
* ੧੯੪੭ ਦਾ ਘਲੂਘਾਰਾ।
* ਪੰਜਾਬੀ ਸੂਬਾ।
* ਗੁਰੂ ਕਾ ਮਾਲਵਾ।

ਮਿਲਣ ਦਾ ਪਤਾ:—

**ਸ: ਗਜਨ ਸਿੰਘ ਜੀ ਮਾਰਫਤ ਸ: ਸਰੂਪ ਸਿੰਘ ਜੀ ਆੜ੍ਹਤੀਆ,**

ਮੰਡੀ ਜਗਰਾਉਂ, ਲੁਧਿਆਣਾ (ਪੰਜਾਬ)

---

ਦੀ ਗੁਰਦਸਮੇਸ਼ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸਿੰਡੀਕੇਟ ਪ੍ਰਾਈਵੇਟ ਲਿਮਟਿਡ ਲੁਧਿਆਣਾ ਵਿਚ ਸ: ਸਰੂਪ ਸਿੰਘ ਜੀ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਹੇਠ ਛਪਿਆ ਤੇ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦਫਤਰ ਪੰਥਕ ਗੁਰਦਵਾਰਾ ਸਾਹਿਬ ਕਿਸ਼ਨ ਪੁਰਾ ਕਲਾਂ ਤੋਂ ਪ੍ਰਕਾਸ਼ਤ ਹੋਇਆ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1428

Digitized by Panjab Digital Library | www.panjabdigilib.org

## ਕਰਤਾ ਦੀਆਂ ਹੋਰ ਪੁਸਤਕਾਂ

੧. ਨਾਮ ਬਾਣੀ ਸੱਦ।

੨. ਸੂਰਕ ਰੱਖਿਆ। (ਘਰੋਗੀ ਚੀਜ਼ਾਂ ਵਰਤਣ ਦੇ ਢੰਗ)

੩. ਸੰਤ ਸਿਪਾਹੀ।

੪. ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ।

੫. ਮਾਲਵਾ ਇਤਿਹਾਸ ਤਿੰਨ ਜਿਲਦਾਂ।

--: ਮਿਲਨ ਦਾ ਪਤਾ :--

ਸੰਤ ਵਿਸਾਖਾ ਸਿੰਘ ਸੰਤ ਸਿਪਾਹੀ ਪੰਥਕ ਗੁਰਦਵਾਰਾ
ਕਿਸ਼ਨ ਪੁਰਾ ਕਲਾਂ, ਤਹਿਸੀਲ ਜ਼ੀਰਾ,
ਜ਼ਿਲਾ ਫੀਰੋਜ਼ਪੁਰ (ਪੰਜਾਬ)

ਸ: ਸਰੂਪ ਸਿੰਘ ਪ੍ਰਿੰਟਰ ਦੇ ਪ੍ਰਬੰਧ ਹੇਠ, ਦੀ ਗੁਰਦਸਮੇਸ਼ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸਿੰਡੀਕੇਟ ਪ੍ਰਾਈਵੇਟ ਲਿਮਟਿਡ ਲੁਧਿਆਣਾ ਵਿਚ ਛਪਿਆ ਤੇ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦਫਤਰ ਪੰਥਕ ਗੁਰਦਵਾਰਾ ਸਾਹਿਬ ਕਿਸ਼ਨ ਪੁਰਾ ਕਲਾਂ ਤੋਂ ਪ੍ਰਕਾਸ਼ਤ ਹੋਇਆ।

Digitized by Panjab Digital Library | www.panjabdigilib.org